ੴ ਸਤਿਗੁਰ ਪ੍ਰਸਾਦਿ ॥

ਕਥੜੀਆ ਸੰਤਾਹ ਤੇ ਸੁਖਾਊ ਪੰਧੀਆ ॥
ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ ॥

ਸ਼੍ਰੀ ਹਜ਼ੂਰ ੧੧੧ ਸਰਬੋਪਮਾਯੋਗਯ

ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ

ਰਾੜਾ ਸਾਹਿਬ ਵਾਲਿਆਂ ਦਾ

ਆਦਰਸ਼ਕ ਜੀਵਨ

ਰੂਹਾਨੀ ਸੰਦੇਸ਼

ਲੇਖਕ: ਗਿਆਨੀ ਮੋਹਣ ਸਿੰਘ ਜੀ 'ਆਜ਼ਾਦ'

ਪ੍ਰਕਾਸ਼ਕ: ਗੁਰਦੁਆਰਾ ਕਰਮਸਰ ਰਾੜਾ ਸਾਹਿਬ ਟਰੱਸਟ

ਸੰਤ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ

ਮੌਜੂਦਾ ਮੁਖੀ ਸੰਪ੍ਰਦਾਇ ਰਾੜਾ ਸਾਹਿਬ

ਵਲੋਂ ਪ੍ਰਕਾਸ਼ਿਤ ਕਰ ਕੇ

ਸ੍ਰੀ ਹਜ਼ੂਰ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ

੨੬ਵੀਂ ਸਾਲਾਨਾ ਬਰਸੀ ਸਮੇਂ ੧ ਜਨਵਰੀ ੨੦੧੬ ਈ. ਨੂੰ

ਸੰਗਤਾਂ ਦੀ ਭੇਟਾ ਕੀਤਾ ਗਿਆ।

ਨੋਟ: ਪੁਸਤਕ ਵਿੱਚ ਲਿਖੇ ਵੀਚਾਰ ਲੇਖਕ ਦੇ ਆਪਣੇ ਨਿੱਜੀ ਹਨ। ਜ਼ਰੂਰੀ ਨਹੀਂ ਕਿ ਪ੍ਰਕਾਸ਼ਕ ਲੇਖਕ ਦੇ ਸਾਰੇ ਵੀਚਾਰਾਂ ਨਾਲ ਸਹਿਮਤ ਹੋਣ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ। ਬਿਨਾਂ ਆਗਿਆ ਕੋਈ ਨਾ ਛਾਪੇ।

ਪਹਿਲੀ ਵਾਰ: ੧੯੭੪

ਮੌਜੂਦਾ ਛੇਵੀਂ ਐਡੀਸ਼ਨ: ੨੦੧੬

ਭੇਟਾ: ੩੦੦ ਰੁਪਏ

ਪੁਸਤਕ ਮਿਲਣ ਦਾ ਪਤਾ:

ਲਾਇਬ੍ਰੇਰੀ ਗੁਰਦੁਆਰਾ ਕਰਮਸਰ ਰਾੜਾ ਸਾਹਿਬ

ਗੁ. ਸੰਤ ਆਸ਼ਰਮ ਧਬਲਾਨ

ਗੁ. ਅਤਰਸਰ ਸਾਹਿਬ (ਜੀ. ਟੀ. ਰੋਡ. ਕਨੇਚ)

ਗੁਰਦੁਆਰਾ ਈਸ਼ਰਸਰ ਸਾਹਿਬ, ਆਲੋਵਾਲ

ਗੁ. ਜਨਮ ਅਸਥਾਨ ਸੰਤ ਕਿਸ਼ਨ ਸਿੰਘ ਜੀ ਪਿੰਡ ਮਸੀਤਾਂ, ਜ਼ਿਲ੍ਹਾ ਸਿਰਸਾ

ਸਮਰਪਣ

ਸ੍ਰੀਮਾਨ ੧੧੧ ਸੇਵਾ ਦੇ ਪੁੰਜ, ਭਜਨ ਸਿਮਰਨ ਵਿੱਚ ਲਿਵਲੀਨ, ਮਹਾਨ ਪਰਉਪਕਾਰੀ,
ਸ਼ਾਂਤ ਚਿੱਤ, ਨਿਰਮਾਣ ਮੂਰਤਿ, ਮਹਾਨ ਨਿਰਮਲ ਆਤਮਾ, ਜਪੀ, ਤਪੀ,
ਪੂਰਨ ਬੀਤਰਾਗ, ਰਾਜ ਜੋਗੀ, ਹਰਮਨ ਪਿਆਰੇ,
ਜਿਨ੍ਹਾਂ ਨੇ ਅੱਧੀ ਸਦੀ ਦਾ ਸਮਾਂ ਰਾਮ ਲੱਛਮਣ ਵਾਂਗ ਇਕੱਠਿਆਂ ਰਹਿ ਕੇ,
ਆਪਣੇ ਪਰਮ ਸੁਹਿਰਦ ਗੁਰ ਭਾਈ ਸ੍ਰੀ ਸੰਤ ਮੰਡਤ, ਦੁਸ਼ਟ ਖੰਡਤ,
ਭਵ ਭੂਸ਼ਨ, ਸ਼ਾਂਤਾ ਅਵਤਾਰ, ਨਿਰਮਲ ਭੇਖ ਵਿਵਾਕਰ,
ਪਰਮ ਤਪੱਸਵੀ, ਬ੍ਰਹਮ ਗਿਆਨੀਆਂ ਦੇ ਸ਼੍ਰੋਮਣੀ, ਮਹਾਨ ਤਿਆਗੀ

ਸੰਤ ਈਸ਼ਰ ਸਿੰਘ ਜੀ ਮਹਾਰਾਜ

ਦੇ ਨਾਲ ਸਕੂਲਾਂ, ਕਾਲਜਾਂ, ਹੋਰ ਸੰਸਥਾਵਾਂ ਅਤੇ ਇਮਾਰਤਾਂ ਦੀ ਉਸਾਰੀ,
ਡੇਰੇ ਦੀ ਪੂਰਨ ਜ਼ਿੰਮੇਵਾਰੀ ਅਤੇ ਸੇਵਾ ਸੰਭਾਲ ਦੁਆਰਾ
ਸਹਿਯੋਗ ਦੇ ਕੇ ਅਸਥਾਨ ਨੂੰ ਚਾਰ ਚੰਨ ਲਾਏ,
ਇਹ ਪੁਸਤਕ ਉਨ੍ਹਾਂ ਮਹਾਂਪੁਰਸ਼ਾਂ
ਕ੍ਰਿਸ਼ਨ ਸਰੂਪ

ਸੰਤ ਕਿਸ਼ਨ ਸਿੰਘ ਜੀ ਮਹਾਰਾਜ

ਨੂੰ ਸਮਰਪਿਤ ਕੀਤੀ ਜਾ ਰਹੀ ਹੈ।

(ਵੱਲੋਂ:- ਗਿਆਨੀ ਮੋਹਣ ਸਿੰਘ 'ਆਜ਼ਾਦ')

ੴ ੴ

ੴ ਸਤਿਗੁਰ ਪ੍ਰਸਾਦਿ ॥

ਤਤਕਰਾ

ਰੂਹਾਨੀ ਸੰਦੇਸ਼

ਲੇਖ ਸੂਚੀ ਪੰਨਾ

ਰੂਹਾਨੀ ਸੰਦੇਸ਼: ਵਿਦਵਾਨਾਂ ਦੀ ਨਜ਼ਰ ਵਿੱਚ ੧
ਜੀਵਨ ਲਿਖਾਰੀ ੨
ਮੁੱਖ ਬੰਦ ੩
ਲੇਖਕ ਦੀ ਪ੍ਰਾਰਥਨਾ ੯
ਸੰਤ ਮਹਿਮਾ ੧੨
ਨਿੱਤ ਅਵਤਾਰ ੧੪
ਪੁਸ਼ਪ ਭੇਟਾ ੧੫
ਅਸੰਗ ਵਿਅਕਤੀ ੧੬
ਪਰਖ ਪੜਚੋਲ ੧੭
ਰੰਗ ਰਤੜੀਆਂ ਅਨਭੂਤੀਆਂ ੧੮

ਭਾਗ ਪਹਿਲਾ ਕਾਂਡ ੧

ਪਰੰਪਰਾ ਬੰਸਾਵਲੀ, ਖ਼ਾਨਦਾਨੀ ਪਿਛੋਕੜ, ਮਾਲਵੇ ਦੇ 'ਸਿੱਧ' ਜਗਦੇਵ ਪੰਵਾਰ ੨੦

ਕਾਂਡ ੨

ਸੰਤ ਜੀ ਮਹਾਰਾਜ ਦਾ ਜਨਮ ਨਗਰ ੨੪
ਆਲੋਵਾਲ ੨੫
ਰਾਜਰੂਪ ਜੀ ਨੂੰ ਗੁਰਸਿੱਖੀ ਦੀ ਦਾਤ ੨੬
ਸੰਤ ਜੀ ਮਹਾਰਾਜ ਦੇ ਨਾਨਕਿਆਂ ਦਾ ਸ਼ਜਰਾ ੨੭
ਸੰਤ ਜੀ ਮਹਾਰਾਜ ਦਾ ਨਾਨਕਾ ਨਗਰ ੨੭
ਮਾਤਾ ਮਹਿਤਾਬ ਕੌਰ ਨੂੰ ਤ੍ਰਿਕਾਲ ਦਰਸੀ ਸਾਧੂ ਦਾ ਬਚਨ ੨੮

ਕਾਂਡ ੩

ਸੰਤ ਜੀ ਮਹਾਰਾਜ ਦਾ ਅਵਤਰਨ ੩੧
ਸੰਤ ਜੀ ਮਹਾਰਾਜ ਦੀ ਬਿੰਦੀ ਬੰਸ ੩੨
ਸੰਤ ਜੀ ਮਹਾਰਾਜ ਦੀ ਜਨਮ ਕੁੰਡਲੀ ੩੨
ਸੰਤ ਜੀ ਮਹਾਰਾਜ ਦਾ ਬਾਲਕ ਸਰੂਪ ੩੩
ਬਿਧੌਂਸ਼ੀ ਵਾਲੇ ਸੰਤਾਂ ਦੇ ਭਵਿੱਖਤ ਵਾਕ ੩੩
ਸਕੂਲ ਦੀ ਵਿੱਦਿਆ ੩੪
ਪਟਿਆਲਾ ਮੌਡਲ ਸਕੂਲ ਦੇ ਟੀਚਰ ੩੫
ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ੩੫
ਸੰਤ ਜੀ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ੩੬
ਰੇਰੂ ਸਾਹਿਬ ਵਾਲੇ ਸੰਤਾਂ ਦੀ ਸ਼ਰਣ ਵਿੱਚ ਪੁੱਜਣਾ ੩੭
ਨਾਮ ਦੀ ਦਾਤ ੩੮
ਪਰਮੇਸ਼ਵਰ ਦਾ ਨਾਮ ੩੮
ਸ਼ੰਕਾ ਅਤੇ ਉਸ ਦਾ ਉੱਤਰ ੪੦
ਨਾਮ ਅਭਿਆਸ ਦਾ ਢੰਗ ੪੨
ਸੰਤ ਜੀ ਮਹਾਰਾਜ ਦੀ ਕਠਨ ਤਤਿੱਖਯਾ ਤੇ ਸੇਵਾ ੪੨
ਸੰਤ ਸੰਪ੍ਰਦਾਇ ਦੀ ਨਾਦੀ ਬੰਸਾਵਲੀ ੪੩
ਮਾਤਾ ਜੀ ਤੋਂ ਪ੍ਰਵਾਨਗੀ ੪੪

ਕਾਂਡ ੪

ਸੰਤ ਸੇਵਾ ਤੇ ਵੈਰਾਗ ਦਸ਼ਾ ੪੭
ਸੈਦੂ ਸਾਹਿਬ ਦੀ ਯਾਤਰਾ ੪੮
ਵੱਡੇ ਸੰਤਾਂ ਨੇ ਸੰਤ ਜੀ ਮਹਾਰਾਜ ਨੂੰ ਕਫ਼ਨੀ ਧਾਰਨ ਕਰਵਾਈ ੪੮
ਫਕੀਰੀ ਦੇ ਲੱਛਣ ੪੯
ਮਸਤੂਆਣੇ ਵਾਲੇ ਸੰਤਾ ਦੇ ਭਵਿੱਖਤ ਵਾਕ ੫੨
ਬਾਬਾ ਅਤਰ ਸਿੰਘ ਜੀ ਦੇ ਸੱਚਖੰਡ ਪ੍ਰਵੇਸ਼ ੫੩

ਕਾਂਡ ੫

ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦਾ ਮੁੱਢਲਾ ਸੰਖੇਪ ਜੀਵਨ ੫੫

ਨਾਨਕਾ ਨਗਰ ੫੬

ਸੰਤ ਮਹਾਰਾਜ ਕਿਸ਼ਨ ਸਿੰਘ ਜੀ ਦੀ ਬਿੰਦੀ ਬੰਸ ੫੭

ਬੀਕਾਨੇਰ ਦਾ ਇਲਾਕਾ ੫੮

ਪਟਿਆਲਾ ਤੋਪਖਾਨੇ ਦੀ ਨੌਕਰੀ ੫੯

ਪਹਿਲੀ ਉਮਰ ਵਿੱਚ ਸੰਤ ਮਿਲਾਪ ੬੨

ਹੋਰ ਨਾਮਵਰ ਵਿਅਕਤੀਆਂ ਦੇ ਦੀਦਾਰ ੬੨

ਲਾਈਨ ਸਫ਼ਾਈ ੬੪

ਪਵਿੱਤ੍ਰ ਉਪਦੇਸ਼ ੬੪

ਨੌਕਰੀ ਦਾ ਤਿਆਗ ੬੫

ਕਾਂਡ ੬

ਤੀਰਥ ਯਾਤਰਾ ੬੭

ਮੰਡਿਆਣੇ ਜਾਣਾ ੬੯

ਰਾੜੇ ਦੀ ਢੱਕੀ ਨੂੰ ਭਾਗ ਲੱਗਣਾ ੭੦

ਨੌਂ ਮਾਘ ਦਾ ਸਾਲਾਨਾ ਜੋੜ ਮੇਲਾ ੭੩

ਕਾਂਡ ੭

ਹਜ਼ੂਰੀ ਵਿੱਚ ਆਉਣ ਵਾਲੇ ਵਡਭਾਗੀ ਗੁਰਮੁਖ ਪਿਆਰੇ ੭੫

ਗੁਰੂ ਦਾ ਲੰਗਰ ਅਤੁੱਟ ਹੈ। ੭੫

ਸੰਤਾਂ ਦੀ ਬਖ਼ਸ਼ਿਸ਼ ੭੮

ਰਾੜੇ ਦੀ ਢੱਕੀ ਦੇ ਡੇਰੇ ਦੀ ਰਚਨਾ ੭੮

ਜੋੜ ਮੇਲਿਆਂ ਦੀ ਅਰੰਭਤਾ ੭੯

ਚਾਰ ਪ੍ਰਕਾਰ ਦਾ ਮੋਨ ੮੦

ਸਿੱਖ ਦਾ ਜੀਵਨ ੮੨

ਸਿੰਘ ਦਾ ਜੀਵਨ ੮੨

ਸੰਬੰਧੀਆਂ ਦਾ ਮਿਲਾਪ ਨਾਸਵੰਤ ਹੈ ੮੪

ਭਜਨ ਤੋਂ ਬਿਨਾਂ ਭੇਖੀ ਸਾਧੂ ੮੫

ਅੰਤ੍ਰੀਵ ਤਿੰਨ ਸਾਲਾ ਬਾਦਸ਼ਾਹੀ ੮੬

ਨੌਂ ਮਾਘ ਦਾ ਸਾਲਾਨਾ ਜੋੜ ਮੇਲਾ ੮੮

ਏਕਤਾਵਾਦੀ ਉਪਦੇਸ਼ ੮੯

ਕਾਂਡ ੮

ਦੁੱਖ ੯੦

ਆਤਮ ਵਿਚਾਰ ੯੦

ਜੀਵਨ ਮੁਕਤੀ ਦੇ ਪੰਜ ਪ੍ਰਕਾਰ ਦੇ ਫ਼ਲ ੯੧

ਹਰ ਸਮੇਂ ਗੁਰੂ ਕਾ ਲੰਗਰ ੯੨

ਫਕੀਰੀ ਤੇ ਬਾਣਾ ੯੩

ਮਨ ਕੀ ਹੈ? ੯੬

ਗੁਰੂ ਕੀ ਬਖ਼ਸ਼ਿਸ਼ ੯੯

ਗੁਰੂ ਤੇ ਸਿੱਖ ਦੀ ਪ੍ਰੀਤੀ ੯੯

ਸੰਤ ਜੀ ਮਹਾਰਾਜ ਦੀ ਤਪੱਸਿਆ ੧੦੦

ਸਰਪ ਦੀ ਕਲਿਆਣ ੧੦੨

ਕਾਂਡ ੯

ਇਕ ਦੂ ਇਕਿ ਚੜੰਦੀਆ ੧੦੪

ਸਮੇਂ ਦੀ ਕਦਰ ਕਰੋ ੧੦੪

ਗੁਰੂ ਕਾ ਲੰਗਰ ੧੦੬

ਛੋਟੇ ਸੰਤ ਜੀ ਮਹਾਰਾਜ ਦੇ ਗਲੇ ਦਾ ਆਪ੍ਰੇਸ਼ਨ ੧੦੭

ਆਸੇ ਪਾਸੇ ਦੇ ਪਿੰਡਾਂ ਵਿੱਚ ਨਾਮ ਅੰਮ੍ਰਿਤ ਦੀ ਵਰਖਾ ੧੦੭

ਢੱਕੀ ਦਿਆਂ ਰੌਣਕਾਂ ੧੦੭

ਕੁਦਰਤੀ ਅਸੂਲ ੧੦੮

ਅਕਾਰਨ ਵਿਰੋਧ ੧੦੮

ਵਿਰੋਧ ਕਿਉਂ? ੧੦੯

ਵਿਰੋਧੀਆਂ ਵੱਲੋਂ ਹੋਛੇ ਹਥਿਆਰਾਂ ਦੀ ਵਰਤੋਂ ੧੧੦

ਮਾਇਆ ਜਖਨੀ ਦੇਵੀ ਦੀ ਤਰ੍ਹਾਂ ਹੈ ੧੧੧

ਕਲਜੁਗ ਦੀ ਸੈਨਾ ੧੧੩

ਵਿਰੋਧੀਆਂ ਵਲੋਂ ਹੋਰ ਵਾਰ ੧੧੪

ਕਾਂਡ ੧੦

ਪੰਡਿਤ ਕਰਤਾਰ ਸਿੰਘ ਜੀ 'ਦਾਖਾ' ਵੱਲੋਂ ਜੋਤਿਸ਼ ਦੇ ਆਧਾਰ ਤੇ ਭਵਿੱਖਤ ਵਾਕ ੧੧੬

ਬਾਬਾ ਬੁੱਧ ਸਿੰਘ ਦੇ ਅਗੰਮੀ ਬਚਨ ੧੧੭
ਢੱਕੀ ਦੀ ਤਪੱਸਿਆ ੧੧੯
ਅਸਥਾਨ ਵਾਸੀਆਂ ਦੀ ਨਿੱਤ ਕ੍ਰਿਆ ੧੨੧
ਦਰਸ਼ਨਾਂ ਵਾਸਤੇ ਆਉਣ ਵਾਲੇ ਮਹਾਂਪੁਰਸ਼ ੧੨੧
ਸੰਤ ਜੀ ਮਹਾਰਾਜ ਦਾ ਸੁਨਾਮ ਜਾਣਾ ੧੨੩
ਭਗਤੀ ਰੂਪੀ ਨਦੀ ੧੨੪
ਸੰਤ ਜੀ ਮਹਾਰਾਜ ਨੇ ਸਜਾਦਪੁਰ ਜਾਣਾ ੧੨੪
ਹਜ਼ੂਰ ਦਾ ਮਸੂਰੀ ਜਾਣਾ ੧੨੪
ਹਜ਼ੂਰ ਦੀ ਸ਼ਿਮਲੇ ਦੀ ਯਾਤਰਾ ੧੨੬
ਸ. ਬਲਦੇਵ ਸਿੰਘ ਗੁੜਥਲੀ ੧੨੭
ਸੰਤ ਬਿਸ਼ਨ ਸਿੰਘ ਜੀ ਰੌਣੀ ੧੨੮
ਸ. ਵਰਯਾਮ ਸਿੰਘ ਜੀ ਦਰਜੀ ਦਿੱਲੀ ੧੨੯

ਕਾਂਡ ੧੧

ਸ. ਮੋਹਨ ਸਿੰਘ ਜੀ (ਆਹਲੂਵਾਲੀਆ) ਕੋਕਾ ਕੋਲਾ, ਦਿੱਲੀ ੧੩੦
ਪਹਿਲੀ ਵਾਰ ਸੰਤ ਜੀ ਮਹਾਰਾਜ ਨੇ ਦਿੱਲੀ ਜਾਣਾ ੧੩੧
ਸ. ਮੋਹਨ ਸਿੰਘ ਜੀ (ਆਹਲੂਵਾਲੀਆ) ਕੋਕਾ ਕੋਲਾ, ਦਿੱਲੀ ੧੩੨
ਗੁਰਸਿੱਖ ਦੇ ਲੱਛਣ ੧੩੩
ਸੰਤ ਜੀ ਮਹਾਰਾਜ ਦਾ ਪ੍ਰਕਿਰਤੀ ਸੁਭਾਉ ੧੩੪

ਭਾਗ ਦੂਜਾ ਕਾਂਡ ੧੨

ਨਵੀਨ ਅਸਥਾਨ ਦੀ ਪ੍ਰਾਰੰਭਤਾ ੧੩੫
ਕਟਾਹਰੀ ਪਿੰਡ ਤੇ ਕ੍ਰਿਪਾ ੧੩੬
ਗੁਰੂ ਕਾ ਲੰਗਰ ੧੩੯
ਨਿਰੋਲ ਸੇਵਾ ਕਰਨ ਵਾਲੇ ਮਿਸਤ੍ਰੀ ੧੪੦
ਦਰਬਾਰ ਸਾਹਿਬ ੧੪੦
ਹੋਰ ਕਮਰੇ ੧੪੦
ਛੋਟੇ ਸੰਤ ਜੀ ਮਹਾਰਾਜ ਦੀ ਰਿਹਾਇਸ਼ ੧੪੧
ਸਫ਼ਾਈ ੧੪੧
ਵੱਡੇ ਸੰਤ ਜੀ ਮਹਾਰਾਜ ਦਾ ਭੋਰਾ ੧੪੧
ਪ੍ਰੇਮੀ ਵਲੋਂ ਸ਼ਰਧਾ ਦੇ ਫੁੱਲ ੧੪੩
ਰੋਜ਼ ਦਾ ਪ੍ਰੋਗਰਾਮ ੧੪੪
ਨਿਰੰਤਰ ਅਭਿਆਸ ਕਰਨ ਵਾਲੇ ਮੋਨੀ ੧੪੪
ਸੇਵਾ ਨੂੰ ਮੇਵਾ ੧੪੫
ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ੧੪੭

ਕਾਂਡ ੧੩

ਲਾਹੌਰ ਦੀ ਸੰਗਤ ਨੂੰ ਗੁਰਮਿਤ ਦਾ ਉਪਦੇਸ਼ ੧੫੦
ਦਾਤਾਰ ਦਾ ਵਾਜਾ ੧੫੦
ਪਾਕਿਸਤਾਨ ਤੋਂ ਪਹਿਲਾਂ ਲਾਹੌਰ ਦਾ ਨਕਸ਼ਾ ੧੫੧
ਮੋਨ ਦੇ ਪਾਠ ਦੀ ਵਿਧੀ ੧੫੨
ਸੱਖਰ ਰੋੜੀ 'ਚ ਨਾਮ ਅੰਮ੍ਰਿਤ ਦੀ ਬਰਖਾ ੧੫੨
ਏਕੇ ਦੀ ਬਰਕਤ ੧੫੫
ਮਾਨਸਕ ਰੋਗ ੧੫੬
ਸਿੰਘਾਂ ਸੰਬੰਧੀ ਵਿਰੋਧੀ ਕੌਮਾਂ ਦੇ ਮਨੋ ਪ੍ਰਭਾਵ ੧੫੭
ਸਾਧ ਬੇਲਾ ਵਾਲੇ ਮਹਾਂਪੁਰਸ਼ਾਂ ਦਾ ਮਿਲਾਪ ੧੫੮
ਸਾਧੂ ਦੇ ਹੋਰ ਗੁਣਾਂ ਦਾ ਵਰਨਣ ੧੬੦
ਚੰਬੇ ਦਾ ਬੂਟਾ ੧੬੩
ਜਗਜੀਤ ਸਿੰਘ ਢਿੱਲੋਂ ਨੂੰ ਪੁੱਤਰ ਦਾ ਵਰ ੧੬੫
ਪਿੰਡਾਂ ਵਿੱਚ ਨਾਮ ਅੰਮ੍ਰਿਤ ਦਾ ਪ੍ਰਚਾਰ ੧੬੬
ਪੌਹੀੜ ਪਿੰਡ ੧੬੮
ਸੁਹਾਵਣੀ ਰੱਖੜੀ ੧੬੯
ਘੋੜੀ ਦੀ ਅਰਦਾਸ ੧੭੦
ਕੌਰ੍ਹੀਆਂ ਨਗਰ ਤੇ ਕ੍ਰਿਪਾ ੧੭੦
ਉਪਦੇਸ਼ ਚਹੁ ਵਰਨਾ ਕਉ ਸਾਂਝਾ ੧੭੨
ਗੁਰੂ ਤੋਂ ਸੇਵਾ ਕੀਤਿਆਂ ਦਾਤ ਮਿਲਦੀ ਹੈ ੧੭੭
ਦੁਨੀਆਂ ਫਰਾਕ ਕਾਮਲ ਫ਼ਕੀਰ ੧੭੭

ਕਾਂਡ ੧੪

ਇਸ ਵਿਸ਼ੇ ਤੇ ਵਿਸ਼ੇਸ਼ ਵਿਚਾਰ ੧੮੦

ਸਿੱਖ ਮੱਤ ਤੇ ਸੰਤ ਮੱਤ ੧੮੧

ਗੁਰਦਿਤ ਸਿੰਘ ਹੌਲਦਾਰ ਨੂੰ ਗਿਆਨ ਜੋਗ ਦਾ ਉਪਦੇਸ਼ ੧੮੩

ਧਰਮ ੧੮੬

ਨਾਮ ਦੇ ਦਾਤੇ ਗੁਰੂ ਵਿੱਚ ਪ੍ਰਮੇਸ਼ਰ ਭਾਵਨਾ ਰੱਖੇ ੧੮੬

ਕੇਹਰ ਸਿੰਘ ਨੂੰ ਬਖ਼ਸ਼ਿਸ਼ਾਂ ੧੮੮

ਖੁਦਾਈ ਬੰਦਾ ੧੮੯

ਹਰਿਦਵਾਰ ਦੀ ਯਾਤਰਾ ੧੯੦

ਸ. ਮੇਵਾ ਸਿੰਘ ਬੀਜਾ ੧੯੧

ਸੰਤ ਜੀ ਮਹਾਰਾਜ ਦਾ ਮਿਲਾਪ ੧੯੧

ਕਾਂਡ ੧੫

ਬਾਬੂ ਸਾਧ ਸਿੰਘ ਟਿਕਟ ਕੁਲੈਕਟਰ ੧੯੩

ਸੰਤ ਕ੍ਰਿਪਾਲ ਸਿੰਘ ਜੀ ਛੰਨਾਂ ਵਾਲੇ ੧੯੪

ਉਦਾਰਤਾ ੧੯੪

ਸੰਤ ਜੀ ਮਹਾਰਾਜ ਦੀ ਕੁੱਪ ਨਗਰ ਤੇ ਕ੍ਰਿਪਾ ੧੯੬

ਫਿਲੌਰ ਦੀ ਸੰਗਤ ਨੂੰ ਦਰਸ਼ਨ ੧੯੮

ਫਾਤਿਹਾ ਪੜਤੇ ਜਾਣਾ ੧੯੯

ਕਪੂਰਥਲਾ ਸਟੇਟ 'ਚ ਕੀਰਤਨ ੧੯੯

ਚਉਰਾਸੀ ਲੱਖ ਜੂਨਾਂ ਦਾ ਚੱਕਰ ੨੦੦

ਰਾਜ ਮਾਤਾ ਵਲੋਂ ਬੇਨਤੀ ੨੦੧

ਥੋੜ੍ਹੇ ਥੋੜ੍ਹੇ ਸਮੇਂ ਪਿਛੋਂ ਗੁਰ-ਚਰਨਾਂ ਵਿੱਚ ਆਉਣ ਵਾਲੇ ਪ੍ਰੇਮੀ ੨੦੩

ਵਿਦਿਅਕ ਉਸਾਰੀ ੨੦੫

ਸਕੂਲ ਦੀ ਸੇਵਾ ਵਿੱਚ ਹਿੱਸਾ ਪਾਉਣ ਵਾਲੇ ਪਿੰਡਾਂ ਦੇ ਨਾਂ ੨੦੭

ਪਿੰਡ ਆਲੋਵਾਲ ਜਾਣਾ ੨੦੯

ਈਸ਼ਰ ਸਿੰਘ ਨਾ ਮਿਲਣਗੇ ਸੰਤ ਘਰ ਘਰ ੨੧੦

ਜੁਗ-ਗਰਦੀ ੨੧੦

ਕਾਂਡ ੧੬

੧੯੪੭ ਦੀ ਗੜਬੜ ੨੧੧

ਪਾਕਿਸਤਾਨ ਵਿੱਚ ਹਿੰਦੂ ਸਿੱਖਾਂ ਦਾ ਜਾਨੀ ਤੇ ਮਿਲੀ ਨੁਕਸਾਨ ੨੧੨

ਸਾੜੇ ਗਏ ਸ਼ਹਿਰ ੨੧੨

ਲਖਨਊ ਤੇ ਦਾਨਾਪੁਰ ਜਾਣਾ ੨੧੪

ਜੀਵਨ ਵਿੱਚ ਪਲਟਾ ੨੧੬

ਖਟੜਿਆਂ ਵਾਲੇ ਪ੍ਰੇਮੀ ਕਲਕੱਤੇ ੨੧੬

ਕਾਂਝਲੇ ਵਾਲੇ ਸੰਤਾਂ ਦਾ ਮਿਲਾਪ ੨੧੭

ਹੋਰ ਵਿਅਕਤੀਆਂ ਦੇ ਦੀਦਾਰ ੨੧੮

ਸੰਤ ਜੀ ਮਹਾਰਾਜ ਦਾ ਪਹਿਲੀ ਵਾਰ ਕਲਕੱਤੇ ਜਾਣਾ ੨੧੯

ਗੁਰਦੁਆਰਾ ਜਗਤ ਸੁਧਾਰ ਵਿੱਚ ਗੁਰੂ ਕਾ ਲੰਗਰ ਚਾਲੂ ਕੀਤਾ ੨੧੯

ਛੋਟੀ ਖੇੜੀ ੨੨੦

ਦੂਜੀ ਵਾਰ ਆਲੋਵਾਲ ਜਾਣਾ ੨੨੩

ਲੋਟਾ ਗੋਤ ਜਾਂ ਅੱਲ ੨੨੩

ਸੰਤਾ ਸਿੰਘ ਮਿਸਤ੍ਰੀ ਪਿੰਡ ਖਟੜਾ ੨੨੪

ਅਸਥਾਨ ਦੀਆਂ ਹੋਰ ਰਚਨਾਵਾਂ ੨੨੫

ਸੰਤ ਦੇਵੀ ਪੁਰੀ ਜੀ ਕਿਲ੍ਹਾ ਰਾਇਪੁਰ ੨੨੫

ਪੰਡਿਤ ਅਰਜਨ ਸਿੰਘ ਜੀ ਮੁਨੀ ਹਰਿਦਵਾਰ ੨੨੬

ਹੋਰ ਮਹਾਂਪੁਰਸ਼ ੨੨੬

ਕਾਂਡ ੧੭

ਸੰਤ ਤ੍ਰਿਬੈਣੀ ਪੁਰੀ ਜੀ ਖੰਨਾ ੨੨੮

ਸੰਤ ਜਵਾਲਾ ਸਿੰਘ ਜੀ ਹਰਖੋਵਾਲ ੨੩੦

ਸੰਤ ਬਾਬਾ ਬੇਅੰਤ ਸਿੰਘ ਜੀ ਅਵਧੂਤ ੨੩੧

ਸੰਤ ਤੋਤਾ ਪੁਰੀ ਜੀ ੨੩੨

ਭਾਗ ਸਿੰਘ ਠੇਕੇਦਾਰ ੨੩੨

ਸ. ਚੰਨਣ ਸਿੰਘ ਖੇੜਾ ੨੩੩

ਮਿਸਤ੍ਰੀ ਪ੍ਰੀਤਮ ਸਿੰਘ ਕਟਾਹਰੀ (ਪਟਿਆਲਾ) ੨੩੪
ਸ. ਜੁਗਿੰਦਰ ਸਿੰਘ ਬਿਲਗਾ ੨੩੫
ਰੁਸ਼ੀਨ ਪਿੰਡ ਦਾ ਸ. ਜੁਗਿੰਦਰ ਸਿੰਘ ੨੩੫
ਗੁਰੂ ਬਿਨਾਂ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ੨੩੫

ਕਾਂਡ ੧੮

ਸੰਸਾਰੀ ਵੈਦਾਂ ਦਾ ਰੂਹਾਨੀ ਵੈਦ ਪਾਸ ਆਉਣਾ ੨੩੭
ਸ਼ਿਮਲੇ ਦੀ ਪਹਾੜੀ ੨੩੮
ਅਮੋਲਕ ਉਪਦੇਸ਼ ੨੩੮
ਪ੍ਰਿੰਸੀਪਲ ਸ. ਗੁਰਦਿਆਲ ਸਿੰਘ ਬੱਦੋਵਾਲ ਨੂੰ ਉਪਦੇਸ਼ ੨੪੦
ਇਸ ਦੇ ਪਹਿਲੇ ਤੇ ਹੁਣ ਦੇ ਵਿਚਾਰ ਤੇ ਸਿਧਾਂਤ ੨੪੦
ਅੰਮ੍ਰਿਤ ਬਚਨ ੨੪੧
ਪਿੰਡ ਮੋਮਨਾਬਾਦ ਨੂੰ ਬਖ਼ਸ਼ਿਸ਼ਾਂ ੨੪੧
ਸ. ਸੰਤਾ ਸਿੰਘ ਜੀ ਲਤਾਲਾ ੨੪੨
ਗੁਰੂ ਦੀ ਸੇਵਾ ਸਾਰੇ ਸਾਧਨਾਂ ਨਾਲੋਂ ਸ਼੍ਰੋਮਣੀ ਹੈ ੨੪੨
ਪੂਰਨ ਮਹਾਤਮਾਂ ਦਾ ਸਤਸੰਗ ਹੀ ਅਸਲੀ ਅੰਮ੍ਰਿਤ ਹੈ ੨੪੩
ਸੰਤ ਇੰਦਰ ਸਿੰਘ ਜੀ ੨੪੪
ਸੰਤ ਪ੍ਰੀਤਮ ਸਿੰਘ ਜੀ ੨੪੫
ਤਿੰਨਾਂ ਗੁਣਾਂ ਦੀ ਪ੍ਰੀਖਿਆ ੨੪੫
ਜਥੇਦਾਰ ਮਹਿੰਦਰ ਸਿੰਘ ਜੀ ੨੪੫
ਆਤਮਾ ਸਭ ਤੋਂ ਪਿਆਰਾ ਹੈ ੨੪੬
ਗਿ. ਬਲਵੀਰ ਸਿੰਘ ਜੀ ੨੪੬

ਭਾਗ ਤੀਜਾ ਕਾਂਡ ੧੯

ਕਰਮਸਰ ਰਾੜਾ ਸਾਹਿਬ ੨੪੭
ਹਜ਼ੂਰ ਦੀ ਪ੍ਰਦੇਸ਼ ਯਾਤਰਾ ੨੪੮
ਬਾਹਰਲੇ ਮੁਲਕਾਂ ਵਿੱਚ ਉਤਸ਼ਾਹ ੨੪੮
ਅਫਰੀਕਾ ਦਾ ਦੌਰਾ ੨੪੯
ਦਰਸ਼ਨਾਂ ਵਾਸਤੇ ਸੰਗਤ ਦੀ ਤੜਪ ੨੫੦
ਸੰਤ ਜੀ ਮਹਾਰਾਜ ਜੀ ਦੀ ਅਫਰੀਕਾ ਜਾਣ ਦੀ ਤਿਆਰੀ ੨੫੦
ਸੰਗਤਾਂ ਵਿੱਚ ਉਦਾਸੀ ੨੫੧
ਸੰਤ ਜੀ ਮਹਾਰਾਜ ਦਾ ਬੰਬਈ ਪਹੁੰਚਣਾ ੨੫੨
ਦਾਤੇ ਨੇ ਬੰਬਈ ਦੀ ਸੈਰ ਕਰਨੀ ੨੫੩
ਸੰਤ ਜੀ ਮਹਾਰਾਜ ਨੇ ਜਹਾਜ਼ ਤੇ ਚੜ੍ਹਨਾ ੨੫੪
ਮੁਬਾਸਾ ਬਿਸਰਾਮ ੨੫੭
ਨੈਰੋਬੀ ੨੫੮
ਸੰਤ ਪਦ ਹੈ ਭੇਖ ਨਹੀਂ ੨੫੮
ਕਰਮ ਤੇ ਬਖ਼ਸ਼ਿਸ਼ ੨੫੯
ਅੱਗੇ ਜੀਵ ਦੇ ਖ਼ਿਆਲਾਂ ਅਨੁਸਾਰ ਫ਼ਲ ਮਿਲਦਾ ਹੈ ੨੬੦
ਇੰਡੀਆ ਵਾਪਸ ਆਉਣਾ ੨੬੦
ਬਾਂਸ ਸੁਗੰਧ ਨ ਹੋਇ ੨੬੦
ਨਕੋਰੋ ਫੇਰੀ ੨੬੪
ਜੇਜੋਂ ਫੇਰੀ ੨੬੪
ਅਫਰੀਕਾ ਫੇਰੀ ਦੇ ਸੰਖੇਪ ਸਮਾਚਾਰ ੨੬੫
ਵਤਨ ਪਿਆਰ ੨੬੫
ਪੰਜਾਬ ਵਾਪਸੀ ੨੬੬
ਪ੍ਰੀਤਮ ਦੇ ਆਗਮਨ ਦੀ ਭੋਰੇ ਨੂੰ ਖੁਸ਼ੀ ੨੬੭
ਸੇਠ ਮਿਡੂ ਮਲ ਤੇ ਕ੍ਰਿਪਾ ੨੬੭
ਸ. ਖੇਮ ਸਿੰਘ ਭੁੱਟਾ ੨੬੮
ਗੁਰਬਾਣੀ ਦੀ ਮਹਿਮਾ ੨੬੯
ਕਲਕੱਤਾ ਰਾਂਚੀ ਤੇ ਪਟਨਾ ਸਾਹਿਬ ਆਦਿਕ ਸ਼ਹਿਰਾਂ ਵਿੱਚ ਗੁਰਮਤ ਦਾ ਪ੍ਰਚਾਰ ੨੬੯
ਸਾਰੇ ਭੇਖਾਂ ਵਾਲੇ ਸਾਧੂਆਂ ਵੱਲੋਂ ਪ੍ਰਸੰਸਾ ੨੭੦
ਰਾਂਚੀ ਸ਼ਹਿਰ ੨੭੦
ਤਿਆਗ ਕਿਸ ਨੂੰ ਕਹਿੰਦੇ ਹਨ? ੨੭੨
ਮਨੋਹਰ ਯਾਤਰਾ ੨੭੩

ਮਨਸੂਰੀ ਜਾਣਾ ੨੭੪
ਕਸ਼ਮੀਰ ਦੀ ਪਹਾੜੀ ੨੭੪
ਸਕੂਲ ਦੀ ਬਿਲਡਿੰਗ ੨੭੬
ਸੰਤ ਭੂਰੀ ਵਾਲਿਆਂ ਦੇ ਸੱਦੇ ਤੇ ਅੰਮ੍ਰਿਤਸਰ ਪੁੱਜਣਾ ੨੭੭

ਕਾਂਡ ੨੦

ਸੰਤ ਆਸ਼ਰਮ ਥਬਲਾਨ ੨੭੮
ਪਰਉਪਕਾਰ ਉਮਾਹਾ ੨੭੯
ਭਾਈ ਸਾਹਿਬ ਸ. ਵਰਿਆਮ ਸਿੰਘ ਜੀ ਦਰਸ਼ਨਾਂ ਨੂੰ ਆਏ ੨੭੯
ਪਹਿਲੀ ਜਮਾਤ ਤੋਂ ਪੜ੍ਹਾਈ ਸ਼ੁਰੂ ੨੮੦
ਰਾਜਪੁਰਾ ਰੋਡ ਕਾਲੋਨੀ ਤੇ ਬਖ਼ਸ਼ਿਸ਼ ੨੮੦
ਉਜੜ ਜਾਵੋ ੨੮੦
ਰਾਜਪੁਰਾ ਰੋਡ ਕਾਲੋਨੀ ਦੀਆਂ ਕੁੱਝ ਘਟਨਾਵਾਂ ੨੮੧
ਪੁਤੀ ਗੰਢੁ ਪਵੈ ਸੰਸਾਰਿ ੨੮੧
ਗੁਪਤ ਸਹਾਇਤਾ ੨੮੨
ਬਾਬਾ ਨੰਦ ਸਿੰਘ ਜੀ ਡੇਰਾ ਬਾਬਾ ਜੱਸਾ ਸਿੰਘ ਵਾਲਿਆਂ ਦਾ ਮਿਲਾਪ ੨੮੨
ਸੰਤ ਆਸ਼ਰਮ ਥਬਲਾਨ ਦੀ ਸੇਵਾ ਵਾਲੇ ਖ਼ਾਸ ਪ੍ਰੇਮੀ ੨੮੩
ਭਾਈ ਰਣਜੋਧ ਸਿੰਘ ੨੮੩
ਸੰਤ ਸੁਖਦੇਵ ਸਿੰਘ ਜੀ ੨੮੩
ਮਨ ਵਸ ਕਿਵੇਂ ਆਵੇ ੨੮੩
ਗਿਆਨੀ ਰਤਨ ਸਿੰਘ ਜੀ ੨੮੪
ਸੋ੍ਤੇ ਦੇ ਚੌਦਾਂ ਗੁਣ ੨੮੪
ਸਾਧੂ ਦੇ ਧਾਰਣ ਯੋਗ ਤਿੰਨ ਗੱਲਾਂ ੨੮੪
ਪੁੱਤਰ ਭੇਟਾ ੨੮੫
ਜਥੇਦਾਰ ਪ੍ਰੇਮ ਸਿੰਘ ਨੂੰ ਉਪਦੇਸ਼ ੨੮੬
ਭਾਈ ਜਸਵੰਤ ਸਿੰਘ ੨੮੬
ਰਸਿਕ ਬੈਰਾਗੀ ਦਾ ਮੇਲ ੨੮੭
ਕਾਦਰ ਦੀ ਕੁਦਰਤ ੨੮੮
ਪਿੰਡਾਂ ਵਾਲੇ ਗੁਰਮੁਖ ੨੮੯
ਘਰ ਤਾਂ ਤੇਰੇ ਸਭ ਕਿਛੁ ਹੈ ੨੮੯
ਰਖਾ ਸਿੰਘ ਰਾੜਾ ਸਾਹਿਬ ੨੮੯
ਮਹਾਂਪੁਰਸ਼ਾਂ ਦਾ ਪ੍ਰਕਿਰਤੀ ਸੁਭਾਓ ੨੯੦
ਹਮਦਰਦੀ ੨੯੦
ਗੁਰੂ ਤੇ ਸਿੱਖ ਦਾ ਪਿਆਰ ੨੯੦
ਅੰਮ੍ਰਿਤਧਾਰੀ ਸਿੰਘ ਪ੍ਰਤੀ ਉਪਦੇਸ਼ ੨੯੧
ਨਾਮ ਧਰੀਕ ਭੇਖੀ ਸਿੱਖ ੨੯੨
ਸੁਖ ੨੯੨
ਮੰਗਲ ੨੯੪
ਸੰਤ ਸਮਾਜ ਦੀ ਇਕੱਤ੍ਰਤਾ ੨੯੪
ਦੀਵਾਨਾਂ ਦਾ ਸੈਂਟਰ ਕਾਇਮ ਕੀਤਾ ੨੯੫
ਸੇਲਕੀਆਣਾ ੨੯੫
ਸੰਤ ਜੀ ਮਹਾਰਾਜ ਦੀ ਧਾਰਮਕ ਪ੍ਰਚਾਰ ਫੇਰੀ ੨੯੫
ਸਰਹਿੰਦ ਦੀ ਕੰਧ ੨੯੬
ਸਰਹੰਦ ੨੯੬

ਕਾਂਡ ੨੧

ਲੁਧਿਆਣਾ ਵਿਖੇ ਹਜ਼ੂਰ ਦਾ ਕੀਰਤਨ ੨੯੭
ਨਾਮ ਅਉਖਧ ੨੯੮
ਚਾਰ ਪਦਾਰਥ ਜੇ ਕੋ ਮਾਂਗੈ ੨੯੮
ਤਹਾਂ ਤਹਾਂ ਉਠਿ ਧਾਵੈ ੨੯੮
ਸੰਤ ਸੇਵਕ ਜਥਾ ਦਿੱਲੀ ੨੯੯
ਝਾਲਾਘੇ ਉਠਿ ਨਾਮੁ ਜਪਿ ੨੯੯
ਅਤਰ ਸਿੰਘ ਗੁਰਮੁਖ ਸਿੰਘ ੩੦੧
ਦੋਰਾਹੇ ਮੰਡੀ ਦੇ ਪ੍ਰੇਮੀ ੩੦੨
ਬਗਲੀ ਦੇ ਦੀਵਾਨ ੩੦੨
ਪ੍ਰੇਮ ੩੦੩

ਸਰਹੰਦ ਦੇ ਦੀਵਾਨ ੩੦੪
ਵਿਕਾਰਾਂ ਤੋਂ ਸਦਾ ਬਚ ਕੇ ਰਹੋ ੩੦੪
ਲਿਬੜਾ ਹਾਊਸ ਖੰਨਾ ੩੦੫
ਅੰਮ੍ਰਿਤ ਕੀ ਹੈ? ੩੦੬
ਅੰਮ੍ਰਿਤ ਦੀ ਸ਼ਕਤੀ ੩੦੬
ਭਵਾਨੀਗੜ੍ਹ ੩੦੭
ਸ਼ੰਕਰਪੁਰ ੩੦੭
ਸਿਮਰਨ ੩੦੮
ਅਮਲੋਹ ੩੧੦
ਸੰਸਾਰ ਸਰਾਂ ਰੂਪ ਹੈ ੩੧੦
ਸ. ਨਛੱਤਰ ਸਿੰਘ ਰੌਣੀ ਤੇ ਬਖ਼ਸ਼ਿਸ਼ ੩੧੦
ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਮੰਜੀ ਸਾਹਿਬ ਦਾ ਨੀਂਹ ਪੱਥਰ ਰੱਖਣਾ ੩੧੧
ਪਟਿਆਲੇ ਦੇ ਦੀਵਾਨ ੩੧੧
ਸ. ਭਗਤ ਸਿੰਘ ਪਟਿਆਲਾ ੩੧੨
ਗੁਰੂ ਕ੍ਰਿਪਾ ਬਿਨਾਂ ਅਗਿਆਨ ਨਹੀਂ ਮਿਟਦਾ ੩੧੩
ਸਭਨਾ ਜੀਆ ਕਾ ਇੱਕ ਦਾਤਾ ੩੧੪
ਹਰੀ ਕ੍ਰਿਸ਼ਨ ਸਿੰਘ ੩੧੫
ਭਾਈ ਗੁਰਦੇਵ ਸਿੰਘ ੩੧੫
ਵਾਯੂ ਮੰਡਲ ਤੇ ਚਰਨ ਧੂੜ ੩੧੬
ਵਕਤੇ ਦੇ ਚੌਦਾਂ ਗੁਣ ੩੧੬
ਯਥਾ - ਗੁਰਬਾਣੀ ਰੂਪੀ ਨਦੀ ੩੧੮

ਕਾਂਡ ੨੨

ਚੰਡੀਗੜ੍ਹ ਦੇ ਦੀਵਾਨ ਤੇ ਬਚਿੱਤਰ ਗਾਥਾਵਾਂ ੩੧੯
ਚੰਡੀਗੜ੍ਹ ਦੀਆਂ ਗਾਥਾਵਾਂ ੩੧੯
ਅਣਪੁੱਛੇ ਸ਼ੰਕਿਆਂ ਦੀ ਨਵ੍ਰਿਤੀ ੩੨੦
ਡਾਕਟਰ ਬੀਬੀ ਸੰਤ ਕੌਰ ਤੇ ਕ੍ਰਿਪਾ ੩੨੦
ਆਓ ਰਾਗਾ ਸਿੰਘ ਜੀ ੩੨੦
ਕੈਰੋਂ ਸਾਹਿਬ ਨੂੰ ਨਾਮ ਦਾਤ ੩੨੧
ਗ਼ਰੀਬਾਂ ਨਾਲ ਪਿਆਰ ੩੨੨
ਆਵਾਜ਼ ਵਿੱਚ ਚੁੰਬਕ ਖਿੱਚ ਅਤੇ ਚੁੰਬਕ ਲਹਿਰਾਂ ੩੨੩
ਅੰਤਰਜਾਮਤਾ ੩੨੩
ਵਾਕ ਸੰਤਾਂ ੩੨੫
ਕਰਨਲ ਪ੍ਰੀਤਮ ਸਿੰਘ ਸਿੱਧੂ ੩੨੭
ਸ. ਨਿਰੰਜਨ ਸਿੰਘ ਜਲੰਧਰ ੩੨੭
ਹਠ ਯੋਗ ੩੨੮
ਕੁੰਡਲਣੀ ਖੋਲ੍ਹਣ ਦਾ ਤਰੀਕਾ ੩੩੪
ਜੋਗ ਦਾ ਫ਼ਲ ੩੩੪
ਭਗਤ ਜੋਗ ੩੩੫
ਵੈਰਾਗ ਦਾ ਜੋਗ ੩੩੬
ਭਾਈ ਮਨੀ ਸਿੰਘ ਸਾਰੋਬਾਦ ੩੩੬
ਅੰਮ੍ਰਿਤ ਵੇਲਾ ੩੩੬
ਭਾਈ ਅਵਤਾਰ ਸਿੰਘ (ਸਾਰੋਬਾਦ) ੩੩੭
ਦੁਰਲੱਭ ਸਮਾਂ ੩੩੯
ਡਾਕਟਰ ਕੁਲਵੰਤ ਸਿੰਘ ਸ਼ਾਮ ਚੌਰਾਸੀ ੩੪੦
ਸ. ਨਾਜਰ ਸਿੰਘ ੩੪੦
ਚੰਗੀ ਘੜੀ ੩੪੦
ਹਿਰਦੇ ਦੀ ਸ਼ੁੱਧੀ ੩੪੧

ਕਾਂਡ ੨੩

ਮੁਜਾਰਾ ਪਿੰਡ ਦੇ ਪ੍ਰੇਮੀ ਹਾਪੁੜ ੩੪੨
ਪੁਤੀ ਗੰਢ ਪਵੈ ਸੰਸਾਰ ੩੪੨
ਵਿਦਵਾਨ ਪੰਡਤ ਨੂੰ ਉਪਦੇਸ਼ ੩੪੪
ਸੰਭਾਲਕਾ ੩੪੬
ਗਜਰੌਲਾ ੩੪੬
ਧੀਰ ਸਿੰਘ ਵਕੀਲ ਤੇ ਮਹਿੰਦਰ ਸਿੰਘ ਨੂੰ ਬਖ਼ਸ਼ਿਸ਼ ੩੪੭
ਅਰਦਾਸ ੩੪੭
ਮੁਜ਼ਫਰ ਨਗਰ ਵਿਖੇ ਨਾਮ ਅੰਮ੍ਰਿਤ ਦੀ ਵਰਖਾ ੩੪੮

ਮੁਰਾਦਾਬਾਦ ਨੈਨੀਤਾਲ ਤੇ ਭੀਮਤਾਲ ੩੫੦
ਕੇਸਾਂ ਦੀ ਮਹਤੱਤਾ ੩੫੦
ਸੂਫੀ ਫ਼ਕੀਰ ਦਾ ਦਰਸ਼ਨਾਂ ਵਾਸਤੇ ਆਉਣਾ ੩੫੨
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥ ੩੫੩
ਅਰਦਾਸ ਦੀ ਮਹਤੱਤਾ ੩੫੪
ਸ. ਗੁਰਦਿਆਲ ਸਿੰਘ ੩੫੫
ਮੋਦੀ ਨਗਰ ੩੫੫
ਸਿੰਘਾਂ ਦਾ ਵਡਲਾ ਨਗਰ ੩੫੬
ਸਿੱਖ ਤੇ ਸਰਦਾਰੀ ੩੫੬
ਮੇਰਠ ਸ਼ਹਿਰ ਵਿਖੇ ਨਾਮ ਅੰਮ੍ਰਿਤ ਦੀ ਬਰਖਾ ੩੫੭
ਅੰਮ੍ਰਿਤ ਕਿੱਥੇ ਹੈ? ੩੫੮
ਗੁਰੂ ਤੇ ਸੰਗਤ ੩੫੯
ਡੇਹਰਾਦੂਨ ਵਿੱਚ ਕੀਰਤਨ ਦਾ ਪ੍ਰਵਾਹ ੩੫੯
ਮਾਇਆ ੩੬੦
ਨਿਸ਼ਕਾਮ ਭਗਤੀ ੩੬੨

ਭਾਗ ਚੌਥਾ ਕਾਂਡ ੨੪

ਸੰਤ ਜੀ ਮਹਾਰਾਜ ਦੀ ਯੂ. ਪੀ. ਦੇ ਤਰਾਈ ਇਲਾਕੇ ਤੇ ਬਖ਼ਸ਼ਿਸ਼ ੩੬੫
ਬਿਲਾਸਪੁਰ ਪਹਿਲੀ ਫੇਰੀ ੩੬੬
ਦੂਜੀ ਫੇਰੀ ੩੬੬
ਸੰਤਨ ਦੁੱਖ ਪਾਏ ਤੇ ਦੁਖੀ ੩੬੬
ਤੀਜੀ ਵਾਰੀ ੩੬੬
ਚੌਥੀ ਵਾਰੀ ੩੬੭
ਸ. ਭਗਵਾਨ ਸਿੰਘ ੩੬੭
ਤਰਾਈ ਤੇ ਬਖ਼ਸ਼ਿਸ਼ਾਂ ੩੬੮
ਸੰਗਤ ਦੀ ਅਰਦਾਸ ੩੬੯
ਮਾਈ ਦੀ ਅਰਦਾਸ ੩੬੯
ਪੁੱਤਰ ਦਾਤਾਂ ੩੬੯
ਦੁੱਧ ਦੀ ਵਾਰਤਾ ੩੭੦
ਭਾਈ ਬੇਲਾ ਸਿੰਘ ਤੇ ਬਖ਼ਸ਼ਿਸ਼ ੩੭੦
ਤਰਾਈ ਦੇ ਪ੍ਰੇਮੀ ੩੭੦
ਸਿੱਖ ਬੱਚੀ ਦੇ ਦਿਲੀ ਵਲਵਲੇ ੩੭੨

ਕਾਂਡ ੨੫

ਅਗਲੇ ਸੰਸਾਰ ਦੀ ਇੱਕ ਤਸਵੀਰ ੩੭੮
ਸ. ਗੁਰਦੇਵ ਸਿੰਘ ਗਰੇਵਾਲ (ਗਹਿਗੱਡ) ੩੮੦
ਸੁਲੇਮਾਨ ਕਾਜ਼ੀ ਦੀ ਪ੍ਰੇਤ ਜੂਨੀ ਤੋਂ ਕਲਿਆਣ ੩੮੧
ਹੋਰ ਬਖ਼ਸ਼ਿਸ਼ਾਂ ੩੮੩
ਪਿੰਡਾਂ ਵਾਲੇ ਪ੍ਰੇਮੀਆਂ ਤੇ ਕ੍ਰਿਪਾ ੩੮੪
ਬਾਬਾ ਗੁਰਿੰਦਰ ਸਿੰਘ ੩੮੫
ਪੰਡਤ ਪੂਰਨ ਚੰਦ ੩੮੫
ਸ. ਸਰਵਨ ਸਿੰਘ ਪਿੰਡ ਨੰਗਲ ੩੮੬
ਮਾਨੁੱਖਾ ਜਨਮ ਦਾ ਵਾਧਾ ੩੮੭
ਗੂੰਗਾਪਨ ਤੇ ਬੋਲਾਪਨ ਦੂਰ ਹੋਇਆ ੩੮੭
ਦਾਤਾਂ ਦੇ ਭੰਡਾਰੇ ੩੮੮
ਸਾਧੂ ਸਿੰਘ M.A.B.T. ੩੮੮
ਸੇਵਾ ਤੋਂ ਮਿਲਦਾ ਮੇਵਾ ੩੮੮
ਤੈਸਾ ਰੰਕ ਤੈਸਾ ਰਾਜਾਨ ੩੮੯

ਕਾਂਡ ੨੬

ਭਾਈ ਹਰਚੰਦ ਸਿੰਘ ਮੁਲੋਵਾਲ ੩੯੦
ਹਿੰਸਾ ਤੇ ਅਹਿੰਸਾ ੩੯੦
ਪਾਰਸ ਨਾਥ - ਅਬਿਬੇਕ ਦੀ ਸੈਨਾ ੩੯੧
ਸੰਤ ਜੀ ਦੀ ਸੰਗਤ ਦਾ ਅਸਰ ੩੯੬
ਗੁਰਮੁਖਿ ਕੋਟਿ ਉਧਾਰਦਾ ੩੯੭
ਭਲਵਾਨ ਪਿੰਡ ਤੇ ਬਖ਼ਸ਼ਿਸ਼ ੩੯੯
ਤਿਥੈ ਹਰਿ ਮਿਤਿ ਸਹਾਈ ੩੯੯
ਸ. ਦਲੀਪ ਸਿੰਘ ਕਿਲ੍ਹਾ ਰਾਏਪੁਰ ੪੦੦
ਭਾਈ ਦਲੀਪ ਸਿੰਘ ਸੇਖਾ ੪੦੦
ਸੋਟੀ ਪੁਰ ਨਗਰ ੪੦੦

ਭਾਈ ਸਾਹਿਬ ਭਾਈ ਸੁਰਜੀਤ ਸਿੰਘ ਜੀ ਦਿੱਲੀ ੪੦੦
ਕਰਮਸਰ ਅਸਥਾਨ ਦੀ ਰਚਨਾ (ਵੱਡਾ ਹਾਲ ਕਮਰਾ) ੪੦੧
ਗੈਰਜ ੪੦੧
ਗੁਰਦੁਆਰਾ ਸਾਹਿਬ ੪੦੧
ਪਿੰਗਲਵਾੜਾ ੪੦੧
ਦਰਸ਼ਨੀ ਡਿਉਢੀ ਅਤੇ ਘੰਟਾ ਘਰ ੪੦੨
ਲੰਗਰ ਦੀ ਸੇਵਾ ੪੦੨
ਪਸ਼ੂਆਂ ਵਾਸਤੇ ਹਾਲ ਕਮਰਾ ੪੦੩
ਹੋਰ ਰਚਨਾ ੪੦੩
ਸਕੂਲ ਤੋਂ ਹਾਇਰ ਸੈਕੰਡਰੀ ਤੇ ਫਿਰ ਕਾਲਜ ੪੦੩
ਕਾਲਜ ਸਰਕਾਰ ਦੇ ਸਪੁਰਦ ੪੦੪
ਗੁਰੂ ਨਾਨਕ ਭਵਨ ੪੦੫
ਦਸਵੀਂ ਤੱਕ ਹੋਰ ਨਵਾਂ ਸਕੂਲ ੪੦੫
ਹਾਈ ਸਕੂਲ ਕਰਮਸਰ ਦੀ ਇਮਾਰਤ ਵਾਸਤੇ ਦਾਨੀ ਸੱਜਣਾਂ ਦੇ ਨਾਮ ੪੦੬
ਕੁੱਲ ਖ਼ਰਚ ਜੋ ਸਕੂਲ ਦੀ ਬਿਲਡਿੰਗ ਤੇ ਹੋਇਆ ੪੦੬
ਨਹਿਰ ਦਾ ਵੱਡਾ ਪੁਲ ਤੇ ਪੱਕੀ ਸੜਕ ੪੦੭
ਗਿ. ਗੁਰਮੁਖ ਸਿੰਘ 'ਮੁਸਾਫ਼ਰ' ਦੀ ਸ਼ਰਧਾ ੪੦੭
ਵਿਦਿਆ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ੪੦੮
ਨੇਤਰਹੀਨ ਗ਼ਰੀਬਾਂ ਤੇ ਕ੍ਰਿਪਾ ੪੦੮
ਟੁਟੀ ਗਾਢਨ ਹਾਰ ਗੋਪਾਲ ੪੦੯

ਕਾਂਡ ੨੭

ਗਿਆਨੀ ਮੇਹਰ ਸਿੰਘ ਜੀ ਕੁਰਕੁਛੇਤਰ ੪੧੦
ਸੰਤ ਸੰਪੂਰਨ ਸਿੰਘ ਜੀ ਮੋਹੀ ੪੧੦
ਸੰਤ ਮਹਿੰਦਰ ਸਿੰਘ ਜੀ ਪਟਿਆਲਾ ੪੧੦
ਸੰਤ ਚੰਨਣ ਸਿੰਘ ਜੀ ਵਿਰੱਕਤ ੪੧੦
ਅਸਥਾਨ ਦੇ ਗ੍ਰੰਥੀ ੪੧੧
ਸੰਤ ਕਰਮ ਸਿੰਘ ਜੀ ੪੧੧
ਗਿਆਨੀ ਜਸਵੰਤ ਸਿੰਘ ੪੧੨
ਭਾਈ ਸੁਰਿੰਦਰ ਸਿੰਘ ੪੧੨
ਭਗਤ ਤੀਰਥ ਸਿੰਘ ੪੧੩
ਸੰਤ ਸੁਰਜੀਤ ਸਿੰਘ ਰਾਣਮਾ ੪੧੩
ਸਥਾਨਕ ਪ੍ਰੇਮੀ ਬਾਬਾ ਬਲਵੰਤ ਸਿੰਘ (ਸ੍ਰੀਮਾਨ) ੪੧੪
ਭਾਈ ਕਰਮ ਸਿੰਘ ਭਲਵਾਨ ੪੧੪
ਭਾਈ ਹਜ਼ੂਰਾ ਸਿੰਘ ਡ੍ਰਾਈਵਰ ੪੧੫
ਸੰਤ ਪ੍ਰਤਾਪ ਸਿੰਘ ੪੧੫
ਬਾਬਾ ਬਲਜਿੰਦਰ ਸਿੰਘ ਜੀ ੪੧੬
ਗਿ. ਬਲਵੰਤ ਸਿੰਘ ਜੜਤੌਲੀ ੪੧੬
ਭਾਈ ਹਰਨੇਕ ਸਿੰਘ ੪੧੭
ਅਮੋਲਕ ਬਚਨ ਬ੍ਰਹਮ-ਜੀਵ-ਮਾਇਆ ੪੧੭
ਮਾਇਆ ੪੧੯
ਬ੍ਰਹਮ ੪੧੯

ਕਾਂਡ ੨੮

ਗਿਆਨ ਜੋਗੀ ਦਾ ਬਦੇਸ਼ਾਂ ਵਿੱਚ ਰੂਹਾਨੀ ਸੰਦੇਸ਼ ੪੨੨
ਭਾਈ ਸ਼ਮਸ਼ੇਰ ਸਿੰਘ ੪੨੩
ਭਾਈ ਕੁਲਦੀਪ ਸਿੰਘ ਰਾਗੀ ੪੨੩
ਭਾਈ ਭੂਪਿੰਦਰ ਸਿੰਘ ਜੀ ੪੨੩
ਭਾਈ ਅਮਰੀਕ ਸਿੰਘ ਜੀ ੪੨੪
ਲੰਡਨ ਨੂੰ ਰਵਾਨਗੀ ੪੨੪
ਇਸਤਰੀ ਜਾਤੀ ਵਿੱਚ ਵਿੱਦਿਆ ੪੨੭
ਮਾਤਾ ਮਦਾਲਸਾ ਦੀ ਲੋਰੀ ੪੨੭
ਮਾਤਾ ਭਾਰਤੀ ੪੨੮
ਇਸਤਰੀ ਜਾਤੀ ਦਾ ਅਪਮਾਨ ੪੨੯
ਇਸਤਰੀ ਜਾਤੀ ਦੀ ਕੁਰਬਾਨੀ ੪੩੧
ਸਤਿਪੁਰਸ਼ਾਂ ਦੀ ਸੰਗਤ ਦਾ ਅਸਰ ੪੩੨
ਪਿਆਰ ਦਾ ਸੰਗੀਤ ੪੩੩
ਬਰਮਿੰਘਮ ੪੩੫

ਖਹਿ ਮਰਦੇ ਬਾਹਮਣ ਮੌਲਾਣੇ ੪੩੫
ਮੰਦਰ ਮਸੀਤ ਦਾ ਭੇਦ ੪੩੭
ਸੰਤ ਕਰਮ ਸਿੰਘ ਜੀ ੪੩੯
ਕਾਂਡ ੨੯
ਸਿੱਖ ਦਸਤਾਰ ਤੇ ਲੋਹ ਟੋਪ ੪੪੧
ਭਾਰਤ ਦਿਆਂ ਦੋ ਪੱਗਾਂ ੪੪੨
ਤਿਆਗ ਦੀ ਮਿਸਾਲ ੪੪੬
ਆਮ ਜਨਤਾ ਦਾ ਖ਼ਿਆਲ ੪੪੭
ਵਤਨ ਪਿਆਰ ਤੇ ਪੰਜਾਬ ਵਾਪਸੀ ੪੪੭
ਸੰਸਾਰਕ ਰਚਨਾ ੪੫੦
ਲੰਡਨ ਦੀ ਹੋਰ ਵਿਸ਼ੇਸ਼ਤਾ ੪੫੧
ਮਿਡਲੈਂਡ (ਕਵੈਂਟਰੀ) ੪੫੨
ਹਜ਼ੂਰ ਦੇ ਪਾਸ ਕਰਮਸਰ ਆ ਕੇ ਅਰਜ਼ ਕਰਨ ਵਾਲੇ ਹੋਰ ਪ੍ਰੇਮੀ ੪੫੪
ਸੰਤ ਬਾਬਾ ਮੀਹਾਂ ਸਿੰਘ ਜੀ ਪਿੰਡ ਸਿਆੜ ੪੫੪
ਸ. ਚਰਨਜੀਤ ਸਿੰਘ, ਬੀਬੀ ਰਾਜਿੰਦਰ ਕੌਰ ਬਰਨਾਲਾ ੪੫੫
ਦੂਜੀ ਵਾਰ ਦੇ ਦੀਵਾਨ ੪੫੬
ਵੈਸਾਖੀ ਦਾ ਜੋੜ ਮੇਲਾ ੪੫੬
ਦਿੱਲੀ ਸ਼ਹਿਰ ਦੀਵਾਨ ਸ਼ੁਰੂ ੪੫੭
ਕਾਂਡ ੩੦
ਦਿੱਲੀ ਤੋਂ ਰਵਾਨਗੀ ੪੫੮
ਸ. ਚਰਨਜੀਤ ਸਿੰਘ ਕੋਕਾ ਕੋਲਾ ਵਾਲੇ ੪੫੯
ਹਵਾਈ ਅੱਡੇ ਤੇ ਸਤਿਪੁਰਸ਼ਾਂ ਦੇ ਸਤਿਕਾਰ ਵਾਸਤੇ ਸੰਗਤ ਦਾ ਇਕੱਠ ੪੬੦
ਰਹਿਤ ਦਾਤਾ ੪੬੧
ਕੋਹਿਨੂਰ ਹੀਰਾ ੪੬੨
ਲੰਡਨ ਵਿੱਚ ਅੰਡਰ ਗਰਾਊਂਡ ਟਰੇਨਾਂ ਤੇ ਮੋਮ ਦੇ ਬੁੱਤ ੪੬੩
ਬੋਵਰਨ ਸਫਾਰੀ ਪਾਰਕ ੪੬੩
ਲੰਡਨ ਤੋਂ ਅੱਗੇ ਸਟੀਵਨੇਜ਼ ਤੇ ਹਿਚਨ ਦਾ ਪ੍ਰੋਗਰਾਮ ੪੬੩
ਬੀਰ ਰਸ ਤੇ ਪਸ਼ੂ ਬਲ ੪੬੪
ਸਟੀਵਨੇਜ਼ ਤੋਂ ਈਸਟ ਲੰਡਨ ਵਾਪਸੀ ੪੬੫
ਵੂਲਵਿਚ ਟਾਊਨ ਹਾਲ ਦੀਵਾਨ ਸ਼ੁਰੂ ਹੋਏ ੪੬੫
ਰੌਚੈਸਟਰ ਕੈਂਟ ੪੬੬
ਵੂਲਵਰਹੈਂਪਟਨ ਦਾ ਪ੍ਰੋਗਰਾਮ ੪੬੭
ਕਾਂਡ ੩੧
ਲੰਡਨ ਵਾਸੀਆਂ ਦਾ ਸੰਖੇਪ ਹਾਲ (ਸ. ਜਗਮੇਲ ਸਿੰਘ ਕੰਗ) ੪੬੯
ਪੁੱਤਰ ਦੀ ਦਾਤ ੪੬੯
ਮਾਸਟਰ ਆਗਿਆਕਾਰ ਸਿੰਘ ੪੭੦
ਸ. ਬਲਵੰਤ ਸਿੰਘ ਕਲਸੀ ਪਿੰਡ ਬੋਪਾਰਾਏ ਜ਼ਿਲ੍ਹਾ ਲੁਧਿਆਣਾ ੪੭੦
ਸ. ਲਾਭ ਸਿੰਘ ਮਲ੍ਹੀਪੁਰ (ਹਾਲ ਲੰਡਨ) ੪੭੦
ਗਿਆਨੀ ਗੁਰਦੀਪ ਸਿੰਘ ੪੭੦
ਸ. ਦਲੀਪ ਸਿੰਘ ਮਿਸਤਰੀ ਠੱਕਰਵਾਲ ੪੭੦
ਸ. ਭਾਨ ਸਿੰਘ ਸ. ਜਗਦੇਵ ਸਿੰਘ ਝੱਮਟ ੪੭੦
ਦਾਤੇ ਦੀ ਬਖ਼ਸ਼ਿਸ਼ (ਸਰਵਜੀਤ ਸਿੰਘ) ੪੭੦
ਸ. ਪ੍ਰੀਤਮ ਸਿੰਘ ਝੱਮਟ ਲੂਟਨ ਲੰਡਨ ੪੭੧
ਸ. ਪ੍ਰੀਤਮ ਸਿੰਘ ਇਆਲੀ ਫਿੰਚਲੇ ੪੭੧
ਸਟੀਵਨੇਜ਼ ਤੇ ਹਿਚਨ ਵਾਲੇ ਸ਼ਰਧਾਲੂ ੪੭੧
ਸ. ਚੰਨਣ ਸਿੰਘ ਨਸਰਾਲਾ ੪੭੧
ਪੁੱਤਰ ਦੀ ਦਾਤ ੪੭੨
ਸ. ਸਵਰਨ ਸਿੰਘ ਨੂੰ ਬਖ਼ਸ਼ਿਸ਼ ੪੭੨
ਹਜ਼ੂਰ ਦੇ ਬਚਨਾਂ ਦਾ ਬੀ. ਬੀ. ਸੀ. ਰੇਡੀਓ ਤੇ ਧਾਰਮਕ ਪ੍ਰੋਗਰਾਮ ੪੭੨
ਕਾਲ ਦੀ ਗਤੀ ਤੇ ਸਮੇਂ ਦਾ ਚੱਕਰ ੪੭੩

ਸੰਸਾਰ ੪੭੪
ਮੌਤ ੪੭੪
ਰਾਜ ਪੁੱਤਰ ੪੭੬
ਰੂਹਾਨੀ ਮੰਡਲਾਂ ਦਾ ਆਜ਼ਾਦ ਪੰਛੀ ੪੭੬

ਕਾਂਡ ੩੨

ਲੰਡਨ ਦਾ ਅਧੂਰਾ ਇਤਿਹਾਸ ੪੭੯
ਦੋਹਾਂ ਵਿਅਕਤੀਆਂ ਦਾ ਅੰਤਿਮ ਮਿਲਾਪ ੪੭੯
ਲੰਡਨ ਵਿੱਚ ਦਾਸ ਤੇ ਅੰਮ੍ਰਿਤਮਈ ਬਚਨਾਂ ਦੀ ਬਖ਼ਸ਼ਿਸ਼ ੪੮੦
ਕਰ ਲੈਂਦਾ ਵਿਰਲਾਪ ਮੈਂ ੪੮੩
ਮੌਤ ਕੀ ਹੈ? ੪੯੨
ਆਤਮ ਉਪਦੇਸ਼ ੪੯੪
ਸੰਤ ਜੀ ਦਾ ਜੋਤੀ ਜੋਤ ਸਮਾਉਣਾ ੪੯੯
ਵੈਰਾਗੀ ਹਿਰਦਾ ੫੦੧
ਭਾਰਤ ਵਾਪਸੀ ੫੦੩
ਅੰਤਮ ਸਮੇਂ ਲੰਡਨ ਦੇ ਹਵਾਈ ਅੱਡੇ ਦਾ ਸੀਨ ਅਤੇ ਸੰਗਤ ਦੀ ਬਿਹਬਲਤਾ ੫੦੬
ਵੈਰਾਗ ਵਿੱਚ ਭਿੱਜੇ ਨੇਤਰਾਂ ਨਾਲ ਲੰਡਨ ਦੀ ਧਰਤੀ ਨੂੰ ਅੰਤਮ ਸੰਦੇਸ਼ ੫੦੭
ਸੰਗਤ 'ਚ ਉਦਾਸੀ ਤੇ ਮਾਤਮੀ ਭੇਸ ੫੦੮

ਕਾਂਡ ੩੩

ਬ੍ਰਿਹੋਂ ਭੁਯੰਗਮ ੫੦੯
ਛੱਡ ਕੇ ਅੱਧ ਵਿਚਕਾਰ ਗਏ ੫੧੦
ਸੂਰਜ ਸਿਖਰ ਦੁਪਹਿਰੇ ਹੀ ਅਸਤ ਹੋਇਆ ੫੧੧
ਅੰਤਮ ਵਿਦਾਇਗੀ ੫੧੨

ਕਾਂਡ ੩੪

ਸ਼ਾਂਤ ਸੋਮਾ ੫੧੪

ਕਾਂਡ ੩੫

ਸੱਤ ਸਤੰਬਰ ਨੂੰ ਸਤਿਪੁਰਸ਼ ਦਾ ਭੋਗ ੫੧੭
ਦਸਤਾਰਬੰਦੀ ੫੧੮
ਸੱਤ ਸਤੰਬਰ ਨੂੰ ਸਤਿਪੁਰਸ਼ ਦੇ ਭੋਗ ਤੇ ਪੁੱਜੀਆਂ ਨਾਮਵਰ ਹਸਤੀਆਂ ੫੧੮

ਸ਼ਰਧਾਂਜਲੀ

ਕੋਹਿਨੂਰ ਹੀਰਾ ਉਹ ਰਤਨ - ਕਵੀ ਸਾਧੂ ਸਿੰਘ ਦਰਦ ੫੧੯
ਮਨਮੋਹਦਾ ਸੀ ਸੋਹਣਾ ਪ੍ਰਚਾਰ ਤੇਰਾ ੫੨੨
ਸੂਰਜ ਕਿਰਣਿ ਮਿਲੇ ੫੨੨
ਜਿਨਾਂ ਆਣ ਕੇ ਕੀਤਾ ਦੀਦਾਰ ਤੇਰਾ ੫੨੪
ਲੰਡਨ ਵਾਸੀ ਸਿੱਖਾਂ ਦੀ ਅਜੀਤ ਮਾਸਕ ਪੱਤਰ ਵਿੱਚ ਸ਼ਰਧਾਂਜਲੀ ੫੨੫

ਕਾਂਡ ੩੬

ਛੋਟੇ ਸੰਤ ਜੀ ਮਹਾਰਾਜ ਦੀ ਪ੍ਰਦੇਸ਼ ਯਾਤਰਾ ੫੨੬
ਛੋਟੇ ਸੰਤ ਜੀ ਮਹਾਰਾਜ ਦੀਆਂ ਸੇਵਾਵਾਂ ੫੨੭
ਅਤਰਸਰ ੫੨੭
ਕਰਮਸਰ ਸਰੋਵਰ ੫੨੭
ਛੋਟੇ ਸੰਤ ਜੀ ਮਹਾਰਾਜ ਦੇ ਬਚਨਾਂ ਦੁਆਰਾ ਪ੍ਰੇਮੀਆਂ ਤੇ ਬਖ਼ਸ਼ਿਸ਼ ੫੨੮
ਘੰਟਾ ਘਰ ੫੨੮
ਗੁਰਦਵਾਰਾ ਕਰਮਸਰ (ਰਾੜਾ ਸਾਹਿਬ) ਨਾਲ ਸਬੰਧਤ ਅਸਥਾਨ ੫੨੯
ਇਤਿਹਾਸ ੫੨੯
ਭੁੱਲ ਦੀ ਖਿਮਾ ੫੨੯
ਸਹਾਇਕ ਪੁਸਤਕਾਂ ਦੀ ਸੂਚੀ ੫੩੧

ਕਾਂਡ ੩੭

ਸ੍ਰੀਮਾਨ ੧੦੮ ਸੰਤ ਬਾਬਾ ਤੇਜਾ ਸਿੰਘ ਜੀ 'ਭੋਰੇਵਾਲੇ' ੫੩੨
ਸੰਤ ਬਲਜਿੰਦਰ ਸਿੰਘ ਜੀ ੫੩੬
ਆਤਮ-ਉਪਦੇਸ਼ ੫੩੭

ਰੂਹਾਨੀ ਸੰਦੇਸ਼: ਵਿਦਵਾਨਾਂ ਦੀ ਨਜ਼ਰ ਵਿੱਚ

ਵਲੋਂ: ਭਾਈ ਸਾਹਿਬ ਭਾਈ ਵਰਿਆਮ ਸਿੰਘ ਜੀ ਗਿੱਲ

ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ 'ਆਜ਼ਾਦ' ਰੂਹਾਨੀ ਸੰਦੇਸ਼ ਦੇ ਕਰਤਾ ਬਾਰੇ ਜਾਣ ਪਛਾਣ ਪਰਮ ਸੂਝਵਾਨ ਗੁਰਮੁਖ ਵਿਅਕਤੀ ਸ੍ਰੀ ਮਾਨ ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ ਦੀ ਕਲਾਮਈ ਕਲਮ ਤੋਂ ਇਸ ਪੁਸਤਕ ਰੂਹਾਨੀ ਸੰਦੇਸ਼ ਵਿੱਚ ਕਰਾਈ ਗਈ ਹੈ। ਗਿਆਨੀ ਮੋਹਨ ਸਿੰਘ 'ਆਜ਼ਾਦ' ਨਿਰਮਾਣਤਾ ਪੂਰਬਕ ਸੁਲਝੇ ਹੋਏ ਵਿਅਕਤੀ ਹਨ। ਸਾਧੂਆਂ ਵਾਲੀ ਬ੍ਰਿਤੀ ਇਨ੍ਹਾਂ ਦੇ ਵਿਰਸੇ ਵਿੱਚ ਧੁਰ ਦਰਗਾਹੋਂ ਅਕਾਲ ਪੁਰਖ ਜੀ ਦੀ ਬਖ਼ਸ਼ਿਸ਼ ਹੈ। ਵਿਦਵਾਨਾਂ, ਗੁਰਮੁਖਾਂ, ਸੰਤਾਂ ਨਾਲ ਇਨ੍ਹਾਂ ਨੂੰ ਸੁਤੇ ਸਿੱਧ ਹੀ ਪਿਆਰ ਹੈ। ਸੰਤ ਮਹਾਰਾਜ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨਾਲ ਇਨ੍ਹਾਂ ਦਾ ਧੁਰ ਦਰਗਾਹੀ ਸੰਜੋਗ ਹੈ। ਉਨ੍ਹਾਂ ਲਈ ਅਪਾਰ ਸ਼ਰਧਾ ਦਾ ਪ੍ਰਗਟਾਵਾਂ ਇਨ੍ਹਾਂ ਦੀ ਸੁਚੱਜੀ ਲੇਖਣੀ ਦੇ ਅੰਕਿਤ ਸ਼ਬਦਾਂ 'ਚੋਂ ਪਰਗਟ ਹੈ। ਇਨ੍ਹਾਂ ਨੇ ਮਹਾਂਪੁਰਸ਼ਾਂ ਨੂੰ ਸਰੀਰਕ ਤਕਣੀ ਤੋਂ ਉਤਾਹਾਂ ਉੱਚੇ ਉਠ ਕੇ ਆਤਮ ਦ੍ਰਿਸ਼ਟੀ ਨਾਲ ਆਤਮ ਸਰੂਪ ਦੀ ਨਿਰਮਲਤਾ ਤੋਂ ਉਚਿਆਣ ਨਾਲ ਤਕਿਆ ਹੈ ਅਤੇ ਆਪਣੇ ਰੂਪਕ ਸ਼ਬਦਾਂ ਦੀ ਸੀਮਾਂ ਨੂੰ ਉਸ ਹਦ ਨਾਲ ਛੁਹਾਇਆ ਹੈ ਜਿੱਥੇ ਸ੍ਰੀ ਦਸ਼ਮੇਸ਼ ਜੀ ਖਾਲਸਾ ਪਦਵੀ ਦੀ ਵਿਆਖਿਆ ਕਰਦੇ ਫੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਹਉਂ ਕਰਉਂ ਨਿਵਾਸ ॥

ਤਥਾ: ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ ॥
ਪ੍ਰਭ ਮਹਿ ਮੋਹਿ ਮਹਿ ਤਾਸ ਮਹਿ ਰੰਚਕ ਨਾਹਨ ਭੇਵ ॥

ਮਹਾਂਪੁਰਸ਼ਾਂ ਦੀ ਸ਼ਰਧਾ ਪੂਰਬਕ ਮਹਿਮਾ ਵਿੱਚੋਂ ਗੁਰਬਾਣੀ ਦੇ ਮਹਾਂ ਪਵਿੱਤ੍ਰ ਆਦੇਸ਼:

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥

(ਵਾਰ-ਸੋਰਠਿ ਮਃ ੪ - ੬੫੨)

ਅਨੁਸਾਰ ਅਕਾਲ ਪੁਰਖ ਦੀ ਮਹਿਮਾ ਹੀ ਪ੍ਰਤੀਤ ਕਰਦੇ ਹਨ। ਜਾਗੀਆਂ ਤੇ ਭੁੱਲ ਵਿਹੂਨੀਆਂ ਆਤਮਾਵਾਂ ਆਤਮ ਮੰਡਲ ਦੀ ਏਕਤਾ ਨੂੰ ਅਨੁਭਵ ਕਰਦੀਆਂ ਨਾਮ ਪ੍ਰੋਤੀਆਂ ਰੂਹਾਂ ਨੂੰ ਅਤਿ ਉੱਚੇ ਵਿਸ਼ੇਸ਼ਣ ਨਾਲ ਸੰਬੋਧਨ ਕਰਦੀਆਂ ਹਨ, ਜੋ ਅਗਿਆਨੀਆਂ ਲਈ ਕਈ ਵਾਰੀ ਅਸਹਿ ਹੋ ਜਾਂਦਾ ਹੈ। ਪਰ ਇਹ ਉਨ੍ਹਾਂ ਦੀ ਸੌੜੀ ਹਉਂ ਵਲਗਣ ਵਿੱਚ ਸੀਮਤ ਬੁੱਧੀ ਦੇ ਅੰਧਕਾਰ ਦਾ ਸਿੱਟਾ ਹੈ। ਐਸੇ ਪੁਰਸ਼, ਗੁਰੂ ਬਖ਼ਸ਼ੀਆਂ ਸਰੇਸ਼ਟ ਆਤਮਾਵਾਂ ਦੀ ਉਚਾਣ ਆਪਣੇ ਸੀਮਤ ਬੁੱਧੀ ਰੂਪੀ ਅਪੂਰਨ ਤੇ ਅਧੂਰੇ ਗ਼ਜ਼ਾਂ ਨਾਲ ਨਾਪਣ ਦਾ ਯਤਨ ਕਰਦੇ ਹਨ। ਇਨ੍ਹਾਂ ਦੀ ਲੇਖਣੀ ਦੀ ਸ਼ਰਧਾ ਨੂੰ ਨਾਪਣ ਲਈ ਉਹ ਕੀਮਤਾਂ ਅਪਨਾਉਣੀਆਂ ਪੈਂਦੀਆਂ ਹਨ ਜੋ ਗੁਰੂ ਮਹਾਰਾਜ ਜੀ ਨੇ ਅਰਸ਼ੀ ਬਾਣੀ ਵਿੱਚ ਗੁਰਮੁਖਾਂ, ਗੁਰਸਿੱਖਾਂ ਬਾਰੇ ਵਰਤਦਿਆਂ ਇਥੋਂ ਤੀਕਰ ਸੱਚ ਪਰਗਟ ਕੀਤਾ ਹੈ ਕਿ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

(ਗਉੜੀ ਵਾਰ-੧ ਮਃ ੪ - ੩੦੬)

ਸੰਤ ਮਹਾਰਾਜ ਜੀ ਦੀ ਚੁੰਬਕ ਹਸਤੀ ਇਨ੍ਹਾਂ ਦੇ ਤਨ ਮਨ ਨੂੰ ਖੀਵਾ ਕਰਦੀ, ਰੂਹਾਨੀ ਪਿਆਰ ਫੁਹਾਰ ਦਾ ਸ਼ਾਂਤ ਰਸ ਬਖ਼ਸ਼ਦੀ, ਨਰੋਇਆ, ਸਵੱਛ ਅਤੇ ਨਿਰਮਲ ਪ੍ਰਭਾਵ ਪਾਂਦੀ, ਸੰਸੇ ਰਹਿਤ ਵਿਰਤੀ ਪ੍ਰਦਾਨ ਕਰਦੀ, ਸਵੈ-ਸਰੂਪ ਦੀ ਸਥਿਤੀ ਬਖ਼ਸ਼ਦੀ, ਆਤਮ ਤੀਰਥ ਦਾ ਇਸ਼ਨਾਨ ਕਰਾਉਂਦੀ, ਸਚ ਮੰਡਲ ਵਿੱਚ ਨਿਵਾਸ ਰਖਵਾਉਂਦੀ ਹੈ। ਲੇਖਕ ਦੀ ਪਰਮ ਭਗਤੀ ਦਾ ਪਰਮੁੱਖ ਅੰਗ, ਮਹਾਂਪੁਰਸ਼ਾਂ ਦੇ ਸਰੀਰ ਰਾਹੀਂ ਪਾਏ ਪੂਰਨਿਆਂ ਦੇ ਪੈਰ ਚਰਿਤਰਾਂ ਨੂੰ ਭੂਤਕਾਲ ਦੇ ਭੁੱਲਾਂ ਪਾਉਂਦੇ ਪ੍ਰਵਾਹ ਤੋਂ ਬਚਾ ਕੇ, ਗੁੰਮ ਹੋਣੋ ਰੋਕ ਕੇ ਅੱਖਰਾਂ ਦੀ ਰੂਪ ਰੇਖਾ ਦੇ ਸੁੰਦਰ ਭੂਸ਼ਣ ਪਹਿਨਾਉਣਾ ਹੈ। ਇਸ ਆਸ਼ੇ ਨੂੰ ਪੂਰਨ ਕਰਨ ਖ਼ਾਤਰ ਆਪ ਜੀ ਨੇ ਬ੍ਰਹਮ ਗਿਆਨੀ ਪ੍ਰਮ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ, ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਜੀਵਨ ਦੀਆਂ ਹੋਈਆਂ ਕਥਾਵਾਂ ਨੂੰ ਸੁੰਦਰ ਸਰਲ ਪੰਜਾਬੀ ਦੀ ਪੁਸ਼ਾਕ ਪਹਿਨਾ ਕੇ, ਰਸ ਭਿੰਨੀ ਰੂਪ ਰੇਖਾ ਦੇ ਕੇ ਕਰਮਵਾਰ 'ਪੱਛਮੀ ਪ੍ਰਕਾਸ਼' ਤੇ 'ਜੀਵਨ ਗਾਥਾ' ਦੇ ਰੂਪ ਵਿੱਚ ਸਾਕਾਰ ਤੇ ਰੂਪਮਾਨ ਕੀਤਾ ਹੈ। ਇਨ੍ਹਾਂ ਦੀ ਖੋਜ ਦੀ ਲਗਨ ਅਥਾਹ ਹੈ। ਹਰ ਸਾਖੀ ਲਿਖਣ ਤੋਂ ਪਹਿਲਾਂ ਉਨ੍ਹਾਂ ਵਿਅਕਤੀਆਂ ਜਾਂ ਹੋਰ ਨੇੜੇ ਹੋ ਕੇ ਜਾਣ ਪਛਾਣ ਕਰਨ ਕਰਾਉਣ ਵਾਲੇ ਪ੍ਰੇਮੀਆਂ ਨਾਲ ਮਿਲ ਕੇ ਕਥਾਵਾਂ ਦੀ ਸਚਾਈ ਦਾ ਨਿਰਣਾ ਕੀਤਾ ਹੈ।

ਕਥਾਵਾਂ, ਵਾਰਤਾਵਾਂ, ਘਟਨਾਵਾਂ ਦੀ ਚੋਣ ਵਿਗਿਆਨਕ ਢੰਗ ਨਾਲ ਕੀਤੀ ਹੈ ਅਤੇ ਹਰ ਕਥਾ ਜਗਿਆਸੂ ਜੀਵਨ ਨੂੰ ਉਤਸ਼ਾਹ ਤੇ ਪ੍ਰੇਮ ਹੁਲਾਰਾ ਦਿੰਦੀ ਜੀਵਨ ਧੜਕਣ ਨੂੰ ਸੱਚ ਦੀ ਖੋਜ ਵੱਲ, ਜਗਿਆਸਾ ਲਈ ਪ੍ਰਭਾਵ ਪਾਉਂਦੀ, ਪ੍ਰੇਰਨਾਂ ਕਰਦੀ ਹੈ। ਲੇਖਣੀ ਅਜੇਹੀ ਸਰਲ ਤੇ ਸੁਭਾਵਕ ਹੈ ਕਿ ਪੜ੍ਹਨ ਵਾਲਿਆਂ ਨੂੰ, ਮਹਾਂਪੁਰਸ਼ਾਂ ਦੇ ਜੀਵਨ, ਜਗਤ ਰੂਪੀ ਰੰਗ ਮੰਚ ਤੇ ਹੋ ਰਹੇ ਨਾਟਕ ਵਾਂਗੂ, ਪਰਤੱਖ ਭਾਸ ਕੇ, ਮਾਇਆ ਦੇ ਛੋੜ ਕੱਟਣ ਲਈ ਪ੍ਰੇਰਨਾ ਦਿੰਦੀ ਹੈ। ਨਾਮ ਖੁਮਾਰੀ ਬਖ਼ਸ਼ਿਸ਼ ਸੁਰਤ ਖੀਵੀ ਕਰ ਕੇ ਨਾਮ ਲਿਵ ਵਿੱਚ ਬ੍ਰਿਤੀ ਨੂੰ ਛੂਹ ਦੇ ਕੇ, ਲਿਵਤਾਰ ਨਾਮ ਅਭਿਆਸ ਕਮਾਈ ਕਰਨ ਲਈ ਉਤਸ਼ਾਹ ਪੂਰਨ ਪ੍ਰੇਰਨਾ ਦਿੰਦੀ ਹੈ। ਆਪ ਜੀ ਨੇ ਪ੍ਰੇਮ ਕਥਾਵਾਂ ਨੂੰ ਪ੍ਰਾਪਤ ਕਰਨ ਲਈ ਦੂਰ ਦੁਰਾਡੇ ਬਿਖੜੇ ਸਫ਼ਰ ਕੀਤੇ ਅਤੇ ਮਹਾਂਪੁਰਸ਼ਾਂ ਦੀ ਚੁੰਬਕ ਛੋਹ ਤੋਂ ਵਰੋਸਾਏ ਪ੍ਰੇਮੀਆਂ ਨਾਲ ਸੰਪਰਕ ਪੈਦਾ ਕਰ ਕੇ ਨਿਰਨੇ ਕੀਤੇ।

ਆਪ ਜੀ ਦਾ ਸਾਦਾ ਸੁਭਾਵ, ਮਾਨ ਤੋਂ ਪੂਰਨ ਰਹਿਤ, ਇੱਕ ਸਾਧਾਰਨ ਗੁਰਸਿੱਖ ਵਾਂਗੂ ਰਹਿੰਦੇ ਅਤੇ ਨਿੰਮਰਤਾ ਦਾ ਭੂਸ਼ਣ ਇਨ੍ਹਾਂ ਦੀ ਸਖਸ਼ੀਅਤ ਅਤੇ ਸਦਾਚਾਰ ਨੂੰ ਸਦਾ ਸੁਹਾਵਣਾ ਬਣਾਉਂਦਾ ਰਹਿੰਦਾ ਅਤੇ ਇਨ੍ਹਾਂ ਪ੍ਰਤੀ ਪ੍ਰੇਮ ਦਾ ਕਾਰਨ ਬਣਦਾ ਹੈ। ਇਹ ਤਰਾਈ ਦੇ ਇਲਾਕੇ ਵਿੱਚ ਕਈ ਵਾਰੀ ਇਸੇ ਸਬੰਧ ਵਿੱਚ ਮੇਰੇ ਪਾਸ ਆਏ ਅਤੇ ਬਿਖੜੇ ਥਾਵਾਂ ਤੇ ਪੁੱਜ ਕੇ ਨਿਰਨੇ ਕਰਦੇ ਰਹੇ।

ਦਾਸ ਦੀ ਅਰਦਾਸ ਹੈ ਕਿ ਗੁਰੂ ਮਹਾਰਾਜ ਜੀ ਇਨ੍ਹਾਂ ਨੂੰ ਹੋਰ ਰੂਹਾਨੀ ਜੀਵਨੀਆਂ ਦੇ ਪ੍ਰੇਰਨਾ ਭਰਪੂਰ ਜੀਵਨ ਭੂਤ ਕਾਲ ਵਿੱਚ ਗੁੰਮ ਹੋਣ ਤੋਂ ਬਚਾਉਣ ਦਾ ਬਲ ਬਖ਼ਸ਼ਣ।

ਜੀਵਨ ਲਿਖਾਰੀ

ਵਲੋਂ ਗਿ. ਰਣਜੀਤ ਸਿੰਘ ਜੀ ਨਾਦੀ

ਖੋਜ ਖੋਜ ਠੌਰ ਠੌਰ ਭਾਲ ਕੀਨੋ ਪੌਰ ਪੌਰ,
ਜਗ੍ਹਾ ਜਗ੍ਹਾ ਦੌਰ ਦੌਰ ਕਰੂਰ ਜੋ ਸਥਾਨ ਹੈ।
ਸਿੰਘਨ ਕੇ ਪਾਸ ਪਾਸ ਮਿਲਯੋ ਜਾਇ ਹਾਸ ਹਾਸ,
ਭਾਲ ਲੀਨੋ ਖ਼ਾਸ ਖ਼ਾਸ ਜੌਹਰੀ ਜਿਉ ਖਾਨ ਹੈ।
ਗਾਥ ਮਰਦਾਨ ਨੂਰੀ ਬਾਬਾ ਹਰਿ ਅਤਰ ਰੂਰੀ,
ਵਿਦਿਆ ਬ੍ਰਹਮ ਭੂਰੀ ਦੇਤ ਰਹੇ ਦਾਨ ਹੈ।
‘ਰਣਜੀਤ ਕੇ’ ਦਾਤਾਰੀ ਹਰੀ ਈਸ਼ਰ ਅਉਤਾਰੀ ਉਨ,
ਜੀਵਨ ਲਿਖਾਰੀ ਸੁ ‘ਮੋਹਨ ਹਰਿ’ ਨਾਮ ਹੈ।

ਮੁੱਖ-ਬੰਦ

ਵਲੋਂ: ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ

ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

ਇਤਿਹਾਸ

ਇਤਿਹਾਸ ਕੀ ਹੈ? ਆਪਣੇ ਬਜ਼ੁਰਗਾਂ ਦੇ ਕਾਰਨਾਮੇ, ਸ਼ਹੀਦਾਂ, ਪਰਉਪਕਾਰੀਆਂ ਤੇ ਨਾਮ ਰਸੀਏ ਗੁਰਮੁਖ ਮਹਾਂਪੁਰਖਾਂ ਦੀਆਂ ਜੀਵਨੀਆਂ, ਇਤਿਹਾਸ ਕੌਮਾਂ ਦੀ ਯਾਦ ਹੁੰਦਾ ਹੈ। ਇਤਿਹਾਸ ਕੌਮਾਂ ਦਾ ਵਿਰਸਾ ਹੈ। ਆਪਣੀ ਵਿਰਾਸਤ ਤੇ ਹਰ ਕਿਸੇ ਨੂੰ ਮਾਣ ਹੁੰਦਾ ਹੈ। ਇਤਿਹਾਸ ਬ੍ਰਿਛ ਦੇ ਫ਼ਲ ਸਾਡੇ ਕੋਲ ਹੁੰਦੇ ਹਨ ਪਰ ਜੜ੍ਹਾਂ ਪਿਛਲੇ ਸਮੇਂ ਵਿੱਚ ਹੁੰਦੀਆਂ ਹਨ। ਕਿਸੇ ਵਿਚਾਰਵਾਨ ਨੇ ਬੜਾ ਹੀ ਸੁੰਦਰ ਕਿਹਾ ਹੈ ਕਿ 'ਪੰਜਵੇਂ ਗੁਰਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਕੇ ਕੌਮ ਨੂੰ ਅਹਿਲਿ ਕੁਰਾਨ ਬਣਾਇਆ। ਛੇਵੇਂ ਗੁਰਾਂ ਨੇ ਕੇਸਰੀ ਝੰਡਾ ਦੇ ਕੇ ਕੌਮ ਨੂੰ ਅਹਿਲਿ ਨਿਸ਼ਾਨ ਬਣਾਇਆ।' ਇਤਿਹਾਸ ਤੋਂ ਬਿਨਾਂ ਕੌਮਾਂ ਮਰ ਮਿਟ ਜਾਂਦੀਆਂ ਹਨ। ਕਿਸੇ ਸੂਝਵਾਨ ਨੇ ਠੀਕ ਹੀ ਕਿਹਾ ਹੈ, 'ਵਾਹਿਗੁਰੂ ਦਾ ਇਹ ਅਟੱਲ ਅਸੂਲ ਹੈ ਕਿ ਜਿਹੜੀ ਕੌਮ ਆਪਣੇ ਬਜ਼ੁਰਗਾਂ ਦਾ ਇਤਿਹਾਸ ਨਹੀਂ ਪੜ੍ਹਦੀ ਉਹ ਬੁਜ਼ਦਿਲ ਤੇ ਕਾਇਰ ਹੋ ਜਾਂਦੀ ਹੈ ਅਤੇ ਦੂਜੀਆਂ ਕੌਮਾਂ ਉਸ ਨੂੰ ਪੈਰਾ ਹੇਠ ਲਿਤਾੜ ਦੇਂਦੀਆਂ ਹਨ। ਇਸ ਤਰ੍ਹਾਂ ਉਹ ਸਦਾ ਲਈ ਦੱਬੀ ਜਾਂਦੀ ਹੈ।' ਪਰ ਸਾਡਾ ਸਿੱਖ ਇਤਿਹਾਸ ਪਤੰਗਿਆਂ ਦਾ ਜੀਵਨ ਹੈ। ਮੋਮਬੱਤੀ ਦਾ ਜੀਵਨ ਹੈ ਜੋ ਆਪ ਸੜ ਸੜ ਕੇ, ਪਿਘਲ ਪਿਘਲ ਕੇ ਲੋਕਾਂ ਨੂੰ ਚਾਨਣ ਦੇਂਦੀ ਹੈ। ਇਹ ਸੰਤ ਸਿਪਾਹੀਆਂ ਦਾ ਇਤਿਹਾਸ ਹੈ। ਇਹ ਫ਼ਕੀਰ ਰਾਜਿਆਂ ਦਾ ਇਤਿਹਾਸ ਹੈ, ਜਿਹੜੇ ਬੁੱਢਿਆਂ ਦੀਆਂ ਬੋਝਲ ਪੰਡਾਂ ਚੁੱਕ ਕੇ ਉਨ੍ਹਾਂ ਦੇ ਘਰੀਂ ਛੱਡਣ ਜਾਂਦੇ ਸਨ।

ਇਤਿਹਾਸ ਦੇ ਪੜ੍ਹਨ ਜਾਂ ਸੁਣਨ ਨਾਲ ਹੀ ਕੌਮਾਂ ਵਿੱਚ ਜਾਗ੍ਰਤੀ ਆਉਂਦੀ ਹੈ, ਕਿਸੇ ਸ਼ਾਇਰ ਨੇ ਖੂਬ ਕਿਹਾ ਹੈ:

ਤਾਜਾ ਖਵਾਹੀ ਦਾਸਤਾਨ ਗਰ ਦਾਗਹਾਏ ਸੀਨਾ ਰਾ।
ਗਾਹੇ ਗਾਹੇ ਬਾਜ਼ ਖਵਾਂ ਈਂ ਕਿੱਸਾ ਏ ਪਾਰੀਨਾ ਰਾ।

ਅਰਥਾਤ: ਤਾਜ਼ਾ ਰੱਖਣੇ ਚਾਹੇਂ ਜੇਕਰ ਤੂੰ ਸੀਨੇ ਦੇ ਸੱਲਾਂ ਨੂੰ।
ਕਦੀ ਕਦੀ ਮੁੜ ਪੜ੍ਹ ਛਡਿਆ ਕਰ, ਇਨ੍ਹਾਂ ਪੁਰਾਣੀਆਂ ਗੱਲਾਂ ਨੂੰ।

ਸਿੱਖ ਸਾਹਿਤ ਵਿੱਚ ਜਿੱਥੇ ਗੁਰੂ ਸਾਹਿਬਾਨ, ਸ਼ਹੀਦਾਂ, ਜੋਧਿਆਂ ਤੇ ਰਾਜੇ ਮਹਾਰਾਜਿਆਂ ਦੇ ਇਤਿਹਾਸ ਤੇ ਜੀਵਨੀਆਂ ਦੇ ਪੁਸਤਕ ਕਾਫ਼ੀ ਗਿਣਤੀ ਵਿੱਚ ਹਨ, ਉੱਥੇ ਨਾਮ ਰਸੀਏ ਸੰਤਾਂ ਪਰਉਪਕਾਰੀ ਮਹਾਂਪੁਰਖਾਂ (ਜਿਨ੍ਹਾਂ ਨੇ ਸਿੱਖੀ ਨੂੰ ਕਮਾਇਆ, ਪ੍ਰਚਾਰਿਆਂ ਤੇ ਕੌਮ ਨੂੰ ਅਮਲੀ ਜੀਵਨ ਦੀ ਜਾਚ ਸਿਖਾਈ) ਦੇ ਜੀਵਨ ਸਮਾਚਾਰ ਘੱਟ ਮਿਲਦੇ ਹਨ। ਸੰਤ ਹੀ ਕੌਮ ਵਿੱਚ ਤਰੋ ਤਾਜ਼ਗੀ ਤੇ ਖੇੜਾ ਲਿਆਉਂਦੇ ਹਨ:

ਰਾਮੁ ਜੁ ਦਾਤਾ ਮੁਕਤਿ ਕੋ ਸੰਤ ਜਪਾਵੈ ਨਾਮ ॥ *(ਸਲੋਕ ਭਗਤ ਕਬੀਰ ਜੀ - ੧੩੭੩)*

ਦੀ ਤੁਕ ਨੂੰ ਸਫ਼ਲਾਉਂਦੇ ਹਨ। ਉਹ ਪਰਉਪਕਾਰੀ ਜਗ ਵਿੱਚ ਆ ਕੇ:

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥ *(ਸੂਹੀ ਮਃ ੫ - ੭੪੯)*

ਦਾ ਕਾਰਨਾਮਾ ਕਰ ਵਿਖਾਉਂਦੇ ਹਨ। ਉਨ੍ਹਾਂ ਦਾ ਜਗਤ ਵਿੱਚ ਆਉਣ ਦਾ ਢੰਗ ਵਿਲੱਖਣ ਹੈ।

ਮਹਾਂਪੁਰਖਾਂ ਦਾ ਆਉਣਾ

ਸੰਸਾਰ ਇੱਕ ਬਹੁਤ ਵੱਡਾ ਜੇਲ੍ਹ-ਖਾਨਾ ਹੈ। ਅਣਗਿਣਤ ਜੂਨਾ ਵੱਖ ਵੱਖ ਬਾਰਕਾਂ ਹਨ। ਲੱਖਾਂ ਕਰੋੜਾਂ ਹੀ ਨਹੀਂ ਸਗੋਂ ਅਰਬਾਂ ਦੀ ਗਿਣਤੀ ਦੇ ਸ਼ਰੀਰ ਕੈਦੀਆਂ ਲਈ ਕਮਰੇ ਹਨ, ਜਿਨ੍ਹਾਂ ਵਿੱਚ ਜੀਵਾਂ ਰੂਪ ਕੈਦੀ ਬੰਦ ਹਨ ਜੋ ਆਪਣੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੀ ਸਜ਼ਾ ਭੁਗਤ ਰਹੇ ਹਨ। ਇਖਲਾਕੀ ਕੈਦੀਆਂ 'ਚੋਂ ਬਾ-ਮੁਸ਼ੱਕਤ ਕੈਦੀਆਂ ਦੀ ਤਰ੍ਹਾਂ ਕੁੱਝ ਕੁ ਜੀਵ ਤਾਂ ਅਤਿਅੰਤ ਦੁਖੀ ਹਨ। ਕੁੱਝ ਬਹੁਤ ਦੁਖੀ ਤੇ ਕੁੱਝ ਸਾਧਾਰਨ ਦੁਖੀ ਹਨ। ਪਰ 'ਸੀ' ਕਲਾਸ ਦੇ ਸਿਆਸੀ ਕੈਦੀਆਂ ਵਾਂਗ ਕੁੱਝ ਸੁਖੀ, ਕੁੱਝ 'ਬੀ' ਕਲਾਸ ਦੇ ਕੈਦੀਆਂ ਵਾਂਗ ਵਧੇਰੇ ਸੁਖੀ ਤੇ ਕੁੱਝ ਕੁ 'ਏ' ਕਲਾਸ ਦੇ ਕੈਦੀਆਂ ਵਾਂਗ ਬਹੁਤ ਹੀ ਸੁਖੀ ਹਨ। ਜਿਵੇਂ ਆਮ ਜੇਲ੍ਹ-ਖਾਨਿਆਂ ਵਿੱਚ ਕੈਦੀਆਂ ਦੀਆਂ ਸਰੀਰਕ ਬੀਮਾਰੀਆਂ ਕਰ ਕੇ ਉਨ੍ਹਾਂ ਨੂੰ ਤੰਦਰੁਸਤ ਕਰਨ ਲਈ ਜੇਲ੍ਹ-ਖਾਨੇ ਵਿੱਚ ਹਰ ਰੋਜ਼ ਡਾਕਟਰ ਜਾਂਦਾ ਹੈ ਜਾਂ ਉਨ੍ਹਾਂ ਨੂੰ ਸਮਝਾ ਬੁਝਾ ਕੇ ਚੰਗੇ ਮਨੁੱਖ ਬਣਾ ਕੇ ਜੇਲ੍ਹ ਦਾ ਸਮਾਂ ਘੱਟ ਕਰਵਾਉਣ ਲਈ ਜਾਂ ਕਈ ਵਾਰ ਉਨ੍ਹਾਂ ਨੂੰ ਸਦਾ ਲਈ ਜੇਲ੍ਹ ਤੋਂ ਛੁਟਕਾਰਾ ਦਵਾਉਣ ਲਈ ਨੇਕ ਪੁਰਸ਼ ਜਾਂ ਦਰੋਗਾ ਉਸ ਜੇਲ੍ਹ-ਖਾਨੇ ਵਿੱਚ ਹਰ ਰੋਜ਼ ਦਾਖਲ ਹੁੰਦਾ ਹੈ। ਐਨ ਇਸੇ ਤਰ੍ਹਾਂ ਹੀ ਅਧਿਆਤਮਕ ਰੋਗਾਂ ਨਾਲ ਰੋਗੀ ਜੀਵਾਂ ਦੀ ਤੰਦਰੁਸਤੀ ਤੇ ਕਲਿਆਣ ਅਰਥ ਇਸ ਜਗਤ ਜੇਲ੍ਹ-ਖਾਨੇ ਵਿੱਚ ਇਸ ਜੇਲ੍ਹ-ਖਾਨੇ ਦੇ ਅਸਲ ਮਾਲਕ ਕਰਤਾ

ਪੁਰਖ ਜੀ ਵੱਲੋਂ ਸੰਤਾਂ, ਭਗਤਾਂ, ਗੁਰਸਿੱਖਾਂ, ਨਾਮ ਰਸੀਏ, ਮਹਾਂਪੁਰਖਾਂ ਨੂੰ ਜਗਤ ਵਿੱਚ ਭੇਜਿਆ ਜਾਂਦਾ ਹੈ ਜੋ ਆਪੋ ਆਪਣੇ ਢੰਗਾਂ ਨਾਲ ਅਰੋਗ ਬਣਾ ਦੇਂਦੇ ਹਨ ਤੇ ਆਪਣੇ ਸ਼ੁਭ ਉਪਦੇਸ਼ਾਂ ਰਾਹੀਂ ਜੀਵਾਂ ਨੂੰ ਗਲਤ ਰਸਤਿਆਂ ਤੋਂ ਹਟਾ ਕੇ ਰੱਬੀ ਮਾਰਗ ਦੇ ਪੰਧਾਊ ਬਣਾ ਕੇ ਮੁਕਤੀ ਦੇ ਦਰਵਾਜ਼ੇ ਰਾਹੀਂ ਸਚਖੰਡ ਵਿੱਚ ਪੁਚਾ ਦੇਂਦੇ ਹਨ। ਉਹ ਸੰਤ ਅੰਤਰ ਆਤਮੇ ਤਾਂ ਇਕੋ ਹੀ ਰਸ ਤੇ ਰੰਗ ਵਿੱਚ ਹੁੰਦੇ ਹਨ ਪਰ ਬਾਹਰੋਂ ਉਨ੍ਹਾਂ ਦਾ ਕ੍ਰਿਆ ਵਿੱਚ ਅੰਤਰ ਹੁੰਦਾ ਹੈ। ਸ਼ਾਸਤ੍ਰਕਾਰਾਂ ਨੇ ਸੰਤ ਤਿੰਨ ਤਰ੍ਹਾਂ ਦੇ ਮੰਨੇ ਹਨ। ਮਸਤਾਨੇ, ਦੀਵਾਨੇ ਤੇ ਦਾਨੇ।

੧. ਮਸਤਾਨੇ: ਉਹ ਮਹਾਨ ਆਤਮਾ ਜੋ ਨਾਮ ਦੇ ਸਿਮਰਣ ਰਾਹੀਂ ਆਪਣੀ ਸੁਰਤਿ ਨੂੰ ਵਾਹਿਗੁਰੂ ਨਾਲ ਇੱਕਮਿਕ ਕਰ ਲੈਂਦੇ ਹਨ, ਸਰੀਰਕ ਕ੍ਰਿਆ ਤੋਂ ਬੇਪ੍ਰਵਾਹ ਹੋ ਕੇ ਹਮੇਸ਼ਾਂ ਅੰਦਰੋਂ ਬਾਹਰੋਂ ਮਸਤ ਰਹਿੰਦੇ ਹਨ ਉਹ ਆਪਣਾ ਅੰਦਰਲਾ ਭੇਤ ਕਿਸੇ ਨੂੰ ਨਹੀਂ ਦੱਸਦੇ:

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥ *(ਸਲੋਕ ਸ਼ੇਖ ਫਰੀਦ ਜੀ - ੧੩੮੪)*

ਨਾ ਹੀ ਉਹ ਕੋਈ ਰਮਜ਼ ਦੀ ਹੀ ਗੱਲ ਕਰਦੇ ਹਨ। ਪ੍ਰਮਾਰਥਕ ਸਬੰਧੀ ਉਪਦੇਸ਼ ਕਰਨਾ ਤਾਂ ਉਨ੍ਹਾਂ ਦੇ ਜ਼ਿਹਨ ਵਿੱਚ ਹੀ ਨਹੀਂ ਹੁੰਦਾ। ਉਨ੍ਹਾਂ ਦੀ ਮਸਤੀ, ਸੁਭਾਵਕ ਕ੍ਰਿਆ ਤੇ ਆਤਮ ਵਿਗਾਸ ਦਸ਼ਾ ਤੋਂ ਪ੍ਰਭਾਵਤ ਹੋ ਕੇ ਕੋਈ ਵਿਰਲਾ ਜਗਿਆਸੂ ਜਨ ਆਤਮ ਚਿੰਤਨ ਵਿੱਚ ਜੁੜ ਜਾਏ ਤਾਂ ਲਾਭ ਲੈ ਸਕਦਾ ਹੈ। ਆਮ ਲੋਕਾਂ ਨੂੰ ਉਨ੍ਹਾਂ ਤੋਂ ਪ੍ਰੇਰਨਾ ਘੱਟ ਮਿਲਦੀ ਹੈ।

੨. ਦੀਵਾਨੇ: ਉਹ ਸੰਤ ਮਹਾਤਮਾ ਜੋ ਬ੍ਰਿਤੀ ਤਾਂ ਮਸਤਾਨੀ ਹੀ ਰੱਖਦੇ ਹਨ ਰੱਬੀ ਰਸਤੇ ਦੇ ਪੰਧਾਊਆਂ ਨੂੰ ਪਰਖ ਕੇ ਰਾਜ ਭਾਵੇਂ ਨਹੀਂ ਦੱਸਦੇ ਪਰ ਅਜਿਹੀ ਰਮਜ਼ ਸੁੱਟ ਜਾਂਦੇ ਹਨ ਕਿ ਜੋ ਸ਼ਰਧਾਵਾਨਾਂ ਲਈ ਚਾਨਣ ਮੁਨਾਰੇ ਦਾ ਕੰਮ ਦੇਂਦੀ ਹੈ। ਜਾਂ ਪਾਰਖੂ ਅੱਖਾਂ ਉਨ੍ਹਾਂ ਦੀ ਆਤਮਕ ਅਵਸਥਾ ਤੋਂ ਪ੍ਰਭਾਵਤ ਹੋ ਕੇ ਸੇਵਾ ਤੇ ਆਗਿਆ ਦਾ ਪਾਲਨ ਕਰਦਿਆਂ ਉਨ੍ਹਾਂ ਦੀ ਪ੍ਰਸੰਨਤਾ ਜਾਂ ਅਸ਼ੀਰਵਾਦ ਪ੍ਰਾਪਤ ਕਰ ਕੇ ਰੱਬੀ ਰੰਗਣ ਵਿੱਚ ਰੰਗੇ ਜਾਂਦੇ ਹਨ।

੩. ਦਾਨੇ: ਉਹ ਮਹਾਂਪੁਰਖ ਜੋ ਅੰਤਰ ਆਤਮੇ ਵਾਹਿਗੁਰੂ ਜੀ ਦੇ ਸਰੂਪ ਵਿੱਚ ਇੱਕਮਿਕ ਹੁੰਦਿਆਂ ਹੋਇਆਂ ਵੀ ਬਾਹਰਲੀ ਕ੍ਰਿਆ ਅਜਿਹੀ ਰੱਖਦੇ ਹਨ ਜਿਸ ਤੋਂ ਆਮ ਜਨਤਾ ਪ੍ਰੇਰਤ ਹੋ ਕੇ ਬਦੀ ਦਾ ਤਿਆਗ ਕਰ ਕੇ ਨੇਕੀ ਦੇ ਰਾਹ ਨੂੰ ਤੁਰ ਪੈਂਦੀ ਹੈ। ਉਹ ਬ੍ਰਹਮ ਗਿਆਨੀ ਹੋ ਕੇ ਵੀ ਪਰਉਪਕਾਰ ਕਰਨ ਵਿੱਚ ਉਤਸ਼ਾਹ ਰੱਖਦੇ ਹਨ:

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ *(ਗਉੜੀ ਸੁਖਮਨੀ ਮਃ ੫ - ੨੭੩)*

ਉਨ੍ਹਾਂ ਦੀ ਨਿਰਮਲ ਆਤਮਾ 'ਚੋਂ ਨਿਕਲੇ ਉਪਦੇਸ਼ਾਂ ਜਾਂ ਕੀਰਤਨ ਤੋਂ ਲੱਖਾਂ ਲੋਕ ਪ੍ਰਮਾਰਥ ਦੇ ਪਾਂਧੀ ਬਣ ਜਾਂਦੇ ਹਨ। ਉਨ੍ਹਾਂ ਦੇ ਚਲਾਏ ਲੰਗਰਾਂ ਚੋਂ ਲੱਖਾਂ ਭੁੱਖੇ ਗ਼ਰੀਬ ਤੇ ਰਾਹੀ ਅੰਨ ਛਕ ਕੇ ਤ੍ਰਿਪਤ ਹੁੰਦੇ ਹਨ। ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨ ਨੂੰ ਉਹ ਸਮਰੱਥ ਹੁੰਦੇ ਹਨ। ਉਹ *'ਆਪਿ ਜਪੈ ਅਵਰਹ ਨਾਮੁ ਜਪਾਵੈ'* ਦੇ ਅਮਲੀ ਜੀਵਨ ਦੇ ਚਮਕਦੇ ਸੂਰਜ ਹੁੰਦੇ ਹਨ।

ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ

ਅਜਿਹੇ ਦਾਨੇ ਮਹਾਂਪੁਰਖਾਂ ਵਿੱਚੋਂ ਵਰਤਮਾਨ ਸਮੇਂ ਅੰਦਰ ਮਹਾਨ ਆਤਮਾ ਸ੍ਰੀਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਹਨ, ਜਿਨ੍ਹਾਂ ਦਾ ਜਨਮ ਇੱਕ ਸਿੱਖ ਸਰਦਾਰ ਘਰਾਣੇ ਅੰਦਰ ਅਪ੍ਰਸਿੱਧ ਨਗਰ ਆਲੋਵਾਲ, ਜ਼ਿਲ੍ਹਾ ਪਟਿਆਲਾ ਵਿੱਚ ਹੋਇਆ। ਇੱਕ ਛੋਟੇ ਜਿਹੇ ਗੁੰਮਨਾਮ ਪਿੰਡ ਵਿੱਚ ਇੱਕ ਮਹਾਨ ਵਿਅਕਤੀ ਦਾ ਪ੍ਰਗਟ ਹੋਣਾ ਮਾਨੋ ਕੱਲਰ ਵਿੱਚ ਕੰਵਲ ਦੇ ਉਪਜਨ ਵਾਲੀ ਅਚੰਭੇ ਦੀ ਗੱਲ ਹੋਈ। ਪਰ ਲਾਲ ਸਦਾ ਲੁਕੇ ਛਿਪੇ ਪਰਬਤਾਂ ਵਿੱਚੋਂ ਹੀ ਨਿਕਲਦੇ ਹਨ। ਜਿਵੇਂ ਅਪਰਸ, ਬਿਦੇਹੀ ਸਾਈਂ ਲੋਕ ਨਿਰਜਨ ਥਾਵਾਂ ਵਿਖੇ ਆਪਣੇ ਪਿਆਰੇ ਦੇ ਪਿਆਰ ਵਿੱਚ ਸੁੱਖ ਮਾਣਦੇ ਹਨ, ਤਿਵੇਂ ਧਰਮਾਤਮਾ, ਸੁਧਾਰਕ ਤੇ ਮਹਾਂਪੁਰਖ ਵੀ ਆਪਣੇ ਜਨਮ ਦੀਆਂ ਥਾਵਾਂ ਕਿਨਾਰੇ, ਇੱਕਲਵੰਜੇ ਪਈਆਂ ਧਰਤੀਆਂ ਵਿੱਚ ਹੀ ਬਣਾਉਂਦੇ ਹਨ। ਮਾਡਲ ਸਕੂਲ ਪਟਿਆਲਾ ਵਿੱਚ ਦਸਵੀਂ ਜਮਾਤ ਤੱਕ ਸੰਸਾਰਕ ਵਿਦਿਆ ਪੜ੍ਹੀ। ਵੈਰਾਗਮਈ ਦਸ਼ਾ ਵਿੱਚ ਪੜ੍ਹਾਈ ਵਿੱਚੇ ਛੱਡ ਕੇ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਵਿੱਚ ਆ ਗਏ। ਤਿੰਨ ਸਾਲ ਲਗਾਤਾਰ ਸੰਤਾਂ ਦੇ ਗੜਵਈ ਬਣ ਕੇ ਜਿੱਥੇ ਸੰਤਾਂ ਦੀ ਸੇਵਾ ਕਰ ਕੇ ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਉੱਥੇ ਉਨ੍ਹਾਂ ਦੀ ਅਮਲੀ ਜ਼ਿੰਦਗੀ ਤੇ ਉਪਦੇਸ਼ਾਂ ਤੋਂ ਪ੍ਰਭਾਵਤ ਹੋ ਕੇ ਅਜਿਹਾ ਨਾਮ ਸਿਮਰਨ ਦਾ ਮਾਰਗ ਅਪਣਾਇਆ ਕਿ ਜਿਸ ਦਾ ਸਦਕਾ ਮਹਾਂਪੁਰਖਾਂ ਪਾਸੋਂ ਕੀਰਤਨ, ਸਿੱਖੀ ਪ੍ਰਚਾਰ ਤੇ ਸਿਮਰਨ ਦਾ ਵਰਦਾਨ ਪ੍ਰਾਪਤ ਕਰ ਲਿਆ। ੧੯੨੭ ਈ. ਮਾਘ ਦੇ ਮਹੀਨੇ ਵੱਡੇ ਸੰਤਾਂ ਦੇ ਪੰਜ ਭੌਤਕ ਸ਼ਰੀਰ ਨੂੰ ਤਿਆਗ ਜਾਣ ਤੋਂ ਬਾਅਦ ਰੇਰੂ ਸਾਹਿਬ ਤੋਂ ਚੱਲ ਕੇ ਰਾੜਾ ਸਹਿਬ ਪਿੰਡ ਦੀ ਢੱਕੀ ਵਿੱਚ ਆ ਕੇ ਜੰਗਲ ਵਿੱਚ ਮੰਗਲ ਲਾ ਦਿੱਤੇ। ਏਥੇ ਬੈਠ ਕੇ ਜਿੱਥੇ ਖੁਦ ਭਜਨ ਸਿਮਰਨ ਤੇ ਕੀਰਤਨ ਦਾ ਰਸ ਮਾਣਿਆਂ, ਉੱਥੇ ਸੰਗੀਆਂ ਨੂੰ ਨਾਮ ਸਿਮਰਨ ਦੀ ਲਾਗ ਲਾਈ ਤੇ ਇਲਾਕੇ ਦੀਆਂ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸੀਲਾ

ਕੀਰਤਨ ਸੁਣਾ ਕੇ ਗੁਰਸਿਖੀ ਗਾਡੀਰਾਹ ਦੇ ਪਾਂਧੀ ਬਣਾਇਆ। ਇਸ ਸਮੇਂ ਪੰਥ ਵਿੱਚ ਆਪ ਦੀ ਸ਼ਖਸੀਅਤ ਦਾ ਮਹਾਨ ਆਦਰ ਤੇ ਸਤਿਕਾਰ ਹੈ।

ਵਿਦਵਾਨਾਂ ਦੇ ਕਦਰਦਾਨ

ਮੈਨੂੰ ੧੯੩੮ ਈ. ਦੀ ਕੱਤਕ ਪੁੰਨਿਆਂ ਸਮੇਂ ਗੁਰਪੁਰਬ ਦੇ ਜੋੜ ਮੇਲੇ ਤੇ ਸੰਤ ਭਗਵਾਨ ਸਿੰਘ ਜੀ ਧੂਰਕੋਟ ਵਾਲਿਆਂ ਦੇ ਗੜਵਈ ਸੰਤ ਕੇਹਰ ਸਿੰਘ ਜੀ ਪਿੰਡ ਦੀਵਾਨਾ ਵਾਲਿਆਂ ਦੀ ਪ੍ਰੇਰਨਾ ਦਾ ਸਦਕਾ ਉਨ੍ਹਾਂ ਦੇ ਨਾਲ ਆ ਕੇ ਆਪ ਜੀ ਦੇ ਦਰਸ਼ਨ ਕਰਨ, ਇਲਾਹੀ ਕੀਰਤਨ ਤੇ ਸ਼ੁਭ ਵਿਚਾਰਾਂ ਨੂੰ ਸੁਣਨ ਦਾ ਪਹਿਲੀ ਵਾਰ ਮੌਕਾ ਮਿਲਿਆ ਜਿਸ ਦਾ ਮੇਰੇ ਮਨ ਉੱਪਰ ਬਹੁਤ ਪ੍ਰਭਾਵ ਪਿਆ। ਦੂਜੀ ਵਾਰ ਇਸ ਪੁਸਤਕ ਦੇ ਲੇਖਕ ਗਿ. ਮੋਹਨ ਸਿੰਘ ਜੀ 'ਆਜ਼ਾਦ' ਦੀ ਪ੍ਰੇਰਨਾ ਦਾ ਸਕਦਾ ੧੯੭੨ ਈ. ਦੇ ਮਹੀਨਾ ਜਨਵਰੀ 'ਚ ਸਮੇਤ ਪ੍ਰਵਾਰ ਆਪ ਜੀ ਦੇ ਪਵਿੱਤਰ ਦਰਸ਼ਨ ਤੇ ਬਚਨ ਬਿਲਾਸ ਸੁਣਨ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ। ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਦੀ ਮਹਾਨ ਪਦਵੀ ਤੇ ਹੋਣ ਦੇ ਕਾਰਨ ਸੰਤਾਂ ਵਲੋਂ ਮੇਰਾ ਹੱਦੋਂ ਵੱਧ ਮਾਣ ਤੇ ਸਤਿਕਾਰ ਕੀਤਾ ਗਿਆ। ਮੈਂ ਆਪਣੇ ਵਲੋਂ ਆਪਣੀਆਂ ਲਿਖੀਆਂ ਪੁਸਤਕਾਂ ਸੰਪਾਦਿਤ ਸ੍ਰੀ ਗੁਰੂ ਪੰਥ ਪ੍ਰਕਾਸ਼ ਦਾ ਪਹਿਲਾ ਭਾਗ, ਤਵਾਰੀਖ ਗੁਰੂ ਖਾਲਸਾ ਚੋਂ ਸੰਪਾਦਿਤ ਗੁਰੂ ਨਾਨਕ ਜੀਵਨ ਅਤੇ ਸਮ-ਅਰਥ ਕੋਸ਼ ਆਦਿ ਭੇਟ ਕੀਤੀਆਂ ਜਿਨ੍ਹਾਂ ਨੂੰ ਵੇਖ ਕੇ ਆਪ ਬਹੁਤ ਪ੍ਰਸੰਨ ਹੋਏ। ਆਪ ਗੁਣੀਆਂ, ਵਿਦਵਾਨਾਂ ਤੇ ਲੇਖਕਾਂ ਦੇ ਮਹਾਨ ਕਦਰਦਾਨ ਸਨ। ਜਿਸ ਦਾ ਸਬੂਤ ਗਿਆਨੀ ਈਸ਼ਰ ਸਿੰਘ ਜੀ ਨਾਰਾ ਨੂੰ ਉਨ੍ਹਾਂ ਦੀ ਪੁਸਤਕ 'ਕਤਕ ਨਹੀਂ ਵਿਸਾਖ' ਲਈ ਢਾਈ ਹਜ਼ਾਰ (੨੫੦੦) ਰੁਪਏ ਦਾਨ ਵਜੋਂ ਦਿੱਤੇ ਤੇ ਦੂਜੀ ਕਿਤਾਬ 'ਜ਼ਫਰਨਾਮਾ ਤੇ ਸਫ਼ਰਨਾਮਾ' ਦਾ ਛਾਪਣ ਤੇ ਜਿਲਦਬੰਦੀ ਆਦਿ ਦਾ ਸਾਰਾ ਖ਼ਰਚ ਦਸ ਹਜ਼ਾਰ (੧੦,੦੦੦) ਰੁਪਏ ਆਪਣੇ ਪਾਸੋਂ ਪ੍ਰਸੰਨਤਾ ਸਹਿਤ ਦਿੱਤੇ। ਬਾਬਾ ਗੁਰਦਿੱਤ ਸਿੰਘ ਜੀ ਨਾਰੰਗਵਾਲ ਵਾਲਿਆਂ ਦੀ ਜੀਵਨ ਕਥਾ ਦਾ ਪੁਰਾਣਾ ਲਿਖਿਆ ਖਰੜਾ ਮੰਗਵਾ ਕੇ ਗਿ. ਮੋਹਨ ਸਿੰਘ ਜੀ 'ਆਜ਼ਾਦ' ਰਾਹੀਂ ਪੰਜ ਹਜ਼ਾਰ (੫੦੦੦) ਰੁਪਏ ਖਰਚ ਕੇ ਸੰਗਤਾਂ ਦੇ ਲਾਭ ਹਿੱਤ ਛਪਵਾਇਆ। ਗਿਆਨੀ ਮੇਹਰ ਸਿੰਘ ਕੁਰਛੇਤਰ ਤੋਂ ਸੰਤ ਬਾਬਾ ਅਤਰ ਸਿੰਘ ਜੀ ਦਾ ਜੀਵਨ 'ਅਮਰ ਕਥਾ' ਨਾਮ ਦੀ ਪੁਸਤਕ ਲਿਖਵਾ ਕੇ ਛਪਵਾਈ। ਵੱਡੇ ਮਹਾਂਪੁਰਖ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ ਅਮਰ ਜੀਵਨ 'ਪੱਛਮੀ ਪ੍ਰਕਾਸ਼' ਅਰਥਾਤ 'ਹੋਤੀ ਮਰਦਾਨ ਦਾ ਨੂਰ' ਨਾਮ ਦੀ ਪੁਸਤਕ ਅਤੇ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ 'ਜੀਵਨ ਗਾਥਾ' ਨਾਮ ਦੀ ਪੁਸਤਕ ਗਿਆਨੀ ਮੋਹਨ ਸਿੰਘ ਜੀ 'ਆਜ਼ਾਦ' ਦੀ ਸੁਲਝੀ ਹੋਈ ਕਲਮ ਤੋਂ ਲਿਖਵਾ ਕੇ ਆਮ ਸੰਗਤਾਂ ਦੇ ਲਾਭ ਹਿਤ ਛਪਵਾਈ। ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਇਤਿਹਾਸ, ਮਹਾਂਪੁਰਸ਼ਾਂ ਦਾ ਜੀਵਨ ਅਤੇ ਧਾਰਮਿਕ ਪੁਸਤਕਾਂ ਦਾ ਲਿਖਣਾਂ ਸੂਲਾਂ ਦੀ ਸੇਜ ਤੇ ਸੌਣ ਬਰਾਬਰ ਹੈ। ਹਮੇਸ਼ਾਂ ਨੰਗ ਤੇ ਭੁੱਖ ਨਾਲ ਘੁਲਣਾ ਪੈਂਦਾ ਹੈ। ਨਿੱਤ ਦਾ ਸਫ਼ਰ, ਸਰੀਰਕ ਕਸ਼ਟ, ਖਰਚ ਤੇ ਹੋਰ ਖੇਚਲਾਂ ਝੱਲਣੀਆਂ ਪੈਂਦੀਆਂ ਹਨ। ਅਨੇਕਾਂ ਲਿਖਾਰੀ ਤੇ ਖੋਜੀ ਮਾਯੂਸ ਹੋ ਕੇ ਕੰਮ ਕਰਨਾ ਛੱਡ ਦੇਂਦੇ ਹਨ। ਪਰ ਇਸ ਪੁਸਤਕ ਦੇ ਲੇਖਕ ਉੱਤੇ ਇਹ ਗੱਲਾਂ ਨਹੀਂ ਘਟਦੀਆਂ ਕਿਉਂਕਿ ਮਹਾਂਪੁਰਖਾਂ ਦੀ ਉਦਾਰਤਾ ਦਾ ਸਦਕਾ ਹਰ ਪ੍ਰਕਾਰ ਦਾ ਸੁੱਖ ਤੇ ਸਹੂਲਤਾਂ ਲੇਖਕ ਨੂੰ ਪ੍ਰਾਪਤ ਹਨ।

ਇਨ੍ਹਾਂ ਤੋਂ ਇਲਾਵਾ ਬੇਅੰਤ ਗੁਰਦੁਆਰੇ, ਧਰਮਸਾਲਾ, ਲਾਇਬ੍ਰੇਰੀਆਂ, ਸਕੂਲਾਂ ਤੇ ਕਾਲਜਾਂ ਦੀਆਂ ਇਮਾਰਤਾਂ ਤੇ ਸੜਕਾਂ ਬਣਵਾਈਆਂ ਅਤੇ ਕਈਆਂ ਦੇ ਬਣਾਉਣ ਲਈ ਪ੍ਰੇਰਨਾ, ਉਤਸ਼ਾਹ ਤੇ ਸਹਿਯੋਗ ਦਿੱਤਾ। ਬਹੁਤ ਸਾਰੇ ਯਤੀਮ, ਬੱਚੇ, ਕਿਤਾਬਾਂ, ਫੀਸਾਂ ਤੇ ਉਨ੍ਹਾਂ ਦੇ ਹੋਰ ਖਰਚੇ ਕੋਲੋਂ ਦੇ ਕੇ ਪੜ੍ਹਾਏ। ਗ਼ਰੀਬ ਘਰਾਂ ਦੀਆਂ ਸਿੱਖ ਲੜਕੀਆਂ ਦੀਆਂ ਸ਼ਾਦੀਆਂ ਦਾ ਖਰਚ ਆਪਣੇ ਵਲੋਂ ਕਰ ਕੇ ਮਹਾਨ ਪਰਉਪਕਾਰ ਕੀਤੇ, ਜਿਸ ਦਾ ਸਦਕਾ ਆਪ ਜੀ ਦਾ ਨਾਮ ਸਿੱਖ ਇਤਿਹਾਸ ਵਿੱਚ ਅਮਰ ਰਹੇਗਾ। ਸਿੱਖ ਸੰਗਤਾਂ ਵਿੱਚ ਗੁਣੀ ਵਿਦਿਵਾਨਾਂ ਦੀ ਗਿਣਤੀ ਸ਼ੁਰੂ ਕਰਨ ਸਮੇਂ ਆਪ ਦੇ ਨਾਮ ਤੇ ਪਹਿਲੀ ਉਂਗਲੀ ਇੱਕ ਦਮ ਪਵੇਗੀ ਜਿਸ ਨਾਲ ਆਪ ਦੇ ਮਾਤਾ ਪਿਤਾ ਦਾ ਨਾਮ ਵੀ ਸਦਾ ਰੌਸ਼ਨ ਰਹੇਗਾ। ਕਿਸੇ ਸੰਸਕ੍ਰਿਤ ਦੇ ਵਿਦਵਾਨ ਨੇ ਇਸ ਲਈ ਤਾਂ ਕਿਹਾ ਹੈ ਕਿ

ਗੁਣੀ ਗਣ ਗਣਨਾ ਆਰੰਭੇ, ਨਾ ਪਤਿਤ ਕਠਿਨੀ ਸੰਸਭਰਮਾ ਯਸਯ।

ਤੇਨ ਅੰਬਾ ਯਾਦ ਸੁਤਿਨੀ, ਵਦ ਬੁੰਧਿਆ ਕੀ ਦਰਿਸ਼ੀ ਭਵਤਿ।

ਸਮੂਹ ਗੁਣੀਆਂ ਦੀ ਗਿਣਤੀ ਦੇ ਸ਼ੁਰੂ ਵਿੱਚ (ਕਠਿਨੀ) ਪਹਿਲੀ ਉਂਗਲ ਜਿਸ ਦੇ ਉੱਤੇ ਇੱਕ ਦਮ ਨਹੀਂ ਪੈਂਦੀ, ਉਸ ਦੀ ਮਾਂ ਜੇਕਰ ਆਪਣੇ ਆਪ ਨੂੰ ਪੁੱਤਰ ਵਾਲੀ ਅਖਵਾਉਂਦੀ ਹੈ, ਤਾਂ ਦੱਸੋ ਬੰਧਿਆ ਕਿਸਦਾ ਨਾਮ ਹੈ? ਭਾਵ ਓਹੋ ਹੀ ਬੰਧਿਆ ਹੈ ।

ਪੁਸਤਕ ਬਾਰੇ:

ਸ੍ਰੀਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਪਵਿੱਤ੍ਰ ਜੀਵਨ ਸੰਬੰਧੀ ਰੂਹਾਨੀ ਸੰਦੇਸ਼ ਨਾਮ ਦੀ ਇਹ ਪੁਸਤਕ ੨੦×੩੦ ਅਕਾਰ ਵਿੱਚ ਹੈ। ਪਹਿਲਾਂ ਇਸ ਦੇ ਦੋ ਹਿੱਸੇ ਸਨ। ਪਹਿਲੇ ਹਿੱਸੇ ਵਿੱਚ ਅਗਸਤ ੧੯੦੫ ਤੋਂ ੧੯੩੬ ਤੱਕ ਅਤੇ ਦੂਜੇ ਭਾਗ ਵਿੱਚ ੧੯੫੦ ਈ. ਤੱਕ ਦੇ ਸਮਾਚਾਰ ਦਰਜ ਹਨ। ਪਹਿਲੇ ਭਾਗ ਵਿੱਚ ਜਗਦੇਵ ਪੰਵਾਰ ਦਾ ਜੀਵਨ ਲੇਖਕ ਦੀ ਬੜੀ ਭਾਰੀ ਖੋਜ ਦਾ ਸਿੱਟਾ ਹੈ। ਜਨਮੇਜਾ ਤੇ ਭਾਰਤ ਵਰਸ਼, ਪੰਜਾਬ ਤੇ ਮਾਲਵੇ ਬਾਰੇ ਦਿੱਤੀ ਜਾਣਕਾਰੀ ਵੀ ਮਹਾਨ ਹੈ। ਸੰਤਾਂ ਦੀ ਜਨਮ ਕੁੰਡਲੀ ਦਾਦਕੇ ਤੇ ਨਾਨਕੇ ਪ੍ਰਵਾਰਾਂ ਦੇ ਸਜਰੇ ਵੀ ਬੜੀ ਮਿਹਨਤ ਨਾਲ ਲੱਭੇ ਹਨ। ਪਟਿਆਲਾ ਮਾਡਲ ਸਕੂਲ ਦੇ ਟੀਚਰਾਂ ਦੀ ਜਾਣ ਪਛਾਣ, ਨਾਮ ਦਾ ਸਰੂਪ, ਕਾਰਨ, ਅਭਿਆਸ, ਅਉਧੀ, ਫ਼ਲ ਆਦਿ ਦੀ ਸੁੰਦਰ ਵਿਆਖਿਆ ਹੈ। ਨਾਮ ਅਭਿਆਸ ਦਾ ਢੰਗ, ਰਸਨਾ, ਸਵਾਸ, ਸੁਰਤਿ, ਰੋਮ ਰੋਮ ਤੇ ਸਾਰੇ ਤੱਤਾਂ 'ਚੋਂ ਨਾਮ ਦੀ ਧੁਨੀ ਆਦਿ ਦੀ ਅਨੂਪਮ ਵਿਚਾਰ ਦਰਜ ਹੈ। ਚਾਰ ਪ੍ਰਕਾਰ ਦੀਆਂ ਬਾਣੀਆਂ (ਬੈਖਰੀ, ਮੱਧਮਾ, ਪਸੰਤੀ ਤੇ ਪਰਾ ਆਦਿ) ਦੀ ਸੁੰਦਰ ਵਿਆਖਿਆ ਪੜ੍ਹਨ ਯੋਗ ਹੈ। ਸੰਤਾਂ ਦੀ ਨਾਦੀ ਬੰਸ ਦਾ ਸਜ਼ਰਾ; ਫ਼ਕੀਰੀ ਦੇ ਲੱਛਣ; ਚਾਰ ਸਾਧਕ (ਬਿਬੇਕ, ਵੈਰਾਗ, ਖਟ ਸੰਪਤੀ, ਮੋਖ ਇੱਛਾ) ਦਾ ਵਰਣਨ, ਸੰਤ ਕਿਸ਼ਨ ਸਿੰਘ ਜੀ ਦਾ ਖੋਜ ਭਰਪੂਰ ਸੰਖੇਪ ਜੀਵਨ; ਅਧਿਆਤਮਕ ਰੋਗਾਂ ਦਾ ਵਰਣਨ ਤੇ ਉਨ੍ਹਾਂ ਦਾ ਇਲਾਜ; ਤਿੰਨ ਸਾਲਾ ਬਾਦਸ਼ਾਹੀ ਦਾ ਰੂਪਕ; ਪ੍ਰੀਤਵਾਨਾਂ ਦੇ ਧਾਰਨ ਯੋਗ ਉਪਦੇਸ਼; ਗੁਰੂ ਤੇ ਸਿੱਖ ਦੀ ਪ੍ਰੀਤੀ; ਸਮੇਂ ਦੀ ਕਦਰ; ਯਖਨੀ ਦੇ ਰੂਪ ਵਿੱਚ ਮਾਇਆ; ਕਲਜੁਗ ਦੀ ਸੈਨਾ; ਢੱਕੀ ਦੀ ਤਪੱਸਿਆ; ਭਗਤੀ ਰੂਪ ਨਦੀ ਤੇ ਨਉਧਾ ਭਗਤੀ; ਜੱਸਾ ਸਿੰਘ ਆਹਲੂਵਾਲੀਆ ਦੀ ਵੰਸ਼ ਦੇ ਚਮਕਦੇ ਹੀਰੇ ਮਹਾਂਦਾਨੀ ਸਰਦਾਰ ਬਹਾਦਰ ਸ. ਮੋਹਨ ਸਿੰਘ ਜੀ ਕੋਕਾ ਕੋਲਾ ਵਾਲਿਆਂ ਦੇ ਦਾਨ, ਪ੍ਰੇਮ, ਸ਼ਰਧਾ ਤੇ ਭਗਤੀ ਭਾਵ ਦਾ ਸੁੰਦਰ ਵਰਣਨ ਪੜ੍ਹਨ ਸੁਣਨ ਨਾਲ ਹੀ ਸਬੰਧ ਰੱਖਦਾ ਹੈ। ਦੂਜੇ ਭਾਗ ਵਿੱਚ1 ਅਨੇਕਾਂ ਮਤਾਂ ਦੇ ਸਾਧੂਆਂ ਦਾ ਦਰਸ਼ਨਾਂ ਲਈ ਆਇਆਂ ਪ੍ਰਭਾਵਤ ਹੋ ਕੇ ਜਾਣਾ; ਬਹੁਤ ਸਾਰੇ ਸੰਸਾਰੀ ਡਾਕਟਰ, ਵੈਦ ਤੇ ਹਕੀਮ ਦਰਸ਼ਨ ਕਰਨ ਆਏ ਰੂਹਾਨੀ ਵੈਦ ਸੰਤ ਜੀ ਪਾਸੋਂ ਆਪਣੇ ਅਧਿਆਤਮਕ ਰੋਗਾਂ ਦਾ ਦਾਰੂ ਲੈ ਕੇ ਗਏ ਤੇ ਸਦਾ ਅਰੋਗ ਹੋ ਗਏ। ਉਪਰੰਤ ਲਾਹੌਰ, ਰੋੜੀ ਸੱਖਰ (ਸਿੰਧ) ਦੁਆਬੇ ਤੇ ਮਾਝੇ ਦੇ ਇਲਾਕੇ ਦੇ ਸ਼ਹਿਰਾਂ ਆਦਿ ਦੇ ਪ੍ਰੋਗਰਾਮ ਸ਼ਾਮਲ ਹਨ। ਅੰਤ ਵਿੱਚ ਸੰਤਾਂ ਤੋਂ ਵਰੋਸਾਏ ਮਹਾਨ ਵਿਅਕਤੀਆਂ ਦੇ ਸੰਖੇਪ ਜੀਵਨ, ਰਾੜਾ ਸਾਹਿਬ ਨਾਲ ਸੰਬੰਧਤ ਅਸਥਾਨ ਅਤੇ ਲੇਖਕ ਵਲੋਂ ਅੰਤਮ ਬੇਨਤੀ ਆਦਿ ਲੇਖਾਂ ਵਿੱਚ ਲੇਖਕ ਨੇ ਖੋਜ, ਸ਼ਰਧਾ ਤੇ ਵਿਦਵਤਾ ਆਦਿ ਦੁਆਰਾ ਆਪਣੀ ਕਲਮ ਦੇ ਜੌਹਰ ਵਿਖਾਏ ਹਨ। ਅਣਗਿਣਤ ਮਹਾਂਪੁਰਸ਼ਾਂ ਦੇ ਪਵਿੱਤ੍ਰ ਜੀਵਨ, ਉਪਦੇਸ਼ ਤੇ ਪਰਉਪਕਾਰ ਲਿਖਣ ਤੋਂ ਬਿਨਾਂ ਜਗਤ ਦੀ ਅੰਧੇਰੀ ਰਾਤ ਵਿੱਚ ਗੁੰਮ ਹੋ ਗਏ ਜਿਸ ਤੋਂ ਬੇਸ਼ੁਮਾਰ ਜੀਵ ਲਾਭ ਲੈ ਸਕਦੇ ਸਨ। ਗਿ. ਮੋਹਨ ਸਿੰਘ ਜੀ 'ਆਜ਼ਾਦ' ਦੀ ਕਲਮ ਦਾ ਇਹ ਅਹਿਸਾਨ ਸਦਾ ਯਾਦ ਰਹੇਗਾ, ਜਿਸ ਨੇ ਆਪਣੀ ਮਿਹਨਤ ਘਾਲਣਾ ਤੇ ਸ਼ਰਧਾ ਨਾਲ ਮਹਾਂਪੁਰਖਾਂ ਦੇ ਜੀਵਨ ਲਿਖ ਕੇ ਆਪਣੇ ਆਪ ਨੂੰ ਸੁਭਾਗ ਬਣਾਇਆ ਹੈ।

ਵਿਦਵਾਨ ਲੇਖਕ ਜੀ ਨੇ ਇਸ ਪੁਸਤਕ ਵਿੱਚ ਸਾਦਾ ਸਰਲ ਸਪੱਸ਼ਟ ਆਮ ਸਮਝੀ ਜਾਣ ਵਾਲੀ ਤੇ ਰਸੀਲੀ ਭਾਸ਼ਾ ਦੀ ਵਰਤੋਂ ਕੀਤੀ ਹੈ। ਗੁਰਮਤਿ, ਸਾਹਿਤ, ਬ੍ਰਿਜ ਭਾਸ਼ਾ ਤੇ ਹਿੰਦੀ ਸਾਹਿਤ ਦੇ ਅਧਿਐਨ ਦੇ ਕਾਰਨ ਭਾਵੇਂ ਇਸ ਰਚਨਾ ਵਿੱਚ ਸੰਤ ਭਾਸ਼ਾ ਦੇ ਵੀ ਕੁੱਝ ਸ਼ਬਦ ਆਪਮੁਹਾਰੇ ਆ ਗਏ ਹਨ, ਪਰ ਫਿਰ ਵੀ ਬੋਲੀ ਵਧੇਰੇ ਕਰ ਕੇ ਠੇਠ ਤੇ ਟਕਸਾਲੀ ਪੰਜਾਬੀ ਵਰਤਣ ਦਾ ਹੀ ਯਤਨ ਕੀਤਾ ਗਿਆ ਹੈ। ਬੋਲੀ ਮੁਹਾਵਰੇਦਾਰ ਤੇ ਢੁਕਵੀਂ ਹੈ। ਗੁਰਬਾਣੀ ਤੇ ਹੋਰ ਗ੍ਰੰਥਾਂ ਦੀਆਂ ਥਾਂ ਥਾਂ ਸਿਰ ਜਚਦੀਆਂ ਫਬਦੀਆਂ ਤੁਕਾਂ ਦੇ ਪ੍ਰਮਾਣ ਦੇ ਕੇ ਸੁਜਾਣ ਲੇਖਕ ਜੀ ਨੇ ਆਪਣੀ ਰਚਨਾ ਨੂੰ ਵਧੇਰੇ ਖੂਬਸੂਰਤ ਤੇ ਦਿਲਕਸ਼ ਬਣਾ ਦਿੱਤਾ ਹੈ। ਸ਼ਰਧਾਲੂ ਸੱਜਣਾਂ ਲਈ ਖ਼ਾਸ ਕਰ ਕੇ ਤੇ ਆਮ ਲੋਕਾਂ ਲਈ ਵਿਦਵਤਾ ਤੇ ਖੋਜ ਦੇ ਕਾਰਣ ਇਹ ਪੁਸਤਕ ਬੜੀ ਹੀ ਲਾਭਦਾਇਕ ਸਾਬਤ ਹੋਵੇਗੀ।

ਮੈਂ ਸੰਗਤਾਂ ਦੀ ਸੇਵਾ ਵਿੱਚ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਇਹ ਪੁਸਤਕ ਹਰ ਘਰ ਤੇ ਹਰ ਲਾਇਬਰੇਰੀ ਦਾ ਸ਼ਿੰਗਾਰ ਹੋਣੀ ਚਾਹੀਦੀ ਹੈ ਤਾਂ ਕਿ ਆਉਣ ਵਾਲੀਆਂ ਨਸਾਨਾਂ ਤੇ ਗੁਰਮਤ ਦਾ ਪ੍ਰਭਾਵ ਪਵੇ।

ਲੇਖਕ ਵੱਲੋਂ ਜਨਮ ਨਗਰ ਲਿਖਣਾ

ਭੈਣੀ ਬਾਘਾ ਹੈ ਓਸ ਦਾ ਨਾਮ ਯਾਰੋ, ਜਿੱਥੇ ਜਨਮ ਅਮੋਲ ਨੂੰ ਪਾਇਆ ਮੈਂ।
ਰੋਜ ਕਟਦਾ ਵਾਂਗ ਮੁਸਾਫਰਾਂ ਦੇ, ਨਹੀਂ ਮਹਿਲ ਮਕਾਨ ਬਣਾਯਾ ਮੈਂ।
ਬ੍ਰਹਮਚਰਯ ਤੋਂ ਕਰਿਆ ਸੰਨਿਆਸ ਧਾਰਨ, ਨਹੀ ਗ੍ਰਹਿਸਤ ਗ਼ੁਲਚਮਨ ਲਗਾਇਆ ਮੈਂ।

---

[1] ਹੁਣ ਦੋਵੇਂ ਭਾਗ ਇੱਕ ਰੂਪ ਵਿੱਚ ਕਰ ਦਿੱਤੇ।

ਮੋਹਨ ਹਰੀ ਵੈਰਾਗ ਦੀ ਮੇਹਰਬਾਨੀ, ਆਪ ਸਜਣਾ ਸਾਮਨੇ ਆਇਆ ਮੈਂ।

ਲੇਖਕ ਬਾਰੇ

ਇਸ ਪੁਸਤਕ ਦੇ ਸੁਜਾਨ ਲੇਖਕ ਗਿਆਨੀ ਮੋਹਨ ਸਿੰਘ ਜੀ 'ਅਜ਼ਾਦ' (ਕਥਾ ਵਾਚਕ, ਰਾੜਾ ਸਾਹਿਬ) ਸੁਭਾਅ ਦੇ ਨਰਮ, ਜ਼ੁਬਾਨ ਦੇ ਮਿੱਠੇ, ਗੰਭੀਰ, ਸਮਝਦਾਰ, ਮਿਲਣਸਾਰ, ਮਿੱਤਰਾਂ ਦੇ ਮਿੱਤਰ, ਮਿਹਨਤੀ, ਧੁਨ ਦੇ ਪੱਕੇ, ਖੋਜੀ, ਗੁਰਮਤ ਦੇ ਗਿਆਤਾ, ਸਿੱਖੀ ਰਹਿਤ ਵਿੱਚ ਪ੍ਰਪੱਕ, ਗੁਰਬਾਣੀ ਦੇ ਨਿੱਤਨੇਮੀ, ਨਾਮ ਅਭਿਆਸੀ ਤੇ ਵਿਦਵਾਨ ਸੱਜਣ ਹਨ। ਇਨ੍ਹਾਂ ਨੇ ਸ੍ਰੀਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਅਤੇ ਉਨ੍ਹਾਂ ਤੋਂ ਵਰੋਸਾਇਆਂ ਮਹਾਨ ਵਿਅਕਤੀਆਂ ਦੀਆਂ ਜੀਵਨ ਝਲਕਾਂ ਦੀ ਇਹ ਸੁੰਦਰ ਪੁਸਤਕ ਰਚ ਕੇ ਸਿਖ ਸਾਹਿਤ ਤੇ ਪੰਜਾਬੀ ਸਾਹਿਤ ਵਿੱਚ ਇੱਕ ਨਵਾਂ ਮੀਲ ਪੱਥਰ ਗੱਡਿਆ ਹੈ ਜੋ ਸਦਾ ਲਈ ਆਪ ਦੀ ਅਮਿੱਟ ਯਾਦਗਾਰ ਰਹੇਗਾ।

ਮਾਲਵੇ ਦੇਸ਼ ਦੀ ਪਾਵਨ ਧਰਤੀ ਗੁਰੂ ਕੀ ਕਾਂਸ਼ੀ (ਜਿਸ ਨੂੰ ਗੁਰਬਾਣੀ ਦੇ ਸੰਪ੍ਰਦਾਈ ਅਰਥਾਂ ਦੀ ਟਕਸਾਲ ਅਤੇ ਪੰਜਵੇਂ ਤਖ਼ਤ ਹੋਣ ਦਾ ਮਾਣ ਪ੍ਰਾਪਤ ਹੈ) ਤੋਂ ਪੰਦਰਾਂ ਕੁ ਮੀਲ ਪਹਾੜ ਵੱਲ ਪਿੰਡ ਭੈਣੀ ਬਾਘਾ, ਰਿਆਸਤ ਪਟਿਆਲਾ (ਅੱਜ ਕੱਲ ਜ਼ਿਲ੍ਹਾ ਮਾਨਸਾ) ਵਿਖੇ ਆਪ ਦਾ ਜਨਮ ੪ ਅਗਸਤ ੧੯੨੬ ਈ. (ਮੁਤਾਬਿਕ ਸਾਵਣ ਸੁਦੀ ਤਰੌਦਸੀ ੧੯੮੩ ਬਿਕ੍ਰਮੀ) ਨੂੰ ਸਹਿਜਧਾਰੀ ਸਿੱਖਾਂ ਦੇ ਘਰ ਹੋਇਆ। ਆਪ ਦੇ ਪਿਤਾ ਸ. ਅਰੂੜ ਸਿੰਘ ਤੇ ਮਾਤਾ ਗੰਗਾ ਦੇਵੀ ਜੀ ਸਨ। ਛੋਟੀ ਉਮਰੇ ਪਿਤਾ ਦਾ ਸਾਇਆ ਸੀਸ ਤੋਂ ਦੂਰ ਹੋ ਗਿਆ। ਮਾਤਾ ਦੀ ਨਿੱਘੀ ਤੇ ਮਿੱਠੀ ਗੋਦ ਦਾ ਅਨੰਦ ਮਾਣਿਆ। ਵੱਡੇ ਭਰਾਤਾ ਵਲੋਂ ਪੂਰਨ ਪਿਆਰ ਤੇ ਸਤਿਕਾਰ ਮਿਲਿਆ। ਬਚਪਨ ਵਿਖੇ ਹਮਜੋਲੀਆਂ ਨਾਲ ਮਿਲਕੇ ਜ਼ਿੰਦਗ਼ੀ ਖਾਣ, ਪਹਿਨਣ ਤੇ ਸੌਣ ਤੱਕ ਹੀ ਸੀਮਤ ਰਹੀ। ਪੰਜ ਜਮਾਤਾਂ (ਪੰਜਾਬੀ ਤੇ ਉਰਦੂ) ਪਿੰਡ ਦੇ ਸਕੂਲ ਵਿੱਚ ਹੀ ਪਾਸ ਕੀਤੀਆਂ। ਮਾਤਾ ਪਿਤਾ ਆਸਤਕ ਖ਼ਿਆਲੀ ਤੇ ਪੂਰਨ ਵੈਸ਼ਨਵ ਸਨ, ਜਿਸ ਕਰ ਕੇ ਵਾਰਤਕ ਰਮਾਇਣ, ਸ੍ਰੀ ਮਦ ਭਾਗਵਤ ਪੁਰਾਣ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ, ਅਠਾਰਾਂ ਅਧਿਆਇ ਗੀਤਾ ਤੇ ਹੋਰ ਪੰਜਾਬੀ ਦੇ ਧਾਰਮਿਕ ਪੁਸਤਕਾਂ ਪਿੰਡ ਹੀ ਪੜ੍ਹ ਲਏ ਸਨ। ਪਿਛਲੇ ਸੰਸਕਾਰਾਂ ਅਨੁਸਾਰ ਧਰਮ ਵੱਲ ਕੁਦਰਤੀ ਰੁਚੀ ਸੀ। ਪਰ ਏਸ ਜਗ੍ਹਾ ਕਿਸੇ ਪੂਰਨ ਸਤਪੁਰਸ਼ ਦੀ ਸੰਗਤ ਨਸੀਬ ਨਾ ਹੋ ਸਕੀ, ਜਿਸ ਕਰ ਕੇ ਮਨ ਦੀ ਰੂਹਾਨੀ ਖੁਰਾਕ ਦੀ ਘਾਟ ਪੂਰੀ ਕਰਨ ਵਾਸਤੇ ਕਈ ਥਾਵਾਂ ਤੇ ਫਿਰਦੇ ਹੋਏ ਰਾਜਿਸਥਾਨ ਦੇ ਇਲਾਕੇ ਗੰਗਾ ਨਗਰ ਜ਼ਿਲੇ ਦੇ ਚੱਕ ਨੰਬਰ ੭ ਐਨ. ਐਨ. ਵਿੱਚ ਪੁੱਜੇ। ਇੱਥੇ ਰਾੜੇ ਸਾਹਿਬ ਵਾਲੇ ਮਹਾਂਪੁਰਸ਼ ਸੰਤ ਬਾਬਾ ਈਸ਼ਰ ਸਿੰਘ ਜੀ ਤੋਂ ਵਰੋਸਾਏ ਹੋਏ ਮਹਾਂਪੁਰਸ਼ ਸੰਤ ਇੰਦਰ ਸਿੰਘ ਜੀ ਦੀ ਸੰਗਤ ਹੋਈ। ਉਹ ਗੁਰਬਾਣੀ ਦੇ ਪਰਮ ਪ੍ਰੀਤਵਾਨ ਅਤੇ ਨਾਮ ਸਿਮਰਨ ਦੇ ਰਸੀਏ ਸਨ। ਉਨ੍ਹਾਂ ਦੀ ਸੰਗਤ ਸਦਕਾ ਮਨ ਨੂੰ ਢਾਰਸ ਮਿਲੀ। ਉਨ੍ਹਾਂ ਦੀ ਹੀ ਪ੍ਰੇਰਨਾ ਨਾਲ ਇੱਕ ਵਾਰੀ ਰਾੜੇ ਸਾਹਿਬ ਦਰਸ਼ਨਾਂ ਲਈ ਆਏ ਤਾਂ ਇੱਥੇ ਹੀ ਟਿਕ ਗਏ। ਉਸ ਸਮੇਂ ਇਨ੍ਹਾਂ ਦੀ ਉਮਰ ੧੯ ਸਾਲ ਦੀ ਸੀ।

੧੯੪੫ ਈ. ਤੋਂ ੧੯੫੦ ਈ. ਤੱਕ ਲਗਪਗ ੬ ਸਾਲ ਤੱਕ ਉੱਥੇ ਹੀ ਰਹਿ ਕੇ ਸੇਵਾ ਤੇ ਸਿਮਰਨ ਦਾ ਅਨੰਦ ਮਾਣਦੇ ਰਹੇ। ਗੁਰੂ ਮਹਾਰਾਜ ਦੇ ਪਾਠ ਦੀ ਸੰਥਾ ਤਾਂ ਰਾੜਾ ਸਾਹਿਬ ਰਹਿੰਦਿਆਂ ਹੀ ਗਿ. ਬਲਵੀਰ ਸਿੰਘ ਜੀ ਤੋਂ ਕਰਾ ਲਈ ਸੀ। ਉਪਰੰਤ ਗੁਰਮਤ ਵਿੱਦਿਆ ਦੀ ਪੜ੍ਹਾਈ ਦਾ ਸ਼ੌਕ ਜਾਗਿਆ ਤਾਂ ਮਹਾਂਪੁਰਸ਼ਾਂ ਤੋਂ ਆਗਿਆ ਲੈ ਕੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਧੂਰਕੋਟ ਸ੍ਰੀਮਾਨ ਗਿਆਨੀ ਵਰਿਆਮ ਸਿੰਘ ਜੀ ਹੁਰਾਂ ਪਾਸ ਪੁਜੇ। ਤਿੰਨ ਸਾਲ ਲਗਾਤਾਰ ਪੜ੍ਹਾਈ ਵਿੱਚ ਲੀਨ ਰਹੇ। ਇਸ ਤਰ੍ਹਾਂ ਛੋਟੇ ਛੋਟੇ ਗ੍ਰੰਥ ਅਰਥਾਂ ਸਮੇਤ ਪੜ੍ਹਨ ਤੋਂ ਬਾਅਦ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਤੇ ਗਿਆਨੀ ਗਿਆਨ ਸਿੰਘ ਜੀ ਰਚਿਤ ਸ੍ਰੀ ਗੁਰੂ ਪੰਥ ਪ੍ਰਕਾਸ਼ ਅਰਥਾਂ ਸਹਿਤ ਪੜ੍ਹੇ ਤੇ ਵੀਚਾਰੇ। ਇੱਥੋਂ ਫਿਰ ਮਸਤੂਆਣੇ ਸਾਹਿਬ ਆ ਗਏ ਅਤੇ ਸ੍ਰੀਮਾਨ ਗਿਆਨੀ ਚੰਨਣ ਸਿੰਘ ਜੀ ਗੁਰਨੇ ਵਾਲਿਆਂ ਤੋਂ ਇੱਕ ਸਾਲ ਵਿੱਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਅਰਥਾਂ ਸਹਿਤ ਅਧਿਐਨ ਕੀਤਾ। ਸ੍ਰੀਮਾਨ ਪੰਡਿਤ ਮਾਨ ਸਿੰਘ ਜੀ ਦਮਦਮੀਏ ਪਾਸ ਵੀ ਕੁੱਝ ਕੁ ਸਮਾਂ ਪੜ੍ਹਦੇ ਰਹੇ। ਲੋਹਟਵਦੀ ਸੰਤ ਰਣਧੀਰ ਸਿੰਘ ਜੀ ਪਾਸ ਵੀ ਪੜ੍ਹੇ।

੧੯੫੪ ਈ. ਵਿੱਚ ਸਤਿਕਾਰ ਯੋਗ ਮਹਾਂਪੁਰਖ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜੱਥੇ ਵਿੱਚ ਆ ਕੇ ਵਿੱਦਿਆਰਥੀ ਬਣੇ। ਜੱਥੇ ਵਿੱਚ ਰਹਿ ਕੇ ਤਕਰੀਬਨ ਤਿੰਨ ਕੁ ਸਾਲਾਂ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਹਿਬ, ਸ੍ਰੀ ਦਸਮ ਗ੍ਰੰਥ, ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਵਾਰਾਂ ਭਾਈ ਗੁਰਦਾਸ ਜੀ ਅਰਥਾਂ ਸਮੇਤ ਪੜ੍ਹੀਆਂ ਤੇ ਮਹਾਂਵਾਕ ਦੀ ਕਥਾ ਕਰਨ ਦਾ ਅਭਿਆਸ ਕਰਦੇ ਰਹੇ। ੧੯੫੭ ਈ. ਵਿੱਚ ਇੱਕ ਸਾਲ ਪਿੰਡ ਮੂਲੋਵਾਲ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਇਤਿਹਾਸ ਤੇ ਗੁਰਬਾਣੀ ਦੀ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

੧੯੫੮ ਈ. ਵਿੱਚ ਸ੍ਰੀ ਅੰਮ੍ਰਿਤਸਰ ਆ ਗਏ। ਇੱਥੇ ਪੰਡਤ ਕਲਿਆਣ ਸਿੰਘ ਜੀ ਪਾਸੋਂ ਵਿਚਾਰ ਚੰਦ੍ਰੋਦਯ ਵਿਚਾਰ ਸਾਗਰ ਤੇ ਮੋਖਸ਼ ਪੰਥ ਆਦਿ ਵੇਦਾਂਤ ਦੇ ਗੂਢ ਗ੍ਰੰਥ ਵਿਚਾਰੇ ਤੇ ਨਾਲ ਹੀ ਸ੍ਰੀਮਾਨ ਸੰਤ ਅਮੀਰ ਸਿੰਘ ਜੀ ਦੇ ਡੇਰੇ ਸ੍ਰੀਮਾਨ ਗਿ. ਕਿਰਪਾਲ ਸਿੰਘ ਜੀ ਹੁਰਾਂ ਪਾਸੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਦੇ ਰਹੇ। ਇਸ ਦੌਰਾਨ

ਡੇਰਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਵਿਖੇ ਰਿਹਾਇਸ਼ ਰੱਖੀ ਤੇ ਇਸੇ ਡੇਰੇ ਵਿੱਚ ਸ੍ਰੀ ਗੁਰ ਪ੍ਰਤਾਪ ਸੂਰਜ ਦੀਆਂ ਦੋ ਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਇੱਕ ਕਥਾ ਕੀਤੀ। ਇਸੇ ਅਰਸੇ ਵਿੱਚ ਆਪ ਸੱਤੋ ਵਾਲੀ ਗਲੀ ਡੇਰੇ ਪਹੁੰਚ ਕੇ ਉੱਥੋਂ ਦੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੀ ਸੰਥਾ ਕਰਵਾਇਆ ਕਰਦੇ ਅਤੇ ਕੁੱਝ ਕੁ ਸਮਾਂ ਡੇਰਾ ਸੱਤੋਵਾਲੀ ਗਲੀ ਵਿਖੇ ਸ਼ਾਮ ਨੂੰ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹੇ। ਇਨ੍ਹਾਂ ਹੀ ਦਿਨਾਂ ਵਿੱਚ ਗਿਆਨੀ ਹਰੀ ਸਿੰਘ ਜੀ ਬਜਾਜ ਨੇ (ਜਿਹੜੇ ਫੇਰ ਦੋ ਵਾਰ ਕਾਬਲ ਅਤੇ ਇੱਕ ਵਾਰ ਮਲਾਇਆ ਵਿੱਚ ਪ੍ਰਚਾਰ ਦੌਰਾ ਕਰ ਆਏ ਹਨ) ਆਪ ਪਾਸੋਂ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੀ ਮੁਕੰਮਲ ਸੰਥਾ ਸੁਣੀ।

ਸੰਗਤਾਂ ਦੀ ਮੰਗ ਅਨੁਸਾਰ ਭਾਰਤ ਭਰ ਦੇ ਵੱਡੇ ਵੱਡੇ ਸ਼ਹਿਰਾਂ ਕਲਕੱਤਾ, ਟਾਟਾ ਨਗਰ, ਰਾਂਚੀ ਤੇ ਕਾਨ੍ਹਪੁਰ ਆਦਿ ਵਿੱਚ ਵਿਚਰ ਕੇ ਕਥਾ ਕਰਦੇ ਰਹੇ। ਛੇ ਮਹੀਨੇ ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਦੇ ਅਸਥਾਨ ਧਭਲਾਨ (ਪਟਿਆਲਾ) ਵਿਖੇ ਅਤੇ ਛੇ ਮਹੀਨੇ ਦੂਜੀ ਵਾਰ ਨੌਵੇਂ ਪਾਤਿਸ਼ਾਹ ਜੀ ਦੇ ਪਵਿੱਤ੍ਰ ਅਸਥਾਨ ਮੂਲੋਵਾਲ (ਸੰਗਰੂਰ) ਵਿਖੇ ਕਥਾ ਕੀਤੀ। ਇਸ ਤੋਂ ਪਹਿਲਾਂ ਜੋ ਇਨ੍ਹਾਂ ਦੀ ਕਲਮ ਨੇ ਗੁਰਮਤ ਸਾਹਿਤ ਵਿੱਚ ਵਾਧਾ ਕੀਤਾ ਹੈ, ਉਹ ਹੇਠ ਲਿਖੇ ਅਨੁਸਾਰ ਹੈ:

੧. ਗਿ. ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਦੇ ਪ੍ਰਿਆਏ ੧੯੫੯ ਈ. 'ਚ ਛਪਵਾਏ।

੨. ਜਪੁ ਜੀ ਸਾਹਿਬ ਸਟੀਕ ਤੁਕ ਦਾ ਅਰਥ ੧੯੬੦ ਈ. 'ਚ ਛਪਿਆ।

੩. ਗੁਰਮਤ ਰਹਿਤ ਮਰਯਾਦਾ ਦੀ ਪਹਿਲੀ ਐਡੀਸ਼ਨ ੧੯੬੧ ਈ. ਤੇ ਦੂਜੀ ਐਡੀਸ਼ਨ ੧੯੬੮ ਈ. ਵਿੱਚ ਪ੍ਰਕਾਸ਼ਤ ਹੋਈ। ਫੇਰ ਚੌਥੀ ਐਡੀਸ਼ਨ ਅਗਸਤ ੧੯੮੫ ਵਿੱਚ ਛਪੀ। ਹੁਣ ਅੱਠਵੀਂ ਐਡੀਸ਼ਨ ਛਪ ਚੁੱਕੀ ਹੈ।

੪. ਸ੍ਰੀਮਾਨ ਸੰਤ ਕਿਰਪਾਲ ਸਿੰਘ ਜੀ ਗਲੀ ਸੱਤੋ ਵਾਲੀ ਸ੍ਰੀ ਅੰਮ੍ਰਿਤਸਰ ਵਲੋਂ ਛਾਪੇ ਜਪੁ ਜੀ ਸਟੀਕ ਦੇ ਅਰੰਭ ਵਿੱਚ ਸ੍ਰੀਮਾਨ ਬਾਬਾ ਉੱਤਮ ਸਿੰਘ ਜੀ, ਸ੍ਰੀਮਾਨ ਸੰਤ ਗਿਆਨੀ ਅਮੀਰ ਸਿੰਘ ਜੀ ਅਤੇ ਸ੍ਰੀਮਾਨ ਸੰਤ ਗਿਆਨੀ ਕਿਰਪਾਲ ਸਿੰਘ ਜੀ ਦਾ ਸੰਖੇਪ ਜੀਵਨ ਸੁੰਦਰ ਢੰਗ ਨਾਲ ਕਲਮਬੰਦ ਕੀਤਾ।

੫. ਉਨ੍ਹਾਂ ਵਲੋਂ ਹੀ ਛਪੀ ਭਗਤ ਬਾਣੀ ਸਟੀਕ ਦੇ ਮੁੱਢ ਵਿੱਚ ਭਗਤਾਂ ਦਾ ਸੰਖੇਪ ਜੀਵਨ ਬੜੀ ਮਿਹਨਤ ਨਾਲ ਖੋਜ ਕੇ ਲਿਖਿਆ।

੬. ਸ੍ਰੀਮਾਨ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਵੱਲੋਂ ਲਿਖੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਤੇ ਸ੍ਰੀ ਗੁਰਮੁਖ ਪ੍ਰਕਾਸ਼ ਗ੍ਰੰਥ ਦੇ ਛਪਣ ਸਮੇਂ ਦੋਹਾਂ ਪੁਸਤਕਾਂ ਦੇ ਪਰੂਫ ਦੇਖਣ ਦੀ ਅਣਥੱਕ ਸੇਵਾ ਕਰਦੇ ਰਹੇ ਤੇ ਦੋਹਾਂ ਪੁਸਤਕਾਂ ਵਿੱਚ ਆਪਣੇ ਵਲੋਂ ਕਵਿਤਾ ਤੇ ਵਾਰਤਕ ਵਿੱਚ ਕੁੱਝ ਲੇਖ ਲਿਖੇ।

੭. ਬਾਰਹਮਾਹਾ ਤੁਖਾਰੀ ਸਟੀਕ ੧੯੬੯ ਵਿੱਚ ਪ੍ਰਕਾਸ਼ਤ ਕਰਵਾਇਆ।

੮. ਸੰਨ ੧੯੭੦ ਵਿੱਚ ਬੜੀ ਮਿਹਨਤ, ਖੋਜ ਤੇ ਲਗਨ ਨਾਲ ਸ੍ਰੀਮਾਨ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦਾ ਸੰਪੂਰਨ ਜੀਵਨ (ਸਣੇ ਉਨ੍ਹਾਂ ਦੇ ਉਤ੍ਰਾਧਿਕਾਰੀਆਂ ਦੇ) ਸੁੰਦਰ ਢੰਗ ਨਾਲ ਕਲਮ ਬੰਦ ਕੀਤਾ ਅਰ ੬ ਵਾਰ ਛਪਵਾਇਆ।

੯. ੧੯੭੬ ਈ. ਵਿੱਚ ਸੰਤ ਬਾਬਾ ਚੰਦਾ ਸਿੰਘ ਜੀ ਕੱਟੂ ਵਾਲਿਆਂ ਦਾ ਜੀਵਨ 'ਗਿਆਨ ਸੁਧਾਕਰ' ਲਿਖਕੇ ਛਾਪਿਆ।

੧੦. ਸੰਨ ੧੯੭੧ ਈ. ਵਿੱਚ ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਪਵਿੱਤ੍ਰ ਜੀਵਨ 'ਜੀਵਨ ਗਾਥਾ' ਨਾਮ ਦੀ ਪੁਸਤਕ ਲਿਖ ਕੇ ਅਤੇ ਦੋ ਵਾਰ ਛਾਪ ਕੇ ਮਹਾਨ ਪਰਉਪਕਾਰ ਕੀਤਾ। ਹੁਣ ਤੀਜੀ ਵਾਰ ਛਪ ਚੁੱਕਾ ਹੈ।

੧੧. ਫੇਰ ਅਗਸਤ ੧੯੭੪ ਵਿੱਚ ਸ੍ਰੀਮਾਨ ੧੧੧ ਸੰਤ ਮਹਾਰਾਜ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਪਵਿੱਤ੍ਰ ਜੀਵਨ 'ਰੂਹਾਨੀ ਸੰਦੇਸ਼' ਉਨ੍ਹਾਂ ਦੇ ਚਰਨਾਂ ਵਿਖੇ ਰਹਿੰਦਿਆਂ ਹੋਇਆ ਬੜੀ ਖੋਜ ਕਰ ਕੇ ਲਿਖਿਆ ਅਰ ਮਹਾਨ ਮਿਹਨਤ ਨਾਲ ਛਪਵਾਈ ਕਰਾਕੇ ਸੰਗਤਾਂ ਦੀ ਭੇਟਾ ਕੀਤਾ ਹੈ। (ਹੁਣ ਤੱਕ ਇਸ ਦੀਆਂ ਕਈ ਐਡੀਸ਼ਨਾਂ ਛਪ ਚੁੱਕੀਆਂ ਹਨ।)

ਆਸ ਹੈ ਇਸੇ ਪ੍ਰਕਾਰ ਦੀ ਸ਼ੁਭ ਭਾਵਨਾ ਸਹਿਤ ਗੁਰਮੁਖ ਪਿਆਰਿਆਂ ਦੇ ਜੀਵਨ ਲਿਖਣ ਅਤੇ ਗੁਰਬਾਣੀ ਦੇ ਪ੍ਰਚਾਰ ਵਿਖੇ ਆਪਣਾ ਜੀਵਨ ਸਫ਼ਲਾ ਕਰਨਗੇ।

ਦਾਸ - ਕਿਰਪਾਲ ਸਿੰਘ
ਮਕਾਨ ਨੰ: ੨੫੮
ਅਜੀਤ ਨਗਰ, ਅੰਮ੍ਰਿਤਸਰ - ੮-੭-੭੪

ਲੇਖਕ ਦੀ ਪ੍ਰਾਰਥਨਾ

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੌ ਖੁਸੀ ਨ ਆਯਉ ॥ (ਸਵਈਏ ਮਹਲੇ ਤੀਜੇ ਕੇ ਭਿਖਾ - ੧੩੯੬)

ਵੈਰਾਗ ਦੀ ਡਾਵਾਂ ਡੋਲ ਅਵਸਥਾ ਵਿੱਚ ਕਿਸੇ ਪੂਰਨ ਵਿਅਕਤੀ ਦੀ ਭਾਲ ਵਿਖੇ ਥਾਂ ਥਾਂ ਤੇ ਫਿਰਦਾ ਹੋਇਆ ਜਦੋਂ ਬੀਕਾਨੇਰ ਦੇ ਚੱਕਾਂ ਵਿੱਚ ਪੁੱਜਾ ਤਾਂ:

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ (ਗਉੜੀ ਮਃ ੫ - ੨੦੪)

ਦੇ ਮਹਾਂਵਾਕ ਅਨੁਸਾਰ ਪਿਛਲੇ ਸੰਸਕਾਰਾਂ ਦੀ ਪ੍ਰਬਲਤਾ ਦੁਆਰਾ ਸੰਤ ਬਾਬਾ ਇੰਦਰ ਸਿੰਘ ਜੀ ਦਾ ਮਿਲਾਪ ਹੋਇਆ, ਜਿਨ੍ਹਾਂ ਦੀ ਬਖ਼ਸ਼ਿਸ਼ ਤੇ ਪ੍ਰੇਰਨਾ ਦਾ ਸਦਕਾ:

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

(ਗਉੜੀ ਬੈਰਾਗਣਿ ਮਃ ੫ - ੧੬੭)

੧੦ ਜੂਨ ੧੯੪੫ ਈ. ਦਾ ਸ਼ੁਭ ਦਿਹਾੜਾ ਆਇਆ:

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥ (ਸੂਹੀ ਮਃ ੫ - ੭੪੯)

ਜਦੋਂ ਕਿ ਕਰਮਸਰ ਦੀ ਪਾਵਨ ਧਰਤੀ ਦਾ ਦੀਦਾਰ ਕੀਤਾ।

ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ ॥
ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ ॥ (ਰਾਮਕਲੀ ਵਾਰ-੨ ਮਃ ੫ ੯੫੮)

ਗੰਗਾ ਗੁਦਾਵਰੀ ਵਾਂਗ ਨਿਰਮਲ ਜਲ ਪੂਰਤ ਨਹਿਰ ਕਿਨਾਰੇ ਮਾਤਲੋਕ ਦੀ ਧਰਤੀ ਤੇ ਬੈਕੁੰਠ ਦੀ ਝਾਕੀ ਤੱਕ ਮਨ ਖ਼ੁਸ਼ੀ ਵਿੱਚ ਨੱਚ ਉਠਿਆ। ਸਲੋਕ, ਸਮੀਪ, ਮੁਕਤੀ, ਵਾਲੇ ਸਾਧੂਆਂ ਦਾ ਦਰਸ਼ਨ ਕਰ ਸ਼ਾਂਤੀ ਤੇ ਹੈਰਾਨਗੀ ਦੇ ਮਿਸ਼ਰਤ ਰੰਗ ਵਿੱਚ ਖੜਾ ਸੋਚ ਰਿਹਾ ਸੀ ਕਿ:

ਮੋ ਗਰੀਬ ਕੀ ਕੌ ਗੁਜਰਾਵੈ ॥ ਮਜਲਸਿ ਦੂਰਿ ਮਹਲੁ ਕੌ ਪਾਵੈ ॥

(ਭੈਰਉ ਭਗਤ ਕਬੀਰ ਜੀ - ੧੧੬੧)

ਮੇਰੇ ਵਰਗੇ ਮੰਦਭਾਗੀਆਂ ਨੂੰ ਤਾਂ ਇਹੋ ਜਿਹੇ ਅਸਥਾਨ ਦਾ ਦਰਸ਼ਨ ਹੋਣਾ ਹੀ ਬੜਾ ਦੁਰਲਭ ਹੈ:

ਮੰਦਭਾਗੀ ਤੇਰੋ ਦਰਸਨੁ ਨਾਹਿ ॥੩॥ (ਗਉੜੀ ਕਬੀਰ ਜੀ - ੩੨੩)

ਅਖ਼ੀਰ ਨੂੰ ਜਕੋ ਤੱਕੀ ਵਿੱਚ ਦਰਵਾਜ਼ੇ ਕੋਲ ਪੁੱਜਾ ਤਾਂ ਮੇਰੇ ਕੰਨਾਂ ਵਿੱਚ ਇਹ ਅੰਦਰੋਂ ਸ਼ਬਦ ਗੂੰਜਣ ਲੱਗੇ:

ਕਬਿੱਤ: ਲੱਗੀ ਹੋਈ ਅੱਗ ਦੇਖੀ ਚਾਰੋਂ ਹੀ ਤਰਫ ਜਦ, ਚਾਣਚੱਕ ਪਿਆ ਨਜ਼ਰ ਸ਼ਾਂਤ ਇੱਕ ਬਾੜਾ ਹੈ।
ਸੁੰਦਰਤਾ ਦੇਖ ਮਨ ਵੱਸ ਤੋਂ ਬੇਵੱਸ ਹੋਇਆ, ਅਗੇ ਜਾਕੇ ਸੋਚਿਆ ਮੈਂ ਇੰਦਰ ਅਖਾੜਾ ਹੈ।
ਨਹਿਰ ਦਾ ਕਿਨਾਰਾ ਛੱਡ ਕੋਲ ਆਇਆ ਫਾਟਕ ਦੇ, ਮਨ ਵਿੱਚ ਕਿਹਾ ਇਹ ਤਾਂ ਵਿਸ਼ਨੂੰ ਦੁਆਰਾ ਹੈ।
ਓਏ ਭੁੱਲੇ ਮਨ ਜਿਹਨੂੰ ਇੰਦਰ ਵਿਸ਼ਨ ਆਖੇਂ ਪ੍ਰਿਥਵੀ ਦੇ ਨਾਥ ਸਦਾ ਏਹ ਤਾਂ ਸਾਹਿਬ ਰਾੜਾ ਹੈ।
ਤਥਾ: ਬਾਗ ਵਿੱਚ ਜਾ ਕੇ ਜਦੋਂ ਸ਼ੋਭਾ ਦੇਖੀ ਬੂਟਿਆਂ ਦੀ, ਸ਼ਾਂਤ ਮਨ ਹੋ ਕੇ ਲੱਗਾ ਕਰਨ ਪਿਆਰਾ ਹੈ।
ਆਓ ਸੰਤ ਨਾਥ ਤੇ ਸੁਣਾਓ ਕੋਈ ਗਾਥ ਸ਼ੁਭ, ਚਿੰਤਾ ਕਰੋ ਨਾਸ ਐਸੇ ਬੂਟਿਆਂ ਪੁਕਾਰਾ ਹੈ।
ਹੋਇ ਕੇ ਸਕੁਚ ਮਨ ਖੜ੍ਹਾ ਮੈ ਹੈਰਾਨੀ ਵਿੱਚ, ਮਨ ਵਿਖੇ ਕਿਹਾ ਇਹ ਬ੍ਰਹਮ ਦਾ ਦੁਆਰਾ ਹੈ।
ਸਾਹਿਬ ਈਸ਼ਰ ਸਿੰਘ ਵਿਸ਼ੇ ਸਿਆਲ ਮ੍ਰਿਗਿੰਦ ਆਪ, ਜਹਾਂ ਅਘੀ ਤਰਿੰਦ ਰਚਤ ਉਨ੍ਹਾਂ ਰਾੜਾ ਹੈ।

ਸ਼ਾਮ ਦੇ ਪੰਜ ਵਜੇ ਸਤ ਪੁਰਸ਼ਾਂ ਦੀ ਚਰਨ ਛੁਹ ਵਾਲੀ ਪਾਵਨ ਧਰਤੀ ਦੀ ਮਿੱਟੀ ਚੁੰਮੀ, ਮਸਤਕ ਤੇ ਨੇਤਰ ਸੀਤਲ ਕੀਤੇ, ਕੋਈ ਅਗੰਮੀ ਰਸ ਆਇਆ। ਰਾਤ ਨੂੰ ਕਥਾ ਕੀਰਤਨ ਵਿੱਚ ਹਾਜ਼ਰੀ ਦਿੱਤੀ। ਸਵੇਰੇ ਸ਼ਾਹਾਂ ਦੇ ਸਿਰਤਾਜ ਦਾ ਦਰਸ਼ਨ ਹੋਇਆ। ਦੂਰੋਂ ਹੀ ਦੇਖ ਖ਼ੁਮਾਰੀ ਚੜ੍ਹ ਗਈ। ਜਦੋਂ ਚਰਨਾਂ ਤੇ ਸੀਸ ਰੱਖਿਆ ਤਾਂ ਦੇਸ਼ ਕਾਲ ਭੁੱਲ ਗਿਆ। ਹਜ਼ੂਰ ਨੇ ਪਿਆਰ ਨਾਲ ਸੁੱਖ ਅਨੰਦ ਪੁੱਛੀ ਅਤੇ ਆਖਿਆ, "ਕਿਥੋਂ ਆਇਆ ਹੈਂ?" ਅਰਜ਼ ਕੀਤੀ, "ਦਾਤਾ! ਤੂੰ ਸੁੱਖ ਕਾ ਸਾਗਰ ਹੈਂ ਤੇਰੀ ਇੱਕ ਬੂੰਦ ਕੇ ਪਿਆਸੇ ਹਮ।" ਅਤੇ ਨਾਲ ਇਉਂ ਬੇਨਤੀ ਕੀਤੀ:

ਕਾਮ ਭਰੀ, ਕ੍ਰੋਧ ਭਰੀ, ਲੋਭ ਭਰੀ, ਮੋਹ ਭਰੀ, ਈਰਖਾਂ ਦਵੈਸ਼ ਭਰੀ, ਦੇਹੀ ਮਮ ਸੰਤ ਜੀ!
ਰਾਗ ਭਰੀ, ਭੋਗ ਭਰੀ, ਸੋਗ ਭਰੀ, ਰੋਗ ਭਰੀ, ਹਉਮੈ ਦੁਰਗੰਧ ਭਰੀ, ਪਾਪੀ ਵਡ ਜੰਤ ਜੀ!

ਨਿੰਦਾ ਭਰੀ, ਚਿੰਦਾ ਭਰੀ, ਧੰਧਾ ਭਰੀ, ਗੰਦਾ ਭਰੀ, ਨਾਰੀ ਲਪਟੰਦਾ ਭਰੀ, ਆਦ ਹੂੰ ਨ ਅੰਤ ਜੀ।
ਨੀਚ ਬਿਵਾਹਰ ਭਰੀ, ਖੋਟ ਬੁਰਿਆਰ ਭਰੀ, ਬ੍ਰਿਤੀ ਮੰਦ ਕਾਰ ਭਰੀ, ਤਾਰੋ ਭਗਵੰਤ ਜੀ!

ਤਥਾ: ਜਬ ਮੈਂ ਕਹਿਤਾ ਹੂੰ ਖੁਦਾ! ਮੇਰੀ ਹਾਲਤ ਤੋ ਦੇਖ। ਹੁਕਮ ਹੋਤਾ ਹੈ ਆਪਨਾ ਨਾਮਾ ਅਮਾਲ ਤੋ ਦੇਖ।

ਦਾਤੇ ਨੇ ਧੀਰਜ ਬਖ਼ਸ਼ਿਆ ਕਿਉਂਕਿ ਸਮਦ੍ਰਿਸ਼ਟੀ ਵਾਲੇ ਕਿਸੇ ਦੇ ਔਗੁਣਾਂ ਵਲ ਨਹੀਂ ਦੇਖਦੇ। ਹਰ ਇੱਕ ਨਾਲ ਪਿਆਰ ਕਰਦੇ ਹਨ।

ਨ ਆਪਣੇ ਸੇ ਮੁਹੱਬਤ ਹੈ ਨ ਨਫਰਤ ਗ਼ੈਰੋਂ ਸੇ ਮੁਝ ਕੋ, ਸਭ ਹੂੰ ਕੋ ਜਾਤਿ ਹੱਕ ਦੇਖੂੰ ਇਹੀ ਮੇਰਾ ਨਜ਼ਾਰਾ ਹੈ।

ਦੂਸਰੇ ਦਿਨ ਨਾਮ ਦੀ ਜਾਚਨਾ ਕੀਤੀ। ਅੰਮ੍ਰਿਤ ਛਕਾ ਕੇ ਨਾਮ ਜਪਣ ਦੀ ਜੁਗਤੀ ਦੱਸੀ ਅਤੇ ਉਪਦੇਸ਼ ਬਖਸ਼ਿਆ। ਗੁਰਸਿੱਖੀ ਸਭ ਤੋਂ ਅਮੋਲਕ ਪਦਾਰਥ ਹੈ। ਹਰ ਸਮੇਂ ਸਿੱਖ ਗੁਰੂ ਦੀ ਰਹਿਮਤ ਦਾ ਪਾਤਰ ਬਣੇ। ਸਿੱਖ ਵਾਸਤੇ ਗੁਰੂ ਸ਼ਰਨ ਹੀ ਲੋਕ ਪ੍ਰਲੋਕ ਵਿੱਚ ਸਹਾਇਤਾ ਕਰਨ ਵਾਲੀ ਹੈ। ਜੋ ਇੱਥੇ ਗਈਆਂ ਗ਼ੁਜ਼ਰੀਆਂ ਜ਼ਿੰਦਗ਼ੀਆਂ ਨੂੰ ਮਾਣ ਸਤਿਕਾਰ ਅਤੇ ਇੱਜ਼ਤ ਦਿਵਾਉਂਦੀ ਹੈ।

ਗੁਰੂ ਦਾ ਮਿਲਾਪ

ਇਹ ਪਰਮ ਪਾਰਸ ਗੁਰੂ ਛੋਹਾਂ ਹਨ ਜੋ ਲੋਹੇ ਦੇ ਮਨੂਰ ਤੋਂ ਬਾਰਾਂ ਵੰਨੀ ਦਾ ਸੋਨਾ ਕਰਦੀਆਂ ਹਨ:

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥

(ਮਾਰੂ ਮਃ ੧ - ੯੯੦)

ਇਹ ਭ੍ਰਿੰਗੀ ਦੀਆਂ ਧੁਨਾਂ ਹਨ ਜੋ ਰੁਲਦੇ ਫਿਰਦੇ ਕੀੜਿਆਂ ਨੂੰ ਖੰਭ ਦੇ ਕੇ ਹੁੰਮਾ ਪੰਛੀ ਦੇ ਰਾਜ ਬਖ਼ਸ਼ਣ ਵਾਲੀ ਗੱਦੀ ਤੇ ਬੈਠਾ ਦਿੰਦੀਆਂ ਹਨ। ਇਹ ਗਾਰੜੂ ਮੰਤਰ ਹਨ, ਜੋ ਜ਼ਹਿਰੀਲੇ ਤੇ ਇੱਕੀ ਕੁਲਾਂ ਤੱਕ ਨਾਸ ਕਰਨ ਵਾਲੇ ਸੱਪਾਂ ਦੇ ਦੰਦ ਕੱਢ ਦਿੰਦੇ ਹਨ। ਇਹ ਚੰਦਨ ਵਾੜੀ ਹੈ, ਜੋ ਅਰਿੰਡਾਂ ਤੇ ਅਕਾਂ ਨੂੰ ਵੀ ਬਾਵਨ ਚੰਦਨ ਬਣਾਂ ਦਿੰਦੀ ਹੈ:

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥

(ਸਲੋਕ ਭਗਤ ਕਬੀਰ ਜੀ - ੧੩੬੫)

ਤਥਾ: ਸਤਿਗੁਰ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ।
ਸਤਿਗੁਰ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ।
ਸਤਿਗੁਰ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ।
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸ ਜਲਹੁ ਦੁਧੁ ਪੀਣਾ।
ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ।
ਸਤਿਗੁਰੁ ਬੰਦੀ ਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ।
ਗੁਰਮੁਖਿ ਮਨ ਅਪਤੀਜੁ ਪਤੀਣਾ ॥੨੦॥

(ਭਾ. ਗੁਰਦਾਸ ਜੀ: ਵਾਰ ੨੬ ਪਉੜੀ ੨੦)

ਅਤੇ ਜਗਿਆਸੂ ਦੁੱਖ ਸੁੱਖ ਵਿਖੇ ਧੀਰਜ ਰੱਖੇ ਕਿਉਂਕਿ ਖ਼ਿਮਾਂ ਹੀ ਸਾਧੂ ਦਾ ਭੂਸ਼ਨ ਹੈ।

ਯਥਾ: ਖੋਦ ਖਾਦ ਧਰਤੀ ਸਹੈ ਕਾਟ ਕੂਟ ਬਨ ਰਾਇ।
ਕੁਟਲ ਬਚਨ ਸਾਧੂ ਸਹੈ ਔਰ ਪਹਿ ਸਹਿਆ ਨਾ ਜਾਇ।

ਤਥਾ: ਦਿਲ ਦੇ ਜ਼ਖਮੋਂ ਧੂੰਅ ਜੋ ਨਿੱਕਲੇ ਉਸ ਤੋਂ ਡਰਦੇ ਰਹਿਣਾ।
ਘਾਉ ਅੰਦਰ ਦਾ ਛੁਪੇ ਨਾ ਭਾਈ ਜਦ ਕਦ ਪ੍ਰਗਟ ਪੈਣਾ।
ਵਾਹ ਲੱਗੇ ਜਿੱਥੋਂ ਤਕ ਤੇਰੀ ਦਿਲ ਨ ਢਾਹੀਂ ਕੋਈ।
ਕਈ ਵਾਰ ਐ ਦੁਨੀਆਂ ਮੁੜ ਮੁੜ ਉਜੜ ਬਸਾਨੀਂ ਹੋਈ।

ਤਥਾ: ਸੀਤਲ ਸਬਦ ਉਚਾਰੀਏ ਅਹੰ ਆਨੀਏ ਨਾਹਿ।
ਤੇਰਾ ਪ੍ਰੀਤਮ ਤੁਝ ਪਹਿ ਦੁਸ਼ਮਨ ਭੀ ਤੁਝ ਮਾਹਿ।
ਕੁਬਿਧ ਕਮਾਨੀ ਚੜ੍ਹ ਰਹੀ ਕੁਟਲ ਬਚਨ ਕਾ ਤੀਰ।

ਭਰ ਭਰ ਮਾਰੇ ਜਬਾਂ ਸੇ ਸਾੜੇ ਸਕਲ ਸਰੀਰ।

ਹਰ ਸਮੇਂ ਸੰਗਤ ਦੇ ਕਿਲ੍ਹੇ ਵਿੱਚ ਨਿਵਾਸ ਰੱਖਣਾ ਕਿਉਂਕਿ ਗੁਰਮੁਖ ਦੀ ਸੰਗਤ ਸਭ ਨੂੰ ਲਾਭ ਪਹੁੰਚਾਉਂਦੀ ਹੈ। ਮਨਮੁਖ ਦੀ ਸੰਗਤ ਹਾਨੀਕਾਰਕ ਹੈ।

ਯਥਾ: ਹਨਿ ਕੁਸੰਗ ਸੁ ਸੰਗਤਿ ਲਾਹੂ। ਲੋਕਹੁ ਵੇਦ ਵਿਦਤ ਸਭ ਕਾਹੂੰ।
ਗਗਨ ਚੜੇ ਰਜ ਪਵਨ ਪ੍ਰਸੰਗਾ। ਕੀਚਹਿ ਮਿਲਹਿ ਨੀਚ ਜਲ ਸੰਗਾ।
ਸਾਧ ਅਸਾਧ ਸਦਨ ਸੁਕ ਸਾਰੀ। ਸਿਮਰਹ ਨਾਮ ਦੇਹਿ ਗਣ ਗਾਰੀ।
ਧੂਮ ਕੁਸੰਗ ਕਾਰਖ ਹੈ ਜੋਈ। ਲਿਖਨ ਪੁਰਾਨ ਮੰਜ ਮਸੁ ਹੋਈ। (ਤੁਲਸੀ ਰਾਮਾਇਣ)

ਇਉਂ ਹੋਰ ਵੀ ਬਹੁਤ ਸਾਰੇ ਪਵਿਤ੍ਰ ਬਚਨਾਂ ਦੁਆਰਾ ਉਪਦੇਸ਼ ਕਰ ਕੇ ਅਸਥਾਨ ਦੀ ਸੇਵਾ ਬਖ਼ਸ਼ ਦਿੱਤੀ ਅਤੇ ਬਚਨ ਕੀਤਾ, "ਜਿਵੇਂ ਦੋ ਹਲਟਾਂ ਦੇ ਪਾਣੀ ਨਾਲ ਬਹੁਤੀ ਜ਼ਮੀਨ ਸਿੰਜੀਦੀ ਹੈ, ਇਸੇ ਤਰ੍ਹਾਂ ਸੇਵਾ ਤੇ ਭਜਨ ਦੋਹਾਂ ਨਾਲ ਛੇਤੀ ਹਿਰਦਾ ਸ਼ੁੱਧ ਹੁੰਦਾ ਹੈ। ਸ਼ੁੱਧ ਮਨ ਵਿੱਚ ਨਾਮ ਟਿਕਦਾ ਹੈ। ਸੇਵਾ ਤੇ ਸਿਮਰਨ ਇਕੋ ਹੀ ਮਾਲਾ ਦੇ ਮਣਕੇ ਹਨ। ਗੁਰੂ ਘਰ ਵਿੱਚ ਸਾਰੇ ਜਪਾਂ ਤਪਾਂ ਨਾਲੋਂ ਸੇਵਾ ਦੀ ਮਹੱਤਤਾ ਹੈ।" ਇਉਂ ਦਾਤੇ ਦੀ ਕ੍ਰਿਪਾ ਨਾਲ ਲਗਾਤਾਰ ਛੇ ਸਾਲ ਗੁਰ ਚਰਨਾਂ 'ਚ ਠਹਿਰ ਕੇ ਸੇਵਾ ਤੇ ਸਿਮਰਨ ਦਾ ਅਨੰਦ ਮਾਣਿਆਂ।

ਮੈਂ ਤੋ ਐਸਾ ਥਾਂ ਨਹੀਂ ਪਰ ਤੂੰ ਨੇ ਐ ਪਰਵਰਦਗਾਰ!
ਤੇਰੀ ਕੁਦਰਤ ਹੈ ਬੜੀ, ਅਦਨਾ ਸੇ ਆਲਾ ਕਰ ਦੀਆ।
ਜ਼ਰ੍ਹੇ ਕੋ ਜ਼ਰ੍ਹਾ ਕਰ ਦੀਆ। ਜੋ ਮੁਝੇ ਦਰਕਾਰ ਥਾ, ਸਾਮਾਨ ਮੁਹਈਆ ਕਰ ਦੀਆ।

੧੯੪੭ ਦਾ ਘਲੂਘਾਰਾ, ਦੇਸ਼ ਦੀ ਵੰਡ, ਲੋਕਾਂ ਦੀ ਕਟਾ ਵਢੀ, ਗ਼ਰੀਬ ਮਜ਼ਲੂਮਾਂ ਦੀ ਚੀਖ ਪੁਕਾਰ ਸੁਣ ਕੇ ਦਿਲ ਦਹਿਲਦਾ ਸੀ। ਪਰ ਇੱਕੋ ਇੱਕ ਸ਼ਾਂਤੀ ਦਾ ਸੋਮਾ ਕਰਮਸਰ ਦੀ ਪਾਵਨ ਧਰਤੀ ਹੀ ਸੀ ਜਿੱਥੇ ਕਿ ਇਸ ਵਰ੍ਹ ਰਹੀਂ ਅਗ ਦੀਆਂ ਲਾਟਾਂ ਦਾ ਸੇਕ ਨਹੀਂ ਸੀ ਪੋਂਹਦਾ।

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥ (ਬਿਲਾਵਲੁ ਮਃ ੫ - ੮੧੯)

ਉਪਰੰਤ ਮਨ ਨੂੰ ਪੂਰਬਲੇ ਜਨਮ ਦੇ ਸੰਸਕਾਰਾਂ ਦੀ ਪ੍ਰੇਰਨਾ ਹੋਈ, ਬ੍ਰਹਮ ਵਿਦਿਆ ਦੇ ਦਾਤੇ ਦੇ ਪਾਸ ਗੁਰਮਤ ਦੀ ਵਿੱਦਿਆ ਪੜ੍ਹਨ ਵਾਸਤੇ ਬਿਨੈ ਕੀਤੀ, ਜਿਸ ਨੂੰ ਰੂਹਾਨੀ ਰਹਿਬਰ ਨੇ ਸਾਰੀ ਵਾਰਤਾ ਦਾ ਅਨੁਭਵ ਕਰ ਕੇ ਪ੍ਰਸੰਨ ਚਿੱਤ ਪ੍ਰਵਾਨ ਕਰ ਲਿਆ ਅਤੇ ਨਾਲ ਕੁੱਝ ਨਿਯਮ ਵੀ ਦੱਸੇ ਕਿ ਬਾਹਰ ਜਾ ਕੇ ਸੰਗਤ ਤੇ ਪੂਰਨ ਸ਼ਰਧਾ ਰੱਖਣੀ, ਰਹਿਤ ਵਿੱਚ ਪੱਕੇ ਰਹਿਣਾ, ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ, ਬਾਣੀ ਦੇ ਨਿੱਤਨੇਮ ਨੂੰ ਨਹੀਂ ਖੁੰਝਾਉਣਾ, ਕਿਸੇ ਮੱਤ ਮਤਾਂਤ੍ਰ ਤੇ ਤਰਕ ਨਹੀਂ ਕਰਨੀ, ਵਤੰਡਾਵਾਦ ਤੋਂ ਬਚਣਾ, ਪੜ੍ਹਨ ਸਮੇਂ ਪੂਰੀ ਮਿਹਨਤ ਕਰਨੀ, ਵਿੱਦਿਆ ਦਾਤੇ ਦੀ ਸੇਵਾ ਕਰਨੀ ਆਦਿਕ। ਇਉਂ ਕਈ ਸਾਲਾਂ ਵਿੱਚ ਕਈ ਥਾਵਾਂ ਤੇ ਵਿਚਰ ਕੇ ਮਾਨ ਸਰੋਵਰ ਦੀ ਝੀਲ ਤੋਂ ਤੱਤ ਮਿਥਿਆ ਦੇ ਵਿਵੇਚਨ ਕਰਨ ਵਾਲੇ ਰਾਜ ਹੰਸ ਸੰਤਾਂ ਤੋਂ ਇਹ ਗੁਰਮਤ ਵਿਚਾਰ ਦੇ ਹੀਰੇ ਜਵਾਹਰਾਤ ਤੇ ਅਮੋਲਕ ਲਾਲਾਂ ਦੀ ਭਿਖਿਆ ਮਿਲੀ, ਜਿਸ ਨੂੰ ਪਾ ਕੇ ਮਨ ਵਿੱਚ ਸੂਖਮ ਪਏ ਸੰਕਲਪਾਂ ਨੇ ਤੀਬਰ ਰੂਪ ਧਾਰਨ ਕਰ ਲਿਆ ਕਿ ਸਤਪੁਰਸ਼ਾਂ ਦਾ ਜਸ ਲਿਖ ਕੇ ਇਸ ਅਖਰੀ ਗਿਆਨ ਨੂੰ ਸਫ਼ਲਾ ਕਰਾਂ। ਪਰ ਇਤਨੇ ਵੱਡੇ ਕੰਮ ਨੂੰ ਹੱਥ ਪਾਉਣ ਦਾ ਹੌਸਲਾ ਨਹੀਂ ਸੀ ਪੈਂਦਾ। ਜਦੋਂ ਕਈ ਸਨੇਹੀ ਸੱਜਣ ਗੁਰਮੁਖ ਪਿਆਰਿਆਂ ਵਲੋਂ ਪ੍ਰੇਰਨਾ ਹੋਈ, ਜਿਨ੍ਹਾਂ ਵਿੱਚ ਸਿੰਘ ਸਾਹਿਬ ਗਿ: ਕ੍ਰਿਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਦਾ ਨਾਮ ਵਰਣਨ ਯੋਗ ਹੈ, ਤਾਂ ਕੰਬਦੇ ਮਨ ਨਾਲ ਦਾਤੇ ਦੇ ਚਰਨਾਂ ਵਿੱਚ ਲਿਆਂਦੀ ਸੱਧਰ ਪ੍ਰਗਟ ਕੀਤੀ। ਸੱਚੀ ਸਰਕਾਰ ਨੇ ਰਹਿਮ ਦੀ ਅਪੀਲ ਮਨਜ਼ੂਰ ਕਰ ਕੇ ਹੁਕਮ ਕੀਤਾ ਕਿ ਪਹਿਲਾਂ ਵੱਡੇ ਸਾਹਿਬਾਂ ਦਾ ਜੀਵਨ ਲਿਖੋ। ਬਸ ਫਿਰ ਕੀ ਸੀ। ਬੇ-ਜ਼ੁਬਾਨ ਕਾਨੀ ਨੂੰ ਹਜ਼ੂਰ ਦਾ ਹੁਕਮ ਹੋ ਗਿਆ। ਮਾਲਕ ਦੀ ਰਜ਼ਾ ਵਿੱਚ ਸੁੱਟ ਕੇ ਚਿੱਟੇ ਕਾਗਜ਼ਾਂ ਤੇ ਪਰਉਪਕਾਰ ਨੂੰ ਜਾਣ ਕੇ ਕਾਲੇ ਅੱਖਰ ਲਿਖਣੇ ਅਰੰਭ ਕਰ ਦਿੱਤੇ।

ਯਥਾ: ਫਟ ਛਾਤੀ ਦੋ ਟੁਕ ਭਈ, ਰੁਦਨਿ ਕਰਤਿ ਲਿਖ ਜਾਤ। ਪਰਸਵਾਰਥ ਉਪਕਾਰ ਬਿਨ, ਮੋਹਿ ਨ ਉਪਜਤਿ ਸ਼ਾਂਤ।
(ਗੁਰ ਪ੍ਰਤਾਪ ਸੂਰਜ ਗ੍ਰੰਥ)

ਜਿਸ ਕਰ ਕੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ ਜੀਵਨ 'ਪੱਛਮੀ ਪ੍ਰਕਾਸ਼' ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਜੀਵਨ 'ਜੀਵਨ ਗਾਥਾ' ਛੇਤੀ ਹੀ ਛਾਪੇ ਦਾ ਜਾਮਾ ਪਹਿਨ ਕੇ ਸੰਗਤਾਂ ਦੇ ਸਾਹਮਣੇ ਆ ਗਏ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਮੈਨੂੰ ਆਸ਼ਾ ਤੋਂ ਵੱਧ ਪ੍ਰੇਮੀਆਂ ਵਲੋਂ ਪ੍ਰਸੰਸਾ ਪ੍ਰਾਪਤ ਹੋਈ।

ਹੁਣ ਇਸੇ ਹੀ ਕਲਮ ਨੂੰ ਇਹ 'ਰੂਹਾਨੀ ਸੰਦੇਸ਼' ਪੁਸਤਕ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਅੱਜ

ਮੇਰੀਆਂ ਆਸਾਂ ਦੇ ਬੂਟੇ ਨੂੰ ਫ਼ਲ ਲੱਗਾ ਜਾਣ ਕੇ ਮਨ ਪੂਰਨ ਪ੍ਰਸੰਨਤਾ ਤੇ ਖੇੜੇ ਵਿੱਚ ਹੈ। ਇਸ ਵਿੱਚ ਤਰੁਟੀਆਂ ਰਹਿਣੀਆਂ ਸੰਭਵ ਹਨ ਕਿਉਂਕਿ ਮਹਾਂਪੁਰਸ਼ਾਂ ਦਾ ਜੀਵਨ ਲਿਖਣਾ ਬਹੁਤ ਮੁਸ਼ਕਿਲ ਹੈ। ਜਿਨ੍ਹਾਂ ਦੀ ਮਹਿਮਾ ਨੂੰ ਵੇਦ ਵੀ ਨਹੀਂ ਜਾਣ ਸਕਦਾ, ਵਿਚਾਰਾ ਇਹ ਜੀਵ ਕੀ ਲਿਖ ਸਕਦਾ ਹੈ। ਯਥਾ:

ਸੁਇ ਸੰਬੇਦ ਨਹਿ ਕਹ ਸਕੌਂ, ਲਛਨ ਸੰਤ ਮਹੰਤ। ਪਰ ਸੰਬੇਦ ਭਾਖੇ ਕਛੁ, ਸੰਗ ਪਰਤਾਪ ਕਰੰਤ।

ਆਪਣੇ ਸਮੇਂ ਤੇ ਸਵਾਸਾਂ ਨੂੰ ਸਫ਼ਲੇ ਕਰਨ ਹਿਤ ਅਤੇ ਜਗਿਆਸੂ ਜਨਾਂ ਦੇ ਲਾਭ ਵਾਸਤੇ ਸੰਤ ਜੀ ਮਹਾਰਾਜ ਅਤੇ ਉਨ੍ਹਾਂ ਦੇ ਪ੍ਰੇਮੀ ਸੱਜਣਾਂ ਨੂੰ ਇਹ ਤੁਛ ਭੇਟਾ ਅਰਪਣ ਕਰਦਾ ਹੋਇਆ ਸਭਨਾਂ ਤੋਂ ਹੋਈਆਂ ਭੁੱਲਾਂ ਦੀ ਖ਼ਿਮਾਂ ਮੰਗ ਕੇ ਗੁਰਸਿੱਖੀ ਦੀ ਜਾਚਨਾ ਕਰਦਾ ਹਾਂ।

ਜਿਨ੍ਹਾਂ ਦੀ ਮਦਦ ਤੇ ਸਹਾਇਤਾ ਨਾਲ ਇਹ ਮਹਾਨ ਕਾਰਜ ਸਿਰੇ ਚੜ੍ਹਿਆ ਹੈ, ਮੈਂ ਉਨ੍ਹਾਂ ਸਾਰੇ ਗੁਰੂ ਪਿਆਰਿਆਂ ਦਾ ਵੀ ਰਿਣੀ ਤੇ ਕ੍ਰਿਤ-ਕ੍ਰਿਤ ਧੰਨਵਾਦੀ ਹਾਂ।

ਧੰਨਵਾਦ

ਈਸ਼ਰ ਅੰਤਰਯਾਮੀ ਅਨੰਤ ਬ੍ਰਹਮੰਡ ਨਾਇਕ ਅਕਾਲ ਪੁਰਖ ਦਾ ਧੰਨਵਾਦ ਹੈ ਜਿਸ ਨੇ ਆਪਣੀ ਪਰਮ ਬਖ਼ਸ਼ਿਸ਼ ਕਰ ਕੇ ਸਰਬੋਤਮ ਚੌਰਾਸੀ ਲੱਖ ਜੂਨਾਂ ਦਾ ਸਿਰਤਾਜ ਮਨੁੱਖਾ ਜਨਮ ਬਖਸ਼ਿਆ ਹੈ। ਧੰਨ ਹੈ ਕਲਜੁਗ ਦਾ ਸਮਾਂ ਜਿਸ ਵਿੱਚ ਥੋੜ੍ਹੀ ਘਾਲਣਾ ਘਾਲ ਵਿਸ਼ੇਸ਼ ਫ਼ਲ ਦੀ ਪ੍ਰਾਪਤੀ ਕਥਨ ਕੀਤੀ ਗਈ ਹੈ:

ਏਕ ਚਿਤ ਜਿਹ ਇੱਕ ਛਿਨ ਧਿਆਇਓ ॥ ਕਾਲ ਫਾਸਿ ਕੇ ਬੀਚ ਨ ਆਇਓ ॥੧੦॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਤਥਾ: ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥
ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥

(ਆਸਾ ਮਃ ੫ - ੩੮੨)

ਉਪਰੰਤ ਗੁਰੂ ਨਾਨਕ ਦੇਵ ਜੀ ਦੀ ਪਰਮ ਪਵਿਤ੍ਰ ਗੁਰਸਿਖੀ ਦੀ ਦਾਤ ਪ੍ਰਾਪਤ ਹੋ ਕੇ ਪੂਰਨ ਮਹਾਂਪੁਰਸ਼ਾਂ ਦਾ ਮਿਲਾਪ ਤੇ ਬ੍ਰਹਮ ਵਿਦਿਆ ਦੀ ਵੀਚਾਰ ਪ੍ਰਾਪਤ ਹੋਈ। ਧੰਨਵਾਦ ਹੈ ਉਨ੍ਹਾਂ ਨਾਮ-ਰਸੀਏ, ਵਿੱਦਿਆ ਦਾਤੇ ਸਮੂੰਹ ਮਹਾਂਪੁਰਸ਼ਾਂ ਦਾ, ਜਿਨ੍ਹਾਂ ਨੇ ਗ਼ਰੀਬ ਨਿਵਾਜ਼ ਬਿਰਦ ਦੀ ਸੰਭਾਲ ਕਰਦਿਆਂ ਪਰਮ ਕ੍ਰਿਪਾਲਤਾ ਕਰ ਕੇ ਅੱਖਰੀ ਗਿਆਨ ਦੁਆਰਾ ਗੁਰਮਤ ਦੀ ਖੋਜ ਤਥਾ ਬ੍ਰਹਮ ਵਿੱਦਿਆ ਦੀ ਵਿਚਾਰ ਬਖ਼ਸ਼ੀ।

(ਪ੍ਰਾਰਥਿਕ - ਗਿ: ਮੋਹਨ ਸਿੰਘ ਆਜ਼ਾਦ)

ਸੰਤ ਮਹਿਮਾ

ਵਲੋਂ: ਸ੍ਰੀਮਾਨ ਸੰਤ ਗਿ. ਵਰਿਆਮ ਸਿੰਘ ਜੀ ਪਿੰਡ ਧੂਰਕੋਟ (ਸੰਗਰੂਰ)

ਜਨ ਕੀ ਮਹਿਮਾ ਕੇਤਕ ਬਰਨਉ ਜੌ ਪ੍ਰਭ ਅਪਨੇ ਭਾਣੇ ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥ (ਸੂਹੀ ਮਃ ੫ - ੭੪੮)

ਭਾਵ ਸਾਰੀਆਂ ਵਡਿਆਈਆਂ ਵਾਹਿਗੁਰੂ ਦੇ ਨਾਮ ਵਿੱਚ ਹਨ। ਜੇਕਰ ਗੁਰਮੁਖ ਹੋ ਕੇ ਅਰਥਾਤ ਗੁਰਮਤ ਦੀ ਧਾਰਨਾਂ ਵਾਲੇ ਬਣ ਕੇ ਨਾਮ ਵਿੱਚ ਚਿੱਤ ਲਾ ਕੇ ਉਸ ਨੂੰ ਯਾਦ ਕਰੀਏ; ਤਾਂ ਜਿਹੜੀ ਵਸਤੂ ਮੰਗੀਏ, ਸੋਈ ਪਾਈਦੀ ਹੈ। ਯਥਾ:

ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥
ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤ ਲਾਈਐ ॥ (ਵਾਰ-ਬਿਲਾਵਲੁ ਮਃ ੪ - ੮੫੦)

ਮਨ ਦੀਆਂ ਸਮੂੰਹ ਇੱਛਾ ਪੂਰਨ ਵਾਲੇ ਐਸੇ ਪ੍ਰਮੇਸ਼ਰ ਦੇ ਨਾਮ ਨੂੰ ਜੋ ਸੰਤ ਜਨ ਸਾਰੇ ਵਿਘਨਾਂ ਤੋਂ ਰਹਿਤ ਹੋ ਕੇ ਸਿਮਰਦੇ ਹਨ, ਉਹ ਆਪ ਸੰਸਾਰ ਸਮੁੰਦਰ ਤੋਂ ਤਰਦੇ ਅਤੇ ਹੋਰ ਲੱਖਾਂ ਜੀਵਾਂ ਨੂੰ ਤਾਰਦੇ ਹਨ।

ਸਨਾਤਨ ਗ੍ਰੰਥਾਂ ਵਿੱਚ ਇਹ ਦਸ ਵਿਘਨ ਲਿਖੇ ਹਨ:

ਚੋਪਈ: ਸੰਤਨ ਕੀ ਨਿੰਦਾ ਹੈ ਜੋਈ। ਪ੍ਰਥਮੈ ਬਿਘਨ ਪਛਾਨੋ ਸੋਈ।
ਨਾਮ ਮਹਾਤਮ ਨਾਸਤਕ ਪਾਸ। ਕਹਿਨਾ ਦੂਸਰ ਵਿਘਨ ਪ੍ਰਕਾਸ਼।
ਸਾਸਤ੍ਰ ਮਹਿ ਸ਼ਰਧਾ ਹੋਇ ਨਾਹੀ। ਤੀਸਰ ਵਿਘਨ ਪਛਾਨੋ ਤਾਹੀ।
ਸਰੁਤੀ ਬਚਨ ਮੇਂ ਨਹੀਂ ਵਿਸ਼ਵਾਸ। ਬਿਘਨ ਚਤੁਰਥ ਕੀਨ ਪ੍ਰਕਾਸ਼।

ਗੁਰੂ ਵਾਕ ਮਹਿ ਸ਼ਰਧਾ ਹੀਨ। ਪੰਚਮ ਬਿਘਨ ਯਹੀ ਤੁਮ ਚੀਨ।
ਬਿਸ਼ਨੂੰ ਸ਼ਿਵ ਮੈਂ ਭੇਦ ਨਿਹਾਰੇ। ਬਿਘਨ ਖਸਟਮੋਂ ਯਹ ਨਿਰਧਾਰੇ।
ਨਾਮ ਵਿਖੇ ਰੌਚਕ ਕ੍ਰਮ ਜੋਈ। ਸਪਤਮ ਬਿਘਨ ਪਛਾਨੋ ਸੋਈ।
ਨਾਮ ਓਟ ਅਸ਼ੁਭ ਆਚਰਨਾ। ਅਸ਼ਟਮ ਬਿਘਨ ਹਿਰਦੇ ਮਹਿ ਧਰਨਾ।
ਨਾਮ ਓਟ ਕਰਹਿ ਸ਼ੁਭ ਤਿਆਗਾ। ਨਵਮੋ ਬਿਘਨ ਯਹੀ ਵਡਭਾਗਾ।
ਔਰ ਧਰਮ ਨਾਮ ਸਮ ਜਾਨੇ। ਦਸਮੋਂ ਬਿਘਨ ਯਹੀ ਪਛਾਨੇ।

ਭਾਵ ਹੋਰ ਧਰਮਾਂ ਨੂੰ ਨਾਮ ਦੇ ਸਮਾਨ ਜਾਣ ਲੈਣਾ ਵੀ ਵਿਘਨ ਹੈ। ਕਿਉਂਕਿ ਨਾਮ ਦੀ ਵਡਿਆਈ ਸਭ ਤੋਂ ਵੱਡੀ ਹੈ।

ਯਥਾ:

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥ (ਸੋਰਠਿ ਮਃ ੯ - ੬੩੨)

ਸਕਲ ਬਿਘਨ ਬਿਨ ਨਾਮ ਧਿਆਏ। ਯਥਾਵਤ ਫ਼ਲ ਸੋਈ ਨਰ ਪਾਏ।

ਇੱਕ ਜਗ੍ਹਾ ਮਨ, ਬਾਨੀ, ਸਰੀਰ ਇਨ੍ਹਾਂ ਤਿੰਨਾਂ ਦੇ ਦਸ ਦੋਸ਼ ਇਹ ਲਿਖੇ ਹਨ। ਮਨ ਦੇ ਚਾਰ ਦੋਸ਼ ਇਹ ਹਨ:

੧. ਪ੍ਰਾਏ ਦਾ ਬੁਰਾ ਚਿਤਵਨਾ ੨. ਦੂਜੇ ਦੀ ਬਿਭੂਤੀ ਨੂੰ ਦੇਖ ਕੇ ਸੜਨਾ
੩. ਪਾਪ ਕਰ ਕੇ ਛੁਪਾ ਰੱਖਣਾ ੪. ਵਿਕਾਰਾਂ ਦੀ ਇੱਛਾ ਅਥਵਾ ਪਦਾਰਥਾਂ ਦੀ ਤ੍ਰਿਸ਼ਨਾ ਹੋਣੀ।

ਬਾਣੀ ਦੇ ਤਿੰਨ ਦੋਸ਼ ਇਹ ਹਨ:

੧. ਝੂਠ ਬੋਲਣਾ ੨. ਪ੍ਰਾਏ ਦੀ ਨਿੰਦਿਆ ਕਰਨੀ
੩. ਕਿਸੇ ਨੂੰ ਕੌੜਾ ਬੋਲਣਾ।

ਸਰੀਰ ਦੇ ਤਿੰਨ ਦੋਸ਼ ਇਹ ਹਨ:

੧. ਚੋਰੀ ਕਰਨੀ ੨. ਜੀਵਾਂ ਨੂੰ ਮਾਰਨਾ ਭਾਵ ਜੀਵ ਹਿੰਸਾ
੩. ਪਰਾਈ ਇਸਤ੍ਰੀ ਨਾਲ ਵਿਭਚਾਰ।

ਇਨ੍ਹਾਂ ਦਸਾਂ ਦੋਸ਼ਾਂ ਤੋਂ ਰਹਿਤ ਹੋ ਕੇ ਨਾਮ ਜਪਿਆ ਸਫ਼ਲਾ ਹੈ। ਸੋ, ਇਨ੍ਹਾਂ ਸਾਰੇ ਵਿਘਨਾਂ ਤੋਂ ਰਹਿਤ ਹੋ ਕੇ ਨਾਮ ਦੇ ਜਪਣ ਵਾਲੇ ਗੁਰਮੁਖ ਜਨ ਪੂਰਨ ਤੇਜ਼ ਪ੍ਰਤਾਪੀ ਹੁੰਦੇ ਹਨ। ਯਥਾ:

ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ ॥ (ਪ੍ਰਭਾਤੀ ਮਃ ੪ - ੧੩੩੬)

ਜਿਵੇਂ 'ਉਡਵਾ' ਤਾਰਿਆਂ ਵਿੱਚ ਚੰਦ੍ਰਮਾਂ ਪ੍ਰਕਾਸ਼ ਵਾਲਾ ਕੀਤਾ ਹੈ, ਤੈਸੇ ਹਰੀ ਦੇ ਜਨਾਂ ਦੀ ਸ਼ੋਭਾ ਸਾਰੇ ਜਗਤ ਭਰ ਵਿੱਚ ਪ੍ਰਕਾਸ਼ਦੀ ਹੈ ਜਿਸ ਨੂੰ ਪਾ ਕੇ ਅਗਿਆਨਤਾ ਦੇ ਅੰਧੇਰੇ ਵਿੱਚ ਭੁੱਲੇ ਭਟਕੇ ਹੋਏ ਜੀਵ ਸੱਚੇ ਸੁੱਖ ਦਾ ਮਾਰਗ ਲੱਭਦੇ ਹਨ। ਨਾਮ ਦੇ ਪ੍ਰਤਾਪ ਕਰ ਕੇ ਜਿਨ੍ਹਾਂ ਸੰਤ ਜਨਾਂ ਨੇ ਮਨ ਨੂੰ ਵਸੀਕਾਰ ਕੀਤਾ ਹੈ, ਪਰਮ ਪੁਰਖ ਵਾਹਿਗੁਰੂ ਜੀ ਤਿਨ੍ਹਾਂ ਜਨਾਂ ਨੂੰ ਆਪਣਾ ਸਰੂਪ ਬ੍ਰਹਮਗਿਆਨ ਤੇ ਸਰਬੱਗਤਾ ਆਦਿ ਬਿਭੂਤੀ (ਸਰਬੰਸ) ਦੇ ਦਿੰਦੇ ਹਨ। ਯਥਾ:

ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥
ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨਾ ॥ (ਬਿਲਾਵਲ ਮਃ ੪ - ੮੧੫)

ਆਪਣੀ ਸੰਗਤ ਬਖ਼ਸ਼ ਕੇ ਬੇਅੰਤ ਜੀਵਾਂ ਦਾ ਭਲਾ ਕਰਨ ਵਾਲੇ ਐਸੇ ਪਰਉਪਕਾਰੀ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਕਰਮਸਰ (ਰਾੜਾ ਸਾਹਿਬ) ਵਾਲਿਆਂ ਦਾ ਪਵਿਤ੍ਰ ਜੀਵਨ ਸੰਤ ਗਿ. ਮੋਹਨ ਸਿੰਘ ਜੀ 'ਆਜ਼ਾਦ' ਨੇ ਗੁਰਮਤਿ ਦੇ ਅਧਾਰ ਤੇ ਵਿਦਵਤਾ ਭਰਪੂਰ ਸੋਹਣੇ ਢੰਗ ਨਾਲ ਭਰਿਆ ਲਿਖਿਆ ਹੈ, ਜੋ ਪੜ੍ਹਨ ਸੁਣਨ ਨਾਲ ਸਰਬੱਤ ਦਾ ਭਲਾ ਕਰਨ ਵਾਲਾ ਗੁਰਮਤਿ ਦਾ ਸੁਮਾਰਗ ਦਿਖਾ ਕੇ 'ਲੋਕ ਸੁਖੀਏ ਪ੍ਰਲੋਕ ਸੁਹੇਲਾ' ਬਣਾਉਣ ਵਾਲਾ ਹੈ।

ਮੈਂ ਸਮੂੰਹ ਸੰਤ ਜਨਾਂ ਪ੍ਰੇਮੀ ਗੁਰਸਿੱਖਾਂ ਨੂੰ ਸਨਿੰਮ੍ਰ ਬੇਨਤੀ ਕਰਦਾ ਹਾਂ ਕਿ ਇਹੋ ਜਿਹੇ ਸਰਬੋਤਮ ਗੁਣਾਂ ਦੇ ਧਾਰਨੀ ਸਤਪੁਰਸ਼ਾਂ ਦੇ ਜੀਵਨ ਨੂੰ ਪੜ੍ਹ ਸੁਣ ਕੇ, ਗੁਰਮਤ ਅਨੁਸਾਰ ਚੱਲ ਕੇ, ਮਨੁੱਖਾ ਜਨਮ ਨੂੰ ਸਫ਼ਲਾ ਕਰੋ।

ਨਿੱਤ ਅਵਤਾਰ

ਵਲੋਂ: ਸ੍ਰੀਮਾਨ ਸੰਤ ਗਿ. ਕ੍ਰਿਪਾਲ ਸਿੰਘ ਜੀ ਮਹੰਤ

ਡੇਰਾ ਸੰਤ ਗਿ. ਅਮੀਰ ਸਿੰਘ ਜੀ, ਗਲੀ ਸੱਤੋਵਾਲੀ, ਅੰਮ੍ਰਿਤਸਰ

ਇਸ 'ਰੂਹਾਨੀ ਸੰਦੇਸ਼' ਪੁਸਤਕ ਵਿੱਚ ਸ੍ਰੀਮਾਨ ੧੦੮ ਪਰਮ ਪੂਜਯ, ਅਤੀ ਸਤਿਕਾਰ ਯੋਗ, ਨਾਮਰਸੀਏ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲਿਆਂ ਦਾ ਜੋ ਪਵਿਤ੍ਰ ਜੀਵਨ ਮੇਰੇ ਪਰਮ ਪਿਆਰੇ ਗਿਆਨੀ ਮੋਹਨ ਸਿੰਘ ਜੀ 'ਆਜ਼ਾਦ' ਨੇ ਅਤੀ ਘਾਲਣਾ ਘਾਲ ਕੇ ਬੜੇ ਉੱਦਮ ਨਾਲ ਆਪਣੇ ਹਸਤ ਕਮਲਾਂ ਦੁਆਰਾ ਲਿਖਿਆ ਹੈ, ਉਹ ਅਤੀ ਸ਼ਲਾਘਾ ਯੋਗ ਹੈ। ਮਹਾਂਪੁਰਸ਼ ਪ੍ਰਭੂ ਦੇ ਨਿੱਤ ਅਵਤਾਰ ਹੀ ਹੁੰਦੇ ਆਏ ਹਨ। ਯਥਾ:

ਸਾਧ ਰੂਪ ਅਪਨਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥

(ਮਾਰੂ ਮਃ ੫ - ੧੦੦੫)

ਤਥਾ: ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ॥
ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ ॥੨॥

(ਰਾਮਕਲੀ ਮਃ ੫ - ੯੨੯)

ਮਹਾਂਪੁਰਸ਼ ਆਪਣੀ ਸਾਰੀ ਉਮਰ ਅਕਾਲ ਪੁਰਖ ਦੇ ਭਜਨ ਸਿਮਰਨ, ਅੰਮ੍ਰਿਤ ਪ੍ਰਚਾਰ ਅਤੇ ਇਲਾਹੀ ਕੀਰਤਨ ਵਿੱਚ ਬਿਤਾ ਰਹੇ ਹਨ। ਇਹੋ ਸੱਚਾ ਧਨ ਪ੍ਰਾਪਤ ਹੋਣ ਕਰ ਕੇ ਮਹਾਂਪੁਰਸ਼ ਭਗਵੰਤ ਦਾ ਸਰੂਪ ਹਨ। ਯਥਾ:

ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥
ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥

(ਗਉੜੀ ਮਃ ੫ - ੨੫੦)

ਉਨ੍ਹਾਂ ਮਹਾਂਪੁਰਸ਼ਾਂ ਵਿੱਚੋਂ ਇਹ ਇੱਕ ਉਹ ਮਹਾਨ ਪਵਿਤ੍ਰ ਵਿਅਕਤੀ ਹੈ ਜਿਨ੍ਹਾਂ ਦੇ ਸੰਗ ਕਰ ਕੇ ਵਾਹਿਗੁਰੂ ਦਾ ਸਿਮਰਨ ਪ੍ਰਾਪਤ ਹੁੰਦਾ ਹੈ ਅਤੇ ਦਵੈਤ ਭਾਵ ਦਾ ਨਾਸ ਹੁੰਦਾ ਹੈ, ਆਤਮ ਵਿਸ਼ੈਣੀ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਜਨਮ ਮਰਨ ਦੇ ਦੁਖਾਂ ਦਾ ਅਭਾਵ ਹੁੰਦਾ ਹੈ। ਇਸ ਪ੍ਰਥਾਇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਲਿਖਿਆ ਹੈ:

ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ ॥੨॥
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥੩॥
ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ ॥੪॥

(ਮਾਰੂ ਮਃ ੫ - ੧੦੧੮)

ਦਾਸ ਨੂੰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਵਿਚਾਰ ਹਿਤ ਸੰਤ ਸਮਾਜ ਵਲੋਂ ਰੱਖੀ ੧੯੬੦ ਈ. ਦੀ ਮੀਟਿੰਗ ਵਿੱਚ ਅਸਥਾਨ ਦੇ ਦਰਸ਼ਨ ਤੇ ਮਹਾਂਪੁਰਸ਼ਾਂ ਦੇ ਮਿਲਾਪ ਦਾ ਸੁਭਾਗ ਪ੍ਰਾਪਤ ਹੋਇਆ ਸੀ। ਉਸ ਸਮੇਂ ਸੰਤ ਜੀ ਮਹਾਰਾਜ ਨੇ ਅਤੀ ਨਿੰਮ੍ਰਤਾ ਨਾਲ ਬੜੇ ਪਿਆਰ ਦਾ ਸਬੂਤ ਦਿੱਤਾ। ਅਸਥਾਨ ਤੇ ਅੰਮ੍ਰਿਤ ਵੇਲੇ ਜਾਗਣ ਦੀ ਮਰਯਾਦਾ, ਨਾਮ ਬਾਣੀ ਤੇ ਕਥਾ ਕੀਰਤਨ ਦਾ ਪ੍ਰਵਾਹ, ਗੁਰੂ ਕੇ ਅਤੁੱਟ ਲੰਗਰ ਦੀ ਚਾਲੀ ਦੇਖ ਮਨ ਬੜਾ ਪ੍ਰਸੰਨ ਹੋਇਆ। ਇਸ ਤਰ੍ਹਾਂ ਦੇ ਉੱਚੇ ਸੁੱਚੇ ਜੀਵਨ ਵਾਲਿਆਂ ਮਹਾਂਪੁਰਸ਼ਾਂ ਦਾ ਜੋ ਅਮਲੀ ਜੀਵਨ ਸ੍ਰੀਮਾਨ ਗਿ. ਮੋਹਨ ਸਿੰਘ ਜੀ ਨੇ ਇਸ ਪੁਸਤਕ ਵਿੱਚ ਅੰਕਿਤ ਕੀਤਾ ਹੈ, ਇਸ ਨੂੰ ਜਿਹੜਾ ਭੀ ਗੁਰਮੁਖ ਪੜ੍ਹ ਕੇ ਆਪਣੇ ਜੀਵਨ ਨੂੰ ਢਾਲੇਗਾ ਉਸ ਦਾ:

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥

(ਗਉੜੀ ਸੁਖਮਨੀ ਮਃ ੫ - ੨੯)

ਦੇ ਮਹਾਂ-ਵਾਕ ਅਨੁਸਾਰ ਜੀਵਨ ਸਫ਼ਲਾ ਹੋਵੇਗਾ।

ਪੁਸ਼ਪ ਭੇਟਾ

(ਵਲੋਂ: ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ, ਦਿੱਲੀ)

'ਰੂਹਾਨੀ ਸੰਦੇਸ਼' ਪੁਸਤਕ ਵਿੱਚ ਸ੍ਰੀਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ) ਵਾਲਿਆਂ ਦਾ ਜੀਵਨ ਸਮਾਚਾਰ ਲਿਖ ਕੇ ਗਿਆਨੀ ਸੰਤ ਮੋਹਨ ਸਿੰਘ ਜੀ ਨੇ ਸਿਰਫ ਪੰਜਾਬੀ ਸਾਹਿਤਕ ਭੰਡਾਰ ਵਿੱਚ ਵਾਧਾ ਵੀ ਨਹੀਂ ਕੀਤਾ, ਸਗੋਂ ਸਿੱਖ ਸਮਾਜ ਦੇ ਨਵੀਨ ਬਗੀਚੇ ਨੂੰ ਇਸ ਅੰਮ੍ਰਿਤਮਈ ਜੀਵਨੀ ਦੇ ਵੱਤਰ ਨਾਲ ਸਦਾ ਖਿੜਾਉ ਵਿੱਚ ਰੱਖਣ ਦਾ ਪਰਉਪਕਾਰ ਕੀਤਾ ਹੈ।

'ਸੰਤ' ਸ਼ਬਦ ਦੀ ਸੰਗਿਆ ਸਹਿਤ ਜਿਨ੍ਹਾਂ ਪੁਰਾਤਨ ਤੇ ਹੁਣ ਦੇ ਵਿਅਕਤੀਆਂ ਨੂੰ ਸਤਿਕਾਰਿਆ ਗਿਆ ਹੈ, ਉਨ੍ਹਾਂ ਦੀ ਪਹਿਚਾਣ ਦੇ ਕੁੱਝ ਕੁ ਵਿਸ਼ੇਸ਼ਣ ਗੁਰੂ ਅਰਜਨ ਦੇਵ ਜੀ ਨੇ ਸਹਸਕ੍ਰਿਤੀ ਸਲੋਕਾਂ ਵਿੱਚ ਇਉਂ ਦੱਸੇ ਹਨ:

ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ ॥
ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ ॥੧॥

(ਵਾਰ-ਜੈਤਸਰੀ ਮਃ ੫ – ੭੦੯)

ਭਾਵ ਸੰਤ ਦਿਆਲੂ ਪ੍ਰਮਾਤਮਾ ਦੇ ਆਸ੍ਰਿਤ ਹੁੰਦੇ ਹੋਏ ਆਪਣਾ ਉਧਾਰ (ਨਿਸਤਾਰਾ) ਸਮਝਦੇ ਅਤੇ ਉਸ ਦੇ ਕੀਰਤਨ ਵਿੱਚ ਰੱਤੇ ਰਹਿੰਦੇ ਹਨ। ਐਸੇ ਨਿਰਮਲ ਆਤਮਾ ਸੰਤ ਜੋ:

ਜੀਅਹੁ ਨਿਰਮਲ ਬਾਹਰਹੁ ਨਿਰਮਲ ॥

(ਰਾਮਕਲੀ ਮਃ ੩ – ੯੧੯)

ਹਨ ਉਨ੍ਹਾਂ ਦੀ ਸੰਗਤ ਦਵਾਰਾ ਪ੍ਰਮੇਸ਼ਰ ਦੀ ਓਟ (ਸਰਪ੍ਰਸਤੀ) ਪ੍ਰਾਪਤ ਹੁੰਦੀ ਹੈ।

ਸੰਤ ਈਸ਼ਰ ਸਿੰਘ ਜੀ ਵਿੱਚ ਉਕਤ ਗੁਰਵਾਕ ਪੂਰੀ ਤਰ੍ਹਾਂ ਸਫ਼ਲ ਹੋਇਆ ਦਿਸਦਾ ਹੈ। ਇਹ ਕੋਈ ਅਤਕਥਨੀ ਨਹੀਂ ਬਲਕਿ ਆਪ ਦੀ ਸੰਗਤ ਕਰਨ ਵਾਲੇ ਕਿਸੇ ਵੀ ਸਿਆਣੇ ਸੱਜਣ ਦੀ ਇਹੋ ਰਾਇ ਹੋ ਸਕਦੀ ਹੈ ਕਿਉਂਕਿ ਆਪ ਦੀ ਸਾਰੀ ਉਮਰ ਹੀ ਪ੍ਰਭੂ ਭਰੋਸੇ ਤੇ ਨਾਮ ਸਿਮਰਨ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਵਿੱਚ ਬੀਤੀ ਤੇ ਬਿਤਾਂਦੇ ਪਏ ਹਨ, ਇਹ ਵਾਕ ਵੀ ਐਸੇ ਸੰਤ ਪੁਰਸ਼ਾਂ ਬਾਬਤ ਫੁਰਮਾਇਆ ਹੈ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

(ਗਉੜੀ ਵਾਰ-੧ ਮਃ ੪ – ੩੦੬)

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥੧੫੩॥

(ਸਲੋਕ ਭਗਤ ਕਬੀਰ ਜੀ – ੧੩੭੨)

ਸੰਤ ਈਸ਼ਰ ਸਿੰਘ ਜੀ ਮਹਾਰਾਜ ਦੀ ਇਸ ਜੀਵਨ ਕਥਾ ਤੋਂ ਪਾਠਕਾਂ ਨੂੰ ਨਿਸਚਿਤ ਹੋ ਜਾਏਗਾ ਕਿ ਸ੍ਰੀ ਅਕਾਲ ਪੁਰਖ ਜੀ ਨੇ ਇਸ ਵਿਅਕਤੀ ਨੂੰ ਧੁਰ ਤੋਂ ਸਾਜ ਸੰਵਾਰ ਕੇ ਲੋਕ ਭਲਾਈ ਵਾਸਤੇ ਸੰਸਾਰ ਵਿੱਚ ਭੇਜਿਆ ਤੇ ਆਪਣੀ ਪ੍ਰੇਰਨਾ ਤੇ ਸਰਪ੍ਰਸਤੀ ਵਿੱਚ ਹੀ ਇਤਨਾ ਗੁਰਮਤਿ ਪ੍ਰਚਾਰ ਕਰਾਇਆ ਜੋ ਇਸ ਬਿਰਧ ਅਵਸਥਾ ਵਿੱਚ ਵੀ ਜਵਾਨੀ ਜਿਤਨੀ ਹਿੰਮਤ ਨਾਲ ਹੀ ਗੁਰਮਤਿ ਤੇ ਅੰਮ੍ਰਿਤ ਪ੍ਰਚਾਰ ਕਰਾਈ ਜਾਂਦਾ ਪਿਆ ਹੈ।

ਸੰਤ ਮਹਾਰਾਜ ਜੀ ਨੇ ਪ੍ਰਚਾਰ ਤੋਂ ਇਲਾਵਾ ਜੋ ਕਈ ਥਾਂਈ ਪ੍ਰਚਾਰ ਕੇਂਦਰ ਤੇ ਲੰਗਰ ਮਰਯਾਦਾ ਵੀ ਚਲਾ ਰਖੀ ਹੈ। ਇਹ ਆਪ ਦੀਆਂ ਸਦਾ ਵਾਸਤੇ ਅਮਰ ਯਾਦਗਾਰਾਂ ਰਹਿਣਗੀਆਂ। ਕਿਹੜੇ ਕਿਹੜੇ ਪੱਖ ਵੱਲ ਝਾਤੀ ਮਾਰ ਦੇਖੀਏ ਕਿ ਵਿੱਦਿਆ ਪ੍ਰਚਾਰ ਵਿੱਚ ਕਿਤਨਾ ਹਿੱਸਾ ਪਾਇਆ ਹੈ। ਇਹ ਅਪਾਰ ਦੇਣ ਹੈ। ਮੇਰੀ ਤਾਂ ਇਹੋ ਅਰਦਾਸ ਬੇਨਤੀ ਹੈ, ਜਿਵੇਂ ਗੁਰੂ ਬਾਣੀ ਵਿੱਚ ਫੁਰਮਾਇਆ ਹੈ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਗਉੜੀ ਵਾਰ-੧ ਮਃ ੪ - ੩੦੬)

ਅਸੰਗ ਵਿਅਕਤੀ

(ਵਲੋਂ- ਸ੍ਰੀਮਾਨ ੧੦੮ ਸੁਆਮੀ ਹਰੀ ਕਮਲ ਜੀ ਹਰਿਦੁਆਰ)

ਆਓ ਸਭ ਪ੍ਰੇਮੀ ਰਾੜੇ ਸੰਤਾਂ ਦੇ ਦਰਸ਼ ਕਰੋ, ਨਾਮ ਹੈ ਈਸ਼ਰ ਹਰਿ ਈਸ਼ਰ ਅਵਤਾਰ ਹੈ।
ਦਰਸ਼ਨਾਂ ਦੇ ਵਿੱਚ ਖਿੱਚ ਆਈ ਐਸੀ ਦੇਖਣੇ ਮੇਂ, ਬਚਨਾਂ 'ਚ ਰਸ ਦਿੰਦੇ ਜੀਵਨ ਸੁਧਾਰ ਹੈ।
ਨਹਿਰ ਕਿਨਾਰੇ ਤੇ ਨਜ਼ਾਰੇ ਅਲੋਕਾਰ ਦੇਖੇ, ਪੰਚਬਟੀ ਸਮ ਜਗ੍ਹਾ ਭਾਰਤੀ ਸ਼ਿੰਗਾਰ ਹੈ।
ਮੁਕਤ ਭੁਗਤ ਦੋਨੋਂ ਹੱਥ ਜੋੜ ਖੜੀ ਰਹੇ, ਕਰਮ ਉਪਾਸ ਗਿਆਨ ਖੋਲ੍ਹਿਆ ਭੰਡਾਰ ਹੈ।
ਤਥਾ: ਗ੍ਰਾਸ ਤੇ ਨਿਵਾਸ ਮਿਲੇ ਭੇਦ ਭਾਵ ਬਿਨਾਂ, ਰਾਤ ਦਿਨ ਹੁੰਦਾ ਰਹੇ ਬੜਾ ਉਪਕਾਰ ਹੈ।
ਅਣਗਿਣਤ ਬੰਦਿਆਂ ਦਾ ਜੀਵਨ ਬਦਲ ਦਿੱਤਾ, ਛੱਡ ਕੇ ਤੇ ਪਾਪ ਤਾਂਈਂ ਹੋਏ ਭਵ ਪਾਰ ਹੈ।
ਦੇਸ਼ ਪ੍ਰਦੇਸ਼ 'ਚ ਵਿਸ਼ੇਸ਼ ਹੀ ਰਟਨ ਕਰ, ਅਮੀ ਨਾਮ ਵਾਲੀ ਲਾਈ ਮਿਠੜੀ ਫੁਹਾਰ ਹੈ।
'ਰੂਹਾਨੀ ਸੰਦੇਸ਼' ਜੀਵਨ ਸੰਤ ਜੀ ਦਾ ਲਿਖ ਦਿੱਤਾ, ਗਿਆਨੀ ਮੋਹਨ ਸਿੰਘ ਜੀ ਨੇ ਕਰਿਆ ਤਿਆਰ ਹੈ।
ਦੋਹਿਰਾ: ਬਾਰਦ ਸਮ ਭਵ ਅਵਤਰੇ, ਬਾਰਜ ਸੇ ਨਿਰਲੇਪ। ਹਰਿ ਬਾਰਜ ਕੋ ਦਰਸ ਹੈ, ਸੰਤਾਂ ਕੇਰੀ ਟੇਕ।

ਸਵਾਂ ਲੱਖ ਫੌਜ ਦੇ ਮਾਲਕ ਸੈਦ ਖਾਂ ਜਰਨੈਲ ਦੀ ਸ਼ਰਧਾ

ਜੀਹਨੇ ਕਲਗੀਆਂ ਵਾਲੇ ਦੀ ਸ਼ਰਨ ਤੱਕੀ ਓਹਨੂੰ ਚਾਹੀਦਾ ਹੋਰ ਅਨੰਦ ਨਾਹੀ।
ਘਟ ਨਾਮ ਦੀ ਜੋਤ ਜਗਾਈ ਜੀਹਨੇ ਓਹਨੂੰ ਚਾਹੀਦਾ ਚਾਨਣਾ ਚੰਦ ਨਾਹੀ।
ਜੀਹਨੂੰ ਨਿਓ ਵਿੱਚੋਂ ਲਾਲਾਂ ਦੀ ਖਾਨ ਲੱਭੀ ਓਹਨੂੰ ਕੌਡੀ ਤੇ ਕੱਚ ਪਸੰਦ ਨਾਹੀ।
ਮੈਂ ਤਾਂ ਸੱਚ ਆਖਾਂ ਭਾਵੇਂ ਰੰਜ ਹੋਵੇ ਮੈਨੂੰ ਜਾਪਦਾ ਦੀਨ ਪਸੰਦ ਨਾਹੀ।

ਭਾਈ ਨੰਦ ਲਾਲ ਦੀ ਸੇਵਾ ਤੇ ਰੀਝ ਕੇ ਦਾਤੇ ਵਲੋਂ

ਦੁੱਧ ਮਖਨੀ ਪਾਲਿਆ ਨੰਦ ਲਾਲਾ ਤੂੰ ਕੀ ਦੇਖਿਆ ਮੇਰਾ ਫ਼ਕੀਰ ਦਾ ਏ।
ਜੂਠੇ ਟੁੱਕ ਖਾਵੇਂ ਮੱਥੇ ਧੂੜ ਲਾਵੇਂ ਇਹ ਕੀ ਬਣ ਗਿਆ ਤੇਰੀ ਤਕਦੀਰ ਦਾ ਏ।
ਕਾਹਨੂੰ ਛਡੀਆਂ ਮਹਿਲ ਤੇ ਮਾੜੀਆਂ ਤੂੰ ਰੁਤਬਾ ਪਾ ਕੇ ਵਡੇ ਵਜ਼ੀਰ ਦਾ ਏ।
ਕੀਹਦੀ ਜ਼ੁਲਫ ਜ਼ੰਜੀਰ ਦੇ ਵਿੱਚ ਫਸਿਓਂ ਵਾਰ ਖਾ ਕੇ ਕਿਸ ਦੇ ਤੀਰ ਦਾ ਏ।

ਭਾਈ ਨੰਦ ਲਾਲ ਜੀ ਵਲੋਂ ਉੱਤਰ

ਓਥੇ ਤੇਜ ਤਲਵਾਰ ਨ ਕੰਮ ਕਰਦੀ ਜਿੱਥੇ ਨੈਣਾਂ ਦਾ ਹੋਆ ਸ਼ਿਕਾਰ ਤੇਰਾ।
ਭੁੱਲ ਗਿਆ ਮੈਂ ਕਾਬਲ ਕੰਧਾਰ ਗਜਨੀ ਜਦੋਂ ਦੇਖਿਆ ਆਣ ਦਰਬਾਰ ਤੇਰਾ।

ਭਾਈ ਧੰਨਾ ਸਿੰਘ ਘਾਹੀ ਵਲੋਂ ਬੇਨਤੀ

ਜੇਕਰ ਮੇਰੇ ਤੇ ਸਤਿਗੁਰਾ ਤੁੱਠਿਆ ਤੂੰ, ਕਰ ਲੈ ਆਪਨੇ ਦਾਸਾਂ ਦਾ ਦਾਸ ਮੈਨੂੰ।
ਤੇਰੇ ਘੋੜਿਆਂ ਦੀ ਲਿੱਦ ਚੁੱਕਦਾ ਰਹਾਂ, ਜਿਚਰ ਜ਼ਿੰਦਗ਼ੀ ਦੇ ਮਿਲਣ ਸ੍ਵਾਸ ਮੈਨੂੰ।

ਪਰਖ ਪੜਚੋਲ

(ਵਲੋਂ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਸਿੱਖ ਰੀਸਰਚ ਸਕਾਲਰ, ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ)

'ਰੂਹਾਨੀ-ਸੰਦੇਸ਼' ਦੇ ਪ੍ਰਚਾਰਕ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਮੈਂ ੨੦-੨੫ ਸਾਲਾਂ ਤੋਂ ਦਰਸ਼ਨ ਕਰ ਰਿਹਾ ਹਾਂ। ਇਹ ਇਸ ਕਰ ਕੇ ਕਿ ਰਾੜਾ ਸਾਹਿਬ ਤੋਂ ਮੇਰਾ ਪਿੰਡ ਗੁਆਰਾ (ਜ਼ਿਲ੍ਹਾ ਸੰਗਰੂਰ), ਜੋ ਮਲੇਰਕੋਟਲੇ ਤੋਂ ਪੰਜ ਕੁ ਮੀਲਾਂ ਦੇ ਫਾਸਲੇ ਪਰ ਹੈ; ਸਿੱਧਾ ਵੀਹ ਮੀਲ ਤੇ ਅਹਿਮਦਗੜ੍ਹ ਵਾਲੀ ਸੜਕ ਦੇ ਰਸਤੇ ਤੀਹ ਕੁ ਮੀਲਾਂ ਦੇ ਫਾਸਲੇ ਪਰ ਹੈ। ਦੂਜੇ ਬੰਨੇ ਸੰਤ ਬਾਬਾ ਜੀ ਦੀ ਹੋਰ ਵਧੇਰੇ ਜਾਣ ਪਛਾਣ ਇਸ ਕਰ ਕੇ ਵੀ ਹੋਈ ਕਿ ਮੇਰੀ ਜ਼ਿੰਦਗੀ ਦਾ ਬਹੁਤਾ ਸਮਾਂ ਪਟਿਆਲੇ ਰਹਿੰਦਿਆਂ ਗ਼ੁਜ਼ਰਿਆ ਹੈ। ਸੰਤ ਬਾਬਾ ਈਸ਼ਰ ਸਿੰਘ ਜੀ ਦਾ ਬਹੁਤਾ ਆਤਮਿਕ ਸੰਬੰਧ ਚੂੰਕਿ ਪਟਿਆਲੇ ਤੇ ਉਸਦੇ ਇਰਦ ਗਿਰਦ ਦੇ ਇਲਾਕੇ ਨਾਲ ਰਿਹਾ ਹੈ, ਇਸ ਲਈ ਪਟਿਆਲੇ ਰਹਿਕੇ ਵੀ ਮੈਨੂੰ ਕਈ ਵੇਰ ਉਨ੍ਹਾਂ ਦੇ ਸਤਿਸੰਗ ਵਿੱਚ ਜਾਣ ਦਾ ਸਮਾਂ ਮਿਲਦਾ ਰਿਹਾ ਤੇ ਇਸ ਤਰ੍ਹਾਂ ਕਈ ਵੇਰ ਮੈਂ ਉਨ੍ਹਾਂ ਦੇ ਅੰਮ੍ਰਿਤ ਭਿੰਨੇ ਅਖੰਡ ਕੀਰਤਨ ਤੋਂ ਪੂਰਾ ਪੂਰਾ ਅਨੰਦ ਮਾਣਦਾ ਰਿਹਾ ਹਾਂ।

ਆਪ ਜੀ ਦਾ ਆਲੋਵਾਲ ਪਿੰਡ ਦੇ ਸਰਦਾਰ ਘਰਾਣੇ ਵਿੱਚ ਜਨਮ ਹੋਇਆ। ਭਾਵੇਂ ਆਪ ਚੌਹਾਂ ਭਰਾਵਾਂ ਵਿੱਚੋਂ ਵੀ ਵੱਡੇ ਹਨ, ਪਰ ਬਚਪਨ ਵਿੱਚ ਸਤਿਸੰਗ ਦੀ ਲਿਵ ਲੱਗਣ ਦੇ ਕਾਰਨ ਕੁਦਰਤੀ ਤੌਰ ਤੇ ਰੂਹਾਨੀਅਤ ਦਾ ਵਡੱਪਣ ਵੀ ਬਹੁਤਾ ਇਨ੍ਹਾਂ ਦੇ ਹੀ ਹਿੱਸੇ ਆਇਆ ਤੇ ਆਪ ਸੰਨ ੧੯੨੩ ਈ. ਵਿੱਚ; ਜਦ ਕਿ ਸ੍ਰੀ ਅੰਮ੍ਰਿਤਸਰ ਕਾਰ ਸੇਵਾ ਦਾ ਪੁਰਬ ਪ੍ਰਾਰੰਭ ਹੋਇਆ ਤਾਂ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਪੱਕੇ ਸਤਿਸੰਗੀ ਬਣ ਗਏ। ਬਸ, ਉਸ ਤੋਂ ਬਾਅਦ ਫੇਰ ਆਪ ਮੁੜ ਘਰ ਵਾਪਸ ਨਾ ਗਏ। ਆਪ ਨੂੰ ਧੀਰੇ ਧੀਰੇ ਨਾਮ ਦੀ ਗੂੜ੍ਹੀ ਰੰਗਣ ਅਜਿਹੀ ਚੜ੍ਹੀ ਕਿ ਚਹੁ ਚੱਕਾਂ ਵਿੱਚ ਮਸ਼ਹੂਰ ਹੋ ਗਏ ਤੇ ਰੇਰੂ ਸਾਹਿਬ ਹੀ ਟਿਕ ਗਏ। ਉਪਰੰਤ ਸ. ਗਿਆਨ ਸਿੰਘ ਦੇ ਸਹਿਯੋਗ ਨਾਲ ਕਰਮਸਰ (ਰਾੜਾ ਸਾਹਿਬ) ਆਪਣੇ ਪ੍ਰਚਾਰ ਦਾ ਕੇਂਦਰ ਥਾਪ ਕੇ ਉੱਥੇ ਹੀ ਨਾਮ ਬਾਣੀ ਵਿੱਚ ਮਸਤ ਹੋ ਕੇ ਰਹਿਣ ਲੱਗ ਪਏ ਅਤੇ ਮਹਾਨ ਤਪ ਤਿਆਗ ਦੀ ਮੂਰਤੀ ਹੋ ਕੇ ਕਠਨ ਤਪੱਸਿਆ ਕੀਤੀ, ਜਿਸਦੀ ਮਿਸਾਲ ਆਪ ਹੀ ਹਨ। ਉਸ ਦਾ ਜ਼ਿਕਰ ਇਸ ਪੁਸਤਕ ਵਿੱਚ ਕੀਤਾ ਹੈ।

ਸੰਤ ਬਾਬਾ ਈਸ਼ਰ ਸਿੰਘ ਜੀ ਦਾ ਜੀਵਨ ਰੂਪ 'ਰੂਹਾਨੀ ਸ਼ੰਦੇਸ਼' ਪੰਜਾਬੀ ਪਾਠਕਾਂ ਨੂੰ ਦੇਣ ਬਦਲੇ ਉਨ੍ਹਾਂ ਦੇ ਪਰਮ ਸ਼ਰਧਾਲੂ ਸੰਤ ਮੋਹਨ ਸਿੰਘ ਜੀ ਨੇ ਇਸ ਪੁਸਤਕ ਰਾਹੀਂ ਜੋ ਸੇਵਾ ਕੀਤੀ ਹੈ, ਉਹ ਸੱਚਮੁੱਚ ਹੀ ਸ਼ਲਾਘਾ ਯੋਗ ਹੈ। ਮੈਂ ਇਸ ਸਫ਼ਲ 'ਰੂਹਾਨੀ ਸੰਦੇਸ਼' ਦੇ ਸਬੰਧ ਵਿੱਚ ਇਸ ਦੇ ਲੇਖਕ ਜੀ ਨੂੰ ਹਾਰਦਿਕ ਵਧਾਈ ਪੇਸ਼ ਕਰਦਾ ਹਾਂ।

ਸ੍ਰੀ ਅੰਮ੍ਰਿਤਸਰ (੪ ਅਗਸਤ, ੧੯੭੪ ਈ.)

ਰੰਗ ਰਤੜੀਆਂ ਅਨਭੂਤੀਆਂ

ਵਲੋਂ: ਪੰਥ ਪ੍ਰਸਿਧ, ਲਾਸਾਨੀ ਸੋਧਕ ਸ੍ਰੀਮਾਨ ਗਯਾਨੀ ਮਹਿੰਦਰ ਸਿੰਘ ਜੀ 'ਰਤਨ' ਸ੍ਰੀ ਅੰਮ੍ਰਿਤਸਰ

ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸ ਪ੍ਰਸਾਦਿ ਸਭੁ ਜਗਤੁ ਤਰਾਇਆ ॥

(ਗਉੜੀ ਸੁਖਮਨੀ ਮਃ ੫ - ੨੯੫)

ਜਿਨ੍ਹਾਂ ਮਹਾਂਪੁਰਸ਼ਾਂ ਦੇ ਜੀਵਨ ਤੋਂ ਬੇਅੰਤ ਜੀਵਾਂ ਨੂੰ ਜੀਵਨ-ਪੰਧ ਵਾਸਤੇ ਉਜਾਲਾ ਪ੍ਰਾਪਤ ਹੁੰਦਾ ਹੈ, ਉਨ੍ਹਾਂ ਬ੍ਰਹਮਗਿਆਨੀ ਪਰਮ ਪੁਰਖਾਂ ਦੇ ਗੁਣਾ ਦਾ ਵਰਣਨ: *'ਪਰੈ ਹੀ ਤੇ ਪਰੈ ਅਪਰ ਅਪਾਰ ਪਰਿ'* ਹੈ। ਇਸ ਲਈ ਮਨ, ਬਚ, ਕ੍ਰਮ ਦਵਾਰਾ ਰੰਗ-ਰੱਤੜੀਆਂ, ਮਹਾਨ ਅਨਭੂਤੀਆਂ ਦੇ ਸ਼ੁਭ ਬਚਨਾਂ ਨੂੰ ਸਤਿ ਜਾਣ ਕੇ ਉਨ੍ਹਾਂ ਅਨੁਸਾਰ ਆਪਣੇ ਆਪ ਨੂੰ ਢਾਲਣਾ, ਬਣਾਉਣਾ ਤੇ ਸੰਵਾਰਨਾ ਹੀ ਅਤਿ ਉੱਤਮ ਕਰਮ ਹੈ।

ਜਿਨ੍ਹਾਂ ਵਡਭਾਗਿਆਂ ਮਰਜੀਵੜਿਆਂ ਨੇ

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

(ਰਾਮਕਲੀ ਮਃ ੩ - ੯੧੮)

ਦੇ ਚੱਜ ਅਚਾਰ ਨੂੰ ਅਪਣਾਇਆ ਹੈ, ਫਿਰ ਉਨ੍ਹਾਂ ਨੂੰ ਸੰਸਾਰਕ ਪਦਾਰਥਾਂ ਦੀ ਥੁੜ੍ਹ ਤਾਂ ਕੀ:

ਰਿਧਿ ਸਿਧਿ ਨਵ ਨਿਧੀ ਜਾਕੇ ਅੰਮ੍ਰਿਤਾ ਪਰਵਾਹ ॥

(ਮਾਰੂ ਮਃ ੫ - ੧੦੧੭)

ਹੋ ਕੇ ਮਨ-ਬਾਂਛਤ ਪਦਾਰਥਾ ਦਾ ਆਨੰਦ ਪ੍ਰਾਪਤ ਹੋਣ ਵਿੱਚ ਕੋਈ ਵਿਘਨ ਨਹੀਂ ਪੈਂਦਾ। ਅਲਖ, ਅਪਾਰ, ਅਗੰਮ ਨਾਲ ਇੱਕਸੁਰ ਹੋਏ ਮਹਾਨ ਤਪਸਵੀ ਪ੍ਰਭੂ ਹੁਕਮ-ਬੁਧ ਅਭਿੰਨਤਾ ਤੋਂ ਭਿੰਨ ਸਰੂਪ ਵਿੱਚ:

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥

(ਵਾਰ-ਬਿਲਾਵਲ ਮਃ ੩ - ੮੫੩)

ਦੇ ਮਹਾਂਵਾਕ ਨੂੰ ਸਫ਼ਲਾਉਣ ਵਾਸਤੇ:

ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥

(ਸਵਈਏ ਮਹਲੇ ਪੰਜਵੇਂ ਕੇ ਮਥੁਰਾ - ੧੪੦੯)

ਦੇ ਉਹਲੇ ਵਿੱਚ:

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

(ਗਉੜੀ ਬੈਰਾਗਣਿ ਮਃ ੪ - ੧੬੭)

ਦੀ ਅਮੋਘ ਬਰਖਾ ਨਾਲ ਨਿਹਾਲ ਕਰਨ ਵਿੱਚ ਰੰਚਕ ਭੀ ਸੰਕੋਚ ਨਹੀਂ ਕਰਦੇ।

ਉਨ੍ਹਾਂ ਪਰਮ ਪ੍ਰੇਮੀਆਂ, ਵਡਭਾਗਿਆਂ ਦੇ ਭਾਗਾਂ ਦੀ ਸਰਾਹਨਾ ਕਿਵੇਂ ਕੀਤੀ ਜਾਵੇ ਜਿਨ੍ਹਾਂ ਨੂੰ ਪਰਮ ਪੁਰਖ ਦੇਵਾਧਿ ਦੇਵ ਦੇ ਸਰਗੁਣ ਸ੍ਵਰੂਪ ਸ੍ਰੀਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਦੀ ਪਹਿਚਾਣ ਹੋਈ ਅਰ ਉਹ ਉਸਦੇ ਚਰਨਕਮਲਾਂ ਵਿੱਚ ਭੌਰਿਆਂ ਵਤ ਮੁਗਧਮਨ ਹੋਏ ਸਾਖਸ਼ਾਤ ਦਰਸ਼ਨ ਦੀਦਾਰ ਦਾ ਸੁਭਾਗ ਪ੍ਰਾਪਤ ਕਰਦੇ ਹਨ।

ਧੰਨ ਹਨ ਉਹ ਪ੍ਰੇਮੀ ਤੇ ਧੰਨ ਹਨ ਉਨ੍ਹਾਂ ਦੇ ਪ੍ਰਪੱਕ ਨਿਸ਼ਚੇ, ਭਰੋਸੇ, ਲਗਨ ਤੇ ਪ੍ਰੇਮ ਪਿਆਰ ਦੇ ਗਹਿਰ ਗੰਭੀਰ ਅਥਾਹ ਪ੍ਰੇਮ ਤਰੰਗ। ਅਤੇ:

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥

(ਵਾਰ-ਮਲਾਰ ਮਃ ੧ - ੧੨੧੯)

ਅਨੁਸਾਰ ਉਹ ਕਾਗਜ਼, ਕਲਮ, ਦਵਾਤ ਤੇ ਸਿਆਹੀ ਭੀ ਧੰਨ ਹੈ ਜਿਸ ਦਵਾਰਾ ਧੰਨਤਾ ਯੋਗ ਲਿਖਾਰੀ ਸ੍ਰੀਮਾਨ ਸੰਤ ਗਿਆਨੀ ਮੋਹਨ ਸਿੰਘ ਜੀ 'ਅਜ਼ਾਦ' ਨੇ ਪ੍ਰਭੂ ਭਗਤ ਜਨਾ ਦਾ ਜਸ ਲਿਖ ਕੇ ਆਪਣਾ ਮਨੁੱਖਾ ਜਨਮ ਸਫ਼ਲ ਕੀਤਾ ਹੈ।

ਪ੍ਰਭੂ ਦੀ ਬੇਅੰਤਤਾ

ਮੱਛਰ ਚੁੱਕ ਨ ਸਕੇ ਪਹਾੜ ਤਾਂਈ ਕੀੜੀ ਟੱਪ ਨਾ ਸਾਗਰੋ ਪਾਰ ਜਾਂਦੀ।
ਪੰਖੀ ਕੋਈ ਅਕਾਸ਼ ਦਾ ਅੰਤ ਚਾਹੇ ਆਵੇ ਅੰਤ ਨਾ ਜਿੰਦੜੀ ਹਾਰ ਜਾਂਦੀ।
ਸੱਤ ਸਾਗਰਾਂ ਦੀ ਭਾਵੇਂ ਮੱਸ ਹੋਵੇ ਲਿਖਣ ਹੋਇ ਭਾਵੇਂ ਠਾਰਾਂ ਭਾਰ ਜਾਂਦੀ।
ਧਰਤੀ ਕੁਲ ਹੋ ਜਾਇ ਜੇ ਕਾਗਜ਼ਾਂ ਦੀ ਮਹਿਮਾ ਲਿਖੀ ਨ ਅਪਰ ਅਪਾਰ ਜਾਂਦੀ।
ਤੇਰੇ ਚਮਕਦੇ ਨੂਰ ਦੀ ਝਲਕ ਇਕੋ, ਲੱਖਾਂ ਪਾਪੀਆਂ ਦੇ ਬੇੜੇ ਤਾਰ ਜਾਂਦੀ।
ਇੱਕ ਵਾਰ ਜੇ ਨਦਰ ਭਰ ਦੇਖ ਲੈਂਦੇ, ਨਜ਼ਰ ਦੁਖੜੇ ਕੋਟ ਨਿਵਾਰ ਜਾਂਦੀ।
ਤੇਰੇ ਰੋਮ ਦੇ ਤੁੱਲ ਨ ਕੋਟ ਗੰਗਾ, ਲੋਕੀਂ ਨ੍ਹਾਵਣੇ ਲਈ ਹਰਿ ਦੁਆਰ ਜਾਂਦੀ।
ਮੇਰੇ ਸਹਿਨਸ਼ਾਹ ਤੇਰੀ ਮਿੱਠ ਬੋਲੀ, ਰਿਦੇ ਤਪਦਿਆਂ ਸੜਦਿਆਂ ਠਾਰ ਜਾਂਦੀ।
ਜਿਨ੍ਹਾਂ ਉੱਤੇ ਨ ਮੇਹਰ ਦੀ ਨਦਰ ਕੀਤੀ, ਚਿੱਚੜ ਦੁੱਧ ਜਿਉ ਲੱਗ ਨਾ ਸਾਰ ਜਾਂਦੀ।
ਇੱਕ ਵਾਰ ਜਿਸ ਧਰਤ ਨੂੰ ਚਰਣ ਲੱਗੇ, ਦੁਨੀਆਂ ਟੇਕ ਮੱਥੇ ਵਾਰ ਵਾਰ ਜਾਂਦੀ।
ਚਰਨੀ ਲੱਗ ਕੇ ਆਖਦੇ ਧੰਨ ਦਾਤਾ! ਮੇਰੀ ਜਿੰਦ ਬਲਿਹਾਰ ਬਲਿਹਾਰ ਜਾਂਦੀ।

ਦੇਵੋ ਧੂੜ ਜੇ ਆਪਣੇ ਜੋੜਿਆਂ ਦੀ

ਤੇਰੀ ਮੇਹਰ ਤੁਰਾ ਦਏ ਲੂਲਿਆਂ ਨੂੰ, ਕਾਇਆ ਪਲਟ ਦੇ ਕੰਗਲੇ ਕੋਹੜਿਆਂ ਦੀ।
ਅਹੰ ਮੇਟ ਕੇ ਜੀਵ ਤੋਂ ਬ੍ਰਹਮ ਹੋਵਾਂ, ਦੇਵੋ ਮਲੂਮ ਜੇ ਹਿਜ਼ਰ ਦੇ ਫੋੜਿਆਂ ਦੀ।
ਇੱਛਾਵਾਨ ਮੈਂ ਰਾਜ ਤੇ ਸੁਰਗ ਦਾ ਨੀ, ਨਾਹੀ ਲੋੜ ਮੈਨੂੰ ਹਾਥੀ ਘੋੜਿਆਂ ਦੀ।
ਜਨਮ ਮਰਨ ਦੇ ਦੁਖੋਂ 'ਆਜ਼ਾਦ' ਹੋਵਾਂ, ਦੇਵੋ ਧੂੜ ਜੇ ਆਪਣੇ ਜੋੜਿਆਂ ਦੀ।

ਚਰਨ ਰਜ- ਗਿਆਨੀ ਮੋਹਨ ਸਿੰਘ 'ਆਜ਼ਾਦ'।

ਅਰੰਭਕ ਬਿਨਯ

ਕੁੰਡਲੀਆ: ਨਾਨਕ ਗੁਰ ਅੰਗਦ ਅਮਰ, ਰਾਮ ਦਾਸ ਗੁਰ ਜਾਨ।
ਅਰਜਨ ਹਰਿ ਗੋਬਿੰਦ ਜੀ, ਹਰਿ ਰਾਏ ਸੁਖ ਭਾਨ।
ਹਰਿ ਰਾਏ ਸੁਖ ਭਾਨ, ਵੁਹੀ ਹਰਿ ਕ੍ਰਿਸ਼ਨ ਸਰੂਪਾ।
ਤੇਗ ਬਹਾਦਰ ਧੀਰ ਬੀਰ, ਗੁਰ ਦਸਵੇਂ ਭੂਪਾ।
ਏਕ ਜੋਤਿ ਦਸ ਰੂਪ, ਨਹੀ ਜਾ ਮੈਂ ਕਿਛੁ ਆਨਕ।
ਸੋਈ ਪੂਰਨ ਬ੍ਰਹਮ, ਬਸੇ ਮਮ ਹਿਰਦੇ ਨਾਨਕ।

ਦੋਹਰਾ: ਗੁਰੂ ਗ੍ਰੰਥ ਪੁਨ ਪੰਥ ਕੇ, ਪਰਮ ਨਿੰਮ੍ਰਤਾ ਸਾਥ।
ਬਾਰੰਬਾਰ ਬੰਦਨ ਕਰੂੰ, ਧਰ ਪਰ ਧਰ ਕਰ ਮਾਥ।
ਕਿਰਪਾ ਕੀਜੋ ਦਾਸ ਪਰ, ਹੋਵੇ ਉਤਮਿ ਬੁੱਧ।
ਵੱਧ ਘੱਟ, ਅੱਖਰ ਹੋਇ ਜੋ, ਆਪਹਿ ਕਰੀਅਹੁ ਸੁੱਧ।

ਦੇਹੁ ਨਾਮ ਕੀ ਦਾਤ

ਹੋਤੀ ਦੇ ਸ਼ੁਭ ਨਾਮ ਨੂੰ ਕੀਤਾ ਜਿਸ ਮਸ਼ਹੂਰ। ਪਹਿਰੇ ਉੱਤੇ ਅਕਾਲ ਆ, ਖੜਿਆ ਆਪ ਹਦੂਰ।
ਕਰੂੰ ਬੰਦਨਾ ਬੰਦ ਕਰ, ਕਰਮ ਹਰੀ ਦਰਵੇਸ਼। ਕਰਮ ਕਰੋ ਬੰਧਨ ਹਰੋ, ਚਰਨੀ ਰਖੋ ਹਮੇਸ਼।
ਅਤਰ ਮ੍ਰਿਗਿੰਦ ਮ੍ਰਿਗਿੰਦ ਸਮ, ਹਰੋ ਅਵਿਦਯਾ ਏਣ। 'ਅਮੀ ਦਰਿਸ਼ਟ ਨਿਹਾਰੀਏ, ਕਰੋਂ ਸੁਮੱਤ ਧਰੇਣ।
ਈਸ ਜੀਵ ਕਾ ਭੇਦ ਨਹਿ, ਲਖਾ ਬੇਦ ਕਾ ਸਾਰ। ਈਸਰ ਬਪੁ ਮਮ ਈਸ ਹਰਿ, ਧਰਾ ਸੁ ਭਵ ਅਵਤਾਰ।
ਰਾਜ ਜੋਗ ਮਹਿ ਅਚਲ ਰਹਿ, ਏਕ ਦ੍ਰਿਸ਼ਟ ਤਮ ਤਾਰ। ਕ੍ਰਿਸ਼ਨ ਹਰੀ ਅਰਜਨ ਸਖਾ, ਪਾਂਡਵ ਕੇਰ ਦਤਾਰ।
ਤੁਮ ਦਾਤੇ ਸਭ ਭਿੱਛਕਾ, ਦੇਹੁ ਨਾਮ ਕੀ ਦਾਤ। ਚਰਨ ਕਮਲ ਰਜ ਜਾਚਨਾ, ਕਰੋ 'ਅਜ਼ਾਦ' ਅਗਯਾਤ।

(ਚਰਨ ਰਜ- ਗਿਆਨੀ ਮੋਹਨ ਸਿੰਘ 'ਆਜ਼ਾਦ')

ੴ ਸਤਿਗੁਰ ਪ੍ਰਸਾਦਿ ॥

ਪਹਿਲਾ ਭਾਗ

ਕਾਂਡ ੧

ਪਰੰਪਰਾ ਬੰਸਾਵਲੀ, ਖਾਨਦਾਨੀ ਪਿਛੋਕੜ, ਮਾਲਵੇ ਦੇ 'ਸਿੱਧ' ਜਗਦੇਵ ਪੰਵਾਰ

ਪ੍ਰਮਾਰ, ਪਵਾਰ, ਅਥਵਾ ਪੰਵਾਰ ਛੱਤ੍ਰੀ ਰਾਜਪੂਤਾਂ ਦੀ ਇੱਕ ਪ੍ਰਸਿੱਧ ਜਾਤੀ ਹੈ। ਜਿਸ ਨੂੰ ਅਗਨਿ ਕੁਲ ਆਖਦੇ ਹਨ।

ਰਾਜਪੂਤ ਜਾਤੀ ਤਿੰਨਾਂ ਕੁਲਾਂ ਵਿੱਚ ਵੰਡੀ ਹੋਈ ਹੈ:

੧. ਸੂਰਜ ਕੁਲ - ਜਿਸ ਵਿੱਚ ਰਾਮ ਚੰਦਰ ਜੀ ਪ੍ਰਗਟ ਹੋਏ।

੨. ਚੰਦ੍ਰ ਵੰਸੀ - ਜਿਸ ਵਿੱਚ ਕ੍ਰਿਸ਼ਨ ਮਹਾਰਾਜ ਦਾ ਅਵਤਾਰ ਹੋਇਆ।

੩. ਅਗਨਿ ਕੁਲ - ਜਿਸ ਵਿੱਚ ਰਾਜਾ ਜਨਮੇਜਾ ਹੋਇਆ।

ਇਸ ਬੰਸ ਦੀ ਕਥਾ ਇਉਂ ਹੈ:

ਰਾਜਾ ਜਨਮੇਜਾ

ਰਾਜਾ ਜਨਮੇਜਾ ਦੇ ਅਸਮੇਧ ਤੇ ਅਸਮੇਧਾਨ ਦੋ ਪੁੱਤਰ ਪਹਿਲਾਂ ਸਨ। ਤੀਸਰਾ ਪੁੱਤਰ ਅਜੈ ਸਿੰਘ ਰਜੀਆ ਨਾਮੇ ਧੋਬਣ ਤੋਂ ਪੈਦਾ ਹੋਇਆ ਸੀ। ਉਹ ਆਪਣੇ ਭਰਾਵਾਂ ਨੂੰ ਮਾਰ ਕੇ ਕਿਲ੍ਹਾ ਪ੍ਰੀਛਤ ਗੜ੍ਹ (ਜ਼ਿਲ੍ਹਾ ਮੇਰਠ ਵਿੱਚ) ਰਾਜ ਕਰਨ ਲੱਗਾ। ਮਾਲਵੇ ਦਾ ਇਲਾਕਾ ਭੀ ਕੁੱਝ ਚਿਰ ਉਸ ਦੇ ਅਧੀਨ ਰਿਹਾ। ਉਸ ਨੂੰ ਭੱਟਾਂ ਨੇ ਰਜੀਆ ਪੂਤ ਕਹਿ ਕੇ ਵਡਿਆਇਆ। ਰਜੀਆ ਪੂਤ ਦਾ ਬਿਗਾੜ 'ਰਾਜਪੂਤ' ਸ਼ਬਦ ਸਾਰੇ ਪ੍ਰਸਿੱਧ ਹੋ ਗਿਆ। ਉਸ ਦੇ ਦਰਬਾਰੀਆਂ ਨੇ ਵੀ ਆਪਣੇ ਆਪ ਨੂੰ ਰਾਜਪੂਤ ਅਖਵਾਉਣਾ ਚੰਗਾ ਸਮਝਿਆ। ਏਸ ਕੁਲ ਦਾ ਕੁੱਝ ਕੁ ਬ੍ਰਿਤਾਂਤ ਦਸਮ ਪਾਤਿਸ਼ਾਹ ਜੀ ਨੇ ਦਸਮਗ੍ਰੰਥ (ਗਿਆਨ ਪ੍ਰਬੋਧ) ਵਿੱਚ ਲਿਖਿਆ ਹੈ।

ਇਹ ਲੋਕ ਹੌਛੇ ਘਟੀਆ ਤੇ ਅਤਿਤਾਈ ਹੋਣ ਕਰ ਕੇ ਸਣੇ ਅਮੀਰਾਂ ਵਜ਼ੀਰਾਂ ਦੇ ਜਨਤਾ ਲਈ ਬੜੇ ਦੁਖਦਾਈ ਸਾਬਤ ਹੋਏ ਤਾਂ ਬ੍ਰਹਮਣਾ ਨੇ ਇਸ ਅਪ੍ਰਸਿੱਧ ਥਾਉਂ ਅਰਥਾਤ ਰਾਜਪੂਤਾਨੇ ਅਰਬਤ ਪਹਾੜ (ਆਬੂ) ਉੱਤੇ ਹਵਨ ਕਰਨਾ ਆਰੰਭ ਦਿੱਤਾ। ਹਵਨ ਦੇ ਅੰਤ ਸਮੇਂ ਅਗਨੀ ਕੁੰਡ ਵਿੱਚ ਬਸਿਸ਼ਟ ਬੰਸੀ ਬ੍ਰਾਹਮਣਾਂ ਦੀ ਅਹੂਤੀ ਦੇਣ ਤੋਂ ਮਹਾਂ ਬਲਵਾਨ ਜੋਧਾ 'ਮਾਰ ਮਾਰ' ਕਰਦਾ ਪ੍ਰਗਟ ਹੋਇਆ। ਇਸ ਕਰ ਕੇ ਇਸ ਦਾ ਨਾਮ 'ਪ੍ਰਮਾਰ' ਪ੍ਰਸਿੱਧ ਹੋ ਗਿਆ।

ਅੰਗਰਾ ਰਿਖੀ ਦੇ ਅਹੂਤੀ ਦੇਣ ਤੋਂ ਪ੍ਰਹਾਰ ਪ੍ਰਗਟ ਹੋਇਆ, ਜੋ ਉਸ ਸਮੇਂ ਲੰਗੜਾ ਕੇ ਡਿੱਗ ਪਿਆ। ਇਸ ਲਈ ਉਸ ਦਾ ਨਾਮ ਪ੍ਰਹਾਰ 'ਕਲ' ਪੈ ਗਿਆ।

'ਭਾਰਦ੍ਵਾਜ' ਦੀ ਅਹੂਤੀ ਦੇਣ ਤੋਂ ਸੋਹਣੇ ਲੱਕ ਵਾਲਾ ਜਵਾਨ ਅਗਨੀ ਕੁੰਡ ਚੋਂ ਨਿੱਕਲਿਆ ਉਸ ਦਾ ਨਾਮ 'ਸੁਲੰਕੀ' ਰੱਖਿਆ ਗਿਆ।

ਸਭ ਤੋਂ ਪਿੱਛੋਂ ਵਿਸ਼ਵਾਮਿਤ੍ਰ ਦੀ ਅਹੂਤੀ ਤੋਂ ਚੌੜੀ ਛਾਤੀ ਵਾਲਾ ਅਤੇ ਮਹਾਂ ਪ੍ਰਬਲ ਜੋਧਾ ਜੋ ਪ੍ਰਗਟ ਹੋਇਆ ਉਸ ਦਾ ਨਾਮ 'ਚੌਹਾਨ' ਰੱਖਿਆ।

ਇਨ੍ਹਾਂ ਚੌਹਾਂ ਆਗੂਆਂ ਨੂੰ ਪਿਛਲੀਆਂ ਜੋਧਾ ਕੌਮਾਂ ਦੇ ਜਥੇਦਾਰ ਬਣਾ ਕੇ ਭਿੰਨ-ਭਿੰਨ ਬੰਸਾਂ ਦੇ ਜ਼ੋਰਾਵਰ ਅਤੇ ਮਾਰਖੋਰੇ ਜਵਾਨਾਂ ਦੀ ਸੈਨਾ ਨੂੰ ਸ਼ਸਤ੍ਰ ਵਿੱਦਿਆ ਸਿਖਾ ਕੇ ਘਟੀਆ ਰਾਜਪੂਤਾਂ ਦੇ ਮੁਕਾਬਲੇ ਤੇ ਮਹਾਂ ਉਦਾਰ ਅਤੇ ਸਿਰਲੱਥ ਨਾਮ ਧਾਰੀ ਨਵੀਨ ਬੰਸ ਤਿਆਰ ਕੀਤੀ ਗਈ। ਪ੍ਰਮਾਰਾਂ ਦੀ ਮੁੱਖ ਰਾਜਧਾਨੀ ਉਸ ਸਮੇਂ 'ਅਚਲ ਗੜ੍ਹ' ਸੀ ਜੋ ਜੈਪੁਰ ਕੋਲ ਹੈ। ਪ੍ਰਹਾਰਾਂ ਦੀ ਰਾਜਧਾਨੀ ਮਾਹਿਸ਼ ਮਤੀ ਅਤੇ ਸੋਲੰਕੀਆਂ ਦੀ ਬੱਲਭੀ ਪੁਰ ਸੀ। ਪ੍ਰਮਾਰ ਬੰਸ ਵਿੱਚ ਧਾਰਾ ਨਗਰੀ ਦੇ ਰਾਜੇ ਮਹਾਰਾਜ ਭੋਜ ਦਾ ਜਨਮ ਹੋਇਆ, ਜਿਸ ਦੇ ਪੋਤਰੇ ਮਹਾਰਾਜ ਉਦਿਆਦਿੱਤ ਦੇ ਪੁੱਤਰ ਜਗਦੇਵ ਪ੍ਰਮਾਰ ਬੜੇ ਪ੍ਰਸਿੱਧ ਪੁਰਸ਼ ਤੇ ਮਹਾਂਦਾਨੀ ਹੋਏ, ਜਿਸ ਦਾ ਜਨਮ ੧੦੩੯ ਈ. ਵਿੱਚ ਹੋਇਆ। ਜੋ ਜਨਮ ਤੋਂ ਹੀ ਸਿੱਧ ਪੁਰਸ਼, ਸ਼ਸਤ੍ਰ ਧਾਰੀ, ਅਤੁਲ ਯੋਧੇ ਅਦੁੱਤੀ ਦਾਨੀ ਅਤੇ ਪਰਉਪਕਾਰੀ ਹੁੰਦੇ ਹੋਏ ਧਾਰਾ ਨਗਰੀ ਤੋਂ ਲਾਂਭੇ ਸਦਾ ਨਿਜਾਨੰਦ ਵਿੱਚ ਲੀਨ ਹੋਏ ਏਕਾਂਤ ਵਿੱਚ ਰਹਿੰਦੇ ਸਨ। ਆਪਣੀ ਇੱਛਾ ਅਨੁਸਾਰ ਮਹਾਰਾਜ ਦੇ ਦਰਬਾਰ ਵਿੱਚ ਆਉਂਦੇ ਅਤੇ ਸਵਾ ਮਣ ਪੱਕੇ ਦੀ ਸਾਂਗ (ਬਰਛੀ) ਗੱਡ ਦਿੰਦੇ ਸਨ ਅਤੇ ਮਨ ਇੱਛਤ ਸਮੇਂ ਤੱਕ ਦਰਬਾਰ ਵਿੱਚ ਬੈਠਦੇ। ਪਿਤਾ ਨੂੰ ਸਤਿਕਾਰ ਸਹਿਤ ਨਮਸਕਾਰ ਕਰਨੀ। ਉਨ੍ਹਾਂ ਤੋਂ ਅਸ਼ੀਰਵਾਦ ਲੈਣੀ। ਫੇਰ ਰਾਜਾ ਪਰਜਾ ਦੇ ਮਨ ਨੂੰ ਮੋਂਹਦੇ ਹੋਏ ਚਲੇ ਜਾਣਾ। ਇਉਂ

ਹਮੇਸ਼ਾ ਹੀ ਸਾਧੂ ਬ੍ਰਿਤੀ ਵਿੱਚ ਵਿਚਰਦੇ ਸਨ। ਇਸ ਅਦੁੱਤੀ ਸੂਰਮੇ, ਮਹਾਂ ਦਾਨੀ, ਪੂਰਨ ਤਿਆਗੀ ਤੇ ਵਿਸ਼ਾਲ ਕਰਾਮਾਤੀ ਮਹਾਂਪੁਰਸ਼ ਦੇ ਜੀਵਨ ਵਿੱਚ ਇੱਕ ਪ੍ਰਸਿੱਧ ਰਵਾਇਤ ਚਲੀ ਆਉਂਦੀ ਹੈ ਜੋ ਇਸ ਪ੍ਰਕਾਰ ਹੈ।

ਜਦੋਂ ਗ਼ੈਰਾਂ ਤੋਂ ਹਿੰਦੁਸਤਾਨ ਨੂੰ ਆਜ਼ਾਦ ਕਰਵਾ ਕੇ ਮਾਲਵੇ ਦੇਸ਼ ਤੇ ਆਪਣਾ ਪੂਰਾ ਸਿੱਕਾ ਜਮਾ ਲਿਆ ਤਾਂ ਜੈ ਸਿੰਘ ਪਿੰਗਲ ਨੇ (ਜੋ ਜਗਦੇਵ ਦੇ ਹੀ ਅਧੀਨ ਸੀ) ਪਾਇਲ ਕਸਬੇ ਕਿਲ੍ਹਾ ਬਣਾ ਕੇ ਆਪਣੀ ਰਾਜਧਾਨੀ ਕਾਇਮ ਕਰ ਲਈ। ਉਸ ਸਮੇਂ ਕਦੀ ਕਦੀ ਮਾਲਵੇ ਵਿੱਚ ਵਿਚਰਦਿਆਂ ਜਗਦੇਵ ਪੰਵਾਰ ਵੀ ਇਸ ਦੇ ਪਾਸ ਆ ਜਾਂਦਾ। ਕਦੇ-ਕਦੇ ਆਪਣੇ ਮਿੱਤਰ ਗੌਂਸ ਪੀਰ ਪਾਸ ਜਰਗ ਚਲਿਆਂ ਜਾਂਦਾ। ਮੁਸਲਮਾਨੀ ਮਤਾਂ ਦੇ ਸਾਧੂ ਆਮ ਕਰ ਕੇ ਵੇਸਵਾ ਦਾ ਨਾਚ ਜਲਸਾ ਤੇ ਮੁਜਰਾ ਦੇਖਣ ਦਾ ਸ਼ੌਕ ਰੱਖਦੇ ਸਨ। ਓਹਨਾਂ ਦੇ ਗਾਏ ਹੋਏ ਇਸ਼ਕ ਮਜ਼ਾਜ਼ੀ ਦੇ ਖ਼ਿਆਲ (ਟੱਪੇ) ਇਸ਼ਕ ਹਕੀਕੀ ਵਿੱਚ ਘਟਾ ਕੇ ਮਾਰਫਤ ਦਾ ਅਨੰਦ ਮਾਣਦੇ ਸਨ। ਜਿਵੇਂ ਸਾਂਈ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ 'ਚੋਂ ਮਾਰਫਤ ਅਵਸਥਾ ਡੁੱਲ੍ਹ ਡੁੱਲ੍ਹ ਪੈਂਦੀ ਹੈ। ਇਹ ਭੀ ਪਹਿਲਾਂ ਆਪਣੇ ਮੁਰਸ਼ਦ ਦੀ ਪ੍ਰਸੰਨਤਾ ਵਾਸਤੇ ਜ਼ਨਾਨੇ ਬਸਤ੍ਰ ਪਾ ਕੇ ਵੇਸਵਾ ਦੇ ਨਾਲ ਇਨਾਇਤ ਸ਼ਾਹ ਦੀ ਹਜ਼ੂਰੀ ਵਿੱਚ ਪੁੱਜੇ ਸਨ।

ਇਸੇ ਤਰ੍ਹਾਂ ਪੀਰ ਗੌਂਸ[1] ਦੇ ਪਾਸ ਭੀ ਇੱਕ ਨਾਚੀ (ਨ੍ਰਿਤਕੀ) ਆ ਕੇ ਨਾਚ ਕਰਦੀ ਤੇ ਮਾਰਫਤ ਦੇ ਸ਼ੇਅਰ ਸੁਣਾਉਂਦੀ। ਭਾਵੇਂ ਇਹ ਨਾਚੀ ਪਹਿਲਾਂ ਸ਼ਾਹੀ ਦਰਬਾਰਾਂ ਵਿੱਚ ਨਾਚ ਕਰਦੀ ਤੇ ਇਸ਼ਕ ਮਜ਼ਾਜ਼ੀ ਦੇ ਗੀਤ ਗਾਉਂਦੀ ਸੀ, ਪਰ ਜਦੋਂ ਪੀਰ ਗੌਂਸ ਨੇ ਬਖ਼ਸ਼ਿਸ਼ ਕੀਤੀ ਤਾਂ ਇਸ ਦੀ ਦ੍ਰਿਸ਼ਟੀ ਹੀ ਬਦਲ ਦਿੱਤੀ।

ਜੋ ਬਾਤ ਦਵਾ ਨਾ ਕਰ ਸਕੇ ਸੋ ਬਾਤ ਦੁਆ ਸੇ ਹੋਤੀ ਹੈ।

ਮੁਰਸ਼ਦ ਕਾਮਲ ਜਬ ਮਿਲੇ ਤੋ ਬਾਤ ਖ਼ੁਦਾ ਸੇ ਹੋਤੀ ਹੈ।

ਪੂਰਨ ਮਹਾਂਪੁਰਸ਼ ਨੇ ਮੇਹਰ ਕਰ ਕੇ ਦਮੜੀ ਚਮੜੀ ਤੋਂ ਨਿਗਾਹ ਉਠਾ ਕੇ ਮਾਰਫਤ ਦੇ ਰੰਗ ਵਿੱਚ ਰੰਗ ਦਿੱਤੀ। ਨਜ਼ਰ ਨਜ਼ਰ ਵਿੱਚ ਫ਼ਰਕ ਹੈ।

ਨਜ਼ਰ ਊਚੀ ਉਠੀ ਤੋ ਦੁਆ ਬਣ ਗਈ। ਨਜ਼ਰ ਨੀਚੀ ਹੂਈ ਤੋਂ ਹਯਾ ਬਣ ਗਈ।

ਨਜ਼ਰ ਤ੍ਰਿਛੀ ਹੂਈ ਤੋ ਅਦਾ ਬਣ ਗਈ। ਨਜ਼ਰ ਫਿਰ ਗਈ ਤੋ ਕਜ਼ਾ ਬਣ ਗਈ।

ਮਾਰਫਤ ਅਵਸਥਾ ਨੂੰ ਪ੍ਰਾਪਤ ਕਰ ਕੇ ਸਦਾ ਹੀ ਆਪਣੀ ਮੌਜ ਵਿੱਚ ਵਿਚਰਦੀ ਰਹਿੰਦੀ। ਆਪਣੇ ਮੁਰਸ਼ਦ ਦੀ ਹਾਜ਼ਰੀ ਭਰਣ ਤੋਂ ਇਲਾਵਾ ਕਦੇ ਕਦੇ ਆਪਣੇ ਮਰਜ਼ੀ ਨਾਲ ਕਿਸੇ ਸ਼ਾਹੀ ਦਰਬਾਰ ਵਿੱਚ ਨਾਚ ਜਾਂ ਗਾਣਾ ਹੁੰਦਾ ਦੇਖ ਕੇ ਆਪਣੇ ਪਿਛਲੇ ਖ਼ਿਆਲਾਂ ਅਨੁਸਾਰ ਆਪ ਵੀ ਜਾ ਕੇ ਨੱਚਣ ਲੱਗ ਜਾਂਦੀ ਅਤੇ ਮਾਰਫਤ ਦੀਆਂ ਕਾਫ਼ੀਆਂ ਗਾਇਨ ਕਰਦੀ ਜਿਸ ਕਰ ਕੇ ਉਹਦਾ 'ਮਾਰਫਤਿ ਮੰਜ਼ਲ' ਦਾ ਗਾਣਾ ਸੁਣਨ ਵਾਸਤੇ ਚੰਗੇ ਚੰਗੇ ਤਿਆਗੀ ਫ਼ਕੀਰ ਵੀ ਪੁੱਜ ਜਾਂਦੇ।

ਇੱਕ ਸਮੇਂ ਜੈ ਸਿੰਘ ਪਿੰਗਲ ਨੇ ਭੀ ਆਪਣੇ ਸ਼ਾਹੀ ਦਰਬਾਰ ਵਿੱਚ (ਜਿਸਦੀ ਪਾਇਲ ਰਾਜਧਾਨੀ ਸੀ, ਜਿਸ ਦਾ ਪਹਿਲਾ ਨਾਮ ਪੈਂਗਲ ਗੜ੍ਹ, ਫੇਰ ਪੈਲਗੜ੍ਹ ਤੇ ਹੁਣ ਪੈਲ ਪੈ ਗਿਆ) ਨਾਚੀਆਂ ਤੋ ਨਾਚ ਕਰਵਾਇਆ। ਜਿਸ ਵਿੱਚ ਰਾਜ ਦਰਬਾਰੀਆਂ ਤੋਂ ਇਲਾਵਾ ਮਹਾਰਾਜਾ ਜਗਦੇਵ ਜੀ ਨੂੰ ਭੀ ਬੁਲਾ ਕੇ ਉੱਚੀ ਜਗ੍ਹਾ ਤੇ ਬਿਠਾ ਕੇ ਸੁਆਗਤ ਕੀਤਾ। ਜਦੋਂ ਨਿਰਤਕਾਰੀ ਸ਼ੁਰੂ ਹੋ ਗਈ, ਉਸ ਸਮੇਂ ਗੌਂਸ ਪੀਰ ਦੇ ਚਰਨਾਂ ਦੀ ਸਾਦਕ ਮਾਰਫਤ ਦੀ ਜਾਣੂ ਉਹ (ਨ੍ਰਿਤਕੀ) ਨਾਚੀ ਭੀ ਆਪਣੀ ਮੌਜ ਵਿਖੇ ਵਿਚਰਦੀ ਪੰਡਾਲ ਵਿੱਚ ਆ ਪੁੱਜੀ ਅਤੇ ਪੂਰਨ ਮਸਤੀ ਵਿੱਚ ਆ ਕੇ ਪੰਡਾਲ ਦਾ ਚੱਕਰ ਕੱਟਣ ਲੱਗੀ। ਹੌਲੀ ਹੌਲੀ ਨਾਚ ਅਖਾੜੇ ਵਿੱਚ ਆ ਕੇ ਸਾਜੀਆਂ ਦੇ ਨਾਲ ਹੀ ਪੈਰਾਂ ਦਾ ਤਾਲ ਮਿਲਾ ਕੇ ਨਾਚ ਕਰਦੀ ਤੇ ਮਾਰਫਤ ਦੇ ਸ਼ੇਅਰ ਗਾਉਂਦੀ ਹੋਈ ਰਾਜ ਦਰਬਾਰੀਆਂ ਦੇ ਅੱਗੋਂ ਦੀ ਲੰਘ ਗਈ। ਜਦੋਂ ਮਹਾਰਾਜ ਜਗਦੇਵ ਦੇ ਪਾਸ ਆਈ ਤਾਂ ਉਸ ਨੂੰ ਪੂਰਨ ਅਵਸਥਾ ਦਾ ਜਾਣੂ ਮਹਾਂਦਾਨੀ, ਜਵਾਂ ਮਰਦ ਤੇ ਆਪਣੇ ਮੁਰਸ਼ਦ ਦਾ ਮਿੱਤਰ ਜਾਣ ਕੇ ਸ਼ਰਮ ਨਾਲ ਪਾਣੀਓ ਪਾਣੀ ਹੋ ਗਈ। ਬਦੋ ਬਦੀ ਇਸ ਦੀ ਧੌਣ ਝੁਕ ਗਈ ਅਤੇ ਸਿਰ ਦਾ ਬਸਤ੍ਰ ਭੀ ਨੀਵਾਂ ਕਰ ਲਿਆ ਕਿਉਂ ਕਿ ਉਹ ਜਗਦੇਵ ਪੰਵਾਰ ਦੀ ਬਹਾਦਰੀ ਅਤੇ ਸਖਾਵਤ ਬਾਰੇ ਬਹੁਤ ਕੁੱਝ ਸੁਣ ਚੁੱਕੀ ਸੀ। ਇਸੇ ਤਰ੍ਹਾਂ ਤਿੰਨ ਚਾਰ ਚੱਕਰ ਕੱਟੇ, ਪਰ ਜਗਦੇਵ ਜੀ ਦੇ ਪਾਸ ਆ ਕੇ ਸਿਰ ਨੀਵਾਂ ਕਰ ਕੇ ਘੁੰਡ ਕੱਢ ਲੈਂਦੀ। ਕਾਫ਼ੀ ਸਮਾਂ ਇਹ ਰੰਗ ਬੱਝਾ ਰਿਹਾ। ਇਸ ਨੇ ਭੀ ਰਾਜ ਦਰਬਾਰ ਵਿੱਚ ਆਪਣੇ ਫਨ ਦਾ ਕਮਾਲ ਦਿਖਾਇਆ। ਸਾਰੇ ਵੇਖਣ ਵਾਲੇ ਤਾਂ ਅਸ਼ ਅਸ਼ ਕਰ ਉਠੇ, ਪਰ ਜੈ ਸਿੰਘ ਰਾਜੇ ਨੂੰ ਇਹ ਗੱਲ ਬਹੁਤ ਬੁਰੀ ਲੱਗੀ। ਉਸ ਨੇ ਨਾਚ ਬੰਦ ਕਰਨ ਦਾ ਹੁਕਮ ਦੇ ਦਿੱਤਾ। ਨਾਚ ਬੰਦ ਹੁੰਦੇ ਸਾਰ ਹੀ ਰਾਜੇ ਨੇ ਸਵਾਲ ਕੀਤਾ, "ਕੀ ਕਾਰਣ ਹੈ ਕਿ ਨੱਚਦੇ ਨੱਚਦੇ ਜਦ ਤੇਰਾ ਰੁੱਖ ਮੇਰੇ ਸੱਜੇ ਪਾਸੇ ਹੁੰਦਾ ਸੀ ਤਾਂ ਤੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਸੀ ਅਤੇ ਤੂੰ ਘੁੰਡ ਕੱਢ ਲੈਂਦੀ ਸੀ?" ਉਸ ਨੇ ਬੇਪ੍ਰਵਾਹੀ ਵਿੱਚ ਉੱਤਰ ਦਿੱਤਾ, "ਮਹਾਰਾਜ! ਏਸ

[1] ਗੌਂਸ, ਕੁਤਬ, ਵਲੀ, ਅਬਦਾਲ ਤੇ ਕਲੰਦਰ, ਇਹ ਮੁਸਲਮਾਨ ਫ਼ਕੀਰਾਂ ਦੇ ਪੰਜ ਦਰਜੇ ਹਨ।

ਲਈ ਕਿ ਉਸ ਪਾਸੇ ਇੱਕ ਪੂਰਨ ਜੋਧਾ, ਮਹਾਂਦਾਨੀ ਤੇ ਜਵਾਂ ਮਰਦ ਬੈਠਾ ਹੈ।"

ਬੇਸ਼ੱਕ ਰਾਜਾ ਜੈ ਸਿੰਘ ਪਿੰਗਲ ਜਗਦੇਵ ਜੀ ਦੀ ਬਹਾਦਰੀ ਤੋਂ ਜਾਣੂ ਸੀ ਅਤੇ ਉਸ ਦਾ ਭੈ ਤੇ ਪੂਰਨ ਸਿੱਕਾ ਭੀ ਮੰਨਦਾ ਸੀ ਪਰ ਫੇਰ ਵੀ ਆਪਣੇ ਰਾਜ ਦਰਬਾਰ ਵਿੱਚ ਵਜੀਰਾਂ ਤੇ ਅਹਿਲਕਾਰਾਂ ਦੇ ਸਾਹਮਣੇ ਆਪਣੀ ਤੌਹੀਨ ਸਮਝ ਕੇ ਇਸ ਬੇਇਜ਼ਤੀ ਨੂੰ ਨਾ ਬਰਦਾਸ਼ਤ ਕਰਦਾ ਹੋਇਆ ਕਹਿਣ ਲੱਗਾ, "ਫੇਰ ਹੋਰ ਸਾਰੇ ਕੀ ਨਮਰਦ ਹੀ ਬੈਠੇ ਹਨ?" ਹੋਰ ਵੀ ਰਾਜ ਦਰਬਾਰੀਆਂ ਨੇ ਇਸ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ। ਰਾਜੇ ਦੇ ਮੂੰਹੋਂ ਇਹ ਅਚਾਨਕ ਬਚਨ ਸੁਣ ਕੇ ਨਾਚੀ ਨੇ ਕਿਹਾ, "ਨਹੀਂ ਮਹਾਰਾਜ! ਮੇਰਾ ਇਹ ਮਤਲਬ ਨਹੀਂ। ਮੇਰਾ ਤਾਂ ਅਰਜ਼ ਕਰਨ ਦਾ ਸਿਰਫ ਏਹੋ ਭਾਵ ਹੈ ਕਿ ਪ੍ਰਮਾਤਮਾ ਕਿਸੇ ਕਿਸੇ ਨੂੰ ਪ੍ਰਸੰਨ ਹੋ ਕੇ ਖ਼ਾਸ ਗੁਣ ਤੇ ਖੂਬੀਆਂ ਬਖ਼ਸ਼ਦਾ ਹੈ, ਹਰ ਇੱਕ ਨੂੰ ਨਹੀਂ। ਉਸ ਪਾਸੇ ਬੜੀਆਂ ਖੂਬੀਆਂ ਤੇ ਚੰਗੇ ਗੁਣਾਂ ਦਾ ਮਾਲਕ ਮਹਾਂਦਾਨੀ ਪਰਉਪਕਾਰੀ ਸੂਰਮਾ ਤੇ ਸਖੀ ਬੈਠਾ ਹੈ।"

ਭਾਵੇਂ ਰਾਜਾ ਜੈ ਸਿੰਘ ਸਾਰੀ ਗੱਲ ਨੂੰ ਸਮਝਦਾ ਸੀ ਪਰ ਫੇਰ ਵੀ ਆਪਣੀ ਬੇਇਜ਼ਤੀ ਮਹਿਸੂਸ ਕਰਦਿਆਂ ਕੜਕ ਕੇ ਬੋਲਿਆ, "ਉਹ ਕੌਣ ਹੈ?" "ਜਗਦੇਵ ਪੰਵਾਰ" ਉਸ ਭਟਨੀ ਨੇ ਬੇਪ੍ਰਵਾਹੀ ਨਾਲ ਉੱਤਰ ਦਿੱਤਾ। ਜਗਦੇਵ ਪੰਵਾਰ ਦਾ ਨਾਮ ਸੁਣ ਕੇ ਰਾਜੇ ਦਾ ਗ਼ੁੱਸਾ ਉੱਪਰੋਂ ਉੱਪਰੋਂ ਤਾਂ ਨਰਮ ਹੋ ਗਿਆ ਪਰ ਅੰਦਰੋਂ ਉਸ ਨਾਲ ਈਰਖਾ ਕਰਦਾ ਸੀ ਅਤੇ ਨਾਲ ਹੀ ਉਸ ਤੋਂ ਭੈ ਵੀ ਰੱਖਦਾ ਸੀ। ਆਪਣੇ ਰਾਜ ਦਰਬਾਰ ਵਿੱਚ ਕਰਮਚਾਰੀਆਂ ਦੇ ਸਾਹਮਣੇ ਇੱਕ ਕੰਗਲੀ ਤੋਂ ਕਿਸੇ ਦੂਸਰੇ ਮਨੁੱਖ ਦਾ ਜਸ ਸੁਣ ਕੇ ਇਹ ਗੱਲ ਆਪਣੀ ਸ਼ਾਨ ਤੋਂ ਉਲਟ ਜਾਣਦਾ ਸੀ। ਆਪਣੇ ਆਦਮੀਆਂ ਤੇ ਰੋਹਬ ਪਾਉਣ ਵਾਸਤੇ ਰਾਜਾ ਜੈ ਸਿੰਘ ਬੋਲਿਆ, "ਇਹ ਤਾਂ ਠੀਕ ਹੈ ਕਿ ਜਗਦੇਵ ਦੀ ਬਹਾਦਰੀ ਕਾਬਲਿ ਤਾਰੀਫ ਹੈ। ਇਸ ਦਾ ਸਾਨੀ ਸਾਰੇ ਦੇਸ਼ ਵਿੱਚ ਹੋਰ ਕੋਈ ਨਹੀਂ। ਪਰ ਏਥੇ ਤਾਂ ਸਖਾਵਤ ਦਾ ਤਾਅੱਲੁਕ ਹੈ। ਤੂੰ ਕਿਹਾ ਹੈ ਕਿ ਓਹ ਬੜਾ ਵੱਡਾ ਦਾਨੀ ਹੈ। ਇਸ ਬਾਬਤ ਮੈਂ ਕਹਾਂਗਾ ਕਿ ਜੋ ਕੁੱਝ ਤੈਨੂੰ ਉਸ ਪਾਸੋਂ ਦਾਨ ਵਿੱਚ ਮਿਲੇ ਮੈਂ ਉਸ ਤੋਂ ਸੌ ਗੁਣਾ ਜ਼ਿਆਦਾ ਦੇਵਾਂਗਾ।" ਨਾਚੀ ਨੇ ਤਿੱਖੀ ਜਿਹੀ ਮੁਸਕ੍ਰਾਹਟ ਵਿੱਚ ਉੱਤਰ ਦਿੱਤਾ, "ਜੇਕਰ ਤੁਸੀਂ ਮੈਨੂੰ ਉਤਨਾ ਹੀ ਦਾਨ ਦੇ ਦੇਵੋ, ਜਿਤਨਾ ਮੈਨੂੰ ਜਗਦੇਵ ਪੰਵਾਰ ਪਾਸੋਂ ਮਿਲੇਗਾ ਤਾਂ ਫੇਰ ਮੇਰੀਆਂ ਨਜ਼ਰਾਂ ਵਿੱਚ ਆਪ ਦੀ ਸ਼ਖਸੀਅਤ ਦਸ ਗੁਣਾ ਉੱਚੀ ਤੇ ਵੱਧ ਹੋਵੇਗੀ।" ਰਾਜੇ ਨੇ ਕਿਹਾ, "ਮੈਨੂੰ ਮਨਜ਼ੂਰ ਹੈ।"

ਇਸ ਨਾਚੀ ਤੇ ਰਾਜੇ ਦੀਆਂ ਗੱਲਾਂ ਸੁਣ ਕੇ ਜਗਦੇਵ ਦੀਆਂ ਅੱਖਾਂ ਵਿੱਚ ਖ਼ੂਨ ਉੱਤਰ ਆਇਆ ਅਤੇ ਇਸ ਨੇ ਆਪਣੇ ਮਨ ਵਿੱਚ ਕਿਹਾ ਕਿ ਇਹ ਰਾਜਾ ਕਿਤਨਾ ਅਹਿਸਾਨ ਫਰਾਮੋਸ਼ (ਅਕ੍ਰਿਤਘਣ) ਹੈ। ਮੈਂ ਆਪਣੀ ਜਾਨ ਦੀ ਬਾਜੀ ਲਾ ਕੇ ਇਤਨੀ ਵਾਰ ਏਸ ਦੇ ਪ੍ਰਾਨ ਬਚਾਏ, ਪਰ ਹੁਣ ਇਹ ਹੋਛੀਆਂ ਗੱਲਾਂ ਤੇ ਉੱਤਰ ਪਿਆ ਹੈ। ਜਦੋਂ ਉਸ ਨਾਚੀ ਨੇ ਜਗਦੇਵ ਪੰਵਾਰ ਦੇ ਸਾਹਮਣੇ ਆ ਕੇ ਆਪਣੇ ਹੱਥ ਫੈਲਾਏ ਅਤੇ ਬੇਪ੍ਰਵਾਹੀ ਨਾਲ ਦਾਨ ਮੰਗਿਆ ਤਦ ਜਗਦੇਵ ਪੰਵਾਰ ਨੇ ਪੁੱਛਿਆ, "ਕੀ ਚਾਹੁੰਦੀ ਹੈਂ?" ਉੱਤਰ ਦਿੱਤਾ, "ਜੋ ਤੁਹਾਨੂੰ ਸਭ ਤੋਂ ਪਿਆਰੀ ਚੀਜ਼ ਹੈ, ਉਸ ਦਾ ਦਾਨ ਦੇਵੋ।" ਜਗਦੇਵ ਨੇ ਕਿਹਾ, "ਸੂਰਮੇ ਦਾ ਦਾਈਆ ਸਿਰ ਤੱਕ ਹੁੰਦਾ ਹੈ।" ਉਸ ਸਮੇਂ ਆਪਣੀ ਤਲਵਾਰ ਨੂੰ ਮਿਆਨ ਵਿੱਚੋਂ ਕੱਢਿਆ। ਉਸ ਨਾਲ ਆਪਣਾ ਸਿਰ ਕੱਟ ਕੇ ਅਤੇ ਆਪਣੇ ਹੀ ਹੱਥ ਵਿੱਚ ਫੜ ਕੇ ਉਸ ਨਾਚੀ ਦੇ ਅੱਗੇ ਪੇਸ਼ ਕੀਤਾ। ਇਹ ਕੌਤਕ ਦੇਖ ਕੇ ਦਰਬਾਰ ਵਿੱਚ ਸਨਾਟਾ ਛਾ ਗਿਆ। ਵੇਖਣ ਵਾਲੇ ਭੈਭੀਤ ਹੋ ਕੇ ਦੌੜਨ ਤੇ ਕੰਬਣ ਲੱਗੇ। ਨਾਚੀ ਨੇ ਜਿੱਤ ਦੀ ਖ਼ੁਸ਼ੀ ਵਿੱਚ ਉੱਚੀ ਧੁਨੀ ਨਾਲ 'ਜੈ ਜਗਦੇਵ ਪੰਵਾਰ ਦੀ!' ਆਖਿਆ ਅਤੇ ਕੱਟੇ ਹੋਏ ਸਿਰ ਨੂੰ ਰਾਜੇ ਦੇ ਸਾਹਮਣੇ ਪੇਸ਼ ਕਰਦੇ ਹੋਏ ਕਿਹਾ, "ਕਿਉਂ ਮਹਾਰਾਜ! ਇਸ ਤੋਂ ਸੌ ਗੁਣਾ ਜ਼ਿਆਦਾ ਦੇਣ ਦੀ ਤਾਂ ਗੱਲ ਛੱਡੋ, ਪਰ ਕੀ ਇਸ ਦੇ ਬਰਾਬਰ ਭੀ ਦੇ ਸਕਦੇ ਹੋ?" ਰਾਜੇ ਜੈ ਸਿੰਘ ਦੇ ਚੇਹਰੇ ਦਾ ਰੰਗ ਉੱਡ ਗਿਆ। ਸ਼ਰਮਿੰਦਗੀ ਤੇ ਭੈ ਨਾਲ ਆਪਣਾ ਮੂੰਹ ਛੁਪਾ ਲਿਆ। ਹੋਰ ਵੀ ਕਿਸੇ ਦਰਬਾਰੀ ਦੀ ਅੱਖ ਉੱਚੀ ਨਾ ਉੱਠੀ। ਗਰਦਨ ਨੀਵੀਂ ਕਰ ਕੇ ਕੰਬਦੇ ਹਿਰਦੇ ਨਾਲ ਰਾਜਾ ਬੋਲਿਆ, "ਹੇ ਨਿਰਤਕਾਰੀ ਕਰਨ ਵਾਲੀ ਦੇਵੀ! ਮੈਂ ਤੈਨੂੰ ਸਿਰ ਝੁਕਾਉਂਦਾ ਹਾਂ। ਮੈਂ ਬੜਾ ਸ਼ਰਮਿੰਦਾ ਹਾਂ ਮੇਰੇ ਵਿੱਚ ਇਹੋ ਜਿਹਾ ਦਾਨ ਦੇਣ ਦੀ ਸੱਚਮੁੱਚ ਹੀ ਹਿੰਮਤ ਨਹੀਂ ਹੈ। ਇਹ ਜਗਦੇਵ ਪੰਵਾਰ ਦਾ ਹੀ ਹਿੱਸਾ ਹੈ। ਮੈਂ ਉਸ ਨੂੰ ਭੀ ਨਮਸ਼ਕਾਰ ਕਰਦਾ ਹਾਂ। ਮੈਨੂੰ ਮੁਆਫ਼ ਕਰ ਦੇਹ, ਮੇਰੀ ਭੁੱਲ ਹੈ।"

ਨਾਚੀ ਫਤੇ ਤੇ ਅੰਦਾਜ਼ ਵਿੱਚ (ਜਿੱਤ ਦੇ ਲਹਿਜੇ ਵਿੱਚ ਨਾਚ ਕਰਦੀ ਉਸ ਦੇ ਕੱਟੇ ਸਿਰ ਨੂੰ ਹੱਥ ਵਿੱਚ ਫੜ ਕੇ ਧੜ ਦੇ ਕੋਲ ਪਹੁੰਚੀ ਅਤੇ ਸਿਰ ਨੂੰ ਧੜ ਦੇ ਨਾਲ ਮਿਲਾ ਕੇ ਪ੍ਰਮਾਤਮਾਂ ਅੱਗੇ ਪ੍ਰਾਰਥਨਾ ਕਰਨ ਲੱਗੀ, "ਹੇ ਸਰਬ ਸ਼ਕਤੀਮਾਨ ਈਸ਼ਵਰ! ਇਸ ਬਹਾਦਰ ਦਾ ਸਿਰ ਦੁਬਾਰਾ ਉਸੇ ਤਰ੍ਹਾਂ ਧੜ ਨਾਲ ਲੱਗ ਜਾਵੇ।" ਨਾਚੀ ਦੇ ਮੂੰਹ ਵਿੱਚੋਂ ਅਜੇ ਇਤਨੇ ਹੀ ਸ਼ਬਦ ਨਿੱਕਲੇ ਸਨ ਕਿ ਉਸੇ ਸਮੇਂ ਧੜ ਕੰਬਿਆ ਅਤੇ ਆਪਣੇ ਆਪ ਸਿਰ ਤੋਂ ਇੱਕ ਦਮ ਕਾਫ਼ੀ ਪਿੱਛੇ ਹਟ ਗਿਆ ਅਤੇ ਕੱਟਿਆ ਹੋਇਆ ਸਿਰ ਹੱਸ ਹੱਸ ਕੇ ਕਹਿਣ ਲੱਗਾ, "ਦੇਵੀ ! ਬਹਾਦਰ ਸੂਰਮੇ ਦਾਨ ਦੇ ਕੇ ਵਾਪਸ ਨਹੀਂ ਲਿਆ ਕਰਦੇ।" ਉਸ ਸਮੇਂ ਨਾਚੀ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਫੇਰ ਉਸ ਨੇ ਆਪਣੇ ਕੀਤੇ ਹੋਏ ਸਾਰੇ

ਸ਼ੁਭ ਕਰਮਾਂ ਦੇ ਫ਼ਲ ਦਾ ਸੰਕਲਪ ਕਰ ਕੇ ਸਤ ਚਿਦਾਨੰਦ ਭਗਵਾਨ ਅੱਗੇ ਅਰਜ਼ ਕੀਤੀ, "ਹੇ ਸਰਬ ਸ਼ਕਤੀਆਂ ਵਾਲੇ ਸਮਰਥ ਪ੍ਰਭੂ! ਇਸ ਬਹਾਦਰ ਦੇ ਧੜ 'ਚੋਂ ਨਵਾਂ ਸਿਰ ਨਿਕਲ ਆਵੇ।"

ਜਦੋਂ ਉਸ ਨੇ ਪੂਰੀ ਇਕਾਗਰਤਾ ਨਾਲ ਆਪਣੇ ਭਗਵਾਨ ਅੱਗੇ ਬੇਨਤੀ ਕੀਤੀ ਤਾਂ ਭਗਤ ਵੱਛਲ ਬਿਰਦ ਦੀ ਲਾਜ ਪਾਲਣ ਵਾਲੇ ਈਸ਼ਵਰ ਨੇ ਕਿਰਪਾ ਕੀਤੀ ਅਤੇ ਉਸੇ ਸਮੇਂ ਜਗਦੇਵ ਪੰਵਾਰ ਦੇ ਧੜ 'ਚੋਂ ਨਵਾਂ ਸਿਰ ਨਿੱਕਲ ਆਇਆ ਪਰ ਫਰੀਦ ਦੀ ਅੱਖ ਵਾਂਗੂੰ ਪਹਿਲਾਂ ਨਾਲੋਂ ਕੁੱਝ ਛੋਟਾ ਤੇ ਗਰਦਨ ਦੇ ਉਦਾਲੇ (ਜਿਵੇਂ ਕੱਟਿਆ ਹੋਇਆ ਫੇਰ ਲੱਗਦਾ ਹੈ) ਗੋਲ ਨਿਸ਼ਾਨ ਸੀ। ਓਹ 'ਰਾਮ' 'ਰਾਮ' ਕਰਦਾ ਉੱਠ ਬੈਠਾ ਅਤੇ ਸਾਰੇ ਰਾਜ ਦਰਬਾਰੀ ਬੜੇ ਹੈਰਾਨ ਤੇ ਪ੍ਰੇਸ਼ਾਨ ਹੋਏ। ਰਾਜਾ ਜੈ ਸਿੰਘ ਦੌੜ ਕੇ ਜਗਦੇਵ ਦੇ ਚਰਨੀਂ ਜਾ ਪਿਆ ਅਤੇ ਹੱਥ ਜੋੜ ਕੇ ਭੁੱਲ ਮਾਫ ਕਰਵਾਈ। ਸਾਰੇ ਦੇਸ਼ ਵਿੱਚ ਜਗਦੇਵ ਦਾ ਜਸ, ਜੈ ਜੈ ਕਾਰ ਹੋਈ। (ਇਹ ੧੧੯੪ ਬਿਕ੍ਰਮੀ ਸੰਮਤ, ਚੇਤਰ ਮਹੀਨੇ ਦਾ ਚਾਨਣਾ ਪੱਖ ਤੇ ਐਤਵਾਰ ਦਾ ਦਿਨ ਸੀ) ਧੰਨ ਹੈ ਏਹੋ ਜੇਹੇ ਸੂਰਮੇਂ ਦਾਨੀ ਤੇ ਭਗਤ ਨੂੰ ਪੈਦਾ ਕਰਨ ਵਾਲੀ ਮਾਤਾ।

ਯਥਾ ਪੰਡਤ ਗੁਲਾਬ ਸਿੰਘ ਜੀ ਮਹਾਰਾਜ ਫੁਰਮਾਉਂਦੇ ਹਨ:

ਕੈ ਪਦਵੀ ਹਰਿ ਭਗਤਿ ਹੈ, ਕੈ ਅਰਿ ਕੋ ਦਲ ਨਾਸ।
ਕੈ ਸਿਰ ਲੌ ਦਾਨ ਹੈ, ਇਨ ਬਿਨ ਕ੍ਰਿਮ ਸਮ ਵਾਸ।

ਅਥਵਾ

ਸ੍ਵੈਯਾ: ਹਰਿ ਨਾਮ ਭਜੈ ਜਗ ਭੀਤਰ ਜੋ, ਜਨਨੀ ਸੁਤ ਯਾ ਬਿਧਿ ਕੋ ਉਪਜਾਏ।
ਅਥਵਾ ਜਨਨੀ ਸੁਤ ਸੋਇ ਜਨੇ, ਰਣ ਭੀਤਰ ਜੋ ਅਰਿ ਕੇ ਦਲ ਘਾਏ।
ਸਿਰ ਲੌ ਧਨ ਦਾਨ ਕਰੈ ਜਗ ਮੈਂ, ਸੁਭ ਕੈ ਜਨਨੀ ਸੁਤ ਜੋ ਨਿਪਜਾਏ।
ਇਨ ਤੀਨ ਬਿਨਾ ਕ੍ਰਿਮ ਕੇ ਸੂਤ ਕੇ ਹਿਤ, ਜੋਬਨ ਨਾਹਿ ਅਕਾਜ ਗਵਾਏ।

(ਭਾਵਰਸਾਮ੍ਰਿਤ)

ਤਥਾ: ਜੱਗ ਵਿੱਚ ਜਿਉਂਦੇ ਤਿੰਨ ਇਨਸਾਨ। ਤਿਨ ਕੀ ਮਹਿਮਾ ਬੜੀ ਮਹਾਨ।
ਪਹਿਲਾ ਜੀਵਤ ਹਰਿ ਦਾ ਦਾਸ। ਦੂਜਾ ਦਾਤਾ ਹੈ ਗੁਣ ਤਾਸ।
ਤੀਸਰੇ ਜੀਵਤ ਧਰਮੀ ਯੋਧੇ। ਜ਼ਾਲਮ ਦੁਸ਼ਟ ਜਿਨ੍ਹਾਂ ਨੇ ਸੋਧੇ।
ਸੰਤਾਂ ਲਈ ਨਹੀ ਕੋਈ ਪਰਾਇਆ। ਭਲਾ ਬੁਰਾ ਨਹੀਂ ਮਨਹਿ ਵਸਾਇਆ।

ਦੱਸਿਆ ਜਾਂਦਾ ਹੈ ਕਿ ਜੋ ਲੋਕ ਜਗਦੇਵ ਦੇ ਖ਼ਾਨਦਾਨ ਵਿੱਚੋਂ ਮਹਾਂਦਾਨੀ, ਪੂਰਨ ਯੋਧੇ, ਸੱਤਪੁਰਸ਼ ਤੇ ਉਸੇ ਸਮਾਨ ਸ਼ਕਤੀਸ਼ਾਲੀ ਹਨ; ਉਨ੍ਹਾਂ ਦੀ ਅੱਜ ਤੱਕ ਗਰਦਨ ਛੋਟੀ ਅਤੇ ਗਰਦਨ ਦੇ ਇਰਦ ਗਿਰਦ ਗੋਲ ਨਿਸ਼ਾਨ ਰਹਿੰਦਾ ਹੈ। ਸੋ, ਸੰਤ ਜੀ ਮਹਾਰਾਜ ਰਾੜਾ ਸਾਹਿਬ ਦੇ ਪਾਵਨ ਗਲ ਦੇ ਇਰਦ ਗਿਰਦ ਇਹ ਚਿੰਨ੍ਹ ਪ੍ਰਤੱਖ ਹੀ ਦੇਖਣ ਵਿੱਚ ਆਉਂਦੇ ਹਨ, ਜੋ ਓਸੇ ਖਾਨਦਾਨ ਦੇ ਚਮਕਦੇ ਸਿਤਾਰੇ ਹਨ।

ਉਸ ਮਹਾਨ ਯੋਧੇ, ਸੂਰਬੀਰ, ਦਾਨੀ, ਪੂਰਨ ਸਿੱਧ ਤੇ ਈਸ਼ਵਰੀ ਭਗਤ ਦੇ ਸਤਿਕਾਰ ਯੋਗ ਪਵਿੱਤ੍ਰ ਖ਼ਾਨਦਾਨ 'ਚੋਂ ਸੰਤ ਜੀ ਮਹਾਰਾਜ ਦਾ ਪਾਵਨ ਸਰੀਰ ਪ੍ਰਗਟਿਆ।

ਕਾਂਡ ੨

ਭਾਰਤ ਵਰਸ਼

ਭਾਰਤ ਦੀ ਧਰਤੀ ਨੂੰ ਅਵਤਾਰਾਂ, ਭਗਤਾਂ, ਰਿਸ਼ੀਆਂ, ਵੇਦ ਵਿਆਸ ਅਤੇ ਵਿਦਵਾਨਾਂ ਦੀ ਜਨਮ-ਭੂਮੀ ਮੰਨਿਆ ਜਾਂਦਾ ਹੈ। ਇਸ ਦੇ ਦਰਿਆ ਪੂਜਨੀਕ ਹਨ। ਧਰਤੀ ਦੇ ਹਰ ਹਿੱਸੇ ਵਿੱਚ ਮੰਦਰ, ਗੁਰਧਾਮ, ਸਮਾਧੀਆਂ ਤੇ ਮਹਾਂਪੁਰਖਾਂ ਦੀਆਂ ਯਾਦਗਾਰਾਂ ਹਨ। ਕਿਸੇ ਨੇ ਨਾਮ ਸਿਮਰਨ ਤੇ ਸੇਵਾ ਰਾਹੀਂ ਭਗਤੀ ਕੀਤੀ, ਕਿਸੇ ਨੇ ਗ਼ਰੀਬਾਂ ਤੇ ਦੇਸ਼ ਦੀ ਰੱਖਿਆ ਵਾਸਤੇ ਤੇਗ ਉਠਾਈ ਤੇ ਜਰਵਾਣਿਆਂ ਦਾ ਮੂੰਹ ਮੋੜਿਆ ਅਤੇ ਕਿਸੇ ਨੇ ਸੱਚ ਤੇ ਧਰਮ ਵਾਸਤੇ ਅੰਗ ਅੰਗ ਕਟਵਾ ਕੇ ਸ਼ਹੀਦੀ ਪ੍ਰਾਪਤ ਕੀਤੀ।

ਪੰਜਾਬ

ਪੰਜਾਬ ਦੀ ਧਰਤੀ ਤਾਂ ਸਭ ਤੋਂ ਵੱਧ ਭਾਗਾਂ ਵਾਲੀ ਹੈ ਜਿੱਥੇ ਸ੍ਰੀ ਰਾਮ ਭਗਵਾਨ ਤੇ ਸੀਤਾ ਜੀ ਨੇ ਰਾਮਤੀਰਥ ਵਿਖੇ ਚਰਨ ਪਾਏ। ਪੰਜਾਂ ਪਾਂਡਵਾਂ ਨੇ ਰਾਜ ਕੀਤਾ ਅਤੇ ਧਰਮ ਦੀ ਰੱਖਿਆ ਲਈ ਅਧਰਮੀਆਂ ਨਾਲ ਯੁੱਧ ਕੀਤਾ।

ਪੰਜਾਬ ਪਹਿਲਾਂ ਵੀ ਤੇ ਹੁਣ ਵੀ ਜ਼ਰਖੇਜ਼ ਜ਼ਮੀਨ ਪੈਦਾਵਾਰ (ਅੰਨ, ਪਾਣੀ ਤੇ ਬਿਜਲੀ) ਰਹਿਣ-ਸਹਿਣ, ਜੀਆਂ ਪ੍ਰਤੀ ਔਸਤ ਆਮਦਨ, ਕੁਰਬਾਨੀ, ਦਾਨੀ, ਸਰੂ ਕੱਦ ਜਵਾਨ ਤੇ ਜੰਗ ਵਿੱਚ ਕੀਤੀਆਂ ਬਹਾਦਰੀਆਂ ਦੇ ਕਾਰਣ ਜਗਤ ਪ੍ਰਸਿੱਧ ਹੈ।

ਗੁਰੂ ਸਾਹਿਬਾਨ ਦੀ ਛੁਹ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੇ ਇਸ ਨੂੰ ਅਦੁੱਤੀ ਬਣਾਉਣ ਵਿੱਚ ਮਹਾਨ ਹਿੱਸਾ ਪਾਇਆ ਹੈ। ਇਸੇ ਲਈ ਹੁਣ ਵੀ ਪੰਜਾਬ ਨੂੰ ਭਾਰਤ ਦਾ ਸਿਰ ਜਾਂ ਤਲਵਾਰ ਵਾਲੀ ਬਾਂਹ ਭਾਵ ਰੱਖਿਅਕ ਨਾਲ ਤੁਲਨਾ ਦਿੱਤੀ ਜਾਂਦੀ ਹੈ।

ਇਹ ਪੰਜੇ ਦਰਿਆਵਾਂ ਦੀ ਪਾਵਨ ਧਰਤੀ ਪੰਜਾਬ ਪੰਜਾਬੀਆਂ ਦੀ ਧੜਕਣ, ਸ਼ਾਇਰਾਂ ਦੀ ਨੁਹਾਰ, ਲੇਖਕਾਂ ਦੀ ਗੋਦ, ਸੰਗੀਤਕਾਰਾਂ ਦੀ ਤਾਲ, ਮਹਾਂਪੁਰਸ਼ਾਂ ਦੇ ਪਰਉਪਕਾਰਾਂ ਦੀ ਖਾਨ, ਅਵਤਾਰਾਂ ਤੇ ਪੈਗੰਬਰਾਂ ਦੇ ਜਨਮ ਦਾ ਸਭ ਤੋਂ ਵੱਡਾ ਕੇਂਦਰ ਹੈ।

ਜਿਵੇਂ ਕਸ਼ਮੀਰ ਤੋਂ ਬਿਨਾਂ ਕੇਸਰ ਕਿਸੇ ਹੋਰ ਥਾਂ ਨਹੀਂ ਹੋਇਆ। ਬਾਵਨ ਚੰਦਨ ਨੂੰ ਪੈਦਾ ਕਰਨ ਵਾਲਾ ਹਰੇਕ ਜੰਗਲ ਤੇ ਪਾਰਸ ਦੀ ਬਟੀ ਵਾਲਾ ਹਰੇਕ ਪਹਾੜ ਨਹੀਂ। ਇਸੇ ਤਰ੍ਹਾਂ ਜਿਤਨਾ ਕਿ ਸੰਤ, ਮਹੰਤ, ਗੁਣੀ, ਗਿਆਨੀ, ਕਥਾ ਵਾਚਕ, ਬ੍ਰਹਮਗਿਆਨੀ, ਗੁਰਸਿੱਖ, ਯੋਧੇ, ਸੂਰਬੀਰ, ਮਹਾਂ ਦਾਨੀ, ਸ਼ਹੀਦ, ਕਲਮ ਦੇ ਧਨੀ, ਵਿਦਵਾਨ, ਲੇਖਕ, ਰਾਜੇ, ਤਿਆਗੀ, ਬੈਰਾਗੀ, ਸਮਦਰਸੀ, ਸਿਦਕੀ, ਅਣਖੀ, ਭਗਤ, ਸੇਵਕ, ਸਖੀ, ਦਾਤੇ, ਸਿੱਖ, ਦੇਵੀਆਂ ਤੇ ਗੁਰਸਿੱਖ ਸਿੱਖ ਇਤਿਹਾਸ ਦੇ ਹੀਰਿਆਂ ਦੇ ਜਨਮ ਦਾਤੀ ਹੋਣ ਦਾ ਪੰਜਾਬ ਦੀ ਧਰਤੀ ਨੂੰ ਮਾਣ ਹੈ; ਹੋਰ ਕਿਸੇ ਨੂੰ ਨਹੀਂ। ਇਸ ਪਵਿੱਤ੍ਰ ਤੇ ਸੁਹਾਵਣੀ ਬਾਗਾਂ ਅਤੇ ਜੰਗਲਾਂ ਨਾਲ ਸਰਬਜ਼; ਨਦੀ, ਨਾਲੇ ਤੇ ਨਹਿਰਾਂ ਦੀ ਸੁੰਦਰ ਰਚਨਾ ਵਾਲੀ ਪੱਧਰੀ ਜ਼ਮੀਨ ਦੀ ਹਿੱਕ ਉੱਤੇ ਅੰਨ ਦੀ ਖਾਣ ਮਾਲਵਾ ਦੇਸ਼ ਹੈ।

ਮਾਲਵਾ

ਗੁਰੂ ਕਾ ਮਾਲਵਾ ਮੁੱਢ ਤੋਂ ਹੀ ਧਰਮ ਪ੍ਰਾਇਣ, ਬ੍ਰਹਮਗਿਆਨੀਆਂ, ਵਿਦਵਾਨਾਂ, ਸੰਤਾਂ, ਮਹੰਤਾਂ, ਜੋਧਿਆਂ, ਸੂਰਬੀਰਾਂ, ਧੀਰਜਵਾਨਾਂ, ਬਲਵਾਨਾਂ, ਨੇਤਾ ਪੁਰਸ਼ਾਂ, ਹੱਕਪ੍ਰਸਤਾਂ, ਅਣਖੀਲਿਆਂ, ਸਭਯਾਚਾਰੀਆਂ, ਰਿਸ਼ੀਆਂ, ਸ਼ਾਸਤ੍ਰਕਾਰਾਂ, ਫ਼ਿਲਾਸਫਰਾਂ, ਲਿਖਾਰੀਆਂ, ਸ੍ਰੀਮਾਨਾਂ, ਰਾਜੇ ਪੁਰਸ਼ਾਂ, ਦਾਨੀਆਂ, ਆਪਾ ਵਾਰਨ ਵਾਲੇ ਬਜ਼ੁਰਗਾਂ ਤੋਂ ਇਲਾਵਾ ਮਹਾਨ ਦੇਵੀ ਦੇਵਤਿਆਂ ਦੀ ਭੂਮੀ ਹੈ। ਜਿਸ ਨੂੰ ਸਤਿਗੁਰਾਂ ਨੇ ਆਪਣੇ ਪਵਿੱਤ੍ਰ ਚਰਨ ਪਾ ਕੇ ਹੋਰ ਵੀ ਵਧੇਰੇ ਮਾਣ ਬਖਸ਼ਿਆ ਹੈ।

ਸੰਤ ਜੀ ਮਹਾਰਾਜ ਦਾ ਜਨਮ ਨਗਰ

ਸਤਵੇਂ ਪਾਤਸ਼ਾਹ ਜੀ ਮਹਾਰਾਜ ਦੇ ਵਰਾਂ ਨਾਲ ਮਾਲੋਮਾਲ ਹੋਏ ਇਸ ਮਾਲਵੇ ਦੇਸ਼ ਦੇ ਵਾਸੀ ਕਾਲੇ ਦੇ ਭਤੀਜੇ, ਰੂਪ ਚੰਦ ਦੇ ਪੁੱਤਰ, ਮੋਹਨ ਦੇ ਪੋਤਰੇ, ਸੰਦਲੀ ਤੇ ਫੂਲ ਸਨ। ਅੱਗੇ ਬਾਬਾ ਫੂਲ ਦੇ ਛੇ ਪੁੱਤਰ ਹੋਏ: ਤਿਲੋਕਾ, ਰਾਮਾ, ਰੱਘੂ, ਚੰਨੂ, ਝੰਡੂ ਤੇ ਤਖਤ ਮੱਲ। ਇਨ੍ਹਾਂ ਵਿੱਚੋਂ ਤਿਲੋਕਾ ਤੇ ਰਾਮਾ ਚੰਗੇ ਇਤਿਹਾਸਕ ਪੁਰਸ਼ ਹੋਏ ਹਨ। ਇਨ੍ਹਾਂ ਦੋਹਾਂ ਭਰਾਵਾਂ ਨੇ ਚਮਕੌਰ ਦੇ ਜੰਗ ਸਮੇਂ ਭੇਸ ਬਦਲ ਕੇ ਵੱਡੇ ਸਾਹਿਬਜਾਦਿਆਂ ਦੇ ਪਾਵਨ ਸਰੀਰਾਂ ਦੇ ਸਸਕਾਰ ਕਰਨ ਦੀ ਸੇਵਾ ਪ੍ਰਾਪਤ ਕੀਤੀ। ਉਪਰੰਤ ਮਾਲਵੇ ਦੇਸ਼ ਗੁਰੂ ਕੀ ਕਾਂਸ਼ੀ ਦਮਦਮੇ ਸਾਹਿਬ ਪੁੱਜ ਕੇ ਕਲਗੀਆ ਵਾਲੇ ਪਾਤਿਸ਼ਾਹ ਦੇ ਪਾਵਨ ਹਸਤ

ਕਮਲਾਂ ਤੋਂ ਅੰਮ੍ਰਿਤ ਪਾਨ ਕੀਤਾ। ਤਿਲੋਕਾ, ਸ. ਤਿਰਲੋਕ ਸਿੰਘ ਤੇ ਭਾਈ ਰਾਮਾ, ਸ. ਰਾਮ ਸਿੰਘ ਬਣ ਗਿਆ। ਤ੍ਰਿਲੋਕ ਸਿੰਘ ਚੌਧਰੀ ਨਾਭੇ ਤੇ ਜੀਂਦ ਰਿਆਸਤ ਦਾ ਵੱਡਕਾ ਹੋਇਆ ਹੈ।

ਸ. ਰਾਮ ਸਿੰਘ ਦੇ ਭੀ ਛੇ ਪੁੱਤਰ ਸਨ: ਦੁਨਾ, ਸੁੱਧਾ, ਆਲਾ, ਬਖਤਾ, ਬੁੱਧਾ ਤੇ ਲੱਧਾ। ਬਾਬੇ ਆਲੇ ਨੇ ਜੋ ਬੜਾ ਤੇਜ਼ਪ੍ਰਤਾਪੀ ਤੇ ਗ਼ਰੀਬ ਪਰਵਾਰ ਸੀ, ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕਿਆ ਅਤੇ ਸਭ ਤੋਂ ਪਹਿਲਾਂ ੧੭੭੯ ਬਿਕ੍ਰਮੀ ਵਿੱਚ ਬਰਨਾਲੇ ਸ਼ਹਿਰ ਕਿਲ੍ਹਾ ਬਣਾ ਕੇ ਆਪਣੀ ਰਾਜਧਾਨੀ ਕਾਇਮ ਕੀਤੀ। ਉਪਰੰਤ ਭਵਾਨੀਗੜ੍ਹ ਤੇ ਫੇਰ ੧੮੦੯ ਬਿਕ੍ਰਮੀ ਵਿੱਚ ਪੱਤੀ ਆਲਾ ਭਾਵ ਪਟਿਆਲਾ ਰਿਆਸਤ ਆਬਾਦ ਕੀਤੀ। ਇਸ ਪਟਿਆਲੇ ਸ਼ਹਿਰ ਤੋਂ ੮ ਕੋਹਾਂ ਦੇ ਫਾਸਲੇ ਤੇ ਪੱਛੋਂ ਪਹਾੜ ਦੇ ਵਿਚਕਾਰ, ਨਾਭੇ ਸ਼ਹਿਰ ਤੋਂ ੭ ਮੀਲ ਪਹਾੜ ਵਲ, ਫਤਹਿਗੜ੍ਹ ਸਰਹੰਦ ਤੋਂ ੧੫ ਮੀਲ ਦੱਖਣ ਵਲ, ਭਾਦਸੋਂ ਤੋਂ ਪੰਜ ਮੀਲ ਪੂਰਬ ਵੱਲ, ਅਮਲੋਹ ਕਸਬੇ ਤੋਂ ੧੩ ਮੀਲ ਪੂਰਬ ਵੱਲ, ਨਵੀਂ ਨਿਕਲੀ ਮੋਟਰਾਂ ਵਾਲੀ ਸੜਕ ਜੋ ਨਾਭੇ ਨੂੰ ਆਉਂਦੀ ਹੈ ਇਸ ਤੇ ਅਮਲੋਹ ਕਸਬਾ ਤੇ ਭਾਦਸੋਂ ਦਾ ਵੱਡਾ ਅੱਡਾ ਆਉਂਦਾ ਹੈ; ਇਸ ਤੋਂ ੪ ਮੀਲ ਪਹਾੜ ਵੱਲ 'ਆਲੋਵਾਲ' ਨਗਰ ਹੈ।

ਆਲੋਵਾਲ

ਜਦੋਂ ਦੀ ਗੱਲ ਅਸੀਂ ਕਰ ਰਹੇ ਹਾਂ, ਨਾ ਉਸ ਸਮੇਂ ਪਟਿਆਲਾ ਸ਼ਹਿਰ, ਨਾ ਹੀ ਨਾਭਾ ਰਿਆਸਤ, ਨਾ ਏਹੋ ਜੇਹੀਆਂ ਲੁੱਕ ਵਾਲੀਆਂ ਪੱਕੀਆਂ ਸੜਕਾਂ ਹੀ ਬਣੀਆਂ ਸਨ, ਸਗੋਂ ਪਹਿਲਾਂ ਏਥੇ ਚਾਰ ਚੁਫੇਰੇ ਸੰਘਣਾ ਜੰਗਲ ਹੀ ਜੰਗਲ ਸੀ। ਅਰਥਾਤ ਸ਼ੇਰਾਂ, ਬਘਿਆੜਾਂ ਤੇ ਵਿਸ਼ੈਲੇ ਪਸ਼ੂਆਂ ਦੇ ਰਹਿਣ ਦੀ ਥਾਉਂ, ਜਿੱਥੇ ਕਈ ਕੋਹਾਂ ਤੱਕ ਬਸਤੀ ਦਾ ਨਾਮੋ ਨਿਸ਼ਾਨ ਹੀ ਨਹੀਂ ਸੀ। ਵੱਡੇ ਵੱਡੇ ਬ੍ਰਿਛ ਬੂਟੇ ਕਿਸੇ ਬੇਲਗਾਮ ਘੋੜੇ ਵਾਂਗ ਆਪ ਮੁਹਾਰੇ ਤੁਰ ਕੇ ਵਧੇ ਹੋਏ ਖੜ੍ਹੇ ਸਨ। ਕਿਤੇ ਕਿਸੇ ਬੋਹੜ ਨੇ ਆਪਣੀਆਂ ਦਾਹੜੀਆਂ ਵਧਾ ਵਧਾ ਕੇ ਧਰਤੀ ਵਿੱਚ ਗੱਡੀਆਂ ਸਨ। ਕਿਤੇ ਕੋਈ ਪਿੱਪਲ ਕਾਲੇ ਦੇਉ ਵਾਂਗ ਆਪਣੇ ਸਰੀਰ ਨੂੰ ਵਧਾਈ ਖੜਾ ਸੀ। ਗੱਲ ਕੀ, ਜੰਗਲ ਦੀ ਹਰ ਇੱਕ ਚੀਜ਼ ਭਿਆਨਕ ਦ੍ਰਿਸ਼ ਪੈਦਾ ਕਰ ਰਹੀ ਸੀ, ਕਿਉਂਕਿ ਇਨ੍ਹਾਂ ਦੇ ਦੁਆਲੇ ਰੇਰੂ, ਕਿੱਕਰ, ਜੰਡ, ਫ਼ਲਾਹੀ, ਅੱਕ, ਕਰੀਰ ਤੇ ਹੋਰ ਬਹੁਤ ਸਾਰੇ ਕੰਡਿਆਂ ਵਾਲੇ ਝਾੜ ਖੜੇ ਸਨ।

ਏਹੋ ਜੇਹੀ ਖ਼ੁਸ਼ਕ ਉਜਾੜ, ਜਿੱਥੇ ਰੇਤ ਦੇ ਉੱਚੇ ਉੱਚੇ ਟਿੱਬੇ ਪਿਆਸੇ ਹਰਣਾਂ ਨੂੰ ਨਦੀ ਦਾ ਭੁਲੇਖਾ ਪਾਉਂਦੇ ਸਨ; ਜਿਨ੍ਹਾਂ ਵਿੱਚ ਧਾੜਵੀਂ ਲੁਟੇਰੇ ਤੇ ਡਾਕੂ ਰਹਿੰਦੇ ਸਨ, ਜਿਸ ਕਰ ਕੇ ਦਿਨ ਦਿਹਾੜੇ ਹੀ ਭੁੱਲੇ ਭਟਕੇ ਰਾਹੀ ਪਾਂਧੀ ਲੁੱਟੇ ਜਾਂਦੇ। ਇਹੋ ਜੇਹੀ ਕਿਸੇ ਬੇਨਸੀਬ ਮਨੁੱਖ ਦੇ ਕਰਮਾਂ ਵਾਂਗੂੰ ਉਜਾੜ ਵਿੱਚ ਇੱਕ ਛੋਟਾ ਜਿਹਾ ਮਹਾਨ ਪਵਿੱਤਰ 'ਆਲੋਵਾਲ' ਨਾਮ ਕਰ ਕੇ ਜੱਟ ਸਿੱਖਾਂ ਦਾ ਨਗਰ ਸੀ, ਜਿਸਨੂੰ ਜਮਾਂਦਰੂ ਸਿੱਧ ਪੂਰਨ ਮਹਾਂਪੁਰਸ਼ ਜਗਦੇਵ ਪੰਵਾਰ ਦੇ ਖ਼ਾਨਦਾਨ ਚੋਂ ਗੁਰਨੇ ਗੋਤ ਦੇ ਬਜ਼ੁਰਗ਼ ਬਾਬੇ ਆਲੇ ਨੇ ਆਬਾਦ ਕੀਤਾ।

ਏਥੇ ਅੱਜ ਤੋਂ ੬੭੮ ਸਾਲ ਪਹਿਲਾਂ ਆਲਾ ਤੇ ਸੀਬੂ ਦੋ ਬਜ਼ੁਰਗ਼ ਆਏ ਸਨ। ਆਲੇ ਨੇ ਆਪਣੇ ਨਾਮ ਪਰ ਨਗਰ ਆਬਾਦ ਕੀਤਾ, ਜਿਸਨੂੰ ਆਲੇ ਦਾ ਵਸਾਇਆ ਹੋਣ ਕਰ ਕੇ ਆਲੇਵਾਲਾ ਹੀ ਕਹਿੰਦੇ ਸਨ। ਜੋ ਸਮਾਂ ਪਾ ਕੇ ਆਲੇਵਾਲ ਤੋਂ ਆਲੋਵਾਲ ਪ੍ਰਸਿੱਧ ਹੋ ਗਿਆ। ਬਾਬੇ ਸੀਬੂ ਨੇ 'ਸੀਬੜੂ' (ਸਿੰਬੜੋ) ਨਗਰ ਵਸਾਇਆ। ਇਸ ਆਲੋਵਾਲ ਨਗਰ ਵਿੱਚ ਹੋਰ ਕੌਮਾਂ ਵਾਂਗ ਗੁਰਨੇ ਜ਼ਿਮੀਂਦਾਰਾਂ ਦੇ ਵੀ ਕਾਫ਼ੀ ਘਰ ਹਨ। ਕਿਸੇ ਸਮੇਂ ਇਨ੍ਹਾਂ ਦੇ ਬਜ਼ੁਰਗ਼ ਰਾਜਪੁਤਾਨੇ 'ਚੋਂ ਪੰਜਾਬ ਆਏ। ਇਹ ਰਾਜੇ ਜਗਦੇਵ ਦੇ ਖਾਨਦਾਨ ਵਿੱਚੋਂ ਹਨ, ਜਿਸ ਨੇ ਪਾਇਲ ਪਿੰਡ ਇੱਕ ਨਿਰਤਕਾਰੀ ਕਰਨ ਵਾਲੀ ਨਾਚੀ ਨੂੰ ਆਪਣੇ ਸੀਸ ਦਾ ਦਾਨ ਕਰ ਕੇ ਮੁੜ ਵਾਪਸ ਨਹੀਂ ਲਿਆ ਤੇ ਕਿਹਾ ਸੀ ਕਿ ਸੂਰਮੇਂ ਦਾਨ ਕੀਤੀ ਚੀਜ਼ ਵਾਪਸ ਨਹੀਂ ਲੈਂਦੇ। ਉਸਦੇ ਸ਼ਾਹੀ ਘਰਾਣੇ ਵਿੱਚ 'ਮੁੰਡੇਰ' ਤੇ 'ਗੁਰਨਾ' ਦੋ ਬਜ਼ੁਰਗ਼ ਹੋਏ। ਅੱਗੇ ਉਨ੍ਹਾਂ ਦੇ ਨਾਮ ਤੇ ਗੋਤ ਜਾਂ ਸੰਗਿਆਂ ਪੈ ਗਈ। ਜਰਗ ਨਿਵਾਸੀ ਮੁੰਡੇਰ ਗੋਤੀ ਹਨ। ਏਥੇ ਜਗਦੇਵ ਸੂਰਮੇ ਦੀ ਯਾਦਗਾਰ ਇੱਕ ਥੜ੍ਹੀ ਬਣੀ ਹੈ, ਜਿੱਥੇ ਭਾਵਨਾਂ ਵਾਲਿਆਂ ਦੀਆਂ ਹੁਣ ਵੀ ਸੁੱਖਾਂ ਵਰ ਆਉਂਦੀਆਂ ਹਨ। ਦੂਸਰੇ ਬਜ਼ੁਰਗ਼, ਗੁਰਨੇ ਦੀ ਔਲਾਦ ਕਈ ਪਿੰਡਾ ਵਿੱਚ ਆ ਵੱਸੀ। ਜਿਨ੍ਹਾਂ ਵਿੱਚੋਂ ਆਲੇ ਨਾਮੀ ਬਜ਼ੁਰਗ਼ ਨੇ ਆਲੋਵਾਲ ਆਬਾਦ ਕੀਤਾ। ਏਥੇ ਅਜ ਤੱਕ ਇਨ੍ਹਾਂ ਦਾ ਖ਼ਾਨਦਾਨ ਵੱਸਦਾ ਹੈ। ਇਸ ਪਿੰਡ ਦਾ ਕੋਈ ਛੇ ਕੁ ਸੌ ਦੇ ਕਰੀਬ ਘਰ ਹੋਵੇਗਾ। ਜਿਨ੍ਹਾਂ ਵਿੱਚੋਂ ਚਾਰ ਕੁ ਸੌ ਘਰ ਜ਼ਿਮੀਂਦਾਰ, ਮਹਾਜਨ ਤੇ ਬ੍ਰਾਹਮਣ ਲੋਕਾਂ ਦੇ ਹਨ। ਬਾਕੀ ਸਾਰੇ ਪਛੜੀਆਂ ਸ਼੍ਰੇਣੀਆਂ ਹਰੀਜਨਾਂ ਦੇ ਹਨ।

ਜ਼ਿਮੀਂਦਾਰ ਆਮ ਕਰ ਕੇ ਖੇਤੀਬਾੜੀ ਦਾ ਕੰਮ ਕਰਦੇ ਸਨ। ਜਿਨ੍ਹਾਂ ਵਿੱਚੋਂ ਇੱਕ 'ਰਾਜਰੂਪ' ਨਾਮ ਦਾ ਚੰਗਾ ਭਲਾ ਪੁਰਸ਼ ਹੋਇਆ ਹੈ। ਇਹ ਉਸ ਸਮੇਂ ਨਗਰ ਦਾ ਨੰਬਰਦਾਰ ਸੀ ਜੋ ਅੱਗੇ ਪੁਸ਼ਤ ਦਰ ਪੁਸ਼ਤ ਨੰਬਰਦਾਰੀ ਖਾਨਦਾਨ ਵਿੱਚ ਚਲੀ ਆਈ।

ਰਾਜਰੂਪ ਜੀ ਨੂੰ ਗੁਰਸਿੱਖੀ ਦੀ ਦਾਤ

ਜਦੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ੧੭੨੧ ਬਿਕ੍ਰਮੀ ਨੂੰ ਆਨੰਦਪੁਰ ਸਾਹਿਬ ਤੋਂ ਚੱਲ ਕੇ ਮਾਲਵੇ ਦੇਸ਼ ਦੀ ਧਰਤੀ ਨੂੰ ਪਾਵਨ ਕਰਨ ਵਾਸਤੇ ਤੀਰਥ ਯਾਤਰਾ ਲਈ ਤਿਆਰੀ ਕੀਤੀ, ਜਿਨ੍ਹਾਂ ਨਾਲ ਅਨੇਕਾਂ ਮਤਾਂ ਦੇ ਸਾਧੂ, ਹਜ਼ੂਰ ਦਾ ਪ੍ਰਵਾਰ ਤੇ ਹੋਰ ਬੇਅੰਤ ਸਿੱਖ ਸੰਗਤਾਂ ਦਾ ਇੱਕਠ ਸੀ। ਏਸੇ ਸਮੇਂ ਹੀ ਆਪ ਪਟਨੇ ਸਾਹਿਬ ਨੂੰ ਗਏ ਅਤੇ ਰਾਜੇ ਬਿਸ਼ਨ ਸਿੰਘ ਦੀ ਬੇਨਤੀ ਸੁਣ ਕੇ ਉਸ ਦੀ ਸਹਾਇਤਾ ਵਾਸਤੇ ਆਸਾਮ ਦੇਸ਼ ਪੁੱਜੇ ਤਾਂ ਅਨੰਦਪੁਰ ਤੋਂ ਚੱਲ ਕੇ ਰੋਪੜ ਤੋਂ ਅੱਗੇ ਪਹਿਲਾ ਮੁਕਾਮ ਰਹਿਲੀ ਪਿੰਡ (ਜੋ ਬਸੀ ਤੋਂ ਤਿੰਨ ਕੋਹਾਂ ਤੇ ਹੈ) ਕੀਤਾ। ਉਸ ਤੋਂ ਬਾਅਦ ਆਪ ਜੀ ਦੇ ਚਰਨ ਪਾਉਣ ਦੀਆਂ ਪਾਵਨ ਯਾਦਾਂ ਇਨ੍ਹਾਂ ਨਗਰਾਂ ਵਿੱਚ ਕਾਇਮ ਹਨ। ਫੇਰ ਕਲੌੜ, ਦਾਦੂਮਾਜਰਾ, ਅਗਣੀ, ਹਰਪਾਲਪੁਰ, ਖੱਬਾ ਖੇੜੀ, ਉਗਾਣਾ, ਨੌਲੱਖਾ, ਟਹਿਲਪੁਰਾ, ਆਕੜ ਪਿੰਡ ਹੁੰਦੇ ਹੋਏ ਸੀਬੜੋ ਪੁੱਜੇ ਜੋ ਪਟਿਆਲੇ ਤੋਂ ੬-੭ ਮੀਲਾਂ ਤੇ ਹੈ ਅਤੇ ਆਲੋਵਾਲ ਤੋਂ ਭੀ ਨਜ਼ਦੀਕ ਪੈਂਦਾ ਹੈ। ਏਥੇ ਭੀ ਵਧੇਰੇ ਗੁਰਨੇ ਗੋਤ ਦੇ ਬਜ਼ੁਰਗਾਂ ਦੀ ਵਸੋਂ ਹੈ। ਸਤਿਗੁਰਾਂ ਦਾ ਆਉਣਾ ਸੁਣ ਕੇ ਇਲਾਕੇ ਦੀਆਂ ਬੇਅੰਤ ਹੀ ਸੰਗਤਾਂ ਦਰਸ਼ਨਾਂ ਨੂੰ ਆਈਆਂ ਅਤੇ ਸਤਿਗੁਰਾਂ ਦੇ ਲੰਗਰ ਵਾਸਤੇ ਦੁੱਧ, ਲੱਸੀ, ਦਹੀਂ, ਮਿੱਠਾ, ਘਿਓ, ਆਟਾ, ਦਾਲ ਆਦਿ ਦੀ ਸੇਵਾ ਕਰ ਕੇ ਗੁਰਸਿੱਖੀ ਧਾਰਨ ਕੀਤੀ, ਜਿਨ੍ਹਾਂ ਵਿੱਚ ਆਲੋਵਾਲ ਨਗਰ ਦਾ ਬਜ਼ੁਰਗ ਬਾਬਾ ਰਾਜਰੂਪ ਤੇ ਇਨ੍ਹਾਂ ਦੇ ਵਡਕੇ ਵੀ ਸ਼ਾਮਲ ਸਨ। ਉਸ ਸਮੇਂ ਤੋਂ ਇਹ ਗੁਰੂ ਘਰ ਦੇ ਸ਼ਰਧਾਲੂ ਤੇ ਪ੍ਰੇਮੀ ਬਣੇ ਰਹੇ। ਬਾਅਦ ਵਿੱਚ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਸਿੰਘ ਸਜ ਗਏ।

ਇਸ ਤੋਂ ਅੱਗੇ ਨੌਵੇਂ ਪਾਤਿਸ਼ਾਹ ਜੀ ਰੋਹਟਾ, ਗੁਣੀਕੇ, ਬਾਉੜਹਾਈ, ਰਾਜੋਮਾਜਰਾ, ਮੂਲੋਵਾਲ ਪਿੰਡਾਂ ਵਿੱਚ ਦੀ ਹੁੰਦੇ ਹੋਏ ਗੁਰੂ ਕੀ ਕਾਂਸ਼ੀ ਦਮਦਮੇ ਸਾਹਿਬ ਪੁੱਜੇ। ਇਨ੍ਹਾਂ ਸਾਰਿਆਂ ਥਾਵਾਂ ਉਤੇ ਗੁਰ ਅਸਥਾਨ ਬਣੇ ਹਨ।

ਯਥਾ: ਰੋਪੜ, ਸੰਘੌਲ, ਲੋਪੋ, ਖੇੜੀ ਲੌ ਨਿਬੇੜੀ ਬਾਟ, ਅਨੰਦਪੁਰ ਕਲੌੜ ਥੋੜ ਪੈ ਰਹਾਇ ਕੈ।
ਦਾਦੂ ਮਾਜਰਾ, ਉਗਾਣਾ, ਨੌਲੱਖਾ, ਸੁਹਾਣਾ ਭਾਣਾ, ਟਹਿਲਪੁਰੇ ਹੈ ਕਰੀ ਟਹਿਲ ਸਿਖਾਇ ਕੈ।
ਨਦੀ ਹੰਸ ਮੇਘ ਇਵ ਤਾਰਤ ਫਿਰਤ ਗੁਰੁ, ਮਾਲਵੇ ਕੋ ਚਾਹਤ ਨਿਹਾਲ ਕੀਓ ਜਾਇ ਕੈ।

ਤਥਾ: ਆਕੜ ਗ੍ਰਾਮ ਲੰਘ ਸੀਬੜੋ ਥਿਰੇ ਨਿਸੰਗ, ਸਤਿਸੰਗ ਕਰਿ ਜਨ ਰੰਗ ਮਨ ਹੈ ਲਯੋ।
ਰੋਹਟਾ ਕੇ ਲੋਹਟਾ ਸੇ ਲੋਗਨਿ ਕੋ ਸੋਨਾ ਕਰਿ, ਗੁਣੀ ਕੇ ਗੁਰੂ ਕੋ ਸੇਵ ਗੁਣ ਗਯਾਨ ਹੈ ਪਯੋ।
ਬਾਉੜਹਾਇ ਰਾਜੋਮਾਜਰੇ ਸੈ ਮੂਲੋਵਾਲ, ਜਾਇ ਥਿਰੇ ਆਇ ਪੈਚ ਸੇਵ ਕਰਤਾ ਭਯੋ।
ਗੋਂਦਾ ਮਈਆ ਭਗਤੀ ਪ੍ਰੇਮੀ ਗੁਰ ਪਾਸ ਆਏ, ਪ੍ਰੇਮ ਯੁਤ ਸਿੱਖ ਭਏ ਸਤਿਸੰਗ ਹੈ ਕਯੋ।

(ਪੰਥ ਪ੍ਰਕਾਸ਼ ਕ੍ਰਿਤ ਗਿ. ਗਿਆਨ ਸਿੰਘ ਅਧਿਆਇ ੩੪)

ਰਾਜਰੂਪ

ਇਨ੍ਹਾਂ ਦੇ ਘਰ ਮਾਨਕ ਚੰਦ ਦਾ ਜਨਮ ਹੋਇਆ। ਜਿਸਦੇ ਘਰ ਪ੍ਰੇਮ ਚੰਦ ਪ੍ਰਗਟਿਆ। ਅੱਗੇ ਉਸਦਾ ਪੁੱਤ੍ਰ ਭਾਈ ਕਰਮ ਚੰਦ ਹੋਇਆ ਜਿਸਦੇ ਘਰ ਬਾਬਾ ਦਿਆਲ ਸਿੰਘ ਜੀ ਜਨਮਿਆ। ਦਿਆਲ ਸਿੰਘ ਦੇ ਘਰ ਵੀਰ ਸਿੰਘ ਜੀ ਉਤਪੰਨ ਹੋਏ। ਇਹ ਉਸ ਸਮੇਂ ਸਾਰੇ ਇਲਾਕੇ ਵਿੱਚ ਮਸ਼ਹੂਰ ਸਨ ਕਿਉਂਕਿ ਮਹਾਰਾਜ ਪਟਿਆਲਾ ਵਲੋਂ ਨੰਬਰਦਾਰੀ ਦੇ ਨਾਲ ਇਨ੍ਹਾਂ ਨੂੰ ਬਾਰਾਂ ਪਿੰਡਾਂ ਦੀ ਸ਼ਾਹੀ ਚੌਧਰਤਾ ਦਾ ਵੀ ਖ਼ਿਤਾਬ ਪ੍ਰਾਪਤ ਸੀ। ਜਿੱਥੇ ਇਹ ਸਰਕਾਰੇ ਦਰਬਾਰੇ ਸਤਿਕਾਰੇ ਜਾਂਦੇ ਸਨ ਓਥੇ ਇਨ੍ਹਾਂ ਦੀ ਉਦਾਰਤਾ, ਦਾਨ ਧਾਰਾ, ਕ੍ਰਿਪਾਲੂ ਸੁਭਾਓ ਤੇ ਗ਼ਰੀਬਾਂ ਦੇ ਕੰਮਾਂ ਵਿੱਚ ਵਧੇਰੇ ਹਿੱਸਾ ਲੈਣ ਕਰ ਕੇ ਇਲਾਕੇ ਵਿੱਚ ਵੀ ਆਮ ਪ੍ਰਸਿੱਧ ਸਨ। ਇਨ੍ਹਾਂ ਦੀ ਸ਼ਾਦੀ ਸਤਿਕਾਰ ਯੋਗ ਸ੍ਰੀਮਤੀ ਮਾਤਾ ਆਸ ਕੌਰ ਜੀ ਨਾਲ ਹੋਈ ਜੋ ਗੁਰਸਿੱਖੀ ਜੀਵਨ ਵਿੱਚ ਪ੍ਰਪੱਕ ਤੇ ਸੰਤ ਸੇਵੀ ਸਨ।

ਇਸ ਤੋਂ ਬਾਅਦ ਇਨ੍ਹਾਂ ਨੇ ਪ੍ਰਮੇਸ਼ਰ ਦੀ ਪ੍ਰਸੰਨਤਾ ਵਾਸਤੇ ਨਿਸ਼ਕਾਮਤਾ ਨਾਲ ਦਾਨ ਪੁੰਨ ਕਰ ਕੇ ਗ਼ਰੀਬਾਂ ਦੀਆਂ ਮਿੱਠੀਆਂ ਅਸੀਸਾਂ ਲਈਆਂ, ਜਿਨ੍ਹਾਂ ਦੇ ਬਚਨਾਂ ਦਾ ਸਦਕਾ ਇਨ੍ਹਾਂ ਦੇ ਘਰ ਇੱਕ ਮਹਾਨ ਪੁੰਨੀ ਗੁਰਮੁਖ ਮਹਾਂਪੁਰਸ਼ ਦਾ ਜਨਮ ਹੋਇਆ। ਮਾਤਾ ਪਿਤਾ ਨੇ ਉਸ ਦਾ ਨਾਮ ਰਾਮ ਸਿੰਘ ਰੱਖਿਆ। ਇਹ ਬਾਬਾ ਰਾਮ ਸਿੰਘ ਜੀ (ਜੋ ਸਚਮੁਚ ਰਾਮ ਭਗਵਾਨ ਦਾ ਹੀ ਅਵਤਾਰ ਸਨ) ਵੱਡੇ ਭਾਗਸ਼ਾਲੀ, ਸੰਤ ਸੇਵੀ ਤੇ ਪ੍ਰਮੇਸ਼ਰ ਦੀ ਪੂਰਨ ਰਹਿਮਤ ਦੇ ਪਾਤਰ ਬਣੇ। ਸਮਾ ਪਾ ਕੇ ਇਨ੍ਹਾਂ ਦੇ ਘਰ ਦੂਸਰੇ ਬੱਚੇ ਨੇ ਜਨਮ ਲਿਆ ਜਿਸ ਦਾ ਨਾਮ ਗਰਜਾ ਸਿੰਘ ਰੱਖਿਆ।

ਸ. ਰਾਮ ਸਿੰਘ ਨੇ ਆਪਣੀ ਸਿਆਣਪ ਨਾਲ ਛੋਟੀ ਉਮਰ ਵਿੱਚ ਹੀ ਪਿਤਾ ਜੀ ਦੇ ਰਾਜ ਦਰਬਾਰੀ ਕੰਮਾਂ ਨੂੰ ਸੰਭਾਲ ਲਿਆ। ਧਾਰਮਿਕ ਕੰਮਾਂ ਵਿੱਚ ਵੀ ਪੂਰਨ ਹਿੱਸਾ ਲੈਂਦੇ। ਆਪਣੇ ਸਰੀਰ ਦੇ ਹੁੰਦਿਆਂ ਹੀ ਪਿਤਾ ਜੀ ਨੇ ਨੰਬਰਦਾਰੀ ਦਾ ਭਾਰ ਇਨ੍ਹਾਂ ਦੇ ਮੋਢਿਆਂ ਤੇ ਰੱਖ ਕੇ ਆਪ ਗ੍ਰਿਹਸਤ ਵਿੱਚ ਰਹਿੰਦਿਆਂ ਹੀ ਬਾਨਪ੍ਰਸਤੀ ਤੇ ਸੰਨਿਆਸ ਧਾਰੀਆਂ ਵਾਂਗ

ਸਿਮਰਨ ਵਿੱਚ ਜੀਵਨ ਬਤੀਤ ਕਰਨ ਲੱਗੇ। ਸ. ਰਾਮ ਸਿੰਘ ਜੀ ਵੀ ਜਦੋਂ ਛੋਟਾ ਭਰਾ ਤਕੜਾ ਹੋ ਗਿਆ ਫੇਰ ਨੰਬਰਦਾਰੀ ਦਾ ਸਾਰਾ ਕੰਮ ਉਸ ਨੂੰ ਸੌਂਪ ਕੇ ਆਪ ਨਿਰਲੇਪ ਰਹਿ ਕੇ ਬੰਦਗੀ ਕਰਦੇ ਰਹੇ।

ਸੰਤ ਜੀ ਮਹਾਰਾਜ ਦੇ ਨਾਨਕਿਆਂ ਦਾ ਸ਼ਜਰਾ



ਸੰਤ ਜੀ ਮਹਾਰਾਜ ਦਾ ਨਾਨਕਾ ਨਗਰ

ਨਾਭੇ ਪਟਿਆਲੇ ਦੇ ਵਿਚਕਾਰ ਧਭਲਾਨ ਸਟੇਸ਼ਨ ਤੋਂ ਚਾਰ ਕੁ ਮੀਲਾਂ ਦੇ ਫਾਸਲੇ ਤੇ ਦੱਖਣ-ਪੱਛਮ ਵੱਲ 'ਨਿਰਮਾਣਾ' ਨਾਮ ਦਾ ਇੱਕ ਛੋਟਾ ਜਿਹਾ ਪਿੰਡ ਹੈ। ਪਹਿਲਾਂ ਇਹ ਨਗਰ ਨਾਭੇ ਰਿਆਸਤ ਵਿੱਚ ਸੀ। ਅੱਜ ਕੱਲ ਇਸ ਨੂੰ ਪਟਿਆਲਾ ਜ਼ਿਲ੍ਹਾ ਲੱਗਦਾ ਹੈ। ਇਸ ਵਿੱਚ ਖਟੜੇ ਗੋਤ ਦੇ ਜ਼ਿਮੀਂਦਾਰਾਂ ਦੀ ਵਧੇਰੇ ਵਸੋਂ ਹੈ ਕਿਉਂਕਿ ਇਹ ਪਿੰਡ ਵਸਾਇਆ ਹੀ ਖਟੜੇ ਗੋਤ ਦੇ ਬਜ਼ੁਰਗ਼ ਬਾਬਾ ਦੱਗਾ ਸਿੰਘ ਜੀ ਤੇ ਬਖਤ ਸਿੰਘ ਜੀ ਨੇ ਹੈ। ਉਸ ਸਮੇਂ ਇਸ ਇਲਾਕੇ ਦੀਆਂ ਖੁੱਲ੍ਹੀਆਂ ਜ਼ਮੀਨਾਂ ਦੇ ਕਾਰਣ ਬੇਆਬਾਦ ਧਰਤੀ ਪਈ ਸੀ, ਜਿਸ ਕਰ ਕੇ ਹੋਰ ਵੀ ਬਹੁਤ ਸਾਰੇ ਲੋਕ ਆ ਵੱਸੇ। ਜਿੱਥੇ ਵੀ ਕਿਸੇ ਬਜ਼ੁਰਗ਼ ਨੇ ਜ਼ਮੀਨ ਵਾਹ ਬੀਜ ਕੇ ਵਹਿੰਦੜ ਕਰ ਲਈ ਫੇਰ ਓਹ ਉਸੇ ਦੀ ਹੀ ਮਲਕੀਅਤ ਮੰਨੀ ਗਈ।

ਸ. ਦੱਗਾ ਸਿੰਘ ਦੇ ਘਰ ਦਾਨ ਸਿੰਘ ਦਾ ਜਨਮ ਹੋਇਆ। ਸ. ਦਾਨ ਸਿੰਘ ਦੇ ਘਰ ਤਾਰਾ ਸਿੰਘ ਨੇ ਜਨਮ ਲਿਆ। ਤਾਰਾ ਸਿੰਘ ਦੇ ਪੁੱਤਰ ਦਾ ਨਾਮ ਦੀਵਾਨ ਸਿੰਘ ਸੀ। ਦੀਵਾਨ ਸਿੰਘ ਦੇ ਅੱਗੇ ਪ੍ਰੇਮ ਸਿੰਘ ਹੋਇਆ। ਪ੍ਰੇਮ ਸਿੰਘ ਦੇ ਘਰ ਵਸਾਵਾ ਸਿੰਘ ਦਾ ਜਨਮ ਹੋਇਆ। ਇਹ ਵੀ ਆਪਣੇ ਪਿਤਾ ਵਾਂਗ ਲੋਕਾਂ ਨੂੰ ਹਰ ਪ੍ਰਕਾਰ ਦੀ ਸੁੱਖ ਸਹੂਲਤ ਦੇਂਦੇ ਰਹੇ। ਸਮਾਂ ਪਾ ਕੇ ਇਨ੍ਹਾਂ ਦੇ ਘਰ ਸ. ਪ੍ਰਤਾਪ ਸਿੰਘ ਜੀ ਨੇ ਜਨਮ ਲਿਆ। ਜਿਸ ਦੀ ਸ਼ਾਦੀ ਪਿੰਡ ਢੋਡੇ (ਭਵਾਨੀਗੜ੍ਹ) ਦੇ ਢੱਡੇ ਗੋਤੀ ਸਰਦਾਰ ਘਰਾਣੇ ਵਿੱਚ ਮਾਤਾ ਮਹਿਤਾਬ ਕੌਰ ਜੀ ਨਾਲ ਹੋਈ।

ਸ. ਪ੍ਰਤਾਪ ਸਿੰਘ ਦੀ ਸੁਪਤਨੀ ਮਾਤਾ ਮਹਿਤਾਬ ਕੌਰ ਦੀ ਕੁਖੋਂ ਸਭ ਤੋਂ ਪਹਿਲਾਂ ੧੮੮੦ ਈ. ਦੇ ਲਗਭਗ ਇੱਕ ਵਡਭਾਗਣ ਬੱਚੀ ਪੈਦਾ ਹੋਈ ਜਿਸ ਦਾ ਨਾਮ ਬੀਬੀ ਰਤਨ ਕੌਰ ਰੱਖਿਆ। ਮਾਨੋ ਹਿਮਗਿਰ ਤੇ ਮੈਨਾ ਦੇ ਘਰ ਪਾਰਬਤੀ ਜਾਂ ਕੌਸ਼ਲ ਰਾਜੇ ਦੇ ਘਰ ਕੌਸ਼ਲਿਆਂ ਹੀ ਜਨਮ ਧਾਰ ਕੇ ਆਈ। ਇਹ ਸੁਭਾਗ ਬੀਬੀ ਬਚਪਨ ਤੋਂ ਹੀ ਭਾਉ ਭਗਤੀ ਦਾ ਸਰੂਪ

* ਸੰਤ ਜੀ ਮਹਾਰਾਜ ਜੀ ਦੇ ਪੂਜਨੀਕ ਮਾਤਾ ਜੀ

ਤੇ ਸ਼੍ਰੇਸ਼ਟ ਗੁਣਾਂ ਕਰ ਕੇ ਭਰਪੂਰ ਸੀ। ਬਾਲਕ ਅਵਸਥਾ ਵਿੱਚ ਹੀ ਗੁਰਮੁਖ ਪ੍ਰਵਾਰ ਦੀ ਰੰਗਣ ਚੜ੍ਹ ਗਈ। ਗੁਰਸਿੱਖੀ ਜੀਵਨ ਤਾਂ ਮਾਤਾ ਪਿਤਾ ਦੇ ਵਿਰਸੇ ਵਿੱਚੋਂ ਆਈ ਅਮੋਲਕ ਦਾਤ ਸੀ। ਸੁਘੜ ਧੀਆਂ ਵਾਂਗ ਹੱਸੂ ਹੱਸੂ ਕਰਦਿਆਂ ਘਰ ਦਾ ਕੰਮ ਬੜੇ ਉਤਸ਼ਾਹ ਨਾਲ ਕਰਨਾ। ਬਚਪਨ ਵਿੱਚ ਹੀ ਮਾਤਾ ਦੀ ਗ਼ੈਰਹਾਜ਼ਰੀ ਵਿਖੇ ਵੀ ਕਿਸੇ ਘਰ ਆਏ ਸਾਧੂ ਸੰਤ ਨੂੰ ਖ਼ਾਲੀ ਨਹੀਂ ਸੀ ਮੋੜਿਆ, ਸਭਨਾਂ ਤੋਂ ਮਿੱਠੀਆਂ ਅਸੀਸਾਂ ਲਈਆਂ। ਇਉਂ 'ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ' ਦੀ ਕਹਾਵਤ ਅਨੁਸਾਰ ਪੇਕੇ ਘਰ ਨੂੰ ਚਾਰ ਚੰਨ ਲਾ ਕੇ ਸਵਰਗ ਦਾ ਨਮੂਨਾ ਬਣਾਇਆ। ਕਈ ਸਾਲਾਂ ਬਾਅਦ ਤਕਰੀਬਨ ੧੮੮੫ ਈ. ਦੇ ਕਰੀਬ ਇੱਕ ਬੱਚੇ ਨੇ ਜਨਮ ਧਾਰਿਆ ਜਿਸ ਦਾ ਨਾਮ ਮਾਤਾ ਪਿਤਾ ਨੇ ਸੁੰਦਰ ਸਿੰਘ ਰੱਖਿਆ। ਇਹ ਕੇਵਲ ਇੱਕ ਬੱਚੇ ਦੇ ਪਿਤਾ ਹੋਣ ਉਪਰੰਤ ੨੨ ਸਾਲ ਦੀ ਉਮਰ ਵਿੱਚ ਹੀ ਗੁਰਪੁਰੀ ਪਿਆਨਾ ਕਰ ਗਏ ਸਨ। ਇਨ੍ਹਾਂ ਦੇ ਘਰ ਸ. ਬਖਤੌਰ ਸਿੰਘ ਜੀ ਜਨਮੇ ਜੋ ਪਿਤਾ ਜੀ ਦੇ ਅੰਤ ਸਮੇਂ ਪੰਜ ਸਾਲਾਂ ਦੇ ਸਨ।

ਮਾਤਾ ਮਹਿਤਾਬ ਕੌਰ ਨੂੰ ਤ੍ਰਿਕਾਲ ਦਰਸੀ ਸਾਧੂ ਦਾ ਬਚਨ

ਓਹਨਾਂ ਸਮਿਆਂ ਵਿੱਚ ਜੇ ਕੋਈ ਕਿਸੇ ਗੱਲੋਂ ਘਰੋਂ ਉਦਾਸ ਹੋ ਕੇ ਸਾਧੂ ਵੀ ਬਣਦਾ ਤਾਂ ਓਹ ਐਸਾ ਵੈਰਾਗੀ ਤਿਆਗੀ ਤੇ ਉੱਚ ਪੱਧਰ ਦਾ ਮਹਾਤਮਾ ਹੁੰਦਾ ਜਿਸ ਦੇ ਸੁਤੇ ਸਿੱਧ ਦਰਸ਼ਨ ਕੀਤਿਆਂ ਮੰਦ ਵਾਸ਼ਨਾ ਦੂਰ ਹੋ ਜਾਂਦੀਆਂ ਸਨ। ਆਮ ਕਰ ਕੇ ਪਿੰਡਾਂ ਤੋਂ ਬਾਹਰ ਛੱਪੜ ਦੇ ਕੰਢੇ ਨਾਂਗੇ ਸਾਧੂਆਂ ਦੀਆਂ ਜਮਾਤਾਂ ਆਉਂਦੀਆਂ ਜੋ ਬਿਨਾਂ ਬਸਤ੍ਰ ਤੋਂ ਅਗਨੀ ਦੇ ਧੂਏਂ ਦੇ ਆਸਰੇ ਸਿਆਲੇ ਦੀਆਂ ਠੰਢੀਆਂ ਰਾਤਾਂ ਨੀਲੀ ਛੱਤ ਹੇਠਾਂ ਬਾਹਰ ਮੈਦਾਨ ਵਿੱਚ ਹੀ ਬਤੀਤ ਕਰਦੇ। ਭਾਵੇਂ ਉਹ ਅੱਜ ਕੱਲ੍ਹ ਦੇ ਭੇਖੀ ਸਾਧੂਆਂ ਵਾਂਗ ਦਵਾਈ ਬੂਟੀ ਦਾ ਕੰਮ, ਬੱਚਿਆਂ ਨੂੰ ਹੱਥ ਹੌਲਾ, ਧਾਗੇ ਤਵੀਤ ਤੇ ਮੰਤਰ ਜੰਤਰ ਨਹੀਂ ਸੀ ਜਾਣਦੇ, ਫੇਰ ਵੀ ਲੋਕੀਂ ਭਾਵਨਾ ਨਾਲ ਉਨ੍ਹਾਂ ਦੀ ਸੇਵਾ ਕਰਦੇ ਅਤੇ ਸਰਾਪ ਤੋਂ ਭੈ ਮੰਨਦੇ। ਕਈ ਪਰਮਹੰਸ ਬੀਤਰਾਗ ਸਾਧੂ ਇਕੱਲੇ ਹੀ ਆਪਣੀ ਮੌਜ ਵਿੱਚ ਵਿਚਰਦੇ। ਉਨ੍ਹਾਂ ਨੇ ਭਿੱਖਿਆ ਦੇ ਸਮੇਂ ਸ਼ਹਿਰ ਜਾਂ ਨਗਰ ਦੀਆਂ ਗਲੀਆਂ ਵਿੱਚ ਜਾ ਕੇ ਹਰੀ ਨਾਰਾਇਣ ਕਰਣੀ। ਜਿੱਥੋਂ ਮੰਨੀ ਮਿਲ ਜਾਂਦੀ ਉਸੇ ਜਗ੍ਹਾ ਹੀ ਖੜੋ ਕੇ ਛਕ ਲੈਣਾ। ਫੇਰ ਅੱਗੇ ਹੋ ਜਾਣਾ। ਕਿਸੇ ਘਰੋਂ ਇੱਕ ਤੋਂ ਵਧੀਕ ਪ੍ਰਸ਼ਾਦਾ ਅੰਗੀਕਾਰ ਨਹੀਂ ਸੀ ਕਰਦੇ। ਕੇਵਲ ਦੁਪਹਿਰ ਦੇ ਵਕਤ ਹੀ ਅੱਠੀਂ ਪਹਿਰੀਂ ਆਉਣਾ ਅਤੇ ਬਾਕੀ ਦਾ ਸਮਾਂ ਬਾਹਰ ਇਕਾਂਤ ਵਿੱਚ ਬਤੀਤ ਕਰਨਾ।

ਏਹੋ ਜਿਹਾ ਇੱਕ ਜਟਾ ਜੂਟ ਮਹਾਂਪੁਰਸ਼, ਜਿਸ ਦੇ ਸੀਸ ਤੇ ਖੱਦਰ ਦੀ ਚਾਦਰ ਦਾ ਝੁੰਬ, ਪੈਰਾਂ ਤੱਕ ਨੀਵਾਂ ਖੱਦਰ ਦਾ ਚੋਗਾ, ਧੌੜੀ ਦੀ ਜੁੱਤੀ ਤੇ ਹੱਥ ਵਿੱਚ ਚਿੱਪੀ ਫੜੀ ਹੋਈ, ਨਿਰਮਾਣੇ ਨਗਰ ਆ ਪੁਜਾ। ਗ਼ਰਮੀ ਦਾ ਮੌਸਮ, ਦੁਪਹਿਰਾਂ ਦਾ ਸਮਾਂ ਸੀ। ਉਸ ਨੇ ਸ. ਪ੍ਰਤਾਪ ਸਿੰਘ ਦੇ ਬੂਹੇ ਅੱਗੇ ਆ ਕੇ 'ਸਤਿਕਰਤਾਰ' ਆਖਿਆ। ਮਾਤਾ ਮਹਿਤਾਬ ਕੌਰ ਨੇ ਕਿਹਾ, "ਰਤਨੀਏ ! ਬਾਬੇ ਆਏ ਨੇ ਦੌੜ ਕੇ ਜਾਹ ਤੇ ਇਨ੍ਹਾਂ ਨੂੰ ਪ੍ਰਸ਼ਾਦਾ ਦੇਹ।" ਮਾਤਾ ਜੀ ਦਾ ਬਚਨ ਸੁਣ ਕੇ ਜਦੋਂ ਬੀਬੀ ਨੇ ਹੱਥ ਧੋ ਕੇ ਥਾਲੀ ਵਿੱਚ ਪ੍ਰਸ਼ਾਦਾ ਰੱਖਿਆ ਤੇ ਛੇਤੀ ਨਾਲ ਬੂਹੇ ਅੱਗੇ ਖੜ੍ਹੇ ਮਹਾਤਮਾ ਨੂੰ ਸਿਰ ਝੁਕਾ ਕੇ ਮੱਥਾ ਟੇਕ ਕੇ ਦੋਵੇਂ ਹੱਥ ਅੱਗੇ ਕਰ ਕੇ ਪ੍ਰਸ਼ਾਦਾ ਪਕੜਾਇਆ ਤਾਂ ਤ੍ਰਿਕਾਲ ਦਰਸੀ ਮਹਾਤਮਾ ਨੇ ਇਸ ਬੱਚੀ ਦੇ ਮਸਤਕ ਵੱਲ ਤੱਕਿਆ ਅਤੇ ਸ਼ਰਧਾ ਨਾਲ ਨਮਸ਼ਕਾਰ ਕੀਤੀ। ਮਾਤਾ ਮਹਿਤਾਬ ਕੌਰ ਦੇ ਪੁੱਛਣੇ ਕਰ ਕੇ ਕਿਹਾ, "ਬੇਬੇ! ਇਹ ਬੱਚੀ ਬੜੇ ਭਾਗਾਂ ਵਾਲੀ ਹੈ। ਰੱਬੀ ਕਾਰਕ ਦੀ ਮਾਤਾ ਬਣੇਗੀ। ਇਸ ਦੇ ਘਰ ਪੂਰਨ ਬ੍ਰਹਮ ਗਿਆਨੀ ਈਸ਼ਵਰੀ ਭਗਤ ਨੇ ਜਨਮ ਲੈਣਾ ਹੈ, ਜੋ ਨਾਨਕੇ ਤੇ ਦਾਦਕਿਆਂ ਦੀਆਂ ਸਮੂੰਹ ਕੁਲਾਂ ਤਾਰੇਗਾ।" ਸਾਧੂ ਦੀ ਰਸਨਾ ਤੋਂ ਇਹ ਅਮੋਲਕ ਬਚਨ ਸੁਣ ਕੇ ਮਾਤਾ ਜੀ ਦਾ ਮਨ ਪੂਰਨ ਖੇੜੇ ਵਿੱਚ ਆ ਗਿਆ। ਓਹਨਾਂ ਦੇ ਅੰਦਰ ਕੁਛ ਹੋਰ ਪੁੱਛਣ ਦਾ ਖ਼ਿਆਲ ਸੀ ਪਰ ਓਹ ਸਾਧੂ ਫੇਰ ਨਹੀਂ ਠਹਿਰੇ। ਨਾ ਕਦੀ ਬਾਅਦ ਵਿੱਚ ਹੀ ਆਏ।

ਸ. ਪ੍ਰਤਾਪ ਸਿੰਘ ਨੇ ਆਪਣੇ ਘਰ ਵਾਲੀ ਸ੍ਰੀਮਤੀ ਮਹਿਤਾਬ ਕੌਰ ਨਾਲ ਸਲਾਹ ਕਰ ਕੇ ਬੀਬੀ ਰਤਨ ਕੌਰ ਦਾ ਰਿਸ਼ਤਾ ਆਲੋਵਾਲ ਨਗਰ ਦੇ ਵਾਸੀ ਵੀਰ ਸਿੰਘ ਚੌਧਰੀ ਦੇ ਸਪੁਤਰ ਸ. ਰਾਮ ਸਿੰਘ ਜੀ ਨੰਬਰਦਾਰ ਨਾਲ ਕਰ ਦਿੱਤਾ। ਉਪਰੰਤ ਇਸ ਸੁਭਾਗ ਜੋੜੀ ਦਾ ਥੋੜੇ ਸਮੇਂ ਬਾਅਦ ਵਿਵਾਹ ਹੋ ਗਿਆ। ਇਸ ਵਕਤ ਦੋਹੀਂ ਪਾਸੀਂ ਧੇਤੇ ਪੁਤੇਤਿਆਂ ਨੇ ਦਿਲ ਖੋਲ੍ਹ ਕੇ ਧਨ ਖਰਚ ਕੀਤਾ। ਢਾਡੀ ਡੂਮ ਕਲੌਂਤ ਤੇ ਹੋਰ ਮੰਗਤੇ ਮੂੰਹ ਮੰਗਿਆ ਪਦਾਰਥ ਪਾ ਕੇ ਮਹਾਂਦਾਨੀ ਰਾਜੇ ਜਗਦੇਵ ਤੱਕ ਪੀੜ੍ਹੀਆਂ ਗਿਣ ਕੇ ਕਲਿਆਣ ਉਚਾਰਦੇ ਸਨ।

ਸ਼ੁਭ ਗੁਣ ਅਗਾਰ, ਦੈਵੀ ਸੰਪਤੀ ਭੰਡਾਰ, ਭਾਗਾਂ ਵਾਲੇ ਘਰ ਦਾ ਸ਼ਿੰਗਾਰ, ਮਾਤਾ ਰਤਨ ਕੌਰ ਜੀ ਬਹੁਤ ਹੀ ਨੇਕ, ਹਰਮਨ ਪਿਆਰੇ ਤੇ ਮਿਠਬੋਲੇ ਸਨ। ਪੂਰਬਲੇ ਜਨਮਾਂ ਦੇ ਸੰਜੋਗ ਕਰ ਕੇ ਰਾਜੇ ਦਸਰਥ ਤੇ ਰਾਣੀ ਕੌਸ਼ਲਿਆਂ ਵਾਂਗ (ਸ. ਰਾਮ ਸਿੰਘ ਜੀ ਤੇ ਮਾਤਾ ਰਤਨ ਕੌਰ ਜੀ) ਇਹ ਸੁਭਾਗ ਜੋੜਾ ਹਮ ਖ਼ਿਆਲੀ, ਸੰਤ ਸੇਵੀ, ਧਾਰਮਿਕ ਰੁਚੀ ਵਿੱਚ ਅਧਿਕਤਾ ਰੱਖਣ ਵਾਲੇ, ਕਿਰਪਾਲੂ ਸੁਭਾਉ ਸੰਜੁਗਤ, ਬੜੇ ਦਰਦਵੰਤ ਤੇ ਗ਼ਰੀਬ ਪਰਵਰ ਸੀ।

ਸ. ਰਾਮ ਸਿੰਘ ਜੀ ਇਤਨੇ ਨਰਮ ਦਿਲ ਸਨ ਕਿ ਜੇ ਕਦੀ ਕਿਸੇ ਗ਼ਰੀਬ ਨੇ ਘਰ ਆ ਕੇ ਆਖਣਾ "ਨੰਬਰਦਾਰਾ!

ਅੱਜ ਮੇਰਾ ਕੰਮ ਹੈ ਜ਼ਰਾ ਸ਼ਹਿਰ ਤੱਕ ਤਾਂ ਚਲੀਂ।" ਤਾਂ ਉਸੇ ਸਮੇਂ ਆਪਣੇ ਘਰ ਦੇ ਸਾਰੇ ਕੰਮ ਛੱਡ ਕੇ ਉਸੇ ਨਾਲ ਹੀ ਤਿਆਰ ਹੋ ਜਾਣਾ ਅਤੇ ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਜਦੋਂ ਸਰਕਾਰੇ ਦਰਬਾਰੇ ਕਿਸੇ ਗ਼ਰੀਬ ਜਾਂ ਅਮੀਰ ਦੇ ਕੰਮ ਜਾਣਾ, ਉਸ ਕੋਲੋਂ ਫੋਕੇ ਪਾਣੀ ਤੱਕ ਵੀ ਨਹੀਂ ਸੀ ਪੀਂਦੇ। ਇਤਨਾ ਬੜਾ ਵੱਡਾ ਤਿਆਗ ਸੀ। ਇਸੇ ਤਰ੍ਹਾਂ ਘਰ ਵਿੱਚ ਮਾਤਾ ਰਤਨ ਕੌਰ ਜੀ ਵੀ ਬੂਹੇ ਅੱਗੇ ਆਏ ਕਿਸੇ ਸੁਆਲੀ ਮੰਗਤੇ ਨੂੰ ਖ਼ਾਲੀ ਨਹੀਂ ਸੀ ਮੋੜਦੇ ਅਤੇ ਆਪ ਰੋਜ਼ ਦਾ ਨਿੱਤਨੇਮ ਕੀਤੇ ਬਗ਼ੈਰ ਜਲ ਪਾਣੀ ਨਹੀਂ ਸੀ ਛਕਦੇ। ਇਉਂ ਸਮਾਂ ਬੀਤਦਾ ਗਿਆ ਅਕਾਲ ਪੁਰਖ ਦੀ ਪ੍ਰੇਰਨਾ ਅਨੁਸਾਰ ਬਾਬਾ ਵੀਰ ਸਿੰਘ ਜੀ ਦੇ ਮਨ ਵਿੱਚ ਸੰਕਲਪ ਫੁਰਿਆ ਕਿ ਹੁਣ ਮੇਰੀ ਬ੍ਰਿਧ ਅਵਸਥਾ ਹੋ ਆਈ ਹੈ। ਦੋਵੇਂ ਪੁੱਤਰ ਲਾਇਕ ਆਗਿਆਕਾਰ ਹਨ। ਇਨ੍ਹਾਂ ਦੇ ਵਿਆਹ ਵੀ ਹੋ ਚੁੱਕੇ ਹਨ। ਮੈਂ ਆਪਣਾ ਸਾਰਾ ਫਰਜ਼ ਪੂਰਾ ਕਰ ਲਿਆ ਹੈ। ਹੁਣ ਜੇਕਰ ਇਸ ਭਰੀ ਤੇ ਫਲੀ ਫੁਲੀ ਫੁਲਵਾੜੀ ਵਿੱਚੋਂ ਤੁਰਦਾ ਫਿਰਦਾ ਹੀ ਪ੍ਰਲੋਕ ਨੂੰ ਚਲਿਆ ਜਾਵਾਂ ਤਾਂ ਬੜੀ ਚੰਗੀ ਗੱਲ ਹੈ। ਪਰ ਅਜੇ ਇੱਕ ਸੱਧਰ ਬਾਕੀ ਰਹਿ ਗਈ ਹੈ ਕਿ ਮੈਂ ਆਪਣੇ ਜਿਉਂਦੇ ਜੀਅ ਇਸ ਘਰ ਨੂੰ ਰੰਗ ਭਾਗ ਲਾਉਣ ਵਾਲਾ ਪੋਤਰਾ ਵੀ ਦੇਖ ਲਵਾਂ। ਇਹ ਇਸ ਦਾ ਸੱਤ ਸੰਕਲਪ ਸੀ ਜੋ ਨਿਰੰਕਾਰ ਨੇ ਪੂਰਾ ਕੀਤਾ।

ਕੱਤਕ ਦਾ ਮਹੀਨਾ ਚੜ੍ਹਿਆ। ਕਣਕਾਂ ਦੀ ਬਿਜਾਈ ਸ਼ੁਰੂ ਹੋ ਗਈ। ਸੌਣੀਆਂ ਦੀ ਫਸਲ ਪਿੜਾਂ ਵਿੱਚ ਪਈ ਹੈ। ਅੱਧਾ ਕੱਤਕ ਹੋ ਆਇਆ। ਸਾਰਿਆਂ ਦੇ ਮਨਾਂ ਵਿੱਚ ਇਸ ਮਹੀਨੇ ਦੀ ਅਮਿਤ ਖੁਸ਼ੀ ਹੈ ਕਿਉਂਕਿ ਨਗਰਾਂ ਤੇ ਸ਼ਹਿਰਾਂ ਵਿੱਚ ਥਾਂ ਪਰ ਥਾਂ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਉਤਸਵ ਮਨਾਉਣ ਦੀਆਂ ਤਿਆਰੀਆਂ ਆਰੰਭ ਹਨ। ਸ਼ਰਧਾਲੂ ਪ੍ਰੇਮੀ ਜਲੂਸ ਕੱਢਣ ਤੇ ਨਗਰ ਕੀਰਤਨ ਦੇ ਪ੍ਰੋਗਰਾਮ ਵਿੱਚ ਹਨ। ਅੱਜ ਸਵੇਰ ਤੋਂ ਹੀ ਸ. ਰਾਮ ਸਿੰਘ ਜੀ ਇਸ਼ਨਾਨ ਕਰ ਕੇ ਆਪਣੇ ਮੰਜੇ ਤੇ ਬੈਠੇ ਸਨ ਕਿ ਅਚਾਨਕ ਤੰਦਲਾ ਨੀਂਦ ਵਿੱਚ ਇੱਕ ਦ੍ਰਿਸ਼ਟਾਂਤ ਦੇਖਿਆ। ਇੱਕ ੮੦ ਕੁ ਸਾਲਾਂ ਦਾ ਬ੍ਰਿਧ ਬਜ਼ੁਰਗ ਜੋ ਬਾਹਰਲੇ ਲਿਬਾਸ ਤੋਂ ਕੋਈ ਮਹਾਂਪੁਰਸ਼ ਪ੍ਰਤੀਤ ਹੋ ਰਿਹਾ ਸੀ, ਸ਼ਿੰਗਰਫ ਵਰਗਾ ਲਾਲ ਚੇਹਰਾ, ਸੁੰਦਰ ਦੁੱਧ ਚਿੱਟਾ ਲੰਮਾ ਦਾਹੜਾ, ਸੀਸ ਤੇ ਗੋਲ ਦਸਤਾਰਾ, ਗਲੇ ਪੈਰਾਂ ਤੱਕ ਖੱਦਰ ਦਾ ਨੀਵਾਂ ਚੋਲਾ ਤੇ ਚਰਨਾ ਵਿੱਚ ਖੁੰਟੀਆਂ ਵਾਲੇ ਪਊਏ ਪਾਈ ਹੱਥ ਵਿੱਚ ਸਿਮਰਨਾ ਫੇਰਦਾ ਹੋਇਆ ਤੇ ਮੁਸਕ੍ਰਾਉਂਦਾ ਬਾਬੇ ਰਾਮ ਸਿੰਘ ਵੱਲ ਆ ਰਿਹਾ ਹੈ। ਜਦੋਂ ਪਾਸ ਪੁੱਜਾ ਤਾਂ ਇਨ੍ਹਾਂ ਨੇ ਉੱਠ ਕੇ ਨਮਸ਼ਕਾਰ ਕੀਤੀ। ਉਸ ਬ੍ਰਿਧ ਬਾਬੇ ਨੇ ਇਸ ਦੀ ਪਿੱਠ ਤੇ ਹੱਥ ਰੱਖਿਆ ਅਤੇ ਪ੍ਰਸੰਨ ਹੋ ਕੇ ਆਖਿਆ, "ਰਾਮ ਸਿੰਘ! ਆਹ ਲੈ ਅਸਾਡੇ ਵਲੋਂ ਇੱਕ ਗੁਲਾਬ ਦਾ ਭਰਪੂਰ ਜੋਬਨ ਵਿੱਚ ਖਿੜਿਆ ਮਹਿਕਿਆ ਫੁੱਲ। ਤੁਹਾਡਾ ਘਰ ਸੁਗੰਧੀਆਂ ਦੀ ਸੰਭਾਲ ਕਰਨ ਦੇ ਯੋਗ ਹੈ। ਤੁਸੀਂ ਚੰਗੇ ਅਤਰ ਵਾਂਗੂ ਇਹ ਸੁਗੰਧੀ ਸੰਸਾਰ ਭਰ ਵਿੱਚ ਫੈਲਾਉਣ ਵਿੱਚ ਸਹਿਯੋਗ ਦੇਣਾ। ਆਪਣੇ ਘਰ ਦੀ ਚਾਰ ਦੀਵਾਰੀ ਵਿੱਚ ਬੰਦ ਨਾ ਕਰ ਰਖਣੀ।" ਬਾਬਾ ਰਾਮ ਸਿੰਘ ਜੀ ਮਹਾਤਮਾ ਦੀ ਰਮਜ਼ ਤਾਂ ਸਮਝ ਗਏ ਪਰ ਆਪਣੇ ਸ਼ੰਕੇ ਨੂੰ ਚੰਗੀ ਤਰ੍ਹਾਂ ਨਵਿਰਤ ਕਰਨ ਲਈ ਕਹਿਣ ਲੱਗੇ, "ਮਹਾਰਾਜ! ਇਹ ਛੋਟਾ ਜੇਹਾ ਫੁੱਲ ਵਿਸ਼ਾਲ ਸੰਸਾਰ ਨੂੰ ਕਿਵੇਂ ਸੁਗੰਧਤ ਕਰੇਗਾ?" ਮਹਾਤਮਾ ਨੇ ਦੂਜੀ ਰਮਜ਼ ਮਾਰੀ ਤੇ ਕਿਹਾ, "ਰਾਮ ਸਿੰਘਾ! ਇਹ ਫੁੱਲ ਹੀ ਨਹੀਂ ਇਹ ਪਾਰਸ ਦਾ ਭੀ ਕੰਮ ਕਰੇਗਾ। ਪਰ ਇਸ ਦੀ ਵਿਲੱਖਣਤਾ ਇਹ ਹੋਵੇਗੀ ਕਿ ਇਹ ਪਾਰਸ ਲੋਹੇ ਨੂੰ ਸਿਰਫ ਸੋਨਾ ਨਹੀਂ ਬਣਾਏਗਾ, ਸਗੋਂ ਹਰ ਧਾਤ ਨੂੰ ਛੂਹ ਕੇ ਪਾਰਸ ਹੀ ਬਣਾਵੇਗਾ। ਇਸ ਦੀ ਸੁਗੰਧੀ ਨਾਲ ਗੁਰੂ ਨਾਨਕ ਦਾ ਪੰਥ ਮਹਿਕ ਜਾਵੇਗਾ, ਭਾਵ ਪ੍ਰਕਾਸ਼ਮਾਨ ਹੋ ਜਾਵੇਗਾ।" ਗੱਲ ਜਾਰੀ ਰਖਦਿਆਂ ਮਹਾਤਮਾ ਨੇ ਕਿਹਾ, "ਰਾਮ ਸਿੰਘਾ! ਤੂੰ ਬਚਨ ਤੇ ਯਕੀਨ ਰੱਖ। ਤੇਰੇ ਘਰ ਇੱਕ ਮਹਾਨ ਆਤਮਾ ਦਰਗਾਹੀ ਹੁਕਮ ਅਨੁਸਾਰ ਗ਼ੁਲਾਬ ਤੇ ਪਾਰਸ ਦੇ ਗੁਣ ਲੈ ਕੇ ਪ੍ਰਗਟ ਹੋਣ ਲਈ ਤਿਆਰੀ ਵਿੱਚ ਹੈ।" ਇਤਨਾ ਇਸ਼ਾਰਾ ਕਰ ਕੇ ਮਹਾਤਮਾ ਅਲੋਪ ਹੋ ਗਏ।

ਦਿਨ ਚੜ੍ਹੇ ਸ. ਰਾਮ ਸਿੰਘ ਜੀ ਨੇ ਇਹ ਵਾਰਤਾ ਆਪਣੇ ਘਰ ਵਾਲੀ ਮਾਤਾ ਰਤਨ ਕੌਰ ਪਾਸ ਦੱਸੀ। ਪਹਿਲਾਂ ਤਾਂ ਓਹਨਾਂ ਨੇ ਖ਼ਿਆਲ ਕੀਤਾ ਕਿ ਸਾਡੇ ਘਰ ਵਿੱਚ ਆਉਣ ਵਾਲਾ ਬਾਲ ਕਿਤੇ ਉਸ ਮਹਾਤਮਾ ਦੇ ਕਹਿਆਂ ਸੱਚਮੁੱਚ ਸਾਧੂ ਹੀ ਨਾ ਬਣ ਜਾਵੇ। ਫੇਰ ਕੁੱਝ ਸਮੇਂ ਬਾਅਦ ਕਹਿਣ ਲੱਗੇ, "ਜੀ! ਕਦੇ ਸੁਪਨੇ ਦੇ ਬਚਨ ਵੀ ਸੱਚੇ ਹੁੰਦੇ ਹਨ? ਕਈ ਵਾਰ ਦਿਨ ਦੀਆਂ ਗੱਲਾਂ ਜਾਂ ਦੇਖੀਆਂ ਚੀਜ਼ਾਂ ਰਾਤ ਨੂੰ ਸੁਤਿਆਂ ਪਿਆ ਯਾਦ ਆ ਜਾਂਦੀਆਂ ਹਨ। ਇਹ ਕੋਈ ਖ਼ਾਸ ਗੱਲ ਨਹੀਂ ਐਵੇਂ ਨਾ ਏਹੋ ਜੇਹੇ ਵਹਿਮਾਂ ਵਿੱਚ ਪਿਆ ਕਰੋ।"

ਭਾਵੇਂ ਇਸ ਗੱਲ ਨੂੰ ਸੁਪਨਾ ਸਮਝਕੇ ਭੁਲਾ ਛੱਡਿਆ ਪਰ 'ਸਾਧ ਬਚਨ ਅਟਲਾਧਾ' ਦੇ ਕਥਨ ਅਨੁਸਾਰ ਓਧਰ ਕੁੱਝ ਕੁ ਦਿਨਾਂ ਬਾਅਦ ਉਸ ਮਹਾਂਪੁਰਸ਼ ਦੇ ਬਚਨਾਂ ਅਨੁਸਾਰ ਹਰਿ ਜੀ ਬੈਕੁੰਠ ਲੋਕ ਨੂੰ ਛੱਡ ਕੇ ਮਾਤ ਲੋਕ ਤੇ ਪੁੱਜੇ।

ਚੌਪਈ: ਮਾਤਾ ਉਦਰ ਪਵਨ ਠਹਿਰਾਈ। ਹਰਿ ਜੀ ਅਪੁਨੀ ਕਲਾ ਟਿਕਾਈ।
ਜਨਮ ਮਰਨ ਹਰਿ ਜਨ ਨਹਿ ਹੋਈ। ਗੁਰਬਾਣੀ ਇਹ ਭੇਦ ਅਲੋਈ।

ਯਥਾ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

(ਸੂਹੀ ਮਃ ੫ - ੭੪੯)

ਸਮਾਂ ਆਪਣੀ ਤੇਜ਼ ਰਫਤਾਰ ਤੁਰਿਆ ਜਾ ਰਿਹਾ ਹੈ। ਨਾ ਅੱਜ ਤੱਕ ਇਹ ਕਿਸੇ ਤੋਂ ਰੁਕਿਆ ਤੇ ਨਾਂ ਹੀ ਕਿਸੇ ਨੇ ਇਸ ਨੂੰ ਰੋਕਿਆ। ਸਾਵਣ ਦਾ ਮਹੀਨਾ ਚੜ੍ਹਿਆ। ਹਾੜ ਦਾ ਮਹੀਨਾ ਮੁੱਕ ਚੁੱਕਾ ਸੀ ਅਤੇ ਸਾਵਣ ਨੂੰ ਚੜ੍ਹਿਆਂ ਅਜੇ ਥੋੜ੍ਹੇ ਦਿਨ ਹੀ ਹੋਏ ਸਨ, ਜੋ ਅਜੇ ਆਪਣੇ ਬਚਪਨ ਵਿੱਚ ਹੀ ਸੀ। ਅਗੇਤਰਾ ਹੀ ਮੋਹਲੇਧਾਰ ਮੀਂਹ ਜ਼ੋਰਾਂ ਤੇ ਵਰ੍ਹਨ ਲੱਗ ਪਿਆ। ਹਰ ਸਮੇਂ ਆਕਾਸ਼ ਉੱਤੇ ਕਾਲੀਆਂ ਘਟਾਂ ਛਾਈਆਂ ਰਹਿੰਦੀਆਂ। ਜੇ ਕਦੇ ਸੂਰਜ ਭਗਵਾਨ ਨੰਗੇ ਮੂੰਹ ਧਰਤੀ ਵੱਲ ਝਾਤ ਵੀ ਪਾਉਂਦਾ, ਤਾਂ ਉਹ ਵੀ ਬਹੁਤਾ ਕ੍ਰੋਧਵਾਨ ਨਹੀ ਸੀ ਹੁੰਦਾ। ਕਮਾਦ, ਕਪਾਹ, ਮੱਕੀਆਂ ਤੇ ਚਰ੍ਹੀ-ਬਾਜਰੇ ਕਾਲੀਆਂ ਘਟਾਂ ਦੀ ਤਰ੍ਹਾਂ ਸੰਘਣੇ ਖਲੋਤੇ ਸਨ। ਪਾਣੀ ਨਾਲ ਛੱਪੜ ਤੇ ਟੋਏ ਇੱਕੋ ਜੇਹੇ ਹੋ ਗਏ ਸਨ। ਪਿੰਡਾਂ ਦੇ ਲੋਕ ਕੱਚੇ ਕੋਠਿਆਂ 'ਚ ਬੈਠੇ ਆਪਣੇ ਘਰਾਂ ਦੀ ਸੁੱਖ ਮੰਗਦੇ ਸਨ। ਇਉਂ ਹੌਲੀ ਹੌਲੀ ਸਾਵਣ ਦਾ ਮਹੀਨਾ ਸਿਖਰਾਂ ਤੇ ਆ ਗਿਆ। ਇਸ ਦੇ ਭਰ ਜੁਆਨੀ ਵਿੱਚ ਆਉਣ ਕਰ ਕੇ ਦਰਿਆਵਾਂ ਵਿੱਚ ਹੜ੍ਹ ਆਉਣ ਲੱਗ ਪਏ, ਜਿਨ੍ਹਾਂ ਦੇ ਕਾਰਣ ਕੰਢਿਆਂ ਤੋਂ ਟੱਪ ਕੇ ਪਾਣੀ ਦੂਰ ਤੱਕ ਖਿੱਲਰ ਗਿਆ ਸੀ। ਕਈ ਥਾਂ ਕੱਪਰ ਪੈਂਦੇ ਤੇ ਪਿੰਡਾਂ ਦੀਆਂ ਛੰਨਾਂ ਅਤੇ ਮੋਟੇ ਟਾਹਣਿਆਂ ਸਮੇਤ ਬ੍ਰਿਛ ਰੁੜੇ ਜਾਂਦੇ ਦਿਖਾਈ ਦੇਂਦੇ ਸਨ। ਅਖ਼ੀਰ ਨੂੰ ਸਾਵਣ ਦਾ ਮਹੀਨਾ ਵੀ ਅੱਧ ਤੋਂ ਟੱਪ ਗਿਆ। ਅੱਜ ਵੀਹ ਸਾਵਣ ਦਾ ਦਿਨ ਸੀ ਉਹ ਵੀ ਹੌਲੀ ਹੌਲੀ ਤੁਰ ਗਿਆ। ਸ਼ਾਮਾਂ ਪੈ ਗਈਆ। ਸੂਰਜ ਡੁੱਬਣ ਪਿੱਛੋਂ ਹਨ੍ਹੇਰਾ ਹੋ ਗਿਆ। ਹਨ੍ਹੇਰੇ ਦੀ ਕਾਲੀ ਚਾਦਰ ਵਿੱਚ ਚਿੱਟੇ ਕਾਲੇ ਇੱਕ ਹੋ ਗਏ। ਨਿੱਤਰੀ ਰਾਤ ਵਿੱਚ ਤਾਰੇ ਟਿਮਟਿਮਾਉਣ ਲੱਗੇ। ਰੌਲਾ ਮੁੱਕ ਗਿਆ। ਪੰਛੀ ਤੇ ਮਨੁੱਖ ਆਪੋ ਆਪਣੇ ਆਲ੍ਹਣਿਆਂ ਵਿੱਚ ਆ ਕੇ ਬੈਠ ਗਏ। ਫ਼ਕੀਰ ਲੋਕ ਆਪਣੇ ਮਿੱਤਰ ਪਾਰਬ੍ਰਹਮ ਨਾਲ ਲਿਵ ਜੋੜ ਬੈਠੇ ਤੇ ਗ੍ਰਿਹਸਤੀ ਘਰਾਂ ਵਿੱਚ ਬੈਠੇ ਜੀਵਨ ਦੇ ਦੁੱਖ ਸੁੱਖ ਦੀ ਕਹਾਣੀ ਕਰਨ ਲੱਗ ਪਏ। ਇਉਂ ਸਾਰੇ ਸੰਸਾਰ ਵਿੱਚ ਸ਼ਾਂਤ ਵਾਤਾਵਰਣ ਤੇ ਚੁੱਪਚਾਪ ਸੀ। ਨਿਖਰੀ ਰਾਤ ਦਾ ਚੌਥਾ ਪਹਿਰ ਹੋ ਆਇਆ। ਕੁੱਕੜਾਂ ਦੀਆਂ ਬਾਂਗਾਂ ਤੋਂ ਬਿਨਾਂ ਹੋਰ ਕੋਈ ਮਨੁੱਖੀ ਅਵਾਜ਼ ਸੁਣਾਈ ਨਹੀਂ ਸੀ ਦਿੰਦੀ। ਜਿੱਥੇ ਨਿਰਮਲ ਅਕਾਸ਼ ਵਿੱਚ ਤਾਰੇ ਡਲ੍ਹਕਾਂ ਮਾਰ ਰਹੇ ਸਨ, ਮਿੱਠੀ ਤੇ ਠੰਡੀ ਹਵਾ ਰੁਮਕ ਰਹੀ ਸੀ ਜੋ ਖੁਸ਼ਬੂਦਾਰ ਫ਼ੁੱਲਾਂ ਦਾ ਰਸ ਚੂਸ ਕੇ ਸੁਗੰਧੀ ਵੰਡ ਰਹੀ ਸੀ। ਪ੍ਰਭੂ ਭਗਤੀ ਦੇ ਆਸ਼ਕ ਇਸ਼ਨਾਨ ਵਾਸਤੇ ਖੂਹਾਂ ਤੇ ਡੋਲ ਖੜਕਾ ਰਹੇ ਸਨ। ਠੰਢੀ ਹਵਾ ਦੀ ਲੋਰੀ ਨਾਲ ਦੁਨੀਆਂ ਸੁੱਖ ਦੀ ਨੀਂਦੇ ਘੂਕ ਸੁੱਤੀ ਪਈ ਸੀ। ਮੰਦਰ ਵਿੱਚ ਸੰਖ ਪੂਰਿਆ ਗਿਆ। ਘੜਿਆਲ ਨੇ ਅਵਾਜ਼ ਦਿੱਤੀ। ਦੂਰੋਂ ਕੋਈ ਫ਼ਕੀਰ ਤਕੀਏ ਵਿੱਚ ਬੈਠਾ ਮਿੱਠੀ ਸੁਰ ਵਿੱਚ ਗਾ ਰਿਹਾ ਸੀ 'ਤੈਨੂੰ ਗਾਫ਼ਲਾ ਜਾਗ ਨਾ ਆਈ ਚਿੜੀਆਂ ਚੂਕਦੀਆਂ' ਅੰਮ੍ਰਿਤ ਵੇਲੇ ਸੱਚਮੁੱਚ ਕੁਦਰਤ ਅੰਮ੍ਰਿਤ ਰਸ ਦਾਨ ਕਰ ਰਹੀ ਸੀ, ਜਦੋਂ ਸੁੱਤੀ ਜਨਤਾ ਨੂੰ ਜਗਾਉਣ ਵਾਲਾ ਏਸ ਦੁਨੀਆਂ ਤੇ ਆਇਆ।

ਕਾਂਡ ੩

ਸੰਤ ਜੀ ਮਹਾਰਾਜ ਦਾ ਅਵਤਰਨ

੫ ਅਗਸਤ ੧੯੦੫ ਈ. ਮੁਤਾਬਕ ੨੧ ਸਾਵਨ ੧੯੬੨ ਬਿਕ੍ਰਮੀ, ਦਿਨ ਸ਼ੁਕਰਵਾਰ, ਸਾਵਣ ਸੁਦੀ ਚੌਥ ਦਾ ਭਾਗਾਂ ਭਰਿਆ ਅੰਮ੍ਰਿਤ ਵੇਲਾ ਹੋਇਆ; ਜਿਸ ਸਮੇਂ ਗ਼ਰੀਬਾਂ ਦੀ ਪੂੰਜੀ, ਲੋੜਵੰਦ ਅਰਥੀਆਂ ਦਾ ਦਾਤਾ, ਯਤੀਮਾਂ ਦਾ ਮਾਲਕ, ਨਿਰਧਨਾ ਦਾ ਧਨ, ਢਹਿੰਦਿਆਂ ਦਾ ਬੰਨ੍ਹਾਂ, ਡੁਲ੍ਹਦਿਆਂ ਦੀ ਧੀਰਜ, ਰੋਂਦਿਆਂ ਦਾ ਹਾਸਾ, ਸਾਧੂਆਂ ਦਾ ਸਿਰਤਾਜ, ਭਗਤਾਂ ਦਾ ਭਗਵਾਨ, ਜਗਿਆਸੂ ਜਨਾਂ ਦਾ ਰੱਖਯਕ, ਸਾਰੇ ਜੀਵਾਂ ਦੇ ਮਿਸ਼ਰਤ ਪੁੰਨਾਂ ਦਾ ਫ਼ਲ ਇੱਕ ਬਾਲਕ ਰੂਪ ਵਿੱਚ ਸੰਸਾਰ ਤੇ ਪ੍ਰਗਟ ਹੋਇਆ; ਜਿਸ ਦੇ ਸੁੰਦਰ ਚੇਹਰੇ ਉਦਾਲੇ ਬਹੁਤ ਨਿਰਮਲ ਅਤੇ ਸੀਤਲਤਾ ਪ੍ਰਦਾਨ ਕਰਨ ਵਾਲਾ ਪ੍ਰਕਾਸ਼ ਫੈਲਿਆ, ਜਿਸ ਪ੍ਰਕਾਸ਼ ਨੇ ਦੀਵੇ ਦੀ ਲੋਅ ਵੀ ਮੱਧਮ ਪਾ ਦਿੱਤੀ। ਮਾਤਾ ਜੀ ਦੀ ਸੇਵਾ ਵਾਸਤੇ ਆਈਆਂ ਪ੍ਰਤਾਪ ਕੌਰ ਤੇ ਗੋਮਾਂ ਦੋਵੇਂ ਦਾਈਆਂ ਅਸਚਰਜ ਹੋ ਗਈਆਂ।

ਹੌਲੇ ਹੌਲੇ ਇਹ ਪੁੰਨਿਆਂ ਦੇ ਚੰਦ੍ਰਮਾ ਸਮਾਨ ਪ੍ਰਕਾਸ਼ ਦਾ ਗੋਲਾਕਾਰ ਚੱਕਰ ਮੱਧਮ ਪੈਂਦਾ ਪੈਂਦਾ; ਜਿਸ ਸਰੂਪ ਵਿੱਚੋਂ ਪ੍ਰਗਟ ਹੋਇਆ ਸੀ, ਉਸੇ ਵਿੱਚ ਲੀਨ ਹੋ ਗਿਆ। ਇਹ ਖ਼ੁਸ਼ੀ ਦੀ ਲਹਿਰ ਘਰ ਦੀ ਚਾਰ ਦੀਵਾਰੀ ਅੰਦਰ ਮਿਉਂ ਨਾ ਸਕੀ। ਉਸ ਸਮੇਂ ਨਗਰ ਵਿੱਚ ਫੈਲ ਗਈ। ਦਿਨ ਚੜ੍ਹੇ ਹੀ ਨੰਬਰਦਾਰਾਂ ਦੇ ਘਰ ਅੱਗੇ ਖ਼ੁਸ਼ੀਆਂ ਦੇ ਡੰਕੇ ਵੱਜਣ ਲੱਗੇ। ਘਰ ਆ ਕੇ ਲੋਕੀਂ ਚੌਧਰੀ ਵੀਰ ਸਿੰਘ ਨੂੰ ਵਧਾਈਆਂ ਦੇਣ ਲੱਗੇ। ਦਰਵਾਜ਼ੇ ਅੱਗੇ ਖ਼ੁਸ਼ੀ ਦੇ ਸੂਚਕ ਬੰਧਨਵਾਰ ਲਟਕਾਏ ਗਏ। ਢਾਢੀ, ਡੂਮ, ਭਿਰਾਈ ਤੇ ਹੋਰ ਗ਼ਰੀਬ ਲੋਕ ਮੂੰਹ ਮੰਗਿਆ ਪਦਾਰਥ ਪ੍ਰਾਪਤ ਕਰਨ ਲੱਗੇ। ਇਨ੍ਹਾਂ ਭੋਲੇ ਬੰਦਿਆਂ ਨੂੰ ਕੀ ਪਤਾ ਕਿ ਅੱਜ ਸਵੇਰੇ ਦੁਨੀਆਂ ਵਿੱਚ ਆਉਣ ਵਾਲੇ ਇਸ ਅਨੋਖੇ ਬਾਲਕ ਨੇ; ਜੋ ਆਪਣੇ ਹੱਥਾ ਦੀਆਂ ਦੋਵੇਂ ਮੁੱਠੀਆਂ ਬੰਦ ਕੀਤੀਆਂ ਹਨ, ਇਨ੍ਹਾਂ ਵਿੱਚ ਇਹ ਆਪਣੇ ਸ਼ਰਧਾਲੂਆਂ ਵਾਸਤੇ ਨਿਰੰਕਾਰ ਵਲੋਂ ਦੋਹਾਂ ਲੋਕਾਂ ਦੇ ਸੁਖਾਂ ਦੀ ਦਾਤ ਲੈ ਕੇ ਆਇਆ ਹੈ।

ਉਸ ਸਮੇਂ ਕੁਲ ਪ੍ਰੋਹਤ ਪੰਡਿਤ ਸ੍ਰੀ ਰਾਮ ਨੂੰ ਪਤਾ ਲੱਗਾ (ਇਹ ਸ਼ਾਦੀ ਰਾਮ ਪੰਡਿਤ ਦਾ ਪਿਤਾ ਸੀ)। ਉਹ ਸਵੇਰੇ ਹੀ ਇਸ਼ਨਾਨ ਤੇ ਪੂਜਾ ਪਾਠ ਤੋਂ ਵੇਹਲਾ ਹੋ ਕੇ ਹਰੀ ਦੱਭ ਲੈ ਕੇ ਚੌਧਰੀਆਂ ਦੇ ਘਰ ਵੱਲ ਤੁਰ ਪਿਆ। ਰਸਤੇ ਵਿੱਚ ਜਾਂਦਿਆਂ ਨਗਰ ਨਿਵਾਸੀ ਪੁੱਛਦੇ ਸਨ, "ਪੰਡਿਤ ਜੀ! ਪ੍ਰਮੇਸ਼ਰ ਨੇ ਅੱਜ ਕਿਸਦੇ ਘਰ ਰੰਗ ਭਾਗ ਲਾਏ ਹਨ?" ਤਾਂ ਪੰਡਤ ਬੜੇ ਚਾਅ ਨਾਲ ਆਖਦਾ ਹੈ, "ਜਜਮਾਨ! ਚੌਧਰੀਆਂ ਦੇ ਘਰ ਚੱਲਿਆ ਹਾਂ। ਅੱਜ ਓਹਨਾਂ ਤੇ ਪ੍ਰਮੇਸ਼ਰ ਦੀ ਕਿਰਪਾ ਹੋਈ ਹੈ।" ਜਾ ਕੇ ਚੌਧਰੀ ਵੀਰ ਸਿੰਘ ਨੂੰ ਅਸ਼ੀਰਵਾਦ ਦਿੱਤੀ। ਨੰਬਰਦਾਰ ਰਾਮ ਸਿੰਘ ਜੀ ਨੂੰ ਵਧਾਈਆਂ ਆਖੀਆਂ।

ਉਸ ਸਮੇਂ ਉਨ੍ਹਾਂ ਨੇ ਪੰਡਤ ਜੀ ਦਾ ਮੁੱਖ ਮਠਿਆਈ ਨਾਲ ਭਰ ਦਿੱਤਾ ਫੇਰ ਸਮਾਂ ਪਲ ਤੇ ਘੜੀ ਪੁੱਛ ਕੇ ਪੰਡਤ ਜੀ ਨੇ ਕਾਂਸ਼ੀ ਰਾਮ ਜੋਤਸ਼ੀ ਨਾਲ ਮਿਲ ਕੇ (ਜੋ ਇਸੇ ਨਗਰ ਦਾ ਚੰਗਾ ਜੋਤਸ਼ ਦਾ ਗਿਆਤਾ ਸੀ) ਜਨਮ ਕੁੰਡਲੀ ਤਿਆਰ ਕੀਤੀ। ਉਸ ਵਲ ਦੇਖ ਕੇ ਬਾਰ ਬਾਰ ਹੈਰਾਨ ਹੁੰਦਾ ਹੈ ਕਿ ਏਹੋ ਜੇਹੇ ਉੱਤਮ ਲਗਨ ਤਾਂ ਅਵਤਾਰਾਂ ਦੇ ਸਰੀਰਾਂ ਵਿੱਚ ਪਾਏ ਜਾਂਦੇ ਹਨ! ਧੰਨ ਭਾਗ ਹਨ ਇਸ ਨਗਰ ਨਿਵਾਸੀਆਂ ਦੇ ਜਿੱਥੇ ਕਿ ਇਸ ਮਹਾਨ ਅਟੱਲ ਪ੍ਰਤਾਪ ਤੇਜਸਵੀ ਬਾਲਕ ਨੇ ਜਨਮ ਲਿਆ ਹੈ। ਸਭ ਤੋਂ ਸਰੇਸ਼ਟ ਪੁੰਨ ਕੀਤੇ ਹਨ ਇਸ ਗੁਰਮੁਖ ਪ੍ਰਵਾਰ ਨੇ। ਇਉਂ ਮਨ ਹੀ ਮਨ ਵਿੱਚ ਪ੍ਰਸੰਨ ਹੁੰਦਿਆਂ ਉਹ ਕੁੰਡਲੀ ਚੌਧਰੀ ਵੀਰ ਸਿੰਘ ਨੂੰ ਫੜਾ ਕੇ ਆਖਿਆ, "ਚੌਧਰੀ ਜੀ! ਏਹੋ ਜੇਹੇ ਲਗਨ ਤਾਂ ਈਸ਼ਵਰੀ ਕਾਰਕਾਂ ਵਿੱਚ ਪਾਏ ਜਾਂਦੇ ਹਨ।" ਉਸ ਸਮੇਂ ਪੰਡਤ ਜੀ ਨੂੰ ਬਹੁਤ ਸਾਰਾ ਧਨ ਦਿੱਤਾ। ਪੰਡਤ ਜੀ ਅਸੀਸਾਂ ਦੇਂਦੇ ਹੋਏ ਆਪਣੇ ਘਰ ਚਲੇ ਗਏ।

ਇਉ ਖ਼ੁਸ਼ੀਆਂ ਦੇ ਦਿਨ ਲੰਘਦੇ ਗਏ। ਸੁੰਦਰ ਮੁਖੜਾ, ਗ਼ੁਲਾਬ ਦੇ ਫੁੱਲ ਵਰਗਾ ਟਹਿ ਟਹਿ ਕਰਦਾ ਚੇਹਰਾ ਤੱਕ ਕੇ ਉਸ ਸਾਧੂ ਦੇ ਕਥਨ ਅਨੁਸਾਰ (ਜੋ ਸੁਪਨੇ ਵਿੱਚ ਗ਼ੁਲਾਬ ਦਾ ਫੁੱਲ ਦੇ ਗਿਆ ਸੀ) ਬਾਲਕੇ ਦਾ ਨਾਮ ਵੀ ਗੁਲਾਬ ਸਿੰਘ ਰੱਖਿਆ। ਸੱਚਮੁੱਚ ਹੀ ਇਹ ਇੱਕ ਅਸਲੀ ਗ਼ੁਲਾਬ ਸੀ ਜਿਸ ਦੀਆਂ ਕੋਮਲ ਪੱਤੀਆਂ ਹਰ ਇੱਕ ਰਾਹੇ ਜਾਂਦੇ ਪਾਂਧੀ ਦੇ ਮਨ ਨੂੰ ਮੋਂਹਦੀਆਂ ਸਨ। ਇਹ ਕੰਡਿਆਂ ਤੋਂ ਬਿਨਾਂ ਖ਼ੁਸ਼ਬੂਦਾਰ ਗ਼ੁਲਾਬ ਹੈ ਜਿਸ ਦੀ ਮਹਿਕ ਪੰਜਾਬ ਅੰਦਰ ਹੀ ਸੀਮਿਤ ਨਹੀਂ ਰਹੀ, ਸਗੋਂ ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਫੈਲ ਗਈ ਅਤੇ ਬਾਹਰਲੇ ਟਾਪੂਆਂ ਵਿੱਚ ਵੀ ਚਲੀ ਗਈ ਜਿਸ ਦੀ ਮਕਰੰਦ ਧੂੜੀ ਪ੍ਰਾਪਤ ਕਰਨ ਵਾਸਤੇ ਲੱਖਾਂ ਹੀ ਜਗਿਆਸੂ ਭੌਰਿਆਂ ਸਮਾਨ ਉਤਾਵਲੇ ਹੋ ਰਹੇ ਸਨ। ਚਾਲੀ ਦਿਨਾਂ ਪਿਛੋਂ ਬੜਾ ਵੱਡਾ ਯੱਗ ਕੀਤਾ, ਜਿਸ ਵਿੱਚ ਨਗਰ ਤੋਂ ਇਲਾਵਾ ਹੋਰ ਵੀ ਬਾਹਰਲੇ ਪਿੰਡਾਂ ਦੇ ਗ਼ਰੀਬ ਰਜਾਏ ਗਏ। ਸਾਧੂ ਬ੍ਰਾਹਮਣਾਂ ਨੂੰ ਧਨ ਦੀ ਦਖਸ਼ਣਾਂ ਵੀ ਦਿੱਤੀ। ਸਭਨਾਂ ਨੇ ਮਿੱਠੀਆਂ ਅਸੀਸਾਂ ਆਖੀਆਂ। ਉਸ ਸਮੇਂ ਇਸ ਗੱਲ ਨੂੰ ਕੌਣ ਜਾਣਦਾ ਸੀ ਕਿ ਅੱਜ ਤੋਂ ੪੦ ਦਿਨ ਪਹਿਲਾਂ ਸੰਸਾਰ ਵਿੱਚ ਆਏ ਏਸ ਬੱਚੇ ਨੇ ਪੂਰੇ ਗੁਰੂ ਦੀ ਸ਼ਰਨ ਵਿੱਚ ਪੁੱਜ ਕੇ ਚੌਥੇ

ਪਾਤਸ਼ਾਹ ਜੀ ਮਹਾਰਾਜ ਦੇ ਇਸ ਮਹਾਂਵਾਕ ਨੂੰ ਸਫਲਿਆਂ ਕਰਨਾ ਹੈ:

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

(ਗਉੜੀ ਵਾਰ-੧ ਮਃ ੪ - ੩੦੬)

ਪ੍ਰਮੇਸ਼ਵਰ ਤੋਂ ਵਿਛੜੀਆਂ ਹੋਰ ਵੀ ਲੱਖਾਂ ਰੂਹਾਂ ਨੂੰ ਨਾਮ ਦੀ ਦਾਤ ਬਖ਼ਸ਼ ਕੇ ਪੂਰੇ ਗੁਰੂ ਦੀ ਮੇਹਰ ਦਾ ਸਦਕਾ ਅਕਾਲ ਪੁਰਖ ਨਾਲ ਜੋੜਨਾ ਹੈ ਅਤੇ ਇਸ ਮਾਤਾ ਰਤਨ ਕੌਰ ਦੇ ਅਸਲੀ ਰਤਨ ਨੇ ਲੱਖਾਂ ਜਗਿਆਸੂ ਹਿਰਦਿਆਂ ਦਾ ਅੰਧਕਾਰ ਮੇਟ ਕੇ ਗਿਆਨ ਦਾ ਪ੍ਰਕਾਸ਼ ਕਰਨਾ ਹੈ।

ਸੰਤ ਜੀ ਮਹਾਰਾਜ ਦੀ ਬਿੰਦੀ ਬੰਸ



ਸੰਤ ਈਸ਼ਰ ਸਿੰਘ ਜੀ ਮਹਾਰਾਜ
ਰਾੜੇ ਸਾਹਿਬ ਵਾਲੇ ਪ੍ਰਸਿੱਧ ਹੋਏ ਹਨ

ਸੰਤ ਜੀ ਮਹਾਰਾਜ ਦੀ ਜਨਮ ਕੁੰਡਲੀ

ਜੋ ਕਿ ਨਗਰ ਦੇ ਪੰਡਤ ਨੇ ਬਣਾਈ ਅਤੇ ਮਹਾਨ ਰਾਜ ਪੰਡਤ ਜੋਤਸ਼ੀਆਂ ਪਾਸੋਂ ਇਸ ਦੀ ਸੁਧਵਾਈ ਕਰਵਾਈ ਗਈ।



ਅਥ ਸ਼ੁਭ ਸੰਮਤ ਬਿਕ੍ਰਮੀ ੧੯੬੨, ਸ਼ਾਕਾ ਸਾਲਵਾਹਨ ੧੮੨੭, ਸੰਨ ਈਸਵੀ ੧੯੦੫, ਪਰਵੇ ਮਾਸ ਉਤਮੇ ਪਾਸੇ ਸਾਵਣ ਮਾਸੇ ਸ਼ੁਕਲ ਪਖਸ਼ ਤਤਰ ਮੰਗਲ ਸ਼ੁਭ ਤਿਥ ਚੌਥ (ਮ) ਸ਼ੁਕਰਵਾਰ, ਘੜੀ ੫੦ ਪਲ ੩੧, ਪੂਰਵਾ ਫਾਲਗੁਨੀ ਨਛੱਤਰ, ਘੜੀ ੭ ਪਲ ੫, ਸਿਵ ਯੋਗ ਘੜੀ ੫੨ ਪਲ ੫੫, ਦਿਨ ਮਾਨ ਘੜੀ ੩੩ ਪਲ ੪੬, ਸਾਵਣ ਪ੍ਰਵਿਸ਼ਟਾ ੨੧ ਮੁਤਾਬਿਕ ਤਾਰੀਖ਼ ੫ ਅਗਸਤ। ਤਤਰ ਸ੍ਰੀ ਸੂਰਜ ਉਦਯਾਤ ਇਸ਼ਟ ਘੜੀ ੨੦ ਪਲ ੩੩, ਤਿਤ ਸਮੇਂ ਕਲਯਾਨਵਤੀ ਵੇਲਾਯਾਮ ਬ੍ਰਿਸਚਕ ਲਗਨੋਦੇ ਸ੍ਰੀ ਸ੍ਰੀ ਸ੍ਰੀਮਾਨ ਸਰਵੋਪਮਾਯੋਗ ਸ੍ਰੀ ੧੦੮ ਭਗਤ ਗਨ ਸੇਵਤ,

ਉਦਾਰ ਮੂਰਤਿ, ਦਯਾ ਨਿਧੀ, ਸ੍ਰੀ ਸੰਤ ਈਸ਼ਰ ਸਿੰਘ ਜੀ ਮਹਾਰਾਜ ਕਾ ਪਰਮ ਪਵਿੱਤ੍ਰ ਪਰਮਪੁੰਨ ਸ਼ੁਭ ਜਨਮ ਸਮਯ।

ਹੋਰ ਸ਼ਾਸਤ੍ਰਾਂ ਅਨੁਸਾਰ ਉਦਤਾ ਫਾਲਗੁਨੀ ਨਛੱਤ੍ਰ ਸਾਰਾ ਘੜੀ ੫੬ ਪਲ ੧੮ ਬੀਤ ਚੁੱਕਾ ਘੜੀ ੧੩ ਪਲ ੩੯ ਪਹਿਲਾ ਚਰਟ 'ਟ' ਦਾ ਲਫ਼ਜ਼ ਸਿੰਘ ਰਾਸੀ, ਸਰਪ ਬਰਗ, ਗਾਏ ਕੀ ਜੂਨੀ, ਪਹਿਲੀ ਨਾੜੀ ਪੁਰਸ਼ ਕਾ ਗਨ ਰਾਸ਼ੀ ਸਵਾਮੀ ਸੂਰਜ ਸਰਬ ਸ਼ਕਤੀ ਬਿਰਾਜਮਾਨ।

੧੨ ਰਾਸ਼ੀਆਂ ਦਾ ਸਮੁੱਚਾ ਭਾਵ

ਸੰਤ ਜੀ ਮਹਾਰਾਜ ਦੇ ਸਾਰੇ ਜੀਵਨ ਸੰਬੰਧੀ ਜੋ ਵਿਦਵਾਨ ਪੰਡਤਾਂ ਨੇ ਵਿਸਥਾਰ ਸਹਿਤ ਪ੍ਰਗਟਾਇਆ ਹੈ ਉਸ ਦੇ ਆਧਾਰ ਤੇ ਇਹ ਨਿਸਚਾ ਬੱਝਦਾ ਹੈ ਕਿ ਸੰਤ ਜੀ ਮਹਾਰਾਜ ਤਿਆਗੀ, ਵੈਰਾਗੀ ਦਸ਼ਾ ਵਿਖੇ ਸੰਸਾਰਕ ਜੀਵਾਂ ਨੂੰ ਸੁਮਾਰਗੇ ਪਾਉਣ ਵਿੱਚ ਬੇ-ਮਿਸਾਲ ਪ੍ਰਚਾਰਕ, ਵਿਦਵਾਨ ਤਥਾ ਸਿੱਖ ਪੰਥ ਦੇ ਚਮਕਦੇ ਸਤਾਰੇ ਹੋਣਗੇ ਅਤੇ ਉਨ੍ਹਾਂ ਦੀ ਸੰਗਤ ਕਰ ਕੇ ਬੇਅੰਤ ਇਸਤ੍ਰੀ ਪੁਰਸ਼ਾਂ ਦੀ ਕਲਿਆਣ ਹੋਵੇਗੀ।

ਸੰਤ ਜੀ ਮਹਾਰਾਜ ਦਾ ਬਾਲਕ ਸਰੂਪ

ਸੰਤ ਜੀ ਇੱਕ ਸਾਲ ਦੇ ਹੋ ਗਏ। ਮੁੜ ਭਾਗਾਂ ਭਰਿਆਂ ੨੧ ਸਾਵਨ ਤੇ ੫ ਅਗਸਤ ਦਾ ਸ਼ੁਭ ਦਿਹਾੜਾ ਆ ਗਿਆ। ਮਾਤਾ ਪਿਤਾ ਨੇ ਵਰ੍ਹੇ ਗੰਢ ਮਨਾਉਣ ਵਾਸਤੇ ਦੋ ਦਿਨ ਪਹਿਲਾਂ ਘਰ ਵਿੱਚ ਅਖੰਡ ਪਾਠ ਰਖਵਾਇਆ। ਜਿਸ ਦੀ ਸਮਾਪਤੀ ਹਜ਼ੂਰ ਦੇ ਅਵਤਾਰ ਉਤਸਵ ਦੀ ਖ਼ੁਸ਼ੀ ਵਿੱਚ ੨੧ ਸਾਵਣ ਵਾਲੇ ਦਿਨ ਕੀਤੀ ਗਈ। ਤੀਸਰੇ ਦਿਨ ਭੋਗ ਉਪਰੰਤ ਬੜਾ ਵੱਡਾ ਯੱਗ ਕੀਤਾ। ਹਰ ਇੱਕ ਗ਼ਰੀਬ, ਅਮੀਰ ਨੇ ਪ੍ਰਸ਼ਾਦ ਛਕਿਆ।

ਨੂਰਾਨੀ ਜੋਤ, ਛੋਟੇ ਜੇਹੇ ਰੂਪ ਵਿੱਚ ਮਾਨੋ ਬਾਵਣ ਭਗਵਾਨ ਦੇ ਆਕਾਰ ਵਿੱਚ ਬਾਲ ਲੀਲ੍ਹਾ ਦੇ ਚੋਜ ਕਰ ਰਹੀ ਹੈ, ਜਿਸ ਦੇ ਸਰੀਰ ਦੇ ਅੰਗ ਅੰਗ ਦੀ ਸ਼ੋਭਾ ਹਰ ਇੱਕ ਇਸਤਰੀ ਪੁਰਸ਼ ਦੇ ਮਨਾਂ ਨੂੰ ਮੋਂਹਦੀ ਹੈ। ਸੀਸ ਤੇ ਛੱਲਿਆਂ ਵਾਲੇ ਚਿਕਨਾਹਟ ਸਹਿਤ ਗੁਰੂ ਕੀ ਮੋਹਰ ਕਾਲੇ ਕੇਸ, ਖੰਡੇ ਦੀ ਧਾਂਰ ਵਰਗਾ ਤਿੱਖਾ ਨੱਕ, ਮ੍ਰਿਗ ਦੇ ਬੱਚੇ ਸਮਾਨ ਮੇਹਰਾਂ ਭਰੇ ਸੁੰਦਰ ਨੇਤ੍ਰ, ਪੁੰਨਿਆਂ ਦੇ ਚੰਦ੍ਰਮਾ ਸਮਾਨ ਚੌੜਾ ਤੇ ਭਾਗਾਂ ਭਰਿਆ ਪ੍ਰਕਾਸ਼ਮਈ ਮਸਤਕ, ਗੋਲ ਤੇ ਭਰਵੇਂ ਗੰਡਸਥਲ, ਮਨ ਨੂੰ ਮੋਹਨ ਵਾਲੀ ਗੋਲਾਕਾਰ ਠੋਡੀ, ਹਾਥੀ ਦੀ ਸੁੰਡ ਸਮਾਨ ਲੰਮੀਆਂ ਬਾਹਾਂ, ਹੱਥਾਂ ਦੀਆਂ ਸਿੱਧੀਆਂ ਉਂਗਲਾਂ, ਉੱਚੀਆਂ ਤਲੀਆਂ ਜੋ ਉਦਾਰਤਾ ਦਾ ਸੂਚਕ ਹਨ, ਸ਼ੇਰ ਦੇ ਸਮਾਨ ਪਤਲਾ ਲੱਕ, ਕੇਲੇ ਦੇ ਥੰਮ੍ਹਿਆਂ ਨੂੰ ਮਾਤ ਪੌਣ ਵਾਲੀਆਂ ਜੰਘਾਂ, ਕਮਲਾਂ ਸਮਾਨ ਸੁੰਦਰ ਚਰਨ ਜਿਨ੍ਹਾਂ ਦੇ ਉੱਪਰਲੇ ਨੌਂਹ ਹੀਰਿਆਂ ਦੀਆਂ ਕਣੀਆਂ ਨੂੰ ਮੱਧਮ ਪਾ ਰਹੇ ਹਨ, ਚਰਨ ਧੂੜੀ ਦੀ ਵਡਿਆਈ ਤਾਂ ਕੌਣ ਕਹਿ ਸਕਦਾ ਹੈ ਜੋ ਤੀਰਥਾਂ ਨੂੰ ਪਾਵਨ ਕਰਦੀ ਹੈ।

ਇਸ ਤਰ੍ਹਾਂ ਬਾਲ ਲੀਲ੍ਹਾ ਦੇ ਚੋਜ ਕਰਦਿਆਂ ਅਤੇ ਹਰੇਕ ਦੇ ਮਨ ਨੂੰ ਮੋਂਹਦਿਆਂ ਹੋਇਆਂ ਸ੍ਰੀ ਰਾਮਚੰਦਰ ਸ੍ਰੀ ਕ੍ਰਿਸ਼ਨ ਜਾਂ ਬਾਵਨ ਸਮਾਨ ਨਿੱਤ ਅਵਤਾਰੀ ਸੰਤ ਜੀ ਮਹਾਰਾਜ ਦੀ ਤਿੰਨ ਕੁ ਸਾਲਾਂ ਦੀ ਉਮਰ ਹੋ ਗਈ ਅਤੇ ਚੰਗੀ ਤਰ੍ਹਾਂ ਤੁਰਨ ਫਿਰਨ ਲੱਗ ਪਏ। ਆਂਢ ਗੁਆਂਢ ਦੇ ਬੱਚਿਆਂ ਨਾਲ ਮਿਲਕੇ ਖੇਲਦੇ। ਕਈ ਵਾਰ ਘਰੋਂ ਮਿੱਠਾ ਲੈ ਜਾਣਾ ਤੇ ਬੱਚਿਆਂ ਨੂੰ ਇਕੱਠੇ ਕਰ ਕੇ ਆਪਣੀ ਤੋਤਲੀ ਜ਼ਬਾਨ ਵਿੱਚੋਂ ਆਖਣਾ ਇਉਂ ਹੱਥ ਜੋੜੋ ਤੇ ਸਾਰੇ ਵਾਹਗੁ ਵਾਹਗੁ ਬੋਲੋ। ਬੱਚਿਆਂ ਨੇ ਉਸੇ ਤਰ੍ਹਾਂ ਹੀ ਚੌਂਕੜਾ ਮਾਰ ਕੇ ਹੱਥ ਜੋੜ ਲੈਣੇ ਅਤੇ ਬਾਲ ਰੂਪ ਸੰਤ ਜੀ ਦੇ ਮਗਰ ਮਗਰ ਵਾਹਗੁ ਵਾਹਗੁ ਆਖਣਾ ਫੇਰ ਸਭਨਾਂ ਨੂੰ ਕਹਿਣਾ ਲਓ ਪ੍ਰਸ਼ਾਦ ਅਤੇ ਮਿੱਠਾ ਵਰਤਾ ਕੇ ਬੜੇ ਪ੍ਰਸੰਨ ਹੋਣਾ।

ਬਿਧੌਸ਼ੀ ਵਾਲੇ ਸੰਤਾਂ ਦੇ ਭਵਿੱਖਤ ਵਾਕ

ਆਲੋਵਾਲ ਨਗਰ ਤੋਂ ਅੱਠ ਕੁ ਮੀਲਾਂ ਤੇ 'ਬਿਧੌਸ਼ੀ' ਨਾਮ ਦਾ ਇੱਕ ਪਿੰਡ ਹੈ। ਓਹਨੀਂ ਦਿਨੀਂ ਬਿਧੌਸ਼ੀ ਵਾਲੇ ਸੰਤ ਬਾਬਾ ਬੀਰਮ ਦਾਸ ਜੀ ਬੜੇ ਤੇਜ਼ਪ੍ਰਤਾਪੀ ਤੇ ਮਸ਼ਹੂਰ ਸਨ, ਭਾਵੇਂ ਆਪ ਮਸਤਾਨੀ ਬਿਰਤੀ ਵਿੱਚ ਹੀ ਰਹਿੰਦੇ। ਸੰਸਾਰੀ ਲੋਕਾਂ ਦੀ (ਜੋ ਦੁਨਿਆਵੀ ਪਦਾਰਥਾਂ ਦੀ ਮੰਗ ਕਰਨ ਵਾਲੇ ਹੁੰਦੇ) ਵਾਧੂ ਸਿਰ ਦਰਦੀ ਤੋਂ ਬਚਣ ਵਾਸਤੇ ਉਨ੍ਹਾਂ ਦੇ ਇੱਟਾਂ ਵੀ ਮਾਰਦੇ ਤੇ ਸਖ਼ਤ ਬਚਨ ਵੀ ਆਖਦੇ; ਪਰ ਸਨ ਪੂਰਨ ਬ੍ਰਹਮਗਿਆਨੀ ਤੇ ਮਹਾਂ ਤਿਆਗੀ ਮਹਾਤਮਾਂ। ਪ੍ਰਮਾਰਥੀ ਪਾਂਧੀਆਂ ਦਾ ਸਤਿਕਾਰ ਵੀ ਕਰਦੇ। ਭਾਵੇਂ ਆਪ ਤਾਂ ਬਾਹਰ ਜੰਗਲ ਵਿੱਚ ਹੀ ਰਹਿੰਦੇ ਪਰ ਆਏ ਗਏ ਯਾਤਰੂਆਂ ਵਾਸਤੇ ਲੰਗਰ ਚੱਲਦਾ ਸੀ। ਰਿਹਾਇਸ਼ੀ ਮਕਾਨ ਬਣੇ ਸਨ। ਕਈ ਵਾਰ ਬਾਬਾ ਰਾਮ ਸਿੰਘ ਜੀ ਤੇ ਮਾਤਾ ਰਤਨ ਕੌਰ ਜੀ ਵੀ ਸੰਤਾਂ ਦੇ ਦਰਸ਼ਨ ਕਰਨ ਵਾਸਤੇ ਬਿਧੌਸ਼ੀ ਆਇਆ ਕਰਦੇ ਅਤੇ ਦੂਰੋਂ ਨਮਸ਼ਕਾਰ ਕਰ ਕੇ ਪਿੱਛੇ ਹੀ ਬੈਠ ਜਾਂਦੇ। ਪਰ ਇਨ੍ਹਾਂ ਨੂੰ ਪਾਸ ਜਾ ਕੇ ਸੰਤ ਆਪ ਬੁਲਾਉਂਦੇ ਅਤੇ ਪੁੱਛਣਾ ਕਿ ਨੰਬਰਦਾਰਾ! ਕੀ ਹਾਲ ਹੈ? ਹੋਰ ਵੀ ਆਪਣੀ ਮੌਜ ਵਿੱਚ ਆ ਕੇ ਬਚਨ ਬਿਲਾਸ ਕਰਦੇ, ਜਿਨ੍ਹਾਂ ਵਿੱਚੋਂ ਕਈਆਂ ਦੀ ਸਮਝ ਪੈ ਜਾਂਦੀ ਅਤੇ ਕਈ ਨਹੀਂ ਸੀ ਸਮਝੇ ਜਾਂਦੇ।

ਇੱਕ ਸਮੇਂ ਜਦੋਂ ਕਿ ਬਾਲ ਸਰੂਪ ਸੰਤ ਜੀ ਮਹਾਰਾਜ ਚਾਰ ਕੁ ਸਾਲਾਂ ਦੇ ਸਨ, ਮਾਤਾ ਪਿਤਾ ਜੀ ਬਿਧੌਸ਼ੀ ਜਾਣ

ਲਈ ਤਿਆਰ ਹੋਏ। ਸੰਤ ਜੀ ਨੂੰ ਬੱਚੇ ਜਾਣ ਕੇ ਕਿ ਇਤਨੇ ਲੰਮੇ ਸਫ਼ਰ ਦੀ ਖੇਚਲ ਹੋਵੇਗੀ, ਆਪ ਘਰ ਛੱਡ ਗਏ। ਚੂਰੀ ਕੁੱਟ ਕੇ ਕੌਲੀ ਵਿੱਚ ਪਾ ਕੇ ਅੱਗੇ ਰਖ ਦਿਤੀ ਅਤੇ ਆਪ ਚੁੱਪ ਚੁਪੀਤੇ ਹੀ ਚੱਲ ਪਏ। ਜਦੋਂ ਹਜ਼ੂਰ ਨੇ ਜਾਣਿਆ ਕਿ ਮਾਤਾ ਪਿਤਾ ਜੀ ਸਾਨੂੰ ਚੂਰੀ ਦਾ ਲਾਲਚ ਦੇ ਕੇ ਸੰਤ ਦਰਸ਼ਨਾਂ ਤੋਂ ਵਾਂਝਿਆਂ ਰੱਖਣਾ ਚਾਹੁੰਦੇ ਹਨ ਤਾਂ ਆਪ ਨੇ ਉਸੇ ਹੀ ਜਗ੍ਹਾ ਕੌਲੀ ਰੱਖ ਦਿੱਤੀ ਤੇ ਮਗਰ ਭੱਜ ਤੁਰੇ। ਇਤਨੇ ਨੂੰ ਮਾਤਾ ਪਿਤਾ ਦੂਰ ਚਲੇ ਗਏ ਸਨ। ਇਹ ਵੀ ਆਵਾਜ਼ਾ ਮਾਰਦੇ ਇੱਕ ਫਰਲਾਂਗ ਤੇ ਨਾਲ ਜਾ ਰਲੇ। ਮਾਂ ਦਾ ਵਸਤਲ ਰਿਦਾ ਪਿਆਰ ਵਿੱਚ ਗੜੂੰਦ ਹੋ ਕੇ ਬੋਲ ਉਠਿਆ, "ਮੇਰਾ ਗ਼ੁਲਾਬ ਆ ਗਿਆ।" ਉਸੇ ਜਗ੍ਹਾ ਖਲੋ ਕੇ ਆਪ ਜੀ ਨੂੰ ਨਾਲ ਰਲਾਇਆ। ਮੁੱਖ ਚੁੰਮਿਆ ਤੇ ਗੋਦ ਵਿੱਚ ਚੁੱਕ ਲਿਆ ਅਤੇ ਬਿਧੌਸ਼ੀ ਪਹੁੰਚ ਗਏ। ਪਹਿਲੇ ਸੁਭਾਓ ਅਨੁਸਰ ਮੱਥਾ ਟੇਕ ਕੇ ਪਿੱਛੇ ਹੀ ਬੈਠ ਗਏ। ਜਦੋਂ ਸੰਤਾਂ ਨੇ ਆਵਾਜ਼ ਮਾਰੀ ਤਾਂ ਮਨ ਵਿੱਚ ਭੈ ਕਰਦੇ ਹੋਏ ਪਾਸ ਪਹੁੰਚੇ ਕਿ ਆਖਣਗੇ ਇਸ ਬੱਚੇ ਨੂੰ ਨਾਲ ਕਿਉਂ ਲਿਆਂਦਾ ਹੈ? ਪਰ ਉਹ ਕੁੱਝ ਨਹੀਂ ਬੋਲੇ। ਆਪਣੀ ਮੌਜ ਵਿੱਚ ਪੈਰਾਂ ਭਾਰ ਬੈਠੇ ਸਨ। ਮਾਤਾ ਪਿਤਾ ਤਾਂ ਨਮਸ਼ਕਾਰ ਕਰ ਕੇ ਪਿੱਛੇ ਹੀ ਬੈਠ ਗਏ ਪਰ ਬਾਲ ਸਰੂਪ ਸੰਤ ਜੀ ਉਨ੍ਹਾਂ ਦੇ ਸੱਜੇ ਪਾਸੇ ਉਸੇ ਤਰ੍ਹਾ ਪੈਰਾਂ ਭਾਰ ਕੋਲ ਜਾ ਬੈਠੇ। ਮਾਤਾ ਪਿਤਾ ਭੈ ਕਰਦੇ ਹੋਏ ਸੋਚਦੇ ਹਨ, ਅੱਜ ਬੱਚਾ ਨਾਲ ਆ ਗਿਆ ਤੇ ਸੰਤਾਂ ਕੋਲ ਜਾ ਬੈਠਾ ਕਿਤੇ ਸੰਤ ਨਾਰਾਜ਼ ਨਾ ਹੋਵਣ। ਪਰ ਸੰਤ ਤਾਂ ਆਪ ਬਾਲਕ ਦੇ ਚੇਹਰੇ ਵੱਲ ਤੱਕੀ ਜਾਵਣ। ਸੀਸ ਤੇ ਨਿੱਕੇ ਨਿੱਕੇ ਘੁੰਗਰਾਲੇ ਵਾਲਾਂ ਦਾ ਜੂੜਾ ਕਰ ਕੇ ਉੱਪਰ ਸੁੰਦਰ ਰੁਮਾਲ ਬੰਨ੍ਹਿਆ ਹੈ। ਤੇੜ ਨਿੱਕਾ ਜਿਹਾ ਕਛਹਿਰਾ, ਗਲ ਅੱਧੀਆਂ ਬਾਹਾਂ ਵਾਲੀ ਕੀਮਤੀ ਬਸਤਰ ਦੀ ਨਿੱਕੀ ਝੱਗੀ। ਮਨ ਨੂੰ ਮੋਹਨ ਵਾਲੀ ਮੂਰਤੀ ਤੱਕ ਕੇ ਸੰਤਾਂ ਨੇ ਪੁੱਛਿਆ, "ਨੰਬਰਦਾਰਾ! ਇਹ ਕੌਣ ਹੈ?" ਉਹ ਡਰਦੇ ਚੁੱਪ ਕਰ ਗਏ। ਸੰਤਾਂ ਨੇ ਫਿਰ ਕਿਹਾ, "ਦਸ ਬਈ! ਇਹ ਕੌਣ ਹੈ?" ਉਨ੍ਹਾਂ ਨੇ ਕੰਬਦੇ ਮਨ ਨਾਲ ਅਰਜ਼ ਕੀਤੀ, "ਮਹਾਰਾਜ! ਇਹ ਤੁਹਾਡੀ ਦਾਤ ਹੈ।" ਸੰਤਾਂ ਨੇ ਫੇਰ ਕਿਹਾ, "ਦਾਤਾਂ ਤਾ ਸਾਰੀਆਂ ਪ੍ਰਮੇਸ਼ਰ ਦੀਆਂ ਹਨ, ਪਰ ਇਹ ਕੌਣ ਹੈ?" ਇਨ੍ਹਾਂ ਨੇ ਕਿਹਾ, "ਮਹਾਰਾਜ! ਸੰਸਾਰੀ ਸੰਬੰਧ ਕਰ ਕੇ ਇਹ ਸਾਡਾ ਪੁੱਤਰ ਹੈ।" ਸੰਤ ਬੜੇ ਹੱਸੇ ਅਤੇ ਕਿਹਾ ਕਿ ਤੈਨੂੰ ਤਾਂ ਫੇਰ ਪਤਾ ਨਹੀਂ ਕਿ ਇਹ ਕੌਣ ਹੈ? ਫੇਰ ਬੋਲੇ, "ਨੰਬਰਦਾਰਾ! ਲੋਕ ਤਾਂ ਸਾਨੂੰ ਵੀ ਸੰਤ ਕਹਿੰਦੇ ਹਨ ਅਤੇ ਭਾਵਨਾ ਨਾਲ ਦੂਰੋਂ ਦੂਰੋਂ ਦਰਸ਼ਨ ਕਰਨ ਆਉਂਦੇ ਹਨ। ਪਰ ਤੂੰ ਜਿਸ ਨੂੰ ਹੁਣ ਆਪਣਾ ਪੁੱਤਰ ਸਮਝਦਾ ਹੈਂ, ਆਪਣੇ ਅੱਖੀਂ ਦੇਖ ਲਵੀਂ, ਇਹ ਕਿਹੋ ਜਿਹਾ ਉੱਚ ਅਵਸਥਾ ਵਾਲਾ ਸੰਤ ਬਣੇਗਾ। ਸਾਡਾ ਤਾਂ ਹਰੇਕ ਗ਼ਰੀਬ ਅਮੀਰ ਦੂਰੋਂ ਨੇੜਿਓਂ ਦਰਸ਼ਨ ਕਰ ਲੈਂਦਾ ਹੈ। ਪਰ ਇਹ 'ਰਾਜਾ ਜੋਗੀ' 'ਮਰਿਯਾਦਾ ਪ੍ਰਸ਼ੋਤਮ' ਗੁਰੂ ਨਾਨਕ ਦੇ ਸਿਧਾਂਤ ਨੂੰ ਸੰਸਾਰ ਭਰ ਵਿੱਚ ਪ੍ਰਸਾਰਨ ਵਾਲਾ ਮਹਾਨ ਤੇਜਸਵੀ ਸੰਗਤ-ਪੂਜ ਮਹਾਂਪੁਰਸ਼ ਹੋਵੇਗਾ। ਇਸ ਦਾ ਤਾਂ ਦਰਸ਼ਨ ਕਰਨ ਵਾਸਤੇ ਆਪਣੇ ਆਪ ਨੂੰ ਵੱਡੇ ਤੋਂ ਵੱਡੇ ਅਖਵਾਉਣ ਵਾਲੇ ਆਦਮੀ ਵੀ ਪਹਿਲਾਂ ਸਮਾਂ ਮੰਗਿਆ ਕਰਨਗੇ।" ਉਪਰੰਤ ਆਪ ਜੀ ਨੂੰ ਸੰਤਾਂ ਨੇ ਗੋਦੀ ਵਿੱਚ ਚੁੱਕ ਕੇ ਬੜਾ ਪਿਆਰ ਕੀਤਾ। ਮਾਤਾ ਪਿਤਾ ਇਹ ਬਚਨ ਸੁਣ ਕੇ ਪ੍ਰਸੰਨ ਵੀ ਹੋਏ ਤੇ ਉਪਰਾਮ ਭੀ। ਪ੍ਰਸੰਨਤਾ ਦਾ ਕਾਰਣ ਇਹ ਕਿ ਸਾਡਾ ਬੱਚਾ ਪੂਰਨ ਸੰਤ ਤੇ ਸੰਸਾਰ ਦਾ ਰਹਿਬਰ ਬਣੇਗਾ। ਉਦਾਸੀ ਦਾ ਕਾਰਣ ਇਹ ਕਿ ਘਰ ਬਾਰ ਛੱਡ ਕੇ ਸਾਧ ਬਣ ਜਾਵੇਗਾ। (ਇਹ ਬਚਨ ਬਾਬਾ ਰਾਮ ਸਿੰਘ ਜੀ ਨੇ ਆਪ ਦੱਸੇ ਸਨ।)

ਇਸ ਪ੍ਰਕਾਰ ਸਮਾਂ ਲੰਘਦਾ ਗਿਆ। ਸਮੇਂ ਦੀ ਤਿੱਖੀ ਚਾਲ ਨਾਲ ਸੰਤ ਬਾਲਕੇ ਦਾ ਪਾਵਨ ਤੇ ਪਰਉਪਕਾਰੀ ਸਰੀਰ ਵੀ ਵਧਦਾ ਫੁਲਦਾ ਗਿਆ। ਸ਼ੁਰੂ ਤੋਂ ਘਰ ਵਿੱਚ ਸਾਰੇ ਪਦਾਰਥਾਂ ਦੀ ਬਹੁਲਤਾ ਸੀ, ਇਸ ਕਰ ਕੇ ਇਨ੍ਹਾਂ ਦਿਨਾਂ ਵਿੱਚ ਹੀ ਸਰੀਰ ਦਾ ਭਰਵਾਂ ਕੱਦ ਹੋ ਗਿਆ।

ਸਕੂਲ ਦੀ ਵਿੱਦਿਆ

ਛੇਵੇਂ ਸਾਲ ਵਿੱਚ ਮਾਤਾ ਪਿਤਾ ਨੇ ਪੜ੍ਹਨੇ ਪਾਉਣ ਦੀ ਵਿਚਾਰ ਕੀਤੀ। ਪਿੰਡ ਤਾਂ ਸਕੂਲ ਹੈ ਨਹੀਂ ਸੀ। ਜਿਸ ਕਰ ਕੇ ਪਹਿਲਾਂ ਤਿੰਨ ਜਮਾਤਾਂ ਪਿੰਡ ਦੇ ਡੇਰੇ ਇੱਕ ਸਦਾਨੰਦ ਸਾਧੂ ਤੋਂ ਪੜ੍ਹੀਆਂ, ਜਿਸ ਕੋਲ ਨਗਰ ਦੇ ਹੋਰ ਵੀ ਬੱਚੇ ਪੜ੍ਹਦੇ ਸਨ। ਇਹ ਜੇਹਲਮ ਦੇ ਜ਼ਿਲ੍ਹੇ 'ਚੋਂ ਓਵਰਸੀਅਰੀ ਛੱਡ ਕੇ ਸੰਸਾਰ ਤੋਂ ਉਪਰਾਮ ਹੋਇਆ ਸੀ। ਚੌਥੀ ਜਮਾਤ ਚੁਲੈਲੇ ਪਿੰਡ ਪੜ੍ਹਣ ਜਾਇਆ ਕਰਦੇ ਸਨ। ਪੰਜਵੀਂ ਜਮਾਤ ਪੜ੍ਹਣ ਵਾਸਤੇ ਇੱਕ ਸਾਲ ਮਨੌੜ ਪਿੰਡ ਜਾਂਦੇ ਰਹੇ। ਇਮਤਿਹਾਨ ਦੇ ਸਮੇਂ ਹਰੇਕ ਸਾਲ ਕਲਾਸ ਚੋਂ ਫਸਟ ਆਉਣਾ। ਇਹ ਦੋਵੇਂ ਨਗਰ ਆਲੋਵਾਲ ਤੋਂ ਚਾਰ ਚਾਰ ਕੋਹਾਂ ਦੇ ਫਾਸਲੇ ਤੇ ਹਨ। ਛੇਵੀਂ ਜਮਾਤ ਪਟਿਆਲੇ ਮਾਡਲ ਹਾਈ ਸਕੂਲ ਵਿੱਚ ਦਾਖਲ ਹੋ ਗਏ ਤੇ ਰਿਹਾਇਸ਼ ਆਪਣੀ ਭੂਆ ਬਿਸ਼ਨ ਕੌਰ ਜੀ ਦੇ ਘਰ ਰੱਖ ਕੇ ਜੋ ਸ. ਕਾਹਨ ਸਿੰਘ ਨੂੰ ਵਿਆਹੀ ਸੀ ਏਥੇ ਮੈਟ੍ਰਿਕ ਕੀਤੀ।

ਸਕੂਲ ਦੀ ਛੁੱਟੀ ਹੋਈ ਤੋਂ ਸ਼ਾਮ ਦੇ ਟਾਈਮ ਤੋਪਖਾਨੇ ਦੀ ਗਰਾਊਂਡ ਵਿੱਚ ਫੌਜੀਆਂ ਨਾਲ ਆਪ ਹਾਕੀ ਖੇਡਣ ਆਇਆ ਕਰਦੇ। ਭਾਵੇਂ ਆਪ ਜੀ ਨੂੰ ਬਾਲੀਬਾਲ ਤੇ ਬਾਸਕਟਬਾਲ ਖੇਡਣ ਦਾ ਬਹੁਤ ਸ਼ੌਕ ਸੀ। ਪਰ ਕ੍ਰਿਕਟ ਦੇ ਤਾਂ ਆਪ ਖ਼ਾਸ ਪਲੇਅਰ ਸਨ, ਜੋ ਸਕੂਲ ਦੀ ਗਰਾਊਂਡ ਵਿੱਚ ਖੇਲਿਆ ਕਰਦੇ। ਨਿਊ ਹਾਕੀ ਸਪੋਰਟਸ ਕਲੱਬ ਦੇ ਆਪ ਜੀ ਮੈਂਬਰ ਵੀ ਸਨ। ਇਉਂ ਖੇਲਾਂ ਦਾ ਬੜਾ ਸ਼ੌਕ ਸੀ। ਜਿੱਥੇ ਸਰੀਰ ਦੀ ਬਣਤਰ ਅਤੇ ਨਾਲ ਹੀ ਚੰਗੀ ਖ਼ੁਰਾਕ ਸੀ, ਉੱਥੇ ਆਪ

ਜੀ ਸੇਹਤ ਵੱਲ ਵੀ ਖ਼ਾਸ ਖ਼ਿਆਲ ਕਰਦੇ। ਸਵੇਰੇ ਸੈਰ, ਸ਼ਾਮ ਨੂੰ ਖੇਡਾਂ ਤੇ ਕਦੀ ਦੌੜ ਵਿੱਚ ਵੀ ਕਿਸੇ ਨੂੰ ਅੱਗੇ ਨਹੀਂ ਸੀ ਲੰਘਣ ਦੇਂਦੇ।

ਪਟਿਆਲਾ ਮੌਡਲ ਸਕੂਲ ਦੇ ਟੀਚਰ

ਸੰਸਾਰਕ ਮਰਯਾਦਾ ਨੂੰ ਮੁੱਖ ਰੱਖਦਿਆਂ ਸੰਤਾਂ, ਭਗਤਾਂ, ਅਵਤਾਰਾਂ ਤੇ ਰਿਸ਼ੀਆਂ ਮੁਨੀਆਂ ਨੇ ਕਿਸੇ ਨਾ ਕਿਸੇ ਪਾਠਸ਼ਾਲਾ ਵਿੱਚ ਜਾ ਕੇ ਜਾਂ ਆਪਣੇ ਅਸਥਾਨ ਤੇ ਬੁਲਾ ਕੇ ਜਾਂ ਕਿਸੇ ਮਹਾਤਮਾਂ ਦੇ ਆਸ਼ਰਮ ਤੇ ਪੁੱਜ ਕੇ ਅਧਿਆਪਕਾਂ ਪਾਸੋਂ ਧਾਰਮਿਕ ਤਥਾ ਰਾਜਨੀਤਕ ਵਿੱਦਿਆ ਪੜ੍ਹੀਆਂ ਹਨ। ਜਿਵੇਂ ਕਿ:

ਸਤਿਜੁਗ ਦੇ ਸਮੇਂ ਦੈਂਤਾਂ ਦੇ ਗੁਰੂ ਸ਼ੁਕਰਾਚਾਰਯ ਦੇ ਪੁੱਤਰ ਸੰਡਾ ਤੇ ਮਰਕਾ ਪ੍ਰਹਲਾਦ ਭਗਤ ਦੇ ਉਸਤਾਦ ਸਨ।

ਤਰੇਤੇ ਜੁਗ ਦੇ ਅਵਤਾਰ ਭਗਵਾਨ ਰਾਮਚੰਦ੍ਰ ਜੀ ਨੇ ਵਸ਼ਿਸ਼ਟ ਜੀ ਪਾਸੋਂ ਸ਼ਾਸਤਰ ਅਤੇ ਵਿਸ਼ਵਾਮਿੱਤਰ ਜੀ ਪਾਸੋਂ ਸ਼ਸਤ੍ਰ ਵਿੱਦਿਆ ਸਿੱਖੀ।

ਦੁਆਪਰ ਜੁਗ ਵਿਖੇ ਭਗਵਾਨ ਕ੍ਰਿਸ਼ਨ ਜੀ ਦੇ ਵਿੱਦਿਆ ਦਾਤੇ ਸਦੀਪਨ ਜੀ ਤੇ ਯਾਦਵ ਕੁਲ ਦੇ ਗੁਰੂ ਦੁਰਬਾਸ਼ਾ ਜੀ ਸਨ।

ਕਲੁਜਗ ਦੇ ਸਮੇਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿੱਦਿਆ ਪੜ੍ਹਣ ਦੇ ਬਹਾਨੇ ਗੋਪਾਲ ਪਾਂਧੇ ਤੇ ਕੁਤਬਦੀਨ ਕਾਜ਼ੀ ਨੂੰ ਮਾਣ ਤੇ ਉਪਦੇਸ਼ ਬਖਸ਼ਿਆ।

ਛੇਵੇਂ ਪਾਤਿਸ਼ਾਹ ਜੀ ਨੂੰ ਧਾਰਮਿਕ ਵਿੱਦਿਆ ਪੜ੍ਹਾਉਣ ਤੇ ਸ਼ਸਤ੍ਰ ਵਿੱਦਿਆ ਸਿਖਾਉਣ ਵਾਸਤੇ ਬਾਬਾ ਬੁੱਢਾ ਜੀ ਪਾਸ ਬਿਠਾਇਆ।

ਦਸਮੇਸ਼ ਜੀ ਦੇ ਧਾਰਮਿਕ ਟੀਚਰ ਮੁਨਸ਼ੀ ਸਾਹਿਬ ਚੰਦ ਤੇ ਫ਼ਾਰਸੀ ਦੇ ਉਸਤਾਦ ਮੁਨਸ਼ੀ ਪੀਰ ਮੁਹੰਮਦ ਸਲੋਹ ਵਾਲੇ ਸਨ।

ਇਉਂ ਹੋਰ ਵੀ ਵਧੇਰੇ ਖੋਜ ਕੀਤਿਆਂ ਇਹ ਗੱਲ ਸਹੀ ਸਿੱਧ ਹੁੰਦੀ ਹੈ ਕਿ ਸਭ ਕੁੱਝ ਅੰਦਰ ਹੁੰਦਿਆਂ ਸੁੰਦਿਆਂ ਵੀ ਸੰਸਾਰੀ ਨਿਯਮ ਨੂੰ ਪੂਰਾ ਕਰਨ ਵਾਸਤੇ ਸੰਤਾਂ, ਭਗਤਾਂ ਅਵਤਾਰਾਂ ਤੇ ਰਿਸ਼ੀਆਂ ਮੁਨੀਆਂ ਨੇ ਕਿਸੇ ਨਾ ਕਿਸੇ ਪਾਸੋਂ ਵਿੱਦਿਅਕ ਧਨ ਜ਼ਰੂਰ ਹੀ ਲਿਆ ਹੈ। ਇਸੇ ਤਰ੍ਹਾਂ ਸੰਤ ਜੀ ਮਹਾਰਾਜ ਵੀ ਛੇਵੀਂ ਕਲਾਸ ਵਿੱਚ ਪਟਿਆਲੇ ਮੌਡਲ ਸਕੂਲ ਵਿਖੇ ਜਾ ਦਾਖ਼ਿਲ ਹੋਏ, ਜਿੱਥੇ ਇੱਕੋ ਜਗ੍ਹਾ ਠਹਿਰ ਕੇ ਆਪ ਜੀ ਨੇ ਦਸਵੀਂ ਕੀਤੀ। ਜਿਨ੍ਹਾਂ ਜਿਨ੍ਹਾਂ ਟੀਚਰਾਂ ਨੂੰ ਉਸ ਸਮੇਂ ਆਪ ਜੀ ਦੀ ਪਾਵਨ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਉਨ੍ਹਾਂ ਭਗਵਾਨ ਪੁਰਸ਼ਾਂ ਦੇ ਇਹ ਨਾਮ ਸਨ:

ਹੈੱਡ ਮਾਸਟਰ	ਮੁਲਕ ਰਾਜ ਜੀ
ਧਾਰਮਿਕ ਟੀਚਰ	ਗਿ. ਪ੍ਰੇਮ ਪ੍ਰਤਾਪ ਸਿੰਘ ਜੀ
ਫ਼ਾਰਸੀ ਦਾ ਟੀਚਰ	ਮੌਲਵੀ ਸਰਫਰਾਜ ਹੁਸੈਨ ਜੀ
ਪੀਟੀ	ਸ. ਅਤਰ ਸਿੰਘ ਜੀ
ਸੈਕੰਡ ਮਾਸਟਰ	ਅਜੁਧਿਆ ਪ੍ਰਸ਼ਾਦ ਜੀ
ਹਿਸਾਬ ਤੇ (ਹਿਸਟਰੀ) ਤਵਾਰੀਖ ਦਾ ਟੀਚਰ	ਪੰਡਤ ਦੁਆਰਕਾ ਦਾਸ ਜੀ
ਸਾਇੰਸ ਦਾ ਟੀਚਰ	ਰਾਮਜੀ ਦਾਸ ਜੀ
ਜੁਗਰਾਫੀਏ ਦਾ ਟੀਚਰ	ਮੁਬਾਰਕ ਅਲੀ ਜੀ
ਉਰਦੂ ਦਾ ਟੀਚਰ	ਸ਼ੇਖ ਅਬਦੁੱਲਾ ਜੀ

ਇਉਂ ਹੋਰ ਵੀ ਸਮੇਂ ਸਮੇਂ ਸਿਰ ਬਦਲ ਕੇ ਆ ਜਾਂਦੇ ਪਰ ਵਧੇਰੇ ਮਾਣ ਇਨ੍ਹਾਂ ਨੂੰ ਹੀ ਪ੍ਰਾਪਤ ਹੋਇਆ।

ਅੰਮ੍ਰਿਤ ਸਰੋਵਰ ਦੀ ਕਾਰ ਸੇਵਾ

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥

(ਗੂਜਰੀ ਮਃ ੪ - ੪੯੩)

ਕਾਵਾਂ ਤੋਂ ਹੰਸ ਤੇ ਪਾਪੀਆਂ ਤੋਂ ਦੇਵਤੇ ਬਨਾਉਣ ਵਾਲੇ, ਸਿੱਖ ਧਰਮ ਦੇ ਮਲਾਹ, ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਪਾਵਨ ਸਰੋਵਰ ਦੀ ਕਾਰ ਸੇਵਾ ੪ ਹਾੜ ੧੯੮੦ ਬਿਕ੍ਰਮੀ ਮੁਤਾਬਕ ੧੭ ਜੂਨ ੧੯੨੩ ਈਸਵੀ ਨੂੰ ਪ੍ਰਾਰੰਭ ਹੋਈ। ਇਸ ਮਹਾਨ ਜੱਗ ਸਮਾਗਮ ਵਿੱਚ ਹਿੰਦੁਸਤਾਨ ਦੇ ਸਾਰੇ ਜ਼ਿਲ੍ਹਿਆਂ ਤੇ ਰਿਆਸਤਾਂ 'ਚੋਂ ਆਏ ਪ੍ਰੇਮੀਆਂ ਦਾ ਇਤਨਾ ਭਾਰੀ ਇਕੱਠ ਹੋਇਆ ਸੀ ਜੋ ਜਥੇ ਪੈਦਲ, ਬੱਸਾਂ ਜਾਂ ਸਾਈਕਲਾਂ ਰਾਹੀਂ ਆਏ; ਉਨ੍ਹਾਂ ਤੋਂ ਇਲਾਵਾ

ਨੌ ਲੱਖ ਰੇਲ ਦੀਆਂ ਟਿਕਟਾਂ ਵਾਲੇ ਹੀ ਪੁੱਜੇ ਸਨ। ਸੰਗਤਾਂ ਵਲੋਂ ਥਾਂ ਥਾਂ ਰਸਤਿਆਂ ਤੇ ਲੰਗਰ ਜਾਰੀ ਸਨ; ਜਿਨ੍ਹਾਂ ਵਿੱਚ ਚਾਹ, ਦੁੱਧ, ਲੱਸੀ, ਸ਼ਰਦਾਈ, ਮਠਿਆਈ, ਕੜਾਹ ਪ੍ਰਸ਼ਾਦ, ਦਾਲ, ਸਬਜ਼ੀ, ਚਟਨੀ, ਅਚਾਰ ਤੇ ਪ੍ਰਸ਼ਾਦਿਆਂ ਦੇ ਖੁੱਲ੍ਹੇ ਗੱਫੇ ਵਰਤਦੇ ਸਨ। ਸਾਰੇ ਮਤਾਂ ਦੇ ਸਾਧੂ ਆਏ ਸਨ; ਜੇਹਾ ਕਿ ਸੰਨਿਆਸੀ, ਵੈਰਾਗੀ, ਉਦਾਸੀ, ਨਿਰਮਲੇ, ਰਾਧਾ ਸੁਆਮੀ, ਨਿਰੰਕਾਰੀ, ਨਿਹੰਗ ਸਿੰਘ, ਸੇਵਾ ਪੰਥੀ, ਨਾਮਧਾਰੀ, ਪੰਚਖੰਡੀਏ, ਸੁਥਰੇ ਸ਼ਾਹੀ ਆਦਿਕ ਭੇਖਾਂ ਦੇ ਸਾਧੂ ਆਪੋ ਆਪਣੀਆਂ ਸੰਪ੍ਰਦਾਵਾਂ, ਗੁਰ ਪ੍ਰਣਾਲੀਆਂ ਤੇ ਡੇਰਿਆਂ ਦੇ ਨਾਮ ਦਰਜ ਕਰਵਾ ਰਹੇ ਸਨ।

ਅਰਦਾਸ ਤੋਂ ਉਪਰੰਤ ਪਹਿਲਾਂ ਪੰਜਾਂ ਪਿਆਰਿਆਂ ਨੇ (ਜਿਨ੍ਹਾਂ ਵਿੱਚ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਮੁਖੀ ਸਨ) ਸੋਨੇ ਦੀਆਂ ਕਹੀਆਂ ਨਾਲ ਪੰਜ ਪੰਜ ਟੱਕ ਲਾ ਕੇ ਚਾਂਦੀ ਦੇ ਬਾਟਿਆਂ ਵਿੱਚ ਪਾ ਕੇ ਕਾਰ ਸੇਵਾ ਆਰੰਭ ਕੀਤੀ। ਫੇਰ ਤਾਂ ਸੰਗਤਾਂ ਦੇ ਮਨ ਵਿੱਚ ਇਤਨਾ ਉਤਸ਼ਾਹ ਜਾਗਿਆ ਕਿ ਇੱਕ ਦੂਜੇ ਦੇ ਹੱਥਾਂ ਚੋਂ ਭਰੇ ਹੋਏ ਬਾਟੇ ਖੋਂਹਦੇ ਸਨ। ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਵੀ ਪੰਜਾਂ ਪਿਆਰਿਆਂ ਤੋਂ (ਤਨਖਾਹ ਬਖ਼ਸ਼ਵਾ ਕੇ) ਸੇਵਾ ਵਿੱਚ ਸ਼ਾਮਲ ਹੋਇਆ। ਸਾਰਾ ਮਾਲਵਾ, ਸਾਰਾ ਮਾਝਾ, ਦੁਆਬਾ, ਪੋਠੋਹਾਰ, ਕਾਬਲ ਕੰਧਾਰ, ਕਸ਼ਮੀਰ, ਪਟਨੇ, ਕਲਕੱਤੇ, ਬੰਬਈ ਆਦਿ ਦੀਆਂ ਸੰਗਤਾਂ ਤੋਂ ਇਲਾਵਾ ਸਕੂਲਾਂ ਦੇ ਵਿੱਦਿਆਰਥੀਆਂ ਨੇ ਵੀ ਹਿੱਸਾ ਲਿਆ। ਸਾਰੇ ਪ੍ਰੇਮੀ ਜੈ ਜੈਕਾਰ ਦੀ ਧੁਨੀ ਉਚਾਰਦੇ ਹੋਏ ਸੇਵਾ ਕਰਨ ਵਿੱਚ ਮਸਤ ਸਨ। ਆਪ ਜੀ ਵੀ ਪਟਿਆਲੇ ਤੋਂ ਮੌਡਲ ਸਕੂਲ 'ਚੋਂ ਹੋਰ ਹਮ ਅਵਸਥਾ ਦੇ ਸਟੂਡੈਂਟਾਂ ਨੂੰ ਪ੍ਰੇਰ ਕੇ ਉਨ੍ਹਾਂ ਦੇ ਨਾਲ ਮਿਲ ਕੇ ਇਸ ਪਵਿੱਤ੍ਰ ਮਹਾਨ ਗੁਰ ਸੇਵਾ ਦੇ ਕੁੰਭ ਵਿੱਚ ਤਾਰੀਆਂ ਲਾਉਣ ਵਾਸਤੇ ਬੜੇ ਉਤਸ਼ਾਹ ਨਾਲ ਪੁੱਜੇ। ਮਾਨੋਂ ਏਥੋਂ ਹੀ ਆਪਣੇ ਪਰਉਪਕਾਰੀ ਸੇਵਾ ਤੇ ਸਿਮਰਨ ਦੇ ਪ੍ਰਮਾਰਥੀ ਜੀਵਨ ਦੀ ਨੀਂਹ ਰੱਖ ਦਿੱਤੀ ਜੋ ਅਖ਼ੀਰ ਤੱਕ ਇੱਕ ਰਸ ਨਿਭ ਗਈ।

ਸੰਤ ਜੀ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ

ਸੰਸਾਰ ਵਿੱਚ ਅਨੇਕਾਂ ਮਨੁੱਖ ਪੈਦਾ ਹੋਏ ਜਿਨ੍ਹਾਂ ਨੇ ਆਪਣੇ ਸਮੇਂ ਵਿੱਚ ਐਸਵਰਜ਼, ਪ੍ਰਤਾਪ, ਬਾਹੂ ਬਲ ਤੇ ਵਿੱਦਿਆ ਦੁਆਰਾ ਪ੍ਰਸਿੱਧਤਾ ਪਾਈ, ਪ੍ਰੰਤੂ ਉਨ੍ਹਾਂ ਦੇ ਅੱਖਾਂ ਮੀਟਣ ਨਾਲ ਹੀ ਉਨ੍ਹਾਂ ਦਾ ਨਾਮ ਵੀ ਸੰਸਾਰ ਤੋਂ ਅਲੋਪ ਹੋ ਗਿਆ। ਪਰ ਇਸ ਦੇ ਮੁਕਾਬਲੇ ਤੇ ਜਿਨ੍ਹਾਂ ਲੋਕਾਂ ਨੇ ਦੂਜਿਆਂ ਦੇ ਭਲੇ ਲਈ ਆਪਣੇ ਆਪ ਨੂੰ ਅਰਪਨ ਕਰ ਦਿੱਤਾ ਅਤੇ ਜਿਨ੍ਹਾਂ ਨੇ ਵਾਹਿਗੁਰੂ ਸਿਮਰਨ ਵਿੱਚ ਆਪਣੀ ਆਯੂ ਬਤੀਤ ਕੀਤੀ, ਉਹ ਅੱਖਾਂ ਮੀਟਣ ਮਗਰੋਂ ਸੰਸਾਰ ਵਿੱਚ ਸੂਰਜ ਸਮਾਨ ਚਮਕੇ। ਸਮੇਂ ਦੇ ਗ਼ੁਜ਼ਰਨ ਨਾਲ ਉਨ੍ਹਾਂ ਦੀ ਕੀਰਤੀ ਵਧੀ ਤੇ ਸਦੀਵੀ ਅਮਰ ਹੋ ਗਏ। ਇਸ ਤਰ੍ਹਾਂ ਦੇ ਸਤਿਵਾਦੀ, ਮਹਾਂ ਤਿਆਗੀ, ਨਾਮ ਰਸੀਏ, ਪੂਰਨ ਗਿਆਨਵਾਨ, ਗੁਰਸਿੱਖੀ ਦੇ ਚਮਕਦੇ ਸਿਤਾਰੇ, ਜੋਗੀ ਰਾਜ, ਗੁਰੂ ਕੇ ਲਾਲ, ਸੰਤ ਜੀ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਸਨ; ਜਿਨ੍ਹਾਂ ਨੇ ਫੌਜ ਦੀ ਨੌਕਰੀ ਕਰਦਿਆਂ ਹੋਤੀ ਮਰਦਾਨ ਵਾਲੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪਾਵਨ ਚਰਨਾਂ 'ਚੋਂ ਨਾਮ ਦੀ ਦਾਤ ਪ੍ਰਾਪਤ ਕੀਤੀ।

ਹੌਲਦਾਰੀ ਪੈਨਸ਼ਨ ਉਪਰੰਤ (ਲੁਧਿਆਣੇ ਜ਼ਿਲ੍ਹੇ ਦੋਰਾਹੇ ਮੰਡੀ ਦੇ ਪਾਸ) ਰੇਰੂ ਸਾਹਿਬ ਆ ਕੇ ਸਰਬੰਸ ਦਾਨੀ ਕਲਗੀਆਂ ਵਾਲੇ ਪਾਤਿਸ਼ਾਹ ਦੇ ਚਰਨ ਛੂਹ ਵਾਲੀ ਧਰਤੀ ਤੇ ਇਸਥਿਤ ਹੋ ਕੇ ਸਾਰੀ ਜ਼ਿੰਦਗੀ ਗੁਰ ਚਰਨਾਂ ਦੇ ਧਿਆਨ, ਨਾਮ ਸਿਮਰਨ ਤੇ ਗੁਰ ਸੇਵਾ ਵਿੱਚ ਬਤੀਤ ਕੀਤੀ। ਹੱਥੀਂ ਹਲ ਵਾਹ ਕੇ ਲੰਗਰ ਚਲਾਏ। ਅਸਥਾਨ ਦੀ ਸੇਵਾ ਕਰਵਾਈ। ਆਪ ਨਾਮ ਜਪਿਆ, ਅੱਗੇ ਨਾਮ ਜਪਾਇਆ। ਪਾਵਨ ਨਾਮ ਨੂੰ ਸਕਾਰਥ ਕਰਨ ਵਾਲੀ ਜਸ ਰੂਪੀ ਅਤਰ ਦੀ ਮਹਿਕ ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਪਸਰ ਗਈ।

ਹੋਰਨਾਂ ਪਿਡਾਂ ਤੇ ਸ਼ਹਿਰਾਂ ਵਾਂਗੂ ਪਟਿਆਲੇ ਦੇ ਤੋਪਖਾਨੇ ਅਤੇ ਪਲਟਨ ਦੇ ਬਹੁਤ ਸਾਰੇ ਫੌਜੀ ਆਪ ਜੀ ਤੋਂ ਵਰੋਸਾਏ ਸਨ, ਜੋ ਨਿਤਾਪ੍ਰਤੀ ਅੰਮ੍ਰਿਤ ਵੇਲੇ ਜਾਗਦੇ, ਨਾਮ ਜਪਦੇ, ਦੋਨੋਂ ਸਮੇਂ ਗੁਰਦੁਆਰੇ ਸਾਹਿਬ ਗੁਰਬਾਣੀ ਦਾ ਕੀਰਤਨ ਕਰਦੇ। ਉਨ੍ਹਾਂ ਵਿੱਚ ਮਿਲ ਕੇ ਸੰਤ ਜੀ ਮਹਾਰਾਜ ਵੀ ਸਕੂਲ ਦੀ ਪੜ੍ਹਾਈ ਤੋਂ ਵੇਹਲ ਕੱਢ ਕੇ ਦੀਵਾਨ ਸਮੇਂ ਜਾ ਕੇ ਚਿਮਟਾ ਵਜਾਉਂਦੇ ਤੇ ਸ਼ਬਦ ਪੜ੍ਹਦੇ ਸਨ।

ਤੋਪਖਾਨੇ ਦੇ ਬਹੁਤ ਸਾਰੇ ਫੌਜੀ ਜੋ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਸੇਵਕ ਸਨ, ਇਨ੍ਹਾਂ ਦੀ ਸੰਗਤ ਨਾਲ ਬਾਬਾ ਜੀ ਦੇ ਦਰਸ਼ਨ ਕਰਨ ਦੀ ਆਪ ਜੀ ਦੇ ਮਨ ਵਿੱਚ ਵੀ ਖਿੱਚ ਪਈ। ਆਪ ਜੀ ਨੇ ਪਟਿਆਲੇ ਸ਼ਹਿਰ ਰਹਿੰਦਿਆਂ ਸਕੂਲ ਦੀ ਪੜ੍ਹਾਈ ਸਮੇਂ ਹੋਰ ਵੀ ਬਹੁਤ ਸਾਰੇ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਸਨ।

ਖੇੜੇ ਪਿੰਡ ਦੇ; ਜੋ ਪੁਰਾਣੇ ਮੋਤੀ ਬਾਗ਼ ਤੋਂ ਚਾਰ ਮੀਲ ਦੱਖਣ ਵੱਲ ਹੈ, ਉਦਾਸੀ ਮਹਾਤਮਾ ਹਰਨਾਮ ਦਾਸ ਤੇ ਰਾਮ ਦਾਸ ਦੋਵੇਂ ਗੁਰ ਭਾਈ ਸਨ ਅਤੇ ਤ੍ਰਿਪੜੀ ਸੰਤ ਸੰਤੋਖ ਦਾਸ ਜੀ, ਸੁਧਾਸਰ ਸਰੋਵਰ ਪਰ ਸੰਤ ਸੋਹਨ ਦਾਸ ਜੀ ਰਹਿੰਦੇ। ਬਾਬਾ ਧਿਆਨਾ ਜੀ ਬੜੇ ਮਸ਼ਹੂਰ ਸਨ। ਆਪ ਜੀ ਨੇ ਸਾਰਿਆਂ ਦਾ ਦਰਸ਼ਨ ਕੀਤਾ, ਬਚਨ ਸੁਣੇ ਪਰ ਅਜੇ ਤੱਕ ਕਿਸੇ ਤੇ ਮਨ ਨਹੀਂ ਸੀ ਪਤੀਜਿਆ।

ਜਿਵੇਂ ਕੋਈ ਦੂਰ ਬੈਠੀ ਆਤਮਾ ਪਿਛਲੇ ਜਨਮਾਂ ਦੇ ਸਾਥੀ ਨੂੰ ਅਵਾਜ਼ਾਂ ਮਾਰ ਕੇ ਸੱਦ ਰਹੀ ਹੈ, ਇਨ੍ਹਾਂ ਫੌਜੀਆਂ ਤੋਂ ਬਾਬਾ ਜੀ ਦੀ ਮਹਿਮਾ ਸੁਣਨੀ, ਪ੍ਰਮਾਰਥੀ ਵੀਚਾਰਾਂ ਹੋਣੀਆਂ, ਇਕੱਠਿਆਂ ਨੇ ਕੀਰਤਨ ਕਰਨਾ। ਭਾਵੇਂ ਇਸੇ ਤਰ੍ਹਾਂ ਹਰ ਰੋਜ਼ ਜਾਣ ਨਾਲ ਸਾਰੇ ਹੀ ਫੌਜੀ ਵਾਕਫ਼ ਹੋ ਗਏ ਸਨ ਪਰ ਹਮ ਅਵਸਥਾ ਹੋਣ ਕਰ ਕੇ ਇੱਕ ਹੀਰਾ ਸਿੰਘ ਨਾਮ ਦੇ ਫੌਜੀ ਨਾਲ ਤਾਂ ਆਪ ਜੀ ਦਾ ਗੂਹੜਾ ਪ੍ਰੇਮ ਪੈ ਗਿਆ। ਜਿੱਥੇ ਜਾਣਾ, ਇਕੱਠਿਆਂ ਜਾਣਾ। ਜੋ ਕੰਮ ਕਰਨਾ, ਇੱਕ ਦੂਜੇ ਦੀ ਸਲਾਹ ਨਾਲ ਕਰਨਾ। ਤੁਲਸੀ ਦਾਸ ਨੇ ਅਸਲੀ ਮਿੱਤਰ ਬਾਬਤ ਲਿਖਿਆ ਹੈ:

ਆਸ਼ਾ ਇਸ਼ਟ ਉਪਾਸ਼ਨਾ ਖਾਨ ਪਾਨ ਪਹਿਰਾਨ। ਤੁਲਸੀ ਜਹਿ ਇਹ ਖਟ ਮਿਲੇ ਤਾਹਿ ਮਿੱਤ੍ਰਤਾ ਜਾਨ।

ਰੇਰੂ ਸਾਹਿਬ ਵਾਲੇ ਸੰਤਾਂ ਦੀ ਸ਼ਰਣ ਵਿੱਚ ਪੁੱਜਣਾ

ਬਾਬਾ ਅਤਰ ਸਿੰਘ ਜੀ ਮਹਾਰਾਜ ਦਾ ਜਸ (ਜੋ ਅਤਰ ਦੇ ਸਮਾਨ ਮਹਿਕ ਰਿਹਾ ਸੀ) ਇਨ੍ਹਾਂ ਗੁਰੂ ਪਿਆਰੇ ਸਤਸੰਗੀ ਫੌਜੀਆਂ ਤੋਂ ਸੁਣਕੇ ਮਨ ਦਰਸ਼ਨਾਂ ਲਈ ਕਾਹਲਾ ਪੈ ਗਿਆ। ਇੱਕ ਇੱਕ ਦਿਨ, ਸਾਲ ਦੇ ਸਮਾਨ ਬੀਤਣ ਲੱਗਾ। ਦੋਹਾਂ ਮਿੱਤਰਾਂ ਨੇ ਸਮਾਂ ਨੀਅਤ ਕੀਤਾ।

੧੯੨੩ ਈਸਵੀ ਵਿੱਚ ਅਗਸਤ ਦੀਆਂ ਛੁੱਟੀਆਂ ਹੋਈਆਂ ਤਾਂ ਆਪ ਜੀ ਚਾਇਲ ਨਹੀਂ ਗਏ। ਅੱਗੇ ਗ਼ਰਮੀ ਦੇ ਮੌਸਮ, ਛੁੱਟੀਆਂ ਦੇ ਸਮੇਂ ਆਪ ਜੀ ਸ. ਦਲੀਪ ਸਿੰਘ ਦੇ ਨਾਲ (ਜੋ ਆਪ ਜੀ ਦੀ ਭੂਆ ਦੇ ਪੁੱਤਰ ਸਨ ਅਤੇ ਮਹਾਰਾਜ ਭੁਪਿੰਦਰ ਸਿੰਘ ਜੀ ਪਟਿਆਲਾ ਦੇ ਲੱਸੀ ਖਾਨੇ ਵਿੱਚ ਨੈਬ ਨਾਜ਼ਮ ਸਨ) ਚਾਇਲ ਚਲੇ ਜਾਂਦੇ। ਨਾਲ ਦੇ ਸਾਥੀ ਹੀਰਾ ਸਿੰਘ ਨੂੰ ਪ੍ਰੇਰ ਕੇ ਸੰਤਾਂ ਦੇ ਦਰਸ਼ਨਾਂ ਲਈ ਤਿਆਰ ਹੋਏ। ਪਟਿਆਲੇ ਤੋਂ ਗੱਡੀ ਬੈਠ ਕੇ ਲੁਧਿਆਣੇ ਰਾਹੀਂ ਸਾਨ੍ਹੇਵਾਲ ਜਾ ਉੱਤਰੇ। ਫੇਰ ਏਥੋਂ ਸਿੱਧੇ ਹੀ ਗੱਡੀ ਦੀ ਲਾਈਨ ਪੈਦਲ ਤੁਰ ਪਏ ਅਤੇ ਬਾਹਰ ਬਗ਼ੀਚੀ ਵਿੱਚ ਮਹਾਂਪੁਰਸ਼ਾਂ ਦੇ ਚਰਨੀਂ ਜਾ ਮੱਥਾ ਟੇਕਿਆ। ਭੂਤ ਭਵਿੱਖਤ ਦੇ ਗਿਆਤ ਗੋਯ ਦਾਤੇ ਨੇ ਸਾਰੀ ਵਾਰਤਾ ਜਾਣ ਲਈ ਕਿ ਆਪਣੀ ਰੂਹਾਨੀ ਅਮਾਨਤ ਸੰਭਾਲਣ ਵਾਲਾ ਆ ਪਹੁੰਚਿਆ ਹੈ, ਜਿਸਨੇ ਬਾਹਰਲੇ ਟਾਪੂਆਂ ਤੱਕ ਹੋਤੀ ਮਰਦਾਨ ਦੇ ਨਾਮ ਨੂੰ ਮਸ਼ਹੂਰ ਕਰਨਾ ਹੈ।

ਉਪਰੰਤ ਹੀਰਾ ਸਿੰਘ ਨੂੰ ਪੁੱਛਿਆ, "ਕਿਉਂ ਬਈ ਫੌਜੀਆ! ਤਿੰਨ ਕੁ ਦਿਨਾਂ ਦੀ ਛੁੱਟੀ ਆਏ ਹੋਵੋਗੇ।" ਇਸ ਨੇ ਹੱਥ ਜੋੜ ਕੇ ਅਰਜ਼ ਕੀਤੀ, "ਜੀ ਹਾਂ!" ਫੇਰ ਗੁਲਾਬ ਸਿੰਘ ਨੂੰ ਸਕੂਲੀ ਲਿਬਾਸ ਵਿੱਚ ਦੇਖ ਕੇ ਬਚਨ ਕੀਤਾ, "ਤੈਨੂੰ ਤਾਂ ਕਾਕਾ! ਗ਼ਰਮੀਆਂ ਦੀਆਂ ਖੁੱਲ੍ਹੀਆਂ ਛੁੱਟੀਆਂ ਹੋਣਗੀਆਂ?" ਇਨ੍ਹਾਂ ਨੇ ਹੱਥ ਜੋੜ ਕੇ ਸਿਰ ਝੁਕਾਇਆ ਤੇ ਧੀਮੀ ਆਵਾਜ਼ ਵਿੱਚ ਉੱਤਰ ਦਿਤਾ, "ਮਹਾਰਾਜ! ਆਪ ਦੀ ਕ੍ਰਿਪਾ ਦੁਆਰਾ ਹੀ ਖੁੱਲ੍ਹੀਆਂ ਛੁੱਟੀਆਂ ਹੋਣੀਆਂ ਹਨ। ਸਾਧੂ ਦੀ ਸੰਗਤ ਹੀ ਸਾਰੇ ਦੁੱਖਾਂ ਤੇ ਸੰਸਾਰ ਦੇ ਝਮੇਲਿਆਂ ਤੋਂ ਛੁੱਟੀ (ਛੁਟਕਾਰਾ) ਕਰਵਾਉਂਦੀ ਹੈ।"

ਹਜ਼ੂਰ ਨੇ ਪਿਛਲੇ ਸੰਸਕਾਰ ਪ੍ਰਬਲ ਜਾਣ ਕੇ ਝੱਟ ਹੀ ਇਸ ਅਮੋਲਕ ਹੀਰੇ ਨੂੰ ਪਰਖ ਲਿਆ। ਜੌਹਰੀ ਦੀ ਅੱਖ ਹੀਰੇ ਦੀ ਪਰਖ ਕਰ ਕੇ ਉਸ ਦੀ ਕੀਮਤ ਪਾਉਂਦੀ ਹੈ। ਆਮ ਲੋਕ ਤਾ ਉਸ ਨੂੰ ਮਾਮੂਲੀ ਪੱਥਰ ਹੀ ਜਾਣਦੇ ਹਨ। ਕਿਸੇ ਵਿਦਵਾਨ ਦਾ ਕਥਨ ਹੈ ਕਿ ਹੀਰੇ ਜਵਾਹਰਾਤਾਂ ਨੂੰ ਜੌਹਰੀ ਪਰਖਦੇ ਹਨ। ਤਮਾਮ ਦੁਖਾਂ ਦੀ ਨਵਿਰਤੀ ਗੁਰੂ ਪੀਰਾਂ ਦੀ ਸ਼ਰਨ ਵਿੱਚ ਜਾ ਕੇ ਹੁੰਦੀ ਹੈ। ਭਾਣੇ ਨੂੰ ਪ੍ਰਮੇਸ਼ਰ ਦੇ ਪਿਆਰੇ ਭਗਤ ਜਨ ਹੀ ਮਿੱਠਾ ਕਰ ਕੇ ਮੰਨਦੇ ਹਨ। ਜਦੋਂ ਮੋਰਧੁਜ ਵਰਗੇ ਰਾਜਿਆਂ ਦੀ ਪ੍ਰੀਖਿਆ ਹੋਈ ਤਾਂ ਅੱਖਾਂ ਤੋਂ ਪਾਣੀ ਦੀ ਹੰਝੂ ਨਹੀਂ ਕੇਰੀ।

ਜੌਹਰੀ ਪਾਉਂਦੇ ਕੀਮਤਾਂ ਦੁੱਖ ਮਿਟਾਵੇ ਪੀਰ। ਭਾਣਾ ਭਗਤਾਂ ਮੰਨਿਆਂ ਅੱਖੋਂ ਨ ਸੁੱਟਿਆ ਨੀਰ।

ਉਪਰੰਤ ਦੋਹਾਂ ਨੇ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਨਾਮ ਦੀ ਦਾਤ ਵਾਸਤੇ ਪ੍ਰਾਰਥਨਾ ਕੀਤੀ। ਹਜ਼ੂਰ ਨੇ ਮੁਸਕਰਾ ਕੇ ਉੱਤਰ ਦਿੱਤਾ, "ਜਦੋਂ ਜੌਹਰੀ ਦੀ ਦੁਕਾਨ ਤੇ ਪੁੱਜ ਗਏ, ਇਹ ਵਸਤੂ ਤਾਂ ਹੁਣ ਮਿਲ ਹੀ ਜਾਣੀ ਹੈ। ਪਹਿਲਾਂ ਅੰਮ੍ਰਿਤ ਪਾਨ ਕਰੋ।" ਇਨ੍ਹਾਂ ਅਰਜ਼ ਕੀਤੀ, "ਸਤਿ ਬਚਨ ਮਹਾਰਾਜ!" ਸ਼ਾਮ ਨੂੰ ਸੰਤਾਂ ਦੇ ਨਾਲ ਗੁਰਦੁਆਰੇ ਸਾਹਿਬ ਆ ਗਏ। ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕ ਕੇ ਕਥਾ ਕੀਰਤਨ ਸ੍ਰਵਣ ਕਰਨ ਉਪਰੰਤ ਆਰਾਮ ਕੀਤਾ। ਦੂਸਰੇ ਦਿਨ ਦੋਹਾਂ ਨੇ ਅੰਮ੍ਰਿਤ ਛਕ ਲਿਆ। ਅੰਮ੍ਰਿਤ ਤਿਆਰ ਕਰਨ ਵਾਲੇ ਸੱਜਣਾਂ ਵਿੱਚ ਸੰਤ ਅਤਰ ਸਿੰਘ ਜੀ ਮਹਾਰਾਜ ਆਪ ਸ਼ਾਮਲ ਸਨ। ਸੰਤ ਭਗਵਾਨ ਸਿੰਘ ਜੀ ਤੇ ਬਾਬਾ ਨੱਥਾ ਸਿੰਘ ਜੀ ਵੀ ਪੰਜਾਂ ਪਿਆਰਿਆਂ ਵਿੱਚ ਲੱਗੇ ਸਨ।

ਸੰਤ ਜੀ ਮਹਾਰਾਜ ਨੇ ਆਪਣੇ ਹੱਥੀਂ ਅੰਮ੍ਰਿਤ ਦੀ ਦਾਤ ਬਖ਼ਸ਼ੀ। ਨੇਤ੍ਰਾਂ 'ਚ ਛਿੱਟੇ ਮਾਰੇ। ਸੀਸ ਵਿੱਚ ਪੰਜ ਚੁਲੇ ਪਾਏ।

ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥ (ਆਸਾ ਮਃ ੪ - ੪੪੯)

ਮੂਲਮੰਤ੍ਰ, ਗੁਰਮੰਤ੍ਰ ਤੇ ਰਹਿਤਾਂ-ਕੁਰੈਹਤਾਂ ਦੱਸੀਆਂ। ਉਪਰੰਤ ਅਰਦਾਸ ਤੋਂ ਬਾਅਦ ਹੁਕਮ ਲਿਆ। ਜੋ ਇਹ ਮਹਾਂਵਾਕ ਆਇਆ:

ਸੋਰਠਿ ਮਹਲਾ ੫ ਘਰੁ ੨ ਚਉਪਦੇ

ੴ ਸਤਿਗੁਰ ਪ੍ਰਸਾਦਿ ॥
ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥
ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥
ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥
ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥੩॥
ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥
ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥੧॥੧੨॥

(ਸੋਰਠਿ ਮਃ ੫ - ੬੧੧/੬੧੨)

ਪੰਚਮ ਪਾਤਿਸ਼ਾਹ ਜੀ ਮਹਾਰਾਜ ਦੀ ਪਾਵਨ ਰਸਨਾ ਤੋਂ ਆਇਆ ਮਹਾਂਵਾਕ ਸ੍ਰਵਣ ਕਰ ਕੇ ਬਾਬਾ ਜੀ ਨੇ ਸ਼ਬਦ ਦੇ ਪਹਿਲੇ ਅੱਖਰ ਈੜੀ ਤੋਂ ਆਪ ਜੀ ਦਾ ਨਾਮ 'ਗੁਲਾਬ ਸਿੰਘ' ਤੋਂ ਬਦਲ ਕੇ 'ਈਸ਼ਰ ਸਿੰਘ' ਰੱਖ ਦਿੱਤਾ। ਸਚਮੁਚ ਅੰਤਰਯਾਮੀ ਦਾਤੇ ਨੇ ਆਪਣੀ ਪਾਰਸ ਛੂਹ ਨਾਲ ਸਕੂਲ ਦੇ ਸਟੂਡੈਂਟ ਨੂੰ ਈਸ਼ਵਰ ਦਾ ਹੀ ਰੂਪ ਬਣਾ ਦਿੱਤਾ ਅਤੇ ਤੀਸਰੇ ਦਿਨ ਸਵੇਰ ਦੇ ਤਿੰਨ ਵਜੇ ਆਪ ਜੀ ਨੂੰ ਹਜ਼ੂਰੀ ਵਿੱਚ ਸੱਦਿਆ।

ਨਾਮ ਦੀ ਦਾਤ

ਭਾਦਰੋਂ ਦੇ ਮਹੀਨੇ ਦੀ ਸੰਗ੍ਰਾਂਦ ਦਾ ਪੁਰਬ ਦਿਹਾੜਾ ਸੀ। ਇਸ ਮਹੀਨੇ ਦੁਆਰਾ ਹੀ ਪੰਚਮ ਪਾਤਸ਼ਾਹ ਜੀ ਬਾਰਹ ਮਾਹ ਵਿਖੇ ਸਿੱਖ ਨੂੰ ਉਪਦੇਸ਼ ਕਰਦੇ ਹਨ ਕਿ ਗੁਰੂ ਸ਼ਰਨ ਵਿੱਚ ਆਉਣ ਵਾਲਿਆਂ ਨੂੰ ਨਰਕਾਂ ਵਿੱਚ ਨਹੀਂ ਪਾਇਆ ਜਾਂਦਾ। ਯਥਾ:

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥ (ਬਾਰਹ ਮਾਹਾ ਮਾਝ ਮਃ ੫ - ੧੩੪)

ਸਵੇਰੇ ਤਿੰਨ ਵਜੇ ਅੰਮ੍ਰਿਤ ਵੇਲੇ ਇਕੱਲੇ ਨੂੰ ਪਾਸ ਸੱਦ ਕੇ ਗੁਰੂ ਨਾਨਕ ਦੇ ਖ਼ਜ਼ਾਨਿਉਂ ਨਾਮ ਜਪਣ ਦੀ ਜੁਗਤੀ ਪ੍ਰਦਾਨ ਕੀਤੀ। ਪਹਿਲਾਂ ਹੀਰਾ ਸਿੰਘ ਜੀ ਅਤੇ ਫੇਰ ਗੁਲਾਬ ਸਿੰਘ ਜੀ (ਜੋ ਅੰਮ੍ਰਿਤ ਛਕਣ ਤੋਂ ਬਾਅਦ ਈਸ਼ਰ ਸਿੰਘ ਜੀ ਬਣ ਚੁੱਕੇ ਸਨ) ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਹਾਜ਼ਰ ਹੋਏ। ਸਚਮੁਚ ਨਾਮ ਜਪਣ ਦੀ ਜੁਗਤੀ ਬਖ਼ਸ਼ ਕੇ ਪਹੁੰਚੀ ਰੂਹ ਨੇ ਗੁਲਾਬ ਸਿੰਘ ਨੂੰ ਈਸ਼ਵਰ ਹੀ ਬਣਾ ਦਿੱਤਾ। ਭਾਈ ਨੰਦ ਲਾਲ ਜੀ ਫੁਰਮਾਂਦੇ ਹਨ:

ਜ਼ਰਾ ਰਾ ਦੀਦਮ ਖੁਰਸ਼ੀਦੇ ਜਹਾਂ। ਸ਼ੁਦ ਜਿ ਫੈਜ਼ੇ ਸੋਹਬਤੇ ਸਾਹਿਬ ਦਿਲਾਂ।

ਅਰਥਾਤ: ਮੈਂ ਇੱਕ ਮਿੱਟੀ ਦੇ ਕਿਣਕੇ ਨੂੰ ਸੰਸਾਰ ਵਿੱਚ ਚਮਕਦਾ ਸੂਰਜ ਵੇਖਿਆ ਹੈ। ਇਹ ਸਾਰੀ ਕ੍ਰਿਪਾ (ਸਾਹਿਬ ਦਿਲਾਂ) ਮਹਾਂਪੁਰਸ਼ਾਂ ਦੀ ਸੰਗਤ ਤੇ ਬਖ਼ਸ਼ਿਸ਼ ਦੀ ਹੈ।

ਸੰਤ ਅਤਰ ਸਿੰਘ ਜੀ ਮਹਾਰਾਜ ਦੀ ਪਹਿਲੀ ਨਜ਼ਰ ਤੇ ਚਰਨ ਛੂਹ ਨੇ ਈਸ਼ਰ ਸਿੰਘ ਜੀ ਦੀ ਜ਼ਿੰਦਗ਼ੀ ਬਦਲ ਦਿੱਤੀ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕ ॥੧੯੪॥

(ਸਲੋਕ ਭਗਤ ਕਬੀਰ ਜੀ - ੧੩੭੪)

ਪਰਮੇਸ਼ਵਰ ਦਾ ਨਾਮ

ਸੰਤਾਂ ਨੇ ਉੱਤਮ ਅਧਿਕਾਰੀ ਜਾਣ ਕੇ ਉਪਦੇਸ਼ ਦਿਤਾ ਕਿ ਮਨ ਰੂਪੀ ਲੋਹਾ ਵਾਸ਼ਨਾ ਰੂਪ ਰੇਤੀ ਦਾ ਰੇਤਿਆ, ਮਾਇਆ ਰੂਪ ਰੇਤ ਵਿੱਚ ਰਲਿਆ ਹੈ। ਇਸ ਨੂੰ ਇਕੱਠਾ ਕਰਨ ਵਾਸਤੇ ਗੁਰੂ ਸ਼ਬਦ ਚੁੰਬਕ ਪੱਥਰ ਹੈ। ਨਾਮ ਤੋਂ ਬਗੈਰ ਮਨ ਦੀ ਇਕਾਗਰਤਾ ਨਹੀਂ ਹੁੰਦੀ। ਸ਼ੁਧੀ ਦੇਣ ਵਾਲਾ ਕੇਵਲ ਪ੍ਰਮੇਸ਼ਰ ਦਾ ਨਾਮ ਹੀ ਹੈ।

ਉਸ ਸਮੇਂ ਸੰਤ ਈਸ਼ਰ ਸਿੰਘ ਜੀ ਨੇ ਬੇਨਤੀ ਕੀਤੀ, ਗ਼ਰੀਬ ਨਿਵਾਜ਼! ਨਾਮ ਦਾ ਸਰੂਪ ਕੀ ਹੈ? ਬਾਬਾ ਜੀ ਕਹਿਣ ਲੱਗੇ ੧) ਨਾਮ ਦਾ ਸਰੂਪ, ੨) ਨਾਮ ਦਾ ਕਾਰਣ, ੩) ਨਾਮ ਦਾ ਅਭਿਆਸ, ੪) ਨਾਮ ਦੀ ਅਉਧੀ, ੫) ਨਾਮ ਦਾ ਫ਼ਲ। ਇਹ ਪੰਜੇ ਹੀ ਭਿੰਨ ਭਿੰਨ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

੧. ਨਾਮ ਦਾ ਸਰੂਪ

ਨਾਮ ਦੋ ਪ੍ਰਕਾਰ ਦਾ ਹੈ, ਬਰਨ ਆਤਮਕ ਅਤੇ ਧੁਨ ਆਤਮਕ। ਅੱਖਾਂ ਨੂੰ ਪਵਿੱਤ੍ਰ ਕਰਨ ਵਾਸਤੇ ਬਰਨ ਆਤਮਕ ਨਾਮ ਹੈ, ਜੋ ਅੱਖਰਾਂ ਨਾਲ ਜਪੀਦਾ ਹੈ। (ਰਕਾਰ ਮਕਾਰ):

ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥

(ਜਪੁ ਮਃ ੧ - ੪)

ਵਾਹਿਗੁਰੂ, ਸਤਿਨਾਮੁ, ਰਾਮ ਇਤਿਆਦਿਕ।

ਕੰਨਾਂ ਦੀ ਪਵਿੱਤ੍ਰਤਾ ਧੁਨ ਆਤਮਕ ਨਾਮ ਨਾਲ ਹੁੰਦੀ ਹੈ। ਭਾਵ ਕੰਨਾਂ ਦੁਆਰਾ ਨਾਮ ਦੀ ਧੁਨੀ ਨੂੰ ਸੁਣਨਾ। ਜਿਵੇਂ ਰਾਧਾ ਸੁਆਮੀ ਮਤ ਵਾਲੇ ਮਹਾਂਪੁਰਸ਼ ਵਾਜਿਆਂ ਦੀ ਧੁਨੀ ਦੇ ਸੁਣਨ ਦਾ ਉਪਦੇਸ਼ ਕਰਦੇ ਹਨ। ਯਥਾ:

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥

(ਰਾਮਕਲੀ ਮਃ ੧ - ੯੭੬)

ਮੋਖ ਪੰਥ ਪ੍ਰਕਾਸ਼ ਵਿੱਚ ਨਾਮ ਦਾ ਵਾਚਕ ਅਖੰਡ ਤਤ ਬੋਧ ਕਥਨ ਕੀਤਾ ਹੈ। ਪਤੰਜਲੀ ਨੇ ਨਾਮ ਨੂੰ ਗਿਆਨ ਸਰੂਪ ਮੰਨਿਆ ਹੈ ਅਰਥਾਤ ਬੁੱਧੀ ਨੂੰ ਨਿਰਮਲ ਕਰਨ ਵਾਲਾ ਮੰਨਦੇ ਹਨ।

੨. ਨਾਮ ਦਾ ਕਾਰਣ

ਨਾਮ ਦਾ ਕਾਰਣ ਭੈ ਹੈ। ਜਮਾਂ ਦਾ, ਨਰਕਾਂ ਦਾ, ਚੌਰਾਸੀ ਦੇ ਚੱਕਰਾਂ ਦਾ, ਮਾਤਾ ਦੇ ਗਰਭ ਵਿੱਚ ਆਉਣ ਦੇ ਦੁੱਖਾਂ ਦਾ ਭੈ ਧਾਰਨ ਕਰੇ ਤਾਂ ਅੰਦਰ ਨਾਮ ਵਸਦਾ ਹੈ। ਭੈ ਸੱਤ ਪ੍ਰਕਾਰ ਦਾ ਮੰਨਦੇ ਹਨ, ਜਿਸਦੇ ਅੰਤਰਗਤ ਦੁਨੀਆਂ ਦੇ ਸਾਰੇ ਹੀ ਭੈ ਆ ਜਾਂਦੇ ਹਨ।

ਯਹ ਭੈ, ਭੈ ਪ੍ਰਲੋਕ ਭੈ, ਜਨਮ ਵੇਦਨਾ ਜਾਤ। ਅਨ ਰੱਖਿਆ ਅਰ ਗੁਪਤ ਭੈ, ਅਕਸ਼ ਮਾਤ੍ਰ ਭੇ ਸਾਤ।

ਯਹ ਭੈ, ਏਸ ਲੋਕ ਵਿੱਚ ਅਨੇਕ ਪ੍ਰਕਾਰ ਦਾ ਭੈ (ਚੂਹੇ ਨੂੰ ਬਿੱਲੀ ਦਾ ਭੈ, ਬਿੱਲੀ ਨੂੰ ਕੁੱਤੇ ਦਾ ਭੈ, ਸੱਪ, ਸ਼ੇਰ ਦੁਸ਼ਮਣ ਦਾ ਭੈ, ਇਸ ਤਰ੍ਹਾਂ ਸਾਰਾ ਹੀ ਸੰਸਾਰ ਭੈ ਵਿੱਚ ਹੈ। ਯਥਾ:

ਡਰਪੈ ਧਰਤਿ ਅਕਾਸੁ ਨਖ੍ਹਤ੍ਰਾ ਸਿਰ ਊਪਰਿ ਅਮਰੁ ਕਰਾਰਾ ॥
ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥੧॥
ਏਕਾ ਨਿਰਭਉ ਬਾਤ ਸੁਨੀ ॥
ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥੧॥ ਰਹਾਉ ॥
ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥
ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥੨॥
ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥
ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ ॥੩॥
ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥
ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥੪॥੧॥

(ਮਾਰੂ ਮਃ ੫ - ੯੯੯)

ਪ੍ਰਲੋਕ ਦੇ ਦੁੱਖਾਂ ਦਾ ਭੈ, ਜਨਮ ਦੇ ਸਮੇਂ ਦੀ ਪੀੜਾ ਦਾ ਭੈ, ਉਚ ਜਾਤੀ ਦੇ ਨਿਰਾਦਰ ਪੁਣੇ ਦਾ ਭੈ, ਅਨ ਰੱਖਿਆ, ਮਾਤਾ ਦੇ ਗਰਭ ਦੇ ਭਿਆਨਕ ਕਸ਼ਟ ਦਾ ਭੈ ਜਿੱਥੇ ਕੋਈ ਵੀ ਰਖਯਕ ਨਹੀਂ, ਗੁਪਤ ਅੰਦਰੋਂ ਕਿਸੇ ਚੀਜ਼ ਦਾ ਭੈ ਲਗਣਾ। ਅਚਾਨਕ ਹੀ ਬਾਹਰੋਂ ਡਰ ਆ ਵਾਪਰਨਾ। ਯਥਾ:

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥

(ਵਾਰ-ਸੋਰਠਿ ਮਃ ੩ - ੬੪੫)

੩. ਨਾਮ ਦਾ ਅਭਿਆਸ

ਪਹਿਲਾਂ ਰਸਨਾ ਦੁਆਰਾ ਨਾਮ ਨੂੰ ਜਪਣਾ, ਫੇਰ ਸ੍ਵਾਸਾਂ ਨਾਲ ਸਿਮਰਨ ਕਰਨਾ ਅਰਥਾਤ ਆਉਂਦੇ ਜਾਂਦੇ ਸ੍ਵਾਸ ਦੁਆਰਾ ਅੰਦਰ ਸਿਮਰਨ ਦੀ ਰੌਂ ਜਾਰੀ ਰਹਿਣੀ। ਯਥਾ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥

ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥

(ਗਉੜੀ ਵਾਰ-੨ ਮਃ ੫ - ੩੧੯)

ਤਥਾ:

ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥

(ਗਉੜੀ ਵਾਰ-੧ ਮਃ ੪ - ੩੧੩)

ਉਪਰੰਤ ਆਪਣੇ ਆਪ ਸੁਰਤੀ ਨਾਲ ਹੋਈ ਜਾਣਾ:

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥

(ਵਾਰ-ਮਲਾਰ ਮਃ ੧ - ੧੨੯੧)

ਭਾਵ ਫੁਰਨੇ ਨਾਲ ਆਪਣੇ ਆਪ ਹੀ ਹੋਈ ਜਾਂਦਾ ਹੈ। ਫੇਰ ਇਉਂ ਪ੍ਰਗਟ ਹੋ ਜਾਂਦਾ ਹੈ ਜਿਵੇਂ ਚਸ਼ਮੇਂ 'ਚੋਂ ਜਲ ਬਾਹਰ ਆਉਂਦਾ ਹੈ। ਜਿਤਨੇ ਸਰੀਰ ਦੇ ਰੋਮ ਹਨ, ਇਹ ਜ਼ਬਾਨਾਂ ਬਣ ਜਾਂਦੀਆਂ ਹਨ। ਸਾਰਿਆਂ ਰੋਮਾਂ 'ਚੋਂ ਨਾਮ ਦੀ ਆਵਾਜ਼ ਆਉਣ ਲੱਗ ਜਾਂਦੀ ਹੈ। ਯਥਾ:

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥

(ਰਾਮਕਲੀ ਮਃ ੧ - ੯੪੧)

੪. ਨਾਮ ਦੀ ਅਉਧੀ

ਜਿਤਨੇ ਵੀ ਜੰਗਲ ਦੇ ਜਾਨਵਰ, ਪਸ਼ੂ ਤੇ ਪੰਛੀ ਹਨ, ਧਰਤੀ ਤੇ ਅਕਾਸ਼ ਪੰਜੇ ਤੱਤਾਂ ਸਮੇਤ; ਇਹ ਸਾਰੇ ਹੀ ਨਾਮ ਜਪਦੇ ਜਾਪਣੇ।

ਯਥਾ: ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥

(ਰਾਮਕਲੀ ਮਃ ੧ - ੯੪੧)

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਹਾ ਵਾਸੁ ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥੧੦੧॥

(ਸਲੋਕ ਸੇਖ ਫਰੀਦ ਜੀ - ੧੩੮੩)

ਤਥਾ: *ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥*

ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥

(ਬਿਹਾਗੜਾ ਮਃ ੪ - ੫੪੦)

੫. ਨਾਮ ਦਾ ਫ਼ਲ

ਨਾਮ ਨੂੰ ਜਪਣ ਵਾਲੇ ਨਾਮੀ ਦਾ ਹੀ ਰੂਪ ਬਣ ਜਾਂਦੇ ਹਨ।

ਯਥਾ: ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥੩॥

(ਧਨਾਸਰੀ ਮਃ ੪ - ੬੬੭)

ਤਥਾ: ਹਰਿ ਹਰਿਜਨ ਦੋਇ ਏਕ ਹੈ ਬਿਬ ਬਿਚਾਰ ਕਿਛੁ ਨਾਹੀ ॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਤਥਾ: ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥

(ਗਉੜੀ ਸੁਖਮਨੀ ਮਃ ੫ - ੨੭੩)

ਤਥਾ: ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭੂ ਭੇਦੁ ਨ ਭਾਈ ॥

(ਗਉੜੀ ਸੁਖਮਨੀ ਮਃ ੫ - ੨੭੨)

ਤਥਾ: ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥

(ਸੂਹੀ ਲਲਿਤ ਭਗਤ ਕਬੀਰ ਜੀ - ੭੯੩)

ਇਹ ਭਗਤੀ ਦੀ ਆਖੀਰ ਸਟੇਜ ਹੈ। ਏਥੇ ਆ ਕੇ ਭਗਤੀ ਸਮਾਪਤ ਹੋ ਜਾਂਦੀ ਹੈ। ਦੋ ਤੋਂ ਭਗਤੀ ਸ਼ੁਰੂ ਹੁੰਦੀ ਹੈ ਸਿੱਖ ਤੇ ਗੁਰੂ; ਈਸ਼ਵਰ ਤੇ ਭਗਤ; ਇੱਕ ਤੇ ਆ ਕੇ ਸੰਪੂਰਨ ਹੋ ਜਾਂਦੀ ਹੈ। ਸਿੱਖ ਗੁਰੂ ਦਾ ਅਤੇ ਭਗਤ ਈਸ਼ਵਰ ਦਾ ਰੂਪ ਬਣ ਜਾਂਦਾ ਹੈ। ਯਥਾ:

ਗੁਰ ਚੇਲੇ ਕੀ ਸੰਧਿ ਮਿਲਾਏ ॥

(ਰਾਮਕਲੀ ਮਃ ੧ - ੮੭੭)

ਫੇਰ ਗਿਆਨਵਾਨ ਜੀਵਨ ਮੁਕਤੀ ਦਾ ਅਨੰਦ ਮਾਣਦਾ ਹੈ।

ਸ਼ੰਕਾ ਅਤੇ ਉਸ ਦਾ ਉੱਤਰ

ਕਈ ਕੁ ਸੱਜਣਾਂ ਦਾ ਖ਼ਿਆਲ ਹੈ ਕਿ ਜਦੋਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਸਮੇਂ ਨਾਮ ਦੀ ਦਾਤ ਪ੍ਰਾਪਤ ਹੋ ਗਈ। ਨਿਗੁਰੇਪਨ ਦਾ ਦੋਸ਼ ਦੂਰ ਕਰ ਕੇ ਉਹ ਗੁਰੂ ਵਾਲੇ ਤਾਂ ਬਣ ਗਏ ਫੇਰ ਕਿਸੇ ਮਹਾਂਪੁਰਸ਼ ਤੋਂ ਵੱਖਰਾ ਨਾਮ ਲੈਣਾ ਜਾਂ ਉਸ ਦੀ ਸੰਗਤ ਤੇ ਸੇਵਾ ਕਰਨੀ ਇਹ ਜ਼ਰੂਰੀ ਹੈ ਕਿ ਨਹੀਂ? ਅਤੇ ਉਹ ਨਾਮ (ਜੋ ਅਧਿਕਾਰੀ ਜਾਣ ਕੇ ਇਕੱਲੇ ਸੱਜਣ ਨੂੰ ਦੇਂਦੇ ਹਨ, ਪੰਜਾਂ ਪਿਆਰਿਆਂ ਵਾਲਾ ਹੀ ਹੈ ਜਾਂ ਕੋਈ ਹੋਰ ਵੱਖਰਾ ਹੈ? ਉੱਤਰ: ਗੁਰਮਤਿ ਵਿੱਚ ਨਾਮ ਇੱਕੋ ਹੀ ਹੈ (ਅੰਮ੍ਰਿਤ ਵੀ ਇੱਕੋ ਹੈ)।

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ ॥੧॥

(ਵਾਰ-ਸਾਰੰਗ ਮਃ ੨ - ੧੨੩੮)

ਪਰ ਉਸ ਦੇ ਜਪਣ ਦੇ ਢੰਗ ਤੇ ਉਕਤੀਆਂ ਜੁਗਤੀਆਂ ਅਧਿਕਾਰੀ ਅਨੁਸਾਰ ਵਖੋ ਵੱਖ ਹਨ ਜੋ ਕਿਸੇ ਨਾਮ ਰਸੀਏ ਮਹਾਂਪੁਰਸ਼ ਪਾਸੋਂ ਹੀ ਮਿਲਦੀਆਂ ਹਨ। ਜਿਵੇਂ ਡਾਕਟਰ ਦੀ ਦੁਕਾਨ ਵਿੱਚ ਬੇਅੰਤ ਦੁਆਈਆਂ ਪਈਆਂ ਹਨ ਪਰ ਮਰੀਜ਼ ਨੂੰ ਤਾਂ ਪਤਾ ਨਹੀਂ ਕਿ ਇਨ੍ਹਾਂ ਵਿੱਚੋਂ ਮੇਰੇ ਰੋਗ ਦੀ ਨਿਵਰਤੀ ਲਈ ਕੇਹੜੀ ਦਵਾਈ ਹੈ। ਇਹ ਤਾਂ ਸਿਰਫ ਉਸ ਦੇ ਰੋਗ ਮੁਤਾਬਕ ਡਾਕਟਰ ਹੀ ਦਸ ਸਕਦਾ ਹੈ।

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥

(ਵਾਰ-ਮਾਝ ਮਃ ੨ - ੧੪੮)

ਜੇਕਰ ਕੋਈ ਸਜਣ ਪੰਜਾਂ ਪਿਆਰਿਆਂ ਵਿੱਚੋਂ ਹੀ ਨਾਮ ਰਸੀਆ ਤੇ ਪੂਰਨ ਅਭਿਆਸੀ ਹੈ, ਜੋ ਜਗਿਆਸੂ ਨੂੰ ਉਸ ਦੇ ਪ੍ਰਸ਼ਨ ਦਾ ਉੱਤਰ ਦੇ ਕੇ ਸ਼ੰਕੇ ਨਿਵਿਰਤ ਕਰ ਕੇ ਬ੍ਰਹਮਗਿਆਨ ਦੀ ਦਾਤ ਬਖ਼ਸ਼ ਕੇ ਸੰਤੁਸ਼ਟ ਕਰ ਸਕੇ; ਫੇਰ ਕੋਈ ਜ਼ਰੂਰੀ ਨਹੀਂ ਕਿ ਕਿਸੇ ਹੋਰ ਮਹਾਂਪੁਰਸ਼ ਦੀ ਸੰਗਤ ਕਰੇ ਜਾਂ ਉਸ ਤੋਂ ਨਾਮ ਜਾਪ ਦੀ ਜੁਗਤੀ ਪੁਛੇ। ਪਰ ਜੇਕਰ ਪੰਜ ਪਿਆਰੇ ਕੇਵਲ ਬਾਹਜ ਕਕਾਰਾਂ ਦੀ ਗਿਣਤੀ ਵਾਲੇ ਹੀ ਹਨ, ਉਹ ਵੀ ਗੁਰੂ ਦੀ ਹਜ਼ੂਰੀ ਵਿੱਚ ਸਤਿਕਾਰ ਯੋਗ ਤੇ ਗੁਰੂ ਸਰੂਪ ਹਨ। ਉਨ੍ਹਾਂ ਦੀ ਬਾਹਰਲੀ ਕ੍ਰਿਆ ਤੱਕ ਕੇ ਕਿਸੇ ਪ੍ਰਕਾਰ ਦੀ ਤਰਕ ਨਹੀਂ ਕਰਨੀ। ਪੂਰਨ ਨਿਸਚਾ ਰਖਣਾ ਹੈ ਕਿ ਐਸ ਵੇਲੇ ਮੈਂ ਕਲਗੀਆਂ ਵਾਲੇ ਪਾਤਸ਼ਾਹ ਦੇ ਹੱਥੋਂ ਹੀ ਅੰਮ੍ਰਿਤ ਪਾਨ ਕਰ ਰਿਹਾ ਹਾਂ। ਮਰਯਾਦਾ ਪ੍ਰਸ਼ੋਤਮ ਮਹਾਂਪੁਰਸ਼ ਪਹਿਲਾਂ ਅੰਮ੍ਰਿਤ ਪਾਨ ਕਰਵਾ ਕੇ ਅਧਿਕਾਰੀ ਗੁਰਮੁਖ ਨੂੰ ਬਾਅਦ ਵਿੱਚ ਨਾਮ ਜਪਣ ਦੀ ਜੁਗਤੀ ਦੱਸਦੇ ਹਨ। ਗੁਰਮੰਤ੍ਰ ਤੇ ਮੂਲਮੰਤ੍ਰ ਉਹ ਪੰਜਾਂ ਪਿਆਰਿਆਂ ਵਾਲਾ ਹੀ ਹੈ ਜੋ ਪਰੰਪਰਾ ਤੋਂ ਚਲਿਆ ਆਉਂਦਾ ਹੈ। ਪਰ ਉਸ ਦੇ ਅਭਿਆਸ ਕਰਨ ਦੀ ਜੁਗਤੀ, ਮਨ ਦੇ ਰੋਕਣ ਦਾ ਢੰਗ, ਫੁਰਨਿਆਂ ਤੇ ਕਾਬੂ ਪਾਉਣ ਦਾ ਤਰੀਕਾ ਤਾਂ ਕਿਸੇ ਅਭਿਆਸੀ ਗੁਰਮੁਖ ਸਤਪੁਰਸ਼ ਦੀ ਸੰਗਤ ਦੁਆਰਾ ਹੀ ਮਿਲ ਸਕਦਾ ਹੈ। ਸੋ ਇਹ ਸ਼ੰਕਾ ਨਹੀਂ ਬਣ ਸਕਦੀ ਕਿ ਅੰਮ੍ਰਿਤ ਛਕਣ ਤੋਂ ਬਾਅਦ ਨਾਮ ਜਪਣ ਦਾ ਤਰੀਕਾ ਕਿਉਂ ਪੁੱਛਿਆ ਜਾਂਦਾ ਹੈ? ਅੰਮ੍ਰਿਤ ਤਾਂ ਬਹੁਤ ਸਾਰੇ ਛਕ ਲੈਂਦੇ ਹਨ, ਪਰ ਜੋ ਗੁਰਮੁਖ ਜਨ ਕਿਸੇ ਸਤਪੁਰਸ਼ ਦੀ ਸੰਗਤ ਦੁਆਰਾ ਗੁਰ ਸ਼ਬਦ ਦੀ ਕਮਾਈ ਕਰਦੇ ਹਨ, ਉਨ੍ਹਾਂ ਦੇ ਦਰਸ਼ਨਾਂ ਵਾਸਤੇ ਦੁਨੀਆਂ ਕਿਉਂ ਉਤਾਵਲੀ ਹੋ ਕੇ ਰਸਤਿਆਂ ਵੱਲ ਤਕਦੀ ਹੈ? ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਨੇ ਸ਼ਬਦ ਸੁਰਤ ਦੇ ਮੇਲ ਦੁਆਰਾ ਨਾਮ ਦੀ ਕਮਾਈ ਕੀਤੀ ਹੈ। ਇਸੇ ਕਰ ਕੇ ਉਹ ਦੁਨੀਆਂ ਉੱਤੇ ਸੂਰਜ ਵਾਂਗ ਚਮਕਦੇ ਹਨ।

ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸਾਰੇ ਸਤਿਗੁਰਾਂ ਦੇ ਸਮੇਂ ਗੁਰਮੁਖ ਜਨ ਬਾਬਾ ਬੁੱਢਾ ਜੀ ਜੈਸੇ ਬ੍ਰਹਮਗਿਆਨੀ ਅੱਗੇ ਗੁਰਮਤ ਦਾ ਪ੍ਰਚਾਰ ਕਰਦੇ ਤੇ ਨਾਮ ਜਪਾਉਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਸ਼ਿਵਨਾਭ ਰਾਜੇ ਤੇ

ਸਾਲਸਰਾਇ ਜੌਹਰੀ ਵਰਗੇ ਗੁਰਮੁਖ ਪਦਵੀ ਦੇ ਮਾਲਕ ਬਣਾਏ। ਤੀਸਰੇ ਪਾਤਿਸ਼ਾਹ ਜੀ ਨੇ ਨਾਮ ਜਪਾਉਣ ਵਾਸਤੇ ਗੁਰਮੁਖ ਪਦਵੀ ਦੀਆਂ ਬਾਈ ਮੰਜੀਆਂ ਗੁਰਸਿੱਖਾਂ ਨੂੰ ਅਤੇ ੭੨ ਪੀਹੜੇ ਮਾਈਆਂ ਨੂੰ ਬਖ਼ਸ਼ੇ। ਚੌਥੇ ਪਾਤਿਸ਼ਾਹ ਜੀ ਨੇ ਭਾਈ ਗੁਰਦਾਸ ਜੀ ਦੀ ਡਿਊਟੀ ਆਗਰੇ ਦੀ ਸੰਗਤ ਨੂੰ ਉਪਦੇਸ਼ ਕਰਨ ਵਾਸਤੇ ਲਾਈ। ਪੰਜਵੇਂ ਪਾਤਿਸ਼ਾਹ ਜੀ ਨੇ ਮਾਧੋ ਦਾਸ ਸੋਢੀ ਨੂੰ ਕਸ਼ਮੀਰ ਭੇਜਿਆ। ਛੇਵੇਂ ਪਾਤਿਸ਼ਾਹ ਜੀ ਦੇ ਸਮੇਂ ਭਾਈ ਗੜ੍ਹੀਆ ਜੀ ਗੁਜਰਾਤ ਵਲ ਗਏ। ਸਤਵੇਂ ਪਾਤਿਸ਼ਾਹ ਜੀ ਦੇ ਹੁਕਮ ਨਾਲ ਭਾਈ ਗੋਂਦਾ ਕਾਬਲ ਪੁੱਜਾ ਜਿਸ ਨੇ ਆਪਣੇ ਧਿਆਨ ਨਾਲ ਹਜ਼ੂਰ ਦੇ ਚਰਨਾਂ ਨੂੰ ਜੱਫਾ ਪਾ ਕੇ ਚਾਰ ਪਹਿਰ ਸਿੰਘਾਸਨ ਤੇ ਬਿਠਾਈ ਰੱਖਿਆ। ਇਸੇ ਤਰ੍ਹਾਂ ਨੌਵੇਂ ਪਾਤਿਸ਼ਾਹ ਜੀ ਨੇ ਭਾਈ ਮੇਹੋਂ ਦੀ ਘਾਲ ਤੇ ਪ੍ਰਸੰਨ ਹੋ ਕੇ ਉਸ ਨੂੰ ਮੰਜੀ ਦਿੱਤੀ। ਦਸਵੇਂ ਪਾਤਿਸ਼ਾਹ ਜੀ ਨੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਆਪਣੀ ਮੌਜੂਦਗੀ ਵਿੱਚ ਪੰਜਾ ਪਿਆਰਿਆਂ ਦੀ ਡਿਊਟੀ ਨਾਮ ਜਪਾਉਣ ਤੇ ਅੰਮ੍ਰਿਤ ਛਕਾਉਣ ਤੇ ਲਾਈ।

ਇਉਂ ਗੁਰ ਇਤਿਹਾਸ ਵਿੱਚ ਬੇਅੰਤ ਉਦਾਹਰਣ ਮਿਲਦੇ ਹਨ। ਦਸਮੇਸ਼ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਤਾਂ ਗੁਰਮੁਖਾਂ ਮਹਾਂਪੁਰਸ਼ਾਂ ਦੀ ਸੰਗਤ ਦੁਆਰਾ ਹੀ ਪ੍ਰੇਮੀ ਜਗਿਆਸੂਆਂ ਨੇ ਉੱਚ ਪਦਵੀਆਂ ਪ੍ਰਾਪਤ ਕੀਤੀਆਂ, ਜਿਵੇਂ ਪੰਜਾਂ ਪਿਆਰਿਆਂ ਦੀਆਂ ਅਤੇ ਭਾਈ ਘਨੱਈਆ ਜੀ ਜੈਸੇ ਸਤਪੁਰਸ਼ਾਂ ਦੀਆਂ ਅੱਗੇ ਸੰਪ੍ਰਦਾਵਾ ਚਲਦੀਆਂ ਹਨ।

ਨੋਟ: ਬ੍ਰਹਮਗਿਆਨੀ ਗੁਰਮੁਖ ਮਹਾਂਪੁਰਸ਼ ਨੂੰ ਹੀ ਅੱਗੇ ਨਾਮ ਜਪਾਉਣ ਦਾ ਅਧਿਕਾਰ ਹੈ ਹਰੇਕ ਨੂੰ ਨਹੀਂ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

(ਗਉੜੀ ਵਾਰ-੧ ਮਃ ੪ - ੩੦੬)

ਨਾਮ ਅਭਿਆਸ ਦਾ ਢੰਗ

੧. ਰਸਨਾ ਦੁਆਰਾ ਨਾਮ ਜਪਣਾ।

੨. ਆਉਂਦੇ ਜਾਂਦੇ ਸ੍ਵਾਸ ਨਾਲ ਅਭਿਆਸ ਕਰਨਾ। ਇੱਥੇ ਪੁੱਜ ਕੇ ਤਾਂ ਰਸਨਾ ਵੀ ਨਹੀਂ ਹਿਲਦੀ। ਯਥਾ:

ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥

(ਮਲਾਰ ਮਃ ੧ - ੧੨੫੬)

ਅਥਵਾ: ***ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥***

(ਰਾਮਕਲੀ ਮਃ ੩ - ੯੧੦)

ਫੇਰ ਅੱਗੇ ਜਾ ਕੇ ਤਾਂ ਸ੍ਵਾਸਾਂ ਦੀ ਹਰਕਤ ਵੀ ਮੱਧਮ ਪੈ ਜਾਂਦੀ ਹੈ ਉੱਥੇ ਤਾਂ ਕੇਵਲ ਸੁਰਤ ਹੀ ਕੰਮ ਕਰਦੀ ਹੈ।

੩. ਸੁਰਤੀ ਨਾਲ ਸਿਮਰਨ ਦਾ ਹੋਣਾ।

੪. ਇਸ ਤੋਂ ਅੱਗੇ ਤ੍ਰਿਕੁਟੀ ਤੋਂ ਉੱਪਰ ਜਾ ਕੇ ਕੁਛ ਕਰਨਾ ਵੀ ਨਹੀਂ ਪੈਂਦਾ। ਸਗੋਂ ਚਸ਼ਮੇਂ ਚੋਂ ਜਲ ਵਗਣ ਦੀ ਤਰ੍ਹਾ ਆਪਣੇ ਆਪ ਹੋਈ ਜਾਂਦਾ ਹੈ। ਕੇਵਲ ਖ਼ਿਆਲ ਦੇ ਰੋਕਣ ਨਾਲ ਸੁਣਨ ਦੀ ਲੋੜ ਹੈ।

੫. ਇਸ ਤੋਂ ਅੱਗੇ ਜਾ ਕੇ ਸਰੀਰ ਦੇ ਜਿਤਨੇ ਰੋਮ ਹਨ ਉਨ੍ਹਾਂ ਸਾਰਿਆਂ 'ਚੋਂ ਗੁਰ ਸ਼ਬਦ ਦੀ ਆਵਾਜ਼ ਸੁਣਾਈ ਦਿੰਦੀ ਹੈ।

੬. ਫੇਰ ਸਾਰੇ ਤੱਤਾਂ 'ਚੋਂ ਨਾਮ ਦੀ ਧੁਨੀ ਆਉਣ ਲੱਗ ਜਾਂਦੀ ਹੈ।

ਨੋਟ: ਕਈ ਮਹਾਂਪੁਰਸ਼ ਪਰਾ, ਪਸੰਤੀ, ਮਧਮਾ ਤੇ ਬੈਖਰੀ ਬਾਣੀ ਦੁਆਰਾ ਅਭਿਆਸ ਕਰਾਉਂਦੇ ਹੋਏ ਸੁਰਤ ਨੂੰ ਨਾਭੀ ਜਾਂ ਹਿਰਦੇ ਵਿੱਚ ਟਿਕਾਉਣਾ ਦੱਸਦੇ ਹਨ ਅਤੇ ਕਈ ਉੱਪਰ ਤ੍ਰਿਕੁਟੀ ਜਾਂ ਦਸਵੇਂ ਦੁਆਰ ਵਿੱਚ ਸੁਰਤ ਨੂੰ ਲਿਜਾਣ ਦਾ ਉਪਦੇਸ਼ ਕਰਦੇ ਹਨ।

ਇਹ ਨਾਮ ਜਪਣ ਦੀਆਂ ਜੋ ਜੁਗਤੀਆਂ ਹਨ ਉਹ ਮਹਾਂਪੁਰਸ਼ਾਂ ਪਾਸੋਂ ਹੀ ਮਿਲ ਸਕਦੀਆਂ ਹਨ। ਹਾਂ! ਜੋ ਵਿਅਕਤੀ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਵਲੋਂ ਪ੍ਰਾਪਤ ਹੋਏ ਗੁਰਮੰਤ੍ਰ ਤੋਂ ਤੋੜ ਕੇ ਆਪਣਾ ਕੋਈ ਵੱਖਰਾ ਜਾਪ ਦਸਦਾ ਹੈ ਉਸ ਦੀ ਸੰਗਤ ਕਰਨੀ ਠੀਕ ਨਹੀਂ।

ਸੰਤ ਜੀ ਮਹਾਰਾਜ ਦੀ ਕਠਨ ਤਤਿੱਖਯਾ ਤੇ ਸੇਵਾ

ਬਾਬਾ ਅਤਰ ਸਿੰਘ ਜੀ ਨੇ ਹੋਰ ਵੀ ਬਹੁਤ ਸਾਰੇ ਬਚਨ ਬਿਲਾਸ ਕੀਤੇ। ਇਤਨੇ ਨੂੰ ਪਹੁ ਫੁਟਾਲਾ ਹੋ ਆਇਆ ਤਾਂ ਆਪ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਗੁਰਦੁਆਰੇ ਸਾਹਿਬ ਪੁੱਜੇ। ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰੀਆਂ। ਇਸ ਪ੍ਰਕਾਰ ਆਪ ਜੀ ਦੋ ਦਿਨ ਹੋਰ ਠਹਿਰੇ। ਮਹਾਂਪੁਰਸ਼ਾਂ ਦੀ ਕ੍ਰਿਪਾ ਤੇ ਖ਼ੁਸ਼ੀ ਵਧਦੀ ਗਈ। ਆਇਆਂ ਨੂੰ ਤੀਸਰਾ ਦਿਨ ਸੀ ਤਾਂ ਨਾਲ ਦੇ ਸਾਥੀ ਹੀਰਾ ਸਿੰਘ ਦੀ ਛੁੱਟੀ ਖ਼ਤਮ ਹੋ ਚੁਕੀ ਸੀ। ਉਹ ਤਾਂ ਏਥੋਂ ਹੀ ਸੰਤਾਂ ਤੋਂ ਆਗਿਆ ਤੇ ਪ੍ਰਸ਼ਾਦ ਲੈ ਕੇ

ਨਮਸ਼ਕਾਰ ਕਰ ਕੇ ਪਟਿਆਲੇ ਆਪਣੀ ਡਿਊਟੀ ਤੇ ਆ ਹਾਜ਼ਰ ਹੋਏ ਅਤੇ ਸੰਤ ਈਸ਼ਰ ਸਿੰਘ ਜੀ ਕੁੱਝ ਕੁ ਦਿਨ ਹੋਰ ਬੇਪ੍ਰਵਾਹੀ ਨਾਲ ਇਉਂ ਟਿਕੇ ਰਹੇ ਕਿ ਮਾਨੋ ਵਾਪਸ ਜਾਣ ਦਾ ਖ਼ਿਆਲ ਹੀ ਨਹੀਂ ਹੁੰਦਾ। ਪਰ ਮਹਾਂਪੁਰਸ਼ਾਂ ਨੇ ਹੁਕਮ ਕਰ ਕੇ ਵਾਪਸ ਭੇਜ ਦਿੱਤੇ ਕਿ ਤੁਹਾਡੀ ਪੜ੍ਹਾਈ ਦਾ ਹਰਜ਼ ਹੁੰਦਾ ਹੈ। ਹੁਣ ਵਾਪਸ ਚਲੇ ਜਾਓ ਫੇਰ ਆ ਕੇ ਦਰਸ਼ਨ ਕਰ ਲੈਣੇ।

ਅਟਲ ਹੁਕਮ ਦੀ ਪਾਲਣਾ ਤਾਂ ਕਰਣੀ ਪਈ ਪਰ ਘਰ ਵਿੱਚ ਜਾ ਕੇ ਜੀਅ ਨਾ ਲੱਗੇ ਕਿਉਂਕਿ ਸਰੀਰ ਕਰ ਕੇ ਹੀ ਵਾਪਸ ਮੁੜੇ ਸਨ, ਮਨ ਤਾਂ ਬਾਬਾ ਜੀ ਦੇ ਚਰਨਾਂ ਵਿੱਚ ਛੱਡ ਆਏ ਸਨ।

ਪ੍ਰੇਮ ਦੀ ਅਕਹਿ ਅਵਸਥਾ ਹੈ, ਜਿਸ ਕਰ ਕੇ ਸਕੂਲ ਦੀ ਪੜ੍ਹਾਈ ਵੀ ਛੱਡ ਬੈਠੇ ਕਿਉਂਕਿ ਮਨ ਤਾਂ ਇੱਕ ਹੈ। ਉਹ ਅੱਠੇ ਪਹਿਰ ਸਿਮਰਨ ਵਿੱਚ ਜੁੜਿਆ ਰਹਿੰਦਾ ਹੈ। ਨੇਤ੍ਰ ਹਰ ਸਮੇਂ ਬੰਦ ਤੇ ਅੰਦਰ ਸਿਮਰਨ ਦੀ ਰੌਂ ਜਾਰੀ ਰਹਿੰਦੀ। ਇਸ ਕਰ ਕੇ ਨਾਮ ਮਾਤ੍ਰ ਹੀ ਕਲਾਸ ਵਿੱਚ ਬੈਠਦੇ। ਨਾਂ ਉਸਤਾਦਾਂ ਦੇ ਲੈਕਚਰ ਵਲ ਧਿਆਨ, ਨਾ ਕਿਸੇ ਕਲਾਸ ਫੈਲੋ ਨਾਲ ਪ੍ਰੇਮ, ਨਾ ਕਿਸੇ ਮਜ਼ਮੂਨ ਨੂੰ ਯਾਦ ਕਰਨ ਦਾ ਖ਼ਿਆਲ। ਇਸੇ ਤਰ੍ਹਾਂ ਜੁੜੀ ਸੁਰਤ ਤੇ ਬੰਦ ਨੇਤ੍ਰੀ ਕਲਾਸ ਅਟੈਂਡ ਕਰ ਕੇ ਵਾਪਸ ਆ ਕੇ ਕਮਰਾ ਬੰਦ ਕਰ ਕੇ ਬੈਠ ਜਾਣਾ। ਸਾਰੀ ਰਾਤ ਇੱਕੋ ਥਾਂ ਜਾਗਦਿਆਂ ਬਤੀਤ ਕਰ ਦੇਣੀ। ਕੇਵਲ ਇੱਕੋ ਵਾਰ ਦੋ ਵਜੇ ਇਸ਼ਨਾਨ ਕਰਨ ਉੱਠਣਾ। ਖਾਨ ਪਾਨ ਬਹੁਤ ਘੱਟ ਕਰ ਦਿਤਾ ਜਿਸ ਕਰ ਕੇ ਸਰੀਰ ਕ੍ਰਿਸ ਹੋ ਗਿਆ। ਕਦੇ ਤੋਪਖਾਨੇ ਦੇ ਗਰਾਊਂਡ ਵਿੱਚ, ਕਦੇ ਸੁਧਾਸਰ ਦੇ ਕੰਢੇ ਜਾ ਬੈਠਣਾ। ਕਈ ਵਾਰੀ ਆਪਣੇ ਆਪ ਹੀ ਨੇਤ੍ਰਾਂ ਵਿੱਚੋਂ ਵੈਰਾਗ ਦਾ ਜਲ ਵਹਿ ਤੁਰਨਾ:

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜਾਉ ॥੩॥

(ਮਾਝ ਮਃ ੪ - ੯੪)

ਇਉਂ ਰੇਰੂ ਸਾਹਿਬ ਤੋਂ ਵਾਪਸ ਆ ਕੇ ਬਹੁਤ ਸਮਾਂ ਪਟਿਆਲੇ ਇਕਾਂਤ ਵਿੱਚ ਜਾਂ ਕਿਸੇ ਬੀਤਰਾਗ ਸਾਧੂ ਦੀ ਸੰਗਤ ਵਿੱਚ ਹੀ ਬਤੀਤ ਕਰਦੇ। ਕਦੀ ਕਦੀ ਛੁੱਟੀ ਵਾਲੇ ਦਿਨ ਮਾਤਾ ਜੀ ਨੂੰ ਮਿਲਣ ਘਰ ਵੀ ਆ ਜਾਂਦੇ ਪਰ ਬਹੁਤਾ ਉਪਰਾਮ ਹੀ ਰਹਿੰਦੇ।

ਸੰਤ ਸੰਪ੍ਰਦਾਇ ਦੀ ਨਾਦੀ ਬੰਸਾਵਲੀ


ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ
ਭਾਈ ਦਇਆ ਸਿੰਘ ਜੀ (ਪੰਜਾਂ ਪਿਆਰਿਆ ਦੇ ਮੁਖੀ)
ਬਾਬਾ ਸੋਭਾ ਸਿੰਘ ਜੀ (ਅਨੰਦਪੁਰ ਸਾਹਿਬ ਵਾਲੇ)
ਬਾਬਾ ਸਾਹਿਬ ਸਿੰਘ ਜੀ ਬੇਦੀ (ਊਨਾ ਸਾਹਿਬ ਵਾਲੇ)
ਬਾਬਾ ਭਾਗ ਸਿੰਘ ਜੀ (ਕੁਰੂੜੀ ਵਾਲੇ)
ਬਾਬਾ ਬੀਰ ਸਿੰਘ ਜੀ (ਨੌਰੰਗਾਬਾਦ ਵਾਲੇ)
ਬਾਬਾ ਮਹਾਰਾਜ ਸਿੰਘ ਜੀ (ਨੌਰੰਗਾਬਾਦ ਵਾਲੇ)
ਬਾਬਾ ਖੁਦਾ ਸਿੰਘ ਜੀ (ਲਾਹੌਰ ਵਾਲੇ)
ਬਾਬਾ ਰਾਮ ਸਿੰਘ ਜੀ ਵਿਰੱਕਤ (ਨੌਰੰਗਾਬਾਦ ਵਾਲੇ)
ਬਾਬਾ ਕਰਮ ਸਿੰਘ ਜੀ ਮਹਾਰਾਜ (ਹੋਤੀ ਮਰਦਾਨ ਵਾਲੇ)
ਬਾਬਾ ਆਇਆ ਸਿੰਘ ਜੀ
ਬਾਬਾ ਅਤਰ ਸਿੰਘ ਜੀ (ਰੇਰੂ ਸਾਹਿਬ ਵਾਲੇ)
ਸੰਤ ਭਗਵਾਨ ਸਿੰਘ ਜੀ (ਰੇਰੂ ਸਾਹਿਬ ਵਾਲੇ)
ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ)
ਸੰਤ ਕਿਸ਼ਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ)
ਸੰਤ ਬਾਬਾ ਤੇਜਾ ਸਿੰਘ ਜੀ (ਰਾੜਾ ਸਾਹਿਬ ਵਾਲੇ)
ਸੰਤ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ) ਮੌਜੂਦਾ ਮੁਖੀ
ਸੰਤ ਬਾਬਾ ਰਾਮ ਸਿੰਘ ਜੀ (ਹੋਤੀ ਮਰਦਾਨ ਵਾਲੇ)
ਸੰਤ ਬਾਬਾ ਮਾਝਾ ਸਿੰਘ ਜੀ
ਸੰਤ ਬਾਬਾ ਰੌਸ਼ਨ ਸਿੰਘ ਜੀ (ਮਕਸੂਦਪੁਰ ਵਾਲੇ) ਅੱਜ ਕੱਲ੍ਹ

ਮਾਤਾ ਜੀ ਤੋਂ ਪ੍ਰਵਾਨਗੀ

ਸੰਤ ਜੀ ਮਹਾਰਾਜ ਘਰ ਦੇ ਕਾਰ ਵਿਹਾਰ ਵਿੱਚ ਤਾਂ ਸ਼ੁਰੂ ਤੋਂ ਹੀ ਹਿੱਸਾ ਨਹੀਂ ਸਨ ਲੈਂਦੇ ਅਤੇ ਸਭ ਤੋਂ ਵੱਧ ਆਪ ਜੀ ਦਾ ਮਾਤਾ ਜੀ ਨਾਲ ਪਿਆਰ ਸੀ। ਮਾਤਾ ਜੀ ਵੀ ਆਪ ਜੀ ਨੂੰ ਪ੍ਰਾਣਾ ਦਾ ਆਸਰਾ ਤੇ ਅੱਖਾਂ ਦਾ ਤਾਰਾ ਸਮਝਦੇ ਹਨ। ਜੇਕਰ ਹਫ਼ਤੇ ਬਾਅਦ ਛੁੱਟੀ ਵਾਲੇ ਦਿਨ ਵੀ ਆਪ ਜੀ ਘਰ ਨਾ ਜਾਂਦੇ ਤਾਂ ਮਾਤਾ ਜੀ ਦਾ ਕੋਮਲ ਹਿਰਦਾ ਸੋਚਾਂ ਫ਼ਿਕਰਾਂ ਵਿੱਚ ਪੈ ਕੇ ਬਿਹਬਲ ਹੋ ਜਾਂਦਾ। ਉਸ ਦਿਨ ਪੁੱਤਰ ਦੇ ਵਤਸਲ ਪਿਆਰ ਵਿੱਚ ਪ੍ਰਸ਼ਾਦਾ ਨਾ ਛਕਦੇ। ਪੁੱਤਰ ਵੀ ਜਿਹੜਾ ਜਗਤ ਦਾ ਰਹਿਬਰ, ਦੁਨੀਆਂ ਦਾ ਤਾਰਕ ਤੇ ਰੱਬੀ ਕਾਰਕ! ਪਰ ਇਸ ਭੋਲੀ ਮਾਂ ਨੂੰ ਕੀ ਪਤਾ ਹੈ ਕਿ ਜਿਸ ਬਾਲਕੇ ਦਾ ਮੈਂ ਇਤਨਾ ਫ਼ਿਕਰ ਕਰਦੀ ਹਾਂ, ਉਸ ਦੇ ਤਾਂ ਕੇਵਲ ਦਰਸ਼ਨਾਂ ਨਾਲ ਹੀ ਲੱਖਾਂ ਪ੍ਰਾਣੀਆਂ ਦੇ ਫਿਕਰ ਤੇ ਝੋਰੇ ਮਿਟ ਜਾਣੇ ਹਨ। ਜਿਸ ਦੇ ਦੀਦ ਬਿਨਾਂ ਮੈਂ ਇਤਨਾ ਵਿਆਕੁਲ ਹੋ ਰਹੀ ਹਾਂ, ਉਸ ਦੇ ਤਾਂ ਦਰਸ਼ਨਾਂ ਦੀ ਤਾਂਘ ਵਿੱਚ ਸ਼ਰਧਾਲੂ ਪ੍ਰੇਮੀ ਆਪਣੇ ਨੇਤ੍ਰਾਂ ਦੀ ਸੜਕ ਬਣਾ ਕੇ ਹੰਝੂਆਂ ਦੇ ਹਾਰ ਭੇਟਾ ਕਰਨਗੇ। ਪਰ ਮਾਂ ਦੇ ਦਿਲ ਵਰਗਾ ਹੋਰ ਕਿਸੇ ਦਾ ਪੁੱਤਰ ਦੇ ਪਿਆਰ ਵਾਸਤੇ ਹਿਰਦਾ ਨਹੀਂ। ਸਿਆਣਿਆਂ ਦਾ ਕਥਨ ਹੈ 'ਸਾਕ ਮਾਂ ਪੁਤ। ਹੋਰ ਗੰਢ ਤੁੱਪ।' ਹੈ ਵੀ ਠੀਕ। ਪੁੱਤਰ ਮਾਂ ਦੀਆਂ ਅੱਖਾਂ ਦੀ ਰੌਸ਼ਨੀ ਤੇ ਦਿਲ ਦਾ ਟੁਕੜਾ ਹੁੰਦਾ ਹੈ। ਇੱਕ ਇਸਤ੍ਰੀ ਕਿਸੇ ਵੇਲੇ ਹੋਰ ਸੰਬੰਧੀਆਂ ਨੂੰ ਤਾਂ ਛੱਡ ਸਕਦੀ ਹੈ ਪਰ ਪੁੱਤਰ ਨੂੰ ਅੱਖਾਂ ਤੋਂ ਦੂਰ ਨਹੀਂ ਕਰ ਸਕਦੀ। ਪੁੱਤਰ ਦੇ ਦੁੱਖ ਨਹੀਂ ਸਹਾਰ ਸਕਦੀ। ਪੂਰਨ ਦੇ ਵਿਯੋਗ ਵਿੱਚ ਅੱਛਰਾਂ ਅੰਨ੍ਹੀ ਹੋ ਗਈ, ਸਰਵਣ ਦੀ ਮੌਤ ਸੁਣ ਕੇ ਅੰਧਲੇ ਅੰਧਲੀ ਨੇ ਪ੍ਰਾਣ ਤਿਆਗ ਦਿੱਤੇ। ਮਾਂ ਦੀ ਮਮਤਾ ਸਭ ਪਿਆਰਾਂ ਤੋਂ ਉੱਪਰ ਹੈ।

ਆਪ ਜੀ ਨੇ ਘਰ ਛੱਡਣ ਤੋਂ ਪਹਿਲਾਂ ਮਾਤਾ ਜੀ ਤੋਂ ਪ੍ਰਵਾਨਗੀ ਤੇ ਆਗਿਆ ਲੈਣੀ ਜ਼ਰੂਰੀ ਸਮਝੀ ਕਿਉਂਕਿ ਆਗਿਆਕਾਰੀ ਤੇ ਵਫ਼ਾਦਾਰ ਬੱਚਿਆਂ ਦਾ ਏਹੋ ਹੀ ਅਸੂਲ ਹੈ। ਜੋ ਕੰਮ ਕਰਨਾ, ਮਾਤਾ ਦੀ ਆਗਿਆ ਨਾਲ। ਜਦੋਂ ਮਾਤਾ ਜੀ ਤੋਂ ਰੇਰੂ ਸਾਹਿਬ ਜਾਣ ਦੀ ਆਗਿਆ ਮੰਗੀ, ਉਹ ਆਪਣੇ ਨੇਕ, ਸੁਘੜ, ਲਾਇਕ ਤੇ ਆਗਿਆ ਪਾਲਕ ਗੁਰਮੁਖ ਪੁੱਤਰ ਨੂੰ ਕਦੋਂ ਕਹਿ ਸਕਦੇ ਸਨ? ਮਸਾਂ ਸਿੱਕਾਂ ਸਿੱਕਦਿਆਂ ਨਿਰੰਕਾਰ ਨੇ ਪੁੱਤਰ ਦੀ ਦਾਤ ਬਖ਼ਸ਼ੀ। ਓਹੋ ਹੀ ਸਾਧੂ ਬਣ ਕੇ ਬਾਹਰ ਜਾ ਰਿਹਾ ਹੋਵੇ। ਸਾਧੂ ਬਣਨ ਦਾ ਨਾਮ ਸੁਣ ਕੇ ਵਿਛੋੜੇ ਦਾ ਚਿਤ੍ਰ, ਉਨ੍ਹਾਂ ਦੇ ਸਾਹਮਣੇ ਆ ਗਿਆ। ਅੱਖਾਂ ਨੇ ਹੰਝੂਆਂ ਦੀ ਝੜੀ ਲਾ ਦਿੱਤੀ। ਬੜਾ ਵੈਰਾਗ ਕਰਨ ਲੱਗੇ। ਭਾਵੇਂ ਸਾਧੂ ਬਣਨਾ ਬੜਾ ਚੰਗਾ ਹੈ ਪਰ ਕੋਈ ਵੀ ਮਾਂ ਆਪਣੇ ਪੁੱਤਰ ਨੂੰ ਸਾਧੂ ਬਣਿਆ ਨਹੀਂ ਵੇਖ ਸਕਦੀ। ਆਪ ਜੀ ਆਪਣੇ ਮਨ ਦਾ ਦ੍ਰਿੜ ਸੰਕਲਪ ਕਰ ਹੀ ਚੁੱਕੇ ਸਨ। ਪਰ ਮਾਤਾ ਜੀ ਦੀ ਪ੍ਰਵਾਨਗੀ ਦੀ ਮੋਹਰ ਵੀ ਜ਼ਰੂਰੀ ਸਮਝਦੇ ਸਨ। ਇਉਂ ਕਈ ਦਿਨ ਵਿਚਾਰ ਹੁੰਦੀ ਰਹੀ। ਅਖ਼ੀਰ ਨੂੰ ਆਪਣੇ ਲਾਲ ਦੇ ਮਨ ਦਾ ਪੱਕਾ ਹਠ ਵੇਖ ਕੇ ਅਤੇ ਦਲੀਲਾਂ ਤੇ ਕਾਇਲ ਹੋ ਕੇ ਮਾਤਾ ਜੀ ਮੰਨ ਗਏ ਨਾਲ ਹੀ ਕੁੱਝ ਸ਼ਰਤਾਂ ਵੀ ਰਖੀਆਂ। ਉਹ ਆਪਣੇ ਸਯੋਗ ਤੇ ਨੇਕ ਪੁੱਤਰ ਨੂੰ ਪੂਰਨ ਤੌਰ ਤੇ ਸਹੀ ਅਰਥਾਂ ਵਿੱਚ ਸਾਧੂ ਵੇਖਣ ਦੇ ਚਾਹਵਾਨ ਸਨ। ਇਸ ਲਈ ਸੁਘੜ ਮਾਂ ਨੇ ਸਾਧੂ ਬਣਨ ਦੇ ਕੁੱਝ ਗੁਣ ਅਉਗੁਣ ਵੀ ਦਸੇ।

ਆਗਯਾ ਜਨਨੀ ਤੇ ਚਹੀ ਸੋ ਸੁਣ ਕੇ ਤਤਕਾਲ। ਰੁਦਨ ਕਰ ਬਿਆਕੁਲ ਭਈ ਸੁਤ ਬਿਓਗ ਦੁੱਖ ਨਾਲ।
ਕਈ ਮਾਸ ਇਸ ਆਸ ਮੈਂ ਖ਼ਾਸ ਮਾਤ ਸੁਤ ਕੇਰ। ਚਲਿਓ ਬਹਿਸ ਬਿਨ ਤਹਿਸ਼ ਕੁਛ ਓੜਕ ਉਨ ਹਠ ਹੇਰ।
ਤੌਉਨ ਔਗੁਣ ਗੁਣ ਬੜੇ ਸਾਧੂ ਹੋਣ ਕੇ ਗਾਇ। ਕਹਿਓ ਸਾਧੂ ਬੇਸ਼ਕ ਬਣੋ ਪਰ ਰਹਿਓ ਇਸ ਭਾਇ।
ਜ਼ਰ ਜੋਰੂ ਜਮੀਨ ਤ੍ਰੈ ਦੁਖਦ ਉਪਾਧ ਅਸਾਧ। ਲਖੋ ਰਾਖੋ ਤਿਆਗ ਦ੍ਰਿੜ ਚਾਖੋ ਹਰਿ ਰਸ ਸ੍ਵਾਦ।
ਤੌਂ ਮਮ ਕੁਖ ਵੀ ਸਫ਼ਲ ਹੋਇ ਰੁਖ ਸਮ ਪਰ ਸੁਖ ਦਾਨ। ਭਾਵਤ ਪਾਵਤ ਕੀਜੀਓ ਜਾਵਤ ਆਵਤ ਪ੍ਰਾਨ।

ਮਾਂ ਨੇ ਕਿਹਾ, "ਲਾਲ ਜੀ! ਬੇਸ਼ਕ ਮੈਂ ਨਹੀਂ ਚਾਹੁੰਦੀ ਕਿ ਪੁੱਤਰ ਮੇਰੇ ਜਿਉਂਦੇ ਜੀਅ ਅੱਖਾਂ ਤੋਂ ਓਹਲੇ ਹੋਵੇ ਪਰ ਇਸ ਨੇਕ ਕੰਮ ਵਾਸਤੇ ਰੋਕ ਪਾਉਣੀ ਵੀ ਠੀਕ ਨਹੀਂ ਸਮਝਦੀ। ਇੱਕ ਤਾਂ ਜਿਤਨਾ ਚਿਰ ਮੇਰਾ ਸਰੀਰ ਹੈ, ਤੁਸੀਂ ਘਰ ਛੱਡ ਕੇ ਕਿਤੇ ਨਾ ਜਾਓ। ਮੇਰੀਆਂ ਅੱਖਾਂ ਅੱਗੇ ਹੀ ਰਹਿਣਾ। ਦੂਜੀ ਗੱਲ ਹੈ ਜੇਕਰ ਸਾਧੂ ਬਣਨਾ ਹੀ ਹੈ ਤਾਂ ਫੇਰ ਇੱਕ ਵਾਰੀ ਕੁਲ ਦਾ ਨਾਮ ਰੋਸ਼ਨ ਕਰ ਦੇਣਾ। ਫ਼ਕੀਰੀ ਦੀ ਚਿੱਟੀ ਚਾਦਰ ਨੂੰ ਦਾਗ ਨਾ ਲੱਗ ਜਾਵੇ। 'ਜ਼ਰ, ਜੋਰੂ, ਜ਼ਮੀਨ' ਇਹ ਤਿੰਨਾਂ ਉਪਾਧੀਆਂ ਤੋਂ ਦੂਰ ਰਹਿਣਾ। ਫੇਰ ਤਾਂ ਬੱਚਾ! ਮੇਰੀ ਵੀ ਕੁੱਖ ਸਫ਼ਲੀ ਹੈ।"

ਸੰਤ ਜੀ ਨੇ ਉੱਤਰ ਦਿੱਤਾ, "ਮਾਤਾ ਜੀ! ਤੁਹਾਡੇ ਬਜ਼ੁਰਗ਼ਾਂ ਦੀਆਂ ਅਸੀਸਾਂ ਚਾਹੀਦੀਆਂ ਹਨ। ਫੇਰ ਪ੍ਰਮੇਸ਼ਰ ਆਪਣੇ ਬਿਰਦ ਬਾਣੇ ਦੀ ਆਪ ਲਾਜ ਰਖੇਗਾ।"

ਮਾਂ ਦੀ ਪ੍ਰਵਾਨਗੀ ਮਿਲ ਗਈ। ਧੰਨ ਹੈ ਏਹੋ ਜਿਹੀ ਵਡਭਾਗਨ ਜਨਨੀ! ਗੁਰਬਾਣੀ ਵਿੱਚ ਏਹੋ ਜਿਹੀਆਂ ਮਾਤਾਵਾਂ ਨੂੰ ਧੰਨਤਾ ਜੋਗ ਕਥਨ ਕੀਤਾ ਹੈ:

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥ (ਸਿਰੀਰਾਗੁ ਮਃ ੩ - ੩੨)

ਅਥਵਾ:

ਤਿੰਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥

(ਆਸਾ ਸੇਖ ਫਰੀਦ ਜੀ - ੪੮੮)

ਗੋਪੀ ਚੰਦ ਦੀ ਮਾਂ, ਧਰੂ ਭਗਤ ਦੀ ਮਾਂ, ਸ਼ੇਖ ਫਰੀਦ ਦੀ ਮਾਂ; ਜਿਨ੍ਹਾਂ ਨੇ ਆਪਣੇ ਬੱਚੇ ਚੰਗੇ ਪਾਸੇ ਲਾਏ ਉਹ ਅੱਜ ਤੱਕ ਯਾਦ ਕੀਤੀਆਂ ਜਾਂਦੀਆਂ ਹਨ।

ਬ੍ਰਹਮ ਵਿਤ ਮਾਤਰੇਣ ਏਕੋੜ੍ਹ ਸੰਤ ਕੁਲੰ ਤਾਰਯਤੀ। (ਪੈਗਲੋਪਨਿਸ਼ਦ)

ਭਾਵ ਜਿਸ ਕੁਲ ਵਿੱਚ ਕੋਈ ਈਸ਼ਰ ਦਾ ਭਗਤ ਬ੍ਰਹਮਗਿਆਨੀ ਪੈਦਾ ਹੋਵੇ, ਉਸ ਦੀਆ ਇੱਕ ਸੌ ਇੱਕ ਕੁਲਾਂ ਤਰ ਜਾਂਦੀਆਂ ਹਨ।

ਕੁਲਮ ਪਵਿਤ੍ਰਮ ਜਨਨੀ ਕ੍ਰਿਤਾਰਥ ਬਸੁੰਧਰਾ ਪੁਣਯਵਤੀ ਚੇਤਨ।

ਅਪਾਰਸਵਿੰਤ ਸਾਗਰੇ ਅਸਮਿਨ ਲੀਨੇ ਪਰੇ ਬ੍ਰਹਮਣੀ ਯਸਯ ਚੇਤਨਹ। (ਸਿੰਕਦ: ਪੁ:)

ਅਰਥ: ਜੋ ਪ੍ਰਮੇਸ਼ਰ ਦੇ ਨਾਮ ਜਪਣ ਵਾਲਾ ਪੂਰਨ ਮਹਾਂਪੁਰਸ਼ ਹੈ, ਉਸ ਤੱਤਬੇਤੇ ਬ੍ਰਹਮਗਿਆਨੀ ਦੀਆਂ ਸਮੂੰਹ ਕੁਲਾਂ ਪਵਿੱਤਰ ਹੁੰਦੀਆਂ ਹਨ। ਉਸ ਦੀ ਜਨਮ ਦਾਤੀ ਵੀ ਕ੍ਰਿਤ ਕ੍ਰਿਤ ਅਰਥਾਤ ਧੰਨਤਾ ਯੋਗ ਹੈ। ਉਸ ਦੀ ਕੁੱਖ ਸਫ਼ਲੀ ਹੈ ਅਤੇ ਜਿਸ ਥਾਂ ਉਸ ਦਾ ਜਨਮ ਹੁੰਦਾ ਹੈ ਜਾਂ ਜਿੱਥੇ ਉਸ ਦੀ ਰਿਹਾਇਸ਼ ਹੁੰਦੀ ਹੈ, ਉਹ ਧਰਤੀ ਵੀ ਬੜੇ ਪੁੰਨਾਂ ਵਾਲੀ ਭਾਗਸ਼ਾਲੀ ਬਣ ਜਾਂਦੀ ਹੈ।

ਧੰਨਿ ਸੁ ਗਾਉ ਧੰਨਿ ਸੁ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥

(ਬਿਲਾਵਲ ਭਗਤ ਰਵਿਦਾਸ ਜੀ - ੮੫੮)

ਤਥਾ: ਧੰਨ ਭਈ ਤਿਨ ਕੀ ਜਨਨੀ, ਕੁਲ ਪਾਵਨ ਤਾਹਿ ਕਰੀ ਜਗ ਸਾਰੀ।
ਭੂਮੀ ਸੁ ਪੁੰਨਯ ਵਤੀ ਕਰ ਸੋ, ਸਭ ਹੀ ਸੁਰ ਕੀ ਅਰਚਾ ਵਿਸਥਾਰੀ।
ਬ੍ਰਹਮ ਸਨਾਤਨ ਹੇਰ ਜਨੇ, ਉਰ ਤੇ ਸਭ ਬਾਸਨ ਦੂਰ ਨਿਵਾਰੀ।
ਵੇਦਨ ਕੀ ਗਤਿ ਜੇਤਕ ਥੀਤੇ, ਤੱਕੇ ਤਾਹਿ ਉਦਾਰ ਸੰਭਾਰੀ। (ਮੋਖ ਪੰਥ)

ਫੇਰ ਪਿਤਾ ਜੀ ਪਾਸ ਗਏ ਨਮਸ਼ਕਾਰ ਕਰ ਕੇ ਆਗਿਆ ਮੰਗੀ। ਉਹ ਤਾਂ ਪਹਿਲਾਂ ਹੀ ਸਾਰੀ ਗੱਲ ਨੂੰ ਜਾਣਦੇ ਸਨ ਕਿ ਇਹ ਕੁੱਝ ਸਮੇਂ ਵਾਸਤੇ ਨਿਰੰਕਾਰ ਦੀ ਸਾਡੇ ਪਾਸ ਅਮਾਨਤ ਹੈ, ਦੁਨੀਆਂ ਨੂੰ ਤਾਰੇਗਾ। ਜੋ ਬਚਨ ਉਸ ਮਹਾਤਮਾ ਨੇ ਕਹੇ ਸਨ ਉਹ ਜ਼ਰੂਰ ਹੀ ਸਹੀ ਤੇ ਸੱਚੇ ਹਨ। ਇਨ੍ਹਾਂ ਨੇ ਇੱਕ ਦਿਨ ਸਾਧੂ ਬਣ ਹੀ ਜਾਣਾ ਹੈ ਜਿਸ ਕਰ ਕੇ ਉਨ੍ਹਾਂ ਨੇ ਬਹੁਤਾ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਕੁੱਝ ਕੁ ਨੇਕ ਸਿੱਖਿਆ ਜ਼ਰੂਰ ਦਿੱਤੀ ਕਿ ਸਾਰੀ ਜ਼ਿੰਦਗ਼ੀ ਜੜ੍ਹ ਚੇਤਨ ਮਾਇਆ ਤੋਂ ਪ੍ਰਹੇਜ਼ ਰੱਖਣਾ। ਪ੍ਰਵਿਰਤੀ ਦੇ ਪਸਾਰੇ ਤੋਂ ਨਿਰਲੇਪ ਤੇ ਅਸੰਗ ਰਹਿਣਾ। ਤੁਹਾਡੇ ਵਲੋਂ ਸਦਾ ਠੰਡੀ ਹਵਾ ਹੀ ਆਵੇ ਭਾਵ ਮੈਂ ਆਪਣੀ ਕੰਨੀ ਤੁਹਾਡਾ ਜਸ ਹੀ ਸੁਣਦਾ ਰਹਾਂ। ਜਾਓ! ਗੁਰੂ ਤੁਹਾਡੇ ਅੰਗ ਸੰਗ ਹੈ।

ਪਿਤਾ ਜੀ ਤੋਂ ਆਗਿਆ ਪ੍ਰਾਪਤ ਕਰ ਕੇ ਆਪ ਪਟਿਆਲੇ ਆ ਗਏ। ਦਸਵੀਂ ਦਾ ਸਾਲਾਨਾ ਇਮਤਿਹਾਨ ਤਾਂ ਦਿੱਤਾ। ਪਰਚੇ ਤਾਂ ਕੀਤੇ ਪਰ ਨਤੀਜੇ ਦੀ ਉਡੀਕ ਤੋਂ ਬਿਨਾਂ ਹੀ ਮੁੜ ਸੰਤਾਂ ਦੇ ਚਰਨਾਂ ਵਿੱਚ ਰੇਰੂ ਸਾਹਿਬ ਆ ਹਾਜ਼ਰ ਹੋਏ ਅਤੇ ਨਮਸ਼ਕਾਰ ਕਰਨ ਸਮੇਂ ਕਾਫ਼ੀ ਦੇਰ ਚਰਨਾਂ ਤੇ ਲਿਪਟੇ ਰਹੇ। ਐਸਾ ਆਨੰਦ ਆਇਆ ਕਿ ਸਿਰ ਉੱਚਾ ਚੁੱਕਣਾ ਹੀ ਭੁੱਲ ਗਏ। ਇਹ ਮਿਲਾਪ ਦਾ ਅਨੰਦ ਵੀ ਗੂੰਗੇ ਦੀ ਮਠਿਆਈ ਵਾਂਗੂ ਕਥਨ ਕਰਨ ਤੋਂ ਬਾਹਰ ਹੈ, ਇਸ ਦੀ ਮਸਤੀ ਕਦੇ ਨਹੀਂ ਲਹਿੰਦੀ।

ਅਖੀਂ ਰੰਗ ਰੰਗੀਲੇ ਰਤੀਆਂ ਜਿਨ ਕਉ ਪ੍ਰੇਮ ਖੁਮਾਰੀ।
ਜਿਸ ਦੀ ਕੈਫ ਨ ਉੱਤਰੀ ਕਬਹੀ ਸਦਾ ਰਹੈ ਮਤਵਾਰੀ।
ਪੋਸਤ ਭੰਗ ਅਫੀਮਾਂ ਕੋਲੋਂ ਪ੍ਰੇਮ ਪਿਆਲਾ ਭਾਰੀ।
ਸੰਤ ਦਾਸ ਜਦ ਦਿਲਬਰ ਮਿਲਿਆ ਤਿਸ ਦਿਨ ਥੀਂ ਬਲਿਹਾਰੀ।

ਅਠਾਰਾਂ ਸਾਲ ਦੀ ਚੜ੍ਹਦੀ ਜਵਾਨੀ ਦਾ ਵੇਗ ਹਰ ਪ੍ਰਾਣੀ ਦੇ ਲਹੂ ਨੂੰ ਜੁੰਬਸ ਦੇ ਕੇ ਅਰਮਾਨਾ ਦੇ ਹੜ੍ਹਾਂ ਦੇ ਵਾਵਰੋਲੇ ਅਤੇ ਝੱਖੜ ਵਗਾਉਣੇ ਸ਼ੁਰੂ ਕਰਦਾ ਹੈ। ਇਨਸਾਨੀ ਜੁਸੇ ਦੇ ਅੰਗ ਅੰਗ ਵਿੱਚ ਨਿਰੋਏ ਨਿੱਘੇ ਖ਼ੂਨ ਦੀ ਰੌਂ ਰੁਮਕਦੀ ਹੈ। ਬਸੰਤ ਰੁੱਤ ਦੀਆਂ ਨਵੀਆਂ ਪੁੰਗਰਦੀਆਂ ਕਰੂੰਬਲਾਂ ਵਾਂਗੂ ਸਰੀਰ ਦੇ ਜੋਬਨ ਦਾ ਨਿਖਾਰ ਪ੍ਰਤੱਖ ਦਿਸਦਾ ਹੈ ਅਤੇ ਹਰ ਯੁਵਕ ਅਨਹੋਣੀਆਂ ਨੂੰ ਹੋਣੀਆਂ ਬਣਾ ਸਕਣ ਦੀਆਂ ਤਰੰਗਾਂ ਦੀ ਮਸਤੀ ਵਿੱਚ ਜਵਾਨੀ 'ਚ ਪੈਰ ਧਰਦਾ ਹੈ।

ਪਰ ਕੁੱਝ ਕੁ ਮਾਨਸਿਕ ਬੀਮਾਰ ਜਾਂ ਸਰੀਰਕ ਰੋਗੀ ਇਸ ਮਸਤੀ ਦੀਆਂ ਝੁਮਣੀਆਂ ਦਾ ਆਨੰਦ ਨਹੀਂ ਮਾਣ ਸਕਦੇ। ਪਰ ਅਸਾਡੇ ਗ਼ੁਲਾਬ ਤੋਂ ਹੁਣੇ ਹੁਣੇ ਬਣ ਰਹੇ 'ਈਸ਼ਰ ਹਰੀ' ਦੀ ਕਾਇਆ ਜਵਾਨੀ ਦੇ ਜੋਬਨ ਨੂੰ ਕਬੂਲਣ ਤੋਂ ਹਿਚਕਾਉਂਦੀ ਸੀ। ਸੁਰਤੀ ਬਾਹਰ ਦੀ ਥਾਂ ਅੰਤਰਮੁਖ ਹੁੰਦੀ ਜਾਂ ਰਹੀ ਸੀ। ਗ਼ੁਲਾਬ ਵਰਗੀ ਧੀਮੀ ਧੀਮੀ ਭਾਅ ਮਾਰਦੇ ਮੁਖੜੇ ਉੱਪਰ ਹੰਝੂਆਂ ਦੀ ਧਾਰਾ ਕੈਲਾਸੋਂ ਨਿਕਲੀ ਗੰਗਾ ਜਮਨਾ ਦੇ ਤੀਬਰ ਵੇਗ ਨੂੰ ਮਾਤ ਕਰਦੀ ਸੀ ਅਤੇ ਹਰ ਡਲਕਦਾ ਮੋਤੀ ਆਪਣੇ ਸਹੁ ਸਾਗਰ ਨੂੰ ਭਾਲਣ ਲਈ ਬਿਰਹੁ ਤੜਫਦੀ ਝੀਣੀ ਬਾਣ ਦੀ ਸੰਗੀਤਕ ਤਰੰਗ ਦੇ ਰੂਪ ਵਿੱਚ ਬਿਹਬਲ ਸੀ। ਗ਼ੁਲਾਬ ਦੇ ਲੰਮੇ ਤੇ ਠੰਡੇ ਸਾਹ ਹਰ ਵੇਖਣ ਵਾਲੇ ਦੇ ਹਿਰਦੇ ਨੂੰ ਕਿਸੇ ਬੇਬਸੀ ਦੇ ਅਨੁਮਾਨ ਦੀਆਂ ਟੋਹਾਂ ਦਿੰਦੇ ਸਨ। ਸੂਝਵਾਨ ਇਸ ਨੂੰ ਬ੍ਰਿਹੋ ਰੋਗ ਆਖਦੇ ਸਨ। ਪਰ ਇਹ ਰੋਗ ਤਾਂ ਨਹੀਂ ਸੀ। ਇਹ ਤਾਂ ਆਸ਼ਕਾਂ ਦਾ ਆਪਣੇ ਮਹਿਬੂਬ ਵਸਲ ਦੀ ਪ੍ਰਾਪਤੀ ਲਈ ਉਡਣਖਟੋਲਾ ਸੀ, ਜੋ ਸਾਲਾਂ ਦਾ ਪੰਧ ਦਿਨਾ ਵਿੱਚ ਮੁਕਾਉਂਦਾ ਹੈ। 'ਆਸਕਾ ਰਾਂ ਨਵ ਨਿਸਾਨੀ ਐ ਪਿਸਰ' ਜੁਆਨੀ ਦਾ ਸਮੁੱਚਾ ਵੇਗ ਇਸੇ ਅੰਦਰੂਨੀ ਧੂਅ ਦਾ ਵਿੰਨ੍ਹਿਆਂ ਕੇਂਦਰਤ ਹੋ ਗਿਆ ਅਤੇ ਧੁਰ ਸੰਸਕਾਰਾਂ ਦੇ ਮੰਡਲ ਵਿੱਚ ਝੱਖੜ ਉੱਠ ਖੜੇ। ਸੰਸਕਾਰਾਂ ਨੇ ਚਿੱਤ ਦੀ ਚੇਤਨਾ ਨੂੰ ਹਕੀਕਤ ਦਿੱਤੀ ਅਤੇ ਚਿੱਤ ਨੇ ਬੁੱਧੀ ਨੂੰ ਪ੍ਰੇਰਿਤ ਕੀਤਾ। ਬੁੱਧੀ ਨੇ ਮਨ ਦੇ ਸੰਕਲਪਾਂ ਨੂੰ ਪ੍ਰੀਤਮ ਪਿਆਰ ਵਿੱਚ ਪਰੋ ਦਿੱਤਾ। ਆਖਿਰ ਨੂੰ ਫ਼ੈਸਲਾ ਹੋ ਗਿਆ ਕਿ ਇਹ ਕੱਪੜ ਭੋਗ ਦੁਨੀਆਂ ਦੇ ਰਸ ਤੇ ਅਵਰ ਕਾਜ ਡਰਾਉਣੀ ਭਿਆਨਕ (ਤਿਲਸਮ) ਜਾਦੂ ਹਨ ਜੋ ਇਸ਼ਕ ਦੇ ਰਾਹੋਂ ਭਟਕਾਉਂਦੇ ਹਨ। ਮਨ ਦੇ ਉਲਾਰ ਵਸੋ ਕਾਮਲ ਸਹਿਜ ਵੇਗੀ ਵਿੱਚ ਤਨੋ ਮਨੋ ਸਮਾ ਜਾਣ ਦੇ ਆਸੇ ਵਿੱਚ ਰੇਰੂ ਸਾਹਿਬ ਪੁੱਜ ਗਏ।

ਵੱਡੇ ਸੰਤਾਂ ਪਾਸ ਆਪਣੀ ਅੰਤ੍ਰੀਵ ਅਵਸਥਾ ਕਥਨ ਕੀਤੀ। ਮਹਾਂਪੁਰਸ਼ਾਂ ਨੇ ਦਿਬ ਦ੍ਰਿਸ਼ਟੀ ਦੁਆਰਾ ਇਸ ਅਮੋਲਕ ਹੀਰੇ ਨੂੰ ਚੰਗੀ ਤਰ੍ਹਾਂ ਪਰਖ ਲਿਆ ਅਤੇ ਆਪਣੇ ਤਾਜ਼ ਵਿੱਚ ਮੜ੍ਹਨ ਦਾ ਇਰਾਦਾ ਕਰ ਕੇ ਵਧੇਰਾ ਕੀਮਤੀ ਬਨਾਉਣ ਵਾਸਤੇ ਕਠਨ ਤਤਿੱਖਯਾ ਦੀ ਪਰਖ ਵਿੱਚ ਪਾਉਣ ਲਈ ਆਪਣੀ ਹਜ਼ੂਰੀਏ ਗੜਵਈ ਦੀ ਡਿਊਟੀ ਬਖ਼ਸ਼ ਦਿੱਤੀ। ਬਸ ਫੇਰ ਕੀ ਸੀ, ਆਲਸ ਨੀਂਦ ਤੇ ਭੁੱਖ ਤੇਹ ਦੂਰ ਹੋ ਗਈ।

ਸਾਂਈ ਵਾਲੇ ਸੁਖ ਨ ਸੌਂਦੇ, ਅਤੇ ਰੱਜ ਨਾ ਖਾਂਦੇ ਰੋਟੀ।
ਔਰਤ ਦੇਖ ਓਹ ਨਾਹਿ ਲੁਭੀਵਨ, ਚਾੜ੍ਹੀ ਅਸਲ ਲੰਗੋਟੀ।
ਮਨ ਤੋਂ ਸਭ ਮਨਵਾਵਣ ਅਪਣੀ, ਸੱਚ ਦੀ ਮਾਰ ਕਸੌਟੀ।
ਚੂਹੜ ਸਾਂਈ ਵਾਲਾ ਕੋਈ, ਹੋਰ ਸਗਲੀ ਖਲਕਤ ਖੋਟੀ।
ਫੇਰ ਤਾਂ ਇਹ ਅਵਸਥਾ ਹੋ ਆਈ -

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ ਪਾਣੀ ਢੋਵਣਾ।
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ।
ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ।
ਚੰਦ ਮੁਮਾਰਖਿ ਈਦ ਪੁਗਿ ਖਲੋਵਣਾ॥ ੧੮॥

(ਭਾ. ਗੁਰਦਾਸ ਜੀ: ਵਾਰ ੩ ਪਉੜੀ ੧੮)

ਸੇਵਕ ਅਵਸਥਾ ਵਿੱਚ ਪੂਰਨ ਉੱਤਰਣ ਵਾਸਤੇ ਉਪ੍ਰੋਕਤ ਰਹਿਣੀ ਬਹਿਣੀ ਵਾਲੇ ਸੰਤ ਸੇਵੀ ਤੇ ਸੱਚੇ ਸੇਵਕ ਦੀ ਪਦਵੀ ਦੇ ਅਧਿਕਾਰੀ ਹੋ ਸਕਦੇ ਹਨ। ਇਨ੍ਹਾਂ ਹੀ ਸ਼ੁਭ ਗੁਣਾਂ ਨੂੰ ਧਾਰ ਕੇ ਸੰਤ ਜੀ ਮਹਾਰਾਜ ਨੇ ਆਪਣਾ ਜੀਵਨ ਢਾਲਿਆ।

ਕਾਂਡ ੪

ਸੰਤ ਸੇਵਾ ਤੇ ਵੈਰਾਗ ਦਸ਼ਾ

੧੯੨੪ ਈਸਵੀ ਦੇ ਅਪਰੈਲ ਮਹੀਨੇ ਦੁਬਾਰਾ ਹਾਜ਼ਰੀ ਦਿੱਤੀ ਅਤੇ ਮਹਾਂਪੁਰਸ਼ਾਂ ਦੇ ਅੰਤਮ ਸ੍ਵਾਸਾਂ ਤਕ ਸੇਵਾ ਤੇ ਸਿਮਰਨ ਵਿੱਚ ਹੀ ਨਿਭਾ ਦਿਤੀ। ਆਪ ਜੀ ਦੀ ਕਠਨ ਤਤਿੱਖਯਾ ਨੂੰ ਇਹ ਨਿਮਾਣੀ ਕਲਮ ਲਿਖ ਨਹੀ ਸਕਦੀ। ਪੌਣੇ ਤਿੰਨ ਸਾਲਾਂ ਦਾ ਸਮਾਂ ਗੁਰ ਚਰਨਾਂ ਵਿੱਚ ਰਹਿ ਕੇ ਸੰਤ ਸੇਵਾ ਵਿੱਚ ਬਤੀਤ ਕੀਤਾ ਅਤੇ ਇਤਨਾ ਸਮਾਂ ਇੱਕੋ ਖੱਦਰ ਦੀ ਚਾਦਰ ਤੇ ਫੁੜੀ ਨੂੰ ਹੀ ਆਪਣਾ ਜੀਵਨ ਸਾਥੀ ਬਣਾਈ ਰਖਿਆ। ਨਾ ਦਿਨੇ ਭੋਜਨ ਦਾ ਖ਼ਿਆਲ, ਨਾ ਰਾਤ ਨੂੰ ਆਰਾਮ ਵਲ ਧਿਆਨ। ਸਰੀਰ ਕ੍ਰਿਸ ਹੋ ਗਿਆ ਪਰ ਮਨ ਸਦਾ ਚੜ੍ਹਦੀਆਂ ਕਲਾ ਵਿੱਚ ਰਿਹਾ। ਅੰਦਰ ਵੈਰਾਗ ਏਨਾ ਸੀ ਕਿ ਇਤਨੇ ਲੰਬੇ ਅਰਸੇ ਵਿੱਚ ਏਹੋ ਜਿਹਾ ਕੋਈ ਦਿਨ ਨਹੀਂ ਸੀ ਲੰਘਿਆ, ਜਿਸ ਦਿਨ ਆਪ ਨੇ ਕਦੀ ਹੱਸ ਕੇ ਦੇਖਿਆ ਹੋਵੇ, ਜਾਂ ਜਿਸ ਦਿਨ ਕਦੀ ਆਪ ਨੇ ਇੱਕ ਜਾਂ ਦੋ ਵਾਰੀ ਪ੍ਰਮੇਸ਼ਰ ਵਿਯੋਗ ਵਿੱਚ ਰੁਦਨ ਨਾ ਕੀਤਾ ਹੋਵੇ। ਮਨ ਵਿੱਚ ਇਹ ਪ੍ਰਪੱਕ ਨਿਸਚਾ ਸੀ:

ਮਰਿ ਨਾ ਜਾਹੀ ਜਿਨਾ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥

(ਗਉੜੀ ਮਃ ੫ - ਪੰਨਾ ੧੮੮)

ਆਪ ਜੀ ਨੇ ਇਹ ਚਾਰ ਗੱਲਾਂ ਧਾਰਨ ਕੀਤੀਆਂ ਸਨ:

੧. ਥੋੜ੍ਹਾ ਖਾਣਾ। ੨. ਥੋੜ੍ਹਾ ਸੌਣਾ। ੩. ਘੱਟ ਬੋਲਣਾ। ੪. ਇਕਾਂਤ ਰਹਿਣਾ।

ਐਤਵਾਰ ਦੀ ਛੁੱਟੀ ਵਾਲੇ ਦਿਨ ਜਾਂ ਵੱਡੇ ਦਿਨਾਂ ਦੀਆਂ ਛੁੱਟੀਆਂ ਨੂੰ ਜੇ ਕੋਈ ਪਟਿਆਲੇ ਤੋਂ ਸਕੂਲ ਦਾ ਹਮਜਮਾਤੀ ਮਿਲਣ ਆਉਂਦਾ ਤਾਂ ਉਸ ਦੀ ਇੱਕ ਵਾਰੀ ਫਤਹ ਮੰਨ ਕੇ ਦੂਜੀ ਵਾਰ ਅਣਪਛਾਤਿਆਂ ਵਾਂਗ ਨੀਵੀਂ ਪਾ ਕੇ ਕੋਲ ਦੀ ਲੰਘ ਜਾਣਾ ਜਿਵੇਂ ਕਿ ਕਦੇ ਵਾਕਫ਼ੀ ਹੀ ਨਹੀਂ ਹੁੰਦੀ। ਉਹ ਏਸ ਵਰਤਾਓ ਦਾ ਕਈ ਵਾਰ ਆਪਣੇ ਮਨ ਵਿੱਚ ਖ਼ਿਆਲ ਵੀ ਕਰਦੇ ਅਤੇ ਕਈ ਨਾਰਾਜ਼ ਵੀ ਹੋ ਜਾਂਦੇ। ਜੋ ਦਿਨ ਵਿੱਚ ਤਿੰਨ ਤਿੰਨ ਵਾਰੀ ਆਪਣੀ ਵਰਦੀ ਬਦਲਦੇ ਅਤੇ ਇੱਕ ਵਾਰ ਪਾਏ ਬਸਤ੍ਰ ਨੂੰ ਮੁੜ ਧੋ ਕੇ ਪ੍ਰੈਸ ਕੀਤਿਆਂ ਬਗ਼ੈਰ ਨਹੀਂ ਸੀ ਪਾਉਂਦੇ, ਜਿਸ ਦੀ ਪਟਿਆਲੇ ਦੇ ਬਾਜ਼ਾਰਾਂ ਵਿੱਚ ਦੀ ਲੰਘਦਿਆਂ ਸੁੰਦਰਤਾ ਤੱਕ ਕੇ ਲੋਕੀਂ ਇੱਕ ਦੂਜੇ ਨੂੰ ਉਂਗਲਾਂ ਨਾਲ ਇਸ਼ਾਰੇ ਕਰਦੇ ਕਿ 'ਔਹ ਗੁਲਾਬ ਸਿੰਘ ਜਾਂਦਾ ਹੈ ਦੇਖੋ ਰੱਬ ਨੇ ਕਿਤਨੀ ਸੁੰਦਰਤਾ ਬਖ਼ਸ਼ੀ ਹੈ' ਅੱਜ ਉਸ ਨੂੰ ਮੋਟੇ ਖੱਦਰ ਦੇ ਕਪੜਿਆਂ ਵਿੱਚ ਦੇਖ ਕੇ (ਜਿਨ੍ਹਾਂ ਦੀ ਸਫ਼ਾਈ ਵੱਲ ਵੀ ਘੱਟ ਹੀ ਖ਼ਿਆਲ ਹੁੰਦਾ) ਹੈਰਾਨ ਵੀ ਹੁੰਦੇ ਸਨ। ਪਰ ਆਪ ਜੀ ਸਦਾ ਅਬੋਲ ਹੀ ਰਹਿੰਦੇ। ਜੇ ਕਦੇ ਆਪ ਜੀ ਦੀ ਭੂਆ ਦੇ ਪੁੱਤਰ ਮਹਾਰਾਜਾ ਪਟਿਆਲੇ ਦੇ ਨਫਰ ਸ. ਦਲੀਪ ਸਿੰਘ ਨੇ ਵੀ ਆਉਣਾ ਤਾਂ ਉਨ੍ਹਾਂ ਨੇ ਪਹਿਲਾਂ ਵੱਡੇ ਸੰਤਾਂ ਪਾਸ ਬੇਨਤੀ ਕਰਨੀ, ਫੇਰ ਉਨ੍ਹਾਂ ਦੇ ਹੁਕਮ ਨੂੰ ਮੰਨ ਕੇ ਕੇਵਲ ਦੋ ਚਾਰ ਮਿੰਟ ਹੀ ਬਚਨ ਕਰਨੇ, ਪਰ ਉਹ ਵੀ ਪਰਮਾਰਥ ਦੇ। ਹੋਰ ਸਾਰਾ ਸਮਾਂ ਗੁਰ ਸ਼ਬਦ ਦੇ ਜਾਪ ਜਾਂ ਸੰਤ ਸੇਵਾ ਵਿੱਚ ਬੀਤਦਾ। ਆਪਣਾ ਤਨ ਮਨ ਕੁਰਬਾਨ ਕਰ ਕੇ ਹੀ ਸੰਤਾਂ ਦੀ ਪ੍ਰਸੰਨਤਾ ਪ੍ਰਾਪਤ ਕਰਨੀ ਚਾਹੁੰਦੇ ਸਨ। ਹਰ ਸਮੇਂ ਮਨ ਵਿੱਚ ਇਹ ਸੱਧਰ ਬਣੀ ਰਹਿੰਦੀ ਸੀ।

ਕੇਸਾਂ ਕਾ ਕਰ ਚਵਰ ਢੁਲਾਵਾ ਸੀਸ ਕਾਟ ਭੇਟ ਦੇਵਉ।
ਜਿਨ ਮੋਕੋ ਪ੍ਰਭ ਪੰਥ ਬਤਾਯਾ ਤਾ ਕੋ ਇਹ ਬਿਧਿ ਸੇਵਉ।
ਅਤਿ ਦੁਰਲੱਭ ਪ੍ਰਭ ਕੀ ਪਿਆਰੀ ਸੰਤ ਖ਼ੁਸ਼ੀ ਮੈ ਲੇਵਉ।
ਹੋਵੋ ਮੁਕਤ ਤਰਉ ਭਵ ਸਾਗਰ ਭੋਜਨ ਹਰ ਜਸ ਜੇਵਉ।

ਜਿਵੇਂ ਪਾਰਸ ਦੀ ਛੋਹ ਲੋਹੇ ਨੂੰ ਸੋਨਾ ਤਾਂ ਬਣਾ ਦਿੰਦੀ ਹੈ ਪਰ ਪਾਰਸ ਨਹੀਂ ਬਣਾ ਸਕਦੀ ਪ੍ਰੰਤੂ ਮਹਾਂਪੁਰਸ਼ਾਂ ਦੀ ਸੰਗਤ ਆਪਣੇ ਸਮਾਨ ਪੂਰਨ ਮਹਾਂਪੁਰਸ਼ ਬਣਾ ਲੈਂਦੀ ਹੈ। ਤਦੇ ਹੀ ਕਿਸੇ ਵਿਦਵਾਨ ਨੇ ਮਹਾਂਪੁਰਸ਼ਾਂ ਵਿੱਚ ਤੇ ਪਾਰਸ ਵਿੱਚ ਬੜਾ ਫ਼ਰਕ ਕਥਨ ਕੀਤਾ ਹੈ:

ਪਾਰਸ ਮੇਂ ਅਰ ਸੰਤ ਮੇਂ, ਬਡੋ ਅੰਤਰੋ ਜਾਨ। ਵਹਿ ਲੋਹਾ ਕਚਨ ਕਰੈ, ਵਹਿ ਕਰ ਹੈ ਆਪ ਸਮਾਨ।

ਤਥਾ: ਸੰਗਤ ਕਰੀਏ ਸਾਧ ਕੀ ਬੰਦਿਓ ਕਰੇ ਖੁਦਾਇ। ਲੋਹਾ ਕੰਚਨ ਹੋਤ ਹੈ ਦੇਖੋ ਪਾਰਸ ਲਾਇ।
ਦੇਖੋ ਪਾਰਸ ਲਾਇ ਮੂਲ ਨਾ ਜਾਣੋ ਹਾਸਾ। ਸਭ ਤਰ ਚੰਦਨ ਹੋਤ ਜਾਂਹਿ ਬਾਵਨ ਕਾ ਵਾਸਾ।
ਕਹਿ ਗਿਰਧਰ ਕਵਿ ਰਾਇ ਨਦੀ ਸੰਸੇ ਕੀ ਤਰੀਏ। ਵਡੇ ਭਾਗ ਜਬ ਹੋਏ ਤਾਂ ਸੰਗਤ ਸਾਧ ਕੀ ਕਰੀਏ।

ਤਥਾ: ਹਮ ਨਸ਼ੀਹੀ ਸਾਅਤੇ ਬਾ ਐਲੀਆ ਬੇਹਤਰ ਅਜ਼ ਸਦ-ਸਾਲਾ ਤਾਅਤ ਬੇਰਿਆ।
ਭਾਵ ਮਾਲਕ ਦੇ ਔਲੀਆਂ ਭਗਤਾਂ ਅਤੇ ਪਿਆਰਿਆਂ ਦੀ ਇੱਕ ਘੜੀ ਦੀ ਸੰਗਤ ਅਤੇ ਸੁਹਬਤ ਮਨ ਬੁੱਧੀ ਦੀ

ਸੌ ਸਾਲਾਂ ਦੀ ਕਠਨ ਤਪਸਿਆ ਨਾਲੋਂ ਕਈ ਗੁਣਾਂ ਚੰਗੀ ਹੈ।

ਸੈਦੂ ਸਾਹਿਬ ਦੀ ਯਾਤਰਾ

ਸੰਤ ਜੀ ਮਹਾਰਾਜ ਨੂੰ ਰੇਰੂ ਸਾਹਿਬ ਵਾਲੇ ਵੱਡੇ ਸੰਤਾਂ ਨੇ ਆਪਣੀ ਆਗਿਆ ਨਾਲ ਬਾਰਾਂ ਵੰਨੀ ਦਾ ਸ਼ੁੱਧ ਕੁੰਦਨ ਬਣਾਉਣ ਲਈ ਸੇਵਾ ਸਿਮਰਨ ਦੀ ਕਠਨ ਕੁਠਾਲੀ ਵਿੱਚ ਪਾ ਦਿੱਤਾ ਅਤੇ ਉਨ੍ਹਾਂ ਦੇ ਨਾਲ ਆਪ ਜੀ ਕਈ ਵਾਰੀ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਵਾਲੇ ਦਿਨ ਮਾਘ ਵਦੀ ਨੌਮੀ ਦੇ ਜੋੜ ਮੇਲੇ ਤੇ ਸੈਦੂ ਸਾਹਿਬ ਗਏ। ਹਰਿਦੁਆਰ ਤੇ ਅਨੰਦਪੁਰ ਦੀ ਯਾਤਰਾ ਵੀ ਕੀਤੀ। ਗੁਰੂ ਕੀ ਕਾਂਸ਼ੀ ਦਮਦਮੇ ਸਾਹਿਬ ਤੇ ਸਚਖੰਡ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ। ਵੱਡੇ ਬਾਬਾ ਜੀ ਮਾਘ ਵਦੀ ਨੌਮੀ ਨੂੰ ਕਈ ਸਾਲ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਸਾਲਾਨਾ ਜੋੜ ਮੇਲੇ ਤੇ ਸੈਦੂ ਸਾਹਿਬ ਪੁੱਜਦੇ ਰਹੇ ਅਤੇ ਇਸ ਜੱਗ ਸਮਾਗਮ ਦਾ ਸਾਰਾ ਪ੍ਰਬੰਧ ਆਪ ਹੀ ਕਰਦੇ। ਸੰਤ ਜੀ ਮਹਾਰਾਜ ਵੀ ਨਾਲ ਜਾਂਦੇ। ਸਰਹੱਦੀ ਇਲਾਕਾ, ਲੁੰਡੇ ਦਰਿਆ ਦਾ ਕਿਨਾਰਾ, ਜਿੱਥੇ ਕਿ ਅੱਤ ਜੋਰਾਂ ਦੀ ਸਰਦੀ ਪੈਂਦੀ ਹੈ, ਕਈ ਥਾਵਾਂ ਤੇ ਤਾਂ ਛੱਪੜਾਂ ਦੇ ਖੜ੍ਹੇ ਪਾਣੀ ਜੰਮ ਕੇ ਬਰਫ਼ ਬਣ ਜਾਂਦੇ ਨੇ। ਇਸ਼ਨਾਨ ਦੇ ਸਮੇਂ ਕੋਈ ਕੋਈ ਪ੍ਰੇਮੀ ਹੀ ਦਰਿਆ ਦੇ ਠੰਡੇ ਪਾਣੀ ਵਿੱਚ ਚੁੱਭਾ ਲਾਉਣ ਦਾ ਹੀਆ ਕਰਦਾ। ਦੰਦ ਵੱਜਦੇ, ਹੱਥਾਂ ਦੇ ਸੁੰਨ ਹੋ ਕੇ ਟੁੰਡ ਬਣ ਜਾਂਦੇ। ਕਮੀਜ਼ਾਂ ਦੇ ਬਟਨ ਬੰਦ ਕਰਨੇ ਤੇ ਕਛਹਿਰੇ ਬਦਲਣੇ ਔਖੇ ਹੋ ਜਾਂਦੇ। ਗਿੱਲੇ ਕਛਹਿਰੇ ਨਿਚੋੜਿਆਂ ਬਗ਼ੈਰ ਹੀ ਰੱਸੀਆਂ ਤੇ ਪਾਏ ਜਾਂਦੇ ਜੋ ਪਾਣੀ ਨੁੱਚੜ ਕੇ ਡਾਂਗਾਂ ਦੇ ਸਮਾਨ ਸਖ਼ਤ ਹੋ ਜਾਂਦੇ। ਪਰ ਧੰਨ ਸਨ ਬਾਬਾ ਅਤਰ ਸਿੰਘ ਜੀ ਮਹਾਰਾਜ! ਜੋ ਕਿ ਇਤਨੀ ਸਖ਼ਤ ਸਰਦੀ ਵਿੱਚ ਵੀ ਰਾਤ ਦੇ ਦੀਵਨ ਦੀ ਸਮਾਪਤੀ ਉਪਰੰਤ ਹਮੇਸ਼ਾਂ ਬਾਹਰ ਜਾ ਕੇ ਦਰਿਆ ਦੇ ਕੰਢੇ ਬੈਠਦੇ। ਨਾਲ ਦੇ ਸਾਥੀਆਂ ਵਿੱਚੋਂ ਵੀ ਕੋਈ ਵਿਰਲਾ ਹੀ ਸਾਥ ਦਿੰਦਾ। ਰਾਤ ਨੂੰ ਗੁਰਦੁਆਰੇ ਸਾਹਿਬ ਹੀ ਭਾਰੀ ਕੰਬਲ ਤੇ ਦੋ ਦੋ ਰਜਾਈਆਂ ਉੱਪਰ ਲੈ ਕੇ ਆਰਾਮ ਕਰਦੇ। ਇੱਕੋ ਇੱਕ ਸੇਵਾਦਾਰ ਸੰਤ ਈਸ਼ਰ ਸਿੰਘ ਜੀ ਨੇ ਹੀ ਅਖ਼ੀਰ ਤੱਕ ਸਾਥ ਨਿਭਾਇਆ, ਜਿਨ੍ਹਾਂ ਦੇ ਹੱਥ ਵਿੱਚ ਗੜਵਾ ਤੇ ਮੋਢੇ ਉੱਪਰ ਆਸਣ ਹੁੰਦਾ। ਨਿਗ੍ਹਾ ਨੀਵੀਂ ਤੇ ਨੇਤ੍ਰ ਬੰਦ ਕਰ ਕੇ ਉਨ੍ਹਾਂ ਨੇ ਮਾਲਕ ਦੀ ਰਜ਼ਾ ਵਿੱਚ ਮਗਰ ਤੁਰਨ ਦਾ ਹੀ ਪ੍ਰਣ ਕੀਤਾ ਸੀ। ਦਰਿਆ ਦੇ ਠੰਢੇ ਪਾਣੀ ਵਿੱਚ ਇਸ਼ਨਾਨ ਕਰ ਕੇ ਸੰਤਾਂ ਦੇ ਨਾਲ ਹੀ ਉਸੇ ਥਾਂ ਕਿਨਾਰੇ ਤੇ ਬੈਠ ਜਾਣਾ। ਉੱਪਰ ਕੋਈ ਭਾਰੀ ਬਸਤਰ ਵੀ ਨਹੀਂ ਸੀ ਰੱਖਦੇ ਕਿ ਬੈਠਿਆਂ ਆਲਸ ਨਾ ਆ ਜਾਵੇ। ਸਰੀਰ ਨੂੰ ਕਠਨ ਤਤਿੱਖਯਾ ਦਿੰਦਿਆਂ ਕਦੇ ਇਸ ਦੇ ਸੰਭਾਲ ਵੱਲ ਧਿਆਨ ਨਹੀਂ ਸੀ ਕੀਤਾ। ਅਮੀਰ ਘਰਾਣੇ ਵਿੱਚ ਜਨਮ, ਸ਼ਹਿਰੀ ਜੀਵਨ, ਬਚਪਨ ਸਕੂਲਾਂ ਵਿੱਚ ਲੰਘਿਆ, ਚੜ੍ਹਦੀ ਜਵਾਨੀ ਸੰਤਾਂ ਪਾਸ ਆ ਗਏ। ਏਹੋ ਜਿਹੀ ਸਰਦੀ ਕਾਹਨੂੰ ਕਦੇ ਦੇਖੀ ਸੀ। ਠੰਡ ਲੱਗ ਗਈ, ਜਿਸ ਨਾਲ ਸਰੀਰ ਬੀਮਾਰ ਹੋ ਗਿਆ। ਫੇਰ ਸੰਤ ਜੀ ਮਹਾਰਾਜ ਦੇ ਹੁਕਮ ਨਾਲ ਆਪ ਜੀ ਨੂੰ ਗੁਰਦੁਆਰੇ ਸਾਹਿਬ ਦੇ ਵੱਖਰੇ ਕਮਰੇ ਵਿੱਚ ਆਰਾਮ ਕਰਵਾਇਆ ਗਿਆ। ਅੰਦਰ ਅੰਗੀਠੇ ਬਾਲ ਕੇ ਉੱਪਰ ਵੀ ਗ਼ਰਮ ਕੰਬਲ ਪਾਏ, ਗ਼ਰਮ ਦੁੱਧ ਛਕਾਇਆ ਤਾਂ ਸਰੀਰ ਨੂੰ ਕੁੱਝ ਆਰਾਮ ਆਇਆ।

ਵੱਡੇ ਸੰਤਾਂ ਨੇ ਸੰਤ ਜੀ ਮਹਾਰਾਜ ਨੂੰ ਕਫ਼ਨੀ ਧਾਰਨ ਕਰਵਾਈ

ਉਸੇ ਸਮੇਂ ਸਰਹੱਦੀ ਦੇ ਰਹਿਣ ਵਾਲੇ ਇੱਕ ਕਰਮ ਚੰਦ ਨਾਮੀ ਸੇਠ ਨੇ ਬਾਬਾ ਜੀ ਦੇ ਪਾਸ ਅਰਜ਼ ਕਰ ਕੇ ਸਾਰੀ ਸੰਗਤ ਵਾਸਤੇ ਵਰਦੀ ਬਨਾਉਣ ਦੀ ਮਨਜ਼ੂਰੀ ਲੈ ਲਈ। ਸੰਤ ਜੀ ਨੇ ਉਨ੍ਹਾਂ ਬਸਤ੍ਰਾਂ ਵਿੱਚ ਦੋ ਕਫ਼ਨੀਆਂ ਤੇ ਬਾਕੀ ਸਾਰੇ ਕਲੀਆਂ ਵਾਲੇ ਚੋਲੇ ਬਨਾਉਣ ਲਈ ਆਖਿਆ। ਜਦੋਂ ਉਸ ਨੇ ਤੀਸਰੇ ਦਿਨ ਸੰਤਾਂ ਅੱਗੇ ਸੀਤੇ ਕੱਪੜੇ ਲਿਆ ਰਖੇ ਤਾਂ ਕਫ਼ਨੀਆਂ ਦੋ ਦੀ ਬਜਾਏ ਚਾਰ ਸਨ। ਸੰਤ ਜੀ ਮਹਾਰਾਜ ਦੇ ਪੁੱਛਣ ਤੇ ਉਸ ਨੇ ਅਰਜ਼ ਕੀਤੀ, "ਮਹਾਰਾਜ! ਹਜ਼ੂਰ ਦੇ ਦੋ ਹੋਰ ਸਾਥੀ ਵੀ ਕਫ਼ਨੀਆਂ ਪਾਣੀਆਂ ਚਾਹੁੰਦੇ ਹਨ।" ਸੰਤ ਜੀ ਕਹਿਣ ਲੱਗੇ, "ਚੰਗਾ, ਉਨ੍ਹਾਂ ਨੂੰ ਦੇ ਦਿਓ।"

ਦੂਸਰੇ ਦਿਨ ਸੁਵੱਖਤੇ ਹੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਇੱਕ ਕਫ਼ਨੀ ਤਾਂ ਬਾਬਾ ਜੀ ਨੇ ਆਪਣੇ ਗਲ ਪਾ ਲਈ ਅਤੇ ਦੂਸਰੀ ਕਫ਼ਨੀ ਹੱਥ ਵਿੱਚ ਲੈ ਕੇ ਸਤਿਗੁਰੂ ਦੀ ਹਜ਼ੂਰੀ ਵਿੱਚ ਖੜੋ ਕੇ ਸੰਤ ਜੀ ਮਹਾਰਾਜ ਦੇ ਗਲ ਪਾਉਣ ਵਾਸਤੇ ਅਰਦਾਸ ਕੀਤੀ, "ਹੇ ਦੀਨ ਦੁਨੀਆਂ ਦੇ ਵਾਲੀ, ਸਤਿਗੁਰੂ ਨਾਨਕ ਦੇਵ ਜੀ! ਹੇ ਕਲਗੀਆਂ ਵਾਲੇ ਪਾਤਸ਼ਾਹ ! ਆਪ ਜੀ ਦੇ ਚਰਨਾਂ 'ਚੋਂ ਵਰੋਸਾਏ ਪੂਰਨ ਬ੍ਰਹਮਗਿਆਨੀ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਵਾਲੀ ਜਗ੍ਹਾ ਤੇ ਹਾਜ਼ਰ ਹੋ ਕੇ ਆਪ ਜੀ ਦੇ ਨਿਰਮਾਣ ਸੇਵਕ ਈਸ਼ਰ ਸਿੰਘ ਨੂੰ ਅੱਜ ਕਫ਼ਨੀ ਪਵਾ ਕੇ ਸੰਤ ਬਨਾਉਣ ਲੱਗੇ ਹਾਂ ਅਤੇ ਫ਼ਕੀਰੀ ਦਾ ਬਾਣਾ ਦੇ ਰਹੇ ਹਾਂ। ਆਪ ਜੀ ਨੇ ਇਨ੍ਹਾਂ ਦੀ ਹਰ ਸਮੇਂ ਅੰਗ ਸੰਗ ਹੋ ਕੇ ਸਹਾਇਤਾ ਕਰਣੀ। ਬਿਰਦ ਬਾਣੇ ਦੀ ਲਾਜ ਨੂੰ ਪਾਲਦੇ ਹੋਇਆਂ ਧਾਰਨ ਕੀਤੇ ਭੇਖ ਦੀ ਪੈਜ ਰੱਖਣੀ ਅਤੇ ਚੜ੍ਹਦੀਆਂ ਕਲਾਂ ਕਰਣੀਆਂ।" ਇਉਂ ਅਰਦਾਸ ਕਰ ਕੇ ਆਪਣੇ ਹੱਥੀਂ ਹਜ਼ੂਰ ਦੇ ਗਲ ਵਿੱਚ ਕਫ਼ਨੀ ਪਾ ਕੇ ਅਸੀਸਾਂ ਦਿੱਤੀਆਂ ਤੇ ਆਖਿਆ, "ਲਓ ਹੁਣ ਤੁਸਾਂ ਅੱਜ ਫ਼ਕੀਰੀ ਬਾਣਾ ਧਾਰਨ ਕਰ ਲਿਆ। ਭਾਵੇਂ ਮਨ ਤਾਂ ਤੁਹਾਡਾ ਪਹਿਲਾਂ ਹੀ ਸਾਧੂ ਸੀ। ਪਰ ਬਾਹਰਲਾ ਲਿਬਾਸ ਹੋਣਾ

ਵੀ ਜ਼ਰੂਰੀ ਹੈ ਕਿਉਂਕਿ ਇਸ ਭੇਖ ਤੋਂ ਬਿਨਾਂ ਸਾਧੂ ਜੇ ਗ੍ਰਿਹਸਤੀ ਦੇ ਬੂਹੇ ਅੱਗੇ ਜਾਵੇ ਅਤੇ ਉਹ ਅੱਗੋਂ ਇਸ ਦਾ ਸਤਿਕਾਰ ਨਾ ਕਰੇ ਤਾਂ ਉਹ ਸਾਰਾ ਦੋਸ਼ ਸਾਧੂ ਦੇ ਜੁੰਮੇ, ਗ੍ਰਿਹਸਤੀ ਨੂੰ ਇਸਦਾ ਕੋਈ ਪਾਪ ਨਹੀਂ। ਜੇਕਰ ਸਾਧੂਆਂ ਵਾਲਾ ਭੇਖ ਦੇਖ ਕੇ ਗ੍ਰਿਹਸਤੀ ਆਦਰ ਨਾ ਕਰੇ, ਫੇਰ ਉਹ ਪਾਪਾਂ ਦਾ ਭਾਗੀ ਹੈ। ਇਉਂ ਸਾਧੂ ਨੂੰ ਆਪੋ ਆਪਣੇ ਧਰਮ ਦੀ ਚਪੜਾਸ ਵੀ ਧਾਰਨੀ ਜ਼ਰੂਰੀ ਹੈ।''

ਫ਼ਕੀਰੀ ਦੇ ਲੱਛਣ

ਨਾਲ ਦੇ ਸਾਥੀਆਂ ਨੇ ਮਨ ਵਿੱਚ ਖ਼ਿਆਲ ਕੀਤਾ ਕਿ ਬਾਬਾ ਜੀ ਸਾਡੇ ਗਲ ਵਿੱਚ ਵੀ ਇਸੇ ਤਰ੍ਹਾਂ ਅਰਦਾਸ ਕਰ ਕੇ ਕਫ਼ਨੀਆਂ ਪਾਉਣ ਤਾਂ ਅੰਤਰਯਾਮੀ ਦਾਤੇ ਨੇ ਆਖਿਆ ਕਿ ਜਿਨ੍ਹਾਂ ਦਾ ਮਨ ਸਾਫ਼ ਹੈ ਓਹੋ ਹੀ ਅਸਲੀ ਸਾਧ ਹਨ। ਫ਼ਕੀਰ ਜਾਂ ਫ਼ਕੀਰੀ ਇਹ ਉਰਦੂ ਦਾ ਲਫਜ਼ ਹੈ ਜੋ 'ਫੇ' 'ਕਾਫ' 'ਯੇ' 'ਰੇ' ਇਨ੍ਹਾਂ ਚਾਰ ਅੱਖਰਾਂ ਦੇ ਜੋੜ ਨਾਲ ਸ਼ਬਦ ਬਣਦਾ ਹੈ। ਇਸ ਦੇ ਸਹੀ ਅਰਥ ਹਨ 'ਫੇ' ਸੰਸਾਰ ਨੂੰ ਫ਼ਲਾਹ ਰੂਪ ਜਾਨਣਾ, 'ਕਾਫ' (ਕਨਾਇਤ) ਸੰਤੋਖ ਧਾਰਨ ਕਰਨਾ ਭਾਵ ਕਿਸੇ ਚੀਜ਼ ਦਾ ਲਾਲਚ ਨਹੀਂ ਕਰਨਾ, ਜੋ ਵੀ ਪ੍ਰਾਰਬਧ ਅਨੁਸਾਰ ਮਿਲ ਜਾਵੇ ਉਸੇ ਵਿੱਚ ਪ੍ਰਸੰਨ ਰਹਿਣਾ ਤੇ ਪਾਸ ਆਏ ਪਦਾਰਥ ਨੂੰ ਵੰਡ ਕੇ ਛਕਣਾ। ਇਹ ਤਿੰਨ ਗੱਲਾਂ ਸਾਧੂ ਦੇ ਧਾਰਨੇ ਯੋਗ ਹਨ। ਯੋਗ ਅਯੋਗ ਨੂੰ ਦੇਖ ਕੇ ਆਈ ਚੀਜ਼ ਮਨ੍ਹਾ ਨਾ ਕਰੇ। ਪਾਸ ਹੁੰਦੀ ਨੂੰ ਜਮ੍ਹਾਂ ਨਾ ਕਰੇ। ਨਹੀਂ ਹੈ ਤਾਂ ਤਮਾ ਨਾ ਕਰੇ, ਪ੍ਰਾਰਬਧ ਪਰ ਸ਼ਾਕਰ ਰਹਿ ਕੇ ਪ੍ਰਸੰਨਤਾ ਧਾਰੇ। ਜਿਵੇਂ ਬ੍ਰਿਛ ਗ਼ਰਮੀ ਸਰਦੀ ਧੁੱਪ ਤੇ ਬਾਰਸ਼ ਸਹਾਰਦਾ ਹੋਇਆ ਇੱਕ ਰਸ ਅਡੋਲ ਖੜਾ ਰਹਿੰਦਾ ਹੈ। ਫ਼ਲ ਲੱਗੇ ਤੋਂ ਝੁਕ ਕੇ ਨੀਵਾਂ ਹੋ ਜਾਂਦਾ ਹੈ ਕਿ ਕਿਸੇ ਤੋੜਨ ਵਾਲੇ ਨੂੰ ਕਸ਼ਟ ਪ੍ਰਾਪਤ ਨਾ ਹੋਵੇ ਬਲਕਿ ਲੋਕਾਂ ਤੋਂ ਇੱਟਾਂ ਖਾ ਕੇ ਵੀ ਮਿੱਠੇ ਫ਼ਲ ਹੀ ਦਿੰਦਾ ਹੈ। ਇਸੇ ਤਰ੍ਹਾ ਪਰਉਪਕਾਰੀ ਸਾਧ ਦਾ ਹਿਰਦਾ ਵੀ ਬ੍ਰਿਛ ਦੇ ਸਮਾਨ ਗ਼ਰਮੀ, ਸਰਦੀ, ਧੁੱਪ ਤੇ ਬਾਰਸ਼ ਨੂੰ ਸਹਾਰਣ ਵਾਲਾ ਹੋਣਾ ਚਾਹੀਦਾ ਹੈ।

ਯਥਾ:

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨਾ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲ ਨ ਦੀਨੋ ਦੋਸੁ ॥ (ਮਾਰੂ ਮਃ ੫ - ੧੦੧੭)

ਤਥਾ:

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥

(ਸਲੋਕ ਸੇਖ ਫਰੀਦ ਜੀ - ੧੩੮੧)

ਹਰ ਇੱਕ ਦੇ ਠੰਡੇ ਤੱਤੇ ਬੋਲ ਨੂੰ ਸਹਾਰਨ ਵਾਲੀ ਸਾਧੂ ਵਿੱਚ ਸਹਿਨਸ਼ੀਲਤਾ ਹੋਣੀ ਚਾਹੀਦੀ ਹੈ।

ਖੋਦ ਖਾਦ ਧਰਤੀ ਸਹੈ ਕਾਟ ਕੂਟ ਬਨਰਾਇ।
ਬੋਲ ਕਬੋਲ ਸਾਧੂ ਸਹੈ ਅਵਰ ਪੈ ਸਹਿਆ ਨ ਜਾਇ।

ਇਉਂ ਸਬਰ ਸ਼ੁਕਰ ਵਿੱਚ ਪੱਕਾ ਰਹਿਣਾ ਇਹ ਫ਼ਕੀਰ ਦਾ ਦੂਸਰਾ ਗੁਣ ਹੈ। 'ਯੇ' ਤੋਂ ਪ੍ਰਮੇਸ਼ਰ ਦੀ ਹਰ ਸਮੇਂ ਯਾਦ ਵਿੱਚ ਜੁੜੇ ਰਹਿਣਾ। 'ਰੇ' 'ਚੋਂ ਉਸ ਨੂੰ ਸਾਰੇ ਰਮਿਆ ਭਾਵ ਵਿਆਪਕ ਜਾਨਣਾ, ਇਹ ਹਨ ਫ਼ਕੀਰੀ ਦੇ ਅਸਲੀ ਅਰਥ ਤੇ ਲੱਛਣ। ਕੇਵਲ ਭੇਖ ਧਾਰ ਕੇ ਹੀ, 'ਫੇ' ਫੁਲਕਾ, 'ਕਾਫ' ਕੁਲਚਾ, 'ਯੇ' ਯਖਨੀ ਅਤੇ 'ਰੇ' ਰਮਨੀ ਦੇ ਮਗਰ ਲੱਗਾ ਰਿਹਾ ਫ਼ਕੀਰ ਨਹੀਂ ਬਣ ਸਕਦਾ। ਕਿਉਂਕਿ ਫ਼ਕੀਰੀ ਵੀ ਤਿੰਨ ਪ੍ਰਕਾਰ ਦੀ ਹੈ: ੧. ਲੇਖ ਦੀ ੨. ਭੇਖ ਦੀ, ੩. ਪਿੱਛਾ ਮੁੜ ਮੁੜ ਦੇਖਦੀ।

੧. ਜਿਨ੍ਹਾਂ ਦੇ ਮਸਤਕ ਵਿੱਚ ਧੁਰੋਂ ਹੀ ਲੇਖ ਦੀ ਫ਼ਕੀਰੀ ਲਿਖੀ ਹੈ, ਉਹ ਆਪਣੇ ਘਰ ਵਿੱਚ ਸਾਰੇ ਸੁੱਖਾਂ ਤੇ ਪਦਾਰਥਾਂ ਦਾ ਤਿਆਗ ਕਰ ਕੇ ਕੇਵਲ ਪ੍ਰਮੇਸ਼ਰ ਪ੍ਰਾਪਤੀ ਵਾਸਤੇ ਹੀ ਸਾਧੂ ਬਣਦੇ ਹਨ। ਜਿਵੇਂ ਗੋਪੀ ਚੰਦ ਤੇ ਭਰਥਰੀ ਵਰਗੇ ਰਾਜ ਪਦਵੀਆਂ ਨੂੰ ਠੋਕਰ ਮਾਰਕੇ ਸਾਧੂ ਬਣੇ:

ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥

(ਆਸਾ ਮਃ ੪ - ੪੫੦)

੨. ਦੂਜੀ ਫ਼ਕੀਰੀ ਹੈ ਭੇਖ ਦੀ। ਅੰਦਰ ਤਾਂ ਗੁਣ ਨਾ ਹੋਣੇ ਪਰ ਦੁਨੀਆਂ ਨੂੰ ਮਗਰ ਲਾਉਣ ਵਾਸਤੇ ਕੇਵਲ ਚਿਲੀਹੇ ਤੇ ਛਿਲੇ ਕੱਟ ਕੇ ਸਿੱਧੀ ਪ੍ਰਾਪਤ ਕਰ ਕੇ ਸਾਧੂਆਂ ਵਾਲਾ ਭੇਖ ਬਣਾ ਲਿਆ ਪਰ ਸਚਾਈ ਤੋਂ ਬਿਨਾਂ ਉਨ੍ਹਾਂ ਦੀ ਇਹ ਹਾਲਤ ਹੁੰਦੀ ਹੈ।

ਭੇਖ ਦਿਖਾਇ ਜਗਤ ਕਉ ਲੋਗਨ ਕਉ ਬਸ ਕੀਨ ॥
ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ ॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਜੱਲ੍ਹਣ ਜੀ ਕਹਿੰਦੇ ਹਨ:

ਸੰਤਾਂ ਵਾਲੀ ਰਹਿਤ ਨ ਰਖਦਾ ਜਗ ਮਹਿ ਸੰਤ ਕਹਾਇਆ।
ਏਦੂੰ ਉੱਪਰ ਪਾਪ ਨ ਕੋਈ ਜੇ ਰਹਿਨੀ ਬਿਨਾ ਪੂਜਾਇਆ।
ਬਦਲਾ ਤਿਸ ਦਾ ਛੁਟਸੀ ਨਾਹੀ ਲੇਖਾ ਲੇ ਧਰਮਰਾਇਆ।
ਸਾਹਿਬ ਦੇ ਦਰ ਹਛਾ ਪੁਣੀਐ ਜੱਲ੍ਹਣ ਕੂਕ ਸੁਣਾਇਆ।

੩. ਤੀਜੀ ਹੈ ਪਿੱਛੇ ਮੁੜ ਮੁੜ ਦੇਖਣ ਵਾਲੀ ਫ਼ਕੀਰੀ। ਕਿਸੇ ਗੱਲੋਂ ਘਰੋਂ ਰੁਸ ਕੇ ਸਾਧ ਦੇ ਡੇਰੇ ਆ ਗਿਆ। ਦੋ ਚਾਰ ਦਿਨ ਠਹਿਰ ਕੇ ਲੱਗਾ ਫੇਰ ਪਿਛਲਿਆਂ ਦੀ ਉਡੀਕ ਕਰਨ ਕਿ ਮੈਨੂੰ ਕੋਈ ਮੋੜਨ ਆਉਂਦਾ ਹੈ ਕਿ ਨਹੀਂ। ਜਾਂ ਦਸ ਵੀਹ ਸਾਲ ਕਿਸੇ ਅਸਥਾਨ ਤੇ ਰਹਿ ਕੇ ਫੇਰ ਘਰ ਬਾਰੀ ਜਾ ਬਣਿਆਂ, ਇਹ ਹਨ ਮੰਦ ਵੈਰਾਗੀ ਦੇ ਲੱਛਣ। ਤਰ ਤੀਬਰ ਵੈਰਾਗ ਵਾਲਾ ਹੀ ਅਸਲੀ ਸਾਧੂ ਬਣ ਸਕਦਾ ਹੈ।

ਫੇਰ ਬਾਬਾ ਜੀ ਕਹਿਣ ਲੱਗੇ ਕਿ ਜਗਿਆਸੂ ਗੁਰ ਚਰਨਾਂ ਵਿੱਚ ਆ ਕੇ ਸਭ ਤੋਂ ਪਹਿਲਾਂ ਇਨ੍ਹਾਂ ਚੌਹਾਂ ਸਾਧਨਾਂ ਨੂੰ ਪ੍ਰਪੱਕ ਕਰੇ ਫੇਰ ਉਹ ਗਿਆਨ ਦਾ ਅਧਿਕਾਰੀ ਹੁੰਦਾ ਹੈ। ਬਿਬੇਕ, ਵੈਰਾਗ, ਖਟ ਸੰਪਤੀ, ਮੋਖ ਇੱਛਾ; ਪਹਿਲਾਂ ਜਗਿਆਸੂ ਨੂੰ ਇਨ੍ਹਾਂ ਚੌਹਾਂ ਸਾਧਨਾਂ ਸਹਿਤ ਹੋਣਾ ਚਾਹੀਦਾ ਹੈ।

ਪ੍ਰਸ਼ਨ: ਬਿਬੇਕ ਦਾ ਕੀ ਸਰੂਪ ਹੈ?

ਉੱਤਰ: ਆਤਮਾ ਦੇ ਸੱਤ ਅਸੱਤ ਦੀ ਵਿਚਾਰ ਦਾ ਨਾਮ ਬਿਬੇਕ ਹੈ। ਭਾਵ ਆਪਣੇ ਆਤਮਾ ਨੂੰ ਨਾਸ ਤੋਂ ਰਹਿਤ ਅਬਿਨਾਸ਼ੀ ਅਤੇ ਅਹਿਰਣ ਵਤ ਅਚੱਲ, ਇੱਕ ਅਤੇ ਪਰੀਪੂਰਨ ਨਿਸਚੇ ਕਰੇ। ਇਸ ਤੋਂ ਉਲਟ ਸੰਸਾਰ ਨੂੰ ਮਿਥਿਆ ਜਾਣੇ। ਅਨਾਤਮਾ (ਦੇਹ, ਮਨ, ਇੰਦਰੇ ਆਦਿ) ਨਾਸਵਾਨ ਚੰਚਲ ਤੇ ਪ੍ਰਛਿੰਨ ਹਨ। ਇਹ ਨਾਨਾ ਰੂਪਾਂ ਨੂੰ ਧਾਰਨ ਕਰਦੇ ਹਨ। ਇਸ ਪ੍ਰਕਾਰ ਦੇ ਸੱਤ ਅਸੱਤ ਦਾ ਨਾਮ ਹੀ ਬਿਬੇਕ ਹੈ ਜੋ ਸਾਰੇ ਸਾਧਨਾਂ ਦਾ ਮੂਲ ਹੈ।

ਯਥਾ: ਅਬਿਨਾਸੀ ਆਤਮ ਅਚਲ ਜਗ ਜਾਤੈ ਪ੍ਰਤਿਕੂਲ। ਐਸੋ ਗਿਆਨ ਵਿਵੇਕ ਹੈ ਸਭ ਸਾਧਨ ਕੋ ਮੂਲ।

(ਵਿਚਾਰ ਸਾਗਰ)

ਪ੍ਰਸ਼ਨ: ਵੈਰਾਗ ਦਾ ਕੀ ਸਰੂਪ ਹੈ ਅਤੇ ਇਹ ਕਿਤਨੇ ਪ੍ਰਕਾਰ ਦਾ ਹੈ?

ਉੱਤਰ: ਵੈਰਾਗ ਤਿੰਨ ਪ੍ਰਕਾਰ ਦਾ ਹੈ, ਮੰਦ ਵੈਰਾਗ, ਤੀਬਰ ਵੈਰਾਗ, ਤਰ ਤੀਬਰ ਵੈਰਾਗ।

ਮੰਦ ਵੈਰਾਗ ਦੇ ਇਹ ਲੱਛਣ ਹਨ:

ਨਾਰ ਮਰੈ ਘਰ ਸੰਪਤ ਨਾਸੀ। ਮੂੰਡ ਮੁੰਡਾਇ ਭਇਆ ਸੰਨਆਸੀ।

ਭਾਵ ਇਸਤ੍ਰੀ, ਪੁੱਤਰ ਦਾ ਵਿਯੋਗ ਹੋ ਗਿਆ ਜਾਂ ਵਿਉਪਾਰ ਵਿੱਚੋਂ ਘਾਟਾ ਪੈ ਗਿਆ ਤਾਂ ਘਰ ਬਾਰ ਛੱਡ ਕੇ ਸਾਧੂ ਹੋ ਗਿਆ। ਪਦਾਰਥ ਫੇਰ ਮਿਲ ਗਏ ਤਾਂ ਫ਼ਕੀਰੀ ਦਾ ਤਿਆਗ ਕਰ ਦਿੱਤਾ।

ਤਥਾ: ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ। ਤਪਸੀ ਕਰਿ ਕੈ ਦੇਹੀ ਸਾਧੀ ਮਨੁਆਂ ਦਹ ਦਿਸ ਧਾਨਾ।
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ।
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ।

ਤਥਾ: ਛਾਣੀ ਖਾਕੁ ਬਿਭੂਤ ਚੜ੍ਹਾਈ ਮਾਇਆ ਕਾ ਮਗੁ ਜੋਹੈ। ਅੰਤਰਿ ਬਾਹਰਿ ਏਕੁ ਨਾ ਜਾਣੈ ਸਾਚੁ ਕਹੈ ਤੇ ਛੋਹੈ।

ਤਥਾ:

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ (ਮਾਰੂ ਮਃ ੧ - ੧੦੧੩)

ਅਥਵਾ:

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ (ਮਾਰੂ ਮਃ ੧ - ੧੦੧੩)

ਅਥਵਾ:

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥

(ਪ੍ਰਭਾਤੀ ਮਃ ੫ - ੧੩੪੮)

ਤਥਾ:

ਪੁੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥
ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਪੰਡਾਲ ਨਾਲੇ ਲੈ ਆਇਆ ॥੪॥

(ਪ੍ਰਭਾਤੀ ਮਃ ੫ - ੧੩੪੮)

ਆਮ ਕਹਾਵਤ ਪ੍ਰਚੱਲਤ ਹੈ:

ਆਇਆ ਬੁੱਲਾ ਪਉਣ ਦਾ ਚੜ੍ਹਿਆ ਕੱਖ ਅਕਾਸ। ਢਹਿੰਦਾ ਢਹਿੰਦਾ ਢਹਿ ਪਿਆ ਕੱਖ ਕੱਖਾਂ ਦੇ ਪਾਸ।

ਅਰਥਾਤ ਪਦਾਰਥਾਂ ਜਾਂ ਸਬੰਧੀਆਂ ਦੇ ਵਿਯੋਗ ਨਾਲ ਵੈਰਾਗ ਰੂਪੀ ਠੰਡੀ ਹਵਾ ਦਾ ਬੁੱਲਾ ਆਇਆ ਅਤੇ ਸੰਸਾਰੀ ਪਦਾਰਥਾਂ ਤੋਂ ਉਪਰਾਮ ਹੋ ਕੇ ਘਰ ਬਾਰ ਛੱਡ ਦਿੱਤਾ। ਜਦੋਂ ਵੈਰਾਗ ਦੂਰ ਹੋ ਗਿਆ ਫਿਰ ਡਿੱਗਦਾ ਉੱਥੇ ਹੀ ਆ ਡਿੱਗਿਆ।

ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥੨॥

(ਗਉੜੀ ਵਾਰ-੨ ਮਃ ੫ - ੩੨੨)

ਮੰਦ ਵੈਰਾਗੀ ਘਰ ਦਾ ਤਿਆਗ ਕਰ ਕੇ ਸਾਧੂ ਨਾ ਬਣੇ।

ਤੀਬਰ ਵੈਰਾਗ ਦੇ ਲੱਛਣ ਇਹ ਹਨ ਕਿ ਲੋਕ ਤੋਂ ਲੈ ਕੇ ਬ੍ਰਹਮ ਲੋਕ ਤੱਕ ਸਾਰੇ ਸੁਖਾਂ ਦੀ ਇੱਛਾ ਦਾ ਤਿਆਗ ਹੋਣਾ ਇਸ ਨੂੰ ਤੀਬਰ ਵੈਰਾਗ ਕਹਿੰਦੇ ਹਨ।

ਯਥਾ: ਬ੍ਰਹਮ ਲੋਕ ਲੌ ਭੋਗ ਜੋ ਚਹੈ ਸਭਨ ਕੋ ਤਿਆਗ। ਬੇਦ ਅਰਥ ਗਿਆਤਾ ਮੁਨੀ ਕਹਿਤ ਤਾਹਿ ਵੈਰਾਗ।

(ਵਿਚਾਰ ਸਾਗਰ)

ਤੀਬਰ ਵੈਰਾਗੀ ਸਾਧੂ ਬਣ ਸਕਦਾ ਹੈ।

ਤਰ ਤੀਬਰ ਵੈਰਾਗ ਦੇ ਲੱਛਣ- ਮਾਤ ਲੋਕ ਦੀ ਧਰਤੀ ਤੋਂ ਲੈ ਕੇ ਬ੍ਰਹਮ ਲੋਕ ਤੱਕ ਸਾਰੇ ਸੁਖਾਂ ਨੂੰ ਕਾਂ ਦੀ ਵਿਸ਼ਟਾ ਸਮਾਨ ਬੁਰੇ ਸਮਝਣਾ:

ਬ੍ਰਹਮਾ ਇੰਦ੍ਰ ਆਦਿ ਲੌਹੋਤ ਦੇਹ ਧਰ ਭੋਗ। ਕਾਕਾ ਬਿਸ਼ਟਾ ਸਮ ਜੇ ਗਿਨੇ ਬੀਤਰਾਗ ਤੇ ਲੋਗ।

(ਅਧਿਆਤਮਕ ਪ੍ਰਕਾਸ਼)

ਇਹ ਅਸਲ ਉੱਤਮ ਵੈਰਾਗ ਹੈ।

ਖਟ ਸੰਪਤੀ

ਸਮ, ਦਮ, ਸਰਧਾ ਤੀਸਰੀ ਸਮਾਧਾਨ ਉਪਰਾਮ। ਛਠੀ ਤਿਤਿਕਸ਼ਾ ਜਾਣੀਏ ਭਿੰਨ ਭਿੰਨ ਇਹ ਨਾਮ।

ਸਮ: ਜੋ ਮਨ ਨੂੰ ਸਮੂੰਹ ਵਿਸ਼ਿਆਂ ਵਲੋਂ ਰੋਕਣਾ ਹੈ ਇਸ ਦਾ ਨਾਮ ਧੀਰਜਵਾਨ ਪੁਰਸ਼ 'ਸਮ' ਕਹਿੰਦੇ ਹਨ।

ਦਮ: ਸਮੂੰਹ ਇੰਦ੍ਰੀਆਂ ਦਾ ਦਮਨ ਕਰਨਾ ਇਸ ਦਾ ਨਾਮ 'ਦਮ' ਹੈ।

ਯਥਾ: ਮਨ ਵਿਖਯਨ ਤੇ ਰੋਕਨੋ ਸਮ ਤਿਹ ਕਹਤ ਸਧੀਰ। ਇੰਦ੍ਰਿਯ ਗਨ ਕੋ ਰੋਕਨੋ ਦਮ ਭਾਖਤ ਬੁਧ ਧੀਰ।

ਸਰਧਾ: ਪੂਰਨ ਸ਼ਰਧਾ ਧਾਰ ਕੇ ਗੁਰੂ ਤੇ ਬੇਦ ਬਚਨਾਂ ਨੂੰ ਨਿਸਚੇ ਨਾਲ ਸਤ ਜਾਨਣਾ।

ਸਮਾਧਾਨ: ਮਨ ਦੀ ਸਾਰੀ ਵਿਖਛੇਪਤਾ ਦੂਰ ਹੋਣੀ ਇਸ ਨੂੰ ਸਮਾਧਨਾ ਕਹੀਦਾ ਹੈ। ਭਾਵ ਚਿੱਤ ਦੀ ਇਕਾਗਰਤਾ:

ਸਤਯ ਵੇਦ ਗੁਰ ਵਾਕਯ ਹੈ ਸ਼ਰਧਾ ਅਸਵਿਸ੍ਵਾਸ। ਸਮਾਧਾਨ ਤਾਂ ਕੂੰ ਕਹਤ ਮਨ ਵਿਛੇਪ ਕੋ ਨਾਸ।

ਉਪਰਾਮ: (ਸਾਧਨਾ) ਵਿਧੀਆਂ ਦੇ ਸਹਿਤ ਜੱਗ ਆਦਿਕ ਸਾਰੇ ਕਰਮਾਂ ਦਾ ਤਿਆਗ ਕਰਨਾ ਅਤੇ ਵਿਹੁ ਦੇ ਸਮਾਨ ਜਾਣ ਕੇ ਵਿਸ਼ਿਆਂ ਤੋਂ ਦੂਰ ਰਹਿਣਾ। ਨੇਤ੍ਰਾਂ ਦੁਆਰਾਂ ਇਸਤ੍ਰੀ ਨੂੰ ਦੇਖ ਕੇ ਹਿਰਦੇ ਵਿੱਚ ਅਵਸਥਾ ਅਨੁਸਾਰ ਮਾਂ ਭੈਣ ਤੇ ਪੁੱਤਰੀ ਦੀ ਭਾਵਨਾ ਹੋਣੀ, ਇਹ ਉਪਰਾਮਤਾ ਦੇ ਲੱਛਣ ਹਨ।

ਯਥਾ: ਸਾਧਨ ਸਹਿਤ ਕਰਮ ਸਭ ਤਿਆਗੈ। ਲਖ ਵਿਖ ਸਮ ਵਿਖਯਨ ਤੇ ਭਾਗੈ।

ਦ੍ਰਿਗ ਨਾਰੀ ਲਖ ਹੈ ਜਿਯ ਗਿਲਾਨਾ। ਇਹ ਲੱਛਨ ਉਪਰਾਮ ਬਖਾਨਾ।

ਤਤਿੱਖਸ਼ਾ: ਆਪਣੇ ਸਰੀਰ ਤੇ ਗ਼ਰਮੀ, ਸਰਦੀ, ਭੁੱਖ, ਪਿਆਸ ਨੂੰ ਸਹਾਰ ਕੇ ਕਠਨ ਤਪਸਿਆ ਕਰਣੀ ਵਿਦਵਾਨ ਤੇ ਪੰਡਤ ਇਸ ਨੂੰ ਤਤਿੱਖਸ਼ਾ ਕਹਿੰਦੇ ਹਨ।

ਮੋਖ ਇੱਛਾ

ਸੰਸਾਰ ਦੁੱਖ ਦੀ ਨਵਿਰਤੀ ਅਤੇ ਪ੍ਰਮਾਨੰਦ ਦੀ ਪ੍ਰਾਪਤੀ ਵਾਲੀ ਇੱਛਾ ਹੋਣੀ ਇਸ ਨੂੰ 'ਮੋਖ ਇੱਛਾ' ਕਹਿੰਦੇ ਹਨ। ਇਉਂ ਪਾਵਨ ਉਪਦੇਸ਼ ਦੁਆਰਾ ਮਾਨੋ ਤਰ ਤੀਬਰ ਵੈਰਾਗ ਦੇ ਦੁੱਧ ਨੂੰ ਹੁਣ ਬਿਬੇਕ ਬੁੱਧੀ ਦੇ ਭਾਂਡੇ ਵਿੱਚ ਪਾ ਕੇ ਗੁਰ ਗਿਆਨ ਵਿਚਾਰ ਦੀ ਜਾਗ ਨਾਲ ਜਮਾ ਦਿੱਤਾ।

ਇਸ ਪ੍ਰਕਾਰ ਪਾਵਨ ਬਚਨਾਂ ਦੁਆਰਾ ਉਪਦੇਸ਼ ਕਰ ਕੇ ਉਸ ਸਮੇਂ ਵੱਡੇ ਬਾਬਾ ਜੀ ਨੇ ਆਪ ਜੀ ਨੂੰ ਪਿਆਰ ਵਿੱਚ ਬੜੇ ਵਰ ਦਿੱਤੇ ਕਿ ਸਾਧਾ! ਤੇਰੀ ਤਾਂ ਪਿਛਲੇ ਜਨਮਾਂ ਦੀ ਬੇਅੰਤ ਕਮਾਈ ਹੈ। ਤੈਂ ਤਾਂ ਬਹੁਤ ਵੱਡਾ ਸਾਧ ਬਣਨਾ ਹੈ। ਸੇਵਾ ਕਰਨ ਵਾਸਤੇ ਰਿੱਧੀਆਂ ਸਿੱਧੀਆਂ ਸਦਾ ਹੁਕਮ ਵਿੱਚ ਰਹਿਣਗੀਆਂ। ਦੁਨੀਆਂਦਾਰਾਂ ਦੀ ਨਿਗਾਹ ਵਿੱਚ ਜੋ ਵੱਡਿਆਂ ਤੋਂ ਵੱਡੇ ਆਦਮੀ ਹਨ ਉਹ ਵੀ ਦਰਸ਼ਨ ਕਰਨ ਵਾਸਤੇ ਪਹਿਲਾਂ ਸਮਾਂ ਮੰਗਿਆ ਕਰਨਗੇ।

ਮਹਾਂਪੁਰਸ਼ਾਂ ਨੂੰ ਤਰੁਠਿਆਂ ਜਾਣ ਕੇ ਆਪ ਜੀ ਨੇ ਅਰਜ਼ ਕੀਤੀ, "ਮਹਾਰਾਜ! ਮੇਰਾ ਤਾਂ ਇਨ੍ਹਾਂ ਰਿੱਧੀਆਂ ਸਿੱਧੀਆਂ ਤੇ ਦੁਨੀਆਂ ਦੇ ਲੋਕਾਂ ਨਾਲ ਕੋਈ ਸੰਬੰਧ ਨਹੀਂ। ਇਹ ਤਾਂ ਪਦਾਰਥ ਰੱਬ ਤੋਂ ਦੂਰ ਲਿਜਾਣ ਵਾਲੇ ਹਨ। ਆਪ ਇਹ ਕ੍ਰਿਪਾ ਕਰੋ ਕਿ ਮੈਨੂੰ ਕਿਸੇ ਸਮੇਂ ਨਾਮ ਨਾ ਭੁਲੇ।"

ਗਦਾਇ ਕੂਇ ਤੁਰਾ ਮਹਿਲ ਬਾਦਸ਼ਾਹੀ ਨੇਸਤ।(ਭਾਈ ਨੰਦ ਨਾਲ ਜੀ)

ਪੰਜਾਬੀ: ਰਾਜ ਤਾਜ ਦੀ ਲੋੜ ਨ ਕੋਈ ਤੇਰੇ ਕੂਚੇ ਦੇ ਭਿਖਾਰੀ ਨੂੰ।

ਤਖ਼ਤ ਬਖ਼ਤ ਵਲ ਮੂਲ ਨ ਵੇਖੇ ਕੀ ਕੀ ਕਰਸੀ ਦੁਨੀਆਂਦਾਰੀ ਨੂੰ।

ਅਥਵਾ: ਦਰਵਾਜ਼ੇ ਤੇਰੇ ਦੇ ਮੰਗਤੇ ਲੋੜ ਨ ਰੱਖਦੇ ਸ਼ਾਹੀ ਦੀ।

ਨਾ ਉਹ ਤਖ਼ਤ ਜੜਾਊ ਲੋਚਨ ਲਾਜ ਨ ਟੋਪੀ ਪਾਈ ਦੀ।

ਸਭ ਤੋਂ ਵੱਡੀ ਘਾਟੇ ਵਾਲੀ ਏਹੋ ਹੀ ਗੱਲ ਹੈ ਜੋ ਨਾਮ ਦਾ ਭੁੱਲਣਾ ਹੈ:

ਸਭੇ ਗਲਾ ਵਿਸਰਨੁ ਇਕੋ ਵਿਸਰਿ ਨਾ ਜਾਉ ॥
ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ ॥ (ਸਿਰੀਰਾਗੁ ਮਃ ੫ - ੪੩)

ਵੱਡੇ ਸੰਤਾਂ ਨੇ ਕਿਹਾ, "ਠੀਕ ਹੈ, ਚਾਹੇ ਪ੍ਰਮੇਸ਼ਰ ਦੀ ਬੰਦਗ਼ੀ ਕਰਨ ਵਾਲੇ ਸਾਧੂ ਤਾਂ ਨਿਰੱਛਤ ਤੇ ਬੇਚਾਹੇ ਹੁੰਦੇ ਹਨ ਪਰ ਫੇਰ ਵੀ ਨਾਮ ਜਪਣ ਵਾਲੇ ਪਾਸ ਰਿੱਧੀਆਂ ਸਿੱਧੀਆਂ ਜ਼ਰੂਰ ਹੀ ਆਉਂਦੀਆਂ ਹਨ ਅਤੇ ਉਹ ਆਪਣਾ ਚਮਤਕਾਰ ਵੀ ਅਵੱਸ਼ ਦਿਖਾਉਂਦੀਆਂ ਹਨ। ਚਾਹੇ ਉਹ ਇਨ੍ਹਾਂ ਤੋਂ ਕੋਈ ਸੇਵਾ ਲਵੇ ਜਾਂ ਨਾ ਲਵੇ ਇਹ ਉਸ ਦੀ ਆਪਣੀ ਮਰਜ਼ੀ ਹੈ। ਪਰ ਇਹ ਸਾਰੇ ਪਦਾਰਥ ਸੰਸਾਰਕ ਪ੍ਰਤਿਸ਼ਟਾ, ਰਿੱਧੀਆਂ ਸਿੱਧੀਆਂ ਦਾ ਚਮਤਕਾਰ ਤੇ ਅਣਡਿੱਠੇ ਸੁਰਗ ਸੁੱਖ ਪ੍ਰਮੇਸ਼ਰ ਪ੍ਰਾਪਤੀ ਦੇ ਰਸਤੇ ਰੋਕਾਂ ਪਾਉਂਦੇ ਹਨ। ਕਈ ਤਾਂ ਇਨ੍ਹਾਂ ਵਿੱਚ ਹੀ ਫਸ ਕੇ ਅਧਵਾਟੇ ਰੁਕ ਜਾਂਦੇ ਹਨ। ਕੋਈ ਵਿਰਲਾ ਗੁਰਮੁਖ ਇਨ੍ਹਾਂ ਨੂੰ ਲਤਾੜ ਕੇ ਅੱਗੇ ਲੰਘਦਾ ਹੈ।

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥

(ਗਉੜੀ ਸੁਖਮਨੀ ਮਃ ੫ - ੨੬੨)

ਨਾਮ ਨੂੰ ਨਾ ਭੁੱਲਣ ਵਾਲੀ ਮੰਗ ਤਾਂ ਤੁਹਾਡੀ ਪਹਿਲਾਂ ਹੀ ਪੂਰੀ ਹੋ ਚੁਕੀ ਹੈ। ਨਾਮ ਜਪਣ ਵਾਲੇ ਸਾਧੂ ਵਾਸਤੇ ਹੋਰ ਵੀ ਕਈ ਗੱਲਾਂ ਵਲ ਖ਼ਾਸ ਧਿਆਨ ਰੱਖਣਾ ਜ਼ਰੂਰੀ ਹੈ। ਇੱਕ ਤਾਂ ਇਹ ਕਿ ਉਹ ਕਿਸੇ ਵੀ ਮਜ਼ਹਬ ਜਾਂ ਫ਼ਿਰਕੇ ਤੇ ਤਰਕ ਨ ਕਰੇ; ਚਾਹੇ ਉਹ ਹਿੰਦੂ ਹੈ, ਮੁਸਲਮਾਨ, ਸਿੱਖ ਜਾਂ ਈਸਾਈ ਹੈ ਕਿਉਂਕਿ ਰੱਬ ਤਾਂ ਸਭਨਾਂ ਦਾ ਇੱਕੋ ਹੈ ਭਾਵੇਂ ਉਸ ਦੀ ਪ੍ਰਾਪਤੀ ਦੇ ਰਸਤੇ ਵਖੋ ਵੱਖ ਹਨ।

ਯਥਾ: ਮਜ਼ਬ ਨ ਕੋਈ ਰੱਬ ਦਾ ਬੰਦਿਆਂ ਕਰੇ ਈਜਾਦ। ਓਹੀ ਨਜੀਕ ਖੁਦਾਇ ਦੇ ਜੋ ਉਸ ਨੂੰ ਰੱਖਦੇ ਯਾਦ।

ਭਾਵੇਂ ਪੁੱਤਰ ਨੇ ਆਪਣੇ ਪਿਤਾ ਦੀ ਜਾਇਦਾਦ ਦਾ ਮਾਲਕ ਬਣਨਾ ਹੈ ਪਰ ਝਗੜਾ ਚਾਚੇ ਤਾਇਆਂ ਨਾਲ ਵੀ ਨਹੀਂ ਕਰਨਾ।

ਮਤ ਆਪਣੇ ਵਿੱਚ ਨਿਸਚਾ ਰਖੇ। ਮਿਲਾਪ ਹਰ ਇੱਕ ਨਾਲ ਕਰੇ। ਕੀ ਪਤਾ ਕਿ ਪ੍ਰਮੇਸ਼ਰ ਨੂੰ ਕਿਸ ਦੀ ਕ੍ਰਿਆ ਭਾਉਂਦੀ ਹੈ? ਬਾਦਸ਼ਾਹ ਦੀਆਂ ਬੇਅੰਤ ਰਾਣੀਆਂ ਹੁੰਦੀਆ ਹਨ ਪਰ ਰਾਜ ਦਾ ਮਾਲਕ ਉਸੇ ਦਾ ਪੁੱਤਰ ਬਣਦਾ ਹੈ ਜਿਸ ਤੇ ਬਾਦਸ਼ਾਹ ਦੀ ਵਧੇਰੇ ਖੁਸ਼ੀ ਹੋਵੇ:

ਏਕ ਭਾਇ ਦੇਖਉ ਸਭ ਨਾਰੀ ॥ ਕਿਆ ਜਾਨਉ ਸਹ ਕਉਨ ਪਿਆਰੀ ॥੨॥

(ਗਉੜੀ ਭਗਤ ਕਬੀਰ ਜੀ - ੩੨੭)

ਇਸੇ ਤਰ੍ਹਾ ਪ੍ਰਮੇਸ਼ਰ ਵੀ ਅੰਦਰਲੇ ਪ੍ਰੇਮ ਨੂੰ ਦੇਖਦਾ ਹੈ। ਕੇਵਲ ਖ਼ਾਲੀ ਭੇਖ ਤੇ ਨਹੀਂ ਰੀਝਦਾ।

ਉਸ ਤੋਂ ਬਾਅਦ ਭਵਿੱਖਤ ਵਾਰਤਾ ਅਨੁਭਵ ਕਰ ਕੇ ਸੰਤਾਂ ਨੇ ਫੇਰ ਆਖਿਆ ਹੁਣ ਦੋ ਚਾਰ ਵਾਜੇ ਦੀਆਂ ਸੁਰਾਂ ਵੀ ਸਿੱਖ ਲਓ ਅਤੇ ਸਿਮਰਨ ਦੇ ਨਾਲ ਨਾਲ ਧਾਰਮਿਕ ਪੁਸਤਕਾਂ ਦੀ ਵਿਚਾਰ ਵੀ ਜਾਰੀ ਰਖੋ। ਇਹ ਵੀ ਭਜਨ ਰੂਪ ਹੀ ਹੈ ਕਿਉਂਕਿ ਤੁਹਾਡੇ ਪਾਸ ਬੇਅੰਤ ਸੰਗਤਾਂ ਆਇਆ ਕਰਨਗੀਆਂ ਜਿਸ ਕਰ ਕੇ ਉਨ੍ਹਾਂ ਵਿਚਾਰੇ ਹੰਸ ਸ੍ਰੋਤਿਆਂ ਨੂੰ ਮੋਤੀਆਂ ਦੀ ਚੋਗ ਮਿਲ ਸਕੇ।

ਉਸ ਸਮੇਂ ਅਰਦਾਸ ਕਰ ਕੇ ਬਾਬਾ ਜੀ ਨੇ ਵਾਜੇ ਤੇ ਹੱਥ ਰਖਵਾਇਆ ਅਤੇ ਇੱਕ ਦੋ ਸਿੱਧੇ ਸ਼ਬਦ ਕਢਵਾ ਦਿੱਤੇ। ਉਪਰੰਤ ਵੱਡੇ ਸੰਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਥਾ ਨਾਲ ਪਾਠ ਤੇ ਵੇਦਾਂਤ ਦੇ ਗ੍ਰੰਥਾਂ ਦਾ ਅਧਿਐਨ ਕਰਨ ਦੀ ਪ੍ਰੇਰਨਾ ਵੀ ਦਿੱਤੀ। ਫੇਰ ਤਾਂ ਇਲਾਹੀ ਕੀਰਤਨ ਦੇ ਭੰਡਾਰੇ ਖੁੱਲ੍ਹ ਗਏ ਅਤੇ ਵਰਾਂ ਨਾਲ ਨਿਹਾਲ ਕਰ ਦਿੱਤੇ।

ਮਸਤੂਆਣੇ ਵਾਲੇ ਸੰਤਾਂ ਦੇ ਭਵਿੱਖਤ ਵਾਕ

ਇਸੇ ਤਰ੍ਹਾ ਜਦੋਂ ਆਪ ੧੯੮੩ ਬਿਕ੍ਰਮੀ ਦੀ ਵੈਸਾਖੀ ਨੂੰ ਵੱਡੇ ਸੰਤਾਂ ਨਾਲ ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਦੇ ਦਰਸ਼ਨਾਂ ਨੂੰ ਗਏ ਤਾਂ ਦੋਹਾਂ ਵਿਅਕਤੀਆਂ ਨੇ ਆਪਸ ਵਿੱਚ ਮਿਲ ਕੇ ਪਰਸਪਰ ਬੜਾ ਸਨੇਹ ਜਣਾਇਆ। ਕਈ ਦਿਨ ਠਹਿਰੇ (ਇਹ ਸਾਰਾ ਪ੍ਰਸੰਗ ਜੀਵਨ ਗਾਥਾ ਨਾਮੇਂ ਪੁਸਤਕ ਵਿੱਚ ਆ ਚੁੱਕਾ ਹੈ ਜੋ ਇਸੇ ਕਲਮ ਦੀ ਲਿਖੀ ਹੈ।) ਵਾਪਸੀ ਸਮੇਂ ਆਪ ਜੀ ਨੇ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੂੰ ਨਮਸ਼ਕਾਰ ਕੀਤੀ। ਤ੍ਰਿਕਾਲ ਦਰਸ਼ੀ ਮਹਾਂਪੁਰਸ਼ਾਂ ਨੇ ਚੇਹਰੇ ਵਲ ਤੱਕ ਕੇ ਆਪ ਜੀ ਨੂੰ ਬੁੱਕਲ ਵਿੱਚ ਲੈ ਕੇ ਬੜਾ ਪਿਆਰ ਕੀਤਾ। ਸਿਰ ਤੇ ਹੱਥ ਫੇਰਿਆ ਅਤੇ ਬਹੁਤ ਸਾਰੇ ਵਰ ਦਿੱਤੇ ਕਿ ਤੁਸੀਂ ਮਾਲਵੇ ਦੇਸ਼ ਨੂੰ ਗੁਰਮਤਿ ਦਾ ਪ੍ਰਚਾਰ ਕਰ ਕੇ ਅੰਮ੍ਰਿਤ ਛਕਾ ਕੇ ਰੰਗ ਭਾਗ ਲਾਵੋਗੇ। ਨਾਲ ਦੇ ਹੋਰ ਸਾਥੀਆਂ ਨੂੰ ਆਖਿਆ, "ਇਹ ਬੜਾ ਬੇ-ਕੀਮਤਾ ਸੁੱਚਾ ਹੀਰਾ ਹੋਵੇਗਾ। ਇਸ ਦਾ ਦਰਸ਼ਨ ਕਰਨ ਵਾਸਤੇ ਵੱਡੇ ਤੋਂ ਵੱਡੇ ਆਦਮੀਆਂ ਨੂੰ ਵੀ ਪਹਿਲਾਂ ਸਮਾਂ ਮੰਗਣਾ ਪਵੇਗਾ। ਬਹੁਤ ਤੇਜ਼ ਪ੍ਰਤਾਪੀ ਸਾਧੂ ਹੋਣਗੇ।" ਉਪਰੰਤ ਇਹ ਉੱਤਮ ਉਪਦੇਸ਼ ਬਖ਼ਸ਼ਿਆ ਕਿ ਸਾਧੂ ਨੂੰ ਮਾਣ ਪ੍ਰਤਿਸ਼ਟਾ ਪ੍ਰਾਪਤ ਕਰ ਕੇ ਵੀ ਨਿੰਮ੍ਰਤਾ ਵਿੱਚ ਵਰਤਣਾ ਚਾਹੀਦਾ ਹੈ। ਅਸਲ ਵਿੱਚ ਗ਼ਰੀਬੀ ਹੀ ਸਾਧੂ ਦਾ ਸਭ ਤੋਂ ਵੱਡਾ ਭੂਸ਼ਨ ਹੈ। ਉਹ ਸਾਰਿਆਂ ਵਿੱਚ ਇੱਕ ਹੈ ਦੇਖਦੇ ਹਨ।

ਯਥਾ: ਚੋਲਾ ਪਹਿਰ ਗ਼ਰੀਬੀ ਦਾ ਜਗ, ਸੰਤ ਸੁਖਾਲੇ ਹੋਏ। ਨ ਕਿਸੇ ਰੰਜ ਨ ਆਪ ਰੰਜੀਵਨ ਮਰਨ ਥੀ ਆਗੇ ਮੋਏ।
ਨਿੰਦਾ ਕ੍ਰੋਧ ਨੂੰ ਦਈ ਵਿਦੈਗੀ ਬਾਦ ਬਿਬਾਦ ਸਭ ਖੋਏ। ਲਾਲ ਲੱਧਾ ਲੈ ਪਲੇ ਬੱਧਾ ਦਾਸ ਸੇਵਾ ਚਰਨ ਤਿਨ ਧੋਏ।

ਤਥਾ: ਹਰ ਦਮ ਖਾਲਕ ਯਾਦ ਜਿਨ੍ਹਾਂ ਨੂੰ ਕਿਉਂ ਕੱਢਣ ਲੋਕਾਂ ਦੀਆ ਕਾਣਾ।
ਹੱਥ ਜਿਨ੍ਹਾਂ ਦੇ ਪਾਰਸ ਚੜ੍ਹਿਆ ਕਿਉਂ ਮੰਗਣ ਦਾਣਾ ਦਾਣਾ।
ਜੋ ਚਿਤਵਣ ਸੋ ਸਾਹਿਬ ਮੰਨੇ ਸਭ ਕਰੇ ਤਿਨ੍ਹਾਂ ਦਾ ਭਾਣਾ।
ਓਹ ਰੱਬ ਦੇ ਤੇ ਰੱਬ ਉਨ੍ਹਾਂ ਦਾ ਜਿਨ੍ਹਾਂ ਛੱਡਿਆ ਹਭੋ ਮਾਣਾ।

'ਸਾਧ ਬਚਨ ਅਟਲਾਧਾ' ਦੇ ਮਹਾਂਵਾਕ ਅਨੁਸਾਰ ਇਹ ਬਚਨ ਮਹਾਂਪੁਰਸ਼ਾਂ ਦੇ ਪ੍ਰਤੱਖ ਹੀ ਸਿੱਧ ਹੋਏ ਦਿਸਦੇ ਹਨ ਜੋ ਕਿ ਆਪ ਜੀ ਨੂੰ ਸੰਤ ਜੀ ਦੀ ਪ੍ਰਸੰਨਤਾ ਦੁਆਰਾ ਪ੍ਰਾਪਤ ਹੋਏ ਸਨ।

ਬਾਬਾ ਅਤਰ ਸਿੰਘ ਜੀ ਦੇ ਸੱਚਖੰਡ ਪ੍ਰਵੇਸ਼

ਜਦੋਂ ੯ ਮਾਘ ੧੯੮੩ ਬਿਕ੍ਰਮੀ, ਮਾਘ ਵਦੀ ਚੌਥ ਮੁਤਾਬਕ ੨੧ ਜਨਵਰੀ ੧੯੨੭ ਈ. ਸ਼ੁਕਰਵਾਰ ਦਿਨ ਦਾ ਅੰਮ੍ਰਿਤ ਵੇਲਾ ਹੋਇਆ ਤਾਂ ਦਿਲਾਂ ਦਾ ਜਾਨੀ, ਲੋਕ ਪ੍ਰਲੋਕ ਦਾ ਅਸਲੀ ਸੱਜਣ, ਸੱਚੀਆਂ ਪ੍ਰੀਤਾਂ ਦਾ ਵਣਜਾਰਾ ਬਾਬਾ ਅਤਰ ਸਿੰਘ ਜੀ ਪਿਆਰਿਆਂ ਵਿੱਚ ਆਪਣੀ ਜੋਤ ਰੱਖ, ਲੱਖਾਂ ਪ੍ਰਾਣੀਆਂ ਦਾ ਉਧਾਰ ਕਰਦੇ ਹੋਏ ਸਰੀਰ ਕਰ ਕੇ ਸਾਥ ਛੱਡ ਕੇ ਆਪਣੇ ਪਰਮ ਧਾਮ ਸਚਖੰਡ ਜਾ ਬਿਰਾਜੇ। ਉਸ ਸਮੇਂ ਵਿਛੋੜੇ ਦੇ ਅਸਹਿ ਦੁੱਖ ਨਾਲ ਜੋ ਵਿਯੋਗੀ ਪ੍ਰੇਮੀ ਹਿਰਦਿਆਂ ਦੀ ਦਰਦਨਾਕ ਹਾਲਤ ਹੋਈ ਉਸ ਦਾ ਸਹੀ ਰੂਪ ਵਿੱਚ ਓਹੋ ਹੀ ਅਨੁਭਵ ਕਰ ਸਕਦਾ ਹੈ ਜਿਸ ਨੂੰ ਇਹ ਵਾਪਰੀ ਹੋਵੇ। ਬੇ ਜ਼ੁਬਾਨ ਕਾਨੀ ਨਹੀਂ ਲਿਖ ਸਕਦੀ:

ਯਥਾ:

ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥

(ਬਿਲਾਵਲ ਮਃ ੪ - ੮੩੬)

ਸਾਰੇ ਰਾਮਪੁਰ ਨਗਰ, ਦੋਰਾਹਾ ਮੰਡੀ, ਲੁਧਿਆਣਾ ਸ਼ਹਿਰ ਤੇ ਹੋਰ ਦੂਰ ਦੁਰੇਡੇ ਇਲਾਕੇ ਵਿੱਚ ਸਨਾਟਾ ਛਾ ਗਿਆ। ਸ਼ਰਧਾਲੂ ਪ੍ਰੇਮੀਆਂ ਦੇ ਹਿਰਦੇ ਭਾਰੀ ਸੱਟ ਵੱਜੀ। ਕਈ ਤਾਂ ਸੁਣਨ ਸਾਰ ਬੇਹੋਸ਼ ਹੋ ਕੇ ਡਿੱਗ ਪਏ। ਇਸੇ ਤਰ੍ਹਾਂ

ਸੰਤ ਮਹਾਰਾਜ ਜੀ ਦੇ ਗੜਵਈ ਹਜ਼ੂਰੀਏ ਸੇਵਾਦਾਰ ਸੰਤ ਈਸ਼ਰ ਸਿੰਘ ਜੀ (ਜਿਨ੍ਹਾਂ ਨੂੰ ਸੰਗਤ ਬੜੀ ਭਾਵਨਾ ਨਾਲ ਛੋਟੇ ਸੰਤ ਆਖਿਆ ਕਰਦੀ ਸੀ ਤੇ ਕਈ ਸ਼ਰਧਾਲੂ ਪ੍ਰੇਮੀਆਂ ਦਾ ਇਹ ਵੀ ਪੂਰਨ ਨਿਸਚਾ ਸੀ ਕਿ ਇਨ੍ਹਾ ਦੀ ਨੀਵੀਂ ਨਿਗ੍ਹਾ ਤੇ ਧਾਰਨ ਕੀਤੀ ਹੋਈ ਚੁੱਪ ਜ਼ਰੂਰ ਹੀ ਕਦੇ ਰੰਗ ਲਾਏਗੀ) ਦੀ ਹਾਲਤ ਤਾਂ ਇਸ ਸਮੇਂ ਕਥਨ ਕਹਿਣ ਤੋਂ ਬਾਹਰ ਸੀ; ਜਿਨ੍ਹਾਂ ਲਈ ਜੀਵਨ ਦੀ ਪੂੰਜੀ, ਜ਼ਿੰਦਗੀ ਦਾ ਸਹਾਰਾ, ਗੁਰੂ ਦਾ ਸ਼ਬਦ ਜਾਂ ਮਹਾਂਪੁਰਸ਼ਾਂ ਦੇ ਦਰਸ਼ਨ ਹੀ ਸਨ। ਉਨ੍ਹਾਂ ਦੇ ਅਲੋਪ ਹੋਇਆਂ ਮਨ ਵਿੱਚ ਇਉ ਘਬਰਾਹਟ ਤੇ ਬਿਹਬਲਤਾ ਹੋ ਗਈ ਜਿਵੇਂ ਮੱਛੀ ਦੀ ਪਾਣੀ ਤੋਂ ਬਾਹਰ ਆ ਕੇ ਹੁੰਦੀ ਹੈ।

ਕੁੱਝ ਸਮਾਂ ਪ੍ਰੀਤਮ ਦੀ ਪਿਆਰੀ ਧਰਤੀ ਦੀ ਮਿੱਟੀ ਚੁੰਮੀ ਪਰ ਉਹ ਸੁਆਦ ਉਹ ਰਸ ਨਾ ਆਇਆ ਜੋ ਮੌਜੂਦਗੀ 'ਚ ਆਇਆ ਕਰਦਾ ਸੀ। ਗੋਖੇ ਦੀ ਛੱਪੜੀ ਦੀਦਾਰ ਨੂੰ ਤਰਸਦੀ। ਬਾਹਰਲੀ ਬਗੀਚੀ ਪਿਆਰੇ ਦਾ ਰਾਹ ਦੇਖਦੀ। ਕਨੇਚ ਦੀ ਖੂਹੀ ਪਿਆਸੇ ਰਾਹੀਆਂ ਨੂੰ ਰੋਕਦੀ ਕਿ ਇਸਦਾ ਸੀਤਲ ਜਲ ਕਿਸੇ ਪ੍ਰਮਰਥੀ ਪਾਂਧੀ ਲਈ ਸਾਂਭ ਕੇ ਰੱਖਿਆ ਹੈ। ਪਹਿਲਾਂ ਉਸ ਨੂੰ ਪਿਲਾ ਕੇ ਫਿਰ ਤੁਹਾਨੂੰ ਪਾਨ ਕਰਾਵਾਂਗੀ।

ਆਪ ਜੀ ਦੀ ਜੋ ਹਾਲਤ ਹੋਈ ਉਹ ਨਿਮਾਣੀ ਕਲਮ ਦੱਸ ਨਹੀਂ ਸਕਦੀ। ਜਿਵੇਂ ਸੱਪ ਦੀ ਅਮੋਲਕ ਕੀਮਤੀ ਮਣੀ ਗੁਆਚ ਜਾਵੇ ਜਾਂ ਚਕੋਰਾਂ ਦਾ ਚੰਦ੍ਰਮਾ ਅਲੋਪ ਹੋ ਜਾਵੇ। ਕਮਲ ਬਗੈਰ ਭੌਰਾ, ਪਾਣੀ ਤੋਂ ਬਗੈਰ ਮੱਛੀ ਪ੍ਰਾਣ ਤਿਆਗ ਦਿੰਦੀ ਹੈ। ਇਹੋ ਜਿਹੇ ਵਿਅਕਤੀਆਂ ਦੇ ਵਿਯੋਗ ਦਾ ਵਰਣਨ ਕਰਦਿਆਂ ਗੁਸਾਈਂ ਤੁਲਸੀ ਦਾਸ ਜੀ ਫਰਮਾਉਂਦੇ ਹਨ ਕਿ ਇਕਨਾ ਦਾ ਮਿਲਾਪ ਦੁਖਦਾਈ ਹੈ ਅਤੇ ਇਕਨਾ ਦਾ ਵਿਛੋੜਾ ਪਰਾਣ ਬਿਨਾਸਨ ਦਾ ਕਾਰਣ ਬਣ ਜਾਂਦਾ ਹੈ।

ਯਥਾ: ਏਕ ਮਿਲੇ ਦਾਰੁਨ ਦੁੱਖ ਦੇਹੀ। ਬਿਛੁਰਤ ਏਕ ਪ੍ਰਾਣ ਹਰਿ ਲੇਹੀ।

ਮੱਛੀ ਨੂੰ ਪਾਣੀ ਦਾ ਵਿਛੋੜਾ ਅਤੇ ਪਤੰਗੇ ਨੂੰ ਦੀਵੇ ਦਾ ਮਿਲਾਪ ਮੌਤ ਦਾ ਕਾਰਣ ਹੈ। ਆਪ ਜੀ ਅੱਠੇ ਪਹਿਰ ਪਿਆਰੇ ਦੀ ਯਾਦ ਵਿੱਚ ਗੁੰਮ ਰਹਿੰਦੇ। ਨੇਤਰਾਂ 'ਚੋਂ ਜਲ ਚਲਣਾ, ਚੇਹਰੇ ਦੀ ਪਿਲੱਤਣ ਤਾਂ ਤਾਜ਼ੀ ਪੀਸੀ ਹਲਦੀ ਨੂੰ ਮਾਤ ਪਾਉਂਦੀ। ਘੱਟ ਬੋਲਣਾ, ਘੱਟ ਖਾਣਾ ਅਤੇ ਚੁੱਪ ਰਹਿਣਾ। ਜਿਵੇਂ ਕਿਸੇ ਮੁਸਲਮਾਨ ਫ਼ਕੀਰ ਨੇ ਪ੍ਰੀਤਮ ਵਿਯੋਗੀ ਦੀਆਂ ਨੌਂ ਨਿਸ਼ਾਨੀਆਂ ਕਥਨ ਕੀਤੀਆਂ ਹਨ:

ਯਥਾ: ਆਸ਼ਕਾਰਾ ਨਵ ਨਿਸ਼ਾਨੀ ਐ ਪਿਸਰ! ਆਹ ਸਰਦੋ, ਰੰਗ ਜ਼ਰਦੋ, ਚਸ਼ਮੋ ਤਰ।

ਕਮ ਖੁਰਦਨੋ, ਕਮ ਗੁਫ਼ਤਮੋ, ਖੁਵਾਸ਼ੇ ਹਰਾਮ। ਇੰਤਜ਼ਾਰੀ, ਬੇਕਰਾਰੀ, ਦਸਤ ਸਰ।

ਇੱਕ ਥਾਂ ਤੇ ਬੈਠਿਆਂ ਕਿਤਨਾ ਕਿਤਨਾ ਸਮਾਂ ਬਤੀਤ ਹੋ ਜਾਂਦਾ। ਕਦੇ ਕਦੇ ਅੱਭੜਵਾਹੇ ਉੱਠ ਕੇ ਗੋਖੇ ਦੀ ਛੱਪੜੀ ਵੱਲ ਤੁਰ ਪੈਣਾ। ਪਿਆਰੇ ਦੇ ਸਾਥੀ ਬੂਟਿਆਂ ਤੋਂ ਪੁੱਛਣਾ। ਰਾਹਾਂ ਦੇ ਕੰਡਿਆਂ ਤੋਂ ਕਨਸੋ ਲੈਣੀ। ਬਗ਼ੀਚੀ ਦੇ ਫ਼ੁੱਲਾਂ ਪਾਸ ਰੁਕਣਾ। ਉਨ੍ਹਾਂ ਦੀਆਂ ਕੋਮਲ ਪੱਤੀਆਂ 'ਚੋਂ ਕੁੱਝ ਲੱਭਣਾ ਪਰ ਮਨ ਅਸੰਤੁਸ਼ਟ ਰਹਿੰਦਾ। ਸਰੀਰ ਇਤਨਾ ਕਮਜ਼ੋਰ ਹੋ ਗਿਆ ਕਿ ਮਾਨੋ ਵੈਰਾਗ ਨੇ ਹੀ ਆਪਣੀ ਪ੍ਰਤੱਖ ਮੂਰਤੀ ਧਾਰਨ ਕੀਤੀ ਹੈ। ਦੇਖਣ ਵਾਲਿਆਂ ਦੇ ਅੰਦਰੋਂ ਹੀ ਵੈਰਾਗ ਉਪਜਦਾ, ਸੰਸਾਰ ਝੂਠਾ ਜਾਪਦਾ, ਨਾਮ ਵਿੱਚ ਲਿਵ ਜੁੜਦੀ। ਏਹੋ ਹੀ ਅਸਲੀ ਰੱਬੀ ਆਸ਼ਕਾਂ ਦੀ ਨਿਸ਼ਾਨੀ ਹੈ। ਯਥਾ:

ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥੨॥ *(ਗੂਜਰੀ ਵਾਰ-੨ ਮਃ ੫ - ੫੨੦)*

ਭਾਵੇਂ ਮਨ ਵਿੱਚ ਗਿਆਨ ਹੈ ਪਰ ਇਹ ਫੋਕਾ ਕਿਤਾਬੀ ਘੋਟਾ ਘਾਟੀ ਤੇ ਖ਼ੁਸ਼ਕ ਵੇਦਾਂਤੀਆਂ ਵਾਲਾ ਗਿਆਨ ਨਹੀਂ। ਪ੍ਰੇਮ ਦੇ ਸਹਿਤ ਅਸਲੀ ਗਿਆਨ ਹੈ। ਗਿਆਨ ਦਾ ਅਸਲੀ ਸਰੂਪ ਹੀ ਪ੍ਰੇਮ ਦੇ ਸਹਿਤ ਹੋਣਾ ਹੈ। ਆਪਣੇ ਪ੍ਰੀਤਮ ਤੋਂ ਵਿਛੜ ਕੇ ਮਨ ਪ੍ਰੇਮ ਵਿੱਚ ਦ੍ਰਵੀਭੂਤ ਹੋ ਕੇ ਤੜਫ ਉੱਠੇ।

ਇਉਂ ਵੱਡੇ ਮਹਾਂਪੁਰਸ਼ਾਂ ਦੇ ਸਰੀਰ ਅਲੋਪ ਹੁੰਦਿਆਂ ਸਰੀਰਕ ਪਿਆਰ ਦੀ ਵੇਦਨਾ ਆਪਣੇ ਜੋਬਨ ਤੇ ਆ ਪ੍ਰਗਟੀ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥ *(ਵਾਰ-ਸਿਰੀਰਾਗੁ ਮਃ ੨ - ੮੩)*

ਦੇ ਬਿਰਹੋ ਪ੍ਰੋਏ ਨਾਦ ਗਗਨ ਮੰਡਲ ਵਿੱਚੋਂ ਸਰੀਰ ਨੂੰ ਮੂਰਛਿਤ ਕਰਦੇ ਅਤੇ ਬਿਰਹੋ ਦੀ ਝੀਣੀ ਬਾਣ ਆਪਣੇ ਆਪ ਤੇ ਨਿੱਕਲ ਕੇ ਫੈਲ ਗਈ ਸਾਰੇ ਸੰਸਾਰ ਵਿੱਚ, ਬਣਾਂ ਦੇ ਪੰਖੇਰੂਆਂ ਵਿੱਚ, ਸੂਰਜ ਦੀਆਂ ਰਿਸ਼ਮਾਂ ਵਿੱਚ, ਚੰਦ ਦੀ ਚਾਂਦਨੀ ਵਿੱਚ, ਇੱਕ ਇੱਕ ਅਣੂ ਵਿੱਚ ਬਿਰਹੋ ਕੁੱਠੀ ਰੂਹ ਦੀ ਚੀਸ ਨਾਲ ਸਾਰਾ ਬ੍ਰਹਮੰਡ ਕੁਰਲਾ ਉਠਿਆ। ਝਾਤਾਂ ਪੈਣ, ਭੁਲੇਖੇ ਪੈਣ, ਪਰ ਹੱਥ ਕੁੱਝ ਨਾ ਆਵੇ। ਸੁਪਨਿਆਂ ਵਿੱਚ ਆਵੇ, ਪਰ ਨਿਰਾ ਨੂਰ ਹੀ ਨੂਰ। ਬਾਹਾਂ ਕੁਲਾਵਾ ਭਰਨ ਲਈ ਬਿਹਵਲ ਹੋਵਣ, ਪਰ ਨੂਰ ਨੂੰ ਛੋਹ ਨਾ ਸਕਣ। ਆਵਾਜ਼ ਸੁਣੇ 'ਜੇ ਮਿਲਣਾ ਈ, ਤਾਂ ਨਿਰਾ ਨੂਰ ਹੋ ਜਾ। ਮਿੱਟੀ ਦੀ ਮੜੋਲੀ ਵਿੱਚ ਪਹਿਲਾਂ ਜਗਮਗਾ, ਫੇਰ ਸਰਬ ਪਸਰੇ ਪਸਾਰੇ ਵਿੱਚ ਲੀਨ ਹੋ ਜਾ ਤੇ ਸਮੁੱਚੇ ਨੂੰ ਨੂਰ ਬਣਾ ਕੇ ਇਕੋ ਸਤਾ ਵਿੱਚ ਨੂਰ

ਬਣ ਕੇ ਸਮਾ ਜਾ। ਫਿਰ ਬਿਰਹੋ ਨਹੀਂ ਸਦੀਵੀ ਮੇਲ ਹੀ ਮੇਲ ਰਹੇਗਾ।' ਹੱਕ ਆਵਾਜ਼ ਦੀ ਗੂੰਜ ਸਰਵਣ ਕੀਤੀ। ਬਿਰਹੋ ਸ਼ਕਤੀ ਦਾ ਰੁਖ ਬਦਲਿਆ। ਸੰਤ ਕਿਸ਼ਨ ਸਿੰਘ ਜੀ ਜੋ ਇਨ੍ਹਾਂ ਸੰਤਾਂ ਨਾਲ ਪੂਰਨ ਤੌਰ ਤੇ ਇਸ ਤਰ੍ਹਾਂ ਰਲੇ ਮਿਲੇ ਸਨ ਜਿਵੇਂ ਦੁੱਧ ਅਤੇ ਪਾਣੀ ਇੱਕ ਰੂਪ ਹੋ ਜਾਂਦਾ ਹੈ। ਪਾਣੀ ਵਿੱਚ ਪਰਉਪਕਾਰ ਪਨਾ ਦੁੱਧ ਤੋਂ ਵਧੇਰੇ ਹੈ। ਜਦੋਂ ਦੁੱਧ ਅਗਨ ਦੇ ਤਾਉ ਸਹਿੰਦਾ ਹਾਲੋ ਬੇਹਾਲ ਹੋ ਜਾਂਦਾ ਹੈ ਤਾਂ ਪਾਣੀ ਦੁੱਧ ਨੂੰ ਬਚਾਉਣ ਹਿੱਤ ਆਪਣਾ ਆਪ ਭਾਫ਼ ਬਣ ਕੇ ਅਸਮਾਨਾਂ ਵਿੱਚ ਗੁੰਮ ਹੋ ਜਾਂਦਾ ਹੈ ਪਰ ਦੁੱਧ ਨੂੰ ਆਂਚ ਨਹੀਂ ਲੱਗਣ ਦਿੰਦਾ।

ਵੈਰਾਗ ਦਾ ਜੋਗ

ਏਹੋ ਹੀ ਅਸਲੀ ਜੋਗ ਹੈ ਜਿਵੇਂ ਭਗਵਾਨ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਗੋਪੀਆਂ ਨੇ ਧਾਰਨ ਕੀਤਾ। ਗੋਪੀਆਂ ਦੀਆਂ ਅੱਖਾਂ ਭਗਵਾਨ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਜੋਗ ਕਮਾਉਂਦੀਆਂ ਹਨ।

ਸਿਤੱਤਾ ਬਿਭੂਤ ਅਤੇ ਮੇਖਲੀ ਨਿਮੇਖ ਸੰਦੀ, ਅੰਜਨ ਦੀ ਸੇਲੀ ਦਾ ਸੁਭਾਵ ਸ਼ੁਭ ਭਾਖਣਾ।

ਭਗਵਾ ਸੁ ਵੇਸ ਸਾਡੇ ਨੈਨਾਂ ਦੀ ਲਿਲਾਈ ਸਹੀਓ, ਯਾਰੜੇ ਦਾ ਧਿਆਨ ਇਹੋ ਕੰਦ ਮੂਲ ਚਾਖਣਾ।

ਰੋਦਨ ਦਾ ਮੱਜਨ ਸੁ ਪੁੜੀ ਪੜ੍ਹ ਗੀਤ ਗੀਤਾ, ਦੇਖਣ ਕੀ ਭਿੱਛਿਆ ਧਿਆਨ ਧੂੰਆਂ ਬਾਲ ਰਾਖਣਾ।

ਅਲੀ ਇਨ੍ਹਾਂ ਗੋਪੀਆਂ ਦੀਆਂ ਅੱਖੀਆਂ ਦਾ ਜੋਗ ਸਾਰਾ, ਨੰਦ ਦੇ ਕੁਮਾਰ ਨੂੰ ਜ਼ਰੂਰ ਜਾਇ ਆਖਣਾ।

ਅਰਥਾਤ ਜੋਗਨ ਅੱਖੀਆਂ ਨੇ ਚਟਿਆਈ ਭਾਵ ਸਫੈਦੀ ਦੀ ਬਿਭੂਤ ਮਲੀ ਹੈ। ਪਲਕਾਂ ਦੀ ਗੋਦੜੀ ਹੈ, ਸੁਰਮੇ ਦੇ ਡੋਰੇ ਸੇਲੀਆਂ ਪਾਈਆਂ ਹਨ। ਅੱਖਾਂ ਦੀ ਲਾਲੀ ਹੀ ਸਾਡਾ ਭਗਵਾਂ ਭੇਸ ਹੈ। ਜੋ ਮਿਤ੍ਰ ਅਰਥਾਤ ਕਾਨ੍ਹ ਦਾ ਧਿਆਨ ਕਰਨਾ ਹੈ ਇਹੋ ਹੀ ਜੰਗਲੀ ਫ਼ਲਾਂ ਦਾ ਅਹਾਰ ਹੈ। ਜੋ ਵੈਰਾਗ ਵਿੱਚ ਰੋਣਾ ਧੋਣਾ ਹੈ ਇਹ ਇਸ਼ਨਾਨ ਹੈ, ਧੀਰੀਆਂ ਹੀ ਪਾਸ ਪਾਤਰ ਹੈ। ਗੀਤ ਗਾਉਣੇ ਹੀ ਗੀਤਾ ਪੜ੍ਹਨੀ ਹੈ। ਦਰਸ਼ਨ ਕਰਨੇ ਹੀ ਭਿਛਿਆ ਹੈ। ਧਿਆਨ ਕਰਨ ਰੂਪ ਧੂੰਆਂ ਬਾਲਿਆ ਹੈ। ਹੇ ਸਖੀ! ਇਨ੍ਹਾਂ ਗੋਪੀਆਂ ਦੀਆਂ ਅੱਖੀਆਂ ਦਾ ਕ੍ਰਿਸ਼ਨ ਜੀ ਵੱਲ ਜੋ ਧਿਆਨ ਹੈ ਇਹ ਜੋਗ ਨੰਦ ਦੇ ਪੁੱਤਰ ਕ੍ਰਿਸ਼ਨ ਜੀ ਨੂੰ ਜ਼ਰੂਰ ਜਾ ਕੇ ਆਖ ਦੇਣਾ। ਇਸ ਪ੍ਰਕਾਰ ਸੰਤ ਜੀ ਨੇ ਬਿਰਹ ਵਿਯੋਗ ਨੂੰ ਝੱਲ ਕੇ ਬੇਬਸੀ ਨਾਲ ਪੰਜ ਮਹੀਨੇ ਬਤੀਤ ਕੀਤੇ।

ਕਾਂਡ ੫

ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦਾ ਮੁੱਢਲਾ ਸੰਖੇਪ ਜੀਵਨ

ਮਾਲਵੇ ਦਾ ਮਸ਼ਹੂਰ ਇਲਾਕਾ ਜਿਸ ਦਾ ਸਭ ਤੋਂ ਵੱਡਾ ਜੰਕਸ਼ਨ ਬਠਿੰਡਾ ਸ਼ਹਿਰ ਹੈ। ਬਠਿੰਡੇ ਤੋਂ ਇੱਕ ਗੱਡੀ ਛੋਟੀ ਲਾਈਨ ਰਾਜਸਥਾਨ (ਬੀਕਾਨੇਰ) ਨੂੰ ਜਾਂਦੀ ਹੈ। ਹਨੂੰਮਾਨਗੜ੍ਹ ਜੰਕਸ਼ਨ ਤੋਂ ਇੱਕ ਲਾਈਨ ਤਾਂ ਸਿੱਧੀ ਸੂਰਤਗੜ੍ਹ ਨੂੰ ਚਲੀ ਜਾਂਦੀ ਹੈ ਅਤੇ ਦੂਜੀ ਗੰਗਾ ਨਗਰ ਹੋ ਕੇ ਉਸੇ ਵਿੱਚ ਅੱਗੇ ਸੂਰਤਗੜ੍ਹ ਜਾ ਮਿਲਦੀ ਹੈ। ਇਸੇ ਲਾਈਨ ਤੇ ਬਠਿੰਡੇ ਤੋਂ ਡਬਵਾਲੀ ਮੰਡੀ ਰੇਲ ਦਾ ਚੌਥਾ ਸਟੇਸ਼ਨ ਆਉਂਦਾ ਹੈ। ਇਸ ਤੋਂ ਚਾਰ ਕੁ ਮੀਲ ਛਿਪਦੇ ਵਲ ਬਠਿੰਡੇ ਤੋਂ ੨੫ ਮੀਲ ਦੇ ਫਾਸਲੇ ਤੇ ਦੱਖਣ ਵੱਲ ਹਨੂੰਮਾਨਗੜ੍ਹ ਤੋਂ ੫੦ ਮੀਲ ਪਿੱਛੇ ਨੂੰ ਬਠਿੰਡੇ ਵੱਲ ਸਿੱਧੀ ਦੇ ਕੇਂਦਰ ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਤੋਂ ੧੬ ਕੋਹ ਦੱਖਣ ਦਿਸ਼ਾ ਨੂੰ ਇੱਕ ਜੱਟ ਸਿੱਖਾਂ ਦਾ ਨਗਰ ਹੈ, ਜਿਸ ਦਾ ਨਾਮ ਮਸੀਤਾਂ ਵਾਲਾ ਕਹਿੰਦੇ ਹਨ।

ਇਹ ਨਗਰ ਸ਼ੁਰੂ ਤੋਂ ਹੀ ਅੰਗਰੇਜ਼ੀ ਹਕੂਮਤ ਦੇ ਅਧੀਨ ਰਿਹਾ ਹੈ, ਜਿਸ ਨੂੰ ਜ਼ਿਲ੍ਹਾ ਹਿਸਾਰ, ਤਹਿਸੀਲ ਸਰਸਾ (ਹੁਣ ਜ਼ਿਲ੍ਹਾ) ਹੈ। ਛੋਟੀ ਤਹਿਸੀਲ ਡਬਵਾਲੀ ਦੀ ਹੈ। ਇਸ ਨਗਰ ਦਾ ਨਾਮ ਮਸੀਤਾਂ ਕਿਉਂ ਪਿਆ? ਅਜੇ ਇਸ ਗੱਲ ਦੀ ਪੂਰੀ ਖੋਜ ਨਹੀਂ ਮਿਲੀ। ਜਾਂ ਤਾਂ ਕਿਸੇ ਮੁਸਲਮਾਨ ਦਾ ਆਬਾਦ ਕੀਤਾ ਹੋਵੇਗਾ ਜਾਂ ਪਹਿਲਾਂ ਮੁਸਲਮਾਨੀ ਰਾਜ ਸਮੇਂ ਏਥੇ ਕੋਈ ਵੱਡੀ ਮਸੀਤ ਹੋਵੇਗੀ ਜਿਸ ਨੂੰ ਸਮੇਂ ਦੀ ਗਰਦਸ਼ ਨੇ ਢਾਹ ਦਿੱਤਾ ਅਤੇ ਉਸ ਦੇ ਨਾਮ ਤੋਂ ਹੀ ਪਿੰਡ ਦਾ ਨਾਮ ਪੈ ਗਿਆ। ਜਾਂ ਪਹਿਲਾਂ ਕੋਈ ਏਥੇ ਮਸਤ ਫ਼ਕੀਰ ਰਹਿੰਦਾ ਹੋਵੇਗਾ, ਜਿਸ ਦਾ ਹੁਣ ਨਜ਼ਦੀਕ ਹੀ ਮਕਬਰਾ ਬਣਿਆ ਦਿਸ ਰਿਹਾ ਹੈ। ਉਸ ਦੀ ਯਾਦਗਾਰ ਵਿੱਚ ਨਗਰ ਦਾ ਨਾਮ ਮਸੀਤਾਂ ਹੈ। ਇਹ ਰਿਆਸਤ ਬੀਕਾਨੇਰ (ਰਾਜਸਥਾਨ) ਦੀਆਂ ਹੱਦਾਂ ਉੱਪਰ ਹੈ।

ਇਸ ਇਲਾਕੇ ਦੀਆਂ ਖੁੱਲ੍ਹੀਆਂ ਜ਼ਮੀਨਾਂ, ਖੁਸ਼ਹਾਲ ਲੋਕ, ਚੰਗੀਆਂ ਫ਼ਸਲਾਂ ਦਾ ਸਦਕਾ ਮੱਝਾਂ ਗਊਆਂ ਵੀ ਲੋਕ ਆਮ ਰੱਖਦੇ ਹਨ। ਦੁੱਧ ਪੀਂਦੇ ਤੇ ਮੱਖਣ ਖਾਂਦੇ ਹਨ ਜਿਸ ਕਰ ਕੇ ਇਸ ਧਰਤੀ ਦੇ ਵਸਨੀਕਾਂ ਦਾ ਸਰੀਰ ਭੀ ਵੱਡਾ ਡੀਲ ਡੌਲ ਅਤੇ ਚੰਗੇ ਬਲ ਵਾਲਾ ਹੁੰਦਾ ਹੈ। ਭਾਵੇਂ ਇਸ ਨਗਰ ਵਿੱਚ ਹੋਰ ਵੀ ਕੌਮਾਂ ਦੇ ਲੋਕ ਵਸਦੇ ਹਨ, ਪਰ ਬਹੁਤ ਘੱਟ। ਜ਼ਿਆਦਾ ਦਲੇਂ, ਸਰਾਂ ਅਤੇ ਸੀੜ੍ਹੇ ਆਦਿਕ ਗੋਤਾਂ ਦੇ ਜੱਟ ਲੋਕਾਂ ਦਾ ਵਾਸਾ ਹੈ।

ਸੀੜ੍ਹੇ ਗੋਤ ਵਿੱਚੋਂ ਇੱਕ ਧਾਰਮਿਕ ਖ਼ਿਆਲਾਂ ਦਾ ਜ਼ਿਮੀਂਦਾਰ ਘਰਾਣਾ ਕਈ ਪੁਸ਼ਤਾਂ ਤੋਂ ਆਪਣੀ ਖੇਤੀ ਬਾੜੀ ਦਾ ਕੰਮ ਕਰਦਾ ਆ ਰਿਹਾ ਸੀ। ਪਹਿਲਾਂ ਇਸੇ ਕੁਲ ਵਿੱਚ ਸਰਦਾਰ ਗੁਰੀਆ ਸਿੰਘ ਹੋਇਆ ਜਿਨ੍ਹਾਂ ਦੇ ਘਰ ਅੱਗੇ ਸਰਦਾਰ ਰਾਜੂ ਸਿੰਘ ਨੇ ਜਨਮ ਲਿਆ। ਇਹ ਬੜੇ ਚੰਗੇ ਖ਼ਿਆਲਾਂ ਵਾਲੇ ਗੁਰਮੁਖ ਸਨ। ਇਨ੍ਹਾਂ ਦਾ ਸੁਪਤ੍ਰ ਸਰਦਾਰ ਹਰੀ ਸਿੰਘ ਵੀ ਬੜਾ ਧਾਰਮਿਕ ਖ਼ਿਆਲੀ ਮਨੁੱਖ ਸੀ। ਹਰੀ ਸਿੰਘ ਦੇ ਸਪੁੱਤਰ ਅੱਗੇ ਸ. ਮਿਤ ਸਿੰਘ ਜੀ ਹੋਏ। ਉਨ੍ਹਾਂ ਦਾ ਲੜਕਾ ਅੱਗੇ ਗੋਧਾ ਸਿੰਘ ਜੀ ਹੋਇਆ। ਗੋਧਾ ਸਿੰਘ ਦੇ ਘਰ ਅੱਗੋਂ ਸ. ਸੱਦਾ ਸਿੰਘ ਜੀ ਦਾ ਜਨਮ ਹੋਇਆ ਜੋ ਕਿ ਬਹੁਤ ਹੀ ਪਰਉਪਕਾਰੀ, ਨੇਕ ਦਿਲ, ਗ਼ਰੀਬਾਂ ਦਾ ਸਹਾਇਕ ਅਤੇ ਧਾਰਮਿਕ ਖ਼ਿਆਲਾਂ ਦਾ ਸੱਤਵਾਦੀ ਪੁਰਸ਼ ਸੀ; ਜਿਸ ਦੇ ਅੱਗੇ ਪੰਜ ਪੁੱਤਰ ਹੋਏ, ਜਿਨ੍ਹਾਂ ਦੇ ਨਾਮ ਇਹ ਹਨ: ਸ. ਵਜੀਰ ਸਿੰਘ ਜੀ, ਸ. ਦਿਆਲ ਸਿੰਘ ਜੀ, ਸ. ਪਾਲਾ ਸਿੰਘ ਜੀ, ਸ. ਬਾਨਾ ਸਿੰਘ ਜੀ ਅਤੇ ਸ. ਬੱਗਾ ਸਿੰਘ ਜੀ।

ਵਿਚਾਲੜੇ ਸ. ਪਾਲਾ ਸਿੰਘ ਜੀ ਬਹੁਤ ਹੀ ਸੰਤ ਸੇਵੀ ਸਾਧੂ ਸੁਭਾਓ ਅਤੇ ਸਾਦੇ ਖ਼ਿਆਲਾਂ ਵਾਲੇ ਗੁਰਮੁਖ ਸਿੱਖ ਸਨ। ਇਨ੍ਹਾਂ ਦੇ ਘਰ ਵਾਲੀ ਸ੍ਰੀਮਤੀ ਚੰਦ ਕੌਰ (ਜ਼ਿਲ੍ਹਾ ਬਠਿੰਡਾ ਮੌੜ ਮੰਡੀ ਦੇ ਪਾਸ ਪਿੰਡ ਘੁੰਮਣ ਦੇ ਸਰਦਾਰ ਘਰਾਣੇ 'ਚੋਂ) ਪਤੀ ਦੀ ਆਗਿਆਕਾਰੀ, ਸੁਸ਼ੀਲ ਸੁਭਾਓ ਦੀ ਸੀ। ਇਨ੍ਹਾਂ ਦੇ ਘਰ ੧੦ ਪੋਹ ਸੰਮਤ ੧੯੫੭ ਬਿ: ਨੂੰ ਭਾਗਾਂ ਭਰੀ ਪੋਹ ਸੁਦੀ ਸਪਤਮੀ ਦੇ ਸ਼ੁਭ ਦਿਹਾੜੇ ਮੰਗਲਵਾਰ, ਮੁਤਾਬਕ ੨੪ ਦਸੰਬਰ ੧੯੦੦ ਈ. ਵਿੱਚ ਇੱਕ ਬਾਲਕ ਨੇ ਜਨਮ ਲਿਆ। ਇਹ ਹੋਣਹਾਰ ਨੌਨਿਹਾਲ ਦੇ ਜਨਮ ਸਮੇਂ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆ। ਬੜਾ ਪੁੰਨ-ਦਾਨ ਕੀਤਾ। ਵਧਾਈਆਂ ਦੇਣ ਆਇਆਂ ਗ਼ਰੀਬ ਲੋਕਾਂ ਨੂੰ ਮੂੰਹ ਮੰਗਿਆ ਧਨ ਦਿੱਤਾ ਗਿਆ।

ਚਾਲ੍ਹੀ ਦਿਨਾਂ ਤੋਂ ਬਾਅਦ ਸੰਤ ਜੀ ਦੇ ਘਰ ਪਿੰਡ ਮਸੀਤਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਸਹਿਜ ਪਾਠ ਦੇ ਭੋਗ ਉਪਰੰਤ ਸਤਿਗੁਰਾਂ ਅੱਗੇ ਨਾਮ ਸੰਸਕਾਰ ਕਰਨ ਲਈ ਅਰਦਾਸ ਕੀਤੀ ਤਾਂ ਹਜ਼ੂਰ ਦਾ ਇਹ ਪਾਵਨ ਹੁਕਮ ਆਇਆ:

ਜੈਤਸਰੀ ਮਹਲਾ ੫ ॥
ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ ਰਹਾਉ ॥

ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥
ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥
ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ ਓਰਿ ॥
ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥

(ਜੈਤਸਰੀ ਮਃ ੫ - ੭੦੧/੭੦੨)

ਇਸ ਸ਼ਬਦ ਦੇ ਪਹਿਲੇ ਅੱਖਰ ਕੱਕੇ ਤੋਂ ਭੁਝੰਗੀ ਦਾ ਨਾਮ ਕਿਸ਼ਨ ਸਿੰਘ ਰੱਖਿਆ।

ਨਾਨਕਾ ਨਗਰ

ਜਿਸ ਸਮੇਂ ਹਿੰਦੂ ਧਰਮ ਦੇ ਰੱਖਯਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਾਲਵੇ ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਵੱਲ ਜਾ ਰਹੇ ਸਨ ਤਾਂ ਰਸਤੇ ਵਿੱਚ ਬਹੁਤ ਸਾਰੇ ਨਗਰਾਂ ਵਿਖੇ ਚਰਨ ਪਾਏ। ਮਹਾਂ ਕਵੀ ਸੰਤੋਖ ਸਿੰਘ ਜੀ ਨੇ ਗੁਰਪ੍ਰਾਤਪ ਸੂਰਜ ਗ੍ਰੰਥ ਵਿੱਚ ਉਸ ਦੌਰੇ ਦਾ ਇਉਂ ਜ਼ਿਕਰ ਕੀਤਾ ਹੈ:

ਅਨੰਦਪੁਰ ਤੋਂ ਚੱਲ ਕੇ ਮੂਲੋਵਾਲ, ਸੇਖਾ, ਕੱਟੂ, ਫਰਵਾਹੀ, ਹੰਡਿਆਇਆ, ਢਿਲਮ, ਜੋਗਾ, ਰੱਲਾ, ਪੰਧੇਰ, ਅੱਤਲਾ, ਅਲੀ ਸ਼ੇਰ, ਭੀਖੀ, ਭੂਪਾਲ, ਖ਼ਿਆਲਾ, ਬਾਘੇ ਦੀ ਭੈਣੀ, ਡਿਖ, ਮੌੜ ਆਦਿਕ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਦਮਦਮੇ ਸਾਹਿਬ ਪੁਜੇ। ਇਨ੍ਹਾਂ ਸਾਰੇ ਨਗਰਾਂ ਵਿੱਚ ਗੁਰ ਅਸਥਾਨ ਬਣੇ ਹੋਏ ਹਨ। ਜਿੱਥੇ ਵੀ ਸਤਿਗੁਰਾਂ ਦਾ ਡੇਰਾ ਹੁੰਦਾ, ਉਸ ਸਮੇਂ ਇਲਾਕੇ ਦੀ ਸੰਗਤ ਪਿੰਡਾਂ ਦੇ ਪ੍ਰੇਮੀ ਦਰਸ਼ਨਾਂ ਨੂੰ ਆਉਂਦੇ।

ਜਦੋਂ ਮਹਾਰਾਜ ਮੌੜ ਪਹੁੰਚੇ ਸਨ ਤਾਂ ਪਿੰਡ ਤੋਂ ਬਾਹਰ ਇੱਕ ਪੁਰਾਣਾ ਜੰਡ ਸੀ, ਉਸ ਜਗ੍ਹਾ ਡੇਰਾ ਕੀਤਾ। ਹੋਰ ਇਲਾਕੇ ਦੀ ਸੰਗਤ ਨਾਲ ਘੁੰਮਣ ਪਿੰਡ ਦੇ ਪ੍ਰੇਮੀ ਵੀ ਦਰਸ਼ਨਾਂ ਨੂੰ ਆਏ। ਇਹ ਨਗਰ ਮੌੜਾਂ ਤੋਂ ਦੋ ਮੀਲ ਤੇ ਹੈ। ਘੁੰਮਣ ਪਿੰਡ ਦੇ ਵਾਸੀਆਂ ਨਾਲ ਜ਼ਮੀਂਦਾਰ ਘਰਾਣੇ 'ਚ ਗਿੱਲ ਗੋਤ ਦੇ ਬਜ਼ੁਰਗ ਵੀ ਦਰਸ਼ਨਾਂ ਨੂੰ ਆਏ। ਭਾਵਨਾ ਨਾਲ ਮੱਥਾ ਟੇਕਿਆ। ਗੁਰੂ ਕੇ ਲੰਗਰ ਵਾਸਤੇ ਰਸਦਾਂ ਲਿਆਏ। ਸ਼ਰਧਾ ਨਾਲ ਹੱਥੀਂ ਸੇਵਾ ਵੀ ਕੀਤੀ। ਹਜ਼ੂਰ ਦੀ ਰਸਨਾ ਤੋਂ ਪਾਵਨ ਬਚਨ ਸੁਣੇ, ਗੁਰਸਿੱਖੀ ਧਾਰਨ ਕੀਤੀ। ਬਾਅਦ ਵਿੱਚ ਵੀ ਗੁਰੂ ਨਮਿਤ ਦਸਵੰਧ ਕੱਢਦੇ, ਧਰਮ ਕਿਰਤ ਕਰ ਵੰਡ ਛਕਦੇ ਰਹੇ। ਇਉਂ ਇਹ ਗੁਰਸਿੱਖ ਘਰਾਣਾ ਕਈ ਪੁਸ਼ਤਾਂ ਤੱਕ ਵੈਸ਼ਨਵ ਖ਼ਿਆਲੀ ਤੇ ਧਾਰਮਿਕ ਰੁਚੀ ਰਖਦਾ ਹੋਇਆ ਆਪਣੇ ਪ੍ਰਵਾਰ ਦੀ ਪਾਲਣਾ ਕਰਦਾ ਰਿਹਾ ਸੀ।

ਕਈ ਪੀਹੜੀਆਂ ਬਾਅਦ ਇਸ ਘਰਾਣੇ ਵਿੱਚ ਸ. ਮਿੱਤ ਸਿੰਘ ਨਾਮ ਦਾ ਬਜ਼ੁਰਗ ਪੈਦਾ ਹੋਇਆ ਜਿਸ ਦੇ ਘਰ ਬਾਬਾ ਭਾਗ ਸਿੰਘ ਨੇ ਜਨਮ ਲਿਆ। ਭਾਗ ਸਿੰਘ ਦੇ ਘਰ ਬਾਬਾ ਨੌਧਾ ਸਿੰਘ ਦਾ ਜਨਮ ਹੋਇਆ। ਨੌਧਾ ਸਿੰਘ ਦੇ ਘਰ ਸ. ਅਤਰ ਸਿੰਘ ਜੀ ਪ੍ਰਗਟੇ। ਇਨ੍ਹਾਂ ਦੇ ਘਰੋਂ ਵਡਭਾਗਨ ਸ੍ਰੀਮਤੀ ਮਾਤਾ ਭਾਗ ਕੌਰ ਦੀ ਸ੍ਰੇਸ਼ਟ ਕੁਖੋਂ ਹਰੀ ਸਿੰਘ, ਈਸ਼ਰ ਸਿੰਘ ਤੇ ਨਿਹਾਲ ਸਿੰਘ ਤਿੰਨ ਲੜਕੇ ਅਤੇ ਇੱਕ ਸੁਭਾਗ ਬੱਚੀ ਚੰਦ ਕੌਰ ਦਾ ਜਨਮ ਹੋਇਆ। ਤਿੰਨਾਂ ਭਰਾਵਾਂ ਵਾਂਗੂੰ ਇਸ ਕੰਨਿਆਂ ਦੀ ਵੀ ਪ੍ਰੇਮ ਸਤਿਕਾਰ ਨਾਲ ਪਾਲਣਾ ਕੀਤੀ ਗਈ, ਜਿਸ ਦੀ ਜੁਬਾ ਅਵਸਥਾ ਵਿੱਚ ਮਸੀਤਾਂ ਪਿੰਡ ਦੇ ਸਿੱਖ ਘਰਾਣੇ ਦੇ ਬਜ਼ੁਰਗ ਸ. ਪਾਲਾ ਸਿੰਘ ਜੀ ਨਾਲ ਸ਼ਾਦੀ ਹੋਈ।

ਸੰਤ ਜੀ ਦੇ ਨਾਨਕਾ ਪਰਵਾਰ ਦੀ ਬੰਸਾਵਲੀ



ਸੰਤ ਕਿਸ਼ਨ ਸਿੰਘ ਜੀ

(ਰਾੜਾ ਸਾਹਿਬ ਵਾਲੇ)

ਸੰਤ ਮਹਾਰਾਜ ਕਿਸ਼ਨ ਸਿੰਘ ਜੀ ਦੀ ਬਿੰਦੀ ਬੰਸ

ਨਾਮ ਰੱਖਣ ਉਪਰੰਤ ਭਾਰੀ ਯੱਗ ਕੀਤਾ। ਗ਼ਰੀਬ ਗੁਰਬੇ ਪ੍ਰਸੰਨ ਹੋ ਕੇ ਬਾਲਕ ਦੀ ਕੁਸ਼ਲਤਾ ਦੀਆਂ ਅਸੀਸਾਂ ਦੇਂਦੇ ਸਨ। ਇਸ ਸੁਭਾਗ ਜੋੜੀ (ਮਾਤਾ ਚੰਦ ਕੌਰ ਜੀ ਅਤੇ ਪਿਤਾ ਪਾਲਾ ਸਿੰਘ ਜੀ) ਨੇ ਬੱਚੇ ਦੀ ਪਾਲਣਾ ਖ਼ਾਸ ਧਿਆਨ ਦੇ ਕੇ ਬੜੇ ਉਤਸ਼ਾਹ ਨਾਲ ਕੀਤੀ। 'ਹੋਣਹਾਰ ਬਿਰਵਾ ਦੇ ਚਿਕਨੇ ਚਿਕਨੇ ਪਾਤ' ਅਨੁਸਾਰ ਪਿਛਲੇ ਸੰਸਕਾਰਾਂ ਦਾ ਸਦਕਾ ਛੋਟੀ ਉਮਰ ਵਿੱਚ ਹੀ ਗੁਰਮੁਖੀ ਵਿਦਿਆ ਪੜ੍ਹਣ ਦਾ ਸ਼ੌਕ ਜਾਗਿਆ। ਪੰਜਾਬੀ ਦੀ ਪੈਂਤੀ ਅਤੇ ਮੁਹਾਰਨੀ ਤਾਂ ਘਰ ਵਿੱਚ ਹੀ ਚਾਚਾ ਬਾਨਾ ਸਿੰਘ ਜੀ ਪਾਸੋਂ (ਜੋ ਫੌਜੀ ਹੌਲਦਾਰ ਚੰਗੇ ਵਿਦਵਾਨ ਅਤੇ ਹਕੀਮ ਵੀ ਸਨ) ਸਿੱਖੀ । ਫਿਰ ਨਾਲ ਦੇ ਪਿੰਡ 'ਅਲੀਕੇ' ਉਦਾਸੀ ਸੰਤਾਂ ਦੇ ਡੇਰੇ ਪੰਜ ਗ੍ਰੰਥੀ ਤੱਕ ਪੜ੍ਹਾਈ ਕੀਤੀ। ਉਸ ਤੋਂ ਬਾਅਦ ਨਗਰ ਦੇ ਸੰਤਾਂ ਨੂੰ ਪਤਾ ਲੱਗਾ ਜੋ ਕਿ ਇਹ ਵੀ ਉਦਾਸੀ ਹੀ ਸਨ। ਘਰ ਵਿੱਚ ਆ ਕੇ ਸ. ਪਾਲਾ ਸਿੰਘ ਨੂੰ ਕਹਿਣ ਲੱਗੇ, "ਤੁਸੀਂ ਆਪਣੇ ਬੱਚੇ ਨੂੰ ਇਤਨੀ ਦੂਰ ਪੜ੍ਹਣ ਵਾਸਤੇ ਨਾ ਭੇਜਿਆ ਕਰੋ, ਅਸੀਂ ਏਥੇ ਹੀ ਉਸ ਨੂੰ ਬੜੇ ਪਿਆਰ ਨਾਲ ਵਿੱਦਿਆ ਪੜ੍ਹਾਵਾਂਗੇ।" ਮਾਤਾ ਪਿਤਾ ਨੇ ਇਨ੍ਹਾਂ ਦੇ ਕਹੇ ਆਪ ਜੀ ਨੂੰ ਪਿੰਡ ਦੇ ਡੇਰੇ ਵਿੱਚ ਹੀ ਪੜ੍ਹਣੇ ਪਾ ਦਿੱਤਾ। ਇਹ ਦੋਵੇਂ ਮਹਾਂਪੁਰਸ਼ ਗੁਰਮੁਖ ਦਾਸ ਤੇ ਸਰਮੁਖ ਦਾਸ ਅਮਲੂ ਮਹਿਮੇ ਨਗਰ ਦੇ (ਜੋ ਬਠਿੰਡੇ ਤੋਂ ੮ ਮੀਲ ਗੋਨਿਆਣਾ ਮੰਡੀ ਦੇ ਪਾਸ ਹੈ) ਸਕੇ ਭਰਾ ਸਨ। ਚੰਗੇ ਸਿਆਣੇ ਵਿਦਵਾਨ ਅਤੇ ਜੋਤਸ਼ ਦੇ ਵੀ ਜਾਣੂ ਸਨ। ਇਨ੍ਹਾਂ ਦੇ ਮਸਤਕ ਦੇਖ ਕੇ ਜਾਣ ਲਿਆ ਕੋਈ ਚਮਤਕਾਰੀ ਮਹਾਂਪੁਰਸ਼ ਬਣੇਗਾ ਹੱਥਾਂ ਦੀਆਂ ਰੇਖਾ ਉਦਾਰਤਾ ਨੂੰ ਦਰਸਾਉਂਦੀਆਂ ਹਨ। ਬੜੀ ਸ਼ਰਧਾ ਨਾਲ ਸੰਥਾ ਕਰਾਉਂਦੇ। ਆਪ ਜੀ ਨੂੰ ਵੀ ਸੇਵਾ ਦਾ ਸ਼ੁਰੂ ਤੋਂ ਹੀ ਸ਼ੌਕ ਸੀ। ਉਨ੍ਹਾਂ ਸੰਤਾਂ ਦੇ ਰੋਕਦਿਆਂ ਰੋਕਦਿਆਂ ਝਾੜੂ ਅਤੇ ਬਰਤਨਾਂ ਦੀ ਸੇਵਾ ਦਾ ਲਾਭ ਪ੍ਰਾਪਤ ਕਰਦੇ ਰਹਿੰਦੇ।

ਇੱਕ ਹੋਰ ਸੰਤ ਤੋਤਾਰਾਮ (ਜੋ ਇਨ੍ਹਾਂ ਪਾਸ ਹੀ ਰਹਿੰਦਾ ਸੀ) ਉਸ ਦਾ ਤਾਂ ਆਪ ਜੀ ਨਾਲ ਬਹੁਤ ਹੀ ਹਿਤ ਵਧ ਗਿਆ। ਬਾਈ ਵਾਰਾਂ, ਭਗਤ ਬਾਣੀ ਏਥੇ ਪੜ੍ਹੀ ਅਤੇ ਕੁੱਝ ਕੁ (ਕੱਚੀ ਦੀ ਪੜ੍ਹਾਈ) ਲੰਡੇ ਅੱਖਰ ਵੀ ਸਿੱਖੇ। ਉਸ ਤੋਂ ਬਾਅਦ ਘਰ ਵਿੱਚ ਹੀ ਗੁਰਬਾਣੀ ਦੇ ਪਾਠ ਕਰਨ ਦਾ ਅਭਿਆਸ ਆਰੰਭ ਦਿਤਾ। ਰਾਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਪੜ੍ਹਨੀ। ਇਕਾਗਰ ਚਿੱਤ ਮਿਠੀ ਸੁਰ ਰਾਹੇ ਜਾਂਦੇ ਰਾਹੀਆਂ ਨੂੰ ਰੋਕਦੀ। ਬਿਰਧ ਮਾਈ ਭਾਈ ਘਰ ਵਿੱਚ ਇਕੱਤ੍ਰ ਹੋ ਜਾਂਦੇ। ਸੁਰੀਲੀ ਰਸਨਾ ਤੋਂ ਸੁਣ ਕੇ ਸਭਨਾਂ ਦੀਆਂ ਸੁਰਤਾਂ ਜੁੜ ਜਾਂਦੀਆਂ। ਪ੍ਰਸੰਨ ਹੋ ਕੇ ਆਖਣ, "ਇਹ ਤਾਂ ਕੋਈ ਚਮਤਕਾਰੀ ਬਾਲਕ ਹੈ। ਕਿਸੇ ਦਿਨ ਮਾਤਾ ਪਿਤਾ ਦਾ ਨਾਮ ਉੱਜਲਾ ਕਰ ਕੇ ਦੁਨੀਆਂ ਤਾਰੇਗਾ।" ਉਨ੍ਹਾਂ ਨੇ ਵੀ ਆਪਣੇ ਬੱਚੇ ਆਪ ਜੀ ਪਾਸ ਪੜ੍ਹਨ ਵਾਸਤੇ ਭੇਜ ਦੇਣੇ। ਉਨ੍ਹਾਂ ਬੱਚਿਆਂ ਨੂੰ ਪੰਜਾਬੀ ਪੜ੍ਹਾ ਕੇ ਬਾਣੀ ਦੇ ਪਾਠ ਕਰਾਉਣੇ ਤੇ

ਹੋਰ ਚੰਗੀ ਸਿੱਖਿਆ ਦੇਣੀ। ਪਿੰਡ ਵਿੱਚ ਸਕੂਲ ਨਹੀਂ ਸੀ। ਆਪ ਜੀ ਨੇ ਵਿੱਦਿਅਕ ਦਾਨ ਦੀ ਮਹਾਂ ਉਸਾਰੀ ਦੀ ਨੀਂਹ ਏਥੇ ਹੀ ਰੱਖ ਦਿੱਤੀ ਜੋ ਬਾਅਦ ਵਿੱਚ ਸਕੂਲਾਂ ਤੇ ਕਾਲਜਾਂ ਦੇ ਰੂਪ ਵਿੱਚ ਬਦਲ ਗਈ। ਬੱਚਿਆਂ ਦੇ ਮਾਤਾ ਪਿਤਾ ਵੀ ਬਹੁਤ ਪ੍ਰਸੰਨ ਹੁੰਦੇ ਕਿਉਂਕਿ ਉਨ੍ਹਾਂ ਦੀ ਸੰਤਾਨ ਨੂੰ ਪ੍ਰਮਾਰਥ ਦਾ ਸ਼ੌਕ ਜਾਗਦਾ ਅਤੇ ਕੁਸੰਗਤ ਤੋਂ ਬਚਦੇ ਸਨ। ਆਪ ਜੀ ਵੀ ਰੋਜ਼ ਦੇ ਨਿੱਤਨੇਮ ਕੀਤੇ ਬਗ਼ੈਰ ਸਵੇਰ ਦਾ ਪ੍ਰਸ਼ਾਦ ਤੇ ਹੋਰ ਜਲ ਪਾਣੀ ਨਹੀਂ ਸੀ ਛਕਦੇ। ਸ਼ਾਮ ਨੂੰ ਰਹਿਰਾਸ ਸਾਹਿਬ ਜੀ ਦਾ ਪਾਠ ਕਰਨਾ ਅਤੇ ਰਾਤੀਂ ਸੋਹਿਲਾ ਪੜ੍ਹ ਕੇ ਬਿਰਾਜਣਾ। ਸਵੇਰੇ ਵੀ ਘਰ ਦੇ ਸਾਰੇ ਜੀਆਂ ਤੋਂ ਪਹਿਲਾਂ ਜਾਗਣਾ, ਦਾਤਨ ਕਰ ਕੇ ਇਸ਼ਨਾਨ ਕਰਨਾ, ਫੇਰ ਗੁਰਬਾਣੀ ਦਾ ਨਿੱਤਨੇਮ ਉਸ ਤੋਂ ਉਪਰੰਤ ਜੋ ਕੁੱਝ ਘਰ ਵਿੱਚ ਤਿਆਰ ਹੋਣਾ; ਉਹ ਛਕ ਕੇ ਬਾਹਰ ਖੇਤਾਂ ਵਲ ਚਲੇ ਜਾਣਾ। ਉੱਥੇ ਜਾ ਕੇ ਪਿਤਾ ਜੀ ਅਤੇ ਭਰਾਵਾਂ ਨਾਲ ਕੰਮ ਕਰਵਾਉਣਾ। ਪੱਠੇ ਵੱਢਣੇ, ਉਨ੍ਹਾਂ ਦਾ ਟੋਕਾ ਕਰਨਾ, ਪਸ਼ੂਆਂ ਨੂੰ ਪਾਉਣਾ। ਇਉਂ ਹੋਰ ਵੀ ਬਹੁਤ ਸਾਰਾ ਖੇਤੀ ਆਦਿਕ ਦਾ ਕੰਮ ਕਰਵਾਉਣਾ। ਕਈ ਵਾਰੀ ਆਪਣੀ ਮੌਜ ਵਿੱਚ ਹੋਰ ਹਮ ਅਵਸਥਾ ਦੇ ਬੱਚਿਆਂ ਨਾਲ ਦੁਆਪਰ ਯੁਗ ਵਾਲਾ ਨਾਮ ਸਫ਼ਲਾ ਕਰਨ ਵਾਸਤੇ ਗਊਆਂ ਚਾਰਣ ਭੀ ਚਲੇ ਜਾਣਾ। ਸਰੀਰ ਸ਼ੁਰੂ ਤੋਂ ਤਕੜਾ ਤੇ ਬਲੀ ਸੀ।

ਬੀਕਾਨੇਰ ਰਿਆਸਤ ਦੇ ਬਿਰਾਨੇ ਇਲਾਕੇ ਜ਼ਿਲ੍ਹਾ ਸੂਰਤਗੜ੍ਹ ਵਿੱਚ ਤਹਿਸੀਲ ਹਨੂੰਮਾਨਗੜ੍ਹ ਤੋਂ ੧੮ ਮੀਲ ਦੂਰ ਇੱਕ ਸੂਰੇਵਾਲ ਨਾਮ ਦਾ ਨਗਰ ਹੈ। ਇਸ ਤੋਂ ਚਾਰ ਮੀਲਾਂ ਤੇ ਸਿੱਲਵਾਲੀ ਪਿੰਡ ਹੈ, ਜਿਸ ਨੂੰ ਛੋਟੀ ਤਹਿਸੀਲ ਟਿੱਬੀ ਲੱਗਦੀ ਹੈ ਜੋ ਇਸ ਥਾਂ ਤੋਂ ਸਿਰਫ ਚਾਰ ਮੀਲਾਂ ਤੇ ਹੀ ਹੈ। ਭਾਵੇਂ ਸਿੱਲਵਾਲੀ ਵੀ ਛੋਟਾ ਅਤੇ ਵੱਡਾ ਦੋ ਨਾਮ ਦੇ ਨਗਰ ਹਨ, ਪਰ ਦੋਹਾਂ ਦਾ ਫਾਸਲਾ ਇਤਨਾ ਨਜ਼ਦੀਕ ਹੈ ਕਿ ਵਿਚਕਾਰ ਕੇਵਲ ਇੱਕ ਬਰਸਾਤੀ ਨਾਲਾ ਹੀ ਵਗਦਾ ਹੈ ਜੋ ਕਦੇ ਕਦੇ ਬਾਰਸ਼ਾਂ ਦੇ ਸਮੇਂ ਹੀ ਭਰ ਕੇ ਚੱਲਦਾ ਹੈ। ਬਾਕੀ ਸਮੇਂ ਤ੍ਰਿਸ਼ਨਾਲੂ ਪੁਰਸ਼ ਦੇ ਹਿਰਦੇ ਵਾਂਗ ਸੱਖਣਾ ਹੀ ਰਹਿੰਦਾ ਹੈ। ਨਾਮ ਕਰ ਕੇ ਸਿੱਲਵਾਲੀ ਵੱਡੀ ਹੈ ਪਰ ਅਬਾਦੀ ਕਰ ਕੇ ਦੂਜੇ ਨਾਲੋਂ ਘਟ ਹੈ। ਛੋਟੀ ਸਿੱਲਵਾਲੀ ਪਿੰਡ ਵੀ ਦੂਜੇ ਨਾਲੋਂ ਵੱਡਾ ਅਤੇ ਉਥੋਂ ਦੇ ਲੋਕ ਵੀ ਕਾਫ਼ੀ ਸੂਝਵਾਨ। ਏਥੇ ਵੀ ਆਪ ਜੀ ਦੇ ਬਜ਼ੁਰਗਾਂ ਦੀ ਪਹਿਲੇ ਸਮੇਂ ਕਾਫ਼ੀ ਜ਼ਮੀਨ ਸੀ। ਬਾਰਸ਼ਾਂ ਹੋਈਆਂ ਤੋਂ ਆ ਕੇ ਬੀਜ ਜਾਣਾ ਅਤੇ ਫੇਰ ਫਸਲਾਂ ਦੇ ਕੱਟਣ ਸਮੇਂ ਹੀ ਇੱਥੇ ਆਉਣਾ। ਇਉਂ ਖੇਚਲ ਘਟ ਤੇ ਪੈਦਾ ਬਹੁਤੀ। ਆਪ ਜੀ ਏਥੇ ਵੀ ਬਜ਼ੁਰਗਾਂ ਨਾਲ ਆਉਂਦੇ । ਰੁੱਤ ਦਾ ਮੇਵਾ ਰਾਏ ਚਿੱਬੜ ਅਤੇ ਮਤੀਰੇ ਪ੍ਰਸੰਨ ਹੋ ਕੇ ਛਕਦੇ। ਜੰਗਲੀ ਬੇਰ, ਜੰਡਾਂ ਦੇ ਖੋਖੇ, ਬਣਾਂ ਦੇ ਪੀਲੂ, ਕਰੀਰਾਂ ਦੇ ਡੇਲੇ ਖ਼ਾਸ ਕਰ ਕੇ ਏਥੇ ਦਾ ਮੇਵਾ ਸੀ।

ਬਾਰਸ਼ਾਂ ਦੇ ਦਿਨਾਂ ਵਿੱਚ ਤਾਂ ਬੜੀ ਹਰਿਆਵਲਤਾ ਹੁੰਦੀ, ਚੰਗਾ ਦਿਲ ਲੱਗਦਾ। ਅੱਗੇ ਪਿੱਛੇ ਇਥੋਂ ਦੇ ਵਸਨੀਕਾਂ ਨੂੰ; ਜਿਵੇਂ ਅਵੈੜੀ ਇਸਤ੍ਰੀ ਆਪਣੇ ਮਾਲਕ ਨਾਲ ਵਰਤਾਵ ਕਰਦੀ ਹੈ, ਧਰਤੀ ਭਿਆਨਕ ਲੱਗਦੀ। ਉਸ ਸਮੇਂ ਤਾਂ ਪਸ਼ੂਆਂ ਅਤੇ ਬੰਦਿਆਂ ਨੂੰ ਪੀਣ ਵਾਸਤੇ ਪਾਣੀ ਦੀ ਵੀ ਤੰਗੀ ਹੋ ਜਾਂਦੀ ਜਿਸ ਕਰ ਕੇ ਅਉੜ ਵਿੱਚ ਫੇਰ ਇਸੇ ਇਲਾਕੇ ਮਸੀਤਾਂ ਪਿੰਡ ਵਿੱਚ ਆ ਜਾਂਦੇ ਕਿਉਂਕਿ ਇੱਥੇ ਨਹਿਰੀ ਪਾਣੀ ਆਮ ਹੋਣ ਦੇ ਕਾਰਣ ਇਲਾਕਾ ਸਰਸਬਜ਼ ਤੇ ਖੁਸ਼ਹਾਲ ਹੈ।

ਬੀਕਾਨੇਰ ਦਾ ਇਲਾਕਾ

ਨਾ ਪਾਣੀ ਨਾ ਬ੍ਰਿਛ ਹਰਾ, ਕਈ ਰਾਹੀ ਮਰਨ ਤਿਹਾਏ। ਪੰਛੀ ਡਿਗ ਡਿਗ ਤੜਫੀ ਜਾਂਦੇ, ਧੁੱਪ ਨਾਲ ਘਬਰਾਏ।
ਚਾਰ ਚੁਫੇਰੇ ਰੇਤਾ ਤੱਤਾ, ਭਖੇ ਵਾਂਗ ਅੰਗਿਆਰਾਂ। ਜਾਨਵਰਾਂ ਦੇ ਪਿੰਡੇ ਸੜਦੇ, ਰੋ ਰੋ ਕਰਨ ਪੁਕਾਰਾਂ।
ਊਠਾਂ ਉੱਤੇ ਪਾਣੀ ਆਉਂਦਾ ਦੂਰੋਂ ਦੂਰੋਂ ਲਿਆਉਂਦੇ। ਕਈ ਜਗ੍ਹਾ ਤਾਂ ਬਹੁਤੀ ਮੁਸ਼ਕਲ ਪਾਣੀ ਨਹੀਂ ਪਿਆਉਂਦੇ।
ਬਹੁਤੀਆਂ ਗੱਲਾਂ ਦੀ ਲਿਖੀਏ, ਪਬਲਕ ਬੜੀ ਉਖੇਰੀ। ਹਨੇਰ ਧੁੱਪ ਹੋ ਜਾਂਦਾ ਉਦੋਂ, ਵਗਦੀ ਜਦੋਂ ਹਨੇਰੀ।
ਫਸਲਾਂ ਏਥੇ ਬਹੁਤ ਘੱਟ ਸੀ, ਮੋਠ ਬਾਜਰਾ ਖੀਰੇ। ਖਾਣ ਵਾਸਤੇ ਫੁੱਟ ਖੱਖੜੀ, ਚਿੱਬੜ ਅਤੇ ਮਤੀਰੇ।
ਫੋਕ ਚੀਰ ਕੇ ਰੈਤਾ ਪਾਉਂਦੇ ਜਾਂ ਜੰਡਾਂ ਦੀਆਂ ਫ਼ਲੀਆਂ। ਮੋਠ ਬਾਜਰਾ ਖਿਚੜੀ ਮਿਠੀ ਜਿਉਂ ਮਿਸ਼ਰੀ ਦੀਆਂ ਡਲੀਆਂ।
ਆਟਾ ਭੁੰਨ ਵਿੱਚ ਖੱਟੀ ਲੱਸੀ, ਕਹਿਣ ਰਾਬੜੀ ਖਾ ਰੇ! ਸਭ ਤੋਂ ਹੱਛਾ ਖਾਣਾਂ ਏਹੋ, ਖਾਣ ਬਾਗੜੀ ਸਾਰੇ।
ਜੇ ਪੈ ਜਾਂਦੀ ਬਰਖਾ ਤਾਂ ਫਿਰ, ਕਣਕ ਛੋਲੇ ਹੋ ਜਾਂਦੇ। ਨੀਰਾ ਦਾਣਾਂ ਖੁੱਲ੍ਹਾ ਹੋਵੇ, ਕਈ ਸਾਲ ਲੰਘ ਜਾਂਦੇ।

ਇਹੋ ਜਿਹੀ ਖ਼ੁਸ਼ਕ ਰੋਹੀ, ਜਿੱਥੇ ਕੋਹਾਂ ਤੱਕ ਰੇਗਿਸਤਾਨ ਫੈਲਿਆ ਹੈ। ਮਾਰੂਥਲ ਦਾ ਸਾਰਾ ਇਲਾਕਾ ਭੱਠੀ ਦੀ ਰੇਤ ਵਾਂਗ ਸੜ ਰਿਹਾ ਹੈ, ਭਖਲਾਂਦੇ ਹਨ। ਗ਼ਰਮੀ ਕਰ ਕੇ ਹਰਨਾਂ ਦੀਆਂ ਡਾਰਾਂ ਪਾਣੀ ਦੀ ਭਾਲ ਵਿੱਚ ਮੀਲਾਂ ਤੱਕ ਦੌੜ ਰਹੀਆਂ ਹਨ।

ਧਰਤੀ ਬੀਕਾਨੇਰ ਦੀ ਮੌਤ ਡੈਣ ਦੀ ਮਾਂ। ਧੁੱਪਾਂ ਪੈਣ ਬੇਓੜਕਾਂ ਜਿੱਥੇ ਅੰਨ੍ਹਾ ਹੋਵੇ ਕਾਂ।
ਪਾਣੀ ਨਾ ਮਿਲਦਾ ਭਾਲਿਆਂ ਨਾ ਕੋਈ ਸ਼ਹਿਰ ਗਿਰਾਂ। ਉੱਚੇ ਟਿੱਬੇ ਰੇਤ ਦੇ ਕਿਤੇ ਨਾ ਬ੍ਰਿਛ ਦੀ ਛਾਂ।

ਅਜ ਕਲ ਰੋਪੜ ਹੈੱਡ ਤੋਂ ਨਿੱਕਲੀ ਹੋਈ ਨਹਿਰ ਸਰਹੰਦ, ਦੋਰਾਹੇ ਕੋਲ ਗੁੜਥਲੀ ਦੇ ਪੁਲ ਤੇ ਆ ਕੇ ਦੋ ਹਿਸਿਆਂ ਵਿੱਚ ਵੰਡੀ ਜਾਂਦੀ ਹੈ। ਇੱਕ ਸ਼ਾਖ ਤਾਂ ਫਿਰੋਜ਼ਪੁਰ ਨੂੰ ਚਲੀ ਜਾਂਦੀ ਹੈ, ਜਿਸ ਦੀਆਂ ਅੱਗੋਂ ਦੋ ਕੁ ਮੀਲ ਤੇ ਜਾ ਕੇ

ਫੇਰ ਦੋ ਸ਼ਾਖਾਂ ਬਣ ਜਾਂਦੀਆਂ ਹਨ। ਇੱਕ ਸਿੱਧੀ ਫਿਰੋਜ਼ਪੁਰ ਨੂੰ ਨਿੱਕਲ ਜਾਂਦੀ ਹੈ ਅਤੇ ਦੂਜੀ ਰਾੜੇ ਸਾਹਿਬ ਕੋਲੋਂ ਲੰਘਦੀ ਹੋਈ ਬਠਿੰਡੇ ਨੂੰ ਚਲੀ ਜਾਂਦੀ ਹੈ ਅਤੇ ਦੂਜੀ ਸ਼ਾਖ ਗੁੜਥਲੀ ਦੇ ਪੁਲ ਤੋਂ ਸਿੱਧੀ ਨਿੱਕਲ ਜਾਂਦੀ ਹੈ, ਜਿਸ ਨੂੰ ਪਟਿਆਲੇ ਵਾਲੀ ਨਹਿਰ ਕਹਿੰਦੇ ਹਨ। ਇਹ ਵੀ ਅੱਗੇ ਜਾ ਕੇ ਭੁਰਥਲੇ ਦੇ ਮੁਕਾਮ ਤੇ ਵੰਡੀ ਜਾਦੀ ਹੈ ਜਿਸ ਦਾ ਇੱਕ ਹਿੱਸਾ ਤਾਂ ਪਟਿਆਲੇ ਵੱਲ ਚਲਿਆ ਜਾਂਦਾ ਹੈ ਅਤੇ ਦੂਜੀ ਸ਼ਾਖ ਧੂਰੀ ਕੋਲੋਂ ਅੱਗੇ ਸਿੱਧੀ ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਵੱਲ ਨੂੰ ਚਲੀ ਜਾਂਦੀ ਹੈ। ਇਸ ਦੇ ਜੋਧਪੁਰ ਜਾ ਕੇ ਫੇਰ ਦੋ ਹਿੱਸੇ ਹੋ ਜਾਂਦੇ ਹਨ। ਇੱਕ ਤਾਂ ਸਾਬੋ ਕੀ ਤਲਵੰਡੀ ਦਮਦਮੇ ਸਾਹਿਬ ਵਲ ਚਲੀ ਜਾਂਦੀ ਹੈ, ਦੂਜੀ ਸ਼ਾਖ ਦੇਸੂ ਬਖਤੂ ਵਿੱਚੋਂ ਦੀ ਹੁੰਦੀ ਹੋਈ ਮਸੀਤਾਂ ਦੇ ਇਲਾਕੇ ਨੂੰ ਸੈਰਾਬ ਕਰਦੀ ਹੈ। ਇਸ ਦਾ ਸਦਕਾ ਏਥੇ ਚੰਗੀਆਂ ਫਸਲਾਂ ਹੁੰਦੀਆਂ ਹਨ।

ਪਟਿਆਲਾ ਤੋਪਖਾਨੇ ਦੀ ਨੌਕਰੀ

ਪਿੰਡ ਰਹਿੰਦਿਆਂ ਆਪ ਜੀ ਦੀ ਸਤਾਰਾਂ ਅਠਾਰਾਂ ਸਾਲਾਂ ਦੇ ਕਰੀਬ ਆਯੂ ਹੋ ਗਈ। ਉਸ ਸਮੇਂ ੧੯੧੪ ਵਾਲਾ ਜੰਗ ਜ਼ੋਰਾਂ ਤੇ ਸੀ ਤੇ ਜਿਸ ਕਰ ਕੇ ਅੰਗਰੇਜ਼ੀ ਇਲਾਕੇ ਤੇ ਰਿਆਸਤਾਂ ਵਿੱਚ ਭਰਤੀ ਆਮ ਖੁਲ੍ਹੀ ਹੋਈ ਸੀ। ਆਪ ਜੀ ਦੇ ਅੰਦਰ ਵੀ ਦੇਸ਼ ਪਿਆਰ ਦਾ ਜਜ਼ਬਾ ਜਾਗਿਆ। ਪਹਿਲਾਂ ਤਾਂ ਦੋ ਕੁ ਮਹੀਨੇ ਮਨ ਉਪਰਾਮ ਹੋਣ ਦੇ ਕਾਰਣ ਘਰ ਦੇ ਕੰਮ ਕਾਰ ਨੂੰ ਛੱਡ ਬੈਠੇ, ਮਾਤਾ ਪਿਤਾ ਬੁਲਾਉਣ, ਸਰੀਰਕ ਤਕਲੀਫ਼ ਪੁੱਛਣ ਪਰ ਅੱਗੋਂ ਕੋਈ ਉੱਤਰ ਨਾ ਆਵੇ। ਦਿਲ ਦੀਆਂ ਗੁਝੀਆਂ ਪੀੜਾਂ ਦੀ ਮਰਮੀਂ ਕੌਣ ਹੋ ਸਕਦਾ ਹੈ। ਅਖ਼ੀਰ ਇੱਕ ਦਿਨ ਚੁੱਪ ਚੁਪੀਤੇ ਸਵੇਰੇ ਹੀ ਪ੍ਰਵਾਰ ਨੂੰ ਸੁੱਤਿਆਂ ਛੱਡ, ਜਿਵੇਂ ਆਪਣੀ ਮਾਂ ਪਾਸੋਂ ਮਧੂ ਬਨ ਨੂੰ ਤਪੱਸਿਆ ਕਰਨ ਵਾਸਤੇ ਧਰੂ ਭਗਤ ਤੁਰਿਆ ਸੀ, ਡਬਵਾਲੀ ਮੰਡੀ ਆ ਗਏ। ਸਵੇਰੇ ਹੀ ਅੱਠ ਵਜੇ ਵਾਲੀ ਗੱਡੀ ਬਠਿੰਡੇ ਨੂੰ ਜਾਣ ਵਾਸਤੇ ਤਿਆਰ ਸੀ, ਉਸ ਵਿੱਚ ਅਸਵਾਰ ਹੋ ਗਏ। ਆਪਣਾ ਸਫ਼ਰ ਪੂਰਾ ਕਰ ਕੇ ਮੰਜ਼ਲੋ ਮੰਜ਼ਲੀ ਗੱਡੀ ਬਠਿੰਡੇ ਜਾ ਰੁਕੀ।

ਬਠਿੰਡੇ ਜੰਕਸ਼ਨ ਤੇ ਹੀ ਇੱਕ ਭਰਤੀ ਕਰਨ ਵਾਲਾ ਫੌਜੀ ਅਫ਼ਸਰ (ਜੋ ਰਿਆਸਤ ਪਟਿਆਲੇ ਵਲੋਂ ਨੀਅਤ ਕੀਤਾ ਹੋਇਆ ਸੀ ਅਤੇ ਜੁਆਨਾਂ ਨੂੰ ਭਰਤੀ ਹੋਣ ਵਾਸਤੇ ਸਟੇਸ਼ਨ ਤੇ ਖੜਾ ਪ੍ਰੇਰਦਾ ਸੀ) ਇਨ੍ਹਾਂ ਦਾ ਖੁੱਲ੍ਹਾ ਸਰੀਰ, ਚੌੜੀ ਛਾਤੀ, ਭਰਵਾਂ ਕੱਦ ਤੇ ਨੂਰਾਨੀ ਚੇਹਰਾ ਤੱਕ ਕੇ ਪਾਸ ਆਇਆ ਅਤੇ ਕਹਿਣ ਲੱਗਾ ਕਿ ਤੁਸੀਂ ਵੀ ਦੇਸ਼ ਸੇਵਾ ਵਾਸਤੇ ਫੌਜ ਵਿੱਚ ਭਰਤੀ ਹੋ ਜਾਓ। ਸਰਕਾਰ ਵਲੋਂ ਇਨਾਮ ਮਿਲੇਗਾ। ਤਾਂ ਸੁੱਤੇ ਸਿੱਧ ਹੀ ਆਪ ਜੀ ਦੇ ਮੁਖੋਂ 'ਹਾਂ' ਨਿੱਕਲ ਗਈ। ਉਸ ਸਮੇਂ ਆਪ ਜੀ ਦਾ ਨਾਮ ਨੋਟ ਕੀਤਾ ਅਤੇ ਸਰਕਾਰੀ ਹੋਟਲ ਤੋਂ, ਜਿੱਥੋਂ ਹੋਰ ਭਰਤੀ ਹੋਏ ਰੰਗਰੂਟਾਂ ਨੂੰ ਪ੍ਰਸ਼ਾਦਿ ਵਾਸਤੇ ਪ੍ਰਬੰਧ ਸੀ, ਪ੍ਰਸ਼ਾਦ ਛਕਿਆ। ਫੇਰ ਪੰਜ ਸੱਤ ਭਰਤੀ ਹੋਏ ਇਲਾਕੇ ਦੇ ਹੋਰ ਨੌਜੁਆਨ ਦੇਸ਼ ਭਗਤ ਕੌਮੀ ਪਰਵਾਨਿਆਂ ਸਮੇਤ ਆਪ ਨੂੰ ਰੇਲ ਦੇ ਸਪੈਸ਼ਲ ਫੌਜੀ ਡੱਬੇ ਵਿੱਚ ਪਟਿਆਲੇ ਲੈ ਆਂਦਾ ਅਤੇ ਆਪ ਨੇ ਏਥੇ ਤੋਪਖਾਨੇ ਦੀ ਨੌਕਰੀ ਪਸੰਦ ਕੀਤੀ। ਬਾਬਾ ਅਤਰ ਸਿੰਘ ਜੀ ਅਤੇ ਬਾਬਾ ਕਰਮ ਸਿੰਘ ਜੀ ਵਾਂਗੂੰ ਸਭ ਤੋਂ ਸਚਿਆਈ, ਲੋਕ ਭਲਿਆਈ ਅਤੇ ਹੱਕ ਦੀ ਕਮਾਈ ਵਾਲੀ ਮੌਤ ਨੂੰ ਚੇਤੇ ਕਰਵਾਉਣ ਵਾਲੀ, ਨਾਮ ਵਿੱਚ ਜੋੜਨ ਵਾਲੀ ਇਹ ਨੌਕਰੀ ਜਚ ਗਈ।

ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣ ॥ (ਰਾਮਕਲੀ ਵਾਰ-੩ ਬਲਵੰਡਿ ਤੇ ਸਤਾ - ੯੬੮)

ਪਟਿਆਲੇ ਪੁੱਜ ਕੇ ਆਪ ਜੀ ਨੇ ਹੋਰ ਨਵੇਂ ਭਰਤੀ ਹੋਏ ਰੰਗਰੂਟਾਂ ਨਾਲ ਮਿਲ ਕੇ ਰੰਗਰੂਟੀ ਕਰਨੀ ਸ਼ੁਰੂ ਕਰ ਦਿੱਤੀ। ਭਾਵੇਂ ਹੋਰ ਤਾਂ ਫੌਜੀ ਇਸੇ ਰੰਗਰੂਟੀ ਦੇ ਕੰਮ ਵਿੱਚ ਦੋ ਦੋ ਤਿੰਨ ਤਿੰਨ ਸਾਲ ਲਟਕਦੇ ਰਹੇ ਪਰ ਆਪ ਜੀ ਨੇ ਇਸ ਰੰਗਰੂਟੀ ਨੂੰ ਸੱਤਾਂ ਮਹੀਨਿਆਂ ਵਿੱਚ ਹੀ ਪੂਰੇ ਨੰਬਰਾਂ ਤੇ ਪਾਸ ਕਰ ਲਿਆ। ਫੇਰ ਉਸ ਸਮੇਂ ਹੋਰ ਰੰਗਰੂਟੀ ਪਾਸ ਕੀਤੇ ਫੌਜੀਆਂ ਸਮੇਤ ਆਪ ਜੀ ਨੂੰ ਅੰਮ੍ਰਿਤ ਪਾਨ ਕਰਵਾਇਆ ਗਿਆ, ਜਿਸ ਵਿੱਚ ਤੋਪਖਾਨੇ ਦਾ ਗ੍ਰੰਥੀ ਗੁਰਬਖਸ਼ ਸਿੰਘ ਅਤੇ ਸੇਵਾਦਾਰ ਭਾਈ ਲਾਲ ਸਿੰਘ ਜੀ ਵੀ ਸ਼ਾਮਲ ਸੀ ਜੋ ਤੋਪਖਾਨੇ ਦੇ ਰੰਗਰੂਟਾਂ ਨੂੰ ਪੰਜਾਬੀ ਪੜ੍ਹਾਇਆ ਕਰਦਾ ਸੀ। ਉਸੇ ਸਮੇਂ, ਨਵੇਂ ਰੰਗਰੂਟੀ ਪਾਸ ਕਰ ਚੁੱਕੇ ਸਿੱਖ ਫੌਜੀਆਂ ਨੂੰ ਭਾਈ ਜੀ ਸੌਂਹ ਚੁਕਵਾਉਂਦਾ। ਹੋਰ ਕੌਮਾਂ ਦੇ ਫੌਜੀਆਂ ਨੂੰ ਉਨ੍ਹਾਂ ਦੇ ਧਾਰਮਿਕ ਆਗੂ ਸਹੁੰ ਚੁਕਵਾਉਂਦੇ ਸਨ। ਆਪ ਜੀ ਨੇ ਮਹਾਰਾਜ ਦੇ ਪਾਠ ਦੀ ਵੀ ਇਸ ਭਾਈ ਲਾਲ ਸਿੰਘ ਜੀ ਪਾਸੋਂ ਹੀ ਸੰਥਾ ਲਈ।

ਇਸ ਤਰ੍ਹਾਂ ਆਪ ਜੀ ਨੂੰ ਪੂਰੀ ਇਮਾਨਦਾਰੀ ਨਾਲ ਤੋਪਖਾਨੇ ਦੀ ਡਿਊਟੀ ਦਾ ਕੰਮ ਕਰਦਿਆਂ ਪੰਜ ਸਾਲ ਬਤੀਤ ਹੋ ਗਏ। ਇਸ ਦੌਰਾਨ ਇਸ ਤੋਪਖਾਨੇ ਦੇ ਹੋਰ ਫੌਜੀ ਸੱਜਣ ਜੋ ਕਿ ਆਪ ਜੀ ਤੋਂ ਪਹਿਲਾਂ ਭਰਤੀ ਹੋਏ ਸਨ; ਜੈਸਾ ਕਿ ਗੁੱਜਰ ਸਿੰਘ (ਬਾਈ ਜੀ), ਸੰਤ ਬਿਸ਼ਨ ਸਿੰਘ ਰੌਣੀ ਵਾਲੇ, ਭਾਈ ਮੁਕੰਦ ਸਿੰਘ ਜੀ ਖਨਾਲ ਵਾਲੇ; ਇਹ ਸਾਰੇ ਹੀ ਪ੍ਰੇਮੀ ਰੇਰੂ ਸਾਹਿਬ ਵਾਲੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਪਾਸ ਜਾਇਆ ਕਰਦੇ ਅਤੇ ਉਨ੍ਹਾਂ ਤੋਂ ਉਪਦੇਸ਼ ਪ੍ਰਾਪਤ ਕਰ ਕੇ ਸਵੇਰੇ ਜਾਗ ਕੇ ਅਭਿਆਸ ਕਰਦੇ ਸਨ। ਇਨ੍ਹਾਂ ਨੂੰ ਦੇਖ ਕੇ ਫੇਰ ਇਨ੍ਹਾਂ ਦੇ ਨਾਲ ਹੋਰ ਤਿੰਨ ਸੱਜਣ ਭਾਈ ਗੱਜਣ ਸਿੰਘ (ਜੋ ਕਾਫ਼ੀ ਸਮਾਂ ਧਭਲਾਨ ਗੁਰਦੁਆਰੇ ਮਹੰਤ ਅਰਜਨ ਸਿੰਘ ਦੇ ਪਾਸ ਰਿਹਾ ਹੈ), ਭਾਈ ਜੀਊਣ ਸਿੰਘ ਅਤੇ

ਭਾਈ ਮੇਹਰ ਸਿੰਘ ਵੀ ਸੰਤ ਜੀ ਮਹਾਰਾਜ ਤੋਂ ਉਪਦੇਸ਼ ਲੈ ਆਏ। ਹਜ਼ੂਰ ਦੀ ਦੱਸੀ ਮਰਯਾਦਾ ਅਨੁਸਾਰ ਸਵੇਰੇ ਦੋ ਵਜੇ ਇਸ਼ਨਾਨ ਕਰ ਕੇ ਇਹ ਕਾਫ਼ੀ ਸਮਾਂ ਗੁਰ ਸ਼ਬਦ ਦਾ ਅਭਿਆਸ ਕਰਨ ਵਾਸਤੇ ਬੈਠਦੇ। ਹੋਰ ਫੌਜੀ ਕਹਿਣ, ਇਹ ਤਾਂ ਆਪਣੀ ਤਰੱਕੀ ਵਾਸਤੇ (ਕਿ ਛੇਤੀ ਜਮਾਂਦਾਰ ਬਣ ਜਾਈਏ) ਕਿਸੇ ਸ਼ਬਦ ਦਾ ਚਲੀਹਾ ਕੱਟਦੇ ਹਨ।

ਇਕ ਦਿਨ ਆਪ ਜੀ ਨੇ ਵੀ ਇਨ੍ਹਾਂ ਤੋਂ ਪੁੱਛਿਆ ਕਿ ਸਵੇਰੇ ਉਠ ਕੇ ਤੁਸੀਂ ਕੀ ਪੜ੍ਹਦੇ ਹੋ? ਇਹ ਕਹਿਣ ਲੱਗੇ, "ਇਉਂ ਦਸੇ ਤੋਂ ਤੁਹਾਨੂੰ ਪਤਾ ਨਹੀਂ ਲੱਗਣਾ। ਇਸੇ ਛੁੱਟੀ ਵਿੱਚ ਸਾਡੇ ਨਾਲ ਚਲੋ ਤੁਹਾਨੂੰ ਪੂਰਨ ਸੰਤਾਂ ਦੇ ਦਰਸ਼ਨ ਕਰਵਾਵਾਂਗੇ।" ਆਪ ਜੀ ਦੇ ਮਨ ਅੰਦਰ ਸੰਤ ਮਿਲਾਪ ਦੀ ਤਾਂ ਪਹਿਲਾਂ ਤੋਂ ਹੀ ਪੂਰੀ ਖਿੱਚ ਸੀ, ਕਈ ਮਹਾਂਪੁਰਸ਼ਾਂ ਦੇ ਦੀਦਾਰ ਵੀ ਕੀਤੇ ਪਰ ਕਿਸੇ ਤੇ ਮਨ ਨਾ ਪਤੀਜਿਆ। ਪੂਰਨ ਸ਼ਾਂਤ ਆਤਮਾ, ਬੀਤਰਾਗ ਸਾਧੂ ਦੇ ਮਿਲਾਪ ਦੀ ਬੜੀ ਤੀਬਰ ਚਾਹਨਾਂ ਲੱਗੀ ਹੋਈ ਸੀ।

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ (ਸਵਈਏ ਮਹਲੇ ਤੀਜੇ ਕੇ ਭਿਖਾ - ੧੩੯੫)

ਪੂਰਨ ਸੰਤ ਦਾ ਨਾਮ ਸੁਣ ਕੇ ਮਨ ਖ਼ੁਸ਼ੀ ਵਿੱਚ ਨੱਚ ਉਠਿਆ। ਕੋਈ ਅਗੰਮੀ ਮਸਤੀ ਚੜ੍ਹ ਗਈ, ਮਨ ਖੀਵਾ ਹੋ ਕੇ ਕਾਹਲਾ ਪੈ ਗਿਆ, ਸਮਾਂ ਛੇਤੀ ਬਿਤੀਤ ਨਾ ਹੋਵੇ। ਛੁੱਟੀਆਂ ਦੇ ਦਿਨਾਂ ਦੀ ਉਡੀਕ ਕਰਦਿਆਂ ਇੱਕ ਦਿਨ, ਸਾਲ ਦੇ ਸਮਾਨ ਲੰਘੇ। ਮਸਾਂ ਹੀ ਵੈਸਾਖ ਚੜ੍ਹਿਆ। ਉਹ ਵੈਸਾਖ, ਸੰਤ ਮਿਲਾਪ ਵਾਲਾ ਵੈਸਾਖ: ਇਸ ਵੈਸਾਖ ਮਹੀਨੇ ਦੁਆਰਾ ਹੀ ਪੰਚਮ ਪਾਤਸ਼ਾਹ ਜੀ ਨੇ ਕਥਨ ਕੀਤਾ ਹੈ ਕਿ ਪ੍ਰਮਾਤਮਾ ਦੇ ਪ੍ਰੇਮ ਤੋਂ ਵਿਛੜ ਕੇ ਵਿਜੋਗੀਆਂ ਨੂੰ ਧੀਰਜ ਕਿਵੇਂ ਪ੍ਰਾਪਤ ਹੋ ਸਕਦੀ ਹੈ।

ਵੈਸਾਖਿ ਧੀਰਨਿ ਕਿਉ ਵਾਢੀਆ ਜਿਨ੍ਹਾ ਪ੍ਰੇਮ ਬਿਛੋਹੁ ॥ (ਬਾਰਹ ਮਾਹਾ ਮਾਝ ਮਃ ੫ - ੧੩੩)

ਪਰ ਉਹੋ ਹੀ ਵੈਸਾਖ ਸੰਤ ਮਿਲਾਪ ਦੁਆਰਾ ਸੁਹਾਵਣਾ ਬਣ ਜਾਂਦਾ ਹੈ।

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥ (ਬਾਰਹ ਮਾਹਾ ਮਾਝ ਮਃ ੫ - ੧੩੪)

੧੯੭੮ ਬਿਕ੍ਰਮੀ ਦਾ ਵੈਸਾਖ ਆਇਆ। ਅੰਬਾਂ ਦਾ ਬੂਰ ਖਾ ਕੇ ਮਿੱਠੀ ਸੁਰ ਨਾਲ ਕੋਇਲਾਂ ਕੂਕਦੀਆਂ ਹਨ, ਮਾਨੋ ਇਹ ਪੁਕਾਰ ਰਹੀਆਂ ਹਨ ਕਿ ਸੰਤ ਮਿਲਾਪ ਦਾ ਸੁਹਾਵਣਾ ਸਮਾਂ ਹੈ। ਮਨੁੱਖਾ ਜਨਮ ਅਮੋਲਕ ਰਤਨ ਨੂੰ ਸੰਤ ਸੇਵਾ ਦੁਆਰਾ ਸਫ਼ਲਾ ਕਰੋ।

ਕਬੀਰ ਇਹੁ ਤਨੁ ਜਾਇਗਾ ਕਵਨੇ ਮਾਰਗਿ ਲਾਇ ॥
ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥੨੮॥ (ਸਲੋਕ ਭਗਤ ਕਬੀਰ ਜੀ - ੧੩੬੫)

ਇਸੇ ਹੀ ਵੈਸਾਖ ਦੇ ਆਦਿ ਮੇਖ ਵਾਲੇ ਦਿਨ ਦੁਖਭੰਜਨ ਬੇਰੀ ਉੱਤੋਂ ਉੱਤਰ ਕੇ ਕੱਚੀ ਛੱਪੜੀ 'ਚੋਂ ਨਹਾ ਕੇ ਕਾਲਾ ਕਾਂ ਹੰਸ ਬਣਿਆ ਸੀ ਅਤੇ ਇਸੇ ਕਾਰਣ ਜੁਗਾਂ ਜੁਗਾਂ ਦਾ ਅਲੋਪ ਹੋਇਆ ਅੰਮ੍ਰਿਤ ਸਰੋਵਰ ਪ੍ਰਗਟ ਹੋਇਆ।

ਇਸੇ ਤਰ੍ਹਾਂ ੧੭੫੬ ਬਿਕ੍ਰਮੀ ਦੇ ਵੈਸਾਖ ਦੀ ਸੰਗਰਾਂਦ ਨੂੰ ਅਨੰਦਪੁਰ ਦੀ ਠੇਰੀ ਤੇ ਕਲਗੀਆਂ ਵਾਲੇ ਪਾਤਸ਼ਾਹ ਨੇ ਕੇਸਗੜ੍ਹ ਦੇ ਖੁੱਲ੍ਹੇ ਮੈਦਾਨ ਵਿੱਚ ਪੰਜਾਂ ਸਿਰਾਂ ਦੀ ਮੰਗ ਕਰ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ਖਾਲਸਾ ਪੰਥ ਸਾਜਿਆ। ਇਸੇ ਹੀ ੧੮੫੬ ਬਿਕ੍ਰਮੀ ਦੇ ਵੈਸਾਖ ਦੀ ਸੰਗਰਾਂਦ ਨੂੰ ਲਾਹੌਰ ਦੇ ਸ਼ਾਹੀ ਦਰਬਾਰ ਵਿਖੇ ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਸਾਹਿਬ ਵਾਲਿਆਂ ਨੇ (ਜੋ ਗੁਰੂ ਨਾਨਕ ਦੇਵ ਜੀ ਦੀ ਸੰਤਾਨ ਵਿੱਚੋਂ ਗਿਆਰ੍ਹਵੀਂ ਜਗ੍ਹਾ ਸਨ) ਸ਼ੇਰੇ ਪੰਜਾਬ ਨੂੰ ਕੇਸਰ ਦਾ ਤਿਲਕ ਦੇ ਕੇ ਖਾਲਸਾ ਰਾਜ ਦੀ ਨੀਂਹ ਰੱਖੀ।

ਉਹ ਖਾਲਸਾ ਪੰਥ ਅਤੇ ਖਾਲਸਾ ਰਾਜ ਦਾ ਜਨਮ ਦਾਤਾ ਵੈਸਾਖ, ਕਈ ਜਨਮਾਂ ਦੇ ਇਕੱਠੇ ਤਤਿੱਖਿਆ ਕਰ ਰਹੇ ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਦੇ ਮਿਲਾਪ ਦਾ ਨਮਿਤ ਬਣ ਕੇ ਅੱਗੇ ਆਇਆ।

ਰੌਣੀ ਵਾਲੇ ਸੰਤ ਬਾਬਾ ਬਿਸ਼ਨ ਸਿੰਘ ਜੀ ਤਾਂ ਪਹਿਲਾਂ ਹੀ ਆਪਣਾ ਨਾਮ ਕਟਵਾ ਕੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਪੁੱਜ ਕੇ ਸੇਵਾ ਦਾ ਲਾਹਾ ਖੱਟ ਰਹੇ ਸਨ। ਆਪ ਜੀ ਵੀ ਪਟਿਆਲੇ ਤੋਂ ਗੱਡੀ ਵਿੱਚ ਅਸਵਾਰ ਹੋ ਕੇ ਰਾਜਪੁਰੇ ਤੇ ਸਰਹੰਦ ਹੁੰਦੇ ਹੋਏ ਦੋਰਾਹੇ ਸਟੇਸ਼ਨ ਤੇ ਪੁੱਜੇ। ਗੱਡੀ ਤੋਂ ਉੱਤਰ ਕੇ ਰਾਮਪੁਰ ਪਿੰਡ ਦੇ ਵਿੱਚੋਂ ਦੀ ਸਿੱਧੇ ਹੀ ਤੁਰ ਪਏ। ਦਾਤੇ ਦੇ ਦਰ ਦਾ ਦੂਰੋਂ ਦਰਸ਼ਨ ਕੀਤਾ। ਰੇਰੂ ਸਾਹਿਬ ਗੁਰਦੁਆਰੇ ਦੀ ਧਰਤੀ ਨੂੰ ਨਮਸ਼ਕਾਰ ਕੀਤੀ। ਭਾਗਾਂ ਵਾਲੀ ਭੋਂਇ ਦੀ ਮਿੱਟੀ ਚੁੰਮੀ। ਸਰਬੰਸ ਦਾਨੀ ਅਤੇ ਰੱਬੀ ਆਸ਼ਕ ਪੂਰਨ ਮਹਾਂਪੁਰਸ਼ ਦੇ ਚਰਨ ਛੂਹ ਵਾਲੀ ਧੂੜ ਮੁੱਖ ਅਤੇ ਮਸਤਕ ਪਰ ਮਲੀ। ਕਲੇਜੇ ਨੂੰ ਸ਼ਾਂਤਮਈ ਧੂਹ ਪਈ। ਮਨ ਠੰਢਾ ਠਾਰ ਹੋ ਗਿਆ।

ਸੰਤ ਬਿਸ਼ਨ ਸਿੰਘ ਜੀ ਨੂੰ ਮਿਲੇ, ਜੋ ਪਹਿਲਾਂ ਹੀ ਫੌਜ ਦੇ ਮਿਲਾਪੀ ਤੇ ਵਾਕਫ ਸਨ। ਆਪ ਜੀ ਦਾ ਇਨ੍ਹਾਂ ਮਹਾਂਪੁਰਖਾਂ ਨੇ ਹਾਰਦਿਕ ਸੁਆਗਤ ਕੀਤਾ। ਜਲ ਪਾਣੀ ਛਕਾ ਕੇ ਡੇਰਾ ਕਰਵਾਇਆ। ਦਰਗਾਹੀ ਬਸੀਠ ਨੇ ਵੀ ਚਿਰਾਂ ਦੇ ਮਿਲਾਪੀ ਨੂੰ ਆਇਆ ਜਾਣ ਕੇ ਹਾਰ 'ਚੋਂ ਵਿਛੜਿਆ ਹੀਰਾ ਮੁੜ ਹਾਰ 'ਚ ਪਰੋਣ ਦਾ ਇਰਾਦਾ ਕਰ ਲਿਆ। ਸੰਤ

ਬਿਸ਼ਨ ਸਿੰਘ ਜੀ ਨੇ ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਆਪ ਇਨ੍ਹਾਂ ਤੇ ਕਿਰਪਾ ਕਰੋ, ਇਹ ਹਜ਼ੂਰ ਦਾ ਜਸ ਸੁਣ ਕੇ ਉਪਦੇਸ਼ ਦੀ ਜਾਚਨਾ ਕਰਦੇ ਹਨ।" ਸੰਤ ਜੀ ਮੁਸਕਰਾਏ ਅਤੇ ਆਖਿਆ, "ਭਾਈ! ਬਿਸ਼ਨ ਸਿੰਘ! ਅਸੀਂ ਆਪਣਿਆਂ ਦੀ ਤਾਂ ਸੰਭਾਲ ਕਰਣੀ ਹੀ ਹੋਈ।" ਸਵੇਰੇ ਅੰਮ੍ਰਿਤ ਵੇਲੇ ਹਾਜ਼ਰ ਹੋ ਜਾਣ।

ਸੰਤ ਜੀ ਦਾ ਇਹ ਰੋਜ਼ ਦਾ ਨਿਯਮ ਸੀ ਕਿ ਸ਼ਾਮ ਦੇ ਦੀਵਾਨ ਦੀ ਸਮਾਪਤੀ ਉਪਰੰਤ ਬਾਹਰ (ਜਿੱਥੇ ਗੋਖੇ ਦੀ ਛੱਪੜੀ ਤੇ ਆਪ ਜੀ ਦਾ ਤਪ ਅਸਥਾਨ ਬਣਿਆ ਹੈ) ਚਲੇ ਜਾਂਦੇ। ੧੧ ਵਜੇ ਤੱਕ ਬੈਠ ਕੇ ਪ੍ਰੀਤਮ ਦੇ ਚਰਨਾਂ ਵਿੱਚ ਜੁੜੇ ਬੰਦਗ਼ੀ ਕਰਦੇ ਅਤੇ ਦੋ ਵਜੇ ਇਸ਼ਨਾਨ ਕਰ ਕੇ ਮੁੜ ਉਸੇ ਜਗ੍ਹਾ ਚਲੇ ਜਾਂਦੇ। ਅੰਮ੍ਰਿਤ ਵੇਲੇ ਤਿੰਨ ਵਜੇ:

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ (ਜਪੁ ਮਃ ੧ - ੨)

ਦਾ ਉਪਦੇਸ਼ ਬਖ਼ਸ਼ਦੇ। ਆਪ ਜੀ ਵੀ ਸੰਤ ਬਿਸ਼ਨ ਸਿੰਘ ਜੀ ਦੇ ਕਹੇ ਅਨੁਸਾਰ ਸ਼ਾਮ ਨੂੰ ਸੰਤ ਮਹਾਰਾਜ ਜੀ ਦੇ ਨਾਲ ਚਲੇ ਗਏ। ਅੰਮ੍ਰਿਤ ਵੇਲੇ ਆਪ ਜੀ ਨੂੰ ਮਹਾਂਪੁਰਖਾਂ ਨੇ ਆਪਣੇ ਪਾਸ ਸੱਦਿਆ ਅਤੇ ਬੜੇ ਪਿਆਰ ਨਾਲ ਕੋਲ ਬਿਠਾ ਕੇ ਪੁੱਛਿਆ, "ਅੰਮ੍ਰਿਤ ਛਕਿਆ ਹੈ?" ਆਪ ਜੀ ਨੇ ਨਿਮ੍ਰਤਾ ਨਾਲ ਉੱਤਰ ਦਿੱਤਾ, "ਜੀ ਹਾਂ।"

ਫਿਰ ਕਿਹਾ, "ਤੁਹਾਡੀ ਸ਼ਾਦੀ ਹੋਈ ਹੈ?" ਉੱਤਰ ਦਿੱਤਾ, "ਜੀ ਨਹੀਂ।"

"ਕੀ ਸ਼ਾਦੀ ਕਰਵਾਉਣ ਦਾ ਵਿਚਾਰ ਹੈ?" "ਨਹੀਂ ਮਹਾਰਾਜ!"

ਇਸ ਤੋਂ ਬਾਅਦ ਸਾਰੇ ਨਿਯਮ ਦੱਸ ਕੇ ਗੁਰੂ ਬੱਦਲ ਨੇ ਰੂਹਾਨੀ ਸਿੱਖਿਆ ਰੂਪ ਸ਼ਾਂਤੀ ਬੂੰਦ ਤਰਸਦੇ ਪਪੀਹੇ ਦੀ ਸ਼ਾਂਤੀ ਲਈ ਬਖ਼ਸ਼ ਦਿੱਤੀ। ਬੱਸ ਫਿਰ ਕੀ ਸੀ, ਇੱਕ ਵਾਰੀ:

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥ (ਸਲੋਕ ਭਗਤ ਕਬੀਰ ਜੀ - ੧੩੭੪)

ਦੇਸ਼ ਕਾਲ ਦਾ ਗਿਆਨ ਦੂਰ ਹੋ ਗਿਆ। ਧਿਆਤਾ ਧਿਆਨ ਧੇਅ ਅਭਾਵ ਹੋ ਕੇ ਕੋਈ ਐਸਾ ਅਗੰਮੀ ਅਨੰਦ ਆਇਆ ਜੋ:

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥ *(ਸੋਰਠਿ ਭਗਤ ਨਾਮਦੇਵ ਜੀ - ੬੫੭)*

ਸਵੇਰ ਤੱਕ ਸਮਾਧੀ ਵਿੱਚ ਲੀਨ ਰਹੇ। ਮਹਾਂਪੁਰਸ਼ਾਂ ਨੇ ਪਹੁ ਫੁਟਾਲੇ ਸਮਾਧੀ ਤੋਂ ਉਥਾਨ ਕਰ ਕੇ ਹੋਰ ਸੱਜਣਾਂ ਸਮੇਤ ਆਪ ਜੀ ਨੂੰ ਡੇਰੇ ਲੈ ਆਂਦਾ। ਆਪ ਇਸੇ ਛੁੱਟੀ ਸਮੇਂ ਇੱਥੇ ਅੱਠ ਦਸ ਦਿਨ ਠਹਿਰੇ। ਸ਼ਾਮ ਨੂੰ ਨਾਲ ਚਲੇ ਜਾਣਾ ਤੇ ਸਾਰੀ ਰਾਤ ਬੈਠ ਕੇ ਬੰਦਗ਼ੀ ਕਰਨੀ। ਦਿਨੇ ਸੇਵਾ ਕਰ ਕੇ ਸਮਾਂ ਬਿਤਾਉਣਾ। ਪਤਾ ਨਹੀਂ ਲੱਗਾ ਤੇ ਅੱਖ ਦੇ ਫੋਰ ਜਿਤਨੇ ਸਮੇਂ ਵਿੱਚ ਛੁੱਟੀ ਦੇ ਦਸ ਦਿਨ ਖਤਮ ਹੋ ਗਏ। ਜਾਣੀ ਜਾਣ ਦਾਤੇ ਨੇ ਪਾਸ ਬੁਲਾ ਕੇ ਪਿਆਰ ਦਿੱਤਾ ਅਤੇ ਆਖਿਆ, "ਚੰਗਾ ਬਈ ਫੌਜੀ ਸਿੰਘਾ! ਤੁਹਾਡੀ ਤਾਂ ਹੁਣ ਛੁੱਟੀ ਪੂਰੀ ਹੋ ਗਈ ਹੈ। ਡਿਉਟੀ ਤੇ ਜਾਣਾ ਚਾਹੀਦਾ ਹੈ। ਇਹ ਫੌਜ ਦੀ ਨੌਕਰੀ ਬੜੀ ਚੰਗੀ ਹੈ। ਇਸ ਵਿੱਚ ਰੱਬ ਅਤੇ ਮੌਤ ਦੋਵੇਂ ਹੀ ਚੇਤੇ ਰਹਿੰਦੇ ਹਨ। ਇਮਾਨਦਾਰੀ ਨਾਲ ਕੰਮ ਕਰਨਾ। ਆਪਣੇ ਅਫ਼ਸਰ ਦਾ ਹੁਕਮ ਮੰਨਣਾ ਅਤੇ ਅੰਮ੍ਰਿਤ ਵੇਲੇ ਜਾਗ ਕੇ ਸਿਮਰਨ ਕਰਨਾ। ਗੁਰੂ ਅੰਗ ਸੰਗ ਹੈ।"

ਆਪ ਨੇ ਅੱਗੋਂ ਹੱਥ ਜੋੜ ਕੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ! ਮੇਰਾ ਤਾਂ ਮਨ ਹੁਣ ਏਥੇ ਆਪ ਜੀ ਦੇ ਪਾਸ ਸੇਵਾ ਵਿੱਚ ਹੀ ਲੱਗ ਗਿਆ ਹੈ। ਬੜਾ ਅਨੰਦ ਆਉਂਦਾ ਹੈ। ਆਪ ਕ੍ਰਿਪਾ ਕਰੋ ਤਾਂ ਇਹ ਅਨੰਦ ਇਸੇ ਤਰ੍ਹਾਂ ਹੀ ਬਣਿਆ ਰਹੇ।" ਅੱਗੋਂ ਰੂਹਾਨੀ ਦਾਤੇ ਨੇ ਉੱਤਰ ਦਿੱਤਾ, "ਨਾ ਬਈ ਫੌਜੀਆ! ਇਹ ਗੱਲ ਠੀਕ ਨਹੀਂ। ਅਸੀਂ ਵੀ ਇੱਕ ਵਾਰੀ ਵੱਡੇ ਸਾਹਿਬਾ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪਾਸ ਏਹੋ ਹੀ ਬੇਨਤੀ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਹੁਣ ਤੁਸੀਂ ਹੌਲਦਾਰੀ ਪੈਨਸ਼ਨ ਲੈ ਕੇ ਹੀ ਆਉਣਾ। ਪਹਿਲਾਂ ਆਪਣਾ ਨਾਮ ਨਹੀਂ ਕਟਵਾਉਣਾ। ਫੇਰ ਕਿਸੇ ਦਾ ਮੁਹਤਾਜ ਨਹੀਂ ਹੋਣਾ ਪਵੇਗਾ। ਸਾਰੀ ਜ਼ਿੰਦਗ਼ੀ ਪੈਨਸ਼ਨ ਨਾਲ ਹੀ ਨਿਰਬਾਹ ਕਰ ਕੇ ਸਿਮਰਨ ਕਰਦੇ ਰਹਿਣਾ। ਸੋ ਬਈ! ਹੁਣ ਤੂੰ ਆਪਣੀ ਡਿਊਟੀ ਤੇ ਹਾਜ਼ਰ ਹੋ। ਇਹ ਤੇਰੀ ਸੇਵਾ ਵਾਲੀ ਮੰਗ ਭੀ ਪੂਰੀ ਹੋ ਜਾਵੇਗੀ। ਤੈਥੋਂ ਤਾਂ ਅਸਾਂ ਬਹੁਤ ਸੇਵਾ ਲੈਣੀ ਹੈ। ਤੁਸੀਂ ਤਾਂ ਇਤਨੀ ਸੇਵਾ ਕਰਵਾਉਣੀ ਹੈ ਕਿ ਦੇਖਣ ਵਾਲੇ ਲੋਕ ਹੈਰਾਨ ਹੋ ਕੇ ਆਖਣਗੇ ਇਹ ਆਦਮੀ ਹੈ ਜਾਂ ਕੋਈ ਫ਼ਰਿਸ਼ਤਾ, ਆਰਾਮ ਕਿਸ ਵੇਲੇ ਕਰਦੇ ਹੋਣਗੇ?"

ਸੋ ਇਹ ਭਵਿੱਖਤ ਵਾਕ ਕਹਿ ਕੇ ਆਪ ਜੀ ਨੂੰ ਮੁੜ ਡਿਊਟੀ ਤੇ ਜਾਣ ਵਾਸਤੇ ਮਜਬੂਰ ਕੀਤਾ ਗਿਆ। ਫੇਰ ਆਪ ਜੀ ਨੇ ਮਹਾਂਪੁਰਸ਼ਾਂ ਦੇ ਹੁਕਮ ਅੱਗੇ ਸਿਰ ਝੁਕਾਇਆ ਤੇ ਆਗਿਆ ਪਾ ਕੇ ਅਸ਼ਟਾਂਗ ਡੰਡਉਤ ਕਰ ਕੇ ਮੁੜ ਦੋਰਾਹੇ ਤੋਂ ਗੱਡੀ ਬੈਠ ਕੇ ਨੌਕਰੀ ਤੇ ਪਟਿਆਲੇ ਆ ਹਾਜ਼ਰ ਹੋਏ।

ਹਰ ਰੋਜ਼ ਸਵੇਰੇ ਦੋ ਵਜੇ ਇਸ਼ਨਾਨ ਕਰ ਕੇ ਦੱਸੇ ਹੋਏ ਗੁਰ ਸ਼ਬਦ ਦਾ ਅਭਿਆਸ ਕਰਨਾ। ਦਿਨੇ ਪਰੇਡ ਵਿੱਚ

ਸ਼ਾਮਲ ਹੋਣਾ ਅਤੇ ਬਾਕੀ ਦਾ ਸਮਾਂ ਨਿਤਨੇਮ ਪਾਠ ਤੇ ਗੁਰਦੁਆਰੇ ਦੀ ਸੇਵਾ ਵਿੱਚ ਬਿਤੀਤ ਕਰਨਾ। ਸ਼ੁਰੂ ਤੋਂ ਹੀ (ਜਦ ਆਪ ਜੀ ਫੌਜ ਵਿੱਚ ਭਰਤੀ ਹੋਏ) ਗੁਰੂ ਘਰ ਨਾਲ ਅਤਿਅੰਤ ਪਿਆਰ ਸੀ। ਜਦੋਂ ਵੀ ਕਿਸੇ ਨੇ ਲੱਭਣਾ ਹੋਵੇ ਗੁਰਦੁਆਰੇ ਹੀ ਲੱਭਦੇ ਅਤੇ ਗੁਰਬਾਣੀ ਦਾ ਪਾਠ ਕਰਦਿਆਂ ਮਿਲਦੇ। ਤੋਪਖਾਨੇ ਵਾਲੇ ਕੀਰਤਨੀਏ ਜਥੇ ਦੇ ਆਪ ਮੁਖੀ ਸਨ। ਜਦੋਂ ਵੀ ਕਿਸੇ ਦੇ ਘਰ ਪਾਠ ਦਾ ਭੋਗ ਪੈਣਾ ਜਾਂ ਆਸਾ ਦੀ ਵਾਰ ਦਾ ਕੀਰਤਨ ਕਰਨਾ ਜਾਂ ਅਨੰਦ ਕਾਰਜਾਂ ਦੇ ਸਮੇਂ ਜਾਣਾ ਤਾਂ ਸਰਕਾਰੀ ਦਫ਼ਤਰ ਵਲੋਂ ਆਪ ਜੀ ਦਾ ਜਥੇ ਵਿੱਚ ਪਹਿਲਾ ਨਾਮ ਹੁੰਦਾ ਸੀ। ਹਰੇਕ ਐਤਵਾਰ ਅਤੇ ਮਾਹਵਾਰੀ ਸੰਗਰਾਂਦ ਦਾ ਦੀਵਾਨ ਗੁਰਦੁਆਰੇ ਸਾਹਿਬ ਬੜੇ ਉਤਸ਼ਾਹ ਨਾਲ ਸਜਾਉਣਾ। ਹੋਰ ਵੀ ਦੂਰ ਨੇੜੇ ਆਪ ਕੀਰਤਨੀਏ ਜਥੇ ਨਾਲ ਜਾਇਆ ਕਰਦੇ ਅਤੇ ਫੌਜ ਵਿੱਚ ਆਪ ਜੀ ਦੀ ਸ਼ੁਰੂ ਤੋਂ ਹੀ ਚੰਗੀ ਇੱਜ਼ਤ ਹੁੰਦੀ। ਸਾਰੇ ਅਫ਼ਸਰ ਵੀ ਸਤਿਕਾਰ ਕਰਦੇ।

ਪਹਿਲੀ ਉਮਰ ਵਿੱਚ ਸੰਤ ਮਿਲਾਪ

ਅਜੇ ਆਪ ਜੀ ਆਪਣੇ ਨਗਰ ਮਸੀਤਾਂ ਪਿੰਡ ਹੀ ਰਹਿੰਦੇ ਸਨ। ਉਸ ਜਗ੍ਹਾ ਪ੍ਰੇਮੀਆਂ ਦੇ ਘਰੀਂ ਬਗਸਰ ਜਸੀ ਵਾਲੇ ਮਹਾਤਮਾਂ ਬਹਾਲ ਦਾਸ ਜੀ ਦੀ ਚੰਗੀ ਆਵਾਜਾਈ ਸੀ। ਇਹ ਸੰਤ ਭੁਚੋ ਵਾਲੇ ਸੰਤ ਹਰਨਾਮ ਦਾਸ ਜੀ ਦੇ ਗੁਰਭਾਈ ਸਨ, ਜਿਨ੍ਹਾਂ ਨੇ ਚੰਗੀ ਕਮਾਈ ਕੀਤੀ ਸੀ। ਗੁਰੂ ਘਰ ਤੇ ਬੜੀ ਸ਼ਰਧਾ ਸੀ। ਹਰ ਇੱਕ ਨੂੰ ਗੁਰਬਾਣੀ ਦੇ ਲੜ ਲਾਉਂਦੇ। ਗੁਰੂ ਮਹਾਰਾਜ ਦੀ ਪਾਵਨ ਬਾਣੀ ਤੇ ਇਤਨੀ ਭਾਵਨਾ ਤੇ ਪੂਰਨ ਨਿਸਚਾ ਸੀ ਕਿ ਕਿਸੇ ਖ਼ਾਸ ਔਕੜ ਸਮੇਂ ਘਰ ਵਾਲੇ ਪ੍ਰੇਮੀ ਵਲੋਂ ਇੱਕੋ ਹੀ ਅਖੰਡ ਪਾਠ ਕਰਵਾਉਂਦੇ ਜਿਸ ਦੇ ਉੱਪਰ ਉਨ੍ਹਾਂ ਸਮਿਆਂ ਵਿੱਚ ਪੰਜ ਹਜ਼ਾਰ ਰੁਪਿਆ ਖ਼ਰਚ ਆਉਂਦਾ। ਤਿੰਨ ਦਿਨ ਅਤੁੱਟ ਪੱਕਾ ਭੰਡਾਰਾ ਚਲਦਾ। ਕੋਈ ਵੀ ਚਲਿਆ ਜਾਵੇ ਕਿਸੇ ਨੂੰ ਰੋਕ ਨਹੀਂ ਸੀ। ਪਾਠੀਆਂ ਨੂੰ ਪੂਰੇ ਬਸਤ੍ਰ, ਇਸ ਤੋਂ ਇਲਾਵਾ ਵੱਡੇ ਵੱਡੇ ਛੇਤਰਾਂ ਤੇ ਸੌ ਸੌ ਮਣ ਅਨਾਜ ਭਿਜਵਾ ਦੇਣਾ। ਐਸੀ ਬਿਧੀ ਨਾਲ ਪਾਠ ਕਰਵਾਉਂਦੇ। ਆਪਣੇ ਪਾਠੀ ਵੀ ਹਰ ਸਮੇਂ ਨਾਲ ਹੀ ਰੱਖਦੇ ਜਿਨ੍ਹਾਂ ਦੀ ਇਤਨੀ ਸਾਧੀ ਬੈਠਕ ਸੀ। ਅਲਪ ਅਹਾਰੀ ਤੇ ਸੂਛ ਬਸਤ੍ਰ ਰੱਖਦੇ ਸੀ। ਇਸ਼ਨਾਨ ਕਰ ਕੇ ਡਿਊਟੀ ਤੇ ਬੈਠਦੇ। ਇਕੱਲਾ ਇਕੱਲਾ ਅਠ ਘੰਟੇ ਚੌਂਕੜਾ ਨਾ ਖੋਲ੍ਹਦਾ। ਫੇਰ ਏਹੋ ਜੇਹੇ ਨਾਮ ਅਭਿਆਸੀ ਪਾਠੀਆਂ ਦੇ ਪਾਠ ਕੀਤਿਆਂ ਕੋਠੀ ਲੱਗਿਆ ਖ਼ੂਨੀ ਵੀ ਬਰੀ ਹੋ ਜਾਂਦਾ।

ਜਿਵੇਂ ਮਸੀਤਾਂ ਪਿੰਡ ਦੇ ਪੰਜਾਬ ਸਿੰਘ ਦਲੇਂ ਦਾ ਪੁੱਤਰ ਰਾਮ ਸਿੰਘ ਖ਼ੂਨ ਦੇ ਕੇਸ ਵਿੱਚ ਫਸ ਗਿਆ। ਵੀਹ ਸਾਲ ਕੈਦ ਹੋ ਗਈ। ਘਰ ਵਾਲੇ ਪ੍ਰੇਮੀ ਇਨ੍ਹਾਂ ਸੰਤਾਂ ਨੂੰ ਲਿਆਏ। ਸੰਤਾਂ ਨੇ ਆ ਕੇ ਦੂਸਰੇ ਰਫੀਕਾਂ ਨੂੰ (ਜਿਨ੍ਹਾਂ ਦਾ ਬੰਦਾ ਮਾਰਿਆ ਸੀ) ਬੁਲਾ ਕੇ ਸੁਲਾਹ ਕਰਨ ਲਈ ਆਖਿਆ, ਪਰ ਉਹ ਨਾ ਮੰਨੇ। ਫੇਰ ਕਿਹਾ ਉਸ ਨੇ ਤਾਂ ਭੋਗ ਤੇ ਆ ਜਾਣਾ ਹੈ ਇਹ ਤਾਂ ਅਸੀਂ ਤੁਹਾਨੂੰ ਵਡਿਆਈ ਦੇ ਰਹੇ ਹਾਂ ਪਰ ਉਹ ਫੇਰ ਵੀ ਨਾ ਮੰਨੇ ਅਤੇ ਨਾ ਹੀ ਸੰਤਾਂ ਦੇ ਬਚਨਾਂ ਦੀ ਕੋਈ ਪ੍ਰਵਾਹ ਹੀ ਕੀਤੀ। ਸੰਤਾਂ ਨੇ ਤਿਆਰੀ ਕਰ ਕੇ ਘਰ ਵਿੱਚ ਅਖੰਡ ਪਾਠ ਪ੍ਰਾਰੰਭ ਕਰ ਦਿੱਤਾ। ਘਰ ਵਾਲਿਆਂ ਨੂੰ ਕਿਹਾ, "ਤੁਸੀਂ ਅਪੀਲ ਕਰੋ।" ਉਨ੍ਹਾਂ ਨੇ ਸੰਤਾਂ ਦਾ ਬਚਨ ਮੰਨ ਕੇ ਅਪੀਲ ਕਰ ਦਿੱਤੀ ਜੋ ਉਸੇ ਦਿਨ ਮਨਜ਼ੂਰ ਹੋ ਗਈ ਅਤੇ ਦੋਸ਼ੀ ਭੋਗ ਦੇ ਸਮੇਂ ਜ਼ਮਾਨਤ ਤੇ ਆ ਗਿਆ। ਕੁਛ ਕੁ ਸਮਾਂ ਕੇਸ ਚਲਦਾ ਰਿਹਾ, ਫੇਰ ਬਰੀ ਹੋ ਗਿਆ। ਇਸੇ ਤਰ੍ਹਾਂ ਹਰਨਾਮ ਸਿੰਘ ਦਲੇਂ ਦੇ ਘਰ ਵੀ ਦੋ ਸ਼ਾਦੀਆਂ ਤੋਂ ਬਾਅਦ ਬ੍ਰਿਧ ਉਮਰਾ ਵਿੱਚ ਇਨ੍ਹਾਂ ਮਹਾਂਪੁਰਸ਼ਾਂ ਦੇ ਅਖੰਡ ਪਾਠ ਕੀਤਿਆਂ ਦੋਹਾਂ ਬੀਬੀਆਂ ਦੇ ਘਰ ਲੜਕੇ ਹੋਏ।

ਇਨ੍ਹਾਂ ਮਹਾਂਪੁਰਸ਼ਾਂ ਦੇ ਵੀ ਆਪ ਜੀ ਨੇ ਪਿੰਡ ਰਹਿੰਦਿਆਂ ਕਈ ਵਾਰ ਦਰਸ਼ਨ ਕੀਤੇ ਅਤੇ ਅਖੰਡ ਪਾਠਾਂ ਦੇ ਸਮੇਂ ਨਾਲ ਰਹਿ ਕੇ ਸੇਵਾ ਕਰਦੇ ਰਹੇ। ਉਸ ਸਮੇਂ ਤੋਂ ਬਾਅਦ ਕਿਸੇ ਪੂਰਨ ਮਹਾਂਪੁਰਸ਼ ਦੇ ਦਰਸ਼ਨ ਕਰਨ ਦੀ ਲਗਨ ਲੱਗ ਗਈ, ਪਰ ਰਿਦੇ ਰੂਪ ਧਰਤੀ ਵਿੱਚ ਪਿਆ ਸੰਸਕਾਰਾਂ ਰੂਪੀ ਬੀਜ ਸਮੇਂ ਅਨੁਸਾਰ ਹੀ ਫੁੱਟਦਾ ਹੈ।

ਹੋਰ ਨਾਮਵਰ ਵਿਅਕਤੀਆਂ ਦੇ ਦੀਦਾਰ

੧੯੧੪ ਵਾਲੇ ਜੰਗ ਦੀ ਸਮਾਪਤੀ ਸਮੇਂ ੧੯੧੯ ਈ. ਦੇ ਜੂਨ ਮਹੀਨੇ ਦੇਸ਼ ਦੀ ਰੱਖਿਆ ਨਮਿਤ ਸ਼ਹੀਦਾਂ ਨੂੰ ਸ਼ਰਧਾਜਲੀਆਂ ਦੇਣ ਵਾਸਤੇ ਮਿਰਜ਼ੇ ਦੇ ਦਿਆਲਪੁਰੇ ਇਲਾਕੇ ਨਿਵਾਸੀ ਪ੍ਰੇਮੀਆਂ ਨਾਲ ਮਿਲ ਕੇ ਸਥਾਨਕ ਮਹਾਂਪੁਰਸ਼ਾਂ ਨੇ ਇਕੋਤ੍ਰ ਸੌ ਅਖੰਡ ਪਾਠ ਰੱਖਿਆ। ਉਨ੍ਹਾਂ ਸਮਿਆਂ ਵਿੱਚ ਲੜੀ ਦੇ ਪਾਠ ਕਿਤੇ ਕਿਤੇ ਕੋਈ ਵਿਰਲਾ ਮਹਾਂਪੁਰਸ਼ ਹੀ ਕਰਵਾਉਂਦਾ ਸੀ। ਇਨ੍ਹਾਂ ਨੇ ਵੀ ਭੋਗ ਸਮੇਂ ਪੰਜਾਬ ਭਰ ਦੇ ਮਸ਼ਹੂਰ ਮਹਾਂਪੁਰਸ਼ ਤੇ ਉੱਚ ਵਿਅਕਤੀਆਂ ਨੂੰ ਬੁਲਾਇਆ, ਜਿਨ੍ਹਾਂ ਦੇ ਆਪ ਜੀ ਨੂੰ ਖੁੱਲ੍ਹੇ ਦਰਸ਼ਨ ਦੀਦਾਰ ਹੋਏ। ਜੇਹਾ ਕਿ ਸੰਤ ਮੱਘਰ ਸਿੰਘ ਜੀ ਰਾਮਗੜ੍ਹ ਵਾਲੇ, (ਇਹ ਉਨ੍ਹਾਂ ਸਮਿਆਂ ਵਿੱਚ ਫੌਜ 'ਚੋਂ ਆਏ ਹੀ ਸਨ) ਮਾਲਵੇ ਦੇ ਮਸ਼ਹੂਰ ਵਿਦਵਾਨ ਸੰਤ ਚੰਦਾ ਸਿੰਘ ਜੀ ਕੱਟੂ ਵਾਲੇ, ਗਿਆਨੀ ਇੰਦਰ ਸਿੰਘ ਮੋਗੇ ਵਾਲੇ, ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਜਥੇ ਸਮੇਤ ਪੁੱਜੇ ਸਨ, ਸੰਤ ਮਨੀ ਸਿੰਘ ਜੀ ਭਾਈਕੇ ਦਿਆਲਪੁਰੇ ਦੇ; ਸੰਤ ਸਮਾਜ ਨੂੰ ਨਿਵਾਜ਼ਨ ਵਾਲੀ ਮਾਨਵਰ ਹਸਤੀ ਸੰਤ ਮਹਾਰਾਜ ਮਸਤੂਆਣੇ ਵਾਲੇ ਗੁਰੂ

ਮਹਾਰਾਜ ਦੇ ਤਾਬੇ ਸਜੇ ਸਨ। ਆਪ ਜੀ ਏਥੇ ਪਟਿਆਲੇ ਤੋਪਖਾਨੇ 'ਚੋਂ ਚਾਰ ਦਿਨਾਂ ਦੀ ਛੁੱਟੀ ਲੈ ਕੇ ਆਏ ਸਨ। ਇਸ ਸੰਤ ਸਮਾਗਮ ਦਾ ਬੜਾ ਅਨੰਦ ਮਾਣਿਆਂ। ਸਾਰੇ ਸਾਧੂਆਂ ਦੇ ਦਰਸ਼ਨ ਕੀਤੇ। ਬਚਨ ਸੁਣੇ ਅਤੇ ਕਮਰਕੱਸਾ ਕਰ ਲੰਗਰ ਵਰਤਾਉਣ ਦੀ ਸੇਵਾ ਵੀ ਕੀਤੀ। ਸੰਗਤ ਤਾ ਇਤਨਾ ਇਕੱਠ ਸੀ ਕਿ ਪ੍ਰਸ਼ਾਦੇ ਪਕਵਾਉਣ ਵਾਸਤੇ ਸੌ ਤਾਂ ਉਸ ਸਮੇਂ ਤੰਦੂਰ ਲੱਗਾ ਸੀ। ਲੋਹਾਂ ਵੱਖਰੀਆਂ ਤਪਦੀਆਂ ਸਨ। ਸੱਠ ਕੜਾਹੇ ਰੋਜ਼ ਪ੍ਰਸ਼ਾਦ ਦੇ ਬਣਦੇ ਸਨ।

ਉਸ ਸਮੇਂ ਇੱਕ ਹੋਰ ਸਾਧੂ ਆਇਆ ਸੀ ਜਿਸ ਦੀ ਬਾਹਰਲੀ ਕ੍ਰਿਆ ਤਾਂ ਦੇਖਣ ਨੂੰ ਸਾਦੀ ਜਾਪਦੀ ਸੀ। ਖੱਦਰ ਦੀ ਪੈਰਾਂ ਤੱਕ ਲੰਮੀ ਕਫ਼ਨੀ, ਸਿਰ ਤੇ ਖੱਦਰ ਦਾ ਰੁਮਾਲ, ਤੇੜ ਲੰਗੋਟੀ; ਪਰ ਸੀ ਬੜਾ ਕਰਾਮਾਤੀ। ਉਸ ਨੂੰ ਬਬੀਹੇ ਵਾਲਾ ਸੰਤ ਆਖਦੇ ਸਨ। ਇਨ੍ਹਾਂ ਦੇ ਪਿੰਡ ਦਾ ਤਾਂ ਪਤਾ ਨਹੀਂ ਕੇਹੜਾ ਹੈ, ਪਰ ਬਹੁਤ ਸਮਾਂ ਜੈਤੋ ਕੋਲ ਬਬੀਹੇ ਪਿੰਡ ਰਹੇ। ਇੱਥੇ ਇਨ੍ਹਾਂ ਨੇ ਆਏ ਗਏ ਸਾਧੂ ਬਿਹੰਗਮ ਤੇ ਆਮ ਯਾਤਰੂਆਂ ਦੀ ਰਿਹਾਇਸ਼ ਵਾਸਤੇ ਪੰਜ ਸੌ ਮੰਜਾ ਬਣਵਾ ਰੱਖਿਆ ਸੀ। ਰੋਟੀ ਤੇ ਜਲ ਪਾਣੀ ਦਾ ਵੀ ਪੂਰਾ ਇੰਤਜ਼ਾਮ ਸੀ, ਪਰ ਸਨ ਇਹ ਇਕੱਲੇ ਹੀ ਰਹਿੰਦੇ। ਹੋਰ ਸਾਧ ਕੋਲ ਘਟ ਠਹਿਰਦਾ। ਰੋਹੀ ਦਾ ਅਸਥਾਨ ਹੋਣ ਕਰ ਕੇ ਹਰੇਕ ਕਿਸਮ ਦਾ ਬੰਦਾ ਆਉਣ ਲੱਗ ਪਿਆ। ਗੌਰਮਿੰਟ ਨੂੰ ਸ਼ੱਕ ਪੈ ਗਿਆ। ਪੁਲੀਸ ਦੇ ਥਾਣੇਦਾਰ ਨੇ ਆ ਕੇ ਬੇਨਤੀ ਕੀਤੀ, "ਬਾਬਾ ਜੀ! ਤੁਹਾਨੂੰ ਏਥੇ ਰਹਿੰਦਿਆਂ ਕਾਫ਼ੀ ਸਮਾਂ ਹੋ ਗਿਆ ਹੈ। ਤੁਹਾਡੇ ਪਾਸ ਬਹੁਤ ਕਿਸਮ ਦੇ ਬੰਦੇ ਆਉਂਦੇ ਹਨ। ਸਰਕਾਰ ਵਲੋਂ ਸਾਡੇ ਤੇ ਸਖ਼ਤੀ ਹੁੰਦੀ ਹੈ। ਹੁਣ ਤੁਸੀਂ ਇਹ ਜਗ੍ਹਾ ਛੱਡ ਕੇ ਕਿਤੇ ਹੋਰਥੇ ਚਲੇ ਜਾਓ ਤਾਂ ਚੰਗਾ ਹੈ। ਇਹ ਤੁਹਾਡੇ ਮੰਜੇ ਜਿੱਥੇ ਕਹੋ ਅਸੀਂ ਪੁਚਾ ਦੇਂਦੇ ਹਾਂ।" ਸੰਤਾਂ ਨੇ ਕਿਹਾ, "ਚੰਗਾ ਇਕੱਠੇ ਕਰਵਾ ਲਓ।" ਜਦੋਂ ਸਾਰੇ ਮੰਜੇ ਇਕੱਠੇ ਹੋ ਗਏ ਤਾਂ ਇਨ੍ਹਾਂ ਨੇ ਤੀਲੀ ਬਾਲ ਕੇ ਅੱਗ ਲਾ ਦਿੱਤੀ। ਅਸਥਾਨ ਦਾ ਸਮਾਨ ਵੀ ਵਿਚੇ ਹੀ ਸੁੱਟ ਦਿੱਤਾ ਅਤੇ ਆਪ ਬੇਪ੍ਰਵਾਹੀ ਨਾਲ ਅੱਗੇ ਚੱਲ ਪਏ। ਕਈ ਜਗ੍ਹਾ ਤੇ ਵਿਚਰਦੇ ਹੋਏ, ਉਹ ਵੀ ਏਥੇ ਆਏ ਸਨ। ਇਨ੍ਹਾਂ ਨੇ ਅਸਥਾਨ ਤੋਂ ਕਾਫ਼ੀ ਦੂਰ ਬਾਹਰ ਹੀ ਰਿਹਾਇਸ਼ ਰਖੀ। ਮੌਸਮ ਗ਼ਰਮੀ ਦਾ ਸੀ ਜਿਸ ਕਰ ਕੇ ਪਾਣੀ ਦੀ ਬੜੀ ਲੋੜ ਸੀ। ਵੱਡੇ ਵੱਡੇ ਸੇਠ ਸ਼ਾਹੂਕਾਰ ਇਨ੍ਹਾਂ ਦੇ ਸੇਵਕ ਸਨ ਜਿਨ੍ਹਾਂ ਤੋਂ ਨਲਕੇ ਲਗਵਾ ਲਏ ਅਤੇ ਉਹ ਖੰਡਾਂ ਦੀਆਂ ਬੋਰੀਆਂ ਭੇਜੀ ਜਾਂਦੇ ਤੇ ਇਹ ਸ਼ਰਬਤ ਕਰ ਕੇ ਸਭਨਾਂ ਨੂੰ ਪਿਲਾਈ ਜਾਂਦੇ। ਇਕੱਠ ਵਧੇਰੇ ਹੋਣ ਲੱਗ ਪਿਆ। ਕਈਆਂ ਨੇ ਸੇਠਾਂ ਨੂੰ ਸ਼ੱਕ ਪਾ ਕੇ ਡਰਾ ਦਿੱਤਾ, ਤੁਸੀਂ ਇਨ੍ਹਾਂ ਨੂੰ ਖੰਡ ਦੇਂਦੇ ਹੋ। ਇਨ੍ਹਾਂ ਦੇ ਪਾਸ ਤਾਂ ਡਾਕੂ, ਚੋਰ ਤੇ ਹੋਰ ਬਦਮਾਸ਼ ਆਉਂਦੇ ਹਨ। ਗੌਰਮਿੰਟ ਤੁਹਾਨੂੰ ਤੰਗ ਕਰੇਗੀ। ਇਨ੍ਹਾਂ ਸੇਠਾਂ ਨੇ ਡਰ ਕੇ ਖੰਡ ਬੰਦ ਕਰ ਦਿੱਤੀ। ਸੰਤਾਂ ਨੂੰ ਪਤਾ ਲੱਗਾ ਤੇ ਆਖਣ ਲੱਗੇ, "ਕੋਈ ਗੱਲ ਨਹੀਂ। ਪਹਿਲਾਂ ਵਾਂਗ ਹੀ ਨਲਕੇ 'ਚੋਂ ਗੇੜ ਕੇ ਪਾਣੀ ਦੇ ਕੜਾਹੇ ਭਰ ਕੇ ਪਿਲਾਈ ਜਾਵੋ ਆਪੇ ਮਿੱਠਾ ਹੋ ਜਾਵੇਗਾ।" ਇਹ ਉਨ੍ਹਾਂ ਸੰਤਾਂ ਦੀ ਪ੍ਰਤੱਖ ਸ਼ਕਤੀ ਦੇਖਣ ਵਿੱਚ ਆਈ। ਕਈ ਹਜ਼ਾਰ ਪ੍ਰੇਮੀਆਂ ਦਾ ਇਕੱਠ ਸੀ। ਸਭਨਾਂ ਦੇ ਦੇਖਦਿਆਂ ਨਲਕੇ ਦਾ ਪਾਣੀ, ਸ਼ਰਬਤ ਬਣ ਕੇ ਕੜਾਹੇ ਵਿੱਚ ਡਿਗਦਾ ਗਿਆ। ਜੇਠ ਦਾ ਮਹੀਨਾ ਪਾਣੀ ਦੀ ਬੜੀ ਲੋੜ ਸੀ। ਸੰਗਤਾਂ ਛਕਦੀਆਂ ਗਈਆਂ। ਛੋਟੇ ਸੰਤ ਜੀ ਮਹਾਰਾਜ ਦੱਸਦੇ ਸਨ, "ਅਸੀਂ ਆਪ ਨਲਕਾ ਗੇੜਦੇ ਰਹੇ ਸਾਂ।"

ਇਸੇ ਤਰ੍ਹਾ ਵਰਹਿਆਂ ਵਾਲੇ ਸੰਤ ਸਾਹਿਬ ਦਾਸ ਜੀ ਉਦਾਸੀਨ ਮਹਾਂਪੁਰਸ਼ਾਂ ਦਾ ਪਟਿਆਲੇ ਗਿਆਂ ਦਰਸ਼ਨ ਕੀਤਾ ਜੋ ਬੜੇ ਉੱਘੇ ਤੇ ਕਰਣੀ ਵਾਲੇ ਸ਼ਕਤੀਸਾਲੀ ਸਾਧੂ ਸਨ। ਇਨ੍ਹਾਂ ਦੀ ਪ੍ਰਤੱਖ ਕਰਾਮਾਤ ਦਾ ਸਦਕਾ ਮੰਗਵਾਲ ਤੇ ਹੋਰ ਕਈ ਥਾਈਂ ਘਿਉ ਦੀਆਂ ਜੋਤਾਂ ਜਗਦੀਆਂ ਹਨ।

ਇਸ ਸਮੇਂ ਪਟਿਆਲੇ ਸ਼ਹਿਰ ਵਿੱਚ ਬੜੇ ਚੰਗੇ ਮਹਾਤਮਾ ਨਿਵਾਸ ਰੱਖਦੇ ਸਨ; ਜੇਹਾ ਕਿ ਬਾਬਾ (ਧਿਆਨਾ) ਧਿਆਨ ਦਾਸ, ਸੋਹਨ ਦਾਸ, ਸਾਹਿਬ ਦਾਸ, ਸੰਤੋਖ ਦਾਸ। ਇਹ ਸਾਰੇ ਉਦਾਸੀ ਮਹਾਤਮਾ ਚੰਗੀ ਕਰਣੀ ਵਾਲੇ ਸਨ। ਇੱਕ ਭੀਖੀ ਪਿੰਡ ਦਾ (ਜੋ ਮਾਨਸਾ ਦੇ ਪਾਸ ਹੈ) ਪ੍ਰੇਮ ਦਾਸ ਉਦਾਸੀ ਮਹਾਤਮਾ ਵੀ ਏਥੇ ਪਟਿਆਲੇ ਵਿੱਚ ਆ ਜਾਇਆ ਕਰਦਾ । ਆਪ ਜੀ ਦਾ ਸਾਰਿਆਂ ਸੰਤਾਂ ਦੇ ਪਾਸ ਆਉਣਾ ਜਾਣਾ ਸੀ। ਸੇਵਾ ਕਰਦੇ, ਬਚਨ ਸੁਣਦੇ। ਇਉਂ ਉਨ੍ਹਾਂ ਦੀਆਂ ਖ਼ੁਸ਼ੀਆਂ ਲੈਂਦੇ।

ਕਈ ਵਾਰ ਬੀਤਰਾਗ ਮਹਾਂ ਤਪਸਵੀ ਮਸਤਾਨੇ ਸਾਧੂ ਬਾਬਾ ਬੀਰਮ ਦਾਸ ਬਿਧੌਂਸ਼ੀ ਵਾਲਿਆਂ ਦੇ ਵੀ ਦਰਸ਼ਨ ਹੋਏ ਅਤੇ ਬਚਨ ਕੀਤੇ। ਰੇਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਂਦਿਆਂ ਲੁਧਿਆਣੇ ਵਾਲੇ ਸੰਤ ਬਾਬਾ ਬਾਣਬਟਾ; ਮਸਤਾਨਾ ਸਾਧੂ ਜੋ ਉਸ ਸਮੇਂ ਬੜਾ ਮਸ਼ਹੂਰ ਸੀ, ਉਸਦੇ ਵੀ ਆਪ ਜੀ ਨੂੰ ਦਰਸ਼ਨ ਹੁੰਦੇ ਕਿਉਂਕਿ ਉਪਦੇਸ਼ ਲਏ ਤੋਂ ਬਾਅਦ ਆਪ ਜੀ ਬਹੁਤ ਵਾਰੀ ਛੁੱਟੀਆਂ ਦਾ ਸਾਰਾ ਸਮਾਂ ਰੇਰੂ ਸਾਹਿਬ ਹੀ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਬਤੀਤ ਕਰਦੇ ਸਨ।

ਤੋਪਖਾਨੇ ਦੇ ਸਾਰੇ ਸਿੱਖ ਫੌਜੀ ਜੋ ਬਾਬਾ ਜੀ ਦੇ ਉਪਦੇਸ਼ੀ ਸਨ। ਧਾਰਮਿਕ ਫੰਡ ਲਈ ਇੱਕ ਇੱਕ ਰੁਪੈ ਜਾਂ ਦੋ ਦੋ ਰੁਪੈ ਮਹੀਨਾ ਆਪਣੀ ਤਨਖਾਹ ਅਨੁਸਾਰ ਦਸਵੰਧ ਜਮ੍ਹਾਂ ਕਰਵਾਉਂਦੇ, ਜਿਸ ਦੀ ਕਾਫ਼ੀ ਰਕਮ ਬਣ ਜਾਂਦੀ। ਉਸ ਦੇ ਆਪ ਜੀ ਹੀ ਖਜ਼ਾਨਚੀ ਹੁੰਦੇ। ਸਾਰਿਆਂ ਦੀ ਸਲਾਹ ਨਾਲ ਇਸ ਮਾਇਆ ਨੂੰ ਕਿਸੇ ਨੇਕ ਕੰਮ ਤੇ ਖਰਚ ਕਰਦੇ। ਇਸੇ ਫੰਡ ਵਿੱਚੋਂ ਇੱਕ ਕਮਰਾ ਰੇਰੂ ਸਾਹਿਬ ਪਟਿਆਲੇ ਦੀ ਸੰਗਤ ਦੇ ਆਰਾਮ ਲਈ ਬਣਵਾਇਆ ਅਤੇ ਇੱਕ ਬਾਹਰ ਗੁਫਾ

ਵਿੱਚ ਵੀ ਕਮਰਾ ਬਣਾਇਆ। ਇੱਕ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਅਸਵਾਰੀ ਲਈ ਘੁਡਾਣੀ ਕਲਾਂ ਤੋਂ ਘੋੜੀ ਖਰੀਦ ਕੇ ਭੇਟਾ ਕੀਤੀ, ਬਾਅਦ ਵਿੱਚ ਜਿਸ ਦੀ ਸੇਵਾ ਕਰਨ ਦਾ ਆਪ ਜੀ ਨੂੰ ਹੀ ਸੁਭਾਗ ਪ੍ਰਾਪਤ ਹੋਇਆ। ਹੋਰ ਚਾਰ ਕਮਰੇ ਤੇ ਦੋਰਾਹੇ ਵੱਲ ਦੀ ਡਿਉਢੀ ਵੀ ਪਟਿਆਲੇ ਵਾਲੀ ਸੰਗਤ ਵਲੋਂ ਬਣੀ ਹੈ।

ਰੋਜ਼ ਦੇ ਨੇਕ ਕੰਮਾਂ ਦਾ ਹੋਰ ਸਾਥੀ ਫੌਜੀਆਂ ਤੇ ਵੀ ਅਸਰ ਪੈਂਦਾ। ਸਾਰੇ ਆਪ ਜੀ ਦਾ ਆਦਰ ਕਰਦੇ। ਆਪ ਦਾ ਬਹੁਤਾ ਸਮਾਂ ਗੁਰ ਸ਼ਬਦ ਦੇ ਅਭਿਆਸ, ਬਾਣੀ ਦੇ ਪਾਠ ਅਤੇ ਧਾਰਮਿਕ ਗ੍ਰੰਥਾਂ ਦੀ ਵਿਚਾਰ ਵਿੱਚ ਹੀ ਬਤੀਤ ਹੁੰਦਾ। ਸੂਫੀ ਫ਼ਕੀਰ ਸ਼ੇਖ ਫ਼ਰੀਦ ਜੀ ਦੀ ਜਨਮ ਕਥਾ ਪੜ੍ਹੀ ਕਿ ਨਾਮ ਵਿੱਚ ਬੜੀ ਤਾਕਤ ਹੈ। ਉਸ ਨੇ ਅਲਫ ਕਹਿਕੇ ਜਿੰਦਰਾ ਖੋਲ੍ਹ ਦਿਤਾ। ਭਾਵੇਂ ਇਹ ਗੱਲਾਂ ਨਾਮ ਰਸੀਆਂ ਵਿੱਚ ਸੁਭਾਵਕ ਹੀ ਆ ਜਾਂਦੀਆਂ ਹਨ: *'ਰਿਧ ਸਿਧ ਨਾਵੈ ਕੀ ਦਾਸੀ'* ਪਰ ਮਹਾਂਪੁਰਸ਼ ਇਨ੍ਹਾਂ ਦੀ ਵਰਤੋਂ ਨਹੀਂ ਕਰਦੇ।

ਇਕ ਦਿਨ ਆਪ ਜੀ ਨੇ ਸਵੇਰੇ, ਰੋਜ਼ ਦੇ ਨਿਯਮ ਅਨੁਸਾਰ ਇਸ਼ਨਾਨ ਕੀਤਾ। ਬਸਤ੍ਰ ਪਹਿਨੇ, ਕਮਰੇ ਨੂੰ ਜਿੰਦਰਾ ਮਾਰ ਬਾਹਰ ਸੁਧਾਸਰ ਤੇ ਚਲੇ ਗਏ। ਆਪ ਇੱਥੇ ਪਹਿਲਾਂ ਵੀ ਇਕਾਂਤ ਜਗ੍ਹਾ ਦੇਖ ਕੇ ਸਵੇਰੇ ਆ ਬੈਠਦੇ ਸਨ। ਪਹੁ ਫੁਟਾਲੇ ਨਾਲ ਨੇਤਰ ਖੁੱਲ੍ਹੇ। ਲਾਈਨ ਵਿੱਚ ਵਾਪਸ ਆਏ। ਪਰੇਡ ਦਾ ਟਾਈਮ ਹੋ ਚੁੱਕਾ ਸੀ। ਵਰਦੀ ਪਾਉਣ ਵਾਸਤੇ ਤਿਆਰੀ ਦਾ ਬਿਗਲ ਵਜ ਗਿਆ। ਜਦੋਂ ਕੁਆਟਰ ਪਾਸ ਪੁੱਜੇ, ਜੇਬ ਵਿੱਚ ਹੱਥ ਮਾਰਿਆ ਚਾਬੀ ਗੁੰਮ ਸੀ। ਨਹੀਂ ਪਤਾ ਕਿੱਥੇ ਡਿਗ ਪਈ। ਖੋਜਣ ਦਾ ਟਾਈਮ ਨਹੀਂ ਸੀ। ਅਚਨਚੇਤ ਸੰਕਲਪ ਫੁਰਿਆ ਕਿ ਫਰੀਦ ਨੇ ਅਲਫ ਆਖ ਕੇ ਜਿੰਦਰਾ ਖੋਲ੍ਹ ਦਿੱਤਾ ਸੀ। ਸਤਿਨਾਮੁ ਆਖ ਕੇ ਜਿੰਦਰੇ ਨੂੰ ਹੱਥ ਲਾਇਆ। ਪੱਕਾ ਰੋਪੜੀ ਜਿੰਦਰਾ ਦੂਹਰੀ ਕਲਾਂ ਦਾ ਤੜੱਕ ਦੇ ਕੇ ਖੁੱਲ੍ਹ ਗਿਆ।

ਲਾਈਨ ਸਫ਼ਾਈ

ਇੱਕ ਸਮੇਂ ਗ਼ਰਮੀ ਦੇ ਮੌਸਮ ਵਿੱਚ ਫੌਜ ਦਾ ਵੱਡਾ ਅਫਸਰ ਕਰਨਲ ਜੁਗਿੰਦਰ ਸਿੰਘ ਛੰਨਾਂ ਵਾਲਾ ਪੋਲੋ ਖੇਡਣ ਵਾਸਤੇ ਸਰਕਾਰ ਵਲੋਂ ਵਲਾਇਤ (England) ਭੇਜਿਆ ਗਿਆ। ਜਦੋਂ ਇਸ ਨੇ ਵਾਪਸ ਮੁੜਨਾ ਸੀ ਦਫ਼ਤਰ ਵਿੱਚ ਕੰਪਨੀ ਕਮਾਂਡਰ ਜਮਾਂਦਾਰ ਨੂੰ ਚਿੱਠੀ ਪਾਈ ਕਿ ਸਾਰੇ ਫੌਜੀ ਆਪੋ ਆਪਣੇ ਕਮਰੇ ਸਾਫ਼ ਕਰਨ, ਮੈਂ ਆ ਕੇ ਦੇਖਾਂਗਾ। ਉਸ ਜਮਾਂਦਾਰ ਨੇ ਸਭਨਾਂ ਨੂੰ ਕਰਨਲ ਜੁਗਿੰਦਰ ਸਿੰਘ ਦਾ ਹੁਕਮ ਸੁਣਾ ਦਿੱਤਾ। ਆਪ ਜੀ ਚੌਥੀ ਤਰੁਪ 'ਚ ਸਨ ਜਿਸ ਦਾ ਕਮਾਂਡਰ ਜਮਾਂਦਾਰ ਬਖਤੌਰ ਸਿੰਘ ਸੀ। ਸਾਰੇ ਹੀ ਇੱਕ ਦੂਜੇ ਤੋਂ ਵਧ ਚੜ੍ਹ ਕੇ ਕੁਵਾਟਰਾਂ ਦੀ ਸਫ਼ਾਈ ਕਰਨ ਲੱਗੇ। ਬਾਜ਼ਾਰੋਂ ਸਫੈਦੀ ਲਿਆ ਕੇ ਕੰਧਾਂ ਤੇ ਕੀਤੀ। ਬੂਹਿਆਂ ਨੂੰ ਰੰਗ ਕਰ ਲਏ। ਧੋਬੀ ਤੋਂ ਕਿਰਾਏ ਉੱਤੇ ਕੰਧਾਂ ਤੇ ਲਾਉਣ ਲਈ ਚਾਦਰਾਂ ਲਿਆਂਦੀਆਂ, ਪਰ ਆਪ ਜੀ ਨੇ ਅਜੇ ਤੱਕ ਕੁੱਝ ਨਹੀਂ ਕੀਤਾ। ਨਾਲ ਦਾ ਸਾਥੀ (ਧੂਰੀ ਦੇ ਕੋਲ ਲੱਡੇ ਪਿੰਡ ਦਾ) ਚੰਨਣ ਸਿੰਘ ਕਹੇ, "ਆਪਾਂ ਵੀ ਇਸ ਤਰ੍ਹਾਂ ਸਫ਼ਾਈ ਕਰੀਏ। ਪਰ ਆਪ ਜੀ ਵੱਲੋਂ ਕੋਈ ਉੱਤਰ ਨਾ ਆਇਆ।" ਕਮਰੇ ਦੀ ਸਫ਼ਾਈ ਕਰਨ ਨੂੰ ਵਕਤ ਨਾ ਮਿਲੇ। ਰਾਤੀਂ ਜਾਗਣਾ ਅਤੇ ਜੋ ਸਫ਼ਾਈ ਦਾ ਵਕਤ ਸੀ ਦੁਪਹਿਰਾ, ਉਸ ਵਕਤ ਆਰਾਮ ਕਰਨਾ।

ਚੰਨਣ ਸਿੰਘ ਕਹਿੰਦਾ, "ਆਪ ਨਾਲ ਲੱਗੋ। ਮੈਂ ਇਕੱਲਾ ਕਿਵੇਂ ਕਰਾਂ?" ਜਮਾਂਦਾਰ ਵੀ ਕਹੇ, "ਤੁਸਾਂ ਸਾਹਿਬ ਦਾ ਹੁਕਮ ਨਹੀਂ ਮੰਨਿਆ, ਸਜ਼ਾ ਹੋ ਜਾਵੇਗੀ।" ਪਰ ਆਪ ਜੀ ਚੁੱਪ ਰਹੇ। ਕਰਨਲ ਜੁਗਿੰਦਰ ਸਿੰਘ ਵਲਾਇਤ ਤੋਂ ਵਾਪਸ ਆ ਗਿਆ। ਅੱਜ ਉਸ ਦਾ ਸਫ਼ਾਈ ਦੇਖਣ ਦਾ ਦਿਨ ਸੀ। ਆਪ ਰੋਜ਼ ਵਾਂਗ ਸਵੇਰੇ ਦੋ ਵਜੇ ਜਾਗੇ। ਇਸ਼ਨਾਨ ਕੀਤਾ, ਜਪੁਜੀ ਸਾਹਿਬ ਅਤੇ ਹੋਰ ਬਾਣੀਆਂ ਦਾ ਪਾਠ ਕਰਦਿਆਂ ਕਮਰੇ ਵਿੱਚ ਝਾੜੂ ਦਿੱਤਾ। ਆਲੇ ਸਾਫ਼ ਕੀਤੇ ਬਿਸਤਰਾ ਝਾੜ ਕੇ ਵਿਛਾਇਆ। ਮੇਜ਼ ਤੇ ਮੇਜ਼ਪੋਸ਼ ਵਿਛਾ ਕੇ, ਉਸ ਉੱਪਰ ਸਾਰੇ ਗ੍ਰੰਥ ਅਤੇ ਪਾਣੀ ਦਾ ਗੜਵਾ ਰੱਖ ਦਿੱਤਾ। ਉਪਰੰਤ ਗੁਰ-ਸ਼ਬਦ ਦਾ ਅਭਿਆਸ ਕਰ ਕੇ ਗੁਰ ਚਰਨਾਂ ਵਿਖੇ ਅਰਦਾਸ ਕੀਤੀ ਕਿ ਭਾਈ ਤਿਲੋਕੇ ਦੀ ਤਲਵਾਰ ਤੇ ਭਾਈ ਕਟਾਰੂ ਦੇ ਘੱਟ ਵੱਟੇ ਵਾਂਗੂ ਤੁਸਾਂ ਹੀ ਲਾਜ ਰੱਖਣੀ ਹੈ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ *(ਆਸਾ ਮਃ ੫ - ੪੦੩)*

ਦਿਨ ਚੜ੍ਹਿਆ। ਹੋਰ ਛੋਟੇ ਅਫ਼ਸਰਾਂ ਸਮੇਤ ਕਰਨਲ ਜੁਗਿੰਦਰ ਸਿੰਘ ਆਇਆ। ਸਭਨਾਂ ਦੀ ਬਾਹਰ ਹੀ ਖੜੋ ਕੇ ਸਫ਼ਾਈ ਦੇਖੀ ਪਰ ਆਪ ਜੀ ਦੇ ਕਮਰੇ ਦੇ ਪਾਸ ਆ ਕੇ ਅੰਦਰ ਚਲਾ ਗਿਆ। ਗ੍ਰੰਥ ਚੁਕੇ, ਪੜ੍ਹ ਕੇ ਦੇਖੇ। ਆਪਣੀ ਜੇਬ 'ਚੋਂ ਕੱਢ ਕੇ ਆਲੇ ਵਿੱਚ ਰੁਮਾਲ ਫੇਰਿਆ। ਜਦੋਂ ਰੁਮਾਲ ਨੂੰ ਵੀ ਆਲੇ ਦੀ ਮਿੱਟੀ ਨਾ ਲੱਗੀ ਤਾਂ ਬੜਾ ਖੁਸ਼ ਹੋਇਆ। ਉਪਰੰਤ ਨਾਮ ਨੋਟ ਕਰ ਕੇ ਚਲਾ ਗਿਆ। ਦਿਨੇ ਆਪ ਜੀ ਨੂੰ ਦਫ਼ਤਰ ਬੁਲਾਇਆ। ਸਭ ਕਹਿਣ ਇਸਨੇ ਸਾਹਬ ਦਾ ਹੁਕਮ ਨਹੀਂ ਮੰਨਿਆ, ਸਫ਼ਾਈ ਨਹੀਂ ਕੀਤੀ, ਸਜ਼ਾ ਹੋਵੇਗੀ। ਪਰ ਆਪ ਜੀ ਦੀ ਸਾਦਗੀ ਵਾਲੀ ਸਫ਼ਾਈ ਦੇਖ ਕੇ ਦੋਹਾਂ ਨੂੰ

ਦਸ ਦਸ ਦਿਨ ਦੀ ਛੁੱਟੀ ਦੇ ਦਿੱਤੀ। ਦੂਜਿਆਂ ਨੂੰ ਝਾੜਾਂ ਪਈਆਂ ਕਿ ਤੁਹਾਡੇ ਪਾਸ ਵਿਖਾਵਾ ਬਹੁਤਾ ਹੈ। ਅਮਲੀ ਜੀਵਨ ਘੱਟ ਹੈ। ਗੌਰਮਿੰਟ ਦੇ ਕੁਆਟਰ ਸਨ। ਆਪੇ ਸਰਕਾਰ ਕਲੀ (ਸਫ਼ੈਦੀ) ਕਰਵਾਉਂਦੀ। ਤੁਸਾਂ ਕਿਉਂ ਪੈਸੇ ਖਰਚ ਕੀਤੇ? ਧੋਬੀ ਦੀਆਂ ਚਾਦਰਾਂ ਕਰਾਏ ਤੇ ਲਿਆਉਣ ਦੀ ਕੀ ਲੋੜ ਸੀ? ਆਪ ਜੀ ਦਫਤਰ 'ਚੋ ਬਾਹਰ ਆਏ। ਅਕਾਲ ਪੁਰਖ ਦਾ ਧੰਨਵਾਦ ਕੀਤਾ ਅਤੇ ਛੁੱਟੀ ਦੇ ਦਿਨ ਰੇਰੂ ਸਾਹਿਬ ਬਿਤਾਏ।

ਪਵਿੱਤ੍ਰ ਉਪਦੇਸ਼

ਆਪ ਜੀ ਨੂੰ ਸੰਤ ਮਹਾਰਜ ਜੀ ਤੋਂ ਉਪਦੇਸ਼ ਲਿਆਂ ਤਕਰੀਬਨ ਪੰਜ ਕੁ ਸਾਲਾਂ ਦਾ ਸਮਾਂ ਹੋ ਗਿਆ ਅਤੇ ਪਟਿਆਲੇ ਤੋਪਖਾਨੇ ਦੀ ਨੌਕਰੀ ਕਰਦਿਆਂ ਦਸ ਸਾਲ ਹੋਣ ਲੱਗੇ ਸਨ। ਛੁੱਟੀ ਦਾ ਸਮਾਂ ਆਪ ਰੇਰੂ ਸਾਹਿਬ ਹੀ ਸੰਤਾਂ ਦੇ ਚਰਨਾਂ ਵਿੱਚ ਬਤਾਇਆ ਕਰਦੇ। ਛੁੱਟੀ ਵੀ ਉਸ ਸਮੇਂ ਲੈਣੀ ਜਦੋਂ ਕਿ ਗੁਰਦੁਆਰੇ ਸਾਹਿਬ ਸੇਵਾ ਹੋਣੀ। ਕਣਕਾਂ ਦੀ ਵਢਾਈ ਤੇ ਮੱਕੀਆਂ ਦੀ ਗੁਡਾਈ ਦੇ ਟਾਇਮ ਗੁਰੂ ਕੇ ਲੰਗਰ ਦੀ ਸੇਵਾ ਜਾਂ ਗੁਰਦੁਆਰੇ ਸਾਹਿਬ ਦੀ ਖੇਤੀ ਕਰਵਾਉਣੀ ਜਾਂ ਵੇਹਲੇ ਸਮੇਂ ਸੰਤ ਮਹਾਰਾਜ ਦੀ ਘੋੜੀ ਦੀ ਸੇਵਾ ਸੰਭਾਲ ਕਰਣੀ। ਉਸਦੀ ਮਾਲਸ਼ ਕਰਣੀ, ਦਾਣਾ ਚਾਰਣਾ, ਪੱਠੇ ਪਾਉਣੇ। ਘੋੜੀ ਦਾ ਵੀ ਆਪ ਜੀ ਨਾਲ ਅਤਿਅੰਤ ਹਿਤ ਵਧ ਗਿਆ। ਦੂਰੋਂ ਹੀ ਦੇਖ ਕੇ ਹਿਣਕਣ ਲੱਗ ਪੈਂਦੀ। ਧਰਤੀ ਤੇ ਪੌੜ ਮਾਰਦੀ। ਸੰਤ ਜੀ ਮਹਾਰਾਜ ਅਸਵਾਰੀ ਕਰਨ ਸਮੇਂ ਘੋੜੀ ਦਾ ਸਰੀਰ ਸਾਫ਼ ਸੁਥਰਾ ਤੇ ਮਾਲਸ਼ ਨਾਲ ਚਮਕਾਇਆ ਦੇਖ ਕੇ ਬੜੇ ਪ੍ਰਸੰਨ ਹੁੰਦੇ। ਉਸ ਸਮੇਂ ਸਾਰੇ ਫੌਜੀਆਂ ਨੂੰ ਇਕੱਠਿਆਂ ਦੇਖ ਕੇ ਇਹ ਉੱਤਮ ਉਪਦੇਸ਼ ਕਰਦੇ ਕਿ ਗੁਰਸਿੱਖੋ! ਸਫ਼ਾਈ ਵਿੱਚ ਹੀ ਖੁਦਾਈ ਹੈ। ਜਿਵੇਂ ਸਾਫ਼ ਕਪੜਾ, ਸਾਫ਼ ਥਾਂ, ਸਾਫ਼ ਸਰੀਰ ਹਰ ਇੱਕ ਨੂੰ ਚੰਗਾ ਲੱਗਦਾ ਹੈ; ਇਸੇ ਤਰ੍ਹਾਂ ਸਾਫ਼ ਮਨ ਵਾਲਾ ਗੁਰਮੁਖ ਹੀ ਪ੍ਰਮੇਸ਼ਰ ਨੂੰ ਭਾਉਂਦਾ ਹੈ ਕਿਉਂਕਿ ਉਸ ਥਾਂ ਤੇ ਆਪ ਪ੍ਰਮੇਸ਼ਰ ਦਾ ਵਾਸਾ ਹੈ। ਜਿੱਥੇ ਜਗ੍ਹਾ ਦੀ ਸਫ਼ਾਈ ਨਹੀਂ, ਕਮਰਾ ਗੰਦਾ ਹੈ, ਥਾਂ ਥਾਂ ਕੂੜਾ ਕਰਕਟ ਖਿੰਡਿਆ ਪਿਆ ਹੈ, ਬਿਸਤਰਾ ਮੈਲਾ ਹੈ, ਦਰੀ ਚਾਦਰ ਵਿੱਚ ਵੱਟ ਪਏ ਹੋਏ ਹਨ; ਉੱਥੇ ਕਿਸੇ ਵੀ ਸਫ਼ਾਈ ਪਸੰਦ ਮਨੁੱਖ ਦਾ ਰਹਿਣ ਨੂੰ ਜੀਅ ਨਹੀਂ ਕਰਦਾ। ਤਿਵੇਂ ਪ੍ਰਮੇਸ਼ਰ ਭੀ ਸ੍ਵੱਛ ਹਿਰਦੇ ਵਿੱਚ ਹੀ ਪ੍ਰਗਟ ਹੁੰਦਾ ਹੈ।

ਨੌਕਰੀ ਦਾ ਤਿਆਗ

ਹਜ਼ੂਰ ਦੀ ਪਾਵਨ ਰਸਨਾ ਤੋਂ ਇਸ ਪ੍ਰਕਾਰ ਦੇ ਕਲਿਆਣ ਦਾਇਕ ਪਵਿੱਤਰ ਬਚਨ ਸੁਣ ਕੇ ਸਾਰਿਆਂ ਦੇ ਮਨ ਦ੍ਰਵੀਭੂਤ ਹੋ ਗਏ ਪਰ ਉਸ ਸਮੇਂ ਜੋ ਅਸਰ ਆਪ ਜੀ ਦੇ ਸ਼ੁੱਧ ਤੇ ਸਾਫ ਹਿਰਦੇ ਤੇ ਪਿਆ ਉਹ ਨਿਮਾਣੀ ਕਲਮ ਵਰਣਨ ਨਹੀਂ ਕਰ ਸਕਦੀ। ਆਪ ਨੇ ਨੌਕਰੀ ਦੇ ਤਿਆਗ ਕਰਨ ਦਾ ਪੂਰਾ ਖ਼ਿਆਲ ਬਣਾ ਲਿਆ ਕਿ ਜ਼ਿੰਦਗੀ ਦਾ ਬਾਕੀ ਹਿੱਸਾ ਗੁਰ ਚਰਨਾਂ ਵਿਖੇ ਸੇਵਾ ਸਿਮਰਨ ਵਿੱਚ ਬਤੀਤ ਕਰੀਏ। ਇਉਂ ਛੁੱਟੀ ਖ਼ਤਮ ਹੋਈ ਤੋਂ ਜਾਣ ਦੇ ਸਮੇਂ ਇਕਾਂਤ ਅਸਥਾਨ ਵਿਖੇ ਬਾਬਾ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, "ਦਾਤਾ ਜੀ! ਮੇਹਰ ਕਰੋ ਅਤੇ ਚਰਨਾਂ ਦੀ ਸ਼ਰਨ ਬਖ਼ਸ਼ੋ।"

ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥ (ਸੂਹੀ ਮਃ ੫ - ੭੪੨)

ਇਹਨਾਂ ਦੀ ਬੇਨਤੀ ਸੁਣ ਕੇ ਭੂਤ, ਭਵਿੱਖਤ, ਵਰਤਮਾਨ ਦੇ ਜਾਨਣਹਾਰ ਨੇ ਸੋਚਿਆ ਕਿ ਠੀਕ ਸਮੇਂ ਅਰਜ਼ ਕੀਤੀ ਹੈ। ਦੋਵੇਂ ਵਿਅਕਤੀਆਂ ਦੇ ਮਿਲਾਪ ਦਾ ਟਾਈਮ ਆ ਗਿਆ ਜੋ ਪਹਿਲਾਂ ਕਈ ਜਨਮਾਂ ਦੇ ਇਕੱਠੇ ਹੀ ਭਗਤੀ ਕਰਦੇ ਆ ਰਹੇ ਹਨ। ਇਹ ਮਿਲਾਪ ਅੱਗੇ ਵਾਸਤੇ ਸਾਰੀ ਜ਼ਿੰਦਗੀ *'ਏਕ ਜੋਤਿ ਦੁਇ ਮੂਰਤੀ'* ਵਾਂਗ ਇੱਕ ਰਸ ਪੂਰਨ ਨਿਭੇਗਾ ਅਤੇ ਇਨ੍ਹਾਂ ਦੇ ਵਿਸ਼ਾਲ ਮੋਢਿਆਂ ਤੇ ਅਸਥਾਨ ਦੀ ਸਾਰੀ ਜ਼ੁੰਮੇਵਾਰੀ ਦਾ ਭਾਰ ਸੌਂਪ ਕੇ ਆਪ ਪਰਉਪਕਾਰੀ ਮਹਾਂਪੁਰਸ਼ ਦੁਨੀਆਂ ਦਾ ਭਲਾ ਕਰੇਗਾ। ਇਨ੍ਹਾਂ ਦੇ ਪੂਰਨ ਸਹਿਯੋਗ ਨਾਲ ਹਿੰਦੁਸਤਾਨ ਦੇ ਕੋਨੇ ਕੋਨੇ ਅਤੇ ਬਾਹਰਲੇ ਟਾਪੂਆਂ ਵਿੱਚ ਗੁਰੂ ਨਾਨਕ ਦੀ ਬਾਣੀ ਦੀ ਬਾਰਸ਼ ਕਰ ਕੇ ਤਪਦੇ ਹਿਰਦੇ ਠਾਰੇਗਾ।

ਉਸ ਸਮੇਂ ਬਾਬਾ ਜੀ ਨੇ ਆਗਿਆ ਕੀਤੀ, "ਜਿਵੇਂ ਤੁਹਾਡਾ ਆਪਣਾ ਖ਼ਿਆਲ ਹੈ, ਕਰੋ।" ਫੇਰ ਅਰਜ਼ ਕੀਤੀ, "ਮਹਾਰਾਜ! ਪਟਿਆਲਾ ਰਿਆਸਤ ਵਿੱਚ ਇਹ ਕਾਨੂੰਨ ਹੈ ਕਿ ਪੰਜ ਸਾਲਾਂ ਤੋਂ ਪਹਿਲਾਂ ਤਾਂ ਕੋਈ ਫੌਜੀ ਆਪਣਾ ਨਾਮ ਕਟਵਾ ਹੀ ਨਹੀਂ ਸਕਦਾ। ਪਰ ਮੇਰੀ ਤਾਂ ਗ਼ਰੀਬ ਨਿਵਾਜ਼! ਦਸ ਸਾਲਾਂ ਦੀ ਸਰਵਿਸ ਹੋ ਗਈ ਹੈ। ਫੇਰ ਵੀ ਪੰਜ ਸਾਲਾਂ ਤੋਂ ਬਾਅਦ ਜੇ ਕੋਈ ਅਸਤੀਫਾ ਦੇਵੇ ਤਾਂ ਉਹ ਪਹਿਲਾਂ ਆਪਣੀ ਥਾਂ ਤੇ ਦੋ ਆਦਮੀ ਭਰਤੀ ਕਰਵਾਵੇ ਤਾਂ ਉਸ ਦਾ ਅਸਤੀਫ਼ਾ ਮਨਜ਼ੂਰ ਹੋ ਸਕਦਾ ਹੈ। ਇਹ ਮੇਰੇ ਵਾਸਤੇ ਬੜੀ ਮੁਸ਼ਕਲ ਆ ਬਣੀ ਹੈ।"

ਸੰਤ ਜੀ ਮਹਾਰਾਜ ਨੇ ਹੁਕਮ ਕੀਤਾ, "ਕੋਈ ਗੱਲ ਨਹੀਂ ਸਭ ਕੁਛ ਠੀਕ ਹੋ ਜਾਵੇਗਾ। ਤੁਸੀਂ ਕਿਸੇ ਸਮੇਂ ਆਪਣੇ ਅਫ਼ਸਰ ਜਮਾਂਦਾਰ ਨੂੰ ਏਥੇ ਸਾਡੇ ਪਾਸ ਲੈ ਆਉਣਾ। ਅਸੀਂ ਉਸ ਨੂੰ ਆਖ ਦੇਵਾਂਗੇ। ਫੇਰ ਉਹ ਆਪੇ ਹੀ ਤੁਹਾਡੀ ਥਾਂ ਤੇ

ਦੋ ਰੰਗਰੂਟ ਦੇ ਕੇ ਅਸਤੀਫਾ ਮਨਜ਼ੂਰ ਕਰਵਾ ਦੇਵੇਗਾ।" ਉਸ ਸਮੇਂ ਆਪ ਜੀ ਨੇ 'ਸਤ ਬਚਨ' ਆਖ ਕੇ ਚਰਨਾਂ ਤੇ ਨਮਸ਼ਕਾਰ ਕੀਤੀ ਤੇ ਆਗਿਆ ਪਾ ਕੇ ਪਟਿਆਲੇ ਆਪਣੀ ਡਿਊਟੀ ਤੇ ਹਾਜ਼ਰ ਹੋਏ।

ਪਟਿਆਲਾ ਸਰਕਾਰ ਵਲੋਂ ਤੋਪਖਾਨੇ ਦੇ ਸਾਰੇ ਫੌਜੀਆਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਦਿਨਾਂ ਵਿੱਚ ਫਤਹਿਗੜ੍ਹ ਸਾਹਿਬ ਦੇ ਜੋੜ ਮੇਲੇ ਤੇ ਜਾਣ ਵਾਸਤੇ ਤਿੰਨ ਦਿਨਾਂ ਦੀ ਛੁੱਟੀ ਮਿਲਦੀ। ਉਸ ਸਮੇਂ ਚਾਹੇ ਕੋਈ ਫਤਹਿਗੜ੍ਹ ਸਾਹਿਬ ਜੋੜ ਮੇਲੇ ਤੇ ਚਲਿਆ ਜਾਵੇ ਅਤੇ ਚਾਹੇ ਕੋਈ ਇਨ੍ਹਾਂ ਵਿੱਚ ਹੀ ਆਪਣੇ ਪਿੰਡ ਹੋ ਆਵੇ। ਆਪ ਜੀ ਤੇ ਹੋਰ ਸੰਤ ਮਹਾਰਾਜ ਦੇ ਉਪਦੇਸ਼ੀ ਤਾਂ ਫਤਹਿਗੜ੍ਹ ਸਾਹਿਬ ਹੀ ਜਾਇਆ ਕਰਦੇ। ਦਿਨੇ ਆਪਣੇ ਹੱਥੀਂ ਲੰਗਰ ਦੀ ਅਤੇ ਰਾਤੀਂ ਪਹਿਰੇ ਦੀ ਸੇਵਾ ਕਰਣੀ। ਦੀਵਾਨ ਸੁਣਨੇ ਅਤੇ ਵਾਪਸ ਆਉਂਦਿਆਂ ਰੇਰੂ ਸਾਹਿਬ ਦੇ ਦਰਸ਼ਨ ਭੀ ਜ਼ਰੂਰ ਕਰਨੇ। ਐਤਕੀਂ ਵੀ ਬਖਤੌਰ ਸਿੰਘ ਜਮਾਂਦਾਰ ਦੇ ਸਮੇਤ (ਜੋ ਭਾਈ ਕੀਆਂ ਬਾਗੜੀਆਂ ਦੇ ਪਾਸ ਖੜਕ ਸਿੰਘ ਵਾਲੀਆ ਛੰਨਾਂ ਦਾ ਸੀ) ਜਿਸ ਦੇ ਨਾਲ ਉਸ ਦੀ ਬ੍ਰਿਧ ਮਾਤਾ ਵੀ ਸੀ ਅਤੇ ਹੋਰ ਵੀ ਫੌਜੀ ਸਿੰਘ ਸਨ, ਆਪ ਜੀ ਫਤਹਿਗੜ੍ਹ ਪੁੱਜੇ। ਦੋ ਦਿਨ ਤੇ ਦੋ ਰਾਤਾਂ ਦਰਸ਼ਨ ਮੇਲਾ ਕੀਤਾ। ਦੀਵਾਨ ਦੀ ਸਮਾਪਤੀ ਤੋਂ ਆਪ ਜੀ ਤੀਹ ਬੱਤੀ ਸਾਥੀਆਂ ਸਮੇਤ ਰੇਰੂ ਸਾਹਿਬ ਜਾਣ ਨੂੰ ਤਿਆਰ ਹੋ ਗਏ।

ਜਦੋਂ ਆਪ ਜੀ ਨੇ ਜਮਾਂਦਾਰ ਬਖਤੌਰ ਸਿੰਘ ਨੂੰ ਨਾਲ ਜਾਣ ਵਾਸਤੇ ਆਖਿਆ ਤਾਂ ਪਹਿਲਾਂ ਤਾਂ ਉਹ ਨਾ ਮੰਨੇ ਪਰ ਜਦੋਂ ਉਨ੍ਹਾਂ ਦੀ ਬ੍ਰਿਧ ਮਾਤਾ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਪੁੱਤਰ ਬਖਤੌਰ ਸਿੰਘ ਜਮਾਂਦਾਰ ਨੂੰ ਵੀ ਨਾਲ ਹੀ ਤਿਆਰ ਕਰ ਲਿਆ ਕਿ ਚਲੋ ਪੁੱਤਰ ਅਸੀਂ ਭੀ ਸੰਤਾਂ ਦੇ ਦਰਸ਼ਨ ਕਰ ਆਈਏ। ਮੇਰੀ ਬ੍ਰਿਧ ਉਮਰ ਹੁਣ ਤਾਂ ਨਦੀ ਕਿਨਾਰੇ ਰੁਖੜੇ ਵਾਂਗ ਹੈ। ਉਨ੍ਹਾਂ ਦੀ ਬੜੀ ਸਿਫ਼ਤ ਸ਼ਲਾਘਾ ਸੁਣੀਦੀ ਹੈ। ਪਟਿਆਲੇ ਦੇ ਬਹੁਤ ਸਾਰੇ ਫੌਜੀ ਹਰੇਕ ਮਹੀਨੇ ਉੱਥੇ ਜਾਂਦੇ ਹਨ।

ਇਉਂ ਆਖ ਕੇ ਦੋਵੇਂ ਮਾਂ-ਪੁੱਤ ਨਾਲ ਹੀ ਚਲ ਪਏ। ਸਾਰੇ ਸਰੀਰ ਸਰਹੰਦ ਤੋਂ ਗੱਡੀ ਬੈਠ ਕੇ ਦੋਰਾਹੇ ਆ ਉੱਤਰੇ। ਗੁਰਦੁਆਰੇ ਸਾਹਿਬ ਨੂੰ ਜਾਂਦਿਆਂ ਰਸਤੇ ਵਿੱਚ ਸੰਤਾਂ ਦੇ ਬਚਨ ਚੱਲੇ ਤਾਂ ਆਪ ਜੀ ਨੇ ਜਮਾਂਦਾਰ ਨੂੰ ਆਖਿਆ ਕਿ ਜੇਕਰ ਸੰਤ ਤੁਹਾਨੂੰ ਕੋਈ ਕੰਮ ਆਖਣ ਤਾਂ ਤੁਸੀਂ ਉਨ੍ਹਾਂ ਦਾ ਬਚਨ ਮੰਨ ਲੈਣਾ ਨਾਂਹ ਨਹੀਂ ਕਰਣੀ। ਉਸ ਨੇ ਕਿਹਾ, "ਮੈਂ ਤਾਂ ਪਹਿਲੀ ਵੇਰ ਹੀ ਦਰਸ਼ਨਾਂ ਨੂੰ ਜਾ ਰਿਹਾ ਹਾਂ। ਅਜੇ ਤੱਕ ਉਨ੍ਹਾਂ ਦਾ ਪੂਰਾ ਵਾਕਫ਼ ਵੀ ਨਹੀਂ ਖਬਰੇ ਕੀ ਕੰਮ ਦੱਸਣ? ਮੰਨਣ ਵਾਲਾ ਹੋਵੇ ਜਾਂ ਨਾ।" ਤਾਂ ਆਪ ਜੀ ਨੇ ਕਿਹਾ, "ਉਹ ਮੇਰੇ ਅਸਤੀਫੇ ਬਾਬਤ ਹੀ ਤੁਹਾਨੂੰ ਆਖਣਗੇ। ਮੈਨੂੰ ਆਪਣੀ ਘੋੜੀ ਦੀ ਸੇਵਾ ਵਾਸਤੇ ਚਰਨਾਂ ਵਿੱਚ ਰੱਖਣਾ ਚਾਹੁੰਦੇ ਹਨ।" ਜਮਾਂਦਾਰ ਕਹਿਣ ਲੱਗਾ, "ਫੇਰ ਤੁਸੀਂ ਉਨ੍ਹਾਂ ਨੂੰ ਬੇਨਤੀ ਕਰ ਕੇ ਮੇਰੀ ਮਾਤਾ ਜੀ ਨੂੰ ਭਜਨ ਸਿਮਰਨ ਦਾ ਉਪਦੇਸ਼ ਦਿਵਾ ਦੇਣਾ। ਮੈਂ ਆਪੇ ਹੀ ਤੁਹਾਡੇ ਥਾਂ ਦੋ ਆਦਮੀ ਦੇ ਕੇ ਤੁਹਾਡਾ ਨਾਮ ਕਟਵਾ ਦੇਵਾਂਗਾ।"

ਇਉਂ ਵਿਚਾਰਾਂ ਕਰਦੇ ਹੋਏ ਗੁਰਦੁਆਰੇ ਸਾਹਿਬ ਪੁੱਜੇ, ਗੁਰੂ ਦਰਬਾਰ ਨੂੰ ਨਮਸ਼ਕਾਰ ਕਰ ਕੇ ਮੰਜੀ ਸਾਹਿਬ ਮੱਥਾ ਟੇਕਿਆ। ਲੰਗਰ ਵਿੱਚ ਜਾ ਕੇ ਜਲ ਪਾਣੀ ਛਕਿਆ। ਇਤਨੇ ਨੂੰ ਸ਼ਾਮ ਹੋ ਗਈ ਤਾਂ ਸੰਤ ਮਹਾਰਾਜ ਵੀ ਬਾਹਰੋਂ ਆ ਗਏ। ਸਭਨਾਂ ਨੇ ਭਾਵਨਾ ਅਨੁਸਾਰ ਭੇਟਾ ਅਰਪ ਕੇ ਪਾਵਨ ਚਰਨ ਪਰਸੇ। ਸਾਦਾ ਲਿਬਾਸ ਤੇ ਨੂਰਾਨੀ ਚੇਹਰਾ ਤੱਕ ਕੇ ਜਮਾਂਦਾਰ ਤਾਂ ਉਸ ਸਮੇਂ ਹੀ ਪੂਰਨ ਸ਼ਰਧਾਲੂ ਬਣ ਗਿਆ ਕਿਉਂਕਿ ਉਸਦਾ ਤਪਦਾ ਮਨ ਤਤਛਿਨ ਸ਼ਾਂਤ ਹੋ ਗਿਆ। ਆਪ ਜੀ ਨੇ ਉਸ ਸਮੇਂ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, "ਮਹਾਰਾਜ! ਇਹ ਸਾਡਾ ਸੈਕਸ਼ਨ ਕਮਾਂਡਰ ਜਮਾਂਦਾਰ ਹੈ।" ਤਾਂ ਬਾਬਾ ਜੀ ਨੇ ਕਿਹਾ, "ਜਮਾਂਦਾਰ ਸਾਹਿਬ! ਸਾਡਾ ਇੱਕ ਕੰਮ ਕਰੋ। ਸਾਨੂੰ ਘੋੜੀ ਵਾਸਤੇ ਸੇਵਾਦਾਰ ਦੀ ਜ਼ਰੂਰਤ ਹੈ ਅਤੇ ਇਨ੍ਹਾ ਦਾ ਵੀ ਏਥੇ ਰਹਿ ਕੇ ਸੇਵਾ ਕਰਨ ਦਾ ਤੀਬਰ ਖ਼ਿਆਲ ਹੈ। ਸੋ ਬਈ ! ਤੂੰ ਇਨ੍ਹਾ ਦਾ ਅਸਤੀਫਾ ਮਨਜ਼ੂਰ ਕਰਵਾ ਦੇਹ।" ਤਾਂ ਜਮਾਂਦਾਰ ਨੇ ਹੱਥ ਜੋੜੇ ਤੇ ਆਖਿਆ, "ਸਤ ਬਚਨ ਜੀ!"

ਆਪ ਜੀ ਨੇ ਬੇਨਤੀ ਕੀਤੀ, "ਮਹਾਰਾਜ! ਇਹ ਕਹਿੰਦੇ ਹਨ ਕਿ ਸੰਤ ਜੀ ਮਹਾਰਾਜ ਕ੍ਰਿਪਾ ਕਰ ਕੇ ਮੇਰੀ ਮਾਤਾ ਨੂੰ ਉਪਦੇਸ਼ ਬਖ਼ਸ਼ ਦੇਣ। ਮੈਂ ਆਪਣੀ ਵਲੋਂ ਸਿਫਾਰਸ਼ ਕਰ ਕੇ ਕਿ ਇਨ੍ਹਾਂ ਨੂੰ ਘਰ ਵਿੱਚ ਜ਼ਰੂਰੀ ਕੰਮ ਹੈ ਅਤੇ ਦੋ ਆਦਮੀ ਵੀ ਆਪਣੇ ਵਲੋਂ ਦੇ ਕੇ ਅਸਤੀਫਾ ਮਨਜ਼ੂਰ ਕਰਵਾ ਦੇਵਾਂਗਾ।" ਸ੍ਰੀ ਹਜ਼ੂਰ ਕਹਿਣ ਲੱਗੇ, "ਇਸ ਨੇ ਅੰਮ੍ਰਿਤ ਛਕਿਆ ਹੈ? (ਕਿਉਂਕਿ ਆਪ ਜੀ ਪਹਿਲਾਂ ਅੰਮ੍ਰਿਤ ਛਕਾਉਂਦੇ ਫੇਰ ਉਪਦੇਸ਼ ਦੀ ਬਖ਼ਸ਼ਿਸ਼ ਕਰਦੇ।) ਇਸ ਨੇ ਅਰਜ਼ ਕੀਤੀ, "ਹਾਂ ਮਹਾਰਾਜ! ਅੰਮ੍ਰਿਤ ਤਾਂ ਛਕਿਆ ਹੋਇਆ ਹੈ।" ਤਾਂ ਹੁਕਮ ਕੀਤਾ ਸਵੇਰੇ ਸਵੱਖਤੇ ਹੀ ਨਾਲ ਲੈ ਆਉਣਾ। ਦੂਜੇ ਦਿਨ ਅੰਮ੍ਰਿਤ ਵੇਲੇ ਇਸ ਮਾਤਾ ਤੇ ਹੋਰ ਨਵੇਂ ਆਏ ਫੌਜੀਆਂ ਨੂੰ ਨਾਮ ਦਾਨ ਦੀ ਬਖ਼ਸ਼ਿਸ਼ ਕੀਤੀ। ਫੇਰ ਸਾਰੇ ਹੀ ਬਾਬਾ ਜੀ ਦੀ ਆਗਿਆ ਪਾ ਕੇ ਵਾਪਸ ਪਟਿਆਲੇ ਆ ਗਏ।

ਜਮਾਂਦਾਰ ਨੇ ਉਸ ਸਮੇਂ ਆਪਣੇ ਨਗਰੋਂ ਦੋ ਰੰਗਰੂਟ ਭਰਤੀ ਕਰਵਾ ਦਿੱਤੇ। ਇੱਕ ਰੂੜ ਸਿੰਘ ਤੇ ਇੱਕ ਹੋਰ ਪ੍ਰੇਮੀ

ਨੂੰ ਅਤੇ ਆਪ ਵੀ ਪੂਰੀ ਸਿਫਾਰਸ਼ ਕੀਤੀ ਕਿ ਇਨ੍ਹਾਂ ਨੂੰ ਜ਼ਰੂਰੀ ਕੰਮ ਹੈ, ਅਸਤੀਫਾ ਮਨਜ਼ੂਰ ਕੀਤਾ ਜਾਵੇ। ਇਹ ਸਰਕਾਰੀ ਕਾਨੂੰਨ ਅਨੁਸਾਰ ਆਪਣੀ ਥਾਂ ਦੋ ਆਦਮੀ ਵੀ ਦੇ ਚੁੱਕੇ ਹਨ ਅਤੇ ਦਸ ਸਾਲ ਦੀ ਸਰਵਿਸ ਵੀ ਹੈ। ਉਹਨੀਂ ਦਿਨੀਂ ਗ਼ਰਮੀ ਦੇ ਮੌਸਮ ਵਿੱਚ ਦਫ਼ਤਰ ਸ਼ਿਮਲੇ ਚਲਿਆ ਜਾਂਦਾ। ਸਰਦੀਆਂ ਵਿੱਚ ਹੇਠਾਂ ਆ ਜਾਂਦਾ। ਇਉਂ ਅਸਤੀਫੇ ਵਾਲੇ ਕਾਗਜ਼ ਚਾਰ ਕੁ ਮਹੀਨੇ ਘੁੰਮ ਘੁਮਾ ਕੇ ਅਸਤੀਫਾ ਮਨਜ਼ੂਰ ਹੋ ਗਿਆ। ੧੯੮੩ ਬਿਕ੍ਰਮੀ ਸੰਮਤ ਦੇ ਚੜ੍ਹਦੇ ਜੇਠ ਆਪ ਪੱਕੇ ਹੀ ਗੁਰ ਚਰਨਾਂ ਵਿੱਚ ਆ ਕੇ ਜੋ:

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ *(ਆਸਾ ਮਃ ੩ - ੪੨੩)*

ਹੈ, ਸੋ ਸੰਭਾਲ ਲਈ। ਹਜ਼ੂਰ ਦੀ ਘੋੜੀ ਵੀ ਆਪ ਜੀ ਨੂੰ ਦੇਖ ਕੇ ਇਉਂ ਮਿਲੀ ਜਿਵੇਂ ਕੋਈ ਪੁਰਾਣਾ ਮਿੱਤਰ ਇੱਕ ਦੂਜੇ ਨੂੰ ਦੇਖ ਕੇ ਪ੍ਰਸੰਨ ਹੁੰਦਾ ਹੈ। ਫੇਰ ਆਪ ਜੀ ਸੰਤ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਤੱਕ ਉਨ੍ਹਾਂ ਦੇ ਚਰਨਾਂ ਵਿੱਚ ਹੀ ਸੇਵਾ ਕਰਦੇ ਰਹੇ ਅਤੇ ਇਸੇ ਸਾਲ ਦੁਸੈਹਰੇ ਨੂੰ ਆਪ ਨੇ ਬਾਬਾ ਜੀ ਨਾਲ ਹਜ਼ੂਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਯਾਤਰਾ ਕੀਤੀ।

ਕਾਂਡ ੬

ਤੀਰਥ ਯਾਤਰਾ

ਸੰਤ ਜੀ ਮਹਾਰਾਜ ਬਾਬਾ ਅਤਰ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਆਪ ਜੀ ਦੀ ਵੀ ਵਿਜੋਗ ਵਿੱਚ ਉਹੋ ਹੀ ਦਸ਼ਾ ਹੋਈ ਜੋ ਪਿੱਛੇ ਵੱਡੇ ਸੰਤ ਜੀ ਦੀ ਦੱਸ ਚੁੱਕੇ ਹਾਂ। ਬੜੀ ਮੁਸ਼ਕਲ ਨਾਲ ਪੰਜ ਮਹੀਨੇ ਅਣੀਆਲੇ ਤੀਰਾਂ ਦੀਆਂ ਚੋਭਾਂ ਝੱਲ ਕੇ ਆਪਣੇ ਮਨ ਦੀ ਦਸ਼ਾ ਬਦਲਣ ਹਿਤ ਗੁਰਧਾਮਾਂ ਤੇ ਹੋਰ ਤੀਰਥਾਂ ਦੇ ਦਰਸ਼ਨ ਇਸ਼ਨਾਨ ਦਾ ਸੰਕਲਪ ਕਰ ਕੇ ਯਾਤਰਾ ਆਰੰਭ ਕੀਤੀ।

੧੯੮੪ ਬਿਕ੍ਰਮੀ ਦੇ ਚੜ੍ਹਦੇ ਹਾੜ, ਆਪ ਜੀ ਦੋਵੇਂ ਵਿਅਕਤੀ (ਵੱਡੇ ਸੰਤ ਜੀ ਅਤੇ ਸੰਤ ਕਿਸ਼ਨ ਸਿੰਘ ਜੀ) ਮਨ ਦੀ ਉਪਰਾਮਤਾ ਨਾਲ ਨਹਿਰ ਸਰਹੰਦ ਦੇ ਕੰਢੇ (ਜਿਧਰੋਂ ਪਾਣੀ ਆਉਂਦਾ ਹੈ) ਪ੍ਰੀਤਮ ਦੀ ਭਾਲ ਵਿੱਚ ਚੱਲ ਪਏ। ਮਾਨੋਂ ਦੋ ਰਾਜਕੁਮਾਰ ਹੀ ਪੰਚਬਟੀ ਤੋਂ ਕਸ਼ਕੰਧਾ ਪਰਬਤ ਨੂੰ ਜਾ ਰਹੇ ਹਨ। ਸ਼ਾਮ ਦੇ ਟਾਈਮ ਰੂਹਾਨੀ ਜ਼ਿੰਦਗੀ ਦਾਤੀ ਰੇਰੂ ਸਾਹਿਬ ਦੀ ਪਿਆਰੀ ਧਰਤੀ ਨੂੰ ਨਮਸ਼ਕਾਰ ਕਰਦੇ ਤੁਰੇ। ਪਹਿਲੀ ਰਾਤ ਲੱਲੀਂ ਕੁੱਬੀਂ ਗੁਰਦੁਆਰੇ ਸਾਹਿਬ ਬਤੀਤ ਕੀਤੀ। ਇਥੋਂ ਦੇ ਸੇਵਾਦਾਰ ਨਾਮਧਾਰੀ ਸਿੰਘ ਸਨ। ਆਪ ਜੀ ਨੂੰ ਇਨ੍ਹਾਂ ਸੰਤਾਂ ਨੇ ਬੜੇ ਪਿਆਰ ਨਾਲ ਪ੍ਰਸ਼ਾਦ ਪਾਣੀ ਅਤੇ ਖ਼ਰਬੂਜੇ ਛਕਾਏ। ਇੱਥੇ ਰਾਤ ਨੂੰ ਆਰਾਮ ਕੀਤਾ। ਆਪਣੇ ਨਿਯਮ ਅਨੁਸਾਰ ਦੋ ਵਜੇ ਉੱਠੇ ਤੇ ਸਿੱਧੇ ਬਾਹਰ ਨੂੰ ਤੁਰ ਪਏ। ਨਹਿਰ ਤੇ ਹੀ ਅੰਮ੍ਰਿਤ ਵੇਲੇ ਦਾ ਇਸ਼ਨਾਨ ਕਰ ਕੇ ਬਾਣੀ ਦਾ ਪਾਠ ਕਰਦਿਆਂ ਚਾਲੇ ਪਾ ਦਿੱਤੇ। ਅੱਗੇ ਰਾਣਵਾਂ ਪਿੰਡ ਆ ਗਿਆ। ਦਿਨ ਚੜ੍ਹ ਹੀ ਚੁੱਕਿਆ ਸੀ। ਇੱਕ ਮਾਈ ਨੇ ਜਿਸ ਦਾ ਰਸਤੇ ਉੱਪਰ ਹੀ ਘਰ ਸੀ, ਹਾਜ਼ਰੀ ਦੇ ਪ੍ਰਸ਼ਾਦੇ ਵਾਸਤੇ ਬੇਨਤੀ ਕੀਤੀ:

ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥

(ਮਾਰੂ ਮਃ ੧ - ੧੦੧੩)

ਦੇ ਮਹਾਂਵਾਕ ਅਨੁਸਾਰ ਆਪ ਜੀ ਨੇ ਮੰਨ ਲਈ। ਮਾਈ ਘਰ ਦੇ ਅੰਦਰ ਲੈ ਗਈ। ਮੰਜਾ ਡਾਹ ਕੇ ਕਪੜਾ ਵਿਛਾ ਦਿੱਤਾ। ਲੱਸੀ ਅਤੇ ਹਾਜ਼ਰੀ ਦਾ ਪ੍ਰਸ਼ਾਦਾ ਲੈ ਆਈ। ਨਾਲ ਹੀ ਮਠਿਆਈ ਵੀ ਲਿਆਂਦੀ ਅਤੇ ਕਿਹਾ, "ਮਹਾਰਾਜ! ਥੋੜ੍ਹੇ ਦਿਨ ਹੋਏ ਮੇਰੀ ਲੜਕੀ ਦਾ ਵਿਆਹ ਸੀ। ਉਸ ਵਿਆਹ ਦੀ ਮਠਿਆਈ ਹੈ ਆਪ ਕ੍ਰਿਪਾ ਕਰ ਕੇ ਜ਼ਰੂਰ ਛਕੋ।" ਮਾਈ ਦਾ ਪ੍ਰੇਮ ਦੇਖ ਕੇ ਪ੍ਰਸ਼ਾਦਿ ਛਕਿਆ। ਫਿਰ ਮਾਈ ਨੇ ਹੱਥ ਜੋੜ ਕੇ ਪੁੱਛਿਆ, "ਆਪ ਜੀ ਦਾ ਅੱਗੇ ਕਿੱਥੇ ਜਾਣ ਦਾ ਖ਼ਿਆਲ ਹੈ?" ਛੋਟੇ ਸੰਤਾਂ ਨੇ ਕਿਹਾ, "ਮਾਈ! ਖ਼ਾਸ ਤਾਂ ਕੋਈ ਸੰਕਲਪ ਨਹੀਂ ਦਰਸ਼ਨ ਮੇਲਾ ਹੀ ਕਰ ਰਹੇ ਹਾਂ ਹੁਣ ਮਾਛੀਵਾੜੇ ਨੂੰ ਜਾਵਾਂਗੇ।"

ਆਪ ਜੀ ਦਾ ਦੀਦਾਰ ਕਰ ਕੇ ਮਾਈ ਦਾ ਮਨ ਖੇੜੇ ਵਿੱਚ ਆ ਗਿਆ। ਆਪਣਾ ਲੜਕਾ ਨਾਲ ਭੇਜਿਆ ਕਿ ਇਨ੍ਹਾਂ ਨੂੰ ਮਾਛੀਵਾੜੇ ਛੱਡ ਆ ਅਤੇ ਉਸ ਨੂੰ ਸਮਝਾਇਆ ਕਿ ਮਾਛੀਵਾੜੇ ਚਰਨ ਕੰਵਲ ਗੁਰਦੁਆਰੇ ਦੇ ਗ੍ਰੰਥੀ ਭਾਈ ਅਜੈਬ ਸਿੰਘ ਨੂੰ ਆਖੀਂ ਕਿ ਜਿਤਨਾ ਚਿਰ ਇਹ ਰਹਿਣ ਇਨ੍ਹਾਂ ਦੀ ਚੰਗੀ ਤਰ੍ਹਾਂ ਸੇਵਾ ਕਰੇ। ਉਸ ਲੜਕੇ ਨਾਲ ਆਪ ਜੀ ਮਾਛੀਵਾੜੇ ਪੁੱਜੇ ਤੇ ਸਾਰੇ ਅਸਥਾਨਾਂ ਦੀ ਯਾਤ੍ਰਾ ਕੀਤੀ। ਦੁਪਹਿਰ ਦਾ ਪ੍ਰਸ਼ਾਦਾ ਛਕ, ਕੁੱਝ ਕੁ ਆਰਾਮ ਕਰ ਕੇ ਅੱਗੇ ਚੱਲ ਪਏ। ਭਾਵੇਂ ਆਪ ਜੀ ਨੂੰ ਕੁੱਝ ਸਮਾਂ ਹੋਰ ਠਹਿਰਨ ਵਾਸਤੇ ਗ੍ਰੰਥੀ ਅਜੈਬ ਸਿੰਘ ਨੇ ਬੇਨਤੀ ਕੀਤੀ ਸੀ ਪਰ ਆਪ ਦਾ ਇੱਥੇ ਚਿੱਤ ਨਾ ਲੱਗਾ। ਮਾਛੀਵਾੜੇ ਤੋਂ ਤੁਰ ਕੇ ਝਾੜ ਸਾਹਿਬ ਠਹਿਰੇ। ਗੁਰਦੁਆਰੇ ਦਾ ਗ੍ਰੰਥੀ ਕਿਤੇ ਬਾਹਰ ਗਿਆ ਹੋਇਆ ਸੀ। ਦਾਤੇ ਦੇ ਦਰ ਦੀ ਦਹਲੀਜ਼ ਤੇ ਸੀਸ ਰੱਖ ਕੇ ਕਿਸੇ ਸ਼ਰਧਾਲੂ ਭਗਤ ਵਾਂਗ ਕੇਵਲ ਜਿੰਦਰਾ ਹੀ ਪਿਆ ਡੰਡਉਤਾਂ ਕਰਦਾ ਸੀ। ਇੱਕ ਹੋਰ ਮਾਈ ਨੇ ਆਪਣੇ ਘਰੋਂ ਪ੍ਰਸ਼ਾਦਾ ਅਤੇ ਸ਼ਰਦਾਈ ਲਿਆਂਦੀ। ਗ਼ਰਮੀ ਦਾ ਮੌਸਮ ਸੀ ਰਾਤ ਬਾਹਰ ਥੜੇ ਤੇ ਹੀ ਬਿਰਾਜ ਗਏ। ਦੋ ਵਜੇ ਉੱਠ ਕੇ, ਨਹਿਰ ਉੱਪਰ ਇਸ਼ਨਾਨ ਕਰ ਕੇ ਚਾਲੇ ਪਾ ਦਿੱਤੇ। ਦਸ ਵਜੇ ਨੂੰ ਚਮਕੌਰ ਸਾਹਿਬ ਪਹੁੰਚ ਕੇ ਗੁਰਧਾਮਾਂ ਦੀ ਯਾਤਰਾ ਕੀਤੀ ਅਤੇ ਫਿਰ ਅੱਗੇ ਜਾਣ ਲਈ ਨਹਿਰ ਤੇ ਹੀ ਜਾ ਚੜ੍ਹੇ। ਇੱਕ ਸੱਜਣ ਮਗਰ ਦੌੜਿਆ, ਜੋ ਗੁਰਦੁਆਰੇ ਦਾ ਪ੍ਰਬੰਧਕ ਹੀ ਜਾਪਦਾ ਸੀ। ਆਵਾਜ਼ ਦਿੱਤੀ ਕਿ ਮਹਾਰਾਜ! ਲੰਗਰ ਵਰਤਣ ਲੱਗਾ ਹੈ ਪ੍ਰਸ਼ਾਦਿ ਛਕ ਕੇ ਜਾਵੋ। ਇਉਂ ਉਸ ਨੇ ਬੇਨਤੀ ਕਰ ਕੇ ਆਪ ਜੀ ਨੂੰ ਵਾਪਸ ਲੈ ਆਂਦਾ। ਗੁਰੂ ਜੀ ਦੇ ਲੰਗਰੋਂ ਪ੍ਰਸ਼ਾਦਿ ਛਕ ਕੇ ਫਿਰ ਤੁਰ ਪਏ। ਰੋਪੜ ਜਾ ਕੇ ਗੁਰਦੁਆਰਾ ਭੱਠਾ ਸਾਹਿਬ ਅਤੇ ਗੁਰਦੁਆਰਾ ਸਦਾਵਰਤ ਦੇ ਦਰਸ਼ਨ ਕਰ ਕੇ ਅੱਗੇ ਲੋਧੀਮਾਜਰੇ ਜਾ ਰਾਤ ਕੱਟੀ।

ਦੂਸਰੇ ਦਿਨ ਦੁਪਹਿਰ ਨੂੰ ਕੀਰਤਪੁਰ ਸਾਹਿਬ ਆ ਗਏ। ਸਾਰੇ ਗੁਰਧਾਮਾਂ ਦੇ ਦਰਸ਼ਨ ਕਰ ਕੇ ਜਦੋਂ ਚਰਨ ਕੰਵਲ ਸਾਹਿਬ ਆਏ, ਲੰਗਰ ਸਮਾਪਤ ਹੋ ਚੁਕਾ ਸੀ। ਭਾਣੇ ਦਾ ਭੋਜਨ ਅਤੇ ਸ਼ੁਕਰ ਦਾ ਸ਼ਰਬਤ ਪੀਤਾ ਅਤੇ ਹਰੀ ਦੇ

ਨਾਮ ਨੂੰ ਹੀ ਅਸਲੀ ਤੋਸ਼ਾ ਜਾਣਿਆ, ਜੋ ਲੋਕ ਪ੍ਰਲੋਕ ਵਿੱਚ ਨਾਲ ਨਿਭਦਾ ਹੈ।

ਹਰਿ ਕਾ ਨਾਮੁ ਉਹਾ ਸੰਗਿ ਤੋਸਾ ॥ *(ਗਉੜੀ ਸੁਖਮਨੀ ਮਃ ੫ - ੨੬੪)*

ਸ਼ਾਮ ਨੂੰ ਪ੍ਰਸ਼ਾਦਿ ਛਕ ਕੇ ਬਾਹਰ ਪਾਤਾਲ ਪੁਰੀ ਆਰਾਮ ਕੀਤਾ। ਸਵੇਰੇ ਇੱਥੇ ਹੀ ਇਸ਼ਨਾਨ ਕਰ ਦਿਨ ਚੜ੍ਹਦੇ ਨੂੰ ਅਨੰਦਪੁਰ ਪੁੱਜੇ। ਸ਼ਹੀਦੀ ਬਾਗ਼ ਡੇਰਾ ਕੀਤਾ। ਜਥੇਦਾਰ ਸਾਧੂ ਸਿੰਘ ਅਤੇ ਬਾਬਾ ਮੰਗਲ ਸਿੰਘ ਜੀ ਨੇ (ਜੋ ਕਿ ਦੋਵੇਂ ਸੱਜਣ ਬੜੇ ਗੁਰਮੁਖ ਪਿਆਰੇ ਨਿਹੰਗ ਸਿੰਘ ਸਨ) ਆਪ ਜੀ ਦਾ ਬੜਾ ਆਦਰ ਕੀਤਾ ਅਤੇ ਕੁੱਝ ਦਿਨ ਠਹਿਰਣ ਵਾਸਤੇ ਬੇਨਤੀ ਕੀਤੀ। ਵੱਡੇ ਬਾਬਾ ਜੀ ਵੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦਰਸ਼ਨਾਂ ਨੂੰ ਆਇਆਂ ਇਨ੍ਹਾਂ ਪਾਸ ਹੀ ਠਹਿਰਦੇ। ਪ੍ਰੀਤਮ ਦੀ ਪਿਆਰੀ ਖਾਲਸਾ ਜਨਮ ਦਾਤੀ ਧਰਤੀ ਨੇ ਖਿੱਚ ਕੀਤੀ ਅਤੇ ਇਨ੍ਹਾਂ ਮਹਾਂਪੁਰਸ਼ਾਂ ਦੇ ਪਿਆਰ ਦੀ ਪ੍ਰੀਤ ਡੋਰ ਦੇ ਬੱਧੇ ਆਪ ਇੱਥੇ ਵੀਹ ਦਿਨ ਟਿਕੇ। ਸਾਰੇ ਗੁਰਧਾਮਾਂ ਦੀ ਯਾਤਰਾ ਅਤੇ ਸਰਬੰਸ ਦਾਨੀ ਦੇ ਚੋਜ ਸਰਵਣ ਕੀਤੇ। ਫਿਰ ਜਥੇਦਾਰ ਜੀ ਤੋ ਆਗਿਆ ਪਾ ਕੇ ਥਾਣੇ ਦੇ ਪੱਤਣੋ ਕਿਸ਼ਤੀ ਰਾਹੀਂ ਸਤਲੁਜ ਦਰਿਆ ਪਾਰ ਕਰ ਕੇ ਗੜ੍ਹਸ਼ੰਕਰ ਪੁੱਜੇ। ਫਿਰ ਇੱਥੋਂ ਪੈਦਲ ਹੀ ਨਵੇਂ ਸ਼ਹਿਰ ਨੂੰ ਤੁਰ ਪਏ। ਨਵੇਂ ਸ਼ਹਿਰ ਤੋਂ ਗੱਡੀ ਬੈਠ ਕੇ ਜਲੰਧਰ ਵਿੱਚ ਦੀ ਬਾਬੇ ਬਕਾਲੇ ਆਏ। ਇੱਥੇ ਪ੍ਰਸ਼ਾਦਿ ਛਕ ਕੇ ਦਰਸ਼ਨ ਕੀਤਾ ਅਤੇ ਰਾਤ ਸਰੋਵਰ ਦੀਆਂ ਪ੍ਰਕਰਮਾਂ ਉੱਤੇ ਹੀ ਬਿਤਾਈ। ਸਵੇਰੇ ਬਿਆਸ ਸਟੇਸ਼ਨ ਤੋਂ ਗੱਡੀ ਤੇ ਅਸਵਾਰ ਹੋ ਕੇ ਅੰਮ੍ਰਿਤਸਰ ਆ ਗਏ। ਇੱਥੇ ਆਪ ਜੀ ਚਾਰ ਪੰਜ ਦਿਨ ਠਹਿਰੇ। ਸਾਰੇ ਅਸਥਾਨਾਂ ਦੀ ਯਾਤਰਾ ਅਤੇ ਪੰਜਾਂ ਸਰੋਵਰਾਂ ਦਾ ਕੇਸ਼ੀ ਇਸ਼ਨਾਨ ਕੀਤਾ। ਦਿਨੇ ਸਰੋਵਰ ਦੀ ਪ੍ਰਕਰਮਾਂ ਵਿੱਚ ਹੀ ਅੰਮ੍ਰਿਤ ਜਲ ਵੱਲ ਮੂੰਹ ਕਰ ਕੇ ਬੈਠ ਰਹਿਣਾ। ਸੌ ਸੌ ਜਪੁਜੀ ਸਾਹਿਬ ਦਾ ਪਾਠ ਇੱਕ ਇੱਕ ਦਿਨ ਵਿੱਚ ਕਰ ਦੇਣਾ। ਰਾਤ ਨੂੰ ਵੀ ਪ੍ਰਕਰਮਾ ਵਿੱਚ ਹੀ ਬਿਰਾਜਣਾ। ਦੋ ਵਜੇ ਇਸ਼ਨਾਨ ਕਰ ਕੇ ਉਸ ਸਮੇਂ ਫਿਰ ਪ੍ਰੀਤਮ ਦੀ ਯਾਦ ਵਿੱਚ ਜੁੜ ਜਾਣਾ। ਅੱਠੀਂ ਪਹਿਰੀਂ ਸਿਰਫ ਦੁਪਹਿਰ ਨੂੰ ਇੱਕ ਸੰਤ ਭਾਈ ਦਰਬਾਰਾ ਸਿੰਘ ਦੀ ਬੇਨਤੀ ਪ੍ਰਵਾਨ ਕਰ ਕੇ ਜੋ (ਪਿੰਡ ਰਾਮਪੁਰ ਦਾ ਇਸੇ ਡੇਰੇ ਰਹਿੰਦਾ ਸੀ ਅਤੇ ਗਿਆਨੀ ਅਮੀਰ ਸਿੰਘ ਜੀ ਦੇ ਡੇਰੇ ਗੁਰਬਾਣੀ ਦੀ ਕਥਾ ਸੁਣਦਾ ਸੀ) ਲਾਇਲਪੁਰੀਆਂ ਦੇ ਡੇਰੇ ਪ੍ਰਸ਼ਾਦਿ ਛਕਣਾ (ਜੋ ਪਰਕਰਮਾਂ ਦੇ ਨਾਲ ਹੀ ਹੈ) ਪਰ ਬਹੁਤ ਘੱਟ। ਪੰਜਵੇਂ ਦਿਨ ਸਵੇਰੇ ਹੀ ਸੰਤ ਬਿਸ਼ਨ ਸਿੰਘ ਜੀ ਰੌਣੀ ਵਾਲੇ; ਜੋ ਆਪ ਜੀ ਦੇ ਫੌਜ ਦੇ ਮਿਲਾਪੀ ਅਤੇ ਰੇਰੂ ਸਾਹਿਬ ਰਹਿੰਦਿਆਂ ਦੇ ਚੰਗੇ ਜਾਣੂ ਸਨ, ਕੁੱਝ ਕੁ ਸੰਗਤ ਨਾਲ ਦਰਸ਼ਨਾਂ ਲਈ ਅੰਮ੍ਰਿਤਸਰ ਪੁੱਜੇ। ਆਪ ਜੀ ਨੂੰ ਬੈਠਿਆਂ ਦੇਖ ਬੜੇ ਪ੍ਰਸੰਨ ਹੋਏ। ਬਾਹਰੋਂ ਦੋ ਫੁਲਾਂ ਦੇ ਸਿਹਰੇ ਲਿਆ ਕੇ ਚੁੱਪ ਕੀਤਿਆਂ ਦੋਹਾਂ ਵਿਅਕਤੀਆਂ ਦੇ ਗਲੇ ਪਾਏ। ਆਪ ਜੀ ਦੇ ਨੇਤਰ ਖੁਲ੍ਹੇ। ਉਠੇ, ਪਿਆਰੇ ਦੀ ਰਾਸ ਜਾਣ ਕੇ ਦੋਹਾਂ ਨੂੰ ਸੰਤ ਬਿਸ਼ਨ ਸਿੰਘ ਜੀ ਨੇ ਜੱਫੀਆਂ 'ਚ ਘੁੱਟਿਆ, ਬੜਾ ਪਿਆਰ ਕੀਤਾ। ਸੰਤ ਬਿਸ਼ਨ ਸਿੰਘ ਜੀ ਆਪਣੀ ਰਿਹਾਇਸ਼ੀ ਜਗ੍ਹਾ ਤੇ ਜੋ ਬਾਜ਼ਾਰ ਵਿੱਚ ਚਉਬਾਰਾ ਸੀ, ਲੈ ਗਏ। ਦੁੱਧ ਛਕਾ ਕੇ ਸਰੀਰਕ ਕਿਰਿਆ ਦੇਖੀ। ਆਪ ਜੀ ਦੇ ਬਿਨਾਂ ਪੁੱਛੇ ਨਾਲ ਦੀ ਸੰਗਤ ਨੂੰ ਕਿਹਾ, "ਮਾਈਓ! ਇਹੋ ਜਿਹੀ ਦੁਰਲੱਭ ਸੇਵਾ ਨਹੀਂ ਮਿਲਣੀ। ਇਸ ਅਸਲੀ ਲੁੱਟ ਨੂੰ ਲੁੱਟੋ।" ਉੱਥੇ ਹੀ ਦਰਜ਼ੀ ਨੂੰ ਬੁਲਾ ਲਿਆ। ਨਾਪ ਲੈ ਕੇ ਦੋਹਾਂ ਦੇ ਕਛਹਿਰੇ ਅਤੇ ਚੋਲੇ ਬਣਵਾ ਦਿੱਤੇ। ਇੱਕ ਦਿਨ ਠਹਿਰੇ ਫਿਰ ਆਪ ਜੀ ਨੂੰ ਸੰਤ ਬਿਸ਼ਨ ਸਿੰਘ ਜੀ ਨਨਕਾਣੇ ਸਾਹਿਬ ਨੂੰ ਨਾਲ ਹੀ ਲੈ ਗਏ। ਆਉਂਦਿਆਂ ਅਤੇ ਜਾਂਦਿਆ ਲਾਹੌਰ ਸ਼ਹਿਰ ਦੇ ਗੁਰਧਾਮਾਂ ਦੀ ਯਾਤਰਾ ਕੀਤੀ। ਭਾਗਾਂ ਭਰੀ ਤਲਵੰਡੀ ਨੂੰ ਮੱਥਾ ਟੇਕਿਆ। ਜਨਮ ਅਸਥਾਨ ਅਤੇ ਪ੍ਰੀਤਮ ਦੀ ਬਾਲ ਲੀਲ੍ਹਾ, ਪੱਟੀ ਸਾਹਿਬ, ਕਿਆਰਾ ਸਾਹਿਬ, ਮਾਲ ਸਾਹਿਬ ਤੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਇਤਿਹਾਸ ਸੁਣਿਆ। ਇੱਥੇ ਆਪ ਇੱਕ ਰਾਤ ਹੀ ਠਹਿਰੇ। ਫਿਰ ਗੱਡੀ 'ਚ ਅਸਵਾਰ ਹੋ ਕੇ ਸੰਤ ਬਿਸ਼ਨ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ ਦੀ ਹੋਰ ਸੰਗਤ ਸਮੇਤ ਵਾਪਸ ਸ੍ਰੀ ਅੰਮ੍ਰਿਤਸਰ ਹੀ ਆ ਗਏ।

ਏਥੋਂ ਸੰਤ ਬਿਸ਼ਨ ਸਿੰਘ ਜੀ ਦੀ ਤਾਂ ਸੰਗਤ ਸਮੇਤ (ਜੋ ਦੋ ਚਾਰ ਮਾਈ ਭਾਈ ਪਟਿਆਲੇ ਤੋਂ ਨਾਲ ਆਏ ਸਨ) ਸ੍ਰੀ ਮੁਕਤਸਰ ਸਾਹਿਬ ਜਾਣ ਦੀ ਵਿਚਾਰ ਸੀ। ਆਪ ਜੀ ਨੂੰ ਵੀ ਕਿਹਾ ਕਿ ਤੁਸੀਂ ਵੀ ਸਾਡੇ ਨਾਲ ਚਲੋ। ਪਰ ਦੋਹਾਂ ਵਿਅਕਤੀਆਂ ਵਲੋਂ ਉੱਤਰ ਸੀ ਕਿ ਅਜੇ ਕੁੱਝ ਸਮਾਂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਹੀ ਠਹਿਰਣ ਦਾ ਵਿਚਾਰ ਹੈ ਅੱਗੇ ਜਿਵੇਂ ਸਾਹਿਬ ਨੂੰ ਭਾਵੇ। ਫਿਰ ਸੰਤ ਬਿਸ਼ਨ ਸਿੰਘ ਜੀ ਨੇ ਬੇਨਤੀ ਕੀਤੀ ਕਿ ਅਸਲੀ ਕੀ ਖ਼ਿਆਲ ਹੈ? ਤਾਂ ਉੱਤਰ ਦਿੱਤਾ, "ਜੇਕਰ ਅਨੁਕੂਲ ਮਿਲ ਗਿਆ ਕਿਸੇ ਇਕਾਂਤ ਅਸਥਾਨ ਤੇ ਹੀ ਬੈਠ ਕੇ ਬੰਦਗੀ ਕਰਾਂਗੇ।" ਸੰਤ ਬਿਸ਼ਨ ਸਿੰਘ ਜੀ ਕਹਿਣ ਲੱਗੇ, "ਅਸੀਂ ਥੋੜ੍ਹੇ ਦਿਨਾਂ ਤੱਕ ਮੁਕਤਸਰ ਸਾਹਿਬ ਦੀ ਯਾਤਰਾ ਕਰ ਕੇ ਪਟਿਆਲੇ ਆ ਜਾਵਾਂਗੇ। ਤੁਸੀਂ ਵੀ ਉਸ ਦਿਨ ਤੱਕ ਪੁੱਜ ਜਾਣਾ। ਮੇਰਾ ਮਕਾਨ ਕਿਲ੍ਹੇ ਦੇ ਚੌਂਕ ਵਿੱਚ ਹੈ, ਇਸ ਪਤੇ ਪਰ ਪੁੱਛ ਲੈਣਾ। ਮੈਂ ਤੁਹਾਡੀ ਮਰਜ਼ੀ ਅਨੁਸਾਰ ਨਹਿਰ ਦੇ ਕੰਢੇ ਨਦਾਮਪੁਰ ਦੇ ਪਾਸ ਛੰਨਾਂ ਬਣਾ ਦੇਵਾਂਗਾ। ਆਪ ਸੁਤੰਤਰ ਬੈਠੇ ਭਜਨ ਕਰੀ ਜਾਣਾ।" ਇਉਂ ਆਖ ਕੇ ਆਪ ਤਾਂ ਸੰਤ ਬਿਸ਼ਨ ਸਿੰਘ ਜੀ ਮੁਕਤਸਰ ਨੂੰ ਚਲੇ ਗਏ। ਆਪ ਜੀ ਵੀ ਕੁੱਝ ਦਿਨ ਸ੍ਰੀ ਅੰਮ੍ਰਿਤਸਰ ਠਹਿਰ ਕੇ

ਫਿਰ ਸੰਤ ਬਿਸ਼ਨ ਸਿੰਘ ਜੀ ਦੇ ਦੱਸੇ ਪਤੇ ਪਰ ਨਿਯਤ ਦਿਨ ਪਟਿਆਲੇ ਪਹੁੰਚ ਗਏ। ਅੱਗੋਂ ਸੰਤ ਬਿਸ਼ਨ ਸਿੰਘ ਜੀ ਵਲੋਂ ਆਦਮੀ ਅਤੇ ਟਾਗਾਂ ਸਟੇਸ਼ਨ ਤੇ ਆਪ ਜੀ ਦੀ ਉਡੀਕ ਲਈ ਖੜਾ ਸੀ।

ਗੱਡੀ ਤੋਂ ਉੱਤਰਦਿਆਂ ਹੀ ਸੇਵਾਦਾਰ ਨੇ ਲਿਬਾਸ ਤੋਂ ਪਛਾਣ ਲਿਆ ਅਤੇ ਦੋਹਾਂ ਨੂੰ ਨਮਸ਼ਕਾਰ ਕੀਤੀ। ਟਾਂਗੇ ਵਿੱਚ ਬਿਠਾ ਕੇ ਕਿਲ੍ਹੇ ਦੇ ਚੌਂਕ ਪੁੱਜਾ। ਅੱਗੋਂ ਸੰਤ ਬਿਸ਼ਨ ਸਿੰਘ ਜੀ ਵੀ ਸੰਗਤ ਦੇ ਸਮੇਤ ਆਪ ਜੀ ਦੀ ਉਡੀਕ ਵਿੱਚ ਸੁਆਗਤ ਲਈ ਰਾਹ ਤੱਕ ਰਹੇ ਸਨ। ਪਰਸਪਰ ਬੜੇ ਪਿਆਰ ਨਾਲ ਮਿਲੇ ਤੇ ਹੋਰ ਪ੍ਰੇਮੀਆਂ ਨੇ ਤਿਲ ਫੁੱਲ ਭੇਟਾ ਕਰ ਕੇ ਆਪ ਜੀ ਨੂੰ ਮੱਥਾ ਟੇਕਿਆ। ਸੰਤ ਬਿਸ਼ਨ ਸਿੰਘ ਜੀ ਨੇ ਆਪਣੇ ਪਾਸ ਯਥਾ ਜੋਗ ਰਿਹਾਇਸ਼ ਦਾ ਪ੍ਰਬੰਧ ਕਰ ਦਿੱਤਾ ਪਰ ਆਪ ਜੀ ਦਾ ਇੱਥੇ ਸ਼ਹਿਰ ਵਿੱਚ ਦਿਲ ਨਾ ਲਗਿਆ। ਇੱਕ ਤਾਂ ਹਰ ਸਮੇਂ ਆਪ ਦੇ ਦਰਸ਼ਨਾਂ ਲਈ ਸੰਗਤ ਦਾ ਮੇਲਾ ਹੀ ਜੁੜਿਆ ਰਹੇ। ਦੂਜੀ ਗੱਲ ਲੋਕੀਂ ਆਪਣੇ ਘਰੀਂ ਚਰਨ ਪਵਾਉਣ ਵਾਸਤੇ ਅਤੇ ਚਾਹ ਰੋਟੀ ਲਈ ਬੇਨਤੀਆਂ ਕਰਦੇ ਰਹਿਣ। ਦਿਨੇ ਤਾਂ ਆਪ ਅੰਦਰੇ ਹੀ ਭਜਨ ਵਿੱਚ ਲੀਨ ਰਹਿੰਦੇ। ਸਿਰਫ ਸ਼ਾਮੀਂ ਬਾਹਰ ਨਿੱਕਲਦੇ। ਸ਼ਹਿਰ ਦੇ ਵਾਕਫ਼ ਸੱਜਣ ਮਿਲਦੇ ਤਾਂ ਮਗਰ ਲੱਗ ਤੁਰਦੇ। ਇਉਂ ਦੋ ਤਿੰਨ ਦਿਨ ਬੜੀ ਮੁਸ਼ਕਲ ਨਾਲ ਕੱਟੇ। ਫਿਰ ਸੰਤ ਬਿਸ਼ਨ ਸਿੰਘ ਜੀ ਨੂੰ ਕਿਹਾ, ਜੋ ਤੁਸਾਂ ਛੰਨਾਂ ਬਣਵਾਉਣ ਵਾਸਤੇ ਕਿਹਾ ਸੀ ਕੀ ਉਹ ਤਿਆਰ ਹੋ ਗਈਆਂ ਹਨ? ਅਗੋਂ ਸੰਤ ਜੀ ਨੇ ਬੇਨਤੀ ਕੀਤੀ ਕਿ ਮੈਂ ਅਜੇ ਤੱਕ ਉਸ ਕੰਮ ਨੂੰ ਨਹੀਂ ਕਰ ਸਕਿਆ। ਆਪ ਅਜੇ ਕੁੱਝ ਦਿਨ ਹੋਰ ਏਥੇ ਹੀ ਦਰਸ਼ਨ ਦੇਵੋ ਮੈਂ ਛੇਤੀ ਹੀ ਛੰਨਾਂ ਤਿਆਰ ਕਰਵਾ ਦਿਆਂਗਾ। ਪਰ ਆਪ ਜੀ ਦਾ ਮਨ ਬਹੁਤਾ ਇਕਾਂਤ ਪਸੰਦ ਸੀ। ਇਸ ਕਰ ਕੇ ਕਾਹਲਾ ਪੈ ਗਿਆ ਅਤੇ ਚੱਲਣ ਲਈ ਤਿਆਰ ਹੋ ਗਏ। ਤੋਪਖਾਨੇ ਦੇ ਗ੍ਰੰਥੀ ਭਾਈ ਗੁਰਬਖਸ਼ ਸਿੰਘ ਨੂੰ ਪਤਾ ਲੱਗਾ। ਉਸ ਨੇ ਬੇਨਤੀ ਕੀਤੀ, "ਆਪ ਮੇਰੇ ਪਿੰਡ ਚਲੋ ਬੜੀ ਇਕਾਂਤ ਜਗ੍ਹਾ ਹੈ। ਮੇਰੇ ਖੇਤ ਵਿੱਚ ਹੀ ਗੁਰਦੁਆਰਾ ਹੈ, ਜੇਕਰ ਉਹ ਥਾਂ ਤੁਹਾਡੇ ਪਸੰਦ ਆ ਜਾਵੇ ਤਾਂ ਮੈਂ ਆਪਣੇ ਧੰਨ ਭਾਗ ਸਮਝਾਂਗਾ।"

ਮੰਡਿਆਣੇ ਜਾਣਾ

ਕੁੱਝ ਦਿਨਾਂ ਦੀ ਸੰਤ ਬਿਸ਼ਨ ਸਿੰਘ ਜੀ ਤੋਂ ਆਗਿਆ ਲੈ ਕੇ ਆਪ ਜੀ ਗ੍ਰੰਥੀ ਗੁਰਬਖਸ਼ ਸਿੰਘ ਜੀ ਦੇ ਨਾਲ ਉਸ ਦੇ ਪਿੰਡ ਮੰਡਿਆਣੇ ਪੁੱਜੇ, ਜੋ ਰਾਜਪੁਰੇ ਤੋਂ ਪੰਜ ਮੀਲਾਂ ਤੇ ਹੈ। ਇਨ੍ਹਾਂ ਨੇ ਆਪ ਜੀ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰੇ ਸਾਹਿਬ ਕਰ ਦਿੱਤਾ। ਘਰੋਂ ਪ੍ਰਸ਼ਾਦਿ ਲਿਆ ਕੇ ਛਕਾਇਆ। ਦੂਜੇ ਦਿਨ ਨਗਰ ਦੇ ਲੋਕ ਇਕੱਠੇ ਕਰ ਕੇ ਆਖਿਆ, "ਇਹ ਦੋਵੇਂ ਬੜੇ ਤਿਆਗੀ, ਪੂਰਨ ਤਪੱਸਵੀ ਮਹਾਂਪੁਰਸ਼ ਹਨ। ਤੁਸਾਂ ਇਨ੍ਹਾਂ ਦੀ ਬੜੇ ਪਿਆਰ ਨਾਲ ਸੇਵਾ ਕਰਨੀ।" ਲੋਕ ਸੁਣ ਕੇ ਬੜੇ ਪ੍ਰਸੰਨ ਹੋਏ। ਕਹਿਣ ਲੱਗੇ, "ਜੀ! ਜਿਵੇਂ ਵੀ ਆਪ ਕਹੋਗੇ, ਉਸੇ ਤਰ੍ਹਾਂ ਦੀ ਅਸੀਂ ਸੇਵਾ ਕਰਾਂਗੇ। ਆਪ ਇੱਥੇ ਜ਼ਰੂਰ ਟਿਕੋ। ਕੋਈ ਰੱਬ ਦੇ ਘਰ ਦੀ ਹੀ ਗੱਲਬਾਤ ਸਾਨੂੰ ਸੁਣਾਇਆ ਕਰੋਗੇ।"

ਆਪ ਜੀ ਨੂੰ ਛੱਡ ਕੇ ਗ੍ਰੰਥੀ ਗੁਰਬਖਸ਼ ਸਿੰਘ ਤਾਂ ਮੁੜ ਆਪਣੀ ਡਿਊਟੀ ਤੇ ਪਟਿਆਲੇ ਵਾਪਸ ਆ ਗਿਆ। ਆਪ ਇੱਥੇ ਸੱਤ ਦਿਨ ਠਹਿਰੇ। ਨਗਰ ਵਾਲਿਆਂ ਨੇ ਸੇਵਾ ਤਾਂ ਚੰਗੀ ਕੀਤੀ, ਪਰ ਇੱਕ ਦੋ ਕਾਰਣਾਂ ਕਰ ਕੇ ਏਥੋਂ ਵੀ ਮਨ ਉਪਰਾਮ ਹੋ ਗਿਆ। ਇੱਕ ਤਾਂ ਪਿੰਡ ਦਾ ਖੂਹ ਜੋ ਗੁਰਦੁਆਰੇ ਦੇ ਨਾਲ ਹੀ ਸੀ, ਸਾਰੇ ਲੋਕ ਮਾਈ ਭਾਈ ਇਥੋਂ ਹੀ ਪਾਣੀ ਭਰਨ ਆਉਂਦੇ ਸਨ। ਸੋ ਦਿਨੇ ਮੇਲਾ ਹੀ ਲੱਗਿਆ ਰਹਿੰਦਾ। ਅਤੇ ਦੂਜਾ ਕਾਰਣ ਇਸ ਇਲਾਕੇ ਦੀ ਮਿੱਟੀ ਦਾ ਰੰਗ ਲਾਲ ਸੀ। ਜਿੱਥੇ ਵੀ ਬੈਠਣਾ ਕਛਹਿਰੇ ਰੰਗੇ ਜਾਂਦੇ। ਇਉਂ ਨਗਰ ਨਿਵਾਸੀਆਂ ਦੇ ਪੁੰਨ ਨਿਊਣ ਹੋਣ ਦੇ ਕਾਰਣ ਆਪ ਏਥੋਂ ਵੀ ਪਿੰਡਾਂ ਵਿੱਚ ਦੀ ਰਾਜਪੁਰੇ ਨੂੰ ਚੱਲ ਪਏ। ਪੈਸਾ ਤਾਂ ਪਾਸ ਰਖਦੇ ਨਹੀਂ ਸਨ। ਮੰਡਿਆਣੇ ਤੋਂ ਪਿੰਡਾਂ ਦੇ ਰਸਤੇ ਰਾਜਪੁਰੇ ਨੂੰ ਪੈਦਲ ਹੀ ਤੁਰ ਪਏ। ਗ਼ਰਮੀ ਦਾ ਮੌਸਮ ਸੀ। ਰਸਤੇ ਵਿੱਚ ਵੱਡੇ ਸੰਤ ਮਹਾਰਾਜ ਜੀ ਨੇ ਛੋਟਿਆਂ ਪਾਸ ਸੰਕਲਪ ਕੀਤਾ, "ਪਿਆਸ ਬੜੀ ਲੱਗੀ ਹੈ ਜੇਕਰ ਕੋਲ ਪੈਸੇ ਹੁੰਦੇ ਤਾਂ ਰਾਜਪੁਰੇ ਜਾ ਕੇ ਕਿਤੇ ਲੱਸੀ ਪਾਣੀ ਹੀ ਪੀ ਲੈਂਦੇ।"

ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫਰਿ ਜੋਨੀ ਜੁਤੇ ॥

(ਗੂਜਰੀ ਵਾਰ-੨ ਮਃ ੫ - ੫੨੩)

ਉਸ ਸਮੇਂ ਇੱਕ ਮੱਝੀਆਂ ਲਈ ਜਾਂਦਾ ਕੋਈ ਨਾ ਵਾਕਫ਼ ਸਜਣ ਜਿਸ ਦੇ ਸਿਰ ਤੇ ਨੀਲੀ ਦਸਤਾਰ ਸੀ, ਪਿੱਛੋਂ ਚੁਕਵੇਂ ਪੈਰੀਂ ਆਪ ਜੀ ਦੇ ਨਾਲ ਆ ਰਲਿਆ। ਨਮਸ਼ਕਾਰ ਕਰ ਕੇ ਦਸਾਂ ਦਾ ਨੋਟ ਅੱਗੇ ਰੱਖਿਆ ਤੇ ਆਖਿਆ, "ਇਸ ਦਾ ਕਿਤੇ ਜਲ ਪਾਣੀ ਛਕ ਲੈਣਾ।" ਬਥੇਰੀ ਨਾਂਹ ਨੁਕਰ ਕੀਤੀ ਪਰ ਪੈਸੇ ਰੱਖ ਕੇ ਉਹ ਤਾਂ ਛੇਤੀ ਹੀ ਉੱਠ ਕੇ ਤੁਰ ਪਿਆ। ਫਿਰ ਉਸ ਬਾਬੇ ਦਾ ਪਤਾ ਨਹੀਂ ਲੱਗਿਆ ਕਿੱਥੇ ਚਲਿਆ ਗਿਆ।

ਰਾਜਪੁਰੇ ਪੁੱਜ ਕੇ ਉਨ੍ਹਾਂ ਪੈਸਿਆਂ ਦਾ ਜਲ ਪਾਣੀ ਛਕਿਆ ਅਤੇ ਰਾਜਪੁਰੇ ਤੋਂ ਦੋ ਟਿਕਟ ਲੈ ਕੇ ਗੱਡੀ ਬੈਠ ਕੇ ਪਟਿਆਲੇ ਆ ਗਏ।

ਰਾੜੇ ਦੀ ਢੱਕੀ ਨੂੰ ਭਾਗ ਲੱਗਣਾ

ਪਟਿਆਲੇ ਸੰਤ ਬਿਸ਼ਨ ਸਿੰਘ ਜੀ ਦੇ ਕੋਲ ਰਹਿੰਦਿਆਂ ਆਪ ਜੀ ਨੂੰ ਰਾੜੇ ਵਾਲੇ ਸ. ਗਿਆਨ ਸਿੰਘ ਨੇ ਬੇਨਤੀ ਕੀਤੀ ਸੀ (ਜੋ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਪਾਸ ਆਪ ਜੀ ਦੇ ਹੁੰਦਿਆਂ ਕਈ ਵਾਰ ਆਇਆ ਸੀ ਅਤੇ ਪਟਿਆਲੇ ਪੜ੍ਹਨ ਸਮੇਂ ਦਾ ਵੀ ਚੰਗਾ ਜਾਣੂ ਸੀ ਇਹ ਉਸ ਸਮੇਂ ਮੈਜਿਸਟਰੇਟ ਲੱਗਾ ਹੋਇਆ ਸੀ) ਕਿ ਮੇਰੇ ਪਿੰਡ ਰਾੜੇ ਬੜਾ ਖੁੱਲ੍ਹਾ ਢੱਕ ਪਿਆ ਹੈ। ਜੇਕਰ ਤੁਹਾਡਾ ਖ਼ਿਆਲ ਹੋਵੇ ਮੈਂ ਆਪ ਉੱਥੇ ਜਾ ਕੇ ਛੱਡ ਆਵਾਂਗਾ। ਰਿਹਾਇਸ਼ ਅਤੇ ਪ੍ਰਸ਼ਾਦੇ ਦਾ ਵੀ ਪ੍ਰਬੰਧ ਹੋ ਜਾਵੇਗਾ। ਸੰਤ ਜੀ ਮੰਡਿਆਣੇ ਤੋਂ ਮੁੜ ਪਟਿਆਲੇ ਆ ਗਏ। ਅੱਗੇ ਕੁਦਰਤੀ ਸਟੇਸ਼ਨ ਤੇ ਹੀ ਸ. ਗਿਆਨ ਸਿੰਘ ਮਿਲ ਗਿਆ। ਸਾਰੀ ਗੱਲਬਾਤ ਹੋਈ ਅਤੇ ਕਿਹਾ ਜੇਕਰ ਦੋ ਦਿਨ ਠਹਿਰੋ ਤਾਂ ਮੈਂ ਐਤਵਾਰ ਨੂੰ ਤੁਹਾਡੇ ਨਾਲ ਹੀ ਚਲਾ ਚਲਾਂਗਾ। ਨਹੀਂ ਤਾਂ ਆਪ ਚਲੋ, ਮੈਂ ਐਤਵਾਰ ਨੂੰ ਪੁੱਜ ਕੇ ਸਾਰਾ ਇੰਤਜ਼ਾਮ ਕਰ ਆਵਾਂਗਾ। ਆਪ ਜੀ ਨੇ ਕਿਹਾ ਸਾਨੂੰ ਜਗ੍ਹਾ ਦਾ ਪਤਾ ਦਸ ਦਿਓ। ਅਸੀਂ ਹੁਣੇ ਹੀ ਜਾਣਾ ਚਾਹੁੰਦੇ ਹਾਂ। ਐਤਵਾਰ ਤੱਕ ਸ਼ਹਿਰ ਵਿੱਚ ਨਹੀਂ ਠਹਿਰਣਾ। ਤਦ ਸ. ਗਿਆਨ ਸਿੰਘ ਸੰਤਾਂ ਨੂੰ ਰਾਤ ਆਪਣੀ ਕੋਠੀ ਲੈ ਗਿਆ ਤੇ ਪ੍ਰਸ਼ਾਦ ਛਕਾ ਕੇ ਇਕਾਂਤ ਜਗ੍ਹਾ ਅਰਾਮ ਦਿੱਤਾ। ਸਵੇਰੇ ਉਸ ਨੇ ਆਪ ਜੀ ਨੂੰ ਦੋ ਟਿਕਟ ਪਟਿਆਲੇ ਤੋਂ ਚਾਵੇ ਸਟੋਸ਼ਨ ਤੱਕ ਦੇ ਲੈ ਦਿੱਤੇ ਅਤੇ ਇੱਕ ਚਿੱਠੀ ਵੀ ਪਾਇਲ ਦੇ ਥਾਣੇਦਾਰ ਨੂੰ ਲਿਖ ਕੇ ਦੇ ਦਿੱਤੀ ਤੇ ਕਿਹਾ ਕਿ ਤੁਸਾਂ ਚਾਵੇ ਤੋਂ ਪਾਇਲ ਤੱਕ ਟਾਂਗਾ ਕਰਵਾ ਲੈਣਾ ਅਤੇ ਪਾਇਲ ਜਾ ਕੇ ਇਹ ਚਿੱਠੀ ਥਾਣੇਦਾਰ ਨੂੰ ਦੇ ਦੇਣੀ। ਅੱਗੇ ਤੁਹਾਡੇ ਪੁੱਜਣ ਦਾ ਉਹ ਆਪੇ ਹੀ ਇੰਤਜ਼ਾਮ ਕਰ ਦੇਵੇਗਾ। ਦੂਜੀ ਚਿੱਠੀ ਆਪਣੇ ਮੁਖਤਿਆਰ ਦੇ ਨਾਮ ਲਿਖ ਦਿੱਤੀ ਕਿ ਇਨ੍ਹਾਂ ਦੀ ਰਿਹਾਇਸ਼ ਅਤੇ ਖਾਣੇ ਦਾ ਚੰਗਾ ਪ੍ਰਬੰਧ ਕਰ ਦੇਣਾ।

ਆਪ ਜੀ ਪਟਿਆਲੇ ਤੋਂ ਗੱਡੀ ਬੈਠ ਕੇ ਰਾਜਪੁਰੇ ਵਿੱਚ ਵੀ ਚਾਵੇ ਆ ਉੱਤਰੇ। ਪਰ ਨਾ ਟਾਂਗਾ ਪੁੱਛਿਆ ਅਤੇ ਨਾ ਹੀ ਪਾਇਲ ਦੇ ਥਾਣੇਦਾਰ ਨੂੰ ਮਿਲੇ। ਸਿੱਧੇ ਹੀ ਬਾਣੀ ਦਾ ਪਾਠ ਕਰਦਿਆਂ ਪੈਦਲ ਹੀ ਚੱਲ ਪਏ ਅਤੇ ਰਾੜੇ ਆ ਗਏ। ਸ. ਗਿਆਨ ਸਿੰਘ ਦੇ ਮੁਖਤਿਆਰ ਕਰਮ ਸਿੰਘ 'ਭਲਵਾਨ' ਨੂੰ ਜੋ ਘਣਗਸਾਂ ਪਿੰਡ ਦਾ ਸੀ, ਸਰਦਾਰ ਦੀ ਚਿੱਠੀ ਦਿੱਤੀ। ਉਸ ਨੇ ਭਾਈ ਤਾਰਾ ਸਿੰਘ ਗ੍ਰੰਥੀ ਨੂੰ ਕਹਿ ਕੇ ਗੁਰਦੁਆਰੇ ਸਾਹਿਬ ਇੱਕ ਕਮਰਾ ਖ਼ਾਲੀ ਕਰਵਾ ਕੇ ਦੋ ਬਿਸਤਰੇ ਲੱਗਾ ਦਿਤੇ ਅਤੇ ਲਾਂਗਰੀ ਨੂੰ ਵੀ ਪ੍ਰਸ਼ਾਦੇ ਵਾਸਤੇ ਕਹਿ ਦਿੱਤਾ। ਆਪ ਜੀ ਦਿਨੇ ਤਾਂ ਸਾਰਾ ਦਿਨ ਢੱਕ ਵਿੱਚ ਹੀ ਰਹਿੰਦੇ। ਰਾਤ ਨੂੰ ਵੀ ਕਮਰੇ ਵਿੱਚ ਤਾਂ ਘਟ ਹੀ ਆਉਦੇ ਬਾਹਰ ਹੀ ਨਹਿਰ ਤੇ ਇਸ਼ਨਾਨ ਕਰ ਕੇ ਧਰਤੀ ਦੀ ਸ਼ੋਭਾ ਵਧਾਉਂਦੇ:

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥

(ਗਉੜੀ ਵਾਰ-੨ ਮਃ ੫ - ੩੧੯)

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥

(ਗਉੜੀ ਵਾਰ-੧ ਮਃ ੪ - ੩੧੦)

ਐਤਵਾਰ ਨੂੰ ਸ. ਗਿਆਨ ਸਿੰਘ ਨੇ ਵੀ ਆਪ ਜੀ ਪਾਸ ਆ ਕੇ ਮੱਥਾ ਟੇਕਿਆ। ਗ੍ਰੰਥੀ ਤਾਰਾ ਸਿੰਘ ਅਤੇ ਮੱਲ ਕਰਮ ਸਿੰਘ ਤੋਂ ਇਲਾਵਾ ਹੋਰ ਵੀ ਨਗਰ ਨਿਵਾਸੀ ਜਿਸ ਦੇ ਨਾਲ ਸਨ; ਢੱਕੀ ਫਿਰ ਕੇ ਦੇਖੀ ਅਤੇ ਪੁਛਿਆ, "ਤੁਹਾਨੂੰ ਕਿਹੜੀ ਜਗ੍ਹਾ ਪਸੰਦ ਹੈ? ਉੱਥੇ ਮੈਂ ਕਮਰਾ ਬਣਾ ਦੇਵਾਂ।" ਤਾ ਆਪ ਜੀ ਨੇ ਕਿਹਾ ਕਿ ਰਾਤ ਨੂੰ ਤਾਂ ਅਸੀਂ ਇਸੇ ਉੱਚੇ ਟਿੱਬੇ ਪਰ ਹੀ ਬੈਠਿਆ ਕਰਾਂਗੇ, ਦਿਨੇ ਢੱਕਾਂ ਵਿੱਚ। ਸਾਨੂੰ ਅਜੇ ਕਿਸੇ ਚੀਜ਼ ਦੀ ਲੋੜ ਨਹੀਂ।

ਗੁਜ਼ਰੀ ਤੋਂ ਗੁਜ਼ਾਰਨ ਕਿਆ? ਝੁੰਪੜੀ ਔਰ ਮੈਦਾਨ ਕਿਆ?

ਆਪਣੇ ਮੁਖਤਿਆਰ ਅਤੇ ਗ੍ਰੰਥੀ ਤਾਰਾ ਸਿੰਘ ਨੂੰ ਸੇਵਾ ਕਰਨ ਦੀ ਤਾਕੀਦ ਕਰ ਕੇ ਸ. ਗਿਆਨ ਸਿੰਘ ਪਟਿਆਲੇ ਨੂੰ ਚਲਿਆ ਗਿਆ ਅਤੇ ਆਪ ਜੀ ਦਿਨੇ ਅੱਠੀਂ ਪਹਿਰੀਂ ਗੁਰਦੁਆਰੇ ਪ੍ਰਸ਼ਾਦ ਛਕਣ ਹੀ ਜਾਇਆ ਕਰਦੇ। ਉਸੇ ਟਾਈਮ ਥੋੜ੍ਹਾ ਸਮਾਂ ਉੱਥੇ ਆਰਾਮ ਵੀ ਕਰ ਲੈਂਦੇ। ਬਾਕੀ ਦਿਨ ਦਾ ਸਮਾਂ ਬਾਹਰ ਢੱਕ ਵਿੱਚ ਅਤੇ ਰਾਤ ਉੱਚੇ ਟਿੱਬੇ ਤੇ ਬਤੀਤ ਕਰਦੇ। ਸਵੇਰੇ ਦੋ ਵਜੇ ਨਹਿਰ ਵਿੱਚ ਅਤੇ ਕਦੀ ਰਾੜੇ ਪਿੰਡ ਦੇ ਗੁਰਦੁਆਰੇ ਸਾਹਿਬ ਵਿੱਚ ਇਸ਼ਨਾਨ ਕਰ ਲੈਂਦੇ।

ਜਦੋਂ ਦੇ ਆਪ ਇਸ ਢੱਕੀ ਵਿੱਚ ਆਏ, ਉਸ ਸਮੇਂ ਤੋਂ ਹੀ ਇਹ ਨਿਯਮ ਬਣਾ ਲਿਆ ਕਿ ਸ਼ਾਮੀਂ ਰੋਜ਼ ਹੀ ਰਾੜੇ ਪਿੰਡ ਦੇ ਗੁਰਦੁਆਰੇ ਸਾਹਿਬ ਜਾ ਕੇ ਕੀਰਤਨ ਕਰਨਾ। ਲੋਕੀਂ ਜੁੜ ਜਾਂਦੇ। ਸੁਰੀਲਾ ਗਲਾ, ਮਿੱਠੀ ਸੁਰ, ਅੰਦਰੋਂ ਪ੍ਰੇਮ ਦੀ ਭਿੱਜੀ ਵੈਰਾਗ ਵਿੱਚ ਲਪੇਟੀ ਬਾਣੀ ਰਸਨਾ ਦੁਆਰਾ ਬਾਹਰ ਆਉਂਦੀ। ਮਾਨੋ ਅੰਮ੍ਰਿਤ ਦੀ ਵਰਖਾ ਹੁੰਦੀ।

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ ॥
ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ ॥੨॥

(ਗਉੜੀ ਵਾਰ-੧ ਮਃ ੪ - ੩੦੧)

ਕਦੀ ਵਾਜੇ ਨਾਲ, ਕਦੀ ਨਾਮਦੇਵ ਜੀ ਦੀਆਂ ਖੜਤਾਲਾਂ ਵਾਂਗ ਇਕੱਲੇ ਚਿਮਟੇ ਨਾਲ ਹੀ ਸ਼ਬਦ ਪੜ੍ਹਦੇ ਤਾਂ ਮਰਦਾਨੇ ਦੀ ਰਬਾਬ ਵਾਂਗ ਜੰਗਲ ਦੇ ਪੰਛੀ ਆ ਜੁੜਦੇ। ਚਲਦੀ ਪੌਣ ਰੁਕ ਜਾਂਦੀ, ਤਪਦੇ ਹਿਰਦੇ ਸ਼ਾਂਤ ਹੁੰਦੇ। ਜਦੋਂ ਵਾਜੇ ਨਾਲ ਕੀਰਤਨ ਕਰਦੇ ਫੇਰ ਤਾਂ ਦੇਵਪੁਰੀ ਦਾ ਦ੍ਰਿਸ਼ ਅੱਗੇ ਆ ਜਾਂਦਾ।

ਇੰਦਰ ਪੁਰੀ ਦੇ ਸਾਜ ਵੀ ਮਾਤ ਪੈ ਗਏ, ਤੇਰਾ ਵੱਜਿਆ ਜਾਂ ਇੱਕ ਵਾਰ ਵਾਜਾ।
ਪੱਥਰ ਹੋਣ ਪਾਣੀ, ਕਾਇਰ ਮਰਦੇ ਬਣਦੇ, ਤਪਦੇ ਦਿਲਾਂ ਨੂੰ ਕਰ ਗਿਆ ਠਾਰ ਵਾਜਾ।

ਭਾਦਰੋਂ ਮਹੀਨੇ ਦੀ ਭਾਗਾਂ ਭਰੀ ਸੰਗ੍ਰਾਂਦ ਆ ਗਈ। ਲੋਕੀਂ ਰਾੜੇ ਸਾਹਿਬ ਦੇ ਗੁਰਦੁਆਰੇ ਇਕੱਠੇ ਹੋਏ। ਆਪ ਜੀ ਨੇ ਰਸ ਭਿੰਨਾਂ ਵੈਰਾਗਮਈ ਕੀਰਤਨ ਕੀਤਾ। ਮਹੀਨਾ ਪੜ੍ਹਿਆ, ਅਰਸ਼ੀ ਹੁਕਮ ਆਇਆ:

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥

(ਬਾਰਹਮਾਹਾ ਮਾਝ ਮਃ ੫ - ੧੩੪)

ਭਾਵ ਹਿਤਕਾਰੀ ਗੁਰੂ ਜਿਨ੍ਹਾਂ ਨੂੰ ਰੱਖਣ ਵਾਲਾ ਹੋਇਆ ਹੈ, ਉਹ ਨਰਕਾਂ ਵਿੱਚ ਨਹੀਂ ਪਾਏ ਜਾਂਦੇ। ਗੁਰੂ ਮਹਿਮਾ ਦਾ ਵਾਕ ਸੁਣ ਕੇ ਸੋ੍ਤੇ ਵਜਦ ਵਿੱਚ ਝੂਮ ਉੱਠੇ। ਕੋਈ ਅਗੰਮੀ ਰਸ ਆਇਆ। ਫੇਰ ਤਾਂ ਉਨ੍ਹਾਂ ਨੇ ਹਰ ਰੋਜ਼ ਸ਼ਾਮ ਦੇ ਦੀਵਾਨ ਵਿੱਚ ਆਉਣ ਦਾ ਨਿਯਮ ਬਣਾ ਲਿਆ। ਕਾਫ਼ੀ ਇਕੱਠ ਹੋਣ ਲੱਗ ਪਿਆ। ਰਾਤ ਨੂੰ ਦੀਵਾਨ ਦੀ ਸਮਾਪਤੀ ਤੋਂ ਬਾਅਦ ਆਪ ਜੀ ਦੇ ਨਾਲ ਸਰਦਾਰ ਦਾ ਮੁਖਤਿਆਰ ਕਰਮ ਸਿੰਘ ਮੱਲ ਤੇ ਹੋਰ ਪ੍ਰੇਮੀ ਢੱਕ ਤੱਕ ਛੱਡਣ ਆਉਂਦੇ। ਦੋਹਾਂ ਵਿਅਕਤੀਆਂ ਨੂੰ ਦੁੱਧ ਪਾਨ ਕਰਵਾ ਕੇ ਵਾਪਸ ਜਾਂਦੇ। ਆਪ ਸ਼ਾਮ ਨੂੰ ਪ੍ਰਸ਼ਾਦ ਨਹੀਂ ਛਕਦੇ ਸਨ। ਕੁੱਝ ਸਮੇਂ ਪਿੱਛੋਂ ਆਪ ਜੀ ਦੇ ਇਸ਼ਨਾਨ ਵਾਸਤੇ ਸਰਦਾਰ ਨੇ ਇੱਕ ਨਲਕਾ ਵੀ ਇੱਥੇ ਹੀ ਲਗਵਾ ਦਿੱਤਾ।

ਆਪ ਨੂੰ ਦਿਨੇ ਢੱਕ ਵਿੱਚ ਬੈਠਿਆਂ ਦੇਖ ਕੇ ਡੰਗਰ ਚਾਰਣ ਵਾਲੇ ਲੋਕ ਘਰੀਂ ਜਾ ਕੇ ਆਖਿਆ ਕਰਦੇ ਕਿ ਪਤਾ ਨਹੀਂ ਇਹ ਕੌਣ ਹਨ? ਨਵੇਂ ਹੀ ਆਏ ਹਨ। ਕਿਸੇ ਨਾਲ ਬੋਲਦੇ ਨਹੀਂ। ਸਾਦਾ ਲਿਬਾਸ ਤੇ ਨੇਤਰ ਬੰਦ ਹੀ ਰੱਖਦੇ ਹਨ। ਪਤਾ ਨਹੀਂ ਕੀ ਖਾਂਦੇ ਹਨ? ਕੌਣ ਸੇਵਾ ਕਰਦਾ ਹੈ? ਕੀ ਇਨ੍ਹਾਂ ਦਾ ਪ੍ਰਯੋਜਨ ਹੈ? ਆਪੋ ਆਪਣੇ ਖ਼ਿਆਲਾਂ ਅਨੁਸਾਰ ਪੇਂਡੂ ਲੋਕ ਮਨਮਤ ਦੇ ਘੋੜੇ ਦੁੜਾਉਂਦੇ। ਕਈ ਦੇਖਣ ਆਉਂਦੇ ਦੂਰੋਂ ਹੀ ਕਿਆਸ ਲਾਉਂਦੇ। ਮਸਤਕ ਦੀ ਜੋਤ ਕਿਸੇ ਅਮੀਰ ਘਰਾਣੇ ਦੇ ਨੌਨਿਹਾਲ ਦਰਸਾਉਂਦੀ ਹੈ। ਪਰ ਇਹ ਸੁੰਦਰਤਾ, ਇਹ ਜੁਆਨੀ, ਕਿਸੇ ਭਾਗਾਂ ਵਾਲੀ ਮਾਂ ਦੇ ਲਾਲ ਘਰੋਂ ਰੁੱਸ ਤੁਰੇ। ਉਸ ਵਿਚਾਰੀ ਦਾ ਕੀ ਹਾਲ ਹੁੰਦਾ ਹੋਵੇਗਾ। ਜਾਂ ਰਾਮ ਲਛਮਨ ਵਾਂਗ ਕਿਸੇ ਮਤ੍ਰੇਈ ਕਕੇਈ ਦੀਆਂ ਝਿੜਕਾਂ ਦਾ ਸ਼ਿਕਾਰ ਹਨ।

ਉਸ ਸਮੇਂ ਅਕਾਲੀ ਲਹਿਰ ਜ਼ੋਰਾਂ ਤੇ ਸੀ। ਦੇਸ਼ ਭਗਤ, ਕੌਮੀ ਪ੍ਰਵਾਨਿਆਂ ਨੂੰ ਸਰਕਾਰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਹੰਨੇ ਹੰਨੇ ਮੀਰੀ ਹੋਣ ਦੇ ਕਾਰਣ ਕਈ ਚੋਰ ਡਾਕੂ ਵੀ ਇਨ੍ਹਾਂ ਮਰਜੀਵੜਿਆਂ ਦਾ ਭੇਸ ਬਣਾ ਕੇ ਏਹੋ ਜੇਹੇ ਝੱਲਾਂ ਵਿੱਚ ਰਹਿਣ ਲੱਗ ਜਾਂਦੇ ਸਨ। ਕੋਈ ਕਹਿੰਦਾ ਇਹ ਉਨ੍ਹਾਂ 'ਚੋਂ ਹਨ। ਪਰ ਸਹੀ ਰੂਪ ਵਿੱਚ ਕੋਈ ਜਾਣ ਨਾ ਸਕੇ। ਕਿਉਂਕਿ ਇਨ੍ਹਾਂ ਪਾਸ ਇਹ ਅੱਖਾਂ ਨਹੀਂ ਸਨ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਪਰਖਣ ਵਾਲੀ ਅੱਖ ਰਾਇ ਬੁਲਾਰ ਅਤੇ ਬੇਬੇ ਨਾਨਕੀ ਨੂੰ ਬਖ਼ਸ਼ੀ ਸੀ। ਪਿਤਾ ਕਾਲੂ ਨੇ ਤਾਂ ਵੀਹ ਛਿੱਲੜਾਂ ਵਾਸਤੇ ਮੂੰਹ ਤੇ ਥੱਪੜ ਹੀ ਮਾਰੇ ਹਨ।

ਸ੍ਰੀ ਰਾਮ ਜੀ ਪੂਰਨ ਅਵਤਾਰ ਹੈਸਨ, ਭੇਦ ਪਾ ਨਾ ਸਕੀ ਰਾਵਣ ਵਿਦਵਾਨ ਦੀ ਅੱਖ।
ਜਦੋਂ ਦੇਖਿਆ ਖ਼ਾਸ ਖ਼ਿਆਲ ਕਰ ਕੇ, ਫੌਰਨ ਤਾੜ ਗਈ ਬਲੀ ਹਨੂੰਮਾਨ ਦੀ ਅੱਖ।
ਸੋਲ੍ਹਾਂ ਕਲਾਂ ਵਾਲੇ ਸ੍ਰੀ ਕ੍ਰਿਸ਼ਨ ਜੀ ਨੂੰ, ਜਾਣ ਸਕੀ ਨ ਦੁਰਜੋਧਨ ਨਾਦਾਨ ਦੀ ਅੱਖ।
ਨਿਗ੍ਹਾ ਲੜੀ ਜਾਂ ਮੁਰਲੀ ਮਨੋਹਰ ਜੀ ਦੀ, ਫੌਰਣ ਜਾਣ ਗਈ ਅਰਜਨ ਬਲਵਾਨ ਦੀ ਅੱਖ।
ਕਦਰ ਲਾਲਾਂ ਦੀ ਜੌਹਰੀ ਹੀ ਜਾਣਦੇ ਨੇ, ਕਦਰ ਜ਼ਿਮੀਂ ਦੀ ਪੁੱਛ ਜ਼ਿਮੀਂਦਾਰ ਕੋਲੋਂ।
ਕਦਰ ਨਾਨਕ ਦੀ ਪੁੱਛ ਬੇਬੇ ਨਾਨਕੀ ਤੋਂ, ਜਾਂ ਤੂੰ ਪੁੱਛ ਲੈ ਰਾਇ ਬੁਲਾਰ ਕੋਲੋਂ।

ਆਪੋ ਆਪਣੀ ਸ਼ਰਧਾ ਅਨੁਸਾਰ ਹਰ ਕੋਈ ਅੱਖ ਪੂਰਨ ਅਪੂਰਨ ਨੂੰ ਦੇਖਦੀ ਹੈ। ਜਿਵੇਂ ਕਲਗੀਆਂ ਵਾਲੇ ਪਾਤਿਸ਼ਾਹ ਜੀ ਨੂੰ ਮਾਤਾ ਗੁਜਰੀ ਆਪਣਾ ਲਾਲ ਸਮਝਦੀ ਸੀ। ਸਿੱਖਾਂ ਦਾ ਦਸਵਾਂ ਗੁਰੂ, ਪਰਜਾ ਦਾ ਮਾਲਕ, ਭਗਤਾਂ ਦਾ ਭਗਵਾਨ ਅਤੇ ਸ਼ਰਧਾਲੂ ਹਿਰਦਿਆਂ ਲਈ ਗੁਰੂ ਨਾਨਕ ਦੀ ਪ੍ਰਤੱਖ ਜੋਤ ਸਨ।

ਕੁੱਝ ਸਮਾਂ ਤਾਂ ਆਮ ਲੋਕਾਂ ਦੇ ਖ਼ਿਆਲ ਨਾ ਬਦਲੇ। ਪਰ ਜਦੋਂ ਉਨ੍ਹਾਂ ਨਿੰਦਕਾਂ ਦੇ ਮੰਦੇ ਕਰਮ ਦਬ ਗਏ, ਚੰਗੇ

ਪ੍ਰਗਟ ਹੋਏ ਅਤੇ ਪੂਰਬਲੇ ਪੁੰਨ ਫ਼ਲ ਦੇਣ ਨੂੰ ਅੱਗੇ ਆਏ ਤਾਂ ਆਪ ਜੀ ਪਾਸ ਸਾਰੇ ਹੀ ਦੀਵਾਨ ਦੇ ਸਮੇਂ ਪੁੱਜਣ ਲੱਗ ਪਏ। ਫਿਰ ਕੀ ਸੀ? ਕੀਰਤਨ ਸੁਣ ਕੇ ਤਾਂ ਪੱਥਰ ਦਿਲ ਵੀ ਢਲ ਜਾਂਦੇ ਕਿਉਂਕਿ ਇਸ ਕੀਰਤਨ ਦੀ ਧੁਨ ਵਿੱਚ ਕੋਈ ਕੋਇਲ ਦੀ ਸੁਰੀਲੀ ਆਵਾਜ਼, ਬਬੀਹੇ ਦੀ ਮਿੱਠੀ ਮਿੱਠੀ ਪੁਕਾਰ, ਘੁੱਗੀਆਂ ਦੀ ਘੰਟਿਆਂ ਬੱਧੀ ਇੱਕੋ ਤੂੰ ਤੂੰ ਦੀ ਲੰਮੀ ਹੇਕ ਲੀਨ ਹੋ ਜਾਂਦੀ। ਰਸ ਇਤਨਾ ਬੱਝਦਾ ਜਿਸ ਰਸ ਵਿੱਚ ਜੋਗੀ ਆਪਣੇ ਆਪ ਨੂੰ ਮੇਲਨ ਵਾਸਤੇ ਜੁਗਾਂ ਬੱਧੀ ਸ੍ਵਾਸ ਚੜ੍ਹਾਈ ਅਡੋਲ ਸਮਾਧੀ ਵਿੱਚ ਮਹਾਨਤਾ ਪ੍ਰਾਪਤ ਕਰਦੇ ਹਨ। ਪ੍ਰੇਮੀ ਸ਼ਰਧਾਲੂ ਬਣ ਗਏ। ਲੱਗੇ ਸੇਵਾ ਕਰਣ। ਨਾਮ ਜਪਣ ਦਾ ਉਪਦੇਸ਼ ਲੈਂਦੇ। ਸੇਵਾ ਵਾਸਤੇ ਪਾਸ ਰਹਿੰਦੇ। ਇਉਂ ਚੰਗਾ ਇਕੱਠ ਹੋਣ ਲੱਗ ਪਿਆ।

ਇਸ ਪ੍ਰਕਾਰ ਦੋ ਮਹੀਨੇ ਬਤੀਤ ਹੋ ਗਏ। ਕੱਤਕ ਮਹੀਨੇ ਦੀ ਪੂਰਨਮਾਸ਼ੀ ਦਾ ਪੁਰਬ ਨੇੜੇ ਆ ਗਿਆ। ਥਾਂ ਪਰ ਥਾਂ ਗੁਰੂ ਨਾਨਕ ਨਾਮ ਲੇਵਾ ਪ੍ਰੇਮੀ ਇਸ ਗੁਰਪੁਰਬ ਨੂੰ ਉੱਚ ਪੱਧਰ ਤੇ ਮਨਾਉਣ ਦੀਆਂ ਤਿਆਰੀਆਂ ਵਿੱਚ ਸਨ। ਜਿਵੇਂ ਗੁਰੂ ਨਾਨਕ ਦੇਵ ਜੀ ਦੇ ਨਾਲ ਅਰਸ਼ਾਂ ਦੇ ਦੇਵਤੇ ਵੀ ਮਾਤ ਲੋਕ ਤੇ ਦੇਹ ਧਾਰ ਕੇ ਆਏ, ਇਸੇ ਤਰ੍ਹਾ ਕੱਤਕ ਦੇ ਮਹੀਨੇ ਆਪ ਜੀ ਪਾਸ ਹੋਰ ਸੱਜਣ ਰੂਹਾਨੀ ਲਾਭ ਵਾਸਤੇ ਆ ਪਹੁੰਚੇ। ਜਹਾਂਗੀਰ ਪਿੰਡ ਦਾ ਸ. ਹਰਨਾਮ ਸਿੰਘ ਜੀ ਦਾ ਲੜਕਾ ਭਾਈ ਗੁਰਬਚਨ ਸਿੰਘ (ਭਾਈ ਜੀ) ਜੋ ਮੁਖੀ ਪ੍ਰੇਮੀਆਂ ਪੂਰਨ ਸ਼ਰਧਾਲੂਆਂ 'ਚੋਂ ਇਕੋ ਇੱਕ ਏਹੋ ਹੀ ਪਹਿਲੇ ਸੱਜਣ ਸਨ ਅਤੇ ਰਾਮੁਪਰ ਪਿੰਡ ਦਾ ਭਾਈ ਦਸੌਂਧਾ ਸਿੰਘ, ਇਹ ਸੱਜਣ ਤਾਂ ਰਾਤ ਦਿਨ ਪੱਕੇ ਹੀ ਪਾਸ ਰਹਿਣ ਲੱਗੇ। ਹੋਰ ਭੀ ਮਾਈ ਭਾਈ ਆ ਜਾਇਆ ਕਰਣ। ਨਿਰੰਕਾਰੀ ਪ੍ਰੇਰਣਾ ਹੋਈ ਆਪ ਜੀ ਨੇ ਇੱਥੇ ਪ੍ਰਸ਼ਾਦ ਤਿਆਰ ਕਰਨ ਦੀ ਵੀ ਆਗਿਆ ਦੇ ਦਿੱਤੀ। ਭਾਈ ਜੀ ਨੇ ਅੱਠੀਂ ਪਹਿਰੀਂ ਗੁਰੂ ਕਾ ਲੰਗਰ ਤਿਆਰ ਕਰਨਾ ਅਤੇ ਜੋ ਵੀ ਹਾਜ਼ਰ ਹੋ ਜਾਣਾ, ਹੋਤੀ ਮਰਦਾਨ ਦੀ ਮਰਯਾਦਾ ਅਨੁਸਾਰ ਘੰਟੀ ਵਜਾ ਕੇ, ਸਭਨਾਂ ਨੂੰ ਛਕਾ ਕੇ ਆਪ ਛਕਣਾ। ਧੰਨ ਬਾਬਾ ਕਰਮ ਸਿੰਘ ਜੀ!

ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ
ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥੧੦॥

(ਵਾਰ-ਬਿਲਾਵਲੁ ਮਃ ੪ - ੮੫੪)

ਦੇ ਮਹਾਂਵਾਕ ਅਨੁਸਾਰ ਰੂਹਾਨੀ ਤੇ ਜਿਸਮਾਨੀ ਖ਼ੁਰਾਕ ਦੇ ਚਾਹਵਾਨ ਹੋਰ ਵੀ ਆ ਜੁੜੇ।

ਸ਼ਾਮ ਦਾ ਦੀਵਾਨ ਵੀ ਫਿਰ ਬਾਹਰ ਹੀ ਸਜਿਆ ਕਰੇ। ਰਾੜੇ ਤੋਂ ਇਲਾਵਾ, ਕਟਾਹਰੀ, ਭੀਖੀ, ਹਾਂਸ ਅਤੇ ਘਣਗਸ ਨਗਰਾਂ ਦੀ ਸੰਗਤ ਆਉਣ ਲੱਗ ਪਈ। ਜੰਗਲ ਵਿੱਚ ਮੰਗਲ ਹੋਣ ਲੱਗੇ। ਲੰਗਰ ਅੱਠੀਂ ਪਹਿਰੀ ਹੀ ਵਰਤਦਾ ਸੀ, ਪਰ ਵਰਤਦਾ ਘੰਟੀ ਵਜਾ ਕੇ। ਸ਼ਾਮ ਨੂੰ ਭਜਨ ਵਾਲੇ ਪ੍ਰੇਮੀ ਉਂਝ ਹੀ ਨਹੀਂ ਸੀ ਛਕਦੇ। ਤੇ ਆਪ ਜੀ ਦਾ ਵੀ ਇਹੋ ਹੀ ਹੁਕਮ ਸੀ ਕਿ ਰੋਟੀ ਜੀਵਨ ਆਧਾਰ ਵਾਸਤੇ ਹੈ, ਜੀਵਨ ਰੋਟੀ ਲਈ ਨਹੀਂ। ਆਮ ਅੰਗਰੇਜ਼ੀ ਮੁਹਾਵਰਾ ਹੈ:

We eat to live but not live to eat.

Eat drink and be marry is not the aim of life.

ਵੁਈ ਈਟ ਟੂ ਲਿਵ ਬਟ ਨੌਟ ਲਿਵ ਟੂ ਈਟ।

ਸਾਧੂ ਵਾਸਤੇ ਭੋਜਨ ਛਕਣ ਦਾ ਨਿਯਮ ਸ਼ਾਸਤ੍ਰ ਵਿੱਚ ਇਉਂ ਲਿਖਿਆ ਹੈ-

ਅਸ਼ਟਊ ਗ੍ਰਾਸਊ ਮੁਨੇਰ ਭਖਸ਼ਾ, ਖੋੜਸ: ਅਰਨਿਯ ਵਾਸੀਨਾ।

ਚਤ੍ਰਵਿੰਸਤੀ ਗ੍ਰਹਸਥਾਨਾ ਦ੍ਵਾਤ੍ਰਿੰਸਤ ਬ੍ਰਹਮਚਾਰੀਣਾ। (ਭਗਤੀ ਕੌਸਤੁਭ)

ਭਾਵ ਮੁਨੀ ਵਾਸਤੇ ਅੱਠ ਗ੍ਰਾਸ, ਬਾਨਪ੍ਰਸਤੀ ਨੂੰ ੧੬ ਗ੍ਰਾਸ, ਗ੍ਰਿਹਸਤੀ ਨੂੰ ੨੪ ਗ੍ਰਾਸ ਅਤੇ ਬ੍ਰਹਮਚਾਰੀ ਨੂੰ ੩੨ ਗ੍ਰਾਸ ਹੀ ਭੋਜਨ ਕਰਨਾ ਚਾਹੀਦਾ ਹੈ।

ਸੌਣ ਵਾਸਤੇ ਵੀ ਆਪ ਜੀ ਦਾ ਇਹ ਹੁਕਮ ਸੀ ਕਿ ਹਰ ਇੱਕ ਜਗਿਆਸੂ ਅੱਠਾਂ ਪਹਿਰਾਂ ਵਿੱਚ ਵੱਧ ਤੋਂ ਵੱਧ ਛੇ ਘੰਟੇ, ਘੱਟ ਤੋਂ ਘੱਟ ਚਾਰ ਘੰਟੇ ਆਰਾਮ ਕਰੇ।

ਕਿਸੇ ਅੰਗਰੇਜ਼ ਲਿਖਾਰੀ ਨੇ ਬਹੁਤਾ ਸੌਣ ਵਾਲੇ ਨੂੰ ਮੂਰਖ ਦਸਿਆ ਹੈ:

Man should sleep eight hours. Old man should sleep six hours. Young boy should sleep twelve hours. If a man does not abide himself rules He is first class fool.

ਅਰਥਾਤ ਜਵਾਨ ਆਦਮੀ ਨੂੰ ਅੱਠ ਘੰਟੇ ਸੌਣਾ ਚਾਹੀਦਾ ਹੈ, ਬੁਢੇ ਆਦਮੀ ਨੂੰ ੬ ਘੰਟੇ ਸੌਣਾ ਚਾਹੀਦਾ ਹੈ, ਬੱਚੇ ਨੂੰ ੧੨ ਘੰਟੇ ਸੌਣਾ ਚਾਹੀਦਾ ਹੈ। ਜੇ ਕੋਈ ਆਦਮੀ ਇਸ ਕਾਨੂੰਨ ਦੀ ਉਲੰਘਣਾ ਕਰਦਾ ਹੈ, ਉਹ ਅਸੂਲਨ ਹੀ ਪਹਿਲੇ ਦਰਜੇ ਦਾ ਮੂਰਖ ਹੈ।

ਰਸਦਾਂ ਸੁਤੇ ਹੀ ਲੰਗਰ ਵਾਸਤੇ ਪਿੰਡਾਂ 'ਚੋਂ ਆਪੇ ਆ ਜਾਂਦੀਆਂ। ਜਦੋਂ ਬਹੁਤਾ ਰਾਸ਼ਨ ਜਮ੍ਹਾਂ ਹੋ ਜਾਂਦਾ, ਲੋੜੀਂਦਾ

ਰੱਖ ਕੇ ਬਾਕੀ ਦਾ ਆਟਾ ਅਤੇ ਹੋਰ ਸਾਮਾਨ ਦੂਜੇ ਗੁਰਦੁਆਰਿਆਂ ਵਿੱਚ ਭੇਜ ਦਿੱਤਾ ਜਾਂਦਾ। ਭਗਤਾਂ ਦੀ ਖੂਹੀ, ਰਾੜੇ ਪਿੰਡ ਅਤੇ ਹੋਰ ਕਈ ਥਾਈਂ ਭੇਜਿਆ ਜਾਂਦਾ ਫਿਰ ਉਤਨਾ ਹੀ ਹੋਰ ਆ ਜਮ੍ਹਾਂ ਹੁੰਦਾ।

ਲੰਗਰ ਦਾ ਰਾਸ਼ਨ ਰੱਖਣ ਵਾਸਤੇ ਕੱਚੀਆਂ ਕੰਧਾਂ ਕੱਢ ਕੇ ਟੀਨਾਂ ਦਾ ਇੱਕ ਛੱਪਰ ਪਾ ਲਿਆ। ਆਪ ਜੀ ਨੂੰ ਕਟਾਹਰੀ, ਘਣਗਸ, ਹਾਂਸ, ਸਿਆੜ੍ਹ ਦੀ ਸੰਗਤ ਅਖੰਡ ਪਾਠਾਂ ਦੇ ਭੋਗ, ਅਨੰਦ ਕਾਰਜ ਦੇ ਟਾਈਮ ਅਤੇ ਆਸਾ ਜੀ ਦੀ ਵਾਰ ਦੇ ਕੀਰਤਨ ਵਾਸਤੇ ਬੇਨਤੀ ਕਰ ਕੇ ਘਰਾਂ ਨੂੰ ਲੈ ਜਾਂਦੀ। ਭੇਟਾ ਕੀਤੀ ਮਾਇਆ ਨੂੰ ਕਦੇ ਆਪ ਜੀ ਨੇ ਹੱਥ ਨਹੀਂ ਸੀ ਲਾਇਆ। ਉਸੇ ਜਗ੍ਹਾ ਹੀ ਛੱਡ ਆਉਂਦੇ। ਫਿਰ ਲੋਕਾਂ ਦੀ ਹੋਰ ਵੀ ਸ਼ਰਧਾ ਵਧ ਗਈ ਤਾਂ ਕੁੱਝ ਸਮੇਂ ਤੋਂ ਬਾਅਦ ਆਪੇ ਹੀ ਸੰਗਤ ਨੇ ਵਿਚਾਰ ਕਰ ਕੇ ਕਿ ਦੇਖੋ! ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਨੇ ਸਾਰਾ ਸਿਆਲ ਬਾਹਰ ਢੱਕਾਂ ਵਿੱਚ ਹੀ ਬਤੀਤ ਕੀਤਾ ਹੈ। ਇਨ੍ਹਾਂ ਦੀ ਰਿਹਾਇਸ਼ ਵਾਸਤੇ ਵੀ ਕੋਈ ਜਗ੍ਹਾ ਬਨਾਉਣੀ ਚਾਹੀਦੀ ਹੈ।

ਸਭ ਤੋਂ ਪਹਿਲਾਂ ਘਣਗਸਾਂ ਦੇ ਬੇਅੰਤ ਸਿੰਘ ਨੇ ਆਪਣੇ ਘਰ ਸ੍ਰੀ ਅਖੰਡ ਪਾਠ ਕਰਵਾਇਆ ਤੇ ਭੋਗ ਸਮੇਂ ਆਪ ਜੀ ਨੂੰ ਵੀ ਬੇਨਤੀ ਕਰ ਕੇ ਲੈ ਗਿਆ। ਉਸ ਨੇ ੨੧ ਰੁਪਏ ਭੇਟਾ ਕੀਤੇ। ਆਪ ਜੀ ਮਾਇਆ ਨੂੰ ਹੱਥ ਨਹੀਂ ਸੀ ਲਗਾਉਂਦੇ। ਉਸੇ ਜਗ੍ਹਾ ਹੀ ਛੱਡ ਕੇ ਤੁਰ ਆਏ। ਬਾਅਦ ਵਿੱਚ ਉਸ ਨੇ ਆਪ ਹੀ ਚੁੱਕ ਕੇ ਆਪਣੇ ਪਾਸ ਰੱਖ ਲਏ। ਫਿਰ ਹੋਰ ਵੀ ਪ੍ਰੇਮੀ ਜੋ ਭੇਟਾ ਕਰਣ, ਸੰਗਤ ਨੇ ਉਸ ਦਾ ਖ਼ਜਾਨਚੀ ਭਾਈ ਬੇਅੰਤ ਸਿੰਘ ਨੂੰ ਹੀ ਨੀਅਤ ਕਰ ਦਿੱਤਾ। ਕੁੱਝ ਸਮੇਂ ਵਿੱਚ ੧੫੦) ਰੁਪਿਆ ਹੋ ਗਿਆ। ਸੰਗਤ ਨੇ ਸਿਆੜ ਤੋਂ ਇੱਟਾਂ ਲਿਆ ਕੇ ਆਪ ਜੀ ਦੀ ਰਿਹਾਇਸ਼ ਲਈ ਇੱਕ ੧੨ ਫੁੱਟ ਮੁਰੱਬਾ ਤਿੰਨ ਖਣਾ ਦਾ ਪੱਕਾ ਕਮਰਾ ਬਣਵਾ ਦਿੱਤਾ। ਆਪ ਜੀ ਦੀ ਦੋਵੇਂ ਵਿਅਕਤੀ ਉਸੇ ਵਿੱਚ ਹੇਠਾਂ ਸਫਾਂ ਵਿਛਾ ਕੇ ਥੋੜ੍ਹਾ ਬਹੁਤਾ ਸਮਾਂ ਆਰਾਮ ਕਰ ਲੈਂਦੇ। ਸਰਦੀ ਬਹੁਤ ਸੀ। ਦੀਵਾਨ ਦੇ ਸਮੇਂ ਸੰਗਤ ਨੂੰ ਬਾਹਰ ਹੀ ਬੈਠਣਾ ਪੈਂਦਾ। ਫਿਰ ਕੱਚੀਆਂ ਕੰਧਾ ਤੇ ੩੦ ਫੁੱਟ ਲੰਮਾ ੧੪ ਫੁੱਟ ਚੌੜਾ ਸੰਗਤ ਦੇ ਬੈਠਣ ਵਾਸਤੇ ਇੱਕ ਛੱਪਰ ਤਿਆਰ ਕੀਤਾ। ਇਸੇ ਤਰ੍ਹਾਂ ਮੱਘਰ ਤੇ ਪੋਹ ਵੀ ਬੀਤ ਗਏ। ਮਾਘ ਦੀ ਸੰਗਰਾਂਦ ਆਈ।

ਨੌਂ ਮਾਘ ਦਾ ਸਾਲਾਨਾ ਜੋੜ ਮੇਲਾ

ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ ॥

(ਰਾਮਕਲੀ ਵਾਰ-੧ ਮਃ ੩ - ੯੫੧)

ਦੇ ਮਹਾਂਵਾਕ ਅਨੁਸਾਰ ਦੋਹਾਂ ਵਿਅਕਤੀਆਂ ਨੇ ੯ ਮਾਘ ਦੇ ਪਹਿਲੇ ਜੋੜ ਮੇਲੇ ਨੂੰ ਏਥੇ ਹੀ ਮਨਾਉਣ ਦਾ ਸੰਕਲਪ ਪ੍ਰਗਟ ਕੀਤਾ। ਸੁਣ ਕੇ ਸੰਗਤ ਨੂੰ ਬੜੀ ਖੁਸ਼ੀ ਹੋਈ। ਉਸੇ ਸਮੇਂ ਤਿਆਰੀਆਂ ਆਰੰਭ ਦਿੱਤੀਆਂ। ਰਾਸ਼ਨ ਜਮ੍ਹਾਂ ਹੋ ਗਿਆ। ਕੜਾਹੇ ਤੇ ਲੋਹਾਂ ਵੀ ਆ ਗਈਆਂ। ਤੰਬੂ, ਕਨਾਤਾਂ, ਗੈਸ ਤੇ ਸਾਇਬਾਨ ਵੀ ਮੰਗਵਾਏ ਗਏ। ਇਹ ਜੋੜ ਮੇਲਾ ਬੜੀ ਧੂਮ ਧਾਮ ਨਾਲ ਮਨਾਉਣ ਦਾ ਸਭਨਾਂ ਦੇ ਅੰਦਰ ਬੜਾ ਉਤਸ਼ਾਹ ਸੀ। ਪਰ ਇੱਧਰੋਂ ੬ ਮਾਘ ਸ਼ਾਮ ਨੂੰ ਰੇਰੂ ਸਾਹਿਬ ਗੁਰਦੁਆਰੇ ਤੋਂ ਭੇਜੀ ਸੰਗਤ ਆਪ ਜੀ ਨੂੰ ਲੈਣ ਵਾਸਤੇ ਪੁੱਜ ਗਈ ਕਿ ਇਹ ੯ ਮਾਘ ਦਾ ਪਹਿਲਾ ਜੋੜ ਮੇਲਾ ਰੇਰੂ ਸਾਹਿਬ ਮਨਾਓ; ਜਿਨ੍ਹਾਂ ਵਿੱਚ ਰਾਗੀ ਤਿਲੋਕ ਸਿੰਘ, ਜ਼ੈਲਦਾਰ ਬਖਤਾਵਰ ਸਿੰਘ ਤੇ ਹੋਰ ਮੁਖੀ ਸੱਜਣ ਵੀ ਸ਼ਾਮਲ ਸਨ। ਆਪ ਜੀ ਨੇ ਕਿਹਾ ਕਿ ਇੱਥੇ ਵੀ ਸੰਗਤਾਂ ਨੇ ਤਿਆਰੀ ਕਰ ਲਈ ਹੈ। ਰਾਸ਼ਨ ਪਾਣੀ ਜਮ੍ਹਾਂ ਹੋ ਗਿਆ ਹੈ। ਇਨ੍ਹਾਂ ਦਾ ਪ੍ਰੇਮ ਵੀ ਠੁਕਰਾਇਆ ਨਹੀਂ ਜਾ ਸਕਦਾ। ਪਰ ਉਨ੍ਹਾਂ ਨੇ ਬਹੁਤੀ ਖਿੱਚ ਕੀਤੀ ਕਿ ਇਹ ਪਹਿਲਾ ਜੋੜ ਮੇਲਾ ਹੈ। ਸੰਗਤਾਂ ਜੁੜੀਆਂ ਹਨ, ਤੁਹਾਡਾ ਓਥੇ ਪੁੱਜਣਾ ਅਤੀ ਜ਼ਰੂਰੀ ਹੈ। ਅਸਾਂ ਤਾਂ ਨਾਲ ਲੈ ਕੇ ਹੀ ਜਾਵਾਂਗੇ। ਆਪ ਨੇ ਕਿਹਾ, "ਚੰਗਾ! ਸੰਗਤ ਨੂੰ ਪੁੱਛ ਲਓ।" ਜਦੋਂ ਇਸ ਗੱਲ ਦਾ ਇਲਾਕੇ ਦੀ ਸੰਗਤ ਨੂੰ ਪਤਾ ਲੱਗਾ ਤਾਂ ਬਹੁਤ ਸਾਰੇ ਪਿੰਡਾਂ ਦੇ ਮੁਖੀ ਸੱਜਣ ਇਕੱਠੇ ਹੋ ਕੇ ਆਖਣ ਲੱਗੇ ਕਿ ਅਸੀਂ ਤਾਂ ਨਹੀਂ ਜਾਣ ਦੇਣਾ। ਕਾਫ਼ੀ ਸਮਾਂ ਆਪਸ ਵਿੱਚ ਵਿਚਾਰ ਹੁੰਦੀ ਰਹੀ। ਅਖ਼ੀਰ ਨੂੰ ਇਹ ਫੈਸਲਾ ਹੋਇਆ ਕਿ ਤੁਹਾਡੇ ਪਾਸ ਇਥੋਂ ਦੇ ਸਮਾਗਮ ਦਾ ਭੋਗ ਪਾ ਕੇ ਪੁੱਜ ਜਾਣਗੇ ਪਰ ਤੁਸੀਂ ਵਾਪਸ ਭੇਜਣ ਦਾ ਜ਼ੁੰਮਾ ਲਓ। ਸੰਗਤਾਂ ਦਾ ਪਿਆਰ ਤੱਕ ਕੇ ਉਨ੍ਹਾਂ ਨੇ ਕਿਹਾ, "ਹਾਂ ਸਾਡਾ ਜ਼ਿੰਮਾ ਹੈ। ਅਸੀਂ ਵਾਪਸ ਭੇਜ ਦਿਆਂਗੇ।"

ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਤਾਂ ਆਪ ਜੀ ਨੇ ਕਿਹਾ ਕਿ ਜੇ ਸੰਗਤ ਦੀ ਆਗਿਆ ਹੈ ਤਾਂ ਅਸੀਂ ਏਥੋਂ ਦਾ ਪ੍ਰੋਗਰਾਮ ਸਮਾਪਤ ਕਰ ਕੇ ਆ ਜਾਵਾਂਗੇ।

੭ ਮਾਘ ਤੋਂ ਹੀ ਦੀਵਾਨ ਸ਼ੁਰੂ ਹੋ ਗਏ। ੮ ਅਤੇ ੯ ਮਾਘ ਦੁਪਹਿਰ ਤੱਕ ਤਿੰਨ ਦਿਨ ਜਾਰੀ ਰਹੇ। ਬੜੇ ਗੁਣੀ, ਗਿਆਨੀ, ਰਾਗੀ, ਢਾਡੀ ਆਏ। ਲੰਗਰ ਵੀ ਅੱਠੇ ਪਹਿਰ ਅਤੁੱਟ ਵਰਤਦਾ ਰਿਹਾ। ਭਾਵੇਂ ਆਪ ਜੀ ਦਾ ਸਰੀਰ ਜੋੜ ਮੇਲੇ ਦੀ ਥਕਾਵਟ ਦੇ ਕਾਰਣ ਇਜਾਜ਼ਤ ਨਹੀਂ ਸੀ ਦਿੰਦਾ, ਕਿਉਂਕਿ ਤਿੰਨ ਰਾਤਾਂ ਅਤੇ ਤਿੰਨ ਦਿਨ ਆਪ ਜੀ ਨੇ ਆਰਾਮ ਨਹੀਂ ਕੀਤਾ ਪਰ: 'ਸਾਧੁ ਬਚਨ ਅਟਲਾਧਾ' ਦੇ ਮਹਾਂਵਾਕ ਅਨੁਸਾਰ ਆਪ ਦੋਵੇਂ ਵਿਅਕਤੀ ੯ ਮਾਘ ਦੀ ਸ਼ਾਮ ਨੂੰ

ਗੁਰਦੁਆਰਾ ਰੇਰੂ ਸਾਹਿਬ ਪੁੱਜ ਗਏ ਅਤੇ ਪਿਆਰੇ ਦੇ ਦਰ ਦੀ ਚਰਨ ਛੂਹੀ ਮਿੱਟੀ ਹੰਝੂਆਂ ਨਾਲ ਸਿੰਞੀਂ। ਸੰਗਤ ਆਪ ਜੀ ਦੀ ਉਡੀਕ ਵਿੱਚ ਖੜੀ ਬੜੀ ਉਤਾਵਲੀ ਹੋ ਰਹੀ ਸੀ। ਦੋਹਾਂ ਪਾਸਿਆਂ ਤੋਂ ਪਰਸਪਰ ਨਮਸ਼ਕਾਰ ਕਰ ਕੇ ਬੜੇ ਉਤਸ਼ਾਹ ਨਾਲ ਮਿਲੇ। ਜਲ ਪਾਣੀ ਛਕਾ ਕੇ ਡੇਰਾ ਕਰਵਾਇਆ।

ਵੱਡੇ ਸੰਤ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਰਹਿੰਦਿਆਂ ਹੀ ਸੰਗਤ ਦਾ ਆਪ ਜੀ ਤੇ ਪੂਰਨ ਭਰੋਸਾ ਸੀ। ਹੁਣ ਕਹਿਣ ਲੱਗੇ, "ਸਾਡੇ ਧੰਨ ਭਾਗ ਹਨ। ਬਾਬਾ ਜੀ ਦੇ ਹਜ਼ੂਰੀ ਸੇਵਕਾਂ ਦੇ ਦਰਸ਼ਨ ਹੋਏ। ਹੁਣ ਤੁਸਾਂ ਨੇ ਸਾਡੇ ਤੇ ਕਿਰਪਾ ਕਰਣੀ ਇੱਥੇ ਹੀ ਦਰਸ਼ਨ ਦੇਣੇ।" ਆਪ ਜੀ ਨੇ ਕੋਈ ਉੱਤਰ ਨਾ ਦਿੱਤਾ। ਦੂਸਰੇ ਦਿਨ ਘਣਗਸਾਂ ਦੀ ਸੰਗਤ ਅਤੇ ਹੋਰ ਪਿੰਡਾਂ ਦੇ ਪ੍ਰੇਮੀ ਰਥ ਲੈ ਕੇ ਆਪ ਜੀ ਨੂੰ ਲੈਣ ਵਾਸਤੇ ਰੇਰੂ ਸਾਹਿਬ ਆ ਗਏ ਪਰ ਉਥੋਂ ਦੀ ਸੰਗਤ ਜਾਣ ਨਾ ਦੇਵੇ। ਭਾਵੇਂ ਲੈ ਕੇ ਆਉਣ ਵਾਲੇ ਸੱਜਣਾਂ ਨੇ ਬਥੇਰਾ ਕਿਹਾ ਕਿ ਅਸੀਂ ਬਚਨ ਕਰ ਕੇ ਆਏ ਹਾਂ। ਇਨ੍ਹਾਂ ਨੇ ਜ਼ਰੂਰ ਵਾਪਸ ਮੁੜਨਾ ਹੈ ਪਰ ਉਨ੍ਹਾਂ ਵਿਚਾਰਿਆਂ ਦੀ ਕੌਣ ਸੁਣੇ। ਇਸ ਇਲਾਕੇ ਦੀ ਸੰਗਤ ਕਹੇ ਕਿ ਤੁਸੀਂ ਬਚਨ ਕੀਤਾ ਸੀ ਇਨ੍ਹਾਂ ਨੂੰ ਸਾਡੇ ਨਾਲ ਭੇਜੋ। ਦੁਵੱਲੀ ਖਿਚੋਤਾਣੀ ਦੇਖ ਕੇ ਜੋੜ ਮੇਲੇ ਵਿੱਚ ਆਏ ਮੁਖੀ ਸੱਜਣਾਂ ਨੇ ਕਿਹਾ; ਜੇਹਾ ਕਿ ਹਰਿਦੁਆਰ ਤੋਂ ਪੰਡਤ ਪ੍ਰੇਮ ਸਿੰਘ ਜੀ (ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਨਾਤੀ ਸ਼ਿਸ਼, ਜੋ ਕਿ ਪਹਿਲਾਂ ਭੀ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਦੇ ਹੁੰਦਿਆਂ ਮਹੀਨਾ ਭਰ ਇੱਥੇ ਠਹਿਰ ਕੇ ਗੁਰਬਾਣੀ ਦੀ ਕਥਾ ਕਰਦੇ ਹੁੰਦੇ ਸਨ ਉਹ ਵੀ) ਪੁੱਜੇ ਹੋਏ ਸੀ, ਸੰਤ ਸੁੰਦਰ ਸਿੰਘ ਜੀ ਗਿਆਨੀ ਭਿੰਡਰਾਂ ਵਾਲੇ ਭੀ ਆਪਣੇ ਜੱਥੇ ਸਮੇਤ ਆਏ ਹੋਏ ਸਨ, ਬਾਬਾ ਨੱਥਾ ਸਿੰਘ ਜੀ ਧੂਰਕੋਟੀਆ, ਸੰਤ ਬਾਬਾ ਭਗਵਾਨ ਸਿੰਘ ਜੀ ਤੇ ਹੋਰ ਮਹਾਤਮਾਵਾਂ ਦਾ ਫ਼ੈਸਲਾ ਸੀ 'ਇੱਕ ਮਹੀਨਾ ਰੇਰੂ ਸਾਹਿਬ, ਇੱਕ ਮਹੀਨਾ ਤੁਹਾਡੇ ਪਾਸ।' ਆਪ ਜੀ ਤਾਂ ਚੁੱਪ ਹੀ ਸਨ ਪਰ ਦੋਹਾਂ ਪਾਸਿਆਂ ਦੀ ਸੰਗਤ ਵੀ ਇਸ ਗੱਲ ਨੂੰ ਅੰਦਰੋਂ ਉਤਸ਼ਾਹ ਨਾਲ ਮੰਨੇ। ਸਾਰਿਆਂ ਦਾ ਇਹੋ ਹੀ ਖ਼ਿਆਲ ਸੀ ਕਿ ਸਾਡੇ ਪੱਖ 'ਚ ਫੈਸਲਾ ਹੋਵੇ। ਅਖ਼ੀਰ ਨੂੰ ਸਤਿਗੁਰਾਂ ਅੱਗੇ ਦੋ ਪਰਚੀਆਂ ਪਾ ਕੇ ਅਰਦਾਸ ਕੀਤੀ ਗਈ ਤਾਂ ਹਜ਼ੂਰ ਦਾ ਹੁਕਮ ਆਇਆ "ਬਾਹਰੋਂ ਆਈ ਸੰਗਤ ਦਾ ਸਤਿਕਾਰ ਕਰੋ।" ਆਪ ਜੀ ਅਤੇ ਹੋਰ ਸਾਰੇ ਪ੍ਰੇਮੀਆਂ ਨੂੰ ਇਹ ਬਚਨ ਸਿਰ ਮੱਥੇ ਤੇ ਮੰਨਣਾ ਪਿਆ। ਫਿਰ ਆਪ ਨੇ ਮੁੜ ਇਸੇ ਧਰਤੀ ਨੂੰ ਭਾਗ ਲਾਏ। ਫਿਰ ਕੀ ਸੀ? ਸਾਰੀਆਂ ਸੰਗਤਾਂ ਨੂੰ ਚਾਅ ਚੜ੍ਹ ਗਿਆ। ਦਿਨਾਂ ਵਿੱਚ ਇੱਕ ਖੂਹ ਜਿਸ ਦੀ ਸੇਵਾ ਤਾਂ ਸ. ਗਿਆਨ ਸਿੰਘ ਵਲੋਂ ਕੀਤੀ ਗਈ ਅਤੇ ਖੂਹੀ ਦੀ ਸੇਵਾ ਤੇ ਫਰੀਦਕੋਟ ਵਾਲੇ ਸਟੀਕ ਬੀੜ ਦੀ ਸੇਵਾ ਸ. ਦਲੀਪ ਸਿੰਘ ਪੁਲਸ ਜਰਨੈਲ ਵਲੋਂ ਹੋਈ, ਜਿਸ ਦੀ ਰਿਹਾਇਸ਼ ਪਟਿਆਲੇ ਸੀ ਅਤੇ ਸਰੀਰ ਮਾਝੇ ਦਾ ਸੀ। ੧੫ ਫੁੱਟ ਮੁਰੱਬੇ ਦਾ ਪੱਕਾ ਕਮਰਾ ਸ੍ਰੀ ਦਰਬਾਰ ਸਾਹਿਬ ਵਾਸਤੇ ਪੈ ਗਿਆ। ਸੰਤ ਮਹਾਰਾਜ ਜੀ ਦਾ ਭੋਰਾ, ੧੧ ਕੋਠੜੀਆਂ ਜਿਨ੍ਹਾਂ ਦੀਆਂ ਕੰਧਾਂ ਕੱਚੀਆਂ, ਬਨੇਰੇ ਪੱਕੇ, ਕੱਚਾ ਲੰਗਰ ਕੜੀਆਂ ਬਾਲਿਆਂ ਤੇ ਤਿਆਰ ਹੋ ਗਿਆ। ਭਜਨ ਲਈ ਤਿਆਗੀ ਵਿਰੱਕਤ ਰਿਸ਼ੀਆਂ ਵਾਸਤੇ ੧੪ ਛੱਪਰੀਆਂ ਬਣਵਾ ਦਿੱਤੀਆਂ, ਜਿਸ ਵਿੱਚ ੧੪ ਪ੍ਰੇਮੀਆਂ ਨੇ ਮੋਨ ਕੀਤਾ। ਇਸ ਜਗ੍ਹਾ ਦਾ ਨਾਮ ਪੰਚ ਵਟੀ ਪੈ ਗਿਆ। ਫਿਰ ਅਗਲੇ ਸਾਲ ੩੦x੩੫ ਫੁੱਟ ਦਾ ਪੱਕਾ ਗੁਰਦੁਆਰਾ ਸਾਹਿਬ ਤਿਆਰ ਹੋ ਗਿਆ। ਜਿਸ ਦਾ ਜ਼ਿਕਰ ਅੱਗੇ ਖੋਹਲ ਕੇ ਕੀਤਾ ਹੈ। ਇਹ ਸਾਰਾ ਕੰਮ ਖਟੜਿਆਂ ਦੇ ਮਿਸਤਰੀ ਗੋਂਦਾ ਸਿੰਘ, ਰੂੜ ਸਿੰਘ ਅਤੇ ਉਸ ਦੇ ਪ੍ਰਵਾਰ ਦੇ ਹੱਥੀਂ ਹੋਇਆ।

ਕਾਂਡ ੭

ਹਜ਼ੂਰੀ ਵਿੱਚ ਆਉਣ ਵਾਲੇ ਵਡਭਾਗੀ ਗੁਰਮੁਖ ਪਿਆਰੇ

ਸਭ ਤੋਂ ਪਹਿਲਾਂ ਹਜ਼ੂਰ ਦੇ ਪਾਵਨ ਚਰਨਾਂ ਵਿੱਚ ਜਹਾਂਗੀਰ ਪਿੰਡ ਤੋਂ ਗੁਰਬਚਨ ਸਿੰਘ (ਭਾਈ ਜੀ) ਆਇਆ ਸੀ। ਫੇਰ ਰਾਮਪੁਰ ਪਿੰਡ ਦਾ ਬਾਬਾ ਦਸੌਂਧਾ ਸਿੰਘ ਆਇਆ ਜੋ ਢੱਕੀ ਵਿੱਚ ਜਗ੍ਹਾ ਸਾਫ਼ ਕਰ ਕੇ ਕਿਤੇ ਕਿਤੇ ਅੰਬਾਂ ਦੇ ਬੂਟੇ ਲਾ ਦਿੰਦਾ ਸੀ। ਸ. ਗਿਆਨ ਸਿੰਘ ਨੇ ਇੱਕ ਖੂਹ ਬਣਵਾਯਾ ਜਿਸ ਵਿੱਚ ਇਸ਼ਨਾਨ ਪਾਣੀ ਵਾਸਤੇ ਪੰਪ ਵੀ ਲਗਵਾ ਦਿੱਤਾ ਸੀ। ਖਟੜੇ ਪਿੰਡ ਦਾ ਇੰਦਰ ਸਿੰਘ ਨਾਮ ਦਾ ਫੌਜੀ ਜੋ ਪਹਿਲਾਂ ਪਟਿਆਲੇ ਦੂਜੇ ਤਰੁਪ ਤੋਪਖਾਨੇ ਵਿੱਚ ਨੌਕਰ ਸੀ ਉਹ ਵੀ ਆ ਗਿਆ। ਫੇਰ ਘਣਗਸਾਂ ਪਿੰਡ ਤੋਂ ਭਾਈ ਨਰੈਣ ਸਿੰਘ (ਸ੍ਰੀਮਾਨ) ਆ ਗਿਆ, ਜਿਸ ਨੇ ਲੰਗਰ ਦੀ ਸੇਵਾ ਸੰਭਾਲ ਲਈ। ਸਮਾਂ ਪਾ ਕੇ ਇਸ ਦੇ ਨਾਲ ਇੱਕ ਹੋਰ ਪ੍ਰੇਮੀ ਜਸਵੰਤ ਸਿੰਘ ਲੱਗਾ ਦਿੱਤਾ ਜੋ ਬਾਅਦ ਵਿੱਚ (ਸ੍ਰੀਮਾਨ) ਲੰਗਰ ਦਾ ਇੰਚਾਰਜ ਬਣ ਕੇ ੧੯੬੬ ਤੱਕ ਗੁਰੂ ਕੇ ਲੰਗਰ ਦੀ ਸੇਵਾ ਕਰਦਾ ਰਿਹਾ। ਸ. ਕਰਨੈਲ ਸਿੰਘ ਜੋ ਬਾਅਦ ਵਿੱਚ ਥਾਣੇਦਾਰ ਬਣਿਆ, ਇਹ ਮਾਝੇ ਦਾ ਵਸਨੀਕ ਸੀ ਅਤੇ ਕੁਛ ਸਮਾਂ ਵੱਡੇ ਸੰਤ ਜੀ ਮਹਾਰਾਜ ਦਾ ਹਜ਼ੂਰੀਆ ਸੇਵਕ (ਗੜਵਈ) ਵੀ ਰਿਹਾ। ਗਿਆਨੀ ਮੇਹਰ ਸਿੰਘ ਜੀ ਕੁਰੂਕਛੇਤਰ ਨੇ ਵੀ ਹਜ਼ੂਰ ਦੇ ਚਰਨਾਂ 'ਚੋਂ ਹੀ ਦਾਤ ਪ੍ਰਾਪਤ ਕੀਤੀ।

ਘਣਗਸਾਂ ਪਿੰਡ ਦਾ ਨਰੈਣ ਸਿੰਘ ਨਾਮ ਕਰ ਕੇ ਇੱਕ ਮਿਸਤ੍ਰੀ ਆ ਗਿਆ ਜਿਸ ਨੂੰ ਸੰਤ ਜੀ ਮਹਾਰਾਜ 'ਦਾਤਾ' ਕਹਿ ਕੇ ਬੁਲਾਉਂਦੇ ਸਨ। ਇਹੋ ਹੀ ਨਾਮ ਸਾਰੀ ਸੰਗਤ ਤੇ ਇਲਾਕੇ ਵਿੱਚ ਮਸ਼ਹੂਰ ਹੋ ਗਿਆ। ਇਸ ਪ੍ਰੇਮੀ ਨੇ ਆਪਣੀ ਸਾਰੀ ਜ਼ਿੰਦਗੀ ਗੁਰੂ ਘਰ ਦੀ ਨਿਸ਼ਕਾਮ ਸੇਵਾ ਵਿੱਚ ਬਤੀਤ ਕੀਤੀ ਅਤੇ ਅੰਤਮ ਸ੍ਵਾਸਾਂ ਤੱਕ ਹਜ਼ੂਰ ਦੀ ਆਗਯਾ ਅਨੁਸਾਰ ਘਾਲਣਾ ਘਾਲਦਾ ਰਿਹਾ। ਉਪਰੰਤ ੧੯੬੪ ਵਿੱਚ ਗੁਰੂ ਘਰ ਦੀ ਸੇਵਾ ਕਰਦਾ ਹੀ ਪ੍ਰਲੋਕ ਨੂੰ ਚਲਾ ਗਿਆ। ਇਸ ਦਾ ਹਜ਼ੂਰੀ ਵਿੱਚ ਆਉਣ ਦਾ ਕਾਰਣ:

ਗੁਰੂ ਦਾ ਲੰਗਰ ਅਤੁੱਟ ਹੈ।

ਅਜੇ ਸੰਤ ਜੀ ਮਹਾਰਾਜ ਨੂੰ ਰਾੜੇ ਦੀ ਢੱਕੀ ਵਿੱਚ ਆਇਆਂ ਥੋੜ੍ਹਾ ਹੀ ਸਮਾਂ ਹੋਇਆ ਸੀ। ਇਤਨੇ ਅਰਸੇ ਵਿੱਚ ਕੁੱਝ ਕੁ ਕਮਰੇ ਵੀ ਬਣ ਗਏ ਅਤੇ ਗੁਰੂ ਕਾ ਲੰਗਰ ਵੀ ਬਾਹਰ ਹੀ ਤਿਆਰ ਹੋਣ ਲੱਗ ਪਿਆ। ਬਾਹਰੋਂ ਯਾਤਰੂ ਵੀ ਦਰਸ਼ਨ ਮੇਲੇ ਵਾਸਤੇ ਰੋਜ਼ ਹੀ ਆਉਂਦੇ ਸਨ। ਉਨ੍ਹਾਂ ਵਿੱਚੋਂ ਗੁਰੂ ਦਰਬਾਰ ਵਿੱਚ ਅਰਦਾਸ ਕੀਤਿਆਂ ਅਤੇ ਮਹਾਂਪੁਰਸ਼ਾਂ ਦੇ ਬਚਨਾਂ ਦੁਆਰਾ ਕਈ ਕੁ ਸ਼ਰਧਾਵਾਨਾਂ ਦੀਆਂ ਮਨੋਕਾਮਨਾਂ ਵੀ ਪੂਰੀਆਂ ਹੁੰਦੀਆਂ ਜਿਸ ਕਰ ਕੇ ਉਨ੍ਹਾਂ ਦੀ ਹੋਰ ਵੀ ਗੁਰੂ ਘਰ ਤੇ ਸ਼ਰਧਾ ਵਧਦੀ ਅਤੇ ਤਨੋ ਮਨੋ ਸੇਵਾ ਕਰਦੇ।

ਇੱਕ ਸਮੇਂ ਰਾਇਪੁਰ ਗੁੱਜਰਵਾਲ ਦੇ ਕਈ ਮਾਈ ਭਾਈ ਪ੍ਰੇਮੀ ਨਹਿਰ ਦੇ ਕੰਢੇ ਕੰਢੇ ਪੈਦਲ ਚੱਲ ਕੇ ਇਨ੍ਹਾਂ ਪਿੰਡਾਂ ਵਿੱਚ ਦੀ ਕਿਸੇ ਸਬੰਧੀ ਦੀ ਅੱਗੇ ਜਰਗ ਰੌਣੀ ਮੁਕਾਣ ਜਾ ਰਹੇ ਸਨ। ਜਿੱਥੇ ਰਸਤੇ ਵਿੱਚ ਇਕੱਲੇ ਲੰਘਣ ਵਾਲੇ ਮਨੁੱਖ ਨੂੰ ਦਿਨ ਦੇ ਸਮੇਂ ਵੀ ਭੈ ਆਉਂਦਾ, ਉਸ ਢੱਕ ਵਿੱਚ ਬਣੀ ਹੋਈ ਸੋਹਣੀ ਰਚਨਾਂ ਤੱਕੀ ਤਾਂ ਡੰਗਰ ਪਸ਼ੂ ਚਾਰਨ ਵਾਲੇ ਮੁੰਡਿਆਂ ਨੂੰ ਪੁੱਛਿਆ, "ਏਥੇ ਕੌਣ ਆਇਆ ਹੈ?" ਉਨ੍ਹਾਂ ਨੇ ਦੱਸਿਆ, "ਏਥੇ ਸੰਤ ਰਹਿੰਦੇ ਹਨ।" ਉਹ ਫੇਰ ਕਹਿਣ ਲੱਗੇ, "ਇਹ ਕਿੱਥੋਂ ਆਏ ਹਨ? ਕਿਤਨਾ ਕੁ ਸਮਾਂ ਹੋਇਆ ਹੈ ਏਥੇ ਰਹਿੰਦਿਆਂ ਨੂੰ?" ਇਨ੍ਹਾਂ ਵਿੱਚੋਂ (ਜੋ ਕਈ ਪਿੰਡਾਂ ਦੇ ਸਨ ਰੋਜ਼ ਹੀ ਨਹਿਰ ਦੇ ਕੰਢੇ ਢੱਕੀ ਵਿੱਚ ਮਾਲ ਚਾਰਨ ਆਉਂਦੇ) ਘਲੋਟੀ ਪਿੰਡ ਦਾ ਇੱਕ ਬਜ਼ੁਰਗ਼ ਸੀ। ਉਹ ਕਹਿੰਦਾ, "ਇਹ ਰੇਰੂ ਸਾਹਿਬ ਵਾਲੇ ਸੰਤਾਂ ਦੇ ਸੇਵਕ ਹਨ। ਇੱਕ ਉਨ੍ਹਾਂ ਦੀ ਘੋੜੀ ਸੰਭਾਲਦਾ ਸੀ। ਇੱਕ ਹਰ ਸਮੇਂ ਨਾਲ ਰਹਿ ਕੇ ਸੇਵਾ ਕਰਦਾ ਹੁੰਦਾ ਸੀ।" ਇਨ੍ਹਾਂ ਵਿੱਚੋਂ ਕਈ ਕੁ ਸੱਜਣ ਰੇਰੂ ਸਾਹਿਬ ਵਾਲੇ ਸੰਤਾਂ ਦੇ ਸਤਸੰਗੀ ਸਨ। ਉਹ ਆਪਸ ਵਿੱਚ ਕਹਿਣ ਲੱਗੇ, "ਕੱਲ ਵਾਪਸ ਆਉਂਦੇ ਆਪਾਂ ਵੀ ਇਨ੍ਹਾਂ ਦਾ ਦਰਸ਼ਨ ਕਰਾਂਗੇ।" ਇਉਂ ਕਹਿ ਕੇ ਉਹ ਅੱਗੇ ਨੂੰ ਤੁਰ ਗਏ।

ਦੂਸਰੇ ਦਿਨ ਕਿਸੇ ਪ੍ਰੇਮੀ ਨੇ ਗੁਰੂ ਕੇ ਲੰਗਰ ਵਿੱਚ ਢਾਈ ਰੁਪਿਆ ਦਾ ਪ੍ਰਸ਼ਾਦ ਕਰਵਾਇਆ। ਭਾਅ ਸਸਤੇ ਸਨ। ਢਾਈ ਤਿੰਨ ਸੇਰ ਪੱਕੇ ਘਿਉ ਦਾ ਪ੍ਰਸ਼ਾਦ ਤਿਆਰ ਕੀਤਾ ਗਿਆ। ਅਸਥਾਨ ਤੇ ਰਹਿਣ ਵਾਲੇ ਪ੍ਰੇਮੀ ਤਾਂ ਥੋੜ੍ਹੇ ਹੀ ਸਨ, ਪਰ ਡੰਗਰ ਪਸ਼ੂ ਚਾਰਨ ਵਾਲੇ ਕਈ ਪਿਡਾਂ ਦੇ ਪ੍ਰੇਮੀ ਰੋਜ਼ ਹੀ ਨਹਿਰ ਦੇ ਕਿਨਾਰੇ ਆ ਜਾਂਦੇ। ਉਨ੍ਹਾਂ ਨੂੰ ਵੀ ਪਤਾ ਲੱਗ ਗਿਆ ਕਿ ਅੱਜ ਏਥੇ ਕੜਾਹ ਪ੍ਰਸ਼ਾਦ ਬਣਿਆ ਹੈ। ਉਹ ਵੀ ਲੰਗਰ ਵਿੱਚ ਆ ਗਏ। ਇਤਨੇ ਨੂੰ ਉਹ ਰਾਇਪੁਰ ਗੁੱਜਰਵਾਲ ਦੇ ਪ੍ਰੇਮੀ ਵੀ ਮੁਕਾਣ ਤੋਂ ਵਾਪਸ ਮੁੜ ਆਏ। ਦੁਪਹਿਰ ਦੇ ਸਮੇਂ ਹਜ਼ੂਰ ਦਾ ਦਰਸ਼ਨ ਕੀਤਾ। ਭਾਵਨਾ ਨਾਲ ਮੱਥਾ ਟੇਕਿਆ। ਸੰਤ ਜੀ ਮਹਾਰਾਜ ਨੇ ਸੁੱਖ ਅਨੰਦ ਪੁੱਛੀ ਤੇ ਆਖਿਆ, "ਭਾਈ! ਗੁਰੂ ਕਾ ਲੰਗਰ ਤਿਆਰ ਹੈ। ਪਹਿਲਾਂ ਪ੍ਰਸ਼ਾਦ ਛਕੋ।" ਉਨ੍ਹਾਂ ਨੇ ਕਿਹਾ, "ਸੱਤ ਬਚਨ ਜੀ!" ਇਉਂ ਇਹ ਵੀ ਆਗਿਆ ਪਾ ਕੇ ਪੰਗਤ ਵਿੱਚ ਆ ਬੈਠੇ। ਬਹੁਤਾ ਇਕੱਠ ਦੇਖ ਕੇ

ਲੰਗਰ ਦਾ ਸੇਵਾਦਾਰ ਘਾਬਰ ਗਿਆ ਕਿ ਮੇਰੇ ਪਾਸ ਤਾਂ ਇਤਨਾ ਸਾਮਾਨ ਤਿਆਰ ਨਹੀਂ। ਨਾ ਅੰਦਰ ਰਾਸ਼ਨ ਹੀ ਪਿਆ ਹੈ। ਨਹੀਂ ਤਾਂ ਛੇਤੀ ਦਾਲ ਫੁਲਕਾ ਹੀ ਬਣ ਜਾਵੇ। ਨਾ ਇਨ੍ਹਾਂ ਨੂੰ ਜੁਆਬ ਹੀ ਦਿੱਤਾ ਜਾ ਸਕਦਾ ਹੈ। ਸੋ ਕਿਵੇਂ ਕਰਾਂ? ਉਹ ਛੋਟੇ ਸੰਤਾਂ ਦੇ ਪਾਸ ਗਿਆ ਤੇ ਅਰਜ਼ ਕੀਤੀ, "ਮਹਾਰਾਜ! ਲੰਗਰ ਵਿੱਚ ਸੰਗਤ ਬਹੁਤ ਬੈਠੀ ਹੈ। ਕੜਾਹ ਪ੍ਰਸ਼ਾਦ ਥੋੜ੍ਹਾ ਬਣਿਆ ਹੈ ਹੋਰ ਵੀ ਰਾਸ਼ਨ ਨਹੀਂ। ਆਪ ਦਾ ਕੀ ਹੁਕਮ ਹੈ?" ਸੰਤ ਜੀ ਕਹਿਣ ਲੱਗੇ, "ਭਲਿਆ! ਇਹ ਗੁਰੂ ਦਾ ਲੰਗਰ ਹੈ। ਤੈਨੂੰ ਕਾਹਦੀ ਚਿੰਤਾ ਹੈ। ਤੂੰ ਸਤਿਨਾਮੁ ਕਹਿ ਕੇ ਵਰਤਾਈ ਜਾਹ। ਇਹ ਮੁੱਕੇਗਾ ਨਹੀਂ, ਗੁਰੂ ਨਾਨਕ ਦਾ ਭੰਡਾਰਾ ਅਤੁੱਟ ਹੈ। ਆਪਣਿਆਂ ਦੀ ਆਪੇ ਹੀ ਲਾਜ ਰੱਖੇਗਾ।"

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ (ਸੂਹੀ ਮਃ ੫ - ੭੮੪)

ਪਰ ਉਹ ਐਸਾ ਡਰਿਆ ਕਿ ਇੱਕ ਵਾਰੀ ਸੰਤਾਂ ਨੂੰ ਬੇਨਤੀ ਕਰ ਕੇ ਫੇਰ ਅੰਦਰੋਂ ਹੀ ਨਾ ਨਿਕਲੇ। ਛੋਟੇ ਸੰਤਾਂ ਨੇ ਵੱਡਿਆਂ ਪਾਸ ਜਾ ਕੇ ਆਖਿਆ, "ਮਹਾਰਾਜ! ਉਹ ਤਾਂ ਡਰ ਗਿਆ ਹੈ। ਹੁਣ ਤੁਸੀਂ ਆਪ ਜਾ ਕੇ ਵਰਤਾਓ।" ਵੱਡੇ ਸੰਤਾਂ ਨੇ ਛੋਟਿਆਂ ਨੂੰ ਕਿਹਾ, "ਤੁਸੀਂ ਲੰਗਰ ਦੇ ਇੰਚਾਰਜ ਹੋ। ਜਾ ਕੇ ਆਪਣੀ ਡਿਊਟੀ ਆਪ ਸੰਭਾਲੋ।" ਉਸ ਸਮੇਂ ਛੋਟੇ ਸੰਤ ਜੀ ਲੰਗਰ ਵਿੱਚ ਆ ਗਏ ਅਤੇ ਅੰਦਰ ਬੈਠੇ ਲਾਂਗਰੀ ਨੂੰ ਆਵਾਜ਼ ਮਾਰੀ, "ਭਲਿਆ ਲੋਕਾ! ਤੂੰ ਡਰ ਨਾ, ਅਸੀਂ ਵਰਤਾਉਂਦੇ ਹਾਂ। ਇਹ ਤਾਂ ਅਤੁੱਟ ਖਜ਼ਾਨਾ ਹੈ। ਪਰ ਨਿਸ਼ਚਾ ਹੋਣਾ ਚਾਹੀਦਾ ਹੈ।" ਸੰਤਾਂ ਦੀ ਆਵਾਜ਼ ਸੁਣ ਕੇ ਉਹ ਬਾਹਰ ਆ ਗਿਆ ਅਤੇ ਪ੍ਰਸ਼ਾਦ ਵਾਲਾ ਬਾਟਾ ਅੱਗੇ ਕਰ ਕੇ ਅਰਜ਼ ਕੀਤੀ, "ਮਹਾਰਾਜ! ਮੇਰੇ ਕੋਲ ਤਾਂ ਸਿਰਫ ਇਹੋ ਕੁੱਝ ਹੈ।" ਸੰਤ ਜੀ ਹੱਸੇ ਅਤੇ ਆਖਿਆ, "ਇਹ ਤਾਂ ਬਹੁਤ ਹੈ। ਗੁਰੂ ਭਲੀ ਕਰੇਗਾ।" ਉਸ ਸਮੇਂ ਸੰਤ ਜੀ ਨੇ ਆਪਣਾ ਕਮਰਕੱਸਾ ਲਾਹ ਕੇ ਬਾਟੇ ਉੱਪਰ ਰੁਮਾਲਾ ਪਾ ਲਿਆ ਅਤੇ ਪੰਗਤ ਵਿੱਚ ਆ ਕੇ (ਜਿੱਥੇ ਸੌ ਕੁ ਪ੍ਰੇਮੀ ਬੈਠਾ ਸੀ) ਆਖਿਆ, "ਲਓ ਬਈ ਸੱਜਣੋ! ਤੁਸੀਂ ਦਾਲ ਰੋਟੀ ਤਾਂ ਆਪਣੇ ਘਰ ਰੋਜ਼ ਹੀ ਛਕਦੇ ਹੋ। ਅੱਜ ਗੁਰੂ ਕੇ ਲੰਗਰ ਦਾ ਖੁੱਲ੍ਹਾ ਕੜਾਹ ਪ੍ਰਸ਼ਾਦ ਛਕੋ। ਕਿਸੇ ਨੇ ਸੰਕੋਚ ਨਹੀਂ ਕਰਨਾ।" ਇਉਂ ਆਖ ਕੇ ਉਸੇ ਹੀ ਬਾਟੇ ਵਿੱਚੋਂ ਦੋ ਦੋ ਤਿੰਨ ਤਿੰਨ ਵਾਰੀ ਪੁੱਛ ਕੇ ਸਭਨਾਂ ਨੂੰ ਤ੍ਰਿਪਤ ਕਰ ਦਿੱਤਾ ਪਰ ਬਾਟਾ ਫੇਰ ਵੀ ਉਸੇ ਤਰ੍ਹਾਂ ਭਰਿਆ ਰਿਹਾ। ਮਾਨੋ ਕੁਬੇਰ ਦਾ ਭੰਡਾਰ ਆ ਖੁੱਲ੍ਹਿਆ। ਫੇਰ ਸੰਤ ਜੀ ਨੇ ਲਾਂਗਰੀ ਨੂੰ ਕਿਹਾ ਕਿ ਇਸ ਦੇ ਉੱਪਰੋਂ ਰੁਮਾਲ ਨਾ ਲਾਹੀਂ? ਮੂਲਮੰਤ੍ਰ ਦਾ ਪਾਠ ਕਰਦਿਆਂ ਸ਼ਾਮ ਤੱਕ ਵਰਤਾਈ ਜਾਹ। ਇਸੇ ਤਰ੍ਹਾਂ ਭਰਿਆ ਹੀ ਰਹੇਗਾ। ਇਉਂ ਆਖ ਕੇ ਸੰਤ ਜੀ ਮਹਾਰਾਜ ਤਾਂ ਆਪਣੇ ਕਮਰੇ ਨੂੰ ਚਲੇ ਗਏ ਅਤੇ ਉਸੇ ਬਾਟੇ ਵਿੱਚੋਂ ਸ਼ਾਮ ਤੱਕ ਕੜਾਹ ਪ੍ਰਸ਼ਾਦ ਵਰਤਦਾ ਰਿਹਾ। ਦੇਖਣ ਵਾਲੇ ਹੈਰਾਨ ਸਨ। ਕਈ ਡੰਗਰ ਚਾਰਨ ਵਾਲੇ ਮੁੰਡੇ ਦੋ ਦੋ ਵਾਰ ਆ ਕੇ ਛਕ ਗਏ ਪਰ ਫੇਰ ਵੀ ਭੰਡਾਰਾ ਅਤੁੱਟ ਰਿਹਾ। ਉਸ ਸਮੇਂ ਕਈ ਪਿੰਡਾਂ ਦੇ ਪ੍ਰੇਮੀ ਜਿਨ੍ਹਾਂ ਨੂੰ ਇਹ ਪਤਾ ਸੀ ਕਿ ਸਿਰਫ ਢਾਈ ਰੁਪਿਆਂ ਦਾ ਹੀ ਪ੍ਰਸ਼ਾਦ ਬਣਿਆ ਸੀ, ਇਹ ਇਤਨਾ ਕਿਵੇਂ ਵਧਦਾ ਗਿਆ? ਉਹ ਦੇਖਣ ਵਾਸਤੇ ਸ਼ਾਮ ਤੱਕ ਉੱਥੇ ਬੈਠੇ ਰਹੇ ਅਤੇ ਹੈਰਾਨ ਹੁੰਦੇ ਸਨ ਕਿ ਇਤਨੀ ਬਰਕਤ! ਅਜੇ ਤੱਕ ਇਹ ਮੁਕਿਆ ਹੀ ਨਹੀਂ! ਉਨ੍ਹਾਂ ਵਿੱਚੋਂ ਇਹ ਪ੍ਰਤੱਖ ਸ਼ਕਤੀ ਦੇਖ ਕੇ ਕਈ ਕੁ ਪ੍ਰੇਮੀ ਪੂਰਨ ਸ਼ਰਧਾਲੂ ਬਣ ਗਏ। ਉਨ੍ਹਾਂ ਨੇ ਜਾ ਕੇ ਆਪਣੇ ਪਿੰਡਾਂ ਵਿੱਚ ਹੋਰ ਲੋਕਾਂ ਨੂੰ ਦਸਿਆ ਕਿ ਏਹੋ ਜਿਹੇ ਪੂਰਨ ਮਹਾਂਪੁਰਸ਼ ਆਏ ਹਨ ਜਿਨ੍ਹਾਂ ਦੀ ਅਸੀਂ ਆਪਣੇ ਅੱਖੀਂ ਕਰਾਮਾਤ ਦੇਖੀ ਹੈ। ਫੇਰ ਤਾਂ ਦਰਸ਼ਨਾਂ ਵਾਸਤੇ ਇਲਾਕਾ ਹੀ ਉਲਟ ਪਿਆ। ਬਹੁਤ ਸਾਰੇ ਵਡਭਾਗੀ ਭਾਵਨਾ ਸਹਿਤ ਹੋ ਕੇ ਗੁਰੂ ਕੇ ਲੰਗਰ ਵਾਸਤੇ ਰਸਦਾਂ ਲਿਆਉਣ ਲੱਗੇ। ਕਈ ਤਾਂ ਪੱਕੇ ਹੀ ਹਜ਼ੂਰੀ ਵਿੱਚ ਰਹਿਣ ਲੱਗ ਪਏ ਅਤੇ ਉਨ੍ਹਾਂ ਆਪਣੀ ਜ਼ਿੰਦਗ਼ੀ ਦਾ ਸਾਰਾ ਸਮਾਂ ਗੁਰ ਚਰਨਾਂ ਵਿੱਚ ਬਤੀਤ ਕੀਤਾ। ਉਨ੍ਹਾਂ ਵਿੱਚੋਂ ਹੀ ਇੱਕ ਪ੍ਰੇਮੀ ਨੇ ਜਿਸ ਦਾ ਨਾਮ 'ਦਾਤਾ' ਸੀ ਆਪਣੀ ਜ਼ਬਾਨੀ ਇਹ ਪ੍ਰਸੰਗ ਲੇਖਕ ਨੂੰ ਦੱਸਿਆ ਕਿ ਮੈਂ ਉਸ ਦਿਨ ਪੰਗਤ ਦੇ ਵਿੱਚ ਬੈਠਾ ਸਾਂ ਅਤੇ ਦੇਖਣ ਵਾਸਤੇ ਸ਼ਾਮ ਤੱਕ ਉੱਥੇ ਹੀ ਰਿਹਾ। ਮੇਰਾ ਸਿਰ ਮੋਨਾ ਤੇ ਕੰਨਾਂ ਵਿੱਚ ਨੱਤੀਆਂ ਪਾਈਆਂ ਸਨ। ਪਰ ਸਭ ਕੁੱਝ ਉੱਥੇ ਹੀ ਲਾਹ ਕੇ ਗੁਰੂ ਕਾ ਸਿੰਘ ਸਜ ਗਿਆ ਅਤੇ ਗੁਰੂ ਨੇ ਅੰਤਿਮ ਸਵਾਸਾਂ ਤੱਕ ਨਿਭਾ ਦਿੱਤੀ।

ਹਜ਼ੂਰ ਦੀ ਆਗਿਆ ਨਾਲ ਫੇਰ ਤਾਂ ਏਥੇ ਹੀ ਦੋ ਵਕਤ ਕਥਾ ਕੀਰਤਨ ਦਾ ਪ੍ਰਵਾਹ ਜਾਰੀ ਹੋ ਗਿਆ। ਆਏ ਗਏ ਸਾਧੂ ਬਿਹੰਗਮ ਤੇ ਰਾਹੀ ਮੁਸਾਫ਼ਰ ਵਾਸਤੇ ਗੁਰੂ ਕਾ ਲੰਗਰ ਖੁੱਲ੍ਹਾ ਚਲਦਾ। ਜਿਵੇਂ ਮਿਕਨਾਤੀਸ ਨਾਲ ਲੋਹਾ ਖਿੱਚਿਆ ਜਾਂਦਾ ਹੈ, ਤਿਵੇਂ ਹੋਰ ਵੀ ਪ੍ਰੇਮੀ ਪੁੱਜ ਗਏ ਜਿਹਾ ਕਿ:

ਸੁਧਾਰ ਪਿੰਡ ਦਾ ਭਾਈ ਬਚਨ ਸਿੰਘ ਜਿਸ ਨੂੰ ਬਚਨ ਸਿੰਘ ਅੰਗੂਠਾ ਕਹਿਆ ਕਰਦੇ

ਘਣਗਸਾਂ ਪਿੰਡ ਦਾ ਪ੍ਰੇਮ ਸਿੰਘ (ਜੋ ਪੰਡਤ ਕਰ ਕੇ ਪ੍ਰਸਿੱਧ ਹੋ ਗਿਆ) ਤਾਰੂਆਣੇ ਦਾ (ਜੋ ਕਾਲਾਂਵਾਲੀ ਦੇ ਪਾਸ ਹੈ)

ਸੰਤਾ ਸਿੰਘ ਦਰਜ਼ੀ

ਖਟੜੇ ਪਿੰਡ ਦਾ ਸੰਤਾ ਸਿੰਘ ਮਿਸਤ੍ਰੀ

ਭਾਈ ਰੰਗੀਲਾ ਸਿੰਘ (ਜੋ ਕੁੱਝ ਸਮਾਂ ਸੰਤ ਜੀ ਮਹਾਰਾਜ ਦਾ ਗੜਵਈ ਵੀ ਰਿਹਾ)

ਖਟੜੇ ਪਿੰਡ ਦਾ ਬਾਬਾ ਹਰਨਾਮ ਸਿੰਘ

ਭੁੱਟੇ ਨਗਰ ਦਾ ਬਾਬਾ ਨਾਹਰ ਸਿੰਘ ਜੀ (ਜੋ ਸੰਤ ਜੀ ਮਹਾਰਾਜ ਦਾ ਗੜਵਈ ਰਿਹਾ)

ਮੋਮਨਾਬਾਦ ਦਾ ਭਾਈ ਦਲੀਪ ਸਿੰਘ

(ਦੋਆਬੇ 'ਚੋਂ ਸਭਰਾਵਾਂ ਪਿੰਡ ਦਾ ਦਲੀਪ ਸਿੰਘ 'ਮਾਠਾ'

ਜਗੇੜੇ ਪਿੰਡ ਦਾ ਭਾਈ ਬਚਨ ਸਿੰਘ ਰਾਗੀ

ਢੋਡਿਆਂ ਦਾ ਭਾਈ ਮੋਤਾ ਸਿੰਘ (ਇਹ ਸੰਤ ਜੀ ਦੇ ਨਾਲ ਢੋਲਕੀ ਵਜਾਉਂਦਾ ਹੁੰਦਾ ਸੀ)

ਕੁੱਬੇ ਪਿੰਡ ਦਾ ਭਾਈ ਮੇਵਾ ਸਿੰਘ (ਇਹ ਕੀਰਤਨ ਸਮੇਂ ਮੋਤਾ ਸਿੰਘ ਤੋਂ ਬਾਅਦ ਸੰਤ ਜੀ ਮਹਾਰਾਜ ਨਾਲ ਢੋਲਕੀ ਵਜਾਉਂਦਾ ਸੀ)

ਵੱਡੇ ਸੰਤ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਤੋਂ ਵਰੋਸਾਏ ਸੰਤੋਖ ਸਿੰਘ 'ਸੁਆਮੀ' ਜੀ ਅਤੇ ਵੱਡੇ ਸੰਤ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਸੇਵਕ ਜੜਤੌਲੀ ਨਗਰ ਤੋਂ ਗੁੱਜਰ ਸਿੰਘ 'ਬਾਈ ਜੀ' (ਇਹ ਦੋਵੇਂ ਸੱਜਣ ਪਟਿਆਲੇ ਤੋਪਖਾਨੇ 'ਚੋਂ ਨਾਮ ਕਟਵਾ ਕੇ ਆਏ ਸਨ। ਇਨ੍ਹਾਂ ਦੋਹਾਂ ਸੱਜਣਾਂ ਦਾ ਪ੍ਰਸੰਗ ਜੀਵਨ ਗਾਥਾ ਵਿੱਚ ਛਪ ਚੁੱਕਾ ਹੈ)

ਮੰਨਮੀ ਪਿੰਡ ਦਾ ਬਾਬਾ ਵਰਿਆਮ ਸਿੰਘ

ਲੌਂਗੋਵਾਲ ਦਾ ਬਾਬਾ ਈਸ਼ਰ ਸਿੰਘ (ਜੋ ਏਥੇ ਗ੍ਰੰਥੀ ਸੀ)

ਪ੍ਰੀਤਮ ਸਿੰਘ ਘਣਗਸਾਂ ਪਿੰਡ ਦਾ ਜਿਸ ਨੂੰ 'ਚੌਪਈ' ਆਖਦੇ ਹੁੰਦੇ

ਕਟਾਹਰੀ ਪਿੰਡ ਦਾ ਭਾਈ ਦਯਾ ਸਿੰਘ (ਅਮਲੀ) ਇਸ ਨੇ ਅਸਥਾਨ ਦੀ ਸੇਵਾ ਵਾਸਤੇ ਇੱਕ ਬੈਲ ਤੇ ਇੱਕ ਮੱਝ ਦਿੱਤੀ

ਭੀਖੀ ਪਿੰਡ ਤੋਂ ਬਾਬਾ ਭਗਵਾਨ ਸਿੰਘ 'ਲੱਸੀ ਵਾਲਾ'

ਭੰਮੇ ਪਿੰਡ ਤੋਂ (ਜੋ ਬਠਿੰਡੇ ਜ਼ਿਲ੍ਹੇ ਵਿੱਚ ਹੈ ਹੁਣ ਮਾਨਸਾ ਜ਼ਿਲ੍ਹਾ ਹੈ)

ਗਿ. ਇੰਦਰ ਸਿੰਘ ਜੀ, ਜੋ ੧੯੩੩ ਤੋਂ ੧੯੪੪ ਈ. ਤੱਕ ਹਜ਼ੂਰ ਦੇ ਗੜਵਈ ਤੇ ਅਸਥਾਨ ਦੇ ਜਥੇਦਾਰ ਰਹੇ ਸਨ

ਚਰਨਾਰਥਲ ਪਿੰਡ ਦਾ ਭਾਈ ਮਹਾਂ ਸਿੰਘ

ਭੁੱਟੇ ਤੋਂ ਗਿ. ਬਲਬੀਰ ਸਿੰਘ ਜੀ ਇਤਿਆਦਿਕ ਹੋਰ ਬਹੁਤ ਸਾਰੇ ਪ੍ਰੇਮੀ ਵੀ ਆ ਜੁੜੇ।

ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ
ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥੧੦॥ (ਵਾਰ-ਬਿਲਾਵਲੁ ਮਃ ੪ - ੮੫੪)

ਧਭਲਾਨ ਤੋਂ ਭਾਈ ਰਲਾ ਸਿੰਘ (ਬਾਬੂ ਜੀ) ਜੋ ਬਾਅਦ ਵਿੱਚ ੧੯੪੨ ਤੋਂ ੧੯੬੬ ਈ. ਤੱਕ ਸੰਤ ਜੀ ਮਹਾਰਾਜ ਦਾ ਗੜਵਈ ਰਿਹਾ ਅਤੇ ਉਸ ਦਾ ਭਰਾ ਗੁਰਬਖਸ਼ ਸਿੰਘ ਜੋ ਅਸ਼ਟਾਵਕਰ ਨਾਮ ਕਰ ਕੇ ਪ੍ਰਸਿੱਧ ਸੀ।

ਮਾਘਾ ਸਿੰਘ (ਵੀਰ) ਇਹ ਵੀ ਧਭਲਾਨ ਪਿੰਡ ਦਾ ਸੀ।

ਘਲੋਟੀ ਪਿੰਡ ਦਾ ਭਾਈ ਬਲਾਕੀ ਜੋ ਗੁਰੂ ਕੇ ਲੰਗਰ ਦਾ ਚੁੱਲ੍ਹਾ ਝੋਕਦਾ ਹੁੰਦਾ।

ਕਟਾਹਰੀ ਪਿੰਡ ਦਾ ਅਰਜਨ ਸਿੰਘ (ਇਹ ਹੌਲਦਾਰੀ ਪੈਨਸ਼ਨਰ ਸੀ। ਸੰਤ ਜੀ ਮਹਾਰਾਜ ਦੇ ਪਾਸ ਢੱਕੀ ਵਿੱਚ ਰਹਿੰਦਾ ਅਤੇ ਖ਼ਾਸ ਖ਼ਾਸ ਪ੍ਰੇਮੀਆਂ ਦੇ ਘਰਾਂ ਵਿੱਚ ਹਜ਼ੂਰ ਦੀ ਆਗਿਆ ਨਾਲ ਸਹਿਜ ਪਾਠ ਵੀ ਕਰ ਆਉਂਦਾ। ਅਸਥਾਨ ਤੇ ਗ੍ਰੰਥੀ ਦੀ ਸੇਵਾ ਕਰਦਾ।)

ਘਣਗਸਾਂ ਨਗਰ ਦਾ ਭਾਈ ਤਾਰਾ ਸਿੰਘ ਨਾਮ ਦਾ ਭੁਝੰਗੀ, ਭੈਰੋਮੁੰਨੇ ਪਿੰਡ ਦਾ ਅਮਰ ਸਿੰਘ ਨਾਮ ਦਾ ਪ੍ਰੇਮੀ। (ਇਹਨਾਂ ਦੋਹਾਂ ਦੀ ਉਮਰ ਪੰਦਰਾਂ ਵੀਹ ਸਾਲਾਂ ਦੀ ਸੀ। ਦੋ ਤਿੰਨ ਸਾਲ ਗੁਰੂ ਕੇ ਲੰਗਰ ਦੀ ਸੇਵਾ ਕਰਦਿਆਂ ਇੱਕੋ ਕਮਰੇ ਵਿੱਚ ਰਹਿੰਦੇ ਸਨ ਇਕੱਠੇ ਹੀ ਇੱਕੋ ਰਾਤ ਗੁਰਪੁਰੀ ਪਿਆਨਾ ਕਰ ਗਏ। ਸਿਆਲੇ ਦੀ ਰੁੱਤ ਵਿੱਚ ਲੱਕੜੀ ਦੇ ਕੋਇਲੇ ਭਖਾ ਕੇ ਅੰਗੀਠੀ ਅੰਦਰ ਰੱਖ ਲਈ ਦਰਵਾਜ਼ੇ ਤੇ ਰੋਸ਼ਨਦਾਨ ਬੰਦ ਕਰ ਕੇ ਰਜਾਈ ਲੈ ਕੇ ਸੌਂ ਗਏ। ਕੋਇਲਿਆਂ ਦਾ ਗੈਸ ਬਣ ਗਿਆ। ਦੋਵੇਂ ਸਰੀਰ ਸੁੱਤੇ ਹੀ ਰਹਿ ਗਏ।)

ਘਲੋਟੀ ਦਾ ਭਾਈ ਮੁਕੰਦ ਸਿੰਘ।

ਸੰਤਾਂ ਦੀ ਬਖ਼ਸ਼ਿਸ਼

ਇੱਕ ਹੋਰ ਪ੍ਰੇਮੀ; ਜਿਸ ਦਾ ਨਾਮ ਰਤਨ ਸਿੰਘ ਸੀ, ਇਹ ਕੰਦ ਪਿੰਡ (ਜੋ ਬਠਿੰਡੇ ਜ਼ਿਲੇ ਵਿੱਚ ਜੈਤੋ ਪਾਸ ਹੈ) ਕਲਕੱਤੇ ਫੌਜ ਵਿੱਚ ਨੌਕਰੀ ਕਰਦਾ ਸੀ। ਬੱਸ ਤੇ ਟਰੱਕ ਦਾ ਡਰਾਈਵਰ ਵੀ ਸੀ। ਦੇਵਨੇਤ ਨਾਲ ੪੦ ਸਾਲ ਦੀ ਉਮਰ ਵਿੱਚ ਟੀ. ਬੀ. ਦਾ ਰੋਗੀ ਹੋ ਗਿਆ। ਸਾਰੇ ਹਸਪਤਾਲਾਂ ਵਿੱਚ ਗਿਆ। ਡਾਕਟਰਾਂ ਨੇ ਜਵਾਬ ਦੇ ਦਿੱਤਾ ਅਤੇ ਆਖਿਆ, "ਹੁਣ ਤੂੰ ਬਚ ਨਹੀਂ ਸਕਦਾ। ਕਿਸੇ ਚੰਗੇ ਤੀਰਥ ਤੇ ਜਾ ਕੇ ਸਰੀਰ ਛੱਡ ਤਾਂ ਕਿ ਅੱਗੇ ਨੂੰ ਕੁਛ ਭਲਾ ਹੋਵੇ।" ਇਹ ਕਲਕੱਤੇ ਤੋਂ ਪਟਨੇ ਸਾਹਿਬ ਆ ਗਿਆ। ਕੁਛ ਦਿਨ ਰਿਹਾ ਏਥੇ ਵੀ ਦਿਲ ਨਾ ਲੱਗਾ। ਫੇਰ ਇਨ੍ਹਾਂ ਪਿੰਡਾਂ ਦੇ ਡਰਾਈਵਰ; ਜੋ ਲੁਧਿਆਣੇ ਤੋਂ ਪਟਨੇ ਸਾਹਿਬ ਟਰੱਕਾਂ ਤੇ ਮਾਲ ਲਿਜਾਇਆ ਕਰਦੇ ਸਨ, ਉਨ੍ਹਾਂ ਤੋਂ ਹਜ਼ੂਰ ਦਾ ਜਸ ਸੁਣਿਆ। ਰਾੜੇ ਸਾਹਿਬ ਪੁੱਜਾ। ਆ ਕੇ ਸਾਰੀ ਵਾਰਤਾ ਦੱਸੀ, "ਮਹਾਰਾਜ! ਮੈਂ ਤਾਂ ਹੁਣ ਮਰ ਜਾਣਾ ਹੈ। ਟੀ. ਬੀ. ਵੱਧ ਚੁੱਕੀ ਹੈ। (ਡਾਕਟਰੀ ਸਰਟੀਫਿਕੇਟ ਦਿਖਾਏ) ਏਥੇ ਕੇਵਲ ਸਰੀਰ ਛੱਡਣ ਵਾਸਤੇ ਹੀ ਆਇਆ ਹਾਂ।" ਸੰਤ ਜੀ ਮਹਾਰਾਜ ਕ੍ਰਿਪਾ ਦੇ ਘਰ ਵਿੱਚ ਆਏ ਮੂਲਮੰਤ੍ਰ ਦਾ ਪਾਠ ਦਸਿਆ ਅਤੇ ਨਾਲ ਹੀ ਲੰਗਰ ਦੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰਨ ਵਾਸਤੇ ਕਿਹਾ। ਸਨੇ ਸਨੇ ਸੜਕਾਂ ਤੇ ਵੀ ਝਾੜੂ ਦਿੰਦਾ ਰਹੇ। ਇੱਕ ਸਾਲ ਵਿੱਚ ਬਿਲਕੁਲ ਅਰੋਗ ਹੋ ਗਿਆ। ਉਪਰੰਤ ਛੁੱਟੀ ਲੈ ਕੇ ਆਪਣੇ ਕੰਮ ਤੇ ਚਲਾ ਗਿਆ। ਫੇਰ ਵੀ ਕਈ ਵਾਰ ਦਰਸ਼ਨਾਂ ਨੂੰ ਆਇਆ ਹੈ।

ਰਾੜੇ ਦੀ ਢੱਕੀ ਦੇ ਡੇਰੇ ਦੀ ਰਚਨਾ

ਦਿਨ-ਬ-ਦਿਨ ਸੰਗਤਾਂ ਦਾ ਇਕੱਠ ਹੋਣ ਲੱਗਾ ਪਰ ਲੰਗਰ ਦੇ ਰਾਸ਼ਨ ਵਾਸਤੇ ਅਤੇ ਮੀਂਹ ਕਣੀ ਵਿੱਚ ਸੰਗਤਾਂ ਦੇ ਆਰਾਮ ਲਈ ਕੋਈ ਛੱਤੀ ਜਗ੍ਹਾ ਨਹੀਂ ਸੀ। ਛੋਟੇ ਸੰਤ ਜੀ ਨੂੰ ਮੁਖੀ ਸਿੱਖਾਂ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਹੁਣ ਕੁਛ ਛੱਪਰੀਆਂ ਜਾਂ ਕਮਰੇ ਬਣਨੇ ਚਾਹੀਦੇ ਹਨ।" ਉਨ੍ਹਾਂ ਵੱਡੇ ਮਹਾਂਪੁਰਸ਼ਾਂ ਨਾਲ ਸਲਾਹ ਕੀਤੀ ਕਿ ਸੰਗਤ ਦਾ ਖ਼ਿਆਲ ਕੁੱਝ ਕਮਰੇ ਜਾਂ ਛੱਪਰੀਆਂ ਤਿਆਰ ਕਰਨ ਦਾ ਹੈ। ਇਹ ਦੋਵੇਂ ਮਹਾਂਪੁਰਸ਼ ਪ੍ਰਵਿਰਤੀ ਦੇ ਝੰਜਟ ਤੋਂ ਬੜਾ ਹੀ ਸੰਕੋਚ ਕਰਦੇ ਸਨ ਪਰ ਜੋ ਪਿਛਲੀ ਪ੍ਰਾਰਬਧ ਹੈ ਉਹ ਕਿਵੇਂ ਨਾ ਫ਼ਲ ਦੇਵੇ। ਫ਼ੁਰਨੇ ਤੋਂ ਬਗੈਰ ਹੀ ਪ੍ਰਾਰਬਧ ਨੇ ਪਦਾਰਥ ਅੱਗੇ ਲਿਆ ਰਖਣੇ ਹਨ, ਕਿਉਂਕਿ ਤਿੰਨ ਤਰ੍ਹਾਂ ਦੀ ਪ੍ਰਾਰਬਧ ਮੰਨੀ ਹੈ:

ਇੱਛਾਨਿੱਛ, ਪ੍ਰਛਿਆ, ਤ੍ਰਿਬਿਧਿ ਕਰਮ ਕੇ ਭੋਗ। ਜਨਮ ਆਦਿ ਮਰਨਾਂਤ ਲੌਂ, ਕਹਤ ਸਯਾਨੇ ਲੋਗ।

(ਅਧਿਆਤਮ ਪ੍ਰਕਾਸ਼)

ਭਾਵ ਇੱਛਾ, ਨਾ ਇੱਛਾ ਅਤੇ ਪ੍ਰਾਈ ਇੱਛਾ ਇਹ ਤਿੰਨੇ ਪ੍ਰਕਾਰ ਦੇ ਕਰਮਾਂ ਦੇ ਭੋਗ ਹਨ।

੧. ਆਪਣੇ ਮਨ ਦਾ ਸੰਕਲਪ ਹੋਣਾ ਪਰ ਮਿਲਣਾ ਪਦਾਰਥ ਨੇ ਫੇਰ ਵੀ ਪ੍ਰਾਰਬਧ ਅਨੁਸਾਰ ਹੀ ਹੈ।

੨. ਆਪਣੀ ਇੱਛਾ ਤਾਂ ਨਾ ਹੋਣੀ ਪਰ ਦੂਜੇ ਮਨੁੱਖ ਦੀ ਭਾਵਨਾ ਦੇਖ ਕੇ ਵਸਤੂ ਅੰਗੀਕਾਰ ਕਰ ਲੈਣੀ। ਜਿਵੇਂ ਜੰਗਲ ਦੀ ਕੁਟੀਆ ਵਿੱਚ ਰਹਿਣ ਵਾਲੇ ਕਿਸੇ ਵਿਰਕਤ ਸਾਧੂ ਨੂੰ ਘਰ ਵਾਲੇ ਪ੍ਰੇਮੀ ਨੇ ਭਿਛਿਆ ਜਾਣ ਤੋਂ ਪਹਿਲਾਂ ਹੀ ਪ੍ਰਸ਼ਾਦ ਵਾਸਤੇ ਬੇਨਤੀ ਕਰਨੀ ਅਤੇ ਲਿਆ ਕੇ ਛਕਾਉਣਾ।

੩. ਨਾ ਆਪਣੀ ਇੱਛਾ ਹੋਣੀ, ਨਾ ਕਿਸੇ ਹੋਰ ਨੇ ਆ ਕੇ ਬੇਨਤੀ ਕਰਣੀ। ਜੋ ਸੁਤੇ ਹੀ ਪਦਾਰਥ ਪ੍ਰਾਪਤ ਹੋਣਾ ਇਹ 'ਅਨਿੱਛ' ਅਨ ਇੱਛਿਆ ਪ੍ਰਾਰਬਧ। ਜਿਵੇਂ ਕਿਸੇ ਬ੍ਰਿਛ ਹੇਠਾਂ ਲੰਮੇ ਪਏ ਮਨੁੱਖ ਦੀ ਛਾਤੀ ਤੇ ਟੁੱਟ ਕੇ ਫ਼ਲ ਆ ਡਿੱਗੇ, ਉਸ ਨੂੰ ਅਚਾਨਕ ਚੁੱਕ ਕੇ ਆਪਣੇ ਮੂੰਹ ਵਿੱਚ ਪਾ ਲਵੇ ਇਹ ਅਨਿੱਛ ਪ੍ਰਾਰਬਧ ਹੈ। ਏਥੇ ਹੁਣ ਆਪਣੀ ਤਾਂ ਇੱਛਾ ਕੋਈ ਨਹੀਂ। ਦੂਜਿਆਂ ਦੀ ਇੱਛਾ ਹੈ ਜਾਂ ਈਸ਼ਵਰੀ ਫੁਰਨਾ ਹੈ ਜੋ ਸਦਾ ਹੀ ਪ੍ਰਭੂ ਦਾ ਸੱਤ ਸੰਕਲਪ ਹੈ ਕਿ ਇਨ੍ਹਾਂ ਦੇ ਨਾਮ ਜਪਾ ਕੇ ਸੇਵਾ ਸਿਮਰਨ ਵਿੱਚ ਜੋੜ ਕੇ ਭੁਲੇ ਭਟਕੇ ਜੀਵਾਂ ਨੂੰ ਤਾਰਨਾ ਹੈ। ਸੱਤ ਧਰਮ ਦਾ ਉਪਦੇਸ਼ ਦੇ ਕੇ ਦੁਨੀਆਂ ਦਾ ਭਲਾ ਕਰਨਾ ਹੈ। ਇਸ ਲਈ ਇਨ੍ਹਾਂ ਵਾਸਤੇ ਕੋਈ ਛੰਨ ਛੱਪਰੀ ਹੋਣੀ ਵੀ ਜ਼ਰੂਰੀ ਹੈ। ਇਹ ਅਫੁਰ ਹਿਰਦੇ ਵਿੱਚ (ਜਿਤਨੇ ਪ੍ਰੇਮੀ ਹਜ਼ੂਰੀ ਵਿੱਚ ਰਹਿੰਦੇ ਸਨ ਜਾਂ ਬਾਹਰੋਂ ਸੰਗਤ ਆਉਂਦੀ ਸੀ, ਉਨ੍ਹਾਂ ਦੀ ਪ੍ਰਾਰਬਧ ਨੇ) ਫੁਰਨਾ ਪੈਦਾ ਕਰ ਦਿੱਤਾ। ਹਰ ਇੱਕ ਗਿਆਨਵਾਨ ਦੀ ਅੰਦਰਲੀ ਅਵਸਥਾ ਭਾਵੇਂ ਇੱਕ ਹੈ ਪਰ ਪ੍ਰਾਰਬਧ ਅਨੁਸਾਰ ਬਾਹਰਲੀ ਕ੍ਰਿਆ ਦਾ ਜ਼ਰੂਰ ਫ਼ਰਕ ਹੁੰਦਾ ਹੈ। ਹਰੇਕ ਦੀ ਇੱਕੋ ਜਿਹੀ ਨਹੀਂ ਹੁੰਦੀ ਪਰ 'ਕੁੱਲੀ, ਜੁੱਲੀ ਤੇ ਗੁੱਲੀ' ਭਾਵ 'ਰੋਟੀ, ਕਪੜਾ ਤੇ ਅਸਥਾਨ' ਤਿੰਨ ਚੀਜ਼ਾਂ ਦੀ ਹਰ ਇੱਕ ਨੂੰ ਜ਼ਰੂਰਤ ਹੈ। ਚਾਹੇ ਉਹ ਗ੍ਰਿਹਸਤ ਮਾਰਗ ਵਿੱਚ ਹੈ, ਚਾਹੇ ਅਤੀਤ ਹੈ। ਭਾਵੇਂ ਫੁਰਨਾ ਕਰੇ, ਜਾਂ ਨਾ ਕਰੇ; ਈਸ਼ਵਰੀ ਨੇਤ ਹੈ ਇਹ ਤਾਂ ਇਸ ਨੂੰ ਤਿੰਨੇ ਚੀਜ਼ਾਂ ਅਵੱਸ਼ ਮਿਲ ਹੀ ਜਾਣੀਆਂ ਹਨ। ਜੋ ਜ਼ਰੂਰਤ ਤੋਂ ਜ਼ਿਆਦਾ ਮੰਗਣਾ ਹੈ; ਇਹ ਇਸ ਦੀ ਕਮਜ਼ੋਰੀ, ਮਨ ਦਾ ਭਟਕਨਾ ਤੇ ਲਾਲਚ ਵਸ ਹੋ ਕੇ ਦੁਖੀ ਹੋਣਾ ਹੈ। ਕਿਸੇ ਨਾ ਕਿਸੇ ਪ੍ਰੇਮੀ ਦਾ ਮਨ ਪ੍ਰੇਰ ਕੇ

ਵਾਹਿਗੁਰੂ ਜ਼ਰੂਰ ਹੀ ਆਪਣੇ ਅਮੰਗ ਪਿਆਰਿਆਂ ਦੇ ਅਫੁਰ ਮਨ ਨੂੰ ਤਿੰਨ ਚੀਜ਼ਾਂ ਦੁਆਰਾ ਪੂਰਤੀ ਬਖ਼ਸ਼ਦਾ ਹੈ।

ਤੂੰ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥ (ਵਾਰ-ਵਡਹੰਸੁ ਮਃ ੪ - ੫੯੫)

ਸੰਤ ਜੀ ਮਹਾਰਾਜ ਦੇ ਮਨ ਦਾ ਏਹੋ ਹੀ ਖ਼ਿਆਲ ਸੀ ਕਿ ਪ੍ਰਵਿਰਤੀ ਦੇ ਝੰਜਟ ਤੋਂ ਸੁਤੰਤਰ ਰਹਿ ਕੇ ਏਹੋ ਜਿਹੀ ਨਵੇਕਲੀ ਤੇ ਇਕਾਂਤ ਜਗ੍ਹਾ ਵਿੱਚ ਬੰਦਗ਼ੀ ਹੀ ਕਰਣੀ ਹੈ। ਪਰ ਛੋਟੇ ਸੰਤ ਜੀ ਨੇ ਜਦੋਂ ਸੰਗਤ ਦੀ ਬੇਨਤੀ ਦੱਸੀ ਤਾਂ ਭੂਤ ਭਵਿੱਖਤ ਦੇ 'ਗਿਆਤ ਗੇਯ' ਅੰਤਰਜਾਮੀ ਦਾਤੇ ਨੇ ਕਈ ਕਾਰਣਾਂ ਨੂੰ ਲੈ ਕੇ ਲੋੜ ਅਨੁਸਾਰ ਮਾਮੂਲੀ ਜੇਹੀਆਂ ਛੱਪਰੀਆਂ ਬੰਨ੍ਹ ਲੈਣ ਦੀ ਮਨਜ਼ੂਰੀ ਬਖ਼ਸ਼ ਦਿੱਤੀ ਅਤੇ ਨਾਲ ਹੀ ਆਖਿਆ "ਗੁਰ ਭਾਈ! ਇਹ ਤੁਸਾਂ ਨੇ ਅੱਗੇ ਹੋ ਕੇ ਬੇਨਤੀ ਕੀਤੀ ਹੈ। ਹੁਣ ਏਸ ਕੰਮ ਨੂੰ ਸੰਭਾਲੋ ਵੀ ਤੁਸੀਂ ਆਪ ਹੀ। ਅਸੀਂ ਤਾਂ ਕੇਵਲ ਪ੍ਰਮੇਸ਼ਰ ਦਾ ਸਿਮਰਨ ਹੀ ਕਰਨਾ ਕਰਾਉਣਾ ਤੇ ਮਹਾਂਪੁਰਸ਼ਾਂ ਦੇ ਹੁਕਮ ਦੀ ਪਾਲਣਾ ਕਰਣੀ ਹੈ। ਤੁਸੀਂ ਖੁਦ ਮਾਲਕ ਹੋ। ਅਸੀਂ ਤੁਹਾਡੇ ਕਿਸੇ ਵੀ ਕੰਮ ਵਿੱਚ; ਚਾਹੇ ਘਟਾਓ, ਚਾਹੇ ਵਧਾਓ; ਦਖਲ ਨਹੀਂ ਦੇਵਾਂਗੇ। ਸਾਰੀ ਸੰਗਤ ਦੇ ਸਰੀਰ ਵੀ ਜੋ ਸਾਡੇ ਅਨੁਸਾਰ ਹਨ ਤੁਹਾਡੇ ਤੇ ਉਸੇ ਤਰ੍ਹਾਂ ਹੀ ਸ਼ਰਧਾ ਰੱਖਣ ਦੇ ਹੁਕਮ ਮੰਨਣਗੇ। ਸਾਡਾ ਖਜ਼ਾਨਾ ਤੁਹਾਡਾ ਹੈ, ਤੁਹਾਡਾ ਖਜ਼ਾਨਾ ਸਾਡਾ ਹੈ। ਇਸ ਵਿੱਚ ਕੋਈ ਵੀ ਭੇਦ ਭਾਵ ਨਹੀਂ ਹੋਵੇਗਾ। *'ਏਕ ਜੋਤਿ ਦੁਇ ਮੂਰਤੀ'* ਜੋ ਬਚਨ ਵੱਡੇ ਮਹਾਰਾਜ ਜੀ ਨੇ ਆਪਣੀ ਤਾਈਂ ਕਹੇ ਹਨ ਅਸੀਂ ਦੋਹਾਂ ਨੇ ਇੱਕ ਰੂਪ ਹੋ ਕੇ ਉਨ੍ਹਾਂ ਦੀ ਹੀ ਪਾਲਣਾ ਕਰਣੀ ਹੈ। ਉਨ੍ਹਾਂ ਨੇ ਕਿਹਾ ਸੀ, ਤੁਸੀਂ ਦੋਵੇਂ ਕਦੇ ਵੀ ਇੱਕ ਦੂਜੇ ਤੋਂ ਦੂਰ ਰਹਿਣ ਜਾਂ ਅਲਹਿਦਗੀ ਰੱਖਣ ਦੀ ਕੋਸ਼ਿਸ਼ ਨਹੀਂ ਕਰਣੀ। ਇੱਕ ਤਾਂ ਇੱਕ ਹੀ ਹੈ ਪਰ ਇੱਕ ਤੇ ਇੱਕ (ਦੋ ਏਕੇ) ਗਿਆਰ੍ਹਾਂ ਬਣ ਜਾਂਦੇ ਹਨ। ਸੋ ਤੁਸੀਂ ਫੌਜ ਵਿੱਚ ਨੌਕਰੀ ਕੀਤੀ ਹੈ। ਏਸ ਕੰਮ ਨੂੰ ਚੰਗੀ ਤਰ੍ਹਾਂ ਸੰਭਾਲ ਸਕਦੇ ਹੋ। ਅਸੀਂ ਵੀ ਹਰ ਤਰ੍ਹਾਂ ਕਰ ਕੇ ਤੁਹਾਡੇ ਨਾਲ ਹੀ ਹਾਂ। ਪਰ ਜ਼ੁੰਮੇਵਾਰੀ ਸਾਰੀ ਤੁਹਾਡੀ ਹੋਵੇਗੀ।

ਇਉਂ ਅਸਥਾਨ ਦੀ ਸਾਰੀ ਜ਼ੁੰਮੇਵਾਰੀ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੇ ਜ਼ੁੰਮੇਂ ਸੌਂਪ ਦਿੱਤੀ। ਆਪ ਤਾਂ ਪਹਿਲਾਂ ਵਾਂਗ ਅਸੰਗ ਤੇ ਨਿਰਲੇਪ ਰਹਿ ਕੇ ਜੀਵਨ ਮੁਕਤੀ ਦਾ ਆਨੰਦ ਮਾਣਦੇ ਰਹੇ ਹਨ। ਛੋਟੇ ਸੰਤ ਜੀ ਮਹਾਰਾਜ ਵੀ ਮਨ ਕਰ ਕੇ ਪ੍ਰਵਿਰਤੀ ਦੇ ਪਸਾਰੇ ਤੋਂ ਸਦੀਵੀ ਨਿਰਲੇਪ ਰਹੇ। ਉਨ੍ਹਾਂ ਦੇ ਸੰਕਲਪ ਨਾਲ ਸੁਤੇ ਹੀ ਪ੍ਰਾਰਬਧ ਨੇ ਥੋੜੇ ਦਿਨਾਂ ਵਿੱਚ ਸੁੰਦਰ ਰਚਨਾ ਬਣਾ ਦਿੱਤੀ।

ਸਭ ਤੋਂ ਪਹਿਲਾਂ ਇੱਟ ਬਾਲੇ ਦੀ ਛੱਤ ਪਾ ਕੇ ੧੨x੧੨ ਫੁੱਟ ਚੌੜਾ ਕਮਰਾ ਤਿਆਰ ਹੋਇਆ, ਜਿਸ ਦੀ ਸੇਵਾ ਕਰਨ ਦਾ ਉੱਦਮ ਘਣਗਸਾਂ ਨਗਰ ਦੇ ਸ. ਬੇਅੰਤ ਸਿੰਘ ਪ੍ਰੇਮੀ ਨੇ ਕੀਤਾ। ਉਸ ਦੇ ਅੱਗੇ ਥੰਮ੍ਹਿਆਂ ਬਗੈਰ ਪਾਈਪਾਂ ਤੇ ਟੀਨ ਦਾ ਬਰਾਂਡਾ ਪਾਇਆ ਗਿਆ। ਦੋਹਾਂ ਮਹਾਂਪੁਰਸ਼ਾਂ ਨੇ ਇਸ ਦੇ ਅੰਦਰ ਭੂਮ ਆਸਨ ਹੀ ਰਿਹਾਇਸ਼ ਰਖ ਲਈ। ਫੇਰ ਬਾਰਸ਼ ਵਿੱਚ ਸਮਾਨ ਰੱਖਣ ਵਾਸਤੇ ਟੀਨ ਦੀਆਂ ਚਾਂਦਰਾਂ ਦਾ ਲੰਗਰ ਬਣ ਗਿਆ। ਉਪਰੰਤ ਬਾਰਾਂ ਫੁੱਟ ਮੁਰੱਬਾ ਪੱਕਾ ਗੁਰੂ ਮਹਾਰਾਜ ਦਾ ਪ੍ਰਕਾਸ਼ ਅਸਥਾਨ ਬਣਾਇਆ। ਫੇਰ ਕੈਂਚੀਆਂ ਦੀ ਛੱਤ ਪਾ ਕੇ ੩੫ ਫੁੱਟ ਚੌੜਾ ਜਿਸ ਦੇ ਤਿੰਨ ਪਾਸੇ ੧੦ ਫੁੱਟ ਚੌੜਾ ਬਰਾਂਡਾ ਸੀ, ਗੁਰੂ ਅਸਥਾਨ ਤਿਆਰ ਕੀਤਾ। ਇਸ ਦੀ ਛੱਤ ਹੇਠਾਂ ਰੰਗੀ ਹੋਈ ਲੱਕੜੀ ਦੀ ਸੀਲਿੰਗ ਲਾ ਦਿੱਤੀ।

ਫੇਰ ਸੰਗਤਾਂ ਨੇ ਅਰਜ਼ ਕਰ ਕੇ ਵੱਡੇ ਸੰਤ ਜੀ ਮਹਾਰਾਜ ਦੀ ਰਿਹਾਇਸ਼ ਵਾਸਤੇ ਇੱਕ ੧੦ ਫੁੱਟ ਮੁਰੱਬਾ ਪੱਕਾ ਭੋਰਾ ਬਣਾ ਦਿੱਤਾ। ਠੰਢਾ ਰਹਿਣ ਵਾਸਤੇ ਉੱਪਰ ਛੱਪਰ ਪਾਇਆ ਗਿਆ। ਓਸ ਦੇ ਅੱਗੇ ਕੋਠੜੀ ਸੀ ਜਿਸ ਦੇ ਵਿੱਚੋਂ ਦੀ ਹੇਠਾਂ ਉੱਤਰਨ ਵਾਸਤੇ ਪੌੜੀਆਂ ਰੱਖੀਆਂ ਗਈਆਂ।

ਜੋੜ ਮੇਲਿਆਂ ਦੀ ਅਰੰਭਤਾ

ਇੱਕ ਸਮੇਂ ਇਕਾਂਤ ਅਸਥਾਨ ਵਿੱਚ ਬੈਠਿਆਂ ਦੇਖ ਕੇ ਦੋਹਾਂ ਵਿਅਕਤੀਆਂ ਪਾਸ ਇਲਾਕੇ ਦੀ ਸੰਗਤ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਆਪ ਸੁਬ੍ਹਾ ਸ਼ਾਮ ਤਾਂ ਕੀਰਤਨ ਵਿੱਚ ਦਰਸ਼ਨ ਬਖ਼ਸ਼ਦੇ ਹੋ, ਪਰ ਹੋਰ ਦਿਨ ਦਾ ਸਾਰਾ ਸਮਾਂ ਢੱਕ ਵਿੱਚ ਅਲੋਪ ਹੋਏ ਬੰਦਗ਼ੀ ਵਿੱਚ ਜੁੜੇ ਰਹਿੰਦੇ ਹੋ। ਬਾਹਰੋਂ ਆਏ ਮਾਈ ਭਾਈ ਦਰਸ਼ਨ ਨਹੀਂ ਕਰ ਸਕਦੇ। ਨਾ ਹੀ ਹਜ਼ੂਰ ਦੀ ਪਾਵਨ ਰਸਨਾ ਤੋਂ ਅਮੋਲਕ ਬਚਨ ਸੁਣਨ ਦਾ ਸੁਭਾਗ ਹੀ ਪ੍ਰਾਪਤ ਹੋ ਸਕਦਾ ਹੈ। ਆਪ ਕ੍ਰਿਪਾ ਕਰ ਕੇ ਮਹੀਨੇ ਵਿੱਚ ਕੋਈ ਜੋੜ ਮੇਲਾ ਨੀਅਤ ਕਰੋ, ਜਿਸ ਦਿਨ ਸਾਰੇ ਹੀ ਪ੍ਰੇਮੀ ਪੁੱਜ ਕੇ ਅੰਮ੍ਰਿਤਮਈ ਬਚਨਾਂ ਤੇ ਕੀਰਤਨ ਦਾ ਲਾਭ ਪ੍ਰਾਪਤ ਕਰ ਸਕਣ ਅਤੇ ਆਪ ਜੀ ਦਾ ਵੀ ਸੰਗਤ ਨੂੰ ਖੁੱਲ੍ਹਾ ਦੀਦਾਰ ਹੋ ਜਾਇਆ ਕਰੇ।

ਸੰਤ ਜੀ ਮਹਾਰਾਜ ਨੇ ਇਨ੍ਹਾਂ ਮੁੱਖੀ ਸੱਜਣਾਂ ਦੀ (ਜੋ ਇਲਾਕੇ ਦੇ ਨਗਰਾਂ 'ਚੋ ਇਕੱਠੇ ਹੋ ਕੇ ਆਏ ਸਨ) ਬੇਨਤੀ ਵੱਲ ਧਿਆਨ ਦਿੱਤਾ। ਫੇਰ ਪ੍ਰਮੇਸ਼ਰ ਦੀ ਆਗਿਆ ਨਾਲ; ਜੋ ਅੱਗੇ ਹਿੰਦੁਸਤਾਨ ਦੇ ਕੋਨੇ ਕੋਨੇ ਤੇ ਜਾ ਕੇ ਬਲਕਿ ਬਾਹਰਲੇ ਟਾਪੂਆਂ ਵਿੱਚ ਨਾਮ ਅੰਮ੍ਰਿਤ ਦੀ ਬਰਖਾ ਕਰਨੀ ਹੈ; ਉਸ ਨੂੰ ਅਨੁਭਵ ਕਰ ਕੇ ਹਰੇਕ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ

ਰਾਤ ਅਤੇ ਪੂਰਨਮਾਸ਼ੀ ਤੋਂ ਆਉਣ ਵਾਲੀ ਪਹਿਲੀ ਰਾਤ, ਮਹੀਨੇ ਵਿੱਚ ਇਹ ਦੋ ਜੋੜ ਮੇਲੇ ਨੀਯਤ ਕਰ ਲਏ ਗਏ। ਇਨ੍ਹਾਂ ਦੋਹਾਂ ਦਿਨਾਂ 'ਚ ਹਜ਼ਾਰਾਂ ਹੀ ਪ੍ਰੇਮੀ ਪੂੱਜ ਕੇ ਲਾਭ ਪ੍ਰਾਪਤ ਕਰਦੇ। ਫੇਰ ਸਰਦੀਆਂ ਵਿੱਚ ਦੀਵਾਨ ਲਗਾਉਣ ਵਾਸਤੇ ੩੦ ਫੁੱਟ ਮੁਰੱਬਾ ਇੱਕ ਵੱਡਾ ਛੱਪਰ ਤਿਆਰ ਕੀਤਾ ਗਿਆ, ਜਿਸ ਵਿੱਚ ਜੋੜ ਮੇਲੇ ਨੂੰ ਦੀਵਾਨ ਭੀ ਸਜਦਾ ਅਤੇ ਰਾਤ ਦੇ ਸਮੇਂ ਮਾਈਆਂ ਵੀ ਇਸੇ ਵਿੱਚ ਆਰਾਮ ਕਰਦੀਆਂ। ਇਉਂ ਸਹਿਜੇ ਸਹਿਜੇ ਰਚਨਾ ਵਧਦੀ ਗਈ। ਫਿਰ ਇੱਟ ਬਾਲੇ ਦੀ ਛੱਤ ਤੇ ੧੧ ਕਮਰੇ ਪਾਏ ਗਏ। ਜਿਉਂ ਜਿਉਂ ਸੰਗਤ ਦੀ ਆਵਾਜਾਈ ਵਧਦੀ ਗਈ, ਤਿਵੇਂ ਤਿਵੇਂ ਕਮਰੇ ਤੇ ਲੰਗਰ ਦੀ ਰਚਨਾ ਹੁੰਦੀ ਗਈ। ਉਪਰੰਤ ੧੦x੧੨ ਫੁੱਟ, ਬਰਾਂਡੇ ਸਮੇਤ ਕੱਚੀਆਂ ਕੰਧਾਂ ਤੇ ਲੰਗਰ ਤਿਆਰ ਕੀਤਾ ਗਿਆ। ਭਜਨ ਸਿਮਰਨ ਕਰਨ ਵਾਲੇ ਮਹਾਂਪੁਰਸ਼ਾਂ ਵਾਸਤੇ ੧੪ ਛੱਪਰੀਆਂ ਬਣਾਈਆਂ ਗਈਆਂ। ਇਸ ਵਿੱਚ ਇਕੱਲੇ ਇਕੱਲੇ ਸੱਜਣ ਨੇ ਜੋ ਭਜਨ ਸਿਮਰਨ ਦਾ ਸ਼ੌਕ ਰੱਖਦੇ ਸਨ, ਬਾਅਦ ਵਿੱਚ ਮੋਨ ਧਾਰਨ ਕਰ ਲਿਆ, ਜਿਸ ਦਾ ਜ਼ਿਕਰ ਅੱਗੇ ਕੀਤਾ ਹੈ। ਇਸ ਜਗ੍ਹਾ ਦਾ ਨਾਮ 'ਪੰਚਬਟੀ' ਰੱਖਿਆ। ਜਿਵੇਂ ਪੰਚਬਟੀ ਤੇ ਤਿਆਗੀ ਵਿਰੱਕਤ ਰਿਸ਼ੀਆਂ ਦਾ ਵਾਸਾ ਸੀ, ਉਸੇ ਤਰ੍ਹਾਂ ਹੀ ਏਥੇ ਭਜਨਾਨੰਦੀ ਸਾਧੂ ਰਹਿਣ ਲੱਗੇ।

ਚਾਰ ਪ੍ਰਕਾਰ ਦਾ ਮੋਨ

ਹਜ਼ੂਰ ਦੀ ਪਾਵਨ ਰਸਨਾ ਤੋਂ ਭਜਨ ਸਿਮਰਨ ਸੰਬੰਧੀ ਅਮੋਲਕ ਬਚਨ ਸੁਣਦਿਆਂ ਹੋਇਆਂ ਕਈ ਸੱਜਣਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਸਾਡਾ ਮੋਨ ਰੱਖ ਕੇ ਭਜਨ ਕਰਨ ਦਾ ਖ਼ਿਆਲ ਹੈ। ਆਪ ਜੀ ਦੀ ਆਗਿਆ ਚਾਹੁੰਦੇ ਹਾਂ।" ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ, "ਮੋਨ ਤਾਂ ਚਾਰ ਪ੍ਰਕਾਰ ਦਾ ਹੈ। ਤੁਸੀਂ ਕੇਹੜਾ ਕਰਨਾ ਚਾਹੁੰਦੇ ਹੋ?" ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਅਸੀਂ ਤਾਂ ਕੇਵਲ ਜਿਹਵਾ ਦੀ ਚੁੱਪ ਨੂੰ ਹੀ ਮੋਨ ਸਮਝਦੇ ਹਾਂ। ਹੋਰ ਤਾਂ ਸਾਨੂੰ ਪਤਾ ਨਹੀਂ। ਜੋ ਤਿੰਨ ਤਰ੍ਹਾ ਦਾ ਮੋਨ ਆਪ ਜੀ ਹੋਰ ਕਹਿੰਦੇ ਹੋ, ਉਸ ਦੇ ਵੀ ਦੱਸਣ ਦੀ ਕ੍ਰਿਪਾਲਤਾ ਕਰੋ।" ਸੰਤ ਜੀ ਮਹਾਰਾਜ ਮੁਸਕਰਾਏ ਤੇ ਕਿਹਾ, "ਲਓ ਸੁਣੋ!"

੧. ਪਹਿਲਾ ਮੋਨ ਹੈ ਜਿਹਵਾ ਦਾ, ਮਨ ਭਾਵੇਂ ਅੰਦਰੋਂ ਸੰਕਲਪ ਨਾ ਛੱਡੇ ਪਰ ਆਪਣੀ ਜ਼ਬਾਨ ਨੂੰ ਵੱਸ ਵਿੱਚ ਰੱਖਣਾ। ਇਸ ਮੋਨ ਦਾ ਵੀ ਮਹਾਨ ਪੁੰਨ ਹੈ। ਚੁੱਪ ਕੀਤਿਆਂ ਕਿਸੇ ਦੀ ਨਿੰਦਾ, ਚੁਗਲੀ ਨਹੀ ਹੁੰਦੀ। ਕੌੜਾ ਬਚਨ ਬੋਲ ਕੇ ਕਿਸੇ ਦਾ ਹਿਰਦਾ ਦੁਖੀ ਨਹੀਂ ਕਰਦਾ। ਜੋ ਕਿਸੇ ਦਾ ਦਿਲ ਦੁਖਾਉਣਾ ਹੈ ਇਹੋ ਹੀ ਸਭ ਤੋਂ ਵੱਡਾ ਪਾਪ ਹੈ। ਅਪ ਸ਼ਬਦ ਬੋਲ ਕੇ ਹਰ ਇੱਕ ਤੋਂ ਨਿਰਾਦਰ ਪਾਉਂਦਾ ਹੈ ਕਿਉਂਕਿ ਜਿਹਵਾ ਤਾਂ ਕੌੜਾ ਫਿਕਾ ਆਖ ਕੇ ਮੁੱਖ ਦੇ ਅੰਦਰ ਜਾ ਵੜਦੀ ਹੈ ਅਤੇ ਉਸ ਦਾ ਫ਼ਲ ਇਸ ਸਰੀਰ ਨੂੰ ਸਹਾਰਨਾ ਪੈਂਦਾ ਹੈ।

ਜਿਹਵਾ ਔਲੇ ਹਾਰੀਏ ਬੋਲੇ ਆਲ ਪਲਾਲ। ਤੂੰ ਤਾਂ ਅੰਦਰ ਵੜ ਗਈ, ਛਿੱਤਰ ਸਹੇ ਕਪਾਲ।

ਨਾ ਕਰਨ ਵਾਲੇ ਨਾਲੋਂ ਤਾਂ ਇਸ ਮੋਨ ਦਾ ਮਹਾਨ ਪੁੰਨ ਹੈ। ਇਕਾਂਤ ਅਸਥਾਨ ਵਿਖੇ ਇਕੱਲਿਆਂ ਰਹਿੰਦਾ ਹੈ। ਪਰ ਜੇਕਰ ਅੰਦਰੋਂ ਮਨ ਦੀ ਕਲਪਨਾ ਨਹੀਂ ਮਿਟੀ ਤਾਂ ਇਸ ਦੇ ਕੀਤਿਆਂ ਸ਼ਾਂਤੀ ਨਹੀਂ ਮਿਲਦੀ ਕਿਉਂਕਿ ਜ਼ਬਾਨ ਨੂੰ ਤਾਂ ਜਿੰਦਰਾ ਮਾਰ ਲਿਆ ਪਰ ਕਾਪੀਆਂ ਤੇ, ਸਲੇਟਾਂ ਤੇ ਲਿਖੀ ਗਿਆ, ਫੱਟੀਆਂ ਕਾਲੀਆਂ ਕੀਤੀਆਂ, ਹੱਥਾਂ ਅਤੇ ਉਂਗਲਾਂ ਦੇ ਇਸ਼ਾਰੇ ਕੀਤੇ।

ਯਥਾ: ***ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥***
ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥ (ਮਾਰੂ ਮਃ ੫ - ੧੦੦੩)

ਤਥਾ: ***ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥*** (ਵਾਰ-ਆਸਾ ਮਃ ੧ - ੪੬੭)

੨. ਦੂਜਾ ਮੋਨ ਹੈ ਇੰਦ੍ਰੀਆਂ ਦਾ। ਇੰਦ੍ਰੇ ਆਪੋ-ਆਪਣੇ ਵਿਸ਼ਿਆਂ ਵਲੋਂ ਰੋਕਣੇ ਅੱਖਾਂ ਨੂੰ ਪਰਾਏ ਰੂਪ ਦੇਖਣ ਵਲੋਂ ਰੋਕਣਾ, ਕੰਨਾਂ ਨੂੰ ਨਿੰਦਾ ਚੁਗਲੀ ਤੇ ਗੰਦੇ ਗੀਤ ਸੁਣਨ ਤੋਂ ਹਟਾਉਣਾ, ਨਾਸਕਾ ਨੂੰ ਸੁਗੰਧੀ ਦੁਰਗੰਧੀ ਦੇ ਵਿਸ਼ੇ ਤੋਂ ਉਪਰਾਮ ਕਰਨਾ, ਰਸਨਾਂ ਨੂੰ ਰਸਾਂ ਕਸਾਂ ਤੋਂ ਵਰਜ ਕੇ ਇਸ ਨਾਲ ਕਿਸੇ ਨੂੰ ਬੁਰਾ ਸ਼ਬਦ ਨਹੀਂ ਆਖਣਾ ਕਿਉਂਕਿ ਇੰਦ੍ਰੀਆਂ ਦੁਆਰੇ ਹੀ ਮਨ ਦੀ ਬ੍ਰਿਤੀ ਬਾਹਰ ਆ ਕੇ ਪਦਾਰਥਾਂ ਨੂੰ ਵਿਸ਼ੇ ਕਰ ਕੇ ਪਦਾਰਥਾਕਾਰ ਹੁੰਦੀ ਹੈ। ਇਉਂ ਮਨ ਦਾ ਇੰਦ੍ਰੀਆਂ ਨਾਲੋਂ ਸੰਬੰਧ ਤੋੜ ਕੇ ਪ੍ਰਮੇਸ਼ਰ ਪ੍ਰਾਇਣ ਕਰੋ।

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ (ਗੂਜਰੀ ਵਾਰ-੨ ਮਃ ੫ - ੫੧੭)

ਇਹ ਮੋਨ ਪਹਿਲੇ ਮੋਨ ਨਾਲੋਂ ਹਜ਼ਾਰਾਂ ਗੁਣਾ ਚੰਗਾ ਤੇ ਸ੍ਰੇਸ਼ਟ ਹੈ।

੩. ਤੀਜਾ ਮਨ ਦਾ ਮੋਨ ਹੈ ਮਨ ਦੇ ਫੁਰਨੇ ਨੂੰ ਰੋਕਣਾ। ਇਸ ਮਨ ਦੇ ਨਾਲ ਕਿਸੇ ਦਾ ਬੁਰਾ ਨਹੀਂ ਚਿਤਵਨਾ, ਖੋਟਾ

ਸੰਕਲਪ ਨਹੀਂ ਉਠਣ ਦੇਣਾ, ਗੁਰ ਪ੍ਰਮੇਸ਼ਰ ਦੇ ਵਾਕਾਂ ਤੇ ਪੂਰਨ ਭਰੋਸਾ ਕਰਾਉਣਾ, ਗੁਰ ਸ਼ਬਦ ਦੇ ਚਿੰਤਨ ਤੇ ਗੁਰ ਮੂਰਤ ਦੇ ਧਿਆਨ ਬਿਨਾਂ ਏਧਰ ਓਧਰ ਜਾਣ ਦੀ ਆਗਯਾ ਨਹੀਂ ਦੇਣੀ।

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥

(ਗੌਂਡ ਮਃ ੫ - ੮੬੪)

ਅਤੇ ਇਹ ਨਿਸਚਾ ਕਰਵਾਉਣਾ ਕਿ

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਆਸਾ ਮਃ ੩ - ੪੪੧)

੪. ਚੌਥਾ ਮੋਨ ਹੈ ਗਿਆਨ ਦਾ। ਸਾਰਿਆਂ ਵਿੱਚ ਪ੍ਰਮੇਸ਼ਰ ਨੂੰ ਵਿਆਪਕ ਜਾਣ ਕੇ ਅਤੇ ਸਾਰੇ ਸੰਸਾਰ ਨੂੰ ਆਪਣਾ ਰੂਪ ਅਨੁਭਵ ਕਰ ਕੇ ਹਰੇਕ ਪ੍ਰਾਣੀ ਮਾਤਰ ਦਾ ਭਲਾ ਮੰਗਣਾ। ਇਉਂ ਮਨ ਵੀ ਸ਼ਾਂਤ ਤੇ ਇਕਾਗਰ, ਅਤੇ ਦੂਸਰੇ ਦਾ ਵੀ ਭਲਾ। ਇਹ ਸਭ ਤੋਂ ਸ੍ਰੇਸ਼ਟ ਤੇ ਸ਼੍ਰੋਮਣੀ ਮੋਨ ਹੈ। ਪਰ ਪਹਿਲੇ ਦਰਜੇ ਦਾ ਮੋਨ ਵੀ ਬਹੁਤ ਚੰਗਾ ਹੈ।

ਇਹਨਾਂ ਨੇ ਅਰਜ਼ ਕੀਤੀ, "ਮਹਾਰਾਜ! ਇਹ ਉੱਚ ਅਵਸਥਾ ਤਾਂ ਆਪ ਜੀ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦੀ ਹੈ ਪਰ ਅਸੀਂ ਤਾਂ ਕੇਵਲ ਜ਼ਬਾਨ ਦਾ ਹੀ ਮੋਨ ਰੱਖਣਾ ਚਾਹੁੰਦੇ ਹਾਂ।" ਹਜ਼ੂਰ ਨੇ ਉੱਤਰ ਦਿੱਤਾ, "ਬੜੀ ਚੰਗੀ ਗੱਲ ਹੈ। ਇਸ ਵਿੱਚ ਕੁੱਝ ਕੁ ਨਿਯਮਾਂ ਦਾ ਧਾਰਣੀ ਹੋਣਾ ਜ਼ਰੂਰੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਤੁਸੀਂ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਅਰਦਾਸ ਕਰ ਕੇ ਮੋਨ ਰੱਖਣਾ ਹੈ। ਫੇਰ ਸੰਕੇਤ ਕੀਤੇ ਦਿਨਾਂ ਤੱਕ ਕਿਸੇ ਨਾਲ ਕੋਈ ਗੱਲਬਾਤ ਨਹੀਂ ਕਰਣੀ। ਖ਼ਾਸ ਤੌਰ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਣੀ ਹੈ। ਰਾਤ ਦੇ ਇੱਕ ਵਜੇ ਜਾਗ ਕੇ ਇਸ਼ਨਾਨ ਕਰਨਾ ਤੇ ਪਹੁ ਫੁਟਾਲੇ ਤੱਕ ਸਿਮਰਨ ਵਿੱਚ ਜੁੜੇ ਰਹਿਣਾ। ਰਾਤ ਨੂੰ ਗਿਆਰ੍ਹਾਂ ਵਜੇ ਤੋਂ ਪਹਿਲਾਂ ਆਰਾਮ ਨਹੀਂ ਕਰਨਾ। ਫੇਰ ਰਸਾਂ ਕਸਾਂ ਨੂੰ ਪਿੱਠ ਦੇ ਕੇ ਕੇਵਲ ਅੱਠੀਂ ਪਹਿਰੀਂ ਹੀ ਪ੍ਰਸ਼ਾਦ ਛਕਣਾ। ਉਹ ਵੀ ਬਹੁਤ ਘੱਟ, ਦਿਨ ਦੇ ਸਮੇਂ ਪ੍ਰਸ਼ਾਦ ਛਕਣ ਤੋਂ ਬਾਅਦ ਸਿਰਫ ਦੋ ਘੰਟੇ ਆਰਾਮ ਕਰ ਸਕਦੇ ਹੋ। ਸਹੀ ਰੂਪ ਵਿੱਚ ਅੱਠਾ ਪਹਿਰਾਂ 'ਚੋਂ ਵੀਹ ਘੰਟੇ ਭਜਨ ਕਰਨਾ ਤੇ ਕੇਵਲ ਚਾਰ ਘੰਟੇ ਹੀ ਆਰਾਮ ਕਰਨਾ ਹੈ। ਹਰੇਕ ਸ੍ਵਾਸ ਨਾਲ ਸਿਮਰਨ ਜਾਰੀ ਰੱਖਣਾ ਅਤੇ ਆਪਣੇ ਆਪ ਨੂੰ ਮੁਰਦਿਆਂ ਸਮਾਨ ਸਮਝ ਕੇ ਦੁਨੀਆਂ ਵਿੱਚ ਰਹਿਣਾ। ਜੇਕਰ ਪੂਰੇ ਸ਼ੌਕ ਨਾਲ ਸੇਵਾ ਤੇ ਸਿਮਰਨ ਕਰਦਿਆਂ ਜ਼ਿੰਦਗੀ ਦਾ ਸਾਰਾ ਸਮਾਂ ਏਸ ਪਾਸੇ ਲਗਾ ਦੇਵੋਗੇ ਤਾਂ ਏਸੇ ਹੀ ਜਨਮ ਵਿੱਚ ਤੁਹਾਡਾ ਜਨਮ ਮਰਨ ਕੱਟਿਆ ਜਾ ਸਕਦਾ ਹੈ।"

ਹਜ਼ੂਰ ਦੀ ਪਾਵਨ ਰਸਨਾ ਤੋਂ ਇਹ ਉੱਤਮ ਉਪਦੇਸ਼ ਸੁਣ ਕੇ ਸਭਨਾਂ ਨੇ ਸਿਰ ਝੁਕਾ ਕੇ ਨਮਸ਼ਕਾਰ ਕੀਤੀ ਅਤੇ ਦੂਜੇ ਦਿਨ ਮੋਨ ਧਾਰਨ ਕਰ ਲਿਆ।

ਦੋਵੇਂ ਸੰਤ ਜੀ ਮਹਾਰਾਜ ਤੋਂ ਇਲਾਵਾ ਇਸ ਵਿੱਚ ਹੇਠ ਲਿਖੇ ਪ੍ਰੇਮੀਆਂ ਨੇ ਹਿੱਸਾ ਲਿਆ ਭਾਈ ਗੁਰਬਚਨ ਸਿੰਘ ਪਿੰਡ ਜਹਾਂਗੀਰ, ਬਾਬਾ ਦਸੌਂਧਾ ਸਿੰਘ ਪਿੰਡ ਰਾਮਪੁਰ, ਭਾਈ ਸੰਤਾ ਸਿੰਘ ਦਰਜ਼ੀ ਪਿੰਡ ਤਾਰੂਆਣਾ, ਭਾਈ ਸੰਤਾ ਸਿੰਘ ਮਿਸਤਰੀ (ਖਟੜੇ), ਗਿਆਨੀ ਮੇਹਰ ਸਿੰਘ, ਸੁਆਮੀ ਸੰਤੋਖ ਸਿੰਘ, ਗੁੱਜਰ ਸਿੰਘ ਬਾਈ ਜੀ, ਭਾਈ ਮਹਾ ਸਿੰਘ, ਬਚਨ ਸਿੰਘ ਜਗੇੜਾ, ਬਚਨ ਸਿੰਘ (ਸੁਧਾਰ), ਬਾਬਾ ਨਾਹਰ ਸਿੰਘ ਪਿੰਡ ਭੁੱਟਾ, ਭਾਈ ਨੰਦ ਸਿੰਘ, ਭਾਈ ਦਲੀਪ ਸਿੰਘ ਮੋਮਨਾਬਾਦ, ਪਾਖਰ ਸਿੰਘ, ਫਰੀਦ ਪਿੰਡ ਘਲੋਟੀ, ਭਾਈ ਮਾਘਾ ਸਿੰਘ (ਵੀਰ), ਭਾਈ ਰਲਾ ਸਿੰਘ (ਬਾਬੂ ਜੀ), ਭਾਈ ਦਲੀਪ ਸਿੰਘ ਮਾਠਾ, ਭਾਈ ਰੰਗੀਲਾ ਸਿੰਘ, ਭਾਈ ਮੇਵਾ ਸਿੰਘ ਪਿੰਡ ਕੁੱਬੇ, ਬਾਬਾ ਵਰਿਆਮ ਸਿੰਘ ਪਿੰਡ ਮੰਨਮੀ, ਭਾਈ ਪ੍ਰੀਤਮ ਸਿੰਘ ਘਣਗਸਾਂ, ਪ੍ਰੇਮ ਸਿੰਘ (ਪੰਡਤ) ਪਿੰਡ ਘਣਗਸਾਂ, ਭਾਈ ਇੰਦਰ ਸਿੰਘ; ਇਤਿਆਦਿਕ ਹੋਰ ਵੀ ਬਹੁਤ ਸਾਰੇ ਪ੍ਰੇਮੀ ਸਨ ਜਿਨ੍ਹਾਂ ਵਿੱਚੋਂ ਅਠਾਰਾਂ ਸਿੰਘਾਂ ਨੇ ਤਾਂ ਪੱਕਾ ਹੀ ਨਾ ਬੋਲਣ ਦਾ ਨਿਯਮ ਕੀਤਾ ਹੋਇਆ ਸੀ। ਹੋਰ ਸੱਜਣ ਕੋਈ ਇੱਕ ਚਾਲ੍ਹੀਆ, ਕੋਈ ਦੋ ਚਾਲ੍ਹੀਏ ਕਰ ਕੇ ਮੋਨ ਖੋਹਲ ਲੈਂਦੇ ਪਰ ਇਨ੍ਹਾਂ ਅਠਾਰਾਂ ਨੇ ਲਗਾਤਾਰ ੬ ਸਾਲ ਦਾ ਮੋਨ ਕੀਤਾ ਸੀ। ਹਰ ਇੱਕ ਨੂੰ ਪਹਿਲਾਂ ਅੰਮ੍ਰਿਤ ਛਕਾ ਕੇ ਫੇਰ ਸਿਮਰਨ ਦਾ ਤਰੀਕਾ ਹਜ਼ੂਰ ਵਲੋਂ ਦੱਸਿਆ ਜਾਂਦਾ। ਇਨ੍ਹਾਂ ਵਿੱਚੋਂ ਕਈ ਕੁ ਪ੍ਰੇਮੀ ਹਰ ਰੋਜ਼ ਸੌ ਸੌ ਜਪੁਜੀ ਸਾਹਿਬ ਦਾ ਪਾਠ ਕਰਦੇ ਸਨ। ਕਈਆਂ ਨੇ ਰੋਜ਼ ਦੇ ੨੫ ਸੁਖਮਨੀ ਸਾਹਿਬ ਦੇ ਪਾਠਾਂ ਦਾ ਨਿਯਮ ਕੀਤਾ ਸੀ। ਕਈ ਮੂਲ ਮੰਤਰ ਦੀ ਇੱਕ ਪੱਕੀ ਮਾਲਾ ਰੋਜ਼ ਫੇਰਦੇ, ਜੋ ੧੦੮ ਕੱਚੀ ਮਾਲਾ ਦੀ ਇੱਕ ਪੱਕੀ ਬਣਦੀ ਹੈ। ਕਈ ਪੰਜ ਗਰੰਥੀ ਦਾ ਪਾਠ ਕਰ ਕੇ ਹੀ ਜਲ ਪਾਣੀ ਛਕਦੇ। ਕਈ ਕੁ ਪ੍ਰੇਮੀ ਰਾਤ ਦਿਨ ਲੱਗ ਕੇ ਤਿੰਨ ਜਾਂ ਚਾਰ ਦਿਨਾਂ ਵਿੱਚ ਸਹਿਜ ਪਾਠ ਦਾ ਭੋਗ ਪਾ ਲੈਂਦੇ। ਗ਼ਰਮੀ ਸਰਦੀ ਵਿੱਚ ਸਵੇਰੇ ਲੱਸੀ ਦਾ ਗਲਾਸ ਤੇ ਦੁਪਹਿਰ ਦੇ ਸਮੇਂ ਕੇਵਲ ਅੱਠੀ ਪਹਿਰੀਂ ਹੀ ਪ੍ਰਸ਼ਾਦ ਛਕਦੇ। ਸ਼ਾਮ ਨੂੰ ਕੁੱਝ ਨਹੀਂ ਸੀ ਅੰਗੀਕਾਰ ਕਰਦੇ। ਕਦੀ ਦਿਨੇ ਖਿਚੜੀ ਬਣਦੀ, ਕਦੇ ਮੂੰਗੀ ਦੀ ਦਾਲ। ਇਉਂ ਅਨੁਸ਼ਠਾਣ ਕਰਨ ਵਾਲਿਆਂ ਦਾ ਬ਼ਗ਼ੈਰ ਮਿਰਚ ਦੇ, ਘੱਟ ਲੂਣ ਵਾਲਾ ਸਤੋਗੁਣੀ ਭੋਜਨ ਬਣਦਾ। ਗ਼ਰਮੀ ਸਰਦੀ ਰਾਤ ਦੇ ਸਾਢੇ ਬਾਰਾਂ ਵਜੇ ਕੇਸੀ ਇਸ਼ਨਾਨ ਕਰ ਕੇ ਹਜ਼ੂਰ ਦੇ ਨਾਲ ਨਹਿਰ ਦੇ ਕੰਢੇ ਪੁੱਜ ਜਾਂਦੇ। ਜਿੱਥੇ ਸ਼ਬਦ

ਸੁਰਤ ਤੇ ਮਿਲਾਪ ਦੁਆਰਾ ਸ੍ਵਾਸ ਰੋਕ ਕੇ ਸਿਮਰਨ ਕਰਦੇ।

ਸਿੱਖ ਦਾ ਜੀਵਨ

ਇੱਕ ਦਿਨ ਸ਼ਾਮ ਦੇ ਵਕਤ ਸੰਤ ਜੀ ਮਹਾਰਾਜ ਨੇ ਸਾਰੇ ਪ੍ਰੇਮੀਆਂ ਨੂੰ ਆਪਣੇ ਪਾਸ ਬੁਲਾ ਕੇ ਗੁਰਸਿੱਖੀ ਦੇ ਅਸੂਲ ਦੱਸੇ ਕਿ ਗੁਰੂ ਕਾ ਸਿੱਖ ਕੌਣ ਹੈ? ਸਿੱਖੀ ਦੀ ਦਾਤ ਸਭ ਤੋਂ ਉੱਚੀ ਤੇ ਅਮੋਲਕ ਹੈ। ਗੁਰਸਿੱਖ ਦਾ ਜੀਵਨ ਕੇਹੋ ਜਿਹਾ ਹੋਣਾ ਚਾਹੀਦਾ ਹੈ, ਕਲਗੀਆਂ ਵਾਲੇ ਪਾਤਸ਼ਾਹ ਨੇ ਸਿੱਖੀ ਨੂੰ ਖੰਡੇ ਦੀ ਧਾਰ ਨਾਲ ਪਰਖਿਆ, ਜਿਸ ਵਿੱਚ ਸਭ ਤੋਂ ਪਹਿਲੇ ਪਿਆਰੇ ਸਾਡੇ ਬਜ਼ੁਰਗ਼ ਬਾਬਾ ਦਇਆ ਸਿੰਘ ਜੀ ਨੂੰ ਮਾਣ ਪ੍ਰਾਪਤ ਹੋਇਆ। ਫੇਰ ਹੋਰ ਚਾਰ ਸੱਜਣਾਂ ਨੇ ਵਾਰੀ ਵਾਰੀ ਆਪਣੇ ਸੀਸ ਭੇਟ ਕੀਤੇ ਤਾਂ ਸਰਬੰਸ ਦਾਨੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਇਸ ਅਮੋਲਕ ਦਾਤ ਨੂੰ ਬਖ਼ਸ਼ਿਆ।

ਜਾਤੀ ਦੇ ਵਿਤਕਰੇ ਬਿਨਾਂ ਗੁਰੂ ਕਾ ਸਿੱਖ ਸਭ ਦਾ ਭਲਾ ਮੰਗਦਾ ਹੈ। ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਨਾ, ਫੇਰ ਗੁਰ ਸ਼ਬਦ ਦਾ ਅਭਿਆਸ ਤੇ ਦਿਨੇ ਗੁਰਬਾਣੀ ਦਾ ਪਾਠ ਇਹ ਸਿੱਖ ਦਾ ਜੀਵਨ ਹੈ। ਸਾਡੇ ਵੱਡਿਆਂ ਬਾਬਾ ਵੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ ਅੰਮ੍ਰਿਤ ਦੀ ਦਾਤ ਬਖ਼ਸ਼ਣ ਸਮੇਂ ਹੀ ਪੰਝੀ ਪੰਝੀ ਜਪੁਜੀ ਸਾਹਿਬ ਦੇ ਪਾਠ ਕਰਨ ਦਾ ਨਿਯਮ ਕਰਵਾਇਆ ਜੋ ਬਾਬਾ ਖੇਮ ਸਿੰਘ ਜੀ ਬੇਦੀ ਰਾਵਲਪਿੰਡੀ ਵਾਲਿਆਂ ਨੇ (ਜੋ ਬਾਬਾ ਸਾਹਬ ਸਿੰਘ ਜੀ ਮਹਾਰਾਜ ਦੇ ਪੜਪੋਤੇ, ਬਾਬਾ ਬਿਸ਼ਨ ਸਿੰਘ ਦੇ ਪੋਤਰੇ ਤੇ ਬਾਬਾ ਅਤਰ ਸਿੰਘ ਜੀ ਦੇ ਪੁੱਤਰ ਸਨ) ਸਾਰੀ ਜ਼ਿੰਦਗ਼ੀ ਇਸ ਪਾਵਨ ਬਚਨਾ ਤੇ ਪਹਿਰਾ ਦਿੱਤਾ। ਜਿਨ੍ਹਾਂ ਦੀ ਸੰਗਤ ਨਾਲ ਅੱਗੇ ਵੀ ਅਨੇਕਾਂ ਪ੍ਰਾਣੀ ਤਰੇ। ਚੌਥੇ ਪਾਤਸ਼ਾਹ ਜੀ ਮਹਾਰਾਜ ਗੁਰਸਿੱਖ ਦੀ ਰਹਿਣੀ ਦਰਸਾਉਂਦੇ ਹਨ।

ਯਥਾ: *ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

(ਗਉੜੀ ਵਾਰ-੧ ਮਃ ੪ - ੩੦੬)

ਸੋ ਸਿੱਖ ਵਾਸਤੇ ਅੰਮ੍ਰਿਤ ਵੇਲੇ ਦਾ ਜਾਗਣਾ ਅਤੀ ਜ਼ਰੂਰੀ ਤੇ ਜੀਵਨ:

ਇੱਕ ਅੰਗ ਜਵਾਨੀ ਮੇਂ ਅਦਮ ਕੇ ਵਾਸਤੇ ਸਾਮਾਨ ਕਰ ਗਾਫ਼ਲ,

ਮਸਾਫਰ ਸ਼ਬ ਕੋ ਉਠਤੇ ਹੈਂ ਜੋ ਜਾਣਾ ਦੂਰ ਹੋਤਾ ਹੈ।

ਸ਼ਬ ਬਿਦਾਰੀ ਨਿਆਮਤ ਅਸਤ। ਰਹਿਮਤੇ ਅਲਾਹੀ ਹਜ਼ਾਰ ਬਾਦਸ਼ਾਹੀ।

ਬੁਲ੍ਹੇ ਸ਼ਾਹ ਫ਼ਕੀਰ ਦਾਰਾ ਸ਼ਿਕੋਹ ਦੀ ਚਿੱਠੀ ਦਾ ਉੱਤਰ ਦੇਂਦੇ ਹੋਏ ਲਿਖਦੇ ਹਨ ਕਿ 'ਅੱਲਾਹ ਪਾਕ ਦੀ ਥੋੜ੍ਹੀ ਜਿਹੀ ਯਾਦਗੀਰੀ ਵੀ ਹਜ਼ਾਰਾਂ ਬਾਦਸ਼ਾਹੀਆਂ ਨਾਲੋਂ ਬੇਹਤਰ ਹੈ।'

ਯਥਾ: ਜ਼ਰਾ ਯਾਦਿ ਅਲਾਹੀ। ਹਜ਼ਾਰ ਬਾਦਸ਼ਾਹੀ।

ਸਿੰਘ ਦਾ ਜੀਵਨ

ਸਿੰਘ ਦਾ ਜੀਵਨ ਬੜਾ ਨਿਰਾਲਾ ਤੇ ਸੱਚਾ ਹੈ। ਅੱਜ ਦੇ ਸਿੱਖਾਂ ਵਿੱਚ ਸਿੰਘ ਜੀਵਨ ਨਹੀਂ ਰਿਹਾ। ਜੇਹੜੇ ਸਿੰਘ ਜੀਵਨ ਵਿੱਚ ਜਿਉਂਦੇ ਹਨ, ਉਹ ਅੱਜ ਵੀ ਪੁਰਾਤਨ ਸਿੰਘਾਂ ਵਾਂਗ ਧਰਮ, ਸਮਾਜ ਤੇ ਦੇਸ਼ ਵਿੱਚ ਸਤਿਕਾਰੇ ਜਾ ਰਹੇ ਹਨ। ਦਸਮੇਸ਼ ਜੀ ਮਹਾਰਾਜ ਨੇ ਸਿੰਘ ਜੀਵਨ ਬਖ਼ਸ਼ਣ ਤੋਂ ਪਹਿਲਾਂ ਅਕਾਲ ਪੁਰਖ ਨੂੰ ਮਹਾਨ ਬਲੀ ਦਿੱਤੀ। ਸਰਬੰਸ ਵਾਰਨ ਦਾ ਬਚਨ ਕੀਤਾ। ਪਿਤਾ ਦੀ ਕਮਾਈ ਪੁੱਤਰ ਖਾਂਦੇ ਹਨ। ਜੇਕਰ ਪੁੱਤਰ ਹੀ ਪਿਤਾ ਦੀ ਸਿੱਖਿਆ ਨੂੰ ਭੁੱਲ ਜਾਣ ਤਾਂ ਉਹ ਕੰਗਾਲ ਤੇ ਦੁਖੀ ਹੋ ਕੇ ਦਰ ਦਰ ਠੋਕਰਾਂ ਖਾਂਦੇ ਹਨ। ਦੂਜਿਆਂ ਦੇ ਗ਼ੁਲਾਮ ਹੋ ਕੇ ਔਖੇ ਦਿਨ ਕੱਟਣੇ ਹਨ। ਅੱਜ ਤੋਂ ਢਾਈ ਸੌ ਸਾਲ ਪਹਿਲਾਂ ਹਰ ਇੱਕ ਗੁਰੂ ਨਾਨਕ ਨਾਮ ਲੇਵਾ ਸਿੱਖ ਸਿੰਘਾਂ ਵਾਲਾ ਜੀਵਨ ਜਿਉਂਦਾ ਸੀ ਜਿਸ ਕਰ ਕੇ ਉਹ ਦ੍ਰਿੜ੍ਹ ਵਿਸ਼ਵਾਸ਼ੀ ਅਤੇ ਨੇਕੀ ਕਰਨ ਵਾਸਤੇ ਇੱਕ ਦੂਜੇ ਤੋਂ ਕਾਹਲਾ ਰਹਿੰਦਾ। ਇਹ ਵੀ ਸਹੀ ਹੈ ਕਿ ਅਰਬ ਨੇ ਤਾਂ ਇੱਕ ਹਾਤਮਤਾਈ ਨੂੰ ਹੀ ਜਨਮ ਦਿੱਤਾ। ਪਰ ਸਤਿਗੁਰਾਂ ਨੇ ਪੰਜਾਬ ਵਿੱਚ ਹਜ਼ਾਰਾਂ ਹਾਤਮਤਾਈਆਂ ਨੂੰ ਪੈਦਾ ਕੀਤਾ। ਸਿੰਘ ਅੰਮ੍ਰਿਤ ਵੇਲੇ ਜਾਗਦੇ ਕਿਸੇ ਖੂਹ ਸਰ ਜਾਂ ਦਰਿਆ ਵਿੱਚ ਇਸ਼ਨਾਨ ਕਰ ਕੇ ਉਪਰੰਤ ਨਿੱਤਨੇਮ ਦੀ ਬਾਣੀ ਦਾ ਪਾਠ

ਕਰਦੇ। ਜੇ ਕਿਸੇ ਨੂੰ ਬਾਣੀ ਨਾ ਆਉਂਦੀ ਤਾਂ ਉਹ ਇਕਾਂਤ ਵਿੱਚ ਬੈਠ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਲਿਵ ਜੋੜ ਕੇ 'ਸਤਿਨਾਮੁ ਵਾਹਿਗੁਰੂ' ਦਾ ਜਾਪ ਕਰਦੇ। ਪਹੁ ਫੁਟਾਲੇ ਸਮੇਂ ਸਮਾਧੀ ਤੋਂ ਉਥਾਨ ਹੋ ਕੇ ਇੱਕ ਦੂਸਰੇ ਨੂੰ ਫਤਹ ਬੁਲਾਕੇ ਫੇਰ ਆਪਣਾ ਕਾਰ ਵਿਹਾਰ ਕਰਦੇ। ਦਸਾਂ ਨੌਹਾਂ ਦੀ ਹੱਕ ਦੀ ਕਿਰਤ ਕਰ ਕੇ ਵੰਡ ਛਕਦੇ।

ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਲਾਵਣੁ ਕਾਰਿ ਕਰੇਹੀ। (ਭਾ. ਗੁਰਦਾਸ ਜੀ: ਵਾਰ ੧ ਪਉੜੀ ੩)

ਪ੍ਰਾਣੀ ਮਾਤ੍ਰ ਦਾ ਭਲਾ ਮੰਗਦੇ। ਹਰ ਇੱਕ ਸਿੱਖ ਨੂੰ ਸਕੇ ਵੀਰਾਂ ਸਮਾਨ ਜਾਣ ਕੇ ਉਨ੍ਹਾਂ ਦੇ ਮੁੜ੍ਹਕੇ ਦੀ ਥਾਂ ਆਪਣਾ ਖ਼ੂਨ ਡੋਲ੍ਹਦੇ। ਨਿਤਾਣੇ ਦੀ ਪੁਕਾਰ ਸੁਣਦੇ, ਭੁਖੇ ਨੂੰ ਰੋਟੀ ਤੇ ਨੰਗੇ ਨੂੰ ਕਪੜਾ ਦੇਣਾ ਆਪਣਾ ਪਰਮ ਧਰਮ ਸਮਝਦੇ। ਗ਼ਰੀਬ ਦੀ ਰੱਖਿਆ, ਦੇਸ਼ ਸੇਵਾ ਤੇ ਦੁਖੀ ਮਜ਼ਲੂਮਾਂ ਵਾਸਤੇ ਜਾਨ ਵਾਰਨ ਲਈ ਤਿਆਰ ਰਹਿੰਦੇ।

ਭਾਈ ਗੁਰਦਾਸ ਜੀ ਨੇ ਸਿੱਖ ਦੀ ਰਹਿਣੀ ਇਸ ਪ੍ਰਕਾਰ ਵਰਣਨ ਕੀਤੀ ਹੈ:

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੈ ਸਰਿ ਨਾਵੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ।
ਕਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨ ਮੇਲੀ ਕਰਿ ਮੇਲਿ ਮਿਲੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।
ਗੁਰ ਸੇਵਾ ਫਲੁ ਸੁਫਲੁ ਫਲੰਦੇ ॥੨॥ (ਭਾ. ਗੁਰਦਾਸ ਜੀ: ਵਾਰ ੧੨ ਪਉੜੀ ੨)

ਤਥਾ:

ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।
ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ।
ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।
ਗੁਰਮੁਖਿ ਸੋਈ ਸਹਜਿ ਸਮਾਵੈ ॥੪॥ (ਭਾ. ਗੁਰਦਾਸ ਜੀ: ਵਾਰ ੧੨ ਪਉੜੀ ੪)
ਹਉ ਤਿਸ ਦੈ ਚਉਖੰਨੀਐ ਗੁਰ ਪਰਮੇਸਰੁ ਏਕੋ ਜਾਣੈ।
ਹਉ ਤਿਸ ਦੈ ਚਉਖੰਨੀਐ ਦੂਜਾ ਭਾਉ ਨ ਅੰਦਰਿ ਆਣੈ।
ਹਉ ਤਿਸ ਦੈ ਚਉਖੰਨੀਐ ਅਉਗੁਣ ਕੀਤੇ ਗੁਣ ਪਰਵਾਣੈ।
ਹਉ ਤਿਸ ਦੈ ਚਉਖੰਨੀਐ ਮੰਦਾ ਕਿਸੈ ਨ ਆਖਿ ਵਖਾਣੈ।
ਹਉ ਤਿਸ ਦੈ ਚਉਖੰਨੀਐ ਆਪੁ ਠਗਾਏ ਲੋਕਾ ਭਾਣੈ।
ਹਉ ਤਿਸ ਦੈ ਚਉਖੰਨੀਐ ਪਰਉਪਕਾਰ ਕਰੇ ਰੰਗ ਮਾਣੈ।
ਲਉਬਾਲੀ ਦਰਗਾਹ ਵਿਚਿ ਮਾਣੁ ਨਿਮਾਣਾ ਮਾਣੁ ਨਿਮਾਣੈ।
ਗੁਰ ਪੂਰਾ ਗੁਰ ਸਬਦਿ ਸਿਞਾਣੈ ॥੫॥ (ਭਾ. ਗੁਰਦਾਸ ਜੀ: ਵਾਰ ੧੨ ਪਉੜੀ ੫)
ਹਉ ਸਦਕੇ ਤਿਨ੍ਹਾਂ ਗੁਰਸਿਖਾਂ ਸਤਿਗੁਰ ਨੋ ਮਿਲਿ ਆਪੁ ਗਵਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ ਕਰਨ ਉਦਾਸੀ ਅੰਦਰਿ ਮਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ ਗੁਰਮਿਤ ਗੁਰਚਰਣੀ ਚਿਤੁ ਲਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ ਗੁਰ ਸਿਖ ਦੇ ਗੁਰ ਸਿਖ ਮਿਲਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ ਬਾਹਰਿ ਜਾਂਦਾ ਵਰਜਿ ਰਹਾਇਆ।
ਹਉ ਸਦਕੇ ਤਿਨ੍ਹਾਂ ਗੁਰਸਿਖਾਂ ਆਸਾ ਵਿਚਿ ਨਿਰਾਸੁ ਵਲਾਇਆ।
ਸਤਿਗੁਰ ਦਾ ਉਪਦੇਸ ਦਿੜ੍ਹਾਇਆ ॥੬॥ (ਭਾ. ਗੁਰਦਾਸ ਜੀ: ਵਾਰ ੧੨ ਪਉੜੀ ੬)
ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।

ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
ਸਾਧਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ।
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ।
ਆਸਾ ਵਿਚਿ ਨਿਰਾਸੁ ਵਲਾਏ ॥੧੫॥ (ਭਾ. ਗੁਰਦਾਸ ਜੀ: ਵਾਰ ੨੮ ਪਉੜੀ ੧੫)

ਸੰਬੰਧੀਆਂ ਦਾ ਮਿਲਾਪ ਨਾਸਵੰਤ ਹੈ।

ਕਦੇ ਕਦੇ ਆਪਣੀ ਮੌਜ ਵਿੱਚ ਆ ਕੇ ਰਾਤ ਦੇ ਸਮੇਂ ਭਜਨ ਕਰਨ ਵਾਲੇ ਅਭਿਆਸੀ ਸੱਜਣਾਂ ਨੂੰ ਸੰਤ ਜੀ ਮਹਾਰਾਜ ਇਕਾਂਤ ਅਸਥਾਨ ਵਿੱਚ ਪਾਸ ਬੁਲਾ ਕੇ ਉਪਦੇਸ਼ ਕਰਦੇ ਕਿ ਗੁਰਮੁਖੋ! ਹਰ ਇੱਕ ਜਗਿਆਸੂ ਨੇ ਇਹ ਵਿਚਾਰਨਾ ਹੈ ਕਿ ਸਾਡੇ ਜੀਵਨ ਦਾ ਕੀ ਨਿਸ਼ਾਨਾ ਹੈ? ਅਸੀਂ ਸੰਸਾਰ ਤੇ ਕਿਉਂ ਆਏ ਹਾਂ? ਸਾਨੂੰ ਕੀ ਕਰਨਾ ਚਾਹੀਦਾ ਹੈ? ਅਸਲ ਵਿੱਚ ਸਾਡੀ ਮੰਜ਼ਲ ਕੇਹੜੀ ਹੈ? ਇਨ੍ਹਾਂ ਸਾਰੀਆਂ ਗੱਲਾਂ ਦਾ ਉੱਤਰ ਮਹਾਂਪੁਰਸ਼ਾਂ ਦੀ ਸੰਗਤ ਤੋਂ ਮਿਲਦਾ ਹੈ, ਸੋ ਸੁਣੋ!

“ਅਸੀਂ ਸਾਰੇ ਆਪਣੇ ਲਕਸ਼ ਦੀ ਪ੍ਰਾਪਤੀ ਵਾਸਤੇ ਘਰੋਂ ਤੁਰੇ ਹਾਂ। ਸਿਆਣਾ ਪੁਰਸ਼ ਜੋ ਸਫ਼ਰ ਕਰਨ ਵਾਸਤੇ ਘਰੋਂ ਚੱਲਦਾ ਹੈ ਉਹ ਆਪਣੀ ਮੰਜ਼ਲ ਤੇ ਪਹੁੰਚੇ ਬਿਨਾਂ ਰਾਹ ਵਿੱਚ ਕਿਤੇ ਰੁਕਦਾ ਨਹੀਂ। ਇਹ ਜੀਵ ਆਪਣੇ ‘ਪਰਮ ਜੋਤਿ’ ਪ੍ਰਭੂ ਤੋ ਵਿਛੁੜਿਆ ਹੋਣ ਕਰ ਕੇ ਅਪੂਰਨ ਅਤੇ ਦੁਖੀ ਹੈ ਉਸ ਨਾਲ ਇੱਕ ਰੂਪ (ਅਭੇਦ) ਹੋਣ ਤੇ ਸੰਸਾਰ ਰੂਪ ਗੱਡੀ ਵਿੱਚ ਅਸਵਾਰ ਹੋ ਕੇ ਸਫ਼ਰ ਕਰ ਰਿਹਾ ਹੈ। ਇਸ ਦੀ ਮੰਜ਼ਲ ਹੈ ਕੇਵਲ ਪ੍ਰਭੂ ਪ੍ਰਾਪਤੀ।

ਜਦੋਂ ਕੋਈ ਮਨੁੱਖ ਆਪਣੇ ਸਫ਼ਰ ਵਾਸਤੇ ਗੱਡੀ ਵਿੱਚ ਅਸਵਾਰ ਹੁੰਦਾ ਹੈ ਉਸ ਨੂੰ ਰਸਤੇ ਵਿੱਚ ਹਰੇਕ ਸਟੇਸ਼ਨ ਤੇ ਮੁਸਾਫ਼ਰ ਮਿਲਦੇ ਹਨ। ਕਈ ਪਹਿਲਾਂ ਹੀ ਉਸ ਜਗ੍ਹਾ ਬੈਠੇ ਹੁੰਦੇ ਹਨ। ਕਈ ਨਵੇਂ ਬੈਠਦੇ ਹਨ। ਕੋਈ ਆਪਣਾ ਸਫ਼ਰ ਤਹਿ ਕਰ ਕੇ ਸਟੇਸ਼ਨ ਆਉਣ ਪਰ ਉੱਤਰਦਾ ਹੈ। ਇਹ ਇਸ ਦੇ ਰਾਹ ਦੇ ਸਾਥੀ ਹਨ। ਕਿਸੇ ਦਾ ਮਿਲਾਪ ਕੁਛ ਘੜੀਆਂ, ਕਿਸੇ ਦਾ ਕੁੱਝ ਘੰਟੇ ਤੇ ਕਿਸੇ ਦਾ ਕੁੱਝ ਪਹਿਰ ਜਾਂ ਦਿਨਾਂ ਦਾ ਹੁੰਦਾ ਹੈ। ਪਰ ਇਨ੍ਹਾਂ ਨੂੰ ਆਪਣੇ ਸਾਥੀ ਸਮਝ ਕੇ ਇਹ ਜੀਵ ਉਨ੍ਹਾਂ ਦੇ ਨਾਲ ਹੀ ਨਹੀਂ ਉੱਤਰ ਜਾਂਦਾ। ਨਾ ਹੀ ਉਨ੍ਹਾਂ ਦੇ ਗਿਆਂ ਕਦੀ ਹਰਖ ਸੋਗ ਧਾਰਦਾ ਹੈ।

ਜਿਵੇਂ ਕਲਕੱਤੇ ਜਾਣ ਵਾਲਾ ਸੱਜਣ ਹਾਵੜੇ ਸਟੇਸ਼ਨ ਦਾ ਟਿਕਟ ਲੈ ਕੇ ਪੰਜਾਬ ਮੇਲ ਗੱਡੀ ਵਿੱਚ ਬੈਠ ਗਿਆ। ਉਸੇ ਗੱਡੀ ਦੇ ਡੱਬੇ ਵਿੱਚ ਉਸ ਨੂੰ ਸਾਥ ਵਜੋਂ ਕਈ ਹੋਰ ਸੱਜਣ ਆ ਮਿਲੇ ਉਨ੍ਹਾਂ ’ਚੋਂ ਕੋਈ ਕਿਸੇ ਸਟੇਸ਼ਨ ਤੇ ਜਾਣ ਵਾਲਾ ਤੇ ਕੋਈ ਕਿਸੇ ਸ਼ਹਿਰ ਨੂੰ ਜਾਣ ਵਾਲਾ ਹੁੰਦਾ ਹੈ। ਰਸਤੇ ਵਿੱਚ ਕਈ ਦਿਨਾਂ ਦਾ ਸਫ਼ਰ ਤੇ ਨੇੜਤਾ ਕਰ ਕੇ ਆਪਸ ਵਿੱਚ ਮੋਹ ਪਿਆਰ ਪੈਣਾ ਵੀ ਜ਼ਰੂਰੀ ਹੈ। ਹੁਣ ਉਹ ਸਟੇਸ਼ਨ ਆਉਣੇ ਸ਼ੁਰੂ ਹੋ ਗਏ ਜਿੱਥੇ ਜਾ ਕੇ ਉਨ੍ਹਾਂ ਨੇ ਇੱਕ ਇੱਕ, ਦੋ ਦੋ ਕਰ ਕੇ ਉੱਤਰਨਾ ਹੈ। ਪਰ ਕਲਕੱਤੇ ਜਾਣ ਵਾਲਾ ਰਾਹੀ ਉਨ੍ਹਾਂ ਦੇ ਮੋਹ ਵੱਸ ਹੋ ਕੇ ਕਲਕੱਤੇ ਜਾਣ ਦਾ ਨਿਸ਼ਾਨਾ ਛੱਡ ਕੇ ਉਨ੍ਹਾਂ ਨਾਲ ਰਾਹ ਵਿੱਚ ਨਹੀਂ ਉੱਤਰ ਜਾਂਦਾ। ਤੇ ਨਾ ਹੀ ਇਸ ਤਰ੍ਹਾਂ ਆਪਣਾ ਨਿਸ਼ਾਨਾ ਛੱਡ ਕੇ ਰਾਹ ਵਿੱਚ ਮਿਲੇ ਰਾਹੀਆਂ ਦੇ ਮੋਹ ਜਾਲ ਵਿੱਚ ਫਸ ਜਾਣਾ ਕੋਈ ਸਿਆਣਪ ਹੈ। ਇਸੇ ਤਰ੍ਹਾ ਜੀਵ ਰੂਪ ਮੁਸਾਫ਼ਰ ਨੇ ਆਪਣੀ ਮੰਜ਼ਲੇ ਮਕਸੂਦ ਤੇ ਪੁੱਜਣ ਰੂਪ ਸਫ਼ਰ ਕਰਨਾ ਹੈ। ਰਾਹ ਵਿੱਚ ਇਸ ਦੇ ਮੇਲੀ ਹਨ। ਸਬੰਧੀ, ਸੰਸਾਰੀ ਪਦਾਰਥ, ਸੰਸਾਰਕ ਮਾਣ ਪ੍ਰਤਿਸ਼ਟਾ ਦੀ ਲਾਲਸਾ ਆਦਿਕ ਇਨ੍ਹਾਂ ਨਾਲ ਇਸ ਦਾ ਲੰਮਾ ਸਾਥ ਹੈ। ਰਾਤ ਦਿਨ ਦੀ ਨੇੜਤਾ ਤੇ ਵਰਤ ਵਰਤਾਰੇ ਨਾਲ ਮੋਹ ਪਿਆਰ ਪੈ ਜਾਣਾ ਵੀ ਜ਼ਰੂਰੀ ਹੈ। ਪਰ ਜੀਵਨ ਦੇ ਸਫ਼ਰ ਵਿੱਚ ਅਸੀਂ ਇਹ ਭੁੱਲ ਕਰਦੇ ਹਾਂ, ਜੋ ਆਪਣਾ ਪਰਮ ਮਨੋਰਥ ਛੱਡ ਕੇ (ਜਿਸ ਜੋਤੀ ਸਰੂਪ ਤੋਂ ਵਿਛੜੇ ਹੋਏ ਹਾਂ ਓਸ ਦੀ ਭਾਲ ਵਿੱਚ ਤੁਰੇ ਹੋਏ ਉਸ ਪਰਮ ਜੋਤ ਨੂੰ ਭੁੱਲ ਕੇ) ਸੰਸਾਰੀ ਪਦਾਰਥ ਧੀਆਂ, ਪੁੱਤਰਾਂ ਤੇ ਦੁਨਿਆਵੀ ਮਾਨ ਵਡਿਆਈ ਵਿੱਚ ਖੱਚਤ ਹੋ ਜਾਂਦੇ ਹਾਂ ਅਤੇ ਇਨ੍ਹਾਂ ਚੀਜ਼ਾਂ ਨੂੰ ਹੀ ਜੀਵਨ ਮਨੋਰਥ ਸਮਝ ਕੇ ਅਸਲੀ ਨਿਸ਼ਾਨੇ ਤੋਂ ਖੁੰਝ ਜਾਂਦੇ ਹਾਂ। ਜਿੱਥੋਂ ਤੱਕ ਸਾਕਾਂ ਤੇ ਰਿਸ਼ਤੇਦਾਰਾਂ ਦਾ ਸਬੰਧ ਹੈ, ਅਸੀਂ ਇਨ੍ਹਾਂ ਨੂੰ ਸਦੀਵੀ ਤੇ ਅਤੁੱਟ ਸਮਝੀ ਬੈਠੇ ਹਾਂ। ਪਰ ਇਨ੍ਹਾਂ ਨਾਲ ਸਾਡਾ ਸਬੰਧ ਤਾਂ ਡਰਾਮੇ ਦੇ ਐਕਟਰਾਂ ਵਰਗਾ ਹੈ। ਜਿਵੇਂ ਡਰਾਮੇ ਜਾਂ ਫ਼ਿਲਮ ਵਿੱਚ ਕੰਮ ਕਰਨ ਵਾਲਾ ਇੱਕ ਆਦਮੀ ਕਿਸੇ ਦਾ ਪੁੱਤਰ ਬਣਦਾ ਹੈ ਅਤੇ ਦੂਜੇ ਪਾਸੇ ਉਸੇ ਦੇ ਭਰਾ ਜਾਂ ਪਿਤਾ ਦਾ ਪਾਰਟ ਅਦਾ ਕਰਦਾ ਦੇਖੀਂਦਾ ਹੈ। ਇਸੇ ਤਰ੍ਹਾਂ ਸਾਡੇ ਇਨ੍ਹਾਂ ਸੰਬੰਧੀਆਂ ਦਾ ਹਾਲ ਹੈ। ਜੋ ਐਸ ਜਨਮ ਵਿੱਚ ਸਾਡੇ ਪਿਤਾ, ਭਰਾ ਜਾਂ ਹੋਰ ਰਿਸ਼ਤੇਦਾਰ ਹਨ; ਇਹੋ ਹੀ ਕਈ ਜਨਮਾਂ ਵਿੱਚ ਸਾਡੇ ਪੁੱਤਰ, ਪੋਤਰੇ ਤੇ ਭਤੀਜੇ ਬਣ ਚੁੱਕੇ ਹਨ। ਜੋ ਅੱਜ ਸਾਡਾ ਪਿਤਾ ਹੈ, ਹੋ ਸਕਦਾ ਹੈ ਉਹ ਪਿਛਲੇ ਤੇ ਆਉਣ ਵਾਲੇ ਜਨਮ ਵਿੱਚ ਸਾਡਾ ਪੁੱਤਰ ਬਣ ਜਾਵੇ। ਵਾਸਤਵ ਵਿੱਚ ਸਾਡਾ ਕਿਸੇ ਨਾਲ ਕੋਈ ਸਦੀਵੀ ਮੇਲ ਨਹੀਂ। ਇਹ ਤਾਂ ਅਸੀਂ ਇੱਕ ਸਫ਼ਰ ਵਿੱਚ ਇਕੱਠੇ ਹੋਏ ਮੁਸਾਫ਼ਰ ਹਾਂ। ਅਸਲ ਵਿੱਚ ਸਾਡਾ ਮੰਤਵ ਹੈ, ਨਿਸ਼ਾਨੇ ਤੇ ਪੁੱਜਣ ਲਈ ਇੱਕ ਦੂਜੇ ਦਾ ਸਹਿਯੋਗ ਦੇਣਾ। ਪਰ ਜਦੋਂ ਜੀਵ ਅਸਲੀ ਨਿਸ਼ਾਨੇ ਤੋਂ ਚੁੱਕ ਕੇ

ਅਤੇ ਆਪਣਾ ਸਿੱਧਾ ਰਾਹ ਛੱਡ ਕੇ ਕੁਰਾਹੇ ਪੈ ਜਾਂਦਾ ਹੈ, ਫੇਰ ਉਸ ਨੂੰ ਰਸਤੇ ਵਿੱਚ ਚੋਰ ਡਾਕੂ ਤੇ ਠੱਗ ਲੋਕ ਲੁੱਟ ਲੈਂਦੇ ਹਨ ਅਤੇ ਹੋਰ ਭੁੱਲ ਭੁਲਾਈਆਂ ਵਿੱਚ ਪਾ ਦੇਂਦੇ ਹਨ। ਇਸੇ ਤਰ੍ਹਾਂ ਇਸ ਕੁਰਾਹੇ ਪਏ ਜੀਵ ਨੂੰ ਮਾਇਆ ਆਪਣਾ ਪ੍ਰਭਾਵ ਪਾਉਣਾ ਅਰੰਭ ਦਿੰਦੀ ਹੈ। ਮਾਇਆ ਦੀਆਂ ਬੇਅੰਤ ਸ਼ਕਤੀਆਂ ਹਨ। ਕਈ ਰੂਪਾਂ ਦੁਆਰਾ ਜੀਵ ਨੂੰ ਭੁਲਾਉਣ ਦੀ ਕੋਸ਼ਿਸ਼ ਕਰਦੀ ਹੈ।

ਯਥਾ: *ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥*

(ਗਉੜੀ ਗੁਆਰੇਰੀ ਮਃ ੫ - ੧੮੨)

ਸਤਿਗੁਰਾਂ ਪਾਸ ਵੀ ਸਿੱਖਾਂ ਨੇ ਬੇਨਤੀ ਕੀਤੀ ਸੀ, "ਗ਼ਰੀਬ ਨਿਵਾਜ਼! ਮਾਇਆ ਆਖਦੇ ਕਿਸ ਨੂੰ ਹਨ ਅਤੇ ਇਹ ਆਪਣੇ ਪ੍ਰਭਾਵ ਦੁਆਰਾ ਜੀਵ ਤੇ ਕਿਵੇ ਅਸਰ ਪਾਉਂਦੀ ਹੈ?

ਯਥਾ: *ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥*

ਹਜ਼ੂਰ ਨੇ ਉੱਤਰ ਬਖ਼ਸ਼ਿਆ:

ਦੁਖਿ ਸੁਖਿ ਇਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ (ਸਿਰੀਰਾਗੁ ਮਃ ੩ - ੬੭)

ਮਾਇਆ ਦਾ ਸਰੂਪ ਇਹੋ ਹੈ ਜੋ ਸਾਰੇ ਜੀਵਾਂ ਨੂੰ ਦੁੱਖ ਤੇ ਸੁੱਖ ਵਿੱਚ ਬੰਨ੍ਹ ਰੱਖਿਆ ਹੈ (ਇਸ ਦੇ ਪ੍ਰਭਾਵ ਨਾਲ):

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥ (ਰਾਮਕਲੀ ਮਃ ੧ - ੮੭੬)

ਮਾਇਆ ਦੇ ਅਸਰ ਨਾਲ ਜੀਵ ਹਰਖ ਸ਼ੋਕ ਨੂੰ ਧਾਰਨ ਕਰ ਕੇ ਦੁਖੀ ਸੁਖੀ ਹੋ ਰਿਹਾ ਹੈ:

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥ ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥

(ਆਸਾ ਭਗਤ ਰਵਿਦਾਸ ਜੀ - ੪੮੭)

ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥੧॥

(ਭੈਰਉ ਭਗਤ ਕਬੀਰ ਜੀ - ੧੧੬੦)

ਮਾਇਆ ਹੰਗਤਾ ਮਮਤਾ ਰੂਪ ਕੰਮਾਂ ਨੂੰ ਕਮਾਉਂਦੀ ਹੈ। ਭਾਵ ਇਸ ਦੇ ਅਧੀਨ ਹੋ ਕੇ ਜੀਵ ਹੰਗਤਾ ਮਮਤਾ ਵਿੱਚ ਲੱਗੇ ਹਨ। ਜੀਵਾਂ ਨੂੰ ਆਪਣੇ ਅਸਰ ਹੇਠਾਂ ਰੱਖਣ ਲਈ ਮਾਇਆ ਆਪਣਾ ਵੱਧ ਤੋਂ ਵੱਧ ਤਾਣ ਲਾਉਂਦੀ ਹੈ। ਏਥੋਂ ਤੱਕ ਕਿ ਸੱਤਯ ਤੇ ਪ੍ਰਭੂ ਪ੍ਰਾਪਤੀ ਦੇ ਅਭਿਲਾਖੀਆਂ ਨੂੰ; ਜਦੋਂ ਉਹ ਯੋਗ ਸਾਧਨਾਂ ਰਾਹੀਂ ਸਰੀਰ ਤੇ ਕਸ਼ਟ ਝੱਲ ਕੇ ਮੰਜ਼ਲਾਂ ਮਾਰਦੇ ਹੋਏ ਆਤਮਕ ਮੰਜ਼ਲ ਦੇ ਨੇੜੇ ਪੁੱਜਦੇ ਹਨ, ਉੱਥੇ ਜਾ ਕੇ ਓਨ੍ਹਾਂ ਦੇ ਰਾਹ ਵਿੱਚ ਇੱਕ ਹੋਰ ਪੜਾਅ ਆਉਂਦਾ ਹੈ; ਰਿੱਧੀਆਂ ਸਿੱਧੀਆਂ ਮਾਣ ਪ੍ਰਤਿਸ਼ਟਾ ਇਹ ਹੈ ਮਾਇਆ ਦਾ ਰੋਕ ਫਾਟਕ, ਜਿੱਥੇ ਕਿ ਮੰਜ਼ਲੇ ਮਕਸੂਦ ਦੇ ਚਾਹਵਾਨ ਹਰੇਕ ਪਾਂਧੀ ਨੂੰ ਰੋਕਿਆ ਜਾਂਦਾ ਹੈ। ਉਹ ਅੱਗੇ ਵਧਣ ਦਾ ਖ਼ਿਆਲ ਛੱਡ ਕੇ ਇਨ੍ਹਾਂ ਰਿੱਧੀਆਂ ਸਿੱਧੀਆਂ ਵਿੱਚ ਹੀ ਪਰਚ ਜਾਂਦਾ ਹੈ। ਕੋਈ ਵਡਭਾਗੀ ਅਗੰਮੜਾ ਮਰਦ ਹੁੰਦਾ ਹੈ ਜੋ ਇਨ੍ਹਾਂ ਲਾਲਚਾਂ ਨੂੰ ਠੁਕਰਾ ਕੇ ਅੱਗੇ ਲੰਘਦਾ ਹੋਇਆ ਆਪਣੇ ਨਿਸ਼ਾਨੇ ਤੇ ਕਾਇਮ ਰਹਿੰਦਾ ਹੈ। ਸੋ ਇਨ੍ਹਾਂ ਤੋਂ ਬਚਣ ਵਾਸਤੇ ਸਭ ਤੋਂ ਵੱਡਾ ਸ਼ਸਤ੍ਰ ਹੈ ਪ੍ਰਭੂ ਭਗਤੀ, ਅੰਮ੍ਰਿਤ ਵੇਲੇ ਜਾਗਣਾ, ਗੁਰਬਾਣੀ ਤੇ ਮਹਾਂਪੁਰਸ਼ਾਂ ਦੇ ਬਚਨਾਂ ਤੇ ਪੂਰਨ ਸ਼ਰਧਾ, ਸਾਧ ਸੰਗਤ ਰੂਪ ਕਿਲ੍ਹੇ ਦੀ ਓਟ 'ਚ ਰਿਹਾਇਸ਼।

ਇਤਿਆਦਿਕ ਹੋਰ ਵੀ ਅਮੋਲਕ ਬਚਨ ਸੁਣਾਉਂਦੇ। ਜਿਨ੍ਹਾਂ ਨੂੰ ਸੁਣ ਕੇ ਪ੍ਰਮਾਰਥ ਦੇ ਚਾਹਵੰਦ ਆਪਣੇ ਮਨ ਤੇ ਕਾਬੂ ਪਾ ਕੇ ਰਿੱਧੀਆਂ ਸਿੱਧੀਆਂ ਤੇ ਮਾਨ ਪ੍ਰਤਿਸ਼ਟਾ ਦੇ ਰੋਕ ਫਾਟਕ ਤੋੜ ਕੇ ਅੱਗੇ ਨਿਸ਼ਾਨੇ ਤੇ ਪੁੱਜ ਸਕਣ।

ਭਜਨ ਤੋਂ ਬਿਨਾਂ ਭੇਖੀ ਸਾਧੂ।

ਸੱਤ ਦਾ ਅਭਿਲਾਖੀ, ਸੱਤ ਮਾਰਗ ਦਾ ਰਾਹੀ, ਜਦੋਂ ਆਤਮਕ ਮੰਜ਼ਲਾਂ ਮਾਰਦਾ ਜਾਂ ਤਹਿ ਕਰਦਾ ਨਿਧਿਆਸਣ ਅਵਸਥਾ ਵਿੱਚੋਂ ਨਿੱਕਲ ਕੇ ਇਸ ਟਿਕਾਣੇ ਤੇ (ਮਾਇਆ ਦਾ ਰੋਕ ਫਾਟਕ) ਪੁੱਜਦਾ ਹੈ ਤਾਂ ਉਸ ਨੂੰ ਏਥੇ ਹੀ ਰੋਕ ਲਿਆ ਜਾਂਦਾ ਹੈ ਅਤੇ ਉਹ ਵੀ ਅੱਗੇ ਜਾਣ ਦੇ ਖ਼ਿਆਲ ਨੂੰ ਛੱਡ ਕੇ ਮਾਇਆ ਦੀ ਇਸ ਪ੍ਰਚਾਰ ਏਜੰਸੀ ਵਿੱਚ ਸ਼ਾਮਲ ਹੋ ਜਾਂਦਾ ਹੈ। ਫੇਰ ਮਾਇਆ ਵਲੋਂ ਉਸ ਨੂੰ ਮੇਹਰਾਂ ਤੇ ਬਖਸ਼ਿਸ਼ਾਂ ਦੇ ਭੰਡਾਰੇ ਵਿਖਾ ਕੇ ਹੋਰ ਵੀ ਹਰ ਪ੍ਰਕਾਰ ਦੇ ਲਾਲਚ ਦਿੱਤੇ ਜਾਂਦੇ ਹਨ। ਜੈਸਾ ਧਨ ਦੌਲਤ, ਐਸ਼ੋ ਇਸ਼ਰਤ, ਧੀਆਂ ਪੁੱਤਰ, ਸੁੱਖ ਅਰਾਮ, ਰਿੱਧੀਆਂ ਸਿੱਧੀਆਂ, ਧਾਗੇ ਤਵੀਤ, ਜਾਦੂ ਟੂਣੇ ਕਰ ਕੇ ਜਿੰਨ ਭੂਤ ਵਸ ਕਰਨ ਦਾ ਵਿਸ਼ਵਾਸ ਦੁਆਇਆ ਜਾਂਦਾ ਹੈ। ਕੇਵਲ ਇਕੋ ਸ਼ਰਤ ਤੇ ਕਿ ਉਹ ਅੱਗੇ ਜਾਣ ਦਾ ਵਿਚਾਰ ਛੱਡ ਕੇ ਮਾਇਆ ਦੀ ਪ੍ਰਚਾਰ ਏਜੰਸੀ ਵਿੱਚ ਸ਼ਾਮਲ ਹੋ ਜਾਵੇ।

ਏਥੇ ਆ ਕੇ ਜਗਿਆਸੂ ਨੂੰ ਬੜੀ ਮੁਸ਼ਕਲ ਆ ਬਣਦੀ ਹੈ, ਬੜੀ ਕਠਨ ਪ੍ਰੀਖਿਆ ਦਾ ਪਰਚਾ ਪੈਂਦਾ ਹੈ। ਇਹੋ

ਹੀ ਬੜਾ ਸਖ਼ਤ ਇਮਤਿਹਾਨ ਹੈ, ਜਿਸ ਵਿੱਚੋਂ ਕੋਈ ਵਿਰਲਾ ਹੀ ਮਹਾਂਪੁਰਖ ਪਾਸ ਹੁੰਦਾ ਹੈ ਜੇਹੜਾ ਕਿ ਇਨ੍ਹਾਂ ਸਭ ਲਾਲਚਾਂ ਨੂੰ ਠੁਕਰਾ ਕੇ ਆਪਣੇ ਨਿਸ਼ਾਨੇ ਵੱਲ ਵਧਦਾ ਚਲਾ ਜਾਂਦਾ ਹੈ। ਨਹੀਂ ਤਾਂ ਆਮ ਤੌਰ ਤੇ ਕਈ ਭੇਖੀ ਤੇ ਦੱਭੀ ਸਾਧੂ ਆਪਣੇ ਆਪ ਨੂੰ ਜੋਗੀ ਜੰਗਮ, ਫ਼ਕੀਰ ਤੇ ਪੂਰਨ ਮਹਾਤਮਾ ਅਖਵਾਉਣ ਵਾਲੇ ਸਾਰੇ ਹੀ ਮਾਇਆ ਦੇ ਜਾਲ ਵਿੱਚ ਫਸ ਜਾਂਦੇ ਹਨ। ਫੇਰ ਓਹ ਭਜਨ ਸਿਮਰਨ ਛੱਡ ਕੇ ਪੂਜਾ ਪ੍ਰਤਿਸ਼ਟਾ ਵਾਸਤੇ ਸੰਸਾਰੀ ਜੀਵਾਂ ਨੂੰ ਉਸ ਸਰਬ ਵਿਆਪੀ ਪ੍ਰਮੇਸ਼ਰ ਤੋਂ ਇੱਕਲਵਾਂਝੇ ਰਖ ਕੇ ਮਾਇਆ ਜਾਲ ਦੇ ਹੀ ਘੁੰਮਣ ਘੇਰ ਵਿੱਚ ਫਸਾਈ ਰੱਖਦੇ ਹਨ। ਉਹ ਪ੍ਰਭੂ ਭਗਤੀ ਤਿਆਗ ਕੇ ਰੱਖਾਂ, ਤਵੀਤਾਂ, ਮੰਤ੍ਰਾਂ, ਜੰਤ੍ਰਾਂ, ਧਾਗੇ, ਜਾਦੂ, ਟੂਣੇ, ਫੂਕਾਂ, ਮੁਠਾਂ, ਝਾੜੇ, ਸਰੋਂ, ਜਵੈਣ ਮੰਤ੍ਰਾਂ ਦੇ ਵਰ ਸਰਾਪ ਦਾ ਭੈ ਦਿਖਾ ਮਾਇਆ ਬਟੋਰਨ ਵਾਸਤੇ ਸੰਸਾਰੀ ਜੀਵਾਂ ਨੂੰ ਆਪਣੇ ਪਿੱਛੇ ਲਾਉਂਦੇ ਹਨ। ਉਹ ਭੋਲੇ ਭਾਲੇ ਲੋਕ ਇਨ੍ਹਾਂ ਦੇ ਜਾਲ ਵਿੱਚ ਫਸ ਕੇ ਜਾਗਦੀ ਜੋਤ ਨੂੰ ਛੱਡ ਕੇ ਕਬਰਾਂ, ਮੜ੍ਹੀਆਂ ਤੇ ਚੌਰਾਹਿਆਂ ਵਿੱਚ ਦੀਵੇ ਜਗਾ ਕੇ, ਉਤਾਰੇ ਲਾਹ ਕੇ ਉਜਾੜਾਂ ਤੇ ਮਸਾਣਾਂ ਦੀ ਖਾਕ ਛਾਣਦੇ ਫਿਰਦੇ ਹਨ ਅਤੇ ਇਨ੍ਹਾਂ ਖੁਦਗਰਜ਼ ਲੋਕਾਂ ਪਿੱਛੇ ਲੱਗ ਕੇ ਮੁਕਤੀ ਤੋਂ ਦੂਰ ਚਲੇ ਜਾਂਦੇ ਹਨ। ਵੱਡੇ-ਵੱਡੇ ਪੜ੍ਹੇ ਲਿਖਿਆਂ ਦੀ ਵੀ ਇਹ ਹਾਲਤ ਹੈ। ਲੋਭ ਪ੍ਰਥਾਇ ਕਿਸੇ ਕਵੀ ਦਾ ਕਥਨ ਹੈ:

ਕਬਿੱਤ: ਬਾਰਹ ਬਰਸ ਹਮ ਕਾਸੀ ਬਾਸੀ ਹੋਇ ਕਰ, ਦਧੀ ਜਿਉਂ ਬਿਲੋਏ ਬੇਦ ਕਸਰ ਨ ਰਾਈ ਹੈ।
ਪੂਰਬ ਮੀਮਾਂਸਾ ਪੁਨ ਉੱਤਰ ਮੀਮਾਂਸਾ ਪੜ੍ਹਿਓ, ਐਸੀ ਕੌਣ ਬਾਤ ਹੈ ਜੋ ਹਮ ਕੋ ਨ ਆਈ ਹੈ।
ਨਿਆਇ ਮੇ ਨ ਬੋਲਣੇ ਦੇਊਂ ਬ੍ਰਹਮਾ ਕਿਉਂ ਨ ਹੋਵੇ ਭਾਵੇਂ, ਸਾਂਖ ਔ ਪਤੰਜਲ ਕੀ ਧੂੜ ਸੀ ਉਡਾਈ ਹੈ।
ਕਹੇ ਤੋਂ ਮੁਕੰਦ ਏਕ ਲੋਭ ਖ਼ੂਬ ਬਲੀ ਦੇਖਿਓ, ਧਨੀ ਅਗੇ ਕੂਕਰ ਜੈਸੀ ਪੂੰਛਰੀ ਹਿਲਾਈ ਹੈ।

ਤਥਾ: *ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥*
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ (ਸਿਰੀਰਾਗੁ ਮਃ ੫ - ੫੦)

ਅਤੇ ਪੰਡਤ ਗੁਲਾਬ ਸਿੰਘ ਜੀ ਵੀ ਇਉਂ ਫੁਰਮਾਉਂਦੇ ਹਨ:

ਚੌਪਈ: ਕਾਮ ਕ੍ਰੋਧ ਆਦਿਕ ਹੈ ਜੇਤੇ। ਮੋਖ ਪੰਥ ਕੇ ਵੈਰੀ ਤੇਤੇ। ਸਤ੍ਰ ਸੂਦਨ ਤਾਹਿ ਨਿਵਾਰੋ। ਮੇਰੇ ਬਚਨ ਭਲੇ ਉਰਧਾਰੇ।
ਕ੍ਰੋਧ ਸੰਗ ਜੰਗ ਜੋ ਨਰ ਕਰੇ। ਸੁਹਿਰਦ ਭ੍ਰਾਤ ਤਾਤ ਸੰ ਹਰੇ। (ਅਧਿਆਤਮਕ ਰਮਾਇਣ)

ਇਹ ਜੋ ਬਖ਼ਸ਼ਸ਼ਾਂ ਤੇ ਦਾਤਾਂ ਹਨ ਸਦੀਵੀ ਤੇ ਥਿਰ ਪ੍ਰਭਾਵ ਵਾਲੀਆਂ ਨਹੀਂ ਹੁੰਦੀਆਂ। ਜੇ ਕਿਸੇ ਨੂੰ ਅੱਜ ਲੱਖਾਂਪਤੀ ਦੇਖੀਦਾ ਹੈ ਤਾਂ ਓਹੋ ਹੀ ਕਲ ਖਾਕਸ਼ਾਹ ਹੁੰਦਾ ਜਾਣਿਆਂ ਜਾਂਦਾ ਹੈ। ਕਿਉਂਕਿ ਪ੍ਰਮੇਸ਼ਰ ਪਿਤਾ ਪਾਸੋਂ ਮਿਲੀਆਂ ਦਾਤਾਂ ਹੀ ਅਤੁੱਟ ਤੇ ਅਮੁੱਕ ਹਨ। ਮਾਇਆ ਦੀ ਰਚਨਾ ਨਾਸਵੰਤ ਹੈ। ਇਸ ਦੀਆਂ ਬਖ਼ਸ਼ਸ਼ਾਂ ਵੀ ਝੂਠੀਆਂ ਤੇ ਨਾਸਵੰਤ ਹਨ। ਪ੍ਰਮੇਸ਼ਰ ਆਪ ਬੇਅੰਤ ਤੇ ਸਭ ਤੋਂ ਵੱਡਾ ਸਮਰੱਥ ਹੈ। ਉਹ ਇੱਕ ਛਿਨ ਵਿੱਚ ਬਾਦਸ਼ਾਹਾਂ ਨੂੰ ਕੰਗਾਲ ਤੇ ਭਿਖਾਰੀਆਂ ਨੂੰ ਰਾਜੇ ਬਣਾ ਦਿੰਦਾ ਹੈ।

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੈ ॥ (ਬਿਹਾਗੜਾ ਮਃ ੯ - ੫੩੭)

ਅਸੀਂ ਵੀ ਜੋ ਕੁੱਝ ਮੰਗਣਾ ਹੈ, ਉਸ ਪ੍ਰਮੇਸ਼ਰ ਪਾਸੋਂ ਹੀ ਮੰਗਣਾ ਹੈ। ਓਹੋ ਹੀ ਸਭ ਤੋਂ ਵੱਡਾ ਦਾਤਾ ਹੈ। ਦੁਨਿਆਵੀ ਪਦਾਰਥ, ਸੁਰਗ ਦਾ ਸੁੱਖ, ਰਿੱਧੀਆਂ, ਸਿੱਧੀਆਂ ਤੇ ਮਾਨ ਪ੍ਰਤਿਸ਼ਟਾ; ਸਾਰੇ ਪਦਾਰਥ ਉਸ ਦੇ ਅਧੀਨ ਹਨ। ਪਰ ਅਸੀਂ ਦਾਤਾਰ ਪਾਤਿਸ਼ਾਹ ਪਾਸੋਂ ਕੇਵਲ ਨਾਮ ਦੀ ਦਾਤ ਮੰਗਣੀ ਹੈ। ਜਿਸ ਦੇ ਆਸਰੇ ਇਹ ਪਿੱਛੇ ਦੱਸੇ ਸਾਰੇ ਪਦਾਰਥ ਆਪਣੇ ਆਪ ਹੀ ਪ੍ਰਾਪਤ ਹੋ ਜਾਂਦੇ ਹਨ। ਜਿਵੇਂ ਸੂਰਜ ਵੱਲ ਮੂੰਹ ਕੀਤਿਆਂ ਛਾਂ ਆਪੇ ਹੀ ਪਿੱਛੇ ਤੁਰੀ ਆਉਂਦੀ ਹੈ। ਜੇਕਰ ਕੋਈ ਮਨੁੱਖ ਸੂਰਜ ਵੱਲ ਪਿੱਠ ਕਰ ਕੇ ਆਪਣੀ ਛਾਂ ਨੂੰ ਫੜਨ ਦੀ ਕੋਸ਼ਿਸ਼ ਕਰੇ, ਫੇਰ ਉਹ ਹੱਥ ਨਹੀਂ ਆਉਂਦੀ। ਇਸੇ ਤਰ੍ਹਾਂ ਪ੍ਰਮੇਸ਼ਰ ਦੇ ਨਾਮ ਨਾਲ ਸਾਰੀਆਂ ਮੰਗਾਂ ਵੀ ਪੂਰੀਆਂ ਹੋ ਜਾਂਦੀਆਂ ਹਨ ਤੇ ਮਨ ਦੀ ਸ਼ਾਂਤੀ ਵੀ ਮਿਲਦੀ ਹੈ। ਹੋਰ ਸਾਧਨਾ ਨਾਲੋਂ ਪ੍ਰਮੇਸ਼ਰ ਦੀ ਭਗਤੀ ਸ਼ਰੋਮਣੀ ਹੈ ਕਿਉਂਕਿ ਹੋਰ ਸਾਧਨ ਕਰਨ ਵਾਲੇ ਨੂੰ ਹਉਮੈ ਉਪਜਦੀ ਹੈ, ਜੋ ਸਾਰੇ ਉਪਦਰਾਂ ਤੇ ਦੁਖਾਂ ਦਾ ਮੂਲ ਹੈ ਅਤੇ ਹੰਗਤਾ ਮਮਤਾ ਲਗਣ ਨਾਲ ਮਾਇਆ ਆਪਣਾ ਬਲ ਪਾ ਲੈਂਦੀ ਹੈ। ਮਾਇਆ ਤੋਂ ਬਚਣ ਵਾਸਤੇ ਇੱਕੋ ਇੱਕ ਪ੍ਰਮੇਸ਼ਰ ਦੀ ਭਗਤੀ ਹੀ ਸਾਰ ਹੈ। ਜਿਵੇਂ ਇਸਤ੍ਰੀ ਨੂੰ ਇਸਤ੍ਰੀ ਨਹੀਂ ਮੋਹ ਸਕਦੀ, ਇਸੇ ਤਰ੍ਹਾਂ ਈਸ਼ਵਰ ਭਗਤੀ ਦੇ ਉੱਪਰ ਮਾਇਆ ਦਾ ਬਲ ਨਹੀਂ ਪੈਂਦਾ। ਸੋ ਤੁਸੀਂ ਸਾਰੇ ਹੀ ਅੰਮ੍ਰਿਤ ਵੇਲੇ ਜਾਗ ਕੇ ਪ੍ਰਭੂ ਭਗਤੀ ਕਰਿਆ ਕਰੋ। ਫੇਰ ਤੁਹਾਡੇ ਉੱਪਰ ਮਾਇਆ ਦਾ ਬਲ ਨਹੀਂ ਪਵੇਗਾ। ਇਸ ਪ੍ਰਕਾਰ ਦੇ ਉੱਤਮ ਉਪਦੇਸ਼ ਨੂੰ ਸੁਣ ਕੇ ਬਹੁਤ ਸਾਰੇ ਪ੍ਰਮਾਰਥ ਦੇ ਚਾਹਵਾਨ ਆਪਣੇ ਮਨ ਨੂੰ ਮਜ਼ਬੂਤ ਕਰ ਕੇ ਅੱਠ ਪਹਿਰ ਵਾਹਿਗੁਰੂ ਸਿਮਰਨ ਦੁਆਰਾ ਜੜ੍ਹ ਚੇਤਨ ਮਾਇਆ ਦੀ ਠੇਸ ਤੋਂ ਬਚਣ ਦਾ ਯਤਨ ਕਰਨ ਲੱਗੇ।

ਅੰਤ੍ਰੀਵ ਤਿੰਨ ਸਾਲਾ ਬਾਦਸ਼ਾਹੀ

ਇੱਕ ਦਿਨ ਸ਼ਾਮ ਦੇ ਵਕਤ ਆਪਣੀ ਮੌਜ ਵਿੱਚ ਆਏ ਦਾਤੇ ਨੇ ਫੇਰ ਮੇਹਰਾਂ ਦੇ ਬੂਹੇ ਖੋਲ੍ਹ ਦਿਤੇ ਅਤੇ ਆਖਿਆ ਕਿ ਸਾਰੇ ਮਨੁੱਖ ਪ੍ਰਮੇਸ਼ਰ ਦੇ ਪੁੱਤਰ ਹਨ ਭਾਵ ਆਤਮਿਕ ਸ਼ਹਿਜ਼ਾਦੇ ਹਨ ਪਰ ਆਪਣੀ ਬਾਦਸ਼ਾਹੀ ਨੂੰ ਭੁਲਾ ਕੇ ਦੁਖੀ ਹੋ ਰਹੇ ਹਨ। ਪ੍ਰਮੇਸ਼ਰ ਪਿਤਾ ਦੀ ਆਗਯਾ ਨਹੀਂ ਮੰਨਦੇ ਜਿਸ ਕਰ ਕੇ ਸਜ਼ਾ ਦੇ ਭਾਗੀ ਹਨ।

ਭੀਖਾ ਭੂਖਾ ਕੋ ਨਹੀਂ ਸਭ ਕੀ ਗਠੜੀ ਲਾਲ। ਗਠੜੀ ਖੋਲ ਨ ਜਾਨਈਂ ਜਾਂਤੇ ਭਏ ਕੰਗਾਲ।

ਜਿਵੇਂ ਕਿਸੇ ਦੇਸ਼ ਦੇ ਬਾਦਸ਼ਾਹ ਨੇ ਆਪਣੀ ਪਰਜਾ ਵਿੱਚੋਂ ਇੱਕ ਸਿਆਣਾ ਆਦਮੀ ਚੁਣ ਕੇ ਉਸ ਨੂੰ ਤਿੰਨ ਸਾਲਾਂ ਵਾਸਤੇ ਬਾਦਸ਼ਾਹੀ ਦਿੱਤੀ ਅਤੇ ਆਖਿਆ, "ਤੂੰ ਆਪਣੀ ਮਰਜ਼ੀ ਅਨੁਸਾਰ ਇਸ ਰਾਜ ਨੂੰ ਵਧਾ ਚਾਹੇ ਘਟਾ ਪਰ ਪਰਜਾ ਨੂੰ ਸੁੱਖ ਦੇਹ। ਆਪ ਬਾਦਸ਼ਾਹ ਇਕਾਂਤ ਅਸਥਾਨ ਵਿੱਚ ਰਹਿਣ ਲੱਗ ਪਿਆ।"

ਤਿੰਨ ਸਾਲ ਪੂਰੇ ਹੋਏ ਤੋਂ ਬਾਦਸ਼ਾਹ ਨੇ ਆ ਕੇ ਦੇਖਿਆ ਉਸ ਨੇ ਅਜੇ ਤੱਕ ਕੁੱਝ ਵੀ ਨਹੀਂ ਸੀ ਕੀਤਾ ਬਲਕਿ ਰਾਜ ਦੇ ਕਰਮਚਾਰੀ ਵਿਗਾੜ ਦਿਤੇ। ਆਪ ਵੀ ਸ਼ਰਾਬਾਂ ਕਬਾਬਾਂ ਵਿੱਚ ਹੀ ਮਸਤ ਰਿਹਾ ਤੇ ਇਹ ਸਜ਼ਾ ਉਸ ਨੂੰ ਮਿਲੀ। ਰਾਜ ਗੱਦੀ ਤੋਂ ਹਟਾ ਕੇ ਕਿਸੇ ਘੋਰ ਜੰਗਲ ਵਿੱਚ ਛੱਡਿਆ ਗਿਆ ਅਤੇ ਤਿੰਨ ਸਾਲਾਂ ਵਾਸਤੇ ਉਸ ਦੇ ਥਾਂ ਹੋਰ ਆਦਮੀ ਤਖ਼ਤ ਤੇ ਬਿਠਾ ਦਿੱਤਾ ਪਰ ਉਹ ਵੀ ਬਾਦਸ਼ਾਹ ਦੀ ਮਰਜ਼ੀ ਮੁਤਾਬਿਕ ਕਾਮਯਾਬ ਨਾ ਹੋ ਸਕਿਆ। ਉਹ ਵੀ ਉਸੇ ਭਿਆਨਕ ਜੰਗਲ ਵਿੱਚ ਛੱਡਿਆ ਗਿਆ। ਇਉਂ ਕਈ ਆਦਮੀ ਬਦਲ ਕੇ ਰਾਜ ਤੇ ਬਿਠਾਏ ਉਨ੍ਹਾਂ ਵਿੱਚੋਂ ਕਈਆਂ ਨੇ ਰਾਜ ਦੇ ਸੰਭਾਲਣ ਵਿੱਚ ਹੀ ਤਿੰਨ ਸਾਲ ਲੱਗਾ ਦਿੱਤੇ ਕਈਆਂ ਨੇ ਆਪਣੇ ਯਾਰਾਂ ਦੋਸਤਾਂ ਨੂੰ ਖੁਸ਼ ਕਰਨ ਵਾਸਤੇ ਅਤੇ ਸ਼ਰਾਬ ਦੇ ਦੌਰਾਂ ਵਿੱਚ ਸਮਾਂ ਬਤੀਤ ਕਰ ਦਿੱਤਾ।

ਫੇਰ ਉਸ ਜਗ੍ਹਾ ਤੇ ਕੋਈ ਚੰਗਾ ਸਿਆਣਾ ਪੁਰਸ਼ ਆਇਆ। ਸਭ ਤੋਂ ਪਹਿਲਾਂ ਉਸ ਨੇ ਉਹ ਜੰਗਲ ਕਟਵਾਇਆ ਜਿਸ ਵਿੱਚ ਰਾਜ ਤੋਂ ਹਟਾ ਕੇ ਸਜ਼ਾ ਵਾਲੇ ਆਦਮੀ ਭੇਜੇ ਜਾਂਦੇ ਸਨ। ਉਸ ਵਿੱਚ ਪੱਕੀਆਂ ਸੜਕਾਂ ਬਣਵਾ ਸੁੰਦਰ ਤਲਾਬ ਤੇ ਬਾਉਲੀਆਂ ਕਾਇਮ ਕੀਤੀਆਂ। ਬੈਠਣ ਵਾਸਤੇ ਥੜੇ ਤਿਆਰ ਕੀਤੇ। ਬਾਗ਼ ਬਗ਼ੀਚੇ ਤੇ ਸੁੰਦਰ ਮਕਾਨ ਬਣਵਾ ਕੇ ਚੰਗੀ ਆਬਾਦੀ ਕਰ ਲਈ। ਪਰਜਾ ਨੂੰ ਬੜਾ ਸੁਖੀ ਰੱਖਿਆ ਅਤੇ ਤਿੰਨ ਸਾਲ ਪੂਰੇ ਹੋਣ ਤੋਂ ਪਹਿਲਾਂ ਰਾਜ ਛੱਡ ਕੇ ਉਸ ਜੰਗਲ ਵੱਲ ਜਾਣ ਨੂੰ ਤਿਆਰ ਹੋ ਗਿਆ। ਉਸ ਦੀ ਨੇਕ ਦਿਲੀ ਸਿਆਣਪ ਤੇ ਪ੍ਰਸੰਨ ਹੋ ਕੇ ਬਾਦਸ਼ਾਹ ਨੇ ਸਦਾ ਵਾਸਤੇ ਆਪਣੀ ਗੱਦੀ ਦਾ ਮਾਲਕ ਉਸੇ ਮਨੁੱਖ ਨੂੰ ਹੀ ਬਣਾ ਦਿਤਾ।

ਇਸੇ ਤਰ੍ਹਾਂ ਪ੍ਰਮੇਸ਼ਰ ਪਾਤਿਸ਼ਾਹ ਨੇ:

ਤੁਮ ਹੌ ਸਭ ਰਾਜਨ ਕੇ ਰਾਜਾ ॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਕੋਊ ਹਰਿ ਸਮਾਨਿ ਨਹੀ ਰਾਜਾ ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥

(ਬਿਲਾਵਲੁ ਭਗਤ ਕਬੀਰ ਜੀ - ੮੫੬)

ਸੰਸਾਰ ਦੇ ਜੀਵਾਂ ਨੂੰ ਪਰਖਣ ਵਾਸਤੇ ਮਨੁਖਾ ਜਨਮ ਵਿੱਚ ਤਿੰਨ ਅਵਸਥਾ ਰੂਪ ਤਿੰਨ ਸਾਲਾ ਪਾਤਸ਼ਾਹੀ ਦਿੱਤੀ।

ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥
ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥੩॥ (ਗਉੜੀ ਭਗਤ ਕਬੀਰ ਜੀ - ੩੩੬)

ਉਹਨਾ ਵਿੱਚੋਂ ਬਹੁਤ ਸਾਰੇ ਜੀਵ ਤਾਂ ਬਾਲਕ ਅਵਸਥਾ ਵਿੱਚ ਹੀ ਮਰ ਗਏ। ਬਹੁਤ ਸਾਰੇ ਜਵਾਨੀ ਤੇ ਬੁਢਾਪੇ ਵਿੱਚ ਸਰੀਰ ਛੱਡ ਗਏ। ਪ੍ਰਮੇਸ਼ਰ ਦੇ ਹੁਕਮ ਦੀ ਅਦੂਲੀ ਕਰਨ ਵਾਲੇ ੮੪ ਲਖ ਜੂਨਾਂ ਰੂਪੀ ਜੰਗਲ ਵਿੱਚ ਛੱਡੇ ਗਏ। ਜਿੱਥੇ ਕਾਲ ਰੂਪ ਸ਼ੇਰ ਖਾਂਦਾ ਰਿਹਾ। ਕਿਉਂਕਿ ਇਨ੍ਹਾਂ ਨੇ ਈਸ਼ਵਰ ਆਗਯਾ ਦਾ ਉਲੰਘਣ ਕੀਤਾ। ਸ਼ਰਾਬ ਪੀਂਦੇ ਰਹੇ, ਦੁਰਾਚਾਰ ਤੇ ਲੋਕ ਮੁਲਾਹਜਿਆਂ ਵਿੱਚ ਲੱਗੇ ਰਹੇ। ਆਪਣੇ ਹੱਕਾਂ ਦੀ ਪਛਾਣ ਨਾ ਕੀਤੀ ਪ੍ਰਾਏ ਹੱਕ ਤੇ ਜ਼ਬਰਦਸਤੀ ਛਾਪਾ ਮਾਰਿਆ। ਜੀਭ ਦੇ ਸ੍ਵਾਦ ਵਾਸਤੇ ਜੀਵਾਂ ਦੇ ਗਲੇ ਘੁਟੇ। ਰਿਸ਼ਵਤਾਂ ਨਾਲ ਧਨ ਇਕੱਠਾ ਕੀਤਾ।

ਫੇਰ ਪ੍ਰਮੇਸ਼ਰ ਨੇ ਏਸ ਸੰਸਾਰ ਵਿੱਚ ਕਿਸੇ ਸਿਆਣੇ ਪੁਰਸ਼ ਨੂੰ ਭੇਜਿਆ। ਉਸ ਨੇ ਮਨੁੱਖਾ ਜਨਮ ਨੂੰ ਪਾ ਕੇ:

ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥

(ਆਸਾ ਮਃ ੫ - ੩੭੪)

ਜੋ ਸਭ ਜੂਨਾਂ ਦਾ ਬਾਦਸ਼ਾਹ ਹੈ। ਇਹ ਨਿਸ਼ਚਾ ਕੀਤਾ।

ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ ॥
ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ ॥
ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ ॥

ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ ॥੩॥ (ਬਿਲਾਵਲੁ ਮਃ ੪ - ੮੪੪)

ਪਹਿਲਾ ਤਾਂ ਜੋ ਅਨੇਕਾਂ ਜਨਮਾਂ ਦੀ ਵਾਸ਼ਨਾ ਤੇ ਜਗਤ ਦੀ ਸਤਤਾ ਮੰਨੀ ਸੀ, ਇਹ ਜੰਗਲ ਜੜ੍ਹੋਂ ਹੀ ਪੁੱਟ ਦਿੱਤਾ ਅਤੇ ਨਿਸ਼ਚਾ ਕੀਤਾ ਕਿ:

ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥
ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥ (ਬਸੰਤੁ ਮਃ ੯ - ੧੧੮੬)
ਗੁਰਮੁਖ ਗਾਡੀ ਰਾਹ ਚਲੰਦਾ ॥੧੧॥ (ਭਾ. ਗੁਰਦਾਸ ਜੀ: ਵਾਰ ੪੦ ਪਉੜੀ ੧੧)

ਇਹ ਸੜਕਾਂ ਬਣਾ ਲਈਆਂ। ਨੀਵਾਂ ਮਨ ਤਲਾਬ ਤਿਆਰ ਕਰ ਕੇ ਉਸ ਵਿੱਚ ਭੂਮਿਕਾ ਰੂਪ ਪਉੜੀਆਂ ਲਗਾ ਲਈਆਂ। ਨਵਧਾ ਭਗਤੀ ਰੂਪੀ ਬਾਉਲੀਆਂ (ਜਿਨ੍ਹਾਂ ਵਿੱਚ ਵਾਹਿਗੁਰੂ ਦੇ ਪ੍ਰੇਮ ਦਾ ਜਲ ਭਰਿਆ ਹੈ) ਸ਼ੁਭ ਗੁਣਾ ਦੇ ਬਗ਼ੀਚੇ ਲਾਏ। ਇਉਂ ਸਰੀਰ ਤਿਆਗਣ ਤੋਂ ਪਹਿਲਾਂ ਹੀ ਤਿੰਨ ਅਵਸਥਾ ਵਿੱਚ ਰਹਿੰਦਿਆਂ ਸਰੀਰ ਦਾ ਮੋਹ ਛੱਡ ਦਿੱਤਾ ਅਤੇ ਪ੍ਰਮੇਸ਼ਰ ਪਿਤਾ ਨੂੰ ਪ੍ਰਸੰਨ ਕਰ ਲਿਆ, ਜਿਸ ਕਰ ਕੇ ਉਹ ਆਪ ਹੀ ਸਦੀਵੀ ਬਾਦਸ਼ਾਹ ਪ੍ਰਮੇਸ਼ਰ ਦਾ ਸਰੂਪ ਬਣ ਗਏ।

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥
ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥ (ਸਿਰੀਰਾਗੁ ਮਃ ੧ - ੨੦)
ਅਥਵਾ: ਕਾਲੈ ਕਵਲੁ ਨਿਰੰਜਨੁ ਜਾਣੈ ॥ ਬੂਝੈ ਕਰਮੁ ਸੁ ਸਬਦੁ ਪਛਾਣੈ ॥
(ਮਾਰੂ ਮਃ ੧ - ੧੦੪੦)

ਨੌਂ ਮਾਘ ਦਾ ਸਾਲਾਨਾ ਜੋੜ ਮੇਲਾ

ਜਦੋਂ ਸੰਤ ਜੀ ਮਹਾਰਾਜ ਨੂੰ ਏਥੇ ਆਇਆਂ ਡੇਢ ਕੁ ਸਾਲ ਦਾ ਸਮਾਂ ਹੋ ਗਿਆ। ਇਤਨੇ ਚਿਰ ਵਿੱਚ ਹੋਰ ਦੀ ਹੋਰ ਹੀ ਰਚਨਾ ਹੋ ਗਈ। ਜਿੱਥੇ ਬੜੇ ਬੜੇ ਉੱਚੇ ਤੇ ਪੁਰਾਣੇ ਢੱਕ ਖੜੇ ਹੁੰਦੇ (ਜਿਸ ਕਰ ਕੇ ਉਸ ਜਗ੍ਹਾ ਦਾ ਨਾਮ ਹੀ ਢੱਕੀ ਪੈ ਗਿਆ) ਉਸ ਜਗ੍ਹਾ ਤੇ ਕਮਰੇ ਬਣ ਗਏ। ਸਿੰਘਾਂ ਦੇ ਇਸ਼ਨਾਨ ਵਾਸਤੇ ਇੱਕ ਖੂਹ ਤੇ ਇੱਕ ਖੂਹੀ ਲੱਗ ਗਈ। ਇੱਕ ਬਾਹਰ ਖੂਹ ਵਿੱਚ ਤੇ ਇੱਕ ਅੰਦਰ ਲੰਗਰ ਵਿੱਚ ਪੰਪ ਲੱਗ ਗਿਆ। ਵੱਡਾ ਛੱਪਰ, ਗੁਰਦੁਆਰਾ ਸਾਹਿਬ, ਸੰਤਾਂ ਦਾ ਭੋਰਾ ਅਤੇ ਹੋਰ ਉਦਾਲੇ ਦੀ ਜਗ੍ਹਾ ਨੂੰ ਸਾਫ਼ ਕਰ ਕੇ ਕਿਤੇ ਵਿੱਚ ਵਿੱਚ ਅੰਬਾਂ ਦੇ ਬੂਟੇ ਅਤੇ ਫੁਲਵਾੜੀ ਵੀ ਲਾਈ ਗਈ। ਆਉਣ ਜਾਣ ਵਾਸਤੇ ਜਗ੍ਹਾ ਪੱਧਰ ਕਰ ਕੇ ਕੱਚੀਆਂ ਸੜਕਾਂ ਬਣਾ ਦਿੱਤੀਆਂ ਅਤੇ ਫਾਟਕ ਰੱਖ ਕੇ ਅਸਥਾਨ ਦੇ ਉਦਾਲੇ ਡੰਗਰ, ਪਸ਼ੂ ਦੇ ਰੋਕਣ ਤੋਂ ਕੰਡਿਆਂ ਵਾਲੀ ਵਾੜ ਕਰ ਦਿੱਤੀ। ਦੁੱਧ ਚਾਹ ਵਾਸਤੇ ਗਊਆਂ, ਮੱਝਾਂ ਦੀ ਰਚਨਾ ਹੋ ਗਈ।

ਵੀਹ ਵੀਹ ਸਰੀਰ ਤਾਂ ਪੱਕੇ ਹੀ ਰਹਿਣ ਲੱਗ ਪਏ, ਹੋਰ ਵੀ ਸੰਗਤ ਬਾਹਰੋਂ ਆ ਜਾਂਦੀ। ਜਿਸ ਕਰ ਕੇ ਕਾਫ਼ੀ ਮੰਜੇ ਤੇ ਬਿਸਤਰੇ ਵੀ ਤਿਆਰ ਹੋਣ ਲੱਗੇ। ਇਉਂ ਥੋੜ੍ਹੇ ਹੀ ਦਿਨਾਂ ਵਿੱਚ ਚੰਗੀ ਰਚਨਾ ਹੋ ਗਈ ਤੇ ਅਸਥਾਨ ਵੀ ਦੂਰ ਤੱਕ ਪ੍ਰਸਿੱਧ ਹੋ ਗਿਆ। ਚੰਗੇ ਚੰਗੇ ਤਪੱਸਵੀ ਮਹਾਤਮਾ ਵੀ ਇਸ ਦੀ ਮਰਯਾਦਾ ਦੇਖਣ ਵਾਸਤੇ ਆਉਂਦੇ। ਇਤਨੇ ਨੂੰ ਨੌਂ ਮਾਘ ਦਾ ਤੀਜਾ ਸਾਲਾਨਾ ਜੋੜ ਮੇਲਾ ਨੇੜੇ ਆ ਗਿਆ। ਸੰਗਤਾਂ ਦਾ ਇਸ ਜੋੜ ਮੇਲੇ ਨੂੰ ਕਾਫ਼ੀ ਉੱਚ ਪੱਧਰ ਤੇ ਮਨਾਉਣ ਦਾ ਖ਼ਿਆਲ ਸੀ। ਬਾਹਰਲੀਆਂ ਸੰਗਤਾਂ ਤੇ ਗੁਣੀ, ਗਿਆਨੀ, ਰਾਗੀ, ਪ੍ਰਚਾਰਕ, ਢਾਡੀ ਤੇ ਕਵੀਸ਼ਰ ਜੱਥੇ ਤਾਂ ਕਈ ਮਹੀਨੇ ਪਹਿਲਾਂ ਤੋਂ ਪੁੱਛਣ ਲੱਗ ਪਏ। ਉਨ੍ਹਾਂ ਨੇ ਇਸ ਦਿਨ ਤੇ ਏਥੇ ਆਪਣੀ ਹਾਜ਼ਰੀ ਲਵਾਉਣ ਵਾਸਤੇ ਏਸ ਤਾਰੀਖ਼ ਦੇ ਬਾਹਰਲੇ ਪ੍ਰੋਗਰਾਮ ਨਹੀਂ ਮੰਨੇ ਸੀ। ਮਾਘ ਦੀ ਸੰਗਰਾਂਦ ਤੋਂ ਹੀ ਇਕੱਠ ਹੋਣਾ ਸ਼ੁਰੂ ਹੋ ਗਿਆ, ਜਿਸ ਕਰ ਕੇ ਲੰਗਰ ਦੇ ਸੇਵਾਦਾਰਾਂ ਨੂੰ ਵੀ ਵਧੇਰੇ ਸੇਵਾ ਦਾ ਮੌਕਾ ਮਿਲ ਗਿਆ। ਹਰ ਇੱਕ ਪ੍ਰੇਮੀ ਨੂੰ ਚਾਹੇ ਕੋਈ ਕਿਸੇ ਟਾਈਮ ਜਾਵੇ, ਲੰਗਰ ਤਿਆਰ ਮਿਲਦਾ। ਛੇ ਮਾਘ ਦੀ ਸ਼ਾਮ ਨੂੰ ਹੀ ਦੀਵਾਨ ਸਜ ਗਿਆ ਜੋ ੯ ਮਾਘ ਦੇ ਅੰਮ੍ਰਿਤ ਵੇਲੇ ਤੱਕ ਦੋ ਦਿਨ ਤੇ ਤਿੰਨ ਰਾਤਾਂ ਲਗਾਤਾਰ ਜਾਰੀ ਰਿਹਾ। ਕਥਾ ਕੀਰਤਨ ਕਰਨ ਤੇ ਸੁਣਨ ਵਾਲੇ ਸਾਰੇ ਹੀ ਪ੍ਰੇਮੀ ਆਪੋ ਆਪਣੀਆਂ ਹਾਜ਼ਰੀਆਂ ਲਵਾ ਕੇ ਜਨਮ ਸਫ਼ਲਾ ਕਰਦੇ। ਕਈ ਹਜ਼ਾਰ ਦਾ ਇਕੱਠ ਜੁੜਦਾ। ਸਵੇਰ ਤੋਂ ਲੈ ਕੇ ਸ਼ਾਮ ਤੱਕ ਸਾਰਾ ਦਿਨ ਲੰਗਰ ਤਿਆਰ ਹੁੰਦਾ ਰਹਿੰਦਾ। ਜਿਸ ਵਿੱਚ ਚਾਲ੍ਹੀ ਪੰਜਾਹ ਸੇਵਾਦਾਰ ਅੱਠੇ ਪਹਿਰ ਲੱਗੇ ਰਹਿੰਦੇ। ਕਈ ਦੇਗੇ ਦਾਲਾਂ ਦੇ ਚੜ੍ਹਦੇ, ੧੮ ਲੋਹਾਂ ਤਪਦੀਆਂ।

ਇਕ ਦਿਨ ਦਾ ਸੌ ਮਣ ਪੱਕਾ ਆਟਾ ਪੱਕਦਾ ਤੇ ਨਾਲ ਹੀ ਪੰਝੀ ਤੀਹ ਮਣ ਪੱਕੀ ਦਾਲ ਚੜ੍ਹਦੀ। ਜਿਸ ਵਿੱਚ ਡੇਢ ਪੌਣੇ ਦੋ ਮਣ ਪੱਕਾ ਲੂਣ ਹੀ ਖ਼ਰਚ ਆਉਂਦਾ। ਚਾਲ੍ਹੀ ਪੰਜਾਹ ਟੀਨ ਘਿਓ ਦੇ ਵਰਤੇ ਜਾਂਦੇ। ਇਉਂ ਤਿੰਨ ਦਿਨਾਂ ਵਿੱਚ ਤਿੰਨ ਸੌ ਮਣ ਪੱਕਾ ਆਟਾ ਤੇ ਸੱਤਰ ਅੱਸੀ ਮਣ ਪੱਕੀ ਦਾਲ ਲੱਗ ਜਾਂਦੀ, ਜਿਸ ਵਿੱਚ ਪੰਜ ਛੇ ਮਣ ਪੱਕਾ ਤਾਂ ਲੂਣ ਹੀ ਖ਼ਰਚ ਆਉਂਦਾ। ਹੋਰ ਰਾਸ਼ਨ ਦਾ ਹਿਸਾਬ ਵੱਖਰਾ ਹੁੰਦਾ ਸੀ।

ਇਸ ਜੋੜ ਮੇਲੇ ਨੇ ਫੇਰ ਸਮਾਂ ਪਾ ਕੇ ਮੇਲੇ ਦੀ ਸ਼ਕਲ ਧਾਰਨ ਕਰ ਲਈ। ਡੇਰੇ ਤੋਂ ਬਾਹਰ ਬਜ਼ਾਰ ਲੱਗ ਜਾਂਦੇ, ਜਿਨ੍ਹਾਂ ਦੁਕਾਨਾਂ ਤੋਂ ਹਰ ਇੱਕ ਚੀਜ਼ ਮਿਲਦੀ। ਲੋਕ ਊਠਾਂ, ਘੋੜੀਆਂ ਤੇ ਚੜ੍ਹ ਕੇ ਆਉਂਦੇ। ਦਿਨੇ ਘੋਲ, ਖੇਲ, ਕਬੱਡੀ ਤੇ ਕੁਸ਼ਤੀਆਂ ਹੁੰਦੀਆਂ। ਨਾਲ ਹੀ ਡਿਪਟੀ ਕਮਿਸ਼ਨਰ ਨੇ ਆਪਣੇ ਆਪ ਹੀ ਇੰਤਜ਼ਾਮ ਵਾਸਤੇ ਪੁਲੀਸ ਭੇਜ ਦੇਣੀ। ਵੱਡੇ ਸੰਤ ਜੀ ਮਹਾਰਾਜ ਦਿਨੇ ਸੰਗਤਾਂ ਨੂੰ ਦਰਸ਼ਨ ਤੇ ਉਪਦੇਸ਼ ਬਖ਼ਸ਼ਦੇ। ਰਾਤ ਨੂੰ ਨੇਤਰ ਬੰਦ ਕਰ ਕੇ ਚੌਦਾਂ ਚੌਦਾਂ ਘੰਟੇ ਖੜਿਆਂ ਹੀ ਕੀਰਤਨ ਕਰੀ ਜਾਣਾ। ਸ੍ਰੋਤਿਆਂ ਨੂੰ ਵੀ ਐਸਾ ਅਨੰਦ ਆਉਂਦਾ ਕਿ ਦੇਸ਼ ਕਾਲ ਵਿਸਰ ਜਾਂਦਾ। ਤੰਬੂ ਕਨਾਤਾਂ ਤੇ ਸਾਇਬਾਨ ਦਾ ਇੰਤਜ਼ਾਮ, ਰੋਸ਼ਨੀ ਵਾਸਤੇ ਗੈਸ, ਲੰਗਰ ਵੱਲ ਧਿਆਨ, ਆਏ ਗਏ ਦੀ ਰਿਹਾਇਸ਼ ਦਾ ਖ਼ਿਆਲ; ਇਹ ਜ਼ੁੰਮੇਵਾਰੀ ਛੋਟੇ ਸੰਤ ਜੀ ਸੰਭਾਲਦੇ। ਇਹ ਦੋਵੇਂ ਵਿਅਕਤੀਆਂ ਤਿੰਨ ਰਾਤਾਂ ਤੇ ਤਿੰਨ ਦਿਨ ਤਾਂ ਬਿਲਕੁਲ ਆਰਾਮ ਕਰ ਹੀ ਨਹੀਂ ਸਨ ਸਕਦੇ। ਜਿਸ ਕਰ ਕੇ ਨੇਤਰਾਂ ਵਿੱਚ ਸੋਜ਼ਸ਼ ਤੇ ਸਰੀਰ ਨੂੰ ਬੇਆਰਾਮੀ ਦੇ ਕਾਰਨ ਥਕਾਵਟ ਹੋ ਜਾਂਦੀ।

ਇਸ ਤਰ੍ਹਾਂ ਇਹ ਵੱਡਾ ਜੋੜ ਮੇਲਾ ਤਿੰਨ ਸਾਲ ਬੜਾ ਭਾਰੀ ਭਰਦਾ ਰਿਹਾ। ਹਰੇਕ ਸਾਲ ਵੱਧ ਤੋਂ ਵੱਧ ਇਕੱਠ ਹੁੰਦਾ ਹੀ ਜਾਂਦਾ। ਫੇਰ ਦੋਹਾਂ ਮਹਾਂਪੁਰਸ਼ਾਂ ਨੇ ਵਿਚਾਰ ਕੀਤੀ ਕਿ ੧੫ ਦਿਨ ਪਹਿਲਾਂ ਤਿਆਰੀ ਵਿੱਚ ਲੱਗ ਜਾਂਦੇ ਹਨ, ੧੫ ਦਿਨ ਬਾਅਦ ਵਿੱਚ ਸਮਾਨ ਦੀ ਸੰਭਾਲ ਹੰਦੀ ਹੈ। ਇੱਕ ਮਹੀਨਾ ਇਤਨੀ ਬੇਆਰਾਮੀ, ਨਾ ਭਜਨ ਸਿਮਰਨ ਹੋ ਸਕੇ ਨਾ ਸਰੀਰਕ ਆਰਾਮ ਕੀਤਾ ਜਾਵੇ। ਇਉਂ ਜਾਣ ਕੇ ਕੇਵਲ ੯ ਮਾਘ ਵਾਲੀ ਫੇਰ ਇੱਕੋ ਹੀ ਰਾਤ ਰੱਖ ਲਈ। ਹੁਣ ੮ ਮਾਘ ਵਾਲਾ ਦਿਨ ਤੇ ਉਸੇ ਹੀ ਸਾਰੀ ਰਾਤ ਨੂੰ ਦੀਵਾਨ ਸਜਦਾ ਹੈ। ਬੜਾ ਭਾਰੀ ਇਕੱਠ ਹੁੰਦਾ ਹੈ। ਅੱਠੇ ਪਹਿਰ ਲੰਗਰ ਚਾਲੂ ਰਹਿੰਦਾ ਹੈ, ਜਿਸ ਵਿੱਚ ਖੁੱਲ੍ਹਾ ਤੇ ਗ਼ਰਮ ਗ਼ਰਮ ਕੜਾਹ ਪ੍ਰਸ਼ਾਦ ਵਰਤਦਾ ਹੈ। ਕਦੇ ਕਦੇ ਮਠਿਆਈ ਵੀ ਬਣਦੀ ਹੈ। ਪੋਹ ਸੁਦੀ ਸਪਤਮੀ, ਕੱਤਕ ਦੀ ਪੂਰਨਮਾਸ਼ੀ ਤੇ ਨੌਂ ਮਾਘ ਇਹ ਸਾਲ ਵਿੱਚ ੩ ਜੋੜ ਮੇਲੇ ਬੜੀ ਉਚ ਪੱਧਰ ਤੇ ਮਨਾਏ ਜਾਂਦੇ ਹਨ ਅਤੇ ਹਰੇਕ ਸੰਗਰਾਂਦ ਤੇ ਪੁੰਨਿਆਂ ਦੀ ਪਹਿਲੀ ਰਾਤ ਨੂੰ ਵੀ ਵੱਡਾ ਦੀਵਾਨ ਸਜਦਾ ਹੈ।

ਏਕਤਾਵਾਦੀ ਉਪਦੇਸ਼

ਇਸੇ ਤਰ੍ਹਾਂ ਜਦੋਂ ਹਜ਼ੂਰ ਢੱਕੀ ਦੀ ਧਰਤੀ ਨੂੰ ਭਾਗ ਲਾ ਰਹੇ ਸਨ ਉਸ ਸਮੇਂ ੧੯੩੫ ਈ. ਨੂੰ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਵਾਸਤੇ ਇੱਕ ਮੁਸਲਮਾਨ ਫ਼ਕੀਰ ਆਇਆ, ਜਿਸ ਦੀ ੫੦ ਕੁ ਸਾਲਾਂ ਦੇ ਕਰੀਬ ਉਮਰ ਜਾਪਦੀ ਸੀ। ਲਿਬਾਸ ਸਾਦਾ, ਸਿੱਧਾ ਨੀਵਾਂ ਚੋਗਾ, ਸਿਰ ਤੇ ਪੱਗ, ਦਾੜ੍ਹਾ ਤੇ ਕੇਸ ਵੀ ਸਬੂਤ ਸਨ। ਏਥੋਂ ਦੀ ਚਾਲੀ ਦੇਖ ੫-੭ ਦਿਨ ਟਿਕ ਗਿਆ। ਘੰਟੀ ਸਮੇਂ ਆਪੇ ਹੀ ਲੰਗਰ ਵਿੱਚ ਚਲੇ ਜਾਣਾ। ਦੋ ਟਾਈਮ ਦੀਵਾਨ ਵਿੱਚ ਵੀ ਆਉਂਦਾ ਰਿਹਾ। ਅੰਮ੍ਰਿਤ ਵੇਲੇ ਸੰਗਤਾਂ ਨਾਲ ਜਾਗ ਕੇ ਇਸ਼ਨਾਨ ਕਰ ਕੇ ਬੈਠਦਾ, ਸ਼ਾਮ ਨੂੰ ਗਿਆਰਾਂ ਵਜੇ ਤੱਕ ਨਾਲ ਹੀ ਬੰਦਗ਼ੀ ਕਰਦਾ। ਸ਼ਰ੍ਹਾ ਤੋਂ ਉੱਚਾ ਮਾਰਫਤ ਦੀ ਅਵਸਥਾ ਦਾ ਜਾਣੂ ਚੰਗਾ ਫ਼ਕੀਰ ਸੀ। ਇਕਾਂਤ ਵਿੱਚ ਵੀ ਦਾਤੇ ਨਾਲ ਆਪਣੇ ਸਰੂਪ ਦੀ ਲੱਖਤਾ ਵਾਲੀ ਏਕਤਾ ਬੋਧਕ ਬ੍ਰਹਮ ਵੀਚਾਰ ਹੁੰਦੀ ਰਹੀ। ਆਪ ਜੀ ਨੇ ਭਗਤ ਕਬੀਰ ਜੀ ਦੇ ਪਾਵਨ ਬਚਨਾਂ ਨੂੰ ਸੁਣਾਇਆ।

ਯਥਾ: ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੌ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥

(ਪ੍ਰਭਾਤੀ ਭਗਤ ਕਬੀਰ ਜੀ - ੧੩੫੦)

ਇਉਂ ਬਚਨ ਸੁਣ ਕੇ ਬੜਾ ਪ੍ਰਭਾਵਸ਼ਾਲੀ ਹੋਇਆ। ਹਫਤਾ ਕੁ ਠਹਿਰਕੇ ਉਪਰੰਤ ਆਪਣੀ ਮੌਜ ਵਿੱਚ ਅੰਮ੍ਰਿਤ ਵੇਲੇ ਸਵੇਰੇ ਹੀ ਚਲਾ ਗਿਆ।

ਕਾਂਡ ੮

ਦੁੱਖ

ਕੁੱਝ ਕੁ ਮੁਖੀ ਸਿੱਖਾਂ ਨੇ ਅਰਜ਼ ਕੀਤੀ, "ਗਰੀਬ ਨਿਵਾਜ਼! ਇਹ ਜੀਵ ਅਤਿਅੰਤ ਦੁਖੀ ਹੋ ਰਿਹਾ ਹੈ। ਇਸ ਦਾ ਦੁੱਖ ਕਿਵੇਂ ਮਿਟੇ?" ਹਜ਼ੂਰ ਨੇ ਉੱਤਰ ਦਿੱਤਾ ਕਿ ਅਸਲ ਵਿੱਚ ਸਰੀਰਕ ਤੇ ਮਾਨਸਕ ਦੁੱਖ ਸਾਰੇ ਹੀ ਪ੍ਰਮੇਸ਼ਰ ਨੂੰ ਭੁੱਲ ਕੇ ਮਾਇਆ ਵਿੱਚ ਲੱਗਣ ਕਰ ਕੇ ਪ੍ਰਾਪਤ ਹੁੰਦੇ ਹਨ। ਸਰੀਰ ਮਾਇਕ ਰਚਿਤ ਹੈ। ਦੇਹ ਹੀ ਸਾਰੇ ਦੁੱਖਾਂ ਦਾ ਕਰਨ ਹੈ ਕਿਉਂਕਿ ਇਹ ਤਮਾਮ ਰੋਗਾਂ ਦੀ ਖਾਣ ਹੈ। ਤਿਸ ਦੇਹ ਦਾ ਕਾਰਣ 'ਧਰਮ ਤੇ ਅਧਰਮ' ਭਾਵ ਪਾਪ ਤੇ ਪੁੰਨ ਨੂੰ ਕਥਨ ਕੀਤਾ ਹੈ।

ਗੁਰੂ ਸ਼ਾਸਤ੍ਰ ਦੀ ਮਰਯਾਦਾ ਅਨੁਸਾਰ ਕੀਤੇ ਸ਼ੁਭ (ਵਿਹਤ) ਅਤੇ ਗੁਰੂ ਸ਼ਾਸਤਰ ਤੋਂ ਉਲਟ ਅਸ਼ੁਭ (ਨਿਖਿਧ) ਕਰਮ ਪਾਪ ਤੇ ਪੁੰਨ ਦਾ ਕਾਰਣ ਹਨ। ਭਾਵ ਸ਼ੁਭ ਕਰਮ ਪੁੰਨ ਤੇ ਅਸ਼ੁਭ ਕਰਮ ਪਾਪ ਹਨ। ਸ਼ੁਭ ਅਤੇ ਅਸ਼ੁਭ ਕਰਮਾਂ ਦਾ ਕਾਰਣ ਹੈ, ਰਾਗ ਤੇ ਦ੍ਵੈਸ਼ ਭਾਵ ਕਿਸੇ ਨਾਲ ਮੋਹ ਕਿਸੇ ਨਾਲ ਵੈਰ। ਚੰਗਾ ਤੇ ਮਾੜਾ ਅਧਿਆਸ (ਸੰਸਕਾਰ) ਮਿਥਿਆ ਪ੍ਰਤੀਤੀ ਰਾਗ ਦ੍ਵੈਸ਼ ਦਾ ਕਾਰਣ ਹੈ ਅਤੇ ਜੋ ਭਲਾ ਤੇ ਬੁਰਾ ਅਧਿਆਸ ਹੈ ਇਸ ਸਾਰਾ ਦ੍ਵੈਤ ਤੋਂ ਪ੍ਰਗਟ ਹੁੰਦਾ ਹੈ। ਉਹ ਦ੍ਵੈਤ ਬ੍ਰਹਮ ਵਿੱਚ ਇਉ ਕਲਪਤ ਹੈ, ਜਿਵੇਂ ਸਿਪੀ ਵਿੱਚ ਚਾਂਦੀ ਮਿਥਿਆ ਹੈ। ਤਿਸ ਦ੍ਵੈਤ ਦਾ ਕਾਰਣ ਅਗਿਆਨ ਹੈ। ਸੱਤ ਜਾਨਣਾ ਕਰੋ, ਉਹ ਅਗਿਆਨ ਵੀ ਬ੍ਰਹਮ ਵਿੱਚ ਕਲਪਤ ਹੈ ਪਰ ਇਸ ਜੀਵ ਨੇ ਹਿਰਦੇ ਵਿੱਚ ਸੱਤ ਮੰਨਿਆਂ ਹੈ।

ਅਥਵਾ ਉਹ ਅਗਿਆਨ ਕਲਪਤ ਸੱਤਾ ਵਾਲਾ ਹਿਰਦੇ ਵਿੱਚ ਪਛਾਨਣਾ ਕਰੋ। ਜਿਤਨਾ ਚਿਰ ਹਿਰਦੇ ਵਿੱਚ ਉਸ ਅਗਿਆਨ ਦਾ ਪੜਦਾ ਬਣਿਆਂ ਹੋਇਆ ਹੈ, ਉਤਨਾ ਚਿਰ ਜੀਵ ਸਾਰੇ ਦੁੱਖਾਂ ਤੇ ਕਲੇਸ਼ਾਂ ਨੂੰ ਪਾਉਂਦਾ ਹੈ। ਤਿਸ ਅਗਿਆਨ ਦਾ ਵਿਰੋਧੀ ਹੈ ਬ੍ਰਹਮਗਿਆਨ। ਉਹ ਬ੍ਰਹਮਗਿਆਨ ਗੁਰੂ ਬਚਨਾਂ ਤੇ ਸ਼ਰਧਾ ਰੱਖਿਆਂ, ਏਕਤਾ ਬੋਧਕ ਵੇਦਾਂਤ ਵਾਕਾਂ ਦੁਆਰਾ ਪ੍ਰਾਪਤ ਹੁੰਦਾ ਹੈ। ਪੰਡਤ ਗੁਲਾਬ ਸਿੰਘ ਜੀ 'ਮੋਖ ਪੰਥ' ਵਿੱਚ ਇਸ ਤਰ੍ਹਾਂ ਕਥਨ ਕਰਦੇ ਹਨ:

ਯਥਾ: ਸਗਲ ਦੂਖ ਕੋ ਕਾਰਨ ਦੇਹ। ਤਾ ਕੋ ਧਰਮ ਅਧਰਮ ਵਿਦੇਹ।
ਵਿਹਤੁ ਨਿਖਿਧਾ ਕਰਮ ਤਿਹ ਮੂਲ। ਰਾਗ ਦੈਸ਼ ਕਰਮਨ ਕੋ ਮੂਲ।
ਭਲੋ ਬੁਰੋ ਅਧਿਆਸਹਿ ਜੋਈ। ਰਾਗ ਦ੍ਵੈਸ ਤੇ ਭਯੋ ਪ੍ਰਕਾਸ਼।
ਸੋ ਦ੍ਵੈਤ ਬ੍ਰਹਮ ਮੇ ਐਸੇ। ਸੀਪ ਵਿਖੇ ਰੂਪੋ ਜਗ ਜੈਸੇ।
ਤਾਂ ਕੋ ਕਾਰਣ ਹੈ ਅਗਿਆਨ। ਸੋ ਉਰ ਕਲਪਤ ਸੱਤ ਪਛਾਨ।
ਸੋ ਅਗਿਆਨ ਅਹੈ ਉਰ ਜਉ ਲੌ। ਸਰਬ ਅਨਰਥ ਲਹੈ ਨਰ ਤੌ ਲੌ।
ਤਾਂ ਕੋ ਨਾਸਕ ਆਤਮ ਗਿਆਨ। ਸੋ ਵੈਦਾਂਤਿ ਤੇ ਨੀਕੇ ਮਾਨ।

ਕਈ ਪ੍ਰੇਮੀ ਕਹਿਣ ਲੱਗੇ, "ਮਹਾਰਾਜ! ਕ੍ਰਿਪਾ ਕਰ ਕੇ ਕੁੱਝ ਕੁ ਵੇਦਾਂਤ ਵਾਕਾਂ ਦਾ ਵੀ ਵਰਣਨ ਕਰੋ, ਤਾਂ ਕਿ ਸਾਨੂੰ ਸਮਝ ਪੈ ਜਾਵੇ ਕਿ ਦੁੱਖ ਕਿਵੇਂ ਮਿਟਦੇ ਹਨ ਅਰ ਮਾਇਆ ਦਾ ਅਸਰ ਕਿਵੇਂ ਘਟਦਾ ਹੈ।"

ਆਤਮ ਵਿਚਾਰ

ਸੰਤ ਜੀ ਮਹਾਰਾਜ ਨੇ ਆਖਿਆ ਕਿ ਵੇਦਾਂਤ ਆਪਣੇ ਆਤਮਾ ਦੀ ਵਿਚਾਰ ਨੂੰ ਕਹਿੰਦੇ ਹਨ ਜੋ ਇਸ ਪ੍ਰਕਾਰ ਹੈ ਕਿ - ਇਹ ਮਨ ਦ੍ਵੈਤ ਭਾਵ ਵਿੱਚ ਲੱਗ ਕੇ ਪ੍ਰਮੇਸ਼ਰ ਤੋਂ ਬੇਮੁਖ ਹੋ ਗਿਆ। ਏਸ ਲਈ ਇਸ ਨੂੰ ਇਕਾਗਰਤਾ ਅਤੇ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਤਾਂ ਤੇ ਇਸ ਦਾ ਸਾਥ ਛੱਡ ਕੇ ਆਪਣੇ ਅੰਦਰ ਨਿਸਚਾ ਕਰੇ ਕਿ ਤੂੰ ਪੰਜਾਂ ਤੱਤਾਂ ਰਚਿਤ ਅਸਥੂਲ ਸਰੀਰ ਨਹੀਂ ਕਿਉਂਕਿ ਇਹ ਸਰੀਰ ਤਾ ਜੰਮਦਾ, ਮਰਦਾ, ਬਾਲਕ, ਕਿਸ਼ੋਰ, ਜਵਾਨੀ ਤੇ ਬੁਢੇਪੇ ਨੂੰ ਪ੍ਰਾਪਤ ਹੁੰਦਾ ਹੈ। ਸਦਾ ਇੱਕ ਰਸ ਨਹੀਂ ਰਹਿੰਦਾ, ਸਦਾ ਉਤਪਤੀ ਬਿਨਾਸ਼ ਵਾਲਾ ਹੈ ਅਤੇ ਤੇਰਾ ਆਤਮਾ ਸਦਾ ਅਸੰਗ ਤੇ ਨਿਰਲੇਪ ਹੈ। ਨਾ ਜਨਮ, ਨਾ ਮਰਨਾ, ਨਾ ਬਾਲਕਪੁਨਾ, ਨਾ ਬੁਢੇਪਾ, ਨਾ ਹੋਰ ਕੋਈ ਰੋਗ ਹੀ ਹੈ।

ਇਸ ਸਰੀਰ ਤੋਂ ਸੂਖਮ ਇੰਦਰੇ ਹਨ। ਇਹ ਵੀ ਤੇਰਾ ਆਤਮਾ ਨਹੀਂ ਕਿਉਂਕਿ ਇਨ੍ਹਾਂ ਦੀ ਵੀ ਏਹੋ ਜਿਹੀ ਦਸ਼ਾ ਹੈ। ਇੱਕ ਤਾਂ ਇਹ ਵੱਖ ਵੱਖ ਹਨ। ਫੇਰ ਸਾਰਿਆਂ ਦਾ ਸੁਭਾਵ ਇਕੋ ਜਿਹਾ ਨਹੀਂ। ਨੇਤਰ ਦੇਖਦੇ ਹਨ ਪਰ ਸੁਣ ਨਹੀਂ ਸਕਦੇ। ਕੰਨ ਸੁਣਦੇ ਹਨ ਦੇਖ ਨਹੀਂ ਸਕਦੇ। ਨਾਸਕਾਂ ਨੂੰ ਕੇਵਲ ਸੁਗੰਧੀ ਦੁਰਗੰਧੀ ਦਾ ਗਿਆਨ ਹੈ। ਰਸਨਾ ਖੱਟੇ ਮਿੱਠੇ ਦੇ ਸ੍ਵਾਦ ਨੂੰ ਹੀ ਦੱਸ ਸਕਦੀ ਹੈ। ਪਰ ਤੇਰਾ ਆਤਮਾ ਦੇਖਣ, ਸੁੰਘਣ ਤੇ ਸਪਰਸ਼ ਆਦਿਕਾਂ ਤੋਂ ਪਰੇ ਹੈ। ਸਾਰੇ ਇੰਦਰੇ ਉਸੇ ਤੋਂ ਸੱਤਾ ਪਾਉਂਦੇ ਹਨ। ਇਨ੍ਹਾਂ ਇੰਦਰੀਆਂ ਤੋਂ ਸੂਖਮ ਪ੍ਰਾਣ ਹਨ। ਇਹ ਵੀ ਤੇਰਾ ਸਰੂਪ ਨਹੀਂ। ਕਿਉਂਕਿ ਇਹ ਜੜ੍ਹ ਹਨ,

ਤੇਰਾ ਆਤਮਾ ਚੇਤਨ ਹੈ। ਰਾਤ ਨੂੰ ਸੁੱਤੇ ਪਏ ਮਨੁੱਖ ਦੇ ਪ੍ਰਾਣ ਤਾਂ ਚਲਦੇ ਰਹਿੰਦੇ ਹਨ, ਪਰ ਕੋਲੋਂ ਹੀ ਚੋਰ ਸਾਮਾਨ ਚੁੱਕ ਕੇ ਲੈ ਜਾਂਦੇ ਹਨ। ਪ੍ਰਾਣ ਉਨ੍ਹਾਂ ਨੂੰ ਰੋਕ ਨਹੀਂ ਸਕਦੇ। ਇਸ ਕਰ ਕੇ ਤੇਰਾ ਸਰੂਪ ਨਹੀਂ ਹਨ। ਇਸ ਤੋਂ ਅੱਗੇ ਮਨ ਹੈ ਜੋ ਦੇਖਣ, ਸੁੰਘਣ, ਸੁਣਨ ਤੇ ਸਪਰਸ਼ ਆਦਿਕ ਧਰਮਾਂ ਤੋਂ ਰਹਿਤ ਹੈ। ਕੇਵਲ ਸੰਕਲਪ ਵਿਕਲਪ ਉਠਾਉਣਾ ਹੀ ਇਸ ਦਾ ਸਰੂਪ ਹੈ। ਇੱਕ ਛਿਨ ਵਿੱਚ ਹਜ਼ਾਰਾਂ ਮੀਲਾਂ ਦੀ ਸੈਰ ਕਰ ਕੇ ਫੇਰ ਵਾਪਸ ਆ ਜਾਂਦਾ ਹੈ। ਇਸ ਦੀ ਵੀ ਦਸ਼ਾ ਇੱਕ ਰਸ ਨਹੀਂ ਰਹਿੰਦੀ, ਹਾਲਤ ਬਦਲਦੀ ਰਹਿੰਦੀ ਹੈ। ਕਦੇ ਮਲੀਨ ਤੇ ਕਦੇ ਸ਼ੁੱਧ ਹੁੰਦਾ ਹੈ। ਇਹ ਵੀ ਤੇਰਾ ਆਪਣਾ ਸਰੂਪ ਨਹੀਂ। ਇਉਂ ਸਰੀਰ ਪ੍ਰਾਣ ਤੇ ਮਨ ਇਹਨਾ ਤਿੰਨਾ ਵਿੱਚ ਛੇ ਦੋਸ਼ ਹਨ। 'ਜਨਮ' ਤੇ 'ਮਰਨ' ਅਸਥੂਲ ਸਰੀਰ ਵਿੱਚ ਹੈ। 'ਭੁਖ' ਤੇ 'ਪਿਆਸ' ਪ੍ਰਾਣਾ ਦਾ ਧਰਮ ਹੈ, 'ਹਰਖ ਸੋਗ' ਤੇ 'ਰਾਗ ਦ੍ਵੈਸ਼' ਮਨ ਦਾ ਸਰੂਪ ਹੈ। ਤੇਰਾ ਆਤਮਾ ਇਨ੍ਹਾਂ ਤੋਂ ਪਰੇ ਹੈ, ਜੋ ਸਦਾ ਅਚੱਲ ਤੇ ਅਖੰਡ ਹੈ, ਮਨ ਅਤੇ ਇੰਦ੍ਰੀਆਂ ਦਾ ਪ੍ਰੇਰਕ ਹੈ ਜੋ ਮਨ ਦੇ ਫੁਰਨੇ ਨੂੰ ਪ੍ਰਕਾਸ਼ਦਾ ਹੈ। ਸਾਰਿਆਂ ਵਿੱਚ ਵਿਆਪਕ ਹੁੰਦਾ ਹੋਇਆ ਵੀ ਸਭ ਤੋਂ ਅਸੰਗ ਤੇ ਨਿਰਲੇਪ ਹੈ। ਕਿਸੇ ਇੰਦਰੇ ਦਾ ਵਿਸ਼ਾ ਨਹੀਂ। ਸੂਖਮ ਤੋਂ ਸੂਖਮ ਹੈ। ਆਤਮ ਵਿਸ਼ੈਣੀ ਬੁਧਿ ਨਾਲ ਅਨੁਭਵ ਕਰੀਦਾ ਹੈ, ਜਿਸ ਦੇ ਆਸਰੇ ਤੇ ਸੱਤਾ ਨੂੰ ਪਾ ਕੇ ਜੜ੍ਹ ਚੀਜ਼ਾਂ ਦੀ ਚੇਤਨਤਾ ਨੂੰ ਪਾਉਂਦੀਆਂ ਹਨ। ਇਹ ਨਿਰਵਿਕਾਰ ਤੇ ਅਬਿਨਾਸ਼ੀ ਹੈ।

ਸਲੋਕ: ਇੰਦ੍ਰਿਯੇ ਭਯ: ਪਰਾ ਹੀ ਅਰਥਾ ਅਰਥੇ ਭਯ: ਚ ਪਰੰ ਮਨ:

ਮਨਸ: ਤੂ ਪਰਾ ਬੁਧੀ: ਬੁਧੇ: ਆਤਮਾ ਮਹਾਨ ਪਰ:

ਅਰਥ: ਇੰਦ੍ਰੀਆਂ ਤੋਂ ਪਰੇ ਸ਼ਬਦ ਸਪਰਸ਼ ਆਦਿ ਵਿਸ਼ੇ ਹੈ। ਵਿਸ਼ਿਓਂ ਸੇ ਪਰੇ ਮਨ, ਮਨ ਸੇ ਪਰੇ ਬੁੱਧੀ, ਔਰ ਬੁੱਧੀ ਤੋਂ ਪਰੇ ਮਹੀਤਤ੍ਵ: ਸੇ ਪਰੇ ਮਾਯਾ, ਮਾਯਾ ਸੇ ਪਰੇ ਪ੍ਰਮਾਤਮਾ ਹੈ।

ਜਦੋਂ ਬੁੱਧੀ ਨਾਲ ਉਸ ਆਤਮਾ ਦਾ ਸਬੰਧ ਹੁੰਦਾ ਹੈ, ਉਹ ਸਬੰਧ ਵੀ ਕਲਪਤ ਹੈ ਵਾਸਤਵ ਨਹੀਂ। ਬੁੱਧੀ ਦਾ ਸਬੰਧ ਮਨ ਨਾਲ ਹੁੰਦਾ ਹੈ। ਮਨ ਦਾ ਸਬੰਧ ਇੰਦ੍ਰੀਆਂ ਨਾਲ ਹੁੰਦਾ ਹੈ। ਇੰਦ੍ਰੀਆਂ ਦਾ ਪਦਾਰਥਾਂ ਨਾਲ ਸੰਜੋਗ ਹੁੰਦਾ ਹੈ ਜਿਸ ਕਰ ਕੇ ਫੇਰ ਸੰਸਾਰ ਸੱਤ ਭਾਸਣ ਲੱਗ ਜਾਂਦਾ ਹੈ।

ਇੰਦ੍ਰੀਆਂ ਨਾਲੋਂ ਮਨ ਦਾ ਸਬੰਧ ਤੋੜ ਕੇ ਆਪਣੇ ਆਤਮਾ ਨਾਲ ਜੋੜ ਲਵੇ ਫੇਰ ਸੰਸਾਰਪਣਾ ਆਪੇ ਹੀ ਮਿਟ ਜਾਂਦਾ ਹੈ। ਦ੍ਵੈਤ ਦੇ ਸੰਗਲ ਟੁੱਟ ਜਾਂਦੇ ਹਨ। ਰਾਗ ਦ੍ਵੈਸ਼ ਦਾ ਬਨਾਓ ਦੂਰ ਹੋ ਜਾਂਦਾ ਹੈ। ਆਪਣੇ ਆਤਮਾ ਨੂੰ ਸਾਰੇ ਵਿਆਪਕ ਦੇਖਦਾ ਹੋਇਆ ਪੂਰਨ ਨੇਸ਼ਟਾ ਦੁਆਰਾ ਮਨ ਦੀ ਸ਼ਾਂਤੀ ਪਾ ਕੇ ਪੂਰਨ ਜੀਵਨ ਮੁਕਤੀ ਦਾ ਅਨੰਦ ਮਾਣਦਾ ਹੈ।

ਜੀਵਨ ਮੁਕਤੀ ਦੇ ਪੰਜ ਪ੍ਰਕਾਰ ਦੇ ਫ਼ਲ

੧. 'ਗਿਆਨ ਦੀ ਸੰਭਾਲ' ਭਾਵ ਵਿਵਹਾਰ ਕਾਰ ਸਮੇਂ ਵੀ ਆਪਣੇ ਸਰੂਪ ਦਾ ਚਿੰਤਨ ਕਰੀ ਜਾਣਾ ਕਿਸੇ ਸਮੇਂ ਨਾ ਭੁੱਲਣਾ।

੨. 'ਤਪ' ਜੋ ਹਰ ਪ੍ਰਕਾਰ ਦੀ ਤ੍ਰਿਸ਼ਨਾ ਅਤੇ ਵਾਸ਼ਨਾ ਤੋਂ ਰਹਿਤ ਹੋਣਾ ਹੈ। ਏਹੋ ਹੀ ਸਭ ਤੋਂ ਵੱਡਾ ਤਪ ਹੈ ਭਾਵ ਹਰੇਕ ਵਸਤੂ ਤੋਂ ਅਸੰਗ ਨਿਵਿਰਤ ਰਹਿ ਕੇ ਜੀਵਨ ਮੁਕਤੀ ਦਾ ਆਨੰਦ ਮਾਨਣਾ ਇਹ ਮਹਾਨ ਤਪੱਸਿਆ ਹੈ।

੩. 'ਸਮ ਭਾਵ' ਹਰ ਇੱਕ ਨਾਲ ਵਾਦ ਵਿਵਾਦ ਤੋਂ ਰਹਿਤ ਹੋ ਕੇ ਮੈਤ੍ਰੀ ਭਾਵ ਰਖਣਾ। ਕਿਸੇ ਵਸਤੂ ਪਰ ਹਠ ਨਹੀਂ ਕਰਣਾ, ਜਿਵੇਂ ਕੋਈ ਕਹੇ ਉਸੇ ਤਰ੍ਹਾ ਸੱਤ ਕਰ ਕੇ ਮੰਨ ਜਾਣਾ।

੪ ਦੁਖ ਦਾ ਅਭਾਵ ਇਹ ਚੌਥਾ ਫ਼ਲ ਹੈ, ਉਨ੍ਹਾਂ ਨੂੰ ਕਿਸੇ ਪ੍ਰਕਾਰ ਵੀ ਦੁਖ ਨਹੀਂ ਭਾਸਦਾ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥

(ਸੋਰਠਿ ਮਃ ੯ - ੬੩੩)

੫. ਸੁੱਖ ਆਵਾਰ ਭਾਵ ਅਰਥਾਤ ਹਰ ਸਮੇਂ ਮਨ ਦੀ ਪ੍ਰਸੰਨਤਾ, ਪੂਰਨ ਖ਼ੁਸ਼ੀ ਤੇ ਆਪਣੇ ਅਨੰਦ ਵਿੱਚ ਮਸਤ ਰਹਿਣਾ।

ਯਥਾ: ਆਏ ਕੋ ਹਰਖ ਨਹੀ ਗਏ ਕੋ ਸ਼ੋਕ ਨਹੀਂ ਕੈਸੋ ਨਿਰਦੁੰਦ ਭਯੋ ਸਮਝਨੇ ਕੀ ਬਾਤ ਹੈ।
ਦੇਹ ਨੇਹੁ ਨੇਰੇ ਨਾਹੀ ਲਖਮੀ ਕੋ ਹੇਰੇ ਨਾਹੀ ਮਨ ਕਹੂੰ ਫੇਰੇ ਨਾਹੀ ਪਾਹਨ ਸਮ ਗਾਤ ਹੈ।
ਲੋਗਨ ਕੀ ਰੀਤ ਨਹੀ ਕਾਹੂੰ ਸੋ ਪ੍ਰੀਤਿ ਨਹੀਂ ਹਰ ਨਹੀ ਜੀਤ ਨਹੀ ਵਰਣ ਹੈ ਨ ਜਾਤ ਹੈ।
ਐਸੋ ਜਬ ਗਿਆਨ ਹੋਤ ਤਬਹਿ ਕੁਛ ਧਿਆਨ ਹੋਤ ਬ੍ਰਹਮ ਕੇ ਸਮਾਨ ਹੋਤ ਬ੍ਰਹਮ ਮੇ ਸਮਾਤ ਹੈ।
ਫੇਰ ਏਸ ਅਨੰਦ ਦਾ ਵਰਣਨ ਨਹੀਂ ਕੀਤਾ ਜਾ ਸਕਦਾ ਕਿ ਕਿਹੋ ਜਿਹਾ ਹੈ।

ਯਥਾ: ਨਚ ਸੁਖੰ ਦੇਵ ਰਾਜਸਯ ਨਚ ਸੁਖੰ ਚਕ੍ਰਵਰਤੀਨ: ਯਤ੍ਰ ਸੁਖੰ ਵੀਤਰਾਗਸਯ ਮੁਨੇਰੇ ਕਾਂਤ ਵਾਂਸਿਨ:

ਭਾਵ ਇਹੋ ਜਿਹਾ ਸੁੱਖ ਦੇਵਲੋਕ ਦੇ ਰਾਜਾ ਇੰਦ੍ਰ ਨੂੰ ਵੀ ਨਹੀਂ ਅਤੇ ਨਾਹੀ ਚੱਕ੍ਰਵਰਤੀ ਬਾਦਸ਼ਾਹ ਨੂੰ ਹੀ ਹੈ। ਜਿਹੋ ਜਿਹਾ ਸੁੱਖ ਇਕਾਂਤ ਵਾਸੀ ਬ੍ਰਹਮ ਚਿੰਤਨ ਕਰਨ ਵਾਲੇ ਬੀਤਰਾਗ ਮਹਾਤਮਾ ਨੂੰ ਹੈ।

ਹਰ ਸਮੇਂ ਗੁਰੂ ਕਾ ਲੰਗਰ

ਪਿਛੇ ਦੱਸ ਚੁਕੇ ਹਾਂ ਕਿ ਸਭ ਤੋਂ ਪਹਿਲਾਂ ਰਾੜੇ ਦੀ ਢੱਕੀ ਸੰਤ ਜੀ ਮਹਾਰਾਜ ਦੇ ਪਾਵਨ ਚਰਨਾਂ ਵਿੱਚ ਵੱਡੇ ਸਾਹਿਬਾਂ ਤੋਂ ਵਰੋਸਾਏ ਜਹਾਂਗੀਰ ਪਿੰਡ ਦੇ ਗੁਰਬਚਨ ਸਿੰਘ (ਭਾਈ ਜੀ) ਆਏ। ਉਸ ਤੋਂ ਬਾਅਦ ਫੇਰ ਹੋਰ ਸੱਜਣ ਆਉਣੇ ਸ਼ੁਰੂ ਹੋ ਗਏ, ਜਿਨ੍ਹਾਂ ਵਿੱਚ ਘਣਗਸਾਂ ਪਿੰਡ ਦੇ ਬਾਬਾ ਨਰੈਣ ਸਿੰਘ ਵੀ ਆਇਆ ਕਰਦੇ ਸਨ। ਕੁੱਝ ਕੁ ਦਿਨ ਤਾਂ ਸ਼ਾਮ ਨੂੰ ਕੀਰਤਨ ਸੁਣ ਕੇ ਵਾਪਸ ਪਿੰਡ ਚਲੇ ਜਾਂਦੇ ਰਹੇ। ਸਵੇਰੇ ਫੇਰ ਸਮੇਂ ਸਿਰ ਆ ਜਾਣਾ। ਉਪਰੰਤ ਚਰਨਾਂ ਵਿੱਚ ਹੀ ਆ ਟਿਕੇ ਅਤੇ ਲੰਗਰ ਦੀ ਸੇਵਾ ਸੰਭਾਲ ਲਈ ਹਜ਼ੂਰ ਨੇ ਇਨ੍ਹਾਂ ਨੂੰ ਵੱਡੇ ਲਾਂਗਰੀ ਅਰਥਾਤ ਲੰਗਰ ਦੇ ਇਨਚਾਰਜ (ਸ੍ਰੀਮਾਨ) ਬਣਾ ਦਿੱਤਾ ਅਤੇ ਹੋਰ ਸੇਵਾਦਾਰ ਵੀ ਇਨ੍ਹਾਂ ਨਾਲ ਲਾ ਦਿੱਤੇ। ਜ਼ੁੰਮੇਵਾਰੀ ਇਨ੍ਹਾਂ ਦੀ ਹੀ ਸੀ। ਸੰਤ ਜੀ ਮਹਾਰਾਜ ਦਾ ਹੁਕਮ ਸੀ ਇਹ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਲੰਗਰ ਹੈ। ਏਥੇ ਕੋਈ ਕਿਸੇ ਸਮੇਂ ਆ ਜਾਵੇ ਭੁੱਖਾ ਨਾ ਮੁੜੇ। ਚਾਹੇ ਉਸ ਨੂੰ ਖਾਣ ਵਾਸਤੇ ਕੁੱਝ ਵੀ ਦਿਓ, ਪਰ ਭੁੱਖਿਆਂ ਨਾ ਮੋੜੋ।

ਤਿੰਨ ਸਮੇਂ ਘੰਟੀ ਵਜਾ ਕੇ ਪੰਗਤਾਂ ਲੱਗ ਜਾਂਦੀਆਂ ਜਿਸ ਵਿੱਚ ਲੋੜ ਅਨੁਸਾਰ ਸਭਨਾ ਨੂੰ ਚਾਹ, ਲੱਸੀ ਤੇ ਪ੍ਰਸ਼ਾਦਾ ਮਿਲਦਾ। ਹੋਰ ਤਾਂ ਸਾਰੇ ਗੁਰਮੁਖ ਦੁਪਹਿਰ ਨੂੰ ਪ੍ਰਸ਼ਾਦ ਛੱਕ ਕੇ ਥੋੜ੍ਹਾ ਬਹੁਤਾ ਸਮਾਂ ਆਰਾਮ ਕਰ ਲੈਂਦੇ ਪਰ ਇਨ੍ਹਾਂ ਦੀ ਲੰਗਰ ਵਿੱਚ ਡਿਊਟੀ ਸੀ, ਜਿਸ ਕਰ ਕੇ ਹਾਜ਼ਰ ਹੀ ਰਹਿਣਾ ਪੈਂਦਾ। ਲੰਗਰ ਦੇ ਕਮਰੇ ਅੱਗੇ ਪੰਗਤ ਲੱਗਣ ਵਾਸਤੇ ਇੱਕ ਛੋਟਾ ਜਿਹਾ ਵੇਹੜਾ ਸੀ, ਜਿਸ ਦੇ ਚੁਫੇਰੇ ਚਾਰ ਚਾਰ ਪੰਜ ਪੰਜ ਫੁੱਟ ਉੱਚੀ ਚਾਰ ਦੀਵਾਰੀ ਕੀਤੀ ਸੀ। ੧੯੨੮ ਈ. ਦੇ ਮਾਰਚ ਮਹੀਨੇ ਦੁਪਹਿਰ ਦੇ ਸਮੇਂ ਬਾਬਾ ਨਰੈਣ ਸਿੰਘ ਦੇ ਪਾਸ ਇੱਕ ਸਾਧੂ ਆਇਆ। ਜਿਸ ਦੇ ਇਹ ਬਚਨ ਸਨ 'ਪ੍ਰਸ਼ਾਦਾ, ਚਾਹ, ਲੱਸੀ' ਉਸ ਚਾਰ ਦੀਵਾਰੀ ਦੇ ਉੱਪਰ ਦੀ ਝਾਤ ਪਾਉਂਦਿਆਂ ਅਤੇ ਬੋਲਦਿਆਂ ਹੀ ਤੁਰੇ ਆਉਣਾ ਪਰ ਰੁਕਣਾ ਨਹੀਂ। ਜੇ ਚੀਜ਼ ਮਿਲ ਜਾਣੀ ਤਾਂ ਆਪਣੀ ਜ਼ਰ ਖਾਧੀ ਟੀਨ ਦੀ ਬਾਲਟੀ ਅੱਗੇ ਕਰ ਕੇ ਪਵਾ ਲੈਣੀ, ਨਹੀਂ ਤਾਂ ਉਸੇ ਤਰ੍ਹਾਂ ਬੋਲਦੇ ਬੋਲਦੇ ਜਿੱਥੇ ਪਸ਼ੂਆਂ ਵਾਸਤੇ ਦਾਣਾ ਭਿਓਂਤਾ ਹੁੰਦਾ, ਜਿਸ ਵਿੱਚ ਭਾਂਡਿਆਂ ਦਾ ਧੋਣ ਤੇ ਜੂਠੇ ਟੁੱਕਰ ਪਏ ਹੁੰਦੇ, ਉਸ ਵਿੱਚੋਂ ਸੁਕੇ ਗਿੱਲੇ ਰੋਟੀ ਦੇ ਟੁਕੜੇ ਕੱਢ ਕੇ ਆਪਣੀ ਬਾਲਟੀ ਵਿੱਚ ਪਾਕੇ ਤੁਰ ਜਾਣਾ। ਫੇਰ ਪਤਾ ਨਹੀਂ ਲੱਗਦਾ ਕਿਧਰ ਚਲਾ ਗਿਆ। ਪੰਜ ਸੱਤ ਦਿਨ ਛੱਡ ਕੇ ਦੇਵ ਨੇਤ ਨਾਲ ਉਸੇ ਦਿਨ ਫੇਰ ਆਉਣਾ, ਜਿਸ ਦਿਨ ਕੁਦਰਤੀ ਬਾਹਰੋਂ ਬਹੁਤੀ ਸੰਗਤ ਆ ਜਾਣ ਦੇ ਕਾਰਨ ਲੰਗਰ ਵਿੱਚ ਪ੍ਰਸ਼ਾਦੇ ਸਮਾਪਤ ਹੋ ਜਾਂਦੇ। ਪਹਿਲਾਂ ਵਾਂਗ ਪੁੱਛ ਕੇ ਉਸੇ ਸਮੇਂ ਵਾਪਸ ਮੁੜ ਜਾਣਾ ਠਹਿਰਨਾ ਨਹੀਂ। ਹੋਰ ਕੁਛ ਨਹੀਂ ਆਖਣਾ। 'ਕੱਲ ਦੀ ਰੋਟੀ, ਪਰਸੋਂ ਦੀ ਰੋਟੀ, ਲੱਸੀ, ਚਾਹ' ਇਉਂ ਬੋਲਦੇ ਬੋਲਦੇ ਤੁਰੀ ਜਾਣਾ। ਜਦੋਂ ੧੦-੧੨ ਦਿਨਾਂ ਵਿੱਚ ਦੂਜੀ ਵਾਰ ਆ ਚੁੱਕਾ ਤਾਂ ਤੀਜੀ ਵਾਰ ਆਉਣ ਤੋਂ ਪਹਿਲਾਂ ਬਾਬਾ ਸ੍ਰੀਮਾਨ ਜੀ ਨੇ ਵੱਡੇ ਸੰਤ ਜੀ ਮਹਾਰਾਜ ਦੇ ਪਾਸ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਪੰਜੀਂ ਸੱਤੀਂ ਦਿਨੀਂ ਸਿਰੋਂ ਨੰਗਾ, ਲੱਕ ਨੂੰ ਖੱਦਰ ਦਾ ਪਰਨਾ ਬੰਨ੍ਹਿਆਂ, ਗਲ ਵਿੱਚ ਵੀ ਕੁਛ ਨਹੀਂ ਪਾਇਆ, ਹੱਥ ਵਿੱਚ ਚਿਮਟਾ ਪਕੜੀ, ਨੰਗੇ ਪੈਰੀਂ ਦੂਰੋਂ ਹੀ ਬੋਲਦਾ ਇੱਕ ਸਾਧੂ ਆਉਂਦਾ ਹੈ ਅਤੇ ਬੋਲਦਾ ਹੀ ਤੁਰੀ ਜਾਂਦਾ ਹੈ। ਜੇ ਕਹੀਏ ਬਾਬਾ ਜੀ ਠਹਿਰੋ! ਪ੍ਰਸ਼ਾਦਾ ਹੁਣੇ ਹੀ ਤਿਆਰ ਕਰ ਦੇਂਦੇ ਹਾਂ, ਤਾਂ ਰੁਕਦਾ ਨਹੀਂ। ਪਸ਼ੂਆਂ ਦੇ ਦਾਣੇ ਵਿੱਚੋਂ ਪ੍ਰਸ਼ਾਦਿਆਂ ਦੇ ਭੋਰੇ ਲੈ ਕੇ ਤੁਰ ਜਾਂਦਾ ਹੈ।" ਹਜ਼ੂਰ ਨੇ ਉੱਤਰ ਦਿੱਤਾ, "ਏਹ ਤੁਹਾਡਾ ਲੰਗਰ ਦੇਖਣ ਆਉਂਦਾ ਹੈ ਕਿ ਹਰ ਸਮੇਂ ਚੱਲਦਾ ਹੈ ਕਿ ਨਹੀਂ? ਤੁਹਾਡੇ ਬਜ਼ੁਰਗਾਂ ਦੇ ਲੰਗਰ ਵਿੱਚ ਤਾਂ ਪੈਂਤੀ ਪੈਂਤੀ ਮਣ ਲੂਣ ਇੱਕ ਦਿਨ ਲੱਗਦਾ ਸੀ। ਤੁਸੀਂ ਦਸ ਸੇਰ ਆਟਾ ਨਹੀਂ ਪਕਾ ਕੇ ਰਖ ਸਕਦੇ? ਅੱਜ ਤੋਂ ਕਿਸੇ ਵੀ ਸਾਧੂ ਨੂੰ ਖਾਲੀ ਨਹੀਂ ਮੋੜਨਾ। ਕੀ ਪਤਾ ਹੈ ਪ੍ਰਮੇਸ਼ਰ ਕਿਸ ਰੂਪ ਵਿੱਚ ਆ ਜਾਵੇ?

ਤੁਲਸੀ ਇਸ ਸੰਸਾਰ ਮੇ ਸਭ ਸੋਂ ਮਿਲੀਐ ਧਾਇ। ਨਾ ਜਾਣੇ ਕਿਸ ਰੂਪ ਮੇ ਨਾਰਾਇਣ ਮਿਲਿਹੈ ਆਇ।

ਲੰਗਰ ਅਤੇ ਯੱਗ ਦੀ ਸਫ਼ਲਤਾ ਵੀ ਇਸੇ ਵਿੱਚ ਹੈ ਕਿ ਕੋਈ ਲੋੜਵੰਦ ਭੁਖਾ ਨਾ ਮੁੜੇ। ਬਾਲਮੀਕ ਦੇ ਭੋਜਨ ਛਕੇ ਬਿਨਾਂ ਪਾਂਡਵਾਂ ਦਾ ਯੱਗ ਸੰਪੂਰਨ ਨਹੀਂ ਹੋਇਆ।

ਕੀਆ ਯੁਧਿਸ਼ਟਰ ਯੱਗ, ਬਟੋਰਾ ਸਕਲ ਸਮਾਜਾ। ਮਲਿਆ ਸਭ ਕਾ ਮਾਣ, ਸੁਪਚ ਬਿਨ ਘੰਟ ਨ ਬਾਜਾ।

ਹੁਣ ਜਦੋਂ ਵੀ ਉਹ ਸਾਧੂ ਉਸ ਸਮੇਂ ਜੋ ਕੁੱਝ ਵੀ ਹਾਜ਼ਰ ਹੋਵੇ ਦੇ ਦੇਣਾ ਖ਼ਾਲੀ ਨਹੀਂ ਮੋੜਨਾਂ ਭੇਖ ਦਾ ਸਤਿਕਾਰ ਕਰਨਾ। ਬਾਬਾ ਸ੍ਰੀਮਾਨ ਜੀ ਨੇ ਇਹ ਬਚਨ ਸੁਣ ਕੇ ਸਿਰ ਝੁਕਾਇਆ ਤੇ ਆਪਣੀ ਡਿਊਟੀ ਤੇ ਵਾਪਸ ਆ ਗਏ

ਸਾਧ ਨਦੀ ਅਰੁ ਮੇਘਲਾ ਚਲੇ ਭੁਯੰਗਮ ਚਾਲ। ਰਜਬ ਜਹ ਜਹ ਪਗ ਧਰਹਿ ਤਹਿ ਤਹਿ ਕਰਤ ਨਿਹਾਲ।

ਦਰਿਆ ਚਲਤਾ ਰਹੇ ਬਿਹਤਰ। ਸਾਧੂ ਰਮਤਾ ਰਹੇ ਬਿਹਤਰ।

ਦੂਜੇ ਤੀਜੇ ਦਿਨ ਉਸੇ ਸਮੇਂ ਦੁਪਹਿਰ ਨੂੰ ਉਹ ਸਾਧੂ ਫੇਰ ਆ ਗਿਆ ਅਤੇ 'ਚਾਹ, ਲੱਸੀ, ਰੋਟੀ ਅੱਜ ਦੀ ਹੋਵੇ ਕੱਲ੍ਹ ਦੀ ਹੋਵੇ ਪਰਸੋਂ ਦੀ ਪਈ ਹੋਵੇ' ਕਹਿੰਦਾ ਤੁਰਿਆ ਗਿਆ। ਕੁਦਰਤੀ ਉਸ ਵਕਤ ਵੀ ਪ੍ਰਸ਼ਾਦਾ ਨਹੀਂ ਸੀ। ਸ੍ਰੀਮਾਨ ਨੇ ਦੌੜ ਕੇ ਅੰਦਰੋਂ ਸੁੱਕੇ ਆਟੇ ਦੀ ਥਾਲੀ ਭਰ ਕੇ ਉੱਪਰ ਗੁੜ ਰੱਖ ਲਿਆ ਅਤੇ ਆਖਿਆ, "ਲਓ ਬਾਬਾ ਜੀ!" ਉਸ ਮਹਾਂਪੁਰਸ਼ ਨੇ ਆਪਣੀ ਬਾਲਟੀ ਅੱਗੇ ਕਰ ਦਿੱਤੀ। ਗੁੜ ਤੇ ਆਟਾ ਪਵਾ ਕੇ ਉਸੇ ਸਮੇਂ ਉੱਥੇ ਖੜ੍ਹੇ ਹੀ ਘੋਲ ਕੇ ਪੀ ਗਏ ਅਤੇ ਮੁੜ ਫੇਰ ਕਦੇ ਨਹੀਂ ਆਏ। ਏਧਰੋਂ ਸੰਤਾਂ ਦੇ ਹੁਕਮ ਅਨੁਸਾਰ ਉਸ ਦਿਨ ਤੋਂ ਬਾਅਦ ਸ੍ਰੀਮਾਨ ਨੇ ਵੀ ਪ੍ਰਣ ਕਰ ਲਿਆ ਚਾਹੇ ਕੋਈ ਸਮਾਂ ਹੈ, ਦਿਨ ਜਾਂ ਰਾਤ, ਜਦੋਂ ਵੀ ਲੰਗਰ ਸਮਾਪਤ ਹੁੰਦਾ ਦਿਸੇ ਉਸੇ ਸਮੇਂ ਹੋਰ ਪਕਾ ਕੇ ਰੱਖ ਲੈਣਾ। ਇਉਂ ਦਸ ਵੀਹ ਸਰੀਰਾਂ ਦੇ ਪ੍ਰਸ਼ਾਦੇ ਹਰ ਸਮੇਂ ਤਿਆਰ ਰਖਣੇ। ਕਈ ਦਿਨਾਂ ਬਾਅਦ ਸੰਤ ਜੀ ਮਹਾਰਾਜ ਨੇ ਪੁੱਛਿਆ, "ਉਹ ਫ਼ਕੀਰ ਫੇਰ ਕਦੇ ਨਹੀਂ ਆਇਆ?" ਇਨ੍ਹਾਂ ਨੇ ਗੁੜ ਤੇ ਆਟਾ ਦੇਣ ਵਾਲੀ ਸਾਰੀ ਗੱਲ ਦੱਸੀ ਤੇ ਕਿਹਾ, "ਮਹਾਰਾਜ! ਉਸ ਦਿਨ ਤੋਂ ਬਾਅਦ ਮੁੜ ਕੇ ਨਹੀਂ ਆਇਆ।" ਹਜ਼ੂਰ ਕਹਿਣ ਲੱਗੇ, "ਇਹ ਲੰਗਰ ਗੁਰੂ ਨਾਨਕ ਦਾ ਹੈ ਜਿਨ੍ਹਾਂ ਨੇ ਝੜੀ ਲੱਗਣ ਸਮੇਂ ਕਰਤਾਰਪੁਰ ਸਾਹਿਬ ਸੰਗਤ ਨੂੰ ਭੁਖੀ ਜਾਣ ਕੇ ਬ੍ਰਿਛਾਂ ਤੋਂ ਲੁਹਾ ਕੇ ਮਠਿਆਈ ਛਕਾਈ ਸੀ। ਫੇਰ ਉਸ ਦੇ ਲੰਗਰ ਵਿੱਚੋਂ ਕੋਈ ਲੋੜਵੰਦ ਭੁਖਾ ਕਿਉਂ ਮੁੜੇ? ਹਰੇਕ ਨੂੰ ਚਾਹ ਰੋਟੀ ਦੁਆਰਾ ਪ੍ਰਸੰਨ ਕਰੋ। ਦੂਜੇ ਦੇ ਮਨ ਦੀ ਪ੍ਰਸੰਨਤਾ ਲੈਣੀ ਹੀ ਸਭ ਤੋਂ ਵੱਡਾ ਪੁੰਨ ਹੈ। ਕਿਸੇ ਮਹਾਂਪੁਰਸ਼ ਨੇ ਕਥਨ ਕੀਤਾ ਹੈ:

ਕਿਸੇ ਵੀ ਸਗੇ ਨੇ ਕਵੀ ਗੁੰਮ ਨ ਕਰਦ। ਕੁੰਜਾ ਗੁੰਮ ਸਬਦ ਬਾ ਨੇਕ ਮਰਦ।

ਅਰਥ: ਕੁੱਤੇ ਦੀ ਸੇਵਾ ਕੀਤੀ ਵੀ ਪ੍ਰਮੇਸ਼ਰ ਗੁੰਮ ਨਹੀਂ ਕਰਦਾ ਫੇਰ ਮਹਾਤਮਾ ਜਨਾਂ ਦੀ ਸੇਵਾ ਕੀਤੀ ਕਿਵੇਂ ਗੁੰਮ ਕਰ ਸਕਦਾ ਹੈ? ਸਾਧੂ ਬਾਣੇ ਦਾ ਤਾਂ ਖ਼ਾਸ ਕਰ ਕੇ ਧਿਆਨ ਰਖਣਾ ਚਾਹੀਦਾ ਹੈ ਕਿਉਂਕਿ ਸਾਧੂ ਦੀ ਪਰਖ ਹੀ ਉਸ ਦੇ ਲਿਬਾਸ ਤੋਂ ਹੁੰਦੀ ਹੈ। ਭੇਖ ਤੋਂ ਬਿਨਾਂ ਉਸ ਨੂੰ ਕੋਈ ਪਛਾਣ ਨਹੀਂ ਸਕਦਾ। ਸਾਧੂ ਨੂੰ ਵੀ ਆਪਣੇ ਸਰੀਰ ਤੇ ਫ਼ਕੀਰੀ ਦਾ ਚਿੰਨ੍ਹ ਧਾਰਨਾ ਚਾਹੀਦਾ ਹੈ। ਜਿਵੇਂ ਫ਼ਕੀਰੀ ਬਾਣੇ ਬਿਨਾਂ ਫਰੀਦ ਜੀ ਦਾ ਨਿਰਾਦਰ ਹੋਇਆ ਸੀ। ਉਹ ਪ੍ਰਸੰਗ ਇਸ ਪ੍ਰਕਾਰ ਹੈ:

ਫ਼ਕੀਰੀ ਤੇ ਬਾਣਾ

ਇੱਕ ਸਮੇਂ ਆਪਣੀ ਫਟੀ ਪੁਰਾਣੀ ਟਾਕੀਆਂ ਵਾਲੀ ਭਾਰੀ ਗੋਦੜੀ ਨੂੰ ਦੇਖ ਕੇ ਫ਼ਰੀਦ ਜੀ ਕਹਿਣ ਲੱਗੇ ਕਿ ਮੈਂ ਘਰ ਬਾਰ ਛੱਡਿਆ, ਜੰਗਲ ਬੇਲੇ ਮੱਲੇ, ਪ੍ਰਵਾਰ ਦਾ ਮੋਹ ਤਿਆਗਿਆ, ਰੋਹੀਆਂ ਦੀ ਖਾਕ ਛਾਣੀ, ਗ਼ਰਮੀ ਸਰਦੀ ਨਾਲ ਪਿੰਡਾ ਫੂਕਿਆ, ਪੇਟ ਤੇ ਕਾਠ ਦੀ ਰੋਟੀ ਬੰਨ੍ਹ ਕੇ ਫਿਰਿਆ ਪਰ ਫੇਰ ਵੀ ਅਜੇ ਤੱਕ ਮੌਲਾ ਦਾ ਦੀਦਾਰ ਨਾ ਹੋਇਆ।

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥ (ਸਲੋਕ ਸੇਖ ਫਰੀਦ ਜੀ - ੧੩੮੨)

ਪਰ ਮੈਂ ਆਹ ਕਾਹਨੂੰ ਲੀਰਾਂ ਦੀ ਭਾਰੀ ਪੰਡ ਚੁਕੀ ਫਿਰਦਾ ਹਾਂ? ਇਹ ਬਚਨ ਸੁਣ ਕੇ ਨਿਰੰਕਾਰ ਵਲੋਂ (ਜੋ ਜ਼ਰ੍ਹੇ ਜ਼ਰ੍ਹੇ ਵਿੱਚ ਵਿਆਪਕ ਹੈ) ਗੋਦੜੀ ਵਿੱਚੋਂ ਆਵਾਜ਼ ਆਈ "ਫਰੀਦਾ! ਭਾਵੇਂ ਮੈਂ ਫਟੀ ਹਾਂ ਪੁਰਾਣੀ ਹਾਂ, ਮੈਲ ਦੀ ਭਰੀ ਤੇ ਲੀਰਾਂ ਦੀ ਪੰਡ ਹਾਂ। ਪਰ ਤੇਰਾ ਮੇਰੇ ਕਰ ਕੇ ਹੀ ਆਦਰ ਹੁੰਦਾ ਹੈ। ਮੈਥੋਂ ਬਿਨਾਂ ਤੇਰੀ ਬੁਰੀ ਹਾਲਤ ਹੋ ਜਾਵੇਗੀ। ਫੇਰ ਤਾਂ ਤੈਨੂੰ ਕਿਸੇ ਪੁੱਛਣਾ ਤੱਕ ਵੀ ਨਹੀਂ। ਇੱਕ ਮੈਂ ਹੀ ਕੇਵਲ ਤੈਨੂੰ ਫ਼ਕੀਰ ਬਨਾਉਣ ਵਾਲੀ ਹਾਂ।

ਇਹ ਗੱਲ ਸੁਣ ਕੇ ਫਰੀਦ ਜੀ ਬੋਲੇ, "ਮੇਰੇ ਬਿਨਾਂ ਤੇਰਾ ਵੀ ਕੋਈ ਲਾਗੂ ਨਹੀਂ ਹੋਣਾਂ। ਇੱਕ ਮੈਂ ਹੀ ਤੈਨੂੰ ਆਪਣੇ ਗਲ ਲਾਈ ਫਿਰਦਾ ਹਾਂ। ਹੋਰ ਤਾਂ ਕੋਈ ਤੇਰੇ ਵੱਲ ਤੱਕਦਾ ਵੀ ਨਹੀਂ। ਇਉਂ ਪਰਸਪਰ ਕਾਫ਼ੀ ਤਕਰਾਰ ਵਧ ਗਿਆ। ਅਖ਼ੀਰ ਨੂੰ ਫਰੀਦ ਨੇ ਕਿਹਾ ਚੰਗਾ ਫੇਰ ਮੈਂ ਦੇਖਦਾ ਹਾਂ, ਤੇਰੇ ਬਿਨਾਂ ਮੈਨੂੰ ਸਰਦਾ ਹੈ ਕਿ ਨਹੀਂ?" ਇਉਂ ਆਖ ਕੇ ਉਸ ਨੂੰ ਇੱਕ ਕੰਡਿਆਂ ਵਾਲੇ ਝਾੜ ਤੇ ਪਾ ਦਿੱਤਾ ਅਤੇ ਆਪ ਫਰੀਦਕੋਟ ਸ਼ਹਿਰ ਵਿੱਚ ਚਲਾ ਗਿਆ। ਅੱਗੇ ਇੱਕ ਪਠਾਨ ਦਾ ਮਕਾਨ ਬਣ ਰਿਹਾ ਸੀ ਇਸ ਨੂੰ ਦੇਖ ਕੇ ਉਸ ਨੇ ਆਪਣੇ ਨੌਕਰਾਂ ਨੂੰ ਹੁਕਮ ਦਿੱਤਾ ਕਿ ਮਜ਼ਦੂਰਾਂ ਨਾਲ ਇਸ ਤੋਂ ਵੀ ਸ਼ਾਮ ਤੱਕ ਕੰਮ ਲਵੋ। ਇੱਕ ਫ਼ਕੀਰੀ ਦੇ ਚਿੰਨ੍ਹ ਬਿਨਾਂ ਸ਼ਾਮ ਤੱਕ ਪਠਾਨ ਨੇ ਉਨ੍ਹਾਂ ਨੂੰ ਇੱਟਾਂ ਤੇ ਗਾਰਾ ਢੋਣ ਪਰ ਲਾਈ ਰੱਖਿਆ। ਏਸ ਪਠਾਨ ਪ੍ਰਤੀ ਹੀ ਉਨ੍ਹਾਂ ਨੇ (ਜਦੋਂ ਸ਼ਿਕਾਰ ਗਿਆਂ ਘੋੜੇ ਤੋਂ ਡਿੱਗ ਕੇ ਰਕਾਬ ਵਿੱਚ ਪੈਰ ਫਸ ਕੇ ਮਰਿਆ ਸੁਣਿਆਂ) ਸਲੋਕ ਉਚਾਰਨ ਕੀਤਾ ਹੈ:

ਫਰੀਦਾ ਭੰਨੀ ਘੜੀ ਸੁਵੰਨਵੀ ਟੁਟੀ ਨਾਗਰ ਲਜੁ ॥
ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥

(ਸਲੋਕ ਸੇਖ ਫਰੀਦ ਜੀ - ੧੩੮੧)

ਏਧਰ ਫਰੀਦ ਦੇ ਗਏ ਪਿੱਛੋਂ ਵਾਗੀ ਮੁੰਡਿਆਂ ਨੇ ਉਸ ਗੋਦੜੀ ਨੂੰ ਝਾੜ ਤੋਂ ਲਾਹ ਕੇ ਖਿੱਦੋ ਬਣਾ ਲਿਆ ਅਤੇ ਲੱਗੇ ਖੂੰਡੀਆਂ ਨਾਲ ਕੁੱਟਣ। ਜਦੋਂ ਭੁੱਖਣ ਭਾਣੇ ਸ਼ਾਮ ਨੂੰ ਫਰੀਦ ਜੀ ਸ਼ਹਿਰੋਂ ਵਾਪਸ ਮੁੜੇ ਤਾਂ ਮੁੰਡਿਆਂ ਕੋਲੋ ਖੋਹ ਕੇ ਉਸ ਗੋਦੜੀ ਨੂੰ ਪੁਛਿਆ, "ਕਿਉਂ! ਮੈਥੋਂ ਵਿਛੜ ਕੇ ਅੱਜ ਤੇਰੇ ਨਾਲ ਕਿਵੇਂ ਬੀਤੀ?" ਉਸ ਨੇ ਉੱਤਰ ਦਿੱਤਾ, "ਜਿਸ ਤਰ੍ਹਾ ਦਿਨ ਭਰ ਮੈਥੋਂ ਵੱਖ ਹੋ ਕੇ ਤੇਰੇ ਨਾਲ ਬੀਤੀ।" ਇਹ ਗੱਲ ਸੁਣ ਕੇ ਫਰੀਦ ਜੀ ਚੁੱਪ ਹੋ ਗਏ ਤੇ ਮਨ ਵਿੱਚ ਨਿਸ਼ਚਾ ਕੀਤਾ ਕਿ ਫ਼ਕੀਰੀ ਦੇ ਬਾਣੇ ਦਾ ਹੀ ਸਤਿਕਾਰ ਹੈ।

ਮੇਹਰਬਾਨ ਦੇ ਮੇਹਰਾਂ ਭਰੇ ਬਚਨ ਸੁਣ ਕੇ ਬਾਬਾ ਸ੍ਰੀਮਾਨ ਨੇ ਉਸ ਦਿਨ ਤੋਂ ਬਾਅਦ ਗੁਰੂ ਕੇ ਲੰਗਰ ਵਿੱਚੋਂ ਕਿਸੇ ਨੂੰ ਭੁੱਖਿਆਂ ਨਹੀਂ ਮੁੜਣ ਦਿੱਤਾ। ਹਜ਼ੂਰ ਨੇ ਕਿਹਾ ਫਰੀਦ ਜੀ ਦਾ ਇਹ ਸਲੋਕ ਵੀ ਏਹੋ ਹੀ ਭਾਵ ਦਰਸਾਉਂਦਾ ਹੈ।

ਮਿੱਠ ਬੋਲੇ ਨਿਵ ਚਲੇ ਹਥਹੁੰ ਵੀ ਕੁਛ ਦੇਹ ॥
ਫਰੀਦਾ ਰਬ ਤਿਨ੍ਹਾਂ ਕੇ ਬੁਕਲੀ ਜੰਗਲ ਕਿਆ ਢੂਢੇਹ ॥

ਸਾਧੂ ਵਾਸਤੇ ਵੀ ਸੰਤੋਖ ਧਾਰਨਾ ਸਭ ਤੋਂ ਸ੍ਰੇਸ਼ਟ ਪਦਾਰਥ ਹੈ:

ਗੌ ਧਨ, ਗਜ ਧਨ, ਬਾਜ ਧਨ, ਔਰ ਰਤਨ ਧਨ ਖਾਨ। ਜਬ ਆਵੈ ਸੰਤੋਖ ਧਨ, ਸਭ ਹੀ ਧੂੜ ਸਮਾਨ।

ਕਿਉਂਕਿ ਸਾਧੂ ਨੂੰ ਪ੍ਰੇਮ ਨਾਲ ਬੁਲਾਇਆਂ ਹੀ ਉਸ ਦੇ ਮਨ ਦੀ ਪ੍ਰਸੰਨਤਾ ਲੈਣੀ ਹੈ।

ਹੱਸ ਬੋਲੇ ਆਦਰ ਕਰੇ ਆਵਤ ਦੇਖ ਅਤੀਤ। ਤੁਲਸੀ ਤਹਾਂ ਪਛਾਨੀਐ ਪਰਮੇਸਰ ਕੀ ਪ੍ਰੀਤ।

ਅਸਲੀ ਸਾਧੂ ਪ੍ਰੇਮ ਦਾ ਭੁੱਖਾ ਹੈ, ਭੋਜਨ ਦਾ ਨਹੀਂ।

ਯਥਾ: ਸਾਧੂ ਭੁਖੇ ਭਾਵ ਕੇ, ਭੋਜਨ ਭੂਖੇ ਨਾਹਿ। ਭੋਜਨ ਭੂਖੇ ਜੋ ਫਿਰਹਿ, ਤੇ ਤੋ ਸਾਧੂ ਨਾਹਿ।

ਜਿਨ੍ਹਾਂ ਜਿਨ੍ਹਾਂ ਗੁਰਮੁਖਾਂ ਨੇ ਹਜ਼ੂਰ ਦੀ ਆਗਯਾ ਅਨੁਸਾਰ ਆਪਣਾ ਜੀਵਨ ਸਫ਼ਲਾ ਕਰਨ ਵਾਸਤੇ ਮੋਨ ਧਾਰਨ ਕੀਤਾ ਸੀ, ਕਦੇ ਕਦੇ ਆਪ ਉਨ੍ਹਾਂ ਸਾਰਿਆਂ ਨੂੰ ਪਾਸ ਬੁਲਾ ਕੇ ਇਕਾਂਤ ਅਸਥਾਨ ਵਿੱਚ ਇਸ ਪ੍ਰਕਾਰ ਉਪਦੇਸ਼ ਕਰਦੇ ਸਨ ਕਿ:

੧. ਆਪਣੇ ਮਨ ਦਾ ਕਦੇ ਵੀ ਵਿਸਾਹ ਨਾ ਕਰੋ, ਇਹ ਸ਼ੁਭ ਗੁਣਾਂ ਦੇ ਧਨ ਨੂੰ ਲੁੱਟਣ ਵਾਲਾ ਮਹਾਨ ਚੋਰ ਹੈ। ਜਿਵੇਂ ਦਾਦੂ ਜੀ ਕਥਨ ਕਰਦੇ ਹਨ, ਇਹ ਮਨ ਬੁਕਲ ਦੇ ਸੱਪ ਸਮਾਨ ਹੈ, ਇਸ ਦਾ ਵਿਸਾਹ ਨਾ ਕਰੇ:

ਦਾਦੂ ਇਹ ਮਨ ਸਰਪ ਹੈ, ਬਸਤਾ ਹਿਰਦੇ ਮਾਹਿ। ਇਨ ਕੇ ਕਾਟਨ ਤੇ ਅੱਗੇ ਤੁਮ ਕਿਉਂ ਕਾਟਤ ਨਾਹਿ।

ਅਤੇ ਭਗਤ ਕਬੀਰ ਜੀ ਵੀ ਇਸ ਮਨ ਨੂੰ ਚੋਰ ਦੱਸਦੇ ਹਨ:

ਕਬੀਰ ਇਹੁ ਮਨ ਚੋਰ ਹੈ, ਭਲੀ ਬਸਤ ਲੇ ਜਾਹਿ। ਸੂਤੇ ਕਉ ਯਹ ਲੂਟ ਲੇ, ਜਾਗ੍ਰਤ ਤੇ ਡਰ ਪਾਹਿ।

੨. ਮੌਤ ਨੂੰ ਸਦਾ ਚੇਤੇ ਰਖੇ ਇਸ ਨੂੰ ਕਦੇ ਵੀ ਨਾ ਭੁੱਲੇ।

੩. ਜਗਿਆਸੂ ਸਦਾ ਪ੍ਰੇਮਸ਼ਰ ਨੂੰ ਭਾਵਣ ਵਾਲੀਆਂ ਕ੍ਰਿਆ ਕਰੇ ਭਾਵ ਉਸ ਦੇ ਹੁਕਮ ਤੋਂ ਉਲਟ ਨਾ ਚਲੇ ਅਤੇ ਉਸ ਦੇ ਭੈ ਤੇ ਰਜ਼ਾ ਵਿੱਚ ਪ੍ਰਸੰਨ ਰਹੇ।

੪. ਪ੍ਰਮੇਸ਼ਰ ਨੂੰ ਅੰਤਰਯਾਮੀ ਤੇ ਸਦਾ ਆਪਣੇ ਅੰਗ ਸੰਗ ਜਾਣੇ ਅਤੇ ਮਨ ਵਿੱਚ ਇਹ ਨਿਸ਼ਚਾ ਹੋਵੇ ਕਿ ਜੋ ਵੀ ਕੰਮ ਮੈਂ ਕਰਦਾ ਹਾਂ ਪ੍ਰਮੇਸ਼ਰ ਉਸ ਨੂੰ ਵੇਖਦਾ ਹੈ।

੫. ਦ੍ਰਿਸ਼ਟਿਮਾਨ ਪਦਾਰਥਾਂ ਨਾਲ ਮੋਹ ਨਾ ਕਰੇ। ਇਨ੍ਹਾਂ ਨੂੰ ਨਾਸਵੰਤ ਨਿਸ਼ਚੇ ਕਰ ਕੇ ਈਸ਼ਵਰ ਦਾ ਚਿੰਤਨ ਕਰੇ।

੬. ਜਗਿਆਸੂ ਸੁਖਾਂ ਨਾਲੋਂ ਦੁਖਾਂ ਨੂੰ ਚੰਗੇ ਜਾਣੇ, ਕਿਉਂਕਿ ਦੁੱਖ ਵਿੱਚ ਹੀ ਜੀਵ ਨੂੰ ਰੱਬ ਚੇਤੇ ਆਉਂਦਾ ਹੈ ਅਤੇ ਸੁੱਖ ਵਿੱਚ ਭੁੱਲਦਾ ਹੈ।

੭. ਪੈਂਤੀ ਅੱਖਰਾਂ ਵਿੱਚੋਂ ਸੱਸੇ ਅੱਖਰ ਦਾ ਉਪਦੇਸ਼ ਧਾਰਨ ਕਰੇ।

(ੳ) ਸੱਚ ਬੋਲਣਾ (ਅ) ਸੰਤੋਖ ਰੱਖਣਾ (ੲ) ਸੇਵਾ ਕਰਣੀ (ਸ) ਸਿਮਰਨ ਕਰਨਾ ਪ੍ਰਮੇਸ਼ਰ ਦਾ (ਹ) ਸੁਮਤੀ ਧਾਰਨਾ (ਕ) ਸਾਧੂ ਦੀ ਸੰਗਤ ਕਰਣੀ। (ਖ) ਸ਼ਹਿਨਸ਼ੀਲਤਾ ਹੋਣੀ (ਗ) ਸ਼ਰਧਾ ਹੋਣੀ ਵੇਦ ਵਚਨਾਂ ਅਤੇ ਗੁਰੂ ਵਾਕਾਂ ਤੇ (ਘ) ਸ਼ਰਨ ਆਏ ਦੀ ਰੱਖਿਆ ਕਰਣੀ (ਛ) ਸਬਰ ਤੇ ਸ਼ੁਕਰ ਧਾਰਨ ਕਰਨਾ।

੮. ਸਭ ਤੋਂ ਵੱਡਾ ਗੁਣ ਸਬਰ ਤੇ ਸ਼ੁਕਰ ਦਾ ਹੈ ਭਾਵ ਜਗਿਆਸੂ ਵਿੱਚ ਚਾਰ ਤਰ੍ਹਾਂ ਦੀ ਧੀਰਜ ਹੋਣੀ ਚਾਹੀਦੀ ਹੈ।

ੳ) ਕ੍ਰੋਧ ਕਰਨ ਵਾਲੇ ਨਾਲ ਕ੍ਰੋਧ ਨਾ ਕਰੇ, ਨਾ ਸਰੀਰ ਕਰ ਕੇ ਮਾਰੇ ਅਤੇ ਨਾ ਮਨ ਕਰ ਕੇ ਹੀ ਉਸ ਦਾ ਬੁਰਾ ਚਿਤਵੇ।

ਅ) ਜਗਿਆਸੂ ਮਾਨ ਅਪਮਾਨ ਵਿੱਚ ਆਪਣੇ ਹਿਰਦੇ ਨੂੰ ਸਮਾਨ ਰਖੇ ਆਦਰ ਹੋਣ ਸਮੇਂ ਫ਼ੁੱਲ ਕੇ ਨਾ ਬੈਠੇ ਤੇ ਨਿਰਾਦਰੀ ਵਿੱਚ ਘਾਬਰ ਨਾ ਜਾਵੇ।

ਏ) ਸਾਧਨਾਂ ਨੂੰ ਕਰਦਾ ਹੋਇਆ ਕਦੇ ਕਾਹਲਾ ਪੈ ਕੇ ਪ੍ਰਮੇਸ਼ਰ ਨੂੰ ਉਲਾਂਭੇ ਨਾ ਦੇਵੇ ਕਿ ਮੈਂ ਇਤਨਾ ਚਿਰ ਤਪ ਕੀਤਾ ਪਰ ਅਜੇ ਤੱਕ ਮੈਨੂੰ ਪ੍ਰਮੇਸ਼ਰ ਦਾ ਦੀਦਾਰ ਨਹੀਂ ਹੋਇਆ। ਯਥਾ:

ਉਲਾਹਨੋ ਮੈਂ ਕਾਹੂ ਨਾ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ (ਨਟ ਨਾਰਾਇਨ ਮਃ ੫ - ੯੭੮)

ਸ) ਜਿਸ ਸਮੇਂ ਕਿਸੇ ਦਾ ਸੱਚਾ ਬਚਨ ਸੁਣੇ; ਚਾਹੇ ਉਹ ਮਿੱਤਰ ਦਾ ਹੈ, ਚਾਹੇ ਦੁਸ਼ਮਨ ਦਾ ਹੈ, ਆਪਣੇ ਅਨਕੂਲ ਹੈ, ਚਾਹੇ ਉਲਟ; ਪਰ ਉਸ ਨੂੰ ਯਥਾਰਥ ਕਰ ਕੇ ਮੰਨ ਲਵੇ, ਹਠ ਨਾ ਕਰੇ। ਇਸ ਪ੍ਰਕਾਰ ਦੀ ਨੀਤੀ ਨਾਲ ਮਨ ਨੂੰ ਜਿੱਤਣਾ ਹੈ। ਜਿਵੇਂ ਕਿਸੇ ਬ੍ਰਾਹਮਣ ਨੇ ਪ੍ਰਦੇਸ਼ ਵਿੱਚ ਜਾ ਕੇ ਬਹੁਤ ਸਾਰੀ ਵਿੱਦਿਆ ਪੜ੍ਹੀ ਅਤੇ ਵਿੱਦਿਆ ਪੜ੍ਹ ਕੇ ਕਥਾ ਵਾਰਤਾ ਦੁਆਰਾ ਬੜਾ ਧਨ ਕਮਾਇਆ। ਜਦੋਂ ਉਹ ਆਪਣੇ ਦੇਸ਼ ਨੂੰ ਵਾਪਸ ਆ ਰਿਹਾ ਸੀ ਤਾਂ ਉਸ ਦੇ ਪਾਸ ਧਨ ਦੇਖ ਕੇ ਤਿੰਨ ਚੋਰ ਮਗਰ ਲੱਗ ਗਏ। ਜਿਨ੍ਹਾਂ ਵਿੱਚੋਂ ਇੱਕ ਚੰਡਾਲ, ਇੱਕ ਜੱਟ ਅਤੇ ਇੱਕ ਬ੍ਰਾਹਮਣ ਸੀ। ਤਿੰਨੇ ਜਣੇ ਸੰਘਣੇ ਜੰਗਲ ਵਿੱਚ ਬ੍ਰਾਹਮਣ ਨੂੰ ਲੁੱਟਣ ਲੱਗੇ ਤਾਂ ਉਸ ਨੇ ਆਪਣੇ ਬਚਾਉ ਦਾ ਇੱਕ ਉਪਾਉ ਸੁਝਿਆ। ਜੱਟ ਤੇ ਬ੍ਰਾਹਮਣ ਨੂੰ ਅੱਡ ਕਰ ਕੇ ਆਖਣ ਲੱਗਾ ਕਿ ਦੇਖ ਤੂੰ ਮੇਰਾ ਜਾਤ ਭਾਈ ਹੈਂ ਅਤੇ ਇਹ ਸਰਦਾਰ ਮੇਰੇ ਜਜਮਾਨ ਹਨ ਪਰ ਤੁਸੀਂ ਉਸ ਚੰਡਾਲ ਨੂੰ ਕਿਉਂ ਧਨ ਦੇਂਦੇ ਹੋ। ਦੋਵੇਂ ਜਣੇ ਰਲ ਕੇ ਵੰਡ ਲਵੋ ਮੈਨੂੰ ਬੇਸ਼ਕ ਨਾ ਦਿਉ। ਇਹ ਸੁਣ ਕੇ ਉਨ੍ਹਾਂ ਦੋਹਾਂ ਨੇ ਚੰਡਾਲ ਨੂੰ ਆਪਣੇ ਨਾਲੋਂ ਅੱਡ ਕਰ ਦਿੱਤਾ ਕਿ ਇਹ ਤਾਂ ਸਾਡਾ ਵਾਕਫ਼ ਨਿੱਕਲ ਆਇਆ ਹੈ, ਇਸ ਨੂੰ ਨਹੀਂ ਲੁਟਣਾ। ਫੇਰ ਅੱਗੇ ਜਾ ਕੇ ਉਸ ਨੇ ਜੱਟ ਨਾਲੋਂ ਬ੍ਰਾਹਮਣ ਨੂੰ ਵੀ ਪਾੜ ਲਿਆ ਕਿ ਬ੍ਰਾਹਮਣ ਦਾ ਧਨ ਜੱਟ ਨੂੰ ਕਿਉਂ ਜਾਵੇ? ਤੂੰ ਮੈਨੂੰ ਥੋੜਾ ਦੇ ਦੇਵੀਂ ਪਰ ਇਹ ਜੱਟ ਆਪਣਾ ਕੀ ਲੱਗਦਾ ਹੈ? ਇਉਂ ਚੋਰ ਬ੍ਰਾਹਮਣ ਨੇ ਆਪਣੇ ਨਾਲੋਂ ਜੱਟ ਨੂੰ ਵੀ ਨਿਖੇੜ ਦਿੱਤਾ ਕਿ ਇਹ ਤਾਂ ਸਾਡਾ ਰਿਸ਼ਤੇਦਾਰ ਹੀ ਨਿੱਕਲ ਆਇਆ ਹੈ। ਮੈਂ ਇਹਨੂੰ ਨਾਲ ਜਾ ਕੇ ਘਰ ਤੱਕ ਛੱਡ ਕੇ ਆਵਾਂਗਾ। ਜਦੋਂ ਇਕੱਲਾ ਹੀ ਬ੍ਰਾਹਮਣ ਚੋਰ ਰਹਿ ਗਿਆ ਅਤੇ ਉਹ ਬ੍ਰਾਹਮਣ ਪਾਸੋਂ ਧਨ ਮੰਗਣ ਲੱਗਾ ਤਾਂ ਉਸ ਨੂੰ ਗੱਲਾਂ ਬਾਤਾਂ ਨਾਲ ਪਰਚਾਉਂਦਿਆਂ ਜਦੋਂ ਜੰਗਲ 'ਚੋਂ ਬਾਹਰ ਆ ਕੇ ਪਿੰਡ ਦੇ ਕੋਲ ਪੁੱਜਾ ਤਾਂ ਹੌਸਲੇ ਨਾਲ ਨੰਬਰਦਾਰ ਪਾਸ ਸ਼ਿਕਾਇਤ ਕਰ ਕੇ ਉਸ ਨੂੰ ਪਕੜਾਉਣ ਦਾ ਡਰਾਵਾ ਵੀ ਦਿੱਤਾ ਅਤੇ ਨਾਲ ਹੀ 'ਚੋਰ ਚੋਰ' ਆਖ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਉਹ ਡਰਦਾ ਹੋਇਆ ਬ੍ਰਾਹਮਣ ਚੋਰ ਭੱਜ ਗਿਆ। ਇਉਂ ਇਸ ਨੇ ਆਪਣਾ ਸਾਰਾ ਧਨ ਬਚਾ ਲਿਆ। ਇਸੇ ਤਰ੍ਹਾਂ ਇਹ ਜੀਵ ਭੀ ਬ੍ਰਹਮ ਦੀ ਅੰਸ ਹੋਣ ਕਰ ਕੇ ਬ੍ਰਾਹਮਣ ਹੈ।

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥ (ਗੌਂਡ ਭਗਤ ਕਬੀਰ ਜੀ - ੮੭੧)

ਅਥਵਾ: ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥ (ਗਉੜੀ ਕਬੀਰ ਜੀ - ੩੨੪)

ਇਸ ਦੇ ਮਗਰ ਵੀ (ਸਤੋ, ਰਜੋ, ਤਮੋ) ਇਹ ਤਿੰਨੇ ਗੁਣ ਤਿੰਨ ਚੋਰ ਲੱਗੇ ਹੋਏ ਹਨ ਜੋ ਹਮੇਸ਼ਾ ਇਸ ਪਾਸੋਂ ਸ਼ੁਭ ਗੁਣਾਂ ਦਾ ਧਨ ਖੋਹੀ ਜਾਂਦੇ ਹਨ। ਸਤੋਗੁਣ ਬ੍ਰਹਮਣ, ਰਜੋ ਗੁਣ ਜੱਟ, ਅਤੇ ਤਮੋ ਗੁਣ ਚੰਡਾਲ ਹੈ। ਸੰਸਾਰ ਇੱਕ ਸੰਘਣਾ ਜੰਗਲ ਹੈ। ਜਿਸ ਵਿੱਚ ਆਤਮ ਧਨ ਲੈ ਕੇ ਜੀਵ ਸਫ਼ਰ ਕਰ ਰਿਹਾ ਹੈ। ਜਦ ਤੱਕ ਇਹ ਤਿੰਨੇ ਚੋਰ ਪ੍ਰਬਲ ਹਨ, ਤਦ ਤੱਕ ਇਹ ਜੀਵ ਸਹੀ ਸਲਾਮਤ ਆਪਣੇ ਸਰੂਪ ਰੂਪੀ ਘਰ ਵਿੱਚ ਨਹੀਂ ਜਾ ਸਕਦਾ। ਯਥਾ:

ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥
ਬਿਖਮ ਸਥਾਨ ਮਨ ਮੋਹ ਮਦਿਰੰ ਮਹਾਂ ਅਸਾਧ ਪੰਚ ਤਸਕਰਹ ॥ (ਸਹਸਕ੍ਰਿਤੀ ਮਃ ੫ - ੧੩੫੯)

ਸਤਿਗੁਰੂ ਦੀ ਸ਼ੁਭ ਸਿੱਖਿਆ ਲੈ ਕੇ ਇਸ ਨੇ ਸੋਚਿਆ ਕਿ ਮੈਂ ਇਨ੍ਹਾਂ ਤਿੰਨਾਂ ਗੁਣਾਂ ਤੋਂ ਕਿਵੇਂ ਛੁਟਕਾਰਾ ਪਾਵਾਂ। ਪਹਿਲਾਂ ਸਤੋ ਤੇ ਰਜੋ ਦਾ ਆਸਰਾ ਲੈ ਕੇ ਤਮੋ ਗੁਣ ਨੂੰ ਜਿੱਤਿਆ ਭਾਵ ਉਸ ਦਾ ਤਿਆਗ ਕਰ ਦਿੱਤਾ। ਤਮੋ ਗੁਣ ਦੇ ਦੂਰ ਹੋਇਆ ਫੇਰ ਏਸ ਨੂੰ ਰਜੋ ਦਾ ਦੁੱਖ ਜਾਪਿਆ।

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰੁ ਰਸੁ ਮੀਨਾ ਰਸ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ (ਸਿਰੀਰਾਗੁ ਮਃ ੧ - ੧੫)

ਜਦੋਂ ਅੰਦਰ ਇਤਨੇ ਰਸਾਂ ਦੇ ਭੋਗਣ ਦੀ ਇੱਛਾ ਬਣੀ ਹੈ, ਫੇਰ ਸਤੋਂ ਨੂੰ ਕਿਵੇਂ ਹਿੱਸਾ ਮਿਲ ਸਕਦਾ ਹੈ? ਇਉਂ ਦੁਖਦਾਈ ਮੰਨ ਕੇ ਹੌਲੀ ਹੌਲੀ ਸਤੋ ਦੇ ਆਸਰੇ ਰਜੋ ਦਾ ਵੀ ਤਿਆਗ ਕਰ ਦਿੱਤਾ ਤਾਂ ਮਨ ਨੂੰ ਹੋਰ ਵੀ ਸੁੱਖ ਪ੍ਰਤੀਤ ਹੋਣ ਲੱਗਾ। ਇਤਨੇ ਨੂੰ ਸਰੂਪ ਰੂਪੀ ਪਿੰਡ ਦੇ ਨੇੜੇ ਆ ਪਹੁੰਚਿਆ।

ਬੇਗਮ ਪੁਰਾ ਸਹਰ ਕੌ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ (ਗਉੜੀ ਭਗਤ ਰਵਿਦਾਸ - ੩੪੫)

ਅਥਵਾ: ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥ (ਗਉੜੀ ਮਃ ੫ -੧੮੬)

ਫੇਰ ਹੌਂਸਲਾ ਕਰ ਕੇ ਸਾਧ ਸੰਗਤ ਵਿੱਚ ਆ ਕੇ ਪੁਕਾਰ ਕੀਤੀ:

ਕਰਹੁ ਗਤਿ ਦਇਆਲ ਸੰਤਹੁ ਮੋਰੀ ॥ (ਸਾਰੰਗ ਮਃ ੫ - ੧੨੧੭)

ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ ॥੧॥ (ਗਉੜੀ ਮਃ ੫ - ੨੦੯)

ਮਹਾਂਪੁਰਖਾਂ ਨੇ ਕ੍ਰਿਪਾ ਕੀਤੀ ਤਾਂ ਸਤੋ ਦਾ ਵੀ ਅਭਾਵ ਹੋ ਗਿਆ ਅਤੇ ਨਿਰੋਲ ਆਪਣੇ ਸਰੂਪ ਵਿੱਚ ਇਸਥਿਤ ਹੋ ਗਿਆ।

ਅੰਤਰ ਚਤਰਥ ਗੁਣ ਗੰਮਤਾ ਕੈ ਪੰਜ ਤੱਤ ਲੰਘ ਪਰਮ ਤੱਤ ਵਾਸੀ ਹੈ।

ਅਥਵਾ: ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥

(ਆਸਾ ਭਗਤ ਕਬੀਰ ਜੀ - ੪੮੪)

ਇਉਂ ਇਹ ਜੀਵ ਤਿੰਨਾਂ ਗੁਣਾਂ ਤੋਂ ਛੁਟਕਾਰਾ ਪਾ ਕੇ ਆਪਣੇ ਸਰੂਪ ਵਿੱਚ ਹੀ ਲੀਨ ਰਹਿੰਦਾ ਹੈ।

ਮਨ ਕੀ ਹੈ?

ਹਜ਼ੂਰ ਦੀ ਹਜ਼ੂਰੀ ਵਿੱਚ ਭਜਨ ਸਿਮਰਨ ਦਾ ਸ਼ੌਕ ਰਖਣ ਵਾਲੇ ਕੁੱਝ ਕੁ ਪ੍ਰੇਮੀਆਂ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਮਨ ਦਾ ਕੀ ਸਰੂਪ ਹੈ ਅਤੇ ਇਹ ਕਿਵੇਂ ਵੱਸ ਵਿੱਚ ਕੀਤਾ ਜਾ ਸਕਦਾ ਹੈ?" ਆਪ ਜੀ ਨੇ ਉੱਤਰ ਦਿੱਤਾ: ਮਨ ਇੱਕ ਬੜਾ ਵੱਡਾ ਕਾਰਖਾਨਾ ਹੈ। ਏਥੇ ਹਰ ਵੇਲੇ ਸੰਕਲਪਾਂ ਵਿਕਲਪਾਂ ਦੀ ਕਪਾਹ ਵੇਲੀ ਜਾਂਦੀ ਹੈ। ਫੁਰਨਿਆਂ ਦੀ ਰੂੰ ਕੱਤੀ ਜਾਂਦੀ ਹੈ। ਫੁਰਨਿਆਂ ਦਾ ਹੀ ਕੱਪੜਾ ਉਣਿਆ ਜਾਂਦਾ ਹੈ। ਫੁਰਨੇ ਨਾਲ ਹੀ ਕੱਟਿਆ ਤੇ ਸੀਤਾ ਜਾਂਦਾ ਹੈ। ਮਨ ਇਤਨਾ ਸੂਖਮ ਹੈ ਕਿ ਕਿਸੇ ਚੀਜ਼ ਨਾਲ ਉਸ ਨੂੰ ਵੇਖਿਆ ਵੀ ਨਹੀਂ ਜਾਂਦਾ ਅਤੇ ਜੇ ਮਨ ਚਾਹੇ ਤਾਂ ਇਹ ਪਰਬਤਾਂ ਤੋਂ ਵੀ ਭਾਰਾ ਹੋ ਸਕਦਾ ਹੈ ਅਤੇ ਇਸ ਨੂੰ ਕੋਈ ਵੀ ਚੁੱਕ ਨਹੀਂ ਸਕਦਾ। ਇਸ ਸੰਸਾਰ ਵਿੱਚ ਮਨ ਨਾਲੋਂ ਕੋਈ ਹੋਰ ਚੀਜ਼ ਪਵਿੱਤ੍ਰ ਨਹੀਂ ਇਹ ਗੰਗਾ ਦੇ ਪਾਣੀ ਵਾਂਗ ਨਿਰਮਲ ਹੈ।

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥ (ਸਲੋਕ ਭਗਤ ਕਬੀਰ ਜੀ - ੧੩੬੭)

ਸਾਧੂ ਦੀ ਸੰਗਤ ਦੁਆਰਾ ਜਦੋਂ ਮਨ ਸਾਫ਼ ਤੇ ਨਿਰਮਲ ਹੋ ਜਾਂਦਾ ਹੈ ਫੇਰ ਏਸ ਵਿੱਚੋਂ ਸ਼ੀਸ਼ੇ ਵਾਂਗੂ ਸਾਰੀ ਦੁਨੀਆਂ ਦਿਸਣ ਲੱਗ ਪੈਂਦੀ ਹੈ। ਇਹ ਮਨ ਹੀ ਸ਼ਿਵ ਹੈ ਮਨ ਹੀ ਸ਼ਕਤੀ ਹੈ।

ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੌ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥

(ਗਉੜੀ ਪੂਰਬੀ ਭਗਤ ਕਬੀਰ ਜੀ - ੩੪੨)

ਭਾਵ ਮਨ ਸਾਰੀਆਂ ਸ਼ਕਤੀਆਂ ਦਾ ਭੰਡਾਰਾ ਹੈ। ਮਨ ਨਾਲੋਂ ਵੱਡੀ ਹੋਰ ਕੋਈ ਸ਼ਕਤੀ ਨਹੀਂ ਹੈ। ਇਹ ਅਰੂਪ ਵੀ ਹੈ, ਰੂਪਮਾਨ ਵੀ ਹੈ। ਇਹ ਗ਼ਰਮ ਵੀ ਹੈ, ਠੰਢਾ ਵੀ ਹੈ। ਇਹ ਹੋਛਾ ਵੀ ਹੈ, ਗੰਭੀਰ ਵੀ ਹੈ। ਇਹ ਸ਼ਹਿਦ ਨਾਲੋਂ ਮਿੱਠਾ ਵੀ ਹੈ, ਤੁੰਮੇ ਨਾਲੋਂ ਕੌੜਾ ਵੀ ਹੈ। ਇਹ ਮਨ ਉੱਚਾ ਵੀ ਹੈ, ਨੀਵਾਂ ਵੀ ਹੈ। ਇਹ ਮਨ ਬਹਾਦਰ ਵੀ ਹੈ, ਬੁਜ਼ਦਿਲ ਵੀ ਹੈ। ਇਹ ਮਨ ਤਿੱਖਾ ਵੀ ਹੈ, ਖੁੰਡਾ ਵੀ ਹੈ। ਇਹ ਮਨ ਜੇਤੂ ਵੀ ਹੈ, ਹਾਰੂ ਵੀ ਹੈ। ਇਹ ਮਨ ਸਿਫ਼ਤ ਸਲਾਹ ਵੀ ਹੈ, ਨਿੰਦਕ ਵੀ ਹੈ। ਇਹ ਮਨ ਗੁਣ ਗਾਹਕ ਵੀ ਹੈ ਅਤੇ ਦੁੱਧ ਨਾਲ ਭਰੇ ਹੋਏ ਹਵਾਨੇ ਵਿੱਚੋਂ ਲਹੂ ਚੂਸਣ ਵਾਲਾ ਚਿੱਚੜ ਵੀ ਹੈ। ਇਹ ਮਨ ਸਰਪ ਹੈ ਅਤੇ ਸਰੀਰ ਰੂਪੀ ਵਰਮੀ ਵਿੱਚ ਇਸ ਦਾ ਵਾਸਾ ਹੈ। ਫੁਰਨਿਆਂ ਤੇ ਵਿਕਾਰਾਂ ਰੂਪ ਜ਼ਹਿਰ ਨਾਲ ਭਰਿਆ ਹੋਇਆ ਹੈ। ਖੁੱਡ ਨੂੰ ਕੁਟਿਆਂ ਮਨ ਨਹੀਂ ਮਰਦਾ।

ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥ (ਆਸਾ ਮਃ ੫ - ੩੮੧)

ਤਥਾ: ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ ॥ (ਵਾਰ-ਵਡਹੰਸੁ ਮਃ ੩ - ੫੮੮)

ਮਨ ਦੇ ਮਰੇ ਤੋਂ ਬਿਨਾਂ ਪ੍ਰਭੂ ਨਹੀਂ ਪਛਾਣੀਦਾ। ਮਨ ਪ੍ਰਮੇਸ਼ਰ ਦੀ ਬੰਦਗ਼ੀ ਦੇ ਕੀਤਿਆਂ, ਸਾਧੂ ਦੀ ਸੰਗਤ ਦੁਆਰਾ ਸੁਧਰਦਾ ਹੈ।

ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥੧॥

(ਗੂਜਰੀ ਵਾਰ-੧ ਮਃ ੩ - ੫੧੩)

ਮਨ ਨੂੰ ਵਸੀਕਾਰ ਕਰਨ ਵਾਲਾ ਮਹਾਂਪੁਰਸ਼ ਅੱਠੇ ਪਹਿਰ ਪ੍ਰਭੂ ਦੇ ਸਨਮੁਖ ਰਹਿੰਦਾ ਹੈ। ਧਾਰਮਿਕ ਪੁਸਤਕਾਂ ਨੂੰ ਪੜ੍ਹਦਾ ਹੈ। ਕਿਉਂਕਿ ਧਾਰਮਿਕ ਪੁਸਤਕਾਂ ਦੇ ਹਥਿਆਰ ਨਾਲ ਮਨ ਦੇ ਅਉਗਣ ਕੱਟੇ ਜਾਂਦੇ ਹਨ। ਜਿਸ ਦਾ ਮਨ ਪੂਰਨ ਸ਼ੁੱਧ ਤੇ ਇਕਾਗਰ ਹੋ ਗਿਆ ਫੇਰ ਉਹ ਮਹਾਂਪੁਰਸ਼ ਈਸ਼ਰ ਦਾ ਹੀ ਸਰੂਪ ਬਣ ਗਿਆ। ਨਾ ਉਨ੍ਹਾਂ ਨੂੰ ਪਿਆਸ ਬੇਚੈਨ ਕਰ ਸਕੇ ਅਤੇ ਨਾ ਹੀ ਭੁੱਖ ਬੇ ਆਰਾਮ ਕਰ ਸਕੇ। ਉਸ ਨੇ ਭੁੱਖ ਅਤੇ ਪਿਆਸ ਨੂੰ ਜਿੱਤ ਲਿਆ। ਅਰਥਾਤ ਉਹ ਭੁੱਖ ਤੇ ਪਿਆਸ ਦਾ ਗ਼ੁਲਾਮ ਨਾ ਰਿਹਾ। ਉਸ ਦਾ ਚਿੱਤ ਧੁਰੇ ਵਾਂਗ ਟਿਕ ਗਿਆ। ਉਸ ਨੇ ਕਾਮ ਦੇ ਜਜ਼ਬੇ ਨੂੰ ਜ਼ਬਤ ਕਰ ਲਿਆ। ਕ੍ਰੋਧ ਨੂੰ ਅਧੀਨ ਕਰ ਲਿਆ। ਲੋਭ ਉਸ ਨੂੰ ਆਪਣੇ ਆਦਰਸ਼ ਵੱਲ ਜਾਣ ਤੋਂ ਰੋਕ ਨਹੀਂ ਸਕਦਾ। ਉਸ ਦੇ ਅੰਦਰ ਹੰਗਤਾ ਦੀ ਬੋ ਨਹੀਂ ਹੁੰਦੀ। ਫੇਰ ਉਹ ਕਿਸੇ ਦਾ ਭੈ ਨਹੀਂ ਕਰਦਾ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ (ਸਲੋਕ ਮਃ ੯ - ੧੪੨੭)

ਉਹੋ ਹੀ ਅਸਲੀ ਸੂਰਮਾ ਹੈ। ਜਿਨ੍ਹਾਂ ਨੂੰ ਏਹੋ ਜਿਹੇ ਜਵਾਂ ਮਰਦ ਸੂਰਮਿਆਂ ਨੇ ਗੁਰਬਾਣੀ ਦੀ ਖ਼ੁਰਾਕ ਨਾਲ ਆਪਣੇ ਆਤਮਾ ਨੂੰ ਨਿਰੋਆ ਕੀਤਾ ਹੈ। ਸ਼ਬਦ ਦੇ ਅਭਿਆਸ ਦੀ ਕਸਰਤ ਨਾਲ ਸਰੀਰ ਬਲਵਾਨ ਬਣਾਇਆ ਹੈ ਅਤੇ ਸੰਗਤ ਦੇ ਵਾਤਾਵਰਨ ਵਿੱਚ ਜ਼ਿੰਦਗ਼ੀ ਨੂੰ ਜੀਵਾਇਆ ਹੈ। ਜਿਨ੍ਹਾਂ ਦੀ ਪਿੱਠ ਤੇ ਪੂਰਨ ਗੁਰੂ ਦਾ ਥਾਪੜਾ ਹੈ। ਉਹ ਜਦੋਂ ਸੰਸਾਰ ਅਖਾੜੇ ਵਿੱਚ ਉੱਤਰਦੇ ਹਨ, ਦਰਸ਼ਕ ਉਨ੍ਹਾਂ ਦੇ ਸੁੰਦਰ ਚੇਹਰਿਆ ਅਤੇ ਸਰੀਰ ਨੂੰ ਤੱਕ ਕੇ ਵਾਹ ਵਾਹ ਕਰਦੇ ਹਨ, ਢੋਲ ਵਜਦੇ ਹਨ:

ਯਥਾ: ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥ (ਸਿਰੀਰਾਗੁ ਮਃ ੫ - ੭੪)

ਇਹ ਇੱਕ ਜ਼ਿੰਦਗ਼ੀ ਦੇ ਪਹਿਲਵਾਨਾ ਅੱਗੇ ਪੰਜ ਪੰਜ ਵਿਕਾਰਾਂ ਰੂਪੀ ਜੁਆਨ ਮੁਕਾਬਲੇ ਲਈ ਆਉਂਦੇ ਹਨ ਪਰ ਉਹ ਕਾਹਨੂੰ ਵਿਕਾਰਾਂ ਤੋਂ ਮਾਰ ਖਾਂਦੇ ਹਨ, ਸਗੋਂ ਸਾਰਿਆਂ ਦੀ ਪਿੱਠ ਲਾ ਕੇ ਪਟਕਾ ਕੇ ਮਾਰਦੇ ਅਤੇ ਜਿੱਤਦੇ ਹਨ। ਇਹ ਹਨ ਅਸਲੀ ਸੂਰਮੇ ਜੇਹੜੇ ਜੀਵਨ ਦੇ ਮਾਰੂ ਦੁਸ਼ਮਨਾਂ ਉੱਤੇ ਫਤਹ ਪਾਉਂਦੇ ਹਨ।

ਯਥਾ: ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ (ਧਨਾਸਰੀ ਮਃ ੫ - ੬੭੯)

ਉਨ੍ਹਾਂ ਨੂੰ ਸੂਰਮੇ ਨਹੀਂ ਕਹੀਦਾ, ਜੇਹੜੇ ਹੰਕਾਰ ਤੇ ਮਾਣ ਵਿੱਚ ਆ ਕੇ ਜਿੱਤ ਦੇ ਨਸ਼ੇ ਵਿੱਚ ਮਾਰੂ ਹਥਿਆਰਾਂ ਨਾਲ ਕਾਦਰ ਦੀ ਬਣਾਈ ਹੋਈ ਕੁਦਰਤ ਨੂੰ ਤਬਾਹ ਕਰਦੇ ਹਨ। ਖਾਲਕ ਦੀ ਭੇਜੀ ਖਲਕਤ ਦੇ ਖ਼ੂਨ ਨਾਲ ਆਪਣੇ ਹੱਥਾਂ ਨੂੰ ਮਹਿੰਦੀ ਰੰਗ ਚੜ੍ਹਾਉਂਦੇ ਹਨ। ਉਹ ਤਾਂ ਏਹੋ ਜਿਹੇ ਸੂਰਮੇ ਆਪਣਾ ਜੀਵਨ ਹੀ ਵਿਅਰਥ ਗਵਾ ਲੈਂਦੇ ਹਨ। ਸੰਸਾਰ ਦੀਆਂ ਸਭ ਧਾਰਮਿਕ ਪੁਸਤਕਾਂ ਹੰਕਾਰੀ ਜੀਵਨ ਉੱਤੇ ਲਾਹਨਤਾਂ ਪਾਉਂਦੀਆਂ ਹਨ। ਯਥਾ:

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥ (ਮਾਰੂ ਵਾਰ-੧ ਮਃ ੩ - ੧੦੮੯)

ਅਸਲੀ ਸੂਰਮਾ ਤਾ ਹੰਕਾਰ ਤੋਂ ਫਤਹ ਪਾਉਣ ਵਾਲੇ ਨੂੰ ਕਹੀਦਾ ਹੈ।

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥

(ਵਾਰ ਸਿਰੀਰਾਗੁ ਮਃ ੩ - ੮੬)

ਫਿਰ ਉਹ ਨਿਰਮਾਣਤਾ ਵਿੱਚ ਰਹਿ ਕੇ ਦੁਖੀਆਂ ਦੇ ਦੁੱਖ ਵੰਡਾਉਂਦਾ ਹੈ। ਨਿਰਬਲਾਂ ਦੀ ਸਹਾਇਤਾ ਕਰਦਾ ਹੈ।

ਦਰਦੇ ਦਿਲ ਕੇ ਵਾਸਤੇ ਪੈਦਾ ਕੀਆ ਇਨਸਾਨ ਕੋ। ਵਰਨਾ ਤਾਇਤ ਕੇ ਲੀਏ ਕੁਛ ਕਮ ਨਾ ਥੇ ਕਰੋਰ ਬੀਆ।

ਭਾਵ ਲੋਕਾ ਦੇ ਦਿਲ ਦੇ ਦਰਦ, ਦੁੱਖ ਭੀੜਾ ਦੂਰ ਕਰਨ ਵਾਸਤੇ ਹੀ ਮਨੁੱਖ ਨੂੰ ਬਣਾਇਆ ਹੈ। ਜੇਕਰ ਰੱਬ ਅੱਗੇ ਮੱਥੇ ਟੇਕਣ ਦਾ ਹੀ ਸਵਾਲ ਹੁੰਦਾ ਤਾਂ ਹਜ਼ਾਰਾਂ ਨਹੀਂ ਬਲਕਿ ਕ੍ਰੋੜਾ ਦੇਵਤੇ ਪਹਿਲਾਂ ਹੀ ਸਿਜਦੇ ਕਰਦੇ ਹਨ।

ਸੋ ਹਰ ਇੱਕ ਜੀਵ ਦਾ ਆਪਣੇ ਨੇਕ ਕਰਮਾਂ ਨਾਲ ਹੀ ਛੁਟਕਾਰਾ ਹੋਣਾ ਹੈ।

ਜਿਵੇਂ ਆਗਰੇ ਸ਼ਹਿਰ ਕਲਗੀਆਂ ਵਾਲੇ ਪਾਤਿਸ਼ਾਹ ਜੀ ਦੇ ਪਾਸ ਸਰਾਰ ਦੀਨ ਕਾਜ਼ੀ ਨੇ ਬੇਨਤੀ ਕੀਤੀ, "ਪੀਰ ਜੀ! ਮਜ਼ਹਬ ਤੁਮਾਰਾ ਖ਼ੂਬ ਕਿ ਹਮਾਰਾ ਖ਼ੂਬ?" ਸਤਿਗੁਰੂ ਨੇ ਉੱਤਰ ਦਿੱਤਾ, "ਤੁਮ ਕੋ ਤੁਮਾਰਾ ਖ਼ੂਬ, ਹਮ ਕੋ ਹਮਾਰਾ ਖ਼ੂਬ।"

ਅਰਥਾਤ ਕਾਜ਼ੀ ਨੇ ਅਰਜ਼ ਕੀਤੀ, "ਮਹਾਰਾਜ! ਤੁਹਾਡਾ ਮਜ਼ਹਬ ਚੰਗਾ ਹੈ ਕਿ ਸਾਡੇ ਮੱਤ ਦਾ ਦੀਨ ਇਸਲਾਮ ਸ੍ਰੇਸ਼ਟ ਹੈ?" ਹਜ਼ੂਰ ਨੇ ਬਚਨ ਕੀਤਾ ਕਿ ਤੁਹਾਡੇ ਵਾਸਤੇ ਤੁਹਾਡਾ ਦੀਨ ਸ੍ਰੇਸ਼ਟ ਹੈ ਪਰ ਗੁਰਸਿੱਖਾਂ ਵਾਸਤੇ ਗੁਰੂ ਮੱਤ ਸ਼ਰੋਮਣੀ ਹੈ। ਉਸ ਨੇ ਕਿਹਾ, "ਮਹਾਰਾਜ! ਇਸਲਾਮ ਦਾ ਨਿਸਚਾ ਹੈ ਕਿ ਅੰਤ ਦੇ ਸਮੇਂ ਪੈਗੰਬਰ ਤੇ ਭਰੋਸਾ ਰੱਖਣ ਵਾਲੇ ਮੁਸਲਮਾਨਾ ਦੀ ਮਹੁੰਮਦ ਸਾਹਿਬ ਸਿਫਾਰਸ਼ ਕਰਦੇ ਹਨ ਅਤੇ ਉਹ ਬਹਿਸ਼ਤਾਂ ਵਿੱਚ ਭੇਜੇ ਜਾਂਦੇ ਹਨ।"

ਸਤਿਗੁਰਾਂ ਨੇ ਆਖਿਆ, "ਨੇਕ ਅਮਲ ਕੀਤੇ ਬਿਨਾ ਖ਼ੁਦਾ ਦੀ ਦਰਗਾਹ ਵਿੱਚ ਕੋਈ ਵੀ ਨਹੀਂ ਬਖ਼ਸ਼ੀਂਦਾ।" ਉਸ ਨੇ ਕਿਹਾ, "ਮਹਾਰਾਜ ਕੁਰਾਨ ਮਜੀਦ ਤੇ ਹੋਰ ਮੁਸਲਮਾਨੀ ਧਾਰਮਿਕ ਕਤੇਬਾਂ ਤਾਂ ਇਹੋ ਹੀ ਦਸ ਰਹੀਆਂ ਹਨ ਆਪ ਕਿਵੇਂ ਨਹੀਂ ਮੰਨਦੇ?" ਉਸ ਸਮੇਂ ਇਸ ਦੇ ਪਾਸ ਖੜ੍ਹੇ ਹੋਏ ਮੁਸਲਮਾਨ ਨੂੰ ਸਤਿਗੁਰੂ ਨੇ ਇੱਕ ਸਿੱਕਾ ਦਿਤਾ ਜਿਸ ਦੇ ਉੱਪਰ ਕਲਮਾ ਲਿਖਿਆ ਸੀ ਅਤੇ ਆਖਿਆ ਕਿ ਸ਼ਹਿਰ ਵਿੱਚੋਂ ਇਸ ਦੀ ਕੋਈ ਵਸਤੂ ਖਰੀਦ ਕੇ ਲੈ ਆ। ਜਦੋਂ ਉਹ ਸ਼ਹਿਰ ਵਿੱਚ ਗਿਆ ਤਾਂ ਸਾਰੇ ਦੁਕਾਨਦਾਰਾਂ ਨੇ ਕਿਹਾ, "ਇਹ ਤਾਂ ਸਿੱਕਾ ਖੋਟਾ ਹੈ ਇਸ ਦੀ ਕੋਈ ਚੀਜ਼ ਨਹੀਂ ਮਿਲ ਸਕਦੀ।" ਉਸ ਨੇ ਵਾਪਸ ਆ ਕੇ ਮਹਾਰਾਜ ਪਾਸ ਬੇਨਤੀ ਕੀਤੀ, "ਮਹਾਰਾਜ! ਏਸ ਨੂੰ ਕੋਈ ਨਹੀਂ ਲੈਂਦਾ।" ਹਜ਼ੂਰ ਕਹਿਣ ਲੱਗੇ, "ਕੀ ਕਾਰਣ ਹੈ? ਮੋਹਰ ਤਾਂ ਉੱਪਰ ਬਾਦਸ਼ਾਹ ਦੀ ਲੱਗੀ ਹੈ। ਕਲਮਾ ਲਿਖਿਆ ਹੈ। ਰਾਜ ਵੀ ਮੁਸਲਮਾਨੀ ਹੈ। ਫੇਰ ਕਿਉਂ ਨਹੀਂ ਲੈਂਦੇ?" ਉਸ ਨੇ ਅਰਜ਼ ਕੀਤੀ, "ਸਾਹਿਬ! ਧਾਤ ਖੋਟੀ ਹੈ। ਖੋਟੀ ਧਾਤ ਦਾ ਮੁਲ ਨਹੀਂ ਪੈਂਦਾ।" ਸਤਿਗੁਰਾਂ ਨੇ ਕਾਜ਼ੀ ਨੂੰ ਆਖਿਆ, "ਬਾਹਰਲੇ ਚਿੰਨ੍ਹਾਂ ਰੂਪ ਮੋਹਰ ਨੇ ਕੁਛ ਨਹੀਂ ਕਰਨਾ। ਅੱਲਾ ਦੇ ਦਰ ਵਿੱਚ ਤਾਂ ਧਾਤ ਹੀ ਪਰਖੀ ਜਾਂਦੀ ਹੈ। ਉੱਥੇ ਅਮਲਾਂ ਨਾਲ ਨਿਬੇੜਾ ਹੈ। ਕਿਸੇ ਵਰਨ ਜਾਂ ਆਸ਼ਰਮ ਦਾ ਲਿਹਾਜ ਨਹੀਂ।"

ਉਸ ਨੇ ਫੇਰ ਕਿਹਾ, "ਮਹਾਰਾਜ! ਬੰਦਗੀ ਕੇਹੜੀ ਕਰੇ, ਜਿਸ ਨਾਲ ਖ਼ੁਦਾ ਦੇ ਪੇਸ਼ ਕਬੂਲ ਪਵੇ?" ਸਤਿਗੁਰੂ ਨੇ ਕਿਹਾ, "ਸਾਰੇ ਗ਼ੁਨਾਹਾਂ ਤੋਂ ਪਾਕ ਹੋਵੇ। ਫੇਰ ਆਪ ਨੂੰ ਗ਼ੁਨਾਹਗਾਰ ਮੰਨੇ ਏਹੋ ਹੀ ਅਸਲੀ ਬੰਦਗੀ ਹੈ।" ਉਸ ਨੇ ਫੇਰ ਕਿਹਾ, "ਮਹਾਰਾਜ! ਜਦੋਂ ਬੰਦਾ ਬੰਦਗੀ ਕਰ ਕੇ ਪਾਕ ਹੋ ਗਿਆ, ਫੇਰ ਆਪ ਨੂੰ ਗ਼ੁਨਾਹਗਾਰ ਕਿਉਂ ਮੰਨੇ?" ਸਤਿਗੁਰੂ ਨੇ ਕਿਹਾ, "ਪਾਕੀਜ਼ਗੀ ਦੋ ਤਰ੍ਹਾਂ ਦੀ ਹੈ। ਇੱਕ ਤਨ ਦੀ ਪਾਕੀਜ਼ਗੀ ਹੈ, ਇੱਕ ਮਨ ਦੀ ਪਵਿੱਤਰਤਾ ਹੈ। ਪਹਿਲਾਂ ਜਗਿਆਸੂ ਯਤਨ ਕਰ ਕੇ ਪਾਪਾਂ ਵਲੋਂ ਤਨ ਨੂੰ ਰੋਕਦਾ ਹੈ। ਬੁਰੇ ਪਾਸਿਓਂ ਤਨ ਨੂੰ ਬਚਾਉਣਾ ਤਨ ਦੀ ਪਾਕੀਜ਼ਗੀ ਹੈ। ਮਨ ਨੂੰ ਖੁਦੀ ਤੋਂ ਖਲਾਸ ਕਰਨਾ ਮਨ ਦੀ ਪਾਕੀਜ਼ਗੀ ਹੈ। ਇਹ ਆਪਣੇ ਆਪ ਨਹੀਂ ਹੁੰਦੀ। ਜਦੋਂ ਸਾਹਿਬ ਬਖਸ਼ਿੰਦ ਹੋਵੇ, ਫੇਰ ਮੁਰਸ਼ਦ ਕਾਮਲ ਦੀ ਸੁਹਬਤ ਹੋਵੇ, ਤਾਂ ਖੁਦੀ ਤੋਂ ਖਲਾਸੀ ਹੁੰਦੀ ਹੈ। ਜੋ ਯਤਨ ਕਰ ਕੇ ਦਿਲੋਂ ਗ਼ੁਨਾਹ ਮੰਨੇ, ਉਹ ਬਰਕਤਾਂ ਨੂੰ ਪਾਉਂਦਾ ਹੈ। ਜਿਵੇਂ ਬ੍ਰਿਛ ਦਾ ਫ਼ਲ ਆਪਣੀ ਮੁਰਾਦ ਨੂੰ ਉਹੋ ਹੀ ਪਹੁੰਚਦਾ ਹੈ ਜੋ ਕਿ ਕੱਚਾ ਨਾ ਟੁੱਟੇ। ਬ੍ਰਿਛ ਦੀ ਟਾਹਣੀ ਨਾਲ ਪੱਕ ਕੇ ਉਹ ਮਿਠਾਸ ਤੇ ਰਸ ਦੇ ਸਹਿਤ ਹੁੰਦਾ ਹੈ। ਜੋ ਹਵਾ ਦੇ ਵੇਗ ਨਾਲ ਕੱਚਾ ਟੁੱਟ ਜਾਵੇ, ਉਹ ਪਕਿਆਈ ਦੇ ਰਸ ਨੂੰ ਨਹੀਂ ਪਾਉਂਦਾ। ਪੈਲ ਵਿੱਚ ਪਾਇਆ ਦਾਗੀ ਹੋ ਜਾਂਦਾ ਹੈ।"

ਯਥਾ: ***ਕਬੀਰ ਫਲ ਲਾਗੇ ਫਲਨਿ ਪਾਕਨ ਲਾਗੈ ਆਂਬ ॥***
ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ ॥੧੩੪॥

(ਸਲੋਕ ਭਗਤ ਕਬੀਰ ਜੀ - ੧੩੭੧)

ਇਸੇ ਤਰ੍ਹਾਂ ਗੁਰੂ ਦੀ ਸੰਗਤ ਕਰਨ ਵਾਲੇ ਦੀ ਹੀ ਪ੍ਰਪੱਕ ਅਵਸਥਾ ਹੁੰਦੀ ਹੈ। ਜੋ ਗੁਰੂ ਪੀਰਾਂ ਤੋਂ ਦੂਰ ਹੋ ਕੇ ਥੋੜ੍ਹੀ ਜਿਹੀ ਵਸਤੂ ਪਾ ਕੇ ਉਸ ਦਾ ਬਹੁਤਾ ਮਾਣ ਕਰਦਾ ਹੈ, ਉਹ ਅਹੰਕਾਰ ਵਿੱਚ ਸੜਦਾ ਹੈ। ਪਰ ਖੁਦੀ ਤੋਂ ਉਹ ਖਲਾਸੀ ਪਾਉਂਦਾ ਹੈ, ਜੋ ਤਨ ਦੀ ਪਾਕੀਜ਼ਗੀ ਤੇ ਪਹੁੰਚ ਕੇ ਫੇਰ ਵੀ ਆਪਣੇ ਆਪ ਨੂੰ ਗ਼ੁਨਾਹਗਾਰ ਮੰਨਦਾ ਰਹੇ। ਸਿੱਖ ਵਾਸਤੇ ਗੁਰੂ ਦਾ ਮਿਲਾਪ ਤੇ ਮੁਰਸ਼ਦ ਦੀ ਸੁਹਬਤ ਹੀ ਦੋਵੇਂ ਲੋਕਾਂ ਵਿੱਚ ਸੁੱਖ ਦੇਣ ਵਾਲੀ ਹੈ। ਜਿਵੇਂ ਉਸ ਸਰੋਵਰ ਦਾ ਪਾਣੀ ਸਦਾ ਪਵਿੱਤਰ ਰਹਿੰਦਾ ਹੈ, ਜਿਸ ਦਾ ਸਬੰਧ ਕਿਸੇ ਨਦੀ ਨਾਲੇ ਜਾਂ ਦਰਿਆ ਨਾਲ ਹੋਵੇ। ਸੋਹਣੇ ਚੌੜੇ ਪੱਤਰਾਂ ਵਾਲੇ ਕਵਲ ਫ਼ੁੱਲ ਸਰੋਵਰ ਦੀ ਹਿੱਕ ਉਤੇ ਤਾਰੀਆਂ ਲਾਉਂਦੇ ਹਨ। ਜੰਗਲਾਂ ਦੇ ਕਈ ਮ੍ਰਿਗ ਚੁੰਗੀਆਂ ਭਰ ਭਰ ਆਪਣੀ ਪਿਆਸ ਮਿਟਾਉਣ ਲਈ ਉਸ ਸਰੋਵਰ ਤੇ ਆਉਂਦੇ ਹਨ। ਉਸ ਦਾ ਸੁੰਦਰ ਵਾਤਾਵਰਣ ਦਿਲ ਨੂੰ ਇੱਕ ਅਜੀਬ ਖ਼ੁਮਾਰੀ ਚਾੜ੍ਹਦਾ ਹੈ। ਆਪ ਮੁਹਾਰੇ ਹੀ ਪ੍ਰਭੂ ਨਾਲ ਸੁਰਤ ਜਾ ਜੁੜਦੀ ਹੈ। ਪਰ ਕਦੋਂ ਤੱਕ? ਜਿੰਨਾ ਚਿਰ ਨਦੀ ਦਾ ਪਾਣੀ ਸਰੋਵਰ ਵਿੱਚ ਦੀ ਲੰਘੀ ਜਾਂਦਾ ਹੈ। ਪਰ ਜਦੋਂ ਨਦੀ ਦੇ ਪਾਣੀ ਦਾ ਵਹਿਣ ਕਿਸੇ ਦੂਸਰੇ ਪਾਸੇ ਵਲ ਵਹਿ ਤੁਰਿਆਂ ਤੇ ਨਦੀ ਨਾਲੋਂ ਸਰੋਵਰ ਦਾ ਵਿਛੋੜਾ ਪੈ ਗਿਆ ਤਾਂ ਸਾਰੇ ਕੰਵਲ ਸੜ ਕੇ ਸਵਾਹ ਹੋ ਜਾਂਦੇ ਹਨ। ਹਰਿਆਵਲ ਤੇ ਖੇੜਾ ਉਤਨਾ ਚਿਰ ਹੀ ਸਨ, ਜਿੰਨਾ ਚਿਰ ਪਾਣੀ ਵਗਦਾ ਹੈ। ਜਦੋਂ ਪਾਣੀ ਖੜੋ ਗਿਆ ਤਾਂ ਉਹੋ ਸਰੋਵਰ ਗੰਦਾ ਛੱਪੜ ਬਣ ਗਿਆ। ਇਸ ਤਰ੍ਹਾਂ ਜਦ ਤੱਕ ਇਸ ਜੀਵ ਦਾ ਸਬੰਧ ਗੁਰੂ ਰੂਪੀ ਦਰਿਆ ਨਾਲ ਬਣਿਆ ਹੈ, ਉਤਨਾ ਚਿਰ ਮੱਥੇ ਤੇ ਖੇੜਾ ਤੇ ਨੂਰ ਡਲ੍ਹਕਾਂ ਮਾਰਦਾ ਹੈ। ਚੇਹਰੇ ਤੇ ਮੁਸਕ੍ਰਾਹਟ ਤੇ ਨੈਣਾਂ ਵਿੱਚ ਨੂਰਾਨੀ ਝਲਕ ਆ ਵਸਦੀ ਹੈ। ਕੋਈ ਵੈਰੀ ਨਹੀਂ ਦਿਸਦਾ।

ਮਨੁੱਖਤਾ ਦੀ ਸੇਵਾ ਵਾਸਤੇ ਦਿਲ ਵਿੱਚ ਉਮਾਹ ਪੈਦਾ ਹੁੰਦਾ ਹੈ ਫੇਰ ਉਸ ਸਮੇਂ ਹਰ ਕੋਈ ਪਿਆਰ ਤੇ ਸਤਿਕਾਰ ਨਾਲ ਦੇਖਦਾ ਹੈ ਪਰ ਜਦੋਂ ਗੁਰੂ ਦਰਿਆ ਨਾਲੋਂ ਵਿਛੋੜਾ ਪੈ ਗਿਆ, ਉਸ ਨਾਲੋਂ ਸਬੰਧ ਟੁੱਟ ਗਿਆ, ਫੇਰ ਮੁਸਕ੍ਰਾਹਟ ਦੀ ਜਗ੍ਹਾ ਗ਼ਮਾਂ ਨੇ ਮੱਲ ਲਈ। ਮੱਥੇ ਤੇ ਤਿਉੜੀਆਂ ਪੈ ਗਈਆਂ। ਅੱਖਾਂ ਵਿੱਚ ਪਿਆਰ ਦੀ ਝਲਕ ਦੀ ਥਾਂ ਕ੍ਰੋਧ ਦਾ ਮੋਤੀਆ ਉੱਤਰ ਆਇਆ। ਦਿਲ ਤੇ ਸੋਹਣੀਆਂ ਆਸਾਂ ਦੇ ਕੰਵਲ ਫ਼ੁੱਲ ਸੜ ਕੇ ਸਵਾਹ ਹੋ ਗਏ।

ਜਿਵੇਂ ਸਤਿਗੁਰਾਂ ਨੇ ਇੱਕ ਹਰੇ ਭਰੇ ਅੱਕ ਦੇ ਮੁੱਢ ਵਲ (ਜੋ ਹਵਾ ਦੇ ਝੋਲਿਆਂ ਨਾਲ ਪੂਰਨ ਮਸਤੀ ਵਿੱਚ ਝੂਮ ਰਿਹਾ ਸੀ) ਤੱਕਿਆ, ਜਿਸ ਨਾਲ ਲੱਗੀਆਂ ਸੁੰਦਰ ਖਖੜੀਆਂ ਕੋਲੋਂ ਲੰਘਣ ਵਾਲੇ ਮਨੁੱਖ ਨੂੰ ਦੁਸਹਿਰੀ ਅੰਬਾਂ ਦਾ ਭੁਲੇਖਾ ਪਾ ਰਹੀਆਂ ਸਨ। ਪਰ ਜਦੋਂ ਗੁਰੂ ਜੀ ਦੂਸਰੇ ਦਿਨ ਉਸ ਪਾਸੇ ਆਏ ਤਾਂ ਉਹ ਖਖੜੀਆਂ ਆਪਣੇ ਪਿਆਰੇ ਅੱਕ ਨਾਲੋਂ ਟੁੱਟ ਕੇ ਧਰਤੀ ਤੇ ਡਿੱਗੀਆਂ, ਸੁੱਕੀ ਮੂਲੀ ਵਾਂਗ ਝਿਰੜੀਆਂ ਤੇ ਤਿਊੜੀਆਂ ਸਹਿਤ ਉਦਾਸ ਪਈਆਂ ਸਨ। ਉਨ੍ਹਾਂ ਵਿੱਚੋਂ ਨਿੱਕਲੀ ਰੂੰ ਤੁੰਬਾਂ ਹੋ ਕੇ ਹਵਾ ਨਾਲ ਹੱਸ ਰਹੀ ਸੀ ਤਾਂ ਹਜ਼ੂਰ ਨੇ ਇਹ ਵਾਕ ਉਚਾਰਨ ਕੀਤੇ:

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥੧॥ (ਗਉੜੀ ਵਾਰ-੨ ਮਃ ੫ - ੩੧੯)

ਗੁਰੂ ਕੀ ਬਖ਼ਸ਼ਿਸ਼

ਗੁਰੂ ਬਖ਼ਸ਼ਿਸ਼ਾਂ ਦਾ ਭੰਡਾਰ ਹੈ। ਗੁਰੂ ਅੰਮ੍ਰਿਤ ਦਾ ਸੋਮਾ ਹੈ। ਗੁਰੂ ਸਾਰੇ ਫ਼ਲਾਂ ਦਾ ਦਾਤਾ ਹੈ। ਗੁਰੂ ਟੁੱਟੀਆਂ ਸੁਰਤਾਂ ਨਿਰੰਕਾਰ ਨਾਲ ਜੋੜਦਾ ਹੈ। ਜਿਵੇਂ ਸਮੁੰਦਰ ਵਿੱਚੋਂ ਪਾਣੀ ਗ਼ਰਮ ਹੋ ਕੇ ਬੁਖਾਰਤ ਬਣ ਕੇ ਉੱਡਦਾ ਹੈ। ਮਾਨਸੂਨ ਹਵਾਵਾਂ ਚਲਦੀਆਂ ਹਨ। ਫੇਰ ਕਿਸੇ ਪਹਾੜ ਦੇ ਨਾਲ ਟਕਰਾ ਕੇ ਕਣੀਆਂ ਦੇ ਰੂਪ ਵਿੱਚ ਉਹ ਪਾਣੀ ਜ਼ਮੀਨ ਤੇ ਆ ਡਿੱਗਦਾ ਹੈ। ਜਿਨ੍ਹਾਂ ਪਾਣੀਆਂ ਦੇ ਕਿਣਕਿਆਂ ਅੰਦਰ ਆਪਣੇ ਪਿਆਰੇ ਸਮੁੰਦਰ ਵਿੱਚ ਪਹੁੰਚਣ ਦੀ ਤਾਂਘ ਹੁੰਦੀ ਹੈ। ਉਹ ਕਿਸੇ ਦਰਿਆ ਜਾਂ ਨਦੀ ਦੀ ਸ਼ਰਨ ਵਿੱਚ ਡਿੱਗ ਪੈਂਦੇ ਹਨ। ਦਰਿਆ ਉਨ੍ਹਾਂ ਦਾ ਪਿਆਰ ਤੇ ਸਿਦਕ ਦੇਖ ਕੇ ਮੈਦਾਨਾ ਵਿੱਚੋਂ ਦੀ ਵਹਿੰਦਾ ਵਹਿੰਦਾ ਸਮੁੰਦਰ ਵਿੱਚ ਪਹੁੰਚਾ ਦਿੰਦਾ ਹੈ।

ਇਸੇ ਤਰ੍ਹਾਂ ਪ੍ਰਭੂ ਦੀ ਅਟੱਲ ਕੁਦਰਤ ਦੇ ਨਿਯਮ ਅਨੁਸਾਰ ਜੀਵ ਇਸ ਦੁਨੀਆਂ ਵਿੱਚ ਇੱਕ ਪਾਣੀ ਦੀ ਬੂੰਦ ਦੀ ਤਰ੍ਹਾਂ ਆਇਆ। ਜੇਹੜੇ ਜੀਵ ਪ੍ਰਭੂ ਨਾਲੋਂ ਵਿਛੋੜਾ ਨਾ ਸਹਿ ਸਕੇ, ਉਨ੍ਹਾਂ ਬ੍ਰਿਹੀ ਜਿਊੜਿਆਂ ਨੇ ਗੁਰੂ ਦਰਿਆ ਦੀ ਓਟ ਲੈ ਲਈ। ਉਸ ਦੀ ਝੋਲੀ ਵਿੱਚ ਡਿੱਗ ਪਏ। ਆਪਣਾ ਆਪ ਗੁਰੂ ਨੂੰ ਸੌਂਪ ਦਿੱਤਾ। ਗੁਰੂ ਨੇ ਉਨ੍ਹਾਂ ਦਾ ਸਿਦਕ ਤੇ ਪਿਆਰ ਦੇਖ ਕੇ ਆਪਣੇ ਨਾਲ ਜੋੜ ਲਿਆ। ਫੇਰ ਸੰਸਾਰ ਦੇ ਜੀਵਨ ਰੂਪ ਮੈਦਾਨ ਵਿੱਚੋਂ ਵਹਿੰਦਿਆਂ ਉਨ੍ਹਾਂ ਨੂੰ ਓੜਕ ਪ੍ਰਭੂ ਰੂਪੀ ਸਮੁੰਦਰ ਵਿੱਚ ਮਿਲਾ ਦਿੱਤਾ।

ਜਿਹੜੇ ਕਰਮਾਂ ਮਾਰੇ ਜੀਵਾਂ ਨੇ ਸੰਸਾਰ ਨੂੰ ਹੀ ਅਸਲੀ ਘਰ ਸਮਝਿਆ ਤੇ ਇਹਦੇ ਵਿੱਚ ਹੀ ਰੁਝ ਗਏ, ਉਹ ਉਨ੍ਹਾਂ ਨਿਭਾਗੇ ਮੀਂਹ ਦੇ ਕਿਣਕਿਆਂ ਵਰਗੇ ਹਨ, ਜਿਨ੍ਹਾਂ ਨੇ ਦਰਿਆ ਦੀ ਝੋਲੀ ਵਿੱਚ ਡਿੱਗਣ ਦੀ ਬਜਾਏ ਰੇਤ ਦੇ ਟਿੱਬਿਆਂ ਦਾ ਆਸਰਾ ਲਿਆ। ਉਨ੍ਹਾਂ ਦੀ ਜ਼ਿੰਦਗੀ ਦੁਨੀਆਂ ਨੂੰ ਹਰੀਆਵਲਤਾ ਨਾ ਦੇ ਸਕੀ ਅਤੇ ਆਪਣਾ ਆਪ ਵੀ ਤਬਾਹ ਕਰ ਬੈਠੇ।

ਵਿਸ਼ੇ ਵਿਕਾਰ ਸੰਸਾਰ ਰੂਪੀ ਧਰਤੀ ਤੇ ਵੱਡੇ ਵੱਡੇ ਰੇਤ ਦੇ ਮਾਰੂਥਲ ਹਨ। ਇਨ੍ਹਾਂ ਵਿੱਚ ਡਿੱਗਿਆ ਮਨੁੱਖ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦਾ। ਇਨ੍ਹਾਂ ਤੋਂ ਮਨੁੱਖ ਨੇ ਜਿੱਤ ਪ੍ਰਾਪਤ ਕਰਨੀ ਹੈ। ਇਨ੍ਹਾਂ ਵਿੱਚ ਖੱਚਤ ਨਹੀਂ ਹੋਣਾ। ਪਰ ਇਹ ਗੁਰੂ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ। ਗੁਰੂ ਦਰਿਆ ਨਾਲ ਸਬੰਧ ਜੋੜ ਕੇ ਪ੍ਰਭੂ ਸਮੁੰਦਰ ਵਿੱਚ ਸਮਾਈ ਹੁੰਦੀ ਹੈ। ਗੁਰੂ ਦੇ ਸਿੱਖ ਦਾ ਪਿਆਰ ਹੀ ਅਸਲੀ ਪਿਆਰ ਹੈ।

ਗੁਰੂ ਤੇ ਸਿੱਖ ਦੀ ਪ੍ਰੀਤੀ

ਮੱਛੀ ਦੀ ਇੱਕ ਅੰਗੀ ਪ੍ਰੀਤ ਹੈ। ਮੱਛੀ ਪਾਣੀ ਬਿਨਾਂ ਜ਼ਿੰਦਾ ਨਹੀਂ ਰਹਿ ਸਕਦੀ। ਵੱਖ ਹੋ ਕੇ ਵੀ ਪਾਣੀ ਲਈ ਤੜਫਦੀ ਹੈ। ਟੁਕੜੇ ਟੁਕੜੇ ਹੋ ਕੇ ਵੀ ਪਾਣੀ ਲਈ ਲੁਛਦੀ ਹੈ। ਪੇਟ ਵਿੱਚ ਗਈ ਨੂੰ ਵੀ ਪਾਣੀ ਨਹੀਂ ਭੁੱਲਦਾ:

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥ *(ਸੋਰਠਿ ਭਗਤ ਰਵਿਦਾਸ ਜੀ - ੬੫੮)*

ਪਰ ਪਾਣੀ ਬੋਲਾ ਹੈ, ਪਾਣੀ ਅੰਨ੍ਹਾਂ ਹੈ, ਪਾਣੀ ਹਿਰਦੇ ਹੀਨ ਹੈ, ਪਾਣੀ ਪ੍ਰੀਤ ਹੀਣ ਹੈ, ਪਾਣੀ ਬੇਵਫ਼ਾ ਹੈ। ਪਾਣੀ ਨੂੰ ਕੀ ਲੱਗੇ ਮੱਛੀਆਂ ਫੜੀਆਂ ਜਾਂਦੀਆਂ ਹਨ। ਪਾਣੀ ਨੂੰ ਕੀ ਲੱਗੇ ਜੇ ਉਹ ਤੜਫ ਤੜਫ ਕੇ ਮਰਦੀਆਂ ਹਨ। ਉਹ ਆਪਣੀ ਮੌਜ ਵਿੱਚ ਮਸਤ ਰਹਿੰਦਾ ਹੈ। ਪਰ ਗੁਰੂ ਪ੍ਰੀਤ ਦੋ ਅੰਗੀ ਨਹੀਂ, ਸਗੋਂ ਸਰਬੰਗੀ ਹੈ। ਪਹਿਲਾਂ ਗੁਰੂ ਅੰਦਰ ਪਿਆਸ ਲੱਗਦੀ

ਹੈ। ਫੇਰ ਉਹ ਪਿਆਸ ਸਿੱਖ ਅੰਦਰ ਜਗਾਉਂਦਾ ਹੈ ਤਾਂ ਕਿ ਉਹ ਵਿਆਕੁਲ ਹੋਇਆ ਦੌੜ ਕੇ ਗੁਰੂ ਵੱਲ ਆਵੇ ਅਤੇ ਉਹ ਕ੍ਰੋੜਾਂ ਕਦਮ ਅੱਗੇ ਹੋ ਕੇ ਸਿੱਖ ਨੂੰ ਮਿਲਦਾ ਹੈ। ਉਸ ਦੇ ਸੁੰਦਰ ਬਾਗ਼ਾਂ ਦੇ ਰੰਗੀਨ ਫ਼ੁੱਲ ਹੀ ਤਿਤਲੀਆਂ ਦੇ ਪਰਾਂ ਨੂੰ ਆਪਣੀਆਂ ਰੰਗ ਮਟਕੀਆਂ ਵਿੱਚ ਰੰਗਦੇ ਹਨ। ਤੀਲੀ ਤੇ ਡੱਬੀ ਉਸ ਦੇ ਕੋਲ ਹੈ, ਜਿਸ ਦੇ ਨਾਲ ਉਹ ਸਿੱਖ ਅੰਦਰ ਜੋਤ ਜਗਾਉਂਦਾ ਹੈ। ਲੋਹੇ ਦੇ ਜ਼ਰੇ ਅੰਨ੍ਹੇ ਹਨ, ਬੋਲੇ ਹਨ, ਉਹ ਟਿਕਣ ਲੱਗ ਪੈਂਦੇ ਹਨ। ਤੁਰਨ ਤੇ ਉੱਡਣ ਲੱਗ ਪੈਂਦੇ ਹਨ। ਪਰ ਉਨ੍ਹਾਂ ਦੀ ਸਮਰਥਾ ਨਹੀਂ ਸਗੋਂ ਇਹ ਸਾਰੀ ਸ਼ਕਤੀ ਚੁੰਬਕ ਦੀ ਹੈ। ਚੁੰਬਕ ਵਲੋਂ ਆਈ ਹੈ। ਜਿਵੇਂ ਸਾਗਰ ਦਾ ਪਾਣੀ ਉੱਛਲਦਾ ਹੈ। ਉਸ ਵਿੱਚ ੨੨-੨੨ ਫੁੱਟ ਉੱਚੀਆਂ ਲਹਿਰਾਂ ਪੈਦਾ ਹੋ ਜਾਂਦੀਆਂ ਹਨ। ਨੀਵੇਂ ਪਾਸੇ ਵਗਣ ਵਾਲੇ ਪਾਣੀ ਨੂੰ ਉੱਪਰ ਨੂੰ ਜਾਣ ਦੀ ਸ਼ਕਤੀ ਕਿਸ ਨੇ ਦਿੱਤੀ? ਕੀ ਪਾਣੀ ਦੀ ਆਪਣੀ ਕਰਾਮਾਤ ਹੈ? ਕੀ ਇਹ ਉਸ ਦਾ ਆਪਣਾ ਸੁਭਾਵ ਹੈ? ਨਹੀਂ ਨਹੀਂ। ਇਹ ਤਾਕਤ ਕਿਸੇ ਹੋਰ ਦੀ ਹੈ। ਉਹ ਇਸ ਤੋਂ ਬਹੁਤ ਦੂਰੇਡੇ ਹੈ। ਪਾਣੀਆਂ ਨੂੰ ਰਿੜਕਣ ਵਾਲੇ ਚੰਦਰਮਾ ਤੇ ਸੂਰਜ ਦੂਰ ਬੈਠੇ ਹਨ। ਉਹ ਤਾਂ ਪਾਣੀ ਨੂੰ ਦੇਖ ਕੇ ਹੱਸ ਰਹੇ ਹਨ ਪਰ ਸਾਡੀ ਨਜ਼ਰ ਤਾਂ ਕੇਵਲ ਪਾਣੀ ਤੱਕ ਹੀ ਜਾਂਦੀ ਹੈ। ਚੰਦ ਸੂਰਜ ਤੱਕ ਨਹੀਂ। ਇਸੇ ਤਰ੍ਹਾਂ ਗੁਰੂ ਸਿੱਖ ਨੂੰ ਤਾਕਤ ਬਖ਼ਸ਼ਦਾ ਹੈ। ਉਹ ਸਿੱਖ ਦੀ ਕਾਇਆ ਪਲਟ ਕੇ ਜੀਵ ਤੋਂ ਬ੍ਰਹਮ ਬਣਾਉਂਦਾ ਹੈ। ਗੁਰੂ ਤੇ ਸਿੱਖ ਦੀ ਪ੍ਰੀਤੀ ਦੋ ਅੰਗੀ ਹੈ ਉਹ ਅਸਲੀ ਪਿਆਰ ਹੈ। ਗੁਰੂ ਸਿੱਖ ਵਾਸਤੇ ਹੁਸ਼ਿਆਰਪੁਰ ਦੀਆਂ ਗਲੀਆਂ ਗਾਹੁੰਦਾ ਹੈ। ਉਹ ਭੱਠ ਦਾ ਸੇਕ ਆਪਣੇ ਸਰੀਰ ਤੇ ਸਹਾਰ ਕੇ ਆਪਣੇ ਪਿਆਰਿਆਂ ਨੂੰ ਆਂਚ ਨਹੀਂ ਲੱਗਣ ਦਿੰਦਾ। ਉਹ ਆਪਣੇ ਚਰਨਾਂ ਵਿੱਚ ਤੱਤੀਆਂ ਸੀਖਾਂ ਦੇ ਜ਼ਖਮ ਕਰਵਾ ਲੈਂਦਾ ਹੈ। ਉਹ ਸਮੁੰਦਰਾਂ ਦੇ ਟਾਪੂਆਂ ਵਿੱਚ ਜਾ ਕੇ ਮੋਢਾ ਛਿਲਵਾ ਲੈਂਦਾ ਹੈ। ਉਹਦਾ ਪਿਆਰ ਅਸਲੀ ਪਿਆਰ ਹੈ। ਜਿਨ੍ਹਾਂ ਦਾ ਭਰੋਸਾ ਹੈ ਕਿ ਲਹੂ ਦੇ ਸਾਕ ਨਾਲੋਂ ਆਗਯਾਕਾਰੀ ਸੇਵਕ ਵੱਡਾ ਹੁੰਦਾ ਹੈ। ਲਹੂ ਨਾਲੋਂ ਨਫਰਤ ਨਹੀਂ, ਪਰ ਲਹੂ ਨਾਲੋਂ ਆਗਯਾਕਾਰ ਦਾ ਦਰਜਾ ਬਹੁਤ ਉੱਚਾ ਹੈ। ਜੋ ਲਹੂ ਆਗਯਾਕਾਰ ਹੋਵੇ ਤਾਂ ਸੋਨੇ ਤੇ ਸੁਹਾਗਾ ਹੋ ਜਾਂਦਾ ਹੈ। ਚੰਗੇ ਪੁੱਤਰ ਤੋਂ ਬਿਨਾ ਕੋਈ ਪਿਓ ਵੱਡਾ ਨਹੀਂ ਬਣ ਸਕਦਾ। ਮਾਲੀ ਆਪਣੇ ਬਾਗ਼ ਦੇ ਫ਼ੁੱਲਾਂ ਤੋਂ ਬਿਨਾਂ ਮਹਾਨ ਨਹੀਂ ਹੋ ਸਕਦਾ। ਇਸੇ ਤਰ੍ਹਾਂ ਗੁਰੂ ਅਤੇ ਪੈਗੰਬਰ ਆਪਣੇ ਸਿੱਖਾਂ ਅਤੇ ਉੱਮਤ ਤੋਂ ਪਰਖੇ ਜਾਂਦੇ ਹਨ।

ਰਸਾਇਣੀ ਲੋਕ ਤਾਂਬੇ ਨੂੰ ਸੋਨਾ ਬਣਾ ਦੇਂਦੇ ਹਨ ਅਤੇ ਪਾਰਸ ਦੀ ਛੁਹ ਨਾਲ ਲੋਹਾ ਵੀ ਸੋਨਾ ਹੋ ਜਾਂਦਾ ਹੈ। ਪਰ ਇਹ ਸੋਨਾ ਆਪਣੀ ਛੋਹ ਨਾਲ ਅੱਗੇ ਲੋਹੇ ਨੂੰ ਸੋਨਾ ਨਹੀਂ ਕਰ ਸਕਦਾ। ਕਿਸੇ ਖ਼ਾਸ ਜਾਤੀ ਦੇ ਕੀੜੇ ਨੂੰ ਭ੍ਰਿੰਗੀ ਆਪਣੇ ਸਮਾਨ ਬਣਾ ਲੈਂਦਾ ਹੈ, ਪਰ ਹਰੇਕ ਨੂੰ ਨਹੀਂ। ਬਸੰਤ ਰੁੱਤ ਵਿੱਚ ਬਾਵਨ ਚੰਦਨ ਦੀ ਖ਼ੁਸ਼ਬੂ ਨਾਲ ਆਮ ਬ੍ਰਿਛ ਚੰਦਨ ਦੇ ਸਮਾਨ ਬਣ ਜਾਂਦੇ ਹਨ। ਕੀੜੇ ਤੋਂ ਬਣਿਆ ਹੋਇਆ ਭ੍ਰਿੰਗੀ ਹੋਰ ਕੀੜਿਆਂ ਨੂੰ ਭ੍ਰਿੰਗੀ ਨਹੀਂ ਬਣਾ ਸਕਦਾ। ਨਾ ਹੀ ਬਾਵਨ ਚੰਦਨ ਦੀ ਸੁੰਗੰਧੀ ਨਾਲ ਬਣੇ ਚੰਦਨ ਦੇ ਬ੍ਰਿਛ ਹੋਰ ਬੂਟਿਆਂ ਨੂੰ ਚੰਦਨ ਬਣਾ ਸਕਦੇ ਹਨ। ਸਿਆਣੇ ਪੁਰਸ਼ ਦੀ ਸੰਗਤ ਨਾਲ ਮੂਰਖ ਪੁਰਸ਼ ਵੀ ਚਤਰ ਬਣ ਜਾਂਦਾ ਹੈ। ਸਿਆਣੇ ਵੈਦ ਔਸ਼ਧੀਆਂ ਪਾ ਕੇ ਕਲੀ ਤੋਂ ਚਾਂਦੀ ਬਣਾ ਦੇਂਦੇ ਹਨ ਅਤੇ ਵਿਹੁ ਨੂੰ ਸ਼ੁੱਧ ਕਰ ਕੇ ਕੁਸ਼ਤਿਆਂ ਵਿੱਚ ਮਿਲਾ ਕੇ ਖਾਣ ਲਈ ਅੰਮ੍ਰਿਤ ਦੇ ਸਮਾਨ ਸ਼ੁੱਧ ਸਰੂਪ ਬਣਾ ਦੇਂਦੇ ਹਨ। ਪਰ ਇਹ ਪਿੱਛੇ ਦੱਸੀਆਂ ਸਾਰੀਆਂ ਚੀਜ਼ਾਂ ਇੱਕ ਦੂਜੀ ਨੂੰ ਆਪਣੇ ਸਮਾਨ ਨਹੀਂ ਕਰ ਸਕਦੀਆਂ ਪਰੰਤੂ ਗੁਰੂ ਸਿੱਖ ਨੂੰ ਆਪਣੇ ਤੁਲ ਬਣਾ ਲੈਂਦੇ ਹਨ।

ਯਥਾ: ਤਾਮ੍ਰ ਕਰੈ ਕਲਯੌਤ ਰਸਾਇਨ, ਪਾਰਸ ਲੋਹ ਹੇਮ ਕੋ ਬਨਾਵੈ।
ਕੀਟ ਸੁ ਭ੍ਰਿੰਗੀ ਕਰੈ ਤਰੁ ਚੰਦਨ, ਮੂੜ ਸੁਧੀ ਸੰਗ ਦੱਖ ਕਹਾਵੈ।
ਬੰਗ ਭਵੈ ਰਜਤੰ ਸੰਗ ਔਖਧਿ, ਬੈਦ ਸੁਧਾ ਬਿਖ ਕੋ ਸੁ ਬਨਾਵੈ।
ਏ ਨ ਸਕੈ ਕਰਿ ਆਪ ਸਮਾਨ, ਗੁਰੂ ਸਿਖ ਕੋ ਸਮ ਆਪ ਬਨਾਵੈ। (ਪੰਥ ਪ੍ਰਕਾਸ਼)

ਸੰਤ ਜੀ ਮਹਾਰਾਜ ਦੀ ਤਪੱਸਿਆ

ਜਿਵੇਂ ਸਕੂਲ ਦਾ ਮਾਸਟਰ ਛੋਟੀਆਂ ਕਲਾਸਾਂ ਨੂੰ ਪੜ੍ਹਾਉਣ ਸਮੇਂ ਉਹ ਪਹਿਲਾਂ ਆਪ ਅੱਗੇ ਅੱਗੇ ਉਰਦੂ ਦੀ ਅਲਫ਼ ਬੇ, ਪੰਜਾਬੀ ਦੀ ਮੁਹਾਰਨੀ ਤੇ ਏਕੇ ਦੁਏ ਦੇ ਹਿੰਦਸੇ ਬੋਲਦਾ ਹੈ; ਉਸ ਦੇ ਮਗਰ ਸਾਰੀ ਜਮਾਤ ਦੇ ਮੁੰਡੇ ਬੋਲਦੇ ਹਨ। ਇਸ ਤਰ੍ਹਾਂ ਜੋ ਸੰਸਾਰ ਦੇ ਭਲੇ ਵਾਸਤੇ ਪ੍ਰਮੇਸ਼ਰ ਵਲੋਂ ਬਖਸ਼ੀਆਂ ਰੂਹਾਂ ਆਉਂਦੀਆਂ ਹਨ, ਉਨ੍ਹਾਂ ਨੂੰ ਰੱਬੀ ਕਾਰਕ ਜਾਂ ਨਿੱਤ ਅਵਤਾਰ ਕਰ ਕੇ ਮੰਨਿਆ ਹੈ। ਉਹ ਆਪ ਤਾਂ ਹਰ ਪ੍ਰਕਾਰ ਮੁਕਤ ਰੂਪ ਹਨ। ਉਨ੍ਹਾਂ ਵਾਸਤੇ ਕੁੱਝ ਕਰਨ ਕਰਾਉਣ ਵਾਲਾ ਸਾਧਨ ਬਾਕੀ ਨਹੀਂ ਰਹਿ ਜਾਂਦਾ ਪਰ ਜਗਿਆਸੂ ਜਨਾਂ ਦੇ ਭਲੇ ਵਾਸਤੇ ਟੁੱਟੀਆਂ ਸੁਰਤਾਂ ਨੂੰ ਨਿਰੰਕਾਰ ਵਿੱਚ ਜੋੜਨ ਲਈ ਫੌਜੀ ਅਫ਼ਸਰਾਂ ਵਾਂਗ ਪਹਿਲਾਂ ਸੇਵਾ ਤੇ ਸਿਮਰਨ ਦਾ ਨਮੂਨਾ ਦੱਸਣਾ ਪੈਂਦਾ ਹੈ, ਜਿਸ ਕਰ ਕੇ ਪ੍ਰਮਾਰਥ ਦੇ ਪੰਧਾਊ ਇਸ ਗੁਰਮੁਖ ਗਾਡੀ ਰਾਹ ਤੇ ਸੌਖੇ ਚੱਲ ਸਕਣ। ਜਿਵੇਂ ਗੁਰੂ ਨਾਨਕ ਦੇਵ ਜੀ ਦੀ ਤਪੱਸਿਆ ਨੂੰ ਭਾਈ ਗੁਰਦਾਸ ਜੀ ਇਉਂ ਕਥਨ ਕਰਦੇ ਹਨ:

ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ। *(ਭਾ. ਗੁਰਦਾਸ ਜੀ: ਵਾਰ ੧ ਪਉੜੀ ੨੪)*

ਇਸੇ ਤਰ੍ਹਾਂ ਤੀਸਰੇ ਪਾਤਸ਼ਾਹ ਜੀ ਮਹਾਰਾਜ ਨੇ ਰੌਂਗਟੇ ਖੜ੍ਹੇ ਕਰਨ ਵਾਲੀ ੧੨ ਸਾਲ ਕਠਨ ਸੇਵਾ ਕੀਤੀ। ਅਤੇ ਕਲਗੀਆਂ ਵਾਲੇ ਪਾਤਸ਼ਾਹ ਜੀ ਤਾਂ ਆਪਣੀ ਤਪੱਸਿਆ ਨੂੰ ਇਉਂ ਵਰਣਨ ਕਰਦੇ ਹਨ।

ਇਹ ਬਿਧਿ ਕਰਤ ਤਪਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ। *(ਸ੍ਰੀ ਦਸਮ ਗ੍ਰੰਥ ਵਿੱਚੋਂ)*

ਇਸੇ ਤਰ੍ਹਾਂ ਗੁਰ ਇਤਿਹਾਸ ਵਿੱਚ ਹੋਰ ਵੀ ਬੇਅੰਤ ਭਾਈ ਮੰਝ ਵਰਗੇ ਗੁਰਸਿੱਖਾਂ ਦੀ ਘਾਲਣਾ ਤੇ ਭਾਈ ਗੋਂਦੇ ਵਰਗੇ ਮਹਾਂਪੁਰਸ਼ਾਂ ਦੀਆਂ ਨਿਰਵਿਕਲਪ ਸਮਾਧੀਆਂ ਦਾ ਜ਼ਿਕਰ ਆਉਂਦਾ ਹੈ। ਉਨ੍ਹਾਂ ਗੁਰਮੁਖਾਂ ਵਾਂਗ ਸੰਤ ਜੀ ਮਹਾਰਾਜ ਨੇ ਬੜੀ ਭਾਰੀ ਕਠਨ ਘਾਲਣਾ ਘਾਲ ਕੇ ਇੱਕ ਤਪੱਸਿਆ ਦਾ ਨਮੂਨਾ ਦਰਸਾਇਆ। ਹਾੜ ਹੈ, ਚਾਹੇ ਸਿਆਲ, ਰਾਤ ਦੇ ਸਾਢੇ ੧੨ ਵਜੇ ਸਾਵਧਾਨ ਹੋ ਜਾਣਾ ਅਤੇ ਫੇਰ ਦੂਸਰੀ ਰਾਤ ਗਿਆਰ੍ਹਾਂ ਤੋਂ ਪਹਿਲਾਂ ਕਦੀ ਆਰਾਮ ਨਹੀਂ ਸੀ ਕੀਤਾ। ਫੇਰ ਹਰੇਕ ਮੌਸਮ ਵਿੱਚ ਸਕੇਸੀ ਇਸ਼ਨਾਨ ਕਰਨਾ। ਉਪਰੰਤ ਬਾਰਾਂ ਮਹੀਨੇ ਇੱਕੋ ਹੀ ਖੱਦਰ ਦੀ ਚਾਦਰ ਰੱਖਣੀ ਅਤੇ ਪਹੁ ਫੁਟਾਲੇ ਤੱਕ ਨਹਿਰ ਦੇ ਕੰਢੇ ਤੇ ਸ਼ਬਦ ਸੁਰਤ ਦਾ ਮੇਲ ਕਰ ਕੇ ਸਿਮਰਨ ਵਿੱਚ ਜੁੜੇ ਰਹਿਣਾ। ਕਈ ਕਈ ਦਿਨ ਸਿਆਲੇ ਦੀ ਰੁੱਤ ਵਿੱਚ ਆਲਸ ਤੋਂ ਬਚਣ ਵਾਸਤੇ ਨਹਿਰ ਦੇ ਕੱਕਰ ਵਰਗੇ ਠੰਢੇ ਪਾਣੀ ਵਿੱਚ ਖੜੋ ਕੇ ਦਿਨ ਚੜ੍ਹਦੇ ਤੱਕ ਪੰਝੀ ਪੰਝੀ ਜਪੁਜੀ ਸਾਹਿਬ ਦੇ ਪਾਠ ਕਰਨੇ। ਫੇਰ ਅਸਥਾਨ ਤੇ ਪੁੱਜ ਕੇ ਗੁਰੂ ਦਰਬਾਰ ਵਿੱਚ ਹਾਜ਼ਰੀ ਦੇਣੀ। ਲੰਗਰ ਦੀ ਘੰਟੀ ਸਮੇਂ ਜਲ ਪਾਣੀ ਛਕ ਕੇ ਮੁੜ ਦਿਨ ਦੇ ਗਿਆਰਾਂ ਵਜੇ ਤੱਕ ਨਹਿਰ ਦੇ ਕੰਢੇ ਸਰਕੜੇ ਵਿੱਚ ਆ ਬੈਠਣਾ। ਲੰਗਰ ਦੀ ਪੰਗਤ ਸਮੇਂ ਵਾਪਸ ਜਾ ਕੇ ਇੱਕ ਛਟਾਂਕ ਆਟੇ ਦੇ ਸਿਰਫ ਦੋ ਫੁਲਕੇ ਜਾਂ ਪਤਲੀ ਜੇਹੀ ਇਕੱਲੀ ਮੂੰਗੀ ਦੀ ਦਾਲ, ਅਥਵਾ ਲੂਣ ਮਿਰਚਾਂ ਬਗ਼ੈਰ ਫਿੱਕੀ ਸਬਜ਼ੀ ਛਕ ਕੇ ਦਿਨੇ ਕੇਵਲ ਇੱਕੋ ਘੰਟਾ ਆਰਾਮ ਕਰਨਾ। ਇੱਕ ਜਾਂ ਡੇਢ ਵਜੇ ਉੱਠ ਕੇ ਇਸ਼ਨਾਨ ਕਰ ਫੇਰ ਦੋ ਵਜੇ ਨਹਿਰ ਦੇ ਕੰਢੇ ਜਾਂ ਰੇਤ ਦੇ ਟਿੱਬਿਆਂ ਵੱਲ ਨਿੱਕਲ ਜਾਣਾ, ਜਿੱਥੇ ਇੱਕੋ ਆਸਨ ਤੇ ਘੰਟਿਆਂ ਬੱਧੀ ਬੈਠੇ ਰਹਿਣਾ। ਕਦੀ ਸਮਾਧੀ ਉਥਾਨ ਹੋਣੀ ਤਾਂ ਰਹਿਰਾਸ ਦੇ ਸਮੇਂ ਵਾਪਸ ਮੁੜ ਆਉਣਾ ਨਹੀਂ ਤਾਂ ਇੱਕੋ ਆਸਨ ਤੇ ਬੈਠਿਆਂ ਅੰਮ੍ਰਿਤ ਵੇਲੇ ਦੋ ਵਜੇ ਦੀ ਘੰਟੀ ਲੱਗ ਜਾਣੀ। ਉਸ ਸਮੇਂ ਇੱਕ ਵਾਰੀ ਉੱਠ ਕੇ ਇਸ਼ਨਾਨ ਕਰ ਆਉਣਾ ਅਤੇ ਫੇਰ ਉਸ ਜਗ੍ਹਾ ਸਿਮਰਨ ਵਿੱਚ ਜੁੜ ਬੈਠਣਾ। ਇਉਂ ਅੱਠਾਂ ਪਹਿਰਾਂ ਬਾਅਦ ਸੂਖਮ ਜੇਹਾ ਆਹਾਰ ਅੰਗੀਕਾਰ ਕਰਦੇ ਰਹੇ। ਹੌਲੀ ਹੌਲੀ ਫੇਰ ਉਹ ਵੀ ਘਟਾ ਦਿੱਤਾ। ਕੇਵਲ ਜਲ ਪਾਣੀ ਦੇ ਆਸਰੇ ਹੀ ਕਈ ਕਈ ਦਿਨ ਲੰਘ ਜਾਂਦੇ। ਮੋਨ ਧਾਰਨ ਕਰ ਕੇ ਹਰ ਸਮੇਂ ਸਿਮਰਨ ਵਿੱਚ ਜੁਟੇ ਰਹਿਣਾ। ਦਿਮਾਗ਼ ਦੀ ਗ਼ਰਮੀ ਖ਼ੁਸ਼ਕੀ ਨਾਲ ਜੇਕਰ ਰਾਤ ਨੂੰ ਨੀਂਦ ਨਾ ਪੈਣੀ ਤਾਂ ਗਿਆਰਾਂ ਵਜੇ ਹੀ ਉੱਠ ਕੇ ਸਕੇਸੀ ਇਸ਼ਨਾਨ ਕਰ ਨਹਿਰ ਦੇ ਕੰਢੇ ਜਾ ਬੈਠਣਾ। ਇਉਂ ਕਈ ਕਈ ਰਾਤਾਂ ਤੇ ਕਈ ਕਈ ਦਿਨ ਬਿਨਾਂ ਆਰਾਮ ਕੀਤਿਆਂ ਹੀ ਬੀਤ ਜਾਂਦੇ। ਬਚਨ ਬਿਲਾਸ ਕਿਸੇ ਨਾਲ ਉੱਕਾ ਹੀ ਨਹੀਂ ਸੀ ਕਰਦੇ। ਜਿਉਂ ਜਿਉਂ ਕਠਨ ਤਤਿਖਿਆ ਦੇ ਕਾਰਣ ਸਰੀਰ ਕ੍ਰਿਸ ਹੁੰਦਾ ਜਾਂਦਾ, ਤਿਉਂ ਤਿਉਂ ਮਨ ਦੀ ਸ਼ਾਂਤੀ, ਚਿੱਤ ਦੀ ਇਕਾਗਰਤਾ ਅਤੇ ਆਤਮਕ ਆਨੰਦ ਉੱਨਤੀ ਤੇ ਪੁੱਜਦਾ। ਜਿਵੇ ਚੰਦਨ ਦੇ ਉਦਾਲੇ ਸਰਪ ਵੇੜਤ ਹੁੰਦੇ ਹਨ, ਉਸ ਸ਼ਾਂਤ ਰਸ ਨੂੰ ਮਾਨਣ ਲਈ ਮਨੁੱਖ ਦੇ ਮਾਰੂ ਦੁਸ਼ਮਨ ਤਾਮਸੀ ਸੁਭਾਅ ਵਾਲੇ ਜਾਨਵਰ ਵੀ ਰਾਤ ਨੂੰ ਗੁਫ਼ਾ ਦੇ ਉਦਾਲੇ ਪ੍ਰਕਰਮਾ ਕਰਦੇ ਦੇਖੀਂਦੇ, ਪਰ ਬ੍ਰਿਹੋਂ ਪੀੜਾ ਦੀ ਚੋਟ ਨੂੰ ਨਾ ਜਾਨਣ ਵਾਲੇ ਲੋਕੀਂ ਐਸੇ ਮਹਾਂਪੁਰਸ਼ਾਂ ਦੀ ਜਵਾਨ ਉਮਰ ਉੱਤੇ ਤਰਕਾਂ ਕਰਨ ਲੱਗ ਪਏ ਸੀ। ਕਈ ਤਰਕ ਵਾਦੀਆਂ ਨੇ ਸਾਰੀ ਸਾਰੀ ਰਾਤ ਪਹਿਰਾ ਕੱਟਿਆ ਕਿ ਇਹ ਕਿਸੇ ਵੇਲੇ ਸੌਂਦੇ ਹੋਣਗੇ। ਕੁੱਝ ਕੁ ਦਿਨਾਂ ਤੋਂ ਬਾਅਦ ਐਸੇ ਵਿਰੋਧੀ ਖੁਦ ਅੱਕ ਥੱਕ ਜਾਂਦੇ ਰਹੇ ਪਰ ਰਾਤ ਦੇ ਸਮੇਂ ਸੰਤ ਜੀ ਮਹਾਰਾਜ ਨੂੰ ਸਦਾ ਤੁਰਦੇ ਫਿਰਦੇ ਜਾਂ ਸਿਮਰਨ ਵਿੱਚ ਬੈਠੇ ਹੀ ਦੇਖਿਆ। ਕਦੀ ਕੰਡ ਪਰਨੇ ਲੇਟੇ ਜਾਂ ਸੁਤੇ ਨਹੀਂ ਸੀ ਦੇਖੇ ਜਾਂਦੇ। ਜਦੋਂ ਕੀਰਤਨ ਕਰਨਾ ਤਾਂ ਸ਼ਬਦ ਪੜ੍ਹਨੇ ਮਾਰਕੰਡੇ ਦੀ ਤਪੱਸਿਆ ਦੇ:

ਮਾਰਕੰਡੇ ਨੇ ਤਪੱਸਿਆ ਕੀਤੀ ਛੱਪਰੀ ਨੂੰ ਸੀਸ ਰਖਕੇ।

ਜਾਂ ਫਰੀਦ ਦੀ ਤਤਿੱਖਸ਼ਾ ਦੇ:

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥ (ਸਲੋਕ ਸੇਖ ਫਰੀਦ ਜੀ - ੧੩੮੨)

ਸਖ਼ਤ ਤਪੱਸਿਆ ਵਾਲੇ ਮਹਾਤਮਾ, ਦ੍ਰਿੜ ਲਗਨ ਵਾਲੇ ਧ੍ਰੂ ਅਤੇ ਪ੍ਰਹਿਲਾਦ, ਨਾਮਦੇਵ ਜੀ, ਕਬੀਰ ਜੀ ਦੀ ਬੇਪ੍ਰਵਾਹੀ ਆਪਣੇ ਧੇਅ ਬਣਾਏ ਹੋਏ ਸਨ। ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਰਜ਼ਾ ਵਿੱਚ ਇੱਕ ਸੁਰ ਰਹਿਣ ਦੀ ਘਾਲਣਾ, ਗੁਰੂ ਅਮਰ ਦਾਸ ਜੀ ਮਹਾਰਾਜ ਦੀ ਅਖੰਡ ਅਣਥੱਕ ਸੇਵਾ ਨੂੰ ਆਪਣਾ ਧੇਅ ਬਣਾਇਆ ਹੋਇਆ ਸੀ। ਕੀਰਤਨ ਸਾਰੀ ਰਾਤ ਖੜ੍ਹੇ ਹੋ ਕੇ ਕਰਨਾ। ਲਾਈਟਾਂ ਬੁਝਾ ਦੇਣੀਆਂ। ਵੈਰਾਗ ਦੇ ਸ਼ਬਦ ਬ੍ਰਿਹੋਂ ਕੁੱਠੇ ਪ੍ਰਸੰਗ ਸੰਗਤਾਂ ਨੂੰ

ਸੁਣਾਉਣੇ। ਅਤੇ ਹੰਝੂਆਂ ਦੀ ਝੜੀ ਇਤਨੀ ਲਗਣੀ ਕਈ ਵਾਰੀ ਹੰਝੂ ਸਰੀਰ ਤੋਂ ਤਿਲਕਦੇ ਤਿਲਕਦੇ ਚਰਨਾਂ ਤੇ ਗਿਰਦੇ ਰਹਿੰਦੇ ਅਤੇ ਘੰਟਿਆਂ ਵਧੀ ਬ੍ਰਿਹੋਂ ਦੇ ਵਹਿਣਾ ਵਿੱਚੋਂ ਨ ਨਿੱਕਲਣਾ। ਜਦੋਂ ਬ੍ਰਿਹੋਂ ਦਾ ਵੇਗ ਵਧ ਜਾਣਾ ਤਾਂ ਫਿਰ ਪੜ੍ਹਨਾ:

ਜਿਸ ਤਨ ਲਗੀਆਂ ਸੋਈ ਤਨ ਜਾਣੇ ਕਿਸੇ ਦੀ ਲੱਗੀ ਕੋਣ ਜਾਣਦਾ।

ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥ (ਗਉੜੀ ਭਗਤ ਕਬੀਰ ਜੀ - ੩੨੭)

ਪਪੀਹੇ ਨਾਲ ਗੱਲਾਂ ਕਰਨੀਆਂ। ਆਖਣਾ, "ਪਪੀਹੇ! ਆਪਾਂ ਦੋਵੇਂ ਇੱਕੋ ਜੇਹੇ ਦਰਦ ਦੇ ਸ਼ਿਕਾਰ ਹੋਏ ਹਾਂ। ਤੂੰ ਬੂੰਦ ਲਈ ਤਰਸਦਾ ਹੈ। ਮੈਂ ਆਪਣੇ ਪ੍ਰੀਤਮ ਦੇ ਦਰਸ਼ਨਾਂ ਨੂੰ ਲੋਚਦਾ ਹਾਂ।" ਰਿੱਧੀਆਂ ਸਿੱਧੀਆਂ ਅਦ੍ਰਿਸ਼ ਵਿੱਚੋਂ ਬੇਨਤੀਆਂ ਕਰਨ ਅਤੇ ਅਵਾਜ਼ਾਂ ਦੇਣ 'ਸਾਨੂੰ ਅੰਗੀਕਾਰ ਕਰੋ, ਤਾਂ ਮੈਂ ਹਜ਼ਾਰਾਂ ਮੀਲਾਂ ਦੀ ਦਿਬ ਦ੍ਰਿਸ਼ਟੀ ਦਿੰਦੀ ਹਾਂ।' ਕੋਈ ਕਹੇ 'ਮੈਂ ਪ੍ਰੇਰਨਾ ਸ਼ਕਤੀ ਹਾਂ। ਮੈਨੂੰ ਅੰਗੀਕਾਰ ਕਰੋ ਮੈ ਰਾਜੇ ਮਹਾਰਾਜੇ ਚਰਨ ਸੇਵਕ ਬਣਾ ਦੇਵਾਂਗੀ।' ਕੋਈ ਕਹੇ 'ਮੈਂ ਅੰਤਰਯਾਮਤਾ ਹਾਂ। ਮੈਨੂ ਅੰਗੀਕਾਰ ਕਰੋ ਤੁਹਡਾ ਯਸ਼ ਫੈਲੇਗਾ।' ਮਹਾਂਪੁਰਸ਼ਾਂ ਨੇ ਅਵਰੇ ਸਾਦਾ ਵੱਲ ਨਿਗ੍ਹਾ ਕਰ ਕੇ ਭੀ ਨ ਤੱਕਿਆ। 'ਰਿਧਿ ਸਿਧਿ ਅਵਰਾ ਸਾਦ' ਅੰਤ ਰਿੱਧੀਆਂ ਸਿੱਧੀਆਂ ਦਾਸੀਆਂ ਦਾ ਰੂਪ ਧਾਰਨ ਕਰ ਕੇ ਚਰਨੀ ਆ ਲੱਗੀਆਂ। ਨਾਮ ਦੇ ਬਲ ਕਰ ਕੇ ਸੁਤੇ ਸਫੁਰਨ ਹੋ ਕੇ ਗਈਆ। ਪਿੱਛੇ ਲੱਗੀਆਂ ਫਿਰਨ। ਬੇਨਤੀ ਕਰਨ ਕਿ ਅਸਾਂ ਨੂੰ ਪਰਉਪਕਾਰ ਹਿਤ ਵਰਤ ਕੇ ਸਫ਼ਲੀਆ ਕਰੋ। ਸਹੰਸਰ ਦਲ (ਜਿੱਥੇ ਸਿੱਧੀਆਂ ਨਿਵਾਸ ਰੱਖਦੀਆਂ ਹਨ) ਦੀਆਂ ਇੱਕ ਹਜ਼ਾਰ ਅਤੇ ਅਤੀ ਆਕਰਸ਼ਕ ਪੰਖੜੀਆਂ ਨੂੰ ਪਿਆਰ ਦੇ ਬਾਹਨ ਤੇ ਸਵਾਰ ਹੋ ਕੇ ਟੱਪ ਗਏ। ਤ੍ਰਿਕੁੱਟੀ ਬੇਧ ਲਈ ਅਤੇ ਦਸਵੇਂ ਦੁਆਰ ਦੀ ਘਾਟੀ ਨੂੰ ਬਿਰਤੀ ਪਾਰ ਕਰ ਕੇ ਧਰਮ ਖੰਡ, ਗਿਆਨ ਖੰਡ ਦੀਆਂ ਬ੍ਰਹਮੰਡੀ ਸੂਖਸ਼ਮ ਮੰਡਲਾਂ ਨੂੰ ਪਾਰ ਕਰ ਕੇ ਸੁੰਦਰਤਾ ਦੇ ਮੰਡਲ ਵਿੱਚ; ਜਿੱਥੇ ਸੁੰਦਰਤਾ ਹੀ ਪ੍ਰਧਾਨ ਹੈ, ਅਤੇ ਜਿੱਥੇ ਮਨ ਚਿੱਤ ਬੁੱਧ ਸਿੱਧ ਅਤੇ ਸੁੱਧ ਵਰਗੇ ਨੇਤ੍ਰਾਂ ਦੀ ਘਾੜਤ ਘੜੀ ਜਾਂਦੀ ਹੈ, ਨੂੰ ਪਾਰ ਕਰ ਕੇ ਸਚਖੰਡ ਦੇ ਦਰਵਾਜੇ ਪੁੱਜ ਕੇ ਬਖ਼ਸ਼ਿਸ਼ ਅਤੇ ਨਦਰ ਨਿਹਾਲ ਦੇ ਮੰਡਲ ਤੇ ਜਾ ਪਹੁੰਚੇ।

ਏਥੇ ਗੁਰੂ ਕਲਗੀਧਰ ਸਹਿਤ ਸਮੂਹ ਮੁਕਤ ਪ੍ਰਵਾਨ ਆਤਮਾਵਾਂ ਦੀ ਸਹਾਇਤਾ ਨਾਲ ਅਕਾਲ ਪੁਰਖ ਦੇ ਦਰ ਦੀ ਨਦਰ ਪ੍ਰਾਪਤ ਕੀਤੀ ਅਤੇ ਵੱਡੇ ਭਾਗਾਂ ਕਰ ਕੇ ਹਰੀ ਨਾਲ ਬਣ ਆਈ।

ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ। (ਭਾ. ਗੁਰਦਾਸ ਜੀ: ਵਾਰ ੧ ਪਉੜੀ ੨੪)

ਸੱਚਖੰਡੀ ਮੰਡਲ ਦਾ ਦਰਵਾਜ਼ਾ ਖੁੱਲ੍ਹ ਗਿਆ। ਅਨੇਕ ਲੋਆਂ ਤੇ ਪਹੁੰਚੀਆਂ ਆਤਮਾਵਾਂ ਨਾਲ ਜੋ ਪਰਸਪਰ ਪਿਆਰ ਦੀਆਂ ਸਾਂਝੀਆਂ ਤਨਾਵਾਂ ਪਾਈਆਂ, ਉਨ੍ਹਾਂ ਨੂੰ ਕਹਿਣਾ ਅਕਥਨੀਯ ਹੈ। ਵਾਹਿਗੁਰੂ ਜੀ ਦੀ ਮੇਹਰ ਹੋਈ ਅਤੇ ਅਗੰਮ ਅਗੋਚਰ ਮੰਡਲ ਦੇ ਵਾਸੀ ਬਣਾ ਲਿਆ ਅਤੇ ਤੂੰਹੀ ਤੂੰਹੀ ਦਾ ਨਾਦ ਸੁਣਦੇ ਉਸ ਵਿੱਚ ਹੀ ਘੁਲ ਮਿਲ ਗਏ। ਨਿਰਾਕਾਰ ਵਿੱਚ ਸਦੀਵੀ ਜ਼ਿੰਦਗੀ, ਸੁੰਨ, ਮਹਾਸੁੰਨ (ਇਹ ਮਨ ਬੁੱਧੀ ਦੀ ਪਕੜ ਅਤੇ ਕਥਨ ਰਹਿਤ ਅਵਸਥਾਵਾਂ ਜੋ ਪਰਮਸਤ ਦੀਆਂ ਅਵਸਥਾ ਹਨ) ਜਿਸ ਨੂੰ ਉਹੋ ਜਾਣਦਾ ਹੈ, ਜਿਸ ਨੇ ਮਾਣੀਆਂ ਹਨ। ਸੰਤ ਮਹਾਰਾਜ ਜੀ ਤੇ ਬਖ਼ਸ਼ਸ਼ਾਂ ਹੋਈਆਂ। ਪੂਰੇ ਨੌਂ ਸਾਲ ਮੰਜੇ ਤੇ ਨਹੀਂ ਵਿਰਾਜੇ। ਸਫ ਉੱਪਰ ਵਿਰਾਜਦੇ। ਪਲੰਘ ਵਿਛੇ ਵਿਛਾਏ ਰਹਿ ਜਾਂਦੇ। ਇੱਕ ਖੱਦਰ ਦੀ ਚਾਦਰ ਵਿੱਚ ਨਿਰਵਾਹ ਕੀਤਾ, ਸਰੀਰ ਸੁੱਕ ਗਿਆ। ਖ਼ੂਨ ਦਾ ਭੰਡਾਰ ਆਖ਼ਰੀ ਦਮਾ ਤੇ ਪੁੱਜ ਗਿਆ। ਮਹਾਂਪੁਰਸ਼ਾਂ ਨੂੰ ਸਰੀਰ ਦੀ ਲੋੜ ਭੀ ਨਹੀਂ ਸੀ। ਪਰ ਉੱਚੇ ਦਰ ਨੇ ਗੁਰੂ ਨਾਨਕ ਦੇ ਦਰ ਦਾ ਢਾਡੀ ਥਾਪ ਕੇ ਸੰਸਾਰ ਦੇ ਤਪਦਿਆਂ ਹਿਰਦਿਆਂ ਨੂੰ ਸ਼ਾਂਤੀ ਦੇਣ ਲਈ, ਭੜਕਦੀਆਂ ਜਗਿਆਸੂ ਰੂਹਾਂ ਨੂੰ ਸੇਧ ਦੇਣ ਲਈ, ਤਾਂਘ ਦੇ ਰਸੀਆਂ ਨੂੰ ਜੀਅ ਦਾਨ ਦੀ ਸ਼ਕਤੀ ਦੇ ਕੇ ਉੱਚੀਆਂ ਮੰਜ਼ਲਾਂ ਦੇ ਪਾਂਧੀ ਬਨਾਉਣ ਲਈ, ਅਜ਼ਲੀ ਅਕਾਲੀ ਆਦੇਸ ਅਨੁਸਾਰ ਸਰੀਰ ਨੂੰ ਸੰਸਾਰ ਸੇਵਾ ਵਿੱਚ ਲਾਉਣ ਲਈ ਸੰਕੇਤ ਕੀਤਾ ਅਤੇ ਘੋਰ ਤਪੱਸਿਆ ਭਗਤੀ ਨੂੰ ਪ੍ਰਵਾਨ ਕਰ ਲਿਆ।

ਸੰਤ ਕਿਸ਼ਨ ਸਿੰਘ ਜੀ ਮਹਾਰਾਜ ਭੀ ਆਪਣੇ ਭਰਾ ਜੀ ਦੇ ਨਾਲ ਹੀ ਇਹ ਬਿਖਮ ਪੰਧ ਸੇਵਾ ਸਿਮਰਨ ਦੇ ਉਡਣਖਟੋਲੇ ਤੇ ਉਡਾਰੀਆਂ ਲਾ ਕੇ ਮੁਕਾਉਂਦੇ ਰਹੇ। ਦੋਹਾਂ ਆਤਮਾਵਾਂ ਤੇ ਬਖ਼ਸ਼ਿਸ਼ ਹੋ ਗਈ ਅਤੇ ਭਾਰੀ ਤਪੱਸਿਆ ਸਹਿਜ ਮਾਰਗੀ ਹੋ ਕੇ ਜੀਵਨ ਨਾਦ ਬਣ ਗਈ। ਜਿਸ ਨੇ ਭਵਿੱਖਤ ਵਿੱਚ ਸੇਵਾ ਸਿਮਰਨ ਦਾ ਮਾਰਗ ਉਲੀਕਿਆ। ਆਪ ਨਮੂਨਾ ਦੇ ਕੇ ਸਮੁੱਚੀ ਮਾਨਵਤਾ ਨੂੰ ਇਨ੍ਹਾਂ ਪੂਰਨਿਆਂ ਉੱਪਰ ਚੱਲਣ ਦੀ ਪ੍ਰੇਰਨਾ ਦਿੱਤੀ। ਇਹ ਸੀ ਸੰਖੇਪ ਜਿਹਾ ਯਤਨ, ਮਹਾਨ ਆਤਮਾਵਾਂ ਦੀਆਂ ਤਪੱਸਿਆ ਦੀਆਂ ਝਾਕੀਆਂ ਨੂੰ ਅੱਖਰਾਂ ਵਿੱਚ ਉਲੀਕਣ ਦੀ ਇੱਕ ਅਪੂਰਨ ਕੋਸ਼ਿਸ਼।

ਮਹਾਰਾਜ ਦੀ ਹਜ਼ੂਰੀ ਵਿੱਚ ਰਹਿਣ ਵਾਲੇ ਸੇਵਾਦਾਰ ਸੱਜਣ ਦੱਸਦੇ ਹਨ ਕਿ ਕਈ ਵਾਰ ਹਨੇਰੀ ਰਾਤ ਵਿੱਚ ਜੇ ਕਿਸੇ ਪਹਿਰੇ ਵਾਲੇ ਪ੍ਰੇਮੀ ਨੇ ਹਜ਼ੂਰ ਦੇ (ਭੋਰੇ) ਗੁਫ਼ਾ ਵੱਲ ਜਾਣਾ ਤਾਂ ਉੱਚੇ ਫਣ ਵਾਲਾ ਜ਼ਹਿਰੀਲਾ ਨਾਗ ਅੱਗੇ ਨਿਰਤਕਾਰੀ ਕਰਦਾ ਨਜ਼ਰ ਆਉਣਾ, ਜਿਸ ਨੂੰ ਦੇਖ ਕੇ ਉਹ ਭੈ ਭੀਤ ਹੋਇਆ ਪਿੱਛੇ ਮੁੜ ਆਉਂਦਾ ਅਤੇ ਹੋਰ ਸੱਜਣਾਂ ਨੂੰ ਜਗਾ ਕੇ ਜਦੋਂ ਲਾਈਟ ਨਾਲ ਦੇਖਦੇ ਤਾਂ ਨਾਗ ਦੇਵਤਾ ਕਿਸੇ ਢੱਕ ਦੇ ਮੁੱਢ ਵਿੱਚ ਛਪਨ ਹੋ ਜਾਂਦਾ ਜੋ ਫੇਰ ਖੋਜਿਆਂ ਵੀ ਨਹੀਂ

ਸੀ ਲੱਭਦਾ। ਏਹੋ ਜਿਹੇ ਹੋਰ ਵੀ ਬੇਅੰਤ ਦ੍ਰਿਸ਼ ਦੇਖਣ ਵਿੱਚ ਆਉਂਦੇ।

ਸਰਪ ਦੀ ਕਲਿਆਣ

ਜਦੋਂ ਕਦੇ ਫੇਰ ਵੀ ਰਾਤ ਦੇ ਸਮੇਂ ਪਹਿਰੇ ਵਾਲੇ ਸੱਜਣਾਂ ਨੇ ਦੋ ਚਾਰ ਵਾਰੀ ਉਸ ਸਰਪ ਨੂੰ ਹਜ਼ੂਰ ਦੀ ਗੁਫ਼ਾ ਅੱਗੇ ਲੰਮੇ ਪਿਆ ਅਥਵਾ ਫਣ ਖਿਲਾਰੀ ਖੜੋਤਿਆਂ ਜਾਂ ਕੁੰਡਲੀ ਮਾਰੀ ਬੈਠਿਆਂ ਦੇਖਿਆ ਤਾ ਇੱਕ ਦਿਨ ਨਿਕਟਵਰਤੀ ਸੇਵਕਾਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਹਨੇਰੀ ਰਾਤ ਵਿੱਚ ਲਾਈਟ ਤੋਂ ਬਗ਼ੈਰ ਬਾਹਰ ਨਾ ਜਾਇਆ ਕਰੋ। ਏਥੇ ਇੱਕ ਬਹੁਤ ਕਾਲੇ ਰੰਗ ਦਾ ਜ਼ਹਿਰੀਲਾ ਸੱਪ ਰਹਿੰਦਾ ਹੈ। ਮਤਾਂ ਆਪਣੇ ਕਰੂਰ ਸੁਭਾਉ ਅਨੁਸਾਰ ਕੋਈ ਖੇਦ ਪਹੁੰਚਾਵੇ।" ਉਸ ਸਮੇਂ ਸੰਤ ਜੀ ਮਹਾਰਾਜ ਮੁਸਕ੍ਰਾਏ ਤੇ ਕਹਿਣ ਲੱਗੇ, "ਪ੍ਰੇਮੀਓ! ਇਹ ਸਾਰੀ ਧਰਤੀ ਉਨ੍ਹਾਂ ਦੀ ਹੀ ਹੈ। ਜਿੱਥੇ ਮਰਜ਼ੀ ਹੈ ਵਿਚਰਣ। ਪਰ ਨਿਸ਼ਚਾ ਰਖੋ ਕਿ ਜਿਤਨੇ ਵੀ ਚਰਾਚਰ ਜੀਵ ਹਨ, ਇਹ ਸਾਰੇ ਪ੍ਰਮੇਸ਼ਰ ਦੇ ਹੁਕਮ ਵਿੱਚ ਕੰਮ ਕਰਦੇ ਹਨ। ਤੁਸੀਂ ਕੋਈ ਭੈ ਨਾ ਕਰੋ, ਤੁਹਾਨੂੰ ਕੁਛ ਨਹੀਂ ਕਹਿੰਦਾ। ਉਹ ਵੀ ਆਪਣੇ ਦੁਸ਼ਮਨ ਨੂੰ ਜਾਣ ਲੈਂਦੇ ਹਨ ਕਿ ਇਹ ਸਾਨੂੰ ਮਾਰਨ ਵਾਸਤੇ ਆਇਆ ਸਾਡਾ ਵੈਰੀ ਹੈ। ਉਸੇ ਨੂੰ ਹੀ ਉਹ ਨੁਕਸਾਨ ਪੁਚਾਉਂਦੇ ਹਨ। ਪ੍ਰਮੇਸ਼ਰ ਦੇ ਪਿਆਰਿਆਂ ਦੇ ਬੂਹੇ ਅੱਗੇ ਤਾਂ ਉਹ ਸੇਵਾਦਾਰ ਬਣ ਕੇ ਪਹਿਰਾ ਦੇਂਦੇ ਹਨ। ਇਹ ਵੀ ਕੋਈ ਸਰਾਪੀ ਰੂਹ ਤੁਹਾਡੀ ਚਰਨ ਧੂੜ ਨਾਲ ਆਪਣਾ ਭਲਾ ਚਾਹੁੰਦੀ ਹੈ।"

ਫੇਰ ਉਸ ਸਮੇਂ ਗੁਰਬਚਨ ਸਿੰਘ (ਭਾਈ ਜੀ) ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਭੂਤ ਭਵਿੱਖਤ ਦੇ ਗਿਆਤ ਗੇਅ ਹੋ। ਕ੍ਰਿਪਾ ਕਰ ਕੇ ਦੱਸੋ ਇਹ ਕੌਣ ਹੈ? ਜਿਸ ਨੇ ਇਹੋ ਜਿਹੀ ਨਖਿੱਧ ਤਾਮਸੀ ਜੂਨੀ ਪ੍ਰਾਪਤ ਕੀਤੀ ਹੈ।" ਹਜ਼ੂਰ ਨੇ ਉੱਤਰ ਦਿੱਤਾ, "ਗੁਰਮੁਖੋ! ਮਨੁੱਖ ਨੂੰ ਕਿਸੇ ਚੀਜ਼ ਦਾ ਮਾਣ ਨਹੀਂ ਕਰਨਾ ਚਾਹੀਦਾ। ਏਹੋ ਹੀ ਸਾਰੇ ਪਾਪਾਂ ਦਾ ਮੂਲ ਹੈ। ਇਹ ਮੁਗ਼ਲੀਆ ਹਕੂਮਤ ਸਮੇਂ ਇਸ ਇਲਾਕੇ ਵਿੱਚ ਚੰਗਾ ਮੰਨਿਆਂ ਪ੍ਰਮੰਨਿਆਂ ਮਾਇਆਧਾਰੀ ਚੌਧਰੀ ਸੀ। ਮਾਇਆ ਵੀ ਪਾਪਾਂ ਨਾਲ ਇਕੱਠੀ ਕੀਤੀ ਸੀ, ਪਰ ਉਸ ਤੋਂ ਕੋਈ ਦਾਨ ਪੁੰਨ ਕਰ ਕੇ ਸਫ਼ਲਿਆਂ ਕਰਨ ਦਾ ਕੰਮ ਨਾ ਲਿਆ ਬਲਕਿ ਹੰਕਾਰ ਦਾ ਕਾਰਣ ਹੀ ਬਣੀ ਰਹੀ।

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥
ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥੧॥ (ਟੋਡੀ ਮਃ ੫ - ੭੧੨)

"ਦੁਸ਼ਟ ਦਮਨ, ਮੀਰੀ ਪੀਰੀ ਦੇ ਧਾਰਨ ਕਰਤਾ ਮੁਗ਼ਲਮਾਰ ਗੁਰੂ ਛੇਵੇਂ ਪਾਤਸ਼ਾਹ ਜੀ ਮਹਾਰਾਜ ਨੇ ਏਸ ਧਰਤੀ ਤੇ ਆਪਣੇ ਪਾਵਨ ਚਰਨ ਪਾਏ। (ਬੰਦੀਛੋੜ ਦਾਤੇ ਦਾ ਘੁਡਾਣੀ ਕਲਾਂ ਉਸ ਸਮੇਂ ਦਾ ਪੜ ਕਲੀਆਂ ਵਾਲਾ ਚੋਲਾ ਪਿਆ ਹੈ ਜਿਸ ਨਾਲ ਗਵਾਲੀਅਰ ਦੇ ਕਿਲ੍ਹੇ 'ਚੋਂ ਕਲੀਆਂ ਪਕੜਾ ਕੇ ਉਮਰ ਕੈਦੀ ਰਾਜਪੂਤ ਰਾਜੇ ਆਜ਼ਾਦ ਕਰਵਾਏ ਸਨ) ਜਦੋਂ ਸਤਿਗੁਰੂ ਜੀ ਇਸ ਰਾੜੇ ਨਗਰ ਆਏ, ਤਦ ਆਪ ਤਾਂ ਜਿੱਥੇ ਹੁਣ ਗੁਰਦੁਆਰਾ ਸਾਹਿਬ ਹੈ, ਅੰਦਰ ਹੀ ਠਹਿਰੇ ਸਨ। ਪਰ ਸਤਿਗੁਰਾਂ ਦਾ ਡੇਰਾ ਏਥੇ ਬਾਹਰ ਉਤਰਿਆ ਸੀ। ਸਿੱਖਾਂ ਵਾਸਤੇ ਲੰਗਰ ਵੀ ਏਥੇ ਹੀ ਸਜਦਾ ਅਤੇ ਏਹਨਾਂ ਢੱਕਾਂ ਹੇਠ ਸਿੱਖਾਂ ਦੇ ਘੋੜੇ ਖੜ੍ਹੇ ਹੁੰਦੇ। ਤੰਬੂ ਲੱਗਾ ਕੇ ਸਿੱਖਾਂ ਨੇ ਰਿਹਾਇਸ਼ ਵੀ ਏਥੇ ਹੀ ਖੁੱਲ੍ਹੀ ਜਗ੍ਹਾ ਕੀਤੀ ਹੋਈ ਸੀ। ਤਦੇ ਹੀ ਹੁਣ ਏਸ ਜਗ੍ਹਾ ਕਠਨ ਤਪਸਿਆ, ਕਥਾ ਕੀਰਤਨ ਦਾ ਪ੍ਰਵਾਹ ਤੇ ਗੁਰੂ ਕੇ ਲੰਗਰ ਚੱਲ ਰਹੇ ਹਨ। ਸਮਾਂ ਪਾ ਕੇ ਇਹ ਸਾਰੀ ਧਰਤੀ ਆਬਾਦ ਹੋ ਜਾਵੇਗੀ। ਢੱਕ ਤੇ ਪਲਾਹ ਕਿਤੇ ਨਜ਼ਰੀ ਨਹੀਂ ਆਉਣੇ। ਜਿੱਥੇ ਹੁਣ ਵੱਡਾ ਵੱਡਾ ਸਰਬਾਢ ਖੜਾ ਹੈ ਏਥੇ ਬੜੀ ਸੁੰਦਰ ਰਚਨਾ ਹੋਣੀ ਹੈ। ਇਹ ਚੌਧਰੀ ਸਤਿਗੁਰਾਂ ਦਾ ਆਉਣਾ ਸੁਣ ਕੇ ਉਸ ਸਮੇਂ ਦਰਸ਼ਨਾਂ ਨੂੰ ਆਇਆ, ਪਰ ਹੰਕਾਰ ਨਾਲ ਧੌਣ ਆਕੜੀ ਰਹੀ। ਗਰਦਨ ਵਿੱਚ ਮਾਇਆ ਦਾ ਕਿੱਲਾ ਠੁਕਿਆ ਹੋਇਆ ਸੀ, ਜਿਸ ਕਰ ਕੇ ਨਾ ਸਤਿਗੁਰਾਂ ਨੂੰ ਹੀ ਆ ਕੇ ਨਮਸ਼ਕਾਰ ਕੀਤੀ ਅਤੇ ਨਾ ਹੀ ਕਿਸੇ ਸਿੱਖ ਨੂੰ ਬੁਲਾਇਆ। ਬਾਦਸ਼ਾਹੀ ਬੰਦਾ ਸੀ। ਗ਼ਰੀਬ ਹਿੰਦੂਆਂ ਨੂੰ ਬਿਨਾਂ ਕਸੂਰ ਤੰਗ ਕਰਦਾ। ਤੁਰਕਾਂ ਪਾਸ ਜਾਸੂਸੀਆਂ ਕਰ ਕੇ ਇਨਾਮ ਦਾ ਧਨ ਤੇ ਜਗੀਰਾਂ ਲੈਂਦਾ। ਹੰਕਾਰ ਦਾ ਭਰਿਆ ਰਾਜਸੀ ਠਾਠ ਦੇਖ ਕੇ ਤਰਕਾਂ ਕਰਦਾ ਵਾਪਸ ਮੁੜ ਗਿਆ। ਮਾਇਆ ਦੇ ਪਾਸ ਹੁੰਦਿਆਂ ਭਾਗਾਂ ਤੋਂ ਹੀਣਾ ਇਸ ਤੋਂ ਕੋਈ ਲਾਭ ਨਾ ਖੱਟ ਸਕਿਆ। ਇਸ ਦਾ ਫ਼ਲ ਮਰਨ ਤੋਂ ਬਾਅਦ ਸਰਪ ਜ਼ੂਨੀ ਮਿਲੀ। ਕਾਫ਼ੀ ਸਮੇਂ ਤੋਂ ਕਈ ਮੀਲਾਂ ਦੇ ਏਰੀਏ ਵਿੱਚ ਏਥੇ ਹੀ ਘੁੰਮ ਫਿਰ ਰਿਹਾ ਹੈ। ਹੁਣ ਵਾਜੇ ਦੀਆਂ ਮਿਠੀਆਂ ਸੁਰਾਂ ਅਤੇ ਬੀਨ ਤੇ ਮਸਤ ਹੋ ਕੇ ਹੋਰ ਕਿਤੇ ਜਾਣਾ ਛੱਡ ਕੇ ਮਨ ਦੀ ਸ਼ਾਂਤੀ ਲਈ ਏਥੇ ਹੀ ਟਿਕਿਆ ਹੋਇਆ ਹੈ। ਹਰ ਰੋਜ਼ ਗੁਰਬਾਣੀ ਸੁਣਦਾ ਹੈ। ਉਸ ਸਮੇਂ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਦਾ ਫ਼ਲ, ਤੇ ਹੁਣ ਜੋ ਕਥਾ ਕੀਰਤਨ ਦੀ ਧੁਨ ਇਸ ਦੇ ਕੰਨੀ ਪੈਂਦੀ ਹੈ ਇਸ ਦਾ ਮਹਾਤਮ; ਇਸ ਦੁਖਦਾਈ ਜੂਨੀ ਤੋਂ ਛੇਤੀ ਹੀ ਛੁਟਕਾਰਾ ਹੋ ਜਾਵੇਗਾ ਪਰ ਤੁਸੀਂ ਇਸ ਤੋਂ ਭੈ ਨਾ ਕਰੋ। ਇਹ ਤੁਹਾਨੂੰ ਕੁਛ ਨਹੀਂ ਕਹਿੰਦਾ।

ਹਜ਼ੂਰ ਦੀ ਰਸਨਾ ਤੋਂ ਇਹ ਸਾਰਾ ਪ੍ਰਸੰਗ ਸੁਣ ਕੇ ਪ੍ਰੇਮੀ ਬੜੇ ਹੈਰਾਨ ਹੋਏ ਅਤੇ ਸਭਨਾਂ ਦੇ ਮਨ ਗਦ ਗਦ ਹੋ ਆਏ। ਸ਼ਰਧਾ ਨਾਲ ਸਭਨਾਂ ਦੀਆਂ ਧੌਣਾਂ ਝੁਕ ਗਈਆਂ। ਇਉਂ ਬਚਨ ਕਰ ਕੇ ਮਹਾਂਪੁਰਸ਼ਾਂ ਨੇ ਸਿੰਘਾਂ ਦੇ ਮਨ ਦਾ ਡਰ

ਦੂਰ ਕੀਤਾ। ਦੂਸਰੇ ਦਿਨ ਉਹ ਸਰਪ ਨਹੀਂ ਆਇਆ। ਤੀਸਰੇ ਦਿਨ ਪਹੁ ਫੁਟਾਲੇ ਨਾਲ ਜਦੋਂ ਸੇਵਾਦਾਰ ਨੇ ਸੰਤ ਜੀ ਮਹਾਰਾਜ ਦੀ ਗੁਫ਼ਾ ਦੇ ਪਿਛਵਾੜੇ ਦੇਖਿਆ ਤਾਂ ਉਹ ਸਿਰ ਸੁੱਟ ਕੇ ਐਨ ਸਿੱਧਾ ਤੀਰ ਹਜ਼ੂਰ ਦੀ ਗੁਫ਼ਾ ਵਲ ਮੂੰਹ ਕਰ ਕੇ ਮਰਿਆ ਪਿਆ ਸੀ। ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ ਤਾਂ ਪਰਮ ਕਿਰਪਾਲੂ ਮਹਾਂਪੁਰਸ਼ਾਂ ਨੇ ਡੂੰਘਾ ਟੋਆ ਪੁਟਵਾ, ਉਸ ਉੱਪਰ ਕਪੜਾ ਪਾ ਕੇ ਡੇਰੇ ਤੋਂ ਬਾਹਰ ਇੱਕ ਢੱਕ ਦੀ ਜੜ੍ਹ ਹੇਠਾਂ ਦਬਾ ਦਿੱਤਾ।

ਕਾਂਡ ੯

ਇਕ ਦੂ ਇਕਿ ਚੜੰਦੀਆ

ਹਜ਼ੂਰ ਦੇ ਚਰਨ ਸੇਵਕ ਸਿੰਘਾਂ ਵਿੱਚ ਵੀ ਭਜਨ ਸਿਮਰਨ ਦਾ ਇਤਨਾ ਸ਼ੌਕ ਸੀ ਕਿ ਹਰ ਕੋਈ ਇੱਕ ਦੂਜੇ ਤੋਂ ਅੱਗੇ ਵਧਣਾ ਚਾਹੁੰਦਾ ਸੀ। ਸਵੇਰੇ ਇਸ਼ਨਾਨ ਸਮੇਂ ਜਿਸ ਨੇ ਵੀ ਹਲਟੀ ਦੀ ਗਾਧੀ ਜਾਂ ਹੈਂਡ ਪੰਪ ਦਾ ਡੰਡਾ ਫੜ ਲਿਆ, ਫੇਰ ਉਹ ਇਕੱਲਾ ਹੀ ਸਾਰੀ ਸੰਗਤ ਨੂੰ ਇਸ਼ਨਾਨ ਕਰਵਾ ਕੇ ਹਟਦਾ। ਮੋਨੀ ਸਾਢੇ ਬਾਰ੍ਹਾਂ ਵਜੇ ਤੇ ਦਿਨ ਦੇ ਸਮੇਂ ਸੇਵਾ ਕਰਨ ਵਾਲੀ ਆਮ ਸੰਗਤ ਦੋ ਵਜੇ ਤਾਂ ਹਮੇਸ਼ਾਂ ਹੀ ਜਾਗ ਪੈਂਦੀ ਸੀ। ਪਰ ਕਈਆਂ ਪ੍ਰੇਮੀਆਂ ਨੇ ਵੈਰਾਗ ਵਿੱਚ ਆਇਆਂ ਇੱਕ ਦੂਜੇ ਨਾਲ ਜ਼ਿਦ ਕਰ ਕੇ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਜਾਗਣ ਦਾ ਪ੍ਰਣ ਕਰਨਾ।

ਪ੍ਰਮਾਰਥੀ ਪਾਂਧੀ ਨੂੰ; ਜੋ ਸਾਰੀ ਰਾਤ ਜਾਗ ਕੇ ਭਜਨ ਕਰਦਾ, ਸੰਤ ਜੀ ਮਹਾਰਾਜ ਨੇ ਇੱਕ ਇੱਕ ਪੱਕੀ ਮਾਲਾ ਮੂਲਮੰਤ੍ਰ ਦੇ ਜਾਪ ਦੀ ਲਾਈ ਸੀ। (ਜਿਸ ਦੀਆਂ ਇੱਕ ਸੌ ਅੱਠ ਕੱਚੀਆਂ ਬਣ ਜਾਂਦੀਆਂ ਹਨ ਜੋ ਕਿ ਲਗਾਤਾਰ ਬੈਠਿਆਂ ਦਸ ਗਿਆਰ੍ਹਾਂ ਘੰਟਿਆਂ ਵਿੱਚ ਹੋ ਜਾਂਦੀਆਂ) ਬਾਕੀ ਨਿੱਤਨੇਮ ਵਖਰਾ ਕਰਦੇ । ਏਹੋ ਜਿਹੇ ਸ਼ੌਕ ਵਾਲੇ ਵੀ; ਜਿਨ੍ਹਾਂ ਦਾ ਦਿਮਾਗ਼ ਤਕੜਾ ਹੁੰਦਾ, ਦਸ ਬਾਰ੍ਹਾਂ ਸਰੀਰ ਸਨ। ਇਉਂ ਹਰ ਰੋਜ਼ ਸਵਾ ਲੱਖ ਪਾਠ ਮੂਲਮੰਤ੍ਰ ਦਾ ਪ੍ਰੇਮੀ ਕਰ ਲੈਂਦੇ ਜੋ ਕਿ ਇਹ ਸਿਲਸਿਲਾ ਕਈ ਸਾਲ ਤੱਕ ਜਾਰੀ ਰਿਹਾ। ਜਿੱਥੇ ਇਤਨੀ ਤਪੱਸਿਆ ਹੋ ਜਾਵੇ, ਫੇਰ ਦਸੋ ਉੱਥੇ ਕਿਸ ਚੀਜ਼ ਦਾ ਘਾਟਾ ਹੁੰਦਾ ਹੈ? ਸੰਸਾਰਕ ਪਦਾਰਥ ਰਿੱਧੀਆਂ ਸਿੱਧੀਆਂ ਤੇ ਚਾਰ ਪ੍ਰਕਾਰ ਦੀਆਂ ਮੁਕਤੀਆਂ ਤਾਂ ਬਦੋਬਦੀ ਧੱਕੇ ਦੇ ਕੇ ਦਰਵਾਜ਼ੇ ਤੋਂ ਅੰਦਰ ਹੋਣਾ ਚਾਹੁੰਦੀਆਂ ਪਰ ਗੁਰਸਿੱਖ ਇਨ੍ਹਾਂ ਦਾ ਆਦਰ ਨਹੀਂ ਕਰਦੇ। 'ਰਿਧਿ ਸਿਧਿ ਅਵਰਾ ਸਾਦ' ਸਮਝਦੇ ਅਤੇ:

ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥ *(ਮਾਰੂ ਮਃ ੫ - ੧੦੭੮)*

ਇੱਕ ਵੇਰਾਂ ਹਜ਼ੂਰੀਏ ਸੇਵਾਦਾਰ ਬਾਬਾ ਨਾਹਰ ਸਿੰਘ, ਗਿਆਨੀ ਮੇਹਰ ਸਿੰਘ ਤੇ ਨਵੇਂ ਪਿੰਡ ਦੇ ਭਾਈ ਨਰੈਣ ਸਿੰਘ ਨੇ ਬੜਾ ਹਠ ਕੀਤਾ ਕਿ ਦੇਖੀਏ ਆਪਣੇ ਤਿੰਨਾ ਸੱਜਣਾਂ ਵਿੱਚੋਂ ਕੇਹੜਾ ਪ੍ਰੇਮੀ ਵੱਧ ਸਮਾਂ ਉਨੀਂਦਰਾ ਕਟ ਸਕਦਾ ਹੈ। ਉਨ੍ਹਾਂ ਵਿੱਚੋਂ ਭਾਈ ਨਰੈਣ ਸਿੰਘ ਤਾਂ ਨੀਂਦ ਦੇ ਜ਼ੋਰ ਨਾਲ ਦੂਸਰੀ ਹੀ ਰਾਤ ਬੈਠਾ ਡਿੱਗ ਪਿਆ। ਪਰ ਗਿਆਨੀ ਮੇਹਰ ਸਿੰਘ ਤੇ ਬਾਬਾ ਨਾਹਰ ਸਿੰਘ ਨੇ ਬਿਨਾਂ ਸੁੱਤਿਆਂ ਤਿੰਨ ਕੁ ਰਾਤਾਂ ਤੇ ਤਿੰਨ ਕੁ ਦਿਨ ਕੱਟੇ। ਜਦੋਂ ਨੀਂਦ ਨੇ ਵਧੇਰੇ ਜ਼ੋਰ ਪਾਉਣਾ, ਤਾਂ ਟਹਿਲਣ ਲੱਗ ਜਾਣਾ। ਪਰ ਫੇਰ ਵੀ ਬਹੁਤਾ ਹਠ ਕਰ ਕੇ ਅੱਖ ਕਟ ਕੇ ਇੱਕ ਦੂਜੇ ਦੇ ਨਾਲ ਰਹਿ ਕੇ ਕਿ ਇਹ ਇਕੱਲਾ ਛੱਡਿਆਂ ਸੌਂ ਜਾਵੇਗਾ, ਤੁਰਦਿਆਂ ਤੁਰਦਿਆਂ ਚਾਰ ਮੀਲ ਦਾ ਚੱਕਰ ਰੱਖ ਕੇ ਖਟੜਿਆਂ ਦੇ ਪੁਲ ਤੋਂ ਬਿਲਾਸਪੁਰ ਤੱਕ ਬਾਣੀ ਪੜ੍ਹਦੇ ਰਹਿਣਾ। ਚੌਥੇ ਦਿਨ ਨੀਂਦ ਨੇ ਐਸਾ ਜ਼ੋਰ ਪਾਇਆ ਕਿ ਤੁਰਨ ਸਮੇਂ ਅੱਖਾਂ ਅੱਗੇ ਹਨ੍ਹੇਰਾ ਆ ਜਾਣਾ। ਰਾਹ ਛੱਡ ਕੇ ਨਹਿਰ ਦੇ ਕੰਢੇ ਜਾਂ ਵਾੜਾਂ ਤੇ ਜਾ ਚੜ੍ਹਣਾ। ਇਉਂ ਦੋਹਾਂ ਨੇ ਹਠ ਤਾਂ ਬੜਾ ਕੀਤਾ ਪਰ ਇਸ ਕੰਮ ਵਿੱਚ ਨੀਂਦ ਨੂੰ ਜਿੱਤਣ ਵਾਸਤੇ ਬਾਬਾ ਨਾਹਰ ਸਿੰਘ ਜੀ ਸਫ਼ਲ ਰਹੇ। ਇਉਂ ਹੋਰ ਵੀ ਸੱਜਣ ਇੱਕ ਦੂਜੇ ਤੋਂ ਪਹਿਲਾਂ ਜਾਗਣ ਦੀ ਕੋਸ਼ਿਸ਼ ਕਰਦੇ। ਉਸ ਸਮੇਂ ਢੱਕੀ ਰਿਖੀਕੇਸ਼ ਦੀ ਝਾੜੀ ਵਾਂਗੂ ਇੱਕ ਤਪੋਬਨ ਸ਼ਾਂਤ ਵਾਤਾਵਰਣ ਤੇ ਭਜਨ ਸਿਮਰਨ ਦਾ ਨਮੂਨਾ ਸੀ। ਚਿੱਟੀਆਂ ਚਾਦਰਾਂ ਵਾਲੀ ਸੰਤ ਮੰਡਲੀ ਨਹਿਰ ਦੇ ਕੰਢੇ ਪਾਲੋ ਪਾਲ ਇਉਂ ਦ੍ਰਿਸ਼ਟੀ ਆ ਰਹੀ ਸੀ ਜਿਵੇਂ ਨੀਲੇ ਬਦਲਾਂ ਵਿੱਚ ਤਾਰੇ ਚਮਕਦੇ ਹਨ। ਸਭਨਾ ਦੇ ਵਿਚਕਾਰ ਸ਼ਾਂਤੀ ਦਾ ਦਾਤਾ ਅੰਮ੍ਰਿਤ ਦਾ ਸੋਮਾ, ਵਰਾਂ ਦਾ ਧਨੀ, ਪੁੰਨਿਆਂ ਦੇ ਚੰਦ੍ਰਮਾਂ ਸਮਾਨ ਹਜ਼ੂਰ ਦਾ ਪਾਵਨ ਚੇਹਰਾ ਪ੍ਰਕਾਸ਼ ਰਿਹਾ ਸੀ। ਏਹੋ ਜੇਹੀ ਸਤੋਮਈ ਰਚਨਾ ਦੇ ਦੇਖਣ ਵਾਲਿਆਂ ਨੂੰ ਦੇਸ ਕਾਲ ਹੀ ਭੁੱਲ ਜਾਂਦਾ।

ਭਿੰਨੀ ਰੈਨੜੀਐ ਚਾਮਕਨਿ ਤਾਰੇ ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥

(ਆਸਾ ਮਃ ੫ - ੪੫੯)

ਸਮੇਂ ਦੀ ਕਦਰ ਕਰੋ

ਹਜ਼ੂਰ ਵੈਰਾਗਮਈ ਉਪਦੇਸ਼ ਕਰਦੇ ਸਨ, "ਗੁਰਸਿੱਖੋ! ਇਹ ਸਮਾਂ ਬੜਾ ਦੁਰਲੱਭ ਹੈ ਇਸ ਦੀ ਕਦਰ ਕਰੋ। ਕਿਸੇ ਮਹਾਂਪੁਰਸ਼ ਨੇ ਕਥਨ ਕੀਤਾ ਹੈ:

ਲਾਲ ਦਾਸ ਉੱਠ ਭਜਨ ਕਰ ਆਲਸ ਨੀਂਦ ਵਿਸਾਰ। ਰਥ ਬਿਗਾਨਾ ਕਾਰਜ ਆਪਣਾ ਸ਼ੀਘਰ ਲੇਹੁ ਸਵਾਰ।

ਭਾਵ ਸਰੀਰ ਰੂਪੀ ਰਥ ਬਿਗਾਨਾ ਹੈ ਪ੍ਰਮੇਸ਼ਰ ਵਲੋਂ ਕੁਛ ਸਮੇਂ ਲਈ ਮਿਲਿਆ ਹੈ, ਵਾਪਸ ਲਿਆ ਜਾਵੇਗਾ। ਅਥਵਾ: ਟਲਿਓ ਜਾਤ ਹੈ ਇਹ ਸਮਾਂ, ਟੇਰਤ ਹੈਂ ਸਭ ਸਾਧ। ਕਰ ਟਾਲਾ ਅਬ ਕਪਟ ਤੇ, ਸੁਧ ਹੋਇ ਨਾਮ ਅਰਾਧ।

ਸਮਾ ਤੋਹਿ ਛਲ ਜਾਇ, ਸਕਉ ਤਉ ਸਮਾ ਛਲ ਲੀਜੈ। ਬਹਿਓ ਜਾਤ ਨਦਿ ਨਿਆਇ, ਘੜੀ ਪਲ ਪਲ ਤਨ ਛੀਜੈ।
ਗਈ ਗਈ ਸੋ ਗਈ ਰਹੀ, ਸੋਊ ਅਬ ਕਰੀਐ। ਜਿਹ ਕੀਏ ਸੁੱਖ ਹੋਇ ਕਠਨ, ਭਵ ਸਾਗਰ ਤਰੀਐ।
ਅਉਰ ਗਇਆ ਸਭ ਆਇ ਹੈ, ਇੱਕ ਗਇਆ ਨ ਅਵਸਰ ਆਵਈ।
ਬਨਵਾਰੀ ਛਲ ਲੇਹਿ ਤੂੰ, ਮੱਤ ਸਮਾ ਤੋਹਿ ਛਲ ਜਾਵਈ।
ਦਸਮ ਪਾਤਸ਼ਾਹ ਜੀ ਰਾਮਾ ਅਵਤਾਰ ਵਿੱਚ ਕਥਨ ਕਰਦੇ ਹਨ:

ਕਾਲ ਹੀ ਕਾਲ ਉਚਾਰਤ ਕਾਲ ਗਯੋ ਇਹ ਕਾਲ ਸਭਿਓ ਛਲ ਜੈ ਹੈ ॥ *(ਸ੍ਰੀ ਦਸਮ ਗ੍ਰੰਥ ਵਿੱਚੋਂ)*

ਅਥਵਾ: 'ਕੱਲ' ਚੁਕੀ ਹੈ ਬੀਤ, ਵੱਸ ਤੋਂ ਦੂਰ ਨਸਾਈ। 'ਭਲਕ' ਅਜੇ ਹੈ ਦੂਰ, ਨਹੀਂ ਵਿੱਚ ਹਥਾਂ ਆਈ।
'ਅੱਜ' ਅਸਾਡੇ ਕੋਲ, ਪਰ ਵਿੱਚ ਫ਼ਿਕਰਾਂ ਲਾਈ। 'ਕੱਲ' 'ਭਲਕ' ਨੂੰ ਸੋਚ, ਅੱਜ ਇਹ ਮੁਫ਼ਤ ਗੁਆਈ।
ਹੋ! ਸੰਭਲ ਸੰਭਾਲ ਇਸ 'ਅੱਜ' ਨੂੰ, ਇਹ ਬੀਤੇ ਮਹਾਂ ਰਸ ਪੀਂਦਿਆਂ।
ਹਰਿ ਰਸ ਵਿੱਚ ਮਤੇ ਖੀਵਿਆਂ, ਹਰ ਰੰਗਿ ਹਰਿ ਕੀਰਤ ਚਉਂਦਿਆਂ।

ਤਥਾ: ਬੀਤ ਗਈ ਦੀ ਯਾਦ, ਪਈ ਹੱਡਾਂ ਨੂੰ ਖਾਵੇ। ਔਣ ਵਾਲੀ ਦਾ ਸਹਿਮ, ਪਿਆ ਮਨ ਨੂੰ ਭਟਕਾਵੇ।

ਤਥਾ: ਬੀਤ ਗਈ ਸੋ ਬੀਤ ਗਈ, ਇਹ ਮੰਨਣ ਸਭ ਸਿਆਣੇ। ਪਰ ਬੀਤੀ ਨਾ ਭੁੱਲੇ, ਸਾਨੂੰ ਦੇਵੇ ਦੁਖ ਧਿਙਾਣੇ।
ਬੀਤ ਗਈ ਤੋਂ ਸਿਖਿਆ ਲੈ ਲੈ, ਅੱਗਾ ਕੋਈ ਸਵਾਰੇ। ਦਾਨਾ ਸੁਘੜ ਸਿਆਣਾ ਓਹੀ, ਹਿੰਮਤ ਮੂਲ ਨ ਹਾਰੇ।
ਜ਼ਿੰਦਗ਼ੀ ਦਾ ਅੰਤ ਵੀ ਜ਼ਰੂਰ ਹੈ:
ਹੈ ਤੇਰੇ ਆਗਾਜ਼ ਸੇ ਸਾਬਤ ਤੇਰਾ ਅੰਜਾਮ ਭੀ। ਸੁਬ੍ਹਾ ਕਾ ਹੋਨਾ ਬਤਾਤਾ ਹੈ ਕਿ ਹੋਗੀ ਸ਼ਾਮੀ ਭੀ।
ਤੁਲਸੀ ਦਾਸ ਜੀ ਲਿਖਦੇ ਹਨ:
ਮੋਲ ਚਤਰ ਦਸ ਭਉਨ ਕੋ ਏਕ ਸਾਸ ਹੈ ਤੋਹਿ। ਐਸੋ ਧਨ ਰਘੁਨਾਥ ਕੋ ਤੁਲਸੀ ਨ ਬਿਰਥਾ ਖੋਹਿ।

ਤਥਾ: ਜਗ ਆਏ ਭਜਨ ਕਰਨ ਕਉ, ਭਜਨ ਨ ਕੀਤਾ ਮੂੜ੍ਹੇ! ਖਾਲੀ ਉੱਠ ਚਲੇ ਸੌਦਾਗਰ, ਕਰ ਕੇ ਸੌਦੇ ਕੂੜੇ।

ਤਥਾ: ਓਹ ਵੇਲਾ ਔਂਦਾ ਨਹੀਂ, ਜੋ ਹਥੋਂ ਗੁਆਚ ਗਿਆ। ਓਹ ਜੋਬਨ ਥਿਆਉਂਦਾ ਨਹੀਂ, ਜੋ ਪੱਤਰਾ ਵਾਚ ਗਿਆ।
ਪਾਣੀ ਦਰਿਆਵਾਂ ਦੇ ਇੱਕ ਵਾਰ, ਜੋ ਵਹਿ ਗਏ ਨੇ। ਨਹੀਂ ਆਉਂਦੇ ਮੁੜ ਪੱਤਣਾਂ ਤੇ, ਇਉਂ ਦਾਨੇ ਕਹਿ ਗਏ ਨੇ।
ਸਮਾਂ ਤੁਰਿਆ ਜਾਂਦਾ ਹੈ ਅਟਕਦਾ ਨਹੀਂ, ਜੋ ਇਸ ਨੂੰ ਵਿਅਰਥ ਗਵਾਉਂਦੇ ਹਨ ਉਹ ਅੰਤ ਪਛਤਾਉਂਦੇ ਹਨ। ਇਸ ਨੂੰ ਸੰਭਾਲਣਾ ਕਰੋ। ਸਮੇਂ ਦੀ ਹਰ ਪਲ ਸਾਡੇ ਅੱਗੇ ਆਣ ਕੇ ਆਖਦੀ ਹੈ ਮੈਂ ਮਾਲਕ ਦੀ ਦਾਤ ਹਾਂ ਮੈਨੂੰ ਸਫ਼ਲਾ ਕਰ। ਜੋ ਉਸ ਨੂੰ ਸੰਭਾਲਦਾ ਨਹੀਂ, ਪਲ ਉਸ ਨੂੰ ਉਡੀਕਦੀ ਨਹੀਂ। ਸਮੇਂ ਦੀ ਤੇਜ਼ੀ ਤੇ ਤ੍ਰਿਖਾਪਨ ਤਾਂ ਇਸ ਤਰ੍ਹਾ ਹੈ:

ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ। ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ।
ਕਿਵੇਂ ਨ ਸਕੀ ਰੋਕ ਅਟਕ ਸਭ ਇਸ ਨੇ ਭੰਨੀ। ਤ੍ਰਿਖੇ ਆਪਣੇ ਵੇਗ ਗਿਆ ਟੱਪ ਬੰਨੇ ਬੰਨੀ।
ਹੋ ਅਜੇ ਸੰਭਾਲ ਇਸ ਸਮੇਂ ਨੂੰ, ਕਰ ਸਫ਼ਲ ਉਡੰਦਾ ਜਾਂਵਦਾ।
ਇਹ ਠਹਿਰਨ ਜਾਚ ਨ ਜਾਣਦਾ, ਲੰਘ ਗਿਆ ਨ ਮੁੜ ਕੇ ਆਂਵਦਾ।

ਜਿਵੇਂ ਕਿਸੇ ਜ਼ਿਮੀਂਦਾਰ ਦਾ ਨਦੀ ਦੇ ਨਾਲ ਲਗਵਾਂ ਖੇਤ ਸੀ, ਜਿਸ ਵਿੱਚ ਉਸ ਨੇ ਬਾਜਰਾ ਬੀਜਿਆ ਹੋਇਆ ਸੀ। ਉਹਦੀ ਰਾਖੀ ਵਾਸਤੇ ਆਪ ਮਣ੍ਹੇ ਤੇ ਬੈਠ ਕੇ ਗੋਪੀਏ ਵਿੱਚ ਪਾ ਕੇ ਮਿੱਟੀ ਦੇ ਗੁਲੇਲੇ ਚਲਾਇਆ ਕਰਦਾ। ਉਹ ਸਾਰੇ ਨਦੀ ਵਿੱਚ ਜਾ ਡਿੱਗਦੇ, ਜਿਸ ਕਰ ਕੇ ਉਸ ਨੂੰ ਹਰ ਰੋਜ਼ ਨਦੀ ਵਿੱਚੋਂ ਗਿੱਲੀ ਮਿੱਟੀ ਲੈ ਕੇ ਹੋਰ ਵੱਟਣੇ ਪੈਂਦੇ। ਇੱਕ ਦਿਨ ਜਦੋਂ ਉਹ ਗੁਲੇਲੇ ਵੱਟਣ ਵਾਸਤੇ ਨਦੀ ਵਿੱਚੋਂ ਮਿੱਟੀ ਪੁੱਟ ਰਿਹਾ ਸੀ ਤਾਂ ਉਸ ਨੂੰ ਇੱਕ ਲਾਲਾਂ ਦੀ ਗਾਗਰ ਲੱਭੀ ਪਰ ਇਹ ਉਸ ਨੂੰ ਜਾਣਦਾ ਨਹੀਂ ਸੀ। ਸੋਚਿਆ, ਅੱਗੇ ਹਰ ਰੋਜ਼ ਗੁਲੇਲੇ ਵੱਟਣੇ ਪੈਂਦੇ ਸਨ ਪਰ ਅੱਜ ਵੱਟੇ ਵਟਾਏ ਹੀ ਮਿਲ ਗਏ। ਬੜਾ ਖੁਸ਼ ਹੋਇਆ ਅਤੇ ਉਹ ਇੱਕ ਇੱਕ ਕਰ ਕੇ ਸਾਰੇ ਹੀ ਗੋਪੀਏ ਵਿੱਚ ਪਾ ਕੇ ਜਾਨਵਰਾਂ ਨੂੰ ਉਡਾਉਣ ਵਾਸਤੇ ਚਲਾ ਦਿੱਤੇ, ਜੋ ਅੱਗੇ ਨਦੀ ਵਿੱਚ ਜਾ ਡਿੱਗੇ। ਸਿਰਫ ਇੱਕੋ ਹੀ ਲਾਲ ਬਾਕੀ ਰਹਿ ਗਿਆ। ਇਤਨੇ ਨੂੰ ਉਸ ਦੇ ਘਰ ਵਾਲੀ ਰੋਟੀ ਲੈ ਕੇ ਆ ਗਈ ਅਤੇ ਉਹ ਉਸ ਨੂੰ ਸੋਹਣਾ ਲੱਗਿਆ ਤੇ ਰੱਖ ਲਿਆ। ਜ਼ਿਮੀਂਦਾਰ ਕਹਿਣ ਲੱਗਾ, "ਇਨ੍ਹਾਂ ਦੀ ਤਾਂ ਮੈਂ ਸਾਰੀ ਗਾਗਰ ਚਲਾ ਛੱਡੀ ਹੈ। ਪਹਿਲਾਂ ਆਉਂਦੀ ਤਾਂ ਹੋਰ ਵੀ ਰੱਖ ਲੈਂਦੀ।" ਜਦੋਂ ਉਹ ਲਾਲ ਲੈ ਕੇ ਘਰ ਪੁੱਜੀ ਅਤੇ ਸ਼ਾਹ ਦੀ ਵਹੁਟੀ ਕੋਲ (ਜੋ ਉਸ ਦੀ ਗੁਆਂਢਣ ਸੀ) ਗੱਲ ਕੀਤੀ ਤਾਂ ਸ਼ਾਹ ਨੂੰ ਪਤਾ ਲੱਗ ਗਿਆ। ਉਹ ਜੌਹਰੀ ਸੀ। ਇਸੇ ਤਰ੍ਹਾ ਹੋਰ ਜੌਹਰੀ ਸ਼ਾਹਾਂ ਨੂੰ ਪਤਾ ਲੱਗਣ ਤੇ ਲਾਲ ਦਾ ਮੁੱਲ ਪੈਣ ਲੱਗਾ ਤਾਂ ਉਸ ਬਦਲੇ ਸੁੰਦਰ ਸ਼ੀਸ਼ ਮਹਿਲ ਨਵੀਆਂ ਕੋਠੀਆਂ, ਕੀਮਤੀ ਘੋੜੇ, ਰਥ, ਬੱਘੀਆਂ ਤੇ ਬੇਅੰਤ ਨਕਦ ਨਾਵਾਂ ਉਸ ਜ਼ਿਮੀਂਦਾਰ ਦੇ ਘਰ ਵਾਲੀ ਨੂੰ ਦਿੱਤਾ ਗਿਆ। ਉਹ ਬਹੁਤ ਪ੍ਰਸੰਨ ਹੋਈ। ਸ਼ਾਮਾਂ ਪਈਆਂ ਤੇ ਜ਼ਿਮੀਂਦਾਰ ਘਰ ਆਇਆ ਸਾਰੀ ਗੱਲ ਸੁਣ ਕੇ ਇਤਨਾ ਅਫ਼ਸੋਸ ਕੀਤਾ ਕਿ ਉਸੇ ਸਮੇਂ

ਮਹਿਲ ਨਾਲ ਟੱਕਰ ਮਾਰ ਕੇ ਪ੍ਰਾਣ ਤਿਆਗ ਦਿੱਤੇ।

ਇਸੇ ਤਰ੍ਹਾਂ ਇਹ ਜੀਵ ਰੂਪੀ ਜ਼ਿਮੀਂਦਾਰ ਗ੍ਰਿਹਸਤ ਰੂਪ ਮਣ੍ਡੇ ਤੇ ਬੈਠਿਆਂ ਵਿਸ਼ੇ ਸੁੱਖ ਬਾਜਰੇ ਦੇ ਖੇਤ ਵਿੱਚ ਪੈਣ ਵਾਲੇ ਵਿਘਨਾਂ ਰੂਪੀ ਜਾਨਵਰਾਂ ਨੂੰ ਉਡਾਉਣ ਵਾਸਤੇ ਜਿਹਵਾ ਰੂਪੀ ਗੋਪੀਏ ਵਿੱਚ ਸ੍ਵਾਸਾਂ ਰੂਪੀ ਅਮੋਲਕ ਲਾਲ ਚਲਾ ਰਿਹਾ ਹੈ ਜੋ ਅੱਗੇ ਕਾਲ ਰੂਪ ਨਦੀ ਵਿੱਚ ਡਿੱਗ ਕੇ ਨਿਸਫ਼ਲ ਜਾ ਰਹੇ ਸਨ। ਸ੍ਰੇਸ਼ਟ ਬੁੱਧੀ ਰੂਪ ਇਸਤਰੀ ਦੇ ਪ੍ਰੇਰੇ ਨੇ ਸਾਧ ਸੰਗਤ ਵਿੱਚ ਜਾ ਕੇ ਜਦੋਂ ਪ੍ਰਮੇਸ਼ਰ ਦਾ ਨਾਮ ਸੁਣਿਆ ਅਤੇ ਮਰਨ ਪਿੱਛੋਂ ਪ੍ਰਲੋਕ ਵਿੱਚ ਗਿਆ ਤਾਂ ਉਨ੍ਹਾਂ ਸਾਧੂ ਦੀ ਸੰਗਤ ਵਿੱਚ ਗ਼ੁਜ਼ਰੇ ਸ੍ਵਾਸਾਂ ਦਾ ਬੜਾ ਮੁੱਲ ਪੈਂਦਾ ਦੇਖਿਆ ਜਿਸ ਕਰ ਕੇ ਬੇਹੱਦ ਅਫ਼ਸੋਸ ਕੀਤਾ। ਏਸੇ ਤਰ੍ਹਾਂ ਇੱਕ ਹੋਰ ਦ੍ਰਿਸ਼ਟਾਂਤ ਸੁਣੋ:

ਇੱਕ ਰਾਜਾ ਆਪਣੀ ਸੈਨਾ ਸਮੇਤ ਜੰਗਲ ਵਿੱਚ ਸ਼ਿਕਾਰ ਖੇਲਣ ਗਿਆ। ਦੁਪਹਿਰ ਦਾ ਸਮਾਂ ਹੋ ਗਿਆ। ਬਾਦਸ਼ਾਹ ਦੇ ਅਗੋਂ ਦੀ ਹਰਨ ਲੰਘਿਆ। ਉਸ ਨੇ ਆਪਣਾ ਘੋੜਾ ਮਗਰ ਲਾ ਲਿਆ। ਹਰਨ ਅੱਗੇ ਜਾ ਕੇ ਛੁਪ ਗਿਆ। ਗ਼ਰਮੀ ਦਾ ਮੌਸਮ ਸੀ। ਬਾਦਸ਼ਾਹ ਨੂੰ ਪਿਆਸ ਲੱਗੀ ਮਾਸ਼ਕੀ ਪਿੱਛੇ ਰਹਿ ਗਿਆ। ਜਾਨ ਲਬਾਂ ਤੇ ਆਈ ਤਾਂ ਇੱਕ ਲੱਕੜਹਾਰੇ ਦੇ ਕੋਲੋਂ (ਜੋ ਰੋਜ਼ ਹੀ ਸਵੇਰੇ ਆ ਕੇ ਇਸ ਜੰਗਲ ਵਿੱਚ ਕੋਇਲੇ ਬਣਾਇਆ ਕਰਦਾ ਸੀ) ਪਾਣੀ ਲੱਭਿਆ। ਉਸ ਨੇ ਬੜੇ ਪ੍ਰੇਮ ਨਾਲ ਜਲ ਛਕਾਇਆ। ਬਾਦਸ਼ਾਹ ਨੇ ਉਸ ਦੀ ਸੇਵਾ ਤੇ ਪ੍ਰਸੰਨ ਹੋ ਕੇ ਇੱਕ ਸੋਨੇ ਦੀ ਮੁੰਦਰੀ ਬਖ਼ਸ਼ੀ ਤੇ ਨਾਲ ਇਹ ਵੀ ਕਿਹਾ, "ਤੂੰ ਮੇਰੇ ਅੱਜ ਪ੍ਰਾਣ ਬਚਾਏ ਹਨ। ਇਹੀ ਮੁੰਦਰੀ ਦਿਖਾ ਕੇ ਕੱਲ੍ਹ ਨੂੰ ਦਰਬਾਰ ਵਿੱਚ ਹਾਜ਼ਰ ਹੋਵੀਂ। ਮੈਂ ਤੈਨੂੰ ਹੋਰ ਇਨਾਮ ਦੇਵਾਂਗਾ।" ਇਉਂ ਆਖ ਕੇ ਬਾਦਸ਼ਾਹ ਤਾਂ ਸ਼ਹਿਰ ਨੂੰ ਚਲਾ ਗਿਆ। ਕੁੱਝ ਕੁ ਦਿਨਾਂ ਤੋਂ ਬਾਅਦ ਲੱਕੜਹਾਰਾ ਉਹ ਮੁੰਦਰੀ ਲੈ ਕੇ ਸ਼ਾਹੀ ਦਰਬਾਰ ਵਿੱਚ ਪੁਜਾ। ਬਾਦਸ਼ਾਹ ਨੇ ਪ੍ਰਸੰਨ ਹੋ ਕੇ ਉਸ ਨੂੰ ਇੱਕ ਚੰਦਨ ਦਾ ਬਾਗ਼ ਬਖ਼ਸ਼ ਦਿਤਾ।

ਲੱਕੜਹਾਰਾ ਬਾਗ਼ ਵਿੱਚ ਗਿਆ। ਉਹ ਚੰਦਨ ਦੇ ਬੂਟਿਆਂ ਦੀ ਕਦਰ ਨਹੀਂ ਸੀ ਜਾਣਦਾ। ਸੋਚਿਆ, ਅੱਗੇ ਤਾਂ ਲੱਕੜਾ ਦੇ ਕੋਇਲੇ ਬਣਾਉਣ ਵਾਸਤੇ ਦੂਰ ਜਾਣਾ ਪੈਂਦਾ ਸੀ। ਹੁਣ ਨੇੜੇ ਹੀ ਕੋਲਿਆਂ ਵਾਸਤੇ ਲੱਕੜਾਂ ਮਿਲ ਗਈਆਂ। ਇੱਕ ਬੂਟੇ ਨਾਲੋਂ ਡੰਡਾ ਲਾਹ ਕੇ ਕੁਹਾੜੇ ਦਾ ਦਸਤਾ ਬਣਾਇਆ। ਬੱਸ ਫੇਰ ਕੀ ਸੀ ਕੁਹਾੜੇ ਨਾਲ ਸਾਰੇ ਹੀ ਦਰੱਖਤ ਵੱਢ ਵੱਢ ਕੇ ਕੋਇਲੇ ਬਣਾ ਕੇ ਵੇਚ ਦਿੱਤੇ। ਕੇਵਲ ਉਹ ਕੁਹਾੜੇ ਵਿੱਚ ਪਾਇਆ ਇੱਕੋ ਦਸਤਾ ਹੀ ਚੰਦਨ ਦਾ ਰਹਿ ਗਿਆ। ਜਦੋਂ ਆਖ਼ਰੀ ਵਾਰ ਉਹ ਬਾਜ਼ਾਰ ਵਿੱਚ ਕੋਇਲੇ ਵੇਚਣ ਗਿਆ, ਤਾਂ ਇੱਕ ਸਿਆਣੇ ਪੁਰਸ਼ ਦੀ ਨਿਗ੍ਹਾ ਪੈ ਗਿਆ। ਉਸ ਨੇ ਕੋਲਿਆਂ ਦਾ ਮੁੱਲ ਤਾਂ ਕੌਡੀਆਂ ਹੀ ਦੱਸਿਆ ਅਤੇ ਕਹਿਣ ਲੱਗਾ, "ਜੇ ਤੂੰ ਇਹ ਦਸਤਾ ਵੇਚਣਾ ਹੋਵੇ ਤਾਂ ਇਸ ਦੀ ਇਤਨੀ ਰਕਮ ਮਿਲ ਸਕਦੀ ਹੈ।" ਇਹ ਗੱਲ ਸੁਣ ਕੇ ਲੱਕੜਹਾਰਾ ਬੜਾ ਪਛਤਾਇਆ ਕਿ ਮੇਰੇ ਪਾਸ ਏਹੋ ਜਿਹੇ ਦਸਤਿਆਂ ਦਾ ਬਾਗ਼ ਖੜਾ ਸੀ ਜੋ ਐਵੇਂ ਨਿਸਫ਼ਲ ਹੀ ਕੋਲੇ ਬਣਾ ਕੇ ਵੇਚ ਛੱਡਿਆ।

ਏਸੇ ਤਰ੍ਹਾਂ ਪ੍ਰਮੇਸ਼ਰ ਬਾਦਸ਼ਾਹ ਤੇ ਜੀਵ ਲੱਕੜਹਾਰਾ ਹੈ। ਚੰਗੇ ਕਰਮ ਕਰਨ ਰੂਪ ਪਾਣੀ ਦਾ ਪਿਆਉਣਾ ਹੈ। ਪ੍ਰਮੇਸ਼ਰ ਪਾਤਸ਼ਾਹ ਨੇ ਮੇਹਰ ਕਰ ਕੇ ਮਨੁੱਖਾ ਜਨਮ ਰੂਪੀ ਬਾਗ਼ ਤੇ ਸ਼ਰਧਾ ਰੂਪੀ ਅੰਗੂਠੀ ਬਖ਼ਸ਼ੀ। ਉਮਰ ਇੱਕ ਚੰਦਨ ਦਾ ਬਾਗ਼ ਹੈ, ਜਿਸ ਵਿੱਚ ਸ੍ਵਾਸਾਂ ਰੂਪੀ ਅਨੇਕਾਂ ਬੂਟੇ ਹਨ। ਇਨ੍ਹਾਂ ਅਮੋਲਕ ਸ੍ਵਾਸਾਂ ਨੂੰ ਜੀਵ ਰੂਪ ਲੱਕੜਹਾਰਾ ਰਾਗ ਦ੍ਵੈਸ਼ ਵਾ ਵਿਕਾਰਾਂ ਦੀ ਅੱਗ ਵਿੱਚ ਸਾੜ ਕੇ ਕੋਇਲੇ ਕਰ ਰਿਹਾ ਹੈ। ਕਿਸੇ ਇੱਕ ਅੱਧੇ ਵਾਹਿਗੁਰੂ ਪਾਸੇ ਲੱਗੇ ਸ੍ਵਾਸ ਦੀ ਅੱਗੇ ਪ੍ਰਲੋਕ ਵਿੱਚ ਬਹੁਤ ਕੀਮਤ ਪੈਣ ਤੇ ਜੀਵ ਨੇ ਬੜਾ ਪਸਚਾਤਾਪ ਕੀਤਾ ਪਰ ਫੇਰ ਕੀ ਬਣ ਸਕਦਾ ਸੀ?

ਅਲਫ ਆਇਆ ਸੈਂ ਲਾਲ ਵਿਹਾਜਣੇ ਨੂੰ, ਵਣਜ ਕੋਇਲਾਂ ਦਾ ਕਾਹਨੂੰ ਪਾ ਬੈਠੋਂ।
ਤੈਨੂੰ ਹੁਕਮ ਕਸਤੂਰੀ ਖਰੀਦਣੇ ਦਾ, ਢੇਰ ਹਿੰਗ ਜਵੈਣ ਦਾ ਲਾ ਬੈਠੋਂ।
ਕੀ ਦੇਹਿ ਜਵਾਬ ਉਸ ਸ਼ਾਹ ਤਾਈਂ, ਜਿਸ ਦੀ ਰਕਮ ਨੂੰ ਖ਼ਤਮ ਕਰਾ ਬੈਠੋਂ।
ਰਹੀਮ ਬਖ਼ਸ਼ ਸੌਦਾਗਰੀ ਕਰਨ ਆਇਓਂ, ਚੋਰ ਹਟੀਆ ਮੁਫ਼ਤ ਸਦਾ ਬੈਠੋਂ।

ਗੁਰੂ ਕਾ ਲੰਗਰ

ਚੰਦਨ ਦੀ ਖ਼ੁਸ਼ਬੂ ਵਾਂਗ ਇਸ ਅਸਥਾਨ ਦੀ ਪ੍ਰਭਤਾ ਸਾਰੇ ਇਲਾਕੇ ਵਿੱਚ ਫੈਲ ਗਈ। ਪਹਿਲਾਂ ਪਹਿਲਾਂ ਤਾਂ ਅਸਥਾਨ ਵਾਸੀਆਂ ਵਾਸਤੇ ਹੀ ਲੰਗਰ ਤਿਆਰ ਹੁੰਦਾ ਸੀ। ਫੇਰ ਦਰਸ਼ਨ ਮੇਲੇ ਲਈ ਆਏ ਬਾਹਰਲੇ ਯਾਤਰੂ ਵੀ ਲੰਗਰ ਵਿੱਚੋਂ ਪ੍ਰਸ਼ਾਦ ਛਕਣ ਲੱਗ ਪਏ। ਕਦੇ ਕਦੇ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਪੰਗਤਾਂ ਲਗਦੀਆਂ।

ਜੋੜ ਮੇਲਿਆਂ ਦੇ ਸਮੇਂ (ਜੋ ਮਹੀਨੇ ਵਿੱਚ ਦੋ ਵਾਰ ਸੰਗਰਾਂਦ ਤੇ ਪੂਰਨਮਾਸ਼ੀ ਨੂੰ ਮਨਾਏ ਜਾਂਦੇ ਹਨ) ਹਜ਼ਾਰਾਂ ਹੀ ਪ੍ਰੇਮੀਆਂ ਦਾ ਇਕੱਠ ਹੋਣ ਲੱਗਾ। ਨੌਂ ਮਾਘ ਦੇ ਵੱਡੇ ਸਾਲਾਨਾ ਇਕੱਠ ਤੇ ਸੈਂਕੜੇ ਮਣ ਅੰਨ ਖ਼ਰਚ ਆਉਂਦਾ। ਦਾਲਾਂ ਦੇ ਦੇਗੇ ਚੜ੍ਹੇ ਰਹਿੰਦੇ ਜਿਨ੍ਹਾਂ ਵਿੱਚ ਦੋ ਦੋ ਮਣ ਰੋਜ਼ ਦਾ ਲੂਣ ਪੈ ਜਾਂਦਾ। ਲੰਗਰ ਦੇ ਇਨਚਾਰਜ ਸ੍ਰੀਮਾਨ ਨੂੰ ਹਜ਼ੂਰ ਦੀ ਆਗਯਾ ਸੀ ਕਿ ਇਹ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਲੰਗਰ ਹੈ। ਏਥੇ ਕਦੇ ਤੇ ਕਿਸੇ ਸਮੇਂ ਵੀ ਆਇਆ ਕੋਈ ਆਦਮੀ

ਭੁੱਖਾ ਨਾ ਮੁੜੇ। ਹਰ ਇੱਕ ਨੂੰ ਅੱਠੇ ਪਹਿਰ ਪ੍ਰਸ਼ਾਦ ਤਿਆਰ ਮਿਲੇ। ਦੁਪਹਿਰ ਦੇ ਸਮੇਂ ਜਦੋਂ ਤੱਕ ਨਵੀਂ ਅਰਦਾਸ ਨਾ ਕੀਤੀ ਜਾਵੇ, ਉਦੋਂ ਤੱਕ ਸਵੇਰ ਦਾ ਪੱਕਿਆ ਪ੍ਰਸ਼ਾਦਾ ਵਰਤਦਾ ਰਹੇ। ਇਸੇ ਤਰ੍ਹਾਂ ਸ਼ਾਮ ਦੇ ਲੰਗਰ ਦੀ ਘੰਟੀ ਤੱਕ ਦੁਪਹਿਰ ਦੇ ਪ੍ਰਸ਼ਾਦੇ ਵਰਤਾਏ ਜਾਵਣ। ਸਵੇਰ ਦੇ ਚਾਰ ਵਜੇ ਤੋਂ ਲੈ ਕੇ ਰਾਤ ਦੇ ਗਿਆਰਾਂ ਵਜੇ ਤੱਕ ਲੰਗਰ ਖੁੱਲ੍ਹਾ ਰਹਿਣਾ ਚਾਹੀਦਾ ਹੈ। ਹੋਰਾਂ ਮਤ ਮਤਾਂਤ੍ਰਾਂ ਨਾਲੋਂ ਤਦੇ ਹੀ ਗੁਰੂ ਘਰ ਵਿੱਚ ਏਹੋ ਵਾਧਾ ਹੈ ਕਿ ਉਨ੍ਹਾਂ ਨੇ ਸਿਮਰਨ ਦੇ ਨਾਲ ਨਾਲ ਲੰਗਰ ਜਾਰੀ ਕੀਤਾ। ਜਿੱਥੇ ਭੁੱਖ ਦੇ ਨਾਲ ਆਂਦਰਾਂ ਕੁਰਬਲ ਕੁਰਬਲ ਕਰਦੀਆਂ ਹਨ, ਓਥੇ ਫੇਰ ਭਜਨ ਵਿੱਚ ਮਨ ਨੇ ਕੀ ਲਗਣਾ ਹੋਇਆ? ਲੋਹ ਤੇ ਸਿਮਰਨ ਇੱਕੋ ਹੀ ਮਾਲਾ ਦੇ ਮਣਕੇ ਹਨ। ਇਉਂ ਆਪ ਜੀ ਦਾ ਹਰ ਪ੍ਰਾਣੀ ਮਾਤਰ ਦੇ ਭਲੇ ਵਾਸਤੇ ਹੀ ਉੱਤਮ ਤੇ ਸ਼ਰੋਮਣੀ ਉਪਦੇਸ਼ ਸੀ। ਇਸ ਕਰ ਕੇ ਜਿਸ ਵੀ ਪ੍ਰੇਮੀ ਨੇ ਇੱਕ ਵਾਰ ਆਪ ਜੀ ਦੇ ਪ੍ਰਭਾਵਸ਼ਾਲੀ ਚੇਹਰੇ ਦਾ ਦਰਸ਼ਨ ਕਰ ਲਿਆ, ਫੇਰ ਉਸ ਨੇ ਹੋਰ ਕਿਸੇ ਮਹਾਂਪੁਰਸ਼ ਪਾਸ ਜਾਣ ਦਾ ਖ਼ਿਆਲ ਹੀ ਛੱਡ ਦਿਤਾ। ਆਪ ਜੀ ਦੀ ਕਿਰਪਾ ਨਾਲ ਇਸ਼ਤਿਹਾਰੀ ਮੁਜਰਮ, ਖ਼ੂਨੀ, ਡਾਕੂ, ਚੋਰ, ਧਾੜਵੀ, ਨਾਸਤਕ ਤੇ ਸ਼ਰਾਬੀ ਹਮੇਸ਼ਾ ਲਈ ਬੁਰੇ ਕਰਮਾਂ ਨੂੰ ਤਿਲਾਂਜਲੀ ਦੇ ਕੇ ਪ੍ਰਭੂ ਭਗਤ ਤੇ ਸਿਮਰਨੀ ਬਣ ਗਏ।

ਛੋਟੇ ਸੰਤ ਜੀ ਮਹਾਰਾਜ ਦੇ ਗਲੇ ਦਾ ਉਪਰੇਸ਼ਨ

ਦੋਹਾਂ ਵਿਅਕਤੀਆਂ ਦੇ ਭੁੱਖੇ ਪਿਆਸੇ ਰਹਿ ਕੇ ਤਤਿੱਖਿਆ ਕਰਨ ਕਰ ਕੇ ਅਤੇ ਰਾਤ ਦਿਨ ਦੀ ਬੇ ਆਰਾਮੀ ਦੇ ਕਾਰਣ ਸਰੀਰ ਅੰਦਰ ਗ਼ਰਮੀ ਖ਼ੁਸ਼ਕੀ ਵਧ ਜਾਣ ਕਰ ਕੇ ਛੋਟੇ ਸੰਤ ਜੀ ਮਹਾਰਾਜ ਦੇ ਗਲੇ ਵਧ ਗਏ।

ਲੂਣ ਦੇ ਗਰਾਰੇ ਕੀਤਿਆਂ, ਉੱਪਰ ਦਵਾਈਆਂ ਦੇ ਲਗਾਇਆਂ, ਕਿੱਕਰ ਦੇ ਸੱਕ ਆਦਿ ਉਬਾਲ ਕੇ ਕੁਰਲੇ ਕੀਤਿਆਂ ਵੀ ਜਦ ਠੀਕ ਨਾ ਹੋਏ ਤਾਂ ਫੇਰ ਆਪ ਕਈ ਕੁ ਸੱਜਣਾਂ ਦੀ ਸਲਾਹ ਨਾਲ ਅਤੇ ਸੰਤ ਜੀ ਮਹਾਰਾਜ ਦਾ ਬਚਨ ਮੰਨ ਕੇ ਪਟਿਆਲੇ ਰਾਜਿੰਦ੍ਰਾ ਹਸਪਤਾਲ ਵਿੱਚ ਪੁੱਜੇ। ਦੋ ਸੱਜਣ ਗੁੱਜਰ ਸਿੰਘ (ਬਾਈ ਜੀ) ਅਤੇ ਭੀਖੀ ਪਿੰਡ ਦਾ ਵੈਦ ਮਹਿੰਦਰ ਸਿੰਘ (ਜੋ ਪ੍ਰਸਿੱਧ ਵੈਦ ਪ੍ਰਤਾਪ ਸਿੰਘ ਦਾ ਲੜਕਾ ਸੀ) ਆਪ ਜੀ ਦੇ ਨਾਲ ਸਨ। ਏਥੇ ਆਪ ਬਾਈ ਦਿਨ ਠਹਿਰੇ। ਦੇਸੀ ਤੇ ਅੰਗਰੇਜੀ ਡਾਕਟਰਾਂ ਨੇ ਚੰਗੀ ਤਰ੍ਹਾਂ ਦੇਖ ਕੇ ਉਪਰੇਸ਼ਨ ਕਰਨ ਦੀ ਹੀ ਸਲਾਹ ਦਿੱਤੀ ਅਤੇ ਨਾਲ ਇਹ ਵੀ ਅਰਜ਼ ਕੀਤੀ, "ਮਹਾਰਾਜ! ਦਵਾਈਆਂ ਨਾਲ ਆਰਜ਼ੀ ਤੌਰ ਤੇ ਤਾਂ ਆਰਾਮ ਆ ਸਕਦਾ ਹੈ ਪਰ ਪੂਰਾ ਨਹੀਂ।" ਇਉਂ ਆਪਰੇਸ਼ਨ ਦੁਆਰਾ ਗਲੇ ਦਾ ਵਧਿਆ ਹੋਇਆ ਮਾਸ ਕੱਟ ਕੇ ਉੱਪਰ ਦਵਾਈਆਂ ਲੱਗਾ ਦਿੱਤੀਆਂ। ਥੋੜ੍ਹੇ ਦਿਨਾਂ ਬਾਅਦ ਆਪ ਠੀਕ ਹੋ ਗਏ।

ਆਸੇ ਪਾਸੇ ਦੇ ਪਿੰਡਾਂ ਵਿੱਚ ਨਾਮ ਅੰਮ੍ਰਿਤ ਦੀ ਵਰਖਾ

ਅਰਸ਼ੀ ਹੁਕਮ ਅਨੁਸਾਰ:

ਬ੍ਰਹਮ ਗਿਆਨੀ ਕਾ ਭੋਜਨੁ ਗਿਆਨੁ ॥ (ਗਉੜੀ ਸੁਖਮਨੀ ਮਃ ੫ - ੨੭੩)

ਅਤੇ:

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ (ਗਉੜੀ ਮਃ ੫ - ੨੩੬)

ਨਾਮ ਬਾਣੀ ਦੀ ਖ਼ੁਰਾਕ ਦੇ ਚਾਹਵਾਨ, ਕੀਰਤਨ ਰਸੀਏ, ਮਹਾਂਪੁਰਸ਼ ਅਤੇ

ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ (ਆਸਾ ਮਃ ੫ - ੩੯੯)

ਆਪਣਾ ਨਸ਼ਾ ਪੂਰਾ ਕਰਨ ਵਾਸਤੇ ਪਹਿਲਾਂ ਕੁਛ ਦਿਨ ਰਾੜੇ ਪਿੰਡ ਜਾ ਕੇ ਗੁਰਦੁਆਰੇ ਸਾਹਿਬ ਕੀਰਤਨ ਕਰਦੇ ਰਹੇ। ਫੇਰ ਬਹੁਤੀ ਸੰਗਤ ਦਾ (ਜੋ ਸ਼ਾਮ ਦੇ ਪਿੰਡਾਂ 'ਚੋਂ ਆ ਜਾਂਦੀ) ਇਕੱਠ ਦੇਖ ਕੇ ਬਾਹਰ ਹੀ ਸਾਜ਼ ਮੰਗਾ ਕੇ ਦੋਨੋਂ ਸਮੇਂ ਦੀਵਾਨ ਸਜਾਉਣ ਲੱਗ ਪਏ। ਉਪਰੰਤ ਜੋ ਕਈ ਸੱਜਣ ਬਹੁਤਾ ਮਜਬੂਰ ਕਰਦਾ ਤਾਂ ਉਸ ਦੀ ਬੇਨਤੀ ਮੰਨ ਕੇ ਖ਼ਾਸ ਸਮਾਗਮ ਸਮੇਂ ਕਿਸੇ ਕਿਸੇ ਪ੍ਰੇਮੀ ਦੇ ਘਰੀਂ ਵੀ ਚਰਨ ਪਾਉਣ ਲੱਗ ਪਏ। ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ, ਸਹਿਜ ਜਾਂ ਅਖੰਡ ਪਾਠ ਦਾ ਭੋਗ ਅਤੇ ਅਨੰਦ ਕਾਰਜਾਂ ਦੇ ਵਕਤ ਦਰਸ਼ਨ ਦੇ ਆਉਂਦੇ। ਕਿਸੇ ਕਿਸੇ ਸ਼ਰਧਾਲੂ ਸੱਜਣਾਂ ਦੇ ਘਰ ਇੱਕ ਦੋ ਸ਼ਬਦ ਵੀ ਪੜ੍ਹ ਲੈਂਦੇ। ਫੇਰ ਤਾਂ ਹੋਰ ਵੀ ਉਤਸ਼ਾਹ ਵਧ ਜਾਂਦਾ ਅਤੇ ਹਰੇਕ ਗੁਰਮੁਖ ਆਪਣੇ ਘਰਾਂ ਅੰਦਰ ਚਰਨ ਪਵਾਉਣੇ ਚਾਹੁੰਦੇ।

ਸਭ ਤੋਂ ਪਹਿਲਾਂ ਸ. ਬੇਅੰਤ ਸਿੰਘ ਦੀ ਅਰਜ਼ ਮੰਨ ਕੇ ਆਪ ਘਣਗਸਾਂ ਗਏ। ਜਿਸ ਨੇ ਖੁੱਲ੍ਹੀ ਤੇ ਨਗਰ ਦੀ ਸਾਂਝੀ ਜਗ੍ਹਾ ਧਰਮਸਾਲਾ ਵਿੱਚ ਪੰਡਾਲ ਸਜਾ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰ ਕੇ ਸੰਤ ਜੀ ਮਹਾਰਾਜ ਦਾ ਕੀਰਤਨ ਕਰਵਾਇਆ। ਫੇਰ ਆਪ ਚੂਹੜ ਸਿੰਘ ਨੰਬਰਦਾਰ ਦੇ ਘਰ ਹਾਂਸ ਪਿੰਡ ਅਖੰਡ ਪਾਠ ਦੇ ਭੋਗ ਸਮੇਂ ਗਏ ਸਨ ਅਤੇ ਆਪਣੇ ਕਰ ਕਮਲਾਂ ਨਾਲ ਕਿਲ੍ਹਾ ਹਾਂਸ ਧਰਮਸਾਲਾ ਦੀ ਨੀਂਹ ਰੱਖੀ ਅਤੇ ਬੀਬੀ ਰਾਜ ਕੌਰ ਦੇ ਅਨੰਦ ਕਾਰਜ ਸਮੇਂ ਕਿਲ੍ਹਾ

ਹਾਂਸ ਗਏ।

ਢੱਕੀ ਦੀਆਂ ਰੌਣਕਾਂ

ਜੋ ਆਵੇ ਚੱਲ ਦਰਸ ਨੂੰ ਮੁੜ ਘਰੀਂ ਨਾ ਜਾਵੇ। ਦੀਦ ਕਰੇ ਜੋ ਵਾਰ ਇੱਕ ਨਹੀਂ ਜਾਣਾ ਚਾਹਵੇ।
ਓਹਨਾਂ ਸੱਜ ਵਿਆਹੀਆਂ ਛੱਡੀਆਂ ਛੱਡੇ ਮੁਕਲਾਵੇ। ਮਾਪੇ ਢੂੰਡਣ ਕਿਸੇ ਦੇ ਪੁੱਤ ਨਹੀਂ ਥਿਆਵੇ।
ਨਾਰ ਕਿਸੇ ਦੀ ਭਾਲਦੀ ਘਰ ਪਤੀ ਨ ਆਵੇ। ਅਰਸ਼ੀ ਪ੍ਰੀਤਮ ਆਖਦਾ ਗੱਲ ਮੂਲ ਨ ਭਾਵੇ।
ਤੁਸੀਂ ਜਾਵੋ ਆਪਣੇ ਘਰਾਂ ਨੂੰ ਮਾਪੇ ਬਿਰਲਾਵੇ। ਗ੍ਰਿਹਸਤ ਸ਼੍ਰੋਮਣਿ ਸਰਬ ਤੋਂ ਗੁਰਦਾਸ ਅਲਾਵੇ।
ਵਰਨ ਆਸ਼੍ਰਮ ਨੂੰ ਜਾਣਦਾ ਸਭ ਤਾਈਂ ਰਜਾਵੇ। ਛੱਡ ਕੇ ਮਹਿਲ ਹਕੂਮਤਾਂ ਜੋ ਬਣੇ ਬੇਦਾਵੇ।
ਰੋਟੀ ਮੰਗਣ ਵਾਸਤੇ ਗ੍ਰਿਹਸਤੀ ਦੇ ਜਾਵੇ। ਕਿਰਤ ਵਿਰਤ ਕਰ ਹੱਕ ਦੀ ਜੋ ਵੰਡ ਕੇ ਖਾਵੇ।
ਰਹਿ ਕੇ ਵਿੱਚ ਨਿਜ ਧਰਮ ਦੇ ਸਿੱਖ ਸੇਵ ਕਮਾਵੇ। ਆਪ ਤਰੇ ਭਵ ਸਾਗਰੋਂ ਸਭ ਕੁਲਾਂ ਤਰਾਵੇ।
ਫਿਰ ਵੀ ਬਹੁਤੇ ਆ ਜੁੜੇ ਹਰਿ ਦਰਸ਼ਨ ਭਾਵੇ। ਚੰਦ ਚਕੋਰ ਅਲਿ ਕਮਲ ਜਿਉਂ ਰਵਿ ਕਿਰਣ ਖਿਲਾਵੇ।
ਭੇਟਾ ਆਇ ਚੁਫੇਰਿਓ ਪ੍ਰਭ ਇਉ ਫੁਰਮਾਵੇ। ਕਰੋ ਦੇਗ ਤ੍ਰਿਭਾਵਲੀ ਕੋਈ ਭੁਖਾ ਨਾ ਜਾਵੇ।
ਜਿਉਂ ਗੁਰ ਤੀਜਾ ਪਾਤਸ਼ਾਹ ਨਹੀਂ ਜਮਾ ਰਖਾਵੇ। ਤਿਉਂ ਹੀ ਸੰਤ ਵਰਤਾਂਵਦੇ ਸੰਗਤ ਬਹੁ ਲਿਆਵੇ।

ਕੁਦਰਤੀ ਅਸੂਲ

ਇਹ ਕਿਸੇ ਮਨੁੱਖ ਦੇ ਵਸ ਦੀ ਗੱਲ ਨਹੀਂ। ਕੁਦਰਤ ਦਾ ਅਸੂਲ ਹੀ ਐਸਾ ਹੈ ਕਿ ਚਾਨਣ ਦੇ ਨਾਲ ਹਨ੍ਹੇਰਾ, ਨੇਕੀ ਨਾਲ ਬੁਰਿਆਈ, ਫ਼ੁੱਲ ਨਾਲ ਕੰਡਾ ਅਤੇ ਸਚਾਈ ਨਾਲ ਝੂਠ; ਧੁਰ ਤੋਂ ਹੀ ਇਨ੍ਹਾਂ ਚੀਜ਼ਾਂ ਦਾ ਜੋੜਾ ਬਣਿਆ ਹੈ। ਇਉਂ ਵੀ ਠੀਕ ਹੈ ਕਿ ਅਸਲ ਦੀ ਅਣਹੋਂਦ ਦਾ ਹੀ ਦੂਸਰਾ ਨਾਮ ਬੁਰਾ ਹੈ। ਕਲਜੁਗੀ ਜੀਵ ਸਿਆਣਾ ਹੁੰਦਾ ਹੋਇਆ ਵੀ ਮਾਇਆ ਦੇ ਲਾਲਚ ਕਰ ਕੇ ਸਚਾਈ ਦਾ ਥਾਂ ਝੂਠ ਤੇ ਫਰੇਬ ਤੋਂ ਕੰਮ ਲੈਂਦਾ ਹੈ। ਇੱਕ ਨੇਕ ਪੁਰਸ਼ ਵਾਸਤੇ ਝੂਠ ਬੁਰੀ ਚੀਜ਼ ਹੈ, ਪਰ ਖੁਦ ਗਰਜ਼ ਤੇ ਲਾਲਚੀ ਪੁਰਸ਼ ਵਾਸਤੇ ਚੰਗੀ। ਹਨੇਰੇ ਕੋਲੋਂ ਸਾਰੇ ਡਰਦੇ ਹਨ। ਹਨੇਰੀ ਰਾਤ ਨੂੰ ਬੁਰਾ ਮੰਨਿਆ ਹੈ, ਪਰ ਚੋਰ ਯਾਰ ਤੇ ਠੱਗ ਹਨੇਰੇ ਨੂੰ ਚੰਗਾ ਸਮਝਦੇ ਹਨ। ਉਹ ਹਨੇਰੀਆਂ ਰਾਤਾਂ ਦੀ ਸੁੱਖ ਮੰਗਦੇ ਹਨ। ਇਹ ਚਾਲ ਕੋਈ ਨਵੀਂ ਨਹੀਂ ਤੁਰੀ, ਸਗੋਂ ਇਤਿਹਾਸਕ ਕਾਲ ਤੋਂ ਪਹਿਲਾਂ ਹੀ ਚਲੀ ਆਉਂਦੀ ਹੈ। ਬਾਲਮੀਕ ਵੀ ਤਾਂ ਇੱਕ ਰਾਹਮਾਰ ਸੀ। ਅਵਤਾਰਾਂ ਨਾਲ ਰਾਕਸ਼ ਮੁਕਾਬਲਾ ਕਰਦੇ ਆਏ ਤੇ ਧਰਮੀ ਪਾਂਡਵਾਂ ਦੇ ਭਰਾ ਵੀ ਕੌਰਵ ਬੁਰੇ ਨਿੱਕਲੇ। ਦੋਹਾਂ ਦੇ ਵਿਚਾਲੇ ਮਹਾਂਭਾਰਤ ਹੋਇਆ। ਦੂਸਰੇ ਅਰਥਾਂ ਵਿੱਚ ਰੱਬੀ ਤੇ ਨੇਕੀ ਸ਼ਕਤੀਆਂ ਦੇ ਵਿਰੁੱਧ ਸ਼ੈਤਾਨੀ ਸ਼ਕਤੀਆਂ ਝੂਠ ਤੇ ਹਨੇਰਾ, ਅਗਿਆਨਤਾ, ਠੱਗੀ, ਦੁਰਾਚਾਰੀ, ਰਾਜਸੀ ਜ਼ੁਲਮੋ ਸਿਤਮ ਚਲੀਆਂ ਆਈਆਂ। ਸ਼ਾਇਦ ਇਸੇ ਕਰ ਕੇ ਕਿ ਨੇਕੀ ਤੇ ਧਰਮ ਦਾ ਪਤਾ ਲੱਗਦਾ ਰਹੇ। ਮਨੁੱਖ ਦੀ ਅਕਲ ਦਾ ਇਮਤਿਹਾਨ ਅਤੇ ਸੱਚ ਤੇ ਝੂਠ ਦਾ ਨਿਖੇੜ ਹੁੰਦਾ ਰਹੇ।

ਸਤਿਗੁਰ ਨਾਨਕ ਨਿਰੰਕਾਰੀ ਦੇ ਦਰਬਾਰ ਵਿੱਚੋਂ ਗਿਆਨ ਦੀ ਰੌਸ਼ਨੀ ਮਿਲਦੀ ਹੈ। ਆਤਮਾ ਨੂੰ ਅੰਮ੍ਰਿਤ ਖ਼ੁਰਾਕ ਪ੍ਰਾਪਤ ਹੁੰਦੀ ਹੈ। ਉਸ ਖ਼ੁਰਾਕ ਨੂੰ ਪਾ ਕੇ ਨਿਰਬਲ ਪੁਰਸ਼ ਬਲਵਾਨ ਹੁੰਦਾ ਹੈ। ਮੂਰਖ ਗਿਆਨੀ ਬਣ ਜਾਂਦਾ ਹੈ। ਝੂਠਾ ਸੱਚ ਦਾ ਆਸ਼ਕ ਹੋ ਜਾਂਦਾ ਹੈ ਤੇ ਬੁਰਾ ਨੇਕੀ ਦਾ ਚਸ਼ਮਾ ਬਣ ਜਾਂਦਾ ਹੈ। ਉਸ ਦੇ ਬੁੱਲ੍ਹਾਂ ਤੋਂ ਆਪ ਮੁਹਾਰਾ ਨਿੱਕਲਦਾ ਹੈ:

ਕੂੜ ਨਿਖੁਟੇ ਨਾਨਕਾ ਓੜਕਿ ਸਚ ਰਹੀ ॥੨॥ (ਰਾਮਕਲੀ ਵਾਰ-੧ ਮਃ ੧ - ੯੫੩)

ਲੋਕ ਸੇਵਾ ਕਰਨ ਵਾਸਤੇ ਆਪਣੇ ਆਪ ਹੀ ਚਾਅ ਜਾਗਦਾ ਹੈ। ਸਾਰੀ ਮਨੁੱਖ ਜਾਤੀ ਈਸ਼ਵਰੀ ਕ੍ਰਿਤ ਪ੍ਰਤੀਤ ਹੁੰਦੀ ਹੋਈ ਚੰਗੀ ਤੇ ਸੁਹਣੀ ਲੱਗਦੀ ਹੈ। ਕਾਲੇ ਤੇ ਗੋਰੇ ਦਾ ਝਗੜਾ ਮੁਕ ਜਾਂਦਾ ਹੈ। ਡੁਬਦੇ ਪੱਥਰ ਪਾਰ ਲੱਗਦੇ ਹਨ। ਪ੍ਰੇਤ ਦੇਵਤਾ ਬਣ ਜਾਂਦੇ ਹਨ।

ਪਰ ਐਸੇ ਮਹਾਨ ਦਰਬਾਰ ਦੇ ਚੌਗਿਰਦੇ ਵੀ ਕਈ ਵਾਰ ਕੰਡਿਆਂ ਦੀਆਂ ਵਾੜਾਂ ਹੋ ਜਾਂਦੀਆਂ ਹਨ ਜੋ ਭਲੇ ਪੁਰਸ਼ਾਂ ਨੂੰ ਦੁਖਦਾਈ ਹੁੰਦੀਆਂ ਹਨ।

ਅਕਾਰਨ ਵਿਰੋਧ

ਜਿਵੇਂ ਸੂਰਜ ਦੀ ਰੌਸ਼ਨੀ ਹਰ ਇੱਕ ਵਾਸਤੇ ਸੁਖਦਾਈ ਹੈ ਪਰ ਉਸ ਦੇ ਪ੍ਰਕਾਸ਼ ਵਿੱਚ ਉੱਲੂ ਅੰਨ੍ਹੇ ਹੋ ਜਾਂਦੇ ਹਨ ਤਾਂ ਇਸ ਵਿੱਚ ਸੂਰਜ ਦਾ ਕੀ ਦੋਸ਼ ਹੈ।

ਚੂ ਨ ਬੀਨੀ ਸ਼ਪਰਾਇ ਚਸ਼ਮ। ਚਸ਼ਮਾਇ ਆਫ਼ਤਾਬ ਰਾਚਿ ਗ਼ੁਨਾਹ।

ਅਰਥ ਚੂ=ਜੇਕਰ। ਸ਼ਪਰਾਇ=ਉੱਲੂ ਨੂੰ ਸੂਰਜ ਚੜ੍ਹਿਆ। ਚਸ਼ਮ=ਅੱਖਾਂ ਨਾਲ ਕੁੱਝ ਨਹੀਂ ਦਿਸਦਾ ਤਾਂ ਇਸ ਵਿੱਚ ਆਫਤਾਬ=ਸੂਰਜ ਦਾ ਕੀ ਰਾਚਿ=ਗੁਨਾਹ ਹੈ।

ਯਥਾ: ਪਤਰੰ ਨਈਵ ਯਦਾ ਕਰੀਰ ਬਿਟਪੰ ਦੋਸੋ ਬਸੰਤਸ਼ ਕਿਮ।
ਨੌਲੂ ਕੋਪਯ ਬਿਲੋਕਤੇ ਯਦੀ ਦਿਵਾ ਸੂਰਜਸਯ ਕਿਮ ਦੂਸ਼ਨੰ।
ਧਾਰਾ ਨਈਵ ਪਤੰਤਿ ਚਾਤ੍ਰਿਕ ਮੁਖੇ ਮੇਘਸਯ ਕਿਮ ਦੂਸ਼ਨੰ।
ਜੰਨੰ ਮਾਇਆ ਜਤ ਸਰਜਤ ਤਨੂੰ ਬਿਧੀਨ ਲਿਲਾਟ ਲਿਖੁਤੇ।

ਭਾਵ ਜੇਕਰ ਬਸੰਤ ਰੁਤ ਵਿੱਚ ਵੀ ਕਰੀਰ ਦੇ ਬਿਟਪੰ=ਬ੍ਰਿਛ ਨੂੰ ਪਤਰ ਨਈਵ=ਨਹੀਂ ਆਉਂਦੇ ਤਾਂ ਇਸ ਵਿੱਚ ਬਸੰਤ ਰੁੱਤ ਦਾ ਕੀ ਦੋਸ਼ ਹੈ।

ਅਤੇ ਯਦੀ=ਜੇਕਰ ਨੌਲੂ=(ਨਨੇ ਦੇ ਉੱਪਰਲੇ ਹੋੜੇ ਦਾ ਊੜਾ ਬਣਾ ਕੇ ਅਰਥ ਕਰੋ, ਨ ਉਲੂ) ਉਲੂ ਦੇ ਨੇਤ੍ਰਾਂ ਵਿੱਚ ਦੇਖਣ ਵਾਲੀ ਦਿਵਾ=ਰੋਸ਼ਨੀ ਨਹੀਂ, ਇਸ ਵਿੱਚ ਸੂਰਜ ਦਾ ਕੀ ਦੋਸ਼ ਹੈ ਜਿਸ ਨੂੰ ਦੇਖ ਕੇ ਉਹ ਕ੍ਰੋਧ ਕਰਦਾ ਹੈ।

ਜੇਕਰ ਪਪੀਹੇ ਦੇ ਮੂੰਹ (ਕੰਠ ਵਿੱਚ ਛੇਕ ਹੋਣ ਕਰਕੇ) ਬਾਰਸ਼ ਦੀ ਧਾਰਾ ਨਹੀਂ ਪੈਂਦੀ ਤਾਂ ਇਹਦੇ ਵਿੱਚ ਬੱਦਲ ਦਾ ਕੀ ਦੋਸ਼ ਹੈ। ਇਸੇ ਤਰ੍ਹਾਂ ਇਹ ਜੋ ਮਾਇਆ ਰਚਿਤ ਸਰੀਰ ਬਣਿਆ ਹੈ ਜੋ ਬਿਧਾਤਾ ਨੇ ਇਸ ਦੇ ਕਰਮਾਂ ਅਨੁਸਾਰ ਮੱਥੇ ਤੇ ਲਿਖ ਦਿੱਤਾ ਹੈ ਜੀਵ ਨੂੰ ਉਸ ਤਰ੍ਹਾਂ ਹੀ ਚਲਣਾ ਪਵੇਗਾ।

ਚੰਦ੍ਰਮਾ ਦੀ ਚਾਂਦਨੀ ਸਭਨਾਂ ਨੂੰ ਭਾਉਂਦੀ ਹੈ ਪਰ ਉਚੱਕੇ ਤੇ ਚੋਰ ਦੇਖ ਕੇ ਦੁਖੀ ਹੁੰਦੇ ਹਨ। ਇਸੇ ਤਰ੍ਹਾਂ ਮਹਾਂਪੁਰਸ਼ ਵੀ ਹਰ ਇੱਕ ਜੀਵ ਦਾ ਭਲਾ ਚਾਹੁੰਦੇ ਹਨ। ਜਿਵੇਂ ਚੰਦਮ੍ਰਾਂ 'ਚ ਸੀਤਲਪੁਣਾ ਕੁਦਰਤੀ ਹੈ, ਇਸੇ ਤਰ੍ਹਾਂ ਮਹਾਂਪੁਰਸ਼ਾਂ ਦਾ ਉਪਕਾਰ ਕਰਨਾ ਹੀ ਉਨ੍ਹਾਂ ਦੇ ਜੀਵਨ ਦਾ ਇੱਕ ਅੰਗ ਹੁੰਦਾ ਹੈ।

ਉਪਕਾਰੀ ਪਯਾਰੀ ਗਿਰਾ, ਕਰੈ ਅਕਿਰਤਮ ਪ੍ਰੀਤਿ।
ਸੰਤਨ ਇਹੀ ਸੁਭਾਵ ਹੈ, ਸਸਿ ਸੀਤਲ ਕਿਨ ਕੀਤ। (ਸਾ: ਕੁ: ਧਿਆ. ੧੧)

ਪਰ ਦੁਸ਼ਟ ਪੁਰਸ਼ ਬਿਨਾ ਹੀ ਕਿਸੇ ਪ੍ਰਯੋਜਨ ਤੋਂ ਉਨ੍ਹਾਂ ਦੇ ਨਾਲ ਈਰਖਾ ਕਰਨ ਲੱਗ ਜਾਂਦੇ ਹਨ।

ਮ੍ਰਿਗ ਝਖ ਸੰਤਨ ਵਿਹਤ ਬ੍ਰਿਤ ਤ੍ਰਿਣ ਸੰਬਰ ਸੰਤੋਖ। ਲੁਬਧ ਕੁਝੀਵਰ ਦੁਸ਼ਟ ਜਨ, ਕਰਹਿ ਅਕਾਰਣ ਦੋਖ।

ਭਾਵ ਮ੍ਰਿਗਾਂ ਦੀ ਮੱਛੀਆਂ ਦੀ ਤੇ ਸੰਤਾਂ ਦੀ ਬ੍ਰਿਤ (ਉਪਜੀਵਕਾ) ਵਿਹਤ=ਜਾਇਜ਼ ਹੈ। ਉਹ ਕਿਸੇ ਨੂੰ ਦੁੱਖ ਨਹੀਂ ਦੇਂਦੇ। ਮ੍ਰਿਗ ਘਾਹ ਤੇ ਮੱਛ ਪਾਣੀ ਦਾ ਜਾਲਾ ਖਾਂਦੀ ਹੈ ਅਤੇ ਸੰਤ ਸੰਤੋਖ ਵਿੱਚ ਹੀ ਮਸਤ ਰਹਿੰਦੇ ਹਨ।

ਅਰਥਾਤ ਉਹ ਕਿਸੇ ਪਾਸੋਂ ਕੁੱਝ ਮੰਗਦੇ ਨਹੀਂ ਪਰ ਲੁਬਧ ਮਾਸਾਹਾਰੀ ਲੋਭੀ ਪੁਰਸ਼ ਬਿਨਾਂ ਦੋਸ਼ ਤੋਂ ਮ੍ਰਿਗ ਨੂੰ ਤੇ ਕੁਝੀਵਰ (ਮਾਛੀ) ਬਿਨਾਂ ਵੈਰ ਤੋਂ ਮੱਛੀ ਨੂੰ ਮਾਰਦੇ ਹਨ। ਇਸੇ ਤਰ੍ਹਾਂ ਦੁਸ਼ਟ ਪੁਰਸ਼ ਅਕਾਰਣ ਹੀ ਸੰਤਾਂ ਨਾਲ ਵੈਰ ਕਰਨ ਲੱਗ ਪੈਂਦੇ ਹਨ ਕਿਉਂਕਿ ਮਨੁੱਖਾਂ ਦੇ ਆਪੋ ਆਪਣੇ ਸੁਭਾਓ ਹਨ।

ਯਥਾ: ਚਾਰਿ ਭਾਂਤਿ ਨਰ ਹੈ ਜਾਗਿ ਜਾਨੋ। ਮਾਖੀ, ਸਾਂਪ ਅਸੁਰ ਸੁਰ ਮਾਨੋ।
ਆਪ ਖੋਇ ਪਰ ਕਾਜ ਬਿਗਾਰੈ। ਸੇ ਮਾਖੀ ਸਮ ਲਖੋ ਅਪਾਰੈ।
ਬਿਨਾ ਲਾਭ ਨਿਜ ਪਰ ਕੀ ਹਾਨੀ। ਕਰ ਹੈ ਸੋ ਨਰ ਸਾਂਪ ਸਮਾਨੀ।
ਪਰ ਕੌ ਮਾਰ ਕਾਜ ਨਿਜ ਕਰੈ। ਸੋ ਨਰ ਰਾਕਸ਼ ਬੁਧਿ ਜਨ ਰਰੈ।
ਜਯੋਂ ਤਯੋਂ ਕਰਿ ਕਰਿ ਹੈ ਉਪਕਾਰੇ। ਆਹਿ ਦੇਵ ਨਰ ਜਗਤ ਮਝਾਰੇ। (ਪ੍ਰੰ: ਪ੍ਰ:)

ਭਾਵ ਜਗਤ ਵਿੱਚ ਚਾਰ ਪ੍ਰਕਾਰ ਦੇ ਪੁਰਸ਼ ਹਨ; ਮੱਖੀ, ਸਰਪ, ਰਾਕਸ਼ ਤੇ ਦੇਵਤਾ। ਜੋ ਆਪਣਾ ਆਪ ਗਵਾ ਕੇ ਵੀ ਪ੍ਰਾਏ ਦੇ ਕੰਮ ਨੂੰ ਵਿਗਾੜਦੇ ਹਨ, ਉਹ ਪੁਰਸ਼ ਮੱਖੀ ਦੇ ਸਮਾਨ ਹਨ। ਜਿਵੇਂ ਮੱਖੀ ਦੁੱਧ ਜਾਂ ਘਿਉ ਨੂੰ ਖ਼ਰਾਬ ਕਰਨ ਵਾਸਤੇ ਉਸ ਵਿੱਚ ਆਪਣਾ ਆਪ ਕੁਰਬਾਨ ਕਰ ਦਿੰਦੀ ਹੈ। ਜੋ ਬਿਨਾਂ ਹੀ ਆਪਣੇ ਲਾਭ ਤੋਂ ਪ੍ਰਾਏ ਦਾ ਨੁਕਸਾਨ ਕਰਦੇ ਹਨ, ਉਹ ਪੁਰਸ਼ ਸਰਪ ਦੇ ਸਮਾਨ ਹਨ ਅਤੇ ਜੋ ਦੂਸਰੇ ਨੂੰ ਮਾਰ ਕੇ ਆਪਣਾ ਕੰਮ ਸਵਾਰਦੇ ਹਨ ਉਨ੍ਹਾਂ ਨੂੰ ਬੁੱਧੀਵਾਨ ਪੁਰਸ਼ ਰਾਖਸ਼ ਕਹਿੰਦੇ ਹਨ। ਮਹਾਂਪੁਰਸ਼ ਜਿਵੇਂ ਕਿਵੇਂ ਵੀ ਹੋਵੇ ਪਰਉਪਕਾਰ ਦਾ ਕੰਮ ਕਰਦੇ ਹਨ ਉਹ ਜਗਤ ਵਿੱਚ ਦੇਵਤਾ ਰੂਪ ਹਨ।

ਵਿਰੋਧ ਕਿਉਂ?

ਪਹਿਲਾਂ ਪਹਿਲਾਂ ਆਪ ਜੀ ਦੇ ਪਾਸ ਜਦੋਂ ਅਜੇ ਤੱਕ ਹੋਰ ਕੋਈ ਸੱਜਣ ਨਹੀਂ ਸੀ ਆਇਆ, (ਦੋਵੇਂ ਵਿਅਕਤੀਆਂ) ਵੱਡੇ ਤੇ ਛੋਟੇ ਸੰਤ ਜੀ ਮਹਾਰਾਜ ਅਕਾਸ਼ੀ ਬ੍ਰਿਤੀ ਧਾਰਨ ਕਰ ਸਿਮਰਨ ਵਿੱਚ ਜੁੜੇ ਰਹਿੰਦੇ। ਜਦੋਂ ਨਜ਼ਦੀਕ ਦੇ ਨਗਰਾਂ ਵਿੱਚ ਕਿਸੇ ਖ਼ਾਸ ਪ੍ਰੇਮੀ ਦੇ ਘਰ ਚਰਨ ਪਾਉਣੇ ਤਾਂ ਉਸ ਵਲੋਂ ਭੇਟਾ ਕੀਤੀ ਹੋਈ ਮਾਇਆ ਨੂੰ ਉਸ ਜਗ੍ਹਾ ਹੀ ਛੱਡ ਆਉਣਾ, ਜਿਸ ਨੂੰ ਇੱਕ ਦੋ ਮਗਰ ਲੱਗੇ ਪਿੰਡਾਂ ਦੇ ਨਵੇ ਅਕਾਲੀ ਸੱਜਣਾਂ ਨੇ ਚੁੱਕ ਕੇ ਆਪਣੇ ਨਿੱਜੀ ਕੰਮਾਂ ਵਿੱਚ ਵਰਤਣਾ। ਸੰਤ ਜੀ ਮਹਾਰਾਜ ਤਾਂ ਸ਼ੁਰੂ ਤੋਂ ਹੀ ਇਸ ਪਾਸੇ ਵੱਲ ਧਿਆਨ ਨਹੀਂ ਸਨ ਦੇਂਦੇ। ਫੇਰ ਉਨ੍ਹਾਂ ਨੂੰ ਹੋਰ ਵੀ

ਮੂੰਹ ਪੈ ਗਿਆ। ਜਿਸ ਪਿੰਡ ਜਾਣਾ ਉਨ੍ਹਾਂ ਨੇ ਨਾਲ ਤੁਰ ਪੈਣਾ। ਪਹਿਲਾਂ ਸੰਤਾਂ ਨਾਲ ਉੱਥੇ ਚੰਗਾ ਛਕਣਾ ਛਕਾਉਣਾ। ਫੇਰ ਭੋਗ ਉਪਰੰਤ ਪ੍ਰੇਮੀਆਂ ਵਲੋਂ ਭੇਟਾ ਕੀਤੀ ਹੋਈ ਮਾਇਆ ਜੇਬ ਵਿੱਚ ਪਾ ਕੇ ਆਖਣਾ, "ਸੰਤ ਤਾਂ ਤਿਆਗੀ ਹਨ। ਇਨ੍ਹਾਂ ਨੇ ਮਾਇਆ ਕੀ ਕਰਣੀ ਹੈ?" ਹੌਲੀ ਹੌਲੀ ਇਨ੍ਹਾਂ ਨਾਲ ਹੋਰ ਪਿੰਡਾਂ ਦੇ ਨਵੇਂ ਬਣੇ ਅਕਾਲੀ ਵੀ ਮਿਲ ਗਏ, ਜਿਹਨਾਂ ਨੇ ਇਕੱਠਿਆਂ ਹੋ ਕੇ ਮਾਇਆ ਨੂੰ ਨਜਾਇਜ਼ ਤਰੀਕੇ ਨਾਲ ਗੁਰਮਤ ਤੋਂ ਵਿਰੁੱਧ ਨਸ਼ਿਆਂ ਵਿੱਚ ਵਰਤਣਾ ਜਿਸ ਕਰ ਕੇ ਪੂਜਾ ਦੇ ਧਾਨ ਨੇ ਇਨ੍ਹਾਂ ਦੀ ਹੋਰ ਵੀ ਮੱਤ ਮਾਰ ਦਿੱਤੀ।

ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਪੂਜਾ ਨੂੰ ਇਉਂ ਲਿਖਦੇ ਹਨ:

ਜੈਸਾ ਧਾਨ ਖਾਇ ਤੈਸੋ ਤਾ ਕੋ ਮਨ ਹੋਇ, ਪੂਜਾ ਸਮ ਮੈਲਾ ਕੋਇ ਧਾਨੁ ਨ ਉਚਾਰੀਆ।

ਭਜਨ ਭਗਤਿ ਦਾਨ ਜਤ ਸਤ ਗਿਆਨ ਬਿਨ, ਪਚਤ ਨ ਪੂਜਾ ਰਾਕਸ਼ਨੀ ਭੀਤ ਕਾਰੀਆ।

ਤਥਾ: ਕਾਮਨਾ ਅਨੇਕ ਧਰ ਸਿਰ ਸੁਤ ਵਾਰ ਕਰ, ਪੂਜਾ ਦੇਤ ਨਰ ਮਹਾਂ ਮੰਦ ਧਨ ਭਾਰੇ ਹੈਂ।

ਤਾਹਿ ਵਸ਼ਿਸ਼ਟ ਜੂ ਰਾਮ ਪ੍ਰਤਿ ਕਹਿਓ ਐਸ, ਅਘੀ ਅਤਿ ਮੰਦ ਭਾਗ ਹੋਵਤ ਪੁਜਾਰੇ ਹੈਂ।

ਏਧਰੋਂ ਸਮਾਂ ਪਾ ਕੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਇੱਕ ਦੋ ਹੋਰ ਵੀ ਪ੍ਰੇਮੀ ਆ ਜੁੜੇ, ਜਿਸ ਕਰ ਕੇ ਹਰ ਇੱਕ ਚੀਜ਼ ਦੀ ਲੋੜ ਪੈਂਦੀ। ਮੰਗ ਕਿਸੇ ਪਾਸੋਂ ਹੈ ਨਹੀਂ ਸੀ। ਜਦੋਂ ਪਿੰਡਾਂ ਦੇ ਸ਼ਰਧਾਲੂ ਪ੍ਰੇਮੀਆਂ ਨੂੰ ਪਤਾ ਲੱਗਾ ਕਿ ਸਾਡੇ ਵਲੋਂ ਭੇਟਾ ਕੀਤੀ ਮਾਇਆ ਸੰਤਾਂ ਪਾਸ ਤਾਂ ਪੁੱਜਦੀ ਨਹੀਂ, ਫੇਰ ਉਹ ਇਸ ਗੱਲ ਤੇ ਆਪ ਕੰਟਰੋਲ ਕਰਨ ਲੱਗ ਪਏ। ਭਾਵੇਂ ਸੰਤ ਜੀ ਮਹਾਰਾਜ ਦਾ ਤਾਂ ਏਸ ਪਾਸੇ ਬਿਲਕੁਲ ਖ਼ਿਆਲ ਹੀ ਨਹੀਂ ਸੀ ਪਰ ਫੇਰ ਵੀ ਉਨ੍ਹਾਂ ਨੇ ਆਪਣੀ ਭਾਵਨਾ ਅਨੁਸਾਰ ਮਾਇਆ ਚੁੱਕ ਕੇ ਲੰਗਰ ਦਾ ਸਮਾਨ ਖਰੀਦ ਕੇ ਢੱਕੀ ਸਾਹਿਬ ਭੇਜ ਦੇਣਾ। ਮਾਇਆ ਨੂੰ ਪਹਿਲੇ ਚੁੱਕਣ ਵਾਲੇ ਸੱਜਣ ਦੁਖੀ ਹੋਣ ਲੱਗੇ, ਕਿਉਂਕਿ ਉਨ੍ਹਾਂ ਦੀ ਮਤਲਬੀ ਸ਼ਰਧਾ ਸੀ।

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧ ॥
ਵੇਖਦਿਆਂ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥

(ਰਾਮਕਲੀ ਵਾਰ-੨ ਮਃ ੫ - ੯੫੯)

ਅਖ਼ੀਰ ਨੂੰ ਉਨ੍ਹਾਂ ਨੇ ਅਕਾਰਣ ਹੀ ਨਿੰਦਾ ਕਰਣੀ ਸ਼ੁਰੂ ਕਰ ਦਿੱਤੀ। ਜਿਹਨਾਂ ਵਿੱਚ ਘਲੋਟੀ, ਘਣਗਸਾਂ, ਮੁਕੰਦਪੁਰ ਤੇ ਹੋਰ ਵੀ ਕਈ ਪਿੰਡਾਂ ਦੇ ਲੋਕ ਸ਼ਾਮਲ ਸਨ। ਉਹ ਆਪਸ ਵਿੱਚ ਮਿਲ ਕੇ ਕਹਿਣ ਲੱਗੇ, "ਆਪਾਂ ਸੰਤਾਂ ਤੋਂ ਹਿਸਾਬ ਮੰਗੋ ਅਤੇ ਕਹੋ ਤੁਸੀਂ ਵੀ ਸਾਡੇ ਵਾਂਗ ਨੀਲੀ ਦਸਤਾਰ ਸਜਾ ਕੇ ਅਕਾਲੀ ਲਹਿਰ ਦਾ ਪ੍ਰਚਾਰ ਕਰੋ ਅਤੇ ਸੰਤਾਂ ਨੂੰ ਆਖੋ ਤੁਸੀਂ ਮੱਥਾ ਕਿਉਂ ਟਿਕਾਉਂਦੇ ਹੋ? ਜੋ ਤੁਹਾਡੇ ਕੋਲ ਇਤਨੀ ਮਾਇਆ ਆਉਂਦੀ ਹੈ, ਤੁਸੀਂ ਇਸ ਨੂੰ ਕਿੱਥੇ ਖ਼ਰਚ ਕਰਦੇ ਹੋ?" ਉਹਨਾਂ ਦਾ ਖ਼ਿਆਲ ਸੀ ਸਾਨੂੰ ਸੰਤਾਂ ਪਾਸੋਂ ਚੰਗਾ ਗੱਫਾ ਮਿਲ ਜਾਵੇਗਾ। ਅਤੇ ਉਹ ਇਸ ਗੱਲ ਨੂੰ ਸੁਣ ਕੇ ਸਾਨੂੰ ਪੈਸੇ ਦੇ ਦੇਵਣਗੇ।

ਇਉਂ ਉਨ੍ਹਾਂ ਮਨਮਤੀਆਂ ਨੇ ਜਦੋਂ ਸੰਤ ਜੀ ਮਹਾਰਾਜ ਦੇ ਪਾਸ ਆ ਕੇ ਆਖਿਆ ਤਾਂ ਹਜ਼ੂਰ ਨੇ ਮੁਸਕਰਾ ਕੇ ਉੱਤਰ ਦਿੱਤਾ, "ਪ੍ਰੇਮੀਓ! ਧੰਨ ਭਾਗ! ਜੀ ਆਇਆ ਨੂੰ! ਤੁਸੀਂ ਬੜੀ ਕ੍ਰਿਪਾ ਕੀਤੀ ਜੋ ਦਰਸ਼ਨ ਬਖ਼ਸ਼ੇ। ਕੋਈ ਸੇਵਾ ਦੱਸੋ। ਅਸੀਂ ਤਾਂ ਪਹਿਲਾਂ ਹੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮੱਤ ਦਾ ਤੇ ਨਿਰੋਲ ਗੁਰਬਾਣੀ ਦਾ ਧਾਰਮਿਕ ਪ੍ਰਚਾਰ ਕਰ ਰਹੇ ਹਾਂ। ਨਾ ਅੱਜ ਤੱਕ ਕਿਸੇ ਪਾਰਟੀ ਵਿੱਚ ਹਿੱਸਾ ਲਿਆ ਅਤੇ ਨਾ ਅੱਗੇ ਨੂੰ ਲੈਣਾ ਹੀ ਹੈ। ਹਾਂ! ਤਨੋ ਮਨੋ ਗੁਰੂ ਪੰਥ ਦੇ ਨਾਲ ਹਾਂ। ਸਾਧੂ ਬਿਹੰਗਮ ਅਭਿਆਗਤਾਂ ਵਾਸਤੇ ਲੰਗਰ ਚਲਦਾ ਹੈ। ਆਰਾਮ ਵਾਸਤੇ ਕਮਰੇ ਬਣੇ ਹਨ। ਦੋ ਸਮੇਂ ਕਥਾ ਕੀਰਤਨ ਦਾ ਪ੍ਰਵਾਹ ਜ਼ਾਰੀ ਹੈ। ਮੰਗ ਸਾਡੀ ਕਿਸੇ ਤੋਂ ਕੋਈ ਹੈ ਨਹੀਂ। ਸੰਗ੍ਰਹਿ ਕੁੱਝ ਕੀਤਾ ਨਹੀਂ। ਜੋ ਪਦਾਰਥ ਪ੍ਰਾਰਬਧ ਅਨੁਸਾਰ ਗੁਰੂ ਵਲੋਂ ਮਿਲੇ, ਉਸ ਨੂੰ ਵੰਡ ਕੇ ਛਕ ਲੈਂਦੇ ਹਾਂ। ਹਿਸਾਬ ਨਾ ਅਸੀਂ ਕਿਸੇ ਪਾਸੋਂ ਲੈਂਦੇ ਹਾਂ, ਨਾ ਕਿਸੇ ਨੂੰ ਦੇਣਾ ਹੀ ਹੈ। ਨਾ ਹੀ ਸਾਡੇ ਪਾਸ ਕੋਈ ਵਸਤੂ ਹੀ ਜਮ੍ਹਾਂ ਹੈ। ਗੁਰੂ ਘਰ ਵਿੱਚ ਕੇਸਰੀ, ਸੁਰਮਈ ਤੇ ਸਫ਼ੈਦ ਤਿੰਨੇ ਰੰਗ ਜਾਇਜ਼ ਹਨ। ਇਉਂ ਅਸੀਂ ਵੀ ਆਪਣੇ ਬਜ਼ੁਰਗਾਂ ਦੀ ਮਰਯਾਦਾ ਅਨੁਸਰ ਬਿਹੰਗਮੀ ਬਾਣਾ ਧਾਰਿਆ ਹੈ। ਕਿਸੇ ਦੇ ਦਬਾ ਹੇਠਾਂ ਆ ਕੇ ਇਸ ਨੂੰ ਬਦਲਿਆ ਨਹੀਂ ਜਾ ਸਕਦਾ। ਹਾਂ! ਸਤਿਕਾਰ ਹਰ ਇੱਕ ਦਾ ਕਰਦੇ ਹਾਂ। ਕਿਸੇ ਵੀ ਰੰਗ ਤੇ ਕੋਈ ਤਰਕ ਨਹੀਂ ਕਰਦੇ।"

ਭਾਵੇਂ ਇਹ ਗੱਲਾਂ ਠੀਕ ਹਨ ਪਰ ਉਨ੍ਹਾਂ ਦੇ ਮਨ ਦੀ ਇੱਛਾ ਨਾ ਪੂਰੀ ਹੋਈ ਜਾਣ ਕੇ ਉਨ੍ਹਾਂ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਸ਼ਤਿਹਾਰਬਾਜੀ ਵੀ ਕੀਤੀ ਕਿ ਇਨ੍ਹਾਂ ਪਾਸ ਡਾਕੂ ਤੇ ਚੋਰ ਆਉਂਦੇ ਹਨ। ਗੌਰਮਿੰਟ ਨੂੰ ਖ਼ਬਰਾਂ ਕੀਤੀਆਂ। ਉਨ੍ਹਾਂ ਨੇ ਗੁਪਤ ਤੌਰ ਤੇ ਆਦਮੀ ਭੇਜੇ ਪਰ ਉਥੋਂ ਕੁੱਝ ਨਾ ਮਿਲਿਆ ਤਾਂ ਵਿਰੋਧੀ ਹਾਰ ਗਏ।

ਵਿਰੋਧੀਆਂ ਵਲੋਂ ਹੋਛੇ ਹਥਿਆਰਾਂ ਦੀ ਵਰਤੋਂ

ਸਿਆਲੇ ਦੀ ਰੁੱਤ, ਕਿਸੇ ਬੇ-ਨਸੀਬ ਦੇ ਕਰਮਾਂ ਵਰਗੀ ਕਾਲੀ ਬੋਲੀ ਰਾਤ ਆਪਣਾ ਭਯੰਕਰ ਹਨੇਰਾ ਚਾਰੇ ਪਾਸੇ ਫੈਲਾ ਰਹੀ ਹੈ। ਸਭ ਲੋਕ ਬਲਕਿ ਜੰਗਲ ਦੇ ਜੀਵ ਜੰਤੂ ਵੀ ਆਰਾਮ ਵਿੱਚ ਹਨ। ਨਿੰਦ੍ਰਾ ਦੇਵੀ ਨੇ ਸਾਰੇ ਜਹਾਨ ਦੇ ਜਾਨਵਰਾਂ ਨੂੰ ਮਿੱਠੀਆਂ ਲੋਰੀਆਂ ਅਤੇ ਥਪਕੀਆਂ ਦੇ ਕੇ ਬੇ-ਸੁੱਧ ਕਰ ਛੱਡਿਆ ਹੈ। ਇਉਂ ਇਹ ਨਹਿਰ ਦੇ ਕੰਢੇ, ਸੁੰਨਸਾਨ ਜੰਗਲ, ਕਾਲੀ ਬੋਲੀ ਰਾਤ ਦੀ ਸਹਾਇਤਾ ਨਾਲ ਅਤੀ ਭਿਆਨਕ ਦ੍ਰਿਸ਼ਯ ਪੈਦਾ ਕਰ ਰਿਹਾ ਹੈ। ਬ੍ਰਿਛ ਬੂਟੇ ਹਨੇਰੇ ਦੇ ਡਰ ਨਾਲ ਚੁੱਪ ਹਨ। ਹਵਾ ਨੇ ਵੀ ਭੈ ਖਾ ਕੇ ਸ਼ਾਂਤ ਧਾਰਨ ਕਰ ਲਈ ਹੈ। ਸੰਘਣੇ ਜੰਗਲਾਂ ਵਿੱਚ ਰਹਿਣ ਵਾਲੇ ਸ਼ੇਰ ਆਦਿਕ ਮਾਸਾਹਾਰੀ ਖੂੰਖਾਰ ਜਾਨਵਰ ਵੀ ਏਸ ਸਮੇਂ ਸ਼ਿਕਾਰ ਦੀ ਇੱਛਾ ਛੱਡ ਕੇ ਆਪਣੇ ਘੁਰਨਿਆਂ ਵਿੱਚ ਸਿਰ ਦੇਈ ਬੈਠੇ ਹਨ।

ਇਸ ਅੱਤ ਦੀ ਸਰਦੀ ਵਿੱਚ ਮਾਇਆ ਦੇ ਲਾਲਚ ਵਿੱਚ ਫਸਾ ਕੇ ਵਿਰੋਧੀ ਪਾਰਟੀ ਨੇ ਇੱਕ ਨੌਜਵਾਨ ਲੜਕੀ ਸੰਤ ਜੀ ਮਹਾਰਾਜ ਦੀ ਪ੍ਰੀਖਿਆ ਲੈਣ ਵਾਸਤੇ ਭੇਜੀ। ਜੜ੍ਹ ਚੇਤਨ ਤੇ ਸੂਖਮ ਰੂਪ ਧਾਰ ਕੇ ਮਾਇਆ ਕਈ ਰੂਪਾਂ ਵਿੱਚ ਸੰਤਾਂ ਦੀ ਪ੍ਰੀਖਿਆ ਕਰਦੀ ਆਈ ਹੈ।

ਬਿਆਪਤ ਹਰਖ ਸੋਗ ਬਿਸਥਾਰ ॥ ਬਿਆਪਤ ਸੁਰਗ ਨਰਕ ਅਵਤਾਰ ॥
ਬਿਆਪਤ ਧਨ ਨਿਰਧਨ ਪੇਖਿ ਸੋਭਾ ॥ ਮੂਲੁ ਬਿਆਧੀ ਬਿਆਪਸਿ ਲੋਭਾ ॥੧॥
ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ ਰਹਾਉ ॥

(ਗਉੜੀ ਗੁਆਰੇਰੀ ਮਃ ੫ - ੧੮੨)

ਇਉਂ ਮਾਇਆ ਵਲੋਂ ਸਮੇਂ ਸਮੇਂ ਸਿਰ ਸੱਤਪੁਰਸ਼ਾਂ ਦੀ ਪਰਖ ਹੁੰਦੀ ਰਹੀ। ਪੂਰਨ ਸਾਧੂ ਹੀ ਕਸਵੱਟੀ ਤੇ ਪੂਰਾ ਉੱਤਰ ਸਕਿਆ। ਭਗਤ ਕਬੀਰ ਜੀ ਨੂੰ ਵੀ ਕਈ ਵਾਰੀ ਪਰੱਖਿਆ ਗਿਆ।

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥
ਹਮ ਰਾਖੇ ਗੁਰ ਆਪਨੇ ਉਨਿ ਕੀਨੌ ਆਦੇਸ ॥੮॥ (ਸਲੋਕ ਭਗਤ ਕਬੀਰ ਜੀ - ੧੩੬੪)

ਪਰ ਆਪਣਾ ਨੱਕ ਤੇ ਕੰਨ ਕਟਵਾ ਕੇ ਵਾਪਸ ਮੁੜੀ:

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥ (ਆਸਾ ਭਗਤ ਕਬੀਰ ਜੀ - ੪੭੬)

ਇਉਂ ਇਸ ਨੂੰ ਕਿਸੇ ਕਿਸੇ ਬਿਬੇਕੀ ਗੁਰਮੁਖ ਨੇ ਹੀ ਕਾਬੂ ਕੀਤਾ ਹੈ।

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥੨॥ (ਗੂਜਰੀ ਵਾਰ-੧ ਮਃ ੩ - ੫੧੦)

ਅਥਵਾ: ਨਕਟੀ ਕੌ ਠਨਗਨੁ ਬਾਡਾ ਡ੍ਹੈਂ ॥ ਕਿਨਹਿ ਬਿਬੇਕੀ ਕਾਟੀ ਤ੍ਹੈਂ ॥੧॥ ਰਹਾਉ ॥

(ਆਸਾ ਭਗਤ ਕਬੀਰ ਜੀ - ੪੭੬)

ਉਸ ਜਗ੍ਹਾ ਤਾਂ ਮਾਇਆ ਕਹਿੰਦੀ ਹੈ:

ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖਿ ਨੇੜਿ ਨ ਆਵਾ ॥ (ਆਸਾ ਮਃ ੫ - ੩੭੦)

ਇਉਂ ਮਾਇਆ ਆਪਣਾ ਚੇਤਨ ਰੂਪ ਧਾਰ ਕੇ ਸੰਤ ਜੀ ਮਹਾਰਾਜ ਦੇ ਸਾਹਮਣੇ ਆਈ। ਜੋ ਉਸ ਸਮੇਂ ਇਸ਼ਨਾਨ ਕਰ ਕੇ ਸਮਾਧੀ ਵਿੱਚ ਲੀਨ ਹੋਣ ਵਾਸਤੇ ਅਜੇ ਆਪਣੇ ਆਸਣ ਤੇ ਬੈਠੇ ਹੀ ਸਨ। ਸੇਵਾਦਾਰ ਕੁੱਝ ਦੁਰੇਡੇ ਟਹਿਲ ਰਿਹਾ ਸੀ। ਜਦੋਂ ਇਸ ਸਮੇਂ ਇਕੱਲੀ ਜਨਾਨੀ ਨੂੰ ਆਇਆਂ ਤੱਕਿਆ ਅਤੇ ਇਸ ਦੀ ਮੰਦ-ਵਾਸ਼ਨਾ ਅਨੁਭਵ ਕੀਤੀ ਤਾਂ ਸੇਵਾਦਾਰ ਨੂੰ ਆਵਾਜ਼ ਦਿੱਤੀ ਤੇ ਬਾਬਾ ਨਾਹਰ ਸਿੰਘ ਦੌੜ ਕੇ ਪਾਸ ਪੁੱਜਾ ਅਤੇ ਇੱਕ ਓਪਰੀ ਤੀਵੀਂ ਨੂੰ ਬੇਵਕਤ ਆਇਆਂ ਜਾਣ ਕੇ ਹੋਰ ਪ੍ਰੇਮੀਆਂ ਨੂੰ ਸੱਦਿਆ। ਸੰਗਤ ਦਾ ਇਕੱਠ ਹੋ ਗਿਆ। ਕਈ ਕੁ ਤੇਜ਼ ਸੁਭਾਉ ਵਾਲੇ ਇਸ ਨੂੰ ਮਾਰਨ ਲੱਗੇ। ਪਰ ਹਜ਼ੂਰ ਨੇ ਉਨ੍ਹਾਂ ਸੱਜਣਾਂ ਨੂੰ ਰੋਕ ਕੇ ਕਿਹਾ, "ਗੁਰਮੁਖੋ! ਇਸ ਨੂੰ ਵਿਰੋਧੀ ਪਾਰਟੀ ਨੇ ਸਾਡੇ ਉੱਪਰ ਹਥਿਆਰ ਬਣਾ ਕੇ ਵਰਤਿਆ ਹੈ। ਤੁਸੀਂ ਇਸ ਨੂੰ ਕੁੱਝ ਨਾ ਕਹੋ ਡੇਰੇ ਤੋਂ ਬਾਹਰ ਕਰ ਦੇਵੋ।" ਉਸ ਨੇ ਹਾਰੇ ਹੋਏ ਘੁਲਾਟੀਏ ਵਾਂਗ ਆਪਣਾ ਬਲ ਨਾ ਚੱਲਦਾ ਦੇਖ ਕੇ ਬੇਨਤੀ ਕੀਤੀ, "ਮਹਾਰਾਜ! ਮੈਨੂੰ ਤਾਂ ਕਈ ਕੁ ਲੋਕਾਂ ਨੇ ਤੁਹਾਡੀ ਬਦਨਾਮੀ ਕਰਨ ਵਾਸਤੇ ਸਿਖਾ ਕੇ ਭੇਜਿਆ ਸੀ।" ਇਉਂ ਉਸ ਨੇ ਸਾਰੀ ਗੱਲ ਦੱਸ ਕੇ ਅਖ਼ੀਰ ਨੂੰ ਮਾਫੀ ਮੰਗੀ।

ਮਾਇਆ ਜਖਨੀ ਦੇਵੀ ਦੀ ਤਰ੍ਹਾਂ ਹੈ

ਕਿਸੇ ਤੇਜਪ੍ਰਤਾਪੀ ਬਾਦਸ਼ਾਹ ਨੇ ਜਖਨੀ ਦੇਵੀ ਦੀ ਉਪਾਸਨਾ ਕਰ ਕੇ ਉਸ ਦੇ ਮੰਤ੍ਰ ਨੂੰ ਸਿੱਧ ਕਰ ਲਿਆ। ਜਦੋਂ ਜੀਅ ਚਾਹੇ ਬਾਦਸ਼ਾਹ ਉਸ ਪਾਸੋਂ ਅਨੇਕ ਪ੍ਰਕਾਰ ਦੇ ਕੰਮ ਲਵੇ। ਉਹ ਵੀ ਬਾਦਸ਼ਾਹ ਨੂੰ ਨਵੇਂ ਤੋਂ ਨਵੇਂ ਚਮਤਕਾਰ ਦਿਖਾਇਆ ਕਰੇ। ਇੱਕ ਦਿਨ ਉਸ ਨੇ ਹੋਰ ਹੀ ਚਮਤਕਾਰ ਦਿਖਾਇਆ ਕਿ ਆਪਣੀ ਮਾਇਆ ਨਾਲ ਅਨੇਕ ਪ੍ਰਕਾਰ ਦੇ ਓਹੋ ਜਿਹੇ ਰਾਜਿਆਂ ਦੇ ਸਰੀਰ ਬਣਾ ਦਿੱਤੇ ਜੇਹੋ ਜਿਹਾ ਪਹਿਲਾ ਰਾਜਾ ਸੀ। ਜਦੋਂ ਰਸੋਈਏ ਨੇ ਪ੍ਰਸ਼ਾਦ ਤਿਆਰ ਕੀਤਾ ਤਾਂ ਹੈਰਾਨ ਹੋ ਗਿਆ ਕਿ ਕਿਸ ਨੂੰ ਛਕਾਇਆ ਜਾਵੇ। ਇਨ੍ਹਾਂ ਵਿੱਚੋਂ ਅਸਲੀ ਰਾਜਾ ਕੇਹੜਾ ਹੈ? ਨਿਰਨਾ ਨਾ ਕਰ ਸਕਿਆ। ਅਖ਼ੀਰ ਨੂੰ ਵਜ਼ੀਰ ਪਾਸ ਜਾ ਕੇ ਬੇਨਤੀ ਕੀਤੀ। ਉਸ ਨੇ ਇਸ ਦੀ ਗੱਲ ਸੁਣ ਕੇ ਇੱਕ ਜਖਨੀ ਦੇਵੀ ਦੇ ਵਸੀਕਾਰ ਕਰਨ ਵਾਲੇ ਮੰਤਰ ਨੂੰ ਕਾਗ਼ਜ਼ ਤੇ ਲਿਖ ਕੇ ਉਸ ਖਾਣੇ ਵਾਲੇ ਕਮਰੇ ਦੇ ਬੂਹੇ ਉੱਤੇ ਬੰਨ੍ਹ ਦਿੱਤਾ ਅਤੇ ਸਾਰੇ ਰਾਜਿਆਂ ਨੂੰ ਪ੍ਰਸ਼ਾਦ ਛਕਣ ਲਈ ਅਰਜ਼ ਕੀਤੀ। ਤਾਂ ਉਸ ਬੂਹੇ ਵਿੱਚ ਦੀ ਲੰਘਣ ਸਮੇਂ ਹੋਰ ਤਾਂ ਉਸ ਮੰਤਰ ਦੀ ਸ਼ਕਤੀ ਨਾਲ ਸਾਰੇ ਹੀ ਰਾਜੇ ਭਸਮ ਹੋ ਗਏ। ਕੇਵਲ ਇਕੋ ਇੱਕ ਹੀ ਅਸਲੀ ਬਾਦਸ਼ਾਹ ਰਹਿ ਗਿਆ ਅਤੇ ਉਸ ਨੂੰ ਪ੍ਰਸ਼ਾਦ ਛਕਾਇਆ।

ਏਸੇ ਤਰ੍ਹਾਂ ਈਸ਼ਵਰ ਬਾਦਸ਼ਾਹ ਹੈ। ਮਾਇਆ ਜਖਨੀ ਦੀ ਨਿਆਈਂ ਹੈ। ਮਾਇਆ ਨੇ ਈਸ਼ਵਰ ਨੂੰ ਕਿਹਾ ਮੈਨੂੰ ਆਪਣੇ ਆਸਰੇ ਰੱਖ ਲਉ। ਮੈਂ ਤੁਹਾਨੂੰ ਬਹੁਤ ਹੀ ਚਮਤਕਾਰ ਦਿਖਾਵਾਂਗੀ। ਈਸ਼ਵਰ ਨੇ ਅੰਗੀਕਾਰ ਕੀਤਾ। ਮਾਯਾ ਨੇ ਆਪਣਾ ਬਲ ਦਿਖਾਇਆ ਅਤੇ ਆਪਣੀ ਪ੍ਰਬਲਤਾ ਨਾਲ ਤਿੰਨ ਗੁਣ, ਪੰਜ ਤੱਤ, ਚਾਰ ਖਾਣੀਆਂ ਆਦਿ ਸੰਸਾਰ ਦੀ ਰਚਨਾ ਕਰ ਕੇ ਈਸ਼ਵਰ ਨੂੰ ਨਾਨਾ ਪਣੇ ਵਿੱਚ ਭਰਮਾ ਦਿੱਤਾ। ਸ਼ੁੱਧ ਮਨ ਰਸੋਈਆ ਹੈ। ਉਹ ਗੁਰੂ ਵਜ਼ੀਰ ਪਾਸ ਗਿਆ। ਸਤਿਗੁਰਾਂ ਨੇ ਨਾਮ ਰੂਪੀ ਮਹਾਂਮੰਤਰ ਦਾ ਉਪਦੇਸ਼ ਕੀਤਾ ਤਾਂ ਨਾਮ ਤੇ ਗੁਰਬਾਣੀ ਦਾ ਆਸਰਾ ਲੈ ਕੇ; ਜੋ ਵਿਸ਼ੇ ਵਿਕਾਰਾਂ ਨੂੰ ਲੰਘ ਕੇ ਪ੍ਰਾਣ ਇੰਦ੍ਰੇ ਤੇ ਬੁੱਧੀ ਆਦਿ ਨੂੰ ਅਸੱਤ ਜਣਾ ਕੇ ਸੱਤ ਸਰੂਪ ਦਾ ਗਿਆਨ ਕਰਵਾਉਂਦਾ ਹੈ, ਉਸ ਵਿਖੇ ਦ੍ਰਿੜ ਕਰ ਦਿੱਤਾ।

ਜਦੋਂ ਇਉਂ ਨਿਸਚਾ ਹੋਇਆ ਤਾਂ ਮਾਇਆ ਜਖਨੀ ਦਾ ਅਸਰ ਦੂਰ ਹੋ ਗਿਆ। ਅੱਗੇ ਵਾਸਤੇ ਉਸ ਦਾ ਵਿਸਾਹ ਨਾ ਕੀਤਾ ਅਤੇ ਮਨੋ ਹੀ ਭੁਲਾ ਛੱਡਿਆ।

ਇਹ ਜੜ੍ਹ ਚੇਤਨ ਮਾਇਆ ਰੂਪੀ ਨਦੀ ਨੂੰ ਕੋਈ ਪੂਰਨ ਮਹਾਂਪੁਰਸ਼ ਹੀ ਪਾਰ ਕਰਦਾ ਹੈ। ਪੰਥ ਪ੍ਰਕਾਸ਼ ਵਿੱਚ ਅਸਲੀ ਸਾਧੂ ਦੇ ਲੱਛਣ ਦਰਸਾਉਂਦੇ ਹੋਏ ਇਉਂ ਕਥਨ ਕਰਦੇ ਹਨ:

ਕੋ ਇਕ ਸਾਧ ਬਚਯੋ ਇਨ ਤੇ, ਠਗਨੀ ਨਿਜ ਠੱਗ ਸੁ ਜਗ ਫਿਲਾਏ।
ਬੀਰ ਬਨੈਤ[1] ਹਠੀ ਸਬਿ ਹੈਂ, ਛਡ ਹੈਂ ਨਹਿ ਤਾਂਹਿ ਜੁ ਯਾਂਹਿ ਮਨਾਏ।
ਕਾਮ ਬਲੀ ਸਰ[2] ਪਾਂਚ ਲੀਏ ਕਰ[3], ਤੋਪ ਤੀਆ ਧਰਿ[4] ਦੇਤਿ ਉਡਾਏ।
ਜੀਤ ਲੀਏ ਤਿੰਨ ਲੋਕ ਜਿਨ੍ਹੈ, ਤਿਨਿ ਸਾਧਨ ਕੇ ਪਗ ਮਾਥ ਝੁਕਾਏ ॥੨੬॥
ਸਿੰਘ[5] ਮਹਾਂ ਬਲਿ ਮੱਤ ਗਇੰਦਹਿ[6], ਮਾਰ ਚਪੇਟਨ ਦੋਹਨ ਡਾਰੈਂ।
ਲਾਖਨ ਸੋਂ ਧਰਿ ਧੀਰ ਲਰੈਂਰਨ, ਗਾਢੇ ਗਢਾਨ[7] ਜਿਤੈਂ ਬਿਨ ਬਾਰੈ[8]।
ਲੋਹ ਮਲੈਂ ਗਿਰ ਢਾਹਿ ਦਲੈਂ, ਨ ਚਲੈਂ ਕਬਹੂੰ ਪ੍ਰਨ ਤੈ ਜੁ ਉਚਾਰੈਂ।
ਵਹਿ ਕਾਮ ਜਿੱਤੇ ਸਰ ਏਕਹਿਂ ਸੋਂ, ਪੁਨ ਤਾਂ ਰਤਿਰਾਜ[9] ਕੋ ਸਾਧ ਪਛਾਰੈਂ ॥੨੭॥
ਚੰਚਲ ਰੂਪ ਅਨੂਪ, ਨਿਧੀ ਗੁਨ, ਜੋਬਨ ਖੋੜ[10] ਸ਼ਿੰਗਾਰ ਸੁਹਾਈ।
ਹਾਸ ਬਿਲਾਸ ਕਰੈ ਮੁਦਦਾ ਅਤਿ, ਲਾਇ ਸੁਗੰਧਿ ਸੁ ਗਾਇ ਸੁਨਾਈ।
ਕਾਮ ਭਰੀ ਨਿਰਲੱਜ ਮਹਾਂ, ਅਸ ਕਾਮਨਿ ਸੰਤ ਸਮੀਪ ਜੁ ਆਈ।
ਸਮ ਮੇਰੁ[11] ਅਡੋਲ ਰਹੈਂ ਧਰਿ ਸੀਲ[12], ਲਖੈਂ ਨਿਸਚੇ ਭਗਨੀ[13] ਤਿਹ ਮਾਈ ॥੨੮॥
ਭਾਂਤਿ ਅਨੇਕ ਬਿਅੰਜਨ[14] ਕੋ ਪਿਖਿ, ਰੰਜਨ[15] ਕੇ ਹਿਤ ਨ ਮਨ ਚੈਹੈਂ।
ਚੈਲ[16] ਪਵਿੱਤ੍ਰ ਬਚਿੱਤ੍ਰ ਅਵਾਸ[17], ਅਮੋਲਕ ਹੇਰਿ ਨ ਲੋਲਪ[18] ਹ੍ਵੈ ਹੈਂ।
ਪਰ ਕੋ ਧਨ ਧਾਮ ਤਿਯਾ ਸੁਖ ਸੰਪਤ[19], ਰਾਜ ਤਿਲੋਕਹਿਂ ਲੌ ਨਹਿ ਚੈਹੈਂ।
ਲਾਭ ਜਥਾ ਸੁ ਤਥਾ ਗਹਿ ਤੋਖ[20], ਸੁ ਲੋਭ ਕੋ ਜੀਤਿ ਅਲੋਭਰਹੈਂ ਹੈਂ ॥੨੯॥
ਪਰ ਰੱਨ ਨ ਅੰਨ ਨ ਧੱਨ ਵਿਖੈ ਨਹਿ ਮੱਨ ਦਯੋ ਜਿਹ ਨੈਕ[21] ਕਹੀਂ[22]।
ਨਹਿ ਕੰਨਿ ਸੁਨੀ ਪਰ ਨਿੰਦ ਕਬੀ, ਹਸਤੇ ਅਸਤੇਯ[23] ਕਰੀ ਜੁ ਨਹੀਂ।
ਨਿਜ ਹੱਕ ਬਿਸ਼ੱਕ ਜੋ ਛੱਕ ਰਹੇ, ਸਤ ਬੱਕ[24] ਨਿਝੱਕ ਸ੍ਵੈ[25] ਬ੍ਰਹਮ ਕਹੀਂ।
ਵਹਿ ਰੁਪ ਅਨੂਪਮ ਈਸ ਸਹੀ, ਜਿਨਿ ਲੋਭ ਰੁ ਛੋਭ[26] ਕੀ ਅੰਸ ਦਹੀਂ[27] ॥੩੦॥

[1] ਬਾਂਕੇ (ਸੁੰਦਰ) ਸੂਰਮੇ।
[2] ਤੀਰ।
[3] ਹੱਥ।
[4] ਬੀੜ ਕੇ।
[5] ਸ਼ੇਰ।
[6] ਮਸਤ ਹਾਥੀ।
[7] ਤਕੜੇ ਕਿਲ੍ਹੇ।
[8] ਦੇਰੀ ਤੋਂ ਬਿਨਾਂ।
[9] ਕਾਮਦੇਵ ਨੂੰ।
[10] ਸੋਲਾਂ।
[11] ਸੁਮੇਰ ਪਰਬਤ ਵਾਂਗ।
[12] ਜਤ।
[13] ਭੈਣ।
[14] ਭੋਜਨ।
[15] ਪ੍ਰਸੰਨ ਹੋਣ।
[16] ਬਸਤ੍ਰ।
[17] ਰੰਗ-ਬਿਰੰਗੇ ਘਰ।
[18] ਲੁਭਾਇਮਾਨ।
[19] ਸਾਮਾਨ, ਸਮੱਗ੍ਰੀ।
[20] ਜਿਹੋ ਜਿਹਾ (ਪਦਾਰਥ) ਲੱਭੇ, ਉਸੇ ਵਿੱਚ ਸੰਤੋਖ ਧਾਰਦੇ ਹਨ।
[21] ਥੋੜਾ ਜਿਹਾ ਵੀ।
[22] ਕਦੇ।
[23] ਹੱਥ ਨਾਲ ਚੋਰੀ।
[24] ਸੱਚ ਬੋਲਦੇ ਹਨ।
[25] ਆਪਣੇ ਆਪ ਨੂੰ।
[26] ਕ੍ਰੋਧ।
[27] ਸਾੜ ਦਿੱਤੀ।

ਆਪ ਜੀ ਲਈ ਚੰਗੇ ਘੁਲਾਟੇ ਭਲਵਾਨ ਵਾਂਗ ਇਹ ਸਭ ਤੋਂ ਵੱਡਾ ਤੇ ਮੁਸ਼ਕਲ ਘੋਲ ਸੀ, ਜਿਸ ਅਖਾੜੇ ਵਿੱਚ ਆਪਣੇ ਆਪ ਨੂੰ ਵੱਡੇ ਵੱਡੇ ਤਿਆਗੀ ਅਖਵਾਉਣ ਵਾਲੇ ਮਹਾਤਮਾ ਵੀ ਕਾਮਯਾਬੀ ਪ੍ਰਾਪਤ ਨਹੀਂ ਕਰ ਸਕੇ। ਜਿਸ ਨੂੰ ਇਹ ਪੂਰਨ ਨਿਸਚਾ ਹੈ ਕਿ ਇਹ ਸੰਸਾਰ ਇੱਕ ਬੜਾ ਭੀਹਾਵਲਾ ਜੰਗਲ ਹੈ। ਇਸ ਦੇ ਵਿੱਚ ਦੀ ਲੰਘਣ ਵਾਲੇ ਨੇ ਖੂੰਖਾਰ ਬਘਿਆੜਾਂ ਤੋਂ ਆਪਾ ਬਚਾ ਕੇ ਆਪਣੇ ਪ੍ਰੀਤਮ ਦੇ ਦੇਸ ਨੂੰ ਮੁੜ ਜਾਣਾ ਹੈ। ਪਰ ਕਿਸੇ ਚੰਗੇ ਆਗੂ, ਰਾਹ ਦੇ ਵਾਕਫ਼ ਤੇ ਹੋਰ ਕਠਨ ਔਕੜਾਂ ਸਮਝੇ ਬਿਨਾਂ ਇਸ ਤੋਂ ਪਾਰ ਹੋਣਾ ਮੁਸ਼ਕਲ ਹੀ ਨਹੀਂ ਬਲਕਿ ਬੜਾ ਅਸੰਭਵ ਵੀ ਹੈ। ਉਹਨੂੰ ਇਹ ਵੀ ਪਤਾ ਹੈ ਕਿ ਇਹ ਸੰਸਾਰ ਬੜਾ ਵੱਡਾ ਅਖਾੜਾ ਹੈ। ਇਸ ਵਿੱਚ ਜਿਵੇਂ ਹੋਰ ਦੁਖਾਂ ਸੁਖਾਂ ਨਾਲ ਘੋਲ ਕਰਨਾ ਪੈਂਦਾ ਹੈ। ਏਸੇ ਤਰ੍ਹਾਂ ਇਸ ਮਨ ਸ਼ੱਤ੍ਰੂ ਤੇ ਵੀ ਪੂਰਨ ਕਾਬੂ ਪਾ ਕੇ ਇਸ ਦੰਗਲ ਨੂੰ ਜਿੱਤਣਾ ਹੈ। ਪਰ ਕਿਸੇ ਚੰਗੇ ਘੁਲਾਟੀਏ ਅਤੇ ਇਸੇ ਅਖਾੜੇ ਦੇ ਭੇਤੀ ਤੋਂ ਬਿਨਾਂ ਇਸ ਵਿੱਚ ਵੀ ਬੜੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਅਤੇ ਇਸ ਅਖਾੜੇ 'ਚੋਂ ਜਿੱਤ ਕੇ ਜਾਣਾ ਬੜਾ ਔਖਾ ਹੈ। ਜਿਸ ਦੇ ਉੱਪਰ ਪੂਰਨ ਗੁਰਦੇਵ ਨੇ ਕ੍ਰਿਪਾ ਕੀਤੀ ਤੇ ਪਿੱਠ ਤੇ ਹੱਥ ਰੱਖਿਆ ਹੈ, ਫੇਰ ਉਸ ਨੂੰ ਥਾਪੜਾ ਦੇ ਕੇ ਸਭ ਕੁੱਝ ਸਮਝਾ ਦਿੱਤਾ ਹੈ, ਉਹੋ ਹੀ ਇਨ੍ਹਾਂ ਦੁਖਾਂ, ਔਕੜਾ ਅਤੇ ਮੁਸੀਬਤਾਂ ਤੋਂ ਸੁਖੈਨ ਪਾਰ ਹੋ ਸਕਦਾ ਹੈ।

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥ (ਸਿਰੀਰਾਗੁ ਮਃ ੫ - ੭੪)

ਤਥਾ: ਫਾਨੂਸ ਬਣ ਕੇ ਜਿਸ ਕੀ ਹਿਫਾਜਤ ਹਵਾ ਕਰੇ।
ਵਹੁ ਸ਼ਮਾ ਕਬ ਬੁਝੇ? ਜਿਸੇ ਰੌਸ਼ਨ ਖ਼ੁਦਾ ਕਰੇ।

ਹੁਣ ਮੈਨੂੰ ਆਪਣੀ ਗ਼ਲਤੀ ਦਾ ਪਤਾ ਲੱਗ ਗਿਆ। ਤੁਸੀਂ ਪੂਰਨ ਪੁਰਖ ਹੋ ਤੁਹਾਡਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਮੈਨੂੰ ਮੁਆਫ਼ ਕਰ ਦੇਵੋ ਅੱਗੇ ਵਾਸਤੇ ਏਹੋ ਜਿਹੀ ਗ਼ਲਤੀ ਨਹੀਂ ਕਰਾਂਗੀ। ਇਉਂ ਬਾਅਦ ਵਿੱਚ ਪੂਰਨ ਸ਼ਰਧਾਵਾਨ ਹੋ ਕੇ ਉਸ ਨੇ ਆਪਣਾ ਜੀਵਨ ਸਫ਼ਲਾ ਕੀਤਾ।

ਯਥਾ: ਦੁਸ਼ਮਨ ਚਿ ਕੁਨਦ ਚੂੰ ਮੇਹਰਬਾਨ ਬਾਸ਼ਦ ਦੋਸਤ।
ਭਾਵ ਜਦੋਂ ਪ੍ਰਮੇਸ਼ਰ ਪ੍ਰਸੰਨ ਹੋਵੇ ਤਾਂ ਦੁਸ਼ਮਨ ਕੀ ਕਰ ਸਕਦਾ ਹੈ। ਅਤੇ ਇਸ ਪ੍ਰਕਾਰ ਦਾ ਨਿਸਚਾ ਸੀ।
ਮੁਦਈ ਲਾਖ ਬੁਰਾ ਚਾਹੇ ਕਿਆ ਹੋਤਾ ਹੈ। ਵੁਹੀ ਹੋਤਾ ਹੈ ਜੋ ਮਨਜ਼ੂਰੇ ਖੁਦਾ ਹੋਤਾ ਹੈ।

ਸੁਮੇਰ ਪਰਬਤ ਵਾਂਗ ਮਹਾਂਪੁਰਸ਼ਾਂ ਦੀ ਤਾਂ ਦ੍ਰਿੜ ਅਵਸਥਾ ਸੀ, ਪਰ ਇਸ ਦੇ ਮੁੱਖੋਂ ਵਿਰੋਧੀ ਧੜੇ ਵਲੋਂ ਸਾਜਸ਼ ਸੁਣ ਕੇ ਹਜ਼ੂਰੀ ਵਿੱਚ ਰਹਿਣ ਵਾਲੇ ਪ੍ਰੇਮੀ ਹੈਰਾਨ ਹੋ ਗਏ। ਉਸ ਸਮੇਂ ਇਨ੍ਹਾਂ ਨੂੰ ਧੀਰਜ ਦੇਣ ਵਾਸਤੇ ਹਜ਼ੂਰ ਨੇ ਉੱਤਰ ਦਿੱਤਾ, "ਗੁਰਸਿੱਖੋ! ਇਹ ਕਲਜੁਗ ਦੀ ਸ਼ਰਾਰਤ ਹੈ ਜੋ ਆਪਣੀ ਸੈਨਾ ਦੁਆਰਾ ਮਹਾਂਪੁਰਸ਼ਾਂ ਦੀ ਪ੍ਰੀਖਿਆ ਕਰਦਾ ਹੈ। ਇਸ ਨੇ ਪਹਿਲਾਂ ਵੀ ਬਹਤੁ ਸਾਰੇ ਮਹਾਂਪੁਰਸ਼ਾਂ ਦਾ ਇਮਤਿਹਾਨ ਲਿਆ ਬਲਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਵੀ ਦੋ ਤਿੰਨ ਵਾਰ ਪਰਖ ਕੇ ਜਦੋਂ ਅਡੋਲ ਡਿੱਠਾ, ਫੇਰ ਚਰਨੀਂ ਆ ਡਿੱਗਾ।

ਕਲਜੁਗ ਦੀ ਸੈਨਾ

ਜਦੋਂ ਸਮੁੰਦਰ ਦੇ ਕੰਢੇ ਘੋਰ ਜੰਗਲ ਵਿੱਚ ਬੈਠਿਆਂ ਦੇਖ ਕੇ ਕਲਜੁਗ ਦਾ ਮਿਲਾਪ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ, ਹਜ਼ੂਰ ਦੀ ਪਰਖ ਵਾਸਤੇ ਪਹਿਲਾਂ ਉਸ ਨੇ ਬੜੀ ਤੇਜ਼ ਹਨੇਰੀ ਚਲਾਈ। ਫੇਰ ਸੁੱਕੇ ਅੰਬਰ ਪੱਥਰਾਂ ਦੀ ਵਰਖਾ ਕੀਤੀ। ਉਪਰੰਤ ਆਪਣਾ ਭਿਆਨਕ ਰੂਪ ਧਾਰ ਕੇ ਸਾਹਮਣੇ ਆਇਆ। ਸਤਿਗੁਰ ਜੀ ਅਡੋਲ ਬੈਠੇ ਰਹੇ। ਫੇਰ ਆਪਣਾ ਅਸਲੀ ਰੂਪ ਧਾਰ ਕੇ ਭੈਭੀਤ ਹੋ ਕੇ ਕੰਬਦਾ ਹੋਇਆ ਸ਼ਰਧਾ ਨਾਲ ਚਰਨਾਂ ਤੇ ਆ ਡਿੱਗਾ ਅਤੇ ਹੱਥ ਜੋੜ ਕੇ ਅਰਜ਼

ਕੀਤੀ, "ਮਹਾਰਾਜ! ਮੈਂ ਏਸ ਜੁਗ ਦਾ ਰਾਜਾ ਹਾਂ। ਆਪ ਇਸ ਜੁਗ ਦੇ ਅਵਤਾਰ ਹੋ। ਮੇਰੇ ਤੇ ਕ੍ਰਿਪਾ ਦ੍ਰਿਸ਼ਟੀ ਕਰ ਕੇ ਆਪਣੀ ਸੇਵਾ ਬਖ਼ਸ਼ੋ।" ਤਾਂ ਉਸ ਸਮੇਂ ਇਸ ਨੂੰ ਸਤਿਗੁਰਾਂ ਨੇ ਆਖਿਆ, "ਤੂੰ ਆਪਣਾ ਬਲ ਦੱਸ। ਤੇਰੀ ਕਿਤਨੀ ਕੁ ਤਾਕਤ ਹੈ?" ਇਸ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਮੇਰੀ ਚਾਰ ਪ੍ਰਕਾਰ ਦੀ ਸੈਨਾ ਹੈ। ਜੋ ਮੇਰਾ ਝੂਠ ਰੂਪੀ ਸੂਰਮਾ ਹੈ, ਉਹ ਸਭਨਾਂ ਦੇ ਅੱਗੇ ਨਿਸ਼ਾਨ ਲੈ ਕੇ ਚਲਦਾ ਹੈ। ਮੋਹ ਰਾਜਾ ਹੈ। ਹਿੰਸਾ, ਸੈਨਾਪਤੀ ਹੈ। ਕਾਮ ਕ੍ਰੋਧ, ਲੋਭ, ਹੰਕਾਰ ਆਦਿਕ ਸੂਰਮੇ ਹਾਥੀਆਂ ਤੇ ਅਸਵਾਰ ਹਨ। ਨਿੰਦਾ, ਈਰਖਾ, ਰਾਹਮਾਰ ਤੇ ਤ੍ਰਿਸ਼ਨਾ ਆਦਿਕ ਯੋਧੇ ਰਥ ਅਸਵਾਰ ਹਨ। ਆਲਸ, ਜੂਆ, ਸ਼ਰਾਬ ਦਾ ਪੀਣਾ, ਖੋਟਾ ਆਚਾਰ ਇਹ ਘੋੜ ਅਸਵਾਰ ਸੂਰਮੇਂ ਹਨ। ਮਮਤਾ, ਵਿਸ਼ਿਆਂ ਦੀ ਇਛਿਆ ਤੇ ਚੋਰੀ ਆਦਿਕ ਪੈਦਲ ਸੂਰਮੇਂ ਹਨ। ਦੱਭ ਨਾਮ ਵਾਲਾ ਜੋ ਮੇਰਾ ਯੋਧਾ ਹੈ, ਇਸ ਨੇ ਤਾਂ ਕ੍ਰੋਧ ਧਾਰ ਕੇ ਸਾਰੀ ਸ੍ਰਿਸ਼ਟੀ ਨੂੰ ਹੀ ਜਿੱਤ ਲਿਆ ਹੈ। ਭਾਵ ਇਹ ਦਿਗਬਿਜਈ ਸੂਰਮਾ ਹੈ। ਇਹ ਜੋ ਚਾਰ ਪ੍ਰਕਾਰ ਦੀ ਸੈਨਾ ਹੈ। ਇਸ ਦੀ ਕਿੱਥੋਂ ਤੱਕ ਗਿਣਤੀ ਕਰੀਏ। ਇਹ ਇਕੱਠੇ ਹੋ ਕੇ ਜਿਸ ਪਾਸੇ ਵੀ ਚੜ੍ਹਾਈ ਕਰਦੇ ਹਨ, ਉਸੇ ਨੂੰ ਫਤਹਿ ਕਰ ਕੇ ਹੀ ਮੁੜਦੇ ਹਨ। ਕਿਸੇ ਵਿੱਚ ਵੀ ਧੀਰਜ ਨਹੀਂ ਹੈ ਜੋ ਇਨ੍ਹਾਂ ਦੀ ਤਾਕਤ ਅੱਗੇ ਡਟ ਕੇ ਖੜੋਵੇ। ਵੱਡੇ ਵੱਡੇ ਆਕੀ ਕਿਲੇ ਭਾਵ ਕਰਾਮਾਤੀ ਪੁਰਸ਼ ਵੀ ਇਨ੍ਹਾਂ ਨੇ ਮਾਰ ਕੇ ਫ਼ਨਾਹ ਕਰ ਦਿੱਤੇ ਹਨ। ਕੇਵਲ ਗੁਰੂ ਸ਼ਰਨ ਦੁਆਰਾ ਪ੍ਰਮੇਸ਼ਰ ਦੀ ਭਗਤੀ ਕਰਨ ਵਾਲਾ ਬ੍ਰਹਮਗਿਆਨੀ ਹੀ ਇਨ੍ਹਾਂ ਨੂੰ ਜਿੱਤ ਸਕਦਾ ਹੈ।

ਵਿਰੋਧੀਆਂ ਵਲੋਂ ਹੋਰ ਵਾਰ

ਇਸੇ ਤਰ੍ਹਾਂ ਕੁਛ ਦਿਨਾਂ ਬਾਅਦ ਇੱਕ ਹੋਰ ਨਜ਼ਦੀਕ ਦੇ ਨਗਰ ਦੀ ਬਦਚਲਣ ਔਰਤ ਨੂੰ ਉਨ੍ਹਾਂ ਨੇ ਸ਼ਰਾਬ ਪਿਲਾ ਕੇ ਭੇਜਿਆ। ਰਾਤ ਦੇ ਦੋ ਵੱਜੇ ਸਨ, ਜਦੋਂ ਉਸ ਨੇ ਅਸਥਾਨ ਦੀ ਹੱਦ ਅੰਦਰ ਪੈਰ ਪਾਇਆ। ਹਜ਼ੂਰ ਸਮਾਧੀ ਵਿੱਚ ਇਸਥਿਤ ਸਨ। ਦੂਰੋਂ ਹੀ ਸ਼ਰਾਬ ਦੀ ਬਦਬੂ ਆਈ। ਸੇਵਾਦਾਰ ਨੂੰ ਆਵਾਜ਼ ਦਿੱਤੀ। ਉਹ ਪਾਸ ਆ ਕੇ ਅੱਗੇ ਜਾਣ ਤੋਂ ਉਸ ਨੂੰ ਰੋਕਣ ਲੱਗਾ ਤਾਂ ਉਸ ਨੇ ਉਸ ਦੀਆਂ ਦੋਵੇਂ ਬਾਹਵਾਂ ਪਕੜ ਕੇ ਪਿੱਛੇ ਨੂੰ ਧਕੇਲ ਦਿੱਤਾ। ਜਦੋਂ ਉਸ ਨੇ ਹੋਰ ਸਰੀਰਾਂ ਨੂੰ ਆਵਾਜ਼ ਦਿੱਤੀ ਤਾਂ ਸੰਗਤ ਦਾ ਇਕੱਠ ਆ ਜੁੜਿਆ। ਅੱਗੋਂ ਸੁਆਮੀ ਸੰਤੋਖ ਸਿੰਘ ਨੇ ਇੱਕੋ ਥੱਪੜ ਮਾਰ ਕੇ ਉਸ ਦੀ ਹੋਸ਼ ਭੁਲਾ ਦਿੱਤੀ। ਸ਼ਰਾਬ ਦਾ ਨਸ਼ਾ ਉੱਤਰ ਗਿਆ। ਉਸ ਨੇ ਹੱਥ ਜੋੜ ਕੇ ਬੜੀ ਨਿੰਮ੍ਰਤਾ ਨਾਲ ਬੇਨਤੀ ਕੀਤੀ, "ਮਹਾਰਾਜ! ਮੈਂ ਅਨਜਾਣਪੁਣੇ ਵਿੱਚ ਤੁਹਾਡੀ ਪਰਖ ਕੀਤੀ ਹੈ। ਮੇਰੀ ਗ਼ਲਤੀ ਮੁਆਫ਼ ਕਰ ਦੇਵੋ। ਮੈਨੂੰ ਤਾਂ ਤੁਹਾਡੇ ਨਾਲ ਅਕਾਰਣ ਵੈਰ ਕਰਨ ਵਾਲੇ ਸੱਜਣਾਂ ਨੇ ਸਿਖਾ ਕੇ ਭੇਜਿਆ ਹੈ। ਪਰ ਮੈਂ ਵੀ ਅਜ ਦਾਹਵੇ ਨਾਲ ਆਖਦੀ ਹਾਂ ਕਿ ਇੱਕ ਤੁਸੀਂ ਹੀ ਪੂਰਨ ਮਹਾਂਪੁਰਸ਼ ਦੇਖਣ ਵਿੱਚ ਆਏ ਹੋ। ਜੇਕਰ ਤੁਹਾਡੀ ਥਾਂ ਤੇ ਕੋਈ ਹੋਰ ਪਾਖੰਡੀ ਸਾਧ ਹੁੰਦਾ, ਤਾਂ ਮੇਰਾ ਇਹ ਵਾਰ ਖ਼ਾਲੀ ਨਹੀਂ ਸੀ ਜਾਣਾ। ਅੱਗੇ ਵਾਸਤੇ ਮੈਂ ਸਦੀਵੀ ਸ਼ਰਧਾ ਰਖਾਂਗੀ। ਇਹ ਵੀ ਕਹਿਣੋਂ ਸੰਕੋਚ ਨਹੀਂ ਕਰਾਂਗੀ ਕਿ ਫਲਾਣੇ ਫਲਾਣੇ ਆਦਮੀ ਤੁਹਾਡਾ ਵਿਰੋਧ ਕਰਨ ਤੇ ਪੂਰਾ ਤੁਲੇ ਹੋਏ ਹਨ। ਆਪ ਉਨ੍ਹਾਂ ਤੋਂ ਸਾਵਧਾਨ ਰਹੋ।"

ਇਉਂ ਕਈ ਵਾਰ ਪ੍ਰੀਖਿਆ ਕਰ ਕੇ ਵਿਰੋਧੀ ਪਾਰਟੀ ਨੇ ਆਪਣੇ ਸਾਰੇ ਹੋਛੇ ਹਥਿਆਰ ਵਰਤ ਲਏ ਪਰ ਆਪ ਜੀ ਸੁਮੇਰ ਪਰਬਤ ਵਾਂਗ ਅਡੋਲ ਹੀ ਰਹੇ। ਜਿਸ ਕਰ ਕੇ ਹੌਲੀ ਹੌਲੀ ਉਨ੍ਹਾਂ ਨੂੰ ਵੀ ਹਠ ਛੱਡ ਕੇ ਝੁਕਣਾ ਹੀ ਪੈ ਗਿਆ ਅਤੇ ਹੋਰ ਪ੍ਰੇਮੀਆਂ ਵਾਂਗ ਪੂਰਨ ਸ਼ਰਧਾਲੂ ਬਣ ਗਏ।

ਉਸ ਸਮੇਂ ਸੰਤ ਜੀ ਮਹਾਰਾਜ ਨੇ ਇਸ ਮਾਇਆਂ ਰੂਪੀ ਮੱਖੀ ਤੋਂ ਬਚਣ ਵਾਸਤੇ:

ਓਅੰਕਾਰਿ ਆਕਾਰੁ ਕਰਿ ਮਖੀ ਇਕ ਉਪਾਈ ਮਾਇਆ। *(ਭਾ. ਗੁਰਦਾਸ ਜੀ: ਵਾਰ ੧੮ ਪਉੜੀ ੧੧)*

ਆਪਣੀ ਗੁਫ਼ਾ ਦੇ ਚੁਫੇਰੇ ਵਾੜ ਦੇ ਉਦਾਲੇ ਕੰਡਿਆਂ ਵਾਲੀ ਤਾਰ ਲਗਵਾ ਕੇ ਕੇਵਲ ਇੱਕੋ ਹੀ ਆਉਣ ਜਾਣ ਵਾਲਾ ਰਸਤਾ ਰੱਖ ਕੇ ਉਸ ਨੂੰ ਫਾਟਕ ਲੱਗਾ ਕੇ ਕੁੰਡਾ ਜਿੰਦਰਾ ਲੱਗਦਾ ਕਰ ਦਿੱਤਾ ਤਾਂ ਕਿ ਸੇਵਾਦਾਰਾਂ ਨੇ ਪੁੱਛੇ ਬਿਨਾ ਕੋਈ ਆਪਣੇ ਆਪ ਅੰਦਰ ਨਾ ਵੜ ਸਕੇ। ਸਮਾਂ ਪਾ ਕੇ ਉੱਚਾ ਤੇ ਪੱਕਾ ਕੋਟ ਬਣ ਗਿਆ।

ਭਾਵੇਂ ਉਸ ਸਮੇਂ ਇਲਾਕੇ ਵਾਸੀ ਸ਼ਰਧਾਲੂ ਪ੍ਰੇਮੀਆਂ ਨੇ ਆ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਪਹਿਲਾਂ ਵਾਂਗ ਹੀ ਨਿਰਲੇਪ ਤੇ ਅਸੰਗ ਰਹੋ। ਪਰ ਜੇਕਰ ਹਜ਼ੂਰ ਦਾ ਹੁਕਮ ਹੋਵੇ ਤਾਂ ਅਸੀਂ ਆਪਣੇ ਵਲੋਂ ਇਨ੍ਹਾਂ ਨੂੰ ਰੋਕਣ ਦਾ ਕੋਈ ਯਤਨ ਕਰੀਏ।" ਪਰ ਆਪ ਜੀ ਦਾ ਉੱਤਰ ਸੀ, "ਗੁਰਮੁਖੋ! ਅਸੀਂ ਕਿਸੇ ਨੂੰ ਕੁੱਝ ਨਹੀਂ ਕਹਿਣਾ। ਨਾ ਕੋਈ ਸਾਡੀ ਦ੍ਰਿਸ਼ਟੀ ਵਿੱਚ ਵੈਰੀ ਹੀ ਪ੍ਰਤੀਤ ਹੁੰਦਾ ਹੈ। ਸਭ ਪ੍ਰਮੇਸ਼ਵਰ ਦਾ ਆਪਣਾ ਪਸਾਰਾ ਹੀ ਫੈਲਾਇਆ ਹੋਇਆ ਹੈ। ਭਾਵ ਉਹੋ ਹੀ ਅਨੇਕਾਂ ਰੂਪ ਧਾਰ ਕੇ ਅਨੂਪਮ ਚੋਜ ਕਰ ਰਿਹਾ ਹੈ।"

ਯਥਾ: *ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ ॥*

ਜੋ ਤੇਰੀ ਸਦਾ ਸਰਣਾਈ ਤਿਨ ਮਨਿ ਦੁਖੁ ਨ ਹੋਈ ॥੧॥ (ਭੈਰਉ ਮਃ ੩ - ੧੧੩੩)

ਇਸ ਵਿਸ਼ਾਲ ਰਚਨਾ ਵਿੱਚ ਮੁੱਢ ਤੋਂ ਹੀ ਦ੍ਵੰਦ ਚਲਿਆ ਆ ਰਿਹਾ ਹੈ। ਪਾਪੀ ਪੁੰਨੀ, ਆਸਤਕ ਨਾਸਤਕ, ਗੁਰਮੁਖ ਮਨਮੁਖ, ਵਿਦਵਾਨ ਤੇ ਅਨਪੜ੍ਹ; ਭਾਵ ਹਰ ਇੱਕ ਚੀਜ਼ ਦਾ ਜੋੜਾ ਹੈ ਪਰ ਜਿੱਤ ਅਖ਼ੀਰ ਨੂੰ ਸਚਾਈ ਵਾਲੇ ਦੀ ਹੀ ਹੋਣੀ ਹੈ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਤਸੀਹੇ ਦਿੱਤੇ। ਪ੍ਰਮੇਸ਼ਰ ਨੇ ਤੱਤੇ ਥੰਮਾਂ 'ਚੋ ਪ੍ਰਗਟ ਹੋ ਕੇ ਭਗਤ ਦੀ ਰੱਖਿਆ ਕੀਤੀ। ਹੰਕਾਰ ਵਿੱਚ ਆਏ ਰਾਵਨ ਨੇ ਭਰੀ ਸਭਾ ਵਿੱਚ ਭਗਤ ਬਿਭੀਖਨ ਨੂੰ ਲੱਤ ਮਾਰ ਕੇ ਭਰਾ ਦਾ ਤ੍ਰਿਸਕਾਰ ਕੀਤਾ। ਭਗਵਾਨ ਰਾਮਚੰਦ੍ਰ ਜੀ ਨੇ ਰਾਵਨ ਨੂੰ ਮਾਰ ਕੇ ਬਿਭੀਖਨ ਨੂੰ ਲੰਕਾਪਤੀ ਬਣਾਇਆ। ਕਲਜੁਗ ਦੇ ਸਮੇਂ ਭਗਤ ਕਬੀਰ ਤੇ ਨਾਮਦੇਵ ਜੈਸੇ ਮਹਾਂਪੁਰਸ਼ਾਂ ਦੀ ਪਰਖ ਹੋਈ ਪਰ:

ਜਿਸ ਦੈ ਹੋਵੈ ਵਲਿ ਸੁ ਕਦੇ ਨਾ ਹਾਰਦਾ ॥ (ਗੂਜਰੀ ਵਾਰ-੨ ਮਃ ੫ - ੫੧੯)

ਦੁਨੀਆਂ ਨੂੰ ਕਿਸੇ ਪ੍ਰਕਾਰ ਜਿੱਤਿਆਂ ਨਹੀਂ ਜਾਂਦਾ।

ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾਂ ਪਤਿ।
ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ।
ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ।
ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸਥਰ ਘਤ।
ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ।
ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ।
ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ।
ਏਤੇ ਓਥੈ ਨਾਨਕਾ ਕਰਤਾ ਰਖੈ ਪਤਿ ॥੧॥ (ਇਹ ਸ਼ਬਦ ਭਾ: ਬੰਨੋ ਜੀ ਦੀ ਬੀੜ ਦਾ ਹੈ)

ਭਗਤ ਕਬੀਰ ਜੀ ਫੁਰਮਾਉਂਦੇ ਹਨ:

ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ ॥
ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ ॥੨੧੭॥ (ਸਲੋਕ ਭਗਤ ਕਬੀਰ ਜੀ - ੧੩੭੬)

ਤਥਾ: ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥੮੮॥ (ਸਲੋਕ ਸੇਖ ਫਰੀਦ ਜੀ - ੧੩੮੨)

ਜਿਵੇਂ ਉਕਾਬ ਪੰਛੀ ਨੂੰ ਸੰਬੋਧਨ ਕਰਦਿਆਂ ਕਿਸੇ ਮਹਾਂਪੁਰਸ਼ ਨੇ ਕਥਨ ਕੀਤਾ ਏ ਕਿ ਤੂੰ ਇਨ੍ਹਾਂ ਤੇਜ਼ ਹਵਾਵਾਂ ਤੋਂ ਨਾ ਘਬਰਾ। ਇਹ ਤਾਂ ਤੈਨੂੰ ਉੱਚਾ ਉਡਾਉਣ ਵਾਸਤੇ ਚੱਲਦੀਆਂ ਹਨ।

ਤੁੰਦ ਦੀਏ ਬਾਦ ਮੁਖਾਲਫ ਸੇ ਨ ਘਬਰਾ ਐ ਉਕਾਬ!
ਯਹ ਤੋ ਚਲਦੀ ਹੈ ਤੁਝ ਕੋ ਉੱਪਰ ਉਠਾਨੇ ਕੇ ਲੀਏ।

ਭਾਵ ਹੇ ਪ੍ਰਮਾਰਥ ਦੇ ਰਸਤੇ ਚਲਣ ਵਾਲੇ ਪਾਂਧੀ ਜਗਿਆਸੂ! ਤੂੰ ਦੁਨੀਆਂ ਦੇ ਲੋਕਾਂ ਦੀ ਪ੍ਰਵਾਹ ਨਾ ਕਰ। ਇਨ੍ਹਾਂ ਦੀਆਂ ਮੁਖਾਲਫ ਗੱਲਾਂ ਤੇਰੀ ਤਰੱਕੀ ਦਾ ਕਾਰਣ ਹਨ।

ਯਥਾ: ਗੁਣ ਮਾਰਗ ਸੂਧੇ ਚਲੋ, ਖਲ ਨਿੰਦਾ ਡਰ ਡਾਰ। ਬਿਧ ਖਲ ਕਛ ਐਸੇ ਰਚੇ, ਗੁਣ ਕੋ ਦੋਖ ਉਚਾਰ।

(ਭਾਵਰਸਾਮ੍ਰਿਤ)

ਇਹ ਪ੍ਰਮੇਸ਼ਰ ਦੀ ਨੇਤ ਹੀ ਐਸੀ ਹੈ ਅਤੇ ਕਲਜੁਗ ਦੀਆਂ ਨਿਸ਼ਾਨੀਆਂ ਵੀ ਏਹੋ ਹੀ ਹਨ।

ਯਥਾ: ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥

(ਰਾਮਕਲੀ ਮਃ ੧ - ੯੦੨)

ਹਜ਼ੂਰ ਦੀ ਰਸਨਾਂ ਤੋਂ ਇਸ ਪ੍ਰਕਾਰ ਏਕਤਾ ਦੇ ਬੋਧਕ ਅੰਮ੍ਰਿਤਮਈ ਬਚਨਾਂ ਨੂੰ ਸੁਣ ਕੇ ਸਭਨਾਂ ਨੇ ਨਮਸ਼ਕਾਰ ਕੀਤੀ ਅਤੇ ਸ਼ਾਤ ਚਿੱਤ ਵਾਪਸ ਚਲੇ ਗਏ। ਸਚਾਈ ਵਾਲਾ ਜੀਵਨ ਦੇਖ ਕੇ ਸਮਾਂ ਪਾ ਕੇ ਵਿਰੋਧੀ ਪਾਰਟੀ ਨੇ ਵੀ ਆ ਮਾਫੀ ਮੰਗੀ ਤੇ ਹਜ਼ੂਰ ਨੇ ਸਾਰੇ ਬਖ਼ਸ਼ ਦਿੱਤੇ।

ਕਿਸੇ ਉਰਦੂ ਦੇ ਸ਼ਾਇਰ ਨੇ ਕੈਸਾ ਸੁੰਦਰ ਲਿਖਿਆ ਹੈ:

ਗ਼ੁਨਾਹ ਚਲੇ ਆਏ ਬੇ ਖਬਰ ਸਾਬਰ

ਯਹ ਦਰ ਵੁਹ ਦਰ ਹੈ ਜਹਾਂ ਮੁਰਬਤ ਹੀ ਹੱਛੀ ਲਗਤੀ ਹੈ।

ਹਵਾਇ ਨਉ ਕੀ ਨਫ਼ਰਤ ਫਟਕ ਨਹੀਂ ਸਕਤੀ

ਯਹਾਂ ਮੇਹਰੋ ਬਫਾ ਕੀ ਕਲੀ ਮਹਿਕਤੀ ਹੈ।

ਕਿਸ ਕੋ ਹੁਸਨ ਕਿਸ ਕੋ ਵਾਹਦ ਪਸੰਦ

ਕਿਸ ਕੋ ਦੌਲਤੇ ਦੁਨੀਆ ਆਯਦ ਪਸੰਦ।

ਪਸੰਦ ਫੂਲ ਕਿਸੀ ਕੋ ਮੇਹਰੋ ਮਾਹ ਪਸੰਦ

ਮਗਰ ਮੇਰੇ ਗਫੂਰ ਨੇ ਕੀਏ ਗ਼ੁਨਾਹ ਪਸੰਦ।

ਇੱਕ ਅੰਗਰੇਜ਼ ਲਿਖਾਰੀ ਇਉਂ ਦਸਦਾ ਹੈ: ਪੇਸ਼ੈਂਸ ਇਜ਼ ਵਰਚੂ ਫੌਰ ਸੀਕਿੰਗ ਗੌਡ। (Patience is virtue for seeking God) ਰੱਬ ਦੀ ਖੋਜ ਵਾਸਤੇ ਤਕਲੀਫ਼ਾਂ ਵਿੱਚ ਧੀਰਜ ਰੱਖਣਾ ਵੀ ਇੱਕ ਖ਼ੂਬੀ ਹੈ।

ਤਥਾ: ਭਵਰ ਸੇ ਖੇਲਨੇ ਵਾਲੇ ਦੁਰਿ ਸਹਿਵਾਰ ਪਾਤੇ ਹੈਂ।

ਲਬੇ ਸਹਿਲ ਝੋ ਮੇ ਜੋਂ ਸੇ ਡਰਾ ਉਸ ਕੋ ਮਿਲਾ ਕਿਆ ਹੈ।

ਤਥਾ: ਸ਼ਿਨਾਵਰ ਵਹਿਰਿ ਤੂਫਾ ਖੇਜ ਕਾ ਬੁਜ਼ਦਿਲ ਨਹੀਂ ਹੋਤਾ।

ਜੋ ਗੁਰਕਾਬੀ ਸੇ ਡਰ ਜਾਇ ਵਹੁ ਤੂਫਾਨ ਆਸ਼ਨਾ ਕਿਆ ਹੈ।

ਕਾਂਡ ੧੦

ਪੰਡਿਤ ਕਰਤਾਰ ਸਿੰਘ ਜੀ 'ਦਾਖਾ' ਵੱਲੋਂ ਜੋਤਸ਼ ਦੇ ਆਧਾਰ ਤੇ ਭਵਿੱਖਤ ਵਾਕ

ਰਾੜੇ ਦੀ ਢੱਕੀ ਵਿੱਚ ਸੰਤ ਜੀ ਮਹਾਰਾਜ ਦੇ ਚਰਨ ਪੈਣ ਕਰ ਕੇ ਇਲਾਕੇ ਵਿੱਚ ਹੋਰ ਵੀ ਵਾਤਾਵਰਣ ਬਦਲ ਗਿਆ। ਪਿੰਡਾਂ ਵਿੱਚ ਸਵੇਰੇ ਹੀ ਇਸ਼ਨਾਨ ਵਾਸਤੇ ਖੂਹਾਂ ਤੇ ਡੋਲ ਖੜਕਣ ਲੱਗ ਪਏ ਅਤੇ ਗੁਰਦੁਆਰੇ ਸਾਹਿਬ ਢੋਲਕੀ ਚਿਮਟੇ ਵਜਾ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਨ ਲੱਗੇ। ਆਸੇ ਪਾਸੇ ਦੇ ਨਗਰਾਂ ਦੀ ਸੰਗਤ ਹਰ ਰੋਜ਼ ਸ਼ਾਮ ਨੂੰ ਕਥਾ ਕੀਰਤਨ ਦੇ ਸਮੇਂ ਡੇਰੇ ਆ ਕੇ ਹਾਜ਼ਰੀ ਭਰਦੀ। ਖ਼ਾਸ ਕਰ ਕੇ ਕਟਾਹਰੀ ਤੇ ਘਣਗਸਾਂ ਦੇ ਕਈ ਸ਼ਰਧਾਵਾਨ ਪ੍ਰੇਮੀ ਤਾਂ ਹਜ਼ੂਰੀ ਵਿੱਚ ਰਹਿ ਕੇ ਸੇਵਾ ਦਾ ਲਾਭ ਪ੍ਰਾਪਤ ਕਰਦੇ।

ਘਣਗਸਾਂ ਨਗਰ ਦਾ ਡਾਕਟਰ ਸਰੂਪ ਸਿੰਘ, ਇਸ ਦਾ ਲੜਕਾ ਮੇਜਰ ਪੂਰਨ ਸਿੰਘ ਜੋ ਪਹਿਲਾਂ ਪਟਿਆਲੇ ਸੰਤ ਜੀ ਮਹਾਰਾਜ ਦਾ ਹਮਜਮਾਤੀ ਸੀ, ਇਹ ਸਾਰਾ ਪ੍ਰਵਾਰ ਤਾਂ ਸੰਤ ਜੀ ਦਾ ਅਤਿਅੰਤ ਸ਼ਰਧਾਲੂ ਬਣ ਗਿਆ। ੧੯੩੦ ਈਸਵੀ ਬਸੰਤ ਪੰਚਮੀ ਨੂੰ ਇਨ੍ਹਾਂ ਦੀ ਲੜਕੀ ਬੇਅੰਤ ਕੌਰ ਦਾ ਵਿਆਹ ਆ ਗਿਆ ਤੇ ਦਾਖੇ ਨਗਰ ਤੋਂ ਬਰਾਤ ਆਉਣੀ ਸੀ। ਸਰਦਾਰ ਗੁਰਬਖਸ਼ ਸਿੰਘ (ਜੋ ਸਕੂਲ ਦੀ ਪੜ੍ਹਾਈ ਦੇ ਸਮੇਂ ਪਟਿਆਲੇ ਸੰਤ ਜੀ ਮਹਾਰਾਜ ਦਾ ਕਲਾਸਫੈਲੋ ਸੀ) ਉਸ ਦੇ ਨਾਲ ਬਰਾਤੀਆਂ ਤੋਂ ਇਲਾਵਾ ਸਿੱਖ ਪੰਥ ਦੇ ਮਹਾਨ ਵਿਦਵਾਨ ਪੰਡਿਤ ਕਰਤਾਰ ਸਿੰਘ ਜੀ 'ਦਾਖਾ' ਵੀ ਆਏ ਸਨ। ਪੰਡਿਤ ਕਰਤਾਰ ਸਿੰਘ ਨੇ ਭਾਵੇਂ ਅਜੇ ਤੱਕ ਸੰਤ ਜੀ ਮਹਾਰਾਜ ਦਾ ਦਰਸ਼ਨ ਤਾਂ ਨਹੀਂ ਕੀਤਾ ਸੀ ਪਰ ਅਸਥਾਨ ਦੀ ਮਰਯਾਦਾ ਤੇ ਹਜ਼ੂਰ ਦਾ ਪਾਵਨ ਜਸ ਜ਼ਰੂਰ ਸੁਣਿਆ ਹੋਇਆ ਸੀ।

ਘਣਗਸਾਂ ਨਗਰ, ਇਲਾਕੇ ਦੇ ਪ੍ਰੇਮੀ ਤੇ ਘਰ ਵਾਲਿਆਂ ਤੋਂ ਸੰਤ ਜੀ ਮਹਾਰਾਜ ਦੀ ਮਹਿਮਾ ਸੁਣ ਕੇ ਦਰਸ਼ਨ ਕਰਨ ਦੀ ਤੀਬਰ ਇੱਛਾ ਪ੍ਰਗਟ ਹੋ ਆਈ। ਸਿਆਲੇ ਦਾ ਮੌਸਮ ਸੀ। ਸੂਰਜ ਦੀ ਉਭਾਰ ਨਾਲ ਸਵੱਖਤੇ ਹੀ ਪੰਜ ਸੱਤ ਸਰੀਰ ਆਪਣੇ ਨਾਲ ਲੈ ਕੇ ਢੱਕੀ ਵੱਲ ਆ ਗਿਆ। ਇੱਧਰੋਂ ਸ੍ਰੀ ਹਜ਼ੂਰ ਰੋਜ਼ ਦੇ ਨਿਯਮ ਅਨੁਸਾਰ ਅੰਮ੍ਰਿਤ ਵੇਲੇ ਇੱਕ ਵਜੇ ਇਸ਼ਨਾਨ ਕਰਨ ਤੋਂ ਬਾਅਦ ਨਾਲ ਦੇ ਜਗਿਆਸੂ ਪ੍ਰੇਮੀਆਂ ਸਮੇਤ ਨਹਿਰ ਦੇ ਕੰਢੇ ਰਾੜੇ ਵਾਲੇ ਪਾਸੇ ਉੱਚੇ ਟਿੱਬੇ ਦੀ ਢਾਲ ਢੱਕਾਂ ਵਿੱਚ ਰੱਬੀ ਯਾਦ ਵਿਖੇ ਲੀਨ ਬੈਠੇ ਸਨ। ਪੰਡਿਤ ਜੀ ਨੇ ਪਾਸ ਆ ਕੇ ਇੱਕ ਸਿੰਘ ਤੋਂ ਪੁਛਿਆ, (ਜੋ ਕੁੱਝ ਫਾਸਲੇ ਤੇ ਟਹਿਲਦਾ ਟਹਿਲਦਾ ਨਿੱਤਨੇਮ ਦੀ ਬਾਣੀ ਦਾ ਪਾਠ ਕਰ ਰਿਹਾ ਸੀ) "ਸੰਤ ਜੀ ਮਹਾਰਾਜ ਦਾ ਦਰਸ਼ਨ ਹੋ ਸਕਦਾ ਹੈ?" ਉਸ ਨੇ ਕਿਹਾ, "ਹਜ਼ੂਰੀਏ ਸੇਵਾਦਾਰ ਤੋਂ ਪੁੱਛ ਲਵੋ।" ਉਸ ਸਮੇਂ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬਾਬਾ ਨਾਹਰ ਸਿੰਘ ਜੀ ਭੁੱਟੇ ਵਾਲੇ ਹਾਜ਼ਰ ਸਨ। ਜਦੋ ਉਨ੍ਹਾਂ ਤੋਂ ਆ ਕੇ ਪੁੱਛਿਆ ਤਾਂ ਉਨ੍ਹਾਂ ਨੇ ਉੱਤਰ ਦਿੱਤਾ, "ਤੁਹਾਨੂੰ ਦਰਸ਼ਨਾਂ ਵਾਸਤੇ ਕੁਛ ਸਮਾਂ ਉਡੀਕ ਕਰਨੀ ਪਵੇਗੀ ਕਿਉਂਕਿ ਸੰਤ ਜੀ ਮਹਾਰਾਜ ਨੂੰ ਸਮਾਧੀ ਵਿੱਚ ਬੈਠਿਆਂ ਕੋਈ ਬੁਲਾ ਨਹੀਂ ਸਕਦਾ। ਜਦੋਂ ਆਪਣੀ ਮੌਜ ਵਿੱਚ ਆ ਕੇ ਗੜਵੇ ਦਾ ਕੁੰਡਾ ਖੜਕਾ ਕੇ ਇਸ਼ਾਰਾ ਕਰਨਗੇ, ਤਦ ਅਸੀ ਪਾਸ ਜਾ ਸਕਾਂਗੇ।"

ਜਦੋਂ ਪੰਡਿਤ ਜੀ ਨੂੰ ਬੈਠਿਆਂ ਅੱਧਾ ਕੁ ਘੰਟਾ ਹੋ ਗਿਆ ਫੇਰ ਹਜ਼ੂਰ ਨੇ ਸੇਵਾਦਾਰ ਨੂੰ ਇਸ਼ਾਰਾ ਕੀਤਾ। ਉਸ ਨੇ ਪਾਸ ਆ ਕੇ ਨਮਸ਼ਕਾਰ ਕਰ ਕੇ ਪੰਡਿਤ ਜੀ ਵਲੋਂ ਅਰਜ਼ ਕੀਤੀ। ਸੰਤ ਜੀ ਨੇ ਆਗਿਆ ਦੇ ਕੇ ਪੰਡਿਤ ਜੀ ਨੂੰ ਪਾਸ ਬੁਲਾ ਲਿਆ। ਇਨ੍ਹਾਂ ਨੇ ਅੱਗੇ ਜਾ ਕੇ ਨਾਲ ਆਏ ਸੱਜਣਾਂ ਸਮੇਤ ਨਮਸ਼ਕਾਰ ਕੀਤੀ। ਉਪਰੰਤ ਪਰਸਪਰ ਭਾਵਨਾ ਨਾਲ ਮਿਲ ਕੇ ਬਚਨ ਬਿਲਾਸ ਕੀਤੇ। ਇੱਕ ਦੋ ਪ੍ਰੇਮੀਆਂ ਨੇ ਅਰਜ਼ ਕੀਤੀ, "ਮਹਾਰਾਜ! ਇਹ ਸੰਸਕ੍ਰਿਤ ਦੇ ਮਹਾਨ ਵਿਦਵਾਨ ਪੰਡਿਤ ਹਨ।" ਹਜ਼ੂਰ ਨੇ ਮੁਸਕਰਾ ਕੇ ਉੱਤਰ ਦਿਤਾ, "ਪੰਡਿਤ ਤਾ ਪ੍ਰਮੇਸ਼ਰ ਨੂੰ ਕਹਿੰਦੇ ਹਨ। *'ਪੜਿਆ ਪੰਡਿਤੁ ਆਖਿ ਥੀਆ'* ਬੜੀ ਚੰਗੀ ਗੱਲ ਹੈ ਜੇਕਰ ਵਿੱਦਿਆ ਪੜ੍ਹ ਕੇ ਉਸ ਦਾ ਲਖਸ਼ ਸਮਝ ਲਿਆ।" ਪੰਡਿਤ ਜੀ ਕਹਣਿ ਲੱਗੇ, "ਮਹਾਰਾਜ! ਅਸੀਂ ਤਾ ਕੇਵਲ ਅੱਖਰਾਂ ਦੇ ਹੀ ਗਿਆਨੀ ਹਾਂ ਜੋ ਗੁਰਬਾਣੀ ਵਿੱਚ ਪੰਡਤ ਦੇ ਲਛਣ ਕਥਨ ਕੀਤੇ ਹਨ:

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥

(ਮਲਾਰ ਮਃ ੩ - ੧੨੬੧)

ਉਸ ਤੋਂ ਅਸੀਂ ਕਾਫ਼ੀ ਦੂਰ ਹਾਂ।" ਸੰਤ ਜੀ ਮਹਾਰਾਜ ਨੇ ਕਿਹਾ, "ਵਿੱਦਿਆ ਪੜ੍ਹਨੀ ਬਹੁਤ ਚੰਗੀ ਹੈ। ਇਸ ਨੂੰ ਮਨੁੱਖ ਦਾ ਤੀਸਰਾ ਨੇਤਰ ਕਥਨ ਕੀਤਾ ਹੈ। ਪਰ ਜੇਕਰ ਸ਼ਬਦ ਦੀ ਕਮਾਈ ਕੀਤੀ ਜਾਵੇ, ਫੇਰ ਸੋਨੇ ਵਿੱਚ ਸੁਗੰਧੀ ਵਾਲੀ ਗੱਲ ਬਣ ਜਾਂਦੀ ਹੈ। ਉਂਝ ਸੰਸਕ੍ਰਿਤ ਨੂੰ ਦੇਵ ਬਾਣੀ ਮੰਨਿਆ ਹੈ ਪਰ ਕਲਜੁਗ ਦੇ ਸਮੇਂ ਉਮਰ ਛੋਟੀ ਤੇ ਦਿਮਾਗ਼ ਕਮਜ਼ੋਰ ਹੋਣ ਕਰ ਕੇ ਇਸ ਤੋਂ ਪੂਰਾ ਪੂਰਾ ਲਾਭ ਨਹੀਂ ਪ੍ਰਾਪਤ ਕੀਤਾ ਜਾ ਸਕਦਾ। ਪਹਿਲਾਂ ਬਾਰਾਂ ਸਾਲ ਵਿਆਕਰਣ ਦੇ ਪੜ੍ਹਨ ਵਿੱਚ ਬਤੀਤ ਕਰ ਕੇ ਫੇਰ ਸ਼ਬਦ ਦੀ ਸ਼ੁਧੀ ਅਸ਼ੁਧੀ ਦਾ ਹੀ ਕੇਵਲ ਪਤਾ ਲੱਗਦਾ ਹੈ। ਉਪਰੰਤ ਤੀਹ ਚਾਲੀ ਸਾਲਾਂ ਦੀ

ਤਕੜੀ ਮਿਹਨਤ ਨਾਲ ਚੰਗੇ ਦਿਮਾਗ਼ ਵਾਲਾ ਕੁਛ ਹਾਸਲ ਕਰ ਸਕਦਾ ਹੈ। ਉਹ ਕੇਵਲ ਆਪਣੇ ਵਾਸਤੇ ਹੀ। ਸਰੋਤਿਆਂ ਨੂੰ ਤਾਂ ਫੇਰ ਵੀ ਪੰਜਾਬੀ ਵਿੱਚ ਅਰਥ ਕਰ ਕੇ ਦੱਸਣਾ ਪੈਂਦਾ ਹੈ। ਗੁਰਬਾਣੀ ਸੁਖੈਨ ਤੇ ਮਹਾਨ ਪੁੰਨ ਰੂਪ ਹੈ। ਥੋੜ੍ਹੇ ਸਮੇਂ ਵਿੱਚ ਹੀ ਵੇਦਾਂ ਦਾ ਉਹ ਸਿਧਾਂਤ, ਜੋ ਜ਼ਿੰਦਗੀਆਂ ਲੱਗ ਕੇ ਵੀ ਪ੍ਰਾਪਤ ਨਹੀਂ ਹੋ ਸਕਦਾ; ਗੁਰਬਾਣੀ ਦੀ ਵਿਚਾਰ ਨਾਲ ਸ਼ਬਦ ਸੁਰਤ ਦੇ ਅਭਿਆਸ ਦੁਆਰਾ ਸੁਤੇ ਹੀ ਪ੍ਰਾਪਤ ਹੋ ਜਾਂਦਾ ਹੈ।"

ਇਸ ਤਰ੍ਹਾਂ ਹੋਰ ਵੀ ਕਾਫ਼ੀ ਬਚਨ ਬਿਲਾਸ ਹੋਏ ਤਕਰੀਬਨ ਵੀਹ ਪੰਝੀ ਮਿੰਟ ਪੰਡਿਤ ਜੀ ਸੰਤ ਮਹਾਰਾਜ ਜੀ ਦੇ ਪਾਵਨ ਦਰਸ਼ਨ ਕਰਦੇ ਤੇ ਬਚਨ ਸੁਣਦੇ ਰਹੇ। ਅਭਿਆਸੀ ਪੁਰਸ਼ ਦੇ ਬਚਨਾਂ ਦਾ ਹਰੇਕ ਦੇ ਮਨ ਤੇ ਕੁਦਰਤੀ ਅਸਰ ਪੈ ਜਾਂਦਾ ਹੈ। ਇਹ ਤਾਂ ਪੜ੍ਹੇ-ਲਿਖੇ ਸਿਆਣੇ ਵਿਦਵਾਨ ਪੰਡਿਤ ਸਨ। ਮਨ ਬੜਾ ਪ੍ਰਸੰਨ ਹੋਇਆ। ਹਜ਼ੂਰ ਦੇ ਚੇਹਰੇ ਦਾ ਤੇਜ਼ ਤੱਕ ਕੇ ਪੰਡਿਤ ਜੀ ਨੇ ਸੰਕੋਚਵੇਂ ਮਨ ਨਾਲ ਅਰਜ਼ ਕੀਤੀ, "ਮਹਾਰਾਜ! ਭਾਵੇਂ ਧਾਰਮਿਕ ਗ੍ਰੰਥਾਂ ਦੇ ਅਧਿਐਨ ਵਿੱਚ ਜ਼ਿੰਦਗੀ ਦਾ ਕਾਫ਼ੀ ਹਿੱਸਾ ਬਤੀਤ ਕਰ ਦਿੱਤਾ ਹੈ, ਪਰ ਅੱਜ ਮੈਨੂੰ ਪੂਰਨ ਸ਼ਾਂਤੀ ਤੇ ਪਰਮ ਅਨੰਦ ਦੀ ਮਸਤੀ ਚੜ੍ਹੀ ਹੈ। ਮੈਂ ਨਿਯਾਏ, ਵਿਸ਼ੇਸ਼ਕ, ਵੇਦਾਂਤ ਦਰਸ਼ਨਾਂ ਤੋਂ ਇਲਾਵਾਂ ਜੋਤਸ਼ ਗ੍ਰੰਥਾਂ ਦਾ ਵੀ ਨਾਲ ਨਾਲ ਅਧਿਐਨ ਕੀਤਾ ਹੈ। ਆਪ ਜੀ ਦੇ ਚਿਹਨ ਚੱਕਰ ਦਸ ਰਹੇ ਹਨ ਕਿ ਆਪ ਜੀ ਦੇ ਗੁਪਤ ਹੋ ਕੇ ਬੈਠਣ ਦਾ ਸਮਾਂ ਨਹੀਂ। ਆਪ ਨੇ ਤਾਂ ਹਵਾਈ ਜਹਾਜ਼ ਰਾਹੀਂ ਦੇਸ਼ਾਂ ਦੇਸ਼ਾਂਤਰਾਂ ਤੱਕ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕਰਨਾ ਹੈ।"

ਸੰਤ ਜੀ ਮਹਾਰਾਜ ਮੁਸਕਰਾ ਕੇ ਕਹਿਣ ਲੱਗੇ, "ਪੰਡਿਤ ਜੀ! ਅਸੀਂ ਤਾ ਪ੍ਰਵਿਰਤੀ ਨੂੰ ਜੀਵਨ ਮੁਕਤੀ ਦੇ ਅਨੰਦ ਵਿੱਚ ਪ੍ਰਤਿਬੰਧਕ ਜਾਣ ਕੇ ਇਹ ਇਕਾਂਤ ਅਸਥਾਨ ਲੱਭੀ ਹੈ। ਤੁਸੀਂ ਫੇਰ ਵੀ ਮਨ ਨੂੰ ਵਿਖਸ਼ੇਪਤਾ 'ਚ ਪਾਉਣਾ ਚਾਹੁੰਦੇ ਹੋ?" ਇਸ ਨੇ ਅਰਜ਼ ਕੀਤੀ, "ਮਹਾਰਾਜ! ਇਹ ਮੈਂ ਆਪਣੇ ਵਲੋਂ ਨਹੀਂ ਕਰ ਰਿਹਾ। ਜੋਤਸ਼ ਦੇ ਗ੍ਰੰਥਾਂ ਅਨੁਸਾਰ ਆਪ ਜੀ ਦੇ ਚਿਹਨ ਚੱਕਰ ਦੱਸ ਰਹੇ ਹਨ ਕਿ ਆਪ ਜੀ ਪਾਸੋਂ ਤਾਂ ਨਿਰੰਕਾਰ ਨੇ ਬਹੁਤ ਕੁਛ ਕਰਵਾਉਣਾ ਹੈ। ਸਕੂਲ, ਕਾਲਜ, ਹਸਪਤਾਲ, ਲਾਇਬਰੇਰੀਆਂ ਤੇ ਹੋਰ ਬੇਅੰਤ ਗੁਰ ਅਸਥਾਨਾਂ ਦੀ ਸੇਵਾ; ਇਹ ਕੰਮ ਆਪ ਨੇ ਜ਼ਰੂਰ ਕਰਨੇ ਹਨ। ਪਰ ਹੱਥਾਂ ਦੀਆਂ ਉੱਚੀਆਂ ਤਲੀਆਂ ਉਦਾਰਤਾ ਦਾ ਸੂਚਕ ਹਨ। ਆਪ ਦੇ ਦਰ ਤੇ ਆਇਆ ਸਵਾਲੀ ਕੋਈ ਖ਼ਾਲੀ ਨਹੀਂ ਮੁੜੇਗਾ, ਪਰ ਰਹੋਗੇ ਨਿਰਲੇਪ ਹੀ। ਹਿੰਦੁਸਤਾਨ ਦੇ ਸਾਰੇ ਵੱਡੇ ਵੱਡੇ ਸ਼ਹਿਰਾਂ ਵਿੱਚ ਆਪ ਨੇ ਗੁਰਮਤਿ ਦਾ ਪ੍ਰਚਾਰ ਕਰ ਕੇ ਟੁੱਟੀਆਂ ਸੁਰਤਾਂ ਨਿਰੰਕਾਰ ਨਾਲ ਜੋੜਨੀਆਂ ਹਨ।" ਇਹ ਬਚਨ ਸੁਣ ਕੇ ਸੰਤ ਜੀ ਮਹਾਰਾਜ ਚੁੱਪ ਕਰ ਗਏ। ਕਿਉਂਕਿ ਪਤਾ ਸੀ ਇਹ ਸਾਰੀ ਵਾਰਤਾ ਠੀਕ ਕਹਿ ਰਿਹਾ ਹੈ। ਏਹੋ ਕੁੱਝ ਅਸੀਂ ਕਰਨਾ ਹੈ। ਪਰ ਉਸ ਸਮੇਂ ਵੈਰਾਗ ਦੀ ਮੂਰਤੀ ਤਿਆਗ ਦੀ ਔਧੀ ਤਤਿਖਸ਼ਾ ਦਾ ਨਮੂਨਾ ਤੇ ਸੇਵਾ ਦੁਆਰਾ ਸਰੀਰ ਨੂੰ ਕੀਤਾ ਹੋਇਆ ਕ੍ਰਿਸ ਤੱਕ ਕੇ ਹਰ ਇੱਕ ਇਸ ਗੱਲ ਵਿੱਚ ਸੰਸਾ ਮੰਨਦਾ ਸੀ। ਕੁੱਝ ਕੁ ਸਮੇਂ ਤੋਂ ਬਾਅਦ ਪੰਡਿਤ ਜੀ ਨਮਸ਼ਕਾਰ ਕਰ ਕੇ ਏਥੋਂ ਹੀ ਫੇਰ ਵਾਪਸ ਘਣਗਸਾਂ ਨਗਰ ਨੂੰ ਆ ਗਏ। ਸੰਤ ਜੀ ਮਹਾਰਾਜ ਅਸਥਾਨ ਤੇ ਚਲੇ ਗਏ ਅਤੇ ਇਸ ਤੋਂ ਉਪਰੰਤ ਇੱਕ ਵਾਰ ਫੇਰ ਵੀ ਪੰਡਿਤ ਕਰਤਾਰ ਸਿੰਘ ਜੀ ਦਾਖਾ ਰਾੜੇ ਸਾਹਿਬ ਆਏ ਸਨ।

ਬਾਬਾ ਬੁੱਧ ਸਿੰਘ ਦੇ ਅਗੰਮੀ ਬਚਨ

ਸ੍ਰੀ ਹਜ਼ੂਰ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬਾਬਾ ਜੀ ਤੋਂ ਵਰੋਸਾਏ ਬਹੁਤ ਸਾਰੇ ਮਹਾਂਪੁਰਸ਼ ਉਪਰਾਮ ਹੋ ਕੇ ਰੇਰੂ ਸਾਹਿਬ ਤੋਂ ਤੀਰਥ ਯਾਤਰਾ ਕਰਨ ਚਲੇ ਗਏ। ਜਿਨ੍ਹਾਂ ਦੀ ਸੰਤ ਜੀ ਮਹਾਰਾਜ ਦੇ ਗੜਵਈ ਤੇ ਵੱਡੇ ਸੰਤਾਂ ਦੀ ਖੁਸ਼ੀ ਅਤੇ ਉਨ੍ਹਾਂ ਦੇ ਵਰਾਂ ਦਾ ਸਦਕਾ ਸ਼ਰਧਾ ਸੀ, ਉਹ ਰਾੜੇ ਦੀ ਢੱਕੀ ਹਜ਼ੂਰ ਦੇ ਪਾਸ ਆ ਕੇ ਰਹਿਣ ਲੱਗ ਪਏ।

ਇਸੇ ਤਰ੍ਹਾ ਅਨੰਦਪੁਰ ਕਲੌੜ ਦਾ ਬੁੱਧ ਸਿੰਘ ਨਾਮ ਕਰ ਕੇ ਇੱਕ ਬਜ਼ੁਰਗ; ਜੋ ਵੱਡੇ ਸੰਤ ਜੀ ਮਹਾਰਾਜ ਤੋਂ ਵਰੋਸਾਇਆ, ਉਨ੍ਹਾਂ ਦੀ ਹਜ਼ੂਰੀ ਵਿੱਚ ਰੇਰੂ ਸਾਹਿਬ ਬਾਹਰਲੀ ਬਗ਼ੀਚੀ ਦੀ ਸੇਵਾ ਕਰਦਾ ਸੀ। (ਜਿੱਥੇ ਸੰਤ ਜੀ ਮਹਾਰਾਜ ਗੁਫ਼ਾ ਵਿੱਚ ਰਾਤ ਦੇ ਵਕਤ ਕੁੱਝ ਕੁ ਸਮਾਂ ਅਤੇ ਦੁਪਹਿਰ ਦਾ ਪ੍ਰਸ਼ਾਦਿ ਛਕਣ ਤੋਂ ਬਾਅਦ ਦਿਨ ਨੂੰ ਆਰਾਮ ਕਰਦੇ) ਇਸ ਨੇ ਮਹਾਂਪੁਰਸ਼ਾਂ ਦੇ ਸਰੀਰ ਹੁੰਦਿਆਂ ਹੀ ਗੁਰੂ ਘਰ ਦੀ ਸੇਵਾ ਤੇ ਸਿਮਰਨ ਕਰਦਿਆਂ ਚੰਗੀ ਅਵਸਥਾ ਪ੍ਰਾਪਤ ਕਰ ਲਈ ਅਤੇ:

ਜੌ ਹਮ ਸਹਰੀ ਸੁ ਮੀਤੁ ਹਮਾਰਾ ॥ *(ਗਉੜੀ ਭਗਤ ਰਵਿਦਾਸ ਜੀ - ੩੪੫)*

ਸੇਵਾ ਭਗਤੀ ਦੇ ਪ੍ਰੀਤਵਾਨ ਸਾਧੂਆਂ ਨਾਲ ਹੀ ਬਹੁਤਾ ਹਿਤ ਕਰਦੇ। ਜਦੋਂ ਸੰਤ ਜੀ ਮਹਾਰਾਜ ਨੂੰ ਰਾੜੇ ਦੀ ਢੱਕੀ ਆਇਆਂ ਅਜੇ ਥੋੜ੍ਹਾਂ ਹੀ ਸਮਾਂ ਹੋਇਆ ਸੀ ਤਾਂ ਇਨ੍ਹਾਂ ਨੂੰ ਵੀ ਪਤਾ ਲੱਗ ਗਿਆ, ਜਿਸ ਕਰ ਕੇ ਇਹ ਵੀ ਸੰਤ ਜੀ ਦੇ ਪਾਸ ਢੱਕੀ ਵਿੱਚ ਹੀ ਆ ਟਿਕੇ। ਭਾਵੇਂ ਸਰੀਰ ਕਾਫ਼ੀ ਬਿਰਧ ਹੋਣ ਕਰ ਕੇ ਕ੍ਰਿਸ ਵੀ ਹੋ ਚੁੱਕਿਆ ਸੀ, ਪਰ ਅਰਸ਼ੀ ਹੁਕਮ

ਅਨੁਸਾਰ:

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥
ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥ *(ਵਡਹੰਸੁ ਮਃ ੧ - ੫੫੭)*

ਰਬੀ ਸਿਮਰਨ ਦਾ ਵੀ ਇੱਕ ਏਹੋ ਜਿਹਾ ਨਸ਼ਾ ਹੈ ਜਿਸ ਨੂੰ ਇੱਕ ਵਾਰੀ ਆ ਗਿਆ ਫੇਰ ਉਹ ਛੱਡਿਆ ਨਹੀਂ ਜਾ ਸਕਦਾ। ਅਸਲੀ ਨਸ਼ਾ ਵੀ ਏਹੋ ਹੀ ਹੈ।

ਯਥਾ: ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥

(ਆਸਾ ਮਃ ੫ - ੩੯੯)

ਸਵੇਰੇ ਸੰਤ ਜੀ ਮਹਾਰਾਜ ਦੇ ਨਾਲ ਹੀ ਜਦੋਂ ਹੋਰ ਸੰਗਤ ਇਸ਼ਨਾਨ ਕਰਦੀ ਸੀ, ਇਨ੍ਹਾਂ ਨੇ ਵੀ ਉੱਠ ਕੇ ਇਸ਼ਨਾਨ ਕਰ ਲੈਣਾ। ਉਪਰੰਤ ਸੂਰਜ ਚੜ੍ਹੇ ਤੱਕ ਇੱਕ ਰਸ ਧਿਆਤਾ ਧਿਆਨ ਦਾ ਅਭਾਵ ਕਰ ਕੇ ਕੇਵਲ ਧੇਅ ਰੂਪ ਹੀ ਬਣੇ ਰਹਿਣਾ। ਗ਼ਰਮੀ ਦੀ ਰੁੱਤੇ ਵੀ ਦੁਪਹਿਰ ਦੇ ਸਮੇਂ ਪ੍ਰਸ਼ਾਦਿ ਛਕ ਜਦੋਂ ਹੋਰ ਸੰਗਤ ਸੰਤ ਜੀ ਮਹਾਰਾਜ ਦੇ ਨਾਲ ਬਾਹਰ ਟਿੱਬਿਆਂ ਤੇ ਬੈਠਦੀ, ਤਾਂ ਨਾਲ ਹੀ ਜਾਣਾ। ਵੱਡੇ ਮਹਾਂਪੁਰਸ਼ਾਂ ਦੇ ਵਰ ਅਤੇ ਐਸ ਸਮੇਂ ਇਨ੍ਹਾਂ ਦੀ ਘਾਲਣਾ ਤੱਕ ਕੇ ਜੋ ਭਵਿੱਖਤ ਵਾਰਤਾ ਅਨੁਭਵ ਦੁਆਰਾ ਪ੍ਰਤੀਤ ਹੋਣੀ, ਉਸ ਨੂੰ ਕਈ ਵਾਰ ਆਪਣੇ ਅੰਦਰੋਂ ਬਾਹਰ ਕੱਢਣ ਦਾ ਯਤਨ ਕਰਨਾ। ਪਰ ਮਨ ਵਿੱਚ ਫੇਰ ਸੰਕੋਚ ਆ ਜਾਣਾ ਕਿ ਇਨ੍ਹਾਂ ਨੂੰ ਵੀ ਪਤਾ ਹੀ ਹੈ। ਇਉਂ ਕਾਫ਼ੀ ਸਮਾਂ ਲੰਘ ਗਿਆ। ਹਿਰਦੇ ਅੰਦਰ ਦੱਸਣ ਦਾ ਖ਼ਿਆਲ ਉਸੇ ਤਰ੍ਹਾਂ ਬਣਿਆ ਰਿਹਾ, ਜਿਸ ਦ੍ਰਿਸ਼ ਨੂੰ ਇਕਾਂਤ ਵਿੱਚ ਬੈਠਿਆ ਨਿਤਾਪ੍ਰਤੀ ਕਈ ਦਿਨ ਤੱਕਦਾ ਰਿਹਾ। ਅੱਜ ਉਸ ਨੂੰ ਦੱਸਣ ਵਾਸਤੇ ਦੁਪਹਿਰ ਦੇ ਸਮੇਂ ਛੋਟੇ ਸੰਤ ਜੀ ਮਹਾਰਾਜ ਦੇ ਪਾਸ ਜਾ ਕੇ ਅਰਜ਼ ਕੀਤੀ, "ਮੈਂ ਵੱਡੇ ਸੰਤਾਂ ਨੂੰ ਮਿਲਣਾ ਚਾਹੁੰਦਾ ਹਾਂ।" ਉਨ੍ਹਾਂ ਕਿਹਾ, "ਉਨ੍ਹਾਂ ਤਾਈਂ ਕੀ ਕੰਮ ਹੈ? ਜੇ ਕਿਸੇ ਚੀਜ਼ ਦੀ ਲੋੜ ਹੈ ਤਾਂ ਸਾਨੂੰ ਦਸੋ।" ਇਸ ਨੇ ਫੇਰ ਅਰਜ਼ ਕੀਤੀ, "ਮਹਾਰਾਜ! ਮੇਰੇ ਅੰਦਰ ਜੋ ਵਾਰਤਾ ਕਈ ਦਿਨਾਂ ਤੋਂ ਅਨੁਭਵ ਦੁਆਰਾ ਭਾਸ ਰਹੀ ਹੈ, ਉਸ ਨੂੰ ਉਨ੍ਹਾਂ ਦੇ ਪਾਸ ਦੱਸਣਾ ਚਾਹੁੰਦਾ ਹਾਂ।" ਫੇਰ ਛੋਟੇ ਸੰਤ ਹੱਸ ਕੇ ਕਹਿਣ ਲੱਗੇ, "ਫੇਰ ਸਾਨੂੰ ਹੀ ਦੱਸ ਦਿਓ।" ਉਸ ਨੇ ਕਿਹਾ, "ਇਉਂ ਨਹੀਂ। ਮੇਰੇ ਨਾਲ ਚੱਲੋ ਸਮਾਂ ਪਾ ਕੇ ਜਿਥੋਂ ਤੱਕ ਇਸ ਅਸਥਾਨ ਨੇ ਤਰੱਕੀ ਕਰਣੀ ਹੈ, ਮੈਂ ਨਾਲ ਫਿਰ ਕੇ ਦੱਸ ਦਿੰਦਾ ਹਾਂ ਕਿ ਏਥੇ ਕਿਹੋ ਜਿਹੀ ਸੁੰਦਰ ਰਚਨਾ ਬਣਨੀ ਹੈ।" ਸੰਤ ਜੀ ਕਹਿਣ ਲੱਗੇ, "ਬਾਬਾ ਜੀ! ਤੁਹਾਡਾ ਸਰੀਰ ਬਿਰਧ ਹੈ। ਗ਼ਰਮੀ ਦੇ ਮੌਸਮ ਵਿੱਚ ਐਸ ਵੇਲੇ ਧੁੱਪ 'ਚ ਔਖੇ ਹੋਵੋਗੇ। ਏਥੇ ਖੜ੍ਹੇ ਹੀ ਦੱਸ ਦੇਵੋ। ਤਾਂ ਉਸ ਨੇ ਸੰਤ ਜੀ ਨੂੰ ਨਾਲ ਲਿਆ ਤੇ ਰਾੜੇ ਪਿੰਡ ਵੱਲ ਇੱਕ ਉੱਚੇ ਟਿੱਬੇ ਤੇ ਖੜੋ ਕੇ ਆਖਿਆ, "ਦੇਖੋ ਏਧਰ ਦੋ ਮੀਲ ਬਿਲਾਸਪੁਰ ਦੇ ਪੁਲ ਤੱਕ, ਏਧਰੋਂ ਦੋ ਮੀਲ ਖਟੜਿਆਂ ਦੇ ਪੁਲ ਤੱਕ ਇਹ ਸਾਰਾ ਇਲਾਕਾ ਤੁਹਾਨੂੰ ਕੱਟ ਦਿੱਤਾ ਹੈ। ਚਾਰ ਮੀਲਾਂ ਦੇ ਵਿਚਕਾਰ ਸਾਰੇ ਰੌਣਕਾਂ ਹੀ ਰੌਣਕਾਂ ਹੋ ਜਾਣਗੀਆਂ। ਨਹਿਰ ਦੇ ਕੰਢੇ ਵੀ ਬਹੁਤ ਵੱਡਾ ਅਸਥਾਨ ਦ੍ਰਿਸ਼ਟੀ ਆ ਰਿਹਾ ਹੈ, ਜਿਸ ਵਿੱਚ ਸੁਨਹਿਰੀ ਕਲਸਾਂ ਵਾਲਾ ਗੁਰਦੁਆਰਾ, ਜਿਸ ਦੇ ਗੇਟ ਅੱਗੇ ਦਰਸ਼ਨੀ ਡਿਉਢੀ, ਉੱਚਾ ਘੰਟਾ ਘਰ ਤੇ ਹੋਰ ਵੀ ਬਹੁਤ ਸਾਰੀ ਰਚਨਾ ਬਣੇਗੀ।"

ਇਉਂ ਕਾਫ਼ੀ ਸਮਾਂ ਬਚਨ ਕਰਦਾ ਰਿਹਾ। ਜੋ ਜੋ ਵਾਰਤਾ ਹੋਣੀ ਸੀ, ਸਾਰੀ ਦੱਸ ਦਿਤੀ। ਸੰਤ ਜੀ ਮਹਾਰਾਜ ਕਹਿਣ ਲੱਗੇ, "ਬਾਬਾ ਜੀ! ਇਤਨਾ ਵੱਡਾ ਕੰਮ ਚੱਲੇਗਾ ਕਿਵੇਂ? ਅਸੀਂ ਤਾਂ ਨਵਿਰਤੀ ਵਿੱਚ ਹੀ ਪ੍ਰਸੰਨ ਹਾਂ, ਪ੍ਰਵਿਰਤੀ ਨਹੀਂ ਚਾਹੁੰਦੇ।" ਉਸ ਨੇ ਕਿਹਾ, "ਮਹਾਰਾਜ! ਤੁਹਾਨੂੰ ਕਾਹਦਾ ਫ਼ਿਕਰ ਹੈ? ਜੋ ਬਣਾਏਗਾ, ਉਹ ਹੀ ਚਲਾਏਗਾ। ਤੁਹਾਡੀ ਦੋਹਾਂ ਵਿਅਕਤੀਆਂ ਦੀ ਪ੍ਰਾਰਬਧ ਹੀ ਏਹੋ ਜਿਹੀ ਪ੍ਰਬਲ ਦਿਸ ਰਹੀ ਹੈ ਕਿ ਜੇਕਰ ਰੱਕੜ ਜੰਗਲ ਵਿੱਚ ਚਰਨ ਪਾ ਦੇਵੋ, ਉੱਥੇ ਵੀ ਦਿਨਾਂ 'ਚ ਮਹਿਲ ਉਸਰ ਪੈਣਗੇ। ਜਿਸ ਥਾਂ ਤੇ ਹੁਣ ਸਰਵਾਢ ਤੇ ਕਾਹੀ ਦਿਸ ਰਹੀ ਹੈ, ਏਥੇ ਤਾਂ ਪੱਕੀਆਂ ਸੜਕਾਂ ਦਾ ਚੌਕ ਤੇ ਬਾਜ਼ਾਰ ਬਣ ਜਾਵੇਗਾ। ਗਊਆਂ, ਮੱਝਾਂ, ਘੋੜੇ ਬੱਘੀਆਂ ਦੀ ਰਚਨਾ; ਗੱਡੇ, ਗੱਡੀਆਂ, ਬੱਸਾਂ ਤੇ ਟਰੱਕ ਪਏ ਦਿਸ ਰਹੇ ਹਨ। ਏਥੇ ਹੀ ਬੱਸ ਨਹੀਂ, ਕਾਰਾਂ ਵਾਸਤੇ ਗੈਰਜ, ਸਕੂਲ, ਲਾਇਬਰੇਰੀ, ਕਾਲਜ ਤੇ ਹਸਪਤਾਲ; ਇਹ ਸਭ ਗੱਲਾਂ ਤੁਹਾਡੇ ਹੱਥੋਂ ਹੋ ਕੇ ਰਹਿਣਗੀਆਂ। ਹੁਣ ਤਾਂ ਜਿੱਥੋਂ ਦੀ ਲੰਘਿਆਂ ਦਿਨ ਦੇ ਸਮੇਂ ਵੀ ਮੁਸਾਫ਼ਰ ਭੈ ਕਰਦਾ ਹੈ, ਇਹ ਸਾਰਾ ਜੰਗਲ ਆਬਾਦ ਹੋ ਜਾਵੇਗਾ। ਇਸ ਦੀ ਚੱਪਾ ਚੱਪਾ ਜਗ੍ਹਾ ਇਤਨੀ ਮਹਿੰਗੀ ਹੋ ਜਾਵੇਗੀ ਕਿ ਕਿਸੇ ਮੁੱਲ ਨੂੰ ਵੀ ਨਹੀਂ ਮਿਲਣੀ। ਇਹ ਮੈਂ ਸਹੀ ਤੇ ਠੀਕ ਬਚਨ ਆਖੇ ਹਨ। ਹੁਣ ਭਾਵੇਂ ਮੰਨਣ ਵਿੱਚ ਨਹੀਂ ਆ ਰਹੇ ਪਰ ਫੇਰ: *'ਇਕਿ ਸਾਧ ਬਚਨ ਅਟਲਾਧਾ'* ਤੇ ਨਿਸਚਾ ਕਰੋਗੇ।" ਇਉਂ ਆਖ ਕੇ ਟਿਬੇ ਤੋਂ ਹੇਠਾਂ ਉੱਤਰੇ।

ਸ਼ਾਮ ਹੋਈ। ਦੋਵੇਂ ਸੰਤਾਂ ਪਾਸ ਅਰਜ਼ ਕੀਤੀ, "ਮਹਾਰਾਜ! ਮੈਨੂੰ ਆਗਯਾ ਬਖ਼ਸ਼ੋ। ਮੈਂ ਰੇਰੂ ਸਾਹਿਬ ਜਾਣਾ ਚਾਹੁੰਦਾ ਹਾਂ। ਕਿਉਂਕਿ ਮੇਰਾ ਅੰਤ ਸਮਾਂ ਨੇੜੇ ਆ ਪੁੱਜਿਆ ਹੈ ਅਤੇ ਉੱਥੇ ਹੀ ਸਰੀਰ ਤਿਆਗਣਾ ਹੈ।" ਸੰਤ ਜੀ ਨੇ

ਉੱਤਰ ਦਿੱਤਾ, "ਮਹਾਂਪੁਰਸ਼ੋ! ਤੁਸੀਂ ਤਾਂ ਸਦਾ ਹੀ ਦੋਹੀਂ ਜਹਾਨੀ ਆਜ਼ਾਦ ਤੇ ਸੁਤੰਤਰ ਹੋ। ਸਾਡੇ ਤੇ ਖ਼ੁਸ਼ੇ ਰਖਣੇ।" ਇਉਂ ਆਗਯਾ ਪਾ ਕੇ ਦੂਸਰੇ ਦਿਨ ਰੇਰੂ ਸਾਹਿਬ ਗੁਰਦੁਆਰੇ ਆ ਗਏ। ਏਥੇ ਇੱਕ ਦਿਨ ਠਹਿਰੇ ਅਤੇ ਦੂਸਰੇ ਦਿਨ ਅੰਮ੍ਰਿਤ ਵੇਲੇ ਹੀ ਆਪ ਇਸ਼ਨਾਨ ਕੀਤਾ। ਬਸਤਰ ਬਦਲ ਕੇ ਗੁਰੂ ਦਰਬਾਰ ਵਿੱਚ ਪੁੱਜੇ। ਸਤਿਗੁਰਾਂ ਨੂੰ ਭਾਵਨਾ ਨਾਲ ਨਮਸ਼ਕਾਰ ਕਰ ਕੇ ਸਮਾਧੀ ਵਿੱਚ ਇਸਥਿਤ ਹੋ ਗਏ ਅਤੇ ਆਸਾ ਦੀ ਵਾਰ ਦਾ ਕੀਰਤਨ ਸਰਵਣ ਕਰਦਿਆਂ ਦਰਬਾਰ ਸਾਹਿਬ ਬੈਠੇ ਹੀ ਪੰਜ ਭੌਤਕ ਸਰੀਰ ਤਿਆਗ ਗਏ।

ਢੱਕੀ ਦੀ ਤਪੱਸਿਆ

ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

(ਗਉੜੀ ਸੁਖਮਨੀ ਮਃ ੫ - ੨੬੫)

ਇਹ ਭਜਨ ਸਿਮਰਨ ਦੀ ਕ੍ਰਿਪਾ ਹੈ ਕਿ ਥੋੜ੍ਹੇ ਸਮੇਂ ਵਿੱਚ ਹੀ ਇਸ ਪਾਵਨ ਧਰਤੀ ਦੀ ਖ਼ੁਸ਼ਬੂ ਚੰਦਨ ਦੇ ਬੂਟੇ ਵਾਂਗ ਦੂਰ ਦੂਰ ਤੱਕ ਫੈਲ ਗਈ। ਕਿਉਂਕਿ ਦਿਖਾਵਾ ਨਹੀਂ, ਕੇਵਲ ਸਚਾਈ ਸੀ। ਬੁੱਢਾ ਜਵਾਨ ਚਾਹੇ ਕੋਈ ਵੀ ਏਥੇ ਰਿਹਾਇਸ਼ ਰੱਖਣ ਵਾਲਾ ਸੱਜਣ ਹੈ, ਹਰ ਇੱਕ ਨੂੰ ਰਾਤ ਦੇ ਦੋ ਵਜੇ ਲਾਜ਼ਮੀ ਉਠਾਇਆ ਜਾਂਦਾ ਅਤੇ ਇਸ਼ਨਾਨ ਕਰ ਕੇ ਹੁਨਾਲ ਸਿਆਲ ਬਾਹਰ ਨਹਿਰ ਦੇ ਕੰਢੇ ਬੈਠ ਕੇ ਸ਼ਬਦ ਸੁਰਤ ਦੇ ਮੇਲ ਦੁਆਰਾ ਇੱਕ ਰਸ ਚੌਂਕੜਾ ਮਾਰ ਕੇ ਸੂਰਜ ਚੜ੍ਹੇ ਤੱਕ ਸਿਮਰਨ ਕਰਨਾ। ਫੇਰ ਰਾਤ ਦੇ ੧੧ ਵਜੇ ਤੋਂ ਪਹਿਲਾਂ ਆਰਾਮ ਨਹੀਂ ਸੀ ਕਰਨ ਦਿੱਤਾ ਜਾਂਦਾ। ਗ਼ਰਮੀ ਹੋਵੇ ਚਾਹੇ ਸਰਦੀ, ਸਭਨਾਂ ਨੇ ਠੰਢੇ ਜਲ ਨਾਲ ਇਸ਼ਨਾਨ ਕਰਨਾ (ਪਰ ਇਹ ਕਾਨੂੰਨ ਬੀਮਾਰ ਸਰੀਰ ਤੇ ਲਾਗੂ ਨਹੀਂ ਸੀ) ਅਸਥਾਨ ਦੇ ਰਿਹਾਇਸ਼ੀ ਸੇਵਾਦਾਰਾਂ 'ਚੋਂ ਸ਼ਾਮ ਤੋਂ ਹੀ ਦੋ ਪ੍ਰੇਮੀ ਵਾਰੀ ਨਾਲ ਰਾਤ ਨੂੰ ਪਹਿਰਾ ਦੇਂਦੇ। ਉਹ ਵੀ ਆਪਸ ਵਿੱਚ ਕੋਈ ਗੱਲ ਬਾਤ ਨਹੀਂ ਸੀ ਕਰਦੇ। ਕੇਵਲ ਫਿਰ ਤੁਰ ਕੇ ਸਿਮਰਨ ਕਰਦਿਆਂ ਹੀ ਸਮਾਂ ਬਤੀਤ ਕਰਦੇ। ਦੋ ਵਜੇ ਘੰਟੀ ਵਜਾ ਕੇ ਸਭਨਾਂ ਨੂੰ ਜਗਾਉਂਦੇ। ਸੰਗਤ ਇਸ਼ਨਾਨ ਕਰਨ ਲੱਗ ਜਾਦੀ ਅਤੇ ਇਹ ਦੋ ਘੰਟੇ ਆਰਾਮ ਕਰ ਲੈਂਦੇ। ਇਨ੍ਹਾਂ ਦੀ ਜ਼ੁੰਮੇਵਾਰੀ ਇੱਕ ਵਾਰੀ ਜਗਾਉਣ ਦੀ ਹੀ ਹੁੰਦੀ। ਜੇਕਰ ਸੁੱਤਾ ਸੱਜਣ ਇਨ੍ਹਾਂ ਦੀ ਆਵਾਜ਼ ਦੇਣ ਤੇ ਇੱਕ ਵਾਰ ਬੋਲ ਕੇ ਫੇਰ ਸੌਂ ਜਾਵੇ ਤਾਂ ਉਸ ਦੇ ਉੱਪਰ ਬਿਸਤਰੇ ਤੇ ਲੇਟਿਆਂ ਹੀ ਠੰਢਾ ਪਾਣੀ ਪਾਇਆ ਜਾਂਦਾ। ਬਾਹਰੋਂ ਆਏ ਸਾਧੂ ਬਿਹੰਗਮਾਂ ਜਾਂ ਯਾਤਰੂਆਂ ਨੂੰ ਕੇਵਲ ਦੋ ਦਿਨ ਤਾਂ ਛੁੱਟੀ ਹੁੰਦੀ। ਫੇਰ ਉਨ੍ਹਾਂ ਨੂੰ ਵੀ ਦਸਿਆ ਜਾਂਦਾ ਕਿ ਚਾਹੇ ਤੁਸੀਂ ਕਿਤਨਾ ਸਮਾਂ ਏਥੇ ਠਹਿਰੋ, ਕੋਈ ਰੋਕ ਨਹੀਂ। ਪਰ ਏਥੋਂ ਦੇ ਅਸੂਲਾਂ ਦਾ ਪਾਬੰਦ ਰਹਿਣਾ ਪਵੇਗਾ। ਦੋਨੋਂ ਸਮੇਂ ਕਥਾ ਕੀਰਤਨ ਵਿੱਚ ਹਾਜ਼ਰੀ, ਅੰਮ੍ਰਿਤ ਵੇਲੇ ਦਾ ਜਾਗਣਾ ਤੇ ਲੰਗਰ ਦੀ ਘੰਟੀ ਸਮੇਂ ਪੰਗਤ ਵਿੱਚ ਆਉਣਾ; ਇਤਿਆਦਿਕ ਹੋਰ ਵੀ ਨਿਯਮ ਦੱਸੇ ਜਾਂਦੇ। ਜੇਕਰ ਉਹ ਵੀ ਇਨ੍ਹਾਂ ਦੀ ਪਾਲਣਾ ਨਾ ਕਰਦੇ ਤਾਂ ਉਹੋ ਹੀ ਅਸੂਲ ਇਨ੍ਹਾਂ ਦੇ ਉੱਪਰ ਵੀ ਪਾਣੀ ਪਾਉਣ ਵਾਲੇ ਵਰਤੇ ਜਾਦੇਂ। ਇਉਂ ਸਹੀ ਢੰਗ ਨਾਲ ਭਜਨ ਸਿਮਰਨ ਤੇ ਕਥਾ ਕੀਰਤਨ ਅਤੇ ਲੰਗਰ ਦੀ ਮਰਯਾਦਾ ਇੱਕ ਰਸ ਤੁਰੀ ਗਈ, ਜਿਸ ਕਰ ਕੇ ਅਸਥਾਨ ਦੀ ਸ਼ੋਭਾ ਦੂਰ ਦੂਰ ਤੱਕ ਫੈਲ ਗਈ। ਕਈ ਸੱਜਣ ਤਾਂ ਕੇਵਲ ਏਥੋਂ ਦੀ ਮਰਯਾਦਾ ਦੇਖਣ ਹੀ ਆਉਂਦੇ। ਕਈ ਆਪਣੇ ਆਪ ਨੂੰ ਅਭਿਆਸੀ ਤੇ ਅਤੀਤ ਅਖਵਾਉਣ ਵਾਲੇ ਤਿਆਗੀ ਵਿਰਕਤ ਕੁਛ ਦਿਨ ਠਹਿਰ ਵੀ ਜਾਂਦੇ ਕਿਉਂਕਿ ਹਰ ਇੱਕ ਨੂੰ ਏਥੇ ਜਲ ਪਾਣੀ ਤੇ ਲੰਗਰ ਦੀ ਸਹੂਲਤ ਵੀ ਮਿਲਦੀ ਸੀ। ਨਾ ਭਿਛਿਆ ਨੂੰ ਜਾਣਾ ਪੈਂਦਾ, ਨਾ ਆਪ ਅੱਗ ਬਾਲਣੀ ਪੈਂਦੀ।

ਜੈਸੇ ਘਨ ਬਰਸੇ ਤੇ ਸਰਸੇ ਸ੍ਰਿਸਟ ਸਾਰੀ ਰਾਣਾ ਰੰਕ ਸਭਹੂੰ ਕੀ ਧਰਤੀ ਸੁਹਾਤ ਹੈ।

ਤੈਸੇ ਦੇਗ ਖਾਲਸਾ ਕੀ ਜਬੀ ਚਲੀ ਜਗ ਮਾਹਿ ਭੂਖੇ ਦੀਨ ਦੁਖੀ ਸਭਹੂ ਕੋ ਵਰੋਸਾਤ ਹੈ।

ਬੰਦਗ਼ੀ ਵਾਸਤੇ ਨਹਿਰ ਦਾ ਕੰਢਾ ਤੇ ਢੱਕੀ ਵਿੱਚ ਇਕਾਂਤ ਅਸਥਾਨ, ਏਹੋ ਜਿਹੀ ਸੁੰਦਰ ਰਚਨਾ ਤੇ ਸਭ ਸਹੂਲਤਾਂ ਹਰ ਇੱਕ ਥਾਂ ਨਹੀਂ ਮਿਲਦੀਆਂ। ਪਰ ਜੋ ਸਾਧ ਸੰਗਤ ਤੋਂ ਬਿਨਾਂ ਇਕੱਲਿਆਂ ਰਹਿ ਕੇ ਕਠਨ ਸਾਧਨ ਕਰਨੇ ਹਨ ਇਨ੍ਹਾਂ ਦਾ ਮਨੁੱਖ ਦੇ ਅੰਦਰ ਮਾਣ ਵੀ ਆ ਜਾਂਦਾ ਹੈ। ਸੰਗਤ ਵਿੱਚ ਇੱਕ ਦੂਜੇ ਨੂੰ ਸਵੇਰੇ ਉੱਠਦਿਆਂ ਦੇਖ ਕੇ ਸੇਵਾ ਤੇ ਸਿਮਰਨ ਵਿੱਚ ਲੱਗਿਆਂ ਜਾਣ ਕੇ ਅੰਦਰ ਦੀ ਹਉਂ ਮਰੀ ਰਹਿੰਦੀ ਹੈ। ਪਰ ਆਪਣੇ ਆਪ ਜਲ ਧਾਰੇ ਕਰਣੇ, ਧੂਣੀਆਂ ਤਪਣੀਆਂ ਤੇ ਹੋਰ ਲੋਕ ਦਿਖਾਵੇ ਵਾਸਤੇ ਸਰੀਰ ਤੇ ਕਸ਼ਟ ਝੱਲਣਾ; ਇਹ ਤਾਮਸੀ ਤਪ ਹੈ। ਇਸ ਨਾਲ ਸੰਸਾਰ ਵਿੱਚ ਪ੍ਰਤਿਸ਼ਟਾ ਹੋਣ ਲੱਗ ਜਾਂਦੀ ਹੈ, ਜੋ ਹਉਂ ਨੂੰ ਪੁਸ਼ਟ ਕਰਨ ਲਈ ਖ਼ੁਰਾਕ ਹੈ ਜਿਸ ਕਰ ਕੇ ਆਪਣੇ ਆਪ ਨੂੰ ਬਹੁਤ ਵੱਡਾ ਅਭਿਆਸੀ ਮਹਾਤਮਾ ਮੰਨ ਬੈਠਦਾ ਹੈ।

ਇਹੋ ਜਿਹਾ ਇੱਕ ਚੜ੍ਹਦੀ ਜਵਾਨੀ ਦਾ ਸਾਧੂ ਆ ਗਿਆ, ਜਿਸ ਦੀ ਉਮਰ ਤਕਰੀਬਨ ਪੰਝੀ ਤੀਹ ਕੁ ਸਾਲਾਂ ਦੀ ਸੀ। ਸਰੀਰ ਵੀ ਚੰਗਾ ਰਿਸ਼ਟ ਪੁਸ਼ਟ ਸੀ। ਦੋ ਚਾਰ ਸਾਲ ਜਲ ਧਾਰੇ ਵੀ ਕੀਤੇ ਸਨ। ਧੂਣੀਆਂ ਵੀ ਤਪੀਆਂ ਸਨ, ਜਿਸ

ਕਰ ਕੇ ਗ਼ਰਮੀ ਸਰਦੀ ਘੱਟ ਮੰਨਦਾ ਸੀ। ਸਿਆਲ ਵਿੱਚ ਵੀ ਸਰੀਰ ਤੇ ਇੱਕੋ ਹੀ ਬਸਤ੍ਰ ਰਖਦਾ, ਜਿਸ ਕਰ ਕੇ ਇਸ ਦਾ ਨਾਮ 'ਤਪਸੀ ਜੀ' ਕਰ ਕੇ ਮਸ਼ਹੂਰ ਹੋ ਗਿਆ। ਇਹ ਉਦਾਸੀ ਭੇਖ ਦਾ ਸਾਧੂ ਜਿਸ ਦਾ ਨਾਮ ਤਾਰਾ ਦਾਸ ਸੀ, ਬਹੁਤਾ ਸਮਾਂ ਪਟਿਆਲੇ ਤੇ ਨਾਭੇ ਆਦਿਕ ਸ਼ਹਿਰਾਂ ਵਿੱਚ ਆਪਣੇ ਪ੍ਰੇਮੀਆਂ ਕੋਲ ਠਹਿਰਦਾ ਜਾਂ ਕਦੇ ਤੀਰਥ ਯਾਤਰਾ ਕਰਨ ਚਲਿਆ ਜਾਂਦਾ। ਉਸ ਨੇ ਵੀ ਏਸ ਥਾਂ ਦੀ ਮਹਿਮਾ ਸੁਣੀ ਤੇ ਦਰਸ਼ਨਾਂ ਨੂੰ ਜੀਅ ਲੋਚਿਆ ਅਤੇ ਮਾਘ ਦੇ ਮਹੀਨੇ ਆ ਪੁੱਜਿਆ। ਦੋ ਤਿੰਨ ਦਿਨ ਠਹਿਰ ਕੇ ਅਸਥਾਨ ਦੀ ਮਰਯਾਦਾ ਦੇਖੀ, ਚਾਲੀ ਪਸੰਦ ਆਈ। ਸੋਹਣਾ ਜੀਅ ਲੱਗ ਗਿਆ। ਕੁੱਝ ਕੁ ਸਮਾਂ ਟਿਕਣ ਦੀ ਵਿਚਾਰ ਕਰ ਲਈ। ਰੋਜ਼ ਸਵੇਰੇ ਦੋ ਵਜੇ ਜਾਗ ਕੇ ਸੰਗਤ ਦੇ ਨਾਲ ਹੀ ਬਾਹਰ ਨਹਿਰ ਦੇ ਕੰਢੇ ਜਾਇਆ ਕਰੇ ਅਤੇ ਰਾਤ ਨੂੰ ਵੀ ਨਾਲ ਹੀ ੧੧ ਵਜੇ ਤੱਕ ਬੈਠਿਆ ਕਰੇ।

ਕਈ ਦਿਨਾਂ ਤੋਂ ਬਾਅਦ ਇਸ ਦੇ ਮਨ ਵਿੱਚ ਕੀਤੀ ਹੋਈ ਤਪੱਸਿਆ ਦਾ ਕੁਛ ਮਾਣ ਆ ਗਿਆ। ਖ਼ਿਆਲ ਕੀਤਾ ਮੇਰਾ ਤਾਂ ਬੈਠਣ ਦਾ ਕਾਫ਼ੀ ਅਭਿਆਸ ਹੈ। ਕਈ ਘੰਟੇ ਇੱਕੋ ਚੌਂਕੜਾ ਮਾਰਿਆਂ ਲੰਘਾ ਦਿੰਦਾ ਹਾਂ। ਕੋਈ ਅੰਗ ਵੀ ਨਹੀਂ ਹਿਲਾਉਂਦਾ। ਇਨ੍ਹਾਂ ਤੇ ਕਿਉਂ ਨਾ ਆਪਣਾ ਅਸਰ ਪਾਵਾਂ। ਇਉਂ ਜਾਣ ਕੇ ਰੋਜ਼ ਹੀ ਸਿੰਘਾਂ ਕੋਲ ਆਖਿਆ ਕਰੇ, "ਕਿ ਤੁਸੀਂ ਰਾਤ ਨੂੰ ਘੰਟਾ ਕੁ ਬੈਠ ਕੇ ਮੁੜ ਆਉਂਦੇ ਹੋ ਕੀ ਦਾਈ ਹੱਥ ਲਾਉਣ ਜਾਂਦੇ ਹੋ? ਜਿੱਥੇ ਇੱਕ ਵਾਰੀ ਚੌਕੜਾ ਵਜ ਗਿਆ ਫੇਰ ਸੂਰਜ ਚੜ੍ਹੇ ਤੱਕ ਖੁੱਲ੍ਹ ਕੀ ਜਾਵੇ? ਇਹ ਤੁਹਾਡਾ ਕਾਹਦਾ ਭਜਨ ਹੈ? ਜਾਂਦੇ ਹੀ ਮੁੜ ਆਉਂਦੇ ਹੋ। ਬਿਸਤਰਿਆਂ ਵਿੱਚ ਸੌਣ ਵਾਸਤੇ ਘਰ ਛੱਡਿਆ ਹੈ ਕਿ ਭਜਨ ਕਰਨ ਵਾਸਤੇ ਆਏ ਹੋ? ਸਾਧ ਕੀ ਤੇ ਰਾਤ ਨੂੰ ਸੌਣਾ ਕੀ? ਤੁਸੀਂ ਤਾਂ ਝੱਟ ਆ ਸੌਂਦੇ ਹੋ।"

ਪਹਿਲਾਂ ਤਾਂ ਕਈ ਦਿਨ ਸਿੰਘ ਚੁੱਪ ਕਰ ਰਹੇ। ਫੇਰ ਇੱਕ ਦਿਨ ਦੋਹਾਂ ਵਿਅਕਤੀਆਂ ਦੇ ਬੈਠਿਆਂ ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਇੱਕ ਨਾਗਾ ਸਾਧੂ ਆਇਆ ਹੈ। ਉਹ ਕਹਿੰਦਾ ਹੈ ਤੁਸੀਂ ਤਾਂ ਛੇਤੀ ਹੀ ਮੁੜ ਆਉਂਦੇ ਹੋ, ਸਾਰੀ ਰਾਤ ਬੈਠਿਆ ਕਰੋ।" ਛੋਟੇ ਸੰਤ ਜੀ ਬੋਲੇ, "ਉਸ ਨਾਲ ਅਸੀਂ ਬੈਠਿਆ ਕਰਾਂਗੇ।" ਫੇਰ ਉਸੇ ਸ਼ਾਮ ਨੂੰ ਹੀ ਉਸ ਨੂੰ ਬੁਲਾ ਕੇ ਆਖਿਆ, "ਸੰਤ ਜੀ! ਹੋਰ ਤਾਂ ਸਾਰੇ ਪ੍ਰੇਮੀ ਡਿਊਟੀਆਂ ਵਾਲੇ ਹਨ। ਲਾਂਗਰੀ ਨੇ ਵੀ ਦਿਨੇ ਪ੍ਰਸ਼ਾਦੇ ਤਿਆਰ ਕਰਣੇ ਹਨ। ਮਾਲ ਡੰਗਰ ਸੰਭਾਲਣ ਵਾਲੇ ਪ੍ਰੇਮੀ ਵੀ ਦਿਨੇ ਆਪਣੀ ਸੇਵਾ ਤੇ ਜਾਂਦੇ ਹਨ। ਗ੍ਰੰਥੀ ਸਿੰਘ ਵੀ ਗੁਰੂ ਦਰਬਾਰ ਵਿੱਚ ਝਾੜੂ ਬੁਹਾਰੀ ਤੇ ਮਹਾਰਾਜ ਦਾ ਪ੍ਰਕਾਸ਼ ਕਰਦੇ ਹਨ। ਸੋ ਤੁਸੀਂ ਮੇਰੇ ਨਾਲ ਬੈਠਿਆ ਕਰੋ।" ਇਹ ਗੱਲ ਸੁਣ ਕੇ ਉਹ ਤਪੱਸਵੀ ਸੰਤ ਬੜਾ ਪ੍ਰਸੰਨ ਹੋਇਆ। ਕਹਿਣ ਲੱਗਾ, "ਮੈਂ ਤਾਂ ਆਪ ਚਾਹੁੰਦਾ ਸਾਂ ਕਿ ਇਸ ਅਸਥਾਨ ਦੀ ਸਿਫ਼ਤ ਤਾ ਬੜੀ ਸੁਣੀਦੀ ਹੈ ਪਰ ਸਾਰੀ ਰਾਤ ਬੈਠਣ ਵਾਲਾ ਤਾ ਇਨ੍ਹਾਂ ਵਿੱਚੋਂ ਕੋਈ ਵੀ ਨਹੀਂ।" ਛੋਟੇ ਸੰਤ ਜੀ ਮਹਾਰਾਜ ਬੋਲੇ, "ਇੱਕ ਹੋਰ ਸ਼ਰਤ ਹੈ ਕਿ ਆਪਾਂ ਦੋਵੇਂ ਇਕੋ ਹੀ ਜਗ੍ਹਾ ਬੈਠਿਆ ਕਰਾਂਗੇ। ਜੋ ਕੁਛ ਖਾਣਾ ਹੈ, ਇਕੋ ਜਿਹਾ ਛਕਾਂਗੇ। ਜੋ ਪੀਣਾ ਹੈ, ਉਹ ਵੀ ਇੱਕੋ ਜਿਹਾ। ਇਕੱਠਿਆਂ ਨੇ ਹੀ ਇਸ਼ਨਾਨ ਤੇ ਹੋਰ ਕ੍ਰਿਆ ਕਰਣੀ ਹੈ।"

ਇਹ ਸਾਰੀਆਂ ਗੱਲਾਂ ਉਹ ਸੰਤ ਮੰਨ ਗਿਆ। ਫਿਰ ਸੰਤ ਜੀ ਨੇ ਹੈੱਡ ਲਾਂਗਰੀ (ਸ੍ਰੀਮਾਨ) ਨੂੰ ਪਾਸ ਬੁਲਾ ਕੇ ਸਾਰੀ ਵਾਰਤਾ ਸਮਝਾ ਦਿੱਤੀ ਕਿ ਅਸੀਂ ਅੱਠੀਂ ਪਹਿਰੀਂ ਪ੍ਰਸ਼ਾਦਿ ਛਕਿਆ ਕਰਾਂਗੇ। ਸਾਡੇ ਵਾਸਤੇ ਕੇਵਲ ਇੱਕ ਇੱਕ ਛਟਾਂਕ ਆਟੇ ਦੇ ਇਕੋ ਜਿਹੇ ਦੋ ਦੋ ਫੁਲਕੇ ਤਿਆਰ ਕਰ ਦਿਆ ਕਰੋ ਅਤੇ ਸਵੇਰ ਦੇ ਵਕਤ ਇੱਕ ਇੱਕ ਗਲਾਸ ਲੱਸੀ ਦਾ ਪੀਆ ਕਰਾਂਗੇ। ਸ਼ਾਮ ਨੂੰ ਕੁੱਝ ਨਹੀਂ ਛਕਣਾ। ਲਾਂਗਰੀ ਨੇ 'ਸਤ ਬਚਨ' ਆਖਿਆ ਤੇ ਉਸੇ ਦਿਨ ਤੋਂ ਹੀ ਨਿਯਮ ਬਣਾ ਲਿਆ। ਹੋਰ ਤਾਂ ਸੰਗਤ ਰਾਤ ਦੇ ੧੧ ਵਜੇ ਵਾਪਸ ਆ ਗਈ ਪਰ ਇਹ ਦੋਵੇਂ ਇੱਕੋ ਚੌਕੜਾ ਮਾਰ ਕੇ ਸਵੇਰ ਤੱਕ ਬੈਠੇ ਰਹੇ। ਕੇਵਲ ਘੰਟੀ ਵੱਜੀ ਤੋਂ ਦੋ ਵਜੇ ਉੱਠ ਕੇ ਸਰੀਰ ਕ੍ਰਿਆ ਤੇ ਇਸ਼ਨਾਨ ਕੀਤਾ। ਫੇਰ ਉਸੇ ਜਗ੍ਹਾ ਹੀ ਆ ਬੈਠੇ। ਸਵੇਰੇ ਇੱਕ ਗਲਾਸ ਲੱਸੀ ਦਾ ਪੀਤਾ ਤੇ ਫੇਰ ਬਾਹਰ ਨੂੰ ਚਲੇ ਗਏ। ਦੁਪਹਿਰੇ ਇੱਕ ਇੱਕ ਛਟਾਂਕ ਆਟੇ ਦੇ ਦੋ ਫੁਲਕੇ ਛਕ ਕੇ ਫੇਰ ਬਾਹਰ ਨੂੰ ਤੁਰ ਪਏ। ਦੂਜੀ ਸ਼ਾਮ ਨੂੰ ਫੇਰ ਇਸੇ ਤਰ੍ਹਾਂ ਹੀ ਬੈਠੇ ਰਹੇ। ਕਮਰੇ ਵਿੱਚ ਨਾ ਸੰਤ ਜੀ ਆਪ ਵੜੇ, ਨਾ ਉਸ ਨੂੰ ਹੀ ਜਾਣ ਦਿੱਤਾ। ਇਸ ਸੰਤ ਦੀ ਖ਼ੁਰਾਕ ਕਾਫ਼ੀ ਸੀ। ਉਹ ਖ਼ੁਰਾਕ ਨਾਲ ਚੰਗੀ ਤਰ੍ਹਾਂ ਪੇਟ ਭਰਕੇ ਬੈਠਾ ਹੀ ਸੌਂ ਜਾਂਦਾ। ਪਰ ਛੋਟੇ ਸੰਤਾਂ ਦੇ ਅੰਦਰ ਸਚਾਈ ਸੀ। ਉਹ ਨਾ ਕੁੱਝ ਵੱਖਰਾ ਆਪ ਛਕਦੇ, ਨਾ ਉਸੇ ਨੂੰ ਹੀ ਅੱਡ ਹੋਣ ਦੇਂਦੇ। ਨਾ ਅਰਾਮ ਆਪ ਕਰਦੇ, ਨਾ ਉਸ ਨੂੰ ਕਰਨ ਦੇਂਦੇ। ਤੀਜੀ ਰਾਤ ਨੂੰ ਇਹ ਕਾਫ਼ੀ ਤੰਗ ਆ ਗਿਆ। ਪਰ ਫੇਰ ਵੀ ਹਠ ਕਰ ਕੇ ਨਾਲ ਹੀ ਫਿਰਦਾ ਰਿਹਾ। ਇਸ ਨੇ ਕਈ ਵਾਰੀ ਬੈਠਿਆਂ ਹੀ ਸੌਣ ਦੀ ਕੋਸ਼ਿਸ਼ ਕੀਤੀ। ਤਾਂ ਚੌਥੀ ਰਾਤ ਨੂੰ ਸੰਤ ਜੀ ਨੇ ਆਪਣੀ ਅਤੇ ਇਸ ਦੀ ਬਾਂਹ ਨਾਲ ਇੱਕ ਰੱਸੀ ਬੰਨ੍ਹ ਲਈ ਤੇ ਕੁੱਝ ਕੁ ਫਾਸਲੇ ਤੇ ਬੈਠ ਗਏ। ਜਦੋਂ ਉਹ ਸੌਣ ਵਾਸਤੇ ਨੀਵੀਂ ਪਾਵੇ ਤਾਂ ਸੰਤ ਜੀ ਰੱਸੀ ਨੂੰ ਖਿੱਚ ਲੈਣ। ਇਉਂ ਉਹ ਬੈਠਿਆਂ ਵੀ ਅਰਾਮ ਨਾ ਕਰ ਸਕੇ। ਨਾ ਖਾਣ ਨੂੰ ਪੂਰਾ ਰਾਸ਼ਨ ਮਿਲਦਾ, ਕਿਉਂਕਿ ਇਕੋ ਜਿਹਾ ਹੀ ਛਕਦੇ। ਇਉਂ ਮਜਬੂਰੀ ਦੀ ਹਾਲਤ ਵਿੱਚ ਅੱਠ ਰਾਤਾਂ ਤੇ ਅੱਠ ਦਿਨ ਬੀਤ ਗਏ। ਸੰਤ ਜੀ ਮਹਾਰਾਜ ਵੀ ਨਾਲ ਹੀ ਰਹੇ। ਨਾ ਵੱਖ ਹੋਣ ਦਿੱਤਾ, ਨਾ ਕੁਛ ਖਾਣ ਤੇ ਪੀਣ ਦਿੱਤਾ। ਅਖ਼ੀਰ ਨੂੰ ੧੯੨ ਘੰਟਿਆਂ ਤੋਂ ਬਾਅਦ

ਉਸ ਨੇ ਆ ਕੇ ਸੰਤ ਜੀ ਮਹਾਰਾਜ ਦੇ ਚਰਨ ਫੜ ਲਏ ਤੇ ਆਖਿਆ, "ਮਹਾਰਾਜ! ਮੈਂ ਬਾਹਰੋਂ ਤੁਹਾਡੀ ਸਿਫ਼ਤ ਸੁਣ ਕੇ ਦੇਖਣ ਆਇਆ ਸਾਂ। ਹੁਣ ਮੇਰੇ ਮਨ ਵਿੱਚ ਪੂਰਨ ਵਿਸ਼ਵਾਸ ਹੋ ਗਿਆ ਹੈ। ਜੋ ਕੁਛ ਸੁਣਿਆਂ ਸੀ, ਉਹੋ ਹੀ ਅੱਖੀਂ ਦੇਖ ਲਿਆ ਹੈ। ਇਹ ਮੇਰੀ ਗ਼ਲਤੀ ਸੀ ਜੋ ਮੈਂ ਤੁਹਾਡੀ ਸੰਗਤ ਕਰਨ ਵਾਲੇ ਸਿੰਘਾਂ ਤੇ ਸ਼ੰਕਾ ਕੀਤੀ ਕਿ ਇਹ ਸਵਖਤੇ ਹੀ ਆ ਸੌਂਦੇ ਹਨ। ਪਰ ਇਹ ਤੁਹਾਡੀ ਚਾਲੀ ਠੀਕ ਹੈ, ਮੇਰੀ ਹੀ ਗਲਤੀ ਹੈ। ਮੇਰੇ ਮਨ ਵਿੱਚ ਮੈਨੂੰ ਆਪਣੀ ਤਪੱਸਿਆ ਦਾ ਮਾਣ ਸੀ। ਉਹ ਆਪ ਦੀ ਕ੍ਰਿਪਾ ਨਾਲ ਦੂਰ ਹੋ ਗਿਆ। ਸਾਧੂ ਦੀ ਸੰਗਤ ਹਰ ਇੱਕ ਦੇ ਮਨ ਦਾ ਮਾਣ ਮੇਟਦੀ ਹੈ।"

ਸੰਤ ਜੀ ਨੇ ਕਿਹਾ, "ਤੇਰੀ ਮਰਜ਼ੀ ਹੈ। ਜੇ ਕੁਛ ਦਿਨ ਹੋਰ ਬੈਠਣਾ ਹੈ, ਤਾਂ ਹੋਰ ਬੈਠ ਲੈ। ਸਾਡਾ ਤਾ ਕੰਮ ਹੀ ਏਹੋ ਹੈ। ਭਜਨ ਕਰਨਾ ਤੇ ਕਰਾਉਣਾ। ਹੋਰ ਜ਼ੁੰਮੇਵਾਰ ਸੱਜਣਾਂ ਨੇ ਆਪਣੀਆਂ ਡਿਊਟੀਆਂ ਵੀ ਕਰਣੀਆਂ ਹਨ। ਇਸੇ ਕਰ ਕੇ ਰਾਤ ਨੂੰ ਤਿੰਨ ਘੰਟੇ ਤੇ ਦਿਨ ਨੂੰ ਇੱਕ ਘੰਟਾ ਆਰਾਮ ਕਰਦੇ ਹਨ। ਜੇਕਰ ਲਾਂਗਰੀ ਵੀ ਇਸੇ ਤਰ੍ਹਾਂ ਤੁਹਾਡੇ ਪਾਸ ਹੀ ਬੈਠੇ ਰਹਿਣ, ਫੇਰ ਲੰਗਰ ਕੌਣ ਤਿਆਰ ਕਰੇਗਾ ਅਤੇ ਹੋਰ ਡਿਉਟੀਆਂ ਵਾਲੇ ਸੱਜਣਾਂ ਦਾ ਕੰਮ ਕਿਵੇਂ ਚਲੇਗਾ?" ਇਸ ਨੇ ਸ਼ਾਮ ਨੂੰ ਵੀ ਦੀਵਾਨ ਦੇ ਸਮੇਂ ਖੜਿਆਂ ਹੋ ਕੇ ਸੰਗਤ ਤੋਂ ਭੀ ਮਾਫੀ ਮੰਗੀ ਅਤੇ ਵੱਡੇ ਸੰਤ ਜੀ ਮਹਾਰਾਜ ਤੋਂ ਵੀ ਭੁੱਲ ਮੁਆਫ਼ ਕਰਵਾਈ। ਫੇਰ ਏਥੇ ਤਕਰੀਬਨ ਛੇ ਮਹੀਨੇ ਟਿਕਿਆ ਰਿਹਾ। ਰਾਤ ਨੂੰ ਸੰਗਤ ਨਾਲ ਭਜਨ ਕਰਦਾ, ਦਿਨੇ ਹੋਰ ਸੇਵਾ। ਦੋਵੇਂ ਵੇਲੇ ਸੁਬ੍ਹਾ ਤੇ ਸ਼ਾਮ ਗੁਰੂ ਦਰਬਾਰ ਵਿੱਚ ਕਥਾ ਕੀਰਤਨ ਦੇ ਸਮੇਂ ਹਾਜ਼ਰੀ ਭਰਦਾ। ਫੇਰ ਛੁੱਟੀ ਲੈ ਕੇ ਚਲਾ ਗਿਆ ਤੇ ਹੋਰ ਥਾਵਾਂ ਤੇ ਜਾ ਕੇ ਵੀ ਅਸਥਾਨ ਦਾ ਜਸ ਤੇ ਮਹਿਮਾ ਕਹਿੰਦਾ ਰਿਹਾ।

ਇਉਂ ਹੋਰ ਵੀ ਬਹੁਤ ਸਾਰੇ ਪ੍ਰੇਮੀ ਏਥੋਂ ਦੀ ਚਾਲੀ ਤੇ ਤਪੱਸਿਆ ਦੇਖਣ ਹੀ ਆਉਂਦੇ ਪਰ ਜਾਣ ਸਮੇਂ ਬੜੇ ਪ੍ਰਭਾਵਤ ਹੋ ਕੇ ਜਾਂਦੇ। ਕਿਉਂਕਿ ਏਥੋਂ ਦੀ ਤਪੱਸਿਆ ਬੜੀ ਮਸ਼ਹੂਰ ਸੀ।

ਅਸਥਾਨ ਵਾਸੀਆਂ ਦੀ ਨਿੱਤ ਕ੍ਰਿਆ

ਸਵੇਰੇ ਇਸ਼ਨਾਨ ਕਰਨ ਤੋਂ ਬਾਅਦ ਹਾੜ ਸਿਆਲ ਸਾਰੇ ਹੀ ਪ੍ਰੇਮੀ ਸੰਤ ਜੀ ਮਹਾਰਾਜ ਦੇ ਨਾਲ ਨਹਿਰ ਦੇ ਕੰਢੇ ਚਲੇ ਜਾਂਦੇ। ਚੌਂਕੜੇ ਮਾਰ ਕੇ ਇਕਾਗਰ ਮਨ ਦੁਆਰਾ ਸਿਮਰਨ ਵਿੱਚ ਜੁੜ ਜਾਂਦੇ। ਪੂਰੀ ਸਰਦੀ ਵਿੱਚ ਵੀ ਉੱਪਰ ਕੇਵਲ ਇੱਕੋ ਹੀ ਚਾਦਰ ਹੁੰਦੀ। ਜੇ ਕਿਸੇ ਨੂੰ ਆਲਸ ਆਉਂਦੀ ਤਾਂ ਉਹ ਫਿਰ ਤੁਰ ਕੇ ਬਾਣੀ ਦਾ ਪਾਠ ਕਰਨ ਲੱਗ ਜਾਂਦੇ। ਫੇਰ ਗੁਰੂ ਦਰਬਾਰ ਦੀ ਹਾਜ਼ਰੀ; ਸੂਰਜ ਚੜ੍ਹੇ ਤੋ ਲੰਗਰ ਦੀ ਘੰਟੀ ਵਜਦੀ। ਜਲ ਪਾਣੀ ਛੱਕ ਕੇ ਫੇਰ ਬਾਹਰ ਨੂੰ ਤੁਰ ਪੈਂਦੇ। ਚਾਰ ਪੰਜ ਮੀਲ ਦੇ ਏਰੀਏ ਵਿੱਚ ਖਿੰਡ ਕੇ ਵਿਚਰਦੇ। ਦੁਪਹਿਰੇ ਦੇ ਸਮੇਂ ਪ੍ਰਸ਼ਾਦ ਛਕ ਕੇ ਕੇਵਲ ਇੱਕ ਘੰਟਾ ਆਰਾਮ ਕਰਦੇ। ਫੇਰ ਪਿਛਲੇ ਪਹਿਰ ਬਾਹਰ ਨੂੰ ਤੁਰ ਪੈਂਦੇ। ਸ਼ਾਮ ਦੇ ਵਕਤ ਜਦੋਂ ਰਹਿਰਾਸ ਦੀ ਘੰਟੀ ਵੱਜਦੀ, ਫੇਰ ਵਾਪਸ ਮੁੜਦੇ। ਸ਼ਾਮ ਨੂੰ ਲੰਗਰ ਤਾਂ ਤਿਆਰ ਹੁੰਦਾ, ਘੰਟੀ ਵੀ ਲਾਈ ਜਾਂਦੀ ਪਰ ਬਾਹਰਲੇ ਯਾਤਰੂ ਹੀ ਪ੍ਰਸ਼ਾਦ ਛਕਦੇ ਸਨ। ਸਥਾਨਕ ਪ੍ਰੇਮੀ ਤਾਂ ਅੱਠੀ ਪਹਿਰੀਂ ਹੀ ਦੁਪਹਿਰ ਦੇ ਸਮੇਂ ਪ੍ਰਸ਼ਾਦਾ ਛਕਦੇ ਜਾਂ ਫੇਰ ਬਾਅਦ ਵਿੱਚ ਸਵੇਰ ਦੇ ਸਮੇਂ ਹਾਜ਼ਰੀ ਪੱਕਣ ਲੱਗ ਪਈ। ਉਹ ਵੀ ਕੰਮ ਵਾਲੇ ਪ੍ਰੇਮੀ ਜਾਂ ਬਾਹਰਲੇ ਮੁਸਾਫ਼ਰ ਛਕਦੇ। ਭਜਨ ਸਿਮਰਨ ਵਾਲੇ ਗੁਰਮੁਖ ਤਾਂ ਕੇਵਲ ਲੱਸੀ ਦਾ ਗਲਾਸ ਹੀ ਪੀਂਦੇ। ਚਾਹ ਵੀ ਕੋਈ ਕੋਈ ਪ੍ਰੇਮੀ ਹੀ ਛਕਦਾ, ਆਮ ਨਹੀਂ ਸੀ ਛਕਦੇ। ਬਣਦੀ ਰੋਜ਼ ਹੀ ਸੀ। ਇਉਂ ਅੱਠੇ ਪਹਿਰਾਂ ਦੀ ਮਰਯਾਦਾ ਤੇ ਚਾਲੀ ਇਸੇ ਤਰ੍ਹਾਂ ਹੀ ਇੱਕ ਰਸ ਚਲਦੀ ਰਹੀ।

ਦਰਸ਼ਨਾਂ ਵਾਸਤੇ ਆਉਣ ਵਾਲੇ ਮਹਾਂਪੁਰਸ਼

ਜਿਵੇਂ ਮਿਕਨਾਤੀਸ ਲੋਹੇ ਦੇ ਨਿਕੇ ਨਿਕੇ ਜ਼ੱਰਰਿਆਂ ਨੂੰ ਇੱਕ ਥਾਂ ਇਕੱਠਾ ਕਰ ਲੈਂਦੀ ਹੈ, ਇਸੇ ਤਰ੍ਹਾਂ ਆਪ ਜੀ ਦੀ ਤਪਸਿਆ ਤੇ ਤਤਿਖਸ਼ਾ ਦੀ ਸ਼ੁਹਰਤ ਸੁਣ ਕੇ ਅਤੇ ਲੰਗਰ ਦੀ ਮਰਯਾਦਾ ਦੇਖਣ ਵਾਸਤੇ ਬਹੁਤ ਸਾਰੇ ਮਹਾਤਮਾ ਪੁੱਜਦੇ।

੧. ਸੰਤ ਨੰਦ ਸਿੰਘ ਜੀ (ਕਰਮ ਕਾਂਡੀ): ਇਹ ਪਿਸ਼ੌਰ ਦੇ ਇਲਾਕੇ ਦਾ ਮਹਾਂਪੁਰਸ਼ ਨਿਹੰਗ ਸਿੰਘ ਸਜਿਆ ਹੋਇਆ ਸੀ। ਉਮਰ ਪੰਜਾਹ ਸਾਲਾਂ ਦੇ ਕਰੀਬ ਸੀ। ਗੁਰੂ ਕੇ ਲੰਗਰ ਵਿੱਚੋਂ ਰਾਸ਼ਨ ਲੈ ਕੇ ਆਪਣੇ ਹੱਥੀਂ ਕੇਵਲ ਅੱਠ ਪਹਿਰਾਂ ਦੇ ਬਾਅਦ ਰਾਤ ਦੇ ਬਾਰਾਂ ਵਜੇ ਇੱਕ ਵਾਰੀ ਤਿਆਰ ਕਰ ਕੇ ਛਕਦਾ।

੨. ਸੰਤ ਜੀਊਣ ਸਿੰਘ ਜੀ (ਵਿਰਕਤ): ਇਹ ਸੰਤ ਮਸਤੂਆਣੇ ਵਾਲਿਆਂ ਦਾ ਸੇਵਕ ਤੇ ਯੋਗਾ ਅਭਿਆਸੀ ਸੀ। ਵਿਰਕਤ ਇਤਨਾ ਤਿੱਖਾ ਸੀ ਕਿ ਛੱਤੇ ਮਕਾਨ ਥੱਲੇ ਨਹੀਂ ਸੀ ਵੜਦਾ। ਤੇੜ ਇੱਕੋ ਕਛਹਿਰਾ ਸਿਰ ਤੇ ਖੱਦਰ ਦਾ ਅੱਧ ਗਜ਼ ਪਰਨਾ, ਪੈਰੋਂ ਤੇ ਗਲੋਂ ਨੰਗਾ, ਪਾਸ ਇੱਕ ਮਿਟੀ ਦਾ ਪਿਆਲਾ ਰੱਖਦਾ ਸੀ। ਸੰਤ ਜੀ ਮਹਾਰਾਜ ਨਾਲ ਦਸਵੇਂ ਦੁਆਰ ਸਬੰਧੀ ਬਚਨ ਬਿਲਾਸ ਕਰਿਆ ਕਰਦਾ ਸੀ।

੩. ਬਾਬਾ ਜਵਾਹਰ ਸਿੰਘ (ਆਪੇ ਆਪ): ਇਹ ਕਟਾਣੇ ਪਿੰਡ ਦਾ ਬਾਬਾ ਰਾਮ ਸਿੰਘ ਜੀ ਨਾਮਧਾਰੀ ਬਜ਼ੁਰਗ਼ਾਂ ਦਾ ਸੇਵਕ ਸੀ। ਪਹਿਲਾਂ ਵੱਡੇ ਸੰਤਾਂ ਸਮੇਂ ਰੇਰੂ ਸਾਹਿਬ ਵੀ ਆਉਂਦਾ ਰਿਹਾ। ਫੇਰ ਏਥੇ ਆਉਣ ਲੱਗ ਪਿਆ। ਸਰੀਰ

ਬਿਰਧ ਤੇ ਮਨ ਚੜ੍ਹਦੀਆਂ ਕਲਾਂ ਵਿੱਚ ਰਹਿੰਦਾ। ਗ਼ਰਮੀਆਂ ਸਰਦੀਆਂ ਵਿੱਚ ਇੱਕੋ ਇੱਕ ਬੋਰੀ ਦਾ ਝੁੱਲ ਹੁੰਦਾ। ਉਸ ਨੂੰ ਕਿਸੇ ਨੇ ਰਾਤ ਨੂੰ ਸੁੱਤਿਆਂ ਪਿਆ ਨਹੀਂ ਸੀ ਦੇਖਿਆ। ਸਾਰੀ ਰਾਤ ਤੁਰਿਆ ਹੀ ਰਹਿੰਦਾ। ਬੇਪ੍ਰਵਾਹ ਇਤਨਾ ਕਿ ਦੇਵੇਂ ਸੰਤਾਂ ਤੋਂ ਬਿਨਾਂ ਹੋਰ ਕਿਸੇ ਨਾਲ ਗੱਲ ਨਹੀਂ ਕਰਣੀ। ਜੇ ਕੋਈ ਪੁੱਛੇ ਉਸ ਨੂੰ ਦੱਸਣਾ ਕੁਛ ਨਹੀਂ। ਬੱਸ 'ਆਪੇ ਆਪ ਹੈ' ਇਹ ਆਖੀ ਜਾਣਾ। ਇਹ ਚੰਗੀ ਨੇਸ਼ਟਾ ਵਾਲਾ ਸ਼ਕਤੀ ਸਪੰਨ ਸਾਧੂ ਸੀ। ਆਉਣ ਵਾਲੇ ਸਮੇਂ ਦੇ ਭਵਿੱਖਤ ਵਾਕ ਦੱਸੀ ਜਾਣਾ ਪਰ ਸਮਝਾਉਣਾ ਕਿਸੇ ਨੂੰ ਕੁਛ ਨਹੀਂ।

੪. ਮੋਨੀ ਰਣ ਸਿੰਘ: ਇਹ ਕੁਹਾੜੇ ਦੇ ਪਾਸ ਜੰਡਾਲੀ ਪਿੰਡ ਦਾ ਸੀ (ਜੋ ਲੁਧਿਆਣਾ ਸਮਰਾਲਾ ਰੋਡ ਤੇ ਕਟਾਣੀ ਕਲਾਂ ਕੋਲ ਹੈ) ਬੋਲਦਾ ਕਿਸੇ ਨਾਲ ਉੱਕਾ ਹੀ ਨਹੀਂ ਸੀ। ਦਿਨੇ ਲੁਕ ਛਿਪ ਕੇ ਸਮਾਂ ਬਤੀਤ ਕਰ ਲੈਂਦਾ ਕਿ ਲੋਕ ਬੁਲਾਉਣ ਨਾ। ਰਾਤ ਨੂੰ ਰਾਹਾਂ ਵਿੱਚ ਤੁਰਿਆ ਰਹਿਣਾ। ਇਹ ਵੀ ਕਾਫ਼ੀ ਚਿਰ ਏਥੇ ਢੱਕੀ ਵਿੱਚ ਠਹਿਰ ਜਾਂਦਾ।

੫. ਰਿਸ਼ੀ ਮੂਲ ਸਿੰਘ ਜੀ: ਇਹ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਸੇਵਕ ਸਨ। ਪਿਸ਼ੌਰ ਸ਼ਹਿਰ ਦੇ ਵਸਨੀਕ ਖੱਤ੍ਰੀ ਘਰਾਣੇ ਦਾ ਸਰੀਰ ਸੀ। ਇਹ ਵੱਡੇ ਸੰਤਾਂ ਦੇ ਸਮੇਂ ਤੋਂ ਰੇਰੂ ਸਾਹਿਬ ਆਇਆ ਕਰਦੇ ਸਨ। ਚੰਗੀ ਨੇਸ਼ਟਾਂ ਵਾਲੇ ਨਿਰਮਤਾ ਦੇ ਪੁੰਜ ਸਨ। ਹਰਿਦੁਆਰ ਦੇ ਕੁੰਭ ਤੋਂ ਵਾਪਸ ਆਉਂਦੇ ਕਾਫ਼ੀ ਸਮਾਂ ਠਹਿਰੇ ਸਨ।

ਨੋਟ: ਇਨ੍ਹਾਂ ਦੀ ਕਥਾ ਪਛਮੀ ਪ੍ਰਕਾਸ਼ ਗ੍ਰੰਥ ਵਿੱਚ ਛਪ ਚੁੱਕੀ ਹੈ।

੬. ਬਾਬਾ ਸੁੱਚਾ ਸਿੰਘ ਜੀ: ਇਨ੍ਹਾਂ ਦਾ ਪਿੰਡ ਮਾਨਸਾ ਮੰਡੀ ਦੇ ਪਾਸ ਭੀਖੀ ਕਲਾਂ ਸੀ। ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੇ ਸੇਵਕ ਸਨ। ਵੱਡੇ ਸੰਤਾਂ ਦੇ ਸਮੇਂ ਰੇਰੂ ਸਾਹਿਬ ਆਉਂਦੇ ਰਹੇ। ਬੜੇ ਬੀਤਰਾਗ ਤੇ ਤਤਿਖਸ਼ਾ ਵਾਲੇ ਸਾਧੂ ਸਨ। ਇਹ ਗੁਰਦੁਆਰਾ ਕਰਮਸਰ ਵਿਖੇ ੧੦ ਜੂਨ ੧੯੪੫ ਈਸਵੀ ਐਤਵਾਰ ਨੂੰ ਸ਼ਾਮ ਦੇ ਪੰਜ ਵਜੇ ਇੱਕ ਮਹੀਨਾ ਪਹਿਲਾਂ ਦਸ ਕੇ ਸੱਚਖੰਡ ਨੂੰ ਚਲੇ ਗਏ।

ਨੋਟ: ਇਨ੍ਹਾਂ ਦਾ ਜੀਵਨ ਵੀ ਪਛਮੀ ਪ੍ਰਕਾਸ਼ ਵਿੱਚ ਛਾਪ ਦਿੱਤਾ ਹੈ।

੭. ਗਿਆਨੀ ਸੁੰਦਰ ਸਿੰਘ ਜੀ (ਵਿਰਕਤ): ਜੋ ਜੈਤੋ ਦੇ ਪਾਸ ਰਾਮੇਆਣੇ ਪਿੰਡ ਕਾਫ਼ੀ ਸਮਾਂ ਠਹਿਰੇ ਸਨ ਅਤੇ ਦਸਮ ਪਾਤਸ਼ਾਹ ਜੀ ਮਹਾਰਾਜ ਦੇ ਆਉਣ ਦੀ ਯਾਦਗਾਰ ਵਿੱਚ ਇਨ੍ਹਾਂ ਨੇ ਗੁਰਦੁਆਰਾ ਸਾਹਿਬ ਬਣਵਾਇਆ ਹੈ। ਇਹ ਮਹਾਂਪੁਰਸ਼ ਬੜੇ ਤਤਿਖਸ਼ੀ ਸਨ। ਇੱਕ ਰਸ ਚੌਂਕੜਾ ਮਾਰ ਕੇ ਰੋਜ਼ ਪੰਝੀ ਪੰਝੀ ਸੁਖਮਨੀ ਸਾਹਿਬ ਦੇ ਪਾਠ ਕਰਦੇ। ਬਾਅਦ ਵਿੱਚ ਅੰਨ ਛਲ ਛਕਦੇ। ਹੋਰ ਨਿੱਤਨੇਮ ਵੱਖਰਾ ਸੀ। ਕਥਾ ਵਾਰਤਾ ਵੀ ਕਰਦੇ ਸਨ। ਵਿਦਿਆਰਥੀ ਵੀ ਕਾਫ਼ੀ ਪੜ੍ਹਦੇ। ਲੰਗਰ ਵੀ ਚੱਲਦਾ ਸੀ। ਪੂਰਨ ਗੁਰ ਮਰਯਾਦਾ ਵਾਲੇ ਸਨ। ਪਹਿਲੀ ਢੱਕੀ ਇਕੱਠੇ ੯ ਮਹੀਨੇ ਰਹੇ।

੮. ਪੰਡਿਤ ਮਾਨ ਸਿੰਘ (ਦਮਦਮੀਏ): ਇਹ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਅਤਲੇ ਵਾਲਿਆਂ ਦੇ ਸੇਵਕ ਸਨ। ਉਨ੍ਹਾਂ ਨੇ ਹੀ ਹਰਿਦੁਆਰ ਤੇ ਕਾਂਸ਼ੀ ਭੇਜ ਕੇ ਪੰਡਿਤ ਬਣਾਏ । ਇਨ੍ਹਾਂ ਦਾ ਨਗਰ ਅਤਲਾ ਤੇ ਬ੍ਰਾਹਮਣਾ ਦੇ ਘਰ ਦਾ ਸਰੀਰ ਸੀ। ਏਥੇ ਕਈ ਦਿਨ ਕਥਾ ਕਰਦੇ ਰਹੇ। ਜਾਣ ਸਮੇਂ ਸੰਤ ਜੀ ਮਹਾਰਾਜ ਨੂੰ ਬੇਨਤੀ ਕਰ ਕੇ ਚਾਰ ਬੱਚੇ ਪੜ੍ਹਾਉਣ ਵਾਸਤੇ ਨਾਲ ਲੈ ਗਏ। ਗਿ. ਬਲਵੀਰ ਸਿੰਘ ਜੀ ਭੁੱਟੇ ਵਾਲੇ, ਗਿ. ਗੁਰਬਖਸ਼ ਸਿੰਘ ਜੀ ਧਭਲਾਨ ਪਿੰਡ ਦਾ, ਗੁਰਦੇਵ ਸਿੰਘ ਤੇ ਗੁਰਨਾਮ ਸਿੰਘ ਕਟਾਹਰੀ ਪਿੰਡ ਤੋਂ, ਜਿਨ੍ਹਾਂ ਵਿੱਚੋਂ ਕੇਵਲ ਗਿ. ਬਲਬੀਰ ਸਿੰਘ ਜੀ ਹੀ ਪੜ੍ਹ ਕੇ ਪ੍ਰਸਿੱਧ ਹੋਏ ਸਨ।

੯. ਸੰਤ ਅਤਰ ਸਿੰਘ ਜੀ ਅਤਲੇ ਵਾਲੇ: ਚੰਗੀ ਨੇਸ਼ਟਾ ਵਾਲੇ ਬੀਤਰਾਗ ਸਾਧੂ ਸਨ। ਹਜ਼ੂਰ ਦੇ ਪ੍ਰੇਮ ਦਾ ਸਦਕਾ ਇਹ ਵੀ ਕਈ ਦਿਨ ਢੱਕੀ ਟਿਕੇ।

੧੦. ਪੰਡਿਤ ਪ੍ਰੇਮ ਸਿੰਘ ਜੀ ਹਰਿਦੁਆਰ ਵਾਲੇ: ਮਹੀਨਾ ਮਹੀਨਾ ਠਹਿਰ ਕੇ ਗੁਰਬਾਣੀ ਦੇ ਇੱਕੋ ਸ਼ਬਦ ਦੀ ਵਿਆਖਿਆ ਕਰੀ ਜਾਂਦੇ ਸਨ। ਇਹ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੇ ਪੋਤੇ ਚੇਲੇ ਅਤੇ ਪੰਡਤ ਤਾਰਾ ਸਿੰਘ ਜੀ ਦੇ ਸ਼ਿਸ਼ ਸਨ। ਵੱਡੇ ਸੰਤ ਜੀ ਮਹਾਰਾਜ ਦੇ ਸਮੇਂ ਤੋਂ ਰੇਰੂ ਸਾਹਿਬ ਆਇਆ ਕਰਦੇ ਸਨ।

੧੧. ਲੰਡੇ ਪਿੰਡ ਦਾ ਪੰਡਿਤ ਮਤਾਬ ਦਾਸ ਉਦਾਸੀ: ਇਹ ਸਿੰਧ ਦੇ ਇਲਾਕੇ ਸੱਖਰ ਰੋੜੀ ਸਾਧ ਬੇਲੇ ਵਾਲੇ ਮਹਾਂਪੁਰਸ਼ ਸੰਤ ਹਰਨਾਮ ਦਾਸ ਜੀ ਦਾ ਸ਼ਿਸ਼ ਸੀ। ਭਾਵੇਂ ਇਹ ਨੇਤਰਹੀਣ ਸੀ, ਇਹ ਕਈ ਮਹੀਨੇ ਕਥਾ ਕਰਦਾ ਰਿਹਾ।

੧੨. ਗਿਆਨੀ ਭੋਲਾ ਸਿੰਘ: ਇਹ ਕੋਕਰੀ ਕਲਾਂ ਦਾ ਮਹਾਨ ਵਿਦਵਾਨ, ਕਥਾ ਵਾਚਕ ਗਿਆਨੀ ਸੀ, ਏਥੇ ਕਈ ਮਹੀਨੇ ਕਥਾ ਕਰਦਾ ਰਿਹਾ।

੧੩. ਰਾਗੀ ਸੰਤ ਸਿੰਘ: ਇਹ ਭਿਟੇ ਵੱਢ ਦੇ ਡੇਰੇ ਵਿੱਚੋਂ ਸੀ (ਜੋ ਹੋਤੀ ਮਰਦਾਨ ਵਾਲੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਹੀ ਸ਼ਾਖ ਹੈ) ਕਈ ਮਹੀਨੇ ਕਥਾ ਕਰਦਾ ਰਿਹਾ।

੧੪. ਇੱਕ ਮਾਈਸਰ ਖਾਨੇ ਦਾ ਪ੍ਰੇਮੀ ਸੰਤ ਇੰਦਰ ਸਿੰਘ- ਤਰੁੱਪ ਨੰਬਰ ਦੋ ਪਟਿਆਲੇ ਤੋਪਖਾਨੇ 'ਚੋਂ ਨਾਮ ਕਟਵਾ ਕੇ ਆਇਆ ਸੀ, ਕਾਫ਼ੀ ਸਮਾਂ ਏਥੇ ਰਿਹਾ।

੧੫. ਗਿਆਨੀ ਨਰੈਣ ਸਿੰਘ ਜੀ ਵਿੱਦਿਆ ਮਾਰਤੰਡ ਵਾਲੇ ਪੰਡਿਤ- (ਜਿਨ੍ਹਾਂ ਨੇ ਗੁਰਬਾਣੀ ਦੇ ਟੀਕੇ ਅਤੇ ਹੋਰ ਬਹੁਤ ਸਾਰੇ ਗ੍ਰੰਥ ਲਿਖੇ ਹਨ) ਉਹ ਵੀ ਆਏ।

੧੬. ਸੰਤ ਬਿਸ਼ਨ ਸਿੰਘ ਹਰਖੋਵਾਲ ਵਾਲੇ- ਕਈ ਵਾਰ ਆਏ ਤੇ ਠਹਿਰੇ।

੧੭. ਸੰਤ ਬਿਸ਼ਨ ਸਿੰਘ ਜੀ ਕਾਂਝਲਾ ਵੀ ਦਰਸ਼ਨ ਕਰ ਗਏ ਸਨ।

੧੮. ਬਾਬੇ ਬਕਾਲੇ ਤੋਂ ਨਿਹੰਗ ਬਾਬਾ ਗੁਰਮੁਖ ਸਿੰਘ ਵੀ ਆਇਆ ਸੀ।

੧੯. ਗਿ. ਵਰਯਾਮ ਸਿੰਘ ਜੀ ਧੂਰਕੋਟ (ਸੰਗਰੂਰ) ਵਾਲੇ (ਜੋ ਸੰਤ ਜੀ ਮਹਾਰਾਜ ਬਾਬਾ ਅਤਰ ਸਿੰਘ ਜੀ ਘੁਨਸਾਂ ਵਾਲਿਆਂ ਦੇ ਸੇਵਕ ਸਨ) ਏਥੇ ਸੰਗਤ ਸਮੇਤ ਆਏ ਸਨ ਤੇ ਕਈ ਦਿਨ ਕਥਾ ਕੀਤੀ।

੨੦. ਗਿਆਨੀ ਸਾਧੂ ਸਿੰਘ ਪ੍ਰਗਯਾ ਚਖਸ਼ੂ (ਸੂਰਮਾ) ਜੋ ਵੱਡੇ ਸੰਤਾਂ ਦੇ ਸਮੇਂ ਤੋਂ ਰੇਰੂ ਸਾਹਿਬ ਕਥਾ ਕਰਿਆ ਕਰਦੇ ਸਨ। ਉਹ ਵੀ ਕਈ ਵਾਰ ਏਥੇ ਆਏ ਸਨ ਅਤੇ ਕਥਾ ਕਰਦੇ ਰਹੇ।

੨੧. ਸੰਤ ਅਰਜਨ ਸਿੰਘ ਜੀ (ਬੜਕੂ) ਚਠਿਆਂ ਵਾਲੇ ਜੋ ਬੜਾ ਸੁੰਦਰ ਕੀਰਤਨ ਕਰਦੇ। ਇਨ੍ਹਾਂ ਦੀ ਪ੍ਰੇਰਨਾ ਨਾਲ ਹੀ ਲਾਹੌਰ ਦੀ ਸੰਗਤ ਨੇ ਲਾਹੌਰ ਸ਼ਹਿਰ ਹਜ਼ੂਰ ਦੇ ਚਰਨ ਪੁਆਏ।

੨੨. ਸੰਤ ਸਾਧੂ ਸਿੰਘ ਜੀ ਵਿਰਕਤ ਅਤੇ ਗਿ. ਗੁਰਦਿਆਲ ਸਿੰਘ ਜੀ ਠੱਕਰਵਾਲੀਏ ਵੀ ਆਏ ਸਨ। ਸੰਤ ਗਿ. ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਵਾਲੇ ਜਥੇ ਸਮੇਤ ਕਈ ਵਾਰ ਆਏ।

੨੩. ਸੰਤ ਸ਼ਮਸ਼ੇਰ ਸਿੰਘ ਜੀ ਰਾਗੀ ਗੁੜਿਆਂ ਵਾਲੇ ਕਈ ਦਿਨ ਠਹਿਰੇ।

੨੪. ਰਾਗੀ ਪਾਖਰ ਸਿੰਘ ਆਲਮਗੀਰ।

੨੫. ਰਾਗੀ ਬਸੰਤ ਸਿੰਘ ਕਲਾੜ ਪਿੰਡ ਦਾ ਪ੍ਰਚਾਰਕ।

੨੬. ਭਗਤ ਸਾਹਿਬ ਸਿੰਘ ਜੀ ਨਵਾਂ ਪਿੰਡ ਜੋ ਗਿਆਨੀ ਅਰਜਨ ਸਿੰਘ ਜੀ (ਜਿਨ੍ਹਾਂ ਨੇ ਕਈ ਸਾਲ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਸੇਵਾ ਕੀਤੀ ਅਤੇ ਸਵੇਰੇ ਆਏ ਮਹਾਂਵਾਕੀ ਦੀ ਕਥਾ ਵੀ ਕਰਿਆ ਕਰਦੇ) ਦੇ ਪਿਤਾ ਸਨ।

੨੭. ਸੰਤ ਹਰੀ ਕਮਲ ਜੀ: ਇਹ ਮਹਾਂਪੁਰਸ਼ ੧੯੩੫ ਈ. ੯ ਮਾਘ ਦੇ ਸਾਲਾਨਾ ਜੋੜ ਮੇਲੇ ਤੇ ਪਹਿਲੀ ਵਾਰ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਆਏ। ਉਸ ਸਮੇਂ ਇਨ੍ਹਾਂ ਦੇ ਨਾਲ ਦੋ ਹੋਰ ਸਾਧੂ ਸਨ, ਖੜੋ ਕੇ ਗੁਰਬਾਣੀ ਦਾ ਵਖ਼ਿਆਨ ਸਮੇਤ ਕੀਰਤਨ ਕਰਦੇ। ਚੰਗੇ ਵਿਦਵਾਨ ਸਨ। ਤਿੰਨ ਦਿਨ ਠਹਿਰੇ। ਮਹਾਂਪੁਰਸ਼ਾਂ ਨੇ ਬੜਾ ਸਤਿਕਾਰ ਕੀਤਾ। ਉਸ ਪਿਆਰ ਦਾ ਸਦਕਾ ਕਈ ਵਾਰ ਫੇਰ ਵੀ ਦਰਸ਼ਨ ਬਖ਼ਸ਼ੇ। ਸੰਤ ਜੀ ਮਹਾਰਾਜ ਤੇ ਪੂਰਨ ਭਾਵਨਾ ਰੱਖਦੇ ਹਨ। ਜੱਥੇ ਦੇ ਸਿੰਘਾਂ ਨਾਲ ਵੀ ਬੜਾ ਪ੍ਰੇਮ ਸੀ।

੨੮. ਸੰਤ ਕਿਰਪਾਲ ਸਿੰਘ ਜੀ ਛੰਨਾਂ ਵਾਲਿਆਂ ਦੇ ਪਿਤਾ ਸੰਤ ਬਾਬਾ ਸ਼ਾਮ ਸਿੰਘ ਜੀ ਵੀ ਏਥੇ ਆਏ ਸਨ ਅਤੇ ਕਈ ਦਿਨ ਠਹਿਰੇ। ਇਉਂ ਏਥੇ ਹੋਰ ਭੀ ਬੇਅੰਤ ਨਾਮ ਵਰ ਵਿਅਕਤੀਆਂ ਨੇ ਦਰਸ਼ਨ ਦਿੱਤੇ।

ਸੰਤ ਜੀ ਮਹਾਰਾਜ ਦਾ ਸੁਨਾਮ ਜਾਣਾ

ਸ. ਗਿਆਨ ਸਿੰਘ ਜੀ ਰਾੜਾ ਮਹਾਰਾਜ ਪਟਿਆਲਾ ਯਾਦਵਿੰਦਰ ਸਿੰਘ ਦਾ ਮਾਮਾ ਲੱਗਦਾ ਸੀ। ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਤੋਂ ਉਪਦੇਸ਼ ਲੈ ਕੇ ਅੰਮ੍ਰਿਤ ਵੇਲੇ ਜਾਗ ਕੇ ਸਿਮਰਨ ਕਰਦੇ ਅਤੇ ਕਰਮਸਰ ਆ ਕੇ ਸ਼ਰਧਾ ਨਾਲ ਮਹਾਂਪੁਰਸ਼ਾਂ ਦੀ ਸੰਗਤ ਕਰਦੇ, ਦੀਵਾਨ ਸੁਣਦੇ ਸਨ। ਇਨ੍ਹਾਂ ਦੇ ਉੱਦਮ ਨਾਲ ਹੀ ਅੱਜ ਰਾੜਾ ਸਾਹਿਬ (ਜਿੱਥੇ ਢੱਕ ਤੇ ਪਲਾਹਾਂ ਦੇ ਝੁੰਡ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ ਸੀ, ਦਿਨ ਦੇ ਸਮੇਂ ਵੀ ਇਕੱਲੇ ਦੁਕੱਲੇ ਮੁਸਾਫ਼ਰ ਨਹਿਰ ਦੀ ਪਟੜੀ ਤੇ ਘੱਟ ਆਉਂਦੇ) ਅੱਜ ਪ੍ਰਤੱਖ ਮਾਤ ਲੋਕ ਉੱਤੇ ਬੈਕੁੰਠ ਤੇ ਕਸ਼ਮੀਰ ਦੀ ਸੀਨਰੀ ਦਾ ਨਮੂਨਾ ਦਿੱਸ ਰਿਹਾ ਹੈ।

ਜਦੋਂ ਇਹ ੧੯੩੧ ਈ. ਵਿੱਚ ਮੈਜਿਸਟਰੇਟ ਬਣ ਕੇ ਸੁਨਾਮ ਸ਼ਹਿਰ ਲੱਗੇ ਸਨ ਇਨ੍ਹਾਂ ਦੇ ਘਰ ਵੱਡੇ ਲੜਕੇ ਦਾ ਜਨਮ ਹੋਇਆ। ਹਜ਼ੂਰ ਦੇ ਚਰਨ ਪਵਾਉਣ ਤੇ ਅਖੰਡ ਪਾਠ ਵਾਸਤੇ ਬੇਨਤੀ ਕੀਤੀ ਸੀ।

ਪੁਲਸ ਕਪਤਾਨ ਸ. ਦਲੀਪ ਸਿੰਘ ਜੀ ਵੀ ਪਟਿਆਲੇ ਤੋਂ ਬਦਲ ਕੇ ਸੁਨਾਮ ਚਲਾ ਗਿਆ। ਇਹ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਸੀ। ਸ਼ੁਰੂ ਤੋਂ ਹੀ ਪਹਿਲੀ ਢੱਕੀ ਦਾ ਦਰਸ਼ਨ ਕਰਨ ਆਉਂਦਾ। ਇਸ ਦਾ ਜ਼ਿਲ੍ਹਾ

ਅੰਮ੍ਰਿਤਸਰ ਤੇ ਪਿੰਡ ਛੀਨਾ (ਜੋ ਭਾਈ ਬਿਧੀ ਚੰਦ ਦਾ ਨਗਰ ਸੀ) ਗੋਤ ਵੀ ਛੀਨਾ ਸੀ।

ਦੋਹਾਂ ਪ੍ਰੇਮੀਆਂ (ਸ. ਗਿਆਨ ਸਿੰਘ ਤੇ ਸ. ਦਲੀਪ ਸਿੰਘ ਜੀ) ਨੇ ਸਲਾਹ ਕਰ ਕੇ (ਕਿ ਏਥੇ ਸੰਤ ਜੀ ਮਹਾਰਾਜ ਦੇ ਚਰਨ ਪਵਾ ਕੇ ਦੀਵਾਨ ਲਗਵਾਈਏ) ਕਿਉਂਕਿ ਸ. ਗਿਆਨ ਸਿੰਘ ਦੇ ਵੱਡੇ ਲੜਕੇ ਦਾ ਜਨਮ ਹੋਇਆ ਸੀ। ਉਸ ਨੇ ਵੀ ਸੰਤ ਜੀ ਮਹਾਰਾਜ ਦੇ ਜਥੇ ਤੋਂ ਅਖੰਡ ਪਾਠ ਕਰਵਾ ਕੇ ਸੰਤ ਜੀ ਦੀ ਪਾਵਨ ਰਸਨਾ ਤੋਂ ਬੱਚੇ ਦਾ ਨਾਮ ਰਖਵਾਉਣਾ ਸੀ। ਜਦੋਂ ਹਜ਼ੂਰ ਦੇ ਪਾਸ ਬੇਨਤੀ ਕੀਤੀ, ਅਰਸ਼ੀ ਪ੍ਰੀਤਮ ਨੇ ਸਿਦਕ ਤੱਕਿਆ। ਇਲਾਕੇ ਦੀ ਸੰਗਤ ਦੇ ਸ਼ੁਭ ਕਰਮਾਂ ਨੇ ਮਨ ਪ੍ਰੇਰਿਆ ਤੇ ਪ੍ਰਵਾਨਗੀ ਦੇ ਦਿੱਤੀ। ਵੱਡੇ ਤੇ ਛੋਟੇ ਦੋਵੇਂ ਸੰਤ ਜੀ, ਹਜ਼ੂਰੀਆ ਸੇਵਾਦਾਰ, ਕੀਰਤਨੀ ਜਥਾ ਤੇ ਪਾਠੀ ਸਿੰਘ ਸਮੇਤ ਇਨ੍ਹਾਂ ਦੀ ਭੇਜੀ ਗੱਡੀ ਵਿੱਚ ਅਸਵਾਰ ਹੋ ਕੇ ਸੁਨਾਮ ਪੁੱਜੇ। ਸਾਵਣ ਦਾ ਮਹੀਨਾ ਹੋਣ ਕਰ ਕੇ ਬੂੰਦਾ ਬਾਂਦੀ ਸ਼ੁਰੂ ਸੀ। ਪਰ ਆਪ ਜੀ ਨੇ ਭਾਈ ਮੂਲੇ ਦੀ ਸਮਾਧ ਕੋਲ ਬਾਹਰ ਹੀ ਤੰਬੂਆਂ ਵਿੱਚ ਰਿਹਾਇਸ਼ ਕੀਤੀ। ਪਹਿਲਾਂ ਸ. ਗਿਆਨ ਸਿੰਘ ਜੀ ਦੇ ਘਰ ਅਖੰਡ ਪਾਠ ਕੀਤਾ। ਸਮਾਪਤੀ ਵਾਲੇ ਦਿਨ ਜੋ ਸਤਿਗੁਰਾਂ ਦਾ ਹੁਕਮ ਆਇਆ ਉਸ ਦੇ ਪਹਿਲੇ ਅੱਖਰ ਤੋਂ ਬੱਚੇ ਦਾ ਨਾਮ ਰੱਖਿਆ। ਫੇਰ ਸ. ਦਲੀਪ ਸਿੰਘ ਦੀ ਕੋਠੀ ਅਖੰਡ ਪਾਠ ਪ੍ਰਾਰੰਭ ਕੀਤਾ। ਪੰਜ ਦਿਨ ਦੀਵਾਨ ਸਜਦੇ ਰਹੇ, ਬੇਅੰਤ ਸੰਗਤਾਂ ਨੇ ਇਲਾਹੀ ਕੀਰਤਨ ਦਾ ਲਾਭ ਪ੍ਰਾਪਤ ਕੀਤਾ।

ਭਗਤੀ ਰੂਪੀ ਨਦੀ

ਆਪ ਜੀ ਨੇ ਫੁਰਮਾਇਆ ਕਿ ਪ੍ਰਮੇਸ਼ਰ ਦੀ ਭਗਤੀ ਇੱਕ ਨਦੀ ਦੇ ਸਦਰਸ਼ ਹੈ। ਇਹ ਭਗਤੀ ਰੂਪੀ ਨਦੀ ਸਾਧ ਸੰਗਤ ਰੂਪੀ ਸੁੰਦਰ ਸੋਮੇਂ 'ਚੋਂ ਨਿਕਲਦੀ ਹੈ। ਇਸ ਦੇ ਵਹਿਣ ਦੀ ਜਗ੍ਹਾ ਨਿਮ੍ਰਤਾ ਵਾਲਾ ਸ੍ਰੇਸ਼ਟ ਹਿਰਦਾ ਹੈ। ਇਸ ਵਿੱਚ ਹਰੀ ਕੀਰਤਨ ਦਾ ਅੰਮ੍ਰਿਤ ਰੂਪੀ ਨਿਰਮਲ ਜਲ ਹੈ। ਇਸ ਵਿੱਚ ਪ੍ਰਮੇਸ਼ਰ ਦੇ ਨਾਮ ਦੀਆਂ ਸੁੰਦਰ ਲਹਿਰਾਂ ਉੱਠਦੀਆਂ ਹਨ। ਇਹ ਭ੍ਰਮ ਤੇ ਅਗਿਆਨ ਦੇ ਕੰਢਿਆਂ ਨੂੰ ਢਾਹੁਣ ਵਾਸਤੇ ਮਹਾਂ ਸਮ੍ਰਥ ਹੈ। ਕਲਜੁਗੀ ਸਮੇਂ ਦੇ ਪਾਪਾਂ ਰੂਪੀ ਬ੍ਰਿਛਾਂ ਨੂੰ ਜੜੋਂ ਪੁੱਟਣ ਵਾਲੀ ਹੈ। ਸਤਿਗੁਰਾਂ ਦੇ ਸ਼ਰਧਾਲੂ ਸਿੱਖ ਜਲ ਜੀਵਾਂ ਵਾਂਗ ਇਸ ਨਦੀ ਨੂੰ ਆਪਣਾ ਜੀਵਨ ਸਮਝਦੇ ਹੋਏ ਕਦੇ ਵੀ ਵਿਛੋੜਾ ਨਹੀਂ ਚਾਹੁੰਦੇ। ਕਥਾ ਕੀਰਤਨ ਸੁਣਨ ਸਮੇਂ ਜੋ ਅੰਦਰ ਪ੍ਰੇਮ ਦਾ ਵੇਗ ਉੱਠਦਾ ਹੈ, ਇਹ ਇਸ ਨਦੀ ਦਾ ਪ੍ਰਵਾਹ ਹੈ। ਇਹ ਨਦੀ ਮਾਇਆ ਰੂਪੀ (ਕਾਈ) ਜਾਲੇ ਤੋਂ ਰਹਿਤ ਹੈ। ਸਤਿਗੁਰਾਂ ਦੇ ਚਰਨ ਕਮਲਾਂ ਦਾ ਧਿਆਨ ਹੀ ਇਸ ਵਿੱਚ ਸ਼ੀਤਲਤਾ ਹੈ। ਇਹ ਨਦੀ ਵਾਹਿਗੁਰੂ ਰੂਪੀ ਸਮੁੰਦਰ ਦੇ ਸਨਮੁਖ ਜਾ ਕੇ ਉਸ ਵਿੱਚ ਹੀ ਲੀਨ ਹੋ ਜਾਂਦੀ ਹੈ। ਇਸ ਵਿੱਚ ਪ੍ਰਵੇਸ਼ ਹੋਇਆਂ ਮੌਤ ਰੂਪੀ ਤਪਸ਼ ਦਾ ਭੈ ਨਹੀਂ ਰਹਿੰਦਾ। ਜੋ ਗੁਰਮੁਖ ਜਨ ਏਸ ਭਗਤੀ ਰੂਪੀ ਨਦੀ ਤੇ ਪੁੱਜ ਕੇ ਸ਼ਰਧਾ ਰੂਪੀ ਘਾਟ ਅਤੇ ਨਿਸ਼ਚੇ ਰੂਪੀ ਪਟੜੇ ਉੱਤੇ ਬੈਠ ਕੇ ਸਰਵਣ ਮੰਨਣ ਕਰਨ ਰੂਪੀ ਮਨ ਦਾ ਇਸ਼ਨਾਨ ਕਰਵਾਉਂਦੇ ਹਨ, ਉਹ ਸਦੀਵੀ ਵਾਹਿਗੁਰੂ ਵਿੱਚ ਅਭੇਦ ਹੋ ਜਾਂਦੇ ਹਨ।

ਯਥਾ: ਮਿਲਣਾ ਚਾਹੇ ਸਿੰਧ ਕੋ ਕਰ ਸਰਿਤਾ ਸਿਉ ਸੰਗ। ਪਰਸ ਰਾਮ ਹਰਿ ਮਿਲਣ ਕੋ ਮਾਰਗ ਹੈ ਸਤਿ ਸੰਗ।

ਇਤਿਆਦਿਕ ਉਪਦੇਸ਼, ਉਪਰੰਤ ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਵੀ ਹੋਇਆ। ਬਹੁਤ ਸਾਰੇ ਸੱਜਣ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਗੁਰੂ ਦੇ ਜਹਾਜ਼ੇ ਚੜ੍ਹੇ। ਪ੍ਰੇਮੀਆਂ ਨੇ ਸੰਤ ਜੀ ਮਹਾਰਾਜ ਤੋਂ ਭਜਨ ਸਿਮਰਨ ਦੀ ਜੁਗਤੀ ਪੁੱਛੀ ਤੇ ਕ੍ਰਿਤਾਰਥ ਹੋਏ। ਉਪਰੰਤ ਆਪ ਜੀ ਨੇ ਵਾਪਸ ਆ ਕੇ ਅਸਥਾਨ ਤੇ ਸੰਗਤ ਨੂੰ ਦਰਸ਼ਨ ਬਖ਼ਸ਼ੇ।

ਸੰਤ ਜੀ ਮਹਾਰਾਜ ਨੇ ਸਜਾਦਪੁਰ ਜਾਣਾ

ਸਜਾਦਪੁਰ ਨਗਰ ਤੋਂ ਭਾਈ ਸ਼ੇਰ ਸਿੰਘ (ਜੋ ਵੱਡੇ ਸੰਤ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਸੇਵਕ ਅਤੇ ਤੋਪਖਾਨੇ ਗ੍ਰੰਥੀ ਸੀ) ਇਸ ਨੇ ਆਪਣੀ ਲੜਕੀ ਦੀ ਸ਼ਾਦੀ ਸਮੇਂ ਆਪ ਜੀ ਪਾਸ ਬੇਨਤੀ ਕੀਤੀ। ਪਟਿਆਲੇ ਰਹਿੰਦਿਆਂ ਹੀ ਛੋਟੇ ਸੰਤਾਂ ਨਾਲ ਤੋਪਖਾਨੇ ਦੀ ਵਾਕਫ਼ੀ ਸੀ। ਇਸ ਕਰ ਕੇ ਇਸ ਪ੍ਰੇਮੀ ਦਾ ਬਚਨ ਮੰਨਣਾ ਪਿਆ। ਦੋਵੇਂ ਮਹਾਂਪੁਰਸ਼, ਹਜ਼ੂਰੀਆ ਸੇਵਾਦਾਰ ਗੁਰਬਚਨ ਸਿੰਘ (ਭਾਈ ਜੀ) ਹੋਰ ਸਾਜੀ ਤੇ ਪਾਠੀ ਸਿੰਘਾਂ ਸਮੇਤ ਆਪ ਜੀ ਧੌਂਕਲ ਦੀ ਬੱਸ ਤੇ ਸਜਾਦਪੁਰ ਪੁੱਜੇ, ਜੋ ਅੰਬਾਲੇ ਤੋਂ ੧੮ ਮੀਲ ਤੇ ਰਾਜਪੁਰੇ ਤੋਂ ਅੱਗੇ ਨਰੈਣਗੜ੍ਹ ਤਹਿਸੀਲ ਵਿੱਚ ਹੈ। ਏਥੇ ਮਹਾਰਾਜ ਜੀ ਤਿੰਨ ਦਿਨ ਠਹਿਰੇ। ਦੀਵਾਨ ਸਜੇ, ਅਖੰਡ ਪਾਠ ਕੀਤਾ ਅਤੇ ਨਾਲ ਦੇ ਜਥੇ ਨੇ ਅਨੰਦ ਕਾਰਜ ਕਰਵਾਏ। ਘਰ ਵਾਲੇ ਪ੍ਰੇਮੀਆਂ ਨੇ ਬੜੀ ਭਾਵਨਾ ਨਾਲ ਸੇਵਾ ਕੀਤੀ। ਜਦੋਂ ਪਟਿਆਲੇ ਦੀ ਸੰਗਤ ਨੂੰ ਆਪ ਜੀ ਦੇ ਏਧਰ ਜਾਣ ਦਾ ਪਤਾ ਲੱਗਾ ਤਾਂ ਦੋ ਆਦਮੀ ਬੇਨਤੀ ਕਰਨ ਵਾਸਤੇ ਸਜਾਦਪੁਰ ਭੇਜ ਦਿੱਤੇ ਕਿ ਵਾਪਸ ਆਉਂਦਿਆਂ ਦਰਸ਼ਨ ਬਖ਼ਸ਼ਣੇ। ਹਜ਼ੂਰ ਨੇ ਇਨ੍ਹਾਂ ਦੀ ਭਾਵਨਾ ਤੱਕ ਕੇ ਬੇਨਤੀ ਪ੍ਰਵਾਨ ਕਰ ਲਈ ਅਤੇ ਵਾਪਸ ਆਉਂਦਿਆਂ ਤਿੰਨ ਦੀਵਾਨ ਨੌਵੇਂ ਪਾਤਸ਼ਾਹ ਜੀ ਮਹਾਰਾਜ ਦੇ ਪਵਿੱਤ੍ਰ ਅਸਥਾਨ ਗੁਰਦੁਆਰਾ ਦੁਖ ਨਿਵਾਰਨ ਸਹਿਬ ਵਿਖੇ ਕੀਤੇ।

ਮੱਘਰ ਸੁਦੀ ਪੰਚਮੀ ਦਾ ਸ਼ਹੀਦੀ ਗੁਰਪੁਰਬ ਸੀ। ਹਿੰਦਵੈਣ ਦੇ ਰਾਖੇ, ਹਿੰਦ ਦੀ ਚਾਦਰ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਸ਼ਹੀਦ ਦਾਦੇ ਦਾ ਪੋਤਰਾ, ਸ਼ਹੀਦ ਪੋਤਰਿਆਂ ਦਾ ਦਾਦਾ, ਨੌਵਾਂ ਗੁਰੂ, ਜਿਸ ਨੇ ਅਦੁੱਤੀ ਸ਼ਹਾਦਤ ਦਿੱਤੀ। ਹਜ਼ੂਰ ਦੀ ਰਸਨਾ ਤੋਂ ਵੈਰਾਗ ਮਈ ਅਮੋਲਕ ਬਚਨ ਤੇ ਰੱਬੀ ਬਾਣੀ ਦਾ ਕੀਰਤਨ ਸੁਣ ਕੇ ਸਰੋਤਿਆਂ ਦੇ ਨੇਤਰ ਸਜਲ ਹੋ ਗਏ। ਉਪਰੰਤ ਆਪ ਜੀ ਅਸਥਾਨ ਤੇ ਵਾਪਸ ਆ ਗਏ।

ਹਜ਼ੂਰ ਦਾ ਮਸੂਰੀ ਜਾਣਾ

੧੯੩੨ ਈਸਵੀ ਦੇ ਅਗਸਤ ਮਹੀਨੇ ਜਦੋਂ ਕਿ ਪਟਿਆਲੇ ਸਰਕਾਰੀ ਦਫ਼ਤਰਾਂ ਵਿੱਚ ਛੁੱਟੀਆਂ ਹੁੰਦੀਆਂ ਹਨ। ਸ. ਗਿਆਨ ਸਿੰਘ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਆਪ ਮਸੂਰੀ ਦਰਸ਼ਨ ਦਿਓ। ਆਪ ਜੀ ਨੇ ਉੱਥੋਂ ਦੇ ਪੁੰਨੀ ਪੁਰਸ਼ਾਂ ਦੀ ਪ੍ਰਾਰਬਧ ਤੱਕ ਕੇ ਮਨਜ਼ੂਰੀ ਬਖ਼ਸ਼ ਦਿੱਤੀ। ਇੱਕ ਦੋ ਸੇਵਾਦਾਰ ਸਮੇਤ ਜਿਨ੍ਹਾਂ ਵਿੱਚ ਹਜ਼ੂਰੀਆ ਸੇਵਕ ਬਾਬਾ ਨਾਹਰ ਸਿੰਘ, ਬਾਬਾ ਹੀਰਾ ਸਿੰਘ, ਮੋਤਾ ਸਿੰਘ ਢੋਲਕੀ ਮਾਸਟਰ, ਬੰਤਾ ਸਿੰਘ ਪਿੰਡ ਘੁਡਾਣੀ ਕਲਾਂ ਸਨ। ਕਰਮਸਰ ਤੋਂ ਸ. ਗਿਆਨ ਸਿੰਘ ਦੀ ਭੇਜੀ ਗੱਡੀ ਤੇ ਅਸਵਾਰ ਹੋ ਗਏ। ਉੱਧਰੋਂ ਸਮੇਤ ਪ੍ਰਵਾਰ ਦੇ ਸ. ਗਿਆਨ ਸਿੰਘ, ਉਸ ਦਾ ਰਿਸ਼ਤੇਦਾਰ ਜਗਜੀਵਨ ਸਿੰਘ ਪਟਿਆਲੇ ਵਾਲੇ, ਸ. ਸੁਖਦੇਵ ਸਿੰਘ ਨਾਜ਼ਮ ਦਾ ਵੱਡਾ ਲੜਕਾ ਸੁਖਦਾਇਕ ਸਿੰਘ; ਇਹ ਆਪ ਜੀ ਨਾਲ ਡੇਹਰਾਦੂਨ ਪੁੱਜੇ। ਏਥੇ ਸ. ਬਿਸ਼ੇਸ਼ਰ ਸਿੰਘ ਘੜੂਏਂ ਦੀ ਆਪਣੀ ਕੋਠੀ ਸੀ (ਜੋ ਪਟਿਆਲੇ ਦਾ ਮੈਜਿਸਟਰੇਟ ਸੀ) ਉਸ ਜਗ੍ਹਾ ਰਾਤ ਕੱਟੀ। ਪ੍ਰਵਾਰ ਨੇ ਉਤਸ਼ਾਹ ਨਾਲ ਸੇਵਾ ਕੀਤੀ। ਦੂਸਰੇ ਦਿਨ ਸਵੇਰੇ ਟੈਕਸੀਆਂ ਲੈ ਕੇ ਮਸੂਰੀ ਪੁੱਜੇ। ਸ. ਗਿਆਨ ਸਿੰਘ ਨੇ ਤਾਂ ਕਿਤਾਬ ਘਰ ਦੇ ਏਰੀਏ ਵਿੱਚ ਕਿਰਾਏ ਤੇ ਹੋਟਲ ਵਿੱਚ ਕਮਰਾ ਲਿਆ ਸੀ ਉੱਥੇ ਠਹਿਰ ਗਿਆ। ਸੰਤ ਜੀ ਮਹਾਰਾਜ ਵਾਸਤੇ (ਇੱਕ ਰਾਣੀ ਬਲਵੰਤ ਕੌਰ (ਮਨੌਲੀ) ਦੀ ਸੀਖ ਵਾਲੀ ਸਭ ਤੋਂ ਉੱਚੀ ਕੋਠੀ ਸੀ) ਉਹ ਕੋਠੀ ਪੁੱਛੀ ਸੀ। ਉਸ ਵਿੱਚ ਰਿਹਾਇਸ਼ ਕਰਵਾ ਦਿੱਤੀ। ਆਪ ਜੀ ਏਥੇ ਇੱਕ ਮਹੀਨਾ ਠਹਿਰੇ। ਦੋ ਵਕਤ ਕੋਠੀ ਦੀ ਗਰਾਊਂਡ ਵਿੱਚ ਹੀ ਕੀਰਤਨ ਕਰਦੇ ਸਨ। ਸੇਵਾ ਸ. ਗਿਆਨ ਸਿੰਘ ਦੇ ਪ੍ਰਵਾਰ ਤੇ ਹੋਰ ਸੱਜਣਾਂ ਵੱਲੋਂ ਵੀ ਹੁੰਦੀ ਰਹੀ। ਆਪ ਜੀ ਨੇ ਇਸ ਜਗ੍ਹਾ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਦਾ ਵਰਣਨ ਕੀਤਾ ਕਿ ਚਾਰੇ ਹੀ ਜੁਗਾਂ ਵਿੱਚ ਪ੍ਰਮੇਸ਼ਰ ਦੇ ਨਾਮ ਦੀ ਵਡਿਆਈ ਹੈ।

ਜਿਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਸਮੁੰਦਰ ਉੱਪਰ ਦੀ ਚਲੇ ਜਾਂਦੇ ਸਨ ਤਾਂ ਉਸ ਸਮੇਂ ਨਾਰਦ ਮੁਨੀ ਆ ਕੇ ਮਿਲਿਆ ਅਤੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਆਪ ਜੀ ਨੇ ਸਤਿਜੁਗ ਵਿੱਚ ਬ੍ਰਹਮਾ ਪ੍ਰਤੀ ਦੁਆਦਸ਼ ਮਹਾਂਵਾਕਾਂ ਦਾ ਉਪਦੇਸ਼ ਕੀਤਾ ਉਸ ਨਾਲ ਵੀ ਕਿਤਨੇ ਜੀਵ ਉਧਰ ਗਏ। ਫੇਰ ਤ੍ਰੇਤੇ ਜੁਗ ਵਿੱਚ ਆਪ ਜੀ ਨੇ ਜੀਵਾਂ ਦੀ ਉਮਰ ਤੇ ਬੁੱਧੀ ਸਤਿਜੁਗ ਨਾਲੋਂ ਘੱਟ ਜਾਣ ਕੇ ਮਨੂ ਰਾਜੇ ਦੁਆਰਾ ਸਿਮ੍ਰਤੀਆਂ ਉਚਾਰੀਆਂ। ਨਾਮ ਦਾ ਸਿਮਰਨ ਤੇ ਜੱਗ ਕਰਨ ਦਾ ਉਪਦੇਸ਼ ਕਰ ਕੇ ਬੇਅੰਤ ਜੀਵ ਤਾਰੇ। ਫੇਰ ਦੁਆਪਰ ਜੁਗ ਵਿੱਚ ਉਸ ਤੋਂ ਵੀ ਜੀਵਾਂ ਦੀ ਤੁੱਛ ਬੁੱਧੀ ਜਾਣ ਕੇ ਪੁਰਾਣ ਪ੍ਰਵਿਰਤ ਕਰ ਕੇ ਨਾਮ, ਭਜਨ ਅਤੇ ਪੂਜਾ ਦ੍ਰਿੜ ਕਰਵਾਏ। ਇਸ ਨਾਲ ਵੀ ਬਹੁਤ ਜੀਵ ਤਰੇ। ਹੁਣ ਕਲਯੁਗ ਦੇ ਸਮੇਂ ਜੀਵਾਂ ਦੀ ਉਮਰ ਵੀ ਘੱਟ, ਬੁੱਧੀ ਵੀ ਥੋੜ੍ਹੀ, ਸਰੀਰ ਵੀ ਕਮਜ਼ੋਰ ਤੇ ਵਿਸ਼ਿਆਂ ਵਿੱਚ ਪ੍ਰਵਿਰਤ ਸਮਝ ਕੇ ਉਨ੍ਹਾਂ ਦੀ ਕਲਿਆਣ ਵਾਸਤੇ ਸੁੰਦਰ ਬਾਣੀ ਦਾ ਉਪਦੇਸ਼ ਦਿੱਤਾ ਹੈ। ਜੋ ਸੰਗਤ ਵਿੱਚ ਮਿਲ ਕੇ ਨਾਮ ਬਾਣੀ ਉਚਾਰਨ ਕਰਨਗੇ, ਉਨ੍ਹਾਂ ਸਾਰਿਆਂ ਦਾ ਭਰਮ ਦੂਰ ਹੋ ਜਾਵੇਗਾ।"

ਉਸ ਸਮੇਂ ਭਾਈ ਬਾਲੇ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀ! ਪ੍ਰਤੀਤ ਹੁੰਦਾ ਹੈ ਪਿਛਲੇ ਜੁਗਾਂ ਵਿੱਚ ਵੀ ਹੋਰ ਸਾਧਨਾਂ ਨਾਲ ਨਾਮ ਨੂੰ ਹੀ ਮੁੱਖ ਰੱਖਿਆ ਸੀ।" ਤਾਂ ਉਸ ਸਮੇਂ ਹਜ਼ੂਰ ਨੇ ਉੱਤਰ ਦਿੱਤਾ, "ਭਾਈ ਬਾਲਾ! ਠੀਕ ਹੈ, ਚੋਹਾਂ ਜੁਗਾਂ ਵਿੱਚ ਨਾਮ ਜਪ ਕੇ ਹੀ ਉਧਾਰ ਹੁੰਦਾ ਹੈ। ਪਰ ਪਿਛਲੇ ਜੁਗਾਂ ਵਿੱਚ ਇਕੱਲੇ ਨਾਮ ਤੇ ਜੀਵਾਂ ਦਾ ਭਰੋਸਾ ਨਹੀਂ ਸੀ ਬੱਝਦਾ। ਇਸੇ ਕਰ ਕੇ ਜੋਗ ਜੱਗ ਤੇ ਪੂਜਾ ਨਾਲ ਰੱਖੇ। ਜਿਵੇਂ ਦੋ ਤਰ੍ਹਾਂ ਦੇ ਪੁਰਸ਼ਾਂ ਨੂੰ ਪੇਟ ਦਰਦ ਹੋਣ ਲੱਗਾ, ਜਿਨ੍ਹਾਂ ਵਿੱਚੋਂ ਇੱਕ ਸ਼ਾਹੂਕਾਰ ਸੀ ਦੂਜਾ ਕੰਗਾਲ ਸੀ। ਪਹਿਲਾਂ ਸ਼ਾਹੂਕਾਰ ਵੈਦ ਕੋਲ ਜਾ ਕੇ ਆਖਣ ਲੱਗਾ ਮੇਰੇ ਪੇਟ ਵਿੱਚ ਸੂਲ ਹੁੰਦਾ ਹੈ। ਕੋਈ ਦਵਾਈ ਦਿਓ। ਵੈਦ ਸਿਆਣਾ ਸੀ ਸੋਚਿਆ ਦਰਦ ਹਟਾਉਣ ਦਾ ਉਪਾਅ ਤਾਂ ਸੌਖਾ ਹੀ ਹੈ, ਕੇਵਲ ਇੱਕੋ ਜਵੈਣ ਦੀ ਫ਼ੱਕੀ। ਪਰ ਇਸ ਨੇ ਨਿਸ਼ਚਾ ਤੇ ਕਦਰ ਨਹੀਂ ਕਰਣੀ। ਉਸ ਸਮੇਂ ਇੱਕ ਚਿੱਟੀ ਪੁੜੀ ਬੰਨ੍ਹ ਕੇ ਦਿੱਤੀ ਅਤੇ ਆਖਿਆ ਇਸ ਨੂੰ ਜਵੈਣ ਦੇ ਕਾਹੜੇ ਨਾਲ ਲੈ ਲਵੀਂ। ਉਸ ਨੇ ਏਸੇ ਤਰ੍ਹਾਂ ਕੀਤਾ ਤੇ ਉਸ ਦਾ ਦਰਦ ਹਟ ਗਿਆ। ਸ਼ਾਹੂਕਾਰ ਨੇ ਸੋਚਿਆ ਚਿੱਟੀ ਪੁੜੀ ਨੇ ਹੀ ਦਰਦ ਹਟਾਇਆ ਹੈ। ਇਸੇ ਤਰ੍ਹਾਂ ਕੰਗਾਲ ਰੋਗੀ ਵੀ ਵੈਦ ਪਾਸ ਗਿਆ ਤੇ ਰੋਗ ਉਸ ਨੂੰ ਵੀ ਉਹੋ ਹੀ ਸੀ। ਵੈਦ ਨੇ ਕਿਹਾ ਗ਼ਰਮ ਪਾਣੀ ਨਾਲ ਜਵੈਣ ਦੀ ਫ਼ੱਕੀ ਖਾ ਲੈ ਦਰਦ ਹਟ ਜਾਵੇਗਾ। ਉਸ ਨੇ ਕਿਹਾ ਮੇਰੇ ਕੋਲ ਤਾਂ ਜਵੈਣ ਜੋਗੇ ਵੀ ਪੈਸੇ ਨਹੀਂ। ਵੈਦ ਨੇ ਜਵੈਣ ਵਾਸਤੇ ਵੀ ਆਪਣੇ ਕੋਲੋਂ ਦੋ ਪੈਸੇ ਦੇ ਦਿੱਤੇ। ਇਉਂ ਉਸ ਦਾ ਵੀ ਰੋਗ ਹਟ

ਗਿਆ। ਇਸੇ ਤਰ੍ਹਾਂ ਪੂਰੇ ਗੁਰੂ ਵੈਦ ਨੇ ਉਪਦੇਸ਼ ਦਿੱਤਾ। ਸਤਜੁਗ ਦੇ ਸਮੇਂ ਲੱਖ ਵਰ੍ਹਿਆਂ ਦੀ ਉਮਰ, ਸ਼ਕਤੀਸ਼ਾਲੀ ਸਰੀਰ ਤੇ ਸ਼ੁੱਧ ਮਨ ਜਾਣ ਕੇ ਸੋਚਿਆ, ਇਤਨਾ ਸਮਾਂ ਇਕੱਲੇ ਸਿਮਰਨ ਵਿੱਚ ਨਹੀਂ ਲੰਘਣਾ। ਨਾਲ ਜੋਗ ਦਿੱਤਾ। ਤ੍ਰੇਤੇ ਵਿੱਚ ਦਸ ਹਜ਼ਾਰ ਬਰਸ ਦੀ ਉਮਰ ਰਹਿ ਗਈ। ਸਿਮਰਨ ਨਾਲ ਯੱਗ ਕਰਣੇ ਲਾ ਦਿੱਤੇ। ਦੁਆਪਰ ਵਿੱਚ ਹਜ਼ਾਰ ਬਰਸ ਦੀ ਆਯੂ ਸੀ। ਨਾਲ ਚਿੱਟੀ ਪੁੜੀ ਦੀ ਤਰ੍ਹਾਂ ਪੂਜਾ ਲਾ ਦਿੱਤੀ ਤੇ ਕਲਜੁਗ ਵਿੱਚ ਸਭ ਨੂੰ ਬੁੱਧੀ ਰੂਪੀ ਮੁੱਲ ਤੋਂ ਬਿਨਾਂ ਤੇ ਉਮਰ ਵੀ ਥੋੜ੍ਹੀ ਜਾਣ ਕੇ ਵਿਸ਼ਿਆਂ ਵਿੱਚ ਪ੍ਰਵਿਰਤ ਸਮਝ ਕੇ ਜੋ ਭਾਖਾ ਵਿੱਚ ਬਾਣੀ ਰਚੀ ਹੈ, ਇਹ ਆਪਣੇ ਕੋਲੋਂ ਮੁੱਲ ਦਿੱਤਾ ਹੈ ਅਤੇ ਧਨ ਆਯੂ ਤੇ ਬਲ ਤੋਂ ਬਿਨਾਂ ਸਮਝ ਕੇ ਇਕੱਲੇ ਨਾਮ ਦਾ ਹੀ ਉਪਦੇਸ਼ ਦਿੱਤਾ। ਇਸ ਦੇ ਪੜ੍ਹਨ ਸੁਣਨ ਦਾ ਹਰੇਕ ਕੌਮ ਤੇ ਗ਼ਰੀਬ ਅਮੀਰ ਨੂੰ ਅਧਿਕਾਰ ਹੈ।"

ਜਦੋਂ ਇਨ੍ਹਾਂ ਅਫ਼ਸਰਾਂ ਦੀ ਛੁੱਟੀ ਪੂਰੀ ਹੋਣ ਲੱਗੀ ਫੇਰ ਆਪ ਜੀ ਉਸ ਤਰ੍ਹਾਂ ਇੱਕ ਰਾਤ ਵਾਪਸੀ ਤੇ ਡੇਹਰਾਦੂਨ ਠਹਿਰ ਕੇ ਅੱਸੂ ਦੀ ਸੰਗਰਾਂਦ ਤੋਂ ਇੱਕ ਦਿਨ ਪਹਿਲਾਂ ਕਰਮਸਰ ਦੀ ਪਵਿੱਤ੍ਰ ਧਰਤੀ ਤੇ ਸੰਗਤਾਂ ਨੂੰ ਆ ਦਰਸ਼ਨ ਬਖ਼ਸ਼ੇ।

ਹਜ਼ੂਰ ਦੀ ਸ਼ਿਮਲੇ ਦੀ ਯਾਤਰਾ

ਮਸੂਰੀ ਤੋਂ ਅਗਲੇ ਸਾਲ ੧੯੩੩ ਈ. ਦੇ ਵੈਸਾਖ ਮਹੀਨੇ ਆਪ ਜੀ ਦੇ ਪਾਵਨ ਚਰਨਾਂ ਵਿੱਚ ਦਫ਼ਤਰੀ ਵਾਲੇ ਸ. ਗੁਰਦੇਵ ਸਿੰਘ ਅਤੇ ਉਸ ਦੀ ਭੈਣ ਬੀਬੀ ਕਰਤਾਰ ਕੌਰ, ਸ. ਗੁਰਦੇਵ ਸਿੰਘ ਦੇ ਘਰੋਂ ਬੀਬੀ ਅਵਤਾਰ ਕੋਰ ਦੀ ਭੈਣ ਸੂਰਜ ਕੌਰ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਆਪ ਕ੍ਰਿਪਾ ਕਰ ਕੇ ਸ਼ਿਮਲੇ ਵੀ ਚਰਨ ਪਾਓ। ਉਸ ਜਗ੍ਹਾ ਕੁਦਰਤ ਦੀ ਰਚਨਾ, ਪਹਾੜਾਂ ਦੀ ਸੀਨਰੀ ਤੇ ਫੁਲਵਾੜੀ ਦੇਖਣ ਯੋਗ ਹੈ। ਇਸੇ ਤਰ੍ਹਾਂ ਕਈ ਵਾਰੀ ਦਰਸ਼ਨਾਂ ਨੂੰ ਆਇਆਂ ਸ. ਗਿਆਨ ਸਿੰਘ ਵੀ ਸਮੇਤ ਪ੍ਰਵਾਰ ਦੇ ਅਰਜ਼ਾਂ ਕਰਿਆ ਕਰਦਾ ਕਿ ਮਹਾਰਾਜ! ਉਸ ਜਗ੍ਹਾ ਬਹੁਤ ਠੰਢ ਤੇ ਬੰਦਗ਼ੀ ਵਾਸਤੇ ਪੂਰਨ ਇਕਾਂਤ ਹੈ। ਕਿਸੇ ਵੀ ਪਹਾੜੀ ਦੇ ਉੱਪਰ ਜਾ ਬੈਠੋ। ਚੌਫੇਰੇ ਸੁੰਦਰ ਨਜ਼ਾਰੇ ਹੀ ਦਿਸਦੇ ਹਨ। ਉਸ ਤੋਂ ਅੱਗੇ ਹਾਟੂ ਦੀ ਪਹਾੜੀ ਦੇ ਹਰੇਕ ਮੌਸਮ ਵਿੱਚ ਮਹਿਕਾਵਣ ਵਾਲੇ ਕੁਦਰਤੀ ਫੁੱਲ ਖਿੜੇ ਰਹਿੰਦੇ ਹਨ। ਨਿਰਮਲ ਜਲ ਦੇ ਚਸ਼ਮੇ ਵਗਦੇ ਹਨ, ਜੋ ਪਥਰੀਲੀ ਧਰਤੀ ਤੇ ਡਿੱਗਿਆਂ ਬੜੀ ਸੁੰਦਰ ਅਵਾਜ਼ ਕਰਦੇ ਹਨ। ਆਪ ਦੋਵੇਂ ਮਹਾਂਪੁਰਸ਼ ਜ਼ਰੂਰ ਹੀ ਦਰਸ਼ਨ ਬਖ਼ਸ਼ੋ। ਆਪ ਜੀ ਦਾ ਤਾਂ ਵਧੇਰੇ ਕੋਈ ਖ਼ਿਆਲ ਨਹੀਂ ਸੀ। ਪਰ ਜਦੋਂ ਇਨ੍ਹਾਂ ਸਾਰਿਆਂ ਨੇ ਛੋਟੇ ਸੰਤ ਜੀ ਮਹਾਰਾਜ ਨੂੰ ਅਰਜ਼ ਕਰ ਕੇ ਮਨਾ ਲਿਆ, ਫੇਰ ਉਨ੍ਹਾਂ ਦਾ ਬਚਨ ਆਪ ਜੀ ਨੂੰ ਵੀ ਮੰਨਣਾ ਪਿਆ। ਜਿਸ ਕਰ ਕੇ ਪਹਿਲੀ ਵਾਰ ਤਾਂ ਕੇਵਲ ਇੱਕ ਸੇਵਕ ਬਾਬਾ ਨਾਹਰ ਸਿੰਘ ਜੀ ਹਜ਼ੂਰੀਏ ਸੇਵਾਦਾਰ ਨਾਲ ਵੱਡੇ ਮਹਾਰਾਜ ਜੀ ਹੀ ਗਏ ਸਨ।

ਦੂਸਰੀ ਵਾਰ ਸੰਗਰਾਂਦ ਨੂੰ ਆਇਆਂ ਛੋਟੇ ਸੰਤ ਜੀ ਨੂੰ ਵੀ ਸ. ਗਿਆਨ ਸਿੰਘ ਨੇ ਬੇਨਤੀ ਕਰ ਕੇ ਨਾਲ ਲੈ ਲਿਆ। ਉਨ੍ਹਾਂ ਦੇ ਨਾਲ ਭਾਈ ਦਲੀਪ ਸਿੰਘ ਮਾਠਾ (ਪਿੰਡ ਸਭਰਾਵਾਂ ਦੁਆਬਾ) ਦਾ ਸੇਵਾਦਾਰ ਗਿਆ। ਇੱਕ ਮਹੀਨਾ ਪ੍ਰੀਤਮ ਸਿੰਘ (ਚੌਪਈ) ਵੀ ਨਾਲ ਸੀ। ਏਧਰੋਂ ਸ. ਗਿਆਨ ਸਿੰਘ (ਮੈਜਿਸਟਰੇਟ) ਪ੍ਰਵਾਰ ਸਮੇਤ, ਸ. ਦਲੀਪ ਸਿੰਘ ਪੁਲਸ ਕਪਤਾਨ (ਜੋ ਪਿਛੋਂ ਪੈਪਸੂ ਦਾ ਆਈ. ਜੀ. ਹੋ ਕੇ ਰੀਟਾਇਰ ਹੋਇਆ), ਸ. ਬਿਸ਼ੇਸ਼ਰ ਸਿੰਘ ਮੈਜਿਸਟਰੇਟ ਪਿੰਡ ਘੜੂਆਂ (ਇਹ ਉਸ ਸਮੇਂ ਬਸੀ ਡਿਪਟੀ ਲੱਗਾ ਹੋਇਆ ਸੀ), ਸ. ਨਰਿੰਜਨ ਸਿੰਘ ਕੰਪਾਉਂਡਰ ਮੋਤੀ ਬਾਗ਼ (ਪਟਿਆਲਾ), ਸ. ਗੁਰਦੇਵ ਸਿੰਘ ਦਫ਼ਤਰੀ ਵਾਲਾ (ਪ੍ਰਵਾਰ ਸਮੇਤ), ਸ. ਸਾਧੂ ਸਿੰਘ ਰਜਿਸਟਰਾਰ ਪਿੰਡ ਦਿਤੂਪੁਰ (ਪਟਿਆਲਾ), ਸ. ਮਹਿੰਦਰ ਸਿੰਘ ਅਟਾਰੀ (ਸ਼ਿਮਲਾ), ਸ. ਜਗਜੀਵਨ ਸਿੰਘ ਅਤੇ ਸੰਤ ਜੀ ਜਗਦੀਪ ਸਿੰਘ ਦੀ ਗੱਡੀ ਤੇ ਕਾਲਕਾ ਪੁੱਜੇ। ਏਥੋਂ ਫੇਰ ਟੈਕਸੀਆਂ ਕਿਰਾਏ ਤੇ ਕਰ ਲਈਆਂ। ਰਿਹਾਇਸ਼ ਛੋਟੇ ਸ਼ਿਮਲੇ ਜੰਮੂ ਕੈਂਥਲ ਹਾਊਸ ਵਿੱਚ ੧੨੦੦ ਰੁਪੈ ਸਾਲ ਕਿਰਾਏ ਤੇ ਕੋਠੀ ਲਈ ਹੋਈ ਸੀ। ਜੋ ਛੋਟੇ ਸ਼ਿਮਲੇ ਤੋਂ ਵੀ ਤਿੰਨ ਮੀਲ ਉੱਪਰ ਬਾਹਰ ਵਾਰ ਕੁਸੰਮੱਟੀ ਦੇ ਕੋਲ ਸੀ। ਏਥੇ ਨਾਲ ਨਾਲ ਜੰਮੂ ਵਾਲੇ ਰਾਜੇ ਦੀਆਂ ਤਿੰਨ ਕੋਠੀਆਂ ਸਨ, ਉਨ੍ਹਾਂ ਵਿੱਚੋਂ ਇੱਕ ਲਈ ਸੀ। ਹਰ ਰੋਜ਼ ਦੀਵਾਨ ਸਜਦੇ। ਸੈਲਾਨੀ ਸਰਦਾਰ ਦਰਸ਼ਨਾਂ ਨੂੰ ਆਉਂਦੇ ਤੇ ਕੀਰਤਨ ਸੁਣਦੇ।

ਆਪ ਜੀ ਦੀਵਾਨ ਸਮੇਂ ਪਾਵਨ ਉਪਦੇਸ਼ ਕਰਦੇ ਕਿ ਗੁਰਮੁਖੋ! ਪ੍ਰਮੇਸ਼ਰ ਸਾਰੇ ਵਿਆਪਕ ਹੈ। ਜਿਵੇਂ ਧਰਤੀ ਹੇਠਾਂ ਸਾਰੀਆਂ ਥਾਵਾਂ ਵਿੱਚ ਜਲ ਹੈ। ਪਰ ਜੋ ਪੁਰਸ਼ਾਰਥ ਕਰ ਕੇ ਧਰਤੀ ਨੂੰ ਖੋਦ ਕੇ ਕੱਢ ਲੈਂਦਾ ਹੈ, ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸੇ ਤਰ੍ਹਾਂ ਪ੍ਰਮੇਸ਼ਰ ਵੀ ਸਾਰੇ ਵਿਆਪਕ ਤੇ ਪਰੀਪੂਰਨ ਹੈ:

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ *(ਸਲੋਕ ਮਃ ੯ - ੧੪੨੭)*

ਅਧਿਕਾਰੀ-ਅਨਅਧਿਕਾਰੀ ਕਰ ਕੇ ਨੇੜੇ ਦੂਰ ਹੋ ਰਿਹਾ ਹੈ। ਗਿਆਨਵਾਨ ਦੇ ਹਿਰਦੇ ਵਿੱਚ ਚਸ਼ਮੇ ਦੇ ਜਲ ਵਤ ਪ੍ਰਗਟ ਹੈ। ਜਗਿਆਸੂ ਦੇ ਅੰਦਰ ਖੂਹ ਤੇ ਜਲ ਸਮਾਨ ਹੈ। ਜੈਸੇ ਲੱਜ ਡੋਲ ਦੁਆਰਾ ਯਤਨਾਂ ਨਾਲ ਖੂਹ 'ਚੋਂ ਜਲ ਨਿੱਕਲਦਾ ਹੈ, ਤੈਸੇ ਜਗਿਆਸੂ ਵੀ ਗੁਰ ਸ਼ਬਦ ਦੀ ਕਮਾਈ ਕਰ ਕੇ ਸਾਧਨਾਂ ਦੁਆਰਾ ਉਸ ਨੂੰ ਪ੍ਰਗਟ ਕਰ ਲੈਂਦਾ ਹੈ।

ਅਗਿਆਨੀ ਦੇ ਅੰਦਰ ਪੜਦੇ ਦੇ ਪਾਣੀ ਸਮਾਨ ਹੈ ਪਰ ਸਾਰੇ ਥਾਵਾਂ ਵਿੱਚ ਵਿਆਪਕ ਹੈ। (ਸੋ ਗਿਆਨਵਾਨ ਦੀ ਸੰਗਤ ਦੁਆਰਾ ਪ੍ਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ) ਅਤੇ ਇਹ ਸਾਰਾ ਸੰਸਾਰ ਹੀ ਬ੍ਰਹਮ ਦਾ ਸਰੂਪ ਹੈ। ਜਿਵੇਂ ਬੋਹੜ ਦਾ ਬੀਜ ਹੀ ਆਪਣੇ ਵੱਡੇ ਬ੍ਰਿਛ ਦਾ ਆਕਾਰ ਧਾਰਨ ਕਰ ਲੈਂਦਾ ਹੈ। ਜੋ ਕੋਈ ਉਸ ਬੀਜ ਨੂੰ ਲੱਕੜੀ ਪੱਤੇ ਤੇ ਫੁੱਲਾਂ ਵਿੱਚੋਂ ਲਭੇ ਤਾਂ ਨਹੀਂ ਮਿਲਦਾ। ਚਾਹੇ ਸਾਰੀ ਉਮਰ ਹੀ ਖੋਜਦਾ ਰਹੇ। ਜੇਕਰ ਫ਼ਲ ਵਿੱਚੋਂ ਚੰਗੀ ਤਰ੍ਹਾਂ ਖੋਜੇ ਤਾਂ ਬੀਜ ਨੂੰ ਪਾ ਲੈਂਦਾ ਹੈ। ਤੈਸੇ ਹੀ ਜੋ ਪ੍ਰਮੇਸ਼ਰ ਦੀ ਖੋਜ ਕਰਨ ਵਾਲੇ ਹਨ, ਉਨ੍ਹਾਂ ਦੀ ਵੀ ਇਹੋ ਵਾਰਤਾ ਹੈ। ਤਮੋ ਗੁਣੀ ਲੋਕ ਕਾਠ ਵਰਗੇ ਹਨ, ਜੋ ਕਰੜਾ ਤੇ ਫਿਕਾ ਸ਼ਬਦ ਬੋਲਦੇ ਹਨ। ਇਹੀ ਉਨ੍ਹਾਂ ਵਿੱਚ ਕਠੋਰਪਣਾ ਹੈ। ਉਨ੍ਹਾਂ ਪਾਸੋਂ ਪ੍ਰਮੇਸ਼ਰ ਨਹੀਂ ਮਿਲ ਸਕਦਾ। ਜਿਵੇਂ ਰੇਤੇ ਵਿੱਚੋਂ ਤੇਲ ਨਹੀਂ ਪ੍ਰਾਪਤ ਹੁੰਦਾ। ਰਾਜਸੀ ਲੋਕ ਪੱਤਿਆਂ ਵਤ ਹਨ। ਬ੍ਰਿਛ ਦੀ ਛਾਂ ਵਾਂਗ ਮਾਇਆ ਦਾ ਸੁੱਖ ਤਾਂ ਦੇ ਸਕਦੇ ਹਨ, ਪਰ ਹਰੀ ਦੀ ਪ੍ਰਾਪਤੀ ਨਹੀਂ। ਜਿਵੇਂ ਰਸਤੇ ਵਿੱਚ ਖਿਲਰੇ ਅੰਧੇ ਪੁਰਸ਼ ਨੂੰ ਮੋਤੀ ਨਹੀਂ ਦਿਸਦੇ।

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥੧੧੪॥ *(ਸਲੋਕ ਭਗਤ ਕਬੀਰ ਜੀ - ੧੩੭੦)*

ਸਤੋਗੁਣ ਵਾਲੇ ਪੁਰਸ਼ ਫੁੱਲਾਂ ਵਤ ਹਨ। ਮਿੱਠੇ ਬਚਨਾਂ ਰੂਪ ਸੁਗੰਧੀ ਤਾਂ ਦੇ ਸਕਦੇ ਹਨ ਪਰ ਪ੍ਰਮੇਸ਼ਰ ਦਾ ਮਿਲਾਪ ਨਹੀਂ ਕਰਵਾ ਸਕਦੇ। ਗਿਆਨਵਾਨ ਫ਼ਲ ਦੇ ਸਮਾਨ ਹਨ। ਬੀਜ ਰੂਪ ਪ੍ਰਮੇਸ਼ਰ ਦੀ ਪ੍ਰਾਪਤੀ ਉਨ੍ਹਾਂ ਦੀ ਸੰਗਤ ਦੁਆਰਾ ਹੁੰਦੀ ਹੈ, ਹੋਰ ਕਿਸੇ ਪਾਸੋਂ ਨਹੀਂ। *'ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ'* ਆਪ ਜੀ ਏਥੇ ਛੇ ਮਹੀਨੇ ਠਹਿਰੇ। ਸੰਗਰਾਂਦ ਪੂਰਨਮਾਸ਼ੀ ਦਾ ਦੀਵਾਨ ਕਰਨ ਅਸਥਾਨ ਤੇ ਆ ਜਾਣਾ। ਮੁੜ ਫੇਰ ਵਾਪਸ ਚਲੇ ਜਾਣਾ। ਸ. ਦਲੀਪ ਸਿੰਘ ਦੀ ਗੱਡੀ ਤੇ ਕਾਲਕਾ ਤੱਕ ਜਾਣਾ। ਅੱਗੇ ਸ਼ਿਮਲੇ ਤੱਕ ਟੈਕਸੀ ਤੇ ਜਾਣਾ।

ਡਿਊਟੀਆਂ ਵਾਲੇ ਸਰਕਾਰੀ ਅਫ਼ਸਰਾਂ ਨੇ ਤਾਂ ਛੁੱਟੀ ਵਾਲੇ ਦਿਨ ਐਤਵਾਰ ਨੂੰ ਹੀ ਦਰਸ਼ਨਾਂ ਨੂੰ ਆਉਣਾ। ਸ਼ਨੀਵਾਰ ਸ਼ਾਮ ਨੂੰ ਆ ਕੇ ਐਤਵਾਰ ਨੂੰ ਠਹਿਰ ਕੇ ਸੋਮਵਾਰ ਨੂੰ ਵਾਪਸ ਨੌਕਰੀਆਂ ਤੇ ਚਲੇ ਜਾਣਾ। ਪਰ ਪ੍ਰਸ਼ਾਦ ਪਾਣੀ ਦੀ ਸੇਵਾ ਇਨ੍ਹਾਂ ਚੌਹਾਂ ਦੇ ਪ੍ਰਵਾਰਾਂ ਵਲੋਂ ਵਾਰੀ ਅਨੁਸਾਰ ਹੁੰਦੀ ਸੀ। ਸ. ਗੁਰਦੇਵ ਸਿੰਘ ਤੇ ਉਸ ਦੀ ਭੈਣ ਬੀਬੀ ਕਰਤਾਰ ਕੌਰ, ਬੀਬੀ ਸੂਰਜ ਕੋਰ, ਸ. ਗਿਆਨ ਸਿੰਘ ਰਾੜਾ, ਇਨ੍ਹਾਂ ਦੇ ਨੌਕਰ ਤੇ ਜਗਜੀਵਨ ਸਿੰਘ ਏਥੇ ਹੀ ਰਹਿੰਦੇ। ਬਾਬਾ ਹੀਰਾ ਸਿੰਘ ਵੀ ਛੁੱਟੀ ਸਮੇਂ ਦਰਸ਼ਨਾਂ ਨੂੰ ਆ ਜਾਦਾ ਅਤੇ ਕਈ ਕਈ ਦਿਨ ਠਹਿਰਦਾ। ਅਜੇ ਆਪ ਨੂੰ ਏਥੇ ਆਇਆਂ ਥੋੜ੍ਹਾ ਹੀ ਸਮਾਂ ਹੋਇਆ ਸੀ ਤਾਂ ਅੱਗੇ ਹਾਟੂ ਦੇ ਪਹਾੜ ਤੇ ਜਾਣ ਦਾ ਸੰਕਲਪ ਕੀਤਾ।

ਆਪ ਜੀ ਦੋਵੇਂ ਵਿਅਕਤੀਆਂ ਦੇ ਨਾਲ ਦੇ ਸਾਥੀ ਸਿੰਘ, ਸ. ਗਿਆਨ ਸਿੰਘ, ਸ. ਹੀਰਾ ਸਿੰਘ, ਸ. ਦਲੀਪ ਸਿੰਘ, ਸ. ਨਰਿੰਜਨ ਸਿੰਘ ਸਨ। ਖੱਚਰਾਂ ਤੇ ਸਮਾਨ ਰੱਖ ਲਿਆ, ਜਿਨ੍ਹਾਂ ਦੀ ਸੇਵਾ ਬਿਸ਼ੇਸ਼ਰ ਸਿੰਘ ਨੂੰ ਸੰਭਾਲ ਦਿੱਤੀ। ਪਹਿਲੀ ਰਾਤ ਠਿਓਕ ਠਹਿਰੇ ਜੋ ਬਾਈ ਮੀਲਾਂ ਤੇ ਸੀ। ਦੂਸਰੀ ਰਾਤ ਨਾਰਕੰਡੇ ਪੁੱਜੇ। ਇਹ ਸ਼ਿਮਲੇ ਤੋਂ ਚਾਲੀ ਮੀਲ ਹੈ। ਏਸ ਜਗ੍ਹਾ ਤੇ ਰਾਮਪੁਰ ਬਸ਼ੈਹਰ (ਜੋ ਰਿਆਸਤ ਸੀ) ਤੱਕ ਛੋਟੀ ਸੜਕ ਜਾਂਦੀ ਸੀ। ਏਥੋਂ ਹਾਟੂ ਦੀ ਪਹਾੜੀ (ਅਠ ਮੀਲ ਅੱਗੇ ਹੈ) ਤੇ ਪੁੱਜੇ ਅਤੇ ਕੁਦਰਤੀ ਫੁੱਲਾਂ ਦੀ ਰਚਨਾ ਰਮਣੀਕ ਸੁੰਦਰ ਪਹਾੜੀ ਦੇਖ ਕੇ ਸਭਨਾਂ ਦੇ ਮਨ ਪ੍ਰਸੰਨ ਹੋ ਗਏ। ਇੱਥੇ ਆ ਕੇ ਇੱਕ ਪ੍ਰੇਮੀ ਹੀਰਾ ਸਿੰਘ ਦੇ ਪੈਰ ਵਿੱਚ ਮੋਚ ਆਉਣ ਦੇ ਕਾਰਣ ਸੋਜ਼ਸ਼ ਆ ਗਈ, ਜਿਸ ਕਰ ਕੇ ਏਥੋਂ ਹੀ ਮੁੜ ਆਏ। ਉਸੇ ਤਰ੍ਹਾਂ ਵਾਪਿਸ ਆਉਂਦਿਆਂ ਮਿਆਣੀ ਰਾਤ ਕੱਟੀ। ਇੱਕ ਹਫਤਾ ਬਾਹਰ ਠਹਿਰ ਕੇ ਉਪਰੰਤ ਸ਼ਿਮਲੇ ਆ ਗਏ। ਜਾਂਦਿਆਂ ਆਉਂਦਿਆਂ ਸਰਕਾਰੀ ਰੈਸਟ ਹਾਊਸ ਵਿੱਚ ਠਹਿਰਦੇ। ਵਾਪਸ ਆਉਣ ਸਮੇਂ ਸ. ਗਿਆਨ ਸਿੰਘ ਨੇ ਧੌਂਖਲ ਸਿੰਘ ਹੌਲਦਾਰ ਦੀ ਬੱਸ ਮੰਗਵਾ ਲਈ ਸੀ ਜੋ ਨਾਰਨੌਲ ਦੇ ਇਲਾਕੇ ਦਾ ਸੀ। ਉਸ ਤੇ ਅਸਵਾਰ ਹੋ ਕੇ ਆਪ ਛੇ ਮਹੀਨੇ ਸ਼ਿਮਲੇ ਠਹਿਰ ਕੇ ਕੱਤਕ ਦੀ ਪੂਰਨਮਾਸ਼ੀ ਤੋਂ ਪਹਿਲਾਂ ਹੀ ਵਾਪਸ ਅਸਥਾਨ ਤੇ ਪੁੱਜ ਗਏ।

ਸ. ਬਲਦੇਵ ਸਿੰਘ ਗੁੜਥਲੀ

੧੯੨੯ ਈ. ਦੇ ਕਰੀਬ ਅਪ੍ਰੈਲ ਮਹੀਨੇ ਆਪ ਜੀ ਪਾਸ ਗੁੜਥਲੀ ਪਿੰਡ ਦੇ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਉਪਦੇਸ਼ੀ ਸ. ਬਲਦੇਵ ਸਿੰਘ ਜੀ ਹਜ਼ੂਰੀ ਵਿੱਚ ਆਏ। ਕਿਉਂਕਿ ਵੱਡੇ ਸੰਤ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਰਹਿ ਕੇ ਸੇਵਾ ਕਰਦਿਆਂ ਦੇਖ ਕੇ ਬਾਬਾ ਜੀ ਦੀਆਂ ਖ਼ੁਸ਼ੀਆਂ ਤੇ ਵਰਾਂ ਨੂੰ ਸੁਣ ਕੇ ਸ਼ਰਧਾ ਤਾਂ ਉਸ ਸਮੇਂ ਹੀ ਪੂਰਨ ਬੱਝ ਗਈ ਸੀ। ਫੇਰ ਢੱਕੀ ਦੀ ਤਪਸਿਆਂ ਨੇ ਤਾਂ; ਜੋ ਪੰਜ ਅਗਨੀ ਦੀਆਂ ਧੂਣੀਆਂ ਤਾਪਨ ਤੇ ਜਲਧਾਰੇ ਕਰਨ ਵਾਲੇ ਕਠਨ ਤਾਮਸੀ ਸਾਧਨਾਂ ਤੋਂ ਕਿਤੇ ਸਰੇਸ਼ਟ ਤੇ ਔਖੀ ਸੀ, ਵੱਡੇ ਵੱਡੇ ਆਕੜਖਾਨਾਂ ਦੀਆਂ ਧੌਣਾਂ ਵੀ ਨੀਵੀਆਂ ਕਰ ਦਿਤੀਆਂ ਸਨ। ਇਉਂ ਇਸ ਸੱਜਣ ਨੇ ਭਾਵਨਾ ਨਾਲ ਆ ਕੇ ਨਮਸ਼ਕਾਰ ਕਰਨ ਉਪਰੰਤ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਮੈਂ ਘਰ ਵਿੱਚ ਅਖੰਡ ਪਾਠ ਕਰਵਾਉਣਾ ਹੈ। ਆਪ ਜੀ ਦੋਵੇਂ ਵਿਅਕਤੀਆਂ ਕ੍ਰਿਪਾ ਕਰ ਕੇ ਸੰਗਤ ਸਮੇਤ ਗੁੜਥਲੀ ਨਗਰ ਮੇਰੇ

ਘਰ ਚਰਨ ਪਾਓ, ਦੀਵਾਨ ਕਰੋ। ਆਪ ਜੀ ਉੱਪਰ ਵੱਡੇ ਮਹਾਰਾਜ ਦੀ ਅਪਾਰ ਬਖ਼ਸ਼ਿਸ਼ ਹੈ।" ਜਦ ਇਸ ਨੇ ਨਿਮ੍ਰਤਾ ਭਰੇ ਬਚਨਾਂ ਨਾਲ ਬੇਨਤੀ ਕੀਤੀ ਤਾਂ ਹਜ਼ੂਰ ਨੇ ਪ੍ਰਵਾਨ ਕਰ ਲਈ। ਇਸ ਨੇ ਕਾਰ ਭੇਜ ਦਿੱਤੀ। ਆਪ ਜੀ ਦੋਵੇਂ ਸੰਤ, ਸੇਵਾਦਾਰ ਤੇ ਇੱਕ ਦੋ ਹੋਰ ਸੱਜਣਾਂ ਨੂੰ (ਕਿਉਂਕਿ ਢੱਕੀ ਵਿੱਚ ਵੀ ਅਜੇ ਬਹੁਤੀ ਸੰਗਤ ਦਾ ਇਕੱਠ ਨਹੀਂ ਸੀ ਹੋਇਆ ਅਤੇ ਨਾ ਕੋਈ ਪੂਰਨ ਵੈਰਾਗ ਤੋਂ ਬਿਨਾਂ ਏਹੋ ਜਿਹੀ ਕਠਨ ਘਾਲਣਾ ਨੂੰ ਦੇਖ ਕੇ ਏਥੇ ਠਹਿਰ ਹੀ ਸਕਦਾ ਸੀ, ਆਪ ਜੀ ਵੀ ਪਹਿਲਾਂ ਪਹਿਲਾਂ ਤਾਂ ਬਾਹਰ ਘਟ ਹੀ ਜਾਂਦੇ ਪਰ ਇਨ੍ਹਾਂ ਦਾ ਪ੍ਰੇਮ ਠੁਕਰਾਇਆ ਨਾ ਗਿਆ) ਨਾਲ ਲੈ (ਬਾਕੀ ਦੇ ਪ੍ਰੇਮੀ ਪਿੱਛੇ ਅਸਥਾਨ ਦੇ ਪਹਿਰੇ ਤੇ ਛੱਡ ਕੇ) ਚੱਲ ਪਏ। ਨਗਰ ਤੋਂ ਬਾਹਰ ਦੁਰੇਡੇ ਹੀ ਖੇਤ ਵਿੱਚ ਰਿਹਾਇਸ਼ ਰੱਖੀ। ਅਖੰਡ ਪਾਠ ਤੇ ਦੀਵਾਨ ਕੀਤੇ। ਆਪ ਜੀ ਏਥੇ ਤਿੰਨ ਦਿਨ ਠਹਿਰੇ ਅਤੇ ਪ੍ਰਮੇਸ਼ਰ ਦੀ ਬੰਦਗ਼ੀ ਕਰਣੀ, ਨੇਕ ਅਮਲਾਂ, ਹੱਕ ਦੀ ਕਿਰਤ ਤੇ ਪ੍ਰਾਰਬਧ ਤੇ ਸ਼ਾਕਰ ਰਹਿਣ ਦਾ ਉਪਦੇਸ਼ ਦਿੱਤਾ।

ਯਥਾ: ਜਦੋਂ ਆਖਦੇ ਲੋਕ ਔਹ ਭਲਾ ਮਾਣਸ, ਤੇਰੇ ਰਿਦੇ ਵਿੱਚ ਉਪਜਦੀ ਰੀਸ ਨਾਹੀਂ।
ਖਰਚ ਨਾਲ ਮਿਲਦੀ ਵਿੱਦਿਆ ਸਨਦ ਹੈ ਵੇ, ਸਨਦ ਏਸ ਦੀ ਪਰ ਕੋਈ ਫੀਸ ਨਾਹੀਂ।
ਭਲੇ ਕੰਮ ਜੋ ਕਰੇ ਉਹ ਭਲਾ ਮਾਣਸ, ਏਥੇ ਚਾਹੀਏ ਦੌਲਤ ਤੇ ਸੀਸ ਨਾਹੀਂ।
ਕਰ ਲੈ ਨੇਕੀਆਂ ਜਿੰਨੀਆਂ ਹੋਇ ਆਵਣ, ਉਮਰ ਆਪਣੀ ਨੂੰ ਮਾਰ ਠੀਸ ਨਾਹੀਂ।
ਨਿਰਮਲ ਕਰਮ ਤੇ ਨੇਕੀਆਂ ਭਲੇ ਕਰ ਕੇ, ਇਸ ਸੰਸਾਰ 'ਚ ਮਿਲਣ ਵਡਿਆਈਆਂ ਨੇ।
ਜਿਨ੍ਹਾਂ ਸਚ ਤੇ ਭਲੇ ਨੂੰ ਮੁੱਖ ਕੀਤਾ, ਸੋਭਾ ਉਨ੍ਹਾਂ ਦੇ ਹਿੱਸੇ ਹੀ ਆਈਆਂ ਨੇ।
ਲੀਤੀ ਊਚਤਾ ਨੀਚ ਤੋਂ ਭਲੇ ਕਰ ਕੇ, ਭੈੜੇ ਤੇਲੀਆਂ, ਮੋਚੀਆਂ, ਨਾਈਆਂ ਨੇ।
ਚਰਨ ਉਨ੍ਹਾਂ ਦੇ ਨਾਲ ਲੱਗ ਕਈ ਤਰ ਗਏ, ਭਲੇ ਨਾਲ ਜਿਨ੍ਹਾਂ ਪ੍ਰੀਤਾਂ ਲਾਈਆਂ ਨੇ।
ਦੁਖ ਸੁਖ ਭੋਗ ਹਨ ਸਰੀਰ ਦਾ ਲੋਕ ਕਹਿੰਦੇ, ਕਿੱਡੀ ਬੇਵਕੂਫੀ ਫਿਰ ਰੰਜ ਕਰਨਾ।
ਬੰਦੇ ਤਾਂਈ ਹੈ ਯੋਗ ਹਰ ਹਾਲ ਅੰਦਰ, ਸ਼ੁਕਰ ਰੱਬ ਜੀ ਦਾ ਸੁਬ੍ਹਾ ਸੰਝ ਕਰਨਾ।
ਅਜ ਦੁੱਖ ਕਲ ਸੁਖ ਹੈ ਨਿਯਮ ਰੱਬੀ, ਹੈ ਫਜ਼ੂਲ ਐਵੇਂ ਤਿੰਨ ਪੰਜ ਕਰਨਾ।
ਪੀਵੇਂ ਵਾਂਗ ਪਾਣੀ ਦੁਖ ਸੁਖ ਦੋਹਾਂ ਤਾਂਈ, ਜਾਈਏ ਰਿਦਾ ਨਿਜ ਐਸਾ ਅਸਫੰਜ ਕਰਨਾ।

ਪਟਿਆਲੇ ਨਿਵਾਸੀ ਪ੍ਰੇਮੀਆਂ ਨੂੰ ਪਤਾ ਲੱਗਾ ਉਹ ਵੀ ਏਥੇ ਦਰਸ਼ਨਾਂ ਵਾਸਤੇ ਆਉਂਦੇ ਰਹੇ। ਜਿਨ੍ਹਾਂ ਵਿੱਚ ਬਾਬਾ ਹੀਰਾ ਸਿੰਘ ਜੀ ਵੀ ਸ਼ਾਮਲ ਸਨ। ਉਪਰੰਤ ਆਪ ਜੀ ਚੌਥੇ ਦਿਨ ਅਸਥਾਨ ਤੇ ਵਾਪਸ ਆ ਗਏ। ਫੇਰ ਵੀ ਕਈ ਵਾਰ ਏਥੇ ਚਰਨ ਪਾਏ ਤੇ ਦੀਵਾਨ ਕੀਤੇ।

ਸੰਤ ਬਿਸ਼ਨ ਸਿੰਘ ਜੀ ਰੌਣੀ

ਇਸੇ ਤਰ੍ਹਾਂ ੧੯੩੧ ਈ. ਦੇ ਕਰੀਬ ਸੰਤ ਬਿਸ਼ਨ ਸਿੰਘ ਜੀ ਰੌਣੀ ਵਾਲਿਆਂ ਦਾ ਪ੍ਰੇਮ ਦੇਖ ਕੇ ਜਿਹਨਾਂ ਨੇ ਹਜ਼ੂਰ ਦੇ ਪਾਸ ਆ ਕੇ ਅਰਜ਼ ਕੀਤੀ, "ਹੇ ਗੁਰ ਭਾਈ! ਉਹ ਵੀ ਆਪ ਜੀ ਦਾ ਹੀ ਅਸਥਾਨ ਹੈ। ਉੱਥੇ ਵੀ ਗੁਰੂ ਨਾਨਕ ਦੀ ਫੁਲਵਾੜੀ ਨੂੰ ਨਾਮ ਅੰਮ੍ਰਿਤ ਦੀ ਵਰਖਾ ਦੁਆਰਾ ਪ੍ਰਫੁਲਤ ਕਰੋ।" ਹਜ਼ੂਰ ਨੇ ਵੱਡੇ ਗੁਰ ਭਾਈ ਤੇ ਭਜਨ ਸਿਮਰਨ ਵਾਲੇ ਮਹਾਂਪੁਰਸ਼ ਜਾਣ ਕੇ ਇਨ੍ਹਾਂ ਦਾ ਬਚਨ ਮੰਨ ਲਿਆ। ਦੋਵੇਂ ਸੰਤ ਜੀ ਤੇ ਕੁੱਝ ਹੋਰ ਸੇਵਾਦਾਰਾਂ ਨੂੰ ਨਾਲ ਲੈ ਕੇ ਆਪ ਜੀ ਇਨ੍ਹਾਂ ਦੀ ਭੇਜੀ ਗੱਡੀ ਵਿੱਚ ਬੈਠ ਕੇ ਰੌਣੀ ਸਾਹਿਬ ਪੁੱਜੇ। ਹਜ਼ੂਰ ਦਾ ਦਰਸ਼ਨ ਕਰ ਕੇ ਰੌਣੀ ਵਾਲੇ ਸੰਤਾਂ ਨੂੰ ਚਾਅ ਚੜ੍ਹ ਗਿਆ। ਸੁਆਗਤ ਵਾਸਤੇ ਅਗਾਊਂ ਸੰਗਤ ਭੇਜੀ। ਉਨ੍ਹਾਂ ਨੇ ਦੋਹਾਂ ਵਿਅਕਤੀਆਂ ਦੇ ਗਲ ਵਿੱਚ ਫੁੱਲਾਂ ਦੇ ਸੇਹਰੇ ਪਾਏ। ਸ਼ਰਧਾ ਨਾਲ ਨਮਸ਼ਕਾਰ ਕੀਤੀ। ਉਪਰੰਤ ਚੰਗੀ ਸੁੰਦਰ ਜਗ੍ਹਾ ਰਿਹਾਇਸ਼ ਕਰਵਾਈ। ਬੜੀ ਭਾਵਨਾ ਨਾਲ ਸੇਵਾ ਕੀਤੀ। ਪ੍ਰੇਮੀ ਦੋਨੋਂ ਸਮੇਂ ਕੀਰਤਨ ਦਾ ਆਨੰਦ ਮਾਣਦੇ ਰਹੇ। ਇਲਾਕੇ ਵਿੱਚ ਖ਼ਬਰਾਂ ਹੋ ਗਈਆਂ। ਪਟਿਆਲੇ ਤੇ ਨਾਭੇ ਤੋਂ ਸੰਗਤ ਆਉਣ ਲੱਗੀ। ਇਨ੍ਹਾਂ ਪਟਿਆਲੇ ਵਾਸੀ ਫੌਜੀਆਂ ਦੇ ਨਾਲ ਤੋਪਖਾਨੇ ਦਾ ਕੀਰਤਨੀ ਜਥਾ ਵੀ ਆਉਂਦਾ ਸੀ। ਕਈ ਕੁ ਪਟਿਆਲਾ ਨਿਵਾਸੀ ਪ੍ਰੇਮੀਆਂ ਨੇ (ਜੋ ਵੱਡੇ ਸੰਤ ਜੀ ਮਹਾਰਾਜ ਬਾਬਾ ਅਤਰ ਸਿੰਘ ਜੀ ਤੋਂ ਵਰੋਸਾਏ ਸਨ) ਪ੍ਰਮੇਸ਼ਰ ਦੀ ਪ੍ਰਾਪਤੀ ਦਾ ਸੌਖਾ ਤਰੀਕਾ ਪੁੱਛਿਆ ਤਾਂ ਆਪ ਜੀ ਉੱਤਰ ਦਿੱਤਾ। ਹਜ਼ੂਰ ਦਾ ਹੁਕਮ ਹੈ:

ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ ॥੧੩॥ *(ਮਾਰੂ ਮਃ ੫ - ੧੦੮੩)*

ਸੋ ਵਾਹਿਗੁਰੂ ਵੀ ਭਗਤੀ ਕੀਤਿਆਂ ਹੀ ਪ੍ਰਸੰਨ ਹੋ ਕੇ ਦਰਸ਼ਨ ਬਖ਼ਸ਼ਦਾ ਹੈ। ਭਗਤੀ ਤਿੰਨ ਪ੍ਰਕਾਰ ਦੀ ਹੁੰਦੀ ਹੈ:

(ੳ) ਨਵਧਾ ਭਗਤੀ:

ਇਹ ਭਗਤੀ ਨੌਂ ਪ੍ਰਕਾਰ ਦੀ ਹੈ:

੧) ਸ਼ਰਧਾ ਸਹਿਤ ਗੁਰਾਂ ਦੇ ਬਚਨਾਂ ਨੂੰ ਨੇਤ੍ਰ ਤੇ ਮਨ ਸਨਮੁਖ ਕਰ ਕੇ ਸੁਣਨਾ।

੨) ਕਥਾ ਕੀਰਤਨ ਕਰਨਾ।

੩) ਸਤਿਨਾਮੁ ਦਾ ਜਾਪ ਕਰਨਾ, ਸਮਾਂ ਨਿਸਫ਼ਲ ਨਾ ਗਵਾਉਣਾ।

੪) ਸਤਿਗੁਰਾਂ ਜਾਂ ਪ੍ਰਮੇਸ਼ਰ ਦਾ ਧਿਆਨ ਧਰੇ ਜਾਂ ਸ਼ਰਧਾ ਨਾਲ ਸੰਤਾਂ ਦੇ ਚਰਨ ਧੋਵੇ।

੫) ਚੰਗਾ ਭੋਜਨ ਤਿਆਰ ਕਰ ਕੇ, ਪਹਿਲਾਂ ਸਤਿਗੁਰਾਂ ਨੂੰ ਜਾਂ ਗੁਰੂ ਸੰਗਤ ਨੂੰ ਅਰਪ ਕੇ ਛਕੇ।

੬) ਪ੍ਰਮੇਸ਼ਰ ਅੱਗੇ ਜਾਂ ਗੁਰਾਂ ਦੇ ਦਰ ਅੱਗੇ ਬੰਦਨਾਂ ਕਰੇ, ਪ੍ਰਕਰਮਾ ਕਰੇ।

੭) ਆਪਣੇ ਆਪ ਨੂੰ ਦਾਸ ਤੇ ਪ੍ਰਮੇਸ਼ਰ ਨੂੰ ਸੁਆਮੀ ਸਮਝੇ।

੮) ਵਾਹਿਗੁਰੂ ਨੂੰ ਆਪਣਾ ਮਿੱਤਰ ਜਾਣ ਕੇ ਸੁਖ ਦੁੱਖ ਵਿੱਚ ਅਡੋਲ ਰਹੇ।

੯) ਆਪਣਾ ਤਨ ਮਨ ਧਨ ਸਭ ਕੁੱਝ ਪ੍ਰਮੇਸ਼ਰ ਨੂੰ ਅਰਪਨ ਕਰ ਦੇਵੇ, ਆਪਣਾ ਕੁੱਝ ਨਾ ਸਮਝੇ। ਇਸ ਵਿੱਚੋਂ ਜੇ ਇੱਕ ਵੀ ਪ੍ਰਾਪਤ ਹੋ ਜਾਵੇ ਤਾਂ ਨਿਸਤਾਰਾ ਹੋ ਜਾਂਦਾ ਹੈ।

(ਅ) ਪ੍ਰੇਮਾ ਭਗਤੀ:

ਜਿਵੇਂ ਬ੍ਰਿਛ ਦਾ ਫ਼ਲ ਪਹਿਲਾਂ ਕੱਚਾ ਹੋਣ ਕਰ ਕੇ ਹਰੇ ਰੰਗ ਦਾ ਹੁੰਦਾ ਹੈ। ਖਾਣ ਵਿੱਚ ਵੀ ਕੌੜਾ ਹੀ ਹੁੰਦਾ ਹੈ। ਫੇਰ ਜਦੋਂ ਅੱਧ ਪੱਕਾ ਹੁੰਦਾ ਹੈ ਉਸ ਦਾ ਰੰਗ ਪੀਲਾ ਹੋ ਜਾਂਦਾ ਹੈ ਅਤੇ ਖਾਣ ਵਿੱਚ ਖੱਟਾ ਹੁੰਦਾ ਹੈ। ਅਤੇ ਬ੍ਰਿਛ ਵਿੱਚੋਂ ਰਸ ਲੈ ਕੇ ਜਦੋਂ ਪੂਰਨ ਪੱਕ ਜਾਂਦਾ ਹੈ, ਫੇਰ ਉਸ ਦਾ ਰੰਗ ਲਾਲ ਹੋ ਜਾਂਦਾ ਹੈ ਅਤੇ ਖਾਣ ਵਿੱਚ ਵੀ ਬਹੁਤ ਮਿੱਠਾ ਤੇ ਸੁਆਦੀ ਹੁੰਦਾ ਹੈ। ਇਸੇ ਤਰ੍ਹਾਂ ਪ੍ਰਮੇਸ਼ਰ ਦੇ ਪ੍ਰੇਮੀਆਂ ਦੀ ਹਾਲਤ ਹੁੰਦੀ ਹੈ। ਪਹਿਲਾਂ ਪਹਿਲਾਂ ਵੈਰਾਗ ਅਵਸਥਾ ਸਮੇਂ ਉਸ ਦੇ ਵਿਯੋਗ ਵਿੱਚ ਰੋਂਦੇ ਹੋਏ ਦਰਸ਼ਨ ਕਰਨਾ ਚਾਹੁੰਦੇ ਹਨ। ਲੰਮੇ ਹਉਕੇ ਲੈ ਕੇ ਪਛਤਾਉਂਦੇ ਰਹਿੰਦੇ ਹਨ। ਬਾਣੀ ਗਦ ਗਦ ਹੁੰਦੀ ਹੈ। ਕੰਠ ਰੁਕ ਜਾਂਦਾ ਹੈ। ਰੋਮ ਖੜੇ ਹੋ ਜਾਂਦੇ ਹਨ। ਤਾਂ ਉਸ ਸਮੇਂ ਚੇਹਰੇ ਦਾ ਰੰਗ ਸੋਲਾ ਪੈ ਜਾਂਦਾ ਹੈ। ਸਾਰੇ ਅੰਗਾਂ ਦੀ ਸੋਝੀ ਭੁਲੀ ਹੁੰਦੀ ਹੈ। ਫੇਰ ਜਿਉਂ ਜਿਉਂ ਅੰਦਰ ਪ੍ਰੇਮ ਵਧਦਾ ਹੈ ਤਾਂ ਆਹਾਂ ਘਟ ਹੋ ਜਾਂਦੀਆਂ ਹਨ ਅਤੇ ਭੁੱਖ ਪਿਆਸ ਤਾਂ ਫੇਰ ਉੱਕੀ ਹੀ ਨਹੀਂ ਲੱਗਦੀ। ਰਾਤ ਦਿਨ ਪ੍ਰੇਮ ਵਿੱਚ ਹੀ ਮੱਤ ਡੁਬੀ ਰਹਿੰਦੀ ਹੈ ਅਤੇ ਮਸਤਾਨਿਆਂ ਵਾਲੀ ਹਾਲਤ ਹੋ ਜਾਂਦੀ ਹੈ। ਉਸ ਸਮੇਂ ਚੇਹਰਾ ਪੀਲੇ ਰੰਗ ਦਾ ਹੁੰਦਾ ਹੈ। ਜੇ ਕੋਈ ਪਿਆਰੇ ਦੀ ਗੱਲ ਸੁਣਾਵੇ ਤਾਂ ਉਨ੍ਹਾਂ ਪਾਸ ਹੀ ਹਰ ਸਮੇਂ ਜਾ ਕੇ ਬੈਠਾ ਰਹਿੰਦਾ ਹੈ:

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥ *(ਗੌਡ ਮਃ ੪ - ੮੬੧)*

(ਏ) ਪਰਾ ਭਗਤੀ:

ਸੰਤਾਂ ਪਾਸੋਂ ਪਿਆਰੇ ਦੇ ਬਚਨ ਸੁਣ ਕੇ ਪ੍ਰਮੇਸ਼ਰ ਨੂੰ ਅੰਗ ਸੰਗ ਜਾਣ ਕੇ ਬੜਾ ਪ੍ਰਸੰਨ ਹੁੰਦਾ ਹੈ ਅਤੇ ਜਦੋਂ ਸਾਰੀਆਂ ਥਾਵਾਂ ਵਿੱਚ ਉਸ ਨੂੰ ਵਿਆਪਕ ਨਿਸਚੇ ਕਰ ਲਿਆ ਫੇਰ ਚੇਹਰੇ ਦਾ ਰੰਗ ਲਾਲ ਹੋ ਜਾਂਦਾ ਹੈ।

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥ *(ਬਿਲਾਵਲੁ ਮਃ ੫ - ੮੦੮)*

ਅਥਵਾ: ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥
ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥੧॥ *(ਮਾਰੂ ਵਾਰ-੧ ਮਃ ੧ - ੧੦੮੯)*

ਜਦੋਂ ਮਨ ਤ੍ਰਿਪਤ ਹੋ ਗਿਆ, ਫੇਰ ਕਿਸੇ ਪਾਸੇ ਦੌੜਦਾ ਭਜਦਾ ਨਹੀਂ। ਸਤ ਰੂਪ ਮਿਠਾਸ ਪ੍ਰਾਪਤ ਹੁੰਦਾ ਹੈ। ਅੰਤਰਮੁਖ ਬ੍ਰਿਤੀ ਟਿਕ ਜਾਂਦੀ ਹੈ। ਮਨ ਵਿੱਚ ਗਿਆਨ ਦਾ ਅਭਿਆਸ ਕਰ ਕੇ ਪ੍ਰਪੱਕ ਨਿਸ਼ਚਾ ਹੋ ਜਾਂਦਾ ਹੈ। ਇਹ ਪਰਾ ਭਗਤੀ ਹੈ। ਇਸ ਪ੍ਰਕਾਰ ਦਾ ਉੱਤਮ ਉਪਦੇਸ਼ ਸੁਣ ਕੇ ਸਭ ਦੇ ਮਨ ਗਦ ਗਦ ਹੋ ਗਏ। ਆਪ ਜੀ ਉੱਪਰ ਪੂਰਨ ਨਿਸ਼ਚਾ ਹੋ ਗਿਆ। ਵੱਡੇ ਸੰਤ ਜੀ ਮਹਾਰਾਜ ਦਾ ਸਰੂਪ ਜਾਣ ਕਰ ਕੇ ਬਾਅਦ ਵਿੱਚ ਅਸਥਾਨ ਤੇ ਦਰਸ਼ਨਾਂ ਨੂੰ ਆਉਂਦੇ ਰਹੇ। ਇਉਂ ਆਪ ਜੀ ਏਥੇ ਇੱਕ ਹਫ਼ਤਾ ਠਹਿਰੇ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਵੀ ਹੋਇਆ ਉਪਰੰਤ ਆਪ ਵੱਡੇ ਗੁਰ ਭਰਾ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਕੇ ਅਸਥਾਨ ਤੇ ਵਾਪਸ ਆ ਗਏ।

ਸ. ਵਰਯਾਮ ਸਿੰਘ ਜੀ ਦਰਜੀ ਦਿੱਲੀ

ਕਰਮਸਰ ਦੀ ਪਾਵਨ ਧਰਤੀ ਤੋਂ ਤਿੰਨ ਕੁ ਮੀਲ ਦੇ ਫਾਸਲੇ ਤੇ ਲਹਿਲ ਨਾਮ ਦਾ ਛੋਟਾ ਜਿਹਾ ਨਗਰ ਹੈ। ਏਥੋਂ ਦਾ ਦਰਜੀ ਸੰਤ ਜੀ ਮਹਾਰਾਜ ਦਾ ਸ਼ਰਧਾਲੂ ਸ. ਵਰਯਾਮ ਸਿੰਘ ਜੋ ਕਿਲ੍ਹਾ ਹਾਂਸ ਕਈ ਕੁ ਪ੍ਰੇਮੀਆਂ ਦੇ ਘਰ (ਜੋ ਸੰਤ ਜੀ

ਮਹਾਰਾਜ ਦੇ ਸਤਿਸੰਗੀ ਸਨ) ਬਸਤ੍ਰ ਸਿਊਣ ਆਉਂਦਾ। ਸ. ਲਛਮਣ ਸਿੰਘ ਜੀ, ਸ. ਗੰਡਾ ਸਿੰਘ, ਸ. ਸ਼ੇਰ ਸਿੰਘ, ਸ. ਚੇਤ ਸਿੰਘ ਇਨ੍ਹਾਂ ਤੋਂ ਹਜ਼ੂਰ ਦਾ ਜਸ ਸੁਣ ਕੇ ਮਨ ਵਿੱਚ ਉਤਸ਼ਾਹ ਜਾਗਿਆ। ਚਰਨਾਂ ਵਿੱਚ ਪੁੱਜ ਕੇ ਦਰਸ਼ਨ ਕੀਤੇ। ਬੇਨਤੀ ਕਰ ਕੇ ਬਸਤਰ ਸਿਊਣ ਦੀ ਸੇਵਾ ਵੀ ਕੀਤੀ। ਉਪਰੰਤ ਭਜਨ ਸਿਮਰਨ ਦੀ ਦਾਤ ਪ੍ਰਾਪਤ ਹੋ ਗਈ। ਫੇਰ ੧੯੩੪-੩੫ ਦੇ ਕਰੀਬ ਸ. ਮੋਹਨ ਸਿੰਘ ਜੀ ਕੋਕਾ ਕੋਲਾ ਪਾਸ ਦਿੱਲੀ ਚਲੇ ਗਏ। ਓਥੇ ਆਪਣਾ ਸਿਲਾਈ ਦਾ ਕੰਮ ਚਾਲੂ ਕਰ ਦਿੱਤਾ। ਸੰਤ ਜੀ ਮਹਾਰਾਜ ਦੀ ਵੀ ਇਨ੍ਹਾਂ ਉੱਪਰ ਅਪਾਰ ਖ਼ੁਸ਼ੀ ਹੋਣੇ ਕਰ ਕੇ ਕਦੇ ਕਦੇ ਉਪਦੇਸ਼ ਦੇਣ ਦੀ ਕ੍ਰਿਪਾ ਕਰਦੇ ਹਨ। ਯਥਾ:

ਜਿਵੇਂ ਛੋਲਿਆਂ ਦਾ ਖੇਤ ਇੱਕੋ ਪਾਣੀ ਨਾਲ ਪੱਕ ਜਾਂਦਾ ਹੈ ਤੇ ਜਵਾਂ ਦਾ ਖੇਤ ਦੋ ਪਾਣੀਆਂ ਨਾਲ ਪੱਕ ਜਾਂਦਾ ਹੈ, ਕਣਕ ਦੀ ਫਸਲ ਤਿੰਨ ਪਾਣੀ ਦੇਣ ਨਾਲ ਤਿਆਰ ਹੋ ਜਾਂਦੀ ਹੈ ਅਤੇ ਜੋ ਧਾਨਾਂ ਦੀ ਖੇਤੀ ਹੈ ਉਹ ਪੂਰ ਪੱਕ ਕੇ ਤਾਂ ਤਿਆਰ ਹੁੰਦਾ ਹੈ ਜੇਕਰ ਉਸ ਵਿੱਚ ਅਠੇ ਪਹਿਰ ਹਰ ਸਮੇਂ ਪਾਣੀ ਖੜਾ ਰਹੇ। ਇਸੇ ਤਰ੍ਹਾਂ ਪਿਛਲੇ ਜੁਗਾਂ ਵਿੱਚ ਥੋੜ੍ਹਾ ਸਮਾਂ ਹੀ ਸੰਤਾਂ ਦੀ ਸੰਗਤ ਦੁਆਰਾ ਨਾਮ ਨੂੰ ਜਪ ਕੇ ਜੀਵ ਦਾ ਭਲਾ ਹੋ ਜਾਂਦਾ ਸੀ। ਜਿਵੇਂ ਸਤਿਜੁਗ ਵਿੱਚ ਧ੍ਰੂ ਤੇ ਪ੍ਰਹਿਲਾਦ ਨੇ ਇਕੋ ਵਾਰ ਨਾਮ ਸੁਣਿਆ ਤਾਂ ਉਨ੍ਹਾਂ ਦਾ ਉਧਾਰ ਹੋ ਗਿਆ। ਤ੍ਰੇਤੇ ਜੁਗ ਵਿੱਚ ਬਾਲਮੀਕ ਨੇ ਦੋ ਵਾਰ ਸੰਤਾਂ ਤੋਂ ਨਾਮ ਸੁਣਿਆ ਤਾਂ ਉਸ ਦੀ ਵੀ ਕਲਿਆਣ ਹੋ ਗਈ। ਦੁਆਪਰ ਜੁਗ ਵਿੱਚ ਬਿਦਰ ਨੇ ਕ੍ਰਿਸ਼ਨ ਜੀ ਪਾਸੋਂ ਤਿੰਨ ਵਾਰੀ ਨਾਮ ਦਾ ਉਪਦੇਸ਼ ਸਰਵਨ ਕੀਤਾ ਇਸ ਲਈ ਉਹ ਵੀ ਤਰ ਗਿਆ। ਕਲਜੁਗ ਵਿੱਚ ਧਾਨਾਂ ਦੇ ਖੇਤ ਸਮਾਨ ਜੇਕਰ ਅੱਠੇ ਪਹਿਰ ਮਹਾਤਮਾ ਦੀ ਸੰਗਤ ਹੁੰਦੀ ਰਹੇ ਨਾਮ ਸਿਮਰਨ ਤੇ ਕਥਾ ਕੀਰਤਨ ਦਾ ਪ੍ਰਵਾਹ ਚੱਲਦਾ ਰਹੇ ਤਾਂ ਹੀ ਮਨ ਇਸਥਿਤ ਰਹਿ ਸਕਦਾ ਹੈ। ਇਸ ਕਰਕੇ ਨਿਤਾਪ੍ਰਤਿ ਸਤਿਸੰਗਤ ਕਰਨੀ ਚਾਹੀਦੀ ਹੈ।

ਕਾਂਡ ੧੧

ਸ. ਮੋਹਨ ਸਿੰਘ ਜੀ (ਆਹਲੂਵਾਲੀਆ) ਕੋਕਾ ਕੋਲਾ, ਦਿੱਲੀ

ਸਰਦਾਰ ਸਾਹਿਬ ਜੀ ਦੇ ਖ਼ਾਨਦਾਨ ਦਾ ਪਿਛੋਕੜ ਸ੍ਰੀਮਾਨ ਸ. ਜੱਸਾ ਸਿੰਘ ਜੀ ਆਹਲੂਵਾਲੀਏ ਨਾਲ ਮਿਲਦਾ ਹੈ। ਪੁਰਾਤਨ ਇਤਿਹਾਸਕ ਪੁਸਤਕਾਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਇਸ ਖ਼ਾਨਦਾਨ ਦਾ ਸੰਬੰਧ ਵੀ ਰਾਜਪੂਤਾਂ ਨਾਲ ਹੈ। ਇਨ੍ਹਾਂ ਦੇ ਵਡਕੇ 'ਹਰਿਰਾਓ' ਨੇ ਹਿੰਦੁਸਤਾਨ ਦੇ ਮਾਲਕ ਬਾਦਸ਼ਾਹ ਅਕਬਰ ਨੂੰ ਆਪਣੀ ਲੜਕੀ ਦਾ ਡੋਲਾ ਦੇਣੋਂ ਨਾਂਹ ਕਰ ਦਿੱਤੀ ਜਿਸ ਕਰ ਕੇ ਰਾਜਪੂਤਾਨਾ ਛੱਡ ਕੇ ਪੰਜਾਬ ਆ ਕੇ ਰਹਿਣਾ ਪਿਆ।

੫੨ ਉਮਰ ਕੈਦੀ ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਕਰਵਾਉਣ ਕਰ ਕੇ ਰਾਜਪੂਤਾਂ ਨੂੰ ਗੁਰੂ ਘਰ ਤੇ ਅਤੁੱਟ ਸ਼ਰਧਾ ਹੋ ਗਈ। ਇਸ ਖਾਨਦਾਨ ਨੇ ਸਭ ਤੋਂ ਪਹਿਲਾਂ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਸਿੱਖੀ ਵਿੱਚ ਪ੍ਰਵੇਸ਼ ਕੀਤਾ ਅਤੇ ਇਨ੍ਹਾਂ ਦੇ ਵਡਕੇ ਗੁਰੂ ਸਾਹਿਬ ਦੀ ਸੇਵਾ ਵਿੱਚ ਫੌਜ ਲੈ ਕੇ ਰਹਿੰਦੇ ਰਹੇ।

ਇਨ੍ਹਾਂ ਨੂੰ ਕਲਾਲ ਆਖਣ ਦਾ ਕਾਰਣ ਇਹ ਦਸੀਦਾ ਹੈ ਕਿ ਸ. ਧਾਵਾ ਸਿੰਘ ਨੇ ਕਲਾਲਾਂ ਦੀ ਸੁੰਦਰ ਕੰਨਿਆਂ ਤੱਕ ਕੇ ਉਸ ਦੇ ਗੁਣਾਂ ਤੇ ਰੀਝ ਕੇ ਉਸ ਨਾਲ ਸ਼ਾਦੀ ਕਰਵਾਉਣੀ ਚਾਹੀ। ਲੜਕੀ ਦੇ ਪਿਤਾ ਨੇ ਆਪਣੀ ਕੰਨਿਆਂ ਦਾ ਰਿਸ਼ਤਾ ਏਸ ਸ਼ਰਤ ਤੇ ਦੇਣਾ ਮੰਨਿਆ ਕਿ ਜੋ ਅੱਗੇ ਇਸ ਦੀ ਸੰਤਾਨ ਹੋਵੇਗੀ ਉਨ੍ਹਾਂ ਦੇ ਰਿਸ਼ਤੇ ਨਾਤੇ ਕਲਾਲਾਂ ਨਾਲ ਹੀ ਕੀਤੇ ਜਾਣ। ਇਸ ਸ਼ਰਤ ਨੂੰ ਸਰਦਾਰ ਜੀ ਨੇ ਪ੍ਰਵਾਨ ਕਰ ਲਿਆ ਅਤੇ ਅੱਗੇ ਵਾਸਤੇ ਲੋਕ ਇਨ੍ਹਾਂ ਨੂੰ ਕਲਾਲ ਕਹਿਣ ਲੱਗ ਪਏ।

ਜ਼ਿਲ੍ਹਾ ਲਾਹੌਰ ਦੇ ਆਹਲੂਵਾਲ ਨਗਰ ਤੋਂ ਤਿੰਨ ਸੱਜਣ ਮਾਲਵੇ ਦੇਸ਼ ਵੱਲ ਆਏ। ਸ. ਨੰਦ ਸਿੰਘ, ਸ. ਰਾਇ ਸਿੰਘ ਤੇ ਸ. ਜੈ ਸਿੰਘ। ਸ. ਨੰਦ ਸਿੰਘ ਬੁਟਾਹਰੀ ਨਗਰ ਆਇਆ ਅਤੇ ਏਥੇ ਇਸ ਨੇ ਆਪਣਾ ਕਿਲ੍ਹਾ ਬਣਾਇਆ। ਇਹ ਬੁਟਾਹਰੀ ਵਾਲੇ ਡਾਕਟਰ ਪ੍ਰੀਤਮ ਸਿੰਘ ਦੇ ਵਡਕੇ ਸਨ। ਸ. ਰਾਇ ਸਿੰਘ ਤੇ ਸ. ਜੈ ਸਿੰਘ ਹਾਂਸ ਪਿੰਡ ਆ ਗਏ। ਏਥੇ ਇਨ੍ਹਾਂ ਨੇ ਕਿਲ੍ਹਾ ਬਣਾਇਆ, ਜਿਸ ਕਰ ਕੇ ਨਗਰ ਦਾ ਨਾਮ ਕਿਲ੍ਹਾ ਹਾਂਸ ਪੈ ਗਿਆ। ਸ. ਰਾਇ ਸਿੰਘ, ਸ. ਬਲਵੰਤ ਸਿੰਘ ਦੇ ਵਡਕੇ ਸਨ। ਸ. ਜੈ ਸਿੰਘ ਦਾ ਅੱਗੇ ਇਹ ਖਾਨਦਾਨ ਹੈ:


ਸ. ਜੈ ਸਿੰਘ ਜੀ
ਸ. ਹਮੀਰ ਸਿੰਘ ਜੀ ਸ਼ਹੀਦ
ਸ. ਲਾਲ ਸਿੰਘ ਜੀ
ਸ. ਬੁਧ ਸਿੰਘ ਜੀ
ਸ. ਸੁੰਦਰ ਸਿੰਘ ਜੀ
ਸ. ਹਰਨਾਮ ਸਿੰਘ ਜੀ
ਸ. ਚੇਤ ਸਿੰਘ ਜੀ
ਸ. ਲਛਮਨ ਸਿੰਘ ਜੀ
ਸ. ਮੋਹਨ ਸਿੰਘ ਜੀ ਕੋਕਾ ਕੋਲਾ ਵਾਲੇ , ਦਿੱਲੀ
ਸ. ਦਲਜੀਤ ਸਿੰਘ ਜੀ
ਸ. ਚਰਨਜੀਤ ਸਿੰਘ ਜੀ
ਸ. ਅਜੀਤ ਸਿੰਘ ਜੀ (ਬਾਵੀ)
ਸ. ਸਤਵੰਤ ਸਿੰਘ ਜੀ (ਬਾਵਾ)

ਰਾੜਾ ਸਾਹਿਬ ਦੀ ਪਾਵਨ ਧਰਤੀ ਤੋਂ ਦੱਖਣ ਦਿਸ਼ਾ ਵੱਲ ਡੇਢ ਕੁ ਮੀਲ ਦੇ ਫਾਸਲੇ ਤੇ ਇਹ ਹਾਂਸ ਨਾਮ ਦਾ

ਨਗਰ ਹੈ। ਭਾਵੇਂ ਛੋਟਾ ਤੇ ਵੱਡਾ ਦੋ ਹਾਂਸ ਹਨ, ਪਰ ਦੋਹਾਂ ਦਾ ਫ਼ਾਸਲਾ ਬਹੁਤ ਘੱਟ ਹੈ ਕੇਵਲ ਵਿਚਕਾਰੋਂ ਇੱਕ ਰਸਤਾ ਹੀ ਵਗਦਾ ਹੈ। ਜਿਸ ਦਾ ਅਸੀਂ ਜ਼ਿਕਰ ਕਰਦੇ ਹਾਂ ਇਸ ਨੂੰ ਕਿਲ੍ਹਾ ਹਾਂਸ ਆਖਿਆ ਜਾਂਦਾ ਹੈ। ਇੱਥੇ ਸਾਰੇ ਹੀ ਆਹਲੂਵਾਲੀਆ ਬਰਾਦਰੀ ਦੇ ਸਰਦਾਰਾਂ ਦੀ ਵਸੋਂ ਹੈ। ਜਿਨ੍ਹਾਂ ਵਿੱਚ ਇੱਕ ਸੁੰਦਰ ਸਿੰਘ ਦਾ ਨਾਮ ਦਾ ਸਰਦਾਰ ਆਪਣੀਆਂ ਕਈ ਪੁਸ਼ਤਾਂ ਤੋਂ ਏਥੇ ਨਿਵਾਸ ਰੱਖਦਾ ਹੈ, ਜਿਸ ਨੇ ਗਾਇਡ ਰਸਾਲੇ ਵਿੱਚ ਨੌਕਰੀ ਕਰਦਿਆਂ ਹੋਤੀ ਮਰਦਾਨ ਜਾ ਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਦਰਸ਼ਨ ਕੀਤੇ ਅਤੇ ਭਜਨ ਸਿਮਰਨ ਕਰਨ ਦੀ ਜੁਗਤੀ ਪੁੱਛੀ। ਉਨ੍ਹਾਂ ਦੇ ਵਰਾਂ ਦਾ ਸਦਕਾ ਜਮਾਂਦਾਰੀ ਪੈਨਸ਼ਨ ਲੈ ਕੇ ਵਾਪਸ ਆਇਆ। ਉਪਰੰਤ ਇਨ੍ਹਾਂ ਦੇ ਸਪੁੱਤਰ ਸ. ਲਛਮਨ ਸਿੰਘ ਜੀ ਵੀ ਫੌਜ ਵਿੱਚ ਜਮਾਂਦਾਰੀ ਔਹਦੇ ਦੇ ਵੈਟਰਨਰੀ ਡਾਕਟਰ (Veterinary Doctor) ਸਨ। ਜਦੋਂ ਇਨ੍ਹਾਂ ਦੀ ਪਲਟਨ ਨੌਸ਼ਹਿਰੇ ਛਾਉਣੀ ਠਹਿਰੀ ਸੀ ਤਾਂ ਇਹ ਵੀ ਸਮੇਤ ਪ੍ਰਵਾਰ ਦੇ ਕਈ ਵਾਰ ਬਾਬਾ ਆਇਆ ਸਿੰਘ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਗਏ ਸਨ। ਇਹ ਵੀ ਜਦੋਂ ਜਮਾਂਦਾਰੀ ਪੈਨਸ਼ਨ ਲੈ ਕੇ ਮੁੜੇ ਤਾਂ ਆਸੇ ਪਾਸੇ ਦੇ ਨਗਰਾਂ ਵਿੱਚ ਕੋਈ ਹਸਪਤਾਲ ਨਹੀਂ ਸੀ। ਆਪ ਦੂਰ ਨੇੜੇ ਜਾ ਕੇ ਗ਼ਰੀਬ, ਅਮੀਰ ਦੇ ਘਰ ਮੁਫ਼ਤ ਇਲਾਜ ਕਰਦੇ।

ਇਹ ੧੯੨੮ ਈ. ਦੇ ਮਾਘ ਮਹੀਨੇ ਰਾੜੇ ਦੀ ਢੱਕੀ ਵਿਖੇ ਸੰਤ ਮਹਾਰਾਜ ਦੇ ਚਰਨਾਂ ਵਿੱਚ ਪਹਿਲੀ ਵਾਰ ਹਾਜ਼ਰ ਹੋਏ। ਉਹਨੀਂ ਦਿਨੀਂ ਇਨ੍ਹਾਂ ਦਾ ਸਪੁੱਤਰ ਸਰਦਾਰ ਮੋਹਨ ਸਿੰਘ ਲੁਧਿਆਣੇ ਪੜ੍ਹਾਈ ਕਰ ਕੇ ਦਿੱਲੀ ਚਲਾ ਗਿਆ ਸੀ। ਦਰਸ਼ਨ ਕਰਨ ਦਾ ਸਮਾਗਮ ਵੀ ਇਉਂ ਬਣਿਆ। ਦੇਵ ਨੇਤ ਨਾਲ ਸ. ਲਛਮਣ ਸਿੰਘ ਦੇ ਖੱਬੇ ਪੈਰ ਨੂੰ ਕਿਤੇ ਤੁਰਦਿਆਂ ਫਿਰਦਿਆਂ ਮਾਮੂਲੀ ਜੇਹੀ ਸੱਟ ਲੱਗੀ, ਜਿਸ ਨਾਲ ਪੈਰ ਨੂੰ ਮੋਚ ਆ ਗਈ ਅਤੇ ਉੱਪਰ ਸੋਜ਼ਸ਼ ਹੋ ਗਈ। ਪੈਰ ਕਾਫ਼ੀ ਦਰਦ ਕਰਨ ਲੱਗ ਪਿਆ। ਆਪ ਵੀ ਸਿਆਣੇ ਡਾਕਟਰ ਸਨ। ਹੋਰਨਾਂ ਪਾਸੋਂ ਵੀ ਇਲਾਜ ਕਰਵਾਇਆ ਪਰ ਦਰਦ ਵਧਦੀ ਹੀ ਜਾਵੇ। ਪਿੰਡ ਦੇ ਬਹੁਤ ਸਾਰੇ ਪ੍ਰੇਮੀ ਸੰਤ ਜੀ ਮਹਾਰਾਜ ਦੇ ਪਾਸ ਦਰਸ਼ਨਾਂ ਨੂੰ ਆਉਂਦੇ। ਜਿਨ੍ਹਾਂ ਵਿੱਚੋਂ ਦੂਜੇ ਹਾਂਸਾਂ ਦਾ ਚੂਹੜ ਸਿੰਘ ਨੰਬਰਦਾਰ ਤਾਂ ਖ਼ਾਸ ਪ੍ਰੇਮੀ ਬਣ ਗਿਆ ਸੀ। ਉਸ ਦਾ ਪਹਿਲਾਂ ਤੋਂ ਹੀ ਸ. ਲਛਮਨ ਸਿੰਘ ਜੀ ਨਾਲ ਮੇਲ ਮਿਲਾਪ ਸੀ। ਉਸ ਨੇ ਸੰਤ ਜੀ ਮਹਾਰਾਜ ਦੀ ਮਹਿਮਾ ਦੱਸੀ ਅਤੇ ਸ. ਲਛਮਣ ਸਿੰਘ ਜੀ ਨੂੰ ਘੋੜੀ ਤੇ ਬਿਠਾ ਕੇ ਹਜ਼ੂਰੀ ਵਿੱਚ ਲੈ ਆਂਦਾ। ਜਾਣੀ ਜਾਣ ਦਾਤੇ ਨੇ ਚੂਹੜ ਸਿੰਘ ਪਾਸੋਂ ਬੇਨਤੀ ਸੁਣ ਕੇ ਮੇਹਰਾਂ ਭਰੀ ਦ੍ਰਿਸ਼ਟੀ ਪਾਈ, ਜਿਸ ਨਾਲ ਉਸ ਸਮੇਂ ਪੈਰ ਦਾ ਦਰਦ ਬੰਦ ਹੋ ਗਿਆ। ਆਪਣੇ ਹਥੀਂ ਦੋਹਾਂ ਨੂੰ ਪ੍ਰਸ਼ਾਦ ਦੇ ਕੇ ਵਿਦਾ ਕੀਤਾ। ਜਾਣ ਸਮੇਂ ਤਾਂ ਪਿੰਡ ਦੇ ਕੋਲ ਜਾ ਕੇ ਘੋੜੀ ਤੋਂ ਉੱਤਰ ਕੇ ਪੈਦਲ ਹੀ ਤੁਰ ਕੇ ਘਰ ਪੁੱਜੇ। ਫੇਰ ਤਾਂ ਅਨੰਨ ਪ੍ਰੇਮੀ ਬਣਿਆ। ਅੰਮ੍ਰਿਤ ਤਾਂ ਪਹਿਲਾਂ ਹੀ ਪਾਨ ਕੀਤਾ ਸੀ। ਪੰਜਾਂ ਪਿਆਰਿਆਂ ਵਲੋਂ ਪ੍ਰਾਪਤ ਹੋਏ ਨਾਮ ਜਪਣ ਦੀ ਜੁਗਤੀ ਪੁੱਛੀ ਤੇ ਹਰ ਰੋਜ਼ ਹਾਜ਼ਰੀ ਭਰਣ ਲੱਗ ਪਏ ਅਰ ਸਾਰੀ ਜ਼ਿੰਦਗੀ ਮਨ ਵਿੱਚ ਸ਼ਰਧਾ ਧਾਰਨ ਕਰ ਕੇ ਸੇਵਾ ਕਰਦੇ ਰਹੇ। ਫੇਰ ਬੀਬੀ ਤਾਜ ਕੌਰ ਦੇ ਵਿਆਹ ਸਮੇਂ ਹਜ਼ੂਰ ਨੂੰ ਬੇਨਤੀ ਕਰ ਕੇ ਅਨੰਦ ਕਾਰਜ ਦੇ ਵਕਤ ਘਰ ਵਿੱਚ ਚਰਨ ਪਵਾਏ। ਸਭ ਤੋਂ ਪਹਿਲਾਂ ਦੋਹਾਂ ਵਿਅਕਤੀਆਂ ਦੇ ਇਸੇ ਸਮੇਂ ਹੀ ਕਿਲ੍ਹਾ ਹਾਂਸ ਨਗਰ ਵਿੱਚ ਚਰਨ ਪਏ। ਫੇਰ ਸੰਤ ਜੀ ਮਹਾਰਾਜ ਪਾਸੋਂ ਨਗਰ ਦੇ ਗੁਰਦੁਆਰੇ ਦੀ ਨੀਂਹ ਰਖਵਾਈ।

ਪਹਿਲੀ ਵਾਰ ਸੰਤ ਜੀ ਮਹਾਰਾਜ ਨੇ ਦਿੱਲੀ ਜਾਣਾ

ਸੰਤ ਜੀ ਮਹਾਰਾਜ ਨੂੰ ਰਾੜੇ ਸਾਹਿਬ ਦੀ ਢੱਕੀ ਆਇਆਂ ਪੰਜ ਸਾਲਾਂ ਦਾ ਸਮਾਂ ਹੋ ਗਿਆ। ਭਜਨ ਸਿਮਰਨ ਦੀ ਕ੍ਰਿਪਾ ਦਾ ਸਦਕਾ ਸਾਰੇ ਇਲਾਕੇ ਵਿੱਚ ਚੰਦਨ ਵਾਂਗ ਖ਼ੁਸ਼ਬੂ ਫੈਲ ਗਈ। ਚਾਹੇ ਉਨ੍ਹਾਂ ਨੂੰ ਆਪਣੀ ਕੋਈ ਇੱਛਾ ਨਹੀਂ ਹੁੰਦੀ। ਉਹ ਤਾਂ ਹਰ ਸਮੇਂ ਆਪਣਾ ਆਪ ਛੁਪਾ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਪਰ ਜੀਵਾਂ ਦੀ ਪ੍ਰਾਰਬਧ ਉਨ੍ਹਾਂ ਨੂੰ ਛੁਪਿਆ ਨਹੀਂ ਰਹਿਣ ਦਿੰਦੀ।

ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀਂ ਛਪੈ ॥

(ਗਉੜੀ ਸੁਖਮਨੀ ਮਃ ੫ - ੨੬੫)

ਸੰਤ ਜੀ ਨੇ ਇਤਨੇ ਸਮੇਂ ਵਿੱਚ ਕਠਨ ਤਤਿਖਸ਼ਾ ਕਰ ਕੇ ਸਰੀਰ ਨੂੰ ਕਮਜ਼ੋਰ ਕਰ ਲਿਆ। ਕਿਉਂਕਿ ਛੱਪੜਾਂ ਦੇ ਖੜ੍ਹੇ ਪਾਣੀ, ਜਮਾ ਦੇਣ ਵਾਲੀ ਮਾਰੂ ਠੰਢ ਦਾ ਕੋਈ ਖ਼ਿਆਲ ਨਹੀਂ ਸੀ ਕਰਦੇ। ਅਤੇ ਜਿਸ ਲੋਅ ਨਾਲ ਛੱਪੜ ਤੇ ਟੋਭੇ ਸੜ ਕੇ ਤ੍ਰੇੜੋ ਤ੍ਰੇੜ ਹੋ ਜਾਂਦੇ ਹਨ, ਉਹ ਕਾਵਾਂ ਦੀਆਂ ਜੀਵਾਂ ਬਾਹਰ ਕੱਢ ਦੇਣ ਵਾਲੀ ਗ਼ਰਮੀ ਦੀ ਵੀ ਪ੍ਰਵਾਹ ਨਹੀਂ ਸੀ ਹੁੰਦੀ ਜਿਸ ਕਰ ਕੇ ਚੇਹਰੇ ਦਾ ਰੰਗ ਤੇ ਅੱਖਾਂ ਦੀ ਲਾਲੀ ਪਿਲੱਤਣ ਵਿੱਚ ਬਦਲ ਗਈ ਤੇ ਸਰੀਰ ਬੀਮਾਰ ਹੋ ਗਿਆ। ਕੋਈ ਕਹਿੰਦਾ ਬਹੁਤੀ ਮਿਹਨਤ ਕਰਨ ਕਰ ਕੇ ਕਮਜ਼ੋਰੀ ਹੋ ਗਈ। ਕੋਈ ਕਹਿੰਦਾ ਅੰਦਰ ਗ਼ਰਮੀ ਠਹਿਰ ਗਈ। ਕੋਈ ਕਹਿੰਦਾ ਆਰਾਮ ਘੱਟ ਕਰਦੇ ਹਨ ਬੇਆਰਾਮੀ ਦਾ ਕਾਰਣ ਹੈ। ਕਈਆਂ ਦਾ ਖ਼ਿਆਲ ਸੀ ਸਰੀਰ ਨੂੰ ਭੁੱਖਾ ਪਿਆਸਾ ਰੱਖਦੇ ਹਨ,

ਜਿਸ ਕਰ ਕੇ ਅੰਦਰ ਆਂਦਰਾਂ ਵਿੱਚ ਨੁਕਸ ਪੈ ਗਿਆ। ਕੋਈ ਚੇਹਰੇ ਦਾ ਰੰਗ ਤਕ ਕੇ ਕਹਿੰਦਾ ਇਨ੍ਹਾਂ ਨੂੰ ਤਾਂ ਯਰਕਾਨ ਹੋ ਗਿਆ। ਛੋਟੇ ਸੰਤ ਜੀ ਮਹਾਰਾਜ ਨੇ ਕਿਸੇ ਸਿਆਣੇ ਡਾਕਟਰ ਨੂੰ ਦਿਖਾ ਕੇ ਐਕਸਰੇ ਦੁਆਰਾ ਬੀਮਾਰੀ ਦਾ ਪਤਾ ਕਰ ਕੇ ਪੂਰਨ ਇਲਾਜ ਕਰਵਾਉਣ ਦਾ ਖ਼ਿਆਲ ਕੀਤਾ। ਇੱਕ ਦੋ ਹਿਤੂ ਸੱਜਣਾਂ ਨੇ ਬੇਨਤੀ ਕੀਤੀ, "ਮਹਾਰਾਜ! ਪੰਜਾਬ ਵਿੱਚ ਸਭ ਤੋਂ ਵੱਡਾ ਹਸਪਤਾਲ ਲਾਹੌਰ ਵਿਖੇ ਹੈ। ਆਪ ਇਨ੍ਹਾਂ ਨੂੰ ਉੱਥੇ ਲੈ ਜਾਵੋ ਆਰਾਮ ਆ ਜਾਵੇਗਾ।" ਪਰ ਜਦੋਂ ਇਸ ਗੱਲ ਦਾ ਪਤਾ ਸ. ਲਛਮਣ ਸਿੰਘ ਨੂੰ ਲੱਗਾ ਉਸ ਨੇ ਅਰਜ਼ ਕੀਤੀ, "ਮਹਾਰਾਜ! ਆਪ ਲਾਹੌਰ ਨਾ ਜਾਵੋ ਇਹ ਸੇਵਾ ਮੈਨੂੰ ਬਖ਼ਸ਼ੋ। ਇੱਕ ਬਹੁਤ ਵੱਡਾ ਤੇ ਸਿਆਣਾ ਬੰਗਾਲੀ ਡਾਕਟਰ ਮਿਤਰਾ ਨਾਮ ਕਰ ਕੇ ਦਿੱਲੀ ਰਹਿੰਦਾ ਹੈ। ਉਸੇ ਨੇ ਹੀ ਮਸਤੂਆਣੇ ਵਾਲੇ ਸੰਤਾਂ ਦੇ ਪੈਰ ਦਾ ਇਲਾਜ ਕੀਤਾ ਸੀ। ਉਹ ਮੇਰੇ ਲੜਕੇ ਮੋਹਨ ਸਿੰਘ ਦਾ ਵਾਕਫ਼ ਹੈ। ਕਿਉਂਕਿ ਮੋਹਨ ਸਿੰਘ ਨੇ ਵੱਡੇ ਇੰਜੀਨੀਅਰ ਨੂੰ ਕਹਿ ਕੇ ਨਕਸ਼ਾ ਪਾਸ ਕਰਵਾ ਕੇ ਉਸਦੀ ਕੋਠੀ ਬਣਵਾ ਕੇ ਦਿੱਤੀ ਸੀ। ਮੈਂ ਆਪਣੇ ਵਲੋਂ ਮੋਹਨ ਸਿੰਘ ਨੂੰ ਚਿੱਠੀ ਲਿਖ ਦਿੰਦਾ ਹਾਂ ਉੱਥੇ ਚਲੇ ਜਾਓ। ਉਹ ਹਰ ਪ੍ਰਕਾਰ ਤੁਹਾਡੀ ਸੇਵਾ ਤੇ ਸੰਭਾਲ ਕਰੇਗਾ।"

ਸੰਤ ਜੀ ਨੇ ਇਸ ਦੀ ਬੇਨਤੀ ਪ੍ਰਵਾਨ ਕਰ ਲਈ। ੧੯੩੨ ਈ. ਦੇ ਚੜ੍ਹਦੇ ਜੇਠ ਦੋਵੇਂ ਮਹਾਂਪੁਰਸ਼ ਤੇ ਹਜ਼ੂਰੀਆ ਸੇਵਕ ਬਾਬਾ ਨਾਹਰ ਸਿੰਘ ਤਿੰਨੇ ਦਿੱਲੀ ਪੁੱਜ ਗਏ। ਉਸ ਸਮੇਂ ਸ. ਮੋਹਨ ਸਿੰਘ ਜੀ ਨੇ ਆਪਣੀ ਰਿਹਾਇਸ਼ ਤਾਲਕਟੋਰਾ ਰੋਡ ਤੇ ਜੋ ਗੌਰਮਿੰਟ ਵਲੋਂ ਮਿਲਿਆ ਕਵਾਟਰ ਸੀ ਉਸ ਵਿੱਚ ਰਖੀ ਹੋਈ ਸੀ।

ਸ. ਮੋਹਨ ਸਿੰਘ ਜੀ (ਆਹਲੂਵਾਲੀਆ) ਕੋਕਾ ਕੋਲਾ, ਦਿੱਲੀ

ਸ. ਮੋਹਨ ਸਿੰਘ ਜੀ ਦਾ ਜਨਮ ੧੪ ਮਾਰਚ ੧੯੦੦ ਈ. ਨੂੰ ਕਿਲ੍ਹਾ ਹਾਂਸ ਨਗਰ ਜ਼ਿਲ੍ਹਾ ਲੁਧਿਆਣੇ ਵਿੱਚ ਹੋਇਆ। ਲੁਧਿਆਣੇ ਸ਼ਹਿਰ ਮਿਸ਼ਨ ਸਕੂਲ ਵਿੱਚ ਦਸਵੀਂ ਪਾਸ ਕਰ ਕੇ ਸ. ਬਹਾਦਰ ਸਿੰਘ ਦੇ ਕੋਲ ੧੯੧੯ ਈ. ਵਿੱਚ ਦਿੱਲੀ ਆ ਗਏ। ਉਸੇ ਸਾਲ ਹੀ ਸ. ਲਛਮਣ ਸਿੰਘ ਜੀ ਦੀ ਪੈਨਸ਼ਨ ਹੋਈ ਸੀ।

ਓਹਨੀਂ ਦਿਨੀਂ ਵਾਇਸਰਾਇ ਹਾਊਸ ਤੇ ਪਾਰਲੀਮੈਂਟ ਹਾਊਸ ਤਿਆਰ ਹੋ ਰਿਹਾ ਸੀ। ਏਥੇ ਇਨ੍ਹਾਂ ਨੂੰ ਗੌਰਮਿੰਟ ਵਲੋਂ ਲਕੜੀ ਦੇ ਕੰਮ ਦੇ ਡੀਪਾਰਟਮੈਂਟ ਤੇ ੬੦ ਰੁਪੈ ਮਹੀਨੇ ਦੀ ਨੌਕਰੀ ਮਿਲ ਗਈ। ਕੁੱਝ ਸਮੇਂ ਤੋਂ ਬਾਅਦ ਲਕੜੀ ਦੇ ਕੰਮ ਦੀ ਸਪੈਸ਼ਲ ਟਰੇਰਿੰਗ ਵਾਸਤੇ ਢਾਈ ਮਹੀਨੇ ਰੁੜਕੀ ਤੇ ਢਾਈ ਮਹੀਨੇ ਡੇਹਰਾਦੂਨ ਭੇਜੇ ਗਏ। ਖ਼ਰਚ ਸਾਰਾ ਗੌਰਮਿੰਟ ਦਾ ਹੋਇਆ। ਵਾਪਸ ਆਇਆ ਤੋਂ ਢਾਈ ਸੌ ਰੁਪਏ ਮਹੀਨਾ ਮਿਲਣ ਲੱਗ ਪਏ। ਤਾਲਕਟੋਰਾ ਰੋਡ ਤੇ ਸਰਕਾਰ ਵਲੋਂ ਕੁਆਟਰ ਮਿਲਿਆ ਸੀ। ਏਥੇ ਹੀ ੭ ਮਾਰਚ ੧੯੨੨ ਈ. ਨੂੰ ਸ. ਦਲਜੀਤ ਸਿੰਘ ਦਾ ਜਨਮ ਹੋਇਆ। ੧੯੨੯ ਈ. ਵਿੱਚ ਜਦੋਂ ਇਹ ਕੰਮ ਸਮਾਪਤ ਹੋਣ ਲੱਗਾ ਤਾਂ ਸਰਕਾਰ ਨੇ ਇਨ੍ਹਾਂ ਦੇ ਕੰਮ ਤੇ ਪ੍ਰਸੰਨ ਹੋ ਕੇ ਬੜੀ ਵੱਡੀ ਤਰੱਕੀ ਦੇ ਕੇ ਸਦੀਵੀ ਆਪਣੇ ਪਾਸ ਰੱਖਣਾ ਚਾਹਿਆ ਪਰ ਜੋ ਏਸ ਕੰਮ ਦਾ ਚੀਫ ਇੰਜੀਨੀਅਰ ਅੰਗਰੇਜ਼ ਸੀ, ਇਨ੍ਹਾਂ ਦਾ ਮਿੱਤਰ ਬਣ ਚੁੱਕਾ ਸੀ। ਉਸ ਨੇ ਕਿਹਾ, "ਸ. ਮੋਹਨ ਸਿੰਘ! ਤੁਸੀਂ ਆਪਣਾ ਵੱਖਰਾ ਕੰਮ ਚਾਲੂ ਕਰੋ। ਤੁਹਾਡੀ ਦਿਮਾਗ਼ੀ ਲਿਆਕਤ ਤੋਂ ਮੈਂ ਅੰਦਾਜ਼ਾ ਲੱਗਾ ਲਿਆ ਹੈ ਕਿ ਤੁਸੀਂ ਛੇਤੀ ਹੀ ਤਰੱਕੀ ਕਰ ਲਵੋਗੇ।" ਉਸ ਸਮੇਂ ਉਸ ਦੀ ਸਲਾਹ ਨਾਲ ਨੌਕਰੀ ਛੱਡ ਕੇ ੧੯੩੨ ਈ. ਵਿੱਚ ਆਪਣਾ ਫਰਨੀਚਰ ਦਾ ਵੱਖਰਾ ਕੰਮ ਚਾਲੂ ਕਰ ਲਿਆ।

ਜਦੋਂ ਸੰਤ ਜੀ ਮਹਾਰਾਜ ਦਿੱਲੀ ਪੁੱਜੇ ਸ. ਮੋਹਨ ਸਿੰਘ ਜੀ ਨੂੰ ਉਨ੍ਹਾਂ ਦੇ ਪਿਤਾ ਦੀ ਲਿਖੀ ਚਿੱਠੀ ਦਿਖਾਈ ਤਾਂ ਸੰਤ ਮਹਾਰਾਜ ਦਾ ਦਰਸ਼ਨ ਕਰ ਕੇ ਇਸ ਨੂੰ ਚਾਅ ਚੜ੍ਹ ਗਿਆ। ਭਾਵੇਂ ਇਸ ਨੇ ਅੱਗੇ ਵੀ ਪਹਿਲਾਂ ਢੱਕੀ ਕਈ ਵਾਰ ਮਹਾਂਪੁਰਸ਼ਾਂ ਦਾ ਦਰਸ਼ਨ ਕੀਤਾ ਸੀ ਪਰ ਅਜੇ ਨੇੜਤਾ ਨਹੀਂ ਸੀ ਹੋਈ। ਹੁਣ ਪਿਛਲੇ ਜਨਮ ਦੇ ਪ੍ਰਬਲ ਸੰਸਕਾਰਾਂ ਨੇ ਸੱਚੀ ਪ੍ਰੀਤੀ ਪੈਦਾ ਕਰ ਦਿੱਤੀ।

ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥

(ਰਾਮਕਲੀ ਭਗਤ ਕਬੀਰ ਜੀ - ੯੭੦)

ਸੰਤ ਜੀ ਮਹਾਰਾਜ ਨੂੰ ਭਾਵਨਾ ਨਾਲ ਨਮਸ਼ਕਾਰ ਕੀਤੀ। ਚੰਗੀ ਜਗ੍ਹਾ ਰਿਹਾਇਸ਼ ਕਰਵਾ ਕੇ ਬੜੀ ਸ਼ਰਧਾ ਨਾਲ ਸੇਵਾ ਕੀਤੀ। ਰਾਤ ਬਤੀਤ ਹੋਈ, ਦੂਸਰੇ ਦਿਨ ਸਵੇਰੇ ਆਪਣੀ ਗੱਡੀ ਵਿੱਚ ਡਾਕਟਰ ਪਾਸ ਲਿਜਾ ਕੇ ਸਾਰੀ ਗੱਲ ਦਸੀ। ਉਸ ਨੇ ਗਹੁ ਨਾਲ ਸੇਹਤ ਵੱਲ ਤੱਕਿਆ। ਚੇਹਰੇ ਦੀ ਰੰਗਤ ਤੇ ਅੱਖਾਂ ਦੀ ਪਿਲੱਤਣ ਦੇਖ ਕੇ ਅੰਦਾਜ਼ਾ ਲੱਗਾ ਲਿਆ ਕਿ ਬਹੁਤੇ ਹਠ ਨਾਲ ਅੰਦਰ ਗਰਮੀ ਵਧ ਗਈ ਨੇ ਯਰਕਾਨ ਹੋ ਗਿਆ। ਉਸ ਨੇ ਦਿਮਾਗ਼ੀ ਗ਼ਰਮੀ ਖ਼ੁਸ਼ਕੀ ਦੂਰ ਕਰਨ ਤੇ ਤਾਕਤ ਵਧਾਉਣ ਵਾਸਤੇ ਦਵਾਈ ਦਿੱਤੀ। ਪੱਥ ਪ੍ਰਹੇਜ਼ ਦਸਿਆ। ਆਪ ਜੀ ਦੋ ਮਹੀਨੇ ਦਿੱਲੀ ਠਹਿਰੇ। ਸਰੀਰ ਬਿਲਕੁਲ ਠੀਕ ਹੋ ਗਿਆ। ਡਾਕਟਰ ਉੱਪਰ ਵੀ ਬੜੀ ਪ੍ਰਸੰਨਤਾ ਹੋਈ। ਸ. ਮੋਹਨ ਸਿੰਘ ਨੇ ਸਮੇਤ ਪ੍ਰਵਾਰ ਦੇ ਬੜੀ ਭਾਵਨਾ ਨਾਲ ਸੇਵਾ ਕੀਤੀ। ਬਸ ਫੇਰ ਕੀ ਸੀ, ਇਸ ਦੇ ਘਰ ਹਜ਼ੂਰ ਦੇ ਚਰਨ ਕੀ ਪਏ ਮਾਨੋ ਪਾਰਸ ਦੀ ਛੋਹ ਹੀ ਪ੍ਰਾਪਤ ਹੋ ਗਈ।

ਪਾਰਸ ਤਾਂ ਲੋਹੇ ਆਦਿਕ ਧਾਤਾਂ ਨੂੰ ਛੋਹਿਆਂ ਸੋਨਾ ਬਣਾਉਂਦਾ ਹੈ ਪਰ ਇਸ ਨੇ ਤਾਂ ਏਹੋ ਜਿਹੀ ਬਖ਼ਸ਼ਿਸ਼ ਰੂਪ ਪਾਰਸ ਦੀ ਬੱਟੀ ਪਾਈ ਕਿ ਮਿੱਟੀ ਨੂੰ ਹੱਥ ਪਾਇਆਂ ਹੀ ਉਹ ਸੋਨਾ ਬਣਾਉਂਦੀ ਸੀ। ਜਿਉਂ ਜਿਉਂ ਮਨ ਦੀ ਭਾਵਨਾ ਵਧਦੀ ਗਈ ਅਰ ਨਿੰਮ੍ਰਤਾ ਨਾਲ ਸੇਵਾ ਤੇ ਹੁਕਮ ਦੀ ਪਾਲਣਾ ਕਰਨ ਵਿੱਚ ਦ੍ਰਿੜ੍ਹ ਵਿਸ਼ਵਾਸ ਕੀਤਾ, ਤਿਉਂ ਤਿਉਂ ਕੁਬੇਰ ਦਾ ਖਜ਼ਾਨਾ ਆਉਣਾ ਸ਼ੁਰੂ ਹੋ ਗਿਆ। ਥੋੜ੍ਹੇ ਹੀ ਸਮੇਂ ਵਿੱਚ ਇਤਨਾ ਵੱਡਾ ਕੰਮ ਹੋਣਾ ਇਹ ਇੱਕ ਪੂਰਨ ਮਹਾਂਪੁਰਸ਼ ਦੀ ਬਖ਼ਸ਼ਿਸ਼ ਦਾ ਹੀ ਕ੍ਰਿਸ਼ਮਾ ਹੈ। ੧੦ ਨਵੰਬਰ ੧੯੩੪ ਈ. ਨੂੰ ਹਨੂੰਮਾਨ ਰੋਡ ਬਾਰਾਂ ਖੰਭੇ ਕੋਠੀ ਨੰ: ੪੦ ਆਪਣੀ ਤਿਆਰ ਕਰ ਕੇ (ਜਿਸ ਦੀ ਨੀਂਹ ਸੰਤ ਜੀ) ਮਹਾਰਾਜ ਨੇ ਹੀ ਰੱਖੀ ਤੇ ਪ੍ਰਵੇਸ਼ ਹੋਣ ਸਮੇਂ ਵੀ ਆਪ ਜੀ ਪਾਠ ਦੇ ਭੋਗ ਸਮੇਂ ਪੁੱਜੇ ਸਨ।) ਉਸ ਵਿੱਚ ਰਿਹਾਇਸ਼ ਰੱਖ ਲਈ।

ਇੱਕ ਸਮੇਂ ਸ. ਮੋਹਨ ਸਿੰਘ ਜੀ ਦੇ ਪਿਤਾ ਸ. ਲਛਮਨ ਸਿੰਘ ਜੀ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਮੋਹਨ ਸਿੰਘ ਤੇ ਹਜ਼ੂਰ ਦੀ ਅਪਾਰ ਬਖ਼ਸ਼ਿਸ਼ ਹੋਈ ਹੈ ਜਿਸ ਕਰ ਕੇ ਕੰਮਕਾਰ ਕਾਫ਼ੀ ਵੱਧ ਚੁੱਕਾ ਹੈ ਪਰ ਇਸ ਦਾ ਇੱਕੋ ਹੀ ਕਾਕਾ ਹੈ ਆਪ ਕ੍ਰਿਪਾ ਕਰ ਕੇ ਜੋੜੀ ਬਣਾ ਦਿਓ।" ਸੰਤ ਜੀ ਮਹਾਰਾਜ ਨੇਤਰ ਬੰਦ ਕਰੀ ਬੈਠੇ ਸਨ। ਕੁੱਝ ਕੁ ਸਮਾਂ ਚੁੱਪ ਰਹਿਣ ਤੋਂ ਬਾਅਦ ਕਮਲਾਂ ਸਮਾਨ ਨੇਤ੍ਰ ਖੋਲੇ ਜਿਨ੍ਹਾਂ ਵਿੱਚ ਮੇਹਰਾਂ ਭਰੀ ਨਾਮ ਦੀ ਮਸਤੀ ਵਾਲੇ ਲਾਲੀ ਦੇ ਡੋਰੇ ਸਨ, ਮੁਸਕਰਾ ਕੇ ਕਹਿਣ ਲੱਗੇ, "ਚੰਗਾ! ਨਿਰੰਕਾਰ ਭਲੀ ਕਰੇਗਾ। ਹਜ਼ੂਰ ਦੇ ਬਚਨਾਂ ਅਨੁਸਾਰ ੧੦ ਨਵੰਬਰ ੧੯੩੮ ਈ. ਨੂੰ ਇਨ੍ਹਾਂ ਦੇ ਘਰ ਵਿੱਚ ਦੂਸਰੇ ਬੱਚੇ ਦਾ ਜਨਮ ਹੋਇਆ ਫੇਰ ਤਾਂ ਸਾਰੇ ਪ੍ਰਵਾਰ ਦੇ ਮਨ ਅੰਤਰ ਅਤੁੱਟ ਸ਼ਰਧਾ ਵੱਧ ਗਈ। ਫੇਰ ੧੯੩੯ ਈ. ਨੂੰ ਕੋਠੀ ਨੰ: ੪੦ ਵਿੱਚ ਅਖੰਡ ਪਾਠ ਦੇ ਭੋਗ ਸਮੇਂ ਸੰਤ ਜੀ ਮਹਾਰਾਜ ਨੂੰ ਬੇਨਤੀ ਕਰ ਕੇ ਦਿੱਲੀ ਲਿਆਂਦਾ ਗਿਆ ਅਤੇ ਹਜ਼ੂਰ ਦੀ ਰਸਨਾ ਤੋਂ ਕਾਕੇ ਦਾ ਨਾਮ ਰਖਵਾਇਆ। ਗ਼ਰੀਬ ਨਿਵਾਜ਼ ਨੇ ਸਤਿਗੁਰਾਂ ਦੇ ਮੁਖਵਾਕ ਤੋਂ ਭੁਜੰਗੀ ਦਾ ਨਾਮ ਚਰਨਜੀਤ ਸਿੰਘ ਰੱਖਿਆ। ਉਸ ਸਮੇਂ ਪੂਰਨ ਸ਼ਰਧਾਲੂ ਪਰਮ ਪ੍ਰੀਤਵਾਨ ਸ. ਲਛਮਣ ਸਿੰਘ ਨੇ ਆਪਣੇ ਲਖਤੇ ਜਿਗਰ ਸ. ਮੋਹਨ ਸਿੰਘ ਜੀ ਨੂੰ ਸੌ ਗੱਲਾਂ ਦੀ ਇੱਕੋ ਹੀ ਗੱਲ ਆਖੀ ਕਿ ਕਾਕਾ! ਜੇ ਤੂੰ ਮੇਰਾ ਇੱਕ ਬਚਨ ਮੰਨ ਲਵੇਂ ਤਾਂ ਸਾਰੀ ਜ਼ਿੰਦਗ਼ੀ ਸੁੱਖ ਪਾਵੇਂਗਾ। ਇਸ ਨੇ ਅਰਜ਼ ਕੀਤੀ, "ਦਸੋ ਪਿਤਾ ਜੀ! ਕਿਉਂ ਨਹੀਂ ਮੰਨਾਂਗਾ, ਜ਼ਰੂਰ ਮੰਨਾਂਗਾ।" ਤਾਂ ਉਨ੍ਹਾਂ ਨੇ ਵੈਰਾਗ ਤੇ ਪ੍ਰੇਮ ਦੇ ਮਿਸਰਤ ਰੰਗ ਵਿੱਚ ਸਜਲ ਨੇਤਰੀਂ ਬਚਨ ਕੀਤਾ ਕਿ ਇਨ੍ਹਾਂ ਦੇ ਚਰਨਾਂ ਨੂੰ ਨਾ ਛੱਡੀਂ। ਲੜ ਲਗਿਆਂ ਰਹੀਂ, ਫੇਰ ਤੈਨੂੰ ਕਿਸੇ ਗੱਲ ਦਾ ਘਾਟਾ ਨਹੀਂ। ਉਸ ਨੇ ਪਿਤਾ ਦੇ ਅੱਗੇ ਪ੍ਰਣ ਕੀਤਾ, "ਪਿਤਾ ਜੀ! ਮੈਂ ਆਪਣੀ ਜ਼ਿੰਦਗ਼ੀ ਵਿੱਚ ਜਿਤਨੀ ਵੀ ਹੋ ਸਕੀ, ਇਨ੍ਹਾਂ ਦੀ ਤਨੋ ਮਨੋ ਸੇਵਾ ਕਰਾਂਗਾ।" ਫੇਰ ਸੰਤ ਜੀ ਨੂੰ ਕਿਹਾ, "ਆਪ ਜੀ ਨੇ ਇਸ ਦੇ ਸਿਰ ਤੇ ਹੱਥ ਧਰੀ ਰੱਖਣਾ। ਸੰਤ ਜੀ ਨੇ ਮੁਸਕਰਾ ਕੇ ਕਿਹਾ ਸਾਡੇ ਵਲੋਂ ਤਾਂ ਹਰ ਸਮੇਂ ਹੀ ਬਖ਼ਸ਼ਿਸ਼ ਦੇ ਬੂਹੇ ਖੁਲ੍ਹੇ ਹਨ। ਪਰ ਜੇਹੋ ਜਿਹਾ ਇਹ ਆਪਣੇ ਵਲੋਂ ਵਰਤ ਵਰਤਾ ਕਰਣਗੇ ਉਸੇ ਤਰ੍ਹਾਂ ਦਾ ਫ਼ਲ ਮਿਲ ਜਾਵੇਗਾ।

ਗੁਰਸਿੱਖ ਦੇ ਲੱਛਣ

ਸੰਤ ਜੀ ਮਹਾਰਾਜ ਪਾਸ ਸ. ਮੋਹਨ ਸਿੰਘ ਜੀ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਗੁਰਸਿੱਖ ਦੇ ਕੀ ਲੱਛਣ ਹਨ।" ਆਪ ਜੀ ਨੇ ਉੱਤਰ ਦਿੱਤਾ, "ਪੂਰਨ ਗੁਰਸਿੱਖ ਹਰੀ ਜਸ ਦਾ ਭੰਡਾਰਾ ਹੈ। ਜਿਤਨੇ ਵੀ ਗੁਰੂ ਦਰਬਾਰ ਵਿੱਚ ਵੱਧ ਤੋਂ ਵੱਧ ਸਿੱਖ ਇਕੱਠੇ ਹੁੰਦੇ ਹਨ ਉਤਨਾ ਹੀ ਹਰੀ ਜਸ ਤੇ ਹਰੀ ਕੀਰਤਨ ਵਿੱਚ ਵਾਧਾ ਹੁੰਦਾ ਹੈ। ਕਮਾਈ ਵਾਲੇ ਸਿੱਖਾਂ ਦੇ ਵਾਕ ਅਮੋਘ ਬਾਣ ਹਨ। ਉਨ੍ਹਾਂ ਦੇ ਮੁੱਖੋਂ ਨਿੱਕਲੇ ਬਚਨ ਮਨੁੱਖ ਦਾ ਸੀਨਾ ਵਿੰਨ੍ਹ ਦੇਂਦੇ ਹਨ ਅਤੇ ਹਿਰਦੇ ਵਿੱਚ ਡੂੰਘਾ ਘਾਹ ਕਰ ਦੇਂਦੇ ਹਨ। ਸਿੱਖ ਚੰਦਨ ਦੀ ਸੁਗੰਧੀ ਭਰੀ ਹਵਾ ਹੈ। ਜਿਧਰ ਵਗੇ, ਸਭ ਨੂੰ ਸੁਗੰਧਤ ਕਰੀ ਜਾਂਦਾ ਹੈ। ਸਿੱਖ ਹਮੇਸ਼ਾ ਕੀਰਤਨ ਵਿੱਚ ਵੱਸਦਾ ਹੈ। ਸਾਖੀਆਂ ਵਿੱਚ ਵਿਚਰਦਾ ਹੈ। ਕਥਾ ਦਾ ਪ੍ਰੇਮੀ ਹੈ। ਨਾਮ ਵਿੱਚ ਸੌਂਦਾ ਹੈ। ਹਰੀ ਜਸ ਵਿੱਚ ਜਾਗਦਾ ਹੈ। ਪਵਿੱਤ੍ਰਤਾ ਵਿੱਚ ਇਸ਼ਨਾਨ ਕਰਦਾ ਹੈ। ਨਾਮ ਦਾ ਭੋਜਨ ਛਕਦਾ ਹੈ। ਫੇਰ ਸਿੱਖ ਕਿਸੇ ਨਾਲ ਧੱਕਾ ਨਹੀਂ ਕਰਦਾ, ਨਾ ਹੀ ਹੋਰ ਉੱਤੇ ਕੀਤੇ ਨਜਾਇਜ਼ ਧੱਕੇ ਨੂੰ ਸਹਾਰਦਾ ਹੈ। ਨਾ ਭੈ ਦੇਣਾ, ਨਾ ਭੈ ਮੰਨਣਾ। ਨਾ ਆਪ ਅਨਿਆਂ ਕਰਣਾਂ, ਨਾ ਦੂਜੇ ਦਾ ਜਰਨਾ ਇਹ ਸਿੰਘ ਦਾ ਜੀਵਨ ਹੈ। ਦਯਾ, ਉਪਕਾਰ ਸਿੰਘ ਦਾ ਵਤੀਰਾ ਹੈ। ਦੁਖੀਏ ਦਾ ਦਰਦ ਵੰਡਣਾ ਹੀ ਸਿੱਖ ਦਾ ਆਦਰਸ਼ ਹੈ। ਜੁਰਅਤ ਨਾਲ ਗ਼ਲਤ ਵਿਸ਼ਵਾਸਾਂ ਨੂੰ ਭੰਡਣਾ ਛੰਡਣਾ ਹੀ ਸਿੰਘ ਦਾ ਕਰਤੱਬ ਹੈ। ਪਰ ਇਹ ਸਿੰਘ ਵਤੀਰਾ ਸਚਿਆਰ, ਸਾਧੂ, ਸੰਤ, ਬ੍ਰਹਮਗਿਆਨੀ, ਗੁਰਮੁੱਖ ਸਿੱਖ ਹੀ ਧਾਰਨ ਕਰ ਸਕਦਾ ਹੈ। ਸਿੰਘ ਵਤੀਰਾ ਰਾਜ ਯੋਗ ਕਮਾਉਣ ਵਾਲਾ, ਮੀਰੀ ਪੀਰੀ ਦਾ ਮਾਲਕ ਦੇਗ ਤੇਗ ਦਾ ਧਨੀ, ਸੰਤ ਸਿਪਾਹੀ ਹੀ ਧਾਰਨ ਕਰ ਸਕਦਾ ਹੈ। ਸਿੰਘ ਸਚਿਆਰ, ਸਾਧੂ, ਸੰਤ ਬ੍ਰਹਮਗਿਆਨੀ ਗੁਰਮੁਖ ਦਾ ਸੰਕੇਤ ਹੈ। ਸਿੰਘ ਖਾਲਸਾ ਹੈ। ਸਿੰਘ ਆਪ ਅਕਾਲ ਪੁਰਖ ਦਾ ਸਰੂਪ ਹੈ।

ਯਥਾ: ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ ॥

ਪ੍ਰਭ ਮੈਂ ਮੋ ਮਹਿ ਤਾਸ ਮਹਿ ਰੰਚਕ ਨਾਹੀ ਭੇਵ ॥

ਦਰਅਸਲ ਸਿੱਖ ਸੰਤ ਬਣਦਾ ਹੀ ਤਦੋਂ ਹੈ ਜਦੋਂ ਉਹ ਸਾਰੇ ਹੀ ਆਪਣਾ ਸਰੂਪ ਅਨੁਭਵ ਕਰਦਾ ਹੋਇਆ ਦੁਨੀਆਂ ਦੇ ਕਸ਼ਟਾਂ ਨੂੰ ਆਪਣੇ ਜ਼ੁੰਮੇਂ ਲੈ ਲੈਂਦਾ ਹੈ ਤੇ ਪ੍ਰਭੂ ਪਿਆਰ ਦੀ ਪੀੜਾ ਵਿੱਚ ਆਪਣੇ ਆਪ ਨੂੰ ਭੁਲਾ ਦਿੰਦਾ ਹੈ। ਏਹੋ ਹੀ ਅਸਲੀ ਅਵਸਥਾ ਹੈ।

ਇਨ੍ਹਾਂ ਪਵਿੱਤ੍ਰ ਬਚਨਾਂ ਦਾ ਸਰਦਾਰ ਜੀ ਦੇ ਨਿਰਮਲ ਦਿਲ ਤੇ ਬੜਾ ਗਹਿਰਾ ਅਸਰ ਹੋਇਆ। ਜਿਨ੍ਹਾਂ ਦਾ ਸਦਕਾ ਸਾਰੀ ਜ਼ਿੰਦਗੀ ਪ੍ਰਵਾਰ ਸਮੇਤ ਸਾਧ ਸੰਗਤ ਦੀ ਸੇਵਾ ਤੇ ਨਿਮ੍ਰਤਾ ਵਿੱਚ ਬਤੀਤ ਕੀਤਾ। ੧੯੪੩ ਈ. ਵਿੱਚ ਸ. ਦਲਜੀਤ ਸਿੰਘ ਜੀ ਨੇ ਬੀ. ਏ. ਪਾਸ ਕਰ ਲਈ ਤੇ ਕਾਲਜ ਛੱਡ ਕੇ ਪਿਤਾ ਜੀ ਨਾਲ ਕੰਮ ਕਰਾਉਣ ਲੱਗੇ।

੨੧ ਜਨਵਰੀ ੧੯੪੫ ਈ. ਨੂੰ ਸ. ਦਲਜੀਤ ਸਿੰਘ ਜੀ ਦੀ ਸ਼ਾਦੀ ਹੋ ਗਈ। ਨਿਰੰਜਨ ਦਾਸ ਰਿਖੀ ਦਾ ਭਾਗਾਂ ਵਾਲੀ ਬੱਚੀ ਬੀਬੀ ਮਨਜੀਤ ਕੌਰ ਨੇ (ਜੋ ਬੜੀ ਉਦਾਰ ਆਤਮਾ ਸਵੱਛ ਖ਼ਿਆਲ ਸੀ) ਘਰ ਵਿੱਚ ਆਉਂਦਿਆਂ ਹੀ ਆਪਣੇ ਸ਼ੁਭ ਗੁਣਾਂ ਦੀ ਖੁਸ਼ਬੂ ਨਾਲ ਸਾਰੇ ਪ੍ਰਵਾਰ ਦਾ ਮਨ ਜਿੱਤ ਕੇ ਆਪਣਾ ਨਾਮ ਸਕਾਰਥ ਕੀਤਾ। ਇਸ ਦੇ ਨਾਲ ਹੀ ਵਧੇਰੇ ਲਛਮੀ ਦਾ ਪ੍ਰਵੇਸ਼ ਹੋਇਆ। ਇਸ ਦੀ ਸੰਤ ਜੀ ਮਹਾਰਾਜ ਤੇ ਬੜੀ ਸ਼ਰਧਾ ਸੀ। ਹਜ਼ੂਰ ਦੀ ਬਖ਼ਸ਼ਿਸ਼ ਨਾਲ ਇਨ੍ਹਾਂ ਦੇ ਘਰ ਇਸੇ ਸਾਲ ੧੭ ਨਵੰਬਰ ੧੯੪੫ ਈ. ਨੂੰ ਪਹਿਲੀ ਲੜਕੀ ਜਸਨੀਤ ਕੌਰ (ਨੀਟੀ) ਦਾ ਜਨਮ ਹੋਇਆ। ੩ ਦਸੰਬਰ ੧੯੪੭ ਈ. ਨੂੰ ਵੱਡੇ ਲੜਕੇ ਅਜੀਤ ਸਿੰਘ (ਬੌਬੀ) ਦਾ ਜਨਮ ਹੋਇਆ। ਇਹ ਸਾਰੇ ਪ੍ਰਵਾਰ ਦੇ ਹਰਮਨ ਪਿਆਰੇ ਤੇ ਸਾਧੂ ਸੁਭਾਅ ਦੇ ਸਾਦੇ ਜੀਵਨ ਵਾਲੇ ਗੁਰਮੁਖ ਗੁਰਸਿੱਖ ਹਨ। ਇਨ੍ਹਾਂ ਨੇ ੧੯੬੭ ਵਿੱਚ ਬੀ. ਏ. ਕਰ ਕੇ ਇੰਜੀਨੀਅਰ ਦਾ ਕੰਮ ਸਿੱਖ ਲਿਆ। ਹੁਣ ਸਾਰੇ ਪਲਾਟਾਂ ਦੇ ਇੰਚਾਰਜ ਹਨ। ਸਾਰੇ ਮੁਲਾਜ਼ਮਾਂ ਨਾਲ ਬੜਾ ਮਿਲਾਪ ਹੈ। ੨੩ ਸਤੰਬਰ ੧੯੪੯ ਈ. ਨੂੰ ਸਤਜੀਤ ਸਿੰਘ (ਮੀਕੀ) ਨਾਮ ਕਰ ਕੇ ਦੂਜੇ ਕਾਕੇ ਦਾ ਜਨਮ ਹੋਇਆ। ਪਰ ਇਸ ਨੂੰ ਚਾਰ ਸਾਲਾਂ ਬਾਅਦ ਛੇਤੀ ਹੀ ਬੁਲਾਇਆ ਗਿਆ, ਜਿਸ ਕਰ ਕੇ ੧ ਸਤੰਬਰ ੧੯੫੩ ਈ. ਨੂੰ ਸ੍ਰੀਨਗਰ (ਕਸ਼ਮੀਰ) ਵਿੱਚ ਚੜ੍ਹਾਈ ਕਰ ਗਿਆ ਸੀ। ੧੫ ਜੂਨ ੧੯੫੨ ਈ. ਨੂੰ ਫੇਰ ਦੂਜੀ ਲੜਕੀ ਅੰਮ੍ਰਿਤਾ ਕੌਰ (ਰਾਣੋ) ਦਾ ਜਨਮ ਹੋਇਆ। ੨੬ ਨਵੰਬਰ ੧੯੫੪ ਈ. ਨੂੰ ਸਤਵੰਤ ਸਿੰਘ (ਬਾਵਾ) ਨੇ ਜਨਮ ਲਿਆ। ੧੩ ਜੁਲਾਈ ੧੯੫੬ ਈ. ਨੂੰ ਸੁਨੀਤਾ ਕੌਰ (ਛੋਟੀ) ਦਾ ਜਨਮ ਅਤੇ ੮ ਜੂਨ ੧੯੬੦ ਈ. ਵਾਲੇ ਦਿਨ ਬਲਜੀਤ ਕੌਰ (ਮੂਚੀ) ਦਾ ਜਨਮ ਹੋਇਆ। ਇਨ੍ਹਾਂ ਸਾਰੇ ਬੱਚਿਆਂ ਦਾ ਜਨਮ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਹੋਇਆ ਤੇ ਨਾਮ ਵੀ ਹਜ਼ੂਰ ਪਾਸੋਂ ਹੀ ਰਖਵਾਇਆ।

ਇਨ੍ਹਾਂ ਦੇ ਜਨਮ ਦੀ ਖੁਸ਼ੀ ਵਿੱਚ ਰੱਖੇ ਅਖੰਡ ਪਾਠਾਂ ਦੇ ਭੋਗ ਸਮੇਂ ਆਪ ਜੀ ਸਮੇਤ ਜਥੇ ਦੇ ਜਾਂਦੇ ਰਹੇ। ੨੯ ਦਸੰਬਰ ੧੯੭੦ ਈ. ਵਿੱਚ ਬੀਬੀ ਮਨਜੀਤ ਕੌਰ ਨੂੰ ਗੁਰਪੁਰੀ ਬੁਲਾਇਆ ਗਿਆ। ਇਉਂ ਸ. ਦਲਜੀਤ ਸਿੰਘ ਦੇ ਦੋ ਲੜਕੇ ਤੇ ਚਾਰ ਲੜਕੀਆਂ ਹਨ। ਦੂਸਰੇ ਕਾਕੇ ਸ. ਚਰਨਜੀਤ ਸਿੰਘ ਜੀ ਨੇ ੧੯੬੧ ਈ. ਵਿੱਚ ਬੀ. ਏ. ਕੀਤੀ ਅਤੇ ਇਨ੍ਹਾਂ ਦੀ ਸ਼ਾਦੀ ੯ ਫਰਵਰੀ ੧੯੬੪ ਈ. ਵਿੱਚ ਸ. ਸੰਤ ਸਿੰਘ ਦੇ ਘਰ ਪਠਾਨਕੋਟ ਸ਼ਹਿਰ ਬੀਬੀ ਹਰਜੀਤ ਕੌਰ ਨਾਲ ਹੋਈ। ੧੯੫੩ ਈ. ਤੋਂ ਬਾਅਦ ਤਾਂ ਸੰਤ ਜੀ ਮਹਾਰਾਜ ਹਰ ਇੱਕ ਸਾਲ ਇਨ੍ਹਾਂ ਦੀ ਬੇਨਤੀ ਸੁਣ ਕੇ ਦਿੱਲੀ ਦੀ ਸੰਗਤ ਦਾ ਪ੍ਰੇਮ ਤੱਕ ਕੇ ਇੱਕ ਮਹੀਨਾ ਬਖ਼ਸ਼ ਦੇਂਦੇ ਹਨ। ਕੀਰਤਨ ਸ਼ਹਿਰ ਵਿੱਚ ਕਰਦੇ ਸਨ ਤੇ ਰਿਹਾਇਸ਼ ਸ. ਮੋਹਨ ਸਿੰਘ ਦੀ ਕੋਠੀ ਹੁੰਦੀ ਹੈ। ਸੇਵਾ ਵੀ ਸਾਰੀ ਇਨ੍ਹਾਂ ਵਲੋਂ ਹੀ ਕੀਤੀ ਜਾਂਦੀ ਹੈ। ਪਹਿਲਾਂ ਹਨੂੰਮਾਨ ਰੋਡ ਬਾਰ੍ਹਾਂਖੰਭੇ ੪੦ ਨੰਬਰ ਕੋਠੀ ਜਾਂਦੇ ਰਹੇ। ਫੇਰ ੧੯੪੭ ਈ. ਵੈਸਾਖੀ ਵਾਲੇ ਦਿਨ ਹਜ਼ੂਰ ਤੋਂ ਨੀਂਹ ਰਖਵਾ ਕੇ ਨਵੀਂ ਦਿੱਲੀ ਮਥਰਾ ਰੋਡ ਫਰੈਂਡਜ਼ ਕਲੋਨੀ ਕੋਠੀ ਨੰ:੯ ਤਿਆਰ ਕੀਤੀ। ਜਿਸ ਵਿੱਚ ਅਖੰਡ ਪਾਠ ਦਾ ਭੋਗ ਪਵਾ ਕੇ ਬੜਾ ਭਾਰੀ ਯੱਗ ਕਰਨ ਉਪਰੰਤ (ਉਸ ਸਮੇਂ ਜਥੇ ਸਮੇਤ ਦੀਨ ਦਿਆਲ ਨੇ ਵੀ ਚਰਨ ਪਾਏ) ੧੯੬੦ ਈ. ਵਿੱਚ ਨਿਵਾਸ ਕੀਤਾ। ਹਰ ਰੋਜ਼ ਇੱਕ ਕਮਰੇ ਅੰਦਰ ਗੁਰੂ ਮਹਾਰਾਜ ਦਾ ਪ੍ਰਕਾਸ਼ ਹੁੰਦਾ ਹੈ। ਸੰਤ ਜੀ ਜਾਂਦੇ ਹਨ। ਏਥੇ ਹੀ ਸ. ਮੋਹਨ ਸਿੰਘ ਜੀ ੬੬ ਸਾਲ ਦੀ ਆਯੂ ਵਿੱਚ ੧੭ ਫਰਵਰੀ ੧੯੬੬ ਈ. ਨੂੰ ਗੁਰਪੁਰੀ ਪਿਆਣਾ ਕਰ ਗਏ।

ਸੰਤ ਜੀ ਮਹਾਰਾਜ ਦਾ ਪ੍ਰਕਿਰਤੀ ਸੁਭਾਉ

ਜਨਮੇ ਦੀ ਖ਼ੁਸ਼ੀ ਕਦੇ ਕੀਤੀ ਹੈ ਨਾ ਆਪ ਜੀ ਨੇ, ਮਰੇ ਤਾਂ ਉਦਾਸੀ ਦਾ ਨਾ ਕਦੇ ਪ੍ਰਭਾਓ ਹੈ।
ਦੁਨੀਆਂ ਦਾ ਦੁੱਖ ਸੁੱਖ ਜਾਣਦੇ ਨੇ ਇੱਕੋ ਜਿਹਾ, ਵਰ ਤੇ ਸਰਾਪ ਦਾ ਨਾ ਰੱਖਿਆ ਲਗਾਓ ਹੈ।
ਸੰਗਤ ਨਿਵਾਸ ਰਖੀ ਆਸ ਹੈ ਨਾ ਕਿਸੇ ਦੇ ਵੀ, ਰਾਜੇ ਰੰਕ ਸੰਦਾ ਨਹੀਂ ਚਿਤ ਮਹਿ ਡਰਾਓ ਹੈ।
ਜਪਦੇ ਹੀ ਸਤਿਨਾਮੁ ਨਿੱਤ ਦੇਖੇ 'ਮੋਹਨ ਹਰਿ' ਕਾਹੂੰ ਸਿਉਂ ਨ ਨੈਕ ਵੈਰ ਸੰਤ ਜੀ ਸੁਭਾਓ ਹੈ।

ੴ ਸਤਿਗੁਰ ਪ੍ਰਸਾਦਿ ॥

ਦੂਸਰਾ ਭਾਗ

ਕਾਂਡ ੧੨

ਨਵੀਨ ਅਸਥਾਨ ਦੀ ਪ੍ਰਾਰੰਭਤਾ

ਅਪਰੈਲ ੧੯੩੬ ਈ. ਤੱਕ ਇਸ ਪਾਵਨ ਧਰਤੀ ਦੀਆਂ ਰੌਣਕਾਂ ਦਿਨੋ-ਦਿਨ ਵਧਦੀਆਂ ਗਈਆਂ। ਗੁਰ ਚਰਨਾਂ ਦੇ ਭੌਰੇ ਸੂਰਬੀਰ ਸਿੰਘਾਂ ਨੇ ਪੱਥਰ ਵਰਗੀ ਸਖ਼ਤ ਧਰਤੀ ਨੂੰ ਪੁੱਟ ਕੇ (ਜੋ ਕਈ ਸੌ ਵਿੱਘਿਆਂ ਵਿੱਚ ਰੱਦੀ ਤੇ ਬੇਕਾਰ ਪਈ ਸੀ) ਢੱਕਾਂ ਦੇ ਮੁੱਢ ਸਾਫ਼ ਕਰ ਕੇ ਅਸਥਾਨ ਵਾਲੀ ਪੰਦਰਾਂ ਕੁ ਵਿੱਘੇ ਜ਼ਮੀਨ ਆਬਾਦ ਕਰ ਲਈ; ਜਿਸ ਵਿੱਚ ਰਿਹਾਇਸ਼ੀ ਕਮਰੇ, ਦਰਬਾਰ ਸਾਹਿਬ ਦਾ ਹਾਲ, ਗੁਰੂ ਕਾ ਲੰਗਰ, ਵੱਡਾ ਛੱਪਰ, ਸੰਤ ਜੀ ਮਹਾਰਾਜ ਦਾ ਭੋਰਾ, ਕੁੱਝ ਕੁ ਫੁਲਵਾੜੀ ਤੇ ਸਬਜ਼ੀ ਭਾਜੀ ਵਾਸਤੇ ਇੱਕ ਦੋ ਪਲਾਟ, ਬਸ ਸਾਰੀ ਇਤਨੀ ਜਗ੍ਹਾ ਸੀ। ਪਰ ਸੰਗਤਾਂ ਦੀ ਆਵਾਜਾਈ ਨਿਤਾਪ੍ਰਤੀ ਵੱਧ ਰਹੀ ਸੀ। ਇਸ ਕਰ ਕੇ ਇਤਨੀ ਜਗ੍ਹਾ ਬਹੁਤ ਥੋੜ੍ਹੀ ਸੀ। ਸ਼ਰਧਾਲੂ ਪ੍ਰੇਮੀ ਬਹੁਤ ਸਾਰੇ ਕਮਰੇ ਬਨਾਉਣ ਦੀ ਸੇਵਾ ਕਰਣੀ ਚਾਹੁੰਦੇ ਸਨ ਪਰ ਅਜੇ ਤੱਕ ਇਹ ਥਾਂ ਮਾਲਕਾਂ ਦੇ ਨਾਮ ਹੀ ਸੀ। ਦੂਸਰਾ ਕਾਰਣ ਅਸੀਂ ਪਿੱਛੇ ਦਸ ਆਏ ਹਾਂ ਕਿ ਹਜ਼ੂਰ ਦੇ ਪ੍ਰਤਾਪ ਰੂਪੀ ਸੂਰਜ ਨੂੰ ਦੇਖ ਕੇ ਨਿੰਦਕ ਲੋਕ ਉੱਲੂਆਂ ਦੇ ਵਾਂਗੂ ਦੁਖੀ ਹੁੰਦੇ ਹਨ। ਭਾਵੇਂ ਉੱਪਰੋਂ ਉੱਪਰੋਂ ਵਿਰੋਧ ਕਰਨੋਂ ਤਾਂ ਹਟ ਗਏ ਸਨ ਪਰ ਅਜੇ ਅੰਦਰੋਂ ਨਹੀਂ ਸੀ ਛੱਡਿਆ।

ਲੂਤੀਆਂ

ਲਾਮ ਲੂਤੀਆਂ ਬਹਿਣ ਨਾ ਦੇਂਦੀਆਂ ਨੇ, ਲਾਫਾਂ ਨਾਲਸ਼ਾਂ ਮੁਲਕ ਵੈਰਾਨ ਕੀਤੇ।

ਮੁਢੋਂ ਲਾਗ ਏ ਹੁੰਦੀਆਂ ਆਈਆਂ ਨੇ, ਅੱਗੋਂ ਕਈਆਂ ਨੇ ਲੱਖ ਬਿਆਨ ਕੀਤੇ।

ਮੀਆਂ ਕਾਦਰ ਯਾਰ ਦੀ ਅਟੱਲ ਸਚਾਈ, ਨਿੰਦਕ ਤੇ ਚੁਗਲ ਲੂਤੀਆਂ ਲਾ ਕੇ ਅਨੇਕਾਂ ਵੱਡੇ ਵੱਡੇ ਵੱਸਦੇ ਘਰਾਂ ਨੂੰ ਉਜਾੜ ਦੇਂਦੇ ਹਨ।

ਚੁਗਲ

ਕਿਉਂਕਿ ਚੁਗਲ ਪੁਰਸ਼ ਹਮੇਸ਼ਾਂ ਚੁਗਲੀ ਕਰਨ ਵਾਸਤੇ ਤਿਆਰ ਰਹਿੰਦਾ ਹੈ:

ਭੂਲ ਜਾਇ ਰਾਗ ਰਾਗੀ ਤਾਲ ਮੇ ਫ਼ਰਕ ਆਇ, ਭੂਲ ਜਾਇ ਬਾਰਬਧੂ ਪੈਰ ਨ੍ਰਿਤਕਾਰੀ ਕੋ।

ਭੂਲ ਜਾਇ ਪੰਡਤ ਖੰਡਤ ਸ਼ਲੋਖ ਲਿਖੇ, ਭੂਲ ਜਾਇ ਚਾਰ ਮੁੱਖ ਜਗਤ ਕ੍ਰਿਤਕਾਰੀ ਕੋ।

ਭੂਲ ਜਾਇ ਰਵਿ ਸੁਤ ਦੋਜ਼ਕ ਭਗਤ ਪਾਇ, ਭੂਲ ਜਾਇ ਕਾਲ ਸਮੁਦਾਇ ਮ੍ਰਿਤਕਾਰੀ ਕੋ।

ਇਤਨੇ ਬਚਿਤ੍ਰ ਮਤੀ ਭੂਲ ਜਾਇ ਤੋ ਭੂਲ ਜਾਇ, ਚੁਗਲ ਨਾ ਭੂਲ ਕਰੇ ਚੁਗਲੀ ਧ੍ਰਿਤਕਾਰੀ ਕੋ।

ਚੁਗਲਾਂ ਨੇ ਸਭ ਤੋਂ ਵੱਡਾ ਹਥਿਆਰ ਇਹ ਵੀ ਵਰਤਿਆ ਕਿ ਜੋ ਰਾੜੇ ਪਿੰਡ ਵਿੱਚ ਸ. ਗਿਆਨ ਸਿੰਘ ਦੇ ਛੱਡੇ ਹੋਏ ਕਾਰਕੁੰਨ ਸਨ, ਉਨ੍ਹਾਂ ਨੂੰ ਆਪਣੇ ਨਾਲ ਜੋੜ ਲਿਆ ਅਤੇ ਉਨ੍ਹਾਂ ਰਾਹੀ ਸਰਦਾਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਇਹ ਤਾਂ ਨਿਤਾਪ੍ਰਤੀ ਤੁਹਾਡੀ ਜ਼ਮੀਨ ਤੇ ਕਬਜ਼ਾ ਕਰ ਰਹੇ ਹਨ। ਹਰ ਰੋਜ਼ ਹੀ ਅੱਗੇ ਤੋਂ ਅੱਗੇ ਵਧੀ ਜਾਂਦੇ ਹਨ। ਜੇਕਰ ਇਨ੍ਹਾਂ ਨੂੰ ਨਾ ਰੋਕਿਆ ਗਿਆ ਤਾਂ ਹੌਲੀ ਹੌਲੀ ਵਧਦੇ ਵਧਦੇ ਪਿੰਡ ਤੱਕ ਪੁੱਜ ਜਾਣਗੇ। ਭਾਵੇਂ ਆਪ ਸਰਦਾਰ ਦਾ ਹਿਰਦਾ ਸਾਫ਼ ਸੀ, ਪਰ ਸਿੱਖੇ ਸਿਖਾਇਆ ਪੱਥਰ ਭੀ ਪਾਟ ਜਾਂਦੇ ਹਨ। ਇਨ੍ਹਾਂ ਦੀਆਂ ਸ਼ਿਕਾਇਤਾਂ ਸੁਣ ਕੇ ਉਸ ਨੇ ਕਿਹਾ ਕੋਈ ਗੱਲ ਨਹੀਂ ਮੈਂ ਛੁੱਟੀ ਵਾਲੇ ਦਿਨ ਆਵਾਂਗਾ ਤੇ ਉਨ੍ਹਾਂ ਨੂੰ ਬੇਨਤੀ ਕਰ ਦੇਵਾਂਗਾ ਕਿ ਮਹਾਰਾਜ! ਤੁਸੀ ਤਾਂ ਕੇਵਲ ਬੰਦਗੀ ਕਰਨ ਵਾਸਤੇ ਹੀ ਇਕਾਂਤ ਅਸਥਾਨ ਚਾਹੁੰਦੇ ਸਾਓ, ਪਰ ਇਤਨੀ ਪ੍ਰਵਿਰਤੀ ਦਾ ਪਸਾਰਾ ਕਿਉਂ ਕਰ ਲਿਆ, ਜੋ ਪ੍ਰਮਾਰਥ ਦੇ ਰਸਤੇ ਅਤੇ ਜੀਵਨ ਮੁਕਤੀ ਦੇ ਅਨੰਦ ਵਿੱਚ ਪ੍ਰਤਿਬੰਧਕ ਹੈ। ਭਾਵੇਂ ਇਹ ਗੱਲ ਸਰਦਾਰ ਨੇ ਸਹਿਜੇ ਹੀ ਉਨ੍ਹਾਂ ਨੂੰ ਟਾਲਣ ਵਾਸਤੇ ਆਖੀ ਸੀ। ਪਰ ਇਨ੍ਹਾਂ ਨਿੰਦਕ ਲੋਕਾਂ ਨੇ ਆਪਣੀ ਗਿਣੀ ਮਿੱਥੀ ਗੱਲ ਅਨੁਸਾਰ ਸਰਦਾਰ ਦੇ ਆਉਣ ਤੋਂ ਪਹਿਲਾਂ ਹੀ ਸੰਤ ਜੀ ਮਹਾਰਾਜ ਨੂੰ ਬੇਨਤੀ ਕਰ ਦਿੱਤੀ ਕਿ ਸ. ਗਿਆਨ ਸਿੰਘ ਕਹਿੰਦਾ ਹੈ ਤੁਸੀਂ ਮੇਰੀ ਜ਼ਮੀਨ ਐਵੇਂ ਕਿਉਂ ਰੋਕੀ ਜਾਂਦੇ ਹੋ। ਮੈਂ ਵੀ ਬਾਲ ਬੱਚੇ ਵਾਲਾ ਹਾਂ, ਇਸੇ ਵਿੱਚੋਂ ਹੀ ਆਪਣੇ ਪ੍ਰਵਾਰ ਦੀ ਪਾਲਣਾ ਕਰਣੀ ਹੈ। ਜਿਤਨੀ ਕੁ ਮੈਂ ਦੇ ਸਕਿਆ ਉਹ ਤੁਹਾਨੂੰ ਬੰਦਗ਼ੀ ਵਾਸਤੇ ਆਪੇ ਹੀ ਦੇ ਦਿੱਤੀ। ਹੁਣ ਤੁਸੀਂ ਹੋਰ ਵੀ ਆਪਣੇ ਆਪ ਢੱਕ ਕੱਟ ਕੇ ਵਹਿੰਦੜ ਕਰ ਕੇ ਜਿਤਨੀ ਕੁ ਰੋਕ ਲਈ ਸੋ ਰੋਕ ਲਈ ਹੁਣ ਇਸ ਤੋਂ ਅੱਗੇ ਨਾ ਵੱਧੋ।

ਸੰਤਨ ਅਵਰ ਨ ਕਾਹੂ ਜਾਨੀ ॥
ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥ ਰਹਾਉ ॥ (ਟੋਡੀ ਮਃ ੫ - ੭੧੧)

ਹਜ਼ੂਰ ਨੇ ਉੱਤਰ ਦਿੱਤਾ, "ਬਈ! ਸਾਨੂੰ ਤਾਂ ਇਸ ਦਾ ਵੀ ਮੋਹ ਨਹੀਂ ਅਸੀਂ ਤਾਂ ਆਤਮ ਅਨੰਦੀ ਬੇ ਪ੍ਰਵਾਹ ਸਾਧੂ ਹਾਂ। ਇਹ ਵੀ ਆਪਣੀ ਸੰਭਾਲ ਲਵੋ (ਕਿਉਂਕਿ ਅਜੇ ਇਹ ਉਨ੍ਹਾਂ ਦੇ ਆਪਣੇ ਹੀ ਨਾਮ ਸੀ) ਜੇਕਰ ਪ੍ਰਵਿਰਤੀ ਵੱਲ ਤੱਕ ਕੇ ਕਹਿ ਰਹੇ ਹੋ। ਇਹ ਤਾਂ ਦਿਨ ਬਦਿਨ ਵਧਦੀ ਹੀ ਜਾਣੀ ਹੈ ਪਰ ਸਾਡੀ ਰੰਚਕ ਮਾਤਰ ਵੀ ਇਸ ਵਿੱਚ ਪਕੜ ਨਹੀਂ। ਇਉਂ ਆਖ ਕੇ ਸੰਤ ਜੀ ਮਹਾਰਾਜ ਤਾ ਚੁੱਪ ਹੋ ਗਏ ਅਤੇ ਆਪਣੇ ਭੋਰੇ ਵਿੱਚ ਚਲੇ ਗਏ। ਇਸ ਪ੍ਰਥਾਇ ਕਿਸੇ ਵਿਦਵਾਨ ਨੇ ਬੜਾ ਸੁੰਦਰ ਲਿਖਿਆ ਹੈ:

ਤਰ ਦਾਮਨੀ ਪਰ ਹਮਰੀ ਨ ਜਾਈਏ ਐ ਸ਼ੇਖ! ਦਾਮਨ ਨਿਚੋੜ ਦੇਂ ਤੋ ਫਰਸਤੇ ਵੀ ਵਜ਼ੂ ਕਰੇਂ।

ਅਤੇ ਆਮ ਮੁਹਾਵਰਾ ਹੈ 'all that glitters is not gold' 'ਆਲ ਦੈਟ ਗਲਿਟਰਜ਼ ਇਜ਼ ਨਾਟ ਗੋਲਡ' ਭਾਵ ਜੋ ਸਭ ਕੁਛ ਚਮਕਦਾ ਹੈ ਉਹ ਸੋਨਾ ਨਹੀਂ ਹੁੰਦਾ।

ਉਸੇ ਦਿਨ ਸ਼ਾਮ ਦੇ ਦੀਵਾਨ ਦੀ ਸਮਾਪਤੀ ਉਪਰੰਤ ਅਸਥਾਨ ਵਾਸੀ ਸੇਵਾਦਾਰਾਂ ਨੂੰ ਪਾਸ ਬੁਲਾ ਕੇ ਕਿਹਾ ਅਸੀਂ ਹੁਣ ਕੁਛ ਕੁ ਸਮੇਂ ਲਈ ਕਿਸੇ ਨੂੰ ਬਿਨਾਂ ਦੱਸਿਆਂ ਵਿਚਰਨਾ ਚਾਹੁੰਦੇ ਹਾਂ। ਤੁਹਾਡੀ ਮਰਜ਼ੀ ਹੈ, ਏਥੇ ਠਹਿਰੋ ਜਾਂ ਕਿਸੇ ਹੋਰ ਅਸਥਾਨ ਦੀ ਯਾਤਰਾ ਕਰਨ ਚਲੇ ਜਾਓ। ਆਹ ਡੇਰੇ ਦਾ ਸਾਮਾਨ ਵੀ ਕਿਸੇ ਹੋਰ ਅਸਥਾਨ ਤੇ ਛੱਡ ਆਵੋ। ਪਰ ਇਸ ਗੱਲ ਦਾ ਭੇਤ ਕਿਸੇ ਹੋਰ ਨੂੰ ਨਹੀਂ ਦੱਸਣਾ।

ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਅਚਾਨਕ ਬਚਨ ਸੁਣ ਕੇ ਹਜ਼ੂਰੀ ਵਿੱਚ ਰਹਿਣ ਵਾਲੀ ਸਾਰੀ ਸੰਗਤ ਹੈਰਾਨ ਹੋ ਗਈ। ਹੱਥ ਜੋੜ ਕੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਅਸੀਂ ਤਾਂ ਹਜ਼ੂਰ ਦੇ ਹੁਕਮ ਅਨੁਸਾਰ ਚੱਲਣ ਦਾ ਪ੍ਰਣ ਕੀਤਾ ਹੈ। ਪਰ ਲਹੂ ਪਾਣੀ ਇੱਕ ਕਰ ਕੇ ਮਸਾਂ ਮਸਾਂ ਇਹ ਜਗ੍ਹਾ ਆਬਾਦ ਕੀਤੀ ਹੈ। ਹੁਣ ਇਸ ਨੂੰ ਕਿਉਂ ਛੱਡ ਰਹੋ? ਦੂਜੀ ਗੱਲ ਇਹ ਹੈ ਕਿ ਸਾਡਾ ਤਾਂ ਘਰ ਘਾਟ ਹੁਣ ਹਜ਼ੂਰ ਦੇ ਚਰਨਾਂ ਤੋਂ ਬਿਨਾਂ ਹੋਰ ਕਿਤੇ ਨਹੀਂ ਹੈ। ਕਿੱਥੇ ਜਾਈਏ?" ਇਉਂ ਗੁਰਮੁਖ ਸਿੰਘ ਬੇਨਤੀਆਂ ਕਰ ਰਹੇ ਸਨ। ਕਈ ਕੁ ਨਗਰਾਂ ਦੇ ਪ੍ਰੇਮੀ ਜੋ ਹਰ ਰੋਜ਼ ਸ਼ਾਮ ਦੇ ਦੀਵਾਨ ਵਿੱਚ ਪੁੱਜਦੇ ਸਨ, ਉਹ ਵੀ ਬੜੇ ਹੈਰਾਨ ਤੇ ਉਦਾਸ ਹੋਏ। ਉਨ੍ਹਾਂ ਨੇ ਉਸੇ ਸਮੇਂ ਹੀ ਆਪਣੇ ਪਿੰਡਾਂ ਵਿੱਚ ਜਾ ਕੇ ਰੌਲਾ ਪਾ ਦਿੱਤਾ ਕਿ ਸਵੇਰੇ ਸੰਤ ਜੀ ਮਹਾਰਾਜ ਕਿਸੇ ਪਾਸੇ ਜਾ ਰਹੇ ਹਨ ਪਰ ਪਤਾ ਨਹੀਂ ਕਿਉਂ ਤੇ ਕਿੱਥੇ? ਜਦੋਂ ਇਲਾਕੇ ਦੀਆਂ ਸੰਗਤਾਂ ਨੂੰ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਦਾ ਮਨ ਉਪਰਾਮ ਹੋਇਆ ਸੁਣੀਂਦਾ ਹੈ ਉਹ ਵੀ ਇਕੱਠੇ ਹੋ ਕੇ ਆਪੋ ਆਪਣੀਆਂ ਵਿਚਾਰਾਂ ਕਰਨ ਲੱਗੇ। ਕੋਈ ਕਹੇ ਅਸੀਂ ਚੱਲ ਕੇ ਬੇਨਤੀ ਕਰੀਏ ਕਿ ਸਾਡੇ ਪਿੰਡ ਦੇ ਗੁਰਦੁਆਰੇ ਆ ਜਾਵਣ। ਅਸੀਂ ਉਨ੍ਹਾਂ ਦੀ ਸੇਵਾ ਕਰਾਂਗੇ। ਕੋਈ ਕਹੇ ਅਸੀਂ ਆਪਣੇ ਪਿੰਡ ਦੀ ਜੂਹ ਵਿੱਚ ਸਾਂਝਾ ਥਾਂ ਛੱਡ ਦੇਂਦੇ ਹਾਂ, ਉੱਥੇ ਜਗ੍ਹਾ ਬਣਾ ਲੈਣ। ਕੋਈ ਕਹੇ ਸਾਡੇ ਪਿੰਡ ਸ਼ਾਮਲਾਟ ਪਈ ਹੈ, ਉੱਥੋਂ ਵਾਸਤੇ ਲੈ ਆਈਏ। ਬੱਸ ਆਪੋ ਆਪਣੀ ਸ਼ਰਧਾ ਅਨੁਸਾਰ ਸਾਰੇ ਪਿੰਡਾਂ ਦੇ ਪ੍ਰੇਮੀ ਆਪਸ ਵਿੱਚ ਵਿਚਾਰਾਂ ਕਰਨ ਲੱਗੇ ਪਰ ਸਭ ਤੋਂ ਪਹਿਲਾਂ ਉੱਦਮ ਕਰਨ ਵਾਲੇ ਹੀ ਬਾਜ਼ੀ ਜਿੱਤ ਗਏ। ਬਾਕੀ ਦੇ ਰਹਿ ਗਏ।

ਕਟਾਹਰੀ ਪਿੰਡ ਤੇ ਕ੍ਰਿਪਾ

ਵੱਡੇ ਮਹਾਂਪੁਰਸ਼ਾਂ ਦੇ ਕਈ ਵਾਰੀ ਚਰਨ ਪੈਣ ਕਰ ਕੇ ਕਟਾਹਰੀ ਪਿੰਡ ਦੇ ਭਾਗ ਜਾਗ ਪਏ। ਸਚਮੁੱਚ ਇਹ ਨਗਰ ਸ਼ਰਧਾਲੂਆਂ ਵਾਸਤੇ ਤੀਰਥ ਹੀ ਬਣ ਗਿਆ। ਸ. ਰੁਲੀਆ ਸਿੰਘ ਦੇ ਪ੍ਰਵਾਰ ਅਤੇ ਹੋਰ ਪ੍ਰੇਮੀਆਂ ਦੀ ਸੇਵਾ ਤੇ ਪ੍ਰਸੰਨ ਹੋ ਕੇ ਹਜ਼ੂਰ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲੇ ਆਖਿਆ ਕਰਦੇ ਸਨ ਕਿ ਸਾਨੂੰ ਤਾਂ ਇਨ੍ਹਾਂ ਪ੍ਰੇਮੀਆਂ ਦੀ ਸੇਵਾ ਨੇ ਆਪਣੇ ਵਸ ਵਿੱਚ ਕਰ ਲਿਆ ਹੈ। ਜੀਅ ਕਰਦਾ ਹੈ ਏਸੇ ਹੀ ਨਗਰ ਦੀ ਜੂਹ ਵਿੱਚ ਨਹਿਰ ਦੇ ਕੰਢੇ ਇਕਾਂਤ ਅਸਥਾਨ ਵਿਖੇ ਬੰਦਗ਼ੀ ਕਰੀਏ, ਪਰ ਅਜੇ ਸਮਾਂ ਨਹੀਂ ਆਇਆ। ਇਸ ਧਰਤੀ ਨੂੰ ਜ਼ਰੂਰ ਹੀ ਭਾਗ ਲਗੇਗਾ। ਕ੍ਰਿਸ਼ਨ ਜੀ ਦੀ ਬੰਸਰੀ ਵਾਂਗ ਕਿਸੇ ਕਰਣੀ ਵਾਲੇ ਮਹਾਂਪੁਰਸ਼ਾਂ ਦੇ ਕੀਰਤਨ ਦੀਆਂ ਧੁਨਾਂ ਇਸ ਬੇਲੇ ਨੂੰ ਗੁੰਜਾ ਦੇਣਗੀਆਂ। ਇਸ ਧਰਤੀ ਦੀ ਧੂੜੀ ਦੇ ਕਿਣਕੇ ਚੁੰਮ ਕੇ ਸ਼ਰਧਾਲੂ ਹਿਰਦੇ ਆਪਣੇ ਆਪ ਨੂੰ ਧੰਨ ਭਾਗੀ ਸਮਝਣਗੇ। ਇਹੋ ਜਿਹੇ ਹੋਰ ਵੀ ਬਹੁਤ ਸਾਰੇ ਭਵਿੱਖਤ ਵਾਕ ਕਹੇ ਸਨ। ਲੋਕੀਂ ਕਹਿੰਦੇ ਹਨ ਬਾਰਾਂ ਵਰ੍ਹਿਆਂ ਬਾਅਦ ਤਾਂ ਰੂੜ੍ਹੀ ਦੀ ਵੀ ਸੁਣੀ ਜਾਂਦੀ ਹੈ ਪਰ ਜੋ ਹਜ਼ੂਰ ਦਾ ਮਹਾਂਵਾਕ ਹੈ:

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥ (ਸਾਰੰਗ ਮਃ ੫ - ੧੨੦੪)

ਇਸ ਨੂੰ ਮੇਟਣ ਵਾਸਤੇ ਕੌਣ ਸਮਰਥ ਹੈ? ਜੋ ਪਹਿਲੀ ਢੱਕੀ ਦੀਆਂ ਰੌਣਕਾਂ ਤੱਕਣ ਵਾਲੇ ਸੱਜਣ ਸਨ, ਉਸ ਸਮੇਂ

ਉਨ੍ਹਾਂ ਦੇ ਇਹ ਗੱਲ ਚਿੱਤ ਚੇਤੇ ਵੀ ਨਹੀਂ ਸੀ ਕਿ ਕਿਸੇ ਸਮੇਂ ਇਸ ਭਿਆਨਕ ਸਰਬਾਢ ਦੇ ਝੱਲ ਵਿੱਚ ਜਿੱਥੇ ਇਕੱਲੇ ਮੁਸਾਫ਼ਰ ਨੂੰ ਲੰਘਦਿਆਂ ਦਿਨ ਦੇ ਸਮੇਂ ਵੀ ਭੈ ਆਉਂਦਾ ਹੈ, ਇੱਥੇ ਰੌਣਕਾਂ ਹੋ ਜਾਵਣਗੀਆਂ। ਕਟਾਹਰੀ ਨਗਰ ਦੇ ਸ਼ਰਧਾਲੂਆਂ 'ਚੋਂ ਸ. ਨੰਦ ਸਿੰਘ ਗੁਰੂ ਘਰ ਦਾ ਵੱਡਾ ਪ੍ਰੇਮੀ ਤੇ ਨਿਤਨੇਮੀ ਸੀ। ਇਸ ਦੇ ਘਰੋਂ ਮਾਤਾ ਦਯਾ ਕੌਰ ਤੇ ਪ੍ਰਤਾਪ ਕੋਰ ਤੋਂ ਤਿੰਨ ਲੜਕਿਆਂ ਦਾ ਜਨਮ ਹੋਇਆ। ਵੱਡਾ ਸ. ਬਿਸਨ ਸਿੰਘ, ਦੂਸਰਾ ਸ. ਹਜ਼ੂਰਾ ਸਿੰਘ, ਤੀਸਰੇ ਦਾ ਨਾਮ ਸ. ਜੀਵਾ ਸਿੰਘ ਸੀ।

ਜਦੋਂ ਇਨ੍ਹਾ ਗੁਰਮੁਖਾਂ ਨੂੰ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਦਾ ਖ਼ਿਆਲ ਕਿਸੇ ਹੋਰ ਜਗ੍ਹਾ ਜਾਣ ਦਾ ਹੈ ਤਾਂ ਇਨ੍ਹਾਂ ਨੇ ਪਹਿਲ ਕੀਤੀ। ਹਾਂਸ ਪਿੰਡ ਤੋਂ ਬੀਬੀ ਬਲਵੰਤ ਕੌਰ ਦੀ ਸ਼ਾਦੀ ਕਟਾਹਰੀ ਨਗਰ ਦੇ ਸ. ਹਜ਼ੂਰਾ ਸਿੰਘ ਨਾਲ ਹੋ ਗਈ ਇਸ ਦੀ ਸੰਗਤ ਨੇ ਇਨ੍ਹਾਂ ਦੇ ਜੀਵਨ ਨੂੰ ਵੀ ਪਲਟਾ ਦਿਤਾ।

ਬੀਬੀ ਬਲਵੰਤ ਕੌਰ ਦੀ ਪ੍ਰੇਰਨਾ ਨਾਲ ਸ. ਹਜ਼ੂਰਾ ਸਿੰਘ ਤੇ ਸ. ਜੀਵਾ ਸਿੰਘ ਦੋਵੇਂ ਭਰਾ ਹੋਰ ਨਗਰਾਂ ਦੀਆਂ ਪੰਚਾਇਤਾਂ ਲੈ ਕੇ ਸਵੱਖਤੇ ਹੀ ਹਜ਼ੂਰ ਦੇ ਚਰਨਾਂ ਵਿੱਚ ਹਾਜ਼ਰ ਹੋਏ ਅਤੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਜੀ ਨੇ ਸਾਡੇ ਪਿਛਲੇ ਪੁੰਨਾਂ ਦੀ ਪ੍ਰੇਰਨਾ ਅਨੁਸਾਰ ਇਸ ਧਰਤੀ ਤੇ ਪਾਵਨ ਚਰਨ ਪਾ ਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਬਚਨਾਂ ਨੂੰ ਸਫ਼ਲਿਆਂ ਕੀਤਾ ਹੈ ਜੋ ਕਿਸੇ ਸਮੇਂ ਏਸ ਇਲਾਕੇ ਵਾਸੀ ਪ੍ਰੇਮੀਆਂ ਦੀ ਅਰਜ਼ ਸੁਣ ਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਨੇ ਕਿਹਾ ਸੀ ਕਿ ਬਈ! ਤੁਹਾਡੇ ਇਲਾਕੇ ਵਿੱਚ ਕਿਸੇ ਹੋਰ ਸਰੂਪ ਵਿੱਚ ਆਵਾਂਗੇ ਅਤੇ ਨਾਮ ਬਾਣੀ ਦਾ ਪ੍ਰਚਾਰ ਤੇ ਖੰਡੇ ਦਾ ਅੰਮ੍ਰਿਤ ਪਾਨ ਕਰਾਵਾਂਗੇ। (ਇਹ ਪ੍ਰਸੰਗ ਪੱਛਮੀ ਪ੍ਰਕਾਸ਼ ਗ੍ਰੰਥ ਵਿੱਚ ਛਪ ਚੁੱਕਾ ਹੈ) ਅਤੇ ਕਟਾਹਰੀ ਪਿੰਡ ਨੂੰ ਦਿੱਤੇ ਹੋਏ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਵਰਾਂ ਨੂੰ ਵੀ ਪੂਰਿਆਂ ਕੀਤਾ ਹੈ। ਹੁਣ ਸਾਨੂੰ ਵਿਛੋੜਾ ਦੇ ਕੇ ਕਿਸੇ ਹੋਰ ਪਾਸੇ ਜਾਣਾ ਚਾਹੁੰਦੇ ਹੋ? ਇਹ ਹਿਰਦੇ ਵੇਧਕ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਇਲਾਕੇ ਵਿੱਚ ਫੈਲ ਗਈ। ਸਾਨੂੰ ਤਾਂ ਮਹਾਰਾਜ! ਸਾਰੀ ਰਾਤ ਨੀਂਦ ਨਹੀਂ ਆਈ। ਰਾਤੋ ਰਾਤ ਉਦਾਲੇ ਦੇ ਪਿੰਡਾਂ ਦੀਆਂ ਪੰਚਾਇਤਾਂ ਇਕੱਠੀਆਂ ਕਰ ਕੇ ਸਵੇਰੇ ਦੋ ਵੱਜਣ ਤੋਂ ਪਹਿਲਾਂ ਦੇ ਹੀ ਏਥੇ ਬੈਠੇ ਹਾਂ। ਹੁਣ ਆਪ ਹੁਕਮ ਕਰੋ, ਸਾਡੇ ਮਕਾਨ, ਜ਼ਮੀਨਾਂ, ਮਾਲ, ਪਸ਼ੂ ਤੇ ਹੋਰ ਸਾਰਾ ਪਦਾਰਥ ਆਪ ਜੀ ਦੀ ਬਖ਼ਸ਼ੀ ਹੋਈ ਦਾਤ ਹੈ। ਜੇ ਤੁਹਾਡੀ ਸੇਵਾ ਵਿੱਚ ਲੱਗੇ, ਅਸੀਂ ਸਫ਼ਲਾ ਸਮਝਾਂਗੇ। ਸਾਡੇ ਧੰਨ ਭਾਗ ਹਨ ਜੇ ਇਸ ਪਵਿਤ੍ਰ ਸੇਵਾ ਦਾ ਮੌਕਾ ਬਖ਼ਸ਼ੋ। ਨਹਿਰ ਤੋਂ ਪਾਰ ਹਜ਼ੂਰ ਦੀ ਬਖ਼ਸ਼ੀ ਕਟਾਹਰੀ ਪਿੰਡ ਵੱਲ ਸਾਡੀ ੫੦੦ ਸੌ ਵਿਘੇ ਜ਼ਮੀਨ ਹੈ। ਜਿਤਨੀ ਕਹੋ ਅਰਦਾਸ ਕਰਵਾ ਦੇਂਦੇ ਹਾਂ।"

ਸੰਤ ਜੀ ਮਹਾਰਾਜ ਕਹਿਣ ਲੱਗੇ, "ਪ੍ਰੇਮੀਓ! ਅਸੀਂ ਤਾਂ ਪ੍ਰਵਿਰਤੀ ਦੇ ਝਮੇਲੇ ਤੋਂ ਨਿਰਲੇਪ ਰਹਿ ਕੇ ਏਥੇ ਕੇਵਲ ਬੰਦਗੀ ਕਰਨ ਵਾਸਤੇ ਆਏ ਸਾਂ ਪਰ ਸਰੀਰ ਦੀ ਪ੍ਰਾਰਬਧ ਨੇ ਏਥੇ ਵੀ ਬਦੋਬਦੀ ਪ੍ਰਵਿਰਤੀ ਦਾ ਅਡੰਬਰ ਰਚ ਦਿੱਤਾ।"

ਇਨ੍ਹਾਂ ਪ੍ਰੇਮੀਆਂ ਨੇ ਫੇਰ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਜੀ ਨੂੰ ਪ੍ਰਵਿਰਤੀ ਦਾ ਪਸਾਰਾ ਕਦੇ ਅਤੇ ਕਿਸੇ ਪ੍ਰਕਾਰ ਵੀ ਪੋਹ ਨਹੀਂ ਸਕਦਾ। ਆਪ ਤਾਂ ਸਦੀਵ ਹੀ ਜਲ ਵਿੱਚ ਕਮਲ ਸਮਾਨ ਨਿਰਲੇਪ ਤੇ ਅਸੰਗ ਹੋ। ਇਹ ਤਾਂ ਸਾਡੇ ਹੀ ਪਿਛਲੇ ਜਨਮਾਂ ਦੇ ਪੁੰਨਾਂ ਕਰ ਕੇ ਆਪ ਜੀ ਨੇ ਏਥੇ ਚਰਨ ਪਾਏ ਹਨ। ਹੁਣ ਵੀ ਕ੍ਰਿਪਾ ਕਰੋ! ਜਿਵੇਂ ਸੁੱਤਿਆਂ ਨੂੰ ਜਗਾ ਕੇ ਨਾਮ ਦੀ ਜਾਗ ਲਾ ਦਿੱਤੀ ਤਿਵੇਂ ਇਸ ਨੂੰ ਤੋੜ ਨਿਭਾਓ।" ਹਜ਼ੂਰ ਦਾ ਮਹਾਂਵਾਕ ਹੈ:

ਨਾਨਕ ਕਚੜਿਆ ਸਿਉ ਤੋੜਿ ਛੁਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥੧॥ (ਮਾਰੂ ਵਾਰ-੨ ਮਃ ੫ - ੧੧੦੨)

ਇਨ੍ਹਾਂ ਦੀ ਬੇਨਤੀ ਸੁਣ ਕੇ ਵੱਡੇ ਸੰਤ ਜੀ ਮਹਾਰਾਜ ਤਾਂ ਚੁੱਪ ਕਰ ਗਏ। ਫੇਰ ਸੰਗਤ ਨੇ ਛੋਟੇ ਸੰਤਾਂ ਨੂੰ ਅਰਜ਼ ਕੀਤੀ ਕਿ ਮਹਾਰਾਜ! ਆਪ ਦੋਵੇਂ ਵਿਅਕਤੀ ਇੱਕੋ ਰੂਪ ਹੋ ਅਤੇ ਇੱਕੋ ਦੇਸ਼ ਦੇ ਵਾਸੀ ਹੋਣ ਕਰ ਕੇ ਪਰਮ ਪ੍ਰੀਤਵਾਨ ਹੋ।

ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (ਗਉੜੀ ਭਗਤ ਰਵਿਦਾਸ ਜੀ - ੩੪੫)

ਵੱਡੇ ਸੰਤ ਜੀ ਮਹਾਰਾਜ ਨੇ ਆਪ ਦਾ ਪਿਛਲਾ ਪਿਆਰ ਅਨੁਭਵ ਕਰ ਕੇ ਹੀ ਇਕੱਠੇ ਰਹਿਣ ਦਾ ਬਚਨ ਕੀਤਾ ਹੈ। ਹੁਣ ਤੁਸੀਂ ਸਾਡੇ ਤੇ ਤਰਸ ਕਰ ਕੇ ਇਨ੍ਹਾਂ ਨੂੰ ਏਥੇ ਹੀ ਰਹਿਣ ਵਾਸਤੇ ਮਨਾਓ।

ਉਸ ਸਮੇਂ ਛੋਟੇ ਸੰਤ ਜੀ ਮਹਾਰਾਜ ਨੇ ਇਨ੍ਹਾਂ ਦੀ ਦਿਲੀ ਸ਼ਰਧਾ ਤੱਕ ਕੇ ਵੱਡੇ ਮਹਾਂਪੁਰਸ਼ਾਂ ਨੂੰ ਕਿਹਾ ਕਿ ਮਹਾਰਾਜ! ਇਨ੍ਹਾਂ ਗੁਰਮੁਖਾਂ ਦਾ ਪ੍ਰੇਮ ਠੁਕਰਾਣ ਵਾਲਾ ਨਹੀਂ। ਆਪ ਹੁਣ ਏਥੇ ਹੀ ਦਰਸ਼ਨ ਦਿਓ। ਵੱਡੇ ਸੰਤ ਜੀ ਨੇ ਆਪਣੇ ਗੁਰ ਭਾਈ ਛੋਟੇ ਸੰਤ ਜੀ ਦੇ ਇਸ ਬਚਨ ਨੂੰ ਸੁਣਿਆਂ ਸਾਰੀ ਸੰਗਤ ਤੇ ਇਲਾਕੇ ਦੇ ਮੁਖੀਆਂ ਦੀ ਦੋਬਾਰਾ ਕੀਤੀ ਅਰਜ਼ ਵੱਲ ਧਿਆਨ ਦਿੱਤਾ। ਨਾਲ ਹੀ ਨਿੰਮ੍ਰਤਾ ਭਰੇ ਸ਼ਬਦਾਂ ਵਿੱਚ ਉੱਤਰ ਦਿੱਤਾ, "ਗੁਰਮੁਖੋ! ਇਹ ਸਾਡੇ ਵੱਸ ਦੀ ਗੱਲ ਨਹੀਂ? ਕਿਉਂਕਿ ਏਥੇ ਰਹਿਣਾ ਤੇ ਹੋਰ ਕਿਤੇ ਜਾਣਾ ਇਹ ਸਾਡਾ ਆਪਣਾ ਕੋਈ ਸੰਕਲਪ ਨਹੀਂ। ਜੋ ਕੁਛ ਹੋ ਰਿਹਾ ਹੈ ਇਹ ਸਾਰਾ ਨਿਰੰਕਾਰ ਦੀ ਪ੍ਰੇਰਨਾ ਅਨੁਸਾਰ ਤੇ ਜੀਵਾਂ ਦੇ ਮਿਸ੍ਰਤ ਪੁੰਨਾਂ ਦੁਆਰਾ ਹੋ ਰਿਹਾ ਹੈ। ਸਰੀਰ ਦੀ ਪ੍ਰਾਰਬਧ ਤੇ

ਪ੍ਰੇਮੀਆਂ ਦੇ ਸ਼ੁਭ ਅਸ਼ੁਭ ਕਰਮ ਹੀ ਪ੍ਰੇਰਦੇ ਹਨ। ਜੇਕਰ ਤੁਹਾਡਾ ਇਹ ਤੀਬਰ ਸੰਕਲਪ ਹੈ ਤਾਂ ਸਤਿਗੁਰਾਂ ਦੀ ਆਗਯਾ ਲੈ ਲੈਂਦੇ ਹਾਂ ਜਿਵੇਂ ਅਰਸੀ ਹੁਕਮ ਹੋਵੇਗਾ ਉਸੇ ਤਰ੍ਹਾਂ ਹੀ ਕੀਤਾ ਜਾਵੇਗਾ।"

ਉਸ ਸਮੇਂ ਸਤਿਗੁਰਾਂ ਦੀ ਪਾਵਨ ਹਜ਼ੂਰੀ ਵਿੱਚ ਅਰਦਾਸ ਕਰ ਕੇ ਦੋ ਪਰਚੀਆਂ ਪਾਈਆਂ। ਇੱਕ ਇਲਾਕੇ ਦੀ ਸੰਗਤ ਵਲੋਂ ਅਤੇ ਇੱਕ ਆਪਣੇ ਵੱਲੋਂ। ਪ੍ਰੇਮੀ ਸੋਚਦੇ ਸਨ ਅੱਜ ਸਾਡੇ ਕਰਮਾਂ ਦਾ ਇਮਤਿਹਾਨ ਹੋ ਰਿਹਾ ਹੈ। ਦੇਖੋ ਕਿਸਮਤ ਦਾ ਸਤਾਰਾ ਚਮਕਦਾ ਹੈ ਕਿ ਨਹੀਂ? ਮਹਾਰਾਜ ਦੇ ਚਰਨਾਂ ਵਿੱਚ ਆਪਣੀਆਂ ਮਨੋ ਮਈ ਬੇਨਤੀਆਂ ਕਰਦੇ ਸਨ:

ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ ॥
ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥ (ਰਾਮਕਲੀ ਵਾਰ-੨ ਮਃ ੫ - ੯੬੧)

"ਹੇ ਸਰਬ ਸ਼ਕਤੀਮਾਨ ਅਕਾਲ ਪੁਰਖ ਵਾਹਿਗੁਰੂ! ਆਪ ਕਿਰਪਾ ਕਰੋ! ਸਾਡੇ ਗ਼ੁਨਾਹਾਂ ਵੱਲ ਨਾ ਤਕੋ। ਇਹ ਅੰਮ੍ਰਿਤ ਦਾ ਚਸ਼ਮਾ ਸਦਾ ਜਾਰੀ ਰਹੇ। ਇਸਦੀ ਛੁਹ ਨਾਲ ਸਾਡੇ ਮੁਰਦੇ ਸਰੀਰਾਂ ਨੂੰ ਅਮਰ ਜੀਵਨੀਆਂ ਮਿਲਦੀਆਂ ਰਹਿਣ।" ਇਉਂ ਜਦੋਂ ਅਰਦਾਸ ਕਰ ਕੇ ਪਰਚੀ ਚੁੱਕੀ ਤਾਂ ਏਥੇ ਹੀ ਰਹਿਣ ਦਾ ਹੁਕਮ ਹੋਇਆ ਉਸ ਸਮੇਂ ਸਾਰੇ ਹੀ ਪ੍ਰੇਮੀਆਂ ਦੇ ਮਨ ਖ਼ੁਸ਼ੀ ਵਿੱਚ ਇਉਂ ਟਹਿਕ ਪਏ ਜਿਵੇਂ ਸਵੇਰ ਦੇ ਸੂਰਜ ਦੀਆਂ ਕਿਰਣਾਂ ਨਾਲ ਰਾਤਰੀ ਦੇ ਬੰਦ ਹੋਏ ਕਮਲ ਖਿੜਦੇ ਹਨ। ਉਸ ਸਮੇਂ ਇੱਕ ਦੂਜੇ ਤੋਂ ਕਾਹਲੇ ਪੈ ਕੇ ਡੇਰੇ ਵਾਸਤੇ ਜ਼ਮੀਨ ਦੀ ਅਰਦਾਸ ਕਰਾਉਣ ਲਈ ਆਪੋ ਆਪਣੇ ਨਾਮ ਪੇਸ਼ ਕਰਨ ਲੱਗੇ। ਸਭ ਤੋਂ ਪਹਿਲਾਂ ਸ. ਜੀਵਾ ਸਿੰਘ ਨੇ ਅਰਜ਼ ਕੀਤੀ, "ਹਜ਼ੂਰ! ਸਾਡੀ ਨਹਿਰ ਤੋਂ ਪਾਰ ਜ਼ਮੀਨ ਹੈ। ਆਪ ਹੁਕਮ ਕਰੋ ਜਿਤਨੀ ਕਹੋ, ਅਰਦਾਸ ਕਰਾ ਦੇਂਦੇ ਹਾਂ।" ਸੰਤ ਜੀ ਮਹਾਰਾਜ ਕਹਿਣ ਲੱਗੇ, "ਅਸੀਂ ਨਹਿਰ ਤੋਂ ਪਾਰ ਪਿੰਡ ਦੇ ਨੇੜੇ ਤਾਂ ਜਾਣਾ ਨਹੀਂ। ਏਸੇ ਹੀ ਪਾਸੇ ਸਰਬਾਢ ਦੇ ਝੱਲਾਂ ਵਿੱਚ ਪਹਿਲਾਂ ਵਾਂਗ ਨੀਲੇ ਅੰਬਰ ਹੇਠਾਂ ਸਮਾਂ ਬਤੀਤ ਕਰ ਲਵਾਂਗੇ ਅਤੇ ਏਸ ਕਾਰਜ ਵਾਸਤੇ ਅਸੀਂ ਇੱਕ ਪ੍ਰੇਮੀ ਤੇ ਬਹੁਤਾ ਭਾਰ ਨਹੀਂ ਪਾਣਾ ਚਾਹੁੰਦੇ। ਸੇਵਾ ਦੁਆਰਾ ਸਾਰਿਆਂ ਦਾ ਭਲਾ ਕਰਨਾ ਹੈ।" ਉਸ ਸਮੇਂ ਇਨ੍ਹਾਂ ਨੇ ਕਿਹਾ, "ਮਹਾਰਾਜ! ਸਾਡੀ ਜ਼ਮੀਨ ਤਾਂ ਨਹਿਰ ਤੋਂ ਪਾਰ ਹੀ ਹੈ, ਪਰ ਅਸੀਂ ਉਸ ਦੇ ਬਦਲੇ ਏਸ ਪਾਸੇ ਵਟਾ ਕੇ ਦੇ ਦੇਂਦੇ ਹਾਂ।" ਹਜ਼ੂਰ ਕਹਿਣ ਲੱਗੇ, "ਤੁਸੀਂ ਇਹ ਗੱਲ ਸੰਤਾਂ ਨਾਲ ਕਰ ਲਵੋ।" ਇਉਂ ਕਹਿ ਕੇ ਆਪ ਭੋਰੇ ਵਿੱਚ ਚਲੇ ਗਏ।

ਇਨ੍ਹਾਂ ਨੇ ਛੋਟੇ ਸੰਤਾਂ ਨੂੰ ਬੇਨਤੀ ਕਰ ਕੇ ਪ੍ਰਵਾਨਗੀ ਲੈ ਲਈ ਅਤੇ ਆਪਣੀ ਨਹਿਰ ਤੋਂ ਪਾਰ ਬਾਰਾਂ ਵਿੱਘੇ ਚੰਗੀ ਵਾਹੁਣ ਯੋਗ ਜ਼ਮੀਨ ਦੇ ਕੇ ਉਸ ਦੇ ਬਦਲੇ ਨਹਿਰ ਦੇ ਉਰਾਰ ੨੪ ਵਿਘੇ ਅਣਵਾਹ ਸਰਬਾਢ ਤੇ ਟਿੱਬਿਆਂ ਵਾਲੀ ਕਈ ਘਰਾਂ ਨਾਲ ਬੰਜਰ ਜ਼ਮੀਨ ਵਟਾ ਲਈ, ਜੋ ਏਧਰ ਵੀ ਕਟਾਹਰੀ ਪਿੰਡ ਦੀ ਹੀ ਸੀ। ਫੇਰ ਕੁਛ ਕੁ ਇਨ੍ਹਾਂ ਦੇ ਵੱਡੇ ਭਰਾ ਬਿਸ਼ਨ ਸਿੰਘ ਨੇ ਵੀ ਦੇ ਦਿੱਤੀ। (ਹਜ਼ੂਰਾ ਸਿੰਘ ਤੇ ਜੀਵਾ ਸਿੰਘ ਉਹ ਦੋਵੇਂ ਇਕੱਠੇ ਸਨ ਇਹ ਇਕੱਲਾ ਸੀ।) ਉਸ ਤੋਂ ਬਾਅਦ ਕਿਸੇ ਨੇ ਵਿੱਘਾ, ਕਿਸੇ ਨੇ ਅੱਧਾ ਵਿੱਘਾ ਕਿਸੇ ਨੇ ਦੋ ਵਿੱਘੇ ਜਿਤਨੀ ਵੀ ਕਿਸੇ ਦੀ ਨਹਿਰ ਤੋਂ ਪਾਰ ਬੰਜਰ ਤੇ ਵਾਧੂ ਧਰਤੀ ਸੀ; ਅਰਦਾਸ ਕਰਵਾ ਦਿੱਤੀ। ਭਾਅ ਸਸਤੇ ਸਨ। ਜ਼ਮੀਨ ਦੀ ਕਦਰ ਘੱਟ ਸੀ। ਟਿੱਬੇ ਤੇ ਸਰਬਾਢ ਵਾਲੀ ਤਾਂ ਲੋਕਾਂ ਨੂੰ ਐਵੇਂ ਵਾਧੂ ਭਾਰ ਰੂਪ ਹੀ ਜਾਪਦੀ ਸੀ।

ਚਾਰ ਵਿੱਘੇ ਜ਼ਮੀਨ ਫਤਹ ਸਿੰਘ ਨੰਬਰਦਾਰ ਦੀ ਸੀ। ਇਸ ਦੇ ਦੋਹਾਂ ਲੜਕਿਆਂ ਇੰਦਰ ਸਿੰਘ ਤੇ ਜੁਗਿੰਦਰ ਸਿੰਘ ਨੇ ਇਸ ਨੂੰ ਪ੍ਰੇਰਿਆ, ਇਸ ਨੇ ਵੀ ਅਰਦਾਸ ਕਰਵਾ ਦਿੱਤੀ। ਇਸ ਜਗ੍ਹਾ ਹੁਣ ਗੁਰਦੁਆਰਾ ਸਾਹਿਬ ਬਣਿਆਂ ਹੈ। ਇੱਕ ਵਿੱਘਾ ਭੋਰੇ ਵਾਲੀ ਥਾਂ ਹਾਕਮ ਸਿੰਘ ਸੂਰਮੇ ਦੀ ਸੀ (ਜਿਸ ਨੇ ਆਪਣੀ ਲੜਕੀ ਧੰਨ ਕੌਰ ਦੇ ਨਾਮ ਲਗਵਾਈ ਹੋਈ ਸੀ) ਉਹ ਵੀ ਪਿਓ ਧੀ ਦੋਹਾਂ ਨੇ ਅਰਦਾਸ ਕਰਵਾ ਦਿੱਤੀ। ਇੱਥੇ ਅੱਠ ਵਿਘੇ ਕਈ ਘਰਾਂ ਦੀ ਸਾਂਝੀ ਘਣਗਸਾਂ ਪਿੰਡ ਦੀ ਜ਼ਮੀਨ ਸੀ, ਉਨ੍ਹਾਂ ਨੇ ਵੀ ਦੇ ਦਿੱਤੀ। ਇਉਂ ਸਾਰੀ ਸੱਤਰ ਬਹੱਤਰ ਵਿੱਘੇ ਹੋ ਗਈ ਜਿਸ ਵਿੱਚ ਕੇਵਲ ਅੱਠ ਵਿਘੇ ਘਣਗਸਾਂ ਦੀ ਹੋਰ ਸਾਰੀ ਕਟਾਹਰੀ ਪਿੰਡ ਦੀ ਹੈ। ਵਾਹ ਵਾਹ ਕੁਦਰਤ ਦੇ ਰੰਗ! ਧਰਤੀ ਦੀ ਸੁੱਤੀ ਕਿਸਮਤ ਜਾਗ ਪਈ।

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥

(ਗਉੜੀ ਵਾਰ-੨ ਮਃ ੫ - ੩੧੯)

ਵੱਡੇ ਮਹਾਂਪੁਰਸ਼ ਰੇਰੂ ਸਾਹਿਬ ਵਾਲਿਆਂ ਦਾ ਬਚਨ ਸਫ਼ਲਾ ਹੋਇਆ ਕਿ ਨਹਿਰ ਕੰਢੇ ਕਟਾਹਰੀ ਪਿੰਡ ਦੀ ਜੂਹ ਵਿੱਚ ਕੀਰਤਨ ਦੀਆਂ ਗੂੰਜਾਂ ਪੈਣਗੀਆਂ। ਉਸ ਸਮੇਂ ਇਸ ਗੱਲ ਨੂੰ ਕੌਣ ਜਾਣਦਾ ਸੀ ਕਿ ਕਦੇ ਇੱਕ ਰੱਕੜ ਧਰਤੀ ਨੂੰ ਭਾਗ ਲੱਗੇਗਾ, ਜਿੱਥੇ ਹੁਣ ਸੰਗਮਰਮਰ ਦੀਆਂ ਟੁਕੜੀਆਂ ਤੇ ਸੁਨਹਿਰੀ ਕਲਸ ਦੂਰ ਜਾਂਦੇ ਰਾਹੀਆਂ ਨੂੰ ਸੱਦੇ ਮਾਰਦੇ ਹਨ। ਸ਼ਾਸਤ੍ਰਾਂ ਦਾ ਬਚਨ ਕਦੇ ਵੀ ਝੂਠਾਂ ਨਹੀਂ ਹੋ ਸਕਦਾ:

ਯਥਾ: ਸਾਧੂਣਾ ਦਰਸ਼ਨੰ ਪੁਨਯੰ ਤੀਰਥ ਭੂਤਾਹੀ ਸਾਧਵਃ। ਤੀਰਥਮ ਫਲਤੀ ਕਾਲੇਨ: ਸਦਯ ਸਾਧੂ ਸਮਾਗਮਃ।

ਸੰਤਾਂ ਦਾ ਦਰਸ਼ਨ ਪੁੰਨੀ ਪੁਰਸ਼ਾਂ ਨੂੰ ਹੁੰਦਾ ਹੈ ਪਾਪੀਆਂ ਨੂੰ ਨਹੀਂ ਹੁੰਦਾ। ਜਿਤਨੇ ਵੀ ਭੂਤ ਕਾਲ ਦੇ ਤੀਰਥ ਹਨ ਸੰਤਾਂ ਨੇ ਹੀ ਆਪਣੇ ਚਰਨ ਪਾ ਕੇ ਉਨ੍ਹਾਂ ਨੂੰ ਪ੍ਰਗਟ ਕੀਤਾ ਹੈ। ਅਥਵਾ ਸਾਧੂ ਆਪ ਹੀ ਤੀਰਥ ਸਰੂਪ ਹਨ। ਤੀਰਥ ਤਾਂ ਸਮਾਂ ਪਾ ਕੇ ਪੁਰਬ ਸਮੇਂ ਫ਼ਲ ਦੇਂਦੇ ਹਨ ਪਰ ਸਾਧੂ ਸਮਾਗਮ ਤੁਰਤ ਹੀ ਫ਼ਲ ਦਿੰਦਾ ਹੈ।

ਇਸੇ ਤਰ੍ਹਾਂ ਕਟਾਹਰੀ ਪਿੰਡ ਦੇ ਸਾਹਮਣੇ ਨਹਿਰ ਤੋਂ ਪਾਰ ਸ. ਹਜ਼ੂਰਾ ਸਿੰਘ ਤੇ ਸ. ਜੀਵਾ ਸਿੰਘ ਦੀ ਹੋਰ ਜ਼ਮੀਨ ਸੀ ਜਿਸ ਵਿੱਚੋਂ ਇਨ੍ਹਾਂ ਨੇ ੧੯ ਵਿੱਘੇ ਅਰਦਾਸ ਕਰਵਾ ਦਿੱਤੀ। ਬਾਅਦ ਵਿੱਚ ਕੁਛ ਆਪ ਛੋਟੇ ਸੰਤ ਜੀ ਮਹਾਰਾਜ ਨੇ ੩੬ ਵਿੱਘੇ ਭਦੌੜੀਏ ਸਰਦਾਰਾਂ ਤੋਂ ਮੁੱਲ ਲੈ ਲਈ। ਫੇਰ ਕੁਛ ਕੁ ਸਮਾਂ ਪਾ ਕੇ ੬੦ ਵਿੱਘੇ ਖਟੜਿਆਂ ਵਾਲੇ ਸਰਦਾਰ ਚੰਨਣ ਸਿੰਘ ਨੇ; ਜਿਸ ਦੀਆਂ ਕਲਕੱਤੇ ਗੱਡੀਆਂ ਚਲਦੀਆਂ ਸਨ, ਭਦੌੜੀਏ ਸਰਦਾਰਾਂ ਤੋਂ ਮੁੱਲ ਲੈ ਕੇ ਅਰਦਾਸ ਕਰਵਾ ਦਿੱਤੀ। ਇਉਂ ਖੂਹ ਤੇ (ਜੋ ਅਸਥਾਨ ਤੋਂ ਬਿਲਾਸਪੁਰ ਵਲ ਇੱਕ ਮੀਲ ਤੇ ਹੈ) ਡੇਢ ਸੌ ਵਿੱਘੇ ਦੇ ਕਰੀਬ ਹੋ ਗਈ ਸੀ। ਫੇਰ ਇਹ ਜ਼ਮੀਨ ਵੇਚ ਕੇ ਅਸਥਾਨ ਦੇ ਨਾਲ ਹੀ ਸ. ਗਿਆਨ ਸਿੰਘ ਦੇ ਢੱਕ ਵਾਲੀ ਖਰੀਦ ਕੇ ਉਸ ਵਿੱਚ ਫਾਰਮ ਬਣਾ ਲਿਆ।

ਗੁਰੂ ਕਾ ਲੰਗਰ

ਇਉਂ ਜਦੋਂ ਜ਼ਮੀਨ ਦੀ ਅਰਦਾਸ ਹੋ ਕੇ ਗੁਰੂ ਗ੍ਰੰਥ ਸਹਿਬ ਦੇ ਨਾਮ ਰਜਿਸਟਰੀ ਹੋ ਗਈ ਫੇਰ ਪਹਿਲੇ ਅਸਥਾਨ ਨੂੰ ਬਦਲਣਾ ਸ਼ੁਰੂ ਕਰ ਦਿੱਤਾ। ੧੯੩੬ ਈ. ਜੂਨ ਦੇ ਮਹੀਨੇ ਸਭ ਤੋਂ ਪਹਿਲਾਂ ਨਹਿਰ ਵੱਲ ਉੱਚੀ ਥਾਂ ਤੇ ਖੂਹ ਲੱਗਾ ਜਿਸ ਦੀ ਚਿਨਾਈ ਖਟੜੇ ਪਿੰਡ ਦੇ ਮਿਸਤ੍ਰੀ ਸ. ਰੂੜ ਸਿੰਘ ਤੇ ਉਸ ਦੇ ਪੁੱਤਰ ਹਰਚੰਦ ਸਿੰਘ ਨੇ ਕੀਤੀ ਅਤੇ ਘਣਗਸ ਪਿੰਡ ਦੇ ਝਾਊ ਝਿਊਰ ਨੇ ਲੌਹਣਾ ਕੀਤਾ।

ਸ. ਹਜ਼ੂਰਾ ਸਿੰਘ, ਸ. ਜੀਵਾ ਸਿੰਘ ਤੇ ਹੋਰ ਨਗਰ ਨਿਵਾਸੀ ਪ੍ਰੇਮੀਆਂ ਨੂੰ ਸੇਵਾ ਕਰਦਿਆਂ ਦੇਖ ਕੇ; ਜਿਨ੍ਹਾਂ ਨੇ ਆਪਣੀਆਂ ਜ਼ਮੀਨਾਂ ਅਰਦਾਸ ਕਰਵਾਈਆਂ, ਹਾੜੀ ਸੌਣੀ ਫਸਲਾਂ ਆਇਆਂ ਬ਼ਗ਼ੈਰ ਕਿਸੇ ਮੰਗ ਉਗਰਾਹੀ ਜਾਂ ਅਪੀਲ ਤੋਂ ਆਪਣੇ ਆਪ ਹੀ ਯਥਾ ਸ਼ਕਤ ਘਰਾਂ ਤੋਂ ਦਾਣੇ ਲਿਆ ਕੇ ਲੰਗਰ ਵਿੱਚ ਪੁਚਾ ਜਾਂਦੇ। ਇਮਾਰਤਾਂ ਸਮੇਂ ਆਪਣੇ ਹੱਥੀ ਸੇਵਾ ਕਰਦੇ ਨਹਿਰ 'ਚੋਂ ਰੇਤਾ ਕੱਢਣਾ, ਗੱਡਿਆਂ ਤੇ ਭੱਠਿਆਂ ਤੋਂ ਇੱਟਾਂ ਢੋਣੀਆਂ। ਸ਼ਹਿਰੋਂ ਲੋਹਾ ਸੀਮਿੰਟ ਤੇ ਹੋਰ ਸਾਮਾਨ ਵੀ ਰੇੜ੍ਹੀਆਂ ਜਾਂ ਗੱਡਿਆਂ ਤੇ ਲਿਆ ਦੇਣਾ। ਮਾਈਆਂ ਨੇ ਲੰਗਰ ਦੇ ਬਰਤਨ ਸਾਫ਼ ਕਰਣੇ, ਝਾੜੂ ਦੇਣਾ, ਪ੍ਰਸ਼ਾਦੇ ਪਕਾਉਣੇ, ਘਰਾਂ 'ਚੋਂ ਲੱਸੀ ਦੀਆਂ ਚਾਟੀਆਂ ਤੇ ਦੁੱਧ ਦਹੀਂ ਲੈ ਜਾਣਾ। ਇਉਂ ਨਿਰਮਾਣਤਾ ਨਾਲ ਸੇਵਾ ਕਰਨ ਵਾਲੇ ਪ੍ਰੇਮੀਆਂ ਦੀਆਂ ਮਨੋ ਕਾਮਨਾ ਵੀ ਪੂਰੀਆਂ ਹੁੰਦੀਆਂ ਤੇ ਮਨ ਨੂੰ ਵੀ ਸ਼ਾਂਤੀ ਮਿਲਦੀ ਦੇਖ ਕੇ ਕਟਾਹਰੀ ਪਿੰਡ ਦੇ ਮਿਸਤਰੀਆਂ ਅੰਦਰ ਵੀ ਸੇਵਾ ਕਰਨ ਦਾ ਵਲਵਲਾ ਉੱਠਦਾ ਪਰ ਏਸ ਕੰਮ ਵਾਸਤੇ ਜ਼ਾਲਮ ਗ਼ਰੀਬੀ ਇਜਾਜ਼ਤ ਨਹੀਂ ਸੀ ਦੇ ਰਹੀ। ਕਾਫ਼ੀ ਦਿਨਾਂ ਦੀ ਵਿਚਾਰ ਉਪਰੰਤ ਇਨ੍ਹਾਂ ਦੇ ਨਗਰ ਦੀ ਹੋਰ ਸੰਗਤ ਨਾਲ ਮਿਲ ਕੇ ਹਜ਼ੂਰ ਦਾ ਦੀਦਾਰ ਕੀਤਾ। ਭਾਵਨਾ ਨਾਲ ਮੱਥਾ ਟੇਕਿਆ ਅਤੇ ਨੇੜੇ ਹੋ ਕੇ ਸੰਕੋਚਵੇਂ ਮਨ ਨਾਲ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਸਾਡਾ ਵੀ ਸੇਵਾ ਕਰਨ ਨੂੰ ਬੜਾ ਜੀਅ ਕਰਦਾ ਹੈ ਪਰ ਦਲਿੱਦਰ ਨਹੀਂ ਪੇਸ਼ ਜਾਣ ਦੇਂਦਾ। ਜੇਕਰ ਆਪ ਸਾਮਾਨ ਮੰਗਵਾ ਦੇਵੋ ਤਾਂ ਅਸੀਂ ਇਸ ਵੱਡੇ ਖੂਹ ਵਿੱਚ ਹਲਟ ਬਣਾ ਕੇ ਲਗਾਉਣ ਦੀ ਹੱਥੀਂ ਸੇਵਾ ਕਰ ਸਕਦੇ ਹਾਂ।" ਸੰਤ ਜੀ ਮਹਾਰਾਜ ਮੁਸਕਰਾ ਪਏ ਤੇ ਕਿਹਾ, "ਚੰਗਾ ਭਾਈ! ਸੰਗੋ ਨਾ। ਏਥੇ ਤਾਂ ਗ਼ਰੀਬਾਂ ਦੀ ਮਾਯਾ ਹੀ ਲੱਗਣੀ ਹੈ ਅਤੇ ਅਸੀਂ ਵੀ ਉਨ੍ਹਾਂ ਦੀ ਸੇਵਾ ਨੂੰ ਹੀ ਪ੍ਰਵਾਨ ਕਰਨਾ ਹੈ। ਸਤਿਗੁਰਾਂ ਦਾ ਬਿਰਦ ਹੈ ਭਾਈ ਗੁਰਦਾਸ ਜੀ ਫਰਮਾਉਂਦੇ ਹਨ:

ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗਿ ਰਾਖੈ, ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ।

(ਕਬਿੱਤ ਭਾਈ ਗੁਰਦਾਸ ਜੀ)

ਕੋਈ ਗੱਲ ਨਹੀਂ ਤੁਸੀਂ ਭਾਵਨਾ ਨਾਲ ਸੇਵਾ ਕਰੋ। ਏਥੋਂ ਸੰਗਤਾਂ ਜਲ ਛਕਣਗੀਆਂ, ਇਸ਼ਨਾਨ ਪਾਣੀ ਕਰਣਗੀਆਂ। ਗੁਰੂ ਕੇ ਲੰਗਰ ਵਾਸਤੇ ਸਬਜ਼ੀ ਭਾਜੀ ਹੋਵੇਗੀ, ਜਿਸ ਕਰ ਕੇ ਤੁਹਾਡੀ ਵੀ ਸੇਵਾ ਸਫ਼ਲੀ ਹੋ ਜਾਵੇਗੀ। *'ਇਕੁ ਤਿਲੁ ਨਹੀ ਭੰਨੈ ਘਾਲੇ'* ਉਸ ਸਮੇਂ ਘਨੱਈਆ ਸਿੰਘ, ਹਰੀ ਸਿੰਘ, ਰੌਣਕ ਸਿੰਘ ਤੇ ਜੈ ਸਿੰਘ; ਇਨ੍ਹਾਂ ਚੌਹਾਂ ਨੇ ਸਾਮਾਨ ਆਏ ਤੋਂ ਹਲਟ ਬਣਾ ਕੇ ਬੜੇ ਪ੍ਰੇਮ ਨਾਲ ਲਾਉਣ ਦੀ ਸੇਵਾ ਕੀਤੀ। ਫੇਰ ਲੱਗਦੇ ਹੱਥ ਜੁਲਾਈ ਦੇ ਅਰੰਭ ਵਿੱਚ ਲੰਗਰ ਬਨਾਉਣਾ ਸ਼ੁਰੂ ਕਰ ਦਿੱਤਾ। ਜਿਸ ਦੇ ਵੱਡੇ ਦੋ ਕਮਰੇ ਗਾਡਰ ਪਾ ਕੇ ਡਾਟਾਂ ਤੇ ਬਣਾਏ। ਜਿਨ੍ਹਾਂ ਦੀ ਚੌੜਾਈ ਚੌਵ੍ਹੀ ਫੁੱਟ ਤੇ ਲੰਬਾਈ ਛੱਤੀ ਛੱਤੀ ਫੁੱਟ ਹੈ। ਇਨ੍ਹਾਂ ਵਿੱਚੋਂ ਇੱਕ ਕਮਰਾ ਲੰਗਰ ਤਿਆਰ ਕਰਨ ਵਾਸਤੇ ਅਤੇ ਦੂਸਰਾ ਪੰਗਤਾਂ ਲਾ ਕੇ ਵਰਤਾਉਣ ਲਈ ਰੱਖ ਲਿਆ। ਨਾਲ ਹੀ ਵਿਚਕਾਰ ਬਾਰਾਂ ਬਾਰਾਂ ਮੁਰੱਬਾ ਫੁੱਟ ਦੇ ਕਮਰੇ ਸੱਤ ਸੱਤ ਫੁੱਟ ਤੇ ਛੱਤ ਕੇ ਉਨ੍ਹਾਂ ਦੇ ਉੱਪਰ ਸਾਮਾਨ ਰੱਖਣ ਵਾਸਤੇ ਮਿਆਨੀ ਭਾਵ ਸਟੋਰ ਬਣਾ ਲਏ। ਇੱਕ ੮ ਫੁੱਟ ਮਰੁੱਬਾ ਆਟੇ ਵਾਲਾ ਸਟੋਰ, ਉਸ ਦੇ

ਅੱਗੇ ਬਰਾਂਡਾ ਅਤੇ ਲੰਗਰ ਵਿੱਚ ਜਲ ਵਾਸਤੇ ਇੱਕ ਖੂਹੀ ਲਗਵਾ ਦਿੱਤੀ। ਇਹ ਸਾਰਾ ਕੰਮ ਸਮੇਤ ਲਿਪਾਈ ਅਤੇ ਜੋੜੀਆਂ ਚੜ੍ਹਾ ਕੇ ਚੌਦਾਂ ਦਿਨਾਂ ਵਿੱਚ ਮੁਕੰਮਲ ਹੋ ਗਿਆ। ਕਿਉਂਕਿ ਪ੍ਰੇਮੀ ਰਾਤ ਨੂੰ ਵੀ ਗੈਸ ਜਗਾ ਕੇ ਸੇਵਾ ਕਰਦੇ ਰਹੇ ਸਨ। ਇਸ ਦੇ ਸਾਰੇ ਖ਼ਰਚੇ ਦੀ ਸੇਵਾ ਦਫ਼ਤਰੀ ਵਾਲੇ ਸ. ਗੁਰਦੇਵ ਸਿੰਘ ਅਤੇ ਉਸ ਦੀ ਭੈਣ ਬੀਬੀ ਕਰਤਾਰ ਕੌਰ, ਇਸ ਦਫ਼ਤਰੀ ਵਾਲੇ ਸਰਦਾਰ ਦੇ ਘਰੋਂ ਜੋ ਸਰਦਾਰਨੀ ਅਵਤਾਰ ਕੌਰ ਦੀ ਭੈਣ ਸੂਰਜ ਕੌਰ; ਇਨ੍ਹਾਂ ਤਿੰਨਾਂ ਪ੍ਰੇਮੀਆਂ ਨੇ ਬਾਰਾਂ ਸੌ ਰੁਪਿਆ ਦਿੱਤਾ। ਭਾਅ ਸਸਤੇ ਸਨ ਇਤਨੇ ਕੁ ਨਾਲ ਸਰ ਗਿਆ। ਬਾਕੀ ਇੱਟਾਂ ਗਾਰਾ ਫੜਾਉਣ ਦੀ ਸੇਵਾ ਸਿੰਘਾਂ ਨੇ ਹੱਥੀਂ ਕੀਤੀ। ਜਿੱਥੇ ਕਿ ਸਾਮਾਨ ਦਾ ਖ਼ਰਚ ਪ੍ਰੇਮੀਆਂ ਨੇ ਕੀਤਾ। ਉੱਥੇ ਗੁਰੂ ਕਾ ਲੰਗਰ ਜਾਣ ਕੇ, ਜਿੱਥੋਂ ਗ਼ਰੀਬ ਅਮੀਰ ਤੇ ਜਾਤ ਪਾਤ ਦੇ ਵਿਤਕਰੇ ਬਿਨਾਂ ਹਰ ਇੱਕ ਲੋੜਵੰਦ ਨੂੰ ਪ੍ਰਾਣ ਬਚਾਉਣ ਵਾਸਤੇ ਪ੍ਰਸ਼ਾਦਾ ਮਿਲਣਾ ਹੈ; ਉਹ ਅਸਥਾਨ ਦੀ ਸੇਵਾ ਵੀ ਲੱਕੜੀ ਵਾਲੇ ਮਿਸਤਰੀ ਤੇ ਉਸਾਰੀ ਵਾਲੇ ਸਾਰੇ ਰਾਜਾਂ ਨੇ ਬਿਨਾਂ ਪੈਸਿਆਂ ਤੋਂ ਕੀਤੀ।

ਸ. ਘਨੱਈਆ ਸਿੰਘ ਤੇ ਸ. ਹਰੀ ਸਿੰਘ ਦਾ ਪ੍ਰਵਾਰ ਅੱਜ ਕਲ ਹਾਪੜ ਰਹਿੰਦਾ ਹੈ। ਬੜਾ ਕੰਮ ਵਧਿਆ ਹੈ। ਹਰ ਇੱਕ ਸਾਲ ਸੰਤ ਜੀ ਮਹਾਰਾਜ ਦੋ ਮਹੀਨੇ ਇਨ੍ਹਾਂ ਦੀ ਭਾਵਨਾ ਤੱਕ ਕੇ ਏਥੇ ਠਹਿਰ ਕੇ ਯੂ. ਪੀ. ਦੇ ਇਲਾਕੇ ਵਿੱਚ ਗੁਰਮਤਿ ਦਾ ਪ੍ਰਚਾਰ ਕਰਦੇ ਸਨ ਅਤੇ ਸ. ਰੌਣਕ ਸਿੰਘ ਤੇ ਸ. ਜੈ ਸਿੰਘ ਦਾ ਪ੍ਰਵਾਰ ਦੌਰਾਲੇ (ਜੋ ਮੇਰਠ ਤੋਂ ੮ ਮੀਲ ਮੁਜ਼ੱਫਰ ਨਗਰ ਵੱਲ ਹੈ) ਕੰਮ ਕਰਦੇ ਹਨ। ਇਹ ਵੀ ਪਰਮ ਪ੍ਰੀਤਵਾਨ ਹਨ। ਕਈ ਵਾਰ ਹਜ਼ੂਰ ਦੇ ਚਰਨ ਇਨ੍ਹਾਂ ਦੇ ਘਰ ਵੀ ਪਏ।

ਨਿਰੋਲ ਸੇਵਾ ਕਰਨ ਵਾਲੇ ਮਿਸਤ੍ਰੀ

ਚਿਣਵਾਈ ਵਾਲੇ ਭੁੱਟੇ, ਖਟੜੇ ਤੇ ਜਗੇੜਾ ਤਿੰਨ ਪਿੰਡਾਂ ਦੇ ਰਾਜ ਸਨ। ਭੁੱਟੇ ਪਿੰਡ ਤੋਂ ਤਾਰਾ ਸਿੰਘ, ਗ਼ੁਲਜਾਰਾ ਸਿੰਘ, ਬਚਨ ਸਿੰਘ, ਤਰਲੋਕ ਸਿੰਘ, ਨੱਥਾ ਸਿੰਘ, ਹੀਰਾ ਸਿੰਘ ਤੇ ਉਸ ਦਾ ਪੁੱਤਰ ਜਿਸ ਦਾ ਨਾਮ ਵੀ ਤਾਰਾ ਸਿੰਘ ਹੀ ਸੀ। ਦੋ ਪ੍ਰੇਮੀ ਘਲੋਟੀ ਪਿੰਡ ਤੋਂ ਪਾਖਰ ਸਿੰਘ ਫਰੀਦ ਤੇ ਉਸ ਦਾ ਭਰਾ ਬਖਤੌਰ ਸਿੰਘ ਵੀ ਸੇਵਾ ਵਿਖੇ ਸ਼ਾਮਲ ਸਨ। ਖਟੜੇ ਪਿੰਡ ਦੇ ਸ. ਰੂੜ ਸਿੰਘ ਅਤੇ ਇਸ ਦੇ ਦੋਵੇਂ ਸਪੁੱਤਰ ਕੁਲਵੰਤ ਸਿੰਘ ਤੇ ਹਰਚੰਦ ਸਿੰਘ ਸਨ। ਭਾਈ ਸੋਹਨ ਸਿੰਘ ਅਜੇ ਛੋਟਾ ਸੀ। ਨਰਿੰਦਰ ਸਿੰਘ ਵੈਦ ਤੇ ਉਸ ਦਾ ਭਰਾ ਹਰਦਿਆਲ ਸਿੰਘ, ਸੇਖਾ ਸਿੰਘ ਤੇ ਲਹਿਣਾ ਸਿੰਘ। ਜਗੇੜੇ ਪਿੰਡ ਦੇ ਸੁੰਦਰ ਸਿੰਘ, ਭਗਵਾਨ ਸਿੰਘ, ਆਤਮਾ ਸਿੰਘ ਤੇ ਸੰਤਾ ਸਿੰਘ ਸਨ। ਲੱਕੜੀ ਦੇ ਮਿਸਤਰੀ ਜੋੜੀਆਂ ਚਾੜ੍ਹਨ ਵਾਲੇ ਖਟੜੇ ਪਿੰਡ ਦੇ ਸ. ਬਿਸ਼ਨ ਸਿੰਘ ਤੇ ਸੰਤਾ ਸਿੰਘ ਅਤੇ ਉਸ ਦੇ ਭਾਣਜੇ ਸੁੱਚਾ ਸਿੰਘ ਤੇ ਰਘਬੀਰ ਸਿੰਘ ਵੀ ਨਾਲ ਆਉਂਦੇ ਸਨ। ਮਾਜਰੀ ਦਾ ਉੱਤਮ ਸਿੰਘ ਤੇ ਚੰਨਣ ਸਿੰਘ, ਸੈਨ ਪੁਰੇ ਤੋਂ ਰਾਮਦਾਸ ਤੇ ਖੇੜੇ ਤੋਂ ਨਰੈਣ ਸਿੰਘ ਵੀ ਆਉਂਦਾ ਰਿਹਾ। ਇਨ੍ਹਾਂ ਸਾਰੇ ਹੀ ਪ੍ਰੇਮੀਆਂ ਦਾ (ਜਿਨ੍ਹਾਂ ਨੇ ਗੁਰੂ ਕੇ ਲੰਗਰ ਦੀ ਦਿਹਾੜੀ ਲਏ ਬਗ਼ੈਰ ਨਿਰੋਲ ਸੇਵਾ ਕੀਤੀ) ਬਹੁਤ ਚੰਗਾ ਕੰਮ ਚਲਦਾ ਹੈ।

ਪਹਿਲਾਂ ਪਹਿਲਾਂ ਸੇਵਾ ਹੋਣ ਸਮੇਂ ਲੰਗਰ ਬਾਹਰਲੀ ਢੱਕੀ ਤੋਂ ਪੱਕ ਕੇ ਆਉਂਦਾ ਰਿਹਾ। ਜਦੋਂ ਮੁਕੰਮਲ ਹੋ ਗਿਆ ਫੇਰ ਏਥੇ ਹੀ ਤਿਆਰ ਹੋਣ ਲੱਗ ਪਿਆ।

ਦਰਬਾਰ ਸਾਹਿਬ

ਇਸ ਤੋਂ ਬਾਅਦ ਗੁਰੂ ਮਹਾਰਾਜ ਦਾ ਪ੍ਰਕਾਸ਼ ਅਸਥਾਨ ਦਰਬਾਰ ਸਾਹਿਬ ਤਿਆਰ ਕੀਤਾ। ਜਿਸ ਦੀ ਨੀਂਹ ੧ ਜੁਲਾਈ ੧੯੩੬ ਈ. ਨੂੰ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਹਜ਼ੂਰ ਨੇ ਆਪਣੇ ਕਰ ਕਮਲਾਂ ਨਾਲ ਰੱਖੀ। ਇਸ ਦੀ ਲੰਬਾਈ ੪੦ ਫੁੱਟ ਤੇ ਚੌੜਾਈ ੩੦ ਫੁੱਟ ਸੀ। ਚੌਫੇਰੇ ੮ ਫੁੱਟ ਬਰਾਂਡਾ ਬਣਾਇਆ ਸੀ। ਉੱਪਰ ਕੈਂਚੀਆਂ ਦੀ ਛੱਤ ਪਾ ਕੇ ਹੇਠਾਂ ਸੁੰਦਰ ਰੰਗੀ ਹੋਈ ਟੀਨ ਦੀ ਚਾਦਰ ਲੱਗਾ ਦਿੱਤੀ। ਇਹ ਵੀ ਬੜਾ ਛੇਤੀ ਤਿਆਰ ਹੋ ਗਿਆ। ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦਿਨ ਕੱਤਕ ਦੀ ਪੂਰਨਮਾਸ਼ੀ ਦਾ ਅਖੰਡ ਪਾਠ ਏਸੇ ਵਿੱਚ ਰੱਖ ਕੇ ਚੱਠ ਕੀਤੀ ਤੇ ਜੋੜ ਮੇਲਾ ਮਨਾਇਆ ਫੇਰ ਹਰ ਰੋਜ਼ ਕਥਾ ਕੀਰਤਨ ਏਥੇ ਹੀ ਹੋਣ ਲੱਗਾ। ਇਸ ਦੀ ਸੇਵਾ ਸ. ਮੋਹਨ ਸਿੰਘ ਕੋਕਾ ਕੋਲਾ ਦਿੱਲੀ ਵਾਲਿਆਂ ਦੇ ਪ੍ਰਵਾਰ ਵੱਲੋਂ ਹੋਈ। ਇਸ ਤੋਂ ਬਾਅਦ ਬਾਹਰਲੇ ਡੇਰੇ ਦਾ ਸਾਰਾ ਸਾਮਾਨ ਲਿਆ ਕੇ ਫੇਰ ਪੱਕੀ ਰਿਹਾਇਸ਼ ਏਸੇ ਜਗ੍ਹਾ ਰੱਖ ਲਈ। ਗੁਰੂ ਕਾ ਲੰਗਰ ਤੇ ਕਥਾ ਕੀਰਤਨ ਦਾ ਪ੍ਰਵਾਹ ਪਹਿਲਾਂ ਵਾਂਗ ਹੀ ਆਰੰਭ ਹੋ ਗਿਆ।

ਹੋਰ ਕਮਰੇ

ਉਸੇ ਸਮੇਂ ਨਾਲ ਹੀ ਗਊਆਂ ਮੱਝਾਂ ਵਾਸਤੇ ਵੱਡਾ ਕਮਰਾ ਲਟੈਣਾਂ ਤੇ ਸ਼ਤੀਰ ਰੱਖ ਕੇ ਕੜੀਆਂ ਬਾਲਿਆਂ ਦੀ ਛੱਤ ਪਾ ਕੇ ਤਿਆਰ ਕੀਤਾ। ਇੱਕ ਤੂੜੀ ਪਾਉਣ ਵਾਸਤੇ ਵੱਡਾ ਕੋਠਾ ਬਣਾਇਆ ਗਿਆ। ਪਸ਼ੂਆਂ ਦੇ ਸੇਵਾਦਾਰਾਂ ਵਾਸਤੇ ਇੱਕ ਛੋਟਾ ਕਮਰਾ ਤੇ ਇੱਕ ਹੋਰ ਵੱਡਾ ਕਮਰਾ ਪਾਇਆ ਗਿਆ। ਇਸ ਦੇ ਪਿਛਵਾੜੇ ਇੱਕ ਵੱਡਾ ਤੇ ਛੋਟੇ ਦੋ ਕਮਰੇ ਹੋਰ ਪਾ

ਦਿੱਤੇ ਪਾਸ ਹੀ ਨਲਕਾ ਲਾ ਕੇ ਗ਼ੁਸਲਖਾਨਾ ਬਣਾ ਦਿੱਤਾ, ਜਿੱਥੇ ਜਥੇਦਾਰ ਸੰਤੋਖ ਸਿੰਘ ਜੀ ਰਹਿੰਦੇ ਸਨ। ਫੇਰ ਸਰਦੀਆਂ ਵਿੱਚ ਜੋੜ ਮੇਲੇ ਨੂੰ ਦੀਵਾਨਾਂ ਵਾਸਤੇ ਅਤੇ ਆਮ ਦਿਨਾਂ ਨੂੰ ਸੰਗਤਾਂ ਦੇ ਆਰਾਮ ਵਾਸਤੇ ਇੱਕ ੩੬ ਫੁੱਟ ਚੌੜਾ ਤੇ ੮੦ ਫੁੱਟ ਲੰਮਾ ਵੱਡਾ ਛੱਪਰ ਪਾਇਆ ਗਿਆ ਜਿਸ ਦੇ ਹੇਠਾਂ ਖੱਦਰ ਦੀਆਂ ਚਾਂਦਰਾਂ ਲਾ ਕੇ ਉਨ੍ਹਾਂ ਤੇ ਚਿੱਟਾ ਰੰਗ ਕਰ ਦਿੱਤਾ ਜੋ ਪੱਕੇ ਲੈਂਟਰ ਵਾਂਗ ਦਿਸਦਾ। ਨਾਲ ਹੀ ੧੬ ਤੇ ੧੨ ਫੁੱਟ ਦੀਆਂ ਤਿੰਨ ਛਪਰੀਆਂ ਹੋਰ ਬਣਾ ਦਿੱਤੀਆਂ ਅਤੇ ਦਸ ਫੁੱਟ ਮੁਰੱਬਾ ਛੱਪਰੀਆਂ ਕੁਛ ਕੁ ਇਕਾਂਤ ਅਸਥਾਨ ਵਿੱਚ ਭਜਨ ਸਿਮਰਨ ਕਰਨ ਵਾਲੇ ਮੋਨੀਆਂ ਵਾਸਤੇ ਬਣਾਈਆਂ, ਜਿਨ੍ਹਾਂ ਵਿੱਚੋਂ ਭੋਰਾ ਬਣਨ ਤੋਂ ਪਹਿਲਾਂ ਦੇ ਸਮੇਂ ਇੱਕ ਵਿੱਚ ਸ੍ਰੀ ਹਜ਼ੂਰ ਵੱਡੇ ਸੰਤ ਜੀ ਮਹਾਰਾਜ ਨੇ ਆਪਣੀ ਰਿਹਾਇਸ਼ ਰੱਖੀ ਸੀ। ਬਾਕੀ ਦੀਆਂ ਇਕੱਲੇ ਇਕੱਲੇ ਸਿੰਘਾਂ ਨੂੰ ਦੇ ਦਿੱਤੀਆਂ।

ਛੋਟੇ ਸੰਤ ਜੀ ਮਹਾਰਾਜ ਦੀ ਰਿਹਾਇਸ਼

ਇਸੇ ਤਰ੍ਹਾਂ ਨਹਿਰ ਵਾਲੇ ਪਾਸੇ ਛੋਟੇ ਸੰਤ ਜੀ ਮਹਾਰਾਜ ਦੀ ਰਿਹਾਇਸ਼ ਵਾਸਤੇ ਪਹਿਲਾਂ ੧੦ ਫੁੱਟ ਚੌੜੇ ਤੇ ੧੪ ਫੁੱਟ ਲੰਮੇ ਦੋ ਕਮਰੇ ਪਾਏ। ਜਿਨ੍ਹਾਂ ਵਿੱਚੋਂ ਇੱਕ ਵਿੱਚ ਸੰਤ ਜੀ ਮਹਾਰਾਜ ਨੇ ਆਪਣੀ ਰਿਹਾਇਸ਼ ਰੱਖ ਲਈ। ਇੱਕ ਬਸਤਰਾਂ ਦੇ ਸਟੋਰ ਲਈ ਰੱਖਿਆ ਗਿਆ। ਨਾਲ ਹੀ ਇੱਕ ਤੀਜਾ ਹੋਰ ਕਮਰਾ ੧੦ ਫੁੱਟ ਮੁਰੱਬਾ ਬਣਾਇਆ, ਜਿਨ੍ਹਾਂ ਦੇ ਉੱਪਰ ੧੦-੧੦ ਫੁੱਟ ਮੁਰੱਬੇ ਦੇ ਦੋ ਚੁਬਾਰੇ ਪਾਏ।

ਉਸੇ ਪਾਸੇ ਨਾਲ ਹੀ ਸਿੰਘਾਂ ਦੀ ਰਿਹਾਇਸ਼ ਵਾਸਤੇ ੧੦ ਫੁੱਟ ਮਰੱਬਾ ੧੦ ਕਮਰਿਆਂ ਦੀ ਲਾਈਨ ਪਾਈ, ਜਿਨ੍ਹਾਂ ਦੀਆਂ ਗ਼ਰਮੀ ਦੀ ਰੁੱਤ ਵਿੱਚ ਠੰਢੀਆਂ ਰਹਿਣ ਵਾਸਤੇ ਅੰਦਰੋਂ ਕੰਧਾਂ ਕੱਚੀਆਂ ਤੇ ਬਾਹਰੋਂ ਪੱਕੀਆਂ ਸਨ। ਇਨ੍ਹਾਂ ਵਿੱਚੋਂ ਇੱਕ ਕਮਰੇ ਨੂੰ ਕਾਰਖਾਨਾ ਬਣਾ ਕੇ ਦਾਤੇ ਮਿਸਤਰੀ ਨੇ ਲੱਕੜੀ ਦਾ ਕੰਮ ਕਰਨ ਲਈ ਆਪਣੇ ਵਾਸਤੇ ਰੱਖ ਲਿਆ। ਇਹ ਗੁਰਮੁਖ ਪੱਕਾ ਹੀ ਏਥੇ ਰਹਿ ਕੇ ਅਸਥਾਨ ਦੀ ਨਿਰੋਲ ਸੇਵਾ ਕਰਦਾ ਸੀ। ਇੱਕ ਫੋਟੋ ਗਰਾਫਰ ਵਾਸਤੇ ਸੀ। ਜਿਉਂ ਜਿਉਂ ਰਚਨਾ ਵਧਦੀ ਗਈ ਤਿਉਂ ਤਿਉਂ ਸੰਗਤ ਦੀ ਵਧੇਰੇ ਆਵਾਜਾਈ ਹੁੰਦੀ ਗਈ।

ਸਫ਼ਾਈ

ਪਹਿਲਾਂ ਤਾਂ ਯਾਤਰੂ ਮੁਸਾਫ਼ਰ ਕੁੱਝ ਕੁ ਫਾਸਲਾ ਹੋਣ ਕਰ ਕੇ ਨਹਿਰ ਦੀ ਪਟੜੀ ਤੋਂ ਘੱਟ ਹੀ ਉੱਤਰਦੇ ਸਨ। ਹੁਣ ਤਾਂ ਐਨ ਕਿਨਾਰੇ ਉੱਪਰ ਡੇਰਾ ਆ ਗਿਆ ਜਿਸ ਕਰ ਕੇ ਹਰ ਇੱਕ ਰਾਹੀ ਦਰਸ਼ਨਾਂ ਨੂੰ ਆਉਂਦਾ ਤੇ ਪ੍ਰਸ਼ਾਦਾ ਪਾਣੀ ਛਕ ਕੇ ਜਾਂਦਾ। ਇਸ ਕਰ ਕੇ ਲੰਗਰ ਦਾ ਖ਼ਰਚਾ ਵੀ ਵੱਧ ਗਿਆ। ਅਸਥਾਨ ਅੰਦਰ ਨਹਿਰ ਦੀ ਪਟੜੀ ਤੋਂ ਐਨ ਵਿਚਕਾਰ ਗੇਟ ਰੱਖ ਕੇ ਉਸ ਨੂੰ ਫਾਟਕ ਲਾ ਕੇ ਲੰਗਰ ਨੂੰ ਸਿੱਧੀਆਂ ਸੜਕਾਂ ਬਣਾ ਦਿੱਤੀਆਂ ਜਿਸ ਦੇ ਉਦਾਲੇ ਦੋਹੀਂ ਪਾਸੀਂ ਅਲੀਅਲ ਲਾ ਦਿੱਤਾ। ਨਾਲ ਫੁੱਲਾਂ ਦੇ ਬੂਟੇ ਤੇ ਅੰਬਾਂ ਦੇ ਦਰੱਖਤ ਤੇ ਹੋਰ ਫ਼ਲਦਾਰ ਬ੍ਰਿਛ ਲਾਏ ਗਏ। ਫੁਲਵਾੜੀ ਦੀ ਮਹਿਕ ਤਾਂ ਬਦੋਬਦੀ ਰਾਹ ਜਾਂਦੇ ਮੁਸਾਫ਼ਰਾਂ ਦੇ ਮਨਾਂ ਨੂੰ ਖਿੱਚ ਲੈਂਦੀ। ਸਚਮੁੱਚ ਇਹ ਅਸਥਾਨ ਧਰਤੀ ਤੇ ਸਵਰਗ ਦਾ ਨਮੂਨਾ ਬਣ ਗਿਆ। ਇੱਥੋਂ ਵਰਗੀ ਅਸਥਾਨ ਦੀ ਸਫ਼ਾਈ, ਸਾਧੂ ਬਿਹੰਗਮਾਂ ਦੀ ਰਹਿਤ ਬਹਿਤ ਤੇ ਬਸਤਰਾਂ ਦੀ ਸਵੱਛਤਾ, ਲੰਗਰ ਦੀ ਸੁੱਚਤਾ, ਕਥਾ ਕੀਰਤਨ ਦਾ ਪ੍ਰਵਾਹ, ਅੰਮ੍ਰਿਤ ਵੇਲੇ ਦਾ ਜਾਗਣਾ ਤੇ ਸਮੇਂ ਦੀ ਪਾਬੰਧੀ ਹੋਰ ਕਿਧਰੇ ਨਹੀਂ ਦੇਖੀਦੀ। ਦੂਰੋਂ ਦੂਰੋਂ ਦਰਸ਼ਨ ਕਰਨ ਆਏ ਪ੍ਰੇਮੀ ਇਸ ਦੀ ਸੀਨਰੀ ਵੱਲ ਤੱਕ ਤੱਕ ਹੈਰਾਨ ਹੋਏ।

ਫੇਰ ੧੯੩੮ ਈ. ਵਿੱਚ ਨਹਿਰ ਵਲ ੧੦ ਫੁੱਟ ਮੁਰੱਬਾ ਤਿੰਨ ਕਮਰੇ ਬਣਾਏ ਗਏ, ਜਿਨ੍ਹਾਂ ਵਿੱਚੋਂ ਇੱਕ ਦੇ ਉੱਪਰ ਚੁਬਾਰਾ ਪਾ ਦਿੱਤਾ। ਸੰਗਤਾਂ ਦੀ ਬਹੁਤੀ ਆਵਾਜਾਈ ਕਾਰਣ ਵੱਡੇ ਸੰਤ ਜੀ ਮਹਾਰਾਜ ਨੂੰ ਛਪਰੀ ਵਿੱਚ ਆਰਾਮ ਕਰਨ ਦਾ ਸਮਾਂ ਘੱਟ ਮਿਲਦਾ। ਦਰਸ਼ਨ ਮੇਲਾ ਕਰਨ ਵਾਲੇ ਸ਼ਰਧਾਲੂਆਂ ਦੀ ਹਰ ਸਮੇਂ ਭੀੜ ਜੁੜੀ ਹੀ ਰਹਿੰਦੀ ਜਿਸ ਕਰ ਕੇ ਨਿਕਟਵਰਤੀ ਸੇਵਾਦਾਰਾਂ ਦੀ ਬੇਨਤੀ ਮੰਨ ਕੇ ਆਪ ਜੀ ਨੇ ਨਹਿਰ ਵੱਲ ਨਵੇਂ ਬਣੇ ਚੁਬਾਰੇ ਵਾਲੇ ਕਮਰੇ ਵਿੱਚ ਰਿਹਾਇਸ਼ ਰੱਖ ਲਈ ਅਤੇ ਸਮੇਂ ਅਨੁਸਾਰ ਸੰਗਤਾਂ ਨੂੰ ਦਰਸ਼ਨ ਬਖ਼ਸ਼ਣ ਲੱਗੇ।

ਸਾਰੇ ਅਸਥਾਨ ਦੇ ਚੌਫੇਰੇ ਪਹਿਲਾਂ ਪਹਿਲ ਪੱਕੀ ਵਾੜ ਕਰ ਕੇ ਦੋ ਜਾਂ ਤਿੰਨ ਫਾਟਕ ਰੱਖੇ ਗਏ ਜਿਨ੍ਹਾਂ ਨੂੰ ਕੁੰਡੇ ਜਿੰਦਰੇ ਲੱਗਦੇ ਸਨ। ਸ਼ਾਮ ਨੂੰ ਸੇਵਾਦਾਰ ਡਿਊਟੀ ਦੇਂਦੇ ਸਨ। ਦੋ ਵਜੇ ਸੰਗਤ ਨੂੰ ਜਗਾ ਕੇ ਆਪ ਆਰਾਮ ਕਰ ਲੈਂਦੇ। ਫੇਰ ਚੌਫੇਰੇ ਕੰਡਿਆਂ ਵਾਲੀ ਤਾਰ ਫੇਰੀ ਗਈ। ਉਪਰੰਤ ਪੱਕਾ ਕੋਟ ਚਿਣ ਦਿੱਤਾ।

ਵੱਡੇ ਸੰਤ ਜੀ ਮਹਾਰਾਜ ਦਾ ਭੋਰਾ

ਅਜੇ ਆਪ ਜੀ ਨੂੰ ਛੱਪਰੀ 'ਚੋਂ ਚੁਬਾਰੇ ਵਿੱਚ ਗਿਆਂ ਥੋੜ੍ਹਾਂ ਹੀ ਸਮਾਂ ਹੋਇਆ ਸੀ ਇਤਨੇ ਨੂੰ ਦਿੱਲੀ ਤੋਂ ਸ. ਮੋਹਨ ਸਿੰਘ ਕੋਕਾ ਕੋਲਾ ਵਾਲੇ ਦਰਸ਼ਨਾਂ ਨੂੰ ਆਏ। ਹਜ਼ੂਰ ਨੂੰ ਬਹੁਤੀ ਇਕਾਂਤ ਪਸੰਦ ਜਾਣ ਕੇ ਦਿਲੀ ਵਲਵਲੇ ਪ੍ਰਗਟ ਕੀਤੇ ਤੇ ਕਿਹਾ, "ਗ਼ਰੀਬ ਨਿਵਾਜ਼! ਜੇਕਰ ਆਪ ਜੀ ਹੁਕਮ ਕਰੋ ਤਾਂ ਮੈਂ ਹਜ਼ੂਰ ਦੀ ਰਿਹਾਇਸ਼ ਵਾਸਤੇ ਭੋਰੇ ਦੀ ਸੇਵਾ ਕਰਾਂ।"

ਆਪ ਨੇ ਨਿਕਟਵਰਤੀ ਪ੍ਰੇਮੀਆਂ ਦੇ ਜ਼ੋਰ ਦੇਣ ਅਤੇ ਇਸ ਦੀ ਸ਼ਰਧਾ ਤੱਕ ਕੇ ਪ੍ਰਵਾਨਗੀ ਦੇ ਦਿੱਤੀ। ਇਸ ਨੇ ਉਸੇ ਸਮੇਂ ਆਪਣੇ ਵਲੋਂ ਚੰਗੇ ਇੰਜੀਨੀਅਰ ਤੋਂ ਨਕਸ਼ਾ ਬਣਵਾ ਕੇ ਹਜ਼ੂਰ ਤੋਂ ਪਾਸ ਕਰਵਾਇਆ ਅਤੇ ਉਸਾਰੀ ਸ਼ੁਰੂ ਕਰਵਾ ਦਿੱਤੀ। ਇਹ ੧੨ ਫੁੱਟ ਮੁਰੱਬਾ ਤਿੰਨ ਮੰਜ਼ਲਾ ਭੋਰਾ ੧੯੩੯ ਈ. ਤੋਂ ਅਰੰਭ ਹੋ ਕੇ ੧੯੪੦ ਈ. ਵਿੱਚ ਸੰਪੂਰਨ ਹੋ ਗਿਆ, ਜਿਸ ਦੇ ਚੌਫੇਰੇ ਛੇ ਛੇ ਫੁੱਟ ਚੌੜਾ ਬਰਾਂਡਾ ਹੈ। ਵਿਚੇ ਹੀ ਨਲਕਾ, ਗ਼ੁਸਲਖਾਨਾ ਤੇ ਬਾਅਦ ਵਿੱਚ ਬਿਜਲੀ ਆਇਆਂ ਫ਼ਲੱਸ਼ ਸਿਸਟਮ ਤੇ ਏਅਰ ਕੰਡੀਸ਼ਨ ਵੀ ਲੱਗ ਗਿਆ। ਇਹ ਕੰਮ ਖਟੜੇ ਵਾਲੇ ਮਿਸਤਰੀਆਂ ਨੇ ਆਪਣੇ ਹੱਥੀਂ ਕੀਤਾ। ਤਿਆਰ ਹੋਣ ਉਪਰੰਤ ਸੰਤ ਜੀ ਮਹਾਰਾਜ ਨੇ ਆਪਣੀ ਰਿਹਾਇਸ਼ ਭੋਰੇ ਵਿੱਚ ਰੱਖ ਲਈ। ਉਦਾਲੇ ਕੰਡਿਆਂ ਵਾਲੀ ਤਾਰ ਫੇਰ ਕੇ ਚੌਫੇਰੇ ਵਾੜ ਕਰ ਕੇ ਜਿੰਦਰੇ ਕੁੰਡਿਆਂ ਵਾਲੇ ਪੱਕੇ ਫਾਟਕ ਲੱਗਾ ਦਿੰਦੇ ਤਾਂ ਕਿ ਸੇਵਾਦਾਰਾਂ ਦੀ ਆਗਯਾ ਲੈਣ ਤੋਂ ਬਿਨਾਂ ਹਰ ਕੋਈ ਅੰਦਰ ਨਾ ਜਾ ਸਕਦੇ। ਫੇਰ ਪੱਕਾ ਕੋਟ ਕਰ ਦਿੱਤਾ। ਵਿਚਕਾਰ ਟਹਿਲਣ ਵਾਸਤੇ ਪੱਕੀਆਂ ਸੜਕਾਂ, ਜਿਨ੍ਹਾਂ ਦੇ ਦੋਪਾਸੀ ਰੰਗਾਂ ਰੰਗ ਦੀ ਖੁਸ਼ਬੂ ਵਾਲੀ ਫੁਲਵਾੜੀ, ਵਾੜ ਦੇ ਨੇੜੇ ਰਾਤ ਰਾਣੀ, ਗ਼ੁਲਾਬ, ਕਿਉੜਾ ਤੇ ਹੋਰ ਭਾਂਤ ਭਾਂਤ ਦੇ ਖ਼ੁਸ਼ਬੂਦਾਰ ਫ਼ੁੱਲਾਂ ਨਾਲ ਜਿਸ ਨੂੰ ਸਜਾ ਦਿੱਤਾ। ਦੇਖਣ ਵਾਲੇ ਪ੍ਰੇਮੀ ਇਹ ਖ਼ਿਆਲ ਕਰਦੇ ਹਨ ਕਿ ਉੱਪਰਲੇ ਮੰਡਲਾਂ ਨੂੰ ਛੱਡ ਕੇ ਮਾਨੋ ਬੈਕੁੰਠ ਲੋਕ ਹੀ ਮਾਤ ਲੋਕ ਦੀ ਧਰਤੀ ਤੇ ਆ ਉਤਰਿਆ ਹੈ।

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥

(ਸੂਹੀ ਮਃ ੫- ੭੪੨)

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥ (ਸੂਹੀ ਮਃ ੫ - ੭੪੯)
ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ ਤਹ ਬੈਕੁੰਠੁ ਜਹ ਨਾਮੁ ਉਚਰਹਿ ॥

(ਰਾਮਕਲੀ ਮਃ ੫ - ੮੯੦)

ਕਹੁ ਕਬੀਰ ਇਹ ਕਹੀਐ ਕਾਹਿ ॥ ਸਾਧਸੰਗਤਿ ਬੈਕੁੰਠੈ ਆਹਿ ॥੪॥੧੦॥

(ਗਉੜੀ ਕਬੀਰ ਜੀ - ੩੨੫)

ਰਾਮ ਬੁਲਾਵਾ ਭੇਜਿਆ ਦੀਆ ਕਬੀਰੈ ਰੋਇ। ਜੋ ਸੁਖ ਸਾਧੂ ਸੰਗ ਮਹਿ ਸੋ ਬੈਕੁੰਠ ਨ ਹੋਇ।
ਤਥਾ: ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥੧॥ ਰਹਾਉ ॥ (ਸਾਰੰਗ ਮਃ ੫ - ੧੨੦੮)
ਤਥਾ: ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ ਗਾਏ ॥

(ਗਉੜੀ ਸੁਖਮਨੀ ਮਃ ੫ - ੨੯੦)

ਇਉਂ ਵਡਭਾਗੀ ਪ੍ਰੇਮੀਆਂ ਨੇ ਚੰਗੇ ਪਾਸੇ ਲਾ ਕੇ ਆਪਣੀ ਮਾਇਆ ਸਫ਼ਲੀ ਕੀਤੀ। ਭਾਈ ਗੁਰਦਾਸ ਜੀ ਗੁਰੂ ਕੇ ਸਿੱਖਾਂ ਪਾਸ ਆ ਕੇ ਸਫ਼ਲੀ ਤੇ ਪਵਿਤ੍ਰ ਹੋਣ ਵਾਲੀ ਮਾਇਆ ਨੂੰ ਮਨਮੁਖਾਂ ਪਾਸ ਜਾ ਕੇ ਪਾਪ ਵਿਹਾਜਣ ਤੇ ਡਾਇਣ ਬਣ ਜਾਣ ਵਾਲੀ ਦੱਸਦੇ ਹਨ:

ਜੈਸੇ ਕੁਲ ਵਧੂ ਅੰਗ ਕਰਤ ਸ਼ਿੰਗਾਰ ਖੋੜ, ਤੇਈ ਗਨਕਾ ਰਚਤ ਸਕਲ ਸ਼ਿੰਗਾਰ ਜੀ।
ਕੁਲ ਵਧੂ ਸੇਜਾ ਸਮੇ ਰਮਤ ਭਤਾਰ ਏਕ, ਵੇਸਵਾ ਅਨੇਕ ਸੇ ਕਰਤ ਵਿਭਚਾਰ ਜੀ।
ਕੁਲ ਵਧੂ ਸੰਗਮ ਸੁਯਸ ਨਿਰਦੋਖ ਮੋਖ, ਵੇਸਵਾ ਪਰਸਤ ਅਪਜਸ ਹ੍ਵੈ ਵਿਕਾਰ ਜੀ।
ਤੈਸੇ ਗੁਰਸਿੱਖਨ ਕੋ ਪਰਮ ਪਵਿਤ੍ਰ ਮਾਇਆ, ਸੋਈ ਦੁੱਖ ਦਾਇਕ ਹ੍ਵੈ ਦਹਤ ਸੰਸਾਰ ਜੀ।

ਅਰਥਾਤ ਬਿਬੇਕੀ ਪੁਰਸ਼ਾਂ ਨੂੰ ਮਾਇਆ ਆਪਣਾ ਸੁੰਦਰ ਮੁਖੜਾ ਦਿਖਾਉਂਦੀ ਹੈ ਭਾਵ ਕਾਰਾਂ ਵਿਹਾਰਾਂ ਵਿੱਚ ਸੁੱਖ ਦਿੰਦੀ ਹੋਈ ਆਪਣਾ ਭਲਾ ਚਾਹੁੰਦੀ ਹੈ।

ਆਰਫ਼ਾਂ ਰਾ ਦੌਲਤੇ ਖ਼ੁਸ਼ਰੂ ਨਮਾਸਤ। (ਭਾਈ ਨੰਦ ਲਾਲ ਜੀ)

ਅਰਥਾਤ ਨਾਮ ਦੀ ਰੰਗਣ ਵਿੱਚ ਰੰਗੇ ਹੋਏ ਅਜਿਹੇ ਗੁਰਸਿੱਖ ਸਤ ਸੰਤੋਖ ਦਯਾ ਦੀ ਅਵਸਥਾ ਵਿੱਚ ਰਹਿੰਦੇ ਹੋਏ ਸੰਸਾਰ ਦੀ ਸੇਵਾ ਕਰਦੇ ਹਨ। ਉਨ੍ਹਾਂ ਦਾ ਖਾਣਾ, ਪੀਣਾ ਹੱਸਣਾ ਤੇ ਸੁੱਖ ਮਾਨਣੇ ਸਭ ਸਫ਼ਲੇ ਹਨ ਅਤੇ ਓਹੋ ਹੀ ਮਾਇਆ ਗੁਰੂ ਪ੍ਰਮੇਸ਼ਰ ਤੋਂ ਬੇਮੁਖ ਆਦਮੀਆਂ ਦੀ ਮਤ ਮਾਰ ਦਿੰਦੀ ਹੈ:

ਮਾਇਆ ਕੋ ਦੋ ਦਾਉ ਹੈਂ, ਕਰੇ ਦੋਇ ਯੁਤ ਮਾਰ। ਆਵੈ ਤੋਂ ਬਉਰਾਇ ਨਰ, ਜਾਏ ਕਰੇ ਖੁਆਰ।
ਜਾਏ ਕਰੇ ਖੁਆਰ, ਮਰੇ ਨਰ ਝੂਰ ਝੂਰ ਕੇ। ਆਵੈ ਬਡੇ ਹੰਕਾਰ, ਤੁਰੇ ਨਰ ਘੂਰ ਘੂਰ ਕੇ।
ਬਿਨ ਵਿਚਾਰ ਦੁਖਕਾਰ, ਸਾਰ ਸੰਤਨ ਫੁਰਮਾਇਆ। ਮੂਰਖ ਕੋ ਦੁੱਖ ਦੇਤ, ਆਵਤੀ ਜਾਤੀ ਮਾਇਆ।

ਪ੍ਰੇਮੀ ਵਲੋਂ ਸ਼ਰਧਾ ਦੇ ਫੁੱਲ

ਰੜੇ ਵਿੱਚ ਬਹਿ ਕੇ ਰਾੜਾ ਸਾਹਿਬ ਕੀਤਾ, ਸੁੱਤੀ ਧਰਤ ਦੇ ਭਾਗ ਜਗਾ ਦਿੱਤੇ।
ਜਿਥੇ ਅੱਕ ਪਲਾਹ ਪਏ ਉਗਦੇ ਸਨ, ਉੱਥੇ ਅੰਬ ਅੰਗੂਰ ਉਗਾ ਦਿੱਤੇ।
ਰੱਕੜ ਜੰਗਲਾਂ ਨੂੰ ਭਾਗ ਲਾਉਣ ਖ਼ਾਤਰ, ਸੋਮੇ ਬਾਣੀ ਦੇ ਦਾਤਾ! ਵਗਾ ਦਿੱਤੇ।
ਭੁਲੇ ਭਟਕਿਆਂ ਨੂੰ ਰਸਤੇ ਪਉਣ ਆਇਆ, ਲੱਖਾਂ ਲੋਕਾਂ ਨੂੰ ਜਾਗ ਲਗਾ ਦਿੱਤੇ ॥੧॥
ਜਿਥੇ ਦਿਨੇ ਵੀ ਕੋਈ ਨਾ ਲੰਘਦਾ ਸੀ, ਓਥੇ ਰਾਤ ਨੂੰ ਬਿਜਲੀਆਂ ਜਗਦੀਆਂ ਨੇ।
ਅੱਜ ਓਥੇ ਮੁਸਾਫ਼ਰਾਂ ਭੁਖਿਆਂ ਨੂੰ, ਲੰਗਰ ਛਕਣ ਲਈ ਪੰਗਤਾ ਸਜਦੀਆ ਨੇ।
ਜਿਥੇ ਬਾਣੀ ਦੇ ਰਾਗ ਅਲਾਪਦੇ ਨੇ, ਵਾਜੇ ਟੱਲੀਆਂ ਢੋਲਕਾਂ ਵੱਜਦੀਆਂ ਨੇ।
ਸੁੰਨੇ ਕੱਲਰ ਨੂੰ ਰਾੜਾ ਸਾਹਿਬ ਕੀਤਾ, ਨਦੀਆਂ ਦੁੱਧ ਦੀਆਂ ਰੜੇ 'ਚ ਵਗਦੀਆਂ ਨੇ ॥੨॥
ਰਾੜਾ ਸਾਹਿਬ ਆਖਾਂ ਜਾਂ ਮੈਂ ਸਵਰਗ ਆਖਾਂ, ਬਣਿਆ ਦੂਸਰਾ ਅੱਜ ਕਸ਼ਮੀਰ ਰਾੜਾ।
ਮਾਣ ਮਿਲੇ ਨਿਮਾਣਿਆਂ ਆਜ਼ਜ਼ਾਂ ਨੂੰ, ਲੱਗੀ ਭੁਖਿਆਂ ਲਈ ਜਾਗੀਰ ਰਾੜਾ।
ਪੁੱਤਰ ਮਿਲਣ ਨਿਪੁੱਤਿਆਂ ਬੰਦਿਆਂ ਨੂੰ, ਬਦ ਕਿਸਮਤਾਂ ਲਈ ਤਕਦੀਰ ਰਾੜਾ।
ਥਾਉਂ ਮਿਲੇ ਨਿਥਾਵੇਂ ਨਿਓਟਿਆਂ ਨੂੰ, ਸਚਖੰਡ ਦੀ ਬਣੀ ਤਸਵੀਰ ਰਾੜਾ ॥੩॥
ਸੰਤ ਭਗਤ ਜੋਗੀ ਮਹਾਂਪੁਰਸ਼ ਹੈਂ ਤੂੰ, ਵਡੇ ਪੀਰਾਂ ਦਾ ਪੀਰ ਫ਼ਕੀਰ ਹੈਂ ਤੂੰ।
ਆਸਾ ਪੂਰਨ ਹਾਰਾ ਬਖ਼ਸ਼ਣਹਾਰ ਹੈਂ ਤੂੰ, ਮਾਨਸਿਕ ਰੋਗਾਂ ਦੀ ਬੜੀ ਅਕਸੀਰ ਹੈਂ ਤੂੰ।
ਕਲਜੁਗ ਵਿੱਚ ਪਾਪੀਆਂ ਨੂੰ ਤਾਰਨ ਲਈ, ਜਿਊਂਦੀ ਜਾਗਦੀ ਰੱਬੀ ਤਸਵੀਰ ਹੈ ਤੂੰ।
ਤੇਰੇ ਪਰਉਪਕਾਰ ਤੋਂ ਜਾਪਦਾ ਏ, ਨਾਨਕ ਗੁਰੂ ਦਾ ਸੱਚਾ ਵਜ਼ੀਰ ਹੈਂ ਤੂੰ ॥੪॥
ਦਾਤ ਅੰਮ੍ਰਿਤ ਦੀ ਬਖ਼ਸ਼ ਕੇ ਦੂਰ ਕੀਤਾ, ਮਾਣਸ ਜਨਮ ਦੀਆਂ ਲੱਖਾਂ ਖ਼ਰਾਬੀਆਂ ਨੂੰ।
ਜਿਹੜੇ ਮੌਤ ਨੂੰ ਜੱਫੀਆ ਪਾਉਣ ਲੱਗੇ, ਬਖ਼ਸ਼ੀ ਜ਼ਿੰਦਗੀ ਓਹਨਾਂ ਸ਼ਰਾਬੀਆਂ ਨੂੰ।
ਕੋਈ ਕਹੇ ਮੇਰਾ, ਕੋਈ ਕਹੇ ਤੇਰਾ, ਐਪਰ ਸਾਂਝਾ ਤੂੰ ਸਾਰੇ ਸੰਸਾਰ ਦਾ ਏਂ।
ਚੱਪਾ ਚੱਪਾ ਪੰਜਾਬ ਦਾ ਤਾਰ ਦਿਤਾ, ਦਿੱਲੀ, ਯੂ. ਪੀ. ਬਿਹਾਰ ਨੂੰ ਤਾਰਦਾ ਏਂ ॥੫॥
ਤੇਰੇ ਭਰੇ ਭੰਡਾਰਾਂ 'ਚੋਂ ਭਰੀ ਜਾਂਦੇ, ਰੱਜ ਰੱਜ ਕੇ ਝੋਲੀਆਂ ਭਰਨ ਵਾਲੇ।
ਤੇਰੀ ਬਾਣੀ ਦੇ ਭਰੇ ਸਮੁੰਦਰਾਂ 'ਚੋਂ, ਪਾਪੀ ਤਰੀ ਜਾਂਦੇ ਆ ਕੇ ਤਰਨ ਵਾਲੇ।
ਨਾਨਕ ਨਾਮ ਜਹਾਜ਼ ਵਿੱਚ ਚੜ੍ਹੀ ਜ਼ਾਂਦੇ, ਤੇਰੀ ਸ਼ਰਨ ਆ ਕੇ ਭਗਤੀ ਕਰਨ ਵਾਲੇ।
ਵਾਹਿਗੁਰੂ ਨਾਮ ਜਹਾਜ਼ ਨੇ ਚੱਲ ਜਾਣਾ, ਕਰਮਾਂ ਵਾਲੇ ਚੜ੍ਹ ਜਾਣਗੇ ਚੜ੍ਹਨ ਵਾਲੇ ॥੬॥
ਸੰਤ ਅਤੇ ਪ੍ਰਮੇਸ਼ਰ ਵਿੱਚ ਭੇਦ ਕੋਈ ਨਾ, ਬਾਣੀ ਸੁਖਮਨੀ ਸਾਹਿਬ ਦੀ ਬੋਲਦੀ ਏ।
ਮਹਿਮਾ ਸਾਧੂਆਂ ਦੀ ਜਿਹੜੇ ਜਾਣਦੇ ਨਾ, ਭਰਮ ਭਰਮੀਆਂ ਦੇ ਬਾਣੀ ਖੋਲ੍ਹਦੀ ਏ।
ਕਰਮਾਂ ਵਲਿਓ! ਲੁੱਟ ਲਓ ਲੁੱਟ ਪੈ ਗਈ, ਰਾਮ ਨਾਮ ਦੇ ਹੀਰਿਆਂ ਮੋਤੀਆਂ ਦੀ।
ਕਦੀ ਕਦੀ ਸਬੱਬਾਂ ਨਾਲ ਝਲਕ ਪੈਂਦੀ, ਮੁੜਕੇ ਦੈਣ ਰੂਪੀ ਇਨ੍ਹਾਂ ਜੋਤੀਆ ਦੀ ॥੭॥
ਰਾੜੇ ਸਾਹਿਬ ਅੰਦਰ ਜਿਹੜੀ ਜੋਤ ਜਗਦੀ, ਜੋਤ ਜਗੀ ਇਹ ਹੋਤੀ ਮਰਦਾਨ ਵਿੱਚੋਂ।
ਬੱਤੀ ਕਰਮ ਸਿੰਘ ਤੋਂ, ਤੇਲ ਅਤਰ ਸਿੰਘ ਤੋਂ, ਸ਼ਕਤੀ ਮਿਲੀ ਹੈ ਤਪ ਗਿਆਨ ਵਿੱਚੋਂ।
ਜੋਤੀ ਜੋਤ 'ਚੋਂ ਜੋਤ ਫਿਰ ਅਮਰ ਹੋ ਜਾਇ, ਨਿਗਾਹ ਮੇਹਰ ਦੀ ਦਾਤਾ ਜੀ! ਕਰੀ ਜਾਓ।
ਨਦੀਆਂ ਨੀਰ ਸੰਜੋਗਾਂ ਨਾਲ ਹੋਣ ਮੇਲੇ, ਰੱਜ ਰੱਜ ਕੇ ਝੋਲੀਆਂ ਭਰੀ ਜਾਓ ॥੮॥
ਭਾਗਾਂ ਵਾਲੀਏ ਸੰਗਤੇ ਭਾਗ ਭਰੀਏ! ਚਰਨ ਧੂੜ ਮਸਤਕ ਨਾਲ ਲਾਈ ਜਾ ਤੂੰ।
ਲਾ ਕੇ ਬਿਜਲੀਆਂ ਬਲਬ ਦੀਵਾਨ ਅੰਦਰ, ਜੋੜੇ ਸਾਫ਼ ਕਰ ਸੇਵਾ ਕਮਾਈ ਜਾ ਤੂੰ।
ਭਾਗਾਂ ਵਾਲਿਓ! ਭਾਗਾਂ ਨਾਲ ਭਾਗ ਜਾਗੇ, ਝੂਠੇ ਧੰਦਿਆਂ ਨੂੰ ਛੱਡ ਕੇ ਆਈ ਜਾਵੋ।
ਸਚਖੰਡ ਦੇ ਖੁੱਲ੍ਹੇ ਰਜਿਸਟਰਾਂ ਵਿੱਚ, ਭੱਜ ਭੱਜ ਕੇ ਹਾਜ਼ਰੀ ਲਾਈ ਜਾਵੋ ॥੯॥
ਵਾਹਿਗੁਰੂ ਨਾਮ ਜਹਾਜ਼ ਨਸ ਚੱਲ ਜਾਣਾ, ਨਾਮ ਆਪਣਾ ਹੁਣ ਲਿਖਵਾ ਦੇਵੋ।
ਸਚੇ ਪਾਤਿਸ਼ਾਹ ਬਣੇ ਮਲਾਹ ਬੈਠੇ, ਸੀਟਾਂ ਝੱਟ ਹੀ ਬੁਕ ਕਰਵਾ ਲੇਵੋ।
ਨਾ ਮੈਂ ਕਵੀ ਨਾ ਕਵਿਤਾ ਦੀ ਜਾਚ ਮੈਨੂੰ, ਫ਼ੁੱਲ ਸ਼ਰਧਾਂ ਦੇ ਭੇਟ ਚੜ੍ਹਾ ਦਿੱਤੇ।

ਸਚੇ ਸੰਤਾਂ ਤੇ ਸੰਗਤ ਨੇ ਮੁਆਫ਼ ਕਰਨਾ, ਟੁੱਟੇ ਫੁਟੇ ਵਿਚਾਰ ਸੁਣਾ ਦਿੱਤੇ ॥੧੦॥

ਸੁੱਚਾ ਸਿੰਘ ਹਾਪੜ (ਯੂ:ਪੀ:)

ਰੋਜ਼ ਦਾ ਪ੍ਰੋਗਰਾਮ

ਅਸਥਾਨ ਤੇ ਪੱਕੇ ਰਹਿਣ ਵਾਲੇ ਪ੍ਰੇਮੀ ਨੂੰ (ਚਾਹੇ ਉਹ ਦਿਨੇ ਕਿਸੇ ਵੀ ਡਿਊਟੀ ਨੂੰ ਕਰਦਾ ਹੈ) ਰਾਤ ਦੇ ਦੋ ਵਜੇ ਲਾਜ਼ਮੀ ਜਗਾਇਆ ਜਾਂਦਾ। ਇਸ਼ਨਾਨ ਕਰਨ ਉਪਰੰਤ ਫੇਰ ਆਪਣੇ ਕਮਰਿਆਂ ਅੰਦਰ ਵੜ ਕੇ ਬੈਠਣ ਨਹੀਂ ਦਿੱਤਾ ਜਾਂਦਾ। ਹੁਨਾਲ, ਸਿਆਲ, ਝੱਖੜ, ਬਾਰਸ਼ ਵਿੱਚ ਸਭਨਾਂ ਨੂੰ ਗੁਰਦੁਆਰੇ ਦੀ ਗਰਾਉਂਡ ਵਿੱਚ ਆਉਣਾ ਪੈਂਦਾ। ਫੇਰ ਸਮੇਂ ਦੀ ਇਤਨੀ ਸਖ਼ਤ ਪਾਬੰਧੀ ਸੀ, ਇਹ ਖੁੱਲ੍ਹ ਨਹੀਂ ਸੀ ਦਿੱਤੀ ਜਾਂਦੀ ਕਿ ਦੋ ਵਜੇ ਦਾ ਜਾਗਿਆ ਪੰਜ ਵਜੇ ਤੱਕ ਕਮਰੇ ਅੰਦਰ ਹੀ ਫਿਰਦਾ ਰਹੇ। ਉਸ ਨੂੰ ਸਰੀਰਕ ਕ੍ਰਿਆ ਵਾਸਤੇ ਕੇਵਲ ੪੫ ਮਿੰਟ ਮਿਲਦੇ। ਸਹੀ ਪੌਣੇ ਤਿੰਨ ਵਜੇ ਹਰ ਇੱਕ ਸੱਜਣ ਦੀ ਬਕਾਇਦਾ ਹਾਜ਼ਰੀ ਲਈ ਜਾਂਦੀ। ਉਸ ਤੋਂ ਬਾਅਦ ਆਉਣ ਵਾਲੇ ਨੂੰ ਗ਼ੈਰਹਾਜ਼ਰ ਸਮਝਿਆ ਜਾਂਦਾ। ਕੋਈ ਖ਼ਾਸ ਸੇਵਾ ਜਾਂ ਸਰੀਰਕ ਬੀਮਾਰੀ ਵਾਲੇ ਨੂੰ ਪਹਿਲਾਂ ਸ਼ਾਮੀਂ ਹਾਜ਼ਰੀ ਲਾਉਣ ਵਾਲੇ ਸੱਜਣ ਨੂੰ ਇਤਲਾਹ ਦੇਣੀ ਪੈਂਦੀ। ਹਫ਼ਤੇ ਜਾਂ ਪੰਦਰੀਂ ਦਿਨੀਂ ਸਾਰਿਆਂ ਨੂੰ ਪਾਸ ਬੁਲਾ ਕੇ ਸਿੰਘਾਂ ਦੀ ਹਾਜ਼ਰੀ ਵਾਲਾ ਰਜਿਸਟਰ ਸੰਤ ਜੀ ਮਹਾਰਾਜ ਆਪ ਦੇਖਿਆ ਕਰਦੇ। ਕਾਰਣ ਤੋਂ ਬਗ਼ੈਰ ਆਲਸੀ ਗ਼ੈਰਹਾਜ਼ਰ ਨੂੰ ਬਚਨਾਂ ਦੁਆਰਾ ਤਾੜਨਾ ਕਰਦੇ।

ਰੋਜ਼ ਦੇ ਨੀਅਤ ਕੀਤੇ ਥਾਂ ਆਪੋ ਆਪਣੇ ਆਸਨ ਵਿਛਾ ਕੇ ਪੌਣੇ ਤਿੰਨ ਤੋਂ ਪੰਜ ਵਜੇ ਤੱਕ ਇੱਕੋ ਚੌਂਕੜੇ ਗੁਰੂ ਸਰੂਪ ਦੇ ਧਿਆਨ ਦੁਆਰਾ ਸ਼ਬਦ ਸੁਰਤ ਦਾ ਮਿਲਾਪ ਕਰ ਕੇ ਆਪੋ ਆਪਣੀ ਅਵਸਥਾ ਅਨੁਸਾਰ ਮੂਲਮੰਤ੍ਰ ਜਾਂ ਗੁਰਮੰਤ੍ਰ ਦਾ ਜਾਪ ਕਰਨਾ, ਅਥਵਾ ਹਜ਼ੂਰ ਦੇ ਦਸੇ ਤਰੀਕੇ ਮੁਤਾਬਿਕ ਗੁਰਬਾਣੀ ਦੇ ਪਾਠ ਜਾਂ ਉੱਪਰਲੀਆਂ ਮੰਜ਼ਲਾਂ ਦੇ ਜਾਣੂ ਸੱਜਣ ਆਉਂਦੇ ਜਾਂਦੇ ਸ੍ਵਾਸਾਂ ਨਾਲ ਵਾਹਿਗੁਰੂ ਸ਼ਬਦ ਦਾ ਸਿਮਰਨ ਜਾਂ ਇਸ ਤੋਂ ਅੱਗੇ ਸੁਰਤੀ ਨਾਲ ਜਾਪ, ਕਈ ਤ੍ਰਿਕੁਟੀ ਨੂੰ ਭੇਦ ਕੇ ਇਸ ਤੋਂ ਅੱਗੇ ਜਾਣ ਵਾਲੇ ਮਹਾਂਪੁਰਸ਼ ਇੱਕ ਆਤਮਕ ਅਨੰਦ ਵਿੱਚ ਸਮੇਂ ਨੂੰ ਸਫਲਿਆਂ ਕਰਦੇ। ਪੰਜ ਵਜੇ ਆਸਾ ਦੀ ਵਾਰ ਦਾ ਅਖੰਡ ਕੀਰਤਨ ਆਰੰਭ ਹੋ ਜਾਦਾ ਫੇਰ ਸਾਰੇ ਸੱਜਣ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਦੇ।

ਅੱਠ ਜਾਂ ਬਾਰਾਂ ਸਲੋਕਾਂ ਦੇ ਕੀਰਤਨ ਬਾਅਦ ਗੁਰਸ਼ਬਦ ਦੀ ਕਥਾ ਉਪਰੰਤ ਦੀਵਾਨ ਸਮਾਪਤੀ ਦੀ ਅਰਦਾਸ ਤੇ ਲੰਗਰ ਦੀ ਘੰਟੀ ਵੱਜਦੀ। ਲੋੜ ਅਨੁਸਰ ਚਾਹ ਪ੍ਰਸ਼ਾਦੇ ਤੇ ਲੱਸੀ ਛਕ ਕੇ ਆਪੋ ਆਪਣੀ ਸੇਵਾ ਸੰਭਾਲ, ਗੁਰਬਾਣੀ ਦਾ ਨਿਤਨੇਮ, ਪਾਠ ਦੀ ਸੰਥਾ ਜਾਂ ਕੋਈ ਹੋਰ ਸਰੀਰਕ ਕ੍ਰਿਆ ਕਰਦੇ। ਦੁਪਹਿਰ ਨੂੰ ਲੰਗਰ ਦੀ ਘੰਟੀ ਸਮੇਂ ਪੰਗਤ ਵਿੱਚ ਪ੍ਰਸ਼ਾਦ ਛਕਣਾ, ਬਾਅਦ ਵਿੱਚ ਦੋ ਘੰਟੇ ਆਰਾਮ, ਸ਼ਾਮ ਨੂੰ ਫੇਰ ਤਿੰਨ ਵਜੇ ਮੌਸਮ ਅਨੁਸਾਰ ਸ਼ਰਦਾਈ ਜਾਂ ਚਾਹ ਦੀ ਘੰਟੀ ਵੱਜਣੀ। ਜਲ ਪਾਣੀ ਛਕ ਕੇ ਫੇਰ ਆਪਣਾ ਨਿੱਤਨੇਮ ਨਹਿਰ ਦੇ ਕੰਢੇ ਸੈਰ ਜਾਂ ਕੋਈ ਹੋਰ ਸੇਵਾ ਡਿਊਟੀ ਅਥਵਾ ਕਿਸੇ ਗ੍ਰੰਥ ਪੋਥੀ ਦਾ ਵਿਚਾਰ। ਸ਼ਾਮ ਨੂੰ ਲੰਗਰ ਦੀ ਘੰਟੀ ਸਮੇਂ ਪ੍ਰਸ਼ਾਦ ਛਕ ਕੇ ਫੇਰ ਦੀਵਾਨ ਵਿੱਚ ਹਾਜ਼ਰੀ ਭਰਨੀ। ਪਹਿਲਾਂ ਰਹਿਰਾਸ ਦਾ ਪਾਠ ਫੇਰ ਅਖੰਡ ਕੀਰਤਨ ਉਪਰੰਤ ਗੁਰ ਇਤਿਹਾਸ ਦੀ ਕਥਾ (ਜੋ ਹਮੇਸ਼ਾ ਗਿ. ਬਲਬੀਰ ਸਿੰਘ ਜੀ ਹੀ ਕਰਦੇ ਜਾਂ ਕੋਈ ਹੋਰ ਬਾਹਰੋਂ ਆਇਆ ਸੱਜਣ ਕਰ ਲੈਂਦਾ) ਜਿਵੇਂ ਕੁੱਝ ਕੁ ਸਮਾਂ ਗਿ. ਹਰਭਜਨ ਸਿੰਘ, ਰਣਜੀਤ ਸਿੰਘ ਨਾਦੀ, ਗਿ. ਉਜਾਗਰ ਸਿੰਘ, ਗਿ. ਬਲਵੰਤ ਸਿੰਘ, ਭਾਈ ਸ਼ੇਰ ਸਿੰਘ ਤੇ ਗਿ. ਕਰਮ ਸਿੰਘ ਜੀ ਭੀ ਕਰਦੇ ਰਹੇ। ਅੱਜ ਕਲ੍ਹ ਇਹ ਸੇਵਾ ਲੇਖਕ ਨੂੰ ਬਖ਼ਸ਼ੀ ਹੈ।) ਕੀਰਤਨ ਸੋਹਿਲੇ ਦਾ ਪਾਠ ਸਮਾਪਤੀ ਦੀ ਅਰਦਾਸ ਅਤੇ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ। ਗ਼ਰਮੀ ਸਰਦੀ ਮੌਸਮ ਅਨੁਸਾਰ ੯ ਜਾਂ ੧੦ ਵਜੇ ਪੂਰੀ ਸਮਾਪਤੀ ਹੋ ਜਾਂਦੀ। ਫੇਰ ਉਸੇ ਜਗ੍ਹਾ ਗਰਾਉਂਡ ਵਿੱਚ ੧੧ ਵਜੇ ਤੱਕ ਗੁਰਸ਼ਬਦ ਦਾ ਅਭਿਆਸ, ਇਹ ਰੋਜ਼ ਦਾ ਪ੍ਰੋਗਰਾਮ ਸੀ ਜੋ ਘੜੀ ਦੀ ਸੂਈ ਵਾਂਗ ਬਿਨਾ ਕਿਸੇ ਸੰਕਲਪ ਕੀਤੇ ਤੇ ਆਪਣੇ ਆਪਣ ਹੀ ਚੱਲ ਰਿਹਾ ਸੀ। ਅਸਥਾਨ ਵਾਸੀ ਸੱਜਣ ਨੂੰ ਰਾਤ ਦੇ ਸਮੇਂ ਤਿੰਨ ਘੰਟੇ ਅਤੇ ਦਿਨ ਦੇ ਸਮੇਂ ਦੋ ਘੰਟੇ ਆਰਾਮ ਕਰਨ ਦੀ ਆਗਿਆ ਹੁੰਦੀ ਸੀ। ਅੱਠਾਂ ਪਹਿਰਾਂ ਵਿੱਚ ੧੯ ਘੰਟੇ ਜਾਗਦੇ ਅਤੇ ਕੇਵਲ ੫ ਘੰਟੇ ਹੀ ਆਰਾਮ ਕਰਦੇ। ਆਪ ਦੋਵੇਂ ਸੰਤ ਜੀ ਮਹਾਰਾਜ ਵੀ ਦੋਵੇਂ ਸਮੇਂ ਤਾਰਕਾ ਮੰਡਲ ਵਿੱਚ ਪੂਰਨਮਾਸ਼ੀ ਦੇ ਚੰਦ੍ਰਮਾ ਸਮਾਨ ਸਿੰਘਾਂ ਦੇ ਵਿਚਕਾਰ ਸਜ ਕੇ ਦਰਸ਼ਨ ਬਖ਼ਸ਼ਦੇ ਸਨ।

ਨਿਰੰਤਰ ਅਭਿਆਸ ਕਰਨ ਵਾਲੇ ਮੋਨੀ

ਪਿਛੇ ਦਸ ਆਏ ਹਾਂ ਕਿ ਇਸ ਅਸਥਾਨ ਤੇ ਰਹਿਣ ਵਾਲੇ ਜਗਿਆਸੂ ਦਾ ਸਭ ਤੋਂ ਵੱਡਾ ਮੁੱਖ ਕੰਮ ਤਾਂ ਭਜਨ ਹੁੰਦਾ ਤੇ ਹੋਰ ਸੇਵਾ ਡਿਊਟੀ, ਜਾਂ ਸਰੀਰਕ ਸਫ਼ਾਈ ਦੂਸਰਾ ਕੰਮ ਹੁੰਦਾ ਸੀ। ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਇਸ ਮਨੁੱਖਾ ਜਨਮ ਨੂੰ ਧਾਰ ਕੇ ਜੀਵ ਦਾ ਸਭ ਤੋਂ ਵੱਡਾ ਤੇ ਮੁੱਖ ਕੰਮ ਏਹੋ ਹੀ ਹੈ ਜੋ ਕਿ ਪ੍ਰਮੇਸ਼ਰ ਦੀ ਬੰਦਗ਼ੀ ਕਰਨੀ ਹੈ।

ਇਸੁ ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ ਭਜਿ ਰਾਮ ਨਾਮ ॥ (ਬਸੰਤੁ ਭਗਤ ਕਬੀਰ ਜੀ - ੧੧੯੪)

ਅਥਵਾ ਗੁਰ ਚਰਨਾਂ ਦੇ ਭੌਰੇ ਗੁਰਸਿੱਖਾਂ ਨੇ ਇਸ ਪੰਗਤੀ ਨੂੰ ਵਧੇਰੇ ਨਿਸ਼ਚੇ ਕੀਤਾ ਸੀ:

ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥

(ਆਸਾ ਮਃ ੫ - ੧੨)

ਇਉਂ ਡਿਊਟੀਆਂ ਵਾਲੇ ਸੱਜਣਾਂ ਤੋਂ ਇਲਾਵਾ ਕੇਵਲ ਨਾਮ ਜਪਣ ਵਾਲੇ ਤੇ ਨਿਰੰਤਰ ਸਿਮਰਨ ਕਰਨ ਵਾਲੇ ਵੀ ਬੇਅੰਤ ਪ੍ਰੇਮੀ ਸਨ। ਜਿਵੇਂ ਪਹਿਲੀ ਢੱਕੀ ਵਿੱਚ ਸਿੰਘਾਂ ਨੇ ਮੋਨ ਰੱਖ ਕੇ ਭਜਨ ਕੀਤਾ ਸੀ। ਇਸੇ ਤਰ੍ਹਾਂ ਏਥੇ ਵੀ ਭਜਨਾਨੰਦੀ ਸਾਧੂਆਂ ਨੇ ਹਜ਼ੂਰ ਦੇ ਪਾਸੋਂ ਅਰਜ਼ ਕਰ ਕੇ ਮਨਜ਼ੂਰੀ ਲੈ ਲਈ। ਸ੍ਰੀ ਦਰਬਾਰ ਸਹਿਬ ਦੀ ਸੇਵਾ ਸਮਾਪਤੀ ਉਪਰੰਤ ਕੱਤਕ ਦੀ ਪੂਰਨਮਾਸ਼ੀ ਦਾ ਗੁਰਪੁਰਬ ਕਰ ਕੇ ਪਹਿਲਾਂ ਵਾਂਗ ਹੀ ਹੋਲੇ ਦੀ ਪੁੰਨਿਆ ਤੱਕ ਮੋਨ ਰੱਖ ਲਿਆ। ਇਨ੍ਹਾਂ ਦੇ ਨਾਮ ਵੀ ਵਰਣਨ ਯੋਗ ਹਨ।

ਵਰਿਆਮ ਸਿੰਘ 'ਮੰਨਮੀ'
ਬਚਨ ਸਿੰਘ 'ਜਗੇੜਾ'
ਮੇਵਾ ਸਿੰਘ 'ਕੁਬੇ'
ਕਪੂਰ ਸਿੰਘ 'ਦੁਬੁਰਜੀ'
ਮਲਕੀਤ ਸਿੰਘ 'ਧਾਂਦਰਾ'
ਮਹਿੰਦਰ ਸਿੰਘ 'ਰੁੜਕਾ' (ਪਟਵਾਰੀ)
ਗਿਆਨੀ ਬਲਬੀਰ ਸਿੰਘ 'ਭੁੱਟਾ'
ਸੰਤਾ ਸਿੰਘ (ਮਾਤੂ) 'ਖਟੜੇ'
ਮੁਕੰਦ ਸਿੰਘ 'ਘਲੋਟੀ'
ਲਿਵਤਾਰ ਸਿੰਘ (ਜ਼ਿਲ੍ਹਾ ਗੁਰਦਾਸਪੁਰ)
ਮਾਘਾ ਸਿੰਘ ਵੀਰ 'ਧਭਲਾਨ'
ਦਲੀਪ ਸਿੰਘ 'ਮੋਮਨਾਬਾਦ'
ਮਹਿੰਦਰ ਸਿੰਘ 'ਦੁਬੁਰਜੀ'
ਮਹਾਂ ਸਿੰਘ 'ਚਰਨਾਰਥਲ'
ਨਰਿੰਜਨ ਸਿੰਘ 'ਡਲੇਵਾਲ' (ਦੁਆਬਾ)
ਭਾਗ ਸਿੰਘ 'ਕਰਤਾਰਪੁਰ'
ਗੁਰਬਚਨ ਸਿੰਘ (ਭਾਈ ਜੀ) 'ਜਹਾਂਗੀਰ'
ਗੁੱਜਰ ਸਿੰਘ (ਬਾਈ ਜੀ) 'ਜੜਤੌਲੀ'
ਭਾਨ ਸਿੰਘ (ਭਾਊ) ਮਾਝਾ

ਭਾਵੇਂ ਹੋਰ ਕਈ ਪ੍ਰੇਮੀ ਬਦਲ ਬਦਲ ਕੇ ਸ਼ਾਮਲ ਹੋ ਜਾਂਦੇ, ਪਰ ਪੱਕੇ ਏਹੋ ਹੀ ਸਨ। ਇਤਿਆਦਿਕ ਸਿੰਘਾਂ ਨੇ ਮੋਨ ਰੱਖ ਕੇ ਕਠਨ ਤਪੱਸਿਆ ਕੀਤੀ, ਜਿਨ੍ਹਾਂ ਦੀ ਖ਼ੁਸ਼ਬੂ ਚੰਦਨ ਦੀ ਮਹਿਕ ਵਾਂਗ ਸਾਰੇ ਫੈਲ ਗਈ। ਇਹ ਤਪੱਸਿਆ ਦਾ ਸਿਲਸਿਲਾ ਅਫਰੀਕਾ ਜਾਣ ਤੱਕ ਜਾਰੀ ਰਿਹਾ ਜੋ ਕਿ ਹਰ ਇੱਕ ਸਾਲ ਕੱਤਕ ਦੀ ਪੂਰਨਮਾਸ਼ੀ ਤੋਂ ਫੱਗਣ ਦੇ ਹੋਲੇ ਤੱਕ ਕਰਦੇ। ਫੇਰ ਇਨ੍ਹਾਂ ਹੀ ਗੁਰਮੁਖਾਂ ਨੂੰ ਪਿੰਡਾਂ ਦੇ ਦੌਰੇ ਸਮੇਂ ਸੰਤ ਜੀ ਮਹਾਰਾਜ ਆਪਣੇ ਨਾਲ ਰੱਖਦੇ।

ਸੇਵਾ ਨੂੰ ਮੇਵਾ

ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥

(ਗਉੜੀ ਸੁਖਮਨੀ ਮਃ ੫ - ੨੬੬)

ਦੇ ਮਹਾਂਵਾਕ ਅਨੁਸਾਰ ਹਲਟ ਦੀ ਸੇਵਾ ਕਰਨ ਵਾਲੇ ਮਿਸਤ੍ਰੀਆਂ ਨੂੰ ਦਰਸ਼ਨ ਕਰ ਕੇ ਕੁੱਝ ਐਸਾ ਅਨੰਦ ਆਇਆ ਕਿ ਫੇਰ ਤਾਂ ਇਨ੍ਹਾਂ ਨੇ ਰੋਜ਼ ਦੇ ਆਉਣ ਦਾ ਹੀ ਨਿਯਮ ਬਣਾ ਲਿਆ। ਪਿੰਡ ਦੀਆਂ ਮਾਈਆਂ ਨਾਲ ਇਨ੍ਹਾਂ ਦੇ ਘਰ ਵਾਲੀਆਂ ਵੀ ਆ ਕੇ ਸੇਵਾ ਕਰ ਜਾਇਆ ਕਰਦੀਆਂ। ਜਿਉਂ ਜਿਉਂ ਸੇਵਾ ਵਿੱਚ ਮਨ ਰੰਗੀਜਦਾ ਗਿਆ, ਤਿਉਂ ਤਿਉਂ ਅੰਦਰ ਵਧੇਰੇ ਸ਼ਰਧਾ ਵਧਦੀ ਗਈ। ਜਿਉਂ ਜਿਉਂ ਸ਼ਰਧਾ ਵਧਦੀ ਗਈ, ਤਿਉਂ ਤਿਉਂ ਪਾਪ ਕਟੀਂਦੇ ਗਏ ਅਤੇ ਮਨ ਉੱਜਲਾ ਹੁੰਦਾ ਗਿਆ।

ਹਰੀ ਸਿੰਘ ਦੇ ਘਰੋਂ ਬਚਨ ਕੌਰ ਤੇ ਘਨੱਈਆ ਸਿੰਘ ਦੇ ਘਰੋਂ ਉੱਤਮ ਕੌਰ ਦੋਵੇਂ ਸਕੀਆਂ ਭੈਣਾਂ ਸਨ। ਇੱਕ ਦਿਨ ਉੱਤਮ ਕੌਰ ਨੇ ਬਚਨ ਕੌਰ ਬਾਬਤ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਕ੍ਰਿਪਾ ਕਰੋ ਇਨ੍ਹਾਂ ਦੇ ਘਰ ਵਿੱਚ ਕੋਈ ਲੜਕਾ ਨਹੀਂ। ਦੂਸਰੇ ਭਰਾ ਦੇ ਬੱਚੇ ਖੇਡਦੇ ਦੇਖ ਕੇ ਕਈ ਵਾਰੀ ਮਨ ਵਿੱਚ ਖ਼ਿਆਲ ਤਾਂ ਆ ਜਾਂਦਾ ਹੈ, ਪਰ ਸੰਕੋਚ ਕਰ ਕੇ ਆਪ ਕਹਿ ਨਹੀਂ ਸਕਦੀ। ਇਸ ਦੇ ਵੇਹੜੇ ਨੂੰ ਵੀ ਰੰਗ ਭਾਗ ਲਾਓ।" ਇਸ ਦੀ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਮੁਸਕਰਾ ਪਏ ਤੇ ਕਿਹਾ, "ਗੁਰੂ ਘਰ ਦੀ ਸੇਵਾ ਕਰਨ ਵਾਲਿਆਂ ਨੂੰ ਕਿਸ ਚੀਜ਼ ਦਾ ਘਾਟਾ ਹੈ? ਗੁਰੂ ਭਲੀ ਕਰੇਗਾ।" ਇਉਂ ਹਜ਼ੂਰ ਦੇ ਬਚਨਾ ਦੁਆਰਾ ਸ. ਹਰੀ ਸਿੰਘ ਦੇ ਘਰ ੧੯੩੮ ਈ. ਨੂੰ ਬੱਚੇ ਦਾ ਜਨਮ ਹੋਇਆ ਇਸ ਦਾ ਨਾਮ ਸੰਤ ਜੀ ਮਹਾਰਾਜ ਨੇ ਸ. ਕਰਮ ਸਿੰਘ ਰੱਖਿਆ। ਫੇਰ ਦੂਸਰਾ ਲੜਕਾ ਸ. ਧਰਮ ਸਿੰਘ ਹੋਇਆ, ਤੀਸਰੇ ਦਾ ਨਾਮ ਸ. ਜੀਤ ਸਿੰਘ ਹੈ। ਇਸੇ ਤਰ੍ਹਾਂ ਸ. ਘਨਈਆ ਸਿੰਘ ਦੇ ਵੀ ਚਾਰ ਲੜਕੇ ਹਨ। ਸ. ਦਲੀਪ ਸਿੰਘ, ਸ. ਸੁੱਚਾ ਸਿੰਘ, ਸ.

ਮਲਕੀਤ ਸਿੰਘ ਤੇ ਸ. ਗੁਰਦੇਵ ਸਿੰਘ। ਇਹ ਹੁਣ ਅੱਗੇ ਪੁੱਤਰਾਂ ਪੋਤਰਿਆਂ ਤੇ ਦੋਹਤਰਿਆਂ ਵਾਲੇ ਹਨ। ਅਤੇ ਦਾਤੇ ਨੇ ਮਾਇਆ ਦੇਣ ਵਾਸਤੇ ਵੀ ਸਾਰੇ ਬੂਹੇ ਖੋਲ੍ਹ ਦਿੱਤੇ ਹਨ ਤੇ ਕਿਹਾ ਕਿ ਗਿਣਤੀ ਮਿਣਤੀ ਕੀਤੇ ਬਿਨਾਂ ਆਪੇ ਹੀ ਚੁੱਕੀ ਜਾਓ। ਹਾਪੜ ਸ਼ਹਿਰ ਮੇਰਠ ਰੋਡ ਤੇ ਇਨ੍ਹਾਂ ਦੀ ਸਰਦਾਰ ਇੰਡਸਟਰੀ (ਕਾਰਖਾਨਾ) ਹੈ ਜਿਸ ਵਿੱਚ ਕਪੜੇ ਦੀ ਸਿਲਾਈ ਵਾਲੀਆਂ 'ਸਹਾਰਾ' ਮਸ਼ੀਨਾਂ ਬਣਦੀਆਂ ਹਨ ਅਤੇ ਇਸ ਮਸ਼ੀਨ ਦੀ ਮੰਗ ਵੀ ਇਤਨੀ ਹੈ ਕਿ ਰੋਜ਼ ਦਾ ੭੦੦ ਮਜ਼ਦੂਰ ਕੰਮ ਕਰਦਾ ਹੈ ਫੇਰ ਵੀ ਮਾਲ ਪੂਰਾ ਨਹੀਂ ਹੋ ਸਕਦਾ। ਕਈ ਸਾਲਾਂ ਤੋਂ ਸੰਤ ਜੀ ਮਹਾਰਾਜ ਦੇ ਜਥੇ ਸਮੇਤ ਚਰਨ ਪਵਾਉਂਦੇ ਹਨ। ਸਿੰਘਾਂ ਦੀ ਰਿਹਾਇਸ਼ ਵਾਸਤੇ ਕਮਰੇ ਅਤੇ ਗ਼ਰੀਬ ਨਿਵਾਜ਼ ਲਈ ਭੋਰਾ ਬਣਾਇਆ ਹੈ। ਇਨ੍ਹਾਂ ਦੀ ਸ਼ਰਧਾ ਤੱਕ ਕੇ ਹਜ਼ੂਰ ਹਰ ਇੱਕ ਸਾਲ ਦੋ ਮਹੀਨੇ ਸਤੰਬਰ ਤੇ ਅਕਤੂਬਰ ਇਨ੍ਹਾਂ ਨੂੰ ਬਖ਼ਸ਼ ਦੇਂਦੇ ਹਨ। ਇਤਨਾ ਵੱਡਾ ਕੰਮ ਹੋਣ ਦੇ ਬਾਵਜੂਦ ਵੀ ਸਾਰਿਆਂ ਦਾ ਪੂਰਨ ਇਤਫਾਕ ਤੇ ਇਕੱਠਾ ਕੰਮ ਹੈ। ਇਸੇ ਤਰ੍ਹਾਂ ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ ਜਿਨ੍ਹਾਂ ਦੇ ਘਰੀ ਮਜਾਰੇ ਪਿੰਡ ਵਿੱਚ ਭੀ ਹਜ਼ੂਰ ਨੇ ਚਰਨ ਪਾਏ, ਦੀਵਾਨ ਕੀਤੇ, ਪਾਠ ਕਰੇ; ਉਹ ਭੀ ਤਿੰਨੇ ਭਰਾ ਮਿਸਤ੍ਰੀ ਹਾਪੜ ਰਹਿੰਦੇ ਹਨ।

ਸ. ਰੌਣਕ ਸਿੰਘ ਤੇ ਸ. ਜੈ ਸਿੰਘ ਦਾ ਪ੍ਰਵਾਰ ਵੀ ਯੂ. ਪੀ. ਵਿੱਚ ਦੌਰਾਲੇ ਰਹਿੰਦਾ ਹੈ। ਜਿਨ੍ਹਾਂ ਦੇ ਪ੍ਰੇਮ ਵਸੀਕਾਰ ਹੋਏ ਮਹਾਂਪੁਰਸ਼ਾਂ ਨੇ ਕਈ ਵਾਰ ਜਥੇ ਸਮੇਤ ਚਰਨ ਪਾਏ। ਜਿਨ੍ਹਾਂ ਨੇ ਹੁਣ ਆਪਣੇ ਮਕਾਨ ਬਣਾ ਲਏ ਹਨ ਤੇ ਮੱਕੀ ਦੀਆਂ ਛੱਲੀਆਂ 'ਚੋਂ ਦਾਣੇ ਕੱਢਣ ਵਾਲੀਆਂ ਮਸ਼ੀਨਾਂ ਤਿਆਰ ਕਰਦੇ ਹਨ, ਜਿਨ੍ਹਾਂ ਦੀ ਬਹੁਤ ਸਾਰੀ ਮੰਗ ਹੈ। ਇਹ ਸਾਰੀ ਹਜ਼ੂਰ ਦੇ ਦਰਸ਼ਨਾਂ ਤੇ ਸੰਗਤ ਦੀ ਸੇਵਾ ਦੀ ਕਿਰਪਾ ਹੈ। ਸਿੱਖ ਦੀ ਸ਼ਰਧਾ ਨੂੰ ਫ਼ਲ ਲੱਗਦਾ ਹੈ ਕਿਉਂਕਿ ਗਿਆਨ ਫ਼ਲ ਨੂੰ ਪੈਦਾ ਕਰਨ ਵਾਲੀ ਸ਼ਰਧਾ ਹੀ ਮੁੱਢ ਰੂਪ ਹੈ।

ਯਥਾ: ਸ਼ਰਧਾ ਸਭ ਕੀ ਮੂਲ ਮਹਾਨੀ। ਅੰਕੁਰ ਪ੍ਰੇਮ ਹੋਤ ਸੁਖ ਦਾਨੀ।
ਤੁਚਾ ਸੇਵ ਜਿਸ ਕੋ ਦ੍ਰਿਢ ਕਰਤਾ। ਕਾਂਡ ਬੜੇ ਵੈਰਾਗ ਪ੍ਰਵਿਰਤਾ।
ਹਰਿ ਕਾ ਨਾਮ ਸੁਮਨ ਤਹਿ ਫੂਲਾ। ਸਤ ਸੰਗਤ ਮਹਿ ਸੋਭਤ ਝੂਲਾ।
ਦੈਵ ਸੰਪਦਾ ਗੁਣ ਜੋ ਅਨੇਕਾਂ। ਗਣ ਕਲਤ ਸੁ ਬਲਤ ਬਿਬੇਕਾ।
ਆਤਮ ਗਿਆਨ ਲਗਹਿ ਫ਼ਲ ਸੁੰਦਰ। ਅਤਿ ਅਨੰਦ ਰਸ ਜਿਸ ਕੇ ਅੰਦਰ।
ਕੋਟ ਕਲਪਤਰ ਹਵੈ ਨਾ ਪਟੰਤਰ। ਪ੍ਰਭੂ ਕ੍ਰਿਪਾ ਤੇ ਲਹੈ ਸੋ ਅੰਤਰ।

ਇਹ ਹੈ ਮਹਾਂਪੁਰਸ਼ਾਂ ਦੀ ਅਕਸੀਰਿ ਨਜ਼ਰ ਜੋ ਇੱਕ ਮਿੱਟੀ ਦੇ ਕਿਣਕੇ ਨੂੰ ਸੂਰਜ ਬਣਾ ਸਕਦੀ ਹੈ। ਗੁਰੂ ਘਰ ਵਿੱਚ ਆਇਆਂ ਸ਼ਰਧਾਵਾਨਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਜਿਵੇਂ ਅਨੰਦਪੁਰ ਸਾਹਿਬ ਦਸਮੇਸ਼ ਦਰਬਾਰ ਵਿੱਚ ੫੨ ਕਵੀ, ੭ ਸੰਸਕ੍ਰਿਤ ਦੇ ਪੰਡਿਤ ਤੇ ੩੬ ਲਿਖਾਰੀ ਰਹਿੰਦੇ ਸਨ, ਉਨ੍ਹਾਂ ਵਿੱਚੋਂ ਕਈ ਗ਼ਰੀਬੀ ਦੇ ਗ੍ਰਸੇ, ਭੁੱਖ ਦੇ ਦੁਖੋਂ ਤੰਗ ਆਏ ਹਜ਼ੂਰੀ ਵਿੱਚ ਪੁੱਜ ਕੇ ਧਨਾਢ ਬਣ ਗਏ। ਗੁਰ ਇਤਿਹਾਸ 'ਚੋਂ ਨਮੂਨੇ ਮਾਤਰ ਲਿਖਦੇ ਹਾਂ।

ਜਿਵੇਂ ਵਿਦਵਾਨਾਂ ਦੇ ਕਦਰਦਾਨ, ਯੋਧਿਆਂ ਦੇ ਸਰਦਾਰ, ਧਰਮ ਵਿਰੋਧੀ ਜ਼ਾਲਮਾਂ ਦੇ ਨਾਸ ਕਰਤਾ, ਸਰਬੰਸ ਦਾਨੀ ਕਲਗੀਆਂ ਵਾਲੇ ਪਾਤਸ਼ਾਹ ਦਾ ਪਾਵਨ ਜਸ ਸੁਣ ਕੇ ਕਵੀ 'ਹੀਰ' ਦਰਸ਼ਨ ਕਰਨਾ ਚਾਹੁੰਦਾ ਹੈ। ਇਹ ਚੰਗਾ ਵਿਦਵਾਨ, ਉੱਚੇ ਚਮਤਕਾਰੀ ਕਾਵਿ ਦਾ ਗਿਆਤਾ ਸੀ ਪਰ ਗ਼ਰੀਬੀ ਨੇ ਇਸ ਦੇ ਘਰ ਵਿੱਚ ਡੇਰਾ ਜਮਾਇਆ ਹੋਇਆ ਸੀ। ਇਸ ਦੀ ਗ਼ਰੀਬੀ ਵਲ ਤੱਕ ਕਿਸੇ ਜਾਣੂ ਸੱਜਣ ਨੇ ਆਖਿਆ, "ਕਵੀ ਜੀ! ਕਿਉਂ ਨੰਗ ਭੁੱਖ ਨਾਲ ਘੁਲਦੇ ਹੋ। ਗੁਣੀਆਂ ਦੇ ਕਦਰਦਾਨ ਦਾਤੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ ਜਾਓ, ਜੋ ਤੁਹਾਡੀ ਕਦਰ ਪਾ ਕੇ ਦਲਿੱਦਰ ਕੱਟ ਦੇਣ। ਇਹ ਸੁਣ ਕੇ ਵਿਚਾਰਾ ਗ਼ਰੀਬੀ ਦਾ ਗ੍ਰਸਿਆ ਸਤਿਗੁਰਾਂ ਦੀ ਹਜ਼ੂਰੀ ਵਿੱਚ ਅਨੰਦਪੁਰ ਸਾਹਿਬ ਪੁੱਜਾ। ਦਰਬਾਰ ਤੋਂ ਬਾਹਰ ਖੜੋ ਕੇ ਆਪਣੇ ਹੱਥਾਂ ਪੈਰਾਂ ਨੂੰ ਹਿਲਾ ਅਤੇ ਅੱਖਾਂ ਨਾਲ ਕਰ ਕੇ ਐਸੀ ਚੇਸ਼ਟਾ ਕਰਨ ਲੱਗਾ, ਜਿਵੇਂ ਕਿਸੇ ਨਾਲ ਲੜ ਘੁਲ ਰਿਹਾ ਹੋਵੇ ਅਤੇ ਉਸ ਨੂੰ ਜਿੱਤਣ ਦਾ ਯਤਨ ਕਰਦਾ ਹੋਵੇ। ਸਾਰੀ ਸਭਾ ਦਾ ਧਿਆਨ ਕਵੀ ਵਲ ਖਿੱਚਿਆ ਗਿਆ। ਗੁਰੂ ਜੀ ਵੇਖ ਕੇ ਹੈਰਾਨ ਹੋਏ ਤੇ ਪੁੱਛਣ ਲੱਗੇ, "ਕਵੀ ਜੀ! ਇਹ ਕੀ ਕਰਨ ਲੱਗੇ ਹੋ?" 'ਹੀਰ' ਹੱਥ ਜੋੜ ਕੇ ਕਹਿਣ ਲੱਗਾ, "ਮਹਾਰਾਜ! ਇੱਕ ਬੜਾ ਬਲਵਾਨ ਯੋਧਾ ਮੇਰੇ ਅੱਗੇ ਪ੍ਰਤਿਬੰਧਕ ਭਾਵ ਅੜਿੱਕਾ ਰੂਪ ਹੋਇਆ ਖੜਾ ਹੈ, ਜਿਸ ਨੇ ਮੈਨੂੰ ਚਿਰ ਤੋ ਆਪ ਜੀ ਦੇ ਦਰਸ਼ਨ ਕਰਨ ਵਲੋਂ ਰੋਕ ਰੱਖਿਆ ਸੀ। ਹੁਣ ਮੈ ਇਸ ਦੇ ਨਾਲ ਲੜ ਭਿੜ ਕੇ ਕਬਿੱਤ ਨੂੰ ਠੀਕ ਕਰ ਆਪ ਦੀ ਭੇਟਾ ਕਰਨਾ ਚਾਹੁੰਦਾ ਹਾਂ।" ਗੁਰੂ ਜੀ ਬੋਲੇ, "ਚੰਗਾ ਭਾਈ! ਉਹ ਤਾਂ ਕਬਿੱਤ ਜ਼ਰੂਰ ਸੁਣਾ।" ਇਸ ਨੂੰ ਕੋਲ ਬੁਲਾ ਲਿਆ। ਦਰਬਾਰ ਵਿੱਚ ਹਾਜ਼ਰ ਹੋ ਕੇ ਉਸ ਨੇ ਇਸ ਪ੍ਰਕਾਰ ਅਰਜ਼ ਕੀਤੀ:

ਪਾਠ ਠਾਢੋ ਝਗਰਤ, ਝੁਕਤ ਦਰੇਰੈ ਮੋਹਿ, ਬਾਤ ਨ ਕਰਨ ਪਾਊਂ ਮਹਾਂ ਬਲੀ ਬੀਰ ਸੋਂ।
ਐਸੋ ਅਰਿ ਬਿਕਟ, ਨਿਕਟ ਬਸੈ ਨਿਸ ਦਿਨ, ਨਿਪਟ ਨਿਸੰਕ ਸਠ ਘੇਰੈ ਫੇਰ ਭੀਰ ਸੋਂ।

'ਦਾਰਿਦ ਕਪੂਤ!' ਤੇਰੋ ਮਰਨ ਬਨਯੋਂ ਹੈ ਆਜਿ, ਕਰ ਕੈ ਸਲਾਮ ਵਿਦਾ ਹੂਜੇ ਕਵੀ ਹੀਰ ਸੋਂ।
ਨਾਤੁਰ ਗੁਬਿੰਦ ਸਿੰਘ ਬਿਕਲ ਕਰੈਂਗੈ ਤੋਹਿ, ਟੂਕ ਟੂਕ ਹ੍ਵੈ ਹੈਂ ਗਾਢੇ ਦਾਨਨ ਕੇ ਤੀਰ ਸੋਂ।

ਅਰਥ: ਹੇ ਗ਼ਰੀਬ ਨਿਵਾਜ਼! ਸੱਚੇ ਪਾਤਸ਼ਾਹ! ਇਹ ਦਲਿੱਦਰ ਸ਼ਤਰੂ ਮੇਰੇ ਪਾਸ ਖੜਾ ਹੁਣ ਵੀ ਝਗੜ ਰਿਹਾ ਹੈ ਤੇ ਝੁਕ ਝੁਕ ਕੇ ਮੈਨੂੰ ਦਰੇੜਾਂ ਦੇਂਦਾ ਹੋਇਆ ਦਲ ਰਿਹਾ ਹੈ ਜਿਸ ਕਰ ਕੇ ਇਸ ਦਲਿੱਦਰ ਦਾ ਮਾਰਿਆ ਮੈਂ ਆਪ ਜੀ (ਮਹਾਂ ਬਲੀ) ਨਾਲ ਗੱਲ ਵੀ ਕਰਨੀ ਨਹੀਂ ਪਾਉਂਦਾ। ਇਹ ਐਸਾ ਕਰੜਾ ਭਿਆਨਕ ਵੈਰੀ ਦਿਨ ਰਾਤ ਮੇਰੇ ਪਾਸ ਪ੍ਰਗਟ ਹੀ ਨਿਸੰਗ ਹੋ ਕੇ ਵਸਦਾ ਹੈ ਫੇਰ ਮੈਨੂੰ ਘੇਰ ਘੇਰ ਕੇ ਡਰਾ ਰਿਹਾ ਹੈ। ਪਰ ਮੈਂ ਇਸ ਨਾਲ ਚਿਰ ਦਾ ਸੰਗੀ ਹੋਣ ਕਰ ਕੇ ਇਸ ਦੀ ਭਲਾਈ ਹਿੱਤ ਇਤਲਾਹ ਦਿੰਦਾ ਹਾਂ ਕਿ ਹੇ ਕਪੁਤ੍ਰ ਦਲਿੱਦਰ! ਅੱਜ ਤੇਰੀ ਮੌਤ ਆ ਗਈ ਹੈ। ਕਿਉਂਕਿ ਮੈਂ ਅੱਜ ਕਲਗੀਆਂ ਵਾਲੇ ਪਾਤਸ਼ਾਹ ਪਾਸ ਚਲਿਆ ਹਾਂ ਉਹ ਐਸਾ ਦਾਨ ਦਾ ਤੀਰ ਮਾਰਨਗੇ ਜਿਸ ਕਰ ਕੇ ਤੂੰ ਟੁਕੜੇ ਟੁਕੜੇ ਹੋ ਜਾਵੇਂਗਾ। ਇਸ ਲਈ ਜੇ ਚੰਗੀ ਚਾਹੁੰਦਾ ਹੈਂ ਤਾਂ ਪਹਿਲਾਂ ਹੀ ਸਲਾਮ ਕਰ ਕੇ ਕਵੀ ਹੀਰ ਪਾਸੋਂ ਵਿਦਾ ਹੋ ਜਾਓ।

ਇਹ ਉੱਚ ਭਾਵ ਪੂਰਤ ਕਵਿਤਾ ਸੁਣ ਕੇ ਗੁਰੂ ਜੀ ਸਮੇਤ ਸਾਰਾ ਕਵੀ ਸਮਾਜ ਤੇ ਸ੍ਰੋਤਾ ਗਣ ਪ੍ਰਸੰਨ ਹੋ ਗਏ। ਉਸ ਸਮੇਂ ਗੁਰੂ ਜੀ ਨੇ ਝੱਟ ਖਜ਼ਾਨਚੀ ਨੂੰ ਸੱਦਿਆ ਤੇ ਖ਼ਜ਼ਾਨੇ ਵਿੱਚੋਂ ਇੱਕ ਲੱਖ ਰੁਪਿਆ ਕਵੀ ਦੀ ਭੇਟਾ ਕੀਤਾ। ਸਚਮੁੱਚ ਦਲਿੱਦਰ ਦੇ ਟੁਕੜੇ ਕਰ ਦਿੱਤੇ। ਅੱਗੇ ਲਈ ਕਵੀ ਮੰਡਲੀ ਵਿੱਚ ਰੱਖ ਕੇ ਭਾਰੀ ਰੁਜ਼ੀਨਾ ਮੁਕਰਰ ਕਰ ਦਿੱਤਾ। ਬਾਬਾ ਸੁਮੇਰ ਸਿੰਘ ਜੀ ਗੁਰ ਬਿਲਾਸ ਵਿੱਚ ਲਿਖਦੇ ਹਨ:

ਸੁਨ ਸਾਚੇ ਸਤਿਗੁਰ ਅਬਿਨਾਸੀ।
ਦੀਨੋ ਧਨ ਅਨਗਨ ਗੁਨ ਰਾਸੀ।
ਕਵੀ ਜਨੁ ਮਧ ਰੋਜ ਕਰ ਦੀਓ।
ਦਾਰਿਦ ਦੁਰਦ ਦਮਨ ਸੁਖ ਦੀਓ।

ਇਉਂ ਸਰਬੰਸਦਾਨੀ ਕਲਗੀਆਂ ਵਾਲੇ ਪਾਤਸ਼ਾਹ ਦੇ ਦਰੋਂ ਵਰੋਸਾਏ ਹੋਏ ਪੂਰਨ ਮਹਾਂਪੁਰਸ਼ ਸੰਤ ਜੀ ਮਹਾਰਾਜ ਨੇ ਵੀ ਦਰ ਤੇ ਆਇਆਂ ਕਿਸੇ ਲੋੜਵੰਦ ਸੁਆਲੀ ਨੂੰ ਖਾਲੀ ਨਹੀਂ ਸੀ ਮੋੜਿਆ।

ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ

੧੯੩੭-੩੮ ਦੇ ਕਰੀਬ ਗ਼ਰਮੀ ਦੀ ਰੁੱਤ ਵਿੱਚ ਬਿਲਾਸਪੁਰ ਪਿੰਡ ਦੇ ਤਿੰਨ ਸੱਜਣ ਰਾਤ ਦੇ ੧੨ ਵਜੇ ਕਰਮਸਰ ਦੀ ਪਾਵਨ ਧਰਤੀ ਵਲ ਆਏ। ਇਨ੍ਹਾਂ ਨੇ ਸ਼ਰਾਬ ਪੀਤੀ ਹੋਈ ਸੀ। ਇਸ ਕਿੱਕਰ ਦੇ ਚੁੜੇਲ ਦੇ ਪ੍ਰੇਰੇ ਗੇਟ ਅੱਗੇ ਆ ਕੇ ਅਵਾਜ਼ਾਂ ਮਾਰਨ ਲੱਗੇ ਕਿ ਛੇਤੀ ਬੂਹਾ ਖੋਲੋ ਅਸੀਂ ਹੁਣ ਸੰਤਾਂ ਦੇ ਦਰਸ਼ਨ ਕਰਣੇ ਹਨ। ਪਹਿਰੇ ਵਾਲੇ ਸੇਵਾਦਾਰਾਂ ਨੇ ਪੁੱਛਿਆ, "ਬਈ! ਤੁਸੀਂ ਕੌਣ ਹੋ, ਐਸ ਵੇਲੇ ਕੀ ਕੰਮ ਹੈ? ਇਨ੍ਹਾਂ ਦਾ ਖ਼ਿਆਲ ਸੀ ਸ਼ਾਇਦ ਕੋਈ ਰੋਟੀ ਤੋਂ ਭੁੱਖਾ ਰਾਹੀਂ ਆਇਆ ਹੋਣਾ ਹੈ। ਪ੍ਰਸ਼ਾਦ ਛਕ ਕੇ ਆਰਾਮ ਕਰਨਾ ਹੋਵੇਗਾ। ਪਰ ਉਹ ਤਾਂ ਮਦਰਾ ਦੀ ਮਸਤੀ ਵਿੱਚ ਆਇਆ ਹੈ *'ਓਸੁ ਅਰਲੁ ਬਰਲੁ ਮੁਹਹੁ ਨਿਕਲੈ'* ਵਾਲੀ ਗੱਲ ਸੀ। ਕਹਿਣ ਲੱਗੇ, "ਅਸੀ ਸੰਤਾਂ ਦੇ ਦਰਸ਼ਨ ਕਰਨੇ ਹਨ।" ਸੇਵਾਦਾਰਾਂ ਨੇ ਬੇਨਤੀ ਕੀਤੀ ਹੁਣ ਐਸ ਸਮੇਂ ਦਰਸ਼ਨ ਨਹੀਂ ਹੋ ਸਕਦੇ ਸਵੇਰੇ ਹੋਣਗੇ। ਉਨ੍ਹਾਂ ਨੇ ਸੇਵਾਦਾਰਾਂ ਤੇ ਵੀ ਰੋਅਬ ਪਾਣ ਦੀ ਕੋਸ਼ਸ਼ ਕੀਤੀ। ਜਦੋਂ ਇਨ੍ਹਾਂ ਪ੍ਰੇਮੀਆਂ ਨੂੰ ਨੇੜੇ ਹੋਇਆ ਬੂ ਆਈ, ਤਾਂ ਪਤਾ ਲੱਗਾ ਕਿ ਇਹ ਤਾਂ ਸ਼ਰਾਬੀ ਹਨ। ਫੇਰ ਉਸ ਸਮੇਂ ਇਨ੍ਹਾਂ ਨੇ ਛੋਟੇ ਸੰਤ ਜੀ ਮਹਾਰਾਜ ਨੂੰ ਜਗਾਇਆ ਤੇ ਅਰਜ਼ ਕੀਤੀ ਕਿ ਗ਼ਰੀਬ ਨਿਵਾਜ਼! ਗੇਟ ਤੇ ਸ਼ਰਾਬੀ ਖੜੇ ਅੰਦਰ ਆਉਣ ਵਾਸਤੇ ਜ਼ਿਦ ਕਰਦੇ ਹਨ। ਸੰਤ ਜੀ ਮਹਾਰਾਜ ਨੇ ਕਿਹਾ ਕਿ ਉਨ੍ਹਾਂ ਨੂੰ ਆਖੋ ਅਸੀਂ ਸ਼ਰਾਬੀ ਨੂੰ ਅੰਦਰ ਨਹੀਂ ਵੜਣ ਦੇਂਦੇ। ਸਵੇਰੇ ਨਸ਼ਾ ਉੱਤਰਨ ਤੇ ਇਸ਼ਨਾਨ ਕਰ ਕੇ ਆ ਜਾਣਾ ਫੇਰ ਤੁਹਾਨੂੰ ਅਸਥਾਨ ਦੇ ਅਤੇ ਸੰਤਾਂ ਦੇ ਦਰਸ਼ਨ ਹੋ ਜਾਣਗੇ। ਪਰ ਉਹ ਸੇਵਾਦਾਰਾਂ ਦੀ ਕੋਈ ਗੱਲ ਸੁਣਦੇ ਹੀ ਨਹੀਂ ਸਨ, ਉਲਟਾ ਉਨ੍ਹਾਂ ਨੂੰ ਗਾਲ੍ਹਾਂ ਕੱਢਣ ਲੱਗ ਪਏ।

ਨੀਚ ਨੀਚਾਈ ਨਹਿ ਤਜੈ, ਜੇ ਪਾਵੈ ਸਤਸੰਗ। ਤੁਲਸੀ ਚੰਦਨ ਬਿਟਪ ਬਸ, ਬਿਖ ਨਹਿ ਤਜਤ ਭੁਯੰਗ।
ਤਥਾ: ਅਧਮ ਮਲੀਨ ਪ੍ਰਸੰਗ ਤੇ ਅਧਮੇ ਹੀ ਫ਼ਲ ਹੋਤ। ਸ੍ਵਾਂਤ ਬੂੰਦ ਅਹਿ ਮੁੱਖ ਪਰੇ ਬਣ ਬਿਖ ਹੋਤ ਉਦੋਤ।
ਕੁਛ ਕਹਿ ਨੀਚ ਨ ਛੇੜੀਏ ਭਲੋ ਨ ਵਾਂਕਾ ਸੰਗ। ਪਾਥਰ ਡਾਰੇ ਕੀਚ ਮੇ ਉੱਛਲ ਵਿਗਾੜੇ ਅੰਗ।

ਫੇਰ ਛੋਟੇ ਸੰਤ ਜੀ ਮਹਾਰਾਜ ਆਪ ਉੱਠੇ ਤੇ ਬੜਾ ਸਮਝਾਇਆ ਪਰ ਉਹ ਸਮਝਣ ਵਾਲੇ ਕਿੱਥੇ ਸਨ। ਜਦੋਂ ਇੱਕ ਸਿੰਘ ਨੇ ਉਨ੍ਹਾਂ ਨੂੰ ਭੈ ਦੇਣ ਵਾਸਤੇ ਕਿਹਾ ਕਿ ਮਹਾਰਾਜ! ਇਹ ਲਾਤੋਂ ਕੇ ਭੂਤ ਬਾਤੋਂ ਸੇ ਮੰਨਣ ਵਾਲੇ ਨਹੀਂ। ਆਪ ਆਗਯਾ ਕਰੋ ਅਸੀਂ ਇਨ੍ਹਾਂ ਨੂੰ ਪਕੜ ਕੇ ਮੁਸ਼ਕਾਂ ਬੰਨ੍ਹ ਕੇ ਅੰਦਰ ਡਕੀਏ। ਸਵੇਰੇ ਪੁਲੀਸ ਦੇ ਹਵਾਲੇ ਕਰਾਂਗੇ। ਸੰਤ ਜੀ ਮਹਾਰਾਜ ਤਾਂ ਚੁੱਪ ਕਰ ਗਏ ਪਰ ਉਹ ਪੁਲਸ ਦਾ ਨਾਮ ਸੁਣ ਕੇ ਕੰਬ ਗਏ। ਪਤਾ ਨਹੀਂ ਕੀ ਗੱਲ ਹੋਈ। ਇੱਕ ਦਮ ਪੀਤੀ

ਹੋਈ ਦਾ ਨਸ਼ਾ ਉੱਤਰ ਗਿਆ ਅਤੇ ਡਰਦੇ ਹੋਏ ਅੱਲ ਪਲੱਲ ਬੋਲਦੇ ਦੌੜ ਗਏ। ਸਾਰੀ ਰਾਤ ਨਹਿਰ ਦੇ ਕੰਢੇ ਤੇ ਘੁੰਮਦੇ ਰਹੇ। ਦੂਸਰੇ ਦਿਨ ਪਿੰਡ ਦੀ ਪੰਚਾਇਤ ਨੂੰ ਪਤਾ ਲੱਗਾ ਉਹ ਪੰਝੀ ਤੀਹ ਸਰੀਰ ਡੇਰੇ ਆ ਗਏ। ਦੋਹਾਂ ਸੰਤਾਂ ਨੂੰ ਨਮਸ਼ਕਾਰ ਕਰ ਹਜ਼ੂਰ ਦੀ ਆਗਿਆ ਲੈ ਕੇ ਉਨ੍ਹਾਂ ਦੋਸ਼ੀਆਂ ਨੂੰ ਵੀ ਨਾਲ ਲੈ ਆਂਦਾ। ਮਾਫੀ ਮੰਗਣ ਵਾਸਤੇ ਕਿਹਾ ਪਰ ਉਹ ਹੰਕਾਰ ’ਚ ਆਏ ਆਕੜੇ ਰਹੇ ਕਿ ਸਾਥੋਂ ਕੀ ਗ਼ੁਨਾਹ ਹੋਇਆ ਹੈ ਅਸੀਂ ਕਾਹਦੀ ਮਾਫੀ ਮੰਗੀਏ? ਮਨੁੱਖਾਂ ਦੇ ਚਾਰ ਪ੍ਰਕਾਰ ਦੇ ਸੁਭਾਵ ਹਨ: ੧) ਦਾਖਾਂ (੨) ਬਦਾਮ (੩) ਬੇਰ (੪) ਸੁਪਾਰੀ।

੧. ‘ਦਾਖਾਂ’ ਦੇ ਸਮਾਨ ਅੰਦਰੋਂ ਬਾਹਰੋਂ ਨਰਮ ਚਿੱਤ, ਕੋਮਲ ਹਿਰਦਾ ਹੋਣਾ, ਹਰ ਇੱਕ ਨਾਲ ਮਿੱਠਾ ਬੋਲਣਾ ਤੇ ਚੰਗੀ ਸਿੱਖਿਆ ਦੇਣੀ; ਇਹ ਗੁਣ ਪੂਰਨ ਗਿਆਨਵਾਨ ਸਾਧੂ ਵਿੱਚ ਹੁੰਦੇ ਹਨ।

੨. ਉਪਰੋਂ ‘ਬਦਾਮ’ ਦੀ ਛਿੱਲ ਵਾਂਗ ਸਖ਼ਤ ਹੋਣਾ ਪਰ ਅੰਦਰੋਂ ਨਰਮਾਈ ਰੱਖਣੀ ਇਹ ਰੁੱਖੜ ਬਿਰਤੀ ਵਾਲੇ ਵਿਰਕਤ ਸਾਧੂਆਂ ਦਾ ਸੁਭਾਉ ਹੁੰਦਾ ਹੈ।

੩. ‘ਬੇਰ’ ਦਾ ਛਿਲਕਾ ਜਿਵੇਂ ਉੱਪਰੋਂ ਨਰਮ ਤੇ ਅੰਦਰੋਂ ਗਿਟਕ ਸਖ਼ਤ ਹੁੰਦੀ ਹੈ, ਇਉਂ ਜੋ ਉੱਪਰੋਂ ਤਾਂ ਮਿਠੇ ਨਰਮਾਈ ਵਾਲੇ ਬਚਨਾਂ ਨੂੰ ਬੋਲਦਾ ਹੈ ਪਰ ਅੰਦਰੋਂ ਆਪਣੇ ਦਿਲ ਖੋਟ ਰੱਖਦਾ ਹੈ।

੪. ‘ਸੁਪਾਰੀ’ ਦਾ ਸੁਭਾਉ ਅੰਦਰੋਂ ਬਾਹਰੋਂ ਇੱਕੋ ਜਿਹਾ ਸਖ਼ਤ ਤੇ ਕਠੋਰ ਹੁੰਦਾ ਹੈ। ਇਸੇ ਤਰ੍ਹਾ ਮਨਮੁਖਾਂ ਦੇ ਲੱਛਣ ਹਨ, ਉਹ ਖੜਸੁਕ ਬ੍ਰਿਛ ਵਾਗ ਟੁੱਟ ਤਾਂ ਜਾਂਦੇ ਹਨ ਪਰ ਆਪਣੇ ਹਠ ਤੋਂ ਨਹੀਂ ਮੁੜਦੇ ਅਰ ਨਾ ਹੀ ਕਿਸੇ ਦਾ ਬਚਨ ਹੀ ਮੰਨਦੇ ਹਨ। ਏਹੋ ਗੱਲ ਇਨ੍ਹਾਂ ਦੀ ਸੀ।

ਯਥਾ: ਅਹਿ ਸੁਭਾਵ ਨਰਨ ਕੋ ਆਮ। ਬੇਰ, ਸੁਪਾਰੀ, ਦਾਖ, ਬਦਾਮ।
ਦਿਲੋਂ ਬੁਰਾ ਊਪਰ ਤੇ ਆਛਾ। ਬੇਰ ਸਮਾਨ ਵਹੀ ਨਰ ਕਾਛਾ।
ਬਾਹਰ ਭੀਤਰਿ ਤੇ ਇੱਕ ਜੈਸਾ। ਨਰ ਕਠੋਰ ਪੂੰਗੀ ਸਮ ਹੈਸਾ।
ਊਪਰ ਕਠਨ ਹੋਇ ਦਿਲ ਨੀਕੋ। ਸੋ ਬਦਾਮ ਸਮ ਲਹੀਅਤ ਠੀਕੋ।
ਕੋਮਲ ਬਾਹਰ ਭੀਤਰ ਜੋਈ। ਦਾਖ ਅੰਗੂਰ ਲਖੋ ਸਮ ਸੋਈ।

ਹਜ਼ੂਰ ਕਹਿਣ ਲੱਗੇ, “ਸਾਡੇ ਅੰਦਰ ਤਾਂ ਕੋਈ ਖ਼ਿਆਲ ਨਹੀਂ। ਇਨ੍ਹਾਂ ਦੇ ਅੰਦਰ ਗ਼ਰਮੀ ਖੁਸ਼ਕੀ ਵਧ ਗਈ ਹੈ। ਘਰ ਲਿਜਾ ਕੇ ਦਹੀਂ ਮੱਖਣ ਖਵਾਓ। ਸਿਰ ਤੇ ਵੀ ਮੱਖਣ ਜਾਂ ਤੇਲ ਝਸੋ, ਕੇਸੀ ਇਸ਼ਨਾਨ ਕਰਵਾਓ ਅਤੇ ਕਹੋ ਅੱਗੇ ਵਾਸਤੇ ਸ਼ਰਾਬ ਨਾ ਪੀਆ ਕਰਨ ਇਸ ਨਾਮੁਰਾਦ ਸ਼ਰਾਬ ਦਾ ਨਤੀਜਾ ਬੁਰਾ ਹੀ ਨਿੱਕਲਦਾ ਹੈ, ਅੱਗੇ ਇਨ੍ਹਾਂ ਦੀ ਮਰਜ਼ੀ। ਅਸੀਂ ਤਾਂ ਸਭ ਦੇ ਭਲੇ ਵਾਸਤੇ ਚੰਗਾ ਹੀ ਉਪਦੇਸ਼ ਦੇਣਾ ਹੈ। ਜੇਕਰ ਫੇਰ ਸ਼ਰਾਬ ਪੀਤੀ ਇਹ ਆਪਣੀ ਗ਼ਲਤੀ ਦੇ ਆਪ ਜ਼ੁੰਮੇਵਾਰ ਹੋਣਗੇ। ਪ੍ਰਮੇਸ਼ਰ ਤਾਂ ਫ਼ਲ ਪਰਦਾਤਾ ਹੈ।” ਪੰਚਾਇਤ ਉਨ੍ਹਾਂ ਨੂੰ ਨਾਲ ਲੈ ਕੇ ਵਾਪਸ ਚਲੀ ਗਈ।

ਭਾਵੇਂ ਇਨ੍ਹਾਂ ਦੇ ਭਲੇ ਵਾਸਤੇ ਜੇ ਧਾਰਣ ਕਰਦੇ ਹਾਂ ਏਹੋ ਹੀ ਉਪਦੇਸ਼ ਕਾਫ਼ੀ ਸੀ ਪਰ ਹਜ਼ੂਰ ਦਾ ਹੁਕਮ ਹੈ:

ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥
ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥
ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥
ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥
ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥

(ਗਉੜੀ ਵਾਰ-੧ ਮਃ ੪ - ੩੦੬)

ਗੁਰ ਪੀਰਾਂ ਦੀ ਸ਼ਰਨ ਬਗੈਰ ਧੁਰ ਦੇ ਮੰਦੇ ਲੇਖਾਂ ਨੂੰ ਕੌਣ ਮੇਟੇ। ਪਿੰਡ ਜਾ ਕੇ ਸ਼ਾਮ ਨੂੰ ਫੇਰ ਪੀ ਲਈ, ਜਿਸ ਦਾ ਨਤੀਜਾ ਓਹੋ ਨਿੱਕਲਿਆ ਜਿਸ ਦੀ ਆਸ ਸੀ।

ਸ਼ਾਮ ਤੱਕ ਸ਼ਰਾਬ ਦੀ ਮਸਤੀ ਵਿੱਚ ਲੱਗੇ ਇੱਕ ਦੂਜ਼ੇ ਨੂੰ ਬੁਰਾ ਭਲਾ ਆਖਣ ਤੇ ਗਾਲ੍ਹਾਂ ਕੱਢਣ। ਅਖ਼ੀਰ ਰਾਤ ਦੇ ੧੦ ਵਜੇ ਤੱਕ ਇੱਕ ਨੇ ਨਾਲ ਦੇ ਸਾਥੀ ਨੂੰ ਮਾਰ ਦਿੱਤਾ। ਜੋ ਮਦਰਾ ੫੬ ਕਰੋੜ ਯਾਦਵਾਂ ਦਾ ਨਾਸ ਕਰ ਸਕਦੀ ਹੈ, ਉਸ

ਨੂੰ ਇੱਕ ਬੰਦਾ ਮਾਰਨਾ ਕੀ ਔਖਾ ਹੈ? ਇਹ ਇੱਕ ਪਿੰਡ ਦੇ ਤਿੰਨ ਸੱਜਣ ਇਕੱਠੇ ਸਨ ਇੱਕ ਮਾਰ ਦਿੱਤਾ, ਦੂਜਾ ਮਾਰਨ ਵਾਲਾ ਭੱਜ ਗਿਆ। ਤੀਜੇ ਨੂੰ ਪੁਲੀਸ ਨੇ ਤਪਤੀਸ ਕਰ ਕੇ ਗਵਾਹਾਂ ਦੇ ਕਹੇ ਸੱਚਾ ਜਾਣ ਕੇ ਛੱਡ ਦਿੱਤਾ। ਉਹ ਤਾਂ ਪਹਿਲਾਂ ਵੀ ਸੰਤ ਜੀ ਮਹਾਰਾਜ ਦੇ ਪਾਸ ਜਾ ਕੇ ਨਿੰਮ੍ਰਤਾ ਨਾਲ ਹੀ ਬੋਲਦਾ ਰਿਹਾ ਸੀ। ਮਾਰਨ ਵਾਲਾ ਭਗੌੜਾ ਹੋ ਕੇ ਰਾਜਸਥਾਨ ਵਲ ਚਲਾ ਗਿਆ। ਉਸ ਦੇ ਵਰੰਟ ਜਾਰੀ ਹੋ ਗਏ। ਘਰ ਵਾਲਿਆਂ ਤੇ ਸਖ਼ਤੀ ਕੀਤੀ ਕਿ ਉਸ ਨੂੰ ਹਾਜ਼ਰ ਕਰੋ। ਉਹ ਕਹਿਣ ਕਿ ਸਾਡਾ ਕੀ ਦੋਸ਼ ਹੈ। ਜੇ ਕਦੇ ਰਾਤ ਬਰਾਤੇ ਸਾਡੇ ਪਾਸ ਆਉਂਦਾ ਸੁਣੋ, ਫੇਰ ਤਾਂ ਸਾਨੂੰ ਗ਼ੁਨਾਹੀ ਮੰਨ ਕੇ ਸਜ਼ਾ ਦੇ ਸਕਦੇ ਹੋ। ਪਿੰਡ ਦੀ ਪੰਚਾਇਤ ਨੇ ਘਰਦਿਆਂ ਦੀ ਸਫ਼ਾਈ ਦਿੱਤੀ। ਘਰ ਵਾਲਿਆਂ ਉੱਪਰ ਸਖ਼ਤੀ ਹੋਣੀ ਹਟ ਗਈ ਪਰ ਦੋਸ਼ੀ ਦੀ ਭਾਲ ਜਾਰੀ ਰਹੀ। ਏਧਰੋਂ ਉਹ ਖੂਨੀ ਛੇ ਸਾਲ ਤਾਂ ਲੁਕਿਆ ਛਿਪਿਆ ਫਿਰਦਾ ਰਿਹਾ। ਅਖ਼ੀਰ ਇੱਕ ਰਾਤ ਆਪਣੇ ਪਿੰਡ ਆਇਆ। ਬਾਹਰ ਕਮਾਦਾਂ ਵਿੱਚ ਲੁਕ ਛਿਪ ਕੇ ਕਿਸੇ ਬੰਦੇ ਹੱਥ ਸੁਨੇਹਾ ਭੇਜ ਕੇ ਸੰਤ ਜੀ ਮਹਾਰਾਜ ਦੇ ਸ਼ਰਧਾਲੂ ਅਤੇ ਆਪਣੇ ਪਰਮ ਮਿੱਤਰ ਸ. ਸੁਹੇਲ ਸਿੰਘ ਹੌਲਦਾਰ ਨੂੰ ਪਾਸ ਮੰਗਾਇਆ ਅਤੇ ਕਿਹਾ ਮੈਂ ਬੜਾ ਦੁਖੀ ਹਾਂ ਹੁਣ ਛੋਟੇ ਸੰਤ ਜੀ ਮਹਾਰਾਜ ਦੇ ਨਾਲ ਚੱਲ ਕੇ ਮੈਨੂੰ ਦਰਸ਼ਨ ਕਰਵਾ ਦੇ। ਸ਼ਾਇਦ ਮੇਰੀ ਮਾੜੀ ਤਕਦੀਰ ਤੇ ਲੇਖ ਮਿਟ ਜਾਣ।

ਇਸ ਦੀ ਦਰਦ ਭਰੀ ਬੇਨਤੀ ਸੁਣ ਕੇ ਹੌਲਦਾਰ ਨੇ ਤਰਸ ਕੀਤਾ ਅਤੇ ਅੱਧੀ ਰਾਤ ਦੇ ਸਮੇਂ ਅਸਥਾਨ ਤੇ ਲੈ ਗਿਆ। ਇਸ ਨੂੰ ਕਿਸੇ ਬਾਹਰ ਦੂਰ ਖੜਾ ਕਰ ਕੇ ਆਪ ਅੱਗੇ ਗਿਆ। ਸੇਵਾਦਾਰ ਸੁਹੇਲ ਸਿੰਘ ਨੂੰ ਜਾਣਦੇ ਸਨ। ਉਨ੍ਹਾਂ ਨੇ ਇਸ ਸਮੇਂ ਆਉਣ ਦਾ ਕਾਰਣ ਪੁਛਿਆ। ਉਸ ਨੇ ਕਿਹਾ, "ਕੋਈ ਜ਼ਰੂਰੀ ਕੰਮ ਹੈ, ਸੰਤ ਜੀ ਮਹਾਰਾਜ ਨੂੰ ਮਿਲਣਾ ਹੈ।" ਸੇਵਾਦਾਰ ਨੇ ਗੇਟ ਖੋਲ੍ਹ ਦਿੱਤਾ, ਨਾਲ ਜਾ ਕੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ। ਆਪ ਜੀ ਸਾਵਧਾਨ ਹੋਏ। ਲਾਲਟੈਨ ਜਗਾਈ, ਹੌਲਦਾਰ ਨੂੰ ਪਛਾਣ ਕੇ ਬੇ ਮੌਕਿਆਂ ਆਉਣ ਦਾ ਕਾਰਨ ਪੁੱਛਿਆ। ਉਸ ਨੇ ਮੱਥਾ ਟੇਕ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਗਯਾ ਕਰੋ ਉਹ ਮਹਾਨ ਦੋਸ਼ੀ ਦਰਸ਼ਨ ਕਰਨੇ ਚਾਹੁੰਦਾ ਹੈ।" ਛੋਟੇ ਸੰਤ ਜੀ ਮਹਾਰਾਜ ਨੇ ਦਇਆਲੂ ਸੁਭਾਉ ਅਨੁਸਾਰ ਪਾਸ ਸੱਦ ਲਿਆ। ਹੌਲਦਾਰ ਨੂੰ ਤਰਸ ਆਇਆ ਉਸ ਨੇ ਸਿਫਾਰਸ਼ ਕੀਤੀ, "ਮਹਾਰਾਜ! ਇਹ ਬੜਾ ਵੱਡਾ ਦੋਸ਼ੀ ਹੈ ਜੋ ਹੁਣ ਦੋਖੀ ਹੋਇਆ ਸਰਕਾਰ ਤੋਂ ਡਰਦਾ ਰਾਤ ਕਿਤੇ, ਦਿਨ ਕਿਤੇ ਕੱਟਦਾ ਹੈ। ਆਪ ਇਸ ਦੇ ਕ੍ਰਿਪਾ ਕਰੋ।" ਸੰਤ ਜੀ ਮਹਾਰਾਜ ਦਯਾ ਦੇ ਘਰ ਵਿੱਚ ਆ ਕੇ ਕਹਿਣ ਲੱਗੇ, "ਇਸ ਨੇ ਬਹੁਤ ਵੱਡਾ ਗ਼ੁਨਾਹ ਕੀਤਾ ਹੈ। ਇੱਕ ਨਿਰਦੋਸ਼ ਬੰਦੇ ਦਾ ਮਾਰਨਾ, ਉਸ ਨੂੰ ਸੌ ਗਊ ਦੇ ਮਾਰਨ ਸਮਾਨ ਪਾਪ ਲੱਗਦਾ ਹੈ। ਕਿਸੇ ਮੁਸਲਮਾਨ ਫ਼ਕੀਰ ਨੇ ਆਪਣੇ ਸ਼ਿਸ਼ ਪ੍ਰਤੀ ਉਪਦੇਸ਼ ਕੀਤਾ ਹੈ:

ਐ ਜ਼ਾਲਮ ਗ਼ਰੀਬ ਮੱਤ ਸਤਾ, ਗ਼ਰੀਬ ਰੋ ਦੇ ਗਾ।
ਸੁਣੇਗਾ ਉਸਕਾ ਮਾਲਕ ਤੁਝੇ ਜੜ੍ਹ ਸੇ ਖੋ ਦੇ ਗਾ।
ਮਏ ਬਖਾਰ ਮੁਸਾਹਿਬ ਸੂਯ। ਆਤਸ਼ ਅੰਦਰ ਕਾਬਾ ਕੁਨ।
ਸਾਕੇ ਨ ਬੁਤਖਾਨਾ ਬਾਸ ਮਰਦਮ ਅਜਾਰੀ ਮਕੁਨ।

ਸ਼ਰਾਬ ਦਾ ਪੀਣਾ ਪਾਪ ਹੈ, ਕੁਰਾਨ ਦਾ ਸਾੜਨਾ, ਮੱਕੇ ਨੂੰ ਅੱਗ ਲਾਉਣੀ ਮਹਾਂ ਪਾਪ ਹੈ ਅਤੇ ਹਿੰਦੂਆਂ ਦੇ ਮੰਦਰ ਤੋੜ ਕੇ ਘਰ ਬਨਾਉਣਾ ਇਹ ਮਹਾਨ ਬੱਜਰ ਪਾਪ ਹੈ। ਪਰ ਮੈਂ ਇਹ ਸਭ ਪਾਪ ਮੁਆਫ਼ ਕਰ ਦੇਵਾਂਗਾ। ਜੇਕਰ ਪ੍ਰਮੇਸ਼ਰ ਦੇ ਮੰਦਰ ਰੂਪ ਕਿਸੇ ਦਾ ਹਿਰਦਾ ਦੁਖੀ ਕਰੇਂਗਾ ਤਾਂ ਮੈਂ ਕਦੇ ਵੀ ਮੁਆਫ਼ ਨਹੀਂ ਕਰਾਂਗਾ।

ਉਪਰੰਤ ਮਹਾਰਾਜ ਜੀ ਨੇ ਕਿਹਾ ਕਿ ਹੁਣ ਅਜੇ ਉਸੇ ਪਾਸੇ ਹੀ ਰਹਿ ਕੇ ਸਮਾਂ ਬਤੀਤ ਕਰੇ ਆਪਣੇ ਨਿੱਤਨੇਮ ਤੋਂ ਇਲਾਵਾ ਉਸ ਮਰਨ ਵਾਲੇ ਪ੍ਰਾਣੀ ਦੀ ਕਲਿਆਣ ਵਾਸਤੇ ਰੋਜ਼ ੨੫ ਜਪੁਜੀ ਸਾਹਿਬ ਦੇ ਪਾਠ ਕਰ ਕੇ ਉਸ ਦੇ ਨਮਿਤ ਅਰਦਾਸ ਕਰ ਦਿਆ ਕਰੋ। ਗੁਰੂ ਭਲੀ ਕਰੇਗਾ। ਇਉਂ ਮਹਾਂਪੁਰਸ਼ਾਂ ਨੇ ਇਸ ਦੇ ਗੁਨਾਹਾਂ ਨੂੰ ਮੇਟਣ ਦਾ ਉਪਦੇਸ਼ ਦਿੱਤਾ ਫੇਰ ਇਹ ਉਸੇ ਸਮੇਂ ਮੱਥਾ ਟੇਕ ਕੇ ਚਲੇ ਗਏ। ਉਹ ਦੋਸ਼ੀ ੭ ਸਾਲ ਫੇਰ ਉਸੇ ਪਾਸੇ ਬਾਹਰ ਫਿਰਦਾ ਰਿਹਾ ਅਤੇ ਸੰਤ ਜੀ ਮਹਾਰਾਜ ਦੇ ਕਹੇ ਅਨੁਸਾਰ ਰੋਜ਼ ਹੀ ੨੫ ਜਪੁਜੀ ਸਾਹਿਬ ਦੇ ਪਾਠ ਕਰ ਕੇ ਉਸ ਦੇ ਨਮਿਤ ਅਰਦਾਸ ਕਰ ਦਿੰਦਾ। ਇਉਂ ਜਦੋਂ ਇਸ ਨੂੰ ਭਜੇ ਹੋਏ ਨੂੰ ੧੩ ਸਾਲ ਹੋ ਗਏ ਅਤੇ ਸੰਤਾਂ ਦੇ ਪਾਸੋਂ ਛੁਟਕਾਰੇ ਦੀ ਜੁਗਤੀ ਪੁੱਛਿਆਂ ਸੱਤ ਸਾਲ ਹੋ ਗਏ। ਏਧਰੋਂ ਇਤਨੇ ਅਰਸੇ ਵਿੱਚ ਹਜ਼ੂਰ ਦੀ ਬਖ਼ਸ਼ਿਸ਼ ਦਾ ਸਦਕਾ ਮਰਨ ਵਾਲੇ ਪ੍ਰਾਣੀ ਦੇ ਘਰਦਿਆਂ ਨਾਲ ਮਾਰਨ ਵਾਲੇ ਦੇ ਘਰਦਿਆਂ ਦੀ ਸੁਲਾਹ ਹੋ ਗਈ। ਰਾਜ਼ੀ ਨਾਮਾ ਹੋਣ ਕਰ ਕੇ ਮੁਕੱਦਮਾ ਵਾਪਸ ਲੈ ਲਿਆ।

ਬੁਰਿਆ ਨਾਲ ਬੁਰਿਆਈ ਕਰਦੇ, ਮੁਆਫ਼ ਕਰਨ ਕਈ ਸਿਆਣੇ।
ਬੁਰਿਆਂ ਉੱਪਰ ਨੇਕੀ ਕਰਣੀ, ਇਹ ਗੁਰ ਨਾਨਕ ਜਾਣੇ।

ਕਿਸੇ ਅੰਗਰੇਜ਼ ਲਿਖਾਰੀ ਦਾ ਕਥਨ ਹੈ, Forgivness is the noblest revenge (ਫਾਰਗਿਵਨੈੱਸ ਇਜ਼

ਨੋਬਲੈਸਟ ਰੀਵੈਂਜ) ਭਾਵ ਕਿਸੇ ਦੇ ਗ਼ੁਨਾਹਾਂ ਨੂੰ ਮੁਆਫ਼ ਕਰ ਦੇਣਾ ਹੀ ਸਭ ਤੋਂ ਵੱਡਾ ਬਦਲਾ ਹੈ।

ਕਾਂਡ ੧੩

ਲਾਹੌਰ ਦੀ ਸੰਗਤ ਨੂੰ ਗੁਰਮਤਿ ਦਾ ਉਪਦੇਸ਼

ਜ਼ਿਲ੍ਹਾ ਸੰਗਰੂਰ ਦੇ ਸੁਨਾਮ ਸ਼ਹਿਰ ਪਾਸ ਚੱਠੇ ਨਾਮ ਦੇ ਦੋ ਤਿੰਨ ਨਗਰ ਹਨ, ਜਿਨ੍ਹਾਂ ਵਿੱਚੋਂ ਇੱਕ ਰੋਟੀ ਰਾਮ ਦੇ ਚੱਠਿਆਂ ਕਰ ਕੇ ਮਸ਼ਹੂਰ ਹੈ ਕਿਉਂਕਿ ਕਿਸੇ ਸਮੇਂ ਏਥੇ ਇੱਕ ਪੂਰਨ ਬੀਤਰਾਗ ਮਹਾਂਪੁਰਸ਼ ਹੋਇਆ ਸੀ ਜੋ ਕੇਵਲ ਅੱਠੀਂ ਪਹਿਰੀਂ ਇੱਕੋ ਵਾਰ ਹੀ ਭਿਖਿਆ ਨੂੰ ਜਾਂਦਾ ਅਤੇ ਗ੍ਰਿਹਸਤੀ ਭਗਤ ਦੇ ਬੂਹੇ ਅੱਗੇ 'ਰੋਟੀ ਰਾਮ' ਕਹਿ ਕੇ ਅਵਾਜ਼ ਦੇਣੀ। ਚਾਹੇ ਰੋਟੀ ਮਿਲੇ ਚਾਹੇ ਨਾ, ਦੂਜੀ ਆਵਾਜ਼ ਨਹੀਂ ਦੇਣੀ। ਦੋ ਤਿੰਨ ਘਰਾਂ ਤੋਂ ਵੱਧ ਫਿਰਨਾ ਨਹੀਂ। ਜਿੱਥੇ ਪ੍ਰਸ਼ਾਦਾ ਮਿਲ ਜਾਣਾ ਉਸੇ ਜਗ੍ਹਾ ਤੇ ਲੈ ਕੇ ਛਕ ਲੈਣਾ। ਬਹੁਤੀ ਕਿਸੇ ਨਾਲ ਗੱਲ ਨਹੀਂ ਕਰਣੀ। ਭਿਖਿਆ ਤੋਂ ਬਿਨਾਂ ਪਿੰਡ ਵਿੱਚ ਨਹੀਂ ਜਾਣਾ। ਜਿਸ ਕਰ ਕੇ ਉਸ ਦਾ ਨਾਮ ਹੀ 'ਸੰਤ ਰੋਟੀ ਰਾਮ' ਕਰ ਕੇ ਪ੍ਰਸਿੱਧ ਹੋ ਗਿਆ। ਇਹ ਚੰਗੀ ਕਰਣੀ ਵਾਲਾ ਮਹਾਤਮਾ ਸੀ। ਉਸ ਦੇ ਨਾਮ ਤੇ ਇਲਾਕੇ ਵਿੱਚ 'ਰੋਟੀ ਰਾਮ ਸੰਤ ਵਾਲੇ ਚੱਠੇ' ਮਸ਼ਹੂਰ ਹੋ ਗਏ।

ਏਥੋਂ ਦੇ ਰਹਿਣ ਵਾਲਾ ਅਰਜਨ ਸਿੰਘ ਨਾਮੇ ਇੱਕ ਪ੍ਰੇਮੀ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਕੁੱਝ ਕੁ ਸਮਾਂ ਅਸਥਾਨ ਤੇ ਰਹਿ ਕੇ ਸੇਵਾ ਕੀਤੀ। ਉਪਰੰਤ ਹਜ਼ੂਰ ਦੀ ਰਸਨਾ ਤੋਂ ਨਾਮ ਸਿਮਰਨ ਦਾ ਉਪਦੇਸ਼ ਲੈ ਕੇ ਪੂਰਨ ਸ਼ਰਧਾਲੂ ਬਣ ਗਿਆ। ਇਹ ਚੰਗੀ ਕਮਾਈ ਵਾਲੀ ਗੁਰਮੁਖ ਨਿੱਕਲਿਆ। ਵੱਡੇ ਵੱਡੇ ਸ਼ਹਿਰਾਂ ਵਿੱਚ ਵਿਚਰ ਕੇ ਗੁਰਬਾਣੀ ਦਾ ਕੀਰਤਨ ਅਤੇ ਗੁਰਮਤਿ ਦਾ ਪ੍ਰਚਾਰ ਕਰਦਾ। ਸੰਗਤਾਂ ਇਸ ਦੀ ਮਿੱਠੀ ਆਵਾਜ਼ ਨਾਲ ਗੁਰਬਾਣੀ ਦਾ ਸਿੱਧੀਆਂ ਧਾਰਨਾਂ ਵਿੱਚ ਕੀਰਤਨ ਸੁਣ ਕੇ ਮੋਹਿਤ ਹੋ ਜਾਂਦੀਆਂ। ਕਈ ਵਾਰ ਲਾਹੌਰ ਸ਼ਹਿਰ ਗਿਆ। ਪੁਰਾਣੇ ਧਰਮਪੁਰੇ ਕੀਰਤਨ ਕੀਤਾ, ਸੰਗਤਾਂ ਨੇ ਬੜਾ ਪ੍ਰੇਮ ਜਤਾਇਆ। ਸੰਗਤ ਦੀ ਅਪਾਰ ਸ਼ਰਧਾ ਦੇਖ ਕੇ ਇਸ ਨਿਰਮਾਣ ਗੁਰਮੁਖ ਨੇ ਕਿਹਾ, "ਪ੍ਰੇਮੀਓ! ਮੈਂ ਤਾਂ ਤੁਹਾਡੇ ਵਰਗਾ ਹੀ ਇੱਕ ਨਾਮ ਧਰੀਕ ਭੇਖੀ ਸਿੱਖ ਹਾਂ। ਜੇਕਰ ਤੁਸੀਂ ਇਸ ਅੰਮ੍ਰਿਤ ਕੀਰਤਨ ਦਾ ਅਸਲੀ ਰਸ ਮਾਨਣਾ ਹੈ ਤਾਂ ਤੁਸੀਂ ਮੇਰੇ ਨਾਲ ਕਰਮਸਰ ਚਲੋ। ਉੱਥੇ ਸਮੇਂ ਦੇ ਤਾਰਕ, ਨਿੱਤ ਅਵਤਾਰ, ਪੂਰਨ ਮਹਾਂਪੁਰਸ਼, ਰਾਜੇ ਜੋਗੀ ਆਪਣੀ ਜੋਤ ਜਗਾ ਰਹੇ ਹਨ। ਉਨ੍ਹਾਂ ਦੇ ਦਰਸ਼ਨ ਕਰੋ। ਤੁਹਾਡੀ ਮਨੋ ਕਾਮਨਾ ਪੂਰੀ ਹੋਵੇਗੀ।" ਨਿਰੋਲ ਕੀਰਤਨ ਦੇ ਗਾਹਕ ਪ੍ਰੇਮੀ ਉਸੇ ਸਮੇਂ ਤਿਆਰ ਹੋ ਕੇ ਉਸ ਗੁਰਮੁਖ ਨਾਲ ਕਰਮਸਰ ਪੁੱਜੇ, ਜਿਨ੍ਹਾਂ ਨਾਲ ਇਹ ਮੁਖੀ ਸੱਜਣ ਸਨ: ਸ. ਨਿਹਾਲ ਸਿੰਘ, ਭਾਈ ਸ਼ੇਰ ਸਿੰਘ, ਭਾਈ ਸੁੰਦਰ ਸਿੰਘ, (ਇਹ ਸਾਰੇ ਰੇਲਵੇ ਵਰਕਸ਼ਾਪ ਮੁਗ਼ਲਪੁਰਾ ਵਿੱਚ ਮੁਲਾਜ਼ਮ ਸਨ) ਇਨ੍ਹਾਂ ਨਾਲ ਪੰਜ ਚਾਰ ਸੱਜਣ ਹੋਰ ਵੀ ਸਨ।

ਨਹਿਰ ਦੇ ਕਿਨਾਰੇ ਹਜ਼ੂਰ ਦੀ ਤਪੋਭੂਮੀ ਦਾ ਦਰਸ਼ਨ ਕਰ ਕੇ ਨਾਸਕ ਦੇ ਕੰਢੇ ਪੰਚਬਟੀ ਵਾਂਗ ਸੁੰਦਰ ਅਸਥਾਨ ਦੇਖ ਕੇ ਮਨ ਗਦ ਗਦ ਹੋ ਗਿਆ। ਹਿਰਦੇ ਨੂੰ ਕੋਈ ਅਗੰਮੀ ਠੰਢ ਜਾਪੀ। ਭਾਵਨਾ ਨਾਲ ਰੂਹਾਨੀ ਦਾਤੇ ਦੇ ਚਰਨ ਚੁੰਮੇ। ਪੂਰਨਮਾਸ਼ੀ ਦਾ ਮਾਹਵਾਰੀ ਦੀਵਾਨ ਸੀ। ਜਦੋਂ ਸ਼ਾਮ ਨੂੰ ਕੀਰਤਨ ਸੁਣਿਆ (ਜਿਸ ਵਾਜੇ ਦੀ ਬੀਨ ਵਜਣ ਸਮੇਂ ਜ਼ਹਿਰੀਲੇ ਸੱਪ ਵੀ ਮਸਤੀ ਵਿੱਚ ਆ ਕੇ ਆਪਣਾ ਤਾਮਸੀ ਸੁਭਾਉ ਛੱਡ ਕੇ ਨਿਰਤਕਾਰੀ ਕਰਨ ਲੱਗ ਪੈਂਦੇ ਹਨ) ਮਰਦਾਨੇ ਦੀ ਰਬਾਬ ਵਾਂਗ ਵਾਜੇ ਦੀਆਂ ਸੁਰਾਂ ਸੁਣ ਕੇ ਇਨ੍ਹਾਂ ਨੂੰ ਦੇਸ਼ ਕਾਲ ਭੁੱਲ ਗਿਆ।

ਦਾਤਾਰ ਦਾ ਵਾਜਾ

ਪੂਰਨਮਾਸ਼ੀ ਦਾ ਅੱਜ ਦੀਵਾਨ ਸੋਹਣਾ, ਲਿਆ ਰੱਖਿਆ ਤੇਰਾ ਦਾਤਾਰ ਵਾਜਾ।
ਇੰਦਰਪੁਰੀ ਦੇ ਸਾਜ ਵੀ ਮਾਤ ਪੈ ਗਏ, ਜਦੋਂ ਵੱਜਿਆ ਤੇਰਾ ਇੱਕ ਵਾਰ ਵਾਜਾ।
ਐਸੀ ਮਿੱਠੀ ਸੁਰੀਲੀ ਆਵਾਜ਼ ਨਾਹੀ, ਮੈਂ ਦੇਖਿਆ ਕਈ ਹਜ਼ਾਰ ਵਾਜਾ।
ਮਸਤੀ ਏਸ ਦੀਆਂ ਸੁਰਾਂ ਵਿੱਚ ਹੈ ਕਿਤਨੀ, ਖਬਰੇ ਇਹ ਮਰਦਾਨੇ ਦੀ ਤਾਰ ਵਾਜਾ।
ਪੱਥਰ ਮੋਮ ਹੁੰਦੇ ਬ੍ਰਿਖਸ਼ ਝੂਮ ਜਾਂਦੇ, ਜਦੋਂ ਵੱਜੇ ਮ੍ਰਿਦੰਗ ਦੇ ਨਾਲ ਵਾਜਾ।
ਬ੍ਰਿਤੀ ਬ੍ਰਹਮ ਅਨੰਦ ਵਿੱਚ ਲੀਨ ਹੋਵੇ, ਮਸਤੀ ਦੇਂਵਦਾ ਅਪਰ ਅਪਾਰ ਵਾਜਾ।
ਜੋਗੀ ਜੋਗ ਵੈਰਾਗ ਵੈਰਾਗੀਆਂ ਨੂੰ, ਦੇਂਦਾ ਬਖ਼ਸ਼ ਹੈ ਬ੍ਰਹਮ ਵੀਚਾਰ ਵਾਜਾ।
ਸ਼ੰਕਰ ਡਮਰੂ ਤੇ ਨਾਰਦ ਦੀ ਹੈ ਬੀਣਾ, ਮੁਰਲੀ ਕਾਨ੍ਹ ਤੇ ਬਾਣੀ ਸਤਾਰ ਵਾਜਾ।
ਮੁਕਤ ਭੁਗਤ ਰਣਜੀਤ ਮਰਗਿੰਦ ਮਿਲਦੀ, ਕਟ ਦਏ ਚੌਰਾਸੀ ਦੇ ਜਾਰ ਵਾਜਾ।

ਦੀਵਾਨ ਦੀ ਸਮਾਪਤੀ ਤੱਕ ਅਡੋਲ ਸੁਰਤਾਂ ਜੁੜੀਆਂ ਰਹੀਆਂ। ਅਰਦਾਸ ਸਮੇਂ ਵੀ ਨਾਲ ਦੇ ਪ੍ਰੇਮੀਆਂ ਨੇ ਹਲੂਣ ਕੇ ਸਮਾਧੀ ਤੋਂ ਉਥਾਨ ਕੀਤਾ। ਏਹੋ ਜਿਹਾ ਅਨੰਦ ਇਨ੍ਹਾਂ ਨੇ ਅੱਗੇ ਕਾਹਨੂੰ ਕਦੇ ਦੇਖਿਆ ਸੀ। ਅਰਸ਼ੀ ਹੁਕਮ ਹੈ:

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਏ ॥੧॥ ਰਹਾਉ ॥ (ਸਾਰੰਗ ਮਃ ੫ - ੧੨੦੮)

ਸਾਰੀ ਰਾਤ ਹਰੀ ਜਸ ਵਿੱਚ ਬਤੀਤ ਕੀਤੀ। ਸਵੇਰੇ ਸੰਤ ਅਰਜਨ ਸਿੰਘ ਨੂੰ ਨਾਲ ਲੈ ਕੇ ਅਰਸ਼ੀ ਦਾਤਾਰ ਦਾ ਦਰਸ਼ਨ ਕੀਤਾ। ਸਭਨਾਂ ਨੇ ਭੇਟਾ ਰੱਖ ਕੇ ਭਾਵਨਾ ਨਾਲ ਨਮਸ਼ਕਾਰ ਕੀਤੀ। ਹਜ਼ੂਰ ਨੇ ਸਾਰਿਆਂ ਦਾ ਆਦਰ ਕੀਤਾ। ਨਾਮ ਠਾਮ ਤੇ ਸੁੱਖ ਅਨੰਦ ਪੁੱਛੀ। ਉਪਰੰਤ ਇਨ੍ਹਾਂ ਨੇ ਹੱਥ ਜੋੜ ਕੇ ਅਰਜ਼ ਕੀਤੀ, "ਗਰੀਬ ਨਿਵਾਜ਼! ਆਪ ਕ੍ਰਿਪਾ ਕਰ ਕੇ ਲਾਹੌਰ ਦੀ ਸੰਗਤ ਨੂੰ ਦਰਸ਼ਨ ਬਖ਼ਸ਼ੋ।" ਚੋਜ਼ੀ ਪ੍ਰੀਤਮ ਨੇ ਕੁਛ ਕੁ ਸਮਾਂ ਨੇਤ੍ਰ ਬੰਦ ਰੱਖੇ। ਕੋਈ ਉੱਤਰ ਨਾ ਦਿੱਤਾ। ਉਪਰੰਤ ਕਮਲਾਂ ਸਮਾਨ ਨੇਤਰ ਖੁੱਲ੍ਹੇ। ਜਗਿਆਸੂ ਭੌਰਿਆਂ ਦੇ ਮਨਾਂ ਵਿੱਚ ਖੇੜਾ ਆ ਗਿਆ। ਬੇਨਤੀ ਪ੍ਰਵਾਨ ਹੋ ਗਈ ਅਤੇ ਆਪ ਆਪਣੀ ਤਿਆਰੀ ਕਰ ਕੇ ਪਹਿਲੀ ਵਾਰ ਨਵੰਬਰ ੧੯੩੭ ਈ. ਨੂੰ ਮੱਘਰ ਦੇ ਮਹੀਨੇ ਜਥੇ ਦੇ ਇਨ੍ਹਾਂ ਸਿੰਘਾਂ ਸਮੇਤ ਲਾਹੌਰ ਪੁੱਜੇ: ਸੰਤੋਖ ਸਿੰਘ (ਸੁਆਮੀ ਜੀ), ਗੁੱਜਰ ਸਿੰਘ (ਬਾਈ ਜੀ), ਗੁਰਬਚਨ ਸਿੰਘ (ਭਾਈ ਜੀ), ਬਚਨ ਸਿੰਘ ਸੁਧਾਰ, ਬਚਨ ਸਿੰਘ ਜਗੇੜਾ, ਦਲੀਪ ਸਿੰਘ ਮੋਮਨਾਬਾਦ, ਦਲੀਪ ਸਿੰਘ ਮਾਠਾ, ਭਾਈ ਮੋਤਾ ਸਿੰਘ ਢੋਲਕੀ ਮਾਸਟਰ, ਇੰਦਰ ਸਿੰਘ ਹਜ਼ੂਰੀਆ ਸੇਵਾਦਾਰ ਜੋ (ਗੜਵਈ) ਸਨ।

ਪਾਕਿਸਤਾਨ ਤੋਂ ਪਹਿਲਾਂ ਲਾਹੌਰ ਦਾ ਨਕਸ਼ਾ

ਉਸ ਸਮੇਂ ਲਾਹੌਰ ਸ਼ਹਿਰ ਨੂੰ ਹਿੰਦੁਸਤਾਨ ਦਾ ਪੈਰਸ ਮੰਨਿਆ ਜਾਂਦਾ ਸੀ। ਜੋ ਵੀਹ ਮੀਲ ਲੰਮਾ ਤੇ ਸੋਲਾਂ ਮੀਲ ਚੌੜਾ ਸੀ। ਸਾਰੇ ਸ਼ਹਿਰ ਵਿੱਚ ਵੱਡੀਆਂ ਵੱਡੀਆਂ ਕੁਲ ਦੁਕਾਨਾਂ ੫੩੩੨ ਸਨ ਜਿਨ੍ਹਾਂ ਵਿੱਚੋਂ ੩੫੦੧ ਹਿੰਦੂ ਅਤੇ ਸਿੱਖਾਂ ਦੀਆਂ ਸਨ ਬਾਕੀ ਮੁਸਲਮਾਨਾਂ ਦੀਆਂ। ੨੧੮ ਰਜਿਸਟਰਡ ਕਾਰਖਾਨੇ ਸਨ ਜਿਨ੍ਹਾਂ ਵਿੱਚੋਂ ੧੭੩ ਹਿੰਦੂ ਸਿੱਖਾਂ ਦੇ ਬਾਕੀ ਦੇ ਮੁਸਲਮਾਨਾਂ ਦੇ ਸਨ। ੨੬ ਬੈਂਕ ਜੋ ਹਿੰਦੂ ਤੇ ਸਿੱਖਾਂ ਦੇ ਸਨ। ੮੦ ਬੀਮਾ ਕੰਪਨੀਆਂ ਦੇ ਦਫ਼ਤਰ ਸਨ, ਜਿਨ੍ਹਾਂ ਵਿੱਚੋਂ ੧੫ ਵੱਡੇ ਸਨ। ਇਨ੍ਹਾਂ ਵਿੱਚੋਂ ਸਿਰਫ ਦੋ ਮੁਸਲਮਾਨਾਂ ਦੇ ਸਨ ਬਾਕੀ ਦੇ ਸਾਰੇ ਹਿੰਦੂ ਸਿੱਖਾਂ ਦੇ। ੧੨ ਕਾਲਜਾਂ ਵਿੱਚੋਂ ਇੱਕ ਗੌਰਮਿੰਟ ਦਾ ਤੇ ਇੱਕ ਕਾਲਜ ਮੁਸਲਮਾਨਾਂ ਦਾ ਸੀ। ੧੦ ਹਿੰਦੂ ਸਿੱਖਾਂ ਦੇ ਸਨ। ੩੬ ਸਕੂਲਾਂ 'ਚੋਂ ਕੇਵਲ ੪ ਸਕੂਲ ਮੁਸਲਮਾਨਾਂ ਦੇ ਸਨ। ਵੱਡੇ ਵੱਡੇ ੧੨ ਹਸਪਤਾਲ ਸਨ ਜਿਨ੍ਹਾਂ ਵਿੱਚ ਮੁਸਲਮਾਨਾਂ ਦਾ ਕੋਈ ਨਹੀਂ ਸੀ। ਉਸ ਸਮੇਂ ਪੰਜਾਬ ਯੂਨੀਵਰਸਿਟੀ ਲਾਹੌਰ ਸੀ, ਜੋ ਸੰਸਾਰ ਭਰ ਦੀਆਂ ਵੱਡੀਆਂ ਵੱਡੀਆਂ ਯੂਨੀਵਰਸਟੀਆਂ 'ਚੋਂ ਇੱਕ ਸੀ। ਇਸ ਨਾਲ ਪੰਜਾਬ, ਦਿੱਲੀ, ਸਰਹੰਦ, ਬਲੋਚਸਤਾਨ ਦੇ ਰਿਆਸਤਾਂ ਦੇ ੧੪੦ ਕਾਲਜ ਸਬੰਧਤ ਸਨ। ਇਉਂ ਲਾਹੌਰ ਬੜਾ ਮਸ਼ਹੂਰ ਸ਼ਹਿਰ ਸੀ।

ਇਸ ਲਾਹੌਰ ਸ਼ਹਿਰ ਵਿੱਚ ੧੫ ਦਿਨ ਠਹਿਰੇ। ਸ. ਨਿਹਾਲ ਸਿੰਘ, ਜਵੰਦ ਸਿੰਘ ਦੇ ਘਰ ਉੱਪਰ ਚੁਬਾਰੇ ਵਿੱਚ ਰਿਹਾਇਸ਼ ਰੱਖੀ। ਸੰਗਤ ਸ਼ਰਧਾ ਨਾਲ ਹਰ ਰੋਜ਼ ਪੁਰਾਣੇ ਧਰਮਪੁਰੇ ਗੁਰਦੁਆਰੇ ਸਾਹਿਬ ਕੀਰਤਨ ਦਾ ਅਨੰਦ ਮਾਣਦੀ। ਦਿਨੇ ਵੀ ਕੁਰਸੀ ਦੇ ਸਮੇਂ ੯ ਤੋਂ ੧੦ ਵਜੇ ਤੱਕ ਪ੍ਰਮਾਰਥੀ ਬਚਨ ਹੁੰਦੇ। ਸਿੱਪੀ ਵਿੱਚ ਮੋਤੀ ਪੈਦਾ ਕਰਨ ਵਾਲੀ ਸ੍ਵਾਂਤੀ ਬੂੰਦ; ਜੋ ਤੜਫਦੇ ਪਪੀਹੇ ਦੀ ਤ੍ਰੇਹ ਬੁਝਾ ਕੇ ਸ਼ਾਂਤੀ ਬਖ਼ਸ਼ਦੀ ਹੈ, ਉਸ ਦੇ ਇਲਾਹੀ ਕੀਰਤਨ ਦੀ ਅੰਮ੍ਰਿਤ ਦਾਤ ਨੂੰ ਪਾ ਕੇ ਪਿਆਸੇ ਜਗਿਆਸੂ ਤ੍ਰਿਪਤ ਹੋ ਗਏ। ਸੁੱਖ ਦਾ ਸਮਾਂ ਚਾਹੇ ਵਧੇਰੇ ਵੀ ਹੋਵੇ, ਛੇਤੀ ਲੰਘ ਜਾਂਦਾ ਹੈ। ਪੂਰਨਮਾਸ਼ੀ ਦਾ ਦੀਵਾਨ ਆਇਆ ਜਾਣ ਕੇ ਆਪ ਵਾਪਸ ਆਉਣ ਲਈ ਤਿਆਰ ਹੋ ਗਏ। ਸੰਗਤ ਨੇ (ਜੋ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਅਤੇ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਅਤਿਅੰਤ ਸ਼ਰਧਾਲੂ ਬਣ ਚੁੱਕੀ ਸੀ) ਇੱਕ ਸਾਲ ਠਹਿਰਨ ਲਈ ਭਾਵਨਾਂ ਨਾਲ ਬੇਨਤੀ ਕੀਤੀ। ਪਰ ਹਜ਼ੂਰ ਨੇ ਕਿਹਾ, "ਪ੍ਰੇਮੀਓ! ਅਸੀਂ ਰੱਬੀ ਹੁਕਮ ਵਿੱਚ ਹਾਂ। ਸਾਨੂੰ ਇਉਂ ਪਾਬੰਦ ਨਾ ਕਰੋ। ਫੇਰ ਜਿਵੇਂ ਮਾਲਕ ਦੀ ਆਗਿਆ ਹੋਈ ਵਰਤੀ ਜਾਵੇਗੀ।" ਪਿਆਸਾ ਪੁਰਸ਼ ਪਾਣੀ ਤੇ ਭੁੱਖਾ ਜਿਵੇਂ ਰੋਟੀ ਮੰਗੀ ਜਾਂਦਾ ਹੈ।

ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥ (ਭੈਰਉ ਭਗਤ ਨਾਮਦੇਵ ਜੀ - ੧੧੬੪)

ਅਥਵਾ: *ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ ॥* (ਗਉੜੀ ਵਾਰ-੧ ਮਃ ੫ - ੩੧੭)

ਇਸੇ ਤਰ੍ਹਾਂ ਜਦੋਂ ਭਰੇ ਦੀਵਾਨ ਵਿੱਚ ਸਾਰਿਆਂ ਨੇ ਹੱਥ ਜੋੜ ਗਲ ਪੱਲੇ ਪਾ ਕੇ ਖੜਿਆਂ ਹੋ ਕੇ ਛੇ ਮਹੀਨਿਆਂ ਦਾ ਸਮਾਂ ਮੰਗਣ ਵਾਸਤੇ ਬਾਰੰਬਾਰ ਅਰਜ਼ ਕੀਤੀ ਤਾਂ ਆਪ ਜੀ ਨੇ ਮੇਹਰਾਂ ਦੇ ਘਰ ਵਿੱਚ ਆ ਕੇ ਇਸੇ ਸਾਲ ਦੇ ਫੱਗਣ ਮਹੀਨੇ ਪਿਡਾਂ ਦਾ ਦੌਰਾ ਬੰਦ ਕਰ ਕੇ ਦੋ ਮਹੀਨੇ ਲਾਹੌਰ ਸ਼ਹਿਰ ਨੂੰ ਫੇਰ ਬਖ਼ਸ਼ ਦਿੱਤਾ ਅਤੇ ਆਪ ੧੯੩੮ ਈ. ਫਰਵਰੀ ਦੇ ਮਹੀਨੇ ਫੇਰ ਦੁਬਾਰਾ ਲਾਹੌਰ ਪੁੱਜੇ। ਸ. ਨਿਹਾਲ ਸਿੰਘ ਦੇ ਘਰ ਰਿਹਾਇਸ਼ ਰੱਖੀ। ਕੀਰਤਨ ਪਹਿਲੀ ਜਗ੍ਹਾ ਪੁਰਾਣੇ ਧਰਮਪੁਰੇ ਦੇ ਗੁਰਦੁਆਰੇ ਸਾਹਿਬ ਹੀ ਹੁੰਦਾ ਰਿਹਾ। ਜਦੋਂ ਆਪ ਪਹਿਲੀ ਵਾਰ ੧੯੩੭ ਈ. ਵਿੱਚ ਆਏ ਸਨ, ਉਸ ਸਮੇਂ

ਸ. ਸੁੰਦਰ ਸਿੰਘ ਨੇ ਚਰਨਾਂ ਵਿੱਚ ਹਾਜ਼ਰ ਹੋ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਘਰ ਵਿੱਚ ਅਜੇ ਤੱਕ ਕੋਈ ਲੜਕਾ ਨਹੀਂ ਹੋਇਆ। ਹੁਣ ਕੁਛ ਸਮੇਂ ਤੱਕ ਬੱਚੇ ਨੇ ਜਨਮ ਲੈਣਾ ਹੈ। ਆਪ ਬਖ਼ਸ਼ਿਸ਼ ਕਰੋ ਲੜਕਾ ਹੋਵੇ, ਤਾਂ ਕਿ ਇਸ ਖ਼ੁਸ਼ੀਆਂ ਭਰੇ ਸਮੇਂ ਮੈਂ ਹਜ਼ੂਰ ਦੇ ਜਥੇ ਤੋਂ ਅਖੰਡ ਪਾਠ ਕਰਵਾਵਾਂ।" ਸੰਤ ਜੀ ਮਹਾਰਾਜ ਬੋਲੇ, "ਪ੍ਰੇਮੀਆਂ ! ਸ਼ਰਧਾ ਰੱਖ। ਗੁਰੂ ਨਾਨਕ ਦੇਵ ਜੀ ਭਲੀ ਕਰਨਗੇ।"

ਸੰਤ ਜੀ ਮਹਾਰਾਜ ਦੇ ਗਿਆਂ ੧੯੩੮ ਈ. ਮਾਰਚ ਦੇ ਮਹੀਨੇ ਲੜਕੇ ਨੇ ਜਨਮ ਲਿਆ। ਪ੍ਰਵਾਰ ਵਿੱਚ ਬੜੀਆਂ ਖ਼ੁਸ਼ੀਆਂ ਹੋਈਆਂ। ਸੰਤ ਜੀ ਮਹਾਰਾਜ ਦੀ ਆਗਿਆ ਅਨੁਸਾਰ ਘਰ ਵਿੱਚ ਅਖੰਡ ਪਾਠ ਕਰਵਾ ਕੇ ਸਾਰੇ ਜਥੇ ਨੂੰ ਬਸਤਰ ਭੇਟਾ ਕੀਤੇ ਅਤੇ ਅਰਦਾਸ ਉਪਰੰਤ ਆਏ ਸਤਿਗੁਰਾਂ ਦੇ ਮਹਾਂਵਾਕ ਤੋਂ ਬੱਚੇ ਦਾ ਨਾਮ ਵੀ ਥੰਮਨ ਸਿੰਘ ਹਜ਼ੂਰ ਦੀ ਰਸਨਾ ਤੋਂ ਰਖਵਾਇਆ। ਫੇਰ ਤਾਂ ਹੋਰ ਵੀ ਸੰਗਤ ਨੂੰ ਬੜੀ ਸ਼ਰਧਾ ਵੱਧ ਗਈ। ਉਸ ਸਮੇਂ ਸ. ਭਗਵਾਨ ਸਿੰਘ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਦਾਸ ਤੇ ਵੀ ਬਖ਼ਸ਼ਿਸ਼ ਕਰੋ। ਹਜ਼ੂਰ ਦੇ ਮੁਬਾਰਕ ਬਚਨਾ ਦਾ ਸਦਕਾ ਘਰ ਵਿੱਚ ਲੜਕੇ ਦਾ ਜਨਮ ਹੋਵੇ।" ਸੰਤ ਜੀ ਕਹਿਣ ਲੱਗੇ, "ਤੂੰ ਆਪਣੇ ਘਰ ਵਿੱਚ ਮੋਨ ਦਾ ਅਖੰਡ ਪਾਠ ਕਰਵਾ, ਗੁਰੂ ਭਲੀ ਕਰੇਗਾ।" ਇਸ ਨੇ ਬੇਨਤੀ ਕੀਤੀ, "ਮਹਾਰਾਜ! ਉਹ ਕਿਸ ਵਿਧੀ ਨਾਲ ਕੀਤਾ ਜਾਂਦਾ ਹੈ?" ਹਜ਼ੂਰ ਕਹਿਣ ਲੱਗੇ, "ਕਿਸੇ ਕਾਰਜ ਦੀ ਸਿੱਧੀ ਲਈ ਇਹ ਕਾਫ਼ੀ ਸੰਜਮ ਨਾਲ ਕਰੀਦਾ ਹੈ।"

ਮੋਨ ਦੇ ਪਾਠ ਦੀ ਵਿਧੀ

ਗੁਰੂ ਮਹਾਰਾਜ ਦਾ ਪਾਠ ਕਰਨ ਵਾਲੇ ਅਖੰਡ ਪਾਠੀ, ਸਮੇਤ ਜਪੁਜੀ ਸਾਹਿਬ ਵਾਲਿਆਂ ਦੇ ਨਾਮ ਬਾਣੀ ਦੇ ਅਭਿਆਸੀ, ਮਾਸ ਸ਼ਰਾਬ ਤੋਂ ਰਹਿਤ, ਵੈਸ਼ਨਵੀ ਖ਼ਿਆਲਾਂ ਦੇ ਹੋਣੇ ਚਾਹੀਦੇ ਹਨ। ਬਲਕਿ ਚਾਹ ਦੀ ਵਰਤੋਂ ਵੀ ਨ ਕਰਨ। ਪਾਠ ਅਰੰਭ ਸਮੇਂ ਪੰਜ ਅਖੰਡਪਾਠੀ, ਪੰਜ ਜਪੁ ਜੀ ਸਾਹਿਬ ਵਾਲੇ ਅਤੇ ਪੰਜੇ ਹੀ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਬੈਠਣ ਵਾਲੇ ਸੇਵਾਦਾਰ (ਜੋ ਪਾਠੀਆਂ ਦੇ ਨਾਲ ਦੋ ਘੰਟਿਆਂ ਬਾਅਦ ਬਦਲ ਕੇ ਮਾਲਾ ਨਾਲ ਮੂਲਮੰਤ੍ਰ ਦਾ ਹੀ ਜਾਪ ਕਰੀ ਜਾਵਣ) ਦੋ ਲਾਂਗਰੀ ਜੋ ਨਾਮ ਬਾਣੀ ਦੇ ਪ੍ਰੇਮੀ ਹੋਵਣ ਅਤੇ ਉਹ ਆਪ ਪਾਠੀਆਂ ਵਾਸਤੇ ਚੌਲਾਂ ਮੂੰਗੀ ਦੀ ਖਿਚੜੀ ਬਨਾਉਣ। ਲੰਗਰ ਵਿੱਚ ਪਿਆਜ਼ ਤੱਕ ਦੀ ਵਰਤੋਂ ਨਾ ਕੀਤੀ ਜਾਵੇ। ਪਾਠੀ ਭੂਮ ਆਸਨ ਰੱਖ ਕੇ ਸੰਜਮ ਨਾਲ ਇਕੋ ਜਗ੍ਹਾ ਹੀ ਰਹਿਣ। ਧੂਪ, ਦੀਪ, ਕੁੰਭ ਨਾਰੇਲ ਆਦਿਕ ਸਾਰੀ ਸਮੱਗਰੀ ਹਾਜ਼ਰ ਕਰ ਕੇ ਗੋਕੇ ਘੀ ਦੀ ਦੇਗ ਪਹੁੰਚਿਆਂ ਸਵੇਰੇ ਚਾਰ ਵਜੇ ਪਾਠ ਸ਼ੁਰੂ ਕਰ ਕੇ ਤੀਸਰੇ ਦਿਨ ਉਸੇ ਸਮੇਂ ਅੰਮ੍ਰਿਤ ਵੇਲੇ ਭੋਗ ਪਾਉਣਾ। ਪਾਠ ਦੇ ਆਰੰਭ ਦੀ ਅਰਦਾਸ ਤੋਂ ਬਾਅਦ ਭੋਗ ਦੇ ਸਮੇਂ ਤੱਕ ਕਿਸੇ ਪਾਠੀ ਜਾਂ ਸੇਵਾਦਾਰ ਨੇ ਕੋਈ ਬਚਨ ਨਹੀਂ ਕਰਨਾ। ਕੇਵਲ ਆਪਣੀ ਪਾਠ ਦੀ ਵਾਰੀ ਦੇ ਕੇ, ਅੱਠੇ ਪਹਿਰ ਸਿਮਰਨ ਵਿੱਚ ਜੁੜਿਆਂ ਰਹਿਣਾ। ਨਾ ਹੀ ਬਾਹਰ ਜਾਣਾ ਹੈ। ਹਰ ਇੱਕ ਪਾਠੀ ਰੌਲ ਦੇ ਸਮੇਂ ਕੇਸੀ ਇਸ਼ਨਾਨ ਕਰ ਕੇ ਸਵੱਛ ਬਸਤ੍ਰ ਪਹਿਨ ਕੇ ਗੁਰੂ ਮਹਾਰਾਜ ਦੀ ਤਾਬਿਆ ਜਾਵੇ। ਮਨ ਦੀ ਇਕਾਗਰਤਾ ਨਾਲ ਬਾਣੀ ਦਾ ਰੂਪ ਹੋ ਕੇ ਪਾਠ ਵਿੱਚ ਲੀਣ ਰਹੇ। ਪਾਠੀਆਂ ਦੇ ਲੰਗਰ ਵਿੱਚ ਵੀ ਗੋਕਾ ਘੀ ਤੇ ਗੋਕਾ ਦੁੱਧ ਹੀ ਵਰਤਿਆ ਜਾਵੇ। ਭੋਗ ਦੀ ਅਰਦਾਸ ਤੋਂ ਬਾਅਦ ਮੋਨ ਖੁਲ੍ਹੇ। ਇਉਂ ਹੋਰ ਵੀ ਕੁਛ ਬਚਨ ਸਮਝੇ।

ਇਸ ਨੇ ਅਰਜ਼ ਕੀਤੀ, "ਮਹਾਰਾਜ! ਫੇਰ ਇਹ ਮਹਾਨ ਕਾਰਜ ਤਾਂ ਆਪ ਜੀ ਦੀ ਬਖ਼ਸ਼ਿਸ਼ ਨਾਲ ਹੀ ਹੋ ਸਕਦਾ ਹੈ। ਸਾਨੂੰ ਤਾਂ ਏਹੋ ਜਿਹੇ ਪਾਠੀ ਵੀ ਨਹੀਂ ਲੱਭਣੇ। ਆਪ ਹੀ ਕ੍ਰਿਪਾ ਕਰੋ ਤੇ ਹੁਣੇ ਹੀ ਪਾਠ ਅਰੰਭ ਕਰਵਾ ਦਿਓ।" ਸੰਤ ਜੀ ਕਹਿਣ ਲੱਗੇ, "ਚੰਗਾ। ਤੂੰ ਆਪਣੇ ਘਰ ਸਾਰੀ ਤਿਆਰੀ ਕਰ ਲੈ। ਫੇਰ ਪਤਾ ਦੇਵੀਂ।" ਇਸ ਨੇ ਪੂਰਨ ਤਿਆਰੀ ਕਰ ਕੇ ਫੇਰ ਆ ਕੇ ਚਰਨਾਂ ਵਿੱਚ ਅਰਜ਼ ਕੀਤੀ। ਇਸ ਦੇ ਘਰ ਵਿਧੀ ਸੰਜੁਕਤ ਮੋਨ ਦਾ ਅਖੰਡ ਪਾਠ ਰੱਖਿਆ। ਹਜ਼ੂਰ ਦੇ ਬਚਨਾਂ ਨਾਲ ਅਗਲੇ ਸਾਲ ਵਿੱਚ ਲੜਕੇ ਨੇ ਜਨਮ ਲਿਆ, ਜਿਸ ਦਾ ਨਾਮ ਅਖੰਡ ਪਾਠ ਦਾ ਭੋਗ ਪਵਾ ਕੇ ਆਏ ਮਹਾਂਵਾਕ ਦੇ ਪਹਿਲੇ ਅੱਖਰ ਤੋਂ ਸੰਤ ਜੀ ਮਹਾਰਾਜ ਜੀ ਦੀ ਰਸਨਾ ਤੋਂ ਮਨਮੋਹਨ ਸਿੰਘ ਰਖਵਾਇਆ।

ਗੁਰਬਾਣੀ ਦਾ ਰਸ ਭਿੰਨਾ ਕੀਰਤਨ ਗੁਰਮਤ ਦਾ ਪ੍ਰਚਾਰ ਤੇ ਕਾਫ਼ੀ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਲਾਹੌਰ ਵਾਸੀ ਪ੍ਰੇਮੀਆਂ ਨੂੰ ਨਿਹਾਲ ਕਰ ਕੇ ਜਦੋਂ ਆਪ ਸਮਾਂ ਪੂਰਨ ਹੋਣ ਪਰ ਵਾਪਸ ਜਾਣ ਲੱਗੇ ਤਾਂ ਪ੍ਰੇਮੀਆਂ ਦੇ ਮਨ ਦਾ ਵੈਰਾਗ ਠੱਲਿਆ ਨਾ ਜਾਵੇ। ਸ਼ਰਧਾਲੂ ਸੱਜਣਾਂ ਨੇ ਅੱਗੇ ਹੋ ਕੇ ਫੇਰ ਅਰਜ਼ ਕੀਤੀ ਕਿ ਮਹਾਰਾਜ! ਸਾਨੂੰ ਭੁਲਾ ਨਾ ਦੇਣਾ। ਆਪਣੇ ਜਾਣ ਕੇ ਸਦੀਵੀ ਦਰਸ਼ਨ ਦੇਂਦੇ ਰਹਿਣਾ। ਪ੍ਰੇਮੀਆਂ ਦੇ ਪ੍ਰੇਮ ਪ੍ਰਖਊਏ ਦਾਤੇ ਨੇ ਇਨ੍ਹਾਂ ਦੀ ਅੰਦਰਲੀ ਸ਼ਰਧਾ ਤੱਕ ਕੇ ਫੇਰ ਆਉਣ ਦਾ ਬਚਨ ਦੇ ਦਿੱਤਾ। ਤੁਰਨ ਸਮੇਂ ਪ੍ਰੇਮੀਆਂ ਦੇ ਗਲੇ ਰੁਕ ਗਏ। ਕਈਆਂ ਨੇ ਤਾਂ ਹੰਝੂਆਂ ਦੀ ਝੜੀ ਹੀ ਲਾ ਦਿੱਤੀ। ਸੰਤ ਜੀ ਮਹਾਰਾਜ ਨੇ ਜਥੇ ਸਮੇਤ ਵਾਪਸ ਆ ਕੇ ਮੁੜ ਕਰਮਸਰ ਅਸਥਾਨ ਤੇ ਦਰਸ਼ਨ ਬਖ਼ਸ਼ੇ।

ਸੱਖਰ ਰੋੜੀ 'ਚ ਨਾਮ ਅੰਮ੍ਰਿਤ ਦੀ ਬਰਖਾ

ਗੁਰਦੁਆਰਾ ਕਰਮਸਰ ਦੇ ਪਾਸ ਭੁੱਟੇ ਨਗਰ ਤੋਂ ਇੱਕ ਮੀਲ ਤੇ ਛੋਟੀ ਸੀਲੋਂ ਨਾਮ ਦਾ ਇੱਕ ਪਿੰਡ ਹੈ। ਏਥੋਂ ਦਾ ਵਸਨੀਕ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਸ. ਕਰਤਾਰ ਸਿੰਘ ਸੱਖਰ ਰੋੜੀ ਸਰਕਾਰੀ ਰੇਲਵੇ ਵਰਕਸ਼ਾਪ ਦਾ ਮੈਨੇਜਰ ਸੀ। ਇਸ ਨੇ ਹਜ਼ੂਰ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਕਈ ਵਾਰੀ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਸਿੰਧ ਦੇ ਇਲਾਕੇ ਵੀ ਨਾਮ ਬਾਣੀ ਦਾ ਉਪਦੇਸ਼ ਬਖ਼ਸ਼ੋ। ਓਥੇ ਗੁਰੂ ਘਰ ਦੇ ਸ਼ਰਧਾਲੂ ਸੱਜਣ ਸਿੰਧੀ ਵੀਰ ਸਹਿਜਧਾਰੀ ਤੇ ਕੇਸਾਧਾਰੀ ਚੰਗੇ ਪ੍ਰੇਮੀ ਵੱਸਦੇ ਹਨ। ਆਪ ਜੇਹੇ ਮਹਾਂਪੁਰਸ਼ਾਂ ਦੀ ਸੰਗਤ ਦੁਆਰਾ ਉਨ੍ਹਾਂ ਦੇ ਅੰਦਰ ਹੋਰ ਵੀ ਨਾਮ ਬਾਣੀ ਦਾ ਪ੍ਰੇਮ ਪੈਦਾ ਹੋਵੇਗਾ।" ਆਪ ਜੀ ਨੇ ਕਿਹਾ, "ਪ੍ਰੇਮੀਆਂ! ਅਸੀਂ ਤਾਂ ਈਸ਼ੂਰੀ ਰਜ਼ਾ ਵਿੱਚ ਚੱਲਦੇ ਹਾਂ। ਜਿਵੇਂ ਉਸ ਮਾਲਕ ਦਾ ਹੁਕਮ ਹੁੰਦਾ ਹੈ ਉਸੇ ਅਨੁਸਾਰ ਚੇਸ਼ਟਾ ਹੋ ਰਹੀ ਹੈ।" ਇਉਂ ਇਸ ਨੇ ਕਈ ਵਾਰੀ (ਜਦੋਂ ਵੀ ਘਰ ਛੁੱਟੀ ਆਉਣਾ) ਬੇਨਤੀ ਕਰਨੀ।

ਹੁਣ ਜੀਵਾਂ ਦੇ ਪਿਛਲੇ ਪੁੰਨਾਂ ਦੀ ਪ੍ਰੇਰਨਾ ਅਨੁਸਾਰ ੧੯੩੮ ਈ. ਦੇ ਅਪਰੈਲ ਮਹੀਨੇ (ਜਦੋਂ ਕਿ ਲਾਹੌਰ ਤੋਂ ਆਇਆਂ ਅਜੇ ਥੋੜ੍ਹੇ ਹੀ ਦਿਨ ਹੋਏ ਸਨ) ਸੰਤ ਜੀ ਨੇ ਸੰਗਤਾਂ ਦਾ ਪ੍ਰੇਮ ਤੱਕ ਕੇ ਸਿੰਧ ਦੇ ਦੌਰੇ ਲਈ ਤਿਆਰੀ ਕਰ ਲਈ। ਉਸ ਸਮੇਂ ਇਹ ਸੱਜਣ ਨਾਲ ਸਨ: ਹਜ਼ੂਰੀਆ ਸੇਵਾਦਾਰ ਭਾਈ ਇੰਦਰ ਸਿੰਘ ਜੀ, ਬਚਨ ਸਿੰਘ (ਗੂਠਾ), ਬਚਨ ਸਿੰਘ ਜਗੇੜਾ, ਦਲੀਪ ਸਿੰਘ ਮੋਮਨਾਬਾਦ, ਮੇਵਾ ਸਿੰਘ ਕੁੱਬੇ, ਸਾਧੂ ਸਿੰਘ ਕਿਲ੍ਹਾ ਹਾਂਸ, ਬਾਬਾ ਜੀਵਨ ਸਿੰਘ ਮਸਤੂਆਣਾ, ਸ. ਵਰਿਆਮ ਸਿੰਘ ਧਮੋਟ, ਦਲੀਪ ਸਿੰਘ ਮਾਠਾ ਪਿੰਡ ਸਮਰਾਵਾਂ (ਦੁਆਬਾ); ਹੋਰ ਵੀ ਕਈ ਗੁਰਮੁਖ ਸੱਜਣ ਗਏ।

ਸਾਥੀਆਂ ਸਮੇਤ ਗੱਡੀ 'ਚ ਅਸਵਾਰ ਹੋ ਕੇ ਸਭ ਤੋਂ ਪਹਿਲਾਂ ਲਾਹੌਰ ਪੁੱਜੇ। ਏਥੇ ਅੰਤਮ ਸ੍ਵਾਸਾਂ ਤੇ ਪਈ ਸ. ਮਿੱਤ ਸਿੰਘ ਦੇ ਘਰੋਂ ਧੰਨੀ ਨਾਮ ਦੀ ਇੱਕ ਮਾਈ (ਜਿਸ ਦਾ ਮਸਤਾਨੀ ਕਰ ਕੇ ਨਾਮ ਮਸ਼ਹੂਰ ਸੀ) ਦਰਸ਼ਨਾਂ ਲਈ ਉਡੀਕ ਕਰ ਰਹੀ ਸੀ। ਇਸ ਦਾ ਪ੍ਰੇਮ ਤੱਕ ਕੇ ਆਪ ਜੀ ਨੇ ਰਕਸ਼ੇ ਟਾਂਗੇ ਦੀ ਉਡੀਕ ਕੀਤੇ ਬਿਨਾਂ ਲਾਹੌਰ ਸਟੇਸ਼ਨ ਤੋਂ ਸਿੱਧੇ ਹੀ (ਹਰੀ ਹਰ ਛੇਤਰ ਤੇ ਵਿਸ਼ਨੂੰ ਭਗਵਾਨ ਦੀ ਤਰ੍ਹਾਂ ਜਿਸ ਨੇ ਤੰਦੂਏ ਤੋਂ ਹਾਥੀ ਦੀ ਰੱਖਿਆ ਕਰਨ ਲਈ ਗਰੜ ਦੀ ਸਵਾਰੀ ਤੇ ਚਰਨ ਪਾਦਕਾ ਦਾ ਤਿਆਗ ਕੀਤਾ ਸੀ) ਪੈਦਲ ਚੱਲ ਕੇ ਇਸ ਦੇ ਘਰ ਪੁੱਜੇ। ਨਾਲ ਦੀ ਸੰਗਤ ਬਾਅਦ ਵਿੱਚ ਟਾਂਗਿਆਂ ਤੇ ਪਹੁੰਚੀ। ਮਾਤਾ ਧੰਨੀ ਨੂੰ ਦਰਸ਼ਨ ਦਿੱਤਾ। ਇਸ ਦੇ ਲੜਕੇ ਉੱਤਮ ਸਿੰਘ, ਸੂਰਤ ਸਿੰਘ ਤੇ ਤੀਰਥ ਸਿੰਘ ਨੇ ਅਚਾਨਕ ਹੀ ਹਜ਼ੂਰ ਦੀ ਬਖ਼ਸ਼ਿਸ਼ ਹੋਈ ਜਾਣ ਕੇ ਅਰਥਾਤ ਘਰ ਵਿੱਚ ਚਰਨ ਪਏ ਦੇਖੇ, ਤਾਂ ਬੜੇ ਪ੍ਰਸੰਨ ਹੋ ਗਏ ਛੇਤੀ ਛੇਤੀ ਬੈਠਣ ਵਾਸਤੇ ਪਲੰਘ ਵਿਛਾਇਆ। ਮਾਤਾ ਨੇ ਉੱਠਣ ਦੀ ਕੋਸ਼ਿਸ਼ ਕੀਤੀ। ਪਰ ਸਰੀਰ ਬਿਰਧ ਤੇ ਨਿਰਬਲ ਸੀ, ਉੱਠ ਨਾ ਸਕੀ। ਸੰਤ ਜੀ ਮਹਾਰਾਜ ਉਸ ਦੇ ਕਮਰੇ ਵਿੱਚ ਹੀ ਜਾ ਕੇ ਕੁਰਸੀ ਤੇ ਬੈਠ ਗਏ। ਅੰਤਮ ਸਵਾਸਾਂ ਤੇ ਪਈ ਨੂੰ ਦਰਸ਼ਨ ਦੇ ਕੇ ਖ਼ੁਸ਼ੀਆਂ ਬਖ਼ਸ਼ੀਆਂ। ਮਾਤਾ ਨੇ ਹਜ਼ੂਰ ਦੇ ਦੋਵੇਂ ਚਰਨ ਬੇਨਤੀ ਕਰ ਕੇ ਆਪਣੇ ਮੰਜੇ ਦੀ ਬਾਹੀ ਤੇ ਰਖਵਾ ਲਏ ਅਤੇ ਦੋਹਾਂ ਹੱਥਾਂ ਵਿੱਚ ਘੁੱਟ ਕੇ ਛਾਤੀ ਨਾਲ ਲਾ ਕੇ ਬੜੀਆਂ ਬੇਨਤੀਆਂ ਕਰਨ ਲੱਗੀ, "ਦਾਤਾ! ਕ੍ਰਿਪਾ ਕਰ ਕੇ ਪ੍ਰਲੋਕ ਵਿੱਚ ਵੀ ਇਸੇ ਤਰ੍ਹਾਂ ਚਰਨਾਂ 'ਚ ਨਿਵਾਸ ਬਖ਼ਸ਼ਣਾ, ਜਿਵੇਂ ਆਪ ਜੀ ਨੇ ਮਹਾਨ ਕ੍ਰਿਪਾ ਕਰ ਕੇ ਅੰਤਮ ਸਮੇਂ ਦਰਸ਼ਨ ਬਖ਼ਸ਼ੇ ਹਨ।"

ਸੰਤ ਜੀ ਮਹਾਰਾਜ ਨੇ ਧੀਰਜ ਬਖਿਸ਼ਆ ਤੇ ਚਰਨ ਛੱਡਣ ਵਾਸਤੇ ਆਖਿਆ। ਪਰ ਮਾਈ ਨੂੰ ਐਸਾ ਅਨੰਦ ਆਇਆ ਕਿ ਦੇਸ਼ ਕਾਲ ਵਿਸਰ ਗਿਆ ਅਤੇ ਬਾਰ ਬਾਰ ਆਪਣੀਆਂ ਹੀ ਬੇਨਤੀਆਂ ਕਰੀ ਜਾਂਦੀ। ਨਾਲ ਖੜ੍ਹੇ ਇੱਕ ਪ੍ਰੇਮੀ ਨੇ (ਜੋ ਲਾਹੌਰ ਸ਼ਹਿਰ ਦਾ ਵਾਸੀ ਅਤੇ ਇਨ੍ਹਾਂ ਦੇ ਸ਼ਰੀਕੇ 'ਚੋਂ ਨਜ਼ਦੀਕੀ ਸੀ) ਜ਼ਰਾ ਗਰਮ ਹੋ ਕੇ ਆਖਿਆ, "ਮਾਈ! ਸੁਣਦੀ ਕਿਉਂ ਨਹੀਂ ਮਹਾਰਾਜ ਦਾ ਬਚਨ, ਤੂੰ ਆਪਣੀ ਹੀ ਮਾਰੀ ਜਾਂਦੀ ਹੈਂ।" ਇਹ ਗੱਲ ਸੁਣ ਕੇ ਮਾਈ ਨੇ ਬੜੇ ਮਾਣ ਨਾਲ ਕਿਹਾ, "ਤੈਨੂੰ ਕੀ, ਮੈਂ ਆਪਣੇ ਗੁਰੂ ਦੇ ਚਰਨ ਫੜੇ ਹਨ। ਮੈਂ ਮੰਗਤੀ ਹਾਂ, ਆਪ ਦਾਤਾ ਹਨ। ਭੰਡਾਰੀ ਹਨ। ਮੰਗਤੀ ਦਾ ਕੰਮ ਹੈ ਮੰਗਣਾ। ਦਾਤਾ ਬੇਸ਼ਕ ਝਿੜਕੇ ਮਾਰੇ, ਪਰ ਤੈਨੂੰ ਕੀਹ?" ਹਜ਼ੂਰ ਮੁਸਕਰਾ ਪਏ। ਉਹ ਪ੍ਰੇਮ ਤੇ ਸ਼ਰਧਾ ਦੇ ਬੰਧਨਾਂ ਵਿੱਚ ਬੱਝੇ ਬੈਠੇ ਰਹੇ। ਮਾਈ ਨੇ ਰੱਜ ਰੱਜ ਦੀਦਾਰ ਕੀਤਾ। ਮਨ ਦੀ ਸੱਧਰ ਪੂਰੀ ਹੋ ਗਈ। ਮਸਾਂ ਮਸਾਂ ਚਰਨ ਛੱਡੇ। ਆਪ ਜੀ ਸਮੇਤ ਜਥੇ ਦੇ ਵੱਡੇ ਸ਼ਟੇਸ਼ਨ ਤੇ ਆਏ ਅਤੇ ਸੱਖਰ ਨੂੰ ਗੱਡੀ ਬੈਠ ਗਏ। ਏਧਰੋਂ ਮਾਤਾ ਦੇ ਸਰੀਰ ਦਾ ਅੰਤ ਸਮਾਂ ਨਜ਼ਦੀਕ ਸੀ। ਸ਼ਾਮ ਨੂੰ ਗੁਰਪੁਰੀ ਪਿਆਨਾ ਕਰ ਗਈ।

ਆਪ ਜੀ ਨੇ ਸੱਖਰ ਜਾ ਕੇ ਸ. ਕਰਤਾਰ ਸਿੰਘ ਦੀ ਕੋਠੀ ਸਰਕਾਰੀ ਬੰਗਲੇ ਵਿੱਚ ਜਥੇ ਸਮੇਤ ਰਿਹਾਇਸ਼ ਰੱਖੀ। ਇੱਥੇ ਹਜ਼ੂਰ ਨੇ ੧੮ ਦਿਨਾਂ ਦਾ ਸਮਾਂ ਠਹਿਰ ਕੇ ਨਾਮ ਬਾਣੀ ਦਾ ਪ੍ਰਚਾਰ ਕੀਤਾ। ਸਿੰਘ ਸਭਾ ਗੁਰਦੁਆਰੇ ਤੇ ਸਹਿਜਧਾਰੀ ਵੀਰ ਸਿੰਧੀਆਂ ਦੇ ਗੁਰਦੁਆਰੇ ਵੀ ਕੀਰਤਨ ਕੀਤਾ। ਚਾਹ ਪ੍ਰਸ਼ਾਦਾ ਅਤੇ ਰਿਹਾਇਸ਼ ਦੀ ਸੇਵਾ ਭਾਵੇਂ ਕਰਤਾਰ ਸਿੰਘ ਵੱਲੋਂ ਹੀ ਹੁੰਦੀ ਰਹੀ (ਇਹ ਰੇਲਵੇ ਵਰਕਸ਼ਾਪ ਦਾ ਚਾਰਜਮੈਨ ਸੀ) ਪਰ ਹੋਰ ਵੀ ਬਹੁਤ ਸਾਰੀ ਸੰਗਤ ਸ਼ਰਧਾਲੂ ਬਣ ਗਈ ਜਿਸ ਕਰ ਕੇ ਇਸ ਨੂੰ ਆਪਣੇ ਘਰ ਵਿੱਚ ਤਾਂ ਪ੍ਰਸ਼ਾਦਾ ਛਕਾਉਣ ਦਾ ਘੱਟ ਹੀ ਸਮਾਂ ਮਿਲਦਾ। ਸੁਬ੍ਹਾ ਤੇ ਸ਼ਾਮ ਦੋ ਵੇਲੇ

ਪ੍ਰਸ਼ਾਦਾ ਤੇ ਦੋ ਚਾਹ ਦੇ ਟਾਇਮ ਸੰਗਤ ਨੇ ਹੀ ਵੰਡ ਲਏ ਸਨ। ਇਉਂ ਆਪ ਜੀ ਨੂੰ ਏਥੇ ਰਹਿੰਦਿਆਂ ੧੦ ਦਿਨ ਹੋ ਗਏ। ਸਾਥੀ ਸਿੰਘਾਂ ਸਮੇਤ ਰੋਜ਼ ਹੀ ਸਵੇਰ ਦੇ ਸਮੇਂ ਬਾਹਰ ਸੈਰ ਕਰਨ ਜਾਇਆ ਕਰਦੇ।

ਇੱਕ ਦਿਨ ਚਾਹ ਪਾਣੀ ਛਕਣ ਤੋਂ ਬਾਅਦ ਸਵੇਰੇ ਹੀ ਕਿਸੇ ਦੀ ਯਾਦ ਨੇ ਅੰਦਰ ਖਿੱਚ ਪਾਈ ਤਾਂ ਆਪ ਜੀ ਸਾਰੇ ਸਿੰਘਾਂ ਨੂੰ ਨਾਲ ਲੈ ਕੇ ਨਹਿਰ ਦੇ ਕੰਢੇ ਕੰਢੇ ਬਾਹਰ ਨੂੰ ਚੱਲ ਪਏ। ਏਥੇ ੭ ਦਰਿਆ ਇਕੱਠੇ ਹੁੰਦੇ ਹਨ ਅਤੇ ਫੇਰ ਸਾਰਿਆਂ ਦਾ ਇੱਕ ਹੋ ਕੇ ਅੱਗੇ ਚਲਦੇ ਹਨ। ਸਤਲੁਜ, ਬਿਆਸ, ਰਾਵੀ, ਚਨਾਬ, ਜੇਹਲਮ, ਸਿੰਧ ਅਤੇ ਅਟਕ ਮਿਲ ਕੇ ਇਕੱਠਾ 'ਅਟਕ' ਦਰਿਆ ਅਖਵਾਉਂਦਾ ਹੈ। ਭਾਵ ਇਹ ਅਟਕ ਵਿੱਚ ਆ ਮਿਲਦੇ ਹਨ। ਡੇਢ ਮੀਲ ਚੌੜਾ ਬੜਾ ਵੱਡਾ ਕੈਂਚੀਆਂ ਦਾ ਪੁਲ ਹੈ। ਜਿਸ ਦੇ ੭੦ ਦਰਵਾਜ਼ੇ ਹਨ ਜੋ ਬਿਜਲੀ ਨਾਲ ਖੁੱਲ੍ਹਦੇ ਹਨ। ਏਸ ਹੈੱਡ ਤੋਂ ੭ ਨਹਿਰਾਂ ਨਿੱਕਲਦੀਆਂ ਹਨ ਜੋ ਅੱਡੋ ਅੱਡ ਇਲਾਕਿਆਂ ਨੂੰ ਸੈਰਾਬ ਕਰਦੀਆਂ ਹਨ।

ਜਦੋਂ ਆਪ ਜੀ ਨਹਿਰ ਦੀ ਪਟੜੀ ਤੇ ਚੜ੍ਹੇ ਤਾਂ ਅੱਗੋਂ ਇੱਕ ਨੀਵੀਂ ਥਾਂ ਤੇ ਬੈਠੇ ਬ੍ਰਿਧ ਅਵਸਥਾ ਦੇ ਮੁਸਲਮਾਨ ਫ਼ਕੀਰ ਨੇ (ਜੋ ਕਈ ਸਾਲਾਂ ਦਾ ਕਿਸੇ ਛੰਨ ਛੱਪਰੀ ਤੇ ਬਸਤਰ ਤੋਂ ਬ਼ਗ਼ੈਰ ਇੱਕ ਪੁਰਾਣੀ ਬੋਰੀ ਦਾ ਪਲੜ ਲੱਕ ਨਾਲ ਲਪੇਟਿਆ, ਏਥੇ ਨਿਵਾਨ ਵਿੱਚ ਨਗਨ ਹੀ ਬੈਠਾ ਰਹਿੰਦਾ। ਮਿੱਟੀ ਦਾ ਟੁੱਟਿਆ ਪਿਆਲਾ ਅਤੇ ਫੁੱਟਿਆ ਹੋਇਆ ਜਰ ਖਾਧਾ ਟੀਨ ਦਾ ਪੁਰਾਣਾ ਡੱਬਾ ਇਸ ਦੀ ਜਾਇਦਾਦ ਸੀ। ਚੰਗੀ ਕਮਾਈ ਵਾਲਾ ਮਹਾਂਪੁਰਸ਼ ਸੀ) ਸੰਤ ਜੀ ਮਹਾਰਾਜ ਨੂੰ ਆਉਂਦਿਆਂ ਦੇਖ ਕੇ ਨਹਿਰ ਦੀ ਪਟੜੀ ਦਾ ਰਸਤਾ ਰੋਕ ਲਿਆ। ਜਦੋਂ ਹਜ਼ੂਰ ਪਾਸ ਪੁੱਜੇ ਤਾਂ ਇਹ ਮਸਤਾਨਾ ਫ਼ਕੀਰ ਦੌੜ ਕੇ ਗਲੇ ਜਾ ਲੱਗਾ। ਉਪਰੰਤ ਕੁਛ ਧੀਮੀ ਅਵਾਜ਼ ਨਾਲ ਬਚਨ ਵੀ ਕੀਤੇ। ਜਿਨ੍ਹਾਂ ਦਾ ਨਾਲ ਦੇ ਸਾਥੀਆਂ ਨੂੰ ਤਾਂ ਕੁਛ ਪਤਾ ਨਾ ਲੱਗਾ ਪਰ ਮਹਾਂਪੁਰਸ਼ਾ ਨੂੰ ਸਾਰੀ ਸਮਝ ਪੈ ਗਈ।

ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥

(ਗਉੜੀ ਸੁਖਮਨੀ ਮਃ ੫ - ੨੭੩)

ਇਤਨੀ ਹੀ ਆਵਾਜ਼ ਸਮਝ ਵਿੱਚ ਪਈ ਜੋ ਉਸ ਨੇ ਆਖਿਆ, "ਜੀ! ਬੜੀ ਦੇਰ ਬਾਅਦ ਮਿਲੇ ਹੋ।" ਸੰਤ ਜੀ ਮਹਾਰਾਜ ਨੇ ਉਸ ਮਹਾਂਪੁਰਸ਼ ਨੂੰ ਆਪਣੇ ਸ਼ਹਿਰ ਦਾ ਵਾਸੀ ਤੇ ਪਰਮ ਮਿੱਤਰ ਜਾਣ ਕੇ ਬੜਾ ਸਤਿਕਾਰ ਕੀਤਾ।

ਜੋ ਹਮ ਸਹਰੀ ਸੁ ਮੀਤੁ ਹਮਾਰਾ ॥ *(ਗਉੜੀ ਭਗਤ ਰਵਿਦਾਸ ਜੀ - ੩੪੫)*

ਤੇ ਕਿਹਾ, "ਸੰਤੋ! ਗੁਪਤ ਰਹਿਣ ਵਿੱਚ ਸੁੱਖ ਹੈ, ਚੁੱਪ ਹੀ ਰਹੋ।" ਅਤੇ ਉਸ ਦੇ ਮਿੱਟੀ ਘੱਟੇ ਨਾਲ ਲਿਬੜੇ ਸਰੀਰ ਦੀ ਪ੍ਰਵਾਹ ਨਾ ਕੀਤੀ ਗਲ ਨਾਲ ਲਗਾ ਕੇ ਬੜਾ ਪਿਆਰ ਕੀਤਾ। ਹਜ਼ੂਰ ਦੇ ਇਸ਼ਾਰੇ ਨਾਲ ਇੱਕ ਦੋ ਮਿੰਟ ਸਾਥੀ ਪਿੱਛੇ ਰੁਕੇ ਰਹੇ ਅਤੇ ਇਨ੍ਹਾਂ ਦੋਹਾਂ ਵਿਅਕਤੀਆਂ ਨੇ ਗੁਪਤ ਬਚਨ ਕੀਤੇ। ਉਪਰੰਤ ਆਪ ਜੀ ਅੱਗੇ ਚਲੇ ਗਏ। ਦੋ ਕੁ ਮੀਲ ਤੁਰ ਫਿਰ ਕੇ ਰਿਹਾਇਸ਼ੀ ਅਸਥਾਨ ਤੇ ਵਾਪਸ ਆ ਕੇ ਸੰਗਤਾਂ ਨੂੰ ਦਰਸ਼ਨ ਬਖ਼ਸ਼ੇ।

ਜਦੋਂ ਆਪ ਆਪਣੇ ਅਸਥਾਨ ਤੇ ਇਕਾਂਤ ਵਿੱਚ ਆ ਕੇ ਸਜੇ ਤਾਂ ਖ਼ਾਸ ਖ਼ਾਸ ਨਾਲ ਰਹਿਣ ਵਾਲੇ ਸੱਜਣਾਂ ਨੇ ਨਮਸਕਾਰ ਕਰ ਕੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਉਹ ਮੁਸਲਮਾਨ ਫ਼ਕੀਰ ਕੌਣ ਸੀ? ਇਸ ਦੇ ਬਚਨਾਂ ਦੀ ਤਾਂ ਸਮਝ ਨਹੀਂ ਆਈ। ਹੋਰਨਾਂ ਨੂੰ ਤਾਂ ਇੱਟਾਂ ਵੱਟੇ ਮਾਰਦਾ ਸੀ ਪਰ ਆਪ ਜੀ ਨਾਲ ਉਸ ਨੇ ਬੜਾ ਹਿਤ ਕੀਤਾ।" ਹਜ਼ੂਰ ਕਹਿਣ ਲੱਗੇ, ਦਾਨੇ, ਦੀਵਾਨੇ, ਮਸਤਾਨੇ ਅਨੇਕ ਪ੍ਰਕਾਰ ਦੇ ਗਿਆਨਵਾਨ ਹੁੰਦੇ ਹਨ। ਬਾਹਰੋਂ ਕ੍ਰਿਆ ਵੱਖੋ ਵੱਖਰੀ ਪਰ ਅੰਦਰੋਂ ਇੱਕ ਅਵਸਥਾ ਦੇ ਮਾਲਕ ਹੁੰਦੇ ਹਨ।"

ਗਿਆਨਵਾਨਾਂ ਦੀ ਪ੍ਰਾਰਬਧ ਅਨੁਸਾਰ ਸਰੀਰਕ ਕ੍ਰਿਆ ਵੱਖ ਵੱਖ ਹੈ। ਜਿਵੇਂ ਪੰਡਿਤ ਗੁਲਾਬ ਸਿੰਘ ਜੀ ਨੇ ਲਿਖਿਆ ਹੈ:

ਇੱਕ ਰਾਜ ਕਰੇ ਗਜ ਬਾਜ ਚੜ੍ਹੇ, ਇੱਕ ਭੂਧਰ ਪੈਰਨ ਆਪ ਚਲੇ ਹੈਂ।
ਇੱਕ ਮੋਨ ਭਜੇ ਭਵ ਮੰਡਲ ਮੈਂ, ਇੱਕ ਈਸ਼ਵਰ ਕੋ ਉਰ ਜਾਪੁ ਜਪੇਂ ਹੈਂ।
ਇੱਕ ਜਾਇ ਪਹਾਰਨ ਜੋਗ ਕਰੇ, ਇੱਕ ਭੋਗ ਕਰੇ ਘਰ ਮਾਹਿ ਰਮੇਂ ਹੈਂ।
ਕਰੁਣਾ ਰਸ ਪੂਰਨ ਏਕ ਰਹੇ, ਇੱਕ ਬੀਰ ਰਸੇ ਅਰਿ ਸੰਗ ਲਰੇ ਹੈ।
ਤਥਾ: ਕ੍ਰਿਸ਼ਣੋ ਭੋਗੀ, ਸ਼ੁਕਸਿਤਿਆਗੀ, ਭੂਪਊ ਜਨਕ ਰਾਘਵਊ।
ਵਿਸ਼ਿਸ਼ਟ: ਕਰਮ ਕਰਤਾਰ ਤੇ ਏਤੇ ਗਿਆਨਿਨਃ ਸਮ।

ਅਰਥ ਕ੍ਰਿਸ਼ਨ ਜੀ ਭੋਗੀ ਸਨ, ਸੁਕਦੇਵ ਮੁਨੀ ਜੀ ਤਿਆਗੀ ਹੋਏ ਹਨ। ਸ੍ਰੀ ਰਾਮ ਚੰਦਰ ਅਤੇ ਜਨਕ ਜੀ ਰਾਜਾ

ਸਨ। ਵਸ਼ਿਸ਼ਟ ਜੀ ਕਰਮ ਕਾਂਡੀ ਹੋਏ ਹਨ ਪਰ ਗਿਆਨ ਸਭਨਾਂ ਦਾ ਇੱਕੋ ਜਿਹਾ ਹੈ। ਏਹੇ ਜਿਹੇ ਗਿਆਨਵਾਨਾਂ ਨੂੰ ਅੰਤ ਸਮੇਂ ਕਿਸੇ ਦੇਸ਼ ਕਾਲ ਦੀ ਭੀ ਆਪੇਖਿਆ ਨਹੀਂ। ਉਹ ਹਰ ਇੱਕ ਜਗ੍ਹਾ ਹੀ ਮੁਕਤ ਰੂਪ ਹਨ।

ਤਥਾ: ਤਟ ਤੀਰਥ ਮਾਹਿ ਤਜੇ ਤਨ ਕੋ, ਉਤ ਊਖਰ ਦੇਸ ਬਿਖੇ ਤਨ ਡਾਰੇ।
ਦਿਜ ਮੰਦਰ ਮੇ ਤਨ ਤਿਆਗ ਕਰੇ, ਉਤ ਜਾਯ ਮਰੇ ਵਹੁ ਨੀਚ ਦੁਆਰੇ।
ਹਰ ਧਿਆਨ ਧਰੇ ਤਨ ਤਿਆਗ ਕਰੇ, ਉਤ ਹਾ ਹਾ ਕਰੇ ਦ੍ਰਿਗ ਤੇ ਜਲ ਡਾਰੇ।
ਤਨ ਡਾਰਤ ਹੀ ਸੁਖੀ ਸਿੰਧੁ ਭਯੋ, ਨਹਿ ਔਰ ਤਨੂ ਹਿਤ ਲੋਕ ਪਧਾਰੇ।

ਸੋ ਗਿਆਨਵਾਨ ਸਾਧੂ ਦੀ ਜਾਤੀ ਵੱਲ ਨਾ ਤੱਕੇ ਸ਼ਰਧਾ ਰੱਖ ਕੇ ਉਸ ਤੋਂ ਲਾਭ ਪ੍ਰਾਪਤ ਕਰੇ। ਪਹਿਲਾਂ ਇੱਕ ਹਫ਼ਤਾ ਸਿੰਘ ਸਭਾ ਗੁਰਦੁਆਰੇ ਕੀਰਤਨ ਹੋਇਆ। ਏਥੇ ਹਜ਼ੂਰ ਦੇ ਜਾਣ ਤੋਂ ਪਹਿਲਾਂ ਦੋ ਪਾਰਟੀਆਂ ਸਨ ਜਿਨ੍ਹਾਂ ਦਾ ਆਪਸ ਵਿੱਚ ਕਾਫ਼ੀ ਵਿਰੋਧ ਸੀ। ਹਰ ਇੱਕ ਆਪੋ ਆਪਣੀ ਚੌਧਰ ਕਰਣੀ ਚਾਹੁੰਦਾ ਸੀ, ਪਿਛੇ ਰਹਿ ਕੇ ਸੇਵਾ ਕਰਣੀ ਕੋਈ ਵੀ ਪਸੰਦ ਨਹੀਂ ਸੀ ਕਰਦਾ।

ਮਸਜਿਦ ਤੋ ਬਣਾ ਦੀ ਪਲ ਭਰ ਮੇਂ ਇਮਾਂ ਕੀ ਹਰਾਰਤ ਵਾਲੋਂ ਨੇ।
ਮਨ ਤੋ ਅਪਣਾ ਪੁਰਾਣਾ ਪਾਪੀ ਹੈ ਸੌ ਬਰਸੋਂ ਸੇ ਨਿਮਾਜ਼ੀ ਹੋ ਨ ਸਕਾ।

ਜੇਹੜੇ ਪ੍ਰੇਮੀ ਸੰਤ ਜੀ ਮਹਾਰਾਜ ਨੂੰ ਮੰਗਾਉਣ ਦੇ ਹੱਕ ਵਿੱਚ ਸਨ, ਉਨ੍ਹਾਂ ਤੋਂ ਉਲਟ ਦੂਜੀ ਪਾਰਟੀ ਦੇ ਸੱਜਣ ਪਹਿਲੇ ਦਿਨ ਤਾਂ ਦੀਵਾਨ ਦੇ ਅੰਦਰ ਕੀਰਤਨ ਸੁਣਨ ਹੀ ਨਾ ਆਏ। ਪਰ ਜਦੋਂ ਬਾਹਰੋਂ ਹੀ ਦਰਸ਼ਨ ਕਰ ਕੇ ਸਿੱਧੀਆਂ ਧਾਰਨਾਂ ਦਾ ਕੀਰਤਨ ਸੁਣਿਆਂ ਤਾਂ ਇਤਨੇ ਪ੍ਰਸੰਨ ਹੋਏ ਕਿ ਉਨ੍ਹਾਂ ਨੇ ਹੀ ਸੇਵਾ ਦੀ ਸਾਰੀ ਜ਼ੁੰਮੇਵਾਰੀ ਆਪ ਸੰਭਾਲ ਲਈ। ਸੰਤ ਜੀ ਮਹਾਰਾਜ ਨੇ ਫੁੱਟ ਦੇ ਔਗੁਣ ਦਸ ਕੇ ਦੋਹਾਂ ਪਾਰਟੀਆਂ ਦਾ ਮਿਲਾਪ ਕਰਵਾ ਦਿੱਤਾ। ਯਥਾ:

ਏਕੇ ਦੀ ਬਰਕਤ

ਇਕੱਲੀ ਇਕੱਲੀ ਕਣੀ ਜਿੱਥੇ ਡਿਗੇ, ਓਥੇ ਹੀ ਖ਼ਤਮ ਹੋ ਜਾਂਦੀ ਹੈ। ਜਦੋਂ ਜਥੇਬੰਦ ਹੋ ਕੇ ਪੈਣ ਤਾਂ ਓਹੋ ਹੀ ਖ਼ੁਸ਼ਕ ਬਾਰਾਂ ਨੂੰ ਸੈਰਾਬ ਕਰਨ ਦੀ ਸਮਰਥਾ ਰੱਖਦੀਆਂ ਹਨ। ਛੱਪੜ ਵਿੱਚ ਪਿਆ ਪਾਣੀ ਇਤਨੀ ਸ਼ਕਤੀ ਨਹੀਂ ਰੱਖਦਾ, ਪਰ ਜਦੋਂ ਉਹ ਪਾਣੀ ਇੰਜਣ ਦੀ ਭਾਫ਼ ਬਣਦਾ ਹੈ ਤਾਂ ਲੱਖਾਂ ਮਣ ਭਾਰ ਖਿੱਚਦਾ ਤੇ ਚੱਕੀਆਂ ਚਲਾਉਂਦਾ ਹੈ। ਇਕੱਲੇ ਇਕੱਲੇ ਫੁੱਲ ਨੂੰ ਇਕੋ ਵਾਰ ਸੁੰਘ ਧਰਤੀ ਤੇ ਲਿਤਾੜਿਆ ਜਾਂਦਾ ਹੈ, ਪਰੰਤੂ ਉਹੋ ਹੀ ਫੁੱਲ ਮਾਲਾ ਬਣ ਕੇ ਪ੍ਰੀਤਮ ਦੇ ਗਲੇ ਦਾ ਸ਼ਿੰਗਾਰ ਬਣਦੀ ਹੈ। ਈਥਰ ਦੀਆਂ ਲਹਿਰਾਂ ਇਕੱਠੀਆਂ ਹੋ ਕੇ ਰੇਡੀਓ ਰਾਹੀਂ ਸਮੂੰਹ ਸੰਸਾਰ ਤੱਕ ਖ਼ਬਰਾਂ ਪਹੁੰਚਾਂਦੀਆਂ ਹਨ। ਇੱਕ ਇੱਕ ਅੱਖਰ ਰਲ ਕੇ ਕਿਤਾਬਾਂ ਗ੍ਰੰਥ ਬਣ ਕੇ ਸੰਸਾਰ ਨੂੰ ਸਿੱਖਿਆ ਦੇ ਕੇ ਅਮਰ ਕਰਦੇ ਹਨ। ਸਾਰੀਆਂ ਤਾਰਾਂ ਰਲ ਕੇ ਇੱਕ ਸਾਜ਼ ਬਣਦਾ ਹੈ। ਸੋ ਗੁਰਮੁਖੋ! ਏਕੇ ਵਿੱਚ ਬੜੀ ਤਾਕਤ ਹੈ। ਆਪਸ ਵਿੱਚ ਫੁੱਟ ਦਾ ਸ਼ਿਕਾਰ ਹੋ ਕੇ ਇੱਕ ਦੂਜੇ ਉੱਪਰ ਝੂਠੀਆਂ ਤੋਹਮਤਾਂ ਲਾ ਕੇ ਚਿੱਕੜ ਸੁੱਟਣਾ, ਆਪਣੇ ਮਨ ਨੂੰ ਰੋਗੀ ਕਰਨਾ ਹੈ। ਤਨ ਦੇ ਰੋਗਾਂ ਨਾਲੋਂ ਮਨ ਦੇ ਰੋਗ ਬੜੇ ਪ੍ਰਬਲ ਹਨ ਜਿਨ੍ਹਾਂ ਦਾ ਹਰ ਇੱਕ ਨੂੰ ਪਤਾ ਨਹੀਂ ਲੱਗਦਾ। ਦੇਖੋ ਪ੍ਰਾਏ ਦੇ ਗੁਣ, ਪਰਾਇਆ ਧਨ, ਦੂਜੇ ਦੀ ਉਸਤਤੀ ਸੁਣ ਕੇ ਨਾ ਸਹਾਰ ਸਕਣਾ; ਇਹ ਬੁਖ਼ਾਰ ਦਾ ਚੜ੍ਹਣਾ ਹੈ। ਜੋ ਹਰ ਇੱਕ ਦੇ ਨਾਲ ਮਿੱਤ੍ਰਤਾ ਕਰਣੀ ਹੈ, ਇਹ ਇਸ ਬੁਖ਼ਾਰ ਦੇ ਉਤਾਰਨ ਦੀ ਦਵਾਈ ਹੈ। ਆਪਣੇ ਗੁਣ, ਆਪਣਾ ਧਨ ਤੇ ਆਪਣੇ ਜਸ ਦੇ ਫੈਲਾਉਣ ਦੀ ਜੋ ਅੰਦਰ ਇੱਛਾ ਤੇ ਮਾਣ ਕਰਨਾ ਹੈ, ਇਹੋ ਜੀਰਨ (ਅਣਪਚੀ) ਦਾ ਰੋਗ ਹੈ। ਇਸ ਦਾ ਇਲਾਜ ਇਹ ਹੈ ਕਿ ਸਾਰੀ ਪ੍ਰਮੇਸ਼ਰ ਦੀ ਵਡਿਆਈ ਜਾਣ ਕੇ ਰਿਦੇ ਅੰਦਰ ਗ਼ਰੀਬੀ ਰੂਪੀ ਚੂਰਨ ਖਾਵੇ, ਤਾਂ ਇਹ ਰੋਗ ਮਿਟਦਾ ਹੈ। ਜੋ ਹਰੀ ਦੇ ਸਿਮਰਨ ਵਿੱਚ ਰੁਚੀ ਸਤਿ ਲਿਵ ਲਗਾਉਣੀ ਹੈ, ਇਹ ਭੁੱਖ ਜਾਗਣੀ ਹੈ। ਜਿਵੇਂ ਤੰਦਰੁਸਤ ਪੁਰਸ਼ ਨੂੰ ਭੁੱਖ ਲੱਗਦੀ ਹੈ। ਵਿਸ਼ਿਆਂ ਦੀ ਵਾਸ਼ਨਾ ਅਤੇ ਪਦਾਰਥਾਂ ਦੀ ਤ੍ਰਿਸ਼ਨਾ, ਇਹ ਖ਼ਾਂਸੀ ਦਾ ਰੋਗ ਹੈ ਜੋ ਹਮੇਸ਼ਾ ਵਧਦਾ ਹੀ ਜਾਂਦਾ ਹੈ। ਕਦੇ ਵੀ ਘੱਟ ਨਹੀਂ ਹੁੰਦਾ। ਸਾਰੇ ਸੰਸਾਰ ਦੀ ਵਿਸ਼ੇ ਵਾਸ਼ਨਾ ਤੇ ਪਦਾਰਥਾਂ ਨੂੰ ਸਰੀਰ ਸਮੇਤ ਮਿਥਿਆ ਤੇ ਦੁਖਦਾਈ ਜਾਨਣ ਦਾ ਰੂਪ ਚਟਣੀ ਇਸ ਦਾ ਇਲਾਜ ਹੈ ਉਹ ਨਾਸ ਕਰਦੀ ਹੈ। ਕਾਮ, ਕ੍ਰੋਧ, ਮੋਹ ਇਹ ਤ੍ਰਿਦੋਖ ਹੈ। ਭਾਵ ਵਾਯੂ, ਪਿਤ, ਕਫ ਤਿੰਨਾਂ ਦਾ ਦੁੱਖ ਹੈ, ਜਿਸ ਨੇ ਸਭ ਜੀਵਾਂ ਦੀ ਬੁੱਧੀ ਸੁਕਾ ਰੱਖੀ ਹੈ। ਗੁਰ ਉਪਦੇਸ਼ ਰੂਪੀ ਤਾਂਬੇਸ਼ੂਰ (ਮਾਰੇ ਹੋਏ ਤਾਂਬੇ) ਦੀ ਪੁੜੀ ਹੈ। ਜੋ ਇਸ ਦਾ ਸੇਵਨ ਕਰਦਾ ਹੈ, ਉਸ ਦਾ ਰੋਗ ਮਿਟਦਾ ਹੈ। ਜੋ ਪ੍ਰਾਏ ਦੀ ਨਿੰਦਾ ਕਰਣੀ ਹੈ ਇਹ ਬਮਨ (ਉਲਟੀ) ਦਾ ਰੋਗ ਹੈ। ਇਸ ਦਾ ਇਹ ਇਲਾਜ ਹੈ ਕਿ ਆਪਣੇ ਆਪ ਨੂੰ ਸਭਨਾ ਤੋਂ ਮੰਦਾ, ਅਉਗੁਣਾ ਸਹਿਤ ਜਾਣੇ।

ਯਥਾ: *ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
ਜਿਨਿ ਐਸਾ ਕਰਿ ਬੁਝਿਆ ਮੀਤੁ ਹਮਾਰਾ ਸੋਇ ॥੭॥ (ਸਲੋਕ ਭਗਤ ਕਬੀਰ ਜੀ - ੧੩੬੪)

ਤਥਾ: *ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰ ॥* (ਮਾਰੂ ਮਃ ੧ - ੯੯੧)

ਤਥਾ: ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥

(ਸਲੋਕ ਸੇਖ ਫਰੀਦ ਜੀ - ੧੩੮੧)

ਏਹੋ ਜਿਹੇ ਹੋਰ ਵੀ ਅਨੇਕਾਂ ਰੋਗਾਂ ਕਰ ਕੇ ਮਨ ਦੁਖੀ ਤੇ ਪੀੜਤ ਹੋ ਰਿਹਾ ਹੈ। ਸਾਰੇ ਰੋਗਾਂ ਦੀ ਨਵਿਰਤੀ ਗੁਰਚਰਨਾਂ ਦੀ ਧੂੜ ਤੇ ਪ੍ਰਮੇਸ਼ਰ ਦੇ ਨਾਮ ਜਪਣ ਨਾਲ ਹੁੰਦੀ ਹੈ।

ਮਾਨਸਕ ਰੋਗ

ਗੋਸਾਈ ਤੁਲਸੀ ਦਾਸ ਜੀ ਵੀ ਕੁਛ ਮਾਨਸਕ ਰੋਗਾਂ ਦਾ ਜ਼ਿਕਰ ਕਰਦੇ ਹਨ।

ਚੌਪਈ: ਸੁਨੋ ਤਾਤ! ਅਬ ਮਾਨਸ ਰੋਗਾ। ਜਿਹ ਤੇ ਦੁੱਖ ਪਾਵਹਿ ਸਭ ਲੋਗਾ।
ਮੋਹਿ ਸਕਲ ਵਯਾਧਿਨ ਕਰ ਮੂਲਾ। ਤੇਹ ਤੇ ਪੁਨਿ ਉਪਜਹਿ ਬਹੁ ਸੂਲਾ।
ਕਾਮ ਵਾਤ, ਕਫ ਲੋਭ ਅਪਾਰਾ। ਕ੍ਰੋਧ ਪਿਤ ਨਿੱਤ ਛਾਤੀ ਜਾਰਾ।
ਪ੍ਰੀਤ ਕਰਹਿ ਜੋ ਤੀਨਿਓਂ ਭਾਈ। ਉਪਜੈ ਸੰਨਿਪਾਤ ਦੁਖਦਾਈ।
ਵਿਸ਼ਯ ਮਨੋਰਥ ਦੁਰਗਮ ਨਾਨਾ। ਤੇ ਸਭਿ ਸੂਲ ਨਾਮ ਕੋ ਜਾਨਾ।
ਮਮਤਾ ਦਾਦੁ ਕੰਡੂ ਈਰਖਾਈ। ਹਰਖ ਵਿਖਾਦ ਗ੍ਰਹ ਬਹੁਤਾਈ।
ਪਰ ਸੁਖ ਦੇਖ ਜਰਨਿ ਸੋ ਖਈ। ਕੁਸ਼ਟ ਦੁਸ਼ਟਤਾ ਮਨ ਕੁਟਲਈ।
ਅਹੰਕਾਰ ਅਤਿ ਦੁਖਦ ਡਮਰੂਆ। ਦੰਭ ਕਪਟ ਮਦ ਮਾਨ ਨਹਰੂਆ।
ਤ੍ਰਿਸ਼ਨਾ ਉਦਰ ਬ੍ਰਿਧ ਅਤਿ ਭਾਰੀ। ਤ੍ਰਿਬਿਧ ਈਖਨਾ ਤਰੁਣ ਤਿਜਾਰੀ।
ਯੁਗ ਬਿਧ ਜ੍ਵਰ ਮਤਸਰ ਅਵਿਵੇਕਾ। ਕਹਿ ਲਗ ਕਹੂੰ ਕੋ ਰੋਗ ਅਨੇਕਾ।

ਦੋਹਿਰਾ: ਏਕ ਬਿਆਧ ਬਸ ਨਰ ਮਰਹਿ, ਏਕ ਅਸਾਧ ਬਹੁ ਬਿਆਧ।
ਸੰਤਤ ਪੀੜਹਿ ਜੀਵ ਕਹੂੰ, ਸੋ ਕਿਮ ਲਹਹਿ ਸਮਾਧ।
ਨੇਮ ਧਰਮ ਆਚਾਰ ਤਪ, ਗਯਾਨ ਜਗ ਜਪ ਦਾਨ। ਭੇਖਜ ਪੁਲ ਕੋਟਨ ਕਰਹਿ, ਰੁਜ ਨ ਜਾਹਿ ਹਰਿ ਯਾਨ।

ਅਰਥ: (ਮੋਹ) ਅਗਿਆਨ ਹੀ ਸਾਰੇ ਰੋਗਾਂ ਦਾ ਮੂਲ ਕਾਰਣ ਹੈ। ਇਸ ਅਗਿਆਨ ਤੋਂ ਹੀ ਸਾਰੇ ਦੁੱਖਾਂ ਦੀ ਉਤਪਤੀ ਹੁੰਦੀ ਹੈ। ਕਾਮ ਰੂਪੀ ਵਾਯੂ ਦਾ ਦੋਸ਼ ਹੈ। ਬਹੁਤਾ ਲੋਭ ਹੋਣਾ ਇਹ ਕਫ ਦੋਸ਼ ਹੈ। ਕ੍ਰੋਧ ਰੂਪੀ ਪਿਤ ਦੋਸ਼ੀ ਹੈ ਜੋ ਨਿਤਾਪ੍ਰਤੀ ਹਿਰਦੇ ਨੂੰ ਸਾੜਦਾ ਰਹਿੰਦਾ ਹੈ। ਜਦੋਂ ਇਹ ਤਿੰਨੇ ਭਾਈ ਆਪਸ ਵਿੱਚ ਪ੍ਰੀਤ ਕਰਦੇ ਭਾਵ ਮਿਲਦੇ ਹਨ ਤਾਂ ਦੁਖਦਾਈ (ਸੰਨਪਾਤ) ਤ੍ਰਿਦੋਖ ਉਤਪੰਨ ਹੁੰਦਾ ਹੈ। ਨਾਨਾ ਪ੍ਰਕਾਰ ਦੇ ਜੋ ਦੁਰਗਮ ਕਠਨ ਵਿਸ਼ਿਆਂ ਦੇ ਮਨੋਰਥ ਹਨ, ਉਹ ਸਾਰੇ ਹੀ ਦੁੱਖ ਹਨ। ਉਨ੍ਹਾਂ ਦੇ ਨਾਮਾਂ ਕੌਣ ਜਾਣ ਸਕਦਾ ਹੈ? ਮਮਤਾ ਰੂਪੀ ਧਦਰੀ ਦਾ ਰੋਗ ਹੈ। ਈਰਖਾ ਰੂਪੀ (ਕੰਡੂ) ਖਾਜ ਦਾ ਰੋਗ ਹੈ, ਹਰਸ਼ ਖੁਸ਼ੀ ਤੇ (ਬਿਸਾਦ) ਸ਼ੋਕ ਇਹ ਬਹੁਤਾ (ਗ੍ਰਿਹ) ਗੰਠੀਏ ਦਾ ਰੋਗ ਹੈ। ਪਰਾਏ ਦੇ ਸੁਖਾਂ ਨੂੰ ਦੇਖ ਕੇ ਜੋ ਸੜਨਾਂ ਹੈ, ਇਹ ਖਈ ਰੋਗ ਹੈ। ਮਨ ਦੀ ਕੁਟਲਤਾਈ ਇਹ ਮਹਾਂ ਦੁਸ਼ਟ ਰੋਗ ਹੈ। ਹੰਕਾਰ ਰੂਪੀ ਅਤੇ ਦੁਖਦਾਈ ਡਮਰੂਆਂ ਰੋਗ ਹੈ। (ਡਮਰੂਆਂ ਸਰੀਰ ਦਾ ਫੁੱਲ ਜਾਣਾ) ਦੰਭ ਕਪਟ ਮਦ ਤੇ ਮਾਨ ਇਹ (ਨੈਹਰਬਾ) ਨਾਰਬਾ ਰੋਗ ਹੈ। ਜੋ ਲੱਤਾਂ ਵਿੱਚ ਹੁੰਦਾ ਹੈ। (ਜ਼ਿਆਦਾਤਰ ਇਹ ਸਮੁੰਦਰ ਦੇ ਕੰਢੇ ਵੱਸਣ ਵਾਲੇ ਲੋਕਾਂ ਨੂੰ ਹੁੰਦਾ ਹੈ। ਜੋ ਬਹੁਤਾ ਪਾਣੀ ਵਿੱਚ ਹੀ ਰਹਿੰਦੇ ਹਨ।

ਘਰ ਖਾ ਲਏ ਪਰੌਹਣਿਆਂ ਚਿੜੀਆਂ ਚੁਗ ਲਏ ਖੇਤ। ਟੰਗਾਂ ਖਾ ਲਈਆਂ ਨਾਰਬਿਆਂ ਕਿਸੇ ਨਾ ਮਿਲਿਆ ਭੇਤ।

ਜੋ ਅੰਦਰ ਤ੍ਰਿਸ਼ਨਾ ਦਾ ਹੋਣਾ ਹੈ ਇਹ ਅਤੀ ਭਾਰੀ (ਉਦਾਰ ਬ੍ਰਿਧ) ਪੇਟ ਦਾ ਵੱਧ ਜਾਣਾ ਭਾਵ ਜਲੋਧਰ ਦਾ ਰੋਗ ਹੈ। ਸੁਤ, ਬਿਤ, ਲੋਕ ਵਾਸ਼ਨਾ ਜੋ ਇਹ ਤਿੰਨ ਪ੍ਰਕਾਰ ਦੀ ਈਸ਼ਨਾ ਹੈ ਇਹ (ਤ੍ਰਿਜਾਰੀ) ਤੇਜੀ ਦਾ (ਤਰੁਨ) ਹੈ। ਈਰਖਾ ਤੇ ਅਬਿਚਾਰ ਇਹ ਹੋਰ ਦੋ ਪ੍ਰਕਾਰ ਦਾ ਤਾਪ ਹੈ। ਇਉਂ ਅਨੇਕਾਂ ਹੀ ਜੋ ਖੋਟੇ ਰੋਗ ਹਨ ਉਨ੍ਹਾਂ ਦੀ ਕਿੱਥੋਂ ਤੱਕ ਗਿਣਤੀ ਕਰੀਏ? ਇੱਕੋ ਬਿਆਧੀ ਦੇ ਬਸੀਕਾਰ ਹੋਇਆ ਹੀ ਮਨੁੱਖ ਮਰ ਜਾਂਦਾ ਹੈ। ਇਹ ਤਾਂ ਬਹੁਤੇ ਹੀ ਅਸਾਧ ਰੋਗ ਹਨ। ਜੋ (ਸੰਤਤ) ਇੱਕ ਰਸ ਜੀਵ ਨੂੰ ਪੀੜ ਰਹੇ, ਭਾਵ ਦੁਖੀ ਕਰਦੇ ਹਨ। ਇਨ੍ਹਾਂ ਦੇ ਰਸ ਵਿੱਚ ਪਿਆਂ ਮਨੁੱਖ ਸਮਾਧੀ ਦੇ ਸੁੱਖ ਨੂੰ ਕਿਵੇਂ ਮਾਣ ਸਕੇ? ਨੇਮ, ਧਰਮ, ਸ੍ਰੇਸ਼ਟਾਚਾਰ, ਜਾਪ, ਤਪ, ਸ਼ਾਸਤ੍ਰ ਗਿਆਨ, ਜੱਗ ਤੇ ਦਾਨ ਇਤਿਆਦਿਕ ਹੋਰ ਅਨੇਕ ਪ੍ਰਕਾਰ ਦੀਆਂ ਕ੍ਰੋੜਾਂ ਔਸ਼ਧੀਆਂ ਨੂੰ ਕਰੇ। ਪਰ ਹੇ ਹਰੀ ਦੇ (ਯਾਨ) ਬਾਹਨ ਗਰੜ! ਇਹ ਅਗਿਆਨ ਦਾ ਰੋਗ ਗੁਰੂ

ਕ੍ਰਿਪਾ ਬਿਨਾਂ ਮਿਟ ਨਹੀਂ ਸਕਦਾ।

ਜੰਗਲ, ਬੰਦੇ ਦੇ ਅੰਦਰਲੇ ਨਾਲੋਂ ਘਟ ਭਿਆਨਕ ਹਨ। ਮਾਰੂਥਲਾਂ ਵਿੱਚ ਆਦਮੀ ਦੀ ਈਰਖਾ ਜਿੰਨਾਂ ਸਾੜ ਨਹੀਂ। ਦਰਿਆਵਾਂ ਦੇ ਹੜ੍ਹਾਂ ਵਿੱਚ ਮਨੁੱਖ ਦੇ ਅੰਦਰ ਦੀ ਵਾਸ਼ਨਾ ਜਿੰਨੇ ਕੱਪਰ ਨਹੀਂ। ਦਰਿੰਦੇ ਜਾਨਵਰਾਂ ਨਾਲੋਂ ਮਨੁੱਖ ਵਧੇਰੇ ਨਿਰਦਈ ਹਨ। ਮਨੁੱਖ ਦੇ ਅੰਦਰ ਦੀਆਂ ਦਲਦਲਾਂ ਨਾਲੋਂ ਵੀ ਕੋਈ ਦਲਦਲ ਵੱਡੀ ਨਹੀਂ। ਇਸ ਦੀਆਂ ਜ਼ਹਿਰੀਲੀਆਂ ਮੱਖੀਆਂ ਤਾਂ ਕੁਲਾਂ ਤੱਕ ਜ਼ਹਿਰ ਫੈਲਾ ਸਕਦੀਆਂ ਹਨ। ਇਸ ਦੇ ਅੰਦਰ ਦੇ ਵੈਰੀਆਂ ਨੂੰ ਮਾਰਨ ਦਾ ਇਕੋ ਇੱਕ ਢੰਗ ਹੈ ਉਹ ਹੈ ਪ੍ਰਭੂ ਦੇ ਜ਼ਬਤ ਤੇ ਪਿਆਰ ਭਰਿਆ ਡਰ। ਉਸ ਦੇ ਡਰ ਦੀ ਅੱਗ ਤਨ ਵਿੱਚ ਬਾਲੀਏ। ਇਸ ਅੱਗ ਦੀ ਲਾਟ ਤੇ ਗੰਦੇ ਤੇ ਰੋਗੀ ਕਿਰਮਾਂ ਨਾਲ ਭਰੇ ਇੰਦ੍ਰੇ ਰਖੀਏ। ਸਰੀਰਾਂ ਦੇ ਭੋਗ ਇਸ ਮਘਦੀ ਚਿਖਾ ਤੇ ਟਿਕਾ ਦੇਈਏ ਤਾਂ ਅਰੋਗ ਹੋ ਸਕਦਾ ਹੈ।

ਸਿੰਘਾਂ ਸੰਬੰਧੀ ਵਿਰੋਧੀ ਕੌਮਾਂ ਦੇ ਮਨੋ ਪ੍ਰਭਾਵ

ਬਣੇ ਰਹਿਤ ਸਭ ਸਕੇ ਬਿਰਾਦਰ। ਇੱਕ ਕੋ ਦੂਸਰ ਦੇਵਤ ਆਦਰ।
ਹੈ ਇਨ ਮਹਿ ਇਤਫਾਕ ਮਹਾਨ। ਸਿੱਖ ਸਿੱਖ ਪੈ ਵਾਰਤ ਜਾਨ।
ਖਾਣਾ ਭੀ ਇਕੱਠੇ ਸਭ ਖੈ ਹੈ। ਸਕੇ ਵੀਰ ਆਪਸ ਮੇਂ ਵੈ ਹੈ।
ਜਾਤ ਗੋਤ ਕੁਲ ਕਿਰਿਆ ਨਾਮ। ਪਿਛਲੇ ਸੋ ਤਜ ਦੇਤ ਤਮਾਮ।
ਇੱਕ ਕੋ ਦੂਸਰ ਆਪਸ ਮਾਹੈ। ਜਾਨਤ ਨੀਕੋ ਅਧਿਕ ਸਰਾਹੈਂ।
ਟਹਿਲ ਏਕ ਦੀ ਦੂਸਰ ਕਰ ਕੈ। ਹੋਤ ਮੋਦ ਪਰਮੋਦ ਸੁ ਧਰ ਕੈ।
ਜੋ ਕੁਛ ਵਸਤੂ ਕਿਸੇ ਹਥਾਵੈ। ਪੰਥ ਤਈ ਖ਼ੁਸ਼ ਹੋਇ ਛਕਾਵੈ।
ਘਰ ਮਹਿ ਸਿੱਖ ਸਿੱਖ ਕੈ ਜਾਵੈ। ਮਾਲਕ ਸਮ ਹੋ ਸੋਊ ਰਹਾਵੈ।
ਮਾਤ ਪਿਤਾ ਭਾਈ ਸੁਤ ਤੀਆ। ਇਨ ਤੇ ਪਿਆਰ ਸਿੰਘ ਲਖੀਆ।
ਮਨ ਤਨ ਧਨ ਸਿੱਖਨ ਪੈ ਵਾਰਤ। ਆਪਨ ਪਿਆਰ ਜ਼ਰਾ ਨਾ ਧਾਰਤ।

ਆਪ ਜੀ ਨੇ ਹਫ਼ਤਾ ਭਰ ਏਕਤਾ ਦੀ ਮਹਿਮਾ ਤੇ ਹੀ ਪ੍ਰਚਾਰ ਕੀਤਾ ਜਿਸ ਨੂੰ ਸੁਣ ਕੇ ਸਖ਼ਤ ਮਨ ਵੀ ਢਲ ਕੇ ਮੋਮ ਬਣ ਗਏ ਅਤੇ ਫੁੱਟ ਦੇ ਔਗੁਣ ਦੱਸ ਕੇ ਦੋਹਾਂ ਪਾਰਟੀਆਂ ਦਾ ਮਿਲਾਪ ਕਰਵਾ ਦਿੱਤਾ। ਯਥਾ:

ਫੂਟ ਪ੍ਰਹਿਲਾਦ ਹਰਨਾਖ ਨਰਹਰ ਹਤਯੋ ਫੂਟ ਕੇ ਬਭੀਖਨ ਲੁਟਾਇ ਲੰਕ ਦਈ ਹੈ।
ਫੂਟ ਕੁਰੂ ਪੰਡੂ ਗਏ ਸਭੇ ਕੁਲ ਨਾਸ ਭਏ ਫੂਟ ਕੇ ਕੇਕਈ ਰਾਮ ਸੀਆ ਬਨ ਗਈ ਹੈ।
ਫੂਟ ਰਾਜਪੂਤ ਜੋਈ ਵਡੋ ਦੁੱਖ ਪਾਯੋ ਸੋਈ ਔਰ ਹੈ ਅਨੇਕ ਗਾਥ ਜੋਊ ਪੀਛੇ ਭਈ ਹੈ।
ਮੇਲ ਕੀਏ ਹੋਤ ਸੁਖ ਫੂਟਨ ਤੇ ਮਹਾਂ ਦੁਖ ਤਾਂ ਤੇ ਮੇਲ ਕਰੋ ਪਾਛੇ ਭਈ ਬੀਤ ਗਈ ਹੈ।

ਇਨ੍ਹਾਂ ਵਿੱਚੋਂ ਡਾਕਟਰ ਰਘੁਬੀਰ ਸਿੰਘ ਜੀ ਆਪ ਦਾ ਖ਼ਾਸ ਪ੍ਰੇਮੀ ਬਣ ਗਿਆ ਅਤੇ ਜਿਤਨਾ ਚਿਰ ਆਪ ਰਹੇ ਅੱਗੇ ਹੋ ਕੇ ਸੇਵਾ ਕਰਦਾ ਰਿਹਾ। ਇੱਥੇ ਇੱਕ ਹਫਤਾ ਕੀਰਤਨ ਹੋਇਆ। ਬੇਅੰਤ ਪ੍ਰੇਮੀਆਂ, ਨੇ ਖੰਡੇ ਦਾ ਅੰਮ੍ਰਿਤ ਛਕ ਕੇ ਨਾਮ ਦੀ ਦਾਤ ਪ੍ਰਾਪਤ ਕੀਤੀ। ਫੇਰ ਦਸ ਦਿਨ ਸਿੰਧੀਆਂ ਦੇ ਮੁਹੱਲੇ ਉਨ੍ਹਾਂ ਦੇ ਗੁਰਦੁਆਰੇ ਕੀਰਤਨ ਕੀਤਾ ਜਿਨ੍ਹਾਂ ਦਾ ਪ੍ਰਧਾਨ ਸੰਤ ਰਾਮ ਦਾਸ ਜੀ ਸਨ। ਏਥੇ ਵੀ ਬਹੁਤ ਸੱਜਣ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਨਾਮ ਦੀ ਦਾਤ ਪ੍ਰਾਪਤ ਕਰ ਕੇ ਨਿਹਾਲ ਹੋਏ। ਏਸ ਜਗ੍ਹਾ ਸੰਤ ਜੀ ਮਹਾਰਾਜ ਨੇ ਗੁਰੂ ਪ੍ਰਮੇਸ਼ਰ ਦੀ ਸੇਵਾ ਭਗਤੀ ਤੋਂ ਬਿਨਾਂ ਸਰੀਰ ਦੇ ਸਾਰੇ ਅੰਗਾਂ ਦੀ ਨਿਸਫ਼ਲਤਾ ਕਥਨ ਕੀਤੀ ਕਿ ਦੇਖੋ! ਜੋ ਪ੍ਰਮੇਸ਼ਰ ਦੀ ਭਗਤੀ ਤੋਂ ਹੀਣੇ ਹਨ, ਉਨ੍ਹਾਂ ਦੇ ਮੁਰਦੇ ਸਰੀਰ ਨੂੰ ਤਾਂ ਤਾਮਸੀ ਜੂਨੀ ਵਾਲੇ ਮਾਸਾਹਾਰੀ ਜਾਨਵਰ ਵੀ ਨਹੀਂ ਖਾਂਦੇ।

ਜਿਵੇਂ ਕਿਸੇ ਪਾਪ ਆਤਮਾ ਮੁਰਦੇ ਸਰੀਰ ਨੂੰ ਪਿਆ ਦੇਖ ਕੇ ਇੱਕ ਗਿਦੜ ਨੇ ਆ ਕੇ ਖਾਣ ਵਾਸਤੇ ਅੰਗਾਂ ਨੂੰ ਸੁੰਘਣਾ ਕੀਤਾ। ਪਰ ਉਸ ਨੂੰ ਪ੍ਰਮੇਸ਼ਰ ਵਲੋਂ ਇੱਕ ਅਵਾਜ਼ ਆਈ।

ਹਤਊ ਦਾਨ ਵਿਵਰਜਿਤਊ, ਸ੍ਰੂਤਿ ਪਅਊ ਸਾਰਸ੍ਵਤ ਦ੍ਰੋਹਿਣਊ।
ਨੇਤ੍ਰੇ ਸਾਧੂ ਬਿਲੋਕਨੇਲ ਰਹਿਤੇ ਪਦਾਊ ਨ ਤੀਰਥੰ ਗਤਊ।
ਅਨਯਾਯਾ ਰਜਿਤ ਵਿੱਤ ਪੂਰਨ ਉਦਰੰ ਗਰਬੇਣੇ ਤੁੰਗ ਸਿਰੋ।
ਰੇ ਰੇ ਜੰਬੁਕ: ਮੁਚੰ ਮੁਚੰ ਸਹਸਾ ਨੀਚੰਸੁ ਨਿਅਯੰ ਵਪੁ:।

ਅਰਥਾਤ ਇਸ ਦੇ ਦੋਨੋਂ ਹੱਥ ਦਾਨ ਤੋਂ ਰਹਿਤ ਹਨ। ਦੋਵੇਂ ਕੰਨ ਪ੍ਰਮੇਸ਼ਰ ਸਬੰਧੀ ਕਥਾ ਤੋਂ ਹੀਣੇ ਹਨ ਭਾਵ ਦ੍ਰੋਹੀ ਹਨ। ਦੋਨੋਂ ਨੇਤ੍ਰੇ ਸੰਤ ਦਰਸ਼ਨਾ ਤੋਂ ਰਹਿਤ ਹਨ। ਤੀਰਥਾਂ ਵੱਲ ਪੈਰ ਨਹੀਂ ਗਏ ਅਤੇ ਅਨਿਯਾਇ ਨਾਲ ਇਕੱਠੇ ਕੀਤੇ ਧਨ

ਦੁਆਰਾ ਆਪਣਾ ਪੇਟ ਭਰਿਆ ਹੈ। ਇਸ ਦਾ ਸਿਰ ਹੰਕਾਰ ਨਾਲ ਉੱਚਾ ਹੈ। ਕਿਸੇ ਗੁਰੂ ਪੀਰ ਸੰਤ ਮਹਾਂਪੁਰਸ਼ ਨੂੰ ਨਮਸ਼ਕਾਰ ਨਹੀਂ ਕੀਤੀ। ਤਾਂ ਤੇ ਹੇ ਗਿੱਦੜ! ਜਲਦੀ ਨਾਲ ਇਸ ਨੂੰ ਛੱਡ ਦੇਹ ਇਸ ਦਾ ਸਾਰਾ ਸਰੀਰ ਅਪਵਿਤ੍ਰ ਤੇ ਨਿੰਦਣੇ ਜੋਗ ਹੈ ਇਸ ਦਾ ਮਾਸ ਨਾ ਖਾਓ।

ਤੁਲਸੀ ਦਾਸ ਜੀ ਫੁਰਮਾਉਂਦੇ ਹਨ:

ਯਥਾ: ਜਿਨ ਹਰਿ ਕਥਾ ਸੁਨੀ ਨਹਿ ਕਾਨਾ। ਸ੍ਰਵਣ ਰੰਧ੍ਰ ਅਹਿ ਭਵਨ ਸਮਾਨਾ।
ਨਯਨਨ ਸੰਤ ਦਰਸ਼ ਨਹਿ ਦੇਖਾ। ਲੋਚਨ ਮੋਰ ਪੰਖ ਕੇ ਲੇਖਾ।
ਤੇ ਸਿਰ ਕਟੁ ਤੁਮਰ ਸਮ ਤੂਲਾ। ਜੇ ਨਹ ਨਮਤ ਹਰਿ ਗੁਰ ਪਦ ਮੂਲਾ।
ਜਿਨ ਹਰਿ ਭਗਤਿ ਹ੍ਰਿਦਯ ਨਹਿ ਆਨੀ। ਜੀਵਤ ਸ਼ਵ ਸਮਾਨ ਤੇ ਪ੍ਰਾਨੀ।
ਜੇ ਨਹਿ ਕਰਹਿ ਰਾਮ ਗੁਣ ਗਾਨਾ। ਜੀਹ ਸੋ ਦਾਦਰ ਜੀਹ ਸਮਾਨਾ।
ਕੁਲਿਸ ਕਠੋਰ ਨਿਠੁਰ ਸੋਇ ਛਾਤੀ। ਸੁਨਿ ਹਰਿ ਚਰਿਤ ਨ ਜੋ ਹਰਖਾਤੀ।
ਗਿਰਿਜਾ ਸੁਨਹੁ ਰਾਮ ਕਰ ਲੀਲਾ। ਸੁਰ ਹਿਤ ਦਨੁਜ ਵਿਮੋਹਨ ਸ਼ੀਲਾ।

ਭਾਵ ਜਿਨ੍ਹਾਂ ਕੰਨਾਂ ਨਾਲ ਕਦੇ ਹਰੀ ਦੀ ਕਥਾ ਨਹੀਂ ਸੁਣੀ, ਉਹ ਕੰਨਾਂ ਦੀਆਂ ਗਲੀਆਂ ਸਰਪਾਂ ਦੇ ਰਹਿਣ ਵਾਲੀਆਂ ਵਰਮੀਆਂ ਸਮਾਨ ਹਨ। ਜਿਨ੍ਹਾਂ ਨੇਤਰਾਂ ਨਾਲ ਗੁਰੂ ਤੇ ਗੁਰੂ ਸਵਾਰੇ ਸੰਤਾਂ ਦਾ ਦਰਸ਼ਨ ਨਹੀਂ ਕੀਤਾ, ਉਹ ਨੇਤਰ ਮੋਰਾਂ ਦੇ ਖੰਭਾ ਉੱਪਰ ਲੱਗੀਆਂ ਟਿਕੀਆਂ ਸਮਾਨ ਹਨ। ਉਸ ਸਿਰ ਨੂੰ ਕੌੜੀ ਤੁੰਬੀ ਦੇ ਸਮਾਨ ਜਾਣੋ ਜੋ ਸੁਖਾਂ ਦੇ ਮੂਲ ਹਰੀ ਤੇ ਗੁਰੂ ਦੇ ਚਰਨਾ ਉੱਪਰ ਨਹੀਂ ਨਿਉਂਦਾ। ਜਿਨ੍ਹਾਂ ਦੇ ਹਿਰਦੇ ਵਿੱਚ ਹਰੀ ਦੀ ਭਗਤੀ ਨਹੀਂ, ਉਹ ਪੁਰਸ਼ ਜਿਉਂਦੇ ਹੀ ਮੁਰਦਿਆਂ ਵਾਂਗ ਹਨ। ਜਿਹੜੀ ਜ਼ਬਾਨ ਪ੍ਰਮੇਸ਼ਰ ਦੇ ਗੁਣਾਂ ਨੂੰ ਨਹੀਂ ਗਾਇਨ ਕਰਦੀ, ਉਹ ਜੀਭ ਡੱਡੂ ਦੀ ਜ਼ਬਾਨ ਦੇ ਸਮਾਨ ਹੈ। ਜਿਹੜੀ ਹਰੀ ਦਾ ਜਸ ਸੁਣ ਕੇ ਪ੍ਰਸੰਨ ਨਹੀਂ ਹੁੰਦੀ, ਉਹ ਛਾਤੀ ਸਖ਼ਤ ਬੱਜਰ ਤੋਂ ਵੀ ਕਠੋਰ ਹੈ।

ਬਾਅਦ ਵਿੱਚ ਕੁਛ ਕੁ ਪ੍ਰੇਮੀਆਂ ਨੇ ਰਿਹਾਇਸ਼ੀ ਅਸਥਾਨ ਤੇ ਆ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਫੇਰ ਅੰਗਾਂ ਦੀ ਸਫ਼ਲਤਾ ਕਿਵੇਂ ਹੋਵੇ?" ਤਾਂ ਆਪ ਜੀ ਨੇ ਇਹ ਉੱਤਰ ਬਖ਼ਸ਼ਿਆ:

ਹਸੋ ਪਵਿਤ੍ਰੰ ਯਦੀ ਦਾਨ ਪੁਨਯੰ, ਪਾਦੌ ਪਵਿਤ੍ਰੌ ਯਦੀ ਤੀਰਥ ਯਾਤਰਾ।
ਮੁਖਯੰ ਪਵਿਤ੍ਰੰ ਯਦੀ ਰਾਮ ਨਾਮੁੰ, ਹਿਰਦਯੰ ਪਵਿਤ੍ਰੰ ਯਦੀ ਬ੍ਰਹਮ ਨੇਸ਼ਟਾ।

ਭਾਵ ਹੱਥਾਂ ਦੀ ਪਵਿਤ੍ਰਤਾ ਦਾਨ ਪੁੰਨ ਤੇ ਸੇਵਾ ਦੁਆਰੇ ਹੁੰਦੀ ਹੈ। ਪੈਰ ਸਾਧ ਸੰਗਤ ਵਿੱਚ ਆਉਣ ਕਰ ਕੇ ਜਾਂ ਤੀਰਥ ਯਾਤਰਾ ਕੀਤਿਆਂ ਪਵਿਤ੍ਰ ਹੁੰਦੇ ਹਨ। ਪ੍ਰਮੇਸ਼ਰ ਦਾ ਨਾਮ ਜਪ ਕੇ ਮੁੱਖ ਦੀ ਪਵਿਤ੍ਰਤਾ, ਬ੍ਰਹਮ ਚਿੰਤਨ ਕੀਤਿਆਂ ਹਿਰਦਾ ਸ਼ੁੱਧ ਹੁੰਦਾ ਹੈ।

ਸਾਧ ਬੇਲਾ ਵਾਲੇ ਮਹਾਂਪੁਰਸ਼ਾਂ ਦਾ ਮਿਲਾਪ

ਸਿੰਧੀ ਵੀਰਾਂ ਵਿੱਚ ਨਿਰੋਲ ਗੁਰਬਾਣੀ ਦਾ ਕੀਰਤਨ ਤੇ ਏਕਤਾ ਮਈ ਪ੍ਰਚਾਰ ਸੁਣ ਕੇ ਕੱਟੜ ਖ਼ਿਆਲੀ ਮੁਸਲਮਾਨ ਵੀ ਸ਼ਰਧਾਲੂ ਬਣ ਗਏ।

ਇੱਥੇ ਦਰਿਆ ਦੇ ਵਿਚਕਾਰ ਉੱਚੀ ਜਗ੍ਹਾ ਤੇ ਇੱਕ ਸਾਧ ਬੇਲਾ ਨਾਮ ਕਰ ਕੇ ਉਦਾਸੀ ਸੰਤਾਂ ਦਾ ਅਸਥਾਨ ਸੀ ਜਿੱਥੇ ਹਰ ਸਮੇਂ ਪੰਜ ਚਾਰ ਸੌ ਸਾਧੂ ਟਿਕਿਆ ਰਹਿੰਦਾ। ਕਥਾ ਕੀਰਤਨ ਦਾ ਪ੍ਰਵਾਹ ਤੇ ਹਰ ਇੱਕ ਯਾਤਰੂ ਵਾਸਤੇ ਲੰਗਰ ਵੀ ਆਮ ਚੱਲਦਾ ਸੀ। ਜ਼ਿਆਦਾਤਰ ਸਹਿਜਧਾਰੀ ਸਿੰਧੀ ਵੀਰ ਹੀ ਇਨ੍ਹਾਂ ਮਹਾਤਮਾਂ ਦੇ ਸ਼ਰਧਾਲੂ ਸਨ। ਉਨ੍ਹਾਂ ਸ਼ਰਧਾਲੂ ਸਿੰਧੀ ਸੱਜਣਾਂ ਨੇ 'ਸ੍ਰੀ ਮਹੰਤ' ਬਾਵਾ ਹਰਨਾਮ ਦਾਸ ਜੀ ਦੇ ਪਾਸ ਮਹਾਂਪੁਰਸ਼ਾਂ ਦਾ ਜਸ ਕੀਤਾ ਕਿ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੀ ਸੰਪ੍ਰਦਾ ਦੇ ਚਮਕਦੇ ਰਤਨ ਇੱਕ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਪੰਜਾਬ ਦੀ ਧਰਤੀ ਤੋਂ ਏਥੇ ਆਏ ਹਨ। ਸੁੰਦਰ ਗਲਾ, ਮਿੱਠੀ ਸੁਰ, ਸ਼ਾਂਤਮਈ ਪ੍ਰਚਾਰ ਦਰਸ਼ਨ ਕੀਤਿਆਂ ਹੀ ਮਨ ਨੂੰ ਕੋਈ ਅਗੰਮੀ ਠੰਢ ਜਾਪਦੀ ਹੈ। ਇਹ ਮਹੰਤ ਸਾਹਿਬ ਜੀ ਚੰਗੇ ਗੁਣਾਂ ਵਾਲੇ ਸਾਧੂ ਸਨ। ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਨਾਮ ਤਾਂ ਸਾਰੇ ਭੇਖਾਂ ਵਿੱਚ ਮਸ਼ਹੂਰ ਹੈ। ਉਨ੍ਹਾਂ ਦੇ ਨਾਤੀ ਸ਼ਿਸ਼ ਜਾਣ ਕੇ ਆਪਣੇ ਮਨ ਵਿੱਚ ਦਰਸ਼ਨਾਂ ਦੀ ਭਾਵਨਾ ਜਾਗੀ। ਹਜ਼ੂਰ ਦੇ ਪਾਸ ਬੇਨਤੀ ਕਰਨ ਵਾਸਤੇ ਦੋ ਸਾਧੂ ਭੇਜੇ ਕਿ ਮਹਾਰਾਜ ਆਪ ਏਥੇ ਦਰਸ਼ਨ ਬਖ਼ਸ਼ੋ। ਸੰਤ ਜੀ ਮਹਾਰਾਜ ਨੇ:

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥ (ਸੋਰਠਿ ਮਃ ੫ - ੬੧੪)

ਜਾਣ ਕੇ ਬੇਨਤੀ ਪ੍ਰਵਾਨ ਕਰ ਲਈ। ਉਸੇ ਦਿਨ ਸ਼ਾਮ ਦੇ ਤਿੰਨ ਵਜੇ ਜਥੇ ਦੇ ਸਿੰਘਾਂ ਸਮੇਤ ਆਪ ਜੀ ਅਸਥਾਨ ਤੇ ਪੁੱਜੇ। ਮਹੰਤ ਸਾਹਿਬ ਜੀ ਬੜੇ ਸਤਿਕਾਰ ਨਾਲ ਅੱਗੇ ਆ ਕੇ ਮਿਲੇ। ਦੋਹਾਂ ਵਿਅਕਤੀਆਂ ਨੇ ਪਰਸਪਰ ਨਮਸ਼ਕਾਰ ਕੀਤੀ। ਉਪਰੰਤ ਆਪ ਜੀ ਨੂੰ ਆਪਣੇ ਪਾਸ ਹੀ ਬੇਨਤੀ ਕਰ ਕੇ ਉੱਚ ਆਸਣ ਤੇ ਬਿਠਾਇਆ। ਭਾਵੇਂ ਹੋਰ ਵੀ ਭੇਖਾਂ ਤੇ

ਉਦਾਸੀਨ ਸੰਪ੍ਰਦਾ ਦੇ ਸਾਧੂ ਏਥੇ ਆਉਂਦੇ ਹੀ ਰਹਿੰਦੇ ਸਨ, ਪਰ ਜੋ ਅੱਜ ਦਾ ਮਿਲਾਪ ਸੀ ਉਹ ਕੋਈ ਅਗੰਮੀ ਰਸ ਦਾ ਦਾਤਾ ਸੀ। ਮਹੰਤ ਸਾਹਿਬ ਜੀ ਬੜੇ ਪ੍ਰਸੰਨ ਹੋਏ। ਜੀਵਨ ਮੁਕਤ ਬ੍ਰਹਮਗਿਆਨੀ ਦੇ ਲੱਛਣ ਪੁੱਛੇ ਤਾਂ ਆਪ ਜੀ ਨੇ ਸੁਖਮਨੀ ਸਾਹਿਬ ਜੀ ਦੀ ਨੌਵੀਂ ਅਸ਼ਟਪਦੀ ਦੀ ਆਖ਼ਰੀ ਪਉੜੀ ਵਿੱਚੋਂ ਪੰਚਮ ਪਾਤਿਸ਼ਾਹ ਮਹਾਰਾਜ ਜੀ ਦਾ ਬਚਨ ਪੜ੍ਹ ਕੇ ਸੁਣਾਇਆ।

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥

(ਗਉੜੀ ਸੁਖਮਨੀ ਮਃ ੫ - ੨੭੫)

ਫੇਰ ਪੂਰਨ ਸਾਧੂ ਦੇ ਗੁਣਾਂ ਦੀ ਵਿਚਾਰ ਚਲੀ, ਤਾਂ ਆਪ ਜੀ ਨੇ ਪੰਚਮ ਪਾਤਸ਼ਾਹ ਜੀ ਮਹਾਰਾਜ ਵਲੋਂ ਉਚਾਰਨ ਕੀਤੇ ਦੋ ਸ਼ਬਦ ਸੁਣਾਏ ਜਿਨ੍ਹਾਂ ਵਿੱਚ ਪੂਰਨ ਮਹਾਂਪੁਰਸ਼ਾਂ ਦੇ ਲੱਛਣ ਦੱਸੇ ਹਨ:

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਾਗ ਸਗਲ ਰੇਣੁਕਹ ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥ *(ਸਲੋਕ ਸਹਸਕ੍ਰਿਤੀ ਮਃ ੫ - ੧੩੫੭)*

ਤਥਾ: ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥
ਮਨ ਮੇਰੇ ਰਾਮ ਰਉ ਨਿਤ ਨੀਤਿ ॥
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ ॥
ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥
ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥
ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥
ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥
ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥
ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥
ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥
ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥
ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥
ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥
ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥
ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥
ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥ (ਮਾਰੂ ਮਃ ੫ - ੧੦੧੮)

ਤਥਾ: ਲਾ ਮੁਕਾਮ ਵਿੱਚ ਜਿਨ੍ਹਾਂ ਘਰ ਅਡਿਆ ਸੋ ਹੋਇਆ ਬਹੁਤ ਸੁਖਾਲਾ।
ਸਾਂਈ ਵਾਲੀਆਂ ਮੌਜਾਂ ਮਾਨਣ ਪੀ ਕਰ ਪ੍ਰੇਮ ਪਿਯਾਲਾ।

ਸਚਾ ਤਖ਼ਤ ਪਾਤਿਸ਼ਾਹ ਵੀ ਸੱਚਾ ਸੱਚੀ ਉਮੱਤ ਵਾਲਾ।
‘ਚੂਹੜ’ ਅੰਮ੍ਰਿਤ ਰਹਿਮਤ ਸੋਈ ਜਾਂ ਲਥਾ ਨੁਕਤਾ ਕਾਲਾ।
ਰੰਗ ਜਿਨ੍ਹਾਂ ਦੇ ਉੱਪਰ ਚੜ੍ਹਿਆ ਸਾਂਈ ਸਿਮਰਨ ਵਾਲਾ।
ਤਿਸ ਰੰਗ ਉੱਪਰ ਹੋਰ ਨ ਚੜ੍ਹਦਾ ਰੱਤਾ ਪੀਲਾ ਕਾਲਾ।
ਸ਼ਾਹਨ ਸ਼ਾਹ ਭਏ ਵਿੱਚ ਜਗ ਦੇ, ਪਾਇਆ ਦੀਨ ਦਯਾਲਾ।
ਸਾਹਿਬ ਮਿਲ ਸਾਹਿਬ ਭਏ ‘ਸੇਵਾ’ ਸਾਹਿਬ ਸਾਹਿਬ ਵਾਲਾ।

ਸਾਧੂ ਦੇ ਹੋਰ ਗੁਣਾਂ ਦਾ ਵਰਨਣ

ਅਤਿ ਮੂਰਖ ਚਿੱਤ ਮਲੀਨ ਮਹਾਂ, ਜੁ ਨਮਿੱਤ[1] ਬਿਨਾ ਨਿਤ ਦੇਵਹਿਂ ਗਾਰੀ[2]।
ਬਹੁ ਤਾੜਨ ਤ੍ਰਜਨ[3] ਹਾਥ ਉਠਾਵਨ, ਨਿੰਦਨ ਸਾਥ ਨਿਰਾਦਰ ਭਾਰੀ।
ਦੁਰ ਦੈ ਅਲਜ਼ਾਮ[4] ਕਰੈਂ ਬਦਨਾਮ, ਸੁ ਕਾਮ ਬਿਗਾਰ ਧਰੈਂ ਅਪਕਾਰੀ[5]।
ਨਹਿ ਕ੍ਰੋਧ ਫੁਰੈ ਤਿਨ ਪੈ ਜਿਹ ਕੋ, ਵਹਿ ਸਾਧ ਸਹੀ ਦਿਢ ਰੂਪ ਮੁਰਾਰੀ ॥੩੧॥
ਘਰਿ ਰਾਜ ਸਮਾਜ[6] ਦਰਾਜ ਮਹਾ[7], ਗਜ ਬਾਜ[8] ਨ ਲਾਜ ਕਿਸੂ ਕੀ ਧਰੈ ਹੈਂ।
ਮਾਤ ਪਿਤਾ ਸੁਤ ਬੰਧੁ ਹਿਤੂ, ਬਨਤਾ[9] ਜਨਤਾ[10] ਸੁਖਦਾਇਕ ਵੈ ਹੈਂ।
ਦੇਹ ਅਰੋਗ ਸ੍ਵਰੂਪ ਵਤੀ, ਕਹਿ ਲੌ ਬਰਨੌਂ ਹਿਤ ਹ੍ਵੈ ਜਿਨ ਮੈ ਹੈਂ।
ਸਭਿ ਨਾਸ ਭਏ ਨ ਜਏ[11] ਜਿਹ ਕਿੰਚਤ, ਮੋਹ ਸੁ ਸਾਧੁ ਸਹੀ ਸ੍ਰਤਿ ਕੈ ਹੈਂ ॥੩੨॥
ਦੁਰ[12] ਕਾਲ ਕੋ ਰੂਪ ਭਿਆਨਕ ਮਾਨਵ, ਕੋਪਿ ਕ੍ਰਿਪਾਨ ਕਰੂਪ ਦਿਖਾਵੈਂ।
ਬਹੁ ਜੱਖ ਪਿਸਾਚ[13] ਬਿਤਾਲ[14] ਪਰੇਤ, ਕਮਾਲ[15] ਕਰਾਲ[16] ਕਰੂਰ[17] ਡਰਾਵੈਂ।
ਕਿਤ ਸਿੰਘ[18] ਭੁਜੰਗ[19] ਗਜਾਦਿ ਬੁਰੇ ਪੁਸ, ਖੇਦ ਕਰੈਂ ਬਹੁ ਆਨਿ ਸੰਤਾਵੈਂ।
ਨਿਜ ਆਤਮ ਨਿਤ ਅਸੰਗ ਲਖੈ ਦਿਢ, ਦੇਹ ਅਨਿੱਤ[20] ਸੁ ਸਾਧੁ ਕਹਾਵੈਂ ॥੩੩॥
ਦੋਹਿਰਾ: ਇਤਯਾਦਿਕ ਗੁਨ ਜਾਂਹਿ ਮੈਂ, ਜੀਵਨ ਮੁਕਤਿ ਸੁ ਸਾਧੁ।
ਤਾਂ ਕੇ ਨਿਕਟ ਨਾ ਜਾਇ ਹੈ, ਮਾਯਾ ਠਗਨੀ ਬਯਾਧਿ ॥੩੪॥ (ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਅਧਿਆਏ ੧੨)

ਇਸ਼ਾਰੇ ਮਾਤ੍ਰ ਇਤਨੀ ਵੀਚਾਰ ਸੁਣ ਕੇ ਮਹੰਤ ਸਾਹਿਬ ਅਤੇ ਹੋਰ ਸੰਤ ਮੰਡਲੀ ਦੇ ਮਨਾਂ ਤੇ ਬੜਾ ਚੰਗਾ ਅਸਰ ਹੋਇਆ। ਸੂਝ ਵਾਲੇ ਮਹੰਤ ਜੀ ਨੇ ਬਚਨਾਂ ਦੀ ਮਿਠਾਸ ਤੇ ਦਰਸ਼ਨਾਂ ਦੇ ਪ੍ਰਭਾਵ ਤੋਂ ਜਾਣ ਲਿਆ ਕਿ ਇਹ ਪੂਰਨ ਅਵਸਥਾ ਨੂੰ ਪ੍ਰਾਪਤ ਹਨ। ਫੇਰ ਕੁਛ ਜੁ ਜਗਿਆਸੂ ਸਾਧੂਆਂ ਨੇ ਬੇਨਤੀ ਕੀਤੀ, “ਮਹਾਰਾਜ! ਸਾਡੇ ਤੇ ਵੀ ਕ੍ਰਿਪਾ ਕਰ ਕੇ ਪਵਿਤ੍ਰ ਉਪਦੇਸ਼ ਦੀ ਬਖ਼ਸ਼ਿਸ਼ ਕਰੋ।” ਹਜ਼ੂਰ ਕਹਿਣ ਲੱਗੇ ਸੰਤੋ! ਸਾਰੇ ਧਾਰਮਿਕ ਗ੍ਰੰਥਾਂ ਤੇ ਸੰਤ ਪੁਰਸ਼ਾਂ ਦਾ ਇਹੀ ਸਿਧਾਂਤ ਹੈ ਕਿ ਸਾਧੂ ਕਦੇ ਆਪਣੇ ਮਨ ਦਾ ਵਿਸਾਹ ਨਾ ਕਰੇ। ਸਭ ਤੋਂ ਔਖਾ ਹੈ ਮਨ ਦਾ ਵਸੀਕਾਰ ਕਰਣਾ। ਇਹ ਜਿਤਨਾ ਪ੍ਰਪੰਚ ਦ੍ਰਿਸ਼ਟੀ ਆ ਰਿਹਾ ਹੈ। ਸਭ ਮਨ ਦੀ ਆਪਣੀ ਕਲਪਣਾ ਹੈ।

ਯਥਾ: ਮਨ ਹੀ ਭਰਮ ਹੈ ਜਗਤ ਯਹ ਦੇਖੀਅਤ, ਮਨ ਹੀ ਕੋ ਭਰਮ ਗਏ ਜਗਤ ਬਿਲਾਤ ਹੈ।
ਮਨ ਹੀ ਕੈ ਭਰਮ ਜੇਵਰੀ ਮੇ ਉਪਜਤ ਸਾਂਪ, ਮਨ ਕੇ ਵਿਚਾਰੇ ਸਾਂਪ ਜੇਵਰੀ ਸਮਾਤਿ ਹੈ।
ਮਨ ਹੀ ਕੇ ਭਰਮ ਤੇ ਮਰੀਚਾ ਕੋ ਜਲ ਕਹੇ, ਮਨ ਹੀ ਭਰਮ ਸੀਪ ਰੂਪੋ ਸਾ ਦਿਖਾਤ ਹੈ।
‘ਸੁੰਦਰ’ ਸਕਲ ਯਹ ਦੇਖੇ ਮਨ ਹੀ ਕੇ ਭਰਮ, ਮਨ ਹੀ ਕੇ ਭਰਮ ਗਏ ਬ੍ਰਹਮ ਹੋਇ ਜਾਤ ਹੈ।
ਮਨ ਕੇ ਅਧੀਨ ਮੁਨਿ ਪੰਡਤ ਤਪੀਸਰ ਔਰ, ਮਨ ਕੇ ਅਧੀਨ ਜੋਗੀ ਜਤੀ ਬ੍ਰਹਮਚਾਰੀ ਹੈ।
ਮਨ ਕੇ ਅਧੀਨ ਪੀਰ ਮੀਰ ਖਾਨ ਸੁਲਤਾਨ, ਮਨ ਕੇ ਅਧੀਨ ਪੈਗੰਬਰ ਚਾਰ ਯਾਰੀ ਹੈ।
ਮਨ ਕੇ ਅਧੀਨ ਸੂਰ ਬਲੀ ਨਿਰਬਲ ਔ, ਮਨ ਕੇ ਅਧੀਨ ਰਾਉ ਰੰਗ ਨਰ ਨਾਰੀ ਹੈ।
ਔਰ ਸਭ ਸ੍ਰਿਸਟ ਏਕ ਮਨ ਕੇ ਅਧੀਨ ਰਹੇ, ਗਯਾਨੀ ਕੀ ਜੋ ਰਤੀ ਸੋ ਤੋ ਮਨ ਸੇ ਨਿਆਰੀ ਹੈ।

ਛਪਯ: ਪੜ੍ਹਣ ਗੁਣਨ ਕੁੱਝ ਅਚਰਜ ਨਾਹੀ, ਅਚਰਜ ਨਾਹੀ ਗਿਆਨ ਕਰਨ।
ਮੋਨੀ ਹੋਇਆ ਅਚਰਜ ਨਾਹੀ, ਅਚਰਜ ਨਾਹੀ ਬਕਨ ਕਥਨ।
ਤੀਰਥ ਪਰਸਿਐ ਅਚਰਜ ਨਾਹੀ, ਅਚਰਜ ਨਾਹੀ ਗਉਣੁ ਭਵਨ।
‘ਦਰਸ਼ਨ’ ਨਾਹੀ ਔਰ ਕੁਛ ਅਚਰਜੁ, ਅਚਰਜੁ ਹੈ ਮਨ ਵਸ ਕਰਨ।
ਗੁਰ ਕ੍ਰਿਪਾ ਬਿਨਾਂ ਮਨ ਆਪਣੇ ਚੰਚਲ ਸੁਭਾਉ ਦਾ ਤਿਆਗ ਨਹੀਂ ਕਰਦਾ। ਸੋ ਮਹਾਂਪੁਰਸ਼ੋ! ਸੰਸਾਰ ਦੇ ਸੁਖਾਂ ਨੂੰ

ਪਿੱਠ ਦੇ ਕੇ ਜੰਗਲ ਬੇਲੇ ਮੱਲਣੇ ਤਦੇ ਹੀ ਸਫ਼ਲੇ ਹਨ, ਜੇ ਅਸਲੀ ਸੱਤ੍ਹ ਮਨ ਵਸੀਕਾਰ ਹੋਵੇ। ਨਹੀਂ ਤਾਂ ਇਸ ਦਾ ਕੀਤਾ ਹੋਇਆ ਸਾਰਾ ਜਪ ਤਪ ਨਿਸਫ਼ਲ ਹੈ।

---

[1] ਕਾਰਨ। [5] ਵਿਘਨਕਾਰੀ। [9] ਇਸਤ੍ਰੀ। [13] ਮਾਸ ਖਾਣੇ ਜੀਵ। [17] ਨਿਰਦਈ (ਰੂਪ ਧਾਰ ਕੇ)
[2] ਗਾਲ੍ਹਾਂ। [6] ਸਾਮਾਨ। [10] ਆਮ ਲੋਕ। [14] ਇਕ ਭੂਤ ਜਾਤੀ। [18] ਸ਼ੇਰ।
[3] ਧਮਕੀਆਂ ਦੇਂਦੇ ਹਨ। [7] ਬਹੁਤ ਜ਼ਿਆਦਾ। [11] ਪੈਦਾ ਨ ਹੋਵੇ। [15] ਬਹੁਤੇ। [19] ਸੱਪ। [20] ਝੂਠੀ
[4] ਖੋਟੇ ਦੋਸ਼ ਲਾ ਕੇ। [8] ਹਾਥੀ ਤੇ ਘੋੜੇ। [12] ਖੋਟਾ। [16] ਭਿਆਨਕ।

ਇਸ ਪ੍ਰਕਾਰ ਦੇ ਪਵਿੱਤਰ ਬਚਨ ਸੁਣ ਕੇ ਸਾਰੀ ਸੰਤ ਮੰਡਲੀ ਵਾਹ ਵਾਹ ਕਰ ਉੱਠੀ। ਉਪਰੰਤ ਹਜ਼ੂਰ ਨੇ ਮਹੰਤ ਸਾਹਿਬ ਤੋਂ ਆਗਯਾ ਮੰਗੀ ਤਾਂ ਬਾਵਾ ਹਰਨਾਮ ਦਾਸ ਜੀ ਨੇ ਮਿਸ਼ਰੀ ਦਾ ਥਾਲ ਬਦਾਮ ਇਲੈਚੀਆਂ ਇੱਕ ਦਸਤਾਰਾ ਤੇ ਕੁਛ ਮਾਇਆ ਭੇਟਾ ਕੀਤੀ। ਸੰਤ ਜੀ ਨੇ ਕੇਵਲ ਸਿਰੋਪਾਓ ਅੰਗੀਕਾਰ ਕੀਤਾ। ਹੋਰ ਸਾਰਾ ਸਾਮਾਨ ਇੱਕ ਸੌ ਇੱਕ ਰੁਪਿਆ ਆਪਣੇ ਕੋਲੋਂ ਉੱਪਰ ਰੱਖ ਕੇ ਵਾਪਸ ਕਰ ਦਿੱਤਾ। ਇਤਨੀ ਉਦਾਰਤਾ ਦੇਖ ਕੇ ਉਨ੍ਹਾਂ ਦੇ ਮਨਾਂ ਪਰ ਹੋਰ ਵੀ ਵਧੇਰੇ ਅਸਰ ਹੋਇਆ ਤੇ ਆਪ ਵਾਪਸ ਅਸਥਾਨ ਤੇ ਆ ਗਏ। ਵੈਸਾਖੀ ਦਾ ਗੁਰਪੁਰਬ ਮਨਾ ਕੇ ਆਪ ਪੰਜਾਬ ਨੂੰ ਆ ਗਏ।

ਸੰਤ ਜੀ ਮਹਾਰਾਜ ੧੪-੧੫ ਵੈਸਾਖ ਦੇ ਕਰੀਬ ਕਰਮਸਰ ਪੁੱਜ ਗਏ। ਪਹਿਲਾਂ ਵਾਂਗੂ ਅਸਥਾਨ ਤੇ ਰੌਣਕਾਂ ਹੋਣ ਲੱਗੀਆਂ ਦੂਰੋਂ ਦੂਰੋਂ ਪ੍ਰੇਮੀ ਦਰਸ਼ਨਾਂ ਨੂੰ ਆਉਂਦੇ ਹਨ। ਦੋਵੇਂ ਸਮੇਂ ਕਥਾ ਕੀਰਤਨ ਤੇ ਗੁਰੂ ਕਾ ਲੰਗਰ ਅਤੁੱਟ ਚੱਲਦਾ ਹੈ, ਜਿਸ ਦੀ ਜ਼ੁੰਮੇਵਾਰੀ ਛੋਟੇ ਸੰਤ ਜੀ ਮਹਾਰਾਜ ਨਿਭਾ ਰਹੇ ਸਨ। ਕੁਛ ਕੁ ਨਵੇਂ ਕਮਰੇ ਵੀ ਬਣ ਗਏ।

ਸੰਤ ਜੀ ਮਹਾਰਾਜ ਦੀ ਰਿਹਾਇਸ਼ ਵਾਸਤੇ ਭੋਰਾ ਜੋ ੧੯੩੮ ਈ. ਚੇਤ ਦੇ ਮਹੀਨੇ ਸ਼ੁਰੂ ਹੋਇਆ ਸੀ, ਉਸ ਦੀ ਹੇਠਲੀ ਛੱਤ ਤਿਆਰ ਹੋ ਗਈ। ਪਰ ਆਪ ਜੀ ਅਜੇ ਛੱਪਰੀਆਂ ਵਿੱਚ ਹੀ ਨਿਵਾਸ ਰੱਖਦੇ ਸਨ। ਭਾਵੇਂ ਆਪ ਨੂੰ ਆਇਆਂ ਨੂੰ ਅਜੇ ਥੋੜ੍ਹਾਂ ਹੀ ਸਮਾਂ ਹੋਇਆ ਸੀ ਪਰ ਫੇਰ ਵੀ ਲਾਹੌਰ ਵਾਸੀ ਪ੍ਰੇਮੀਆਂ ਦਾ ਮਨ ਦਰਸ਼ਨਾਂ ਵਾਸਤੇ ਕਾਹਲਾ ਪੈ ਗਿਆ। ਬਹੁਤ ਸਾਰੇ ਸ਼ਰਧਾਲੂ ਥੋੜੇ ਸਮੇਂ ਤੋਂ ਬਾਅਦ ਹੀ ਗੁਰਦੁਆਰਾ ਕਰਮਸਰ ਪੁੱਜ ਗਏ ਅਤੇ ਲਾਹੌਰ ਸ਼ਹਿਰ ਚਰਨ ਪਾਉਣ ਵਾਸਤੇ ਫੇਰ ਬੇਨਤੀ ਕੀਤੀ। ਇਨ੍ਹਾਂ ਦੇ ਅਸਲੀ ਪ੍ਰੇਮ ਦੀ ਖਿੱਚ ੧੯੩੯ ਈ. ਫਰਵਰੀ ਦੇ ਮਹੀਨੇ ਫੇਰ ਲਾਹੌਰ ਆ ਪੁੱਜੇ। ਐਤਕੀਂ ਢੋਲਕੀ ਵਜੌਣ ਵਾਲਾ ਨਾਲ ਭਾਈ ਮੇਵਾ ਸਿੰਘ ਜੀ ਹੋਰ ਜਥੇ ਦੇ ਇੱਕ ਦੋ ਸੱਜਣਾਂ ਤੋ ਬਿਨਾਂ ਪਹਿਲੇ ਹੀ ਸਰੀਰ ਸਨ। ਰਿਹਾਇਸ਼ ਖੁੱਲ੍ਹੀ ਜਗ੍ਹਾ ਮਸਾਣਾਂ ਵਿੱਚ ਤੰਬੂ ਲੱਗਾ ਕੇ ਕੀਤੀ।

ਆਪ ਜੀ ਦੇ ਹਿਰਦੇ ਅੰਦਰ ਹਰ ਸਮੇਂ ਵੈਰਾਗ ਦੀ ਰੌਂ ਜਾਰੀ ਰਹਿੰਦੀ ਤਦੇ ਹੀ ਹਰ ਸਮੇਂ ਇਹ ਪ੍ਰਪੱਕ ਨਿਸਚਾ ਸੀ ਕੇ ਅੰਤ ਨੂੰ ਸਭਨਾਂ ਦਾ ਵਾਸਾ ਏਥੇ ਹੀ ਹੋਣਾ ਹੈ।

ਯਥਾ: ਭੈਣ, ਭਾਈ, ਭਾਣਜੇ, ਭਤੀਜੇ, ਭੀਰ ਮੇ ਨ ਕੁਊ, ਸੰਪਤ ਹਜ਼ਾਰੋਂ ਧਰੀ ਰਹੇਗੀ ਮਕਾਨ ਮੇ।
ਚੰਪਕ ਚੰਬੇਲੀ ਚੋਆ ਚੰਦਨ ਚੜ੍ਹਾਵੈ ਚਾਰੁ, ਚੀਰ ਚੀਰ ਚੀਲ ਕਾਕ ਖਾਵੈਂਗੇ ਮਦਾਨ ਮੇ।
ਕੇਸਰੀ ਨਿਹਾਲ, ਖ਼ਿਆਲ ਕਾਲ ਕੋ ਨ ਐ ਰੇ ਮੂਢ! ਜੇਤੇ ਵਡੇ ਹੂਏ ਦੇਖ ਮੂਏ ਸੋ ਜਹਾਨ ਮੇ।
ਜਾਮਨੀ ਬਸੇਰਾ ਹੈ ਘਨੇਰਾ ਕਿਉਂ ਬਖੇਰਾ ਕੀਨ, ਅੰਤ ਕੋ ਤੋ ਡੇਰਾ ਲਾਗੈਗੋ ਮਸਾਨ ਮੇ।

ਕੀਰਤਨ ਗੁਰਦੁਆਰੇ ਸਾਹਿਬ ਹੁੰਦਾ ਰਿਹਾ। ਆਪ ੧੫ ਦਿਨ ਠਹਿਰੇ, ਅੰਮ੍ਰਿਤ ਪ੍ਰਚਾਰ ਵੀ ਹੋਇਆ। ਵਾਪਸ ਜਾਣ ਸਮੇਂ ਪ੍ਰੇਮੀਆਂ ਨੇ ਫੇਰ ਆਉਣ ਦਾ ਬਚਨ ਕਰਵਾ ਲਿਆ। ਚੋਥੀ ਵਾਰ ਦੋ ਮਹੀਨਿਆਂ ਵਾਸਤੇ ੧੯੩੯ ਈ. ਦੇ ਸਤੰਬਰ ਮਹੀਨੇ ਵਿੱਚ ਆਏ। ਰਿਹਾਇਸ਼ ਜਥੇ ਸਮੇਤ ਠੇਕੇਦਾਰ ਬਿਸ਼ਨ ਸਿੰਘ ਭੱਠਿਆਂ ਵਾਲੇ ਦੇ ਘਰ ਰੱਖੀ। ਜਥੇ ਦੇ ਪਹਿਲੇ ਸਿੰਘਾਂ ਤੋਂ ਇਲਾਵਾ ਢੋਲਕੀ ਵਜਾਉਣ ਵਾਲੇ ਭਾਈ ਮਹਿੰਦਰ ਸਿੰਘ ਦੁਬੁਰਜੀ ਸਨ, ਜਿਨ੍ਹਾਂ ਦੀ ਢੋਲਕੀ ਤੇ ਪ੍ਰਸੰਨ ਹੋ ਕੇ ਅੱਗੇ ਵਾਸਤੇ ਹਜ਼ੂਰ ਨੇ ਇਹ ਡਿਊਟੀ ਪੱਕੀ ਹੀ ਇਨ੍ਹਾਂ ਨੂੰ ਬਖ਼ਸ਼ਸ਼ ਦਿੱਤੀ। ਉਸ ਸਮੇਂ ਤੋਂ ਏਹੋ ਹੀ ਵਜਾਉਂਦੇ ਰਹੇ। ਫੇਰ ਜਥੇ ਦੇ ਸਿੰਘਾਂ ਦੀ ਜਥੇਦਾਰੀ ਵੀ ਦੇ ਦਿੱਤੀ ਸੀ।

ਜਦੋਂ ਹਜ਼ੂਰ ਨੇ ਚੌਥੀ ਵਾਰ ਲਾਹੌਰ ਦੀ ਸੰਗਤ ਨੂੰ ਦਰਸ਼ਨ ਬਖ਼ਸ਼ੇ ਤਾਂ ਸ਼ਹਿਰ ਵਾਸੀ ਸੱਜਣਾਂ ਨੂੰ (ਜੋ ਪਹਿਲੀ ਦੂਜੀ ਤੇ ਤੀਜੀ ਵਾਰ ਆਇਆ ਦੇ ਦਰਸ਼ਨ ਕਰ ਕੇ ਕੀਰਤਨ ਸੁਣ ਕੇ ਪਿਆਸੇ ਪਪੀਹੇ ਦੀ ਤਰ੍ਹਾ ਇਸ ਅੰਮ੍ਰਿਤ ਬੂੰਦ ਨੂੰ ਤਰਸ ਰਹੇ ਸਨ) ਪਤਾ ਲੱਗ ਹੀ ਚੁੱਕਾ ਸੀ ਉਹ ਹੁੰਮ ਹੁਮਾ ਕੇ ਦਰਸ਼ਨਾਂ ਨੂੰ ਆਏ। ਚਰਨ ਪਰਸੇ ਅਤੇ ਆਪੋ ਆਪਣੇ ਇਲਾਕੇ ਦੀ ਖਿੱਚ ਕਰ ਕੇ ਵੱਖ ਵੱਖ ਗੁਰਦੁਆਰਿਆਂ ਵਿੱਚ ਕੀਰਤਨ ਕਰਵਾਉਣ ਤੇ ਘਰਾਂ ਵਿੱਚ ਚਰਨ ਪਵਾਉਣ ਵਾਸਤੇ ਬੇਨਤੀਆਂ ਕੀਤੀਆਂ। ਸੰਤ ਜੀ ਮਹਾਰਾਜ ਨੇ ਕਿਹਾ, "ਪ੍ਰੇਮੀਓ! ਤੁਸੀਂ ਸਾਰੇ ਹੀ ਆਪਸ ਵਿੱਚ ਸਲਾਹ ਕਰ ਕੇ ਦੀਵਾਨ ਵਾਸਤੇ ਇੱਕੋ ਹੀ ਜਗ੍ਹਾ ਨੀਅਤ ਕਰ ਲਵੋ। ਜਿਤਨੇ ਦਿਨ ਠਹਿਰਾਂਗੇ ਇੱਕੋ ਥਾਂ ਕੀਰਤਨ ਹੁੰਦਾ ਰਹੇਗਾ। ਪਰ ਮੁਖੀ ਸੱਜਣਾਂ

ਨੇ ਫੇਰ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਦੂਰ ਵੱਸਣ ਵਾਲੇ ਬਹੁਤ ਸਾਰੇ ਪ੍ਰੇਮੀ ਨਹੀਂ ਆ ਸਕਦੇ। ਉਹ ਅਮੋਲਕ ਬਚਨਾਂ ਅਤੇ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਹਨ। ਸੋ ਆਪ ਸਾਰਿਆਂ ਤੇ ਕ੍ਰਿਪਾ ਕਰ ਕੇ ਸਮਾਂ ਵੰਡ ਕੇ ਬਖ਼ਸ਼ ਦੇਵੋ।" ਅਜੇ ਇਹ ਵਿਚਾਰਾਂ ਹੋ ਰਹੀਆਂ ਸਨ ਕਿ ਇਤਨੇ ਨੂੰ ਕਈ ਕੁ ਇਤਿਹਾਸਕ ਗੁਰਦੁਆਰੇ ਸਾਹਿਬਾਂ ਦੇ ਹੈੱਡ ਗ੍ਰੰਥੀ, ਮੈਨੇਜਰ ਤੇ ਹੋਰ ਪ੍ਰਬੰਧਕ ਆ ਪੁੱਜੇ। ਸਭਨਾਂ ਨੇ ਨਮਸ਼ਕਾਰਾਂ ਕਰ ਕੇ ਬੇਨਤੀ ਕੀਤੀ, "ਮਹਾਰਾਜ! ਆਪ ਉਸ ਗੁਰਦੁਆਰੇ ਤਾਂ ਜ਼ਰੂਰ ਕੀਰਤਨ ਕਰੋ।" ਦੂਜਾ ਕਹਿੰਦਾ, "ਮਹਾਰਾਜ! ਉਸ ਜਗ੍ਹਾ ਬਹੁਤੀ ਸੰਗਤ ਜੁੜਦੀ ਹੈ। ਉਸ ਜਗ੍ਹਾ ਦਰਸ਼ਨ ਦੇਵੋ।" ਸੰਤ ਜੀ ਮਹਾਰਾਜ ਨੇ ਸਾਰੇ ਗੁਰੂ ਪਿਆਰਿਆਂ ਦਾ ਸਤਿਕਾਰ ਕੀਤਾ ਤੇ ਕਿਹਾ, "ਪ੍ਰੇਮੀਓ! ਇਹ ਸਰੀਰ ਤਾਂ ਹੈ ਹੀ ਸੰਗਤਾਂ ਦਾ। ਨਿਰੰਕਾਰ ਦੀ ਪ੍ਰੇਰਨਾ ਅਨੁਸਾਰ ਜਿਵੇਂ ਸੰਗਤ ਦਾ ਹੁਕਮ ਹੋਵੇ, ਅਸੀਂ ਉਸੇ ਤਰ੍ਹਾਂ ਮੰਨਣ ਨੂੰ ਤਿਆਰ ਹਾਂ। ਪਰ ਇੱਕ ਜਗ੍ਹਾ ਕੀਰਤਨ ਹੋ ਜਾਵੇ ਦੂਜੀ ਜਗ੍ਹਾ ਨਾ ਹੋਵੇ, ਇਹ ਠੀਕ ਨਹੀਂ। ਜੇ ਤੁਹਾਡੇ ਮਨ ਦੀ ਏਹੋ ਹੀ ਭਾਵਨਾ ਹੈ ਕਿ ਗੁਰੂ ਨਾਨਕ ਨਿਰੰਕਾਰ ਦੀ ਬਾਣੀ ਦਾ ਪ੍ਰਚਾਰ ਵਿਚਰ ਕੇ ਕੀਤਾ ਜਾਵੇ ਤਾਂ ਫੇਰ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰ ਕੇ ਕੀਰਤਨ ਦੁਆਰਾ ਹਾਜ਼ਰੀਆਂ ਭਰ ਸਤਿਗੁਰੂ ਦੀ ਪ੍ਰਸੰਨਤਾ ਹਾਸਲ ਕਰੀਏ।" ਇਉਂ ਸਾਰੇ ਇਤਿਹਾਸਕ ਅਸਥਾਨਾਂ ਤੇ ਇੱਕੋ ਜੇਹਾ ਸਮਾਂ ਵੰਡ ਦਿੱਤਾ ਅਤੇ ਸਾਰੇ ਗੁਰਦੁਆਰਿਆਂ ਵਿੱਚ ਕੀਰਤਨ ਹੁੰਦਾ ਰਿਹਾ। ਜਿਹਾ ਕਿ ਭਾਈ ਤਾਰੂ ਸਿੰਘ ਸ਼ਹੀਦ ਦੇ ਗੁਰਦੁਆਰੇ, ਗੁਰਦੁਆਰਾ ਸ਼ਹੀਦ ਗੰਜ ਵੱਡੇ ਰੇਲਵੇ ਸਟੇਸ਼ਨ ਦੇ ਨਜ਼ਦੀਕ, ਚੂਨਾ ਮੰਡੀ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਗੁਰਦੁਆਰਾ ਸਿੰਘ ਸਭਾ ਰਾਮਗੜ੍ਹ ਮੁਗ਼ਲਪੁਰਾ, ਗੁਰਦੁਆਰਾ ਸਿੰਘ ਸਭਾ ਭਾਰਤ ਨਗਰ ਭਗਵਾਨ ਪੁਰਾ, ਗੁਰਦੁਆਰਾ ਭਾਈ ਮਨੀ ਸਿੰਘ ਜੀ ਸ਼ਹੀਦ, ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਗੁਰਦੁਆਰਾ ਬਾਬਾ ਖ਼ੁਦਾ ਸਿੰਘ ਜੀ, ਗੁਰਦੁਆਰਾ ਰਾਮਗੜ੍ਹ, ਸ਼ਹੀਦ ਗੰਜ ਸਿੰਘਣੀਆਂ, ਰੇਲਵੇ ਕੁਵਾਟਰ ਮੁਗ਼ਲ ਪੁਰਾ, ਭਾਰਤ ਨਗਰ (ਸਦਰ ਬਾਜ਼ਾਰ) ਇਤਿਆਦਿਕ ਹੋਰ ਵੀ ਗੁਰ ਅਸਥਾਨਾਂ ਤੇ ਕੀਰਤਨ ਕੀਤਾ। ਅੰਮ੍ਰਿਤ ਪ੍ਰਚਾਰ ਹੋਇਆ ਅਤੇ ਗੁਰੂ ਪਿਆਰਿਆਂ ਦੀ ਕੁਰਬਾਨੀ ਦੇ ਪਾਵਨ ਇਤਿਹਾਸ ਸੁਣਾਏ।

ਜਿਵੇਂ ਭਾਈ ਤਾਰੂ ਸਿੰਘ ਜੀ ਸੀਸ ਤੋਂ ਖੋਪਰੀ ਲੁਹਾ ਕੇ ੨੨ ਦਿਨ ਸਮਾਧੀ ਵਿੱਚ ਇਸਥਿਤ ਰਹੇ ਅਤੇ ਜ਼ਾਲਮ ਸੂਬੇ ਨੂੰ ਜੁੱਤੀਆਂ ਦੀ ਮਾਰ ਨਾਲ ਅੱਗੇ ਪ੍ਰਲੋਕ ਵਿੱਚ ਪੁਚਾਇਆ। ਸ਼ਹੀਦਾਂ ਦੇ ਡੁੱਲ੍ਹੇ ਹੋਏ ਪਾਵਨ ਖ਼ੂਨ ਅਤੇ ਮਰਜੀਵੜੇ ਕੌਮੀ ਪ੍ਰਵਾਨਿਆਂ ਦੇ ਸਿਦਕਾਂ ਦਾ ਕਿਸੇ ਕਵੀ ਨੇ ਇਉਂ ਜ਼ਿਕਰ ਕੀਤਾ ਹੈ:

ਜਾਂ ਡੁਲ੍ਹਦਾ ਖ਼ੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਜਾਂ, ਤਸਵੀਰ ਬਦਲਕੀ ਕੌਮਾਂ ਦੀ।
ਕਈ ਦੇਗਾਂ ਦੇ ਵਿੱਚ ਉਬਲੇ ਜਾਂ, ਸ਼ਾਂਤੀ ਦੇ ਸੋਮੇ ਵਗ ਪੈਂਦੇ।
ਜਾਂ ਚਰਬੀ ਢਲੇ ਸ਼ਹੀਦਾਂ ਦੀ, ਆਸਾਂ ਦੇ ਦੀਵੇ ਜਗ ਪੈਂਦੇ।
ਜਾਂ ਟੁੱਟਦੇ ਤਾਰ ਅੱਖੀਆਂ ਦੇ, ਰੂਹਾਂ ਵਿੱਚ ਚਾਨਣ ਹੋ ਜਾਵੇ।
ਉਸਰੇ ਜਾਂ ਕੰਧ ਮਸੂਮਾਂ ਦੀ, ਢੱਠੀ ਹੋਈ ਕੌਮ ਖਲੋ ਜਾਵੇ।

ਸਿੱਖ ਬੱਚੀਆਂ ਨੇ ਜਿਗਰ ਦੇ ਟੋਟਿਆਂ ਦੇ ਟੁਕੜੇ ਟੁਕੜੇ ਕਰਵਾ ਕੇ ਸਿੱਖੀ ਧਰਮ ਨੂੰ ਕਾਇਮ ਰੱਖਿਆ। ਜਿੱਥੇ ਸ਼ੀਰਖੋਰ ਮਾਸੂਮ ਬੱਚਿਆਂ ਨੂੰ ਨੇਜਿਆਂ ਤੇ ਟੰਗ ਕੇ ਮਾਰਿਆ ਤੇ ਤਿਸ ਖ਼ੂਨ ਰੰਗੀ ਸ਼ਹੀਦਾਂ ਦੀ ਧਰਤੀ ਵਿੱਚੋਂ ਅਵਾਜ਼ ਆਈ ਕਿ:

ਮਾਰ ਸਕਦੀ ਏਸ ਨੂੰ ਮੌਤ ਵੀ ਨਹੀਂ, ਸਗੋਂ ਤੇਗਾਂ ਦੇ ਹੇਠ ਇਹ ਪਲਦਾ ਏ।
ਫ਼ਲ ਲੱਗਦੇ ਮਨੀ ਸਿੰਘ ਦੀਪ ਜੇਹੇ, ਬੂਟਾ ਜਦੋਂ ਕੁਰਬਾਨੀ ਦਾ ਫਲਦਾ ਏ।

ਪੰਚਮ ਪਾਤਸ਼ਾਹ ਜੀ ਨੇ ਤੱਤੀਆਂ ਲੋਹਾਂ ਤੇ ਚੌਂਕੜਾ ਲਗਾ ਕੇ ਸੀਸ ਵਿੱਚ ਰੇਤ ਦੇ ਕੜਛੇ ਪਵਾਏ, ਜਿਸ ਨੂੰ ਤੱਕ ਕੇ ਮੀਆਂ ਮੀਰ ਜੈਸੇ ਕਾਮਲ ਫ਼ਕੀਰ ਵੀ ਕੰਬ ਉੱਠੇ। ਤਾਂ ਸਤਿਗੁਰੂ ਨੇ ਉੱਤਰ ਦਿੱਤਾ: (ਕਿਸੇ ਕਵੀ ਦੇ ਵਲਵਲੇ)

ਚਾਰ ਤਰਫੋਂ ਅੱਗ ਬਰਸੇ, ਸੇਕ ਸੀ ਤਨ ਸਾੜਦਾ। ਛਾਲੇ ਛਾਲੇ ਹੋ ਗਿਆ, ਜੁਸਾ ਸੱਚੀ ਸਰਕਾਰ ਦਾ।
ਸਾਂਈ ਮੀਆਂ ਮੀਰ ਡਿਠਾ, ਹਾਲ ਜਦ ਆ ਯਾਰ ਦਾ। ਓਹ ਹੋ ਵਿਆਕੁਲ ਰੋ ਪਿਆ, ਚੀਖੇ ਤੇ ਧਾਹੀਂ ਮਾਰਦਾ।
ਤਕ ਕਿਹਾ ਸਤਿਗੁਰੂ ਪੀਰ ਜੀ! ਛੋਡੋ ਪ੍ਰੀਤੀ ਚਾਮ ਸੇ। ਕਿਆ ਹੂਆ ਤਨ ਤਪ ਰਿਹਾ ਹਮ ਸ਼ਾਂਤ ਹੈਂ ਹਰਿ ਨਾਮ ਸੇ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦਾ ਪਾਵਨ ਇਤਿਹਾਸ ਸੁਣਾਇਆ। ਲੂੰ ਕੰਡੇ ਖੜ੍ਹੇ ਕਰ ਦੇਣ ਵਾਲੇ ਸਿੰਘਾਂ ਤੇ ਸਿੰਘਣੀਆਂ ਦੇ ਸਾਕੇ ਸੁਣ ਕੇ ਸੰਗਤ ਦਾ ਮਨ ਏਹੋ ਜਿਹਾ ਦ੍ਰਵੀਭੂਤ ਹੋਇਆ ਕਿ ਬੈਠਿਆਂ ਦੇ ਸਰੀਰ ਸੁੰਨ ਹੋ ਗਏ।

ਉਸ ਸਮੇਂ ਖਾਲਸੇ ਦੀ ਕੁਰਬਾਨੀ ਦੇ ਬਚਨ ਕਿਸੇ ਕਵੀ ਦੀ ਰਸਨਾ ਤੋਂ ਉਚਾਰਨ ਕੀਤੇ ਹੋਏ ਜੋ ਸਿੰਘਾਂ ਨੂੰ ਹਲੂਣਾ ਦੇ ਕੇ ਜਗਾਇਆ ਹੈ ਇਉਂ ਕਥਨ ਕੀਤੇ ਹਨ:

ਯਥਾ: ਤੱਤੀ ਤਵੀ ਤੇ ਬੈਠ ਕੇ ਕਿਸੇ ਭੌਰੇ, ਕਰਣੀ ਦੱਸੀ ਹੈ ਸਬਰ ਦੀ ਜੰਗ ਤੈਨੂੰ।
ਆਸ਼ਕ ਕਿਸੇ ਨੇ ਚਾਂਦਨੀ ਚੌਂਕ ਅੰਦਰ, ਮਰ ਕੇ ਦੱਸਿਆ ਜਿਉਣ ਦਾ ਢੰਗ ਤੈਨੂੰ।
ਮਸਤੀ ਲਥੀ ਨਾ ਤੇਰੀ ਪ੍ਰਵਨਿਆਂ ਓਇ। ਡਿਠਾ ਸਮੇਂ ਨੇ ਸੂਲੀ ਤੇ ਟੰਗ ਤੈਨੂੰ।
ਜਿਉਂ ਜਿਉਂ ਸੜੇ ਤੂੰ ਭੱਠੀਆਂ ਵਿੱਚ ਪੈ ਪੈ, ਤਿਉਂ ਤਿਉਂ ਚੜ੍ਹੇ ਪਰਵਾਨਿਆਂ ਰੰਗ ਤੈਨੂੰ।
ਤੈਨੂੰ ਦੁਖਾਂ ਦੇ ਨਾਗਾਂ ਦਾ ਖੌਫ ਕੀ ਏ, ਤੇਰੇ ਕੋਲ ਸੁਖਮਨੀ ਹੈ ਮਨੀ ਸਿੰਘਾ।
ਸੀਤ ਰਖਦੀ ਜਿਹੜੀ ਅੰਗਾਰਿਆਂ ਤੇ, ਤੇਰੇ ਕੋਲ ਓਹ ਨਾਮ ਦੀ ਕਣੀ ਸਿੰਘਾ।

ਇਉਂ ਲਾਹੌਰ ਦੇ ਵਾਸੀ ਪ੍ਰੇਮੀਆਂ ਨੂੰ ਕਈ ਵਾਰ ਫੇਰ ਵੀ ਦਰਸ਼ਨ ਬਖ਼ਸ਼ ਕੇ ਨਿਹਾਲ ਕੀਤਾ। ਸਾਰੇ ਹੀ ਪ੍ਰੋਗਰਾਮਾਂ ਦੇ ਸਮੇਂ ਨਿਮਨ ਲਿਖੇ ਮੁਖੀ ਸੱਜਣਾਂ ਨੇ ਸੇਵਾ ਵਿੱਚ ਪੂਰਨ ਹਿੱਸਾ ਲਿਆ।

ਸ. ਨਿਹਾਲ ਸਿੰਘ ਇਨ੍ਹਾਂ ਦਾ ਸਪੁੱਤਰ ਇੰਦਰ ਸਿੰਘ ਜੀ ਪ੍ਰਵਾਰ ਸਮੇਤ (ਅਜ ਕੱਲ੍ਹ ਬਸਤੀਆਂ ਅੱਡੇ ਦੇ ਨਜ਼ਦੀਕ ਜਲੰਧਰ ਸ਼ਹਿਰ ਰਹਿੰਦੇ ਹਨ ਏਥੇ ਵੀ ਦੋ ਤਿੰਨ ਵਾਰੀ ਹਜ਼ੂਰ ਦੇ ਚਰਨ ਪਵਾਏ) ਸ਼ੇਰ ਸਿੰਘ, ਭਗਵਾਨ ਸਿੰਘ, ਸੁੰਦਰ ਸਿੰਘ, ਸ. ਬਿਸ਼ਨ ਸਿੰਘ ਠੇਕੇਦਾਰ ਭੱਠਿਆਂ ਵਾਲੇ, ਸ. ਮਦਨ ਸਿੰਘ, ਗਾਗਾ ਤੇਜਾ ਸਿੰਘ, ਵੈਸਾਖਾ ਸਿੰਘ, ਉਜਾਗਰ ਸਿੰਘ, ਕਿਰਪਾਲ ਸਿੰਘ, ਬਾਬੂ ਰਾਮ ਸਿੰਘ (ਇਹ ਪਹਿਲਾਂ ਸਹਿਜਧਾਰੀ ਸੀ, ਹਜ਼ੂਰ ਨੇ ਅੰਮ੍ਰਿਤ ਪਾਨ ਕਰਵਾਇਆ। ਇਸ ਦੇ ਘਰ ਵੀ ਸੰਤ ਜੀ ਮਹਾਰਾਜ ਦੇ ਬਚਨਾਂ ਦੁਆਰਾ ਲੜਕੇ ਦਾ ਜਨਮ ਹੋਇਆ) ਇਹ ਉਸ ਸਮੇਂ ਡੀਫੈਂਸ ਡੀਪਾਰਟਮੈਂਟ ਵਿੱਚ ਨੌਕਰੀ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬੇਅੰਤ ਪ੍ਰੇਮੀਆਂ ਨੇ ਵਧ ਚੜ੍ਹ ਕੇ ਸੇਵਾ ਦੁਆਰਾ ਸੰਤ ਜੀ ਮਹਾਰਾਜ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਇਉਂ ਹਜ਼ੂਰ ਦੇ ਪਵਿੱਤ੍ਰ ਦੀਦਾਰ ਕਰ ਕੇ ਉਪਦੇਸ਼ ਸੁਣ ਕੇ ਹੋਰ ਵੀ ਬਹੁਤ ਸਾਰੇ ਪ੍ਰੇਮੀ ਸ਼ਰਧਾਲੂ ਬਣੇ ਜਿਹਾ ਕਿ ਸ. ਜੰਗੀਰ ਸਿੰਘ ਰਾਮਗੜ੍ਹੀਆ ਜੋ ਹੁਸ਼ਿਆਰਪੁਰ ਜ਼ਿਲੇ 'ਚੋਂ ਡਾਂਡੀਆਂ ਪਿੰਡ ਦਾ ਵਸਨੀਕ ਸੀ। ਏਥੇ ਰਾਮਗੜ੍ਹ ਮਹੱਲੇ ਰਿਹਾਇਸ਼ ਰੱਖੀ ਸੀ। ਤੋਪਖਾਨੇ ਦੀ ਵਰਕਸ਼ਾਪ ਵਿੱਚ ਗੰਨ ਮਸ਼ੀਨਾਂ ਦਾ ਮਿਸਤ੍ਰੀ ਸੀ। ਇਹ ਵੀ ਸੰਤ ਜੀ ਮਹਾਰਾਜ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰ ਕੇ ਨਿਹਾਲ ਹੋਇਆ। ਇਸ ਦੇ ਘਰੋਂ ਜੋ ਮਾਤਾ ਪ੍ਰੀਤਮ ਕੌਰ ਇਹ ਸੰਗਰੂਰ ਜ਼ਿਲੇ ਦੀ ਤਹਿਸੀਲ, ਬਰਨਾਲੇ ਕੋਲ ਗੁੰਮਟੀ ਪਿੰਡ ਦੇ ਸਿੱਖ ਘਰਾਣੇ ਦੀ ਲੜਕੀ ਸੀ। ਇਸ ਦੇ ਪਿਛਲੇ ਸੰਸਕਾਰ ਬੜੇ ਪ੍ਰਬਲ ਸਨ। ਹਜ਼ੂਰ ਦਾ ਕੀਰਤਨ ਸੁਣ ਕੇ ਦੇਸ ਕਾਲ ਭੁੱਲ ਗਿਆ। ਏਹੋ ਜੇਹੀ ਮਸਤੀ ਚੜ੍ਹੀ ਜੋ ਸਰੀਰ ਦੀ ਸੁੱਧ ਬੁੱਧ ਹੀ ਨਾ ਰਹੀ। ਕੀਰਤਨ ਸਮੇਂ ਹਾਲ ਚੜ੍ਹ ਜਾਇਆ ਕਰੇ ਲੋਕ ਇਸ ਨੂੰ ਮਸਤਾਨੀ ਆਖਣ ਲੱਗੇ ਪਏ:

ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥੭੬॥ *(ਸਲੋਕ ਭਗਤ ਕਬੀਰ ਜੀ - ੧੩੭੮)*

ਦੁਨੀਆਂ ਨਾਲ ਇਸ ਨੂੰ ਕੀ ਵਾਸਤਾ:

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ *(ਮਾਰੂ ਮਃ ੧ - ੯੯੧)*

ਬੱਸ ਇੱਕੋ ਰਟ ਲਾਈ ਜਾਵੇ 'ਤੇਰੇ ਨਾਮ ਤੋਂ ਬਿਨਾਂ ਹੋਰ ਮੰਗਣਾ ਕੀ।' ਘਰ ਵਾਲੇ ਨੇ ਸਮਝਾਇਆ, ਰਿਸ਼ਤੇਦਾਰਾਂ ਨੇ ਵਰਜਿਆ ਪਰ ਜਿਸ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇ ਉਹ ਕਾਹਨੂੰ ਦੁਨੀਆਂ ਦੀ ਪ੍ਰਵਾਹ ਕਰਦਾ ਹੈ। ਇਸ ਨੇ ਤਾਂ ਸਾਰੇ ਰਿਸ਼ਤੇ ਤੋੜ ਕੇ ਇੱਕ ਨਾਲ ਹੀ ਗੰਢ ਲਿਆ ਹੁਣ ਇਨ੍ਹਾਂ ਗੱਲਾਂ ਨਾਲ ਕੀ। ਇਹ ਭਜਨ ਵਿੱਚ ਜੁੜੀ ਰਹੇ। ਘਰ ਵਾਲੇ ਨੇ ਹੋਰ ਸ਼ਾਦੀ ਕਰਵਾ ਲਈ ਇਸ ਨੂੰ ਘਰ ਵਿੱਚ ਵੱਖਰੀ ਜਗ੍ਹਾ ਦੇ ਦਿੱਤੀ। ਇਹ ਸਿਮਰਨ ਦਾ ਧਨ ਇਕੱਠਾ ਕਰਨ ਲੱਗੀ। ਸੰਗਤ ਇਸ ਦੀ ਸੇਵਾ ਕਰਿਆ ਕਰੇ। ਕਰਮਸਰ ਵੀ ਦਰਸ਼ਨਾਂ ਨੂੰ ਆਉਂਦੀ। ਸੰਗਤ ਵਲੋਂ ਤਿਲਫੁਲ ਭੇਟਾ ਹੋਇਆ ਗੁਰੂ ਕੇ ਲੰਗਰ ਵਿੱਚ ਪਾ ਜਾਂਦੀ। ਤਬਦੀਲੀ ਤੋਂ ਬਾਅਦ ਮੁੜ ਵਸਾਊ ਮਹਿਕਮੇ ਦੇ ਅਫਸਰ ਨੇ ਲਾਹੌਰ ਦੇ ਮਕਾਨ ਦਾ ਕਲੇਮ ਦੇ ਕੇ ਇਸ ਦੇ ਨਾਮ ਢੋਲੇਵਾਲ ਚੌਂਕ ਲੁਧਿਆਣੇ ਜਗ੍ਹਾ ਅਲਾਟ ਕਰਵਾ ਦਿੱਤੀ। ਪਰ ਇਸ ਨੂੰ ਇਸ ਨਾਲ ਕੀ? ਅਖ਼ੀਰ ਨੂੰ ਉਹ ਜਗ੍ਹਾ ਸਤਾਰਾਂ ਹਜ਼ਾਰ ਰੁਪਏ ਨੂੰ ਵੇਚ ਕੇ ਕਰਮਸਰ ਨਹਿਰ ਵਾਲੇ ਪਾਸੇ ਬੁਢਿਆਂ ਦੀ ਰਿਹਾਇਸ਼ ਵਾਸਤੇ ਵੱਡਾ ਹਾਲ ਕਮਰਾ ਬਣਵਾ ਦਿੱਤਾ। ਆਪ ਲੰਗਰ ਦੇ ਬਰਤਨ ਸਾਫ਼ ਕਰ ਕੇ ਝਾੜੂ ਦੇ ਕੇ ਭਜਨ ਸਿਮਰਨ ਦੁਆਰਾ ਸਮਾਂ ਸਫ਼ਲਾ ਕਰਦੀ ਰਹੀ। ਪੱਸ਼ਮ ਤੇ ਉੱਨ ਦੇ ਮਾਲਾ ਸਿਮਰਨੇ ਬਣਾ ਕੇ ਸੰਗਤ ਵਿੱਚ ਵੰਡਦੀ ਹੈ। ਅੱਠੇ ਪਹਿਰ ਨਾਮ ਰੰਗਣ ਵਿੱਚ ਲੀਨ ਰਹਿੰਦੀ ਹੈ। ਭਾਵੇਂ ਸਰੀਰ ਬ੍ਰਿਧ ਹੋ ਗਿਆ ਸੀ ਪਰ ਗੁਰਚਰਨਾਂ ਦਾ ਪ੍ਰੇਮ ਪ੍ਰਬਲ ਹੈ। ਧੰਨ ਹਨ ਏਹੋ ਜੇਹੇ ਗੁਰੂ ਪਿਆਰੇ ਗੁਰਮੁਖ ਜਨ।

ਚੰਬੇ ਦਾ ਬੂਟਾ

ਜਿਵੇਂ ਬਸੰਤ ਰੁੱਤ ਵਿੱਚ ਸਾਰੀ ਬਨਸਪਤੀ ਤੇ ਫੁਲਵਾੜੀ ਮਹਿਕਦੀ ਹੈ। ਬਾਵਨ ਚੰਦਨ ਦੀ ਖੁਸ਼ਬੂ ਦੂਰ ਦੂਰ ਤੱਕ ਹੋਰ ਬ੍ਰਿਛਾਂ ਦੇ ਬੂਟਿਆਂ ਨੂੰ ਚੰਦਨ ਬਣਾ ਦਿੰਦੀ ਹੈ। ਇਸੇ ਤਰ੍ਹਾਂ ਆਪ ਜੀ ਦੀ ਕੀਰਤੀ ਵੀ ਕੇਵਲ ਇੱਕੋ ਥਾਂ ਅਤੇ ਥੋੜ੍ਹੇ ਇਲਾਕੇ ਵਿੱਚ ਸੀਮਤ ਨਹੀਂ ਰਹੀ ਬਲਕਿ ਭਾਰਤ ਦੇ ਕੋਨੇ ਕੋਨੇ ਵਿੱਚ ਫੈਲ ਗਈ। ਆਪ ਜੀ ਦਾ ਜਸ ਸੁਣ ਕੇ ਹੋਰਾਂ ਮਹਾਂਪੁਰਸ਼ਾਂ ਵਾਂਗ ਤਪ ਤਿਆਗ ਦੀ ਮੂਰਤੀ ਤਤਿਖਸ਼ਾ ਦਾ ਨਮੂਨਾ, ਪੂਰਨ ਵਿਰਕਤ ਬੀਤਰਾਗ, ਸਾਧੂ, ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਵੀ ੧੯੩੯ ਈ. ਵਿੱਚ ਸੰਗਤ ਸਮੇਤ ਕਰਮਸਰ ਆਏ। ਉਸ ਸਮੇਂ ਸਾਵਣ ਦਾ ਮਹੀਨਾ ਹੋਣ ਕਰ ਕੇ ਗ਼ਰਮੀ ਦਾ ਮੌਸਮ ਸੀ। ਇਨ੍ਹਾਂ ਪਾਸ ਦੋਂ ਗੱਡੀਆਂ ਸਨ, ਇੱਕ ਵਿੱਚ ਆਪ ਤੇ ਖ਼ਾਸ ਮੁਖੀ ਸੇਵਾਦਰ, ਦੂਸਰੀ ਵਿੱਚ ਲੋੜੀਂਦਾ ਸਮਾਨ ਰਾਗੀ ਜਥਾ ਅਤੇ ਉਨ੍ਹਾਂ ਦੇ ਵਜਾਉਣ ਵਾਲੇ ਸਾਜ਼ ਰੱਖੇ ਹੁੰਦੇ। ਸ਼ਾਮ ਦੇ ਟਾਈਮ ਅਸਥਾਨ ਤੋਂ ਬਾਹਰ ਨਹਿਰ ਦੇ ਕੰਢੇ ਤੇ ਗੱਡੀਆਂ ਰੋਕ ਲਈਆਂ।

ਉਪਰੰਤ ਅਸਥਾਨ ਦੀ ਯਾਤਰਾ ਲਈ, ਅੰਦਰ ਪੁੱਜੇ, ਗੁਰੂ ਦਰਬਾਰ ਨੂੰ ਨਮਸ਼ਕਾਰ ਕੀਤੀ। ਮਹਾਂਪੁਰਸ਼ਾਂ ਨੂੰ ਪਤਾ ਲੱਗਾ ਸ੍ਰੀ ਹਜ਼ੂਰ ਆਪ ਚੱਲ ਕੇ ਆਏ। ਪਰਸਪਰ ਭਾਵਨਾ ਨਾਲ ਮੱਥਾ ਟੇਕਿਆ। ਤ੍ਰਿਕਾਲ ਦਰਸੀ ਮਹਾਤਮਾ ਨੇ ਸੰਤ ਜੀ ਮਹਾਰਾਜ ਦੇ ਮਸਤਕ ਦੀ ਜੋਤ ਤੱਕੀ, ਰਬੀ ਕਾਰਕਾਂ ਵਾਲੇ ਚਿੰਨ੍ਹ ਦੇਖ ਕੇ ਇਹ ਬਚਨ ਬੋਲਦਿਆਂ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ *(ਸਿਰੀਰਾਗੁ ਮਃ ੧ - ੧੭)*

ਘੁਟ ਕੇ ਜੱਫੀ ਭਰ ਲਈ। ਸੰਤ ਜੀ ਮਹਾਰਾਜ ਨੇ ਅਸਥਾਨ ਅੰਦਰ ਰਿਹਾਇਸ਼ ਕਰਨ ਵਾਸਤੇ ਬੇਨਤੀ ਕੀਤੀ ਤਾਂ ਸੰਤ ਬਾਬਾ ਨੰਦ ਸਿੰਘ ਜੀ ਬੋਲੇ, "ਮਹਾਂਪੁਰਸ਼ੋ! ਅਸੀਂ ਤਾਂ ਨਵਿਰਤੀ ਵਾਲੇ ਵਿਰਕਤ ਸਾਧੂ ਹਾਂ ਆਪ ਰਾਜਾ ਜਨਕ ਵਾਂਗ ਪੂਰਨ ਮਹਾਂਪੁਰਸ਼ ਰਾਜਾ ਜੋਗੀ ਹੋ। ਸਾਡਾ ਤਾਂ ਬਹੁਤਾ ਬਾਹਰ ਇਕਾਂਤ ਅਸਥਾਨ ਵਿੱਚ ਠਹਿਰ ਕੇ ਹੀ ਮਨ ਪ੍ਰਸੰਨ ਰਹਿੰਦਾ ਹੈ। ਹੁਣ ਤਾਂ ਗੰਗਾ ਗੁਦਾਵਰੀ ਵਾਂਗ ਨਹਿਰ ਤੇ ਹੀ ਡੇਰਾ ਰੱਖ ਲਿਆ ਹੈ।" ਹਜ਼ੂਰ ਕਹਿਣ ਲੱਗੇ ਮਹਾਰਾਜ! ਆਪ ਤਾਂ ਸਦਾ ਹੀ ਇਕਾਂਤ ਵਾਸੀ ਹੋ।"

ਸੋ ਇਕਾਂਤੀ ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥੩॥ *(ਬਸੰਤੁ ਮਃ ੪ - ੧੧੮੦)*

ਸੰਤ ਨੰਦ ਸਿੰਘ ਜੀ ਬੋਲੇ, "ਆਪ ਦਾ ਕਹਿਣਾ ਠੀਕ ਹੈ ਪਰ ਸਾਨੂੰ ਤਾਂ ਨੀਲੀ ਛੱਤ ਹੇਠਾਂ ਬਾਹਰ ਖੁੱਲ੍ਹੀ ਜਗ੍ਹਾ ਚੰਗੀ ਲੱਗਦੀ ਹੈ। ਆਪ ਪ੍ਰਸੰਨਤਾ ਨਾਲ ਪ੍ਰਵਾਨਗੀ ਦੇ ਦਿਉ। ਸੋ ਜਦ ਨਹਿਰ ਦੇ ਕੰਢੇ ਬੰਦਗੀ ਵਾਲਾ ਇਕਾਂਤ ਅਸਥਾਨ ਕੱਖਾਂ ਕਾਨਿਆਂ ਦੀ ਕੁੱਲੀ ਵਿੱਚ ਰਿਹਾਇਸ਼ ਰੱਖ ਕੇ ਸਾਧੂਆਂ ਦੇ ਭਜਨ ਸਿਮਰਨ ਨਾਲ ਸ਼ੁੱਧ ਸੀਤਲ ਹੋਏ ਹਿਰਦੇ ਦੇਖੇ ਤਾਂ ਬਾਬਾ ਨੰਦ ਸਿੰਘ ਜੀ ਨੇ ਬਚਨ ਕੀਤਾ:

ਸਕੂਨੇ ਕਲਬ[1] ਅਕਸਰ ਮੈਨੇ ਝੌਪੜੋ ਮੇ ਪਾਇਆ ਹੈ।
ਮਿਲਤਾ ਹੈ ਬਹੁਤ ਕਮ, ਯਹ ਈਵਾਨੋ[2] ਕੀ ਦੁਨੀਆਂ ਮੇ।

ਹਜ਼ੂਰ ਮੁਸਕਰਾ ਕੇ ਬੋਲੇ, "ਮਹਾਰਾਜ! ਆਪ ਤਾਂ ਮਾਲਕ ਹੋ। ਪ੍ਰਵਾਨਗੀ ਤੁਹਾਡੇ ਵਰਗੇ ਬਜ਼ੁਰਗਾਂ ਤੋਂ ਅਸੀਂ ਲੈਣੀ ਹੈ। ਬੜੀ ਕ੍ਰਿਪਾ ਕੀਤੀ ਜੋ ਜੰਗਮ ਤੀਰਥਾਂ ਨੇ ਆਪ ਚੱਲ ਕੇ ਦਰਸ਼ਨ ਬਖ਼ਸ਼ੇ।" ਉਸ ਸਮੇਂ ਸੰਤਾਂ ਵਾਸਤੇ ਪਲੰਘ ਬਿਸਤ੍ਰਾ, ਨਾਲ ਦੀ ਸੰਗਤ ਲਈ ਫਰਸ਼ ਚਾਦਰਾਂ ਤੇ ਹੋਰ ਬਸਤ੍ਰ ਭੇਜ ਦਿੱਤੇ। ਸੰਗਤ ਸਮੇਤ ਮਿਸ਼ਰੀ ਪਾ ਕੇ ਬਾਦਾਮ ਘੋਟ ਕੇ ਸ਼ਰਦਾਈ ਛਕਾਈ। ਸ਼ਾਮ ਨੂੰ ਬੜੇ ਪ੍ਰੇਮ ਨਾਲ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਾਇਆ। ਉਪਰੰਤ ਗੁਰੂ ਦਰਬਾਰ ਵਿੱਚ; ਜਿੱਥੇ ਕਿ ਨਿਤਾਪ੍ਰਤੀ ਗੁਰਬਾਣੀ ਦਾ ਕੀਰਤਨ ਤੇ ਗੁਰ ਇਤਿਹਾਸ ਦੀ ਕਥਾ ਹੁੰਦੀ ਹੈ, ਆਪ ਸੰਤ ਨੰਦ ਸਿੰਘ ਜੀ ਉਸ ਜਗ੍ਹਾ ਗੁਰੂ ਮਹਾਰਾਜ ਦੇ ਸਾਹਮਣੇ ਸਤਿਗੁਰੂ ਨਾਨਕ ਦੇਵ ਜੀ ਦੀ ਫੋਟੋ ਦਾ ਦਰਸ਼ਨ ਕਰਦੇ ਹੋਇਆ ਸਮਾਧੀ ਵਿੱਚ ਲੀਨ ਹੋ ਗਏ। ਦਸ ਵਜੇ ਅਰਦਾਸ ਉਪਰੰਤ ਫੇਰ ਬਾਹਰ ਹੀ ਆ ਗਏ। ਅੰਮ੍ਰਿਤ ਵੇਲੇ ਸਾਵਧਾਨ ਹੋਏ ਅਤੇ ਨਹਿਰ ਵਿੱਚ ਇਸ਼ਨਾਨ ਕਰ ਕੇ ਫੇਰ ਸਮਾਧੀ ਵਿੱਚ ਜੁੜ ਗਏ। ਏਧਰੋਂ ਰੋਜ਼ ਦੇ ਨਿਯਮ ਅਨੁਸਾਰ ਦੋ ਵਜੇ ਘੰਟੀ ਵੱਜੀ। ਸਾਰੀ ਸੰਗਤ ਨੇ ਇਸ਼ਨਾਨ ਕੀਤਾ ਤੇ ਸਿਮਰਨ ਵਿੱਚ ਤਤਪਰ ਹੋ ਗਏ। ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋਇਆ, ਜਿਸ ਦੀ ਅੱਜ ਸਵੱਖਤੇ ਹੀ ਸਮਾਪਤੀ ਕਰ ਦਿੱਤੀ ਕਿਉਂਕਿ ਏਥੋਂ ਆਪ ਨਹਿਰ ਤੇ ਆ ਗਏ, ਜਿੱਥੇ ਸੰਤ ਨੰਦ ਸਿੰਘ ਜੀ ਨੇ ਆਪਣੀ ਮਰਯਾਦਾ ਅਨੁਸਾਰ ਜਿਸ ਜਗ੍ਹਾ ਬੈਠੇ ਸੀ ਬਾਹਰ ਹੀ ਕੀਰਤਨ ਅਰੰਭ ਕਰ ਲਿਆ ਸੀ। ਆਪ ਸੰਤ ਜੀ ਮਹਾਰਾਜ ਵੀ

[1] ਮਨ ਦਾ ਚੈਨ।
[2] ਮਹਿਲਾਂ।

ਸੰਗਤ ਸਮੇਤ ਕੀਰਤਨ ਵਿੱਚ ਜੁੜ ਬੈਠੇ। ਬਾਬਾ ਨੰਦ ਸਿੰਘ ਜੀ ਨੇ ਆਖ ਕੇ ਆਪ ਜੀ ਪਾਸੋਂ ਵੀ ਕੀਰਤਨ ਸੁਣਿਆ। ਦਿਨ ਚੜੇ ਭੋਗ ਪਿਆ ਫੇਰ ਸਭਨਾਂ ਨੇ ਗੁਰੂ ਕੇ ਲੰਗਰੋਂ ਜਲ ਪਾਣੀ ਛਕਿਆ।

ਸੰਤ ਬਾਬਾ ਨੰਦ ਸਿੰਘ ਜੀ ਦੇ ਨਾਲ ਆਏ ਸਿੰਘਾ ਨੇ ਬੇਨਤੀ ਕੀਤੀ, "ਮਹਾਰਾਜ! ਮਨ ਦੀ ਇਕਾਗਰਤਾ ਕਿਵੇਂ ਹੁੰਦੀ ਹੈ। ਕਥਾ ਕੀਰਤਨ ਸਮੇਂ ਤਾਂ ਇਹ ਟਿਕਦਾ ਨਹੀਂ।" ਹਜ਼ੂਰ ਕਹਿਣ ਲੱਗੇ, "ਤੁਸੀਂ ਸਰਵਣ, ਮੰਨਣ ਆਦਿਕ ਸਾਧਨ ਕਰਿਆ ਕਰੋ। ਜਦੋਂ ਇਹ ਤਿੰਨੇ ਸਾਧਨ ਪ੍ਰਪੱਕ ਹੋ ਜਾਣਗੇ, ਤਦ ਕਥਾ ਕੀਰਤਨ ਰੂਪ ਬਚਨ ਆਪੇ ਟਿਕ ਜਾਣਗੇ। ਸਰਵਣ ਕਰਨਾ ਵੀ ਦੋ ਪ੍ਰਕਾਰ ਦਾ ਹੈ। ੧) ਪਹਿਲਾ ਸਰਵਣ ਇਹ ਹੈ ਕਿ ਆਪ ਤਾਂ ਬੈਠ ਕੇ ਸੰਗਤ ਵਿੱਚ ਸੁਣਦਾ ਹੈ, ਮਨ ਦਸਾਂ ਦਿਸ਼ਾ ਵਿੱਚ ਦੌੜਦਾ ਹੈ। ਕੀ ਬਚਨ ਹੋ ਰਿਹਾ ਹੈ? ਕੋਈ ਪਤਾ ਨਹੀਂ ਲੱਗਦਾ। ਇਸ ਸਰਵਣ ਦਾ ਪੁੰਨ ਬਹੁਤਾ ਥੋੜ੍ਹਾ ਹੈ। ਇਹ ਭੂਤਾਂ ਦੀ ਅੱਗ ਵਤ ਹੈ। ਜੈਸੇ ਭੂਤਾਂ ਦੀ ਅੱਗ ਸਾੜ ਨਹੀਂ ਸਕਦੀ। ਇਸੇ ਤਰ੍ਹਾਂ ਏਸ ਸਰਵਣ ਨਾਲ ਪਾਪ ਦਗਧ ਨਹੀਂ ਹੁੰਦੇ। ੨) ਜੋ ਇਕਾਗਰਤਾ ਨਾਲ ਸੁਣਨਾ ਹੈ, ਇਹ ਚੁਲ੍ਹੇ ਦੀ ਅੱਗ ਵਤ ਹੈ। ਸਾਰੇ ਕੰਮਾਂ ਨੂੰ ਸਵਾਰਦੀ ਹੈ। ਜੇ ਉਸ ਉੱਤੇ ਪਾਣੀ ਦੀ ਗੜਵੀ ਪੈ ਜਾਵੇ ਤਾਂ ਝੱਟ ਹੀ ਬੁਝ ਜਾਂਦੀ ਹੈ। ਤੈਸੇ ਹੀ ਘਰ ਦੇ ਕੰਮ ਪੈਣ ਤੇ ਨਾਮ ਭੁੱਲ ਜਾਂਦਾ ਹੈ।

ਮੰਨਣ ਜੋ ਹੈ ਇਹ ਬਿਜਲੀ ਦੀ ਅੱਗ ਵਤ ਹੈ। ਉਹ ਬੇਅੰਤ ਪਾਣੀਆਂ ਵਿੱਚ ਰਹਿੰਦੀ ਹੈ। ਨਾ ਤੇਜ ਹਾਣ ਹੁੰਦਾ ਹੈ ਅਤੇ ਨਾ ਬੁਝਦੀ ਹੈ। ਇਸੇ ਤਰ੍ਹਾ ਜੋ ਸੁਣ ਕੇ ਵਿਚਾਰ ਕੇ ਧਾਰਨ ਕਰਦਾ ਹੈ, ਉਹ ਕੰਮਾਂ ਕਾਜਾਂ ਦੇ ਵਿੱਚ ਵੀ ਨਹੀਂ ਵਿਸਾਰਦਾ। ਹਰ ਸਮੇਂ ਸਿਮਰਨ ਜਾਰੀ ਰੱਖਦਾ ਹੈ। ਜੋ ਸੁਣ ਕੇ ਵਿਚਾਰ ਕੇ ਕਮਾਈ ਦੁਆਰਾ ਨੇਸ਼ਟਾ ਵਿੱਚ ਆਉਂਦਾ ਹੈ, ਇਹ ਸਮੁੰਦਰ ਦੀ ਬੜਵਾਨਲ ਵਤ ਹੈ। ਜਿਵੇਂ ਉਹ ਲੱਖਾਂ ਮਣਾਂ ਪਾਣੀ ਵਿੱਚ ਰਹਿੰਦੀ ਹੋਈ ਬੁਝਦੀ ਨਹੀਂ, ਬਲਕਿ ਪਾਣੀਆਂ ਨੂੰ ਸਾੜਦੀ ਹੈ। ਏਸੇ ਤਰ੍ਹਾ ਇਹ ਵੀ ਪਾਪਾਂ ਰੂਪੀ ਜਲ ਨੂੰ ਸਾੜਦੀ ਹੈ। ਇਸੇ ਪ੍ਰਕਾਰ ਅੱਗੇ ਹੋਰ ਅਭਿਆਸ ਕਰ ਕੇ ਜਿਸ ਦੇ ਅੰਦਰ ਸਾਖਿਆਤ ਹੋ ਗਿਆ, ਉਸ ਨੇ ਅਕਾਸ਼ ਵਤ ਸਾਰੇ ਹੀ ਬ੍ਰਹਮ ਨੂੰ ਵਿਆਪਕ ਨਿਸ਼ਚੇ ਕਰ ਲਿਆ। ਉਹ ਜੀਵਨ ਮੁਕਤ ਹੋ ਕੇ ਵਿਚਰਦੇ ਹਨ। ਉਸ ਦੇ ਜਨਮ ਮਰਨ ਦੇ ਸਾਰੇ ਦੁੱਖ ਮਿਟ ਜਾਂਦੇ ਹਨ। ਜਿਵੇਂ ਪ੍ਰਲੈਕਾਲ ਦੀ ਅੱਗ ਸਭ ਕੁਛ ਭਸਮ ਕਰ ਕੇ ਕੇਵਲ ਆਪ ਹੀ ਬਾਕੀ ਰਹਿ ਜਾਂਦੀ ਹੈ, ਇਸੇ ਤਰ੍ਹਾ ਉਨ੍ਹਾਂ ਦੀ ਵੀ ਬ੍ਰਹਮ ਰੂਪ ਵਿੱਚ ਏਕਤਾ ਹੋ ਜਾਂਦੀ ਹੈ।"

ਇਤਨੇ ਨੂੰ ਪਿਡਾਂ ਦੀ ਸੰਗਤ ਵੀ, ਜਿਨ੍ਹਾਂ ਜਿਨ੍ਹਾਂ ਨੂੰ ਪਤਾ ਲੱਗਿਆ ਇਕੱਠੀ ਹੋ ਗਈ। ਸੰਤ ਜੀ ਮਹਾਰਾਜ ਨੇ ਇੱਕ ਦੋ ਦਿਨ ਹੋਰ ਠਹਿਰਣ ਵਾਸਤੇ ਬੇਨਤੀ ਕੀਤੀ ਪਰ ਉਨ੍ਹਾਂ ਨੇ ਕਿਹਾ, "ਅਸੀਂ ਅੱਗੇ ਪ੍ਰੋਗਰਾਮ ਤੇ ਪੁੱਜਣਾ ਹੈ। ਹੁਣ ਖ਼ੁਸੇ ਬਖ਼ਸ਼ੋ।" ਤੁਰਨ ਸਮੇਂ ਦੋਹਾਂ ਵਿਅਕਤੀਆਂ ਨੇ ਇੱਕ ਦੂਜੇ ਨੂੰ ਪਰਸਪਰ ਨਮਸ਼ਕਾਰ ਕੀਤੀ ਸੰਗਤਾਂ ਨੇ ਮੱਥਾ ਟੇਕਿਆ। ਉਸ ਸਮੇਂ ਆਪ ਜੀ ਨੇ ਸਾਰੀ ਸੰਗਤ ਨੂੰ ਇੱਕੋ ਹੀ ਸਾਂਝਾ ਬਚਨ ਕੀਤਾ ਜੋ ਸ਼ਰਧਾਲੂ ਹਿਰਦਿਆਂ ਤੇ ਦ੍ਰਿੜ੍ਹ ਹੋ ਕੇ ਪੱਥਰ ਦੀ ਲੀਕ ਵਾਂਗ ਉੱਕਰਿਆ ਗਿਆ ਕਿ ਭਾਗਾਂ ਵਾਲੀਏ ਸੰਗਤੇ! ਤੁਹਾਡੇ ਇਲਾਕੇ ਤੇ ਗੁਰੂ ਨਾਨਕ ਨੇ ਮਹਾਨ ਕ੍ਰਿਪਾ ਕੀਤੀ ਹੈ। ਜਿਸ ਕਰ ਕੇ ਹਰ ਸਮੇਂ ਮਹਿਕ ਦੇਣ ਵਾਲਾ ਇਹ ਚੰਬੇ ਦਾ ਬੂਟਾ ਲੱਗਾ ਹੈ। ਇਨ੍ਹਾਂ ਤੋ ਲਾਭ ਪ੍ਰਾਪਤ ਕਰਨਾ। ਤੁਸੀਂ ਰੋਜ਼ ਦੀ ਸੰਗਤ ਕਰਨ ਵਾਲੇ ਹੋ। ਤੁਹਾਡੇ ਵਾਸਤੇ ਬੱਸ ਇਤਨਾ ਹੀ ਉਪਦੇਸ਼ ਕਾਫ਼ੀ ਹੈ। ਇਹ ਬਚਨ ਆਖ ਕੇ ਆਪ ਸਾਥੀਆਂ ਸਮੇਤ ਗੱਡੀਆਂ ਵਿੱਚ ਅਸਵਾਰ ਹੋ ਕੇ ਚਲੇ ਗਏ। ਸੰਤ ਜੀ ਮਹਾਰਾਜ ਤੇ ਹੋਰ ਸੰਗਤ ਅਸਥਾਨ ਤੇ ਵਾਪਸ ਆ ਗਏ।

ਜਗਜੀਤ ਸਿੰਘ ਢਿੱਲੋਂ ਨੂੰ ਪੁੱਤਰ ਦਾ ਵਰ

ਜਿਸ ਦੇ ਨਾਮ ਤੇ ਪਿੰਡ ਕਿਰਪਾਲੇ ਵਾਲੇ ਦਾ ਨਾਮ ਹੈ, ਇਸੇ ਨਗਰ ਦਾ ਸ. ਜਗਜੀਤ ਸਿੰਘ ਢਿੱਲੋਂ ਸੀ। ਸਭ ਤੋਂ ਪਹਿਲਾਂ ਇਨ੍ਹਾਂ ਦੇ ਘਰ ਲੜਕੇ ਦਾ ਜਨਮ ਹੋਇਆ, ਜਿਸ ਦਾ ਨਾਮ ਅਮਰਜੀਤ ਸਿੰਘ ਰੱਖਿਆ। ਪਰ ਉਹ ੯ ਸਾਲ ਦੀ ਉਮਰ ਵਿੱਚ ੧੯੩੭ ਈ. ਨੂੰ ਗੁਰਪੁਰੀ ਪਿਆਨਾ ਕਰ ਗਿਆ। ਇਸ ਦੀ ਬੇ-ਮੌਕਿਆਂ ਮੌਤ ਨਾਲ ਸਾਰੇ ਪ੍ਰਵਾਰ ਵਿਖੇ ਉਦਾਸੀ ਛਾ ਗਈ। ਬੀਬੀ ਹਰਬੰਸ ਕੌਰ ਤਾਂ ਹਰ ਸਮੇਂ ਬਹੁਤੀ ਉਦਾਸ ਰਿਹਾ ਕਰੇ। ਸ. ਜਗਜੀਤ ਸਿੰਘ ਨੇ ੧੯੪੪ ਈ. ਦੇ ਮਈ ਮਹੀਨੇ ਆਪਣੇ ਪਿਤਾ ਸ. ਅਵਤਾਰ ਸਿੰਘ ਜੀ ਦੀ ਸਾਲਾਨਾ ਬਰਸੀ ਸਮੇਂ ਹਜ਼ੂਰ ਮਹਾਰਾਜ ਨੂੰ ਬੇਨਤੀ ਕਰ ਕੇ ਨਗਰ ਵਿੱਚ ਚਰਨ ਪਵਾਏ ਤੇ ਜਥੇ ਦੇ ਸਿੰਘਾਂ ਤੋਂ ਹੀ ਪਾਠ ਕਰਵਾਇਆ। ਭਾਵੇਂ ਇਹ ਸਾਰਾ ਮੁਜਾਰਿਆਂ ਦਾ ਪਿੰਡ ਸੀ, ਪਰ ਉਨ੍ਹਾਂ ਮਜ਼ਬੀ ਸਿੰਘਾਂ ਤੇ ਰਵਿਦਾਸੀਏ ਭਾਈਆਂ ਦੇ ਪਾਣੀ ਪੀਣ ਵਾਸਤੇ ਕੋਈ ਖੂਹ ਜਾਂ ਨਲਕਾ ਨਹੀਂ ਸੀ। ਇਨ੍ਹਾਂ ਦੀ ਰਿਹਾਇਸ਼ ਵੀ ਸਰਦਾਰਾਂ ਦੀ ਹਵੇਲੀ ਤੋਂ ਦੂਰ ਸੀ। ਸੰਤ ਜੀ ਮਹਾਰਾਜ ਦੀ ਸੰਗਤ ਨੇ ਸਰਦਾਰ ਦੇ ਪਰਉਪਕਾਰੀ ਹਿਰਦੇ ਤੇ ਕਾਫ਼ੀ ਅਸਰ ਕੀਤੀ। ਇਨ੍ਹਾਂ ਨੇ ਹਰੀਜਨ ਮੁਜਾਰਿਆਂ ਦੇ ਮਹੱਲੇ ਆਪਣੇ ਖ਼ਰਚ ਤੇ ਖੂਹੀ ਲਾ ਕੇ ਸਭਨਾਂ ਦੇ ਮਨ ਨੂੰ ਜਿੱਤ ਲਿਆ, ਜੋ ਹਜ਼ੂਰ ਦੇ ਗਿਆਂ ਹੀ ਮੁਕੰਮਲ ਹੋਈ ਸੀ ਅਤੇ ਬੇਨਤੀ ਕਰ ਕੇ ਏਥੇ ਵੀ ਆਪ ਜੀ ਦੇ ਚਰਨ ਪਵਾਏ। ਇਸ ਦਾ ਸਭ ਤੋਂ ਪਹਿਲਾਂ ਜਲ ਸੰਤ ਜੀ ਮਹਾਰਾਜ ਨੂੰ ਛਕਾਇਆ। ਦੋ ਦਿਨ ਦੀਵਾਨ ਸਜਿਆ। ਤੀਸਰੇ ਦਿਨ ਅਖੰਡ ਪਾਠ ਦੇ ਭੋਗ ਸਮੇਂ ਨਗਰ ਨਿਵਾਸੀਆਂ ਨੇ ਇਕੱਠੇ ਹੋ ਕੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਇਹ ਸਰਦਾਰ ਬੜੇ ਨੇਕ ਦਿਲ ਵਾਲਾ ਤੇ ਆਪ ਜੀ ਦਾ ਸਿਦਕਵਾਨ ਹੈ। ਵੱਡੇ ਕਾਕੇ ਦੇ ਕਾਲ ਵਸ ਹੋਣ ਉਪਰੰਤ ਤਿੰਨ

ਲੜਕੀਆਂ ਹੀ ਜਨਮੀਆਂ ਹਨ। ਅਜੇ ਤੱਕ ਕੋਈ ਲੜਕਾ ਨਹੀਂ ਹੋਇਆ। ਆਪ ਕ੍ਰਿਪਾ ਕਰੋ ਤੇ ਇਸ ਘਰ ਨੂੰ ਵੀ ਰੰਗ ਭਾਗ ਲਾਓ।" ਉਸ ਸਮੇਂ ਹਜ਼ੂਰ ਨੇ ਮੁਸਕਰਾ ਕੇ ਉੱਤਰ ਦਿੱਤਾ, "ਜੇ ਇਤਨਾਂ ਪ੍ਰੇਮੀ ਹੈ, ਤਾਂ ਇਸ ਗੁਰਮੁਖ ਉੱਤੇ ਸਤਿਗੁਰਾਂ ਦੀ ਜ਼ਰੂਰ ਕ੍ਰਿਪਾ ਹੋਵੇਗੀ।" ਅਖੰਡ ਪਾਠ ਦੇ ਭੋਗ ਸਮੇਂ ਗਿਆਨੀ ਬਲਬੀਰ ਸਿੰਘ ਤੋਂ ਗੁਰਚਰਨਾਂ ਵਿਖੇ ਅਰਦਾਸ ਕਰਵਾਈ ਤੇ ਜੈਕਾਰਿਆਂ ਦੀ ਗੂੰਜ ਨਾਲ ਸਭਨਾਂ ਨੇ ਵਧਾਈਆਂ ਦਿੱਤੀਆਂ।

ਜੋ ਸੀਨੇ ਸੇ ਨਿਕਲਤੀ ਹੈ ਕਬੀ ਖ਼ਾਲੀ ਨਹੀਂ ਜਾਤੀ।
ਮੁਕਾਮੇ ਕਿਬਰੀਆ ਤੱਕ ਜੋ ਨ ਪਹੁੰਚੇ, ਵਹੁ ਦੁਆ ਹੀ ਕਿਆ ਹੈ।

ਪੁੱਤਰਾਂ ਦੇ ਦਾਤੇ ਮਹਾਂਪੁਰਸ਼ਾਂ ਦੇ ਵਰਾਂ ਨਾਲ ਇਸ ਦੇ ਘਰ ਅਗਲੇ ਸਾਲ ਹੀ ੪ ਫਰਵਰੀ ੧੯੪੫ ਈ. ਨੂੰ ਲੜਕੇ ਦਾ ਜਨਮ ਹੋਇਆ। ਸਾਰੇ ਨਗਰ, ਪ੍ਰਵਾਰ ਤੇ ਇਲਾਕੇ ਵਿੱਚ ਬੜੀਆਂ ਖੁਸ਼ੀਆਂ ਹੋਈਆਂ। ਗ਼ਰੀਬਾਂ ਨੂੰ ਧਨ ਵੰਡਿਆ ਅਤੇ ਉਸੇ ਸਮੇਂ ਗੱਡੀ ਲੈ ਕੇ ਸੰਤ ਜੀ ਮਹਾਰਾਜ ਦੇ ਪਾਸ ਪੁੱਜੇ। ਬੜੇ ਚਾਅ ਨਾਲ ਨਮਸ਼ਕਾਰ ਕਰ ਕੇ ਬੇਨਤੀ ਕੀਤੀ, "ਦਾਤਾਰ ਪਾਤਸ਼ਾਹ! ਆਪ ਜੀ ਦੀ ਕ੍ਰਿਪਾ ਹੋ ਗਈ। ਗੁਰੂ ਦਰਬਾਰ ਵਿੱਚ ਕੜਾਹ ਪ੍ਰਸ਼ਾਦ ਦੀ ਦੇਗ ਤੋਂ ਲੰਗਰ ਵਿੱਚ ਸੰਗਤ ਨੂੰ ਭੰਡਾਰਾ ਕਰਵਾਇਆ। ਉਪਰੰਤ ਸੰਤ ਜੀ ਮਹਾਰਾਜ ਤੋਂ ਸਮਾਂ ਲੈ ਕੇ ਆਪਣੀ ਗੱਡੀ ਭੇਜ ਕੇ ਸਮੇਤ ਜਥੇ ਦੇ ਘਰ ਵਿੱਚ ਚਰਨ ਪਵਾਏ। ਅਖੰਡ ਪਾਠ ਰਖਵਾਇਆ ਸਮਾਪਤੀ ਸਮੇਂ ਗੁਰੂ ਸ਼ਬਦ ਦੇ ਪਹਿਲੇ ਅੱਖਰ ਤੋਂ ਹਜ਼ੂਰ ਨੇ ਕਾਕੇ ਦਾ ਨਾਮ ਕਮਲਜੀਤ ਸਿੰਘ ਰੱਖਿਆ। ਫੇਰ ਤਾਂ ਇਸ ਨਗਰ ਵਿੱਚ ਕਾਕੇ ਦੇ ਜਨਮ ਦਿਨ ਤੇ ਸਾਲ ਦੇ ਸਾਲ ਜਥੇ ਸਮੇਤ ਹਜ਼ੂਰ ਦੇ ਚਰਨ ਪਵਾਉਂਦੇ, ਅਖੰਡ ਪਾਠ ਹੁੰਦਾ, ਦੀਵਾਨ ਸਜਦਾ।

ਨਜਰ ਕੀਮੀਆਂ ਫਕਰ ਦੀ ਸਾਂਈ ਲੋਕਾ, ਜਿਹਨੂੰ ਚਾਹਵੰਦੇ ਉਸੇ ਨੂੰ ਤਾਰਦੇ ਜੀ।

੧੯੪੭ ਈਸਵੀ ਦੀ ਵੰਡ ਤੋਂ ਬਾਅਦ ਮੁਜਾਰਿਆਂ ਵਿੱਚ ਦੋ ਹਿੱਸੇ ਜ਼ਮੀਨ ਵੰਡੀ ਗਈ। ਆਪ ਜ਼ਿਆਦਾਤਰ ਨਾਭੇ ਹੀ ਰਹਿੰਦੇ ਸਨ, ਪਰ ਕਾਕੇ ਦੇ ਜਨਮਦਿਨ ਸਮੇਂ ਅਖੰਡ ਪਾਠ ਆਪਣੇ ਪਿੰਡ ਵਿੱਚ ਹੀ ਕਰਵਾਉਂਦੇ। ਬਾਅਦ ਵਿੱਚ ਕਈ ਸਾਲ ਨਾਭੇ ਦੀ ਕੋਠੀ ਏਸ ਦਿਨ ਤੇ ਸੰਤ ਜੀ ਮਹਾਰਾਜ ਦੇ ਜਥੇ ਤੋਂ ਅਖੰਡ ਪਾਠ ਕਰਵਾਇਆ। ਦੀਵਾਨ ਸਜੇ। ਸਨੇ ਸਨੇ ਬਹੁਤ ਸਾਰੇ ਨਾਭੇ ਸ਼ਹਿਰ ਦੇ ਹੋਰ ਵੀ ਪ੍ਰੇਮੀ ਹਜ਼ੂਰ ਦੇ ਸ਼ਰਧਾਲੂ ਬਣ ਗਏ। ਕਾਫ਼ੀ ਇਕੱਠ ਹੋਣ ਲੱਗ ਪਿਆ। ਕੋਠੀ ਅੰਦਰ ਜਗ੍ਹਾ ਥੋੜ੍ਹੀ ਹੋਣ ਕਰ ਕੇ ਬਾਹਰ ਦੀਵਾਨ ਲੱਗਣੇ ਸ਼ੁਰੂ ਹੋ ਗਏ। ਹੁਣ ਸਾਲ ਦੇ ਸਾਲ ਨਾਭੇ ਦੀ ਸੰਗਤ ਨੂੰ ਦੀਵਾਨਾਂ ਦਾ ਸਮਾਂ ਮਿਲ ਜਾਂਦਾ ਹੈ। ਪਹਿਲਾਂ ਪਹਿਲਾਂ ਇਕੱਲਾ ਹੀ ਸ. ਜਗਜੀਤ ਸਿੰਘ ਢਿਲੋਂ ਲਿਜਾਂਦਾ ਰਿਹਾ। ਹੁਣ ਹੋਰ ਵੀ ਸ਼ਹਿਰ ਦੇ ਪ੍ਰੇਮੀ ਨਾਲ ਮਿਲ ਜਾਂਦੇ ਹਨ।

ਪਿੰਡਾਂ ਵਿੱਚ ਨਾਮ ਅੰਮ੍ਰਿਤ ਦਾ ਪ੍ਰਚਾਰ

ਅਜੇ ਆਪ ਜੀ ਨੂੰ ਨਹਿਰ ਦੇ ਕੰਢੇ ਦੂਸਰੇ ਅਸਥਾਨ ਤੇ ਆਇਆ ਥੋੜ੍ਹਾ ਹੀ ਸਮਾਂ ਹੋਇਆ ਸੀ ਤਾਂ ਉੱਜਲ ਕੀਰਤੀ ਸੁਣ ਕੇ, ਤੇਜ਼ ਪ੍ਰਤਾਪ ਤੱਕ ਕੇ, ਰੂਹਾਨੀ ਤੇ ਜਿਸਮਾਨੀ ਖ਼ੁਰਾਕ ਮਿਲਦੀ ਜਾਣ ਕੇ, ਹਜ਼ੂਰੀ ਵਿੱਚ ਰਹਿਣ ਵਾਲੇ ਪ੍ਰੇਮੀਆਂ ਦਾ ਦਿਨ ਬਦਿਨ ਇਕੱਠ ਵਧਣ ਲੱਗਾ।

ਹਰਿ ਜਨ ਕੀ ਦੇਖ ਅਪਾਰ ਸੋਭਾ, ਪਿਛੋਂ ਸਿੰਘ ਮਿਲੇ ਹੋਰ ਆਇ ਭਾਈ।
ਕਈ ਬੰਦਗ਼ੀ ਦਾ ਢੰਗ ਲੈਣ ਵਾਲੇ, ਕਈ ਖਾਵਣੇ ਹੇਤ ਕੜਾਹਿ ਭਾਈ।
ਸੰਗਤ ਸਾਧ ਕੀ ਕਰੇ ਉਧਾਰ ਲੱਖਾਂ, ਬੇੜੇ ਨਾਮ ਦੇ ਉੱਤੇ ਚੜ੍ਹਾਇ ਭਾਈ।
ਧੰਨ ਧੰਨ ਹਰ ਰਾਮ ਕੇ ਰੂਪ ਦਾਤੇ, ਦਿੱਤਾ ਦੂਈ ਦਾ ਭੇਦ ਮਿਟਾਇ ਤਾਈ।

ਉਦਾਲੇ ਦੇ ਪਿੰਡਾਂ 'ਚੋਂ ਸ਼ਰਧਾਲੂ ਪ੍ਰੇਮੀਆਂ ਵਲੋਂ ਮੰਗਾਂ ਆਉਣ ਲੱਗੀਆਂ ਕਿ ਮਹਾਰਾਜ! ਸਾਡੇ ਨਗਰ ਚਰਨ ਪਾਓ। ਕੋਈ ਕਹੇ ਸਾਡੇ ਪਿੰਡ ਦੀਵਾਨ ਕਰੋ। ਕਈਆਂ ਦੇ ਘਰੀਂ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਪੁੱਤਰ ਦੀ ਦਾਤ ਮਿਲੀ ਸੀ ਉਹ ਆਪਣੇ ਘਰੀਂ ਅਖੰਡ ਪਾਠ ਦਾ ਭੋਗ ਪਵਾ ਕੇ ਸੰਤ ਜੀ ਮਹਾਰਾਜ ਤੋਂ ਬੱਚੇ ਦਾ ਨਾਮ ਰਖਾਉਣਾ ਚਾਹੁੰਦੇ ਸਨ। ਇਉਂ ਜਦੋਂ ਚੁਫੇਰੇ ਦੇ ਪਿੰਡਾਂ ਵਲੋਂ ਬੇਨਤੀਆਂ ਹੋਣ ਲੱਗੀਆਂ ਤਾਂ ਆਪ ਜੀ ਨੇ ਉੱਤਰ ਦਿੱਤਾ, "ਗੁਰਮੁਖੋ! ਅਸੀਂ ਤਾਂ ਵਧੇਰੇ ਬਾਹਰ ਇਕਾਂਤ ਵਿੱਚ ਰਹਿ ਕੇ ਹੀ ਭਜਨ ਸਿਮਰਨ ਦੁਆਰਾ ਸਮਾਂ ਬਤੀਤ ਕਰਨਾ ਹੈ। ਇਹ ਪਾਠ ਪੂਜਾ ਦਾ ਕੰਮ ਤਾਂ ਤੁਸੀਂ ਆਪਣੇ ਨਗਰਾਂ ਦੇ ਪਾਠੀਆਂ ਪਾਸੋਂ ਹੀ ਕਰਵਾ ਲਿਆ ਕਰੋ।" ਪਰ ਉਨ੍ਹਾਂ ਦੀ ਵਧੇਰੇ ਭਾਵਨਾ ਆਪ ਜੀ ਉੱਪਰ ਹੋਣ ਕਰ ਕੇ ਛੋਟੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਮਹਾਰਾਜ ਤੁਸੀਂ ਸਾਡੇ ਘਰੀਂ ਚਰਨ ਪਾਓ। ਛੋਟੇ ਸੰਤ ਜੀ ਮਹਾਰਾਜ ਨੇ ਵੱਡਿਆਂ ਨੂੰ ਆਖਿਆ ਕਿ ਆਪ ਕੋਈ ਖ਼ਾਸ ਸਮਾਂ ਨੀਅਤ ਕਰ ਕੇ ਇਨ੍ਹਾਂ ਦਾ ਪ੍ਰੇਮ ਪੂਰਾ ਕਰੋ। ਆਪ ਜੀ ਦਾ ਉੱਤਰ ਸੀ ਕਿ ਚੰਗਾ! ਇਸ ਕੰਮ ਦੀ ਜ਼ੁੰਮੇਵਾਰੀ ਫੇਰ ਤੁਸੀਂ ਆਪ ਹੀ ਸੰਭਾਲੋ ਅਤੇ ਸਾਡੇ ਨਾਲ ਜਾਇਆ ਕਰੋ। ਅਸੀਂ ਤਾਂ ਸਿਰਫ ਕੀਰਤਨ ਕਰਨ ਵਾਲੇ ਸਾਜੀ ਸਿੰਘਾਂ ਦਾ ਜਥਾ ਨਾਲ ਲੈ ਕੇ ਫੱਗਣ ਤੇ ਚੇਤ ਦੇ ਦੋ ਮਹੀਨੇ ਦੇ ਦਿਆ ਕਰਾਂਗੇ।

ਪਾਠਾਂ ਦੀ ਵਧੇਰੇ ਡਿਊਟੀ ਆਪ ਜੀ ਸੰਭਾਲੋ। ਨਾਮ ਸਾਰਿਆਂ ਦੇ ਨੋਟ ਕਰੀ ਜਾਵੋ। ਤੁਰਨ ਸਮੇਂ ਸਾਨੂੰ ਦੱਸ ਦਿਆ ਕਰੋ ਕਿ ਕਿੱਥੇ ਕਿੱਥੇ ਤੇ ਕਿਸ ਕਿਸ ਦੇ ਜਾਣਾ ਹੈ?

ਇਉਂ ਦੋਵੇਂ ਵਿਅਕਤੀਆਂ ਨੇ ਸਲਾਹ ਕਰ ਕੇ ਅੱਸੂ ਤੇ ਕੱਤਕ, ਫੱਗਣ ਤੇ ਚੇਤ ਇਹ ਸਾਲ ਵਿੱਚ ਚਾਰ ਮਹੀਨੇ ਨੀਅਤ ਕਰ ਲਏ। ਉਦਾਲੇ ਦੇ ਪਿੰਡਾਂ ਦੀ ਸੰਗਤ ਨੂੰ ਵੀ ਪਤਾ ਲੱਗ ਗਿਆ। ਪ੍ਰੇਮੀ ਕਈ ਮਹੀਨੇ ਪਹਿਲਾਂ ਹੀ ਛੋਟੇ ਸੰਤ ਜੀ ਮਹਾਰਾਜ ਪਾਸੋਂ ਤਾਰੀਖ ਤੇ ਸਮਾਂ ਲੈ ਜਾਂਦੇ। ਇੱਕ ਪਾਸੇ ਤੋਂ ਸ਼ੁਰੂ ਕਰ ਕੇ ਨਾਲ ਲੱਗਦੇ ਪਿੰਡਾਂ ਨੂੰ ਸਮਾਂ ਵੰਡੀ ਜਾਂਦੇ ਪਰ ਹਰ ਇੱਕ ਮਹੀਨੇ ਦੀ ਪੂਰਨਮਾਸ਼ੀ ਤੇ ਸੰਗਰਾਂਦ ਦਾ ਦੀਵਾਨ ਤਾਂ ਗੁਰਦੁਆਰੇ ਕਰਮਸਰ ਹੀ ਸਜਦਾ।

ਦੂਸਰੇ ਦਿਨ ਅਗਲੇ ਪਿੰਡ ਦਾ ਪ੍ਰੋਗਰਾਮ ਸ਼ੁਰੂ ਹੋ ਜਾਂਦਾ। ਪਹਿਲਾਂ ਪਹਿਲਾਂ ਤਾਂ ਕੇਵਲ ਕੀਰਤਨ ਦਾ ਹੀ ਪ੍ਰੋਗਰਾਮ ਹੁੰਦਾ ਰਿਹਾ ਫੇਰ ਪ੍ਰੇਮੀਆਂ ਨੇ ਆਪਣੇ ਘਰੀਂ ਅਖੰਡ ਪਾਠ ਕਰਵਾਉਣੇ ਸ਼ੁਰੂ ਕਰ ਦਿੱਤੇ। ਪਿੰਡਾਂ ਵਿੱਚ ਧਾਰਮਿਕ ਖ਼ਿਆਲਾਂ ਦੇ ਵੈਸ਼ਨੋਂ ਪਾਠੀ ਨਾ ਮਿਲਣ ਕਰ ਕੇ ਪ੍ਰੇਮੀਆਂ ਨੇ ਛੋਟੇ ਸੰਤਾਂ ਨੂੰ ਅਰਜ਼ ਕੀਤੀ। ਉਨ੍ਹਾਂ ਨੇ ਵੱਡੇ ਸੰਤਾਂ ਨੂੰ ਆਖ ਕੇ ਨਾਲ ਪਾਠੀ ਤੇ ਜਪੁ ਜੀ ਸਾਹਿਬ ਵਾਲੇ ਸਿੰਘਾਂ ਨੂੰ ਭੇਜ ਦੇਣਾ। ਉਨ੍ਹਾਂ ਦੀ ਜ਼ੁੰਮੇਵਾਰੀ ਨਾਲ ਦੇ ਇੱਕ ਸੱਜਣ ਨੂੰ ਸੌਂਪ ਦੇਣੀ। ਇਉਂ ਮਰਯਾਦਾ ਅਨੁਸਾਰ ਅਖੰਡ ਪਾਠ ਤੇ ਕਥਾ ਕੀਰਤਨ ਦਾ ਪ੍ਰਵਾਹ ਜਾਰੀ ਹੋ ਗਿਆ। ਉਸ ਸਮੇਂ ਸੰਤ ਜੀ ਮਹਾਰਾਜ ਦੇ ਹਜ਼ੂਰੀਏ ਸੇਵਾਦਾਰ ਤੇ ਬਾਹਰਲੇ ਪ੍ਰੋਗਰਾਮਾਂ ਦੇ ਜਥੇਦਾਰ ਸੰਤ ਇੰਦਰ ਸਿੰਘ ਜੀ ਹੁੰਦੇ ਸਨ। ਸਮਾਂ ਪਾ ਕੇ ਪਾਠ ਕਰਵਾਉਣ ਵਾਲੇ ਪ੍ਰੇਮੀ ਸੱਜਣਾਂ ਦੀਆਂ ਵਧੇਰੇ ਮੰਗਾਂ ਔਣ ਲੱਗੀਆਂ ਜਿਸ ਕਰ ਕੇ ਹਜ਼ੂਰ ਦੇ ਪ੍ਰੇਮੀ ਵੈਸ਼ਨੋ ਖ਼ਿਆਲਾਂ ਦੇ ਸਿੰਘਾਂ ਨੂੰ ਪਿੰਡਾਂ 'ਚੋਂ ਪਾਠੀ ਲਾ ਕੇ ਇੱਕੋ ਵਾਰੀ ਦੋ ਦੋ ਪਿੰਡਾਂ ਵਿੱਚ ਇਕੱਠੇ ਪਾਠ ਰੱਖੇ ਜਾਂਦੇ। ਦੋਹਾਂ ਪਿੰਡਾਂ ਵਿੱਚ ਦੀਵਾਨ ਸਜਦੇ ਤੇ ਪਾਠ ਦੇ ਭੋਗ ਸਮੇਂ ਸੰਤ ਜੀ ਮਹਾਰਾਜ ਦੇ ਚਰਨ ਪੈਂਦੇ। ਇਉਂ ਕਰਮਸਰ ਦੀ ਪਾਵਨ ਧਰਤੀ ਦੇ ਇਰਦ ਗਿਰਦ ੨੦-੨੦ ਤੇ ੩੦-੩੦ ਮੀਲਾਂ ਵਿੱਚ ਚੌਫੇਰੇ ਦਾ ਕੋਈ ਐਸਾ ਪਿੰਡ ਨਹੀਂ, ਜਿੱਥੇ ਕਿ ਸੰਤ ਜੀ ਮਹਾਰਾਜ ਦੇ ਚਰਨ ਨਾ ਪਏ ਹੋਵਣ। ਕਈਆਂ ਪਿੰਡਾਂ ਵਿੱਚ ਤਾਂ ਸਾਲ ਦੇ ਸਾਲ ਚਰਨ ਪੈਂਦੇ। ਕਈਆਂ 'ਚ ਸਾਲ ਵਿਖੇ ਦੋ ਵਾਰੀ ਜਾ ਆਉਂਦੇ। ਕਈ ਏਹੋ ਜੇਹੇ ਵੀ ਅਨੰਨ ਸੇਵਕ ਸਨ ਜੋ ਹਰੇਕ ਛਿਮਾਹੀ ਜਾਂ ਸਾਲ ਤੋਂ ਬਾਅਦ ਆਪਣੇ ਘਰੀਂ ਅਖੰਡ ਪਾਠ ਕਰਵਾ ਕੇ ਸੰਤ ਜੀ ਮਹਾਰਾਜ ਦੇ ਨਗਰ ਨਿਵਾਸੀਆਂ ਨੂੰ ਦਰਸ਼ਨ ਕਰਵਾ ਦੇਂਦੇ। ਇਉਂ ਪ੍ਰੇਮੀਆਂ ਦੀਆਂ ਸ਼ਰਧਾ ਪੂਰਨ ਲਈ ਆਪ ਇੱਕ ਇੱਕ ਪਿੰਡ ਵਿੱਚ ਕਈ ਕਈ ਵਾਰੀ ਗਏ। ਫੇਰ ਜਿੱਥੇ ਆਪ ਜਾਂਦੇ ਉਸ ਪਿੰਡ ਦਾ ਐਸਾ ਕੋਈ ਘਰ ਨਹੀਂ ਜਿਸ ਘਰ ਆਪ ਜੀ ਦੇ ਚਰਨ ਨਾ ਪਏ ਹੋਵਣ। ਹਿੰਦੂ, ਸਿੱਖ, ਗ਼ਰੀਬ, ਅਮੀਰ ਬਲਕਿ ਹਰੀਜਨਾਂ ਤੱਕ ਵੀ ਪ੍ਰੇਮੀ ਆਪ ਜੀ ਉੱਪਰ ਮਾਣ ਰੱਖਦੇ ਤੇ ਘਰੀਂ ਲਿਜਾਂਦੇ ਸਨ। ਪਹਿਲੇ ਪਹਿਲੇ ਛੋਟੇ ਸੰਤ ਜੀ ਵੀ ਨਾਲ ਜਾਂਦੇ ਰਹੇ। ਫੇਰ ਅਸਥਾਨ ਦੀ ਜ਼ੁੰਮੇਵਾਰੀ ਵੱਧ ਜਾਣ ਦੇ ਕਾਰਣ ਪਿੱਛੇ ਦੀ ਸੇਵਾ ਸੰਭਾਲ ਕਰਦੇ। ਜਿਸ ਪਿੰਡ ਵਿੱਚ ਜਿਸ ਘਰ ਅਖੰਡ ਪਾਠ ਰੱਖਿਆ ਜਾਂਦਾ, ਉਸ ਦੇ ਆਂਢ ਗੁਆਂਢ ਵਿੱਚ ਬਲਕਿ ਪਿੰਡ ਦੇ ਸਾਰੇ ਘਰਾਂ ਵਿੱਚ ਪ੍ਰੇਮੀ ਚਰਨ ਪਵਾਉਣ ਵਾਸਤੇ ਘਰ ਦੀ ਸਫ਼ਾਈ ਤੇ ਗਲੀਆਂ ਵਿੱਚ ਛਿੜਕਾ ਕਰਨ ਆਦਿ ਆਪਣੀਆਂ ਤਿਆਰੀਆਂ ਅਰੰਭ ਦੇਂਦੇ। ਸਭਨਾਂ ਦੇ ਘਰੀਂ ਚਰਨ ਪੈਂਦੇ। ਭਾਵਨਾ ਅਨੁਸਾਰ ਮਨੋ ਕਾਮਨਾ ਪੂਰੀਆਂ ਹੁੰਦੀਆਂ। ਪਿੰਡਾਂ ਦੇ ਨੌਜਵਾਨ ਮੁੰਡੇ ਦੀਵਾਨ ਦੇ ਸਮੇਂ ਸ਼ਰਾਬ ਛੱਡਣ ਦਾ ਪ੍ਰਣ ਕਰ ਕੇ ਖੰਡੇ ਦਾ ਅੰਮ੍ਰਿਤ ਛਕਦੇ। ਨਾਮ ਦੀ ਦਾਤ ਪ੍ਰਾਪਤ ਕਰ ਕੇ ਗੰਦੇ ਗੀਤਾਂ ਤੇ ਬੋਲੀਆਂ ਦੀ ਜਗ੍ਹਾ ਮਲਵਈ ਧਾਰਨਾ ਵਿੱਚ ਗੁਰਬਾਣੀ ਦੇ ਸਿੱਧੇ ਸ਼ਬਦਾਂ ਨੂੰ ਪੜ੍ਹਦੇ। ਇਉਂ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਦੀ ਲਾਗ ਲਾਈ ਤੋਂ ਬਾਅਦ ਸਾਰੇ ਇਲਾਕੇ ਵਿੱਚ ਮੁੜ ਜਾਗ੍ਰਤ ਆ ਗਈ। ਨਗਰਾਂ 'ਚੋਂ ਜਲਸੇ ਬੰਦ ਹੋ ਗਏ। ਪਿੰਡਾਂ ਵਿੱਚ ਗੰਦੇ ਗੀਤ, ਗਿੱਧੇ ਤੇ ਤੀਆਂ ਦਾ ਲੱਗਣਾ ਹਟ ਗਿਆ। ਵਿਆਹ ਸ਼ਾਦੀਆਂ ਸਮੇਂ ਗਾਲ੍ਹਾਂ ਤੇ ਸਿਠਣੀਆਂ ਦੀ ਥਾਂ ਗੁਰਬਾਣੀ ਦੇ ਸ਼ਬਦਾਂ ਨੂੰ ਪੜ੍ਹਦੇ। ਥਾਂ ਥਾਂ ਤੇ ਧਾਰਮਿਕ ਦੀਵਾਨਾਂ ਦਾ ਸਜਣਾ, ਆਸਾ ਦੀ ਵਾਰ ਦਾ ਕੀਰਤਨ ਹੋਣਾ, ਸਵੱਖਤੇ ਖੂਹਾਂ ਤੇ ਡੋਲਾਂ ਦਾ ਖੜਕਣਾ, ਇਸ਼ਨਾਨ ਕਰ ਕੇ ਗੁਰਬਾਣੀ ਦਾ ਪਾਠ ਗੁਰ ਸ਼ਬਦ ਦਾ ਜਾਪ ਹੁੰਦਾ। ਇਉਂ ਹਜ਼ੂਰ ਦੇ ਚਰਨ ਪੈਣ ਕਰ ਕੇ ਸਾਰਾ ਇਲਾਕਾ ਸੁਰਗ ਦਾ ਰੂਪ ਧਾਰਨ ਕਰ ਗਿਆ।

ਜਿੱਥੇ ਜਿੱਥੇ ਸੰਤ ਜੀ ਮਹਾਰਾਜ ਗਏ ਦੀਵਾਨ ਸਜੇ, ਅਖੰਡ ਪਾਠ ਕੀਤੇ, ਪ੍ਰੇਮੀਆਂ ਦੇ ਘਰੀਂ ਚਰਨ ਪਾਏ, ਜੇਕਰ ਸਾਰੇ ਨਗਰਾਂ ਦੇ ਪ੍ਰੇਮੀਆਂ ਦਾ ਹਾਲ ਖੋਹਲ ਕੇ ਦਰਜ ਕਰੀਏ ਤਾਂ ਪੁਸਤਕ ਦਾ ਬੜਾ ਵੱਡਾ ਅਕਾਰ ਹੋ ਜਾਵੇਗਾ। ਹੁਣ ਏਥੇ ਸੰਖੇਪ ਮਾਤਰ ਕੁਛ ਕੁ ਨਗਰਾਂ ਦੇ ਨਾਮ ਅਤੇ ਖ਼ਾਸ ਖ਼ਾਸ ਪ੍ਰੇਮੀਆਂ ਨਾਲ ਵਰਤੇ ਚਮਤਕਾਰਾਂ ਦਾ ਹੀ ਜ਼ਿਕਰ ਕਰਦਾ ਹਾਂ। ਯਥਾ: ਰਾੜਾ, ਭੀਖੀ, ਦੋਵੇਂ ਹਾਂਸ, ਘਣਗਸ, ਕਟਾਹਰੀ, ਲਾਪਰਾ, ਭੁੱਟਾ, ਘਵੱਦੀ, ਸੀਲੋਂ ਵੱਡੀ ਤੇ ਛੋਟੀ, ਖਾਨਪੁਰ, ਦੁਬੁਰਜੀ, ਗਿੱਦੜੀ, ਰੌਲ, ਲੰਢਾ, ਬੁਆਣੀ, ਭੱਠਲ, ਬਿਲਾਸਪੁਰ, ਜਹਾਂਗੀਰ, ਘਲੋਟੀ, ਘੁਡਾਣੀ ਵੱਡੀ ਤੇ ਛੋਟੀ, ਜੀਰਖ, ਲਹਿਲ, ਦੋਵੇਂ ਵੱਡਾ ਤੇ ਛੋਟਾ ਧੌਲ ਮਾਜਰਾ, ਸਿਆੜ੍ਹ, ਬੁਟਾਹਰੀ, ਸ਼ੰਕਰ, ਮੁਕੰਦਪੁਰ, ਖਟੜੇ, ਢੋਡੇ, ਗੁਰਮ, ਰੁੜਕਾ, ਡੇਹਲੋਂ, ਕੈਂਡ, ਘੁੰਗਰਾਣਾ, ਜੱਸੋਵਾਲ, ਕਿਲ੍ਹਾ ਰਾਇਪੁਰ, ਆਲਮਗੀਰ, ਆਸੀ, ਗੁੱਜਰਵਾਲ, ਫੱਲੇਵਾਲ ਵੱਡਾ, ਗਿੱਲ

ਸਟੇਸ਼ਨ ਵਾਲੇ, ਮਹਿਮੂਦਪੁਰ, ਦੁੱਗਰੀ, ਠੱਕਰਵਾਲ, ਧਾਂਦਰਾ, ਲਹਿਰਾ, ਗੋਪਾਲਪੁਰ, ਰੰਗੀਆ, ਪੌਹੀੜ, ਖੇੜਾ, ਜਗੇੜਾ, ਅਹਿਮਦਗੜ੍ਹ, ਛਪਾਰ, ਕਾਲਖ, ਮਾਜਰੀ, ਜੜਤੌਲੀ, ਵੱਡੀ ਤੇ ਛੋਟੀ ਜੰਡਾਲੀ ਨਹਿਰ ਤੇ, ਝੱਮਟ, ਕਲਾੜ੍ਹ, ਦੁਲਮਾ, ਨੰਗਲ, ਮੋਮਨਾਬਾਦ, ਸੁਖਨ ਵਾਲੀਆਂ ਛੰਨਾ, ਛੋਟਾ ਤੇ ਵੱਡਾ ਕੁੱਪ, ਭੋਗੀਵਾਲ, ਬਾਲੇਵਾਲ, ਮਲੌਦ, ਖੇੜੀ, ਗੋਸਲਾਂ, ਫਲੇਵਾਲ ਛੋਟਾ, ਕੱਚੀ ਬੇਰ, ਪੱਕੀ ਬੇਰ, ਰੌਸੀਆਣਾ, ਫਲੌਂਡ, ਨੱਥੂਮਾਜਰਾ, ਸਹਾਰਨਮਾਜਰਾ, ਬੌੜਹਾਈ, ਮੁਹੇਰਨਾ, ਕੰਗਨਵਾਲ, ਬ੍ਰਹਮਪੁਰ, ਲਤਾਲਾ, ਰੁਸ਼ੀਨ, ਬੜੂੰਦੀ, ਡਾਂਗੋ, ਜੰਡ, ਲੋਹਟਵੱਦੀ, ਰਾਇਕੋਟ, ਛੰਨਾ, ਤਾਜਪੁਰ, ਜੋਧਾਂ, ਮੰਸੂਰ, ਪੱਖੋਵਾਲ, ਨੰਗਲ, ਵੱਡੀ ਛੋਟੀ ਲਲਤੋਂ, ਬੱਦੋਵਾਲ, ਮੈਹਤੀਆਣਾ, ਸੁਧਾਰ, ਬੁਰਜ ਲਿੱਟਾਂ ਤੇ ਹਲਵਾਰਾ, ਭੈਣੀ, ਦਰੇੜਾ, ਕਲਿਆਣ, ਚੀਮੇ ਖੁਰਦ, ਮਲੇਰਕੋਟਲਾ, ਸੈਦੇਪੁਰ, ਅਲੀਪੁਰ ਖ਼ਾਸਲਾ, ਕੁਰੜ, ਛਾਪਾ, ਖ਼ਿਆਲੀ, ਮਾਮਦਪੁਰ, ਬਾਪਲਾ, ਪੰਜ ਗਰਾਈਆਂ, ਭੂਦਨ, ਛੋਟੇ ਵੱਡੇ ਮਹਿਲ, ਕ੍ਰਿਪਾਲੇ ਵਾਲਾ, ਮਿੱਠੇਵਾਲ, ਦੱਧਾਹੂਰ, ਖੇੜੀ ਖੁਰਦ, ਚਹਿਲਾਂ, ਰੰਗੀਆਂ, ਸੇਖਾ, ਜਲੂਰ ਬਜਵੇ, ਮਾਂਗੇਵਾਲ, ਜਨੌਦ, ਨਵਾਂ ਪਿੰਡ, ਸਾਹਨੇਵਾਲ, ਜਰਖੜ, ਜੱਸੜਾਂ, ਧਰੌੜਾ, ਸੁਦਾਂ ਵਾਲਾ, ਕੁਹਾੜਾ, ਜੰਡਾਲੀ, ਮੁਜਾਰਾ, ਬਿਲਗਾ, ਭੈਰੋਮੁੰਨਾ, ਛੋਟੀ ਤੇ ਵੱਡੀ ਕਟਾਣੀ, ਕਟਾਣਾ, ਕਨੇਚ, ਰਾਮਪੁਰ, ਰੇਰੂ ਸਾਹਿਬ, ਦੋਰਾਹਾ, ਨੀਲੋਂ, ਲੱਲਾਂ, ਕੁੱਬੇ, ਲੋਪੋ, ਬਲਾਲਾ, ਮੱਲਮਾਜਰਾ, ਬੇਗੋਵਾਲ, ਜਸਪਾਲੋਂ, ਲਿਬੜਾ, ਖੰਨਾ, ਮੋਹਨਪੁਰ, ਭਮੱਦੀ, ਚਕੋਹੀ, ਜਰਗ, ਰੋਹਨੋ, ਰਾਣੋ, ਪਰਹੈੜੀ, ਈਸੜੂ, ਈਸਨਪੁਰ, ਸਿਰਥਲਾ, ਭੁਰਥਲਾ, ਚੌਂਦੇ, ਮੰਨਮੀ, ਬੀਜਾ, ਕੋਟਾਂ, ਹਰਬੰਸਪੁਰਾ, ਮਹਿੰਦੀਪੁਰ, ਚਾਵਾ, ਪੈਲ, ਘੁੰਗਰਾਲੀ, ਬਗਲੀ, ਮੰਜਾਲੀਆਂ, ਡਾਲਾ, ਢੀਂਡਸੇ, ਬੰਬਾਂ, ਸ਼ਾਹਪੁਰਾ, ਚੱਕ ਭੱਟੀਆਂ, ਮਕਸੂਦੜਾ, ਰਪਾਲੋ, ਬਰਮਾਲੀਪੁਰ, ਕੱਦੋਂ, ਜਲੌਦ, ਮਾਦਪੁਰ, ਮਦੂਦਾਂ, ਗੁਰਦਿਤਪੁਰ, ਛੋਟੀਆਂ ਤੇ ਵੱਡੀਆਂ ਚਣਕੋਈਆਂ, ਦਹਿੜੂ, ਸੁਲਤਾਨਪੁਰ, ਭਾਡੇਵਾਲ, ਜੰਡਾਲੀ, ਜਰਗੜੀ, ਨਸਰਾਲੀ, ਚੀਮੇ ਪੈਲ ਵਾਲੇ, ਸਿਉੜਾ, ਵੱਡੀ ਤੇ ਛੋਟੀ ਧਮੋਟ, ਜੱਲ੍ਹਾ, ਪੱਲੇ ਅਲੂਨੇ, ਕੰਮਾ, ਘਰਾਲਾ, ਦਾਊਮਾਜਰਾ, ਪੂਰਵਾਂ, ਨੌਲੜੀ, ਗੰਢੂਆਂ, ਨਾਗਰੇ ਆਦਿ ਆਸ ਪਾਸ ਦੂਰ ਨੇੜੇ ਦੇ ਹੋਰ ਬੇਅੰਤ ਪਿੰਡਾਂ ਵਿੱਚ ਦਰਸ਼ਨ ਦੇ ਕੇ ਗੁਰਮਤਿ ਤੇ ਗੁਰਬਾਣੀ ਦਾ ਪ੍ਰਚਾਰ ਕੀਤਾ।

ਪਿੰਡਾਂ ਦੇ ਦੌਰੇ ਸਮੇਂ ਪਹਿਲਾਂ ਪਹਿਲਾਂ ਆਪ ਸੰਗਤ ਦੇ ਨਾਲ ਪੈਦਲ ਹੀ ਜਾਇਆ ਕਰਦੇ। ਆਪਣੀ ਭਾਵਨਾ ਅਨੁਸਾਰ ਕਈ ਕੁ ਪ੍ਰੇਮੀ ਆਪ ਜੀ ਵਾਸਤੇ ਰਥ ਵੀ ਲੈ ਆਉਂਦੇ ਸਨ। ਫੇਰ ਕੁਛ ਕੁ ਦੂਰ ਨਗਰਾਂ ਵਿੱਚ ਸਾਈਕਲਾਂ ਤੇ ਜਾਣ ਲੱਗ ਪਏ। ਉਪਰੰਤ ਘੋੜੇ ਘੋੜੀਆਂ ਦੀ ਰਚਨਾ ਹੋ ਗਈ। ਪਹਿਲਾਂ ਇੱਕ ਬਿਲਾਸਪੁਰ ਦੇ ਪ੍ਰੇਮੀ ਸ. ਅਮਰ ਸਿੰਘ ਜ਼ਿਮੀਂਦਾਰ ਦੇ ਪਾਸ ਰਥ ਸੀ। ਇਸ ਦੇ ਘਰ ਕਈ ਸਾਲਾਂ ਤੋਂ ਬਾਅਦ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਲੜਕੇ ਦਾ ਜਨਮ ਹੋਇਆ। ਇਸ ਦਾ ਨਾਮ ਹਜ਼ੂਰ ਨੇ ਪ੍ਰੀਤਮ ਸਿੰਘ ਰੱਖਿਆ। ਫੇਰ ਤਾਂ ਅਮਰ ਸਿੰਘ ਨੂੰ ਬਹੁਤ ਸ਼ਰਧਾ ਹੋ ਗਈ। ਇਸ ਨੇ ਬੜੀ ਭਾਵਨਾ ਨਾਲ ਮਹਾਰਾਜ ਜੀ ਪਾਸ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਚਾਹੇ ਮੇਰਾ ਜ਼ਿਮੀਂਦਾਰਾ ਕੰਮ ਹੈ ਪਰ ਫੇਰ ਵੀ ਮੈਂ ਆਪਣਾ ਕੰਮ ਛੱਡ ਕੇ ਦਸ ਦਸ ਮੀਲਾਂ ਤੱਕ ਰਥ ਉੱਪਰ ਹਜ਼ੂਰ ਨੂੰ ਛੱਡ ਕੇ ਆਉਣ ਤੇ ਲੈ ਕੇ ਆਉਣ ਦੀ ਨਿਰੋਲ ਸੇਵਾ ਕਰਾਂਗਾ।" ਪਰ ਫੇਰ ਵੀ ਸੰਤ ਜੀ ਮਹਾਰਾਜ ਨੇ ਇਸ ਨੂੰ ਇਤਨੀ ਵੱਡੀ ਖੇਚਲ ਦੇਣੀ ਠੀਕ ਨਾ ਜਾਣੀ। ਜਦੋਂ ਇਸ ਨੂੰ ਆਪਣੇ ਆਪ ਪਤਾ ਲੱਗ ਜਾਂਦਾ ਤਾਂ ਇਹ ਇਸ ਸੇਵਾ ਨੂੰ ਆਪਣੇ ਧੰਨ ਭਾਗ ਸਮਝ ਕੇ ਖਿੜੇ ਮਥੇ ਭਾਵਨਾ ਨਾਲ ਕਰਦਾ।

ਪੌਹੀੜ ਪਿੰਡ

ਸਭ ਤੋਂ ਪਹਿਲਾਂ ਸੰਤ ਜੀ ਮਹਾਰਾਜ ਪੌਹੀੜ ਪਿੰਡ ਸ. ਅਰਜਨ ਸਿੰਘ ਖੰਡੇ ਦੇ ਘਰ ਚਰਨ ਪਾਏ। (ਉਦੋਂ ਆਪ ਜੀ ਖੇੜੇ ਤੋਂ ਆਏ ਸਨ) ਇਸ ਨੇ ਹਜ਼ੂਰ ਦੇ ਜਥੇ ਤੋਂ ਆਪਣੇ ਲੜਕੇ ਸਜਣ ਸਿੰਘ ਦੇ ਜਨਮ ਦੀ ਖ਼ੁਸ਼ੀ ਵਿੱਚ ਅਖੰਡ ਪਾਠ ਕਰਵਾਇਆ ਸੀ। ਇਹ ਕਾਕਾ ੧੯੩੨ ਈ. ਵਿੱਚ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਹੀ ਹੋਇਆ। ਸੰਤ ਜੀ ਮਹਾਰਾਜ ਨੇ ਹੀ ਅਖੰਡ ਪਾਠ ਦੇ ਭੋਗ ਤੇ ਇਸ ਦਾ ਨਾਮ ਰੱਖਿਆ। ਉਸ ਸਮੇਂ ਦੀਵਾਨ ਗੁਰਦੁਆਰੇ ਸਾਹਿਬ ਦੇ ਖੁੱਲ੍ਹੇ ਚੋਗਾਨ ਵਿੱਚ ਸਜਦੇ ਰਹੇ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ਸੱਠ ਸੱਤਰ ਪ੍ਰਾਣੀ ਗੁਰੂ ਕੇ ਜਹਾਜ਼ੇ ਚੜ੍ਹੇ। ਉਸ ਸਮੇਂ ਵੱਡੇ ਤੇ ਛੋਟੇ ਦੋਵੇਂ ਸੰਤ ਜੀ ਮਹਾਰਾਜ ਆਪ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਸਨ। ਨਗਰ ਨਿਵਾਸੀ ਦੱਸਦੇ ਸਨ ਕਿ ਇਸ ਨਗਰ ਵਿੱਚ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਤੋਂ ਬਾਅਦ ਪਹਿਲੀ ਵਾਰ ਹੀ ਪੂਰਨ ਵਿਅਕਤੀਆਂ ਦੇ ਦਰਸ਼ਨ ਹੋਏ ਹਨ। ਉਸੇ ਸਮੇਂ ਸੰਗਤ ਨੇ ਬੜੇ ਉਤਸ਼ਾਹ ਨਾਲ ਸਲਾਹ ਕਰ ਕੇ ਹਜ਼ੂਰ ਦੇ ਕਰ ਕਮਲਾਂ ਤੋਂ ਗੁਰਦੁਆਰੇ ਸਾਹਿਬ ਦੀ ਨੀਂਹ ਰਖਵਾਈ, ਜੋ ਹੁਣ ਬੜੀ ਸ਼ਾਨਦਾਰ ਸੁੰਦਰ ਇਮਾਰਤ ਬਣੀ ਹੈ। ਫੇਰ ਤਾਂ ਪ੍ਰੇਮੀਆਂ ਨੂੰ ਇਤਨੀ ਸ਼ਰਧਾ ਵੱਧ ਗਈ ਕਿ ਜੇਕਰ ਸਾਲ ਵਿੱਚ ਅੱਸੂ ਤੇ ਚੇਤਰ ਨੂੰ ਦੋ ਵਾਰ ਸਮਾਂ ਨਾ ਮਿਲੇ ਤਾਂ ਸਾਲ ਵਿੱਚ ਇੱਕ ਵਾਰੀ ਤਾਂ ਪਿੰਡ ਵਿੱਚ ਜ਼ਰੂਰ ਹੀ ਚਰਨ ਪਵਾਉਂਦੇ ਸਨ। ਆਪਣੇ ਘਰੀਂ ਅਖੰਡ ਪਾਠ ਕਰਵਾਉਂਦੇ ਤੇ ਸਾਂਝੇ ਥਾਂ ਕੀਰਤਨ ਹੁੰਦਾ। ਇੱਕ ਦੋ ਸਾਲ ਆਪ ਬਾਹਰ ਮੜ੍ਹੀਆਂ ਵਿੱਚ ਹੀ ਤੰਬੂ ਲਗਾ ਕੇ ਇਕਾਂਤ ਵਿੱਚ ਠਹਿਰਦੇ ਰਹੇ। ਫੇਰ ਉੱਚੇ ਟਿੱਬੇ ਤੇ ਬੇਰੀਆਂ ਦੀ ਸੰਘਣੀ ਝਿੜੀ ਵਿੱਚ ਠਹਿਰੇ। ਬਾਗ਼

ਵਿੱਚ ਵੀ ਰਹੇ। ਇਉਂ ਇਕਾਂਤ ਨੂੰ ਬਹੁਤ ਪਸੰਦ ਕਰਦੇ।

ਇਸ ਤਰ੍ਹਾਂ ਇਸੇ ਪਿੰਡ ਦਾ ਇੱਕ ਹੋਰ ਪ੍ਰੇਮੀ ਸ. ਭੋਲਾ ਸਿੰਘ ਸੀ। ਇਸ ਦਾ ਲੜਕਾ ਬਚਿਤ੍ਰ ਸਿੰਘ ਅਸਾਧ ਰੋਗ ਨਾਲ ਗ੍ਰਸਿਆ ਬੜਾ ਦੁਖੀ ਰਹਿੰਦਾ ਸੀ। ਬੇਅੰਤ ਇਲਾਜ ਕਰਵਾਏ। ਅਰਾਮ ਨਾ ਆਇਆ ਤਾਂ ਸੰਤ ਜੀ ਮਹਾਰਾਜ ਦੇ ਪਾਸ ਬੇਨਤੀ ਕੀਤੀ। ਹਜ਼ੂਰ ਕਹਿਣ ਲੱਗੇ, "ਅਸਾਧ ਰੋਗ ਤਾਂ ਭਜਨ ਪਾਠ ਤੇ ਦਾਨ ਪੁੰਨ ਨਾਲ ਹੀ ਮਿਟਦਾ ਹੈ। ਤੁਸੀਂ ਇਸ ਦੀ ਦੇਹ ਅਰੋਗਤਾ ਲਈ ਵਿਧੀ ਪੂਰਬਕ ਮੋਨ ਦਾ ਪਾਠ ਕਰਵਾ ਕੇ ਸੰਗਤ ਦੀ ਹੱਥੀਂ ਸੇਵਾ ਕਰੋ। ਠੀਕ ਹੋ ਜਾਵੇਗਾ। ਉਨ੍ਹਾਂ ਨੇ ਸੰਤਾਂ ਦਾ ਬਚਨ ਮੰਨ ਕੇ ਇਸੇ ਤਰ੍ਹਾਂ ਹੀ ਕੀਤਾ। ਪਹਿਲਾਂ ਮੋਨ ਦਾ ਪਾਠ ਤਾਂ ਗੁਰਦੁਆਰੇ ਕਰਮਸਰ ਕਰਵਾਇਆ। ਫੇਰ ਜਦੋਂ ਇਹ ਬਿਲਕੁਲ ਠੀਕ ਹੋ ਗਿਆ ਤਾਂ ਘਰ ਵਿੱਚ ਅਖੰਡ ਪਾਠ ਕਰਵਾ ਕੇ ਹਜ਼ੂਰ ਦੇ ਚਰਨ ਪਵਾਏ। ਇਸੇ ਤਰ੍ਹਾਂ ਸ. ਸ਼ੇਰ ਸਿੰਘ ਦੇ ਘਰ ਵੀ ਅਖੰਡ ਪਾਠ ਹੋਇਆ।

ਇਸੇ ਨਗਰ ਦਾ ਇੱਕ ਵੱਡੀ ਉਮਰ ਵਾਲਾ ਰਲਾ ਸਿੰਘ ਨਾਮ ਦਾ ਪ੍ਰੇਮੀ ਸੀ ਜਿਸ ਨੂੰ ਕਾਫ਼ੀ ਚਿਰ ਤੋਂ ਮਿਰਗੀ ਦਾ ਦੌਰਾ ਪੈਂਦਾ ਸੀ, ਜਿਸ ਤੋਂ ਘਰ ਵਾਲੇ ਵੀ ਬੜੇ ਤੰਗ ਆ ਚੁੱਕੇ ਸਨ। ਉਨ੍ਹਾਂ ੧੯੪੦ ਈ. ਦੇ ਕਰੀਬ ਸੰਤਾਂ ਪਾਸ ਬੇਨਤੀ ਕੀਤੀ ਤਾਂ ਹਜ਼ੂਰ ਦੀ ਉਸ ਉੱਪਰ ਵੀ ਕ੍ਰਿਪਾ ਹੋ ਗਈ। ਫੇਰ ਉਸ ਦਾ ਲੜਕਾ ਪ੍ਰੀਤਮ ਸਿੰਘ ਜੋ ਸੰਤਾਂ ਦੇ ਬਚਨਾਂ ਨਾਲ ਹੀ ਪੈਦਾ ਹੋਇਆ ਸੀ, ਉਸ ਦੇ ਘਰ ਕਈ ਸਾਲ ਬੱਚਾ ਨਾ ਹੋਇਆ। ਸਬੰਧੀ ਰਿਸ਼ਤੇਦਾਰ ਤੇ ਘਰ ਵਾਲੇ ਹੋਰ ਥਾਂ ਵਿਆਹੁਣਾ ਚਾਹੁੰਦੇ ਸਨ। ਬੀਬੀ ਨੂੰ ਪਤਾ ਲੱਗਾ ਇਹ ਆਪਣੇ ਮਾਪਿਆਂ ਨੂੰ ਲੈ ਕੇ ਸੰਤਾਂ ਪਾਸ ਰੋਈ। ਉਸ ਦੇ ਸਹੁਰੇ ਕਨੇਚ ਵਾਲਿਆਂ ਨੇ (ਜੋ ਹਜ਼ੂਰ ਦੇ ਸ਼ਰਧਾਲੂ ਸਨ) ਬੇਨਤੀਆਂ ਕੀਤੀਆਂ। ਸੰਤ ਜੀ ਮਹਾਰਾਜ ਤਰੁਠੇ। ਕਿਹਾ, "ਇੱਕ ਸਾਲ ਹੋਰ ਠਹਿਰੋ ਇਸੇ ਦੇ ਘਰ ਹੀ ਪ੍ਰਮੇਸ਼ਰ ਰੰਗ ਭਾਗ ਲਾਵੇਗਾ।" ਉਸ ਦੇ ਘਰ ਸੰਤ ਜੀ ਦੇ ਬਚਨਾਂ ਨਾਲ ਦੋ ਲੜਕੇ ਤਿੰਨ ਲੜਕੀਆਂ ਹੋਈਆਂ।

ਇਸੇ ਤਰ੍ਹਾਂ ਸ. ਟਹਿਲ ਸਿੰਘ ਦੇ ਘਰ, ਜੋ ਸੰਤਾਂ ਦਾ ਅਤਿਅੰਤ ਪ੍ਰੇਮੀ ਹੈ (ਇਹ ਤੇ ਸ. ਹਜ਼ੂਰਾ ਸਿੰਘ ਹਰ ਇੱਕ ਜੋੜ ਮੇਲੇ ਨੂੰ ਕਰਮਸਰ ਪੁੱਜਦੇ) ਇਸ ਦੇ ਘਰ ਸੰਤਾਂ ਸਿੰਘ ਦਾ ਜਨਮ ਹੋਇਆ। ਉਹ ਵੀ ਬੜਾ ਸ਼ਰਧਾ ਭਾਵਨਾ ਵਾਲਾ ਗੁਰਮੁਖ ਸਿੱਖ ਸੀ। ਇਸ ਸੰਤਾਂ ਸਿੰਘ ਦੇ ਘਰ ਪਹਿਲਾਂ ਕੋਈ ਬੱਚਾ ਨਹੀਂ ਸੀ ਬਚਦਾ। ਕਈ ਹੋਏ, ਪਰ ਛੇਤੀ ਹੀ ਮਰ ਜਾਂਦੇ ਸਨ। ਇਨ੍ਹਾਂ ਨੇ ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕੀਤੀ। ਮਹਾਂਪੁਰਸ਼ਾਂ ਨੇ ਕ੍ਰਿਪਾ ਕਰੀ ਤਾਂ ਫੇਰ ਜਿਸ ਕਾਕੇ ਦਾ ਜਨਮ ਹੋਇਆ, ਉਸ ਦਾ ਨਾਮ ਭੀ ਸੰਤ ਜੀ ਮਹਾਰਾਜ ਨੇ ਜੀਵਨ ਸਿੰਘ ਰੱਖਿਆ।

ਸ. ਟਹਿਲ ਸਿੰਘ ਦੇ ਤਾਇਆ ਨੰਦ ਸਿੰਘ ਤੇ ਤਾਈ ਰਾਮ ਕੌਰ ਜ੍ਰਿਨਾਂ ਦੇ ਘਰ ਅੱਗੇ ਕੋਈ ਬੱਚੀ ਬੱਚਾ ਨਹੀਂ ਸੀ, ਇਹ ਅਵਗਤ ਮਰੇ। ਪ੍ਰੇਤ ਜ਼ੂਨੀ ਨੂੰ ਪ੍ਰਾਪਤ ਹੋਏ। ਸਾਰੀ ਜਾਇਦਾਦ ਹੱਥੀ ਹੋਣ ਕਰ ਕੇ ਟਹਿਲ ਸਿੰਘ ਨੂੰ ਮਿਲੀ। ਉਨ੍ਹਾਂ ਨੇ ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ। ਗ਼ਰੀਬ ਨਿਵਾਜ਼ ਨੇ ਉਨ੍ਹਾਂ ਦੀ ਕਲਿਆਣ ਨਮਿਤ ਵਿੱਧੀ ਪੂਰਬਕ ਮੋਨ ਦਾ ਪਾਠ ਕਰਵਾ ਕੇ ਗਤੀ ਕਰ ਦਿੱਤੀ।

ਦੋ ਅਖੰਡ ਪਾਠ ਭਾਈ ਮੋਤਾ ਸਿੰਘ ਨੇ ਆਪਣੇ ਘਰ ਹਜ਼ੂਰ ਦੇ ਚਰਨ ਪਵਾ ਕੇ ਨਾਲ ਦੇ ਸਾਥੀ ਜਥੇ ਤੋਂ ਕਰਵਾਏ। ਸੰਤ ਮਹਾਰਾਜ ਦਾ ਪਰਮ ਪ੍ਰੀਤਵਾਨ ਅਰਜਨ ਸਿੰਘ ਦਰਜੀ ਜੋ ਹਰੇਕ ਸਾਲ ਕਾਫ਼ੀ ਸਮਾਂ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਰਹਿ ਕੇ ਹਜ਼ੂਰ ਦੇ ਬਸਤਰ ਸਿਊਣ ਦੀ ਭਾਵਨਾ ਨਾਲ ਨਿਰੋਲ ਸੇਵਾ ਕਰਦਾ ਹੈ। ਜਦੋਂ ਇਸ ਦੇ ਪਿਤਾ ਸ. ਇੰਦਰ ਸਿੰਘ ਚੜ੍ਹਾਈ ਕਰ ਗਿਆ ਤਾਂ ਪਿਛਲੇ ਸੰਸਕਾਰਾਂ ਅਨੁਸਾਰ ਇਹ ਪ੍ਰੇਤ ਜੂਨੀ ਨੂੰ ਪ੍ਰਾਪਤ ਹੋਇਆ। ਘਰ ਦੇ ਉਦਾਲੇ ਹੀ ਕਈ ਸਾਲ ਭਟਕਦਾ ਰਿਹਾ। ਕਈਆਂ ਨੂੰ ਪ੍ਰਤੱਖ ਦਿਸਿਆ, ਘਰ ਦਾ ਕਾਫ਼ੀ ਨੁਕਸਾਨ ਵੀ ਕੀਤਾ। ਏਸੇ ਦੌਰਾਨ ਅਰਜਨ ਸਿੰਘ ਦੇ ਥੋੜ੍ਹੇ ਥੋੜ੍ਹੇ ਦਿਨਾਂ ਦੇ ਹੋ ਕੇ ਕਈ ਬੱਚੇ ਵੀ ਮਰੇ। ਹੋਰ ਡੰਗਰ ਪਸ਼ੂ ਤੇ ਪਦਾਰਥ ਦਾ ਨੁਕਸਾਨ ਹੋਇਆ। ਭੂਤ ਵਿੱਦਿਆ ਦੇ ਜਾਣੂ ਲੋਕਾਂ ਤੋਂ ਬੜੇ ਜਾਦੂ ਟੂਣੇ ਕਰਵਾਏ। ਘਰ ਕੀਲਿਆ ਪਰ ਇਹ ਰੂਹ ਉਸੇ ਤਰ੍ਹਾਂ ਭਟਕਦੀ ਰਹੀ। ਏਹੋ ਜੇਹੀ ਮੰਗ ਸੰਤ ਜੀ ਮਹਾਰਾਜ ਤੋਂ ਮੰਗਣੀ ਇਨ੍ਹਾਂ ਨੇ ਪੰਸਦ ਨਾ ਕੀਤੀ। ਅਖ਼ੀਰ ਨੂੰ ਉਸੇ ਨੇ ਇਨ੍ਹਾਂ ਨੂੰ ਪ੍ਰਤੱਖ ਦਿਖਾਈ ਦੇ ਕੇ ਆਖਿਆ, "ਮੈਂ ਬੜਾ ਦੁਖੀ ਹਾਂ। ਤੁਸੀਂ ਮੇਰੀ ਕਲਿਆਣ ਵਾਸਤੇ ਸੰਤ ਜੀ ਮਹਾਰਾਜ ਨੂੰ ਅਰਜ਼ ਕਰੋ। ਉਹ ਕ੍ਰਿਪਾ ਕਰਣਗੇ।" ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕੀਤੀ ਤਾਂ ਆਪ ਜੀ ਨੇ ਇਨ੍ਹਾਂ ਪਾਸੋਂ ਵਿਧੀ ਪੂਰਬਕ ੧੯੪੫ ਈ. ਵਿੱਚ ਮੋਨ ਦਾ ਅਖੰਡ ਪਾਠ ਕਰਵਾ ਕੇ ਇਸ ਦੀ ਆਤਮਾ ਨੂੰ ਪ੍ਰੇਤ ਜੂਨੀ ਤੋਂ ਛੁਡਾਇਆ। ਫੇਰ ਸੰਤਾਂ ਦੀ ਕ੍ਰਿਪਾ ਨਾਲ ੧੯੪੫ ਈ. ਮਾਘ ਦੀ ਸੰਗਰਾਂਦ ਨੂੰ ਕਾਕੇ ਸਤਵੰਤ ਸਿੰਘ ਦਾ ਜਨਮ ਹੋਇਆ।

ਸੁਹਾਵਣੀ ਰੱਖੜੀ

ਉਦਾਲੇ ਦੇ ਪਿੰਡਾਂ ਵਿੱਚ ਨਾਮ ਅੰਮ੍ਰਿਤ ਦੀ ਵਰਖਾ ਸਮੇਂ ਆਪ ਜੀ ਨੇ ਰਾਤ ਨੂੰ ਹਮੇਸ਼ਾਂ ਤਿੰਨ ਘੰਟੇ ਕੀਰਤਨ ਕਰਨਾ। ਸਵੇਰੇ ਆਸਾ ਜੀ ਦੀ ਵਾਰ ਉਪਰੰਤ ਪ੍ਰੇਮੀਆਂ ਦੇ ਘਰ ਰਖੇ ਹੋਏ ਅਖੰਡ ਪਾਠ ਦੀ ਸਮਾਪਤੀ, ਬਾਅਦ ਵਿੱਚ

ਸ਼ਰਧਾਲੂ ਸੱਜਣਾਂ ਦੀ ਪ੍ਰੇਮ ਪੂਰਤੀ ਲਈ ਘਰਾਂ ਵਿੱਚ ਚਰਨ ਪਾਉਣੇ।

੧੯੫੫ ਅਗਸਤ ਮਹੀਨੇ ਪੌਹੀੜ ਪਿੰਡ ਵਿੱਚ ਹਜ਼ੂਰ ਗਏ ਤੇ ਦੋ ਦਿਨ ਨਾਮ ਅੰਮ੍ਰਿਤ ਦੀ ਵਰਖਾ ਹੋਈ। ਤੀਸਰੇ ਦਿਨ ਪ੍ਰੇਮੀਆਂ ਦੇ ਘਰੀਂ ਚਰਨ ਪਾਏ। ਅਜ ਸਾਵਣ ਮਹੀਨੇ ਦੀ ਪੂਰਨਮਾਸ਼ੀ ਦਾ ਦਿਨ ਹੈ ਜਿਸ ਨੂੰ ਰੱਖੜੀ ਪੁੰਨਿਆਂ ਵੀ ਆਖਦੇ ਹਨ। ਇਸ ਦਿਨ ਭੈਣਾਂ ਆਪਣੇ ਸੋਹਣੇ ਵੀਰ ਦੇ ਗੁੱਟ ਤੇ ਰੱਖੜੀ ਬੰਨ੍ਹ ਕੇ ਪ੍ਰਸੰਨ ਹੁੰਦੀਆਂ ਹਨ ਅਤੇ ਬ੍ਰਾਹਮਣ ਜਜਮਾਨ ਦੀ ਬਾਂਹ ਤੇ ਰੱਖੜੀ ਬੰਨ੍ਹ ਕੇ ਦਖਸ਼ਣਾ ਲੈਂਦਾ ਹੈ। ਇਹ ਰੱਖੜੀ (ਜੋ ਜਿੱਤ ਤੇ ਨਿਸ਼ਾਨੀ ਮੰਨੀ ਜਾਂਦੀ ਹੈ) ਕਿਸੇ ਸਮੇਂ ਦੈਂਤਾਂ ਨਾਲ ਜੰਗ ਕਰਨ ਜਾਂਦਿਆਂ ਇੰਦ੍ਰਾਣੀ ਨੇ ਆਪਣੇ ਪਤੀ ਦੇਵਤਿਆਂ ਦੇ ਰਾਜੇ ਇੰਦਰ ਦੇ ਗੁੱਟ ਤੇ ਬੰਨ੍ਹੀ ਸੀ ਜਿਸ ਕਰ ਕੇ ਉਸ ਨੇ ਦੈਂਤਾਂ ਤੋਂ ਜਿੱਤ ਪ੍ਰਾਪਤ ਕੀਤੀ।

ਪਿੰਡਾਂ ਦੀਆਂ ਕੁੜੀਆਂ ਕਈ ਕਈ ਦਿਨ ਪਹਿਲਾਂ ਹੀ ਇਸ ਸੁਹਾਵਣੇ ਦਿਨ ਦੀ ਉਡੀਕ ਵਿੱਚ ਲੱਗੀਆਂ ਲੋਗੜੀ ਅਤੇ ਪਸ਼ਮ ਦੇ ਰੰਗ ਬਰੰਗੇ ਫੁੱਲਾਂ ਨਾਲ ਗੁੰਦ ਕੇ ਸੱਧਰਾਂ ਦੀ ਰੱਖੜੀ ਤਿਆਰ ਕਰਦੀਆਂ ਹਨ। ਅੱਜ ਵੀ ਹੋਰ ਕੁੜੀਆਂ ਨੂੰ ਦੇਖ ਕੇ ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ ਸ. ਮੇਹਰ ਸਿੰਘ ਦਰਜੀ ਦੀ ਛੋਟੀ ਬੱਚੀ ਬੀਬੀ ਗੁਰਸਰਨ ਕੌਰ ਨੇ ਵੀ (ਜਿਸ ਨੂੰ ਸਾਰੇ ਲਾਡ ਨਾਲ ਗੁੱਡੀ ਕਹਿ ਕੇ ਬੁਲਾਉਂਦੇ ਸਨ) ਰੱਖੜੀ ਬਣਾਈ, ਜਿਸ ਦੀ ਉਮਰ ਉਸ ਸਮੇਂ ੭-੮ ਸਾਲ ਦੀ ਸੀ। ਇਸ ਦਾ ਕੋਈ ਭਰਾ ਤਾਂ ਹੈ ਨਹੀਂ ਸੀ। ਕੇਵਲ ਤਿੰਨੇ ਭੈਣਾਂ ਹੀ ਸਨ। ਇੱਕ ਇਸ ਤੋਂ ਵੱਡੀ ਤੇ ਇੱਕ ਇਸ ਤੋਂ ਛੋਟੀ ਸੀ। ਆਂਢ ਗੁਆਂਢ ਦੀਆਂ ਕੁੜੀਆਂ ਕਹਿਣ, "ਕੁੜੇ! ਤੂੰ ਇਹ ਕੀ ਕਰੇਂਗੀ? ਕੀਹਦੇ ਬੰਨ੍ਹੇਗੀ? ਸਾਡੇ ਤਾਂ ਵੀਰ ਹਨ। ਅਸੀਂ ਤਾਂ ਉਨ੍ਹਾਂ ਨੂੰ ਬੰਨ੍ਹਾਂਗੀਆਂ। ਇਹ ਸਿੱਧਰੀ ਐਵੇਂ ਬਣਾਈ ਜਾਂਦੀ ਹੈ। ਇਸ ਦਾ ਭਰਾ ਤਾਂ ਕੋਈ ਹੈ ਨਹੀਂ। ਇਹ ਇਸ ਨੂੰ ਕੀ ਕਰੇਗੀ?" ਭਾਵੇਂ ਉਸ ਸਮੇਂ ਇਸ ਬੱਚੀ ਦੀ ਉਮਰ ਬਹੁਤ ਛੋਟੀ ਸੀ ਪਰ ਅੱਜ ਤੱਕ ਇਸ ਦੇ ਅੰਦਰ ਇਹ ਖ਼ਿਆਲ ਕਦੇ ਵੀ ਨਹੀਂ ਸੀ ਫੁਰਿਆ ਕਿ ਇਹ ਭਰਾਵਾਂ ਵਾਲੀਆਂ ਹਨ ਤੇ ਮੇਰਾ ਕੋਈ ਵੀਰ ਨਹੀਂ ਹੈ। ਪਰ ਅੱਜ ਕੁੜੀਆਂ ਦੇ ਰੱਖੜੀ ਬਨਾਉਣ ਤੋਂ ਰੋਕਣ ਸਮੇਂ ਇਸ ਬੱਚੀ ਦੀਆਂ ਅੱਖਾਂ ਹੰਝੂਆਂ ਨਾਲ ਤ੍ਰੁਪ ਤ੍ਰੁਪ ਚੋਣ ਲੱਗੀਆਂ। ਏਧਰੋਂ ਸੰਤ ਜੀ ਮਹਾਰਾਜ ਇਨ੍ਹਾਂ ਦੇ ਘਰ ਬੈਠੇ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਮੱਥਾ ਟੇਕਣ ਵਾਲੇ ਹੋਰ ਵੀ ਨਗਰ ਨਿਵਾਸੀ ਸ਼ਰਧਾਲੂ ਪ੍ਰੇਮੀਆਂ ਦਾ ਕਾਫ਼ੀ ਇਕੱਠ ਸੀ। ਇਸ ਖੁਸ਼ੀਆਂ ਭਰੇ ਸਮਾਗਮ ਸਮੇਂ ਕੁੜੀ ਹੱਥ ਵਿੱਚ ਰੱਖੜੀ ਲੈ ਕੇ ਆਪਣੇ ਘਰ ਦੇ ਬੂਹੇ ਤੋਂ ਬਾਹਰ ਖੜੀ ਰੋ ਰਹੀ ਸੀ। ਰੋਂਦਿਆਂ ਦੇ ਹਾਸੇ, ਰੁੜ੍ਹਦਿਆ ਦਾ ਬੰਨਾ, ਡੁਲ੍ਹਦਿਆਂ ਦਾ ਥੰਮਾਂ, ਨਿਰਾਸਿਆਂ ਦਾ ਆਸਰਾ, ਯਤੀਮਾਂ ਦੇ ਰੱਖਿਅਕ ਜਦੋਂ ਹਜ਼ੂਰ ਕੁਰਸੀ ਤੋਂ ਉੱਠ ਕੇ ਬਾਹਰ ਜਾਣ ਲਈ ਘਰ ਦੇ ਬੂਹੇ ਅੱਗੇ ਆਏ, ਤਾਂ ਅਚਾਨਕ ਹੀ ਇਸ ਅਨਭੋਲ ਬੱਚੀ ਦੇ ਹੰਝੂ ਤੱਕ ਕੇ ਪੁੱਛਿਆ, "ਬੀਬਾ! ਕੀ ਗੱਲ ਹੈ ਤੂੰ ਅੱਜ ਰੋਂਦੀ ਕਿਉਂ ਹੈ? ਇਹ ਹੱਥ ਵਿੱਚ ਰੱਖੜੀ ਫੜੀ ਹੈ। ਤੂੰ ਕਿਸ ਨੂੰ ਬੰਨ੍ਹਣੀ ਹੈ?" ਇਹ ਪਿਆਰ ਭਰੇ ਬਚਨ ਸੁਣ ਕੇ ਕੁੜੀ ਦੀ ਧਾਹ ਨਿੱਕਲ ਗਈ। ਕੰਠ ਰੁਕ ਗਿਆ। ਡਸਕੋਰੇ ਲੈ ਕੇ ਰੋਣ ਲੱਗੀ। ਅੰਤਰਯਾਮੀ ਦਾਤੇ ਨੇ ਸਿਰ ਤੇ ਹੱਥ ਰੱਖਿਆ। ਧੀਰਜ ਨਾਲ ਪੁੱਛਿਆ, "ਬੀਬਾ! ਦੱਸ ਤੈਨੂੰ ਕਿਸ ਨੇ ਮਾਰਿਆ ਹੈ? ਰੋਂਦੀ ਕਿਉਂ ਹੈ?" ਉਸ ਨੇ ਧੀਮੀ ਅਵਾਜ਼ ਨਾਲ ਕਿਹਾ, "ਮਹਾਰਾਜ! ਕੁੜੀਆਂ ਮੈਨੂੰ ਮੇਹਣੇ ਮਾਰਦੀਆਂ ਹਨ ਕਿ ਇਹ ਸਾਡੀ ਰੀਸੇ ਰੱਖੜੀ ਤਾਂ ਬਣਾਈ ਜਾਂਦੀ ਹੈ ਪਰ ਇਸ ਦਾ ਤਾਂ ਕੋਈ ਵੀਰ ਨਹੀਂ। ਇਹ ਕਿਸ ਦੇ ਬੰਨ੍ਹੇਗੀ। ਸਾਡਾ ਚਾਚਾ ਤੇਜਾ ਸਿੰਘ ਤੁਹਾਡੇ ਕੋਲ ਰਹਿੰਦਾ ਹੈ। ਉਹਦੇ ਬਦਲੇ ਤੁਸੀਂ ਸਾਨੂੰ ਇੱਕ ਵੀਰ ਦੇ ਦਿਓ।" ਮਸਾਂ ਹੀ ਇਤਨੀ ਗੱਲ ਗਲੇ ਤੋਂ ਬਾਹਰ ਆਈ ਤੇ ਕੁੜੀ ਫੇਰ ਫੁੱਟ ਫੁੱਟ ਕੇ ਰੋਣ ਲੱਗੀ। ਸੰਤ ਜੀ ਸ. ਮੇਹਰ ਸਿੰਘ ਦੇ ਪ੍ਰਵਾਰ ਤੇ ਰੀਝ ਕੇ ਮੇਹਰਾਂ ਦੇ ਘਰ ਵਿੱਚ ਆਏ। ਸਿਰ ਤੇ ਹੱਥ ਰੱਖ ਕੇ ਕਿਹਾ, "ਬੀਬਾ! ਰੋ ਨਾ। ਅਗਲੇ ਸਾਲ ਦੀ ਰੱਖੜੀ ਬਨ੍ਹਾਉਣ ਵਾਸਤੇ ਤੇਰਾ ਵੀ ਵੀਰ ਆ ਜਾਵੇਗਾ।" ਇਉਂ ਹਜ਼ੂਰ ਸੁਤੇ ਹੀ ਵਰ ਦਾ ਬਚਨ ਕਰ ਕੇ ਅਗਲੇ ਘਰ ਚਲੇ ਗਏ।

ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਸ. ਮੇਹਰ ਸਿੰਘ ਦੇ ਘਰ ਲੜਕੇ ਦਾ ਜਨਮ ਹੋਇਆ। ਇਨ੍ਹਾਂ ਦੇ ਘਰ ਵਿੱਚ ਅਖੰਡ ਪਾਠ ਕਰਵਾ ਕੇ ਹਜ਼ੂਰ ਦੀ ਪਾਵਨ ਰਸਨਾ ਤੋਂ ਜਸਵੀਰ ਸਿੰਘ ਨਾਮ ਰਖਵਾਇਆ।

ਘੋੜੀ ਦੀ ਅਰਦਾਸ

ਸਭ ਤੋਂ ਪਹਿਲਾਂ ਇੱਕ ਲਾਲ ਰੰਗ ਦੀ ਘੋੜੀ ਘਣਗਸਾਂ ਪਿੰਡ ਦੇ ਚਾਨਣ ਰਾਮ ਪਾਧੇ ਨੇ ਆਪਣੇ ਲੜਕੇ ਸਤਪਾਲ ਦੇ ਵਿਆਹ ਸਮੇਂ ਹਜ਼ੂਰ ਨੂੰ ਅਰਦਾਸ ਕਰਵਾਈ। ਜਗੇੜੇ ਪਿੰਡ ਦਾ ਸ. ਬਲਵੰਤ ਸਿੰਘ (ਜੋ ਮਿੰਟਗੁਮਰੀ ਦੇ ਜ਼ਿਲੇ ਵਿੱਚ ਰਹਿੰਦਾ ਸੀ) ਆਪਣੀ ਭੈਣ ਦਲੀਪ ਕੌਰ ਦੇ ਅਨੰਦ ਕਾਰਜ ਸਮੇਂ ਸੰਤ ਜੀ ਨੂੰ ਸਮੇਤ ਜਥੇ ਦੇ ਮਿੰਟਗੁਮਰੀ ਜ਼ਿਲੇ ਦੇ ਚੱਕ ਨੰ: ੨/੧੨ ਰੀਨਾਲਾ ਖੁਰਦ ਤਹਿਸੀਲ ਉਕਾੜਾ (ਜਿੱਥੇ ਇਸ ਦੇ ਮੁਰਬੇ ਸਨ) ਵਿੱਚ ਬੇਨਤੀ ਕਰ ਕੇ ਲੈ ਗਿਆ ਸੀ। ਆਪ ਜੀ ਏਥੇ ੭ ਦਿਨ ਠਹਿਰੇ। ਏਥੋਂ ੩ ਮੀਲਾਂ ਤੇ ਮੋਹੀ ਵਾਲੇ ਸੰਤ ਨਰਿੰਜਨ ਸਿੰਘ ਜੀ ਦਾ ਅਜਤੀਸਰ ਅਸਥਾਨ ਸੀ। ਪ੍ਰੇਮੀਆਂ ਦੀ ਬੇਨਤੀ ਮੰਨ ਕੇ ਆਪ ਜੀ ਜਥੇ ਸਮੇਤ ਉੱਥੇ ਵੀ ਗਏ। ਸੰਤ ਨਰਿੰਜਨ ਸਿੰਘ ਜੀ ਨੇ ਅਗਾਊਂ ਆ ਕੇ ਕਾਫ਼ੀ ਆਦਰ ਸਤਿਕਾਰ ਕੀਤਾ। ਗਿਆਨ ਚਰਚਾ ਹੋਈ, ਮਾਇਆ ਤੇ ਬਸਤ੍ਰਾਂ ਸਮੇਤ ਮਿਸ਼ਰੀ ਤੇ ਬਦਾਮਾਂ ਦਾ ਪ੍ਰਸ਼ਾਦ ਭੇਟਾ

ਕੀਤਾ ਪਰ ਹਜ਼ੂਰ ਨੇ ਕੇਵਲ ਪ੍ਰਸ਼ਾਦ ਹੀ ਅੰਗੀਕਾਰ ਕੀਤਾ।

ਸ. ਵਰਿਆਮ ਸਿੰਘ ਨੇ ਦਲੀਪ ਕੌਰ ਦੀ ਸ਼ਾਦੀ ਸਮੇਂ ਇੱਕ ਬੜੀ ਸੁੰਦਰ ਘੋੜੀ ਬੀਬੀ ਨੂੰ ਦਾਜ ਵਿੱਚ ਦਿੱਤੀ। ਉਸ ਦੇ ਸਹੁਰੇ ਸ. ਗੁਰਬਖਸ਼ ਸਿੰਘ ਨੇ ਕਿਹਾ, "ਮੇਰੇ ਪਾਸ ਚਾਰ ਘੋੜੀਆਂ ਪਹਿਲਾਂ ਹਨ। ਮੈਨੂੰ ਲੋੜ ਨਹੀਂ, ਤੁਸੀਂ ਇਹ ਸੰਤ ਜੀ ਮਹਾਰਾਜ ਦੀ ਭੇਟਾ ਕਰ ਦੇਵੋ।" ਸ. ਬਲਵੰਤ ਸਿੰਘ ਨੇ ਉਹ ਘੋੜੀ ਕਰਮਸਰ ਆ ਕੇ ਸੰਤ ਮਹਾਰਾਜ ਦੀ ਭੇਟਾ ਕਰ ਦਿੱਤੀ। ਘੋੜੀ ਸੂਣ ਵਾਲੀ ਸੀ ਸੁੰਦਰ ਵਛੇਰਾ ਦਿੱਤਾ। ਘੋੜੀ ਤਾਂ ੧੩ ਦਿਨਾਂ ਬਾਅਦ ਮ੍ਰਿਤੂ ਹੋ ਗਈ ਅਤੇ ਉਸ ਬੱਚੇ ਦੀ ਬੜੇ ਪ੍ਰੇਮ ਨਾਲ ਰਾੜੇ ਪਿੰਡ ਦੇ ਗੁਜਰਾਂ ਤੋਂ ਭਾਈ ਨਰਿੰਜਨ ਸਿੰਘ ਨੇ ਬੱਕਰੀ ਦਾ ਦੁੱਧ ਪਿਲਾ ਕੇ ਪਾਲਣਾ ਕੀਤੀ। ਇਹ ਛੋਟਾ ਹੁੰਦਾ ਹਰਨੌਟੇ ਵਾਂਗ ਬੜਾ ਸੁੰਦਰ ਸੀ। ਹਰ ਇੱਕ ਨੂੰ ਪਿਆਰਾ ਲੱਗਦਾ ਹਰ ਇੱਕ ਦੇਖਣ ਵਾਲੇ ਦਾ ਮਨ ਮੋਹ ਲੈਂਦਾ। ਇਸ ਕਰ ਕੇ ਹਜ਼ੂਰ ਨੇ ਇਸ ਦਾ ਨਾਮ ਹੀ 'ਮੋਹਨ' ਰੱਖ ਦਿੱਤਾ। ਇਸ ਨੇ ਕਈ ਸਾਲ ਅਸਵਾਰੀ ਦੀ ਸੇਵਾ ਦਿੱਤੀ। ਇਹ ਕੋਈ ਪਿਛਲੇ ਜਨਮ ਦਾ ਭਾਗਾਂ ਵਾਲਾ ਜੀਵ ਸੀ। ਇਸ ਉੱਪਰ ਸੰਤ ਜੀ ਮਹਾਰਾਜ ਦੀ ਬੜੀ ਖੁਸ਼ੀ ਸੀ। ਪ੍ਰੇਮੀਆਂ ਦੀ ਬੇਨਤੀ ਮੰਨ ਕੇ ਸੰਗਰੂਰ ਦੇ ਪਾਸ ਕਨਹੋਈ ਪਿੰਡ ਆਏ। ਏਥੇ ਇੱਕ ਅਖੰਡ ਪਾਠ ਜਥੇ ਨਾਲ ਚੇਤ ਸਿੰਘ ਦੇ ਘਰ ਕੀਤਾ। ਫੇਰ ਦੋ ਦੀਵਾਨ ਗੱਜਨ ਸਿੰਘ ਦੀ ਖੇੜੀ ਕਰੇ।

ਕੌੜ੍ਹੀਆਂ ਨਗਰ ਤੇ ਕ੍ਰਿਪਾ

ਏਸੇ ਸਮੇਂ ਪਹਿਲੀ ਵਾਰੀ ਸੰਗਰੂਰ ਗੁਰਦੁਆਰੇ ਸਾਹਿਬ ਵੀ ਦੋ ਕੀਰਤਨ ਕੀਤੇ। ਬਹੁਤ ਸਾਰੇ ਪ੍ਰੇਮੀ ਸ਼ਰਧਾਲੂ ਬਣੇ। ਇਸ ਤੋਂ ਅੱਗੇ ਗੱਡੀ ਵਿੱਚ ਬੈਠ ਕੇ ਲਹਿਰੇ ਦੇ ਸਟੇਸ਼ਨ ਉੱਤਰੇ ਜਿੱਥੇ ਕਿ ਆਪ ਜੀ ਵਾਸਤੇ ਸਵਾਰੀਆਂ ਦਾ ਇੰਤਜ਼ਾਮ ਸੀ। ਜਥੇ ਸਮੇਤ ਕੌਰੀਆਂ ਨਗਰ ਪੁੱਜੇ। ਗੁਰਦੁਆਰੇ ਸਾਹਿਬ ਰਿਹਾਇਸ਼ ਰੱਖੀ। ਅਖੰਡ ਪਾਠ ਵੀ ਕੀਤਾ। ਤਿੰਨ ਦੀਵਾਨ ਸਜੇ। ਏਥੋਂ ਦੇ ਹੌਲਦਾਰ ਵਜੀਰ ਸਿੰਘ ਤੇ ਹੋਰ ਬਹੁਤ ਸਾਰੇ ਪ੍ਰੇਮੀ; ਜੋ ਵੱਡੇ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਸਤਸੰਗੀ ਸਨ, ਉਨ੍ਹਾਂ ਦੀ ਹਜ਼ੂਰੀ ਵਿੱਚ ਰਹਿੰਦਿਆਂ ਆਪ ਜੀ ਦੀ ਘਾਲ ਕਮਾਈ ਤੇ ਸੇਵਾ ਤੱਕ ਕੇ ਉਸੇ ਸਮੇਂ ਤੋਂ ਹੀ ਸ਼ਰਧਾ ਰੱਖਦੇ ਸਨ। ਪਹਿਲਾਂ ਕੁਛ ਸਮਾਂ ਸੰਤ ਬਿਸ਼ਨ ਸਿੰਘ ਜੀ ਰੌਣੀ ਵਾਲੇ ਵੀ ਏਥੇ ਠਹਿਰੇ ਸਨ ਗੁਰਦੁਆਰੇ ਸਾਹਿਬ ਦੀ ਸੇਵਾ ਕਰਵਾਈ ਸੀ ਏਸ ਜਗ੍ਹਾ ਵੀ ਅੰਮ੍ਰਿਤ ਪ੍ਰਚਾਰ ਹੋਇਆ ਨਾਮ ਦੀ ਦਾਤ ਵੰਡੀ ਗਈ।

ਯਥਾ: ਸ੍ਰੀ ਬਿਸ਼ਨ ਸਿੰਘ ਜੀ ਨੇ ਦਸ ਪਾਈ ਬਾਬਿਆਂ ਦੀ ਸੰਤ ਮਹਾਰਾਜ ਕਾਜ ਸੇਵਕਾਂ ਦੇ ਸਾਰਦੇ।
ਨਾਮ ਸ੍ਰੀ ਅਤਰ ਸਿੰਘ ਅੱਤਰ ਤਰਨ ਓਥੇ ਅਤਰਮਈ ਨਾਮ ਬਾਣੀ ਅਤਰ ਜਯੋਂ ਖਿਲਾਰਦੇ।
ਕੀਤੇ ਜਾਂ ਦਿਦਾਰੇ ਗੁਰਦੁਆਰੇ ਸ੍ਰੀ ਰੇਰੂ ਸਾਹਿਬ ਦਿਨ ਸੀ ਸੁਭਾਗ ਭਾਗ ਜਾਗੇ ਗੁਨਹਿਗਾਰ ਦੇ।
ਵਰੋਸਾਏ ਬਾਬਿਆਂ ਤੋਂ ਯਾਤਰਾ ਸਫ਼ਲ ਭਈ ਦੇਖੇ ਪ੍ਰਤੱਖ ਖ਼ਾਸ ਰੂਪ ਨਿਰੰਕਾਰ ਦੇ ॥੧॥
ਇਕ ਦਿਨ ਬਾਬਿਆਂ ਨੂੰ ਕੀਤੀ ਅਰਜ਼ੋਈ ਅਸੀਂ ਬੈਠੇ ਸੀ ਬਗ਼ੀਚੀ ਵਿੱਚ ਸਮਾਂ ਭੀ ਸੁਹਾਵਣਾ।
ਸੁੰਦਰ ਵਿਸ਼ਾਲ ਤੇ ਕਮਾਲ ਦੀ ਉਸਾਰੀ ਵਾਲਾ ਗੁਰਦੁਆਰਾ ਹੋਵੇ ਸਾਡੇ ਮਨਾਂ ਦੀ ਹੈ ਭਾਵਨਾ।
ਕੀਰਤਨ ਕਰਿਆ ਕਰੋ ਨਾਮ ਦਾ ਅਭਿਆਸ ਰੱਖੋ ਆਖਿਆ ਸੀ ਬਾਬਿਆਂ ਨੇ ਨੇਮ ਨਾ ਖੁੰਝਾਵਣਾ।
ਕੋਈ ਮਹਾਂਪੁਰਸ਼ ਕਦੇ ਆਇਆ ਤੁਹਾਡੇ ਕੋਲ ਰੱਖੇਗਾ ਬੁਨਿਆਦ ਤੁਸੀਂ ਚਿਤ ਨਾ ਭੁਲਾਵਣਾ ॥੨॥
ਜਦੋਂ ਇਹ ਬਚਨ ਕੀਤਾ ਆਪ ਜੀ ਹਜ਼ੂਰੀਏ ਸੀ ਆਸ ਪਾਸ ਖ਼ਾਸ ਨਿੱਤ ਰਹਿੰਦੇ ਬਹਿੰਦੇ ਕੋਲ ਸੀ।
ਰਹਿੰਦੀ ਜਾਮ ਜਾਮਨੀ ਕਰਾਉਂਦੇ ਇਸ਼ਨਾਨ ਨਿਤ ਕਰਦੇ ਅਭਿਆਸ ਫੇਰ ਬੈਠਦੇ ਅਡੋਲ ਸੀ।
ਪੜ੍ਹਦੇ ਸ਼ਬਦ ਜਦੋਂ ਕਦੇ ਦਰਬਾਰ ਵਿੱਚ ਸੰਗਤਾਂ ਨੂੰ ਲੱਗਦੇ ਪਿਆਰੇ ਅਤੀ ਬੋਲ ਸੀ।
ਅੰਜਨ ਮੈਂ ਪਾਯਾ ਹੈ ਨਰਿੰਜਨ ਨੂੰ ਆਪ ਜੀ ਨੇ ਮਾਇਆ ਤੋਂ ਈਸ਼ਰ ਮ੍ਰਿਗੇਸ਼ ਸੀ ਨਿਰੋਲ ਸੀ ॥੩॥
ਆਉਂਦੇ ਜਾਂਦੇ ਰਹੇ ਫੇਰ ਆਪ ਜੀ ਦੇ ਪਾਸ ਦਾਸ ਕਿੰਨੇ ਸਾਲਾਂ ਬਾਅਦ ਸੋ ਸੁਵਾਲ ਦਿੱਤਾ ਕਰ ਜੀ।
ਦਿੱਤੀ ਪ੍ਰਵਾਨਗੀ ਤੇ ਕੌਹਰੀਏ ਪਹੁੰਚ ਗਏ ਪੂਰੀ ਭਈ ਸੋਈ ਜੋਨੀ ਮਨਾਂ ਦੀ ਸੀ ਮਰਜੀ।
ਕਨੋਈ ਤੋਂ ਹੋ ਕੇ ਖੇੜੀ ਫੇਰ ਸੰਗਰੂਰ ਪੁੱਜੇ ਲਾਏ ਭਾਗ ਕੌਰੀਆਂ ਨੂੰ ਹਾਥ ਮਾਥੇ ਧਰ ਜੀ।
ਨਿਰਗੁਣ ਸਰੂਪ ਛੱਡ ਕੇ ਨਿਰੰਜਨ ਹਰਿ ਧਾਰ ਅਵਤਾਰ ਪ੍ਰਤੱਖ ਭਏ ਹਰਿ ਜੀ ॥੪॥
ਜੋਤ ਸੋ ਜੁਗਤ ਸੋਈ ਜ਼ਰਾ ਭੀ ਨਾ ਭੇਦ ਕੋਈ ਪੂਰੇ ਕੀਤੇ ਵਾਕ ਸੋ ਸਬੂਤ ਦੇਵਾਂ ਹੋਰ ਕੀ।
ਹੋਇ ਮਿਹਰਵਾਨ ਅਤੀ ਕਰੁਨਾ ਨਿਧਾਨ ਫੇਰ ਲਾਏ ਸੀ ਦੀਵਾਨ ਆਨ ਖੈਂਚ ਪ੍ਰੇਮ ਡੋਰ ਕੀ।
ਪੜ੍ਹਦੇ ਸ਼ਬਦ ਜਦੋਂ ਗੂੰਜਦਾ ਗਗਨ ਘਣਾ ਪੈਂਦੀਆਂ ਗੁੰਜਾਰਾਂ ਗੂੰਜ ਜਿਮੇ ਘਨਘੋਰ ਕੀ।
ਸ਼ੋਭਤ ਸੁ ਸੰਗਤ ਜਯੋਂ ਪੰਗਤ ਮਰਾਲਨ ਕੀ ਮੁੱਖ ਦੀ ਦਮਕ ਜਯੋਂ ਚਮਕ ਸਮੇਂ ਭੌਰ ਕੀ ॥੫॥

(ਗਿਆਨੀ ਨਰਿੰਜਨ ਸਿੰਘ ਕੌਰੀਆਂ)

ਸੰਤ ਜੀ ਮਹਾਰਾਜ ਵਾਪਸ ਆਉਣ ਸਮੇਂ ਫੇਰ ਲਹਿਰੇ ਦੇ ਸਟੇਸ਼ਨ ਤੋਂ ਗੱਡੀ ਬੈਠੇ ਤੇ ਅਹਿਮਦਗੜ੍ਹ ਆ ਉੱਤਰੇ ਅਤੇ ਮੁੜ ਅਸਥਾਨ ਨੂੰ ਆ ਭਾਗ ਲਾਇਆ।

ਘਵੱਦੀ ਪਿੰਡ ਦੇ ਹਰਨਾਮ ਸਿੰਘ ਮਿਸਤ੍ਰੀ ਦੀ ਰੀੜ੍ਹ ਦੀ ਹੱਡੀ ਨੂੰ ਕੀੜਾ ਲੱਗ ਗਿਆ। ਕੁੱਝ ਸਮੇਂ ਬਾਦ ਪਿੱਠ ਦੀ ਹੱਡੀ ਟੁੱਟ ਗਈ। ਹੇਠਲਾ ਹਿੱਸਾ ਅੱਡ ਉੱਪਰਲਾ ਅੱਡ ਹੋ ਗਿਆ। ਬੜੇ ਇਲਾਜ ਕਰਵਾਏ। ਘਰ ਵਾਲੇ ਵੀ ਤੰਗ ਆ ਗਏ। ਅਖ਼ੀਰ ਨੂੰ ਡਾਕਟਰਾਂ ਨੇ ਜਵਾਬ ਦੇ ਦਿੱਤਾ। ਘਰ ਲੈ ਆਏ। ਨਾਲ ਦੇ ਪਿੰਡ ਖਾਨਪੁਰ ਸ. ਅਰਜਨ ਸਿੰਘ ਦੇ ਘਰ ਅਖੰਡ ਪਾਠ ਦੇ ਸਮੇਂ ਦਾਤੇ ਦੇ ਦੀਵਾਨ ਲੱਗੇ ਸਨ। ਇਸ ਦੇ ਘਰ ਚੌਥੀ ਸ਼ਾਦੀ ਤੋਂ ਅਮਰਜੀਤ ਸਿੰਘ ਦਾ ਜਨਮ ਹੋਇਆ ਸੀ। ਜਦੋਂ ਇਨ੍ਹਾਂ ਨੂੰ ਪਤਾ ਲੱਗਾ ਤਾਂ ਚਰਨਾਂ ਵਿੱਚ ਹਾਜ਼ਰ ਹੋ ਕੇ ਅਰਜ਼ ਕੀਤੀ ਤੇ ਮੰਗ ਵੀ ਏਹੋ ਹੀ, "ਗ਼ਰੀਬ ਨਿਵਾਜ਼! ਇਸ ਦਾ ਸਰੀਰ ਇੱਕ ਪਾਸੇ ਹੋ ਜਾਵੇ।" ਸੰਤ ਜੀ ਮਹਾਰਾਜ ਕਹਿਣ ਲੱਗੇ, "ਰੀੜ੍ਹ ਦੀ ਹੱਡੀ ਟੁੱਟ ਤਾਂ ਗਈ ਸੀ ਪਰ ਗੰਢੀ ਗਈ।

ਟੂਟੀ ਗਾਢਨਹਾਰ ਗੁਪਾਲ ॥ *(ਗਉੜੀ ਸੁਖਮਨੀ ਮਃ ੫ - ੨੮੨)*

ਟੁੱਟ ਤਾਂ ਗਈ ਸੀ ਪਰ ਜੁੜ ਗਈ। ਇਉਂ ਤਿੰਨ ਵਾਰ ਬਚਨ ਕੀਤਾ। ਸਾਧੂ ਦੀ ਰਮਜ਼ ਨੂੰ ਕੋਣ ਸਮਝੇ? ਹੁਕਮ ਹੋਇਆ ਇਸ ਨੂੰ ਗੁਰਬਾਣੀ ਦਾ ਕੀਰਤਨ ਸੁਣਾਉ। ਇਹ ਸ਼ਾਮ ਨੂੰ ਉਸ ਦਾ ਮੰਜਾ ਚੁਕ ਕੇ ਦੀਵਾਨ ਵਿੱਚ ਲੈ ਆਏ ਦੋ ਦਿਨ ਕੀਰਤਨ ਸੁਣਿਆ। ਸੰਤ ਜੀ ਮਹਾਰਾਜ ਨੇ ਵੈਰਾਗ ਦੇ ਬਚਨ ਸੁਣਾਏ ਕਿ ਇਸ ਜੀਵ ਦਾ ਗੁਰੂ ਪ੍ਰਮੇਸ਼ਰ ਤੋਂ ਬਿਨਾਂ ਲੋਕ ਪ੍ਰਲੋਕ ਵਿੱਚ ਕੋਈ ਵੀ ਰਖਿਅਕ ਨਹੀਂ।

ਮਾਤ ਪਿਤਾ ਕਾ ਪੁਤ ਭੀ ਬਣਿਆ ਇਸਤ੍ਰੀ ਕਾ ਬਣਿਆਂ ਵਰ ਕਾ।

ਭਾਈਆਂ ਕਾ ਭਾਈ ਵੀ ਬਣਿਆਂ ਨਾਇਕ ਬਣਿਆਂ ਘਰ ਕਾ।

ਮਾਲ ਮਤਾਹ ਸਭ ਕਿਛ ਬਣਿਆ ਰਾਜਾ ਬਣਿਆ ਧਰ ਕਾ।

ਅਵਰ ਬਣਾਵਨ ਸਗਲੇ ਬਿਰਥੇ ਜੋ ਇੱਕ ਨਾ ਬਣਿਆਂ ਹਰਿ ਕਾ।

ਅਤੇ ਨਾਲ ਹੀ ਪ੍ਰੇਮੇ ਕੁਸ਼ਟੀ ਦੀ ਸਾਖੀ ਸੁਣਾਈ ਜਿਸ ਨੂੰ ਸਾਰੇ ਪਾਸਿਓਂ ਨਿਰਾਸਤਾ ਹੋ ਚੁੱਕੀ ਸੀ ਅਤੇ ਗੁਰੂ ਕ੍ਰਿਪਾ ਦੁਆਰਾ ਉਹੋ ਹੀ ਦੁਨੀਆਂ ਦਾ ਰਹਿਬਰ ਬਣ ਗਿਆ।

ਇਨ੍ਹਾਂ ਬਚਨਾਂ ਨੇ ਇਸ ਦੇ ਦੁਖੀ ਮਨ ਤੇ ਬੜਾ ਗਹਿਰਾ ਅਸਰ ਕੀਤਾ ਕਿਉਂਕਿ ਇਸ ਦੇ ਵੀ ਸਾਰੇ ਆਸਰੇ ਛੁੱਟ ਚੁੱਕੇ ਸਨ ਨਾਲ ਇਹ ਸ਼ਬਦ ਵੀ ਪੜ੍ਹਿਆ:

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥ *(ਸਿਰੀਰਾਗੁ ਮਃ ੫ - ੭੦)*

ਹਜ਼ੂਰ ਦੀ ਮੇਹਰਾਂ ਭਰੀ ਦ੍ਰਿਸ਼ਟੀ ਪੈ ਗਈ। ਤੀਸਰੇ ਦਿਨ ਵਾਪਸ ਘਰ ਲੈ ਆਏ। ਮੰਜੇ ਤੇ ਪਿਆ ਦੱਸੇ ਹੋਏ ਸ਼ਬਦ ਦਾ ਜਾਪ ਕਰ ਰਿਹਾ ਹੈ। ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਤੋਂ ਬਾਅਦ ੨੧ ਵੇਂ ਦਿਨ ਲੰਮੇ ਪਿਆ ਇਸ ਦੀ ਆਪਣੇ ਆਪ ਹੀ ਪਿੱਠ ਦੀ ਟੁੱਟੀ ਹੋਈ ਹੱਡੀ ਜੁੜ ਗਈ। ਪਹਿਲਾਂ ਪੈਰ ਦਾ ਅੰਗੂਠਾ ਹਿਲਿਆ, ਫੇਰ ਸਾਰਾ ਪੈਰ। ਅਖ਼ੀਰ ਨੂੰ ਆਪਣੇ ਆਪ ਲੱਤ ਇਕੱਠੀ ਕਰ ਲਈ। ਇਸੇ ਤਰ੍ਹਾਂ ਦੂਸਰੀ ਲੱਤ ਵੀ ਇਕੱਠੀ ਹੋ ਗਈ। ਟੱਟੀ ਪਿਸ਼ਾਬ ਵੀ ਖੁੱਲ੍ਹ ਗਿਆ। ਅੱਜ ਹੋਰ, ਕੱਲ੍ਹ ਹੋਰ, ਅਖ਼ੀਰ ਨੂੰ ਕੰਧ ਨੂੰ ਹੱਥ ਪਾ ਕੇ ਆਪਣੇ ਆਪ ਖੜਾ ਹੋ ਗਿਆ। ਫੇਰ ਤੁਰਨ ਲੱਗ ਪਿਆ। ਇਉਂ ਇੱਕ ਹਫ਼ਤੇ ਵਿੱਚ ਬਿਲਕੁਲ ਠੀਕ ਹੋ ਗਿਆ। ਬਾਅਦ ਵਿੱਚ ਇਹ ਭਰਾਵਾਂ ਨਾਲ ਹਜ਼ੂਰ ਦੇ ਚਰਨਾਂ ਵਿੱਚ ਆਪ ਤੁਰ ਕੇ ਗਿਆ। ਦਰਸ਼ਨ ਕੀਤੇ। ਨਮਸਕਾਰ ਕਰ ਕੇ ਸਾਰੀ ਵਾਰਤਾ ਦੱਸੀ ਅਤੇ ਸੰਤ ਜੀ ਮਹਾਰਾਜ ਤੋਂ ਸਮਾਂ ਲੈ ਕੇ ਘਰ ਵਿੱਚ ਅਖੰਡ ਪਾਠ ਰਖਵਾਇਆ। ਇਹ ਪ੍ਰਤੱਖ ਕਰਾਮਾਤ ਦੇਖ ਕੇ ਨਗਰ ਨਿਵਾਸੀ ਹੋਰ ਵੀ ਪ੍ਰੇਮੀਆਂ ਨੂੰ ਬੇਅੰਤ ਸ਼ਰਧਾ ਹੋ ਆਈ। ਕਾਮਲ ਫ਼ਕੀਰ ਨੇ ਕੱਚ ਤੋਂ ਕੰਚਨ ਅਤੇ ਮਨੂਰ ਲੋਹੇ ਤੋਂ ਲਾਲ ਬਣਾ ਦਿੱਤਾ।

ਖੁਦਾ ਮਨਜ਼ੂਰ ਕਰਤਾ ਹੈ ਦੁਆ ਜੋ ਦਿਲ ਸੇ ਹੋਤੀ ਹੈ।
ਮੁਸ਼ਕਲ ਤੋਂ ਯਹ ਹੈ ਕਿ ਦੁਆ ਮੁਸ਼ਕਲ ਸੇ ਹੋਤੀ ਹੈ।

ਉਪਦੇਸ਼ ਚਹੁ ਵਰਨਾ ਕਉ ਸਾਂਝਾ

ਕਰਮਸਰ ਦੀ ਪਾਵਨ ਧਰਤੀ ਤੋਂ ਡੇਢ ਕੁ ਮੀਲਾਂ ਦੇ ਫਾਸਲੇ ਤੇ ਹਾਂਸ ਨਗਰ ਹੈ (ਕਸੂਰ ਸ਼ਹਿਰ ਦਾ ਵਾਸੀ ਸੱਯਦ ਜਾਤੀ ਦਾ ਮੁਸਲਮਾਨ ਮਿਸਟਰ ਯੂ ਕਰਾਮਤ ਜੋ ਸਰਕਾਰ ਵਲੋਂ ਪੰਜਾਂ ਜ਼ਿਲ੍ਹਿਆਂ ਦੇ ਸਕੂਲਾਂ ਦਾ ਇੰਸਪੈਕਟਰ ਲੱਗਾ ਸੀ) ੧੯੩੯ ਈ. ਦੇ ਦਸੰਬਰ ਮਹੀਨੇ ਦਸਮ ਪਾਤਿਸ਼ਾਹ ਜੀ ਮਹਾਰਾਜ ਦੇ ਅਵਤਾਰ ਦਿਹਾੜੇ ਏਥੇ ਆਇਆ। ਇਸ ਦੀ ਬੁਟਾਹਰੀ ਵਾਲੇ ਡਾਕਟਰ ਪ੍ਰੀਤਮ ਸਿੰਘ ਨਾਲ ਚੰਗੀ ਵਾਕਫ਼ੀ ਸੀ। ਦਿਨ ਦੇ ਸਮੇਂ ਬੱਚਿਆਂ ਦਾ ਇਮਤਿਹਾਨ ਲਿਆ। ਸ਼ਾਮ ਨੂੰ ਏਥੇ ਹੀ ਠਹਿਰ ਗਿਆ ਤੇ ਰਾਤ ਦੇ ਸਮੇਂ ਚੰਦਰਮਾ ਦੀ ਉੱਜਲ ਚਾਂਦਨੀ ਵਿਖੇ ਨਿਰਮਲ ਅਕਾਸ਼ ਵਿੱਚ ਜਦੋਂ ਕਿ ਸੁੱਚੇ ਮੋਤੀਆਂ ਵਾਂਗ ਤਾਰੇ ਡਲ੍ਹਕਾਂ ਮਾਰ ਰਹੇ ਸਨ, ਗੁਰਬਾਣੀ ਦਾ ਰਸ ਭਿੰਨਾ ਕੀਰਤਨ ਸੁਣਾਈ ਦਿੱਤਾ ਕਿਉਂਕਿ ਪੋਹ ਸੁਦੀ ਸਪਤਮੀ ਦੇ ਗੁਰਪੁਰਬ ਨੂੰ ਸਾਰੀ ਰਾਤ ਦਾ ਦੀਵਾਨ ਹੁੰਦਾ ਸੀ। ਹਜ਼ੂਰ ਦਾ ਮਿੱਠਾ ਗਲਾ, ਸੁਰੀਲੀ ਸੁਰ ਬਿਨਾਂ ਲਾਊਡ ਸਪੀਕਰ ਤੋਂ ਕੋਹਾਂ ਤੱਕ ਸਹਿਜੇ ਹੀ ਅਵਾਜ਼ ਪੁੱਜ ਜਾਂਦੀ। ਇਸ ਦੇ ਕੰਨੀ ਪਈ। ਸਕੂਲ ਦੇ ਮਾਸਟਰ (ਜੋ ਪੌਹੀੜ ਪਿੰਡ ਤੋਂ ਸੋਮਨਾਥ ਬ੍ਰਾਹਮਣ ਸੀ) ਤੋਂ ਪੁੱਛਿਆ, "ਇਹ ਅਵਾਜ਼ ਕਿਥੋਂ ਆਉਂਦੀ ਹੈ?" ਉਸ ਨੇ ਸਾਰੀ ਵਾਰਤਾ ਦੱਸੀ ਕਿ ਏਥੇ ਨਜ਼ਦੀਕ ਹੀ ਪੂਰਨ ਬ੍ਰਹਮ ਗਿਆਨੀ ਬੀਤਰਾਗ ਮਹਾਂਪੁਰਸ਼ਾਂ ਦਾ ਅਸਥਾਨ ਹੈ। ਉਹ ਗੁਰਬਾਣੀ ਦਾ ਕੀਰਤਨ ਕਰਦੇ ਹਨ। ਇਹ ਪ੍ਰਮਾਰਥੀ ਪਾਂਧੀ, ਸ਼ਾਂਤੀ ਦਾ ਚਾਹਵਾਨ, ਕਈ ਮੱਤ ਮਤਾਤ੍ਰਾਂ ਦੇ ਮਹਾਤਮਾ ਨੂੰ ਮਿਲ ਚੁੱਕਾ ਸੀ। ਪਰ ਅਜੇ ਤੱਕ ਅਮੋਲਕ ਵਸਤੂ ਜਿਸ ਦਾ ਗਾਹਕ ਸੀ, ਉਹ ਨਹੀਂ ਸੀ ਲੱਭੀ। ਦੂਸਰੇ ਦਿਨ ਸੋਮਨਾਥ ਨੂੰ ਨਾਲ ਲੈ ਕੇ ਸੁਵਖਤੇ ਹੀ ਕਰਮਸਰ ਦੀ ਪਾਵਨ ਧਰਤੀ ਦਾ ਦੀਦਾਰ ਕੀਤਾ। ਮਨ ਨੂੰ ਕੁੱਝ ਠੰਢ ਜਾਪੀ। ਪਹਿਲਾਂ ਛੋਟੇ ਸੰਤ ਜੀ ਮਹਾਰਾਜ ਦੇ ਪਾਸ ਗਿਆ। ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਪ੍ਰਮਾਰਥੀ ਬਚਨ ਕਹਿਣਾ ਹੈ ਤਾਂ ਫੇਰ ਕਿਸੇ ਸਮੇਂ ਵੱਡੇ ਸੰਤਾਂ ਪਾਸ ਆ ਜਾਵੀਂ। ਉਹਨੀਂ ਦਿਨੀਂ ਸੰਤ ਜੀ ਮਹਾਰਾਜ ਦਾ ਮੋਨ ਸੀ। ਉਂਞ ਵੀ ਆਪ ਜੀ ਬਹੁਤ ਘੱਟ ਤੇ ਕੇਵਲ ਪ੍ਰਮਾਰਥੀ ਬਚਨਾਂ ਵਾਸਤੇ ਹੀ ਬੋਲਦੇ ਸਨ। ਇਸ ਨੇ ਛੋਟੇ ਸੰਤ ਜੀ ਨੂੰ ਕਿਹਾ, "ਮੈਂ ਸਿਰਫ ਦਰਸ਼ਨ ਹੀ ਕਰਣੇ ਹਨ। ਬਚਨ ਕੋਈ ਨਹੀਂ ਕਰਾਂਗਾ। ਆਪ ਜੀ ਮੇਰੇ ਤੇ ਕ੍ਰਿਪਾ ਕਰੋ।" ਉਸ ਸਮੇਂ ਹਜ਼ੂਰ ਦੇ ਚਰਨਾਂ ਵਿੱਚ ਬਾਬਾ ਇੰਦਰ ਸਿੰਘ ਜੀ ਗੜਵਈ ਦੀ ਸੇਵਾ ਤੇ ਸਨ। ਉਨ੍ਹਾਂ ਰਾਹੀਂ ਮਹਾਂਪੁਰਸ਼ਾਂ ਦੇ ਪਾਸ ਪੁੱਜੇ।

ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸੰਤ ਮਹਾਰਾਜ ਸਵੇਰ ਦੇ ਸਮੇਂ ਮੋਨੀਆਂ ਵਾਲੀ ਲਾਈਨ ਵਿੱਚ ਜੋ ਛੱਪਰੀਆਂ ਬਣੀਆਂ ਸਨ (ਜਿਨ੍ਹਾਂ ਦਾ ਨਾਮ ਪੰਚਬਟੀ ਕਰ ਕੇ ਪ੍ਰਸਿੱਧ ਸੀ। ਇਹ ਜਗ੍ਹਾ ਪੰਜਬਟੀ ਵਾਂਗ ਬੜੀ ਰਮਣੀਕ ਤੇ ਇਕਾਂਤ ਸੀ) ਉਨ੍ਹਾਂ ਵਿੱਚ ਰਿਹਾਇਸ਼ ਰੱਖਦੇ ਸਨ, ਕਿਉਂਕਿ ਅਜੇ ਭੋਰਾ ਨਹੀਂ ਸੀ ਤਿਆਰ ਹੋਇਆ। ਆਪ ਛੱਪਰੀ ਤੋਂ ਬਾਹਰ ਸਫ ਵਿਛਾ ਕੇ ਧੁਪੇ ਬੈਠੇ ਆਤਮਕ ਅਨੰਦ ਵਿੱਚ ਲੀਨ ਸਨ। ਭਾਈ ਇੰਦਰ ਸਿੰਘ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਛੋਟੇ ਸੰਤਾਂ ਨੇ ਦਰਸ਼ਨ ਵਾਸਤੇ ਇਹ ਪ੍ਰੇਮੀ ਭੇਜਿਆ ਹੈ। ਉਹ ਕਹਿੰਦਾ ਹੈ ਮੈਂ ਬਚਨ ਨਹੀਂ ਕਰਾਂਗਾ ਕੇਵਲ ਦਰਸ਼ਨ ਹੀ ਕਰਣੇ ਹਨ।" ਆਪ ਜੀ ਨੇ ਕਿਹਾ, "ਰਾਤ ਦੇ ੯ ਵਜੇ ਤੋਂ ਲੈ ਕੇ ਸਵੇਰ ਦੇ ੬ ਵਜੇ ਤੱਕ ੯ ਘੰਟੇ ਉੱਚੀ ਸੁਰ ਨਾਲ ਕੀਰਤਨ ਕੀਤਾ ਹੈ। ਹੁਣ ਕੁਛ ਕੁ ਸਮਾਂ ਆਰਾਮ ਕਰਨ ਦਾ ਖ਼ਿਆਲ ਹੈ। ਚੰਗਾ! ਬੁਲਾ ਲਿਆਓ।" ਹਜ਼ੂਰ ਦੀ ਆਗਿਆ ਪਾ ਕੇ ਉਹ ਪਾਸ ਗਿਆ। ਭਾਵਨਾ ਨਾਲ ਚਰਨਾਂ ਤੇ ਸਿਰ ਰੱਖ ਕੇ ਸਿਜਦਾ ਕੀਤਾ। ਸਨਮੁਖ ਬੈਠ ਕੇ ਨੇਤਰਾਂ ਦੁਆਰਾ ਦਰਸ਼ਨਾਂ ਰੂਪੀ ਅੰਮ੍ਰਿਤ ਪਾਨ ਕੀਤਾ। ਕੁਛ ਕੁ ਸਮੇਂ ਤੋ ਬਾਅਦ ਹਜ਼ੂਰ ਦੇ ਇਸ਼ਾਰੇ ਨਾਲ ਸੇਵਾਦਾਰ ਨੇ ਜਾਣ ਵਾਸਤੇ ਆਖਿਆ। ਉਸ ਨੇ ਅਰਜ਼ ਕੀਤੀ ਪੀਰ ਜੀ ਦਾ ਕੁਛ ਚਿਰ ਹੋਰ ਦਰਸ਼ਨ ਕਰ ਲੈਣ ਦਿਓ। ਕਾਫ਼ੀ ਸਮਾਂ ਪਾਸ ਬੈਠਾ ਰਿਹਾ ਤਪਦੇ ਹਿਰਦੇ ਨੂੰ ਠੰਢ ਮਹਿਸੂਸ ਹੋਈ। ਏਹੋ ਜਿਹੀ ਸ਼ਾਂਤੀ ਨੂੰ ਕੌਣ ਛੱਡ ਸਕਦਾ ਹੈ? ਜਿਸ ਦੀ ਭਾਲ ਵਾਸਤੇ ਚਕ੍ਰਵਰਤੀ ਬਾਦਸ਼ਾਹ ਵੀ ਤਖ਼ਤਾਂ ਤਾਜਾਂ ਨੂੰ ਤਿਆਗ ਕੇ ਜੰਗਲਾਂ ਦੀ ਖਾਕ ਛਾਣਦਾ ਫਿਰੇ। ਮਨ ਵਿੱਚ ਕਈ ਸੰਕਲਪ ਕੀਤੇ ਆਹ ਪੁੱਛਾਂ, ਇਉਂ ਬੇਨਤੀਆਂ ਕਰਾਂ। ਪਰ ਅੱਗੋਂ ਬੋਲਣ ਦੀ ਆਗਯਾ ਨਹੀਂ ਸੀ। ਸ੍ਰੀ ਹਜ਼ੂਰ ਦੀ ਚੁੱਪ ਤੋਂ ਸੰਕੋਚ ਕਰਦਾ ਹੋਇਆ ਪਾਸ ਬੈਠਾ ਹੀ ਮਨ ਵਿੱਚ ਅਰਦਾਸ ਬੇਨਤੀਆਂ ਕਰ ਰਿਹਾ ਸੀ। ਅਖ਼ੀਰ ਨੂੰ ਇਸ ਦੇ ਮਨ ਦੀ ਸ਼ਰਧਾ ਭਾਵਨਾ ਦੇਖ ਕੇ ਅਤੇ ਇਹ ਸੋਚ ਕੇ ਪ੍ਰੇਮ ਵਿੱਚ ਨੇਮ ਨਹੀਂ ਨਿਭਦਾ। ਕ੍ਰਿਪਾ ਦੇ ਘਰ ਵਿੱਚ ਆ ਕੇ ਇਸ਼ਾਰੇ ਮਾਤ੍ਰ ਕਿਹਾ, "ਕੀ ਗੱਲ ਹੈ? ਇੱਕ ਦੋ ਮਿੰਟ ਬਚਨ ਕਰ ਲੈ।" ਇਸ ਨੇ ਹੱਥ ਜੋੜ ਕੇ ਅਰਜ਼ ਕੀਤੀ ਪੀਰ ਜੀ! ਮੈਂ ਰੋਜ਼ ਪੰਜ ਵਕਤ ਨਿਮਾਜ਼ਾਂ ਵੀ ਪੜ੍ਹਦਾ ਹਾਂ। ਰੋਜ਼ੇ ਵੀ ਰੱਖਦਾ ਹਾਂ। ਥੋੜ੍ਹਾ ਬਹੁਤਾ ਹੋਰ ਵੀ ਆਪਣੇ ਮਤ ਅਨੁਸਾਰ ਕੁਰਾਨ ਦੀਆਂ ਆਇਤਾਂ ਦਾ ਪਾਠ ਕਰਦਾ ਹਾਂ ਪਰ ਮਨ ਨੂੰ ਸ਼ਾਂਤੀ ਨਹੀਂ ਆਈ। ਆਪ ਕ੍ਰਿਪਾ ਕਰ ਕੇ ਦੱਸੋ ਇਸ ਜੀਵ ਦਾ ਛੁਟਕਾਰਾ ਕਿਵੇਂ ਹੋਵੇ?"

ਗ਼ਰੀਬ ਨਿਵਾਜ਼ ਕਹਿਣ ਲੱਗੇ, "ਤੁਹਾਡਾ ਮੁਰਸ਼ਦ ਕੌਣ ਹੈ?" ਇਸ ਨੇ ਕਿਹਾ, "ਮਹਾਰਾਜ! ਮੈਂ ਅਜੇ ਤੱਕ ਕਿਸੇ ਨੂੰ ਮੁਰਸ਼ਦ ਨਹੀਂ ਧਾਰਨ ਕੀਤਾ ਅਤੇ ਨਾ ਹੀ ਮੇਰੇ ਮਨ ਦਾ ਇਹ ਨਿਸ਼ਚਾ ਹੀ ਹੈ ਕਿ ਜੇਕਰ ਮਨੁੱਖ ਨੇਕ ਕਰਮ ਕਰੇ, ਬਦ ਅਮਲਾਂ ਤੋਂ ਬਚੇ ਫੇਰ ਮੁਰਸ਼ਦ ਦੀ ਕੀ ਜ਼ਰੂਰਤ ਹੈ? ਜੋ ਕੰਮ ਮੁਰਸ਼ਦ ਨੇ ਗ੍ਰਹਿਣ ਕਰਨਾ ਅਤੇ ਤਿਆਗਣਾ ਦੱਸਣਾ ਹੈ,

ਉਨ੍ਹਾਂ ਤੇ ਉਹ ਪਹਿਲਾਂ ਹੀ ਕਾਇਮ ਹੈ। ਇਸ ਕਰ ਕੇ ਗੁਰੂ ਦੀ ਕੋਈ ਲੋੜ ਨਹੀਂ।" ਸੰਤ ਜੀ ਮਹਾਰਾਜ ਕਹਿਣ ਲੱਗੇ ਭਾਵੇਂ ਮਨੁੱਖ ਕਿਤਨੇ ਵੀ ਚੰਗੇ ਕਰਮ ਕਰੇ ਪਰ ਫੇਰ ਵੀ ਗੁਰੂ ਧਾਰਨਾ ਅਵਸ਼ ਹੈ। ਨੇਕ ਅਮਲਾਂ ਦੇ ਕੀਤਿਆਂ, ਗੁਰੂ ਤੋਂ ਬਿਨਾਂ ਜੀਵ ਦੀ ਕਲਿਆਣ ਹੋ ਹੀ ਨਹੀਂ ਸਕਦੀ। ਗੁਰੂ ਪੀਰਾਂ ਦੀ ਸ਼ਰਨ ਦੁਆਰਾ ਹੀ ਜੀਵ ਦਾ ਭਲਾ ਹੋ ਸਕਦਾ ਹੈ। ਦੇਖੋ ਸੂਫੀ ਫ਼ਕੀਰ ਫਰੀਦ ਜੀ ਨੇ ੩੬ ਸਾਲ ਕਠਨ ਤਪ ਕੀਤਾ ਫੇਰ ਵੀ ਮੁਰਸ਼ਦ ਦੀ ਸ਼ਰਨ ਤੋਂ ਬ਼ਗ਼ੈਰ ਮਨ ਦੀ ਸ਼ਾਂਤੀ ਤੇ ਬ੍ਰਹਮਗਿਆਨ ਨਹੀਂ ਸੀ ਹੋ ਸਕਿਆ। ਕੁਰਾਨ ਮਜੀਦ ਵਿੱਚ ਵੀ ਮੁਰਸ਼ਦ ਦੀ ਪ੍ਰਾਪਤੀ ਕਰਣੀ ਲਾਜ਼ਮੀ ਕਥਨ ਕੀਤੀ ਹੈ। ਇਸੇ ਤਰ੍ਹਾਂ ਬੇਦ ਸ਼ਾਸਤ੍ਰ ਤੇ ਗੁਰਬਾਣੀ ਦਾ ਉਪਦੇਸ਼ ਹੈ।"

ਯਥਾ: *ਬਿਨੁ ਗੁਰ ਮੁਕਤਿ ਨ ਪਾਈਐ ਨ ਦੁਬਿਧਾ ਮਾਇਆ ਜਾਇ ॥*
(ਸਿਰੀਰਾਗੁ ਮਃ ੩ - ੬੭)

ਤਥਾ: *ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥*
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥

(ਸਿਰੀਰਾਗੁ ਮਃ ੧ - ੫੯)

ਤਥਾ: *ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥*

(ਗੌਂਡ ਮਃ ੫ - ੮੬੪)

ਪਰ ਇਨ੍ਹਾਂ ਬਚਨਾਂ ਦਾ ਇਸ ਦੇ ਮਨ ਵਿੱਚ ਕੋਈ ਅਸਰ ਨਾ ਹੋਇਆ। ਸੰਤ ਜੀ ਮਹਾਰਾਜ ਨੇ ਇਸੇ ਗੱਲ ਤੇ ਬੜਾ ਜ਼ੋਰ ਦਿੱਤਾ ਕਿ ਗੁਰੂ ਬਿਨਾ ਮੁਕਤੀ ਨਹੀਂ ਹੋ ਸਕਦੀ ਹੋਰ ਤਾਂ ਕੀ ਨਿਗੁਰੇ ਨੂੰ ਤਾਂ ਅੱਗੇ ਮਨੁੱਖਾ ਦੇਹ ਵੀ ਨਹੀਂ ਮਿਲਦੀ। ਪੰਚਮ ਪਾਤਿਸ਼ਾਹ ਜੀ ਫਰਮਾਉਂਦੇ ਹਨ:

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥

(ਸਲੋਕ ਸਹਸਕ੍ਰਿਤੀ ਮਃ ੫ - ੧੩੫੬)

ਭਾਵ ਕੀ ਨਿਗੁਰਾ ਪੁਰਸ਼ ਬ੍ਰਹਮੰਡ ਦੀਆਂ ਮਾੜੀਆਂ ਤੋਂ ਮਾੜੀਆਂ ਜੂਨਾ ਨੂੰ ਧਾਰਦਾ ਹੈ।

ਤਥਾ: *ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥*
ਬਿਨੁ ਗੁਰ ਮੁਕਤਿ ਨ ਕੇਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥ *(ਗੂਜਰੀ ਮਃ ੫ - ੪੯੫)*

ਅਗਿਆਨ ਰੂਪੀ ਜਿੰਦਰਾ ਖੋਲ੍ਹਣ ਵਾਸਤੇ ਬ੍ਰਹਮ ਵਿਦਿਆ ਦੀ ਕੁੰਜੀ ਤਾਂ ਗੁਰੂ ਪਾਸ ਹੀ ਹੈ:

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥

(ਵਾਰ- ਸਾਰੰਗ ਮਃ ੨ - ੧੨੩੭)

ਤਥਾ: *ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥*

(ਮਾਝ ਮਃ ੩ - ੧੨੪)

ਤਥਾ: *ਨਿਗੁਰੇ ਕਉ ਗਤਿ ਕਾਈ ਨਾਹੀ ॥ ਅਵਗਣਿ ਮੁਠੇ ਚੋਟਾ ਖਾਹੀ ॥੩॥*
(ਆਸਾ ਮਃ ੩ - ੩੬੧)

ਤਥਾ: *ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥੧॥*
(ਦੇਵਗੰਧਾਰੀ ਮਃ ੪ - ੫੨੮)

ਗੁਰੂ ਤੋਂ ਬਿਨਾਂ ਪ੍ਰਮੇਸ਼ਰ ਦੀ ਭਗਤੀ ਨਹੀਂ ਹੋ ਸਕਦੀ:

ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ *(ਸਿਰੀਰਾਗੁ ਮਃ ੧ - ੨੨)*

ਗੁਰੂ ਸ਼ਰਨ ਬਿਨਾਂ ਹਿਰਦੇ ਦਾ ਅੰਧਕਾਰ ਨਹੀਂ ਮਿਟਦਾ:

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥

ਗੁਰ ਬਿਨੁ ਸੁਰਤਿ ਨ ਸਿਧਿ ਗੁਰੁ ਬਿਨੁ ਮੁਕਤਿ ਨ ਪਾਵੈ ॥ (ਸਵਈਏ ਮਹਲੇ ਚਉਥੇ ਕੇ ਨਲ੍ਹ - ੧੩੯੯)

ਗੁਰਬਾਣੀ ਤੋਂ ਇਲਾਵਾ ਹੋਰ ਵੀ ਸਾਰੇ ਧਾਰਮਿਕ ਗ੍ਰੰਥ ਇਹੀ ਦੱਸਦੇ ਹਨ ਕਿ ਗੁਰੂ ਤੋਂ ਬਿਨਾਂ ਜੀਵ ਦੀ ਮੁਕਤੀ ਹੋ ਹੀ ਨਹੀਂ ਸਕਦੀ ਅਤੇ ਜਿਤਨੇ ਵੀ ਪੀਰ, ਪੈਗੰਬਰ, ਅਵਤਾਰ, ਸਤਪੁਰਸ਼ ਤੇ ਰਿਸ਼ੀ ਮੁਨੀ ਹੋਏ ਹਨ; ਉਨ੍ਹਾਂ ਸਭਨਾਂ ਨੇ ਗੁਰੂ ਧਾਰਨ ਕੀਤੇ ਹਨ। ਭਗਵਾਨ ਰਾਮਚੰਦ੍ਰ ਜੀ ਦੇ ਗੁਰੂ ਵਸ਼ਿਸ਼ਟ ਜੀ ਸਨ, ਜਿਨ੍ਹਾਂ ਦੇ ਜੋਗ ਵਸ਼ਿਸ਼ਟ ਗ੍ਰੰਥ ਦੁਆਰਾ ਰਾਮ ਚੰਦ੍ਰ ਜੀ ਨੂੰ ਉਪਦੇਸ਼ ਕੀਤਾ ਹੈ। ਕ੍ਰਿਸ਼ਨ ਜੀ ਮਹਾਰਾਜ ਦੇ ਵਿੱਦਿਆ ਗੁਰੂ ਸੰਦੀਪਨ ਜੀ ਅਤੇ ਅਧਿਆਤਕ ਗੁਰੂ ਗਾਰਗ ਜੀ ਸਨ:

ਗੁਰ ਸੇਵਾ ਆਪਿ ਹਰਿ ਭਾਵੈ ॥ ਕ੍ਰਿਸ਼ਨੁ ਬਲਭਦ੍ਰ ਗੁਰ ਪਗ ਲਗਿ ਧਿਆਵੈ ॥

(ਗਉੜੀ ਗੁਆਰੇਰੀ ਮਃ ੪ - ੧੬੫)

ਯਥਾ: *ਡਾਰ ਜਨੇਉ ਸੁ ਸਯਾਮ ਗਰੈ ਫਿਰ ਕੈ ਤਿਹ ਮੰਤ੍ਰ ਸੁ ਸ੍ਰਉਨ ਮੈ ਦੀਨੋ ॥*
ਸੋ ਸੁਨਿ ਕੈ ਹਰਿ ਪਾਇ ਪਰਯੋ ਗਰਗੈ ਬਹੁ ਭਾਤਨ ਕੋ ਧਨ ਦੀਨੋ ॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਦਸਮ ਪਾਤਿਸ਼ਾਹ ਜੀ ਮਹਾਰਾਜ ਨੇ ਲਿਖਿਆ ਹੈ ਕਿ ਕ੍ਰਿਸ਼ਨ ਜੀ ਨੂੰ ਗਾਰਗ ਮੁਨੀ ਨੇ ਗਾਇਤ੍ਰੀ ਮੰਤਰ ਦਾ ਉਪਦੇਸ਼ ਦਿੱਤਾ। ਉਸ ਸਮੇਂ ਭਗਵਾਨ ਜੀ ਨੇ ਗਾਰਗ ਮੁਨੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਬਹੁਤ ਸਾਰਾ ਧਨ ਪਦਾਰਥ ਹਾਥੀ ਘੋੜੇ ਦਖਸ਼ਨਾਂ ਵਿੱਚ ਦਿੱਤੇ। ਇਸੇ ਤਰ੍ਹਾ:

ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥ (ਸਿਰੀਰਾਗੁ ਮਃ ੩ - ੬੭)

ਕਬੀਰ ਜੀ ਨੇ ਰਾਮਾ ਨੰਦ ਜੀ ਨੂੰ, ਭਗਤ ਨਾਮਦੇਵ ਜੀ ਨੇ ਗਿਆਨ ਦੇਵ ਨੂੰ ਗੁਰੂ ਧਾਰਿਆ। ਇਸੇ ਤਰ੍ਹਾਂ ਹਜ਼ਰਤ ਈਸਾ ਜੀ ਪਹਿਲਾਂ ੩੦ ਸਾਲ ਤਰਖਾਣਾ ਕੰਮ ਕਰਦੇ ਰਹੇ ਫੇਰ ਜਾ ਕੇ ਯੁਹੰਨਾ ਤੋਂ ਬਪਤਿਸਮਾ, ਭਾਵ ਗੁਰੂ ਦੀਖਿਆ ਲੈ ਕੇ ਪੈਗੰਬਰੀ ਦਾ ਦਾਅਵਾ ਕੀਤਾ। (ਇੰਜੀਲ ਮਤੀ) ਇਸੇ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ ਜੀ ੪੦ ਸਾਲ ਤੱਕ 'ਗਾਰੇ ਹਰਾਰ' ਵਿੱਚ ਬੈਠ ਕੇ ਬੰਦਗ਼ੀ ਕਰਦੇ ਰਹੇ। ਇਸ ਤੋਂ ਬਾਅਦ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਪੈਗੰਬਰ ਹੋਣ ਦਾ ਐਲਾਨ ਕੀਤਾ ਸੋ ਇਸ ਤੋਂ ਇਹ ਸਿੱਧ ਹੋਇਆ ਕਿ ਉਹ ਵੀ ਕਿਸੇ ਪੂਰਨ ਮਹਾਂਪੁਰਸ਼ ਤੋਂ ਇਬਾਦਤ ਕਰਨ ਦਾ ਰਸਤਾ ਪੁੱਛ ਕੇ ਹੀ ੪੦ ਸਾਲ 'ਗਾਰੇ ਹਰਾਰ' ਵਿੱਚ ਖ਼ੁਦਾ ਦੀ ਬੰਦਗ਼ੀ ਕਰਦੇ ਰਹੇ ਸਨ। (ਹਜ਼ਰੀਦ ਬੁਖਾਰੀ)

ਸੋ ਇਨ੍ਹਾਂ ਪ੍ਰਮਾਣਾਂ ਤੋਂ ਇਹ ਸਿੱਧ ਹੋਇਆ ਕਿ ਹਰ ਜੀਵ ਦਾ ਫ਼ਰਜ਼ ਹੈ, ਉਸ ਕਿਸੇ ਪੂਰਨ ਅਵਸਥਾ ਵਾਲੇ ਮਹਾਂਪੁਰਸ਼ਾਂ ਦੀ ਸ਼ਰਨ ਵਿੱਚ ਪੁੱਜ ਕੇ ਗੁਰਮੰਤ੍ਰ ਲੈ ਕੇ ਉਸ ਦੀ ਸੇਵਾ ਕਰੇ ਅਤੇ ਪੂਰਨ ਸ਼ਰਧਾ ਰੱਖੇ। ਕਿਉਂਕਿ ਸ਼ਰਧਾ ਹੀ ਸਾਰੇ ਸਾਧਨਾਂ ਦਾ ਮੂਲ ਹੈ। ਮੁਰਸ਼ਦ ਨੂੰ ਪ੍ਰਮੇਸ਼ਰ ਦਾ ਰੂਪ ਹੀ ਜਾਣੇ ਭਾਵ ਸਿੱਖ ਦੀ ਸ਼ਰਧਾ ਨੇ ਹੀ ਉਸ ਖ਼ੁਦਾ ਦੀ ਪ੍ਰਾਪਤੀ ਕਰਵਾਉਂਣੀ ਹੈ।

ਯਥਾ: ਨ ਕਾਸਠੇ ਵਿਦਯਤੇ ਦੇਵੋ ਨ ਪਸ਼ਾਣੇ ਨ ਮਰਣ ਮਯ।
ਭਾਵੋ ਹੀ ਵਿਦਯਤੇ ਦੇਵਸਤ ਸਮਾਦ ਭਾਵੋਂ ਹੀ ਕਾਰਣਮਃ। (ਭਗਤੀ ਸੂਤ੍ਰ)

ਨਾਰਦ ਮੁਨੀ ਜੀ ਕਥਨ ਕਰਦੇ ਹਨ ਕਿ ਈਸ਼ਵਰ ਕਿਸੇ ਪੱਥਰ, ਲੱਕੜੀ, ਮਿਟੀ ਕਾਗ਼ਜ਼ ਤੇ ਲੋਹੇ ਆਦਿਕ ਦੀ ਬਣਾਈ ਹੋਈ ਮੂਰਤੀ ਵਿੱਚ ਨਹੀਂ ਹੈ। ਪ੍ਰਮੇਸ਼ਰ ਤਾਂ ਸ਼ਰਧਾ ਵਿੱਚ ਹੀ ਹੈ ਜਗਿਆਸੂ ਜਿਸ ਚੀਜ਼ ਤੇ ਪੂਰਨ ਸ਼ਰਧਾ ਕਰੇਗਾ ਧੰਨੇ ਵਾਂਗ ਉੱਥੋਂ ਹੀ ਪ੍ਰਮੇਸ਼ਰ ਪ੍ਰਗਟ ਹੋ ਜਾਵੇਗਾ।

ਸਿੱਖ ਦੀ ਗੁਰੂ ਤੇ ਐਸੀ ਸ਼ਰਧਾ ਹੋਣੀ ਚਾਹੀਦੀ ਹੈ। ਜਿਵੇਂ ਕਿ ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ:

ਮਬਰ ਐ ਬਾਦ ਖ਼ਾਕਮ ਅਜ਼ ਦਰੇ ਦੋਸਤ। ਦੁਸ਼ਮਨਮ ਸਰਜ਼ਨਿਸ਼ ਕੁਨਦ ਕਿ ਹਰ ਜਾਈਸਤ।

ਅਰਥ: ਚੁੱਕ ਕੇ ਮਿਟੀ ਦੂਰ ਸਜਨ ਤੋਂ ਮੇਰੀ ਪੌਣ ਲਜਾਈਂ ਨਾ।
ਮਾਰਨ ਦੂਤੀ ਦੁਸ਼ਮਨ ਤਾਹਨੇ ਹਰਜਾਈ ਸਦਵਾਈਂ ਨਾ।

ਹੇ ਪੌਣ ਤੂੰ ਮੇਰੀ ਫਰਿਆਦ ਸੁਣ ਲੈ ਕਿ ਮੇਰੀ ਮਰੇ ਹੋਏ ਦੀ ਮਿੱਟੀ ਕਿਸੇ ਦੂਸਰੀ ਜਗ੍ਹਾ ਤੇ ਲਿਜਾ ਕੇ ਸੁੱਟ ਨਾ ਦੇਵੀਂ ਕਿਉਂਕਿ ਮੈਨੂੰ ਕੋਈ ਇਹ ਮੇਹਣਾ ਨਾ ਮਾਰੇ ਕਿ ਗੁਰੂ ਦਾ ਸਿੱਖ ਦਰ ਦਰ ਤੇ ਰੁਲਦਾ ਫਿਰਦਾ ਹੈ।

ਭਾਵ ਜਦੋਂ ਸਿੱਖ ਨੇ ਗੁਰੂ ਵਿੱਚ ਪ੍ਰਮੇਸ਼ਰ ਭਾਵਨਾ ਕੀਤੀ ਤਾਂ ਸਰਬ ਵਿਆਪੀ ਈਸ਼ਵਰ ਨੇ ਉੱਥੇ ਹੀ ਪ੍ਰਗਟ ਹੋ ਕੇ ਦਰਸ਼ਨ ਦੇ ਦਿੱਤਾ। ਗੁਰੂ ਦੀ ਸੇਵਾ ਕੀਤਿਆਂ ਉਸ ਦੀ ਪ੍ਰਸੰਨਤਾ ਦੁਆਰਾ ਦਾਤ ਪ੍ਰਾਪਤ ਹੋਈ ਸਫ਼ਲੀ ਹੈ।

ਪੁਨਾ: ਗੁਰੂਰ ਬ੍ਰਹਮਾ ਗੁਰੂਰ ਵਿਸ਼ਨੂੰ ਗਰੂਰ ਦੇਵਹ ਮਹੇਸ਼ਵਰਃ।
ਗਰੂਰ ਸਾਖਸ਼ਾਤ ਪਾਰਬ੍ਰਹਮ ਤਸ ਮਈ ਸ੍ਰੀ ਗੁਰੂ ਏ ਨਮਃ।

ਭਾਵ ਗੁਰੂ ਤੇ ਈਸ਼ਵਰ ਭਾਵਨਾ ਰੱਖੇ। ਜੇਕਰ ਗੁਰੂ ਲੋਭੀ ਹੈ ਤਾਂ ਬਾਵਨ ਅਵਤਾਰ ਦੀ ਭਾਵਨਾ ਰੱਖੇ ਜਿਵੇਂ ਉਸ ਨੇ ਬਲ ਰਾਜੇ ਤੋਂ ਢਾਈ ਕਰਮਾਂ ਧਰਤੀ ਦਾ ਸੰਕਲਪ ਕਰਵਾ ਕੇ ਫੇਰ ਦੋ ਕਰਮਾਂ ਵਿੱਚ ਤਿੰਨ ਲੋਕ ਮਾਪ ਲਏ ਸਨ।

ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥੩॥

(ਪ੍ਰਭਾਤੀ ਦਖਣੀ ਮਃ ੧ - ੧੩੪੪)

ਜੇਕਰ ਗੁਰੂ ਤਮੋ ਗੁਣ ਸਹਿਤ ਹੈ ਤਾਂ ਸ਼ਿਵਜੀ ਭਗਵਾਨ ਸਮਝੇ। ਜੇਕਰ ਭੋਗੀ ਹੈ ਤਾਂ ਕ੍ਰਿਸ਼ਨ ਮਹਾਰਾਜ ਦਾ ਸਰੂਪ ਜਾਣੇ। ਸਤੋਗੁਣੀ ਤੇ ਵਿਸ਼ਨੂੰ ਦੀ ਭਾਵਨਾ ਰੱਖੇ। ਰਜੋ ਗੁਣੀ ਨੂੰ ਬ੍ਰਹਮਾ ਜਾਣੇ। ਮਰਯਾਦਾ ਪ੍ਰਸ਼ੋਤਮ ਨੂੰ ਰਾਮ ਅਵਤਾਰ ਸਮਝੇ। ਭਾਵ ਕੀ ਸਿੱਖ ਗੁਰੂ ਤੇ ਈਸ਼ਵਰੀ ਸ਼ਰਧਾ ਰੱਖੇ। ਭਾਈ ਗੁਰਦਾਸ ਜੀ ਮੁਰਸ਼ਦ ਦੀ ਸ਼ਰਨ ਬਗ਼ੈਰ ਕੀਤੀ ਘਾਲਣਾ ਨੂੰ ਇਉਂ ਦਰਸਾਉਂਦੇ ਹਨ।

ਯਥਾ: *ਸਿਰ ਤਲਵਾਇਆਂ ਪਾਈਐ ਚਮਗਿਦੜ ਜੂਹੇ।*
ਮੜੀ ਮਸਾਣੀ ਜੇ ਮਿਲੈ ਵਿਚ ਖੁਡਾਂ ਚੂਹੇ।
ਮਿਲੇ ਨ ਵਡੀ ਆਰਜਾ ਬਿਸੀਅਰੁ ਵਿਹੁ ਲੂਹੇ।
ਹੋਇ ਕੁਚੀਲੁ ਵਰਤੀਐ ਖਰ ਸੂਰ ਭਸੂਹੇ।
ਕੰਦ ਮੂਲ ਚਿਤੁ ਲਾਈਐ ਅਈਅੜ ਵਣੁ ਧੂਹੇ।
ਵਿਣੁ ਗੁਰ ਮੁਕਤਿ ਨਾ ਹੋਵਈ ਜਿਉ ਘਰੁ ਵਿਣੁ ਬੂਹੇ ॥੧੩॥ *(ਭਾ. ਗੁਰਦਾਸ ਜੀ: ਵਾਰ ੩੬ ਪਉੜੀ ੧੩)*

ਤਥਾ: *ਮਿਲੈ ਜਿ ਤੀਰਥਿ ਨਾਤਿਆਂ ਡਡਾਂ ਜਲ ਵਾਸੀ।*
ਵਾਲ ਵਧਾਇਆਂ ਪਾਈਐ ਬੜ ਜਟਾਂ ਪਲਾਸੀ।
ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ।
ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ।
ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ ॥੧੪॥ *(ਭਾ. ਗੁਰਦਾਸ ਜੀ: ਵਾਰ ੩੬ ਪਉੜੀ ੧੪)*

ਤਥਾ: *ਜੜੀਂ ਬੂਟੀਂ ਜੇ ਜੀਵੀਐ ਕਿਉ ਮਰੈ ਧਨੰਤਰੁ।*
ਤੰਤੁ ਮੰਤੁ ਬਾਜੀਗਰਾਂ ਓਇ ਭਵਹਿ ਦਿਸੰਤਰੁ।
ਰੁਖੀਂ ਬਿਰਖੀਂ ਪਾਈਐ ਕਾਸਟ ਬੈਸੰਤਰੁ।
ਮਿਲੈ ਨ ਵੀਰਾਰਾਧੁ ਕਰਿ ਠਗ ਚੋਰ ਨ ਅੰਤਰੁ।
ਮਿਲੈ ਨ ਰਾਤੀ ਜਾਗਿਆਂ ਅਪਰਾਧ ਭਵੰਤਰੁ।
ਵਿਣੁ ਗੁਰ ਮੁਕਤਿ ਨ ਹੋਵਈ ਗੁਰਮੁਖਿ ਅਮਰੰਤਰੁ ॥੧੫॥ *(ਭਾ. ਗੁਰਦਾਸ ਜੀ: ਵਾਰ ੩੬ ਪਉੜੀ ੧੫)*

ਤਥਾ: *ਸਤਿਗੁਰ ਸਾਹਿਬੁ ਛਡਿ ਕੈ ਮਨਮੁਖ ਹੋਇ ਬੰਦੇ ਦਾ ਬੰਦਾ।*
ਹੁਕਮੀ ਬੰਦਾ ਹੋਇ ਕੈ ਨਿਤ ਉਠਿ ਜਾਇ ਸਲਾਮੁ ਕਰੰਦਾ।
ਆਠ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ।
ਨੀਦ ਨ ਭੁਖ ਨ ਸੁਖ ਤਿਸੁ ਸੂਲੀ ਚੜ੍ਹਿਆ ਰਹੈ ਡਰੰਦਾ।
ਪਾਣੀ ਪਾਲਾ ਧੁਪ ਛਾਉ ਸਿਰ ਉਤੈ ਝਲਿ ਦੁਖ ਸਹੰਦਾ।
ਆਤਸ ਬਾਜੀ ਸਾਰੁ ਵੇਖਿ ਰਣ ਵਿਚਿ ਘਾਇਲੁ ਹੋਇ ਮਰੰਦਾ।
ਗੁਰ ਪੂਰੇ ਵਿਣੁ ਜੂਨਿ ਭਵੰਦਾ ॥੪॥ *(ਭਾ. ਗੁਰਦਾਸ ਜੀ: ਵਾਰ ੧੫ ਪਉੜੀ ੪)*

ਕਬਿੱਤ: ਪੂਛਤ ਪਥਕਿ ਤਿਹ ਮਾਰਗ ਨ ਧਾਰੈ ਪਗਿ, ਪ੍ਰੀਤਮ ਕੈ ਦੇਸ ਕੈਸੇ ਬਾਤਨੁ ਕੇ ਜਾਈਐ।
ਪੂਛਤ ਹੈ ਬੈਦ ਖਾਤ ਅਉਖਦ ਨ ਸੰਜਮ ਸੈ, ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ।
ਪੂਛਤ ਸੁਹਾਗਨ ਕਰਮ ਹੈ ਦੁਹਾਗਨਿ ਕੈ, ਰਿਦੈ ਬਿਬਿਚਾਰ ਕਤ ਸਿਹਜਾ ਬੁਲਾਈਐ।
ਗਾਏ ਸੁਨੇ ਆਂਖੇ ਮੀਚੈ ਪਾਈਐ ਨ ਪਰਮਪਦੁ,
ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ ॥੪੩੯॥ (ਕਬਿੱਤ ਭਾਈ ਗੁਰਦਾਸ ਜੀ)

ਯਥਾ: *ਗੁਰ ਹੀਣ ਮੁਕਤ ਨਹੀਂ ਹੋਤ ਦੱਤ।*
ਤੋਹਿ ਕਹੌ ਬਾਤ ਸੁਣ ਬਿਮਲ ਮਤਿ।
ਗੁਰ ਕਰਹਿ ਪ੍ਰਥਮ ਤਬ ਹੋਹਿ ਮੁਕਤਿ।
ਕਹਿ ਦੀਨ ਕਾਲ ਤਿਹ ਜੋਗ ਜੁਗਤ।
ਦੱਤ ਸਤ ਕਹੌ ਤੋਹਿ, ਗੁਰ ਹੀਣ ਮੁਕਤ ਨ ਹੋਇ।
ਰਾਵ ਰੰਗ ਪ੍ਰਜਾ ਵਜਾ ਇਮ ਭਾਖਈ ਸਭ ਕੋਇ।
ਕੋਟ ਕਸਟਨ ਕਿਉ ਕਰੈ ਨਹੀਂ ਐਸ ਹੋਤ ਉਧਾਰ।
ਜਾਇ ਕੈ ਗੁਰ ਕੀਜੀਐ ਸੁਣਿ ਸਤਿ ਅਤ੍ਰਿ ਕੁਮਾਰ। *(ਸ੍ਰੀ ਦਸਮ ਗ੍ਰੰਥ ਵਿੱਚੋਂ)*

ਤਥਾ: *ਦਰਬ ਹੀਨ ਵਪਾਰ ਜੈਸਾ ਅਰਥ ਬਿਨਹ ਸਲੋਕ।*
ਆਂਖ ਹੀਨ ਬਿਲੋਕਬੋ ਜਗ ਕਾਮ ਕੇਲ ਅਕੋਕ।
ਗਿਆਨ ਹੀਨ ਸੁ ਪਾਠ ਗੀਤਾ ਬੁਧ ਹੀਨ ਬਿਚਾਰ।
ਹਿੰਮਤ ਹੀਨ ਜੋਧਾਨ ਜੁਝਯ ਕੇਲ ਹੀਨ ਕੁਮਾਰ।
ਗੁਰ ਬਹੀਨ ਕਲਿਆਣ ਕਹਾਂ ਨਰ ਸਮਝ ਲੇਹੁ ਸੁਧਾਰ। *(ਸ੍ਰੀ ਦਸਮ ਗ੍ਰੰਥ ਵਿੱਚੋਂ)*

ਤਥਾ: ਮੁਰਸ਼ਿਦੇ ਕਾਮਲ ਚੁ ਬਾਸ਼ਦ ਰਹਨੁਮਾ। ਬਾ ਖੁਦਾਇ ਖੇਸ਼ ਗਰਦੀ ਆਸ਼ਨਾ। (ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)
ਅਰਥ: ਜਦੋਂ (ਕਾਮਲ) ਪੂਰਨ (ਮੁਰਸ਼ਿਦੇ) ਗੁਰੂ (ਰਹਨੁਮਾ) ਰਸਤੇ ਦੇ ਦਿਖੌਣ ਵਾਲੇ ਹੋਵਣ।
ਤਬ (ਬ) ਸਾਧ ਵਾਹਿਗੁਰੂ ਆਪਣੇ ਦੇ ਹੋਵੇ (ਆਸ਼ਨਾ) ਪਹਿਚਾਣ।

ਤਥਾ: ਮਨ ਚਿ ਜ਼ਰਹ ਮੁਸਤੇ ਅਜ਼ ਖਾਕੇ ਗ਼ਰੀਬ। ਈ ਹਮਹ ਦੌਲਤ ਜਿ ਮਰਸ਼ਿਦ ਸ਼ੁਦ ਨਸੀਬ।
ਅਰਥ: ਮੈਂ ਗ਼ਰੀਬ ਕਿਆ ਚੀਜ਼ ਹਾਂ ਜੋ ਤੁਛ ਮਾਤ੍ਰ ਮਿੱਟੀ ਦੀ ਮੁੱਠੀ ਤੋਂ ਬਣਿਆ ਹਾਂ।
(ਏ ਹਮਹ ਦੌਲਤ) ਇਹ ਸਾਰੀ ਮਾਇਆ ਗੁਰਾਂ ਦੀ ਕ੍ਰਿਪਾ ਤੋਂ (ਨਸੀਬ) ਪ੍ਰਾਪਤ ਹੋਈ ਹੈ।
ਜਿਉ ਬਸੁਧਾ ਮੈਂ ਬੀਜ ਹੈ ਤਿਉ ਆਤਮ ਮੈਂ ਅੰਕੂਰ। ਰਜਬ ਗੁਰ ਬਰਖਾ ਬਿਨ ਪ੍ਰਗਟ ਨ ਹੋਇ ਮਖਮੂਰ।

ਤਥਾ: ਹਿੰਦੂਆਂ ਉੱਠਦੀ ਦਲੀਲ ਕਾਂਸ਼ੀ ਜਾਵਣੇ ਦੀ, ਲੁਟਿਆ ਹੈ ਅੱਖੀਆਂ ਬੰਨ੍ਹ ਕੇ ਉਚੱਕਿਆਂ।
ਮੁਸਲਮਾਨ ਬੰਦਿਓ ਮੁਕਾਇਆਂ ਦਿਲੋਂ ਮੁਕਦੀ ਏ, ਮੁਕਤੀ ਨ ਮੂਲ ਲੱਖਾਂ ਵਾਰ ਜਾਇਆਂ ਮੱਕਿਆਂ।
ਪੰਜ ਕੱਕੇ ਧਾਰ ਕੇ ਨ ਪੰਜ ਵੈਰੀ ਵਸ ਕੀਤੇ, ਗੁਰੂ ਦਿਆਂ ਸਿਖਾ! ਲਾਜ ਲਾਵਣੀ ਕੀ ਕੱਕਿਆਂ।
ਕਾਲੀ ਦਾਸ ਸੁਖ ਨਹੀਂ ਨਾਮ ਤੋਂ ਬਿਹੂਨਿਆਂ ਨੂੰ, ਗੁਰੂ ਤੋਂ ਬ਼ਗ਼ੈਰ ਲੋਕ ਖਾਵੰਦੇ ਨੇ ਧੱਕਿਆਂ।

ਤਥਾ: ਪੜ੍ਹੇ ਕੇ ਨ ਬੈਠਯੋ ਪਾਸ ਅੱਖਰ ਨ ਵਾਚ ਸਕੇ, ਬਿਨ ਹੀ ਪੜ੍ਹੇ ਤੇ ਕੈਸੇ ਆਵਤ ਹੈ ਫ਼ਾਰਸੀ।
ਜੌਹਰੀ ਕੇ ਮਿਲੇ ਬਿਨ ਪਰਖ ਨ ਜਾਣੇ ਕੋਊ, ਹਾਥ ਨਗ ਲੀਏ ਫਿਰ ਸੰਸਯ ਹੂੰ ਨ ਟਾਰਸੀ।
ਵੈਦ ਹੂੰ ਨ ਮਿਲਿਉ ਕੋਉ ਬੂਟੀ ਕੋ ਬਤਾਇ ਦੇਤ, ਭੇਦ ਪਾਇ ਬਿਨ ਵਾ ਕੋ ਔਖਧੀ ਹੈ ਛਾਰਸੀ।
'ਸੁੰਦਰ' ਕਹਤ ਮੁੱਖ ਰੰਚ ਹੂੰ ਨ ਦੇਖਯੋ ਜਾਏ, ਗੁਰੂ ਬਿਨ ਗਯਾਨ ਜਿਉਂ ਅੰਧੇਰੇ ਮਹਿ ਆਰਸੀ।

ਤਥਾ: ਈਸ਼ ਸੇਵੇ ਬਹੁ ਕਾਲ ਜੋ ਗੁਰ ਸੇਵੇ ਦਿਨ ਚਾਰ ਤੌਂ ਭੀ ਸਮਤਾ ਹੋਇ ਨਹਿ ਕਹਿਤੇ ਵੇਦ ਪੁਕਾਰ।
(ਵਿਚਾਰ ਸਾਗਰ ਤੀਸਰਾ ਤਰੰਗ)

ਤਥਾ: ਈਸ਼ਵਰ ਤੇ ਗੁਰ ਮੈਂ ਅਧਿਕ, ਧਾਰੈ ਭਗਤ ਸੁਜਾਨ। ਬਿਨ ਗੁਰ ਭਗਤ ਪ੍ਰਬੀਣ ਹੂੰ, ਲਹੈ ਨ ਆਤਮ ਗਯਾਨ।

ਗੁਰੂ ਤੋਂ ਸੇਵਾ ਕੀਤਿਆਂ ਦਾਤ ਮਿਲਦੀ ਹੈ।

ਜਿਵੇਂ ਇੱਕ ਦੂਜੇ ਤੋਂ ਦੁਨਿਆਵੀ ਹੁਨਰ ਲੈਣ ਦੇ ਵੀ ਤਿੰਨ ਤਰੀਕੇ ਹਨ। ਯਥਾ:

੧) ਸੇਵਾ ਦੁਆਰਾ ਉਸ ਦੀ ਪ੍ਰਸੰਨਤਾ ਕਰਕੇ,

੨) ਕੋਈ ਵਿੱਦਿਆ ਆਦਿਕ ਗੁਣ ਸਿੱਖ ਲੈਣਾ ਜਾਂ ਧਨ ਬਦਲੇ ਭਾਵ ਟਿਊਸ਼ਨ ਤੇ ਟੀਚਰ ਰੱਖ ਕੇ ਵਿੱਦਿਆ ਪੜ੍ਹਣੀ।

੩) ਕਿਸੇ ਗੁਣ ਬਦਲੇ ਗੁਣ ਵਟਾ ਲੈਣਾ ਆਪਣਾ ਗੁਣ ਉਸ ਨੂੰ ਦਸ ਦੇਣਾ ਉਸ ਦਾ ਗੁਣ ਉਸ ਪਾਸੋਂ ਪੁੱਛ ਲੈਣਾ ਇਹ ਤਿੰਨ ਹੀ ਤਰੀਕੇ ਹਨ।

ਗੁਰ ਸੇਵਾ ਵਾ ਦਰਬ ਕਰ ਵਿੱਦਿਆ ਵਿੱਦਿਆ ਹੋਇ। ਤ੍ਰਿਤੀ ਬਿਧਿ ਵਿਦਸ਼ਾ ਕਰਹਿ ਚਉਥੋ ਹੇਤੁ ਨ ਕੋਇ।

ਪਰ ਸੇਵਾ ਕਰ ਕੇ ਗੁਣ ਲੈਣ ਦਾ ਤਰੀਕਾ ਸ੍ਰੇਸ਼ਟ ਹੈ। ਇਸੇ ਤਰ੍ਹਾਂ ਜਗਿਆਸੂ ਨੂੰ ਮੁਰਸ਼ਦ ਦੀ ਸ਼ਰਨ ਬਗ਼ੈਰ ਆਪਣੇ ਆਪ ਨਾਮ ਦਾ ਜਾਪ ਕਰਿਆ ਫਲੀਭੂਤ ਤੇ ਸਫ਼ਲਾ ਨਹੀਂ ਅਤੇ ਨਾਮ ਪੁੱਛਣ ਬਦਲੇ ਮੁਰਸ਼ਦ ਦੀ ਸੇਵਾ ਵੀ ਜ਼ਰੂਰੀ ਹੈ। ਜੇਕਰ ਮਹਾਂਪੁਰਸ਼ ਕ੍ਰਿਪਾ ਕਰ ਕੇ ਕਿਸੇ ਨੂੰ ਸੇਵਾ ਕਰਾਏ ਬਿਨਾਂ ਦਾਤ ਬਖ਼ਸ਼ ਵੀ ਦੇਣ ਤਾਂ ਉਹ ਰਹਿ ਨਹੀਂ ਸਕਦੀ।

ਜਿਵੇਂ ਬੁੱਲੇ ਸ਼ਾਹ ਸੱਯਦ ਅਨਾਇਤ ਸਾਹ ਅਰਾਂਈ ਦੇ ਪਾਸ ਗਿਆ। ਉਹ ਗੰਢਿਆਂ ਦੀ ਪਨੀਰੀ ਲਗਾ ਰਿਹਾ ਸੀ। ਜਦੋਂ ਇਸ ਨੇ ਬੇਨਤੀ ਕੀਤੀ, "ਸਾਂਈ ਜੀ! ਦਾਤ ਕਰੋ।" ਤਾਂ ਉਨ੍ਹਾਂ ਨੇ ਸਹਿਜੇ ਹੀ ਬਚਨ ਕੀਤਾ, "ਬੁੱਲਿਆ ਰੱਬ ਦਾ ਕੀ ਪੌਣਾ। ਏਧਰੋਂ ਪੁੱਟਣਾ ਓਧਰ ਲੌਣਾ।" ਜਿਵੇਂ ਮੈਂ ਗੰਢੇ ਪੁੱਟ ਕੇ ਦੂਜੀ ਜਗ੍ਹਾ ਲਗਾ ਰਿਹਾ ਹਾਂ, ਇਸੇ ਤਰ੍ਹਾ ਮਨ ਨੂੰ ਸੰਸਾਰ ਵਲੋਂ ਹਟਾ ਕੇ ਪ੍ਰਮੇਸ਼ਰ ਵੱਲ ਜੋੜ ਦੇਵੇ। ਬੱਸ! ਇਤਨਾ ਹੀ ਉਪਦੇਸ਼ ਕੀਤਾ ਤੇ ਨਦਰ ਪਾਈ। ਉਸੇ ਸਮੇਂ ਬੁੱਲ੍ਹੇ ਸ਼ਾਹ ਨੂੰ ਗਿਆਨ ਹੋ ਗਿਆ। ਪਰ ਜਦੋਂ ਬਾਅਦ ਵਿੱਚ ਅਨਾਇਤ ਯਾਹ ਬੁੱਲ੍ਹੇ ਸ਼ਾਹ ਨੂੰ ਮਿਲਣ ਗਿਆ ਤਾਂ ਉਸ ਸਮੇਂ ਬੁੱਲ੍ਹੇ ਸ਼ਾਹ ਪਾਸ ਬਹੁਤ ਸਾਰੇ ਸੇਵਕ ਬੈਠੇ ਸਨ ਉਸ ਨੇ ਸੋਚਿਆ ਜੇ ਮੈਂ ਇਨ੍ਹਾਂ ਦੇ ਸਤਿਕਾਰ ਵਾਸਤੇ ਉੱਠਿਆ ਤਾਂ ਮੇਰੀ ਹਾਨੀ ਹੋਵੇਗੀ ਕਿਉਂਕਿ ਮੈਂ ਸੱਯਦ ਹਾਂ ਅਤੇ ਅਨਾਇਤ ਸ਼ਾਹ ਅਰਾਂਈ ਹੈ। ਜਿਵੇਂ ਕ੍ਰਿਸ਼ਨ ਜੀ ਦਾ ਆਉਣਾ ਸੁਣ ਕੇ ਦੁਰਯੋਧਨ ਘੋੜਿਆਂ ਦੇ ਤਬੇਲੇ ਵਿੱਚ ਚਲਾ ਗਿਆ ਸੀ ਕਿ ਮੈਨੂੰ ਇਨ੍ਹਾਂ ਦੇ ਔਣ ਤੇ ਸਤਿਕਾਰ ਵਾਸਤੇ ਉੱਠਣਾ ਪਵੇਗਾ ਅਤੇ ਲੋਕੀਂ ਮੇਰੀ ਨਿੰਦਿਆ ਕਰਨਗੇ। ਉਸ ਸਮੇਂ ਭਗਵਾਨ ਜੀ ਇਸ ਦੇ ਮਨ ਦੀ ਜਾਣ ਕੇ ਬਿਦਰ ਦੇ ਘਰ ਚਲੇ ਗਏ ਸਨ ਅਤੇ ਦੂਸਰੇ ਦਿਨ ਕਿਹਾ ਸੀ। ਯਥਾ:

ਰਾਜਨ ਕਉਨੁ ਤੁਮਾਰੈ ਆਵੈ ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥੧॥ ਰਹਾਉ ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥
ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ ॥੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥੨॥੯॥

(ਮਾਰੂ ਭਗਤ ਕਬੀਰ ਜੀ - ਅੰਗ ੧੧੦੫)

ਇਸੇ ਤਰ੍ਹਾਂ ਅਨਾਇਤ ਸ਼ਾਹ ਵੀ ਇਸ ਦੇ ਮਨ ਦੀ ਗੱਲ ਨੂੰ ਜਾਣ ਕੇ ਉੱਥੋਂ ਹੀ ਵਾਪਸ ਮੁੜ ਆਏ। ਜਦੋਂ ਘਰ ਆ ਕੇ ਰੋਟੀ ਖਾਣ ਲੱਗੇ ਤਾਂ ਪਾਣੀ ਦੀ ਕੁਰਲੀ ਭਰ ਕੇ ਜ਼ੋਰ ਨਾਲ ਕੰਧ ਤੇ ਮਾਰੀ ਤੇ ਕਿਹਾ, "ਲੈ ਬੁੱਲ੍ਹਿਆ! ਤੂੰ ਸੱਯਦ ਆਪਣੇ ਘਰ, ਅਸੀਂ ਅਰਾਂਈ ਆਪਣੇ ਘਰ।" ਇਉਂ ਕਹਿ ਕੇ ਸਾਰੀ ਤਾਕਤ ਖਿੱਚ ਲਈ। ਉਸ ਸਮੇਂ ਬੁੱਲ੍ਹੇ ਸ਼ਾਹ ਦੇ ਅੰਦਰਲੇ ਨੇਤ੍ਰ ਬੰਦ ਹੋ ਗਏ। ਬੜਾ ਪਸ਼ਚਾਤਾਪ ਕੀਤਾ। ਉਪਰੰਤ ਗੁਰੂ ਦੀ ਖ਼ੁਸ਼ੀ ਵਾਸਤੇ ੧੨ ਸਾਲ ਵੇਸਵਾ ਦੇ ਹੁੱਕੇ ਭਰ ਕੇ ਉਸ ਪਾਸੋਂ ਨਾਚ ਤੇ ਗਾਣਾ ਸਿੱਖ ਕੇ ਅਨਾਇਤ ਸ਼ਾਹ ਦੇ ਸਾਹਮਣੇ ਨਾਚ ਕੀਤਾ ਜਿਸ ਤੇ ਪ੍ਰਸੰਨ ਹੋ ਕੇ ਆਪਣੇ ਗਲ ਨਾਲ ਲਗਾ ਕੇ ਅਨਾਇਤ ਸ਼ਾਹ ਬੋਲਿਆ:

ਜੋ ਦਰ ਉੱਪਰ ਪੜ ਰਹੇ ਧਕੇ ਧਨੀ ਕੇ ਖਾਇ। ਇਕ ਦਿਨ ਫੇਰ ਨਿਵਾਜ਼ਸੀ ਜਉ ਦਰ ਛੋਡ ਨ ਜਾਇ।

ਲੈ ਬੁੱਲ੍ਹਿਆ! ਮਿਲ ਤਾਂ ਗਈ ਪਰ ਅੱਗੇ ਤੇਰੀ ਖਾਨਦਾਨੀ ਨਹੀਂ ਚਲੇਗੀ। ਇਉਂ ਸੇਵਾ ਤੋਂ ਬਿਨਾਂ ਪ੍ਰਾਪਤ ਹੋਈ ਦਾਤ ਸਫ਼ਲੀ ਨਾ ਹੋਈ।

ਦੁਨੀਆਂ ਫਰਾਕ ਕਾਮਲ ਫ਼ਕੀਰ

ਕਾਮਲ ਮੁਰਸ਼ਦ ਦੀ ਇੱਕੋ ਹੀ ਨਦਰ ਨੇ ਮਨਸੂਰ ਦੀ ਕਾਇਆ ਪਲਟ ਦਿੱਤੀ। ਹੁਸੈਨ ਦੇ ਘਰ ਇੱਕ ਲੜਕਾ ਤੇ ਇੱਕ ਲੜਕੀ ਸੀ। ਉਸ ਦੀ ਮੌਤ ਹੋਈ ਤਾਂ ਇਹ ਦੋਵੇਂ ਭੈਣ ਭਰਾ ਯਤੀਮ ਹੋ ਗਏ। ਬਾਅਦ ਵਿੱਚ ਐਨਲ ਤਾਂ ਸੰਤਾ ਦੀ ਸੇਵਾ ਵਿੱਚ ਲੱਗ ਗਈ ਜੋ ਰੋਜ਼ ਰਾਤ ਨੂੰ ਜਾ ਕੇ ਲੰਗਰ ਤਿਆਰ ਕਰ ਕੇ ਛਕਾਵੇ, ਜੂਠੇ ਬਰਤਨ ਮਾਂਜੇ, ਸੀਤ ਪ੍ਰਸ਼ਾਦ ਛਕੇ।

ਲੋਕਾਂ ਨੇ ਮਨਸੂਰ ਨੂੰ ਕਿਹਾ ਤੂੰ ਆਪਣੀ ਭੈਣ ਨੂੰ ਰੋਕਦਾ ਨਹੀਂ। ਉਹ ਰੋਜ਼ ਅੱਧੀ ਅੱਧੀ ਰਾਤ ਤੱਕ ਬਾਹਰ ਰਹਿੰਦੀ ਹੈ। ਨਿੰਦਕਾਂ ਦੇ ਬਚਨ ਸੁਣ ਕੇ ਇਸ ਦਾ ਵੀ ਮਨ ਭਰਮ ਗਿਆ। ਇੱਕ ਦਿਨ ਰਾਤ ਦੇ ਸਮੇਂ ਐਨਲ ਦੇ ਪਿੱਛੇ ਲੱਗ ਤੁਰਿਆ ਕਿ ਦੇਖਾਂ ਤਾਂ ਸਹੀ, ਇਹ ਰੋਜ਼ ਜਾਂਦੀ ਕਿੱਥੇ ਹੈ? ਐਨਲ ਤਾਂ ਆਪਣੇ ਨਿਯਮ ਅਨੁਸਾਰ ਸੰਤਾਂ ਦੇ ਡੇਰੇ ਜਾ ਕੇ ਸੇਵਾ ਕਰਨ ਲੱਗ ਪਈ। ਮਨਸੂਰ ਬਾਹਰ ਛੁਪ ਕੇ ਬੈਠ ਗਿਆ। ਏਧਰੋਂ ਐਨਲ ਜਦੋਂ ਸੰਤਾਂ ਨੂੰ ਰੋਟੀ ਛਕਾ ਚੁੱਕੀ ਤਾਂ ਜਾਣ ਸਮੇਂ ਅਰਜ਼ ਕੀਤੀ, "ਮਹਾਰਾਜ! ਇੱਕ ਰੋਟੀ ਬਚ ਗਈ ਹੈ।" ਸੰਤਾਂ ਨੇ ਕਿਹਾ, "ਬੇਟਾ! ਇਹ ਉਸ ਨੂੰ ਖਵਾ ਦੇਹ, ਜੋ ਤੇਰੇ ਨਾਲ ਆਇਆ ਹੈ।" ਐਨਲ ਨੇ ਕਿਹਾ, "ਮਹਾਰਾਜ! ਮੇਰੇ ਨਾਲ ਤਾਂ ਹੋਰ ਕੋਈ ਨਹੀਂ ਆਇਆ।" ਸੰਤ ਬੋਲੇ, "ਬੇਟਾ! ਤੈਨੂੰ ਪਤਾ ਨਹੀਂ। ਜ਼ਰਾ ਦਰਵਾਜ਼ੇ ਵੱਲ ਵੇਖ, ਉਹ ਬਾਹਰ ਬੈਠਾ ਹੈ।" ਐਨਲ ਰੋਟੀ ਲੈ ਕੇ ਬਾਹਰ ਆਈ ਤੇ ਮਨਸੂਰ ਨੂੰ ਦੇਖ ਕੇ ਕਿਹਾ, "ਲੈ ਖਾ ਲੈ। ਤੂੰ ਮੇਰੇ ਮਗਰ ਕੀ ਕਰਨ ਆ ਗਿਆ ਹੈਂ?" ਮਨਸੂਰ ਨੇ ਭੈਣ ਦਾ ਬਚਨ ਮੰਨ ਕੇ ਰੋਟੀ ਫੜ ਲਈ। ਜਦੋਂ ਖਾਧੀ, ਤਾਂ ਫੇਰ ਕੀ ਸੀ ਉਸ ਦੇ ਅੰਦਰਲੇ ਨੇਤ੍ਰ ਖੁੱਲ ਗਏ। ਰੋਟੀ ਖਾਂਦੇ ਸਾਰ ਹੀ ਮਸਤ ਹੋ ਗਿਆ ਅਤੇ 'ਐਨਲ ਹੱਕ' 'ਐਨਲ ਹੱਕ' ਪੁਕਾਰ ਉੱਠਿਆ ਕਿ ਜੀਵ ਤਾਂ ਖ਼ੁਦਾ ਦਾ ਰੂਪ ਹੈ।

ਲੋਕਾਂ ਵਿੱਚ ਆਮ ਚਰਚਾ ਸ਼ੁਰੂ ਹੋ ਗਈ ਕਿ ਮਨਸੂਰ ਭੈਣ ਤੇ ਆਸ਼ਕ ਹੋ ਗਿਆ ਅਤੇ ਹਰ ਸਮੇਂ ਓਸੇ ਦਾ ਨਾਮ ਹੀ ਲੈਂਦਾ ਰਹਿੰਦਾ ਹੈ। ਸੂਫੀ ਮੱਤ ਦੇ ਫ਼ਕੀਰ ਕਹਿਣ ਜੇਕਰ ਤੂੰ ਖ਼ੁਦਾ ਦਾ ਸਰੂਪ ਹੈ ਤਾਂ ਫੇਰ ਕਹਿੰਦਾ ਕਿਸ ਨੂੰ ਹੈ ਕਿ ਮੈਂ ਖ਼ੁਦਾ ਹਾਂ। ਇਸ ਲਈ ਤੈਨੂੰ ਸ਼ਰੀਅਤ ਦੇ ਹੁਕਮ ਅਨੁਸਾਰ ਮੌਤ ਦੀ ਸਜ਼ਾ ਹੈ। ਇਉਂ ੯੨੨ ਈ. ਵਿੱਚ ਉਸ ਦੀ ਜਨਮ ਭੂਮੀ ਬਗਦਾਦ ਵਿੱਚ ਮਨਸੂਰ ਨੂੰ ਸੂਲੀ ਟੰਗ ਦਿੱਤਾ। ਪਰ ਇਹ ਰੰਗ ਨਾ ਉੱਤਰਿਆ ਕਿਉਂਕਿ ਉਹ ਆਪਣੇ ਆਪ ਤੇ ਹੀ ਆਸ਼ਕ ਹੋ ਗਿਆ ਸੀ।

ਹਛਾ ਕੀਆ ਜੋ ਮਨਸੂਰ ਕੋ ਦਾਰ ਪੈ ਖੈਂਚਾ। ਨਹੀਂ ਤੋਂ ਉਸ ਕਾ ਮੁਸ਼ਕਲ ਥਾ ਰਾਜ ਦਾ ਹੋ ਕਰ ਜੀਣਾ।

ਚੇ ਨਦਾਂ ਬੂਦ ਆ ਮਜ਼ਨੂੰ। ਆਸ਼ਕ ਗੁਸ਼ਤਾ ਸ਼ਤਾ ਦਰ ਲੈਲੀ।

ਅਜਬ ਮਨ ਸਮਸ਼ ਤਬਰੇਜ਼ਮੰ ਆਸ਼ਕ ਗੁਸ਼ਤਾ ਬਰ ਖੁਦਾ।

ਭਾਵ ਸਮਸ਼ਤਬਰੇਜ਼ ਕਹਿੰਦਾ ਹੈ ਕਿ ਉਹ ਮਜਨੂੰ ਕੈਸਾ ਪਾਗ਼ਲ ਤੇ ਦੀਵਾਨਾ ਸੀ ਜੋ ਲੇਲੀ ਤੇ ਆਸ਼ਕ ਹੋ ਕੇ ਸਾਰੇ ਜਹਾਨ ਵਿੱਚ ਬਦਨਾਮ ਹੋਇਆ ਤੇ ਇੱਟਾਂ ਵੱਟੇ ਖਾਧੇ ਅਤੇ ਮੈਂ ਖ਼ੁਸ਼ ਕਿਸਮਤ ਹਾਂ ਜੋ ਆਪਣੇ ਆਪ ਤੇ ਆਸ਼ਕ ਹੋ ਕੇ ਖ਼ੁਦਾ ਖੁਦ ਹੋ ਗਿਆ ਹਾਂ ਅਤੇ ਅਸਲ ਵਿੱਚ ਇਹੋ ਹੀ ਅਨੰਦ ਹੈ।

ਯਥਾ: ਖੁਦ ਮਸਤੀ ਬਿਨ ਔਰ ਮਸਤ ਸਭ ਪੜੇ ਅਵਿੱਦਿਆ ਕੂਏ ਮੇ।

ਤਥਾ: ਜਬ ਖ਼ੁਦਾ ਮੇ ਮਸਤ ਹੂਆ ਤਬ ਮਦਰਾ ਪਾਨ ਕਿਆ।

ਜਬ ਖੋਜਿਆ ਅਪਨਾਂ ਆਪ ਤਾਂ ਬੇਦ ਪੁਰਾਨ ਕਿਆ।

ਇਉਂ ਇਨ੍ਹਾਂ ਪ੍ਰਮਾਣਾਂ ਤੋਂ ਇਹ ਸਿੱਧ ਹੋਇਆ ਕਿ ਹਰ ਇੱਕ ਨੂੰ ਅਵੱਸ਼ ਹੀ ਗੁਰੂ ਸ਼ਰਨ ਧਾਰਨ ਕਰਣੀ ਚਾਹੀਦੀ ਹੈ।

ਮਿਸਟਰ ਯੂ ਕਰਾਮਤ ਆਇਆ ਤਾਂ ਸੀ ਕੁਛ ਮਿੰਟਾਂ ਵਾਸਤੇ ਦਰਸ਼ਨ ਕਰਨ ਪਰ ਬਚਨ ਬਿਲਾਸ ਕਰਦਿਆਂ ਡੇਢ ਘੰਟਾ ਲੱਗ ਗਿਆ। ਦੁਪਹਿਰ ਦਾ ਸਮਾਂ ਹੋਇਆ ਜਾਣ ਕੇ ਸੇਵਾਦਾਰ ਨੇ ਕਿਹਾ ਹੁਣ ਸੰਤ ਜੀ ਮਹਾਰਾਜ ਨੇ ਪ੍ਰਸ਼ਾਦ ਛਕ ਕੇ ਆਰਾਮ ਕਰਨਾ ਹੈ ਤੁਸੀਂ ਵੀ ਲੰਗਰ ਛਕੋ।

ਇਹ ਉੱਤਮ ਉਪਦੇਸ਼ ਸੁਣ ਕੇ ਉਸ ਦੇ ਮਨ ਵਿੱਚ ਅਸਰ ਤਾਂ ਕਾਫ਼ੀ ਹੋਇਆ ਪਰ ਅਜੇ ਪੂਰਨ ਨਿਸ਼ਚਾ ਨਹੀਂ ਸੀ ਬੱਝਾ। ਕਹਿਣ ਲੱਗਾ, "ਮਹਾਰਾਜ ! ਮੇਰਾ ਤਾਂ ਏਹੋ ਹੀ ਦ੍ਰਿੜ ਖ਼ਿਆਲ ਹੈ ਕਿ ਮਨੁੱਖ ਚੰਗੇ ਕਰਮਾਂ ਨੂੰ ਕਰੇ ਗੁਰੂ ਦੀ ਕੋਈ ਲੋੜ ਨਹੀਂ।" ਸੰਤ ਜੀ ਮਹਾਰਾਜ ਧਾਰਮਿਕ ਗ੍ਰੰਥਾ ਦੁਆਰਾ ਕੁਰਾਨ ਤੇ ਅੰਜੀਲ ਦੇ ਪ੍ਰਮਾਣ ਦੇ ਕੇ ਕਾਫ਼ੀ ਸਮਾਂ ਉਪਦੇਸ਼ ਕਰਦੇ ਰਹੇ।

ਅਖ਼ੀਰ ਨੂੰ ਮੱਥਾ ਟੇਕ ਦੇ ਆਗਯਾ ਪਾ ਕੇ ਵਾਪਸ ਚਲਾ ਗਿਆ। ਪਰ ਪਤਾ ਨਹੀਂ ਮਹਾਂਪੁਰਸ਼ਾਂ ਦੀ ਸੰਗਤ ਦਾ ਇਸ ਦੇ ਮਨ ਤੇ ਕੀ ਅਸਰ ਹੋਇਆ। ਹਾਂਸ ਨਗਰ ਵਿੱਚ ਮੁੜ ਤਾਂ ਆਇਆ ਪਰ ਸਾਰਾ ਦਿਨ ਮਨ ਬੜਾ ਉਪਰਾਮ ਅਤੇ ਉਚਾਟ ਰਿਹਾ। ਸ਼ਾਮ ਨੂੰ ਨਿਮਾਜ਼ ਵੀ ਕੀਤੀ ਪਰ ਉੱਪਰੋਂ ਉੱਪਰੋਂ, ਮਨ ਨਹੀਂ ਲੱਗਾ। ਅਤੇ ਸਾਰੀ ਰਾਤ ਨੀਂਦ ਨਾ ਆਈ। ਪਾਸੇ ਮਾਰਦਿਆਂ ਤੇ ਚਿੰਤਾ ਵਿੱਚ ਗ਼ਲਤਾਨ ਹੋਇਆਂ ਪੌਹ ਫੁਟਾਲਾ ਹੋ ਆਇਆ। ਅਤੇ ਸੁਵਖਤੇ ਹੀ ਹੱਥ ਮੂੰਹ ਧੋ, ਚਾਹ ਪਾਣੀ ਛਕ ਕੇ ਕਰਮਸਰ ਗੁਰਦੁਆਰੇ ਆ ਪੁੱਜਾ। ਪਹਿਲੇ ਦਿਨ ਵਾਂਗ ਛੋਟੇ ਸੰਤਾਂ ਨੂੰ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਅੱਜ ਫੇਰ ਪੀਰ ਜੀ ਦੇ ਦਰਸ਼ਨ ਕਰਵਾ ਦਿਓ।" ਛੋਟੇ ਸੰਤ ਜੀ ਮਹਾਰਾਜ ਨੇ ਸੇਵਾਦਾਰ ਨੂੰ ਆਖ ਕੇ ਫੇਰ ਵੱਡੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਭੇਜ ਦਿੱਤਾ। ਇਸ ਨੇ ਅੱਗੇ ਹੋ ਕੇ ਭਾਵਨਾ ਨਾਲ ਮੱਥਾ ਟੇਕਿਆ ਤੇ ਹੱਥ ਜੋੜ ਕੇ ਸਾਹਮਣੇ ਬੈਠ

ਗਿਆ। ਹਜ਼ੂਰ ਕਹਿਣ ਲੱਗੇ, "ਕੀ ਗੱਲ ਹੈ? ਅਜੇ ਤਾਂ ਕੱਲ੍ਹ ਹੀ ਸ਼ਾਮ ਨੂੰ ਗਿਆ ਹੈਂ?" ਇਸ ਨੇ ਕਿਹਾ, "ਮਹਾਰਾਜ! ਮੈਨੂੰ ਤਾਂ ਸਾਰੀ ਰਾਤ ਨੀਂਦ ਨਹੀਂ ਆਈ। ਹੁਣ ਪਤਾ ਲੱਗ ਗਿਆ ਕਿ ਠੀਕ ਮੁਰਸ਼ਦ ਤੋਂ ਬਗ਼ੈਰ ਜੀਵ ਦੀ ਕਲਿਆਣ ਨਹੀਂ ਹੋ ਸਕਦੀ। ਇਹ ਮੈ ਸਾਰੀ ਹਾਲਤ ਰਾਤੀਂ ਸੁਪਨੇ 'ਚ ਆਪਣੀ ਅੱਖੀਂ ਡਿੱਠੀ ਕਿ ਬੇ-ਮੁਰਸ਼ਦੇ ਦੀ ਪ੍ਰਲੋਕ ਵਿੱਚ ਕੇਹੋ ਜਿਹੀ ਦਸ਼ਾ ਹੁੰਦੀ ਹੈ। ਪਾਪੀ ਜੀਵਾਂ ਤੇ ਨਿਗੁਰਿਆਂ ਨੂੰ ਦੋਜ਼ਖ ਦੀ ਆਤਸ਼ ਸਾੜਦੀ ਹੈ। ਹੁਣ ਆਪ ਕ੍ਰਿਪਾ ਕਰੋ ਤੇ ਮੈਨੂੰ ਉਪਦੇਸ਼ ਬਖ਼ਸ਼ੋ।" ਸੰਤ ਜੀ ਮਹਾਰਾਜ ਮੁਸਕਰਾਏ ਅਤੇ ਕਹਿਣ ਲੱਗੇ, "ਇਹ ਤਾਂ ਅਸੀਂ ਤੈਨੂੰ ਸਾਧਾਰਨ ਗੱਲ ਦੱਸੀ ਹੈ ਕਿ ਗੁਰੂ ਤੋਂ ਬਿਨਾਂ ਖ਼ੁਦਾ ਦੀ ਪ੍ਰਾਪਤੀ ਨਹੀਂ ਪਰ ਉਪਦੇਸ਼ ਤਾਂ ਆਪਣੇ ਮੱਤ ਦੇ ਕਿਸੇ ਮੁਸਲਮਾਨ ਪੀਰ ਤੋਂ ਲਵੀਂ।" ਇਸ ਨੇ ਅਰਜ਼ ਕੀਤੀ, "ਮਹਾਰਾਜ! ਜੋ ਮਾਰਫਤ ਦੀ ਅਵਸਥਾ ਵਿੱਚ ਵਿਚਰਨ ਵਾਲਾ ਪੂਰਨ ਮਹਾਂਪੁਰਖ ਹੈ, ਉਸ ਵਾਸਤੇ ਹਿੰਦੂ, ਮੁਸਲਮਾਨ, ਸਿੱਖ, ਈਸਾਈ ਦਾ ਵਿਤਕਰਾ ਮਿਟ ਜਾਂਦਾ ਹੈ।

ਜਾ ਕੈ ਦੂਰ ਭਇਓ ਭ੍ਰਮ ਉਰ ਕਾ ॥ ਤਿਸ ਆਗੈ ਕਿਆ ਹਿੰਦੂ ਕਿਆ ਤੁਰਕਾ ॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਤੁਹਾਡੇ ਬਜ਼ੁਰਗ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮੁਸਲਮਾਨ ਨੂੰ ਸਾਂਝਾ ਉਪਦੇਸ਼ ਕੀਤਾ ਹੈ। ਇਸੇ ਤਰ੍ਹਾਂ ਕਲਗੀਆਂ ਵਾਲੇ ਪਾਤਸ਼ਾਹ ਤੋਂ ਭੀ ਬੁੱਧੂ ਸ਼ਾਹ ਵਰਗੇ ਕਾਮਲ ਫ਼ਕੀਰਾਂ ਨੇ ਬਖ਼ਸ਼ਸ਼ਾਂ ਪਾਈਆਂ। ਸਮਾਧੀ ਵਿੱਚ ਪਟਨੇ ਦਾ ਪ੍ਰਕਾਸ਼ ਤੱਕ ਕੇ ਭੀਖਨ ਸ਼ਾਹ ਨੇ ਭੀ ਚੜ੍ਹਦੇ ਵਲ ਹੀ ਨਿਮਾਜ਼ ਪੜ੍ਹੀ। ਆਪ ਜੀ ਵੀ ਉਨ੍ਹਾਂ ਦੇ ਨਾਮ ਲੇਵਾ ਅਤੇ ਉਸੇ ਦਰੋਂ ਵਰੋਸਾਏ ਹੋ, ਮੇਰੇ ਅੰਦਰ ਵੀ ਹੁਣ ਹੋਰ ਕਿਤੇ ਜਾਣ ਦਾ ਖ਼ਿਆਲ ਨਹੀਂ ਰਿਹਾ। ਏਥੇ ਹੀ ਪੂਰਨ ਸ਼ਰਧਾ ਬੱਝੀ ਹੈ, ਸੋ ਆਪ ਕ੍ਰਿਪਾ ਕਰੋ।"

ਜਦੋਂ ਉਸ ਨੇ ਕਾਫ਼ੀ ਸਮਾਂ ਬੈਠਿਆਂ ਬਾਰੰਬਾਰ ਬੇਨਤੀ ਕੀਤੀ ਤਾਂ ਸੰਤ ਜੀ ਮਹਾਰਾਜ ਨੇ ਉਸ ਦਾ ਹਠ ਅਤੇ ਮਨ ਅੰਦਰਲੀ ਭਾਵਨਾ ਤੱਕੀ ਤਾਂ ਬਚਨ ਕੀਤਾ ਕਿ ਇਹ ਦੱਸ ਕਿ ਤੇਰੇ ਮਤ ਅਨੁਸਾਰ ਦੀਨ ਇਸਲਾਮ ਦਾ ਉਪਦੇਸ਼ ਦੇਈਏ ਜਾਂ ਗੁਰੂ ਘਰ ਦਾ ਮੰਦਰ ਦਸੀਏ? ਇਸ ਨੇ ਅਰਜ਼ ਕੀਤੀ, "ਮਹਾਰਾਜ! ਮੈਂ ਸ਼ਰਈ ਲੋਕਾਂ ਤੋਂ ਡਰਦਾ ਹੋਇਆ ਬਾਹਰਲਾ ਲਿਬਾਸ ਤਾਂ ਬਦਲ ਨਹੀਂ ਸਕਦਾ। ਹਾਂ, ਉਪਦੇਸ਼ ਚਾਹੇ ਕੋਈ ਦੇ ਦੇਵੋ ਉਸੇ ਤੇ ਨਿਸ਼ਚਾ ਕਰਾਂਗਾ।" ਸੰਤ ਜੀ ਕਹਿਣ ਲੱਗੇ, "ਜੇਕਰ ਅੰਮ੍ਰਿਤ ਪਾਨ ਕਰ ਕੇ ਸਿੰਘ ਸਜਣਾ ਹੋਵੇ, ਤਾਂ ਤੈਨੂੰ ਗੁਰੂ ਘਰ ਦਾ ਉਪਦੇਸ਼ ਦੇਂਦੇ ਹਾਂ। ਨਹੀਂ ਤੇਰੇ ਦੀਨ ਇਸਲਾਮ ਅਨੁਸਾਰ ਦੱਸ ਦੇਂਦੇ ਹਾਂ।" ਇਸ ਨੇ ਫੇਰ ਕਿਹਾ, "ਗ਼ਰੀਬ ਨਿਵਾਜ਼! ਬਾਹਰੋਂ ਤਾਂ ਮੈਂ ਆਪਣੇ ਮੁਸਲਮਾਨ ਭਰਾਵਾਂ ਨਾਲ ਹੀ ਵਰਤ ਵਰਤਾ ਰੱਖਣਾ ਹੈ। ਫੇਰ ਇਹ ਗੱਲ ਅੰਮ੍ਰਿਤ ਪਾਨ ਕਰ ਕੇ ਰਹਿਤ ਰੱਖਣ ਵਾਲੀ ਕਠਨ ਹੋ ਜਾਵੇਗੀ। ਹੋਰ ਜੋ ਆਪ ਕਹੋ, ਮੈਂ ਮੰਨਾਂਗਾ।" ਹਜ਼ੂਰ ਸੋਚਣ ਲੱਗੇ ਕਿ ਬਦੋਬਦੀ ਕਿਸੇ ਧਰਮ ਤੇ ਹਮਲਾ ਕਰਨਾ ਠੀਕ ਨਹੀਂ। ਅਤੇ ਜੇਕਰ ਕਿਸੇ ਬੂਟੇ ਨੂੰ ਪੁੱਟ ਕੇ ਦੂਜੀ ਥਾਂ ਤੇ ਲਾਈਏ ਤਾਂ ਉਹ ਛੇਤੀ ਕਾਮਯਾਬ ਨਹੀਂ ਹੋਵੇਗਾ। ਚਾਹੀਦਾ ਤਾਂ ਇਹ ਹੈ ਕਿ ਜਿੱਥੇ ਵੀ ਉਹ ਖੜ੍ਹਾ ਹੈ ਉੱਥੇ ਹੀ ਉਸ ਦੇ ਚੁਫੇਰੇ ਵਾੜ ਕੀਤੀ ਜਾਵੇ। ਇਸੇ ਤਰ੍ਹਾਂ ਇਸ ਨੂੰ ਵੀ ਮੁਸਲਮਾਨ ਮੱਤ ਤੇ ਨਿਸ਼ਚਾ ਹੈ। ਜਿਵੇਂ ਕਿਸੇ ਸਿੱਖ ਨੂੰ ਗ਼ੈਰ ਮੱਤ ਤੇ ਭਰੋਸਾ ਨਹੀਂ ਬੱਝਦਾ, ਇਸੇ ਤਰ੍ਹਾਂ ਇਸ ਨੂੰ ਦੀਨ ਇਸਲਾਮ ਤੇ ਹੀ ਸ਼ਰਧਾ ਹੈ ਉਹੋ ਹੀ ਉਪਦੇਸ਼ ਦਸੀਏ। ਇਉਂ ਵਿਚਾਰ ਕੇ ਬਚਨ ਕੀਤਾ, "ਆਉਂਦੇ ਜਾਂਦੇ ਸਵਾਸਾਂ ਨਾਲ ਖ਼ੁਦਾ ਜਾਪ ਕਰਨਾ। ਅੰਦਰ ਜਾਣ ਵਾਲੇ ਸਵਾਸ ਨਾਲ 'ਅੱਲਾ' ਤੇ ਬਾਹਰ ਔਣ ਸਮੇਂ 'ਹੂ' ਆਖਣਾ। ਇਉਂ 'ਅੱਲਾ ਹੂ' 'ਅੱਲਾ ਹੂ' ਦਾ ਸਵਾਸ ਸਵਾਸ ਸਿਮਰਨ ਕਰਨਾ। ਮਦਰਾ, ਮਾਸ ਤੇ ਹੋਰ ਨਿੰਦਨੀਯ ਕਰਮਾਂ ਦਾ ਤਿਆਗ ਕਰਣਾ। ਸਵੇਰੇ ਇਸ਼ਨਾਨ ਕਰਨਾ। ਰਿਸ਼ਵਤ ਨਹੀਂ ਲੈਣੀ। ਦਸਾਂ ਨੌਹਾਂ ਦੀ ਹੱਕ ਦੀ ਕਿਰਤ ਕਰ ਕੇ ਯਥਾਸ਼ਕਤ ਦਾਨ ਕਰਨਾ। ਦੀਖਯਾ ਗੁਰੂ ਤੇ ਭਰੋਸਾ ਰੱਖਣਾ। ਚਾਰ ਤਰ੍ਹਾਂ ਦੇ ਗੁਰੂ ਹਨ: ਪਹਿਲਾ ਗੁਰੂ ਭ੍ਰਿੰਗੀ ਵਤ ਹੈ। ਭ੍ਰਿੰਗੀ ਕਿਸੇ ਖ਼ਾਸ ਜਾਤੀ ਦੇ ਕੀੜੇ ਨੂੰ ਲੈ ਕੇ ਆਪਣੇ ਘਰ ਵਿੱਚ ਰੱਖ ਕੇ ਆਪ ਦਰਵਾਜ਼ੇ ਉੱਤੇ ਟਿਕ ਕੇ ਉਸ ਕੀੜੇ ਦਾ ਧਿਆਨ ਕਰ ਕੇ ਆਪਣਾ ਸਰੂਪ ਹੀ ਕਰ ਲੈਂਦਾ ਹੈ। ਪਰ ਹਰ ਇੱਕ ਜਾਤੀ ਦਾ ਕੀੜਾ ਭ੍ਰਿੰਗੀ ਨਹੀਂ ਬਣ ਸਕਦਾ। ਦੂਜਾ ਪਾਰਸ ਦੀ ਤਰ੍ਹਾਂ ਹੈ ਜਿਵੇਂ ਅੱਠਾਂ ਧਾਤਾਂ 'ਚੋਂ ਪਾਰਸ ਕਿਸੇ ਧਾਤ ਨੂੰ ਛੁਹ ਜਾਵੇ, ਉਹਨੂੰ ਕੰਚਨ ਕਰ ਦਿੰਦਾ ਹੈ ਪਰ ਪਾਰਸ ਆਪਣਾ ਗੁਣ ਨਹੀਂ ਦਿੰਦਾ ਭਾਵ ਉਹ ਪਾਰਸ ਤੋਂ ਬਣਿਆਂ ਸੋਨਾ ਅੱਗੇ ਕਿਸੇ ਹੋਰ ਨੂੰ ਸੋਨਾ ਨਹੀਂ ਬਣਾ ਦਿੰਦਾ। ਤੀਜਾ ਬਾਵਨ ਚੰਦਨ ਵਤ ਹੈ। ਜਦੋਂ ਬਸੰਤ ਰੁਤ ਆਉਂਦੀ ਹੈ ਤਾਂ ਉਸ ਸਮੇਂ ਆਪਣੀ ਖ਼ੁਸ਼ਬੂ ਨਾਲ ਆਸ ਪਾਸ ਦੇ ਸਾਰੇ ਬ੍ਰਿਛਾਂ ਨੂੰ ਚੰਦਨ ਕਰ ਲੈਂਦਾ ਹੈ। ਪਰ ਰੁੱਤ ਬਿਨਾਂ ਸੁਗੰਧੀ ਨਹੀਂ ਦਿੰਦਾ। ਚੌਥਾ ਦੀਵੇ ਵਤ ਹੈ। ਜਿਵੇਂ ਦੀਵਾ ਦੂਜੇ ਦੀਵੇ ਨੂੰ ਆਪਣੇ ਵਰਗਾ ਹੀ ਪ੍ਰਕਾਸ਼ਮਈ ਬਣਾ ਲੈਂਦਾ ਹੈ। ਪਰ ਜੇਕਰ ਬੱਤੀ ਅਤੇ ਤੇਲ ਦੇ ਸਹਿਤ ਹੋਵੇ। ਇਉਂ ਪੂਰਨ ਗੁਰੂ ਦੀ ਸੰਗਤ ਜੀਵ ਤੋਂ ਬ੍ਰਹਮ ਬਣਾ ਦਿੰਦੀ ਹੈ।"

ਇਸ ਪ੍ਰਕਾਰ ਹੋਰ ਵੀ ਬਹੁਤ ਸਾਰੇ ਪਵਿੱਤ੍ਰ ਬਚਨ ਕੀਤੇ, ਜਿਨ੍ਹਾਂ ਦਾ ਇਸ ਦੇ ਮਨ ਤੇ ਬੜਾ ਗਹਿਰਾ ਅਸਰ ਹੋਇਆ। ਦੁਪਹਿਰ ਤੱਕ ਬੈਠਾ ਦਰਸ਼ਨ ਕਰਦਾ ਰਿਹਾ। ਉਪਰੰਤ ਭਾਵਨਾ ਨਾਲ ਨਮਸ਼ਕਾਰ ਕਰ ਕੇ ਵਾਪਸ ਚਲਾ

ਗਿਆ।

ਇਸ ਦੇ ਮਨ ਵਿੱਚ ਪੂਰਨ ਭਾਵਨਾ ਹੋ ਆਈ ਅਤੇ ਪ੍ਰਵਾਰ ਦੇ ਸਮੇਤ ਸਾਲ ਵਿੱਚ ਕਈ ਕਈ ਵਾਰੀ ਦਰਸ਼ਨਾਂ ਨੂੰ ਆਉਂਦਾ। ਪਵਿੱਤ੍ਰ ਬਚਨ ਸੁਣਦਾ, ਦੀਵਾਨਾਂ 'ਚ ਹਾਜ਼ਰੀ ਭਰਦਾ। ਇਉਂ ਸੋਹਣੀ ਬ੍ਰਿਤੀ ਚੜ੍ਹ ਗਈ। ਜਿਤਨਾ ਚਿਰ ਪਾਕਿਸਤਾਨ ਨਹੀਂ ਸੀ ਬਣਿਆ, ੧੯੪੭ ਤੱਕ ਅਉਂਦਾ ਰਿਹਾ।

ਕਾਂਡ ੧੪

ਇਸ ਵਿਸ਼ੇ ਤੇ ਵਿਸ਼ੇਸ਼ ਵਿਚਾਰ

ਨਿਰਮਲ ਸੰਪ੍ਰਦਾਇ, ਸੇਵੀ ਪੰਥੀ, ਨਾਮਧਾਰੀ, ਮਹਾਂਪੁਰਸ਼ ਤੇ ਹੋਰ ਸੰਤ ਮਹਾਤਮਾ ਨੂੰ ਸਿੱਖ ਪੰਥ ਦਾ ਜ਼ਰੂਰੀ ਅੰਗ ਜਾਣਿਆ ਜਾਂਦਾ ਹੈ, ਜੋ ਗੁਰਬਾਣੀ ਦੇ ਗਿਆਨੀ ਤੇ ਗੁਰਮਤ ਦੇ ਜਾਣੂ ਵੀ ਹਨ। ਉਹ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀਨਸ਼ੀਨ ਗੁਰੂਆਂ ਸਿਰ ਗੁਰੂ ਮੰਨਦੇ ਹਨ ਅਤੇ ਅੱਗੇ ਲਈ ਮੰਨਦੇ ਰਹਿਣਗੇ। ਪਰ ਜਿਸ ਕਿਸੇ ਵੀ ਪੂਜਯ ਵਿਅਕਤੀ ਗੁਰਮੁਖ ਪਿਆਰੇ ਸੰਤ ਮਹੰਤ ਪਾਸੋਂ ਉਹ ਦੀਖਸ਼ਤ ਹੁੰਦੇ ਹਨ ਉਸ ਨੂੰ ਵੀ ਉਹ ਆਪਣਾ (ਗੁਰਮੰਤ੍ਰ ਦਾਤਾ) 'ਦੀਖਸ਼ਤ ਗੁਰੂ' ਮੰਨਦੇ ਹਨ। ਇਹ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਦਾ ਸਵਾਲ ਨਹੀਂ ਤੇ ਨਾ ਹੀ ਗੁਰੂ ਡੰਮ ਹੈ।

ਸਚਖੰਡ ਵਾਸੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਤੋਂ ਵੱਧ ਕੇ ਇਸ ਵਿਸ਼ੇ ਨੂੰ ਸਮਝਣ ਵਾਲਾ ਇਸ ਸਦੀ 'ਚ ਕੋਈ ਵਿਦਵਾਨ ਦੇਖਣ ਵਿੱਚ ਨਹੀਂ ਆਇਆ। ਪਰ ਜਿਨ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਤੋਂ ਉਹ ਵਰੋਸਾਏ ਤੇ ਨਾਮ ਅੰਮ੍ਰਿਤ ਪ੍ਰਾਪਤ ਕੀਤਾ ਉਨ੍ਹਾਂ ਨੂੰ ਉਹ ਸਦਾ ਹੀ 'ਦਾਤਾ ਜੀ' ਸ਼ਬਦ ਨਾਲ ਯਾਦ ਕਰਦੇ ਰਹੇ। ਸਾਰੇ ਸਤਿਗੁਰੂ ਸਾਹਿਬ ਵੀ ਆਪਣੇ ਤੋਂ ਪਹਿਲੇ ਨਾਮ ਦਾਤੇ ਸਤਿਗੁਰੂ ਨੂੰ 'ਗੁਰ ਦਾਤਾ' ਹੀ ਮੰਨਦੇ ਸਨ।

ਯਥਾ: ***ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥***
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥ (ਵਾਰ-ਮਾਝ ਮਃ ੧ - ੧੩੭)

ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀਨਸ਼ੀਨ ਗੁਰਾਂ ਸਿਰ ਗੁਰੂ ਤੇ ਆਪਣਾ ਇਸ਼ਟ ਮੰਨਣ ਵਾਲੇ ਕਿਸੇ ਵੀ ਮਹਾਂਪੁਰਸ਼ ਨੂੰ ਕੋਈ ਉਨ੍ਹਾਂ ਦਾ ਸ਼ਰਧਾਲੂ ਸੇਵਕ ਗੁਰੂ ਸ਼ਬਦ ਨਾਲ ਸਤਿਕਾਰਦਾ ਹੈ, ਤਾਂ ਮੇਰੇ ਖ਼ਿਆਲੇ ਇਸ ਵਿੱਚ ਕੋਈ ਦੋਸ਼ ਨਹੀਂ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨ ਕਰਾਣ ਬਦਲੇ ਉਹ ਜੋ ਸਤਿਕਾਰ ਹੈ, ਵਧੇਰੇ ਉਤਸ਼ਾਹ ਨੂੰ ਵਧਾਏਗਾ। ਜਿਸ ਦਿਨ ਐਸਾ ਸਤਿਕਾਰ ਬੰਦ ਕਰ ਦਿੱਤਾ ਅਤੇ ਇਸ ਦੇ ਉਲਟ ਨਿੰਦਾ ਸ਼ੁਰੂ ਹੋ ਗਈ, ਤਦ ਗੁਰਮਤ ਪ੍ਰਚਾਰ ਨੂੰ ਰੋਕਾ ਪੈ ਗਿਆ ਸਮਝੋ।

ਭਾਵੇਂ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਖਾਲਸਾ ਦੀਵਾਨ ਲਾਹੌਰ ਤੇ ਅਕਾਲੀ ਲਹਿਰ ਦੇ ਅਰੰਭ ਹੋਣ ਤੋਂ ਬਾਅਦ ਕਈ ਧਾਰਮਿਕ ਤੇ ਸਮਾਜਕ ਲਹਿਰਾਂ ਦੇਖਣ ਵਿੱਚ ਆਈਆਂ (ਜੋ ਆਪਣੇ ਧਾਰਮਿਕ ਤੇ ਰਾਜਸੀ ਹੱਕਾਂ ਵਾਸਤੇ ਬੇਸ਼ਕ ਸਦਾ ਪੰਥਕ ਜਥੇਬੰਦੀਆਂ ਦੀ ਲੋੜ ਵੀ ਜ਼ਰੂਰੀ ਹੈ) ਪਰ ਜਿੱਥੋਂ ਤੀਕ ਸਿੱਖ ਸਿਧਾਂਤਾਂ ਤੇ ਗੁਰ ਉਪਦੇਸ਼ ਨੇ ਦੂਜੇ ਲੋਕਾਂ ਵਿੱਚ ਪ੍ਰਚਾਰਨ ਤੇ ਵਿਸਥਾਰਨ ਦੀ ਲੋੜ ਹੈ, ਉਹ ਉੱਚੇ ਸੁੱਚੇ ਆਚਰਨ ਵਾਲੇ ਧਾਰਮਿਕ ਖ਼ਿਆਲੀ ਗੁਰਮੁਖ ਗੁਰਸਿਖ ਤੇ ਨਾਮ ਰਸੀਏ ਸੰਤਾਂ ਮਹੰਤਾਂ ਮਹਾਂਪੁਰਸ਼ਾਂ ਪਾਸੋਂ ਹੀ ਉਮੀਦ ਹੋ ਸਕਦੀ ਹੈ। ਐਸੇ ਲੋਕ ਚਾਹੇ ਗ੍ਰਿਹਸਤੀ ਹੋਵਣ, ਚਾਹੇ ਤਿਆਗੀ, ਚਾਹੇ ਗੁਰੂ ਅੰਸਾਂ ਵਿੱਚ ਬੇਦੀ, ਸੋਢੀ ਸਾਹਿਬਜਾਦੇ ਹੋਵਣ; ਕੋਈ ਉਨ੍ਹਾਂ ਨੂੰ ਗੁਰੂ ਜਾਣਦਾ ਜਾਂ ਗੁਰੂ ਤੁਲ ਮੰਨਦਾ ਤੇ ਸਤਿਕਾਰਦਾ ਹੋਵੇ ਪਰ ਹਰ ਸਮੇਂ ਵਿੱਚ ਇਹ ਗੱਲ ਮੰਨੀ ਜਾਣ ਵਾਲੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿੱਚ ਕੋਈ ਮਾਨਨੀਯ ਵਿਅਕਤੀ ਹੀ ਸਿੱਖ ਧਰਮ ਨੂੰ ਵਿਸਥਾਰ ਸਕਦੀ ਹੈ, ਜੋ ਆਪੋ ਆਪਣੇ ਇਲਾਕਿਆਂ ਤੇ ਦੂਰ ਦੁਰੇਡੇ ਦੇ ਸ਼ਰਧਾਲੂ ਹਿਰਦਿਆਂ ਵਿੱਚ ਸਤਿਕਾਰ ਤੇ ਇੱਜ਼ਤ ਦੀ ਨਿਗਾਹ ਨਾਲ ਦੇਖੀ ਜਾਂਦੀ ਹੋਵੇ। ਕਿਉਂਕਿ ਉਹ ਲੋਕਾਂ ਦੀ ਆਮ ਵਰਤੋਂ ਵਿੱਚ ਪਰਤਾਈ ਜਾ ਚੁੱਕੀ ਹੁੰਦੀ ਹੈ।

ਨਿਰੇ ਪੁਰੇ ਤਨਖਾਹਦਾਰ ਨਾ ਵਾਕਫ਼ (ਪੰਜ ਪਿਆਰਿਆਂ) ਸਿੱਖਾਂ ਜਾਂ ਸਿਆਸੀ ਲੀਡਰਾਂ ਹੱਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲੈਣ ਦੇ ਸ਼ਰਧਾਲੂ ਥੋੜ੍ਹੇ ਦਿਸਦੇ ਹਨ। ਕਿਉਂਕਿ ਐਸੇ ਕਈ ਲੀਡਰ ਤੇ ਅਸੂਲੋਂ ਥਿੜਕੇ ਪ੍ਰਚਾਰਕ ਲੋਕਾਂ ਨੂੰ ਜਥੇਬੰਦੀਆਂ ਵਲੋਂ ਵਿਦੇਸ਼ ਵਿੱਚ ਭੇਜੇ ਪਤਿਤ ਹੁੰਦੇ ਦੇਖਿਆ ਗਿਆ ਹੈ। ਇਸ ਦਾ ਇਹ ਭਾਵ ਨਹੀਂ ਕਿ ਤਨਖਾਹਦਾਰ ਪ੍ਰਚਾਰਕਾਂ ਵਿੱਚ ਕੋਈ ਅੰਮ੍ਰਿਤ ਛਕਾਣ ਦੇ ਯੋਗ ਨਹੀਂ। ਗੁਰੂ ਤਖ਼ਤਾਂ ਦੇ ਜਥੇਦਾਰ ਯੋਗ ਬਲਕਿ ਸਤਿਕਾਰ ਦੀ ਥਾਂ ਮਾਨਨੀਯ ਹੁੰਦੇ ਹਨ। ਪਰ ਐਸੇ ਲੋਕਾਂ ਸਾਹਮਣੇ ਪੰਜ ਪਿਆਰਿਆਂ ਦੀ ਗਿਣਤੀ ਵਿੱਚ ਅੰਮ੍ਰਿਤ ਛਕਾਉਣ ਵੇਲੇ ਕੋਈ ਵਿਅਕਤੀ ਭਾਈ ਦਯਾ ਸਿੰਘ, ਬਾਬਾ ਸਾਹਿਬ ਸਿੰਘ ਜੀ ਬੇਦੀ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਬਾਬਾ ਰਾਮ ਸਿੰਘ ਜੀ ਨਾਮਧਾਰੀ, ਸੰਤ ਰਣਧੀਰ ਸਿੰਘ ਜੀ ਨਾਰੰਗਵਾਲ, ਸੰਤ ਸੁੰਦਰ ਸਿੰਘ ਜੀ ਤੇ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਜੈਸੇ ਹੋਣੇ ਚਾਹੀਦੇ ਹਨ ਕਿਉਂਕਿ ਕਾਰਣ ਦੇ ਗੁਣ ਹੀ ਕਾਰਜ ਵਿੱਚ ਆਉਣੇ ਹਨ। ਇਸ ਵਾਸਤੇ ਜੋ ਕਿਸੇ ਜਗਤ ਜੋਤ ਦੇ ਉਪਾਸ਼ਕ ਤੋਂ ਪੂਰਾ ਪ੍ਰਕਾਸ਼ਿਆ ਹੋਵੇ ਅਤੇ ਦੂਜੇ ਸ਼ਰਧਾਲੂਆਂ ਅੰਦਰ ਆਪਣੇ ਪ੍ਰਭਾਵ ਨਾਲ ਆਤਮ ਜੋਤ ਜਗਾ ਸਕੇ, ਉਹੋ ਹੀ ਦੀਖਯਾ ਦੇ ਸਕਦਾ ਹੈ।

ਬਾਬਾ ਖੇਮ ਸਿੰਘ ਜੀ ਬੇਦੀ ਨੂੰ ਆਪਣੇ ਰੋਜ਼ ਦੇ ਨਿੱਤਨੇਮ ਤੋਂ ਇਲਾਵਾ ੨੫ ਪਾਠ ਜਪੁਜੀ ਸਾਹਿਬ ਦੇ ਕਰਨ ਦਾ

ਨਿਯਮ ਕਰਵਾ ਕੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਆਂ ਨੇ ਅੰਮ੍ਰਿਤ ਛਕਾ ਕੇ ਨਾਮ ਦੀ ਦਾਤ ਬਖ਼ਸ਼ੀ ਸੀ। ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਸੁੰਦਰ ਸਿੰਘ ਜੀ ਅਲੀਬੇਗ ਨੇ ਜੋ ਸਿੱਖ ਮਤ ਦਾ ਪ੍ਰਚਾਰ ਤੇ ਨਾਲ ਅੰਮ੍ਰਿਤ ਪ੍ਰਚਾਰ ਕੀਤਾ, ਸ਼ਾਇਦ ਹੀ ਹੋਰ ਕੋਈ ਕਰ ਸਕੇ। ਸੰਤ ਬਾਬਾ ਕਰਮ ਸਿੰਘ ਜੀ ਤੇ ਸੰਤ ਬਾਬਾ ਆਇਆ ਸਿੰਘ ਜੀ ਹੋਤੀ ਮਰਦਾਨ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ, ਸੰਤ ਬਾਬਾ ਨੰਦ ਸਿੰਘ ਜੀ ਨਾਨਕਸਰ (ਕਲੇਰਾਂ), ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਆਦਿਕ ਮਹਾਨ ਵਿਅਕਤੀਆਂ ਦੀ ਜੋ ਸਿੱਖ ਸੰਗਤਾਂ ਵਿੱਚ ਨਾਮਨਾ ਹੋਈ; ਇਹ ਇਨ੍ਹਾਂ ਦੀ ਉੱਚੀ ਸੁੱਚੀ ਕਰਣੀ ਤੇ ਘਾਲ ਕਮਾਈ ਦੇ ਪ੍ਰਭਾਓ ਦਾ ਹੀ ਨਤੀਜਾ ਹੈ। ਮੌਜੂਦਾ ਸਮੇਂ ਦੇ ਪੂਜਨੀਕ ਮਹਾਂਪੁਰਸ਼ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਪ੍ਰਤੱਖ ਪ੍ਰਮਾਣ ਹਨ।

ਭਾਵੇਂ ਇਨ੍ਹਾਂ ਅੰਦਰ ਕਿਸੇ ਮਾਨ ਪ੍ਰਾਪਤੀ ਦੀ ਇੱਛਾ ਬਿਲਕੁਲ ਨਹੀਂ ਸੀ ਤੇ ਨਾ ਹੀ ਹੈ, ਫੇਰ ਵੀ ਸੰਗਤਾਂ ਵਲੋਂ ਇਨ੍ਹਾਂ ਦਾ ਬੇਅੰਤ ਮਾਨ ਸਤਿਕਾਰ ਹੋਇਆ ਤੇ ਹੋ ਰਿਹਾ ਹੈ। ਐਸਿਆਂ ਦਾ ਸਤਿਕਾਰ ਕਰਨ ਵਿੱਚ ਹੀ ਆਪਣਾ ਭਲਾ ਹੈ ਕਿਉਂਕਿ ਉਨ੍ਹਾਂ ਦੇ ਕੀਤੇ ਦੀ ਕਦਰ ਹੁੰਦੀ ਦੇਖ ਕੇ ਦੂਜਿਆਂ ਨੂੰ ਉਤਸ਼ਾਹ ਵਧਦਾ ਹੈ। ਪਰ ਇਹ ਕੁਦਰਤੀ ਅਸੂਲ ਹੈ ਕਿ ਸਾਰੀ ਦੁਨੀਆਂ ਵਿੱਚ ਐਸੇ ਨਿਸ਼ਕਾਮੀ ਤੇ ਪਰਉਪਕਾਰੀ ਲੋਕਾਂ ਦੇ ਨਿੰਦਕ ਵੀ ਬਹੁਤ ਹੁੰਦੇ ਹਨ। ਭਗਤ ਕਬੀਰ ਜੀ ਦੇ ਨਾਲ ਵੀ ਐਸਾ ਹੀ ਹੋਇਆ ਜੋ ਉਨ੍ਹਾਂ ਨੇ ਆਪਣੀ ਅਮਲੋਕ ਬਾਣੀ ਵਿੱਚ ਫੁਰਮਾਇਆ ਹੈ:

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥੧॥
ਐਸੇ ਲੋਗਨ ਸਿਉ ਕਿਆ ਕਹੀਐ ॥
ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥੧॥ ਰਹਾਉ ॥
ਆਪਿ ਨ ਦੇਹਿ ਚੁਰੂ ਭਰਿ ਪਾਨੀ ॥ ਤਿਹ ਨਿੰਦਹਿ ਜਿਹ ਗੰਗਾ ਆਨੀ ॥੨॥
ਬੈਠਤ ਉਠਤ ਕੁਟਿਲਤਾ ਚਾਲਹਿ ॥ ਆਪੁ ਗਏ ਅਉਰਨ ਹੂ ਘਾਲਹਿ ॥੩॥
ਛਾਡਿ ਕੁਚਰਚਾ ਆਨ ਨ ਜਾਨਹਿ ॥ ਬ੍ਰਹਮਾ ਹੂ ਕੌ ਕਹਿਓ ਨ ਮਾਨਹਿ ॥੪॥
ਆਪੁ ਗਏ ਅਉਰਨ ਹੂ ਖੋਵਹਿ ॥ ਆਗਿ ਲਗਾਇ ਮੰਦਰ ਮੈ ਸੋਵਹਿ ॥੫॥
ਅਵਰਨ ਹਸਤ ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥੬॥੧॥੪੪॥

(ਗਉੜੀ ਚੇਤੀ ਭਗਤ ਕਬੀਰ ਜੀ - ੩੩੨)

ਪਰ ਐਸੀ ਨਿੰਦਾ ਸੁਣ ਸੁਣ ਕੇ ਵੀ ਮਹਾਂਪੁਰਖ ਪਰਉਪਕਾਰ ਦੇ ਮਾਰਗ ਉੱਤੇ ਚਲਦੇ ਹੀ ਰਹੇ ਹਨ।

ਸਿੱਖ ਮੱਤ ਤੇ ਸੰਤ ਮੱਤ

ਜੇਕਰ ਵਿਚਾਰ ਕੇ ਦੇਖੀਏ ਤਾਂ ਸਿੱਖ ਮੱਤ ਹੀ ਸੰਤ ਮੱਤ ਹੈ। ਸਤਿਗੁਰਾਂ ਨੇ ਸੰਤ ਸਤਿਕਾਰ ਵਧਾਉਣ ਲਈ ਗੁਰਬਾਣੀ ਵਿੱਚ ਬੇਅੰਤ ਸ਼ਬਦ ਸੰਤ ਮਹਿਮਾ ਦੇ ਉਚਾਰਨ ਕੀਤੇ ਹਨ। ਸੰਤ ਸੇਵਾ ਬਦਲੇ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਪਿਤਾ ਦੀਆਂ ਚਪੇੜਾਂ ਸਹਾਰੀਆਂ। ਗੁਰੂ ਅਰਜਨ ਦੇਵ ਜੀ ਨੇ ਸੰਤ ਵਿਅਕਤੀ ਦਾ ਸਤਿਕਾਰ ਵਧਾਉਣ ਵਾਸਤੇ ਆਪਣੀ ਧਰਮ ਪਤਨੀ (ਮਾਤਾ ਗੰਗਾ ਜੀ) ਨੂੰ ਨੰਗੇ ਪੈਰੀਂ ਬਾਬਾ ਬੁੱਢਾ ਜੀ ਪਾਸ ਪ੍ਰਸ਼ਾਦ ਦੇ ਕੇ ਭੇਜਿਆ ਅਤੇ ਵਰ ਪਾਇਆ। ਗੁਰ ਇਤਿਹਾਸ ਵਿੱਚ ਹੋਰ ਵੀ ਬੇਅੰਤ ਮਿਸਾਲਾਂ ਮਿਲਦੀਆਂ ਹਨ। ਫੇਰ ਕਈ ਪੁਰਾਤਨ ਤੇ ਨਵੇਂ ਸਮਕਾਲੀ ਭਗਤਾਂ ਦੀ ਬਾਣੀ ਨੂੰ ਆਪਣੇ ਅਨੁਕੂਲ ਜਾਣ ਕੇ ਬਰਾਬਰੀ ਦਾ ਦਰਜਾ ਬਖਸ਼ਿਆ। ਸਤਿਗੁਰੂ ਨਾਨਕ ਦੇਵ ਜੀ ਨੇ ਤਾਂ ਆਪਣੇ ਵਿਚਾਰਾਂ ਨੂੰ ਏਥੋਂ ਤੱਕ ਦਰਸਾਇਆ ਹੈ ਕਿ ਪ੍ਰਮੇਸ਼ਰ ਦੇ ਨਾਮਾਂ ਨੂੰ ਜਪਣ ਜਪਾਣ ਵਾਲਾ ਭਾਵੇਂ ਕੋਈ ਵੀ ਹੋਵੇ ਉਸ ਉੱਪਰੋਂ ਵੀ ਅਤੇ ਜਿਤਨੇ ਪ੍ਰਮੇਸ਼ਰ ਦੇ ਵੱਖ ਵੱਖ ਨਾਮ ਜਪੇ ਜਪਾਏ ਜਾਂਦੇ ਹਨ ਮੈਂ ਸਭਨਾ ਤੋਂ ਬਲਿਹਾਰ ਸਦਕੇ ਤੇ ਕੁਰਬਾਨ ਹਾਂ। ਐਸੇ ਨਾਮ ਜਪਣ ਵਾਲੇ ਸਤਿ ਪੁਰਸ਼ਾਂ ਦੇ ਚਰਨਾਂ ਤੇ ਮੇਰਾ ਸੀਸ ਹੈ ਭਾਵ ਨਮਸ਼ਕਾਰ ਕਰਦੇ ਹਾਂ।

ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥

(ਬਸੰਤੁ ਮਃ ੧ - ੧੧੯੮)

ਸੋ ਕਿਸੇ ਵੀ ਮੱਤ ਦੇ ਸਾਧੂ, ਸੰਤ, ਪੂਜਯ ਵਿਅਕਤੀ, ਨਾਮ ਰਸੀਏ, ਮਹਾਂਪੁਰਸ਼ ਦਾ ਸਤਿਕਾਰ ਜਿਤਨਾ ਵੀ ਅਸੀਂ ਕਰੀਏ ਥੋੜ੍ਹਾ ਹੈ। ਫੇਰ ਜਿਨ੍ਹਾਂ ਨੇ ਸਾਲਾਂ ਬੱਧੀ ਕਿਸੇ ਹਰੀ ਸਿਮਰਨ ਵਿੱਚ ਲੀਨ ਹੋਏ ਦੀ ਸੇਵਾ ਵਿੱਚ ਉਨ੍ਹਾਂ ਦੇ ਬਚਨਾਂ ਦੁਆਰਾ ਆਪਣੀ ਜ਼ਿੰਦਗੀ ਢਾਲ ਕੇ ਘਾਲ ਕਮਾਈ ਕਰ ਆਪਣੇ ਜੀਵਨ ਨੂੰ ਉੱਚਾ ਸੁਚਾ ਬਣਾਇਆ ਹੋਵੇ ਅਤੇ (ਸਾਰ ਵਸਤੂ) ਸਰੂਪ ਦੇ ਜਾਣੂ ਹੋਣ, ਉਨ੍ਹਾਂ ਦਾ ਸਤਿਕਾਰ ਕਰਨਾ ਤਾਂ ਪ੍ਰਮੇਸ਼ਰ ਦੇ ਹੀ ਸਤਿਕਾਰ ਕਰਨ ਤੁਲ ਹੈ।

ਯਥਾ: *ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥*

ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥ (ਵਾਰ-ਸੋਰਠਿ ਮਃ ੪ - ੬੫੨)

ਅਥਵਾ: *ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥*
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥ (ਸੋਰਠਿ ਮਃ ੩ - ੬੩੮)

ਤਥਾ: *ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥*
(ਆਸਾ ਮਃ ੪ - ੪੫੦)

ਜਿਵੇਂ ਸਕੂਲ ਵਿੱਚ ਪੜ੍ਹਦੇ ਬੱਚੇ ਮਾਸਟਰ ਦੇ ਸਾਹਮਣੇ ਅਦਬ ਨਾਲ ਬੈਠੇ ਧਿਆਨ ਨਾਲ ਲਿਖਦੇ ਪੜ੍ਹਦੇ ਹਨ। ਪਰ ਮਾਸਟਰ ਦੇ ਜਮਾਤ 'ਚੋਂ ਬਾਹਰ ਗਿਆ ਉਹ ਬੱਚੇ ਲੜਦੇ ਭਿੜਦੇ ਤੇ ਖੇਡਾਂ ਵਿੱਚ ਰਚ ਮਿਚ ਕੇ ਵਕਤ ਜ਼ਾਇਆ ਕਰਦੇ ਹਨ। ਐਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜਦ ਤੀਕ ਕੋਈ ਪ੍ਰਮੁੱਖ ਵਿਅਕਤੀ ਨਾ ਬੈਠਾ ਹੋਵੇ, ਸਾਧਾਰਨ ਲੋਕਾਂ ਨੂੰ ਕੋਈ ਭੈ ਨਹੀਂ ਹੁੰਦਾ ਅਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਭੁੱਲ ਕੇ ਆਪੋ ਵਿੱਚ ਵੀ ਕਈ ਵਾਰ ਉਲਝ ਪੈਂਦੇ ਹਨ। ਇਸ ਵਾਸਤੇ ਐਸੇ ਕਰਣੀ ਵਾਲੇ ਸੰਤ ਮਹੰਤ, ਨਾਮ ਬਾਣੀ ਦੇ ਰਸੀਏ, ਮਹਾਂਪੁਰਸ਼ ਦਾ ਹੋਣਾ ਵੀ ਜ਼ਰੂਰੀ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਵਧਾਉਂਦੇ ਹੋਵਣ।

ਯਥਾ: *ਸਾਧੂ ਬਿਨੁ ਨਾਹੀ ਦਰਵਾਰ ॥੩॥* (ਗੌਂਡ ਭਗਤ ਕਬੀਰ ਜੀ - ੮੭੨)

ਸਿੱਖ ਪੰਥ ਦੇ ਮਹਾਨ ਰਤਨ ਭਾਈ ਵੀਰ ਸਿੰਘ ਜੀ (ਜੋ ਗੁਰਮਤ ਦੇ ਬੇਤਾ ਸਨ) ਵਲੋਂ ੮-੭-੬੩ ਦੇ ਸਮਾਚਾਰ ਵਿੱਚ ਦੁਬਾਰਾ ਛਪਿਆ ਲੇਖ ਹੈ। ਉਹ ਲਿਖਦੇ ਹਨ ਕਿ "ਯਾਦ ਰੱਖਣਾ ਚਾਹੀਏ ਅਮਲੀ ਜੀਵਨ ਵਾਲੇ ਹੀ ਨਵ ਜੀਵਨ ਪੈਦਾ ਕਰ ਸਕਦੇ ਹਨ। ਜਗਦੇ ਦੀਵੇ ਦੀ ਲੋਅ ਹੀ ਤੇਲ ਬੱਤੀ ਪਏ ਤਿਆਰ ਦੀਵਿਆਂ ਨੂੰ ਜੋਤੀਮਯ ਕਰ ਸਕਦੀ ਹੈ। ਅਸਲੀ ਜੀਵਨ ਤੋਂ ਕੋਰੇ ਜੋ ਮਾਰਕਸਵਾਦ ਦੇ ਜੰਗਲਾਂ ਵਿੱਚ ਗੁਆਚੇ ਨਾਮ ਬਾਣੀ ਦੇ ਪਿਆਰ ਤੇ ਘਾਲ ਤੋਂ ਖ਼ਾਲੀ ਪ੍ਰਚਾਰਕ ਹਨ, ਇਹ ਕੁਛ ਨਹੀਂ ਕਰ ਸਕਦੇ। ਇਸ ਲਈ ਕੌਮ ਵਿੱਚ ਜਾਗਦੇ ਦੀਪ ਪੈਦਾ ਕਰਨ ਦੀ ਲੋੜ ਹੈ। ਇਹ ਜੋਤੀ ਨਾਮ ਬਾਣੀ ਦੇ ਪਿਆਰ ਪ੍ਰਕਾਸ਼ ਨਾਲ ਪੈਦਾ ਹੁੰਦੀ ਹੈ। ਭਾਵ ਕੀ ਇਨ੍ਹਾਂ ਦੀ ਰੋਸ਼ਨੀ ਵਿੱਚ ਸਿੱਖ ਪੰਥ ਵਾਸਤੇ ਹੁਣ ਅਤੇ ਅੱਗੋਂ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਵੀ ਸੰਤ, ਸਾਧੂ, ਗੁਰਮੁਖ, ਗੁਰਸਿੱਖ ਅਗਰ ਉਹ ਨਾਮ ਬਾਣੀ ਦਾ ਪਿਆਰਾ ਤੇ ਗੁਰਮਤ ਪ੍ਰਚਾਰ ਦੀ ਲਗਨ ਵਾਲਾ (ਗੁਰੂ ਕੀ ਕਾਰ) ਪ੍ਰਚਾਰ ਦਾ ਕੰਮ ਵੀ ਕਰਦਾ ਹੋਵੇ, ਤਾਂ ਐਸੀ ਆਤਮਕ ਤੌਰ ਤੇ ਜਾਗਦੀ ਜੋਤ ਦਾ ਰੱਜ ਰੱਜ ਕੇ ਸਤਿਕਾਰ ਕਰੀਏ। ਤਦ ਉਨ੍ਹਾਂ ਦਾ ਹੋਰ ਵੀ ਉਤਸ਼ਾਹ ਵਧੇਗਾ ਤੇ ਅਨੁਸਾਰੀ ਲੋਕਾਂ ਨੂੰ ਗੁਰੂ ਘਰ ਦੇ ਨੇੜੇ ਲਿਆ ਸਕਣਗੇ। ਪਰ ਅੱਜ ਕਲ੍ਹ ਤਾਂ ਇਹ ਰਿਵਾਜ਼ ਹੀ ਪੈ ਚੁੱਕਾ ਹੈ ਅਤੇ ਉਸੇ ਪ੍ਰਚਾਰਕ ਨੂੰ ਗੁਰਮਤ ਦਾ ਜਾਣੂ ਪ੍ਰਚਾਰਕ ਮੰਨਦੇ ਹਨ, ਜੋ ਸ਼ਬਦ ਬਾਣੀ ਦੀ ਆੜ ਵਿੱਚ ਸੰਤਾਂ ਮਹੰਤਾਂ ਤੇ ਗੁਰੂ ਅੰਸਾਂ ਦੇ ਵਿਦਵਾਨਾਂ ਨੂੰ ਦੰਭੀ ਪਖੰਡੀ ਦੱਸ ਕੇ ਬਹੁਤਾ ਭੰਡਣ ਜਾਣਦਾ ਹੋਵੇ।"

ਐਸੀ ਹਾਲਤ ਵਿੱਚ ਕਿਸੇ ਮਹਾਨ ਵਿਅਕਤੀ ਦੇ ਸਤਿਕਾਰ ਨੂੰ ਦੇਖ ਕੇ ਸਿਰਫ ਈਰਖਾ ਤੇ ਸਾੜੇ ਵਿੱਚ ਆਪਣੇ ਆਪ ਨੂੰ ਖਪਾਂਦੇ ਰਹਿਣ ਤੋਂ ਬਿਨਾਂ ਕੋਈ ਲਾਭ ਨਹੀਂ। ਕਿਉਂਕਿ ਉਨ੍ਹਾਂ ਦੀ ਨਿੰਦਾ ਕਰ ਕੇ ਉਨ੍ਹਾਂ ਦੇ ਸਤਿਕਾਰ ਵਿੱਚ ਤਾਂ ਕੋਈ ਫ਼ਰਕ ਨਹੀਂ ਪੈਂਦਾ, ਪਰ ਆਪਣੀ ਬੁਰਾਈ ਜ਼ਰੂਰ ਹੋ ਜਾਂਦੀ ਹੈ (ਈਸ਼ਰ ਸਿੰਘ ਸਾਰ)

ਗੋਸਾਈ ਤੁਲਸੀ ਦਾਸ ਜੀ ਫੁਰਮਾਉਂਦੇ ਹਨ:

ਹਰਿ ਗੁਰ ਨਿੰਦਕ ਦਾਦਰ ਹੋਈ। ਜਨਮ ਸਹੰਸ ਪਾਵ ਤਨ ਸੋਈ।
ਸਭ ਕੀ ਨਿੰਦਾ ਜੋ ਜੜ ਕਰਹੀ। ਤੇ ਚਮਗਾਦਰ ਹੋਇ ਅਵਤਰ ਹੀ।

ਤਥਾ: *ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥*
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥
ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥
ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥
ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥
ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥ (ਗਉੜੀ ਵਾਰ-੧ ਮਃ ੪ - ੩੦੬)

ਤਥਾ: *ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨਾ ਹੋਵੀ ਭਲਾ ॥ (ਗਉੜੀ ਵਾਰ-੧ ਮਃ ੪ - ੩੦੮)*

ਇਉਂ ਜਾਣ ਕੇ ਪ੍ਰਮੇਸ਼ਰ ਦੇ ਦਰੋਂ ਵਰਸਾਏ ਕਿਸੇ ਵੀ ਸੰਤ ਮਹੰਤ ਦੀ ਨਿੰਦਾ ਕਰਣੀ ਚੰਗੀ ਨਹੀਂ ਸਗੋਂ ਇਸ ਭਾਵਨਾ ਨਾਲ ਸਦਾ ਪ੍ਰਸੰਨ ਰਹਿਣਾ ਚਾਹੀਦਾ ਹੈ:

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਬਿ ਮਨ ਭਾਣੀ ॥
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥ (ਗਉੜੀ ਵਾਰ-੧ ਮਃ ੪ - ੩੦੨)

ਗੁਰਦਿਤ ਸਿੰਘ ਹੌਲਦਾਰ ਨੂੰ ਗਿਆਨ ਜੋਗ ਦਾ ਉਪਦੇਸ਼

ਕਟਾਹਰੀ ਪਿੰਡ ਦਾ ਗੁਰਦਿਤ ਸਿੰਘ ਫੌਜੀ ਜੋ ੧੪ ਨੰਬਰ ਪਲਟਨ ਵਿੱਚ ਨੌਕਰ ਸੀ, ਜਿਸ ਦੀ ੧੯੧੪ ਦੀ ਜੰਗ ਸਮੇਂ ੧੫ ਰੁਪਏ ਹੌਲਦਾਰੀ ਪੈਨਸ਼ਨ ਹੋ ਗਈ। ਇਸ ਦਾ ਇੱਕ ਲੜਕਾ ਅਤੇ ਇੱਕ ਲੜਕੀ ਬੀਬੀ ਗੁਰਦਿਆਲ ਕੌਰ ਸੀ। ਅਤੇ ਲੜਕਾ ਹਰਬਖਸ਼ ਸਿੰਘ ਜਦੋਂ ੧੨ ਸਾਲ ਦੀ ਉਮਰ ਦਾ ਹੋਇਆ ਤਾਂ ਇਸ ਨੂੰ ਈਸ਼ਰੀ ਨੇਤ ਅਨੁਸਾਰ ਚੜ੍ਹਦੀ ਜਵਾਨੀ ਵਿੱਚ ਕਾਲ ਨੇ ਕਾਬੂ ਕਰ ਲਿਆ। ਬੱਸ ਫੇਰ ਕੀ ਸੀ, ਇਸ ਦੀ ਮੌਤ ਨੇ ਤਾਂ ਵਿਚਾਰੇ ਬੁੱਢੇ ਦਾ ਲੱਕ ਦੂਹਰਾ ਕਰ ਦਿੱਤਾ। ਹੌਲਦਾਰ ਦਾ ਮਨ ਪਾਲਗਾਂ ਸਮਾਨ ਹੋ ਗਿਆ। ਹਰ ਰੋਜ਼ ਉਸ ਦੀ ਮੜ੍ਹੀ ਤੇ ਜਾ ਕੇ ਦੁੱਧ ਪਾਇਆ ਕਰੇ, ਰੋਟੀ ਰੱਖਿਆ ਕਰੇ। ਪਾਸ ਬੈਠ ਕੇ ਗੱਲਾਂ ਕਰਿਆ ਕਰੇ। ਜਦੋਂ ਉਸ ਪਾਸਿਓਂ ਉੱਤਰ ਨਾ ਆਵੇ ਤਾਂ ਉਨ੍ਹਾਂ ਇੱਟਾਂ ਨਾਲ ਆਪਣਾ ਮੱਥਾ ਮਾਰੇ, ਉਨ੍ਹਾਂ ਨੂੰ ਚੁੰਮਦਾ। ਲੋਕੀਂ ਦੀਵਾਨਾ ਪਾਗ਼ਲ ਆਖਦੇ ਪਰ ਉਸ ਨੂੰ ਦੁਨੀਆਂ ਨਾਲ ਕੀ? ਹਰ ਸਮੇਂ ਚਿੰਤਾ ਫ਼ਿਕਰ ਤੇ ਸ਼ੋਕ ਵਿੱਚ ਗ਼ਲਤਾਨ ਰਹੇ। ਇਨ੍ਹਾਂ ਦੁੱਖਾਂ ਤੇ ਕਾਬੂ ਪਾਉਣ ਵਾਸਤੇ ਸ਼ਰਾਬ ਦੀ ਨਾਮੁਰਾਦ ਮਰਜ਼ ਦਾ ਮਰੀਜ਼ ਬਣ ਗਿਆ। ਪਰ ਇਹ ਵੀ ਆਰਜ਼ੀ ਤੌਰ ਤੇ ਕੁੱਝ ਸਮੇਂ ਲਈ ਦੁੱਖਾਂ ਤੋ ਛੁਟਕਾਰਾ ਦਵਾ ਸਕਦੀ ਸੀ ਨਸ਼ਾ ਉੱਤਰ ਗਿਆ। ਫੇਰ ਉਹੋ ਹੀ ਹਾਲ। ਜ਼ਿੰਦਗੀ ਚੰਗੀ ਨਾ ਲੱਗੇ, ਸੰਸਾਰ ਤੋਂ ਉਪਰਾਮ ਰਿਹਾ ਕਰੇ। ਸਮਾਂ ਪਾ ਕੇ ਆਗਰੇ ਜਾਣ ਵਾਲੇ ਕਿਸੇ ਰਾਧਾ ਸੁਆਮੀ ਮੱਤ ਦੇ ਮਹਾਂਪੁਰਸ਼ ਦੀ ਸੰਗਤ ਹੋ ਗਈ। ਉਸ ਨੇ ਇਸ ਨੂੰ ਬਾਹਜਮੁਖ ਤੋਂ ਅੰਤਰਮੁਖ ਕਰ ਦਿੱਤਾ। ਸਵਾਸਾਂ ਨੂੰ ਰੋਕ ਕੇ ਗੁਰ ਸ਼ਬਦ ਦਾ ਅਭਿਆਸ ਕਰੇ। ਸਵਾਸਾਂ ਦੀ ਗ਼ਰਮੈਸ਼ ਨਾਲ ਤ੍ਰਿਕੁਟੀ ਖੁੱਲ੍ਹਣ ਕਰ ਕੇ ਅੰਦਰ ਰੌਸ਼ਨੀ ਹੋਣ ਲੱਗ ਪਈ। ਅਨਹਦ ਧੁਨੀ ਸੁਣੇ ਸੰਖ ਤੇ ਬੀਣਾਂ ਦੀ ਆਵਾਜ਼ ਆਵੇ। ਤਾਰਕਾ ਮੰਡਲ ਹੇਠਾਂ ਤੇ ਧਰਤੀ ਉੱਪਰ ਨੂੰ ਜਾਂਦੀ ਪ੍ਰਤੀਤ ਹੋਵੇ।

ਜਿਥੇ ਇਸ ਨੂੰ ਇਹ ਰੌਸ਼ਨੀਆਂ ਦਿਖਾਈ ਦਿੱਤੀਆਂ ਅਤੇ ਨਾਲ ਹੀ ਉੱਥੇ ਇਹ ਵਾਜੇ ਵੀ ਸੁਣਾਈ ਦਿੱਤੇ:

ਅਸਥਾਨ	ਸ਼ਬਦ	ਪ੍ਰਕਾਸ਼	ਵਾਜੇ
ਤ੍ਰਿਕੁਟੀ ਸਹੰਸ੍ਰਦਲ ਕਮਲ	ਜੋਤ	ਦੀਵਾ	ਸੰਖ, ਘੜਿਆਲ
ਸੁੰਨ ਗੁਫ਼ਾ	ਓਅੰਕਾਰ	ਦੂਜ ਦਾ ਚੰਦ੍ਰਮਾ ਤਾਰਾ	ਮ੍ਰਿਦੰਗ, ਬਬੀਹਾ
ਭਵਰ ਗੁਫ਼ਾ	ਸੋਹੰ	ਪੂਰਨਮਾਸ਼ੀ ਦਾ ਚੰਦ	ਸਾਰੰਗੀ
ਦਸਵਾਂ ਦੁਆਰ	ਸਤਿਨਾਮ	ਸੂਰਜ ਦਾ ਪ੍ਰਕਾਸ਼	ਬੀਨ
ਅਨਾਮੀ	ਰਾਰੰਕਾਰ	ਹਜ਼ਾਰਾਂ ਸੂਰਜਾਂ ਦਾ ਚਾਨਣ	ਬੰਸਰੀ

ਇਉਂ ਜਿਤਨਾ ਚਿਰ ਬ੍ਰਿਤੀ ਅੰਤਰਮੁਖ ਰਹਿੰਦੀ ਮਨ ਸ਼ਾਂਤ ਰਹੇ, ਬਾਹਜ ਬਿਰਤੀ ਦੇ ਆਇਆ ਫੇਰ ਉਹੋ ਹੀ ਹਾਲ ਮਨ ਦੀ ਅਸ਼ਾਂਤੀ ਤੇ ਕਲਪਨਾ। ਉਮਰ ਵੱਡੀ ਹੋਣ ਕਰ ਕੇ ਦਿਮਾਗ਼ ਨੂੰ ਚੱਕਰ ਔਣ ਲੱਗ ਪਏ। ਏਹੋ ਜਿਹਾ ਟਿਕਾਉ ਕਾਫ਼ੀ ਸਮਾਂ ਬਣਿਆ ਰਿਹਾ, ਪਰ ਫੇਰ ਇੱਕ ਦਮ ਅੰਦਰੋਂ ਲਾਈਟ ਬੰਦ ਹੋ ਗਈ। ਪਹਿਲਾਂ ਵਾਂਗ ਉਸ ਨੂੰ ਦੇਖਣ ਵਾਸਤੇ ਬੜੇ ਯਤਨ ਕੀਤੇ ਪਰ ਫੇਰ ਉਹੋ ਜੇਹਾ ਪ੍ਰਕਾਸ਼ ਨਾ ਹੋਇਆ। ਮਨ ਦੀ ਭਟਕਣਾ ਫੇਰ ਵਧ ਗਈ। ਕਿਸੇ ਪੂਰਨ ਅਵਸਥਾ ਵਾਲੇ ਮਹਾਂਪੁਰਸ਼ ਦੀ ਸੰਗਤ ਨਹੀਂ ਸੀ ਕੀਤੀ ਜਿਸ ਕਰ ਕੇ ਬਿਰਤੀ ਅਧਵਾਟਿਓਂ ਹੀ ਟੁੱਟ ਗਈ।

ਉਪਰੰਤ ਕਈ ਪ੍ਰਸਿੱਧ ਵਿਅਕਤੀਆਂ ਪਾਸ ਗਿਆ ਪਰ ਇਸ ਦੇ ਅੰਦਰਲੇ ਭੇਦਾਂ ਦਾ ਜਾਣੂ ਕੋਈ ਨਾ ਮਿਲ ਸਕਿਆ, ਜਿਸ ਕਰ ਕੇ ਕਿਸੇ ਤੇ ਮਨ ਦੀ ਸ਼ਰਧਾ ਨਾ ਬੱਝੀ।

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥ (ਸਵਈਏ ਮਹਲੇ ਤੀਜੇ ਕੇ ਭਿਖਾ - ੧੩੯੫)

ਅਖ਼ੀਰ ਨੂੰ ਆਪਣੇ ਪਿੰਡ ਕਟਾਹਰੀ ਵਾਲੇ ਸ. ਹਜ਼ੂਰਾ ਸਿੰਘ ਨੂੰ ਸਾਰੀ ਵਾਰਤਾ ਦੱਸੀ। ਉਸ ਨੇ ਇਸ ਨੂੰ ਪ੍ਰੇਰ ਕੇ ਕਰਮਸਰ ਲੈ ਆਂਦਾ। ਭਾਵੇਂ ਨਜ਼ਦੀਕ ਹੋਣ ਕਰ ਕੇ ਇਸ ਧਰਤੀ ਤੇ ਪਹਿਲਾਂ ਵੀ ਬਹੁਤ ਵਾਰ ਦਰਸ਼ਨ ਕੀਤੇ ਸਨ, ਪਰ

ਉਨ੍ਹਾਂ ਦਰਸ਼ਨਾਂ ਤੋ ਅੱਜ ਦੇ ਦਰਸ਼ਨਾਂ ਵਿੱਚ ਜ਼ਿਮੀਂ ਅਸਮਾਨ ਦਾ ਫ਼ਰਕ ਸੀ। ਛੋਟੇ ਸੰਤ ਜੀ ਨੂੰ ਮਿਲੇ ਤੇ ਨਮਸ਼ਕਾਰ ਕਰ ਕੇ ਸਾਰੀ ਵਾਰਤਾ ਦੱਸੀ। ਉਨ੍ਹਾਂ ਦੀ ਸਿਫਾਰਸ਼ ਨਾਲ ਵੱਡੇ ਮਹਾਂਪੁਰਸ਼ਾਂ ਦੇ ਪਾਸ ਪੁੱਜੇ। ਇਹ ੧੯੩੪ ਈ. ਦਾ ਸਮਾਂ ਸੀ। ਭਾਵਨਾ ਨਾਲ ਮੱਥਾ ਟੇਕ ਕੇ ਆਦਿ ਤੋਂ ਅੰਤ ਤੱਕ ਪਹਿਲੀ ਤੇ ਪਿਛਲੀ ਆਪਣੀ ਸਾਰੀ ਵਾਰਤਾ ਦੱਸੀ। ਹਜ਼ੂਰ ਨੇ ਚੰਗਾ ਅਧਿਕਾਰੀ ਜਾਣਿਆ। ਨਾਲ ਹੀ ਦਿਮਾਗ਼ ਦੀ ਕਮਜ਼ੋਰੀ ਤੇ ਬੁਢੇਪਾ ਅਨੁਭਵ ਕੀਤਾ। ਉਸ ਸਮੇਂ ਸਵਾਸ ਰੋਕ ਕੇ ਸਿਮਰਨ ਕਰਨ ਤੋਂ ਹਟਾ ਕੇ ਸਹਿਜ ਜੋਗ ਵਿੱਚ ਜੋੜ ਦਿੱਤਾ। ਹਿਰਦਾ ਸ਼ੁੱਧ ਸੀ। ਆਉਂਦੇ ਜਾਂਦੇ ਸਵਾਸ ਨਾਲ ਸਿਮਰਨ ਕਰਨ ਲੱਗਾ ਜੋ ਥੋੜੇ ਸਮੇਂ ਵਿੱਚ ਹੀ ਹਰ ਸਮੇਂ ਨਿਰਯਤਨ ਆਪੇ ਹੀ ਹੋਈ ਜਾਣ ਲੱਗ ਪਿਆ। ਪਹਿਲਾਂ ਵਾਂਗ ਰੋਸ਼ਨੀ ਹੋਣ ਲੱਗੀ ਪਰ ਉਹ ਹੁਣ ਏਸ ਟਿਕਾਉ ਵਿੱਚ ਚੰਗੀ ਨਾ ਲੱਗੇ। ਸੋਹਣੀ ਅਵਸਥਾ ਪ੍ਰਾਪਤ ਹੋ ਗਈ। ਦੁਬਾਰਾ ਅੰਮ੍ਰਿਤ ਪਾਨ ਕੀਤਾ ਤੇ ਪੰਜਾਂ ਬਾਣੀਆਂ ਦਾ ਨਿੱਤਨੇਮ ਵੀ ਕਰਨ ਲੱਗ ਪਿਆ। ਇਸ ਤਰ੍ਹਾਂ ਅਭਿਆਸ ਕਰਦਿਆਂ ਕਈ ਸਾਲ ਲੰਘ ਗਏ। ਰੋਜ਼ ਸਵੇਰੇ ਜਾਗਣਾ, ਇਸ਼ਨਾਨ ਉਪਰੰਤ ਗੁਰ ਸ਼ਬਦ ਦਾ ਜਾਪ ਤੇ ਫੇਰ ਦਿਨ ਚੜ੍ਹੇ ਗੁਰਬਾਣੀ ਦਾ ਪਾਠ। ਉਪਰੰਤ ਉੱਠਦੇ ਬੈਠਦੇ ਵਾਹਿਗੁਰੂ ਸ਼ਬਦ ਦੀ ਲਿਵ ਜਾਰੀ ਰੱਖਣੀ। ਜਿੱਥੇ ਹਜ਼ੂਰ ਨੇ ਨਾਮ ਅੰਮ੍ਰਿਤ ਦੀ ਵਰਖਾ ਕਰਨੀ, ਹਰ ਇੱਕ ਜਗ੍ਹਾ ਦੀਵਾਨ ਸੁਣਨ ਜਾਂਦਾ।

ਇੱਕ ਵੇਰਾਂ ਇਸ ਨੇ ਅਰਜ਼ ਕੀਤੀ, "ਮਹਾਰਾਜ! ਕਈ ਵਾਰ ਅੰਮ੍ਰਿਤ ਵੇਲੇ ਸਿਮਰਨ ਵਿੱਚ ਬੈਠਿਆਂ ਜਾਂ ਰਾਤ ਨੂੰ ਕਥਾ ਕੀਰਤਨ ਦੇ ਸਮੇਂ ਮਨ ਨੂੰ ਕੋਈ ਅਲੌਕਿਕ ਜੇਹਾ ਸੁੱਖ ਪ੍ਰਤੀਤ ਹੁੰਦਾ ਹੈ। ਉਸ ਸੁੱਖ ਵਿੱਚ ਲੀਨ ਹੋਇਆਂ ਸਿਮਰਨ ਵੀ ਹੋਈ ਜਾਂਦਾ ਹੈ ਤੇ ਨਾਲ ਸੂਖਮ ਜੇਹੀਂ ਨੀਂਦ ਵੀ ਆ ਜਾਂਦੀ ਹੈ। ਕਥਾ ਕੀਰਤਨ ਦੀ ਸਮਝ ਪਹਿਲਾਂ ਵਾਂਗ ਉਸੇ ਤਰ੍ਹਾਂ ਹੀ ਆਈ ਜਾਂਦੀ ਹੈ, ਇਸ ਤੋਂ ਕਿਵੇਂ ਬਚਿਆ ਜਾਵੇ?" ਸੰਤ ਜੀ ਮਹਾਰਾਜ ਕਹਿਣ ਲੱਗੇ ਬਾਬਾ! ਮਨ ਦੀਆਂ ਪੰਜ ਅਵਸਥਾ ਹਨ। ਯਥਾ: ੧) ਖਿਅਪਤ (੨) ਬਿਖਿਅਪਤ (੩) ਮੂੜ੍ਹ (੪) ਅਨਰੁਧ (੫) ਇਕਾਗਰ।

੧) ਜਦੋਂ ਮਨ ਸ਼ਬਦ ਸਪਰਸ਼ ਆਦਿਕ ਵਿਸ਼ਿਆਂ ਦਾ ਆਕਾਰ ਹੋ ਕੇ ਹਰ ਸਮੇਂ ਚਿਤਵਨੀ ਕਰਦਾ ਰਹਿੰਦਾ ਹੈ, ਇਸ ਨੂੰ ਖਿਅਪਤ ਅਵਸਥਾ ਕਹਿੰਦੇ ਹਨ।

੨) ਜਦੋਂ ਕਦੇ ਮਨ ਪਦਾਰਥਾਂ ਵੱਲ ਜਾਵੇ, ਕਦੇ ਅੰਦਰ ਪ੍ਰਭੂ ਦਾ ਚਿੰਤਨ ਕਰੇ ਇਨ੍ਹਾਂ ਦੋਹਾਂ ਹਾਲਤਾਂ ਦਾ ਨਾਮ ਬਿਖਿਅਪਤ ਹੈ।

੩) ਜਦੋਂ ਮਨ ਕਿਸੇ ਵਿਚਾਰ ਦੇ ਬਚਨਾਂ ਨੂੰ ਸੁਣ ਕੇ ਸਮਝਣ ਤੋਂ ਅਸਮਰਥ ਹੋਵੇ। ਉਸ ਵਿੱਚ ਲਯਤਾ ਵੀ ਹੁੰਦੀ ਹੈ। ਜਦੋਂ ਮਨ ਅਚੇਤ ਹੋ ਕੇ ਨਿੰਦਰਾ ਦੇ ਵਸੀਕਾਰ ਹੋ ਜਾਵੇ ਭਾਵ ਉਸ ਵਿੱਚ ਲੀਨ ਹੋਵੇ ਇਹ ਮੂੜ੍ਹ ਅਵਸਥਾ ਹੈ।

੪) ਜਦੋਂ ਮਨ ਨੂੰ ਸਾਵਧਾਨ ਹੋ ਕੇ ਬਾਹਜ ਪਦਾਰਥਾਂ ਤੋਂ ਬਾਰੰਬਾਰ ਰੋਕ ਕੇ ਅੰਤਰਮੁਖ ਕਰਨ ਦਾ ਅਭਿਆਸ ਕਰੇ ਅਤੇ ਆਪਣੇ ਸਰੂਪ ਦਾ ਅਨੰਦ ਮਾਣੇ ਇਸ ਦਾ ਨਾਮ ਅਨਰੁਧ ਅਵਸਥਾ ਹੈ।

੫) ਜਦੋਂ ਮਨ ਕਿਸੇ ਯਤਨ ਕੀਤੇ ਬ਼ਗ਼ੈਰ ਹੀ ਪੂਰਨ ਇਕਾਗਰਤਾ ਨੂੰ ਪ੍ਰਾਪਤ ਹੋ ਜਾਵੇ ਇਹ ਮਨ ਦੀ ਪਰਮ ਅਨੰਦ ਇਕਾਗਰ ਅਵਸਥਾ ਹੈ।

੧) ਖਿਅਪਤ ਪਾਂਮਰ ਦੀ ਅਵਸਥਾ ਹੈ। ਯਥਾ:

ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥ *(ਵਾਰ-ਮਾਝ ਮਃ ੧ - ੧੪੬)*

੨) ਮੂੜ੍ਹ ਬਿਖਈ ਦੀ ਅਵਸਥਾ ਹੈ ਏਥੇ ਭੋਗਾਂ ਵਿੱਚ ਪ੍ਰਵਿਰਤ ਹੋਣਾ ਅਤੇ ਅੱਗੇ ਸੁੱਖ ਵਾਸਤੇ ਪੁੰਨ ਕਰਨੇ। ਯਥਾ:

ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥ *(ਵਾਰ-ਮਾਝ ਮਃ ੧ - ੧੪੬)*

੩) ਬਿਖਿਅਪਤ ਜਗਿਆਸੂ ਦੀ ਅਵਸਥਾ ਹੈ, ਸੰਸੇ ਵਿੱਚ ਬਿਰਤੀ ਰਹਿਣੀ ਕਿ ਭਜਨ ਕਰਾਂ ਕਿ ਸੇਵਾ ਕਰਾਂ। ਯਥਾ:

ਬਹੁਤੁ ਭਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥ *(ਵਾਰ-ਮਾਝ ਮਃ ੧ - ੧੪੬)*

੪) ਅਨਰੁਧ ਜੋਗੀ ਦੀ ਅਵਸਥਾ ਹੈ, ਜਿਤਨਾ ਚਿਰ ਦਸਮ ਦੁਆਰ ਵਿੱਚ ਬ੍ਰਿਤੀ ਰਹਿਣੀ ਉਤਨਾ ਚਿਰ ਅਨੰਦ ਪ੍ਰਾਪਤ ਹੋਣਾ। ਉਥਾਨ ਹੋਣ ਤੋਂ ਵਿਸ਼ੇ ਵਿੱਚ ਪ੍ਰਵਿਰਤ ਹੋ ਜਾਣਾ।

੫) ਇਕਾਗਰ - ਇਹ ਗਿਆਨਵਾਨ ਜੀਵਨ ਮੁਕਤ ਦੀ ਅਵਸਥਾ ਹੈ ਭਾਵ ਹਰ ਸਮੇਂ ਇੱਕੋ ਆਤਮ ਸਰੂਪ ਵਿੱਚ ਬ੍ਰਿਤੀ ਜੁੜੀ ਰਹਿਣੀ।

ਇਸੇ ਤਰ੍ਹਾਂ ਮਨ ਦੀਆਂ ਪੰਜ ਹੀ ਬਿਰਤੀਆਂ ਹਨ। ਯਥਾ:

੧) ਪ੍ਰਮਾਣ: ਮਨ ਨੇ ਦਿਸਣ ਵਾਲੀਆਂ ਚੀਜ਼ਾਂ ਵਿੱਚ ਹੀ ਹਮੇਸ਼ਾ ਪਰਚੇ ਰਹਿਣਾ। ਇਸ ਦੀ ਨਵਿਰਤੀ ਮਨ ਨੂੰ ਸੰਬੋਧਨ ਕਰਨਾ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ *(ਮਾਰੂ ਮਃ ੫ - ੧੦੮੩)*

ਤਥਾ: *ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥*
(ਬਿਲਾਵਲ ਮਃ ੫ - ੮੦੮)

ਅਥਵਾ: *ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ ॥*
(ਸਾਰੰਗ ਮਃ ੫ - ੧੨੩੦)

੨) ਵਿਪਰਜੇ: ਬੇਦ ਸ਼ਾਸਤ੍ਰ ਗੁਰੂ ਦੀ ਆਗਯਾ ਤੋਂ ਉਲਟ ਸੁਝਾਉ, ਸਾਰੇ ਜਗਤ ਨੂੰ ਸੱਤ ਤੇ ਬ੍ਰਹਮ ਨੂੰ ਅਸੱਤ ਜਾਨਣਾ। ਇਸ ਦੀ ਨਵਿਰਤੀ:

ਏਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥ *(ਬਸੰਤੁ ਮਃ ੯ - ੧੧੮੭)*

੩) ਨਿੰਦ੍ਰਾ: ਪ੍ਰਤੱਖ ਨੀਂਦ ਆ ਜਾਣੀ। ਅਥਵਾ ਜਾਗ੍ਰਤ ਸੁਪਨ ਦਾ ਅਭਾਵ ਸਖੋਪਤ ਅਵਸਥਾ ਵਿੱਚ ਮਨ ਬੁੱਧੀ ਨੇ ਅਵਿੱਦਿਆ ਵਿਖੇ ਲੀਨ ਹੋ ਜਾਣਾ। ਇਸ ਦੀ ਨਵਿਰਤੀ: ਪ੍ਰਮੇਸ਼ਰ ਦੇ ਪਿਆਰੇ ਅੰਮ੍ਰਿਤ ਵੇਲੇ ਜਾਗ ਕੇ ਜਿਵੇਂ ਸਿਮਰਨ ਵਿੱਚ ਜੁੜਦੇ ਹਨ, ਤੂੰ ਵੀ ਪ੍ਰਮੇਸ਼ਰ ਦੀ ਭਗਤੀ ਕਰ:

ਭਿੰਨੀ ਰੈਨੜੀਐ ਚਾਮਕਨਿ ਤਾਰੇ ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੌ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੌ ॥
ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥
ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥ *(ਆਸਾ ਮਃ ੫ - ੪੫੯)*

੪) ਵਿਕਲਪ: ਮਨ ਦੀ ਬ੍ਰਿਤੀ ਇਕਾਗਰ ਨਾ ਹੋ ਸਕਣੀ। ਹਰ ਸਮੇਂ ਘਾਲਣਾ ਥੋੜ੍ਹੀ ਅਤੇ ਫ਼ਲ ਦੀ ਇੱਛਾ ਬਹੁਤੀ ਕਰਨੀ:

ਯਥਾ: *ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ ਕਹਤੋ ਪਹੁਤਾ ॥੧॥*
(ਸੂਹੀ ਮਃ ੫ - ੭੩੮)

ਇਸ ਦੀ ਨਵਿਰਤੀ: ਫ਼ਲ ਦੀ ਇੱਛਾ ਛੱਡ ਕੇ ਸੇਵਾ ਤੇ ਸਿਮਰਨ ਵਿੱਚ ਲੱਗੇ ਰਹਿਣਾ:

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਗਉੜੀ ਸੁਖਮਨੀ ਮਃ ੫ - ੨੮੬)

੫) ਸਿਮ੍ਰਤੀ: ਭਜਨ ਸਿਮਰਨ ਦੇ ਸਮੇਂ ਸਮਾਧੀ 'ਚ ਬੈਠਿਆਂ ਪਿਛਲੇ ਕੰਮਾਂ ਨੂੰ ਚੇਤੇ ਕਰੀ ਜਾਣਾ।
ਨਿਵਿਰਤੀ - ਮਨ ਦੀ ਮੱਤ ਦਾ ਤਿਆਗ ਗੁਰਮਤ ਦਾ ਗ੍ਰਹਿਣ ਕਰਨਾ:

ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥ *(ਬਿਲਾਵਲੁ ਮਃ ੪ - ੮੦੦)*

ਅਥਵਾ: ਜੋ ਬਣਨੀ ਸੋ ਬਣ ਰਹੀ, ਜੋ ਬਣੀ ਸੋ ਬਣੀ। ਅਨ ਬਣਨੀ ਕੇ ਬਣਨ ਮੇ, ਪਚ ਪਚ ਮੁਈ ਘਨੀ।
ਜੋ ਪੂਰੇ ਪੂਰੀ ਕਰੀ ਘਟਤ ਨ ਬਢਤ ਕਨੀ। ਅਨ ਬਣਨੀ ਜੋ ਚਿਤਵਤੇ ਤਿਨ ਕੀ ਤੁਛ ਮਨੀ।

ਹਜ਼ੂਰ ਦੀ ਰਸਨਾ ਤੋਂ ਉਪਦੇਸ਼ ਪ੍ਰਾਪਤ ਕਰ ਕੇ ਮਨ ਦੀ ਸ਼ਾਂਤੀ ਤੇ ਪੂਰਨ ਇਕਾਗਰਤਾ ਵਾਸਤੇ ਪਹਿਲਾਂ ਪਹਿਲਾਂ ਇਸ ਨੇ ਬੜਾ ਹਠ ਕੀਤਾ। ਰਾਤ ਦਿਨ ਦੇ ੨੪ ਘੰਟਿਆਂ 'ਚੋਂ ਕੇਵਲ ੩ ਘੰਟੇ ਹੀ ਆਰਾਮ ਕਰਨਾ ਤੇ ੨੧ ਘੰਟੇ ਸਿਮਰਨ ਵਿੱਚ ਜੁੜਨਾ। ਸਰੀਰ ਕ੍ਰਿਸ ਹੋ ਗਿਆ ਪਰ ਮਨ ਦਾ ਪ੍ਰੇਮ ਪ੍ਰਬਲ ਹੋ ਆਇਆ। ਏਥੋਂ ਤੱਕ ਅਵਸਥਾ ਚੜ੍ਹ ਗਈ ਕਿ ਆਪਣੇ ਆਪ ਦੀ ਸੰਭਾਲ ਨਾ ਰਹੀ। ਸਿਮਰਨ ਵਿੱਚ ਬੈਠਿਆਂ ਜੇ ਕਿਸੇ ਨੇ ਪ੍ਰਸ਼ਾਦ ਵਾਸਤੇ ਆਖ ਦੇਣਾ ਤਾਂ ਉੱਠ ਕੇ ਛਕ ਲੈਣਾ, ਜੋ ਅਠੀਂ ਪਹਿਰੀ ਛਕਦੇ ਸਨ। ਨਹੀਂ ਤਾਂ ਇੱਕ ਇੱਕ ਜਗ੍ਹਾ ਦੋ ਦੋ ਦਿਨ ਹੀ ਬੈਠਿਆਂ ਨੂੰ ਬਤੀਤ ਹੋ ਜਾਂਦੇ। ਜਦੋਂ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਆਉਣਾ ਹਜ਼ੂਰ ਦਾ ਏਹੀ ਹੁਕਮ ਹੁੰਦਾ, "ਬਾਬਾ! ਘੋੜੇ ਨੂੰ ਸੰਭਾਲ, ਅਜੇ ਸਫ਼ਰ ਬੜਾ ਲੰਮਾ ਹੈ।" ਭਾਵ ਸਰੀਰ ਵੱਲ ਵੀ ਖ਼ਿਆਲ ਰੱਖਿਆ ਕਰ ਇਸ ਤੋਂ ਕੰਮ ਵੀ ਲੈ ਤੇ ਖੁਰਾਕ ਵੀ ਖੁਵਾ। ਫੇਰ ਪ੍ਰੇਮ ਇਤਨਾ ਸੀ ਕਿ ਗ਼ਰਮੀ, ਸਰਦੀ, ਝੱਖੜ, ਬਾਰਸ਼ ਹਰੇਕ ਜਗ੍ਹਾ ਦੀਵਾਨ ਸੁਣਨ ਜਾਣਾ। ਰੋਜ਼ ਗੁਰਦੁਆਰੇ ਸਾਹਿਬ ਦਰਸ਼ਨ ਨੂੰ ਆਉਣਾ। ਪ੍ਰੇਮੀਆਂ ਦੇ ਪ੍ਰੇਮ ਦੀ ਅਕਿਹ ਅਵਸਥਾ ਹੈ।

ਯਥਾ: ਨਾਗਾਂ ਵਾੜ ਸਮੁੰਦ ਘਰ ਕੇਹਰ ਖੜੇ ਬੁਕੰਨ। ਜੇ ਜਮ ਦਿਸੇ ਪਾਹਰੂ ਪ੍ਰੇਮੀ ਚੱਲ ਮਿਲੰਨ ।

ਭਾਵ ਨਾਗਾਂ ਦੇ ਫੁੰਕਾਰਿਆਂ ਤੇ ਸਮੁੰਦਰ ਨੂੰ ਤਰ ਕੇ ਸ਼ੇਰਾਂ ਦੇ ਗਰਜਦਿਆਂ ਤੇ ਜਮਾਂ ਦੇ ਪਹਿਰੇ ਵਿੱਚੋਂ ਦੀ ਲੰਘ ਕੇ ਵੀ ਪ੍ਰੇਮੀ ਜ਼ਰੂਰ ਆਪਣੇ ਗੁਰੂ ਨੂੰ ਜਾ ਮਿਲਦੇ ਹਨ, ਕਿਉਂਕਿ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਇੱਕ ਪਿਆਰਾ ਹੀ ਦਿਸਦਾ ਹੈ। ਭਾਵੇਂ ਅੰਧੇਰੀ ਰਾਤ ਤੇ ਜ਼ੋਰ ਦੀ ਹਵਾ ਵਗੇ, ਬੱਦਲ ਦੀ ਗਰਜ, ਬਿਜਲੀ ਦੀ ਕੜਕ, ਕੰਨ ਬੰਦ ਕਰਵਾ ਦਿੰਦੀ ਹੈ। ਬਘਿਆੜਾਂ ਦੀ ਹਵਾਂ ਹਵਾਂ, ਗਿੱਦੜਾਂ ਦਾ ਰੌਲਾ, ਸੂਰਾਂ ਦੀ ਘੁਰ ਘੁਰ, ਸੱਪਾਂ ਦੇ ਫੁੰਕਾਰੇ, ਪਿਲਛੀ ਕਾਹੀ ਤੇ ਸੜਕੜੇ ਦੀ ਸਾਂ ਸਾਂ ਪਿਆਰੇ ਦੇ ਮਿਲਣ ਵਾਲੇ ਪ੍ਰੇਮੀਆਂ ਦੇ ਪੰਧ ਵਿੱਚ ਰੋਕ ਨਹੀਂ ਪਾ ਸਕਦੀ।

ਯਥਾ: *ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ ॥*
ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥ *(ਚਉਬੋਲੇ ਮਃ ੫ - ੧੩੯੪)*

ਕਈ ਵਾਰੀ ਇਸ ਨੂੰ ਵੈਰਾਗਮਈ ਹਾਲਤ ਵਿੱਚ ਨਿਮੋਝੂਣਾ ਦੇਖ ਕੇ ਆਪ ਜੀ ਫੁਰਮਾਉਂਦੇ, "ਬਾਬਾ! ਵਿਚਾਰ ਤੋਂ ਕੰਮ ਲੈ। ਬਹੁਤਾ ਹਠ ਨਾ ਕਰਿਆ ਕਰ ਕਿਉਂਕਿ ਪ੍ਰਮੇਸ਼ਰ ਦੀ ਪ੍ਰਾਪਤੀ ਦੇ ਅੱਠ ਰਸਤੇ ਹਨ। ਯਥਾ: ੧) ਬ੍ਰਹਮ ਦ੍ਰਿਸ਼ਟੀ (੨) ਮਿਥਯੰਤ ਦ੍ਰਿਸ਼ਟੀ (੩) ਸਭ ਕੁਛ ਈਸ਼ਵਰ ਦੇ ਅਧੀਨ ਮੰਨਣਾ (੪) ਸਭ ਕੁਛ ਤਿੰਨਾਂ ਗੁਣਾ ਦੇ ਅਧੀਨ ਹੈ (੫) ਸਾਰਾ ਪ੍ਰਪੰਚ ਪ੍ਰਕ੍ਰਿਤੀ ਦੇ ਅਧੀਨ ਹੈ (੬) ਸਭ ਕੁਛ ਕਰਮਾਂ ਦੇ ਅਧੀਨ ਹੈ ਪ੍ਰਾਰਬਧ ਤੇ ਨਿਸ਼ਚਾ ਕਰਨਾ (੭) ਸਾਰੀ ਸ੍ਰਿਸ਼ਟੀ ਕਾਲ ਦੇ ਅਧੀਨ ਹੈ (੮) ਸਾਰਾ ਸੰਸਾਰ ਪ੍ਰਮੇਸ਼ਰ ਦੇ ਭੈ ਵਿੱਚ ਹੈ, ਇਹ ਨਿਸ਼ਚੇ ਕਰਨਾ। ਆਪਣੇ ਆਪ ਗੁਰੂ ਪ੍ਰਮੇਸ਼ਰ ਦੇ ਭੈ ਵਿੱਚ ਰੱਖਣਾ ਹੀ ਸ੍ਰੇਸ਼ਟ ਸਾਧਨ ਹੈ। ਇਹੋ ਹੀ ਸਭ ਤੋਂ ਸ਼੍ਰੋਮਣੀ ਧਰਮ ਹੈ। ਇਹ ਵੀ ਆਪਣੇ ਆਪ ਪ੍ਰਾਪਤ ਨਹੀਂ ਹੁੰਦਾ ਕਿਸੇ ਸਤਿ ਪੁਰਸ਼ ਦੀ ਸੰਗਤ ਦੁਆਰਾ ਹੀ ਇਸ ਨੂੰ ਜਾਗ ਲੱਗਦੀ ਹੈ।

ਧਰਮ

ਧਰਮ ਦੀ ਵੀ ਜਾਗ ਲਾਈ ਜਾਂਦੀ ਹੈ। ਧਰਮ ਦੀ ਵੀ ਪਿਉਂਦ ਕੀਤੀ ਜਾਂਦੀ ਹੈ। ਧਰਮ ਦੀ ਵੀ ਪਨੀਰੀ ਪੁੱਟ ਕੇ ਖੁੱਲ੍ਹੀ ਪੈਲੀ ਵਿੱਚ ਗੱਡੀ ਜਾਂਦੀ ਹੈ। ਕੋਈ ਬੀਜ ਧਰਤੀ ਤੋਂ ਬਿਨਾਂ ਨਹੀਂ ਉਗਦਾ। ਕੋਈ ਫ਼ੁੱਲ ਸੂਰਜ ਰਿਸ਼ਮਾਂ ਦੀਆਂ ਰੰਗ ਮਟਕੀਆਂ ਤੋਂ ਬਿਨਾਂ ਰੰਗ ਨਹੀਂ ਸਕਦੀ। ਕੋਈ ਵੀ ਫ਼ੁੱਲ ਧਰਤੀ ਦੀ ਗੋਦੀ ਤੋਂ ਬਿਨਾਂ ਸੁਗੰਧੀ ਨਹੀਂ ਪ੍ਰਾਪਤ ਕਰ ਸਕਦਾ। ਤੈਸੇ ਹੀ ਮਹਾਤਮਾ ਦੀ ਸੰਗਤ ਤੋਂ ਬਿਨਾਂ ਜੀਵ ਅੰਦਰ ਵੀ ਧਰਮ ਦੀ ਜਾਗ ਨਹੀਂ ਲੱਗਦੀ ਕਿਉਂਕਿ ਪ੍ਰਮੇਸ਼ਰ ਹੀ ਸੰਸਾਰ ਦੇ ਭਲੇ ਵਾਸਤੇ ਸੰਤ ਰੂਪ ਵਿੱਚ ਆਉਂਦਾ ਹੈ। ਜਿਵੇਂ ਸ੍ਰੀ ਮਦ ਭਾਗਵਤ ਪੁਰਾਨ ਦੇ ਦਸਵੇਂ ਸਿਕੰਧ ਵਿੱਚ ਭਗਵਾਨ ਕ੍ਰਿਸ਼ਨ ਜੀ ਊਧਵ ਪ੍ਰਤੀ ਫੁਰਮਾਉਂਦੇ ਹਨ:

ਊਧਵ ਸੰਤ ਅਤੇ ਮੈਂ ਦੋ ਨਾਹੀ। ਮੈਂ ਹੀ ਬਸੂ ਸੰਤ ਰਿਦ ਮਾਂਹੀ।
ਕਿਨਹੀ ਮਿਲੂੰ ਧਾਰ ਕਰ ਤਨ ਕੋ। ਮਿਲ ਕਰ ਸੋਧਹਿੰ ਤਿਨ ਕੇ ਮਨ ਕੋ।
ਕਿਨਹੀ ਸੰਤ ਰੂਪ ਹੋਇ ਤਾਰਹੁ। ਸੰਤਨ ਮੋਹਿ ਅਭੇਦ ਬਿਚਾਰਹੁ।

ਬੇਸ਼ਕ ਆਪੋ ਆਪਣੇ ਵਰਨਾਂ ਆਸ਼੍ਰਮਾਂ ਦੇ ਵੱਖੋ ਵੱਖ ਧਰਮ ਹਨ ਪਰ ਸਭ ਦਾ ਸਾਂਝਾ ਧਰਮ ਈਸ਼ਵਰ ਚਿੰਤਨ ਤੇ ਪ੍ਰਭੂ ਪ੍ਰਾਪਤੀ ਦਾ ਇੱਕੋ ਹੀ ਹੈ:

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥
ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥ *(ਗਉੜੀ ਮਃ ੫ - ੧੯੬)*
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥ *(ਬਿਲਾਵਲੁ ਮਃ ੯ - ੮੩੧)*

ਗੁਰਬਾਣੀ ਇੱਕ ਨਦੀ ਦੇ ਸਮਾਨ ਹੈ ਇਸ ਦਾ ਸ਼ਰਧਾ ਨਾਲ ਪਾਠ ਕਰਨਾ ਜਾਂ ਸੁਣਨਾ ਇਹ ਮਨ ਦੀ ਪਵਿੱਤਰਤਾ ਲਈ ਅਸਲੀ ਇਸ਼ਨਾਨ ਹੈ। ਸੋ, ਸਿੱਖ ਹਮੇਸ਼ਾ ਆਪਣੇ ਗੁਰੂ ਵਿੱਚ ਪ੍ਰਮੇਸ਼ਰ ਭਾਵਨਾ ਰੱਖੇ ਜੀਵ ਭਾਵਨਾ ਤਿਆਗੇ। ਕਿਉਂਕਿ ਜੀਵ ਅਲਪੱਗ ਹੈ ਤੇ ਪ੍ਰਮੇਸ਼ਰ ਸਰਬੱਗ ਹੈ। ਅਲਪੱਗ ਨੇ ਹੀ ਸਰਬੱਗ ਪਾਸੋਂ ਕੁਛ ਲੈਣਾ ਹੈ। ਜੋ ਆਪ ਅਲਪੱਗ ਹੈ ਉਹ ਦੂਸਰੇ ਨੂੰ ਕੀ ਦੇ ਸਕਦਾ ਹੈ, ਸਰਬੱਗ ਹੀ ਦੇ ਸਕਦਾ ਹੈ।

ਨਾਮ ਦੇ ਦਾਤੇ ਗੁਰੂ ਵਿੱਚ ਪ੍ਰਮੇਸ਼ਰ ਭਾਵਨਾ ਰੱਖੇ

ਚੌਪਈ: ਸੋ ਗੁਰ ਗੇ ਨਰ ਬੁਧਿ ਤਿਆਗੇ। ਦੇਵ ਜਾਨ ਤਾਕੇ ਪਗ ਲਾਗੇ।
ਦਿਯੂ ਪਰ ਜਨਯ ਭੂਮੀ ਕੇ ਮਾਂਹਿ। ਅਰ ਪੁਰਸ਼ ਯੋਸ਼ਤਾ ਦੇ ਮਾਂਹਿ।
ਦਿਯੂ ਆਦਿਕ ਕੀ ਬੁਧਿ ਉਠਾਵੈ। ਅਗਨੀ ਬੁਧੀ ਕਰ ਤਾ ਕੋ ਧਿਆਵੈ।
ਯਹ ਸੰਪਤ ਉਪਾਸਨਾ ਗਾਈ। ਪਹਿਲੇ ਪ੍ਰਤੀ ਕਹਿ ਦੁਯੋ ਦਿਖਾਈ। (ਸੋਖ ਪੰਥ)

ਤਥਾ:

ਦੋਹਰਾ: ਗੁਰ ਕੋ ਕੀਜੇ ਡੰਡਵਤ, ਕੋਟ ਕੋਟ ਪਰਨਾਮ। ਕੀਟ ਨ ਜਾਨੇ ਭ੍ਰਿੰਗ ਕੋ, ਗੁਰ ਕਰ ਲੇ ਆਪ ਸਮਾਨ।
ਗੁਰ ਕੋ ਮਾਨਸ ਜਾਨ ਲੈ, ਤੇ ਨਰ ਕਹੀਐ ਅੰਧ। ਹੋਇ ਦੁਖੀ ਸੰਸਾਰ ਮੇ, ਆਗੇ ਜਮ ਕਾ ਫੰਧ।
ਗੁਰ ਕੋ ਮਾਨਸ ਮਾਨਤੇ, ਚਰਨਾਮ੍ਰਿਤ ਕੋ ਪਾਨ। ਤੇ ਨਰ ਨਰਕੇ ਜਾਂਇਗੇ, ਜਨਮ ਜਨਮ ਹੋਇ ਸ੍ਵਾਨ।
ਗੁਰ ਬਿਨ ਮਾਲਾ ਫੇਰਤੇ, ਗੁਰ ਬਿਨ ਦੇਤੇ ਦਾਨ। ਗੁਰ ਬਿਨ ਦਾਨ ਹਰਾਮ ਹੈ, ਜਾਇ ਪੂਛੋ ਬੇਦ ਪੁਰਾਨ।
ਜੈਸੋ ਤੈਸੋ ਪਾਤਕੀ, ਆਵੈ ਗੁਰ ਕੀ ਓਟ। ਗਾਂਠੀ ਬਾਂਧੀ ਸੰਤ ਸੇ, ਨਾ ਪਰਖਿਉ ਖਰ ਖੋਟ।
ਬੜੇ ਬੜਾਈ ਪਾਯ ਕਰ, ਰੋਮ ਰੋਮ ਅਹੰਕਾਰ। ਸਤਿਗੁਰ ਕੇ ਪਰਚੇ ਬਿਨਾ, ਚਾਰੋਂ ਬਰਨ ਚੁਮਾਰ।

ਤਥਾ: ਅਨਕੂਲਸਯ ਸੰਕਲਪ: ਪ੍ਰਤਿਕੂਲਸਯ ਵਰਜਨੰ:
ਟਖਿਸ਼ਯਾਤਿ ਇਤਿ ਵਿਸ੍ਵਾਸੋ ਗੋਪਿ ਤ੍ਰਿਤ੍ਵੇ ਵਰਨਣੰ ਤਥਾ।
ਆਤਮ ਨਿਖਸ਼ੇਪ ਕਾਰ ਪਨਯੰ ਖਟ ਵਿਧਾ ਸ਼ਰਣਾਗਤਿਃ।
ਛੇ ਪ੍ਰਕਾਰ ਦੁਆਰਾ ਗੁਰੂ ਦੀ ਸ਼ਰਨ ਗ੍ਰਹਿਣ ਕਰੇ:

੧) ਸਿੱਖ ਆਪਣੇ ਗੁਰੂ ਦੇ ਅਨੁਕੂਲ ਹੀ ਸੰਕਲਪ ਉਠਾਵੇ, ਉਲਟਾ ਨਾ ਉਠਾਵੇ।
੨) ਆਪਣੇ ਗੁਰਦੇਵ ਤੋਂ ਉਲਟ ਕਰਤਬਾਂ ਦਾ ਤਿਆਗ ਕਰੇ।
੩) ਅੰਦਰ ਇਹ ਨਿਸ਼ਚਾ ਹੋਣਾ ਗੁਰੂ ਮੇਰੀ ਹਰ ਔਖੀ ਜਗ੍ਹਾ ਤੇ ਜ਼ਰੂਰ ਸਹਾਇਤਾ ਕਰੇਗਾ।
੪) ਗੁਰੂ ਦੀ ਸਹਾਇਤਾ ਹੋਣ ਪਰ ਵੀ ਹਰ ਸਮੇਂ ਗੁਰੂ ਅੱਗੇ ਬੇਨਤੀਆਂ ਕਰੀ ਜਾਣਾ ਕਿ ਮੇਰੀ ਆਪ ਰੱਖਿਆ ਕਰੋ, ਰੱਖਿਆ ਕਰੋ।
੫) ਗੁਰੂ ਅੱਗੇ ਆਪਣਾ ਸਭ ਕੁੱਝ ਭੇਟਾ ਕਰ ਦੇਣਾਂ ਭਾਵ ਸਰਬੰਸ ਅਰਪਨਾ।
੬) ਆਪਣੀ ਕਮਜ਼ੋਰੀ ਜ਼ਾਹਰ ਕਰਣੀ ਕਿ ਮੈਂ ਪਾਪੀ ਹਾਂ, ਅਪਰਾਧੀ ਹਾਂ, ਆਪ ਦੀ ਕੁਛ ਸੇਵਾ ਨਹੀਂ ਕਰ ਸਕਦਾ। ਆਪ ਆਪਣਾ ਸ਼ਰਨ ਪਾਲਕ ਗ਼ਰੀਬ ਨਿਵਾਜ਼ ਬਿਰਦ ਸੰਭਾਲੋ।

ਹਜ਼ੂਰ ਦੇ ਦਸੇ ਤਰੀਕੇ ਅਨੁਸਾਰ ਅਭਿਆਸ ਕਰਦਿਆਂ ਇਸ ਨੂੰ ਕਈ ਸਾਲ ਲੰਘ ਗਏ। ਹਰੇਕ ਜਗ੍ਹਾ ਦੀਵਾਨ ਸੁਣਨ ਜਾਂਦਾ। ਹਜ਼ੂਰ ਦੇ ਰਸੀਲੇ ਗਲੇ ਤੋਂ ਕੀਰਤਨ ਸੁਣ ਕੇ ਐਸੀ ਮਸਤੀ ਚੜ੍ਹਦੀ ਕਿ ਦੇਸ਼ ਕਾਲ ਭੁੱਲ ਜਾਂਦਾ। ਜਿਸ ਚੀਜ਼ ਦਾ ਧਿਆਨ ਧਰਦਾ ਸਾਰਿਆਂ ਵਿੱਚ ਉਹੋ ਹੀ ਗੁਰੂ ਨਾਨਕ ਸਾਹਿਬ ਦਾ ਜ਼ਹੂਰ ਦਿਸਦਾ।

ਇੱਕ ਸਮੇਂ ੧੯੪੪ ਈਸਵੀ ਦੇ ਫਰਵਰੀ ਮਹੀਨੇ ਰੁੜਕੇ ਪਿੰਡ ਹਜ਼ੂਰ ਦੇ ੧੦ ਦੀਵਾਨ ਸਜੇ। ਅੱਡੋ ਅੱਡੀ ਪ੍ਰੇਮੀਆਂ ਦੇ ਘਰ ਪੰਜ ਅਖੰਡ ਪਾਠ ਕਰਣੇ ਸਨ। ਇਹ ਵੀ ਉੱਥੇ ਪੁੱਜਿਆ ਸੀ। ਉਂਵ ਵੀ ਏਹ ਉੱਥੇ ਸ. ਧੰਨਾ ਸਿੰਘ ਦੀ ਲੜਕੀ ਪ੍ਰਤਾਪ ਕੌਰ ਨੂੰ ਵਿਆਹਿਆ ਹੋਇਆ ਸੀ, ਪਰ ਓਧਰ ਘੱਟ ਜਾਂਦਾ। ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ ਸ. ਸਰਦਾਰਾ ਸਿੰਘ ਦੇ ਘਰ ਠਹਿਰਦਾ। ਸ. ਭਾਨ ਸਿੰਘ ਏਸ ਦੀ ਸੇਵਾ ਕਰਦਾ। ਸੰਤ ਜੀ ਮਹਾਰਾਜ ਦਾ ਪਿੰਡੋਂ ਬਾਹਰ ਖੂਹ ਤੇ ਤੰਬੂ ਲੱਗਿਆ ਸੀ। ਇਹ ਵੀ ਓਥੇ ਦੀਵਾਨ ਵਿੱਚ ਪੁੱਜਿਆ ਹੋਇਆ ਰੋਜ਼ ਕੀਰਤਨ ਸੁਣ ਕੇ ਆਨੰਦ ਮਾਣਦਾ। ਅੱਜ ਇਸ ਪੰਡਾਲ ਦਾ ਚੌਥਾ ਦੀਵਾਨ ਹੈ। ਸੰਤ ਜੀ ਮਹਾਰਾਜ ਦਿਨ ਦੇ ਪਿਛਲੇ ਪਹਿਰ ਕੀਰਤਨ ਕਰ ਰਹੇ ਸਨ। ਅਖੰਡ ਪਾਠਾਂ ਦੇ ਸਮੇਂ ਪਿੰਡਾਂ ਵਿੱਚ ਸਰਦੀਆਂ ਨੂੰ ਦਿਨੇ ਅਤੇ ਗ਼ਰਮੀਆਂ ਵਿੱਚ ਰਾਤ ਨੂੰ ਦੀਵਾਨ ਸਜਦੇ। ਸੰਗਰਾਂਦ ਤੇ ਪੂਰਨਮਾਸ਼ੀ ਨੂੰ ਅਸਥਾਨ ਤੇ ਹਮੇਸ਼ਾਂ ਰਾਤ ਨੂੰ ਹੀ ਸਜਦਾ। ਉਸ ਸਮੇਂ ਇਕਾਗਰ ਮਨ ਨਾਲ ਇਹ ਹਜ਼ੂਰ ਦੇ ਸਨਮੁਖ ਤਕਦਾ ਹੋਇਆ ਕੀਰਤਨ ਸੁਣ ਰਿਹਾ ਸੀ। ਤਾਂ ਇੱਕ ਨਜ਼ਾਰਾ ਇਸ ਦੀ ਦ੍ਰਿਸ਼ਟੀ ਆਇਆ ਕਿ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਇੱਕ ਦਮ ਲਾਈਟ ਚਮਕੀ, ਜਿਸ ਨੂੰ ਦੇਖ ਕੇ ਇਸ ਦੀਆਂ ਅੱਖਾਂ ਚੁੰਧਿਆ ਗਈਆਂ। ਫੇਰ ਓਹੋ ਹੀ ਰੌਸ਼ਨੀ ਸੰਤ ਜੀ ਮਹਾਰਾਜ ਦੇ ਸੱਜੇ ਪਾਸੇ ਵਾਜੇ ਕੋਲ ਜਾ ਖੜੀ। ਸਹਿਜੇ ਸਹਿਜੇ ਉਸ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਸਰੂਪ ਦਾ ਆਕਾਰ (ਜਿਸ ਦਾ ਇਹ ਧਿਆਨ ਧਰਦਾ ਹੁੰਦਾ ਸੀ) ਬਣ ਗਿਆ। ਪਹਿਲਾਂ ਓਹ ਸਰੂਪ ਪਾਸ ਖੜਾ ਸੀ ਫੇਰ ਹੌਲੀ ਹੌਲੀ ਉਸ ਵਿੱਚ ਸੰਤ ਜੀ ਮਹਾਰਾਜ ਦਾ ਸਰੂਪ ਤੇ ਵਾਜਾ ਲੀਨ ਹੋਏ ਜਾਪੇ। ਬਾਕੀ ਉਹੋ ਹੀ ਗੁਰੂ ਨਾਨਕ ਦੇਵ ਜੀ ਦਾ ਆਕਾਰ ਰਹਿ ਗਿਆ। ਇਸ ਨੇ ਚੰਗੀ ਤਰ੍ਹਾਂ ਨੀਝ ਲਾ ਕੇ ਤੱਕਿਆ। ਨੇਤ੍ਰ ਮਲੇ, ਪਰ ਸਰੂਪ ਉਹੋ ਹੀ ਗੁਰੂ ਨਾਨਕ ਦੇਵ ਜੀ ਵਾਲਾ ਹੀ ਦਿਸੇ। ਇਸ ਨੇ ਕਾਹਲਾ ਪੈ ਕੇ ਨਾਲ ਦੇ ਸਾਥੀਆਂ ਨੂੰ (ਜੋ ਪਾਸ ਬੈਠੇ ਸਨ) ਪੁੱਛਿਆ, "ਆਹ ਸਾਹਮਣੇ ਕੌਣ ਹੈ? ਇਹ ਸੀਤਲ ਰੋਸ਼ਨੀ ਕਿਸ ਚੀਜ਼ ਦੀ ਹੈ?" ਉਨ੍ਹਾਂ ਨੇ ਕਿਹਾ, "ਕੁਛ ਵੀ ਨਹੀਂ, ਸੰਤ ਹੀ ਕੀਰਤਨ ਕਰਦੇ ਹਨ। ਹੋਰ ਏਥੇ ਕੌਣ ਹੈ?" ਇਸ ਨੇ ਸੋਚਿਆ ਕੀ ਮੈਂ ਸੁੱਤਾ ਪਿਆ ਹਾਂ? ਫੇਰ ਉਹ ਇੱਕ ਦਮ ਉਠ ਕੇ ਬਾਹਰ ਗਿਆ। ਨਾਲ ਹੀ ਖੂਹ ਸੀ। ਉਸ ਵਿੱਚੋਂ ਪਾਣੀ ਲੈ ਕੇ ਮੂੰਹ ਧੋਤਾ। ਨੇਤ੍ਰਾਂ ਨੂੰ ਛਿਟੇ ਮਾਰੇ। ਜਦੋਂ ਦੀਵਾਨ ਵਿੱਚ ਆਇਆ, ਫੇਰ ਉਹੋ ਹੀ ਅਕਾਰ ਦਿਸੇ।

ਇਉਂ ਇਹ ਇੱਕ ਘੰਟਾ ਹਜ਼ੂਰੀ ਵਿੱਚ ਬੈਠਾ ਕੀਰਤਨ ਸੁਣਦਾ ਰਿਹਾ। ਫੇਰ ਉਸੇ ਤਰ੍ਹਾਂ ਉਹ ਸਰੂਪ ਨਿਰੋਲ ਪ੍ਰਕਾਸ਼ ਦੇ ਰੂਪ ਵਿੱਚ ਬਦਲ ਗਿਆ। ਉਪਰੰਤ ਇਸ ਨੂੰ ਸੰਤਾਂ ਦਾ ਸਰੀਰ ਦ੍ਰਿਸ਼ਟੀ ਆਇਆ। ਇਹ ਗੱਲ ਪਹਿਲੇ ਦਿਨ ਤਾਂ ਇਸ ਨੇ ਕਿਸੇ ਪਾਸ ਨਹੀਂ ਦੱਸੀ। ਦੂਸਰੇ ਦਿਨ ਫੇਰ ਦੀਵਾਨ ਦੇ ਸਮੇਂ ਪ੍ਰਕਾਸ਼ ਦੇਖਿਆ। ਤੀਸਰੇ ਦਿਨ ਫੇਰ ਦੀਦਾਰ ਹੋਇਆ। ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੋਲ ਸਟੇਜ ਤੇ ਬੈਠ ਕੇ ਕੀਰਤਨ ਕਰਿਆ ਕਰਦੇ। ਅਖ਼ੀਰ ਨੂੰ ਇਸ ਨੇ ਹੈਰਾਨ ਹੋ ਕੇ ਸ਼ਾਮ ਨੂੰ ਹਜ਼ੂਰ ਦੇ ਪਾਵਨ ਚਰਨਾਂ ਵਿੱਚ ਬੇਨਤੀ ਕੀਤੀ, "ਮਹਾਰਾਜ ਜੀ! ਇਹ ਕੀ ਕਾਰਣ ਹੈ ਕੋਈ ਸਮਝ ਨਹੀਂ ਪੈਂਦੀ।" ਉਨ੍ਹਾਂ ਨੇ ਉੱਤਰ ਦਿੱਤਾ ਪ੍ਰੇਮੀਆ! ਸ਼ੁੱਧ ਹਿਰਦੇ ਵਾਲੇ ਨੂੰ ਜੇਹੋ ਜੇਹੀ ਉਹ ਭਾਵਨਾ ਕਰਦਾ ਹੈ ਪ੍ਰਮੇਸ਼ਰ ਉਸੇ ਰੂਪ ਵਿੱਚ ਹੀ ਦਿਸਦਾ ਹੈ। ਤੁਸੀਂ ਦਿਨ ਦੇ ਸਮੇਂ ਸਤਿਗੁਰਾਂ ਦੇ ਚਿੱਤਰ ਤੱਕੇ। ਸਮਾਧੀ ਵਿੱਚ ਬੈਠਿਆਂ ਉਨ੍ਹਾਂ ਦੇ ਸਰੂਪ ਦਾ ਧਿਆਨ ਧਰਿਆ, ਜਿਸ ਕਰ ਕੇ ਤੁਹਾਡੀ ਭਾਵਨਾ ਅਨੁਸਾਰ ਹੀ ਉਨ੍ਹਾਂ ਨੇ ਦਰਸ਼ਨ ਬਖਸ਼ਿਆ। 'ਭਾਵੋ ਹੀ ਵਿਦਤੇ ਦੇਵਾ' ਫੇਰ ਤਾਂ ਉਸ ਦੀ ਇਤਨੀ ਸ਼ਰਧਾ ਵੱਧ ਗਈ ਕਿ ਜਦੋਂ ਵੀ ਰਾਤ ਨੂੰ ਆਰਾਮ ਕਰਨਾ ਕਰਮਸਰ ਦੀ ਪਾਵਨ ਧਰਤੀ ਵੱਲ ਸਿਰ ਕਰ ਕੇ ਸੌਂਣਾ ਕਿ ਏਧਰ ਮੇਰੇ ਮੁਰਸ਼ਦ ਦਾ ਅਸਥਾਨ ਹੈ। ਜਦੋਂ ਸ਼ਾਮ ਨੂੰ ਪਾਠ ਕਰ ਕੇ ਅਰਦਾਸ ਕਰਨੀ, ਕਰਮਸਰ ਵੱਲ ਸਿਰ ਝੁਕਾਉਣਾ ਕਿ ਮੇਰਾ ਏਹੋ ਹੀ ਮੱਕਾ ਤੇ ਏਹੋ ਹੀ ਮਦੀਨਾ ਹੈ। ਉਸ ਦਿਨ ਤੋਂ ਬਾਅਦ ਹਜ਼ੂਰ ਨੇ ਚੰਗਾ ਅਧਿਕਾਰੀ ਜਾਣ ਕੇ ਸਾਰੇ ਦੁੱਖਾਂ ਦੀ ਪੂਰਨ ਨਵਿਰਤੀ ਵਾਲਾ ਪੂਰਨ ਗਿਆਨ ਜੋਗ ਦਾ ਉਪਦੇਸ਼ ਕੀਤਾ ਅਤੇ ਕਿਹਾ ਕਿ ਇਸ ਜੀਵ ਨੂੰ ਸਾਰੇ ਦੁੱਖ ਦੇਹ ਅਧਿਆਸ ਕਰ ਕੇ ਹੀ ਹਨ। ਇਸ ਦੀ ਨਵਿਰਤੀ ਬ੍ਰਹਮਗਿਆਨ ਦੁਆਰਾ ਹੀ ਹੁੰਦੀ ਹੈ।

ਉਪਰੰਤ ਸਰੂਪ ਦੇ ਗਿਆਨ ਬੋਧਕ ਉੱਤਮ ਮਹਾਂਵਾਕਾਂ ਦਾ ਉਪਦੇਸ਼ ਕੀਤਾ ਕਿ ਤੂੰਹੀਂ ਬ੍ਰਹਮ ਸਰੂਪ ਹੈਂ।

ਯਥਾ: ***ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥***

(ਆਸਾ ਮਃ ੧ - ੩੫੪)

ਤਥਾ: ***ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥***

(ਸ੍ਰੀਰਾਗੁ ਰਵਿਦਾਸ - ੯੩)

ਉਪਰੰਤ ਮੇਹਰਾਂ ਭਰੀ ਦ੍ਰਿਸ਼ਟੀ ਪਾਈ ਤੇ ਅਗਿਆਨ ਦੀ ਜੰਜ਼ੀਰੀ ਤੋੜ ਦਿੱਤੀ। ਉਸ ਸਮੇਂ ਪੂਰਨ ਮਸਤੀ ਵਿੱਚ ਆ ਕੇ ਝੂਮਨ ਲੱਗਾ। ਫੇਰ ਤਾਂ ਅੱਠੇ ਪਹਿਰਾਂ ਦੀ ਸਮਾਧੀ ਹੀ ਬਣ ਗਈ। ਸਰੀਰ ਦੇ ਹੁੰਦਿਆਂ ਹੀ ਵਿਦੇਹ ਮੁਕਤੀ ਵਾਲੀ ਅਵਸਥਾ ਦਾ ਅਨੰਦ ਮਾਣਿਆਂ ਅਤੇ ਅੰਤ ਦੇ ਦਿਨਾਂ ਤੋਂ ਇੱਕ ਮਹੀਨਾ ਪਹਿਲੇ ਸਭਨਾਂ ਨੂੰ ਦਸ ਕੇ ੮੬ ਸਾਲਾਂ ਦੀ ਉਮਰ ਭੋਗ ਕੇ ੧੧ ਅਕਤੂਬਰ ੧੯੫੪ ਈਸਵੀ ਨੂੰ ਸਵੇਰੇ ਦੋ ਵਜੇ ਵਿਦੇਹ ਮੋਖਸ਼ ਪ੍ਰਾਪਤ ਕਰ ਗਿਆ।

ਕੇਹਰ ਸਿੰਘ ਨੂੰ ਬਖ਼ਸ਼ਸ਼ਾਂ

ਇਸੇ ਤਰ੍ਹਾਂ ਮਲ੍ਹੀਪੁਰ ਪਿੰਡ ਦਾ (ਜੋ ਦੋਰਾਹੇ ਮੰਡੀ ਦੇ ਪਾਸ ਹੈ) ਕੇਹਰ ਸਿੰਘ ਨਾਮ ਦਾ ਇੱਕ ਪ੍ਰੇਮੀ ਸੀ। ਉਸ ਉੱਤੇ ਵੀ ਸੰਤ ਜੀ ਮਹਾਰਾਜ ਦੀ ਬਖ਼ਸ਼ਿਸ਼ ਹੋਈ। ਉਸ ਨੂੰ ਵੀ ਕੀਰਤਨ ਸਮੇਂ ਦੀਦਾਰ ਤੇ ਪ੍ਰਕਾਸ਼ ਹੋਇਆ। ਬਾਅਦ ਵਿੱਚ ਇਸ ਨੇ ਕਈ ਹੋਰ ਪ੍ਰੇਮੀਆਂ ਤੋਂ ਪੁਛਿਆ, "ਕੀ ਤੁਹਾਨੂੰ ਵੀ ਇਸੇ ਤਰ੍ਹਾਂ ਗੁਰੂ ਸਾਹਿਬਾਂ ਦਾ ਦਰਸ਼ਨ ਹੁੰਦਾ ਹੈ?" ਜੋ ਇਸ ਅਵਸਥਾ ਦਾ ਜਾਣੂ ਹੀ ਨਹੀਂ ਉਸ ਨੂੰ ਕੀ ਪਤਾ? ਉਨ੍ਹਾਂ ਨੇ ਕਿਹਾ ਕਿ ਵੱਡੀ ਉਮਰ ਹੋਣ ਕਰ ਕੇ ਤੇਰੇ ਦਿਮਾਗ਼ ਵਿੱਚ ਗ਼ਰਮੀ ਖੁਸ਼ਕੀ ਹੋ ਗਈ ਹੈ, ਜੋ ਐਵੇਂ ਬੋਲੀ ਜਾਂਦਾ ਹੈ। ਇਹ ਤਾਂ ਸੰਤ ਹੀ ਕੀਰਤਨ ਕਰਦੇ ਹਨ। ਹੋਰ ਏਥੇ ਕੌਣ ਹੈ? ਪਰ ਉਹ ਇਨ੍ਹਾਂ ਦੀ ਏਸ ਗੱਲ ਨੂੰ ਕਿਵੇਂ ਮੰਨੇ। ਸਮਾਂ ਲੰਘਦਾ ਗਿਆ। ਕਈ ਦਿਨਾ ਤੋਂ ਬਾਅਦ ਇੱਕ ਦਿਨ ਰਾਤ ਦੇ ਦੀਵਾਨ ਵਿੱਚ ਬੈਠਿਆਂ। (ਜਦੋਂ ਕਿ ਉਹ ਕੀਰਤਨ ਸੁਣਦਾ ਸੰਤ ਜੀ ਮਹਾਰਾਜ ਦੇ ਚੇਹਰੇ ਵੱਲ ਤੱਕ ਰਿਹਾ ਸੀ) ਮਗਨ ਹੋ ਗਿਆ।

ਪੋਹ ਸੁਦੀ ਸਪਤਮੀ ਦਾ ਪਵਿਤ੍ਰ ਦਿਹਾੜਾ ਸੀ। ਗੁਰਦੁਆਰੇ ਕਰਮਸਰ ਜਿੱਥੇ ਕਿ ਹੁਣ ਨਹਿਰ ਦੇ ਕੰਢੇ ਅਸਥਾਨ ਹੈ ਰਾਤ ਦਾ ਦੀਵਾਨ ਸਜਿਆ ਸੀ। ਸੰਤ ਜੀ ਮਹਾਰਾਜ ਨੇ ਕਲਗੀਆਂ ਵਾਲੇ ਪਾਤਸ਼ਾਹ ਦੀ ਜੀਵਨ ਗਾਥਾ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਵਰਣਨ ਕੀਤਾ। ਇਸ ਦੀ ਸਮਾਧੀ ਜੁੜ ਗਈ। ਅੰਤਰ ਆਤਮੇ ਬਾਜਾਂ ਵਾਲੇ ਗੁਰੂ ਦੀ ਸੁਨੈਹਰੀ ਕਲਗੀ ਦੀ ਝਲਕ ਪਈ। ਨੂਰਾਨੀ ਚੇਹਰੇ ਦਾ ਪ੍ਰਕਾਸ਼ ਤੱਕਿਆ। ਜਦੋਂ ਉਸ ਨੇ ਨੇਤਰ ਖੋਹਲੇ ਉਹੋ ਹੀ ਸਰੂਪ ਬਾਹਰ ਸੰਤ ਜੀ ਮਹਾਰਾਜ ਦੇ ਸੱਜੇ ਪਾਸੇ ਵਾਜੇ ਕੋਲ ਖੜਾ ਦੇਖਿਆ। ਫੇਰ ਤਾਂ ਉਸ ਨੇ ਖੜਾ ਹੋ ਕੇ ਰੌਲਾ ਪਾ ਦਿੱਤਾ ਕਿ 'ਮਹਾਰਾਜ ਆ ਗਏ, ਮਹਾਰਾਜ ਆ ਗਏ।' ਅਚਾਨਕ ਇਹ ਅਵਾਜ਼ ਸੁਣ ਕੇ ਲੋਕਾਂ ਨੇ ਇਸ ਨੂੰ ਪਕੜ ਕੇ ਬਿਠਾਇਆ, ਜੋ ਅੱਗੇ ਵਾਜੇ ਵੱਲ ਵਧਦਾ ਜਾ ਰਿਹਾ ਸੀ ਅਤੇ ਕਾਬੂ ਕਰ ਕੇ ਆਖਿਆ, "ਬਾਬਾ! ਕੀ ਤੇਰੇ ਦਿਮਾਗ਼ ਵਿੱਚ ਫ਼ਰਕ ਆ ਗਿਆ ਹੈ? ਐਵੇਂ ਰੌਲਾ ਪਾਉਂਦਾ ਹੈ। ਦੂਜਿਆਂ ਦੇ ਅਨੰਦ ਵਿੱਚ ਵੀ ਵਿਘਨ ਪਾਉਂਦਾ ਹੈ।" ਸੰਤ ਜੀ ਮਹਾਰਾਜ ਕਹਿਣ ਲੱਗੇ, ਤੁਸੀਂ ਇਸ ਨੂੰ ਕੁਛ ਨਾ ਕਹੋ। ਦੀਵਾਨ ਤੋਂ ਬਾਹਰ ਲਿਜਾ ਕੇ ਸਿਰ ਵਿੱਚ ਤੇਲ ਝੱਸੋ, ਠੀਕ ਹੋ ਜਾਵੇਗਾ। ਹਜ਼ੂਰ ਦੇ ਹੁਕਮ ਅਨੁਸਾਰ ਉਸ ਨੂੰ ਦੀਵਾਨ ਤੋਂ ਬਾਹਰ ਲਿਆਂਦਾ ਗਿਆ। ਸਿਰ ਵਿੱਚ ਤੇਲ ਝੱਸਿਆ। ਉਹ ਵਿਚਾਰਾ ਚੁੱਪ ਕਰ ਕੇ ਬੈਠ ਗਿਆ। ਲੋਕ ਕਹਿਣ,

ਦਿਮਾਗ਼ ਵਿੱਚ ਤੇਲ ਦੀ ਮਾਲਸ਼ ਕੀਤਿਆਂ ਹੁਣ ਇਹ ਠੀਕ ਹੋ ਗਿਆ ਹੈ। ਸੀ ਤਾਂ ਉਹ ਪਹਿਲਾਂ ਵੀ ਠੀਕ ਪਰ ਜਦੋਂ ਇਹ ਅਵਸਥਾ ਪ੍ਰਾਪਤ ਹੋਈ ਉਸ ਨੂੰ ਇਹ ਸੰਭਾਲ ਨਾ ਸਕਿਆ। ਐਵੇਂ ਰੌਲਾ ਪੌਣ ਲੱਗ ਗਿਆ। ਦੂਸਰੇ ਦਿਨ ਸੰਤ ਜੀ ਮਹਾਰਾਜ ਨੇ ਇਕੱਲੇ ਨੂੰ ਪਾਸ ਬੁਲਾ ਕੇ ਸਿੱਖਿਆ ਦਿੱਤੀ, "ਬਾਬਾ! ਜੇਕਰ ਇਹ ਚੀਜ਼ ਮਿਲ ਵੀ ਜਾਵੇ ਤਾਂ ਇਸ ਨੂੰ ਸੂਮ ਦੇ ਧਨ ਵਾਂਗ ਛੁਪਾ ਕੇ ਰੱਖਣਾ ਚਾਹੀਦਾ ਹੈ। ਨਹੀਂ ਤਾਂ ਮਨਸੂਰ ਤੇ ਸ਼ਮਸ ਤਬਰੇਜ਼ ਵਾਂਗ ਬੇਸਮਝ ਲੋਕ ਇੱਟਾਂ ਨਾਲ ਹੀ ਮਾਰ ਦੇਂਦੇ ਹਨ। ਕਬੀਰ ਜੀ ਫੁਰਮਾਉਂਦੇ ਹਨ:

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥
ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥ (ਸਲੋਕ ਭਗਤ ਕਬੀਰ ਜੀ - ੧੩੬੫)

ਗੁਰਮਤਿ ਦਾ ਅਸਲ ਸਿਧਾਂਤ ਤਾਂ ਇਹ ਹੈ, ਮੁਖ ਭਗਤੀ, ਬਰਤਨ ਵੈਰਾਗ, ਨਿਸ਼ਚੇ ਗਿਆਨ। ਇਹ ਕਿਸੇ ਨੂੰ ਦੱਸਣ ਵਾਲੀ ਚੀਜ਼ ਨਹੀਂ। ਅੰਞਾਣ ਲੋਕੀਂ ਇਸ ਨੂੰ ਜਾਨਣ?

ਯਥਾ: *ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ ॥*
ਤਾਂ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ ॥ (ਸਲੋਕ ਭਗਤ ਕਬੀਰ ਜੀ - ੧੩੭੬)

ਇਉਂ ਹੋਰ ਵੀ ਬਹੁਤ ਸਾਰੇ ਬਚਨਾਂ ਦੁਆਰਾ ਉਪਦੇਸ਼ ਕਰ ਕੇ ਇਸ ਤੇ ਵੀ ਕ੍ਰਿਪਾ ਕੀਤੀ। ਇਸੇ ਤਰ੍ਹਾਂ ਸੰਤ ਮਹਾਰਾਜ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਸਮੇਂ ਦਾ ਵੀ ਏਹੋ ਜਿਹਾ ਇੱਕ ਪ੍ਰਸੰਗ ਮਸ਼ਹੂਰ ਹੈ ਕਿ ਕੋਕਰੀ ਕਲਾਂ ਦੇ ਦੀਵਾਨ ਵਿੱਚ ਬੈਠ ਕੇ ਕਥਾ ਸੁਣਦਿਆਂ ਇੱਕ ਪ੍ਰੇਮੀ ਨੂੰ (ਜਿੱਥੇ ਸੰਤ ਸੁੰਦਰ ਸਿੰਘ ਜੀ ਮਹਾਰਾਜ ਦੇ ਤਾਬਿਆ ਬੈਠਿਆਂ ਕਥਾ ਕਰਦੇ ਸਨ) ਗੁਰੂ ਨਾਨਕ ਸਾਹਿਬ ਜੀ ਦਾ ਪ੍ਰਤੱਖ ਦਰਸ਼ਨ ਹੋਇਆ ਜੋ ਸੰਤ ਜੀ ਦੇ ਸੱਜੇ ਮੋਢੇ ਤੇ ਹੱਥ ਧਰੀ ਬਰਾਬਰ ਖੜੇ ਸਨ। ਫੇਰ ਹੌਲੀ ਹੌਲੀ ਸਟੇਜ ਤੇ ਸੰਤਾਂ ਦੇ ਬਰਾਬਰ ਬੈਠ ਗਏ ਬਾਅਦ ਵਿੱਚ ਇਕੱਲੇ ਹੀ ਦ੍ਰਿਸ਼ਟੀ ਆਏ। ਇਸੇ ਤਰ੍ਹਾਂ ਉਸ ਨੇ ਵੀ ਭਰੇ ਦੀਵਾਨ ਵਿੱਚ ਰੌਲਾ ਪਾ ਦਿੱਤਾ। ਸੰਤਾ ਨੇ ਕਿਹਾ ਸੀ ਇਸ ਨੂੰ ਦੀਵਾਨ 'ਚੋਂ ਬਾਹਰ ਲਿਜਾ ਕੇ ਦਿਮਾਗ਼ ਵਿੱਚ ਤੇਲ ਝਸੋ। ਗ਼ਰਮੀ ਖ਼ੁਸ਼ਕੀ ਵੱਧ ਗਈ ਹੈ। ਠੀਕ ਹੋ ਜਾਵੇਗਾ ਬਾਅਦ ਵਿੱਚ ਉਸ ਨੂੰ ਵੀ ਗੁਪਤ ਰਹਿਣ ਦਾ ਹੀ ਉਪਦੇਸ਼ ਕੀਤਾ ਸੀ। ਇਹ ਪ੍ਰਸੰਗ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਗੁਰਮੁਖ ਪ੍ਰਕਾਸ਼ ਗ੍ਰੰਥ ਵਿੱਚ ਅੰਕ੍ਰਿਤ ਕੀਤਾ ਹੈ।

ਖੁਦਾਈ ਬੰਦਾ

ਜਰਗ ਪਿੰਡ ਵਿੱਚ ਵੀ ਆਪ ਜੀ ਦੇ ਬਹੁਤ ਵਾਰੀ ਚਰਨ ਪਏ। ਕਪਤਾਨ ਨੱਥਾ ਸਿੰਘ (ਸਾਧ) ਸੰਤ ਜੀ ਮਹਾਰਾਜ ਦਾ ਅਤਿਅੰਤ ਪ੍ਰੇਮੀ ਸੀ। ੧੯੩੫ ਈ. ਦੇ ਅਕਤੂਬਰ ਮਹੀਨੇ ਸ. ਨੱਥਾ ਸਿੰਘ (ਸਾਧ) ਤੇ ਗੁਰੂ ਘਰ ਦੇ ਹੋਰ ਸੇਵਾਦਾਰ ਜੋ ਸੰਤ ਜੀ ਮਹਾਰਾਜ ਦਾ ਸ਼ਰਧਾਲੂ ਜਥੇਦਾਰ ਚਤਰ ਸਿੰਘ ਦੇ ਘਰ ਚਰਨ ਪਾਏ। ਸ. ਚਤਰ ਸਿੰਘ ਜੀ ਜਥੇਦਾਰ ਸ਼ੁਰੂ ਤੋਂ ਹੀ ਗੁਰੂ ਘਰ ਦੇ ਪ੍ਰੇਮੀ ਤੇ ਨਿਰਮਾਣ ਸੇਵਕ ਸਨ। ਪਿੰਡ ਵਿੱਚ ਲੜਕੇ ਤੇ ਲੜਕੀਆਂ ਦੇ ਵੱਖੋ ਵੱਖ ਦੋ ਹਾਈ ਸਕੂਲ ਵੀ ਇਨ੍ਹਾਂ ਦੇ ਉੱਦਮ ਤੇ ਸਹਿਯੋਗ ਨਾਲ ਚੱਲ ਰਹੇ ਹਨ। ਕਈ ਵਾਰ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਕੀਰਤਨ ਦਾ ਪ੍ਰੋਗਰਾਮ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦਾ, ਜਥੇ ਸਮੇਤ ਪ੍ਰੋਗਰਾਮ ਬਣਾਇਆ। ੧੯੩੦ ਈ. ਤੋਂ ੪੪ ਸਾਲਾਂ ਦੇ ਲਗਾਤਾਰ ਇੱਕ ਰਸ ਗੁਰਦੁਆਰੇ ਸਾਹਿਬ ਦੀ ਸੇਵਾ ਕਰਵਾ ਰਹੇ ਹਨ। ਸਵੇਰੇ ਦੋ ਵਜੇ ਸਾਵਧਾਨ ਹੋ ਕੇ ਇਸ਼ਨਾਨ ਉਪਰੰਤ ਗੁਰ ਸ਼ਬਦ ਦਾ ਜਾਪ, ਸੁਖਮਨੀ ਸਾਹਿਬ ਤੇ ਪੰਜ ਬਾਣੀਆਂ ਦਾ ਪਾਠ ਨਿੱਤਨੇਮ ਨਿਭਾਉਂਦੇ ਰਹੇ ਸਨ। ਇਹ ਗੁਰਮਖ ਤੇ ਹੋਰ ਬਹੁਤ ਸਾਰੇ ਪ੍ਰੇਮੀ ਸੰਤ ਜੀ ਮਹਾਰਾਜ ਦੇ ਪਾਸ ਆਏ ਅਤੇ ਭਾਵਨਾ ਨਾਲ ਨਮਸ਼ਕਾਰ ਕਰ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਨਗਰ ਵਿੱਚ ਗੁਰਦੁਆਰੇ ਸਾਹਿਬ ਦੀ ਨੀਂਹ ਰੱਖਣੀ ਹੈ। ਕ੍ਰਿਪਾ ਕਰ ਕੇ ਅਖੰਡ ਪਾਠ ਵਾਸਤੇ ਸਮਾਂ ਬਖ਼ਸ਼ੋ ਤੇ ਦੀਵਾਨ ਵੀ ਕਰੋ।" ਇਨ੍ਹਾਂ ਦੀ ਬੇਨਤੀ ਮੰਨ ਕੇ ਸੰਤ ਜੀ ਮਹਾਰਾਜ ਨੇ ਦੀਵਾਨਾਂ ਦਾ ਟਾਈਮ ਦੇ ਦਿੱਤਾ। ਪ੍ਰੇਮੀਆਂ ਨੇ ਨੀਅਤ ਦਿਨ ਬੱਸ ਭੇਜ ਦਿੱਤੀ। ਆਪ ਜੀ ਜਥੇ ਦੇ ਸਾਜ਼ੀ ਸਿੰਘਾਂ ਤੇ ਪਾਠੀਆਂ ਨੂੰ ਨਾਲ ਲੈ ਕੇ ਜਰਗ ਪੁੱਜੇ। ਰਿਹਾਇਸ਼ ਸ. ਨੱਥਾ ਸਿੰਘ ਦੇ ਘਰ ਰੱਖੀ। ਸਿੰਘਾਂ ਨੇ ਪਾਠ ਪ੍ਰਾਰੰਭ ਕਰ ਦਿੱਤਾ। ਤਿੰਨ ਦੀਵਾਨ ਵੀ ਹੋਏ। ਆਖ਼ਰੀ ਦਿਨ ਭੋਗ ਦੀ ਸਮਾਪਤੀ ਉਪਰੰਤ ਸਤਿਗੁਰਾਂ ਦੀ ਪਾਵਨ ਹਜ਼ੂਰੀ ਵਿੱਚ ਅਰਦਾਸ ਕਰ ਹਜ਼ੂਰ ਨੇ ਆਪਣੇ ਕਰ ਕਮਲਾਂ ਨਾਲ ੧੫ ਅਕਤੂਬਰ ੧੯੩੫ ਈਸਵੀ ਗੁਰਦੁਆਰੇ ਸਾਹਿਬ ਦਾ ਨੀਂਹ ਪੱਥਰ ਰੱਖਿਆ, ਜਿਸ ਦੀ ਉਸਾਰੀ ਦਾ ਕੰਮ ਖਟੜਿਆਂ ਵਾਲੇ ਮਿਸਤਰੀ ਵੈਦ ਨਰਿੰਦਰ ਸਿੰਘ, ਭਾਈ ਹਰਦਿਆਲ ਸਿੰਘ, ਕਾਹਲਾ ਸਿੰਘ, ਜੰਗੀਰ ਸਿੰਘ ਨੂੰ ਸੌਂਪਿਆ। ਰੱਬੋਂ ਵਾਲਾ ਕਰਤਾਰ ਸਿੰਘ ਮਿਸਤ੍ਰੀ ਅਤੇ ਹੋਰ ਪ੍ਰੇਮੀ ਵੀ ਨਾਲ ਸਨ। ਬੜੀ ਸੁੰਦਰ ਇਮਾਰਤ ਬਣੀ ਹੈ। ਸੁਨਹਿਰੀ ਕਲਸ਼ ਚੜ੍ਹਿਆ ਹੈ। ਇਸ ਗੁਰਦੁਆਰੇ ਸਾਹਿਬ ਦਾ ਨਾਮ ਹਰਗੋਬਿੰਦਪੁਰਾ ਰੱਖਿਆ।

ਅਖੰਡ ਪਾਠ ਅਰੰਭ ਹੋਣ ਤੋਂ ਦੂਸਰੇ ਦਿਨ ਆਪ ਜੀ ਦਾ ਆਸਾ ਜੀ ਦੀ ਵਾਰ ਦਾ ਕੀਰਤਨ ਸਮਾਪਤ ਕਰ ਸੁਵਖਤੇ ਹੀ ਜਲ ਪਾਣੀ ਛਕ ਕੇ ਇੱਕ ਦੋ ਸੇਵਾਦਾਰਾਂ ਸਮੇਤ ਸੈਰ ਨੂੰ ਗਏ। ਨਗਰ ਤੋਂ ਬਾਹਰ ਮੀਲ ਡੇਢ ਮੀਲ ਦੇ ਫਾਸਲੇ ਤੇ ਨਜ਼ਦੀਕ ਹੀ ਨਹਿਰ ਵੱਗਦੀ ਹੈ। ਉਸ ਦੀ ਪਟੜੀ ਤੇ ਚੜ੍ਹ ਗਏ। ਇੱਕ ਹੋਰ ਨਜ਼ਦੀਕ ਪਿੰਡ ਦਾ ਮੁਸਲਮਾਨ ਫ਼ਕੀਰ ਵੀ ਨਹਿਰ ਤੇ ਸੈਰ ਕਰ ਰਿਹਾ ਸੀ। ਸੰਤ ਜੀ ਮਹਾਰਾਜ ਨੂੰ ਦੇਖ ਕੇ ਪਾਸ ਆ ਗਿਆ ਤੇ ਭਾਵਨਾਂ ਨਾਲ ਦਸਤ ਬੋਸੀ ਲੈ ਕੇ ਸਲਾਮ ਕੀਤੀ। ਹਜ਼ੂਰ ਨੇ ਸੁੱਖ ਅਨੰਦ ਪੁੱਛੀ ਅਤੇ ਆਖਿਆ, "ਤੁਸੀਂ ਕੌਣ ਹੋ ਅਤੇ ਕਿੱਥੇ ਰਹਿੰਦੇ ਹੋ?" ਇਸ ਨੇ ਅਰਜ਼ ਕੀਤੀ, "ਮਹਾਰਾਜ! ਮੈਂ ਏਸੇ ਪਿੰਡ ਦੀ ਮਸੀਤ ਵਿੱਚ ਰਹਿਣ ਵਾਲਾ ਕਾਜ਼ੀ ਹਾਂ।" ਆਪ ਜੀ ਬੋਲੇ, "ਸਾਨੂੰ ਕਿਵੇਂ ਜਾਣਦਾ ਹੈਂ?" ਇਸ ਨੇ ਕਿਹਾ, "ਮੈਂ ਕਈ ਵਾਰ ਅਸਥਾਨ ਤੇ ਜਾ ਕੇ ਹਜ਼ੂਰ ਦੇ ਦਰਸ਼ਨ ਕਰ ਆਇਆ ਹਾਂ ਤੇ ਬਚਨ ਵੀ ਸੁਣੇ ਹਨ। ਆਪ ਖ਼ੁਦਾ ਦੇ ਪਿਆਰੇ, ਰੱਬੀ ਆਸ਼ਕ ਅਤੇ ਮੁਰਸ਼ਦ ਵਾਲੇ ਹੋ। ਆਪ ਜੈਸੇ ਪੂਰਨ ਮਹਾਂਪੁਰਸ਼ ਨੂੰ ਦੀਨ ਇਸਲਾਮ ਵਿੱਚ ਖੁਦਾਈ ਬੰਦਾ ਆਖਦੇ ਹਨ।" ਸੰਤ ਜੀ ਮਹਾਰਾਜ ਨੇ ਮੁਸਕਰਾ ਕੇ ਬਚਨ ਕੀਤਾ ਕਿ ਤੁਹਾਡੇ ਦੀਨ ਇਸਲਾਮ ਵਿੱਚ ਮੁਰਸ਼ਦ ਨੂੰ ਮੰਨਦੇ ਹਨ ਕਿ ਨਹੀਂ? ਇਸ ਨੇ ਅਰਜ਼ ਕੀਤੀ, "ਕੁਰਾਨ ਸ਼ਰੀਫ ਵਿੱਚ ਤਾਂ ਮੁਹੰਮਦ ਸਾਹਿਬ ਵਲੋਂ ਬਾਰੰਬਾਰ ਮੁਰਸ਼ਦ ਦੀ ਸ਼ਰਨ ਲੈਣ ਵਾਸਤੇ ਆਖਿਆ ਹੈ ਪਰ ਇਹ ਸ਼ਰਈ ਲੋਕ ਕਿਸੇ ਦੀ ਨਹੀਂ ਮੰਨਦੇ। ਇਹ ਤਾਂ ਕੁਰਾਨ ਸ਼ਰੀਫ ਦੇ ਬਚਨ ਮੰਨ ਕੇ ਉਸ ਦੇ ਮਗਰ ਲੱਗਣ ਦੀ ਬਜਾਏ ਮਨ ਮਰਜ਼ੀ ਦੇ ਅਰਥ ਕਰ ਕੇ ਕੁਰਾਨ ਸ਼ਰੀਫ ਨੂੰ ਆਪਣੇ ਮਗਰ ਲਾਉਣਾ ਚਾਹੁੰਦੇ ਹਨ ਪਰ ਅਸਲੀਅਤ ਤਾਂ ਇਹ ਹੈ ਕਿ ਮੁਰਸ਼ਦ ਤੋਂ ਬ਼ਗ਼ੈਰ ਇਸ ਨੂੰ ਖ਼ੁਦਾ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ।" ਫੇਰ ਉਸ ਨੇ ਕਿਸੇ ਮੁਸਲਮਾਨ ਫ਼ਕੀਰ ਦੇ ਲਿਖੇ ਹੋਏ ਬਚਨ ਕਹੇ, 'ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਵੇ, ਬਿਨਾਂ ਦੁੱਧ ਨਾ ਰਿਝਦੀ ਖੀਰ ਮੀਆਂ।" ਇਉਂ ਹੋਰ ਵੀ ਕਾਫ਼ੀ ਸਮਾਂ ਬਚਨ ਬਿਲਾਸ ਹੁੰਦੇ ਰਹੇ। ਉਪਰੰਤ ਸਲਾਮ ਕਰ ਕੇ ਵਾਪਸ ਚਲਾ ਗਿਆ ਅਤੇ ਆਪ ਜੀ ਪਾਠ ਦੀ ਸਮਾਪਤੀ ਉਪਰੰਤ ਅਸਥਾਨ ਤੇ ਆ ਗਏ।

ਹਰਿਦਵਾਰ ਦੀ ਯਾਤਰਾ

ਜੀਵਾਂ ਦੀ ਪ੍ਰਾਰਬਧ ਦੇ ਪ੍ਰੇਰੇ ੧੯੩੮ ਈ. ਦੇ ਭਾਦਰੋਂ ਮਹੀਨੇ ਆਪ ਜੀ ਨੇ ਨਿਕਟਵਰਤੀ ਸੇਵਾਦਾਰ ਭਾਈ ਇੰਦਰ ਸਿੰਘ ਜੀ ਤੇ ਜੀਰਖ ਵਾਲੇ ਭਲਵਾਨ ਕਿਸ਼ਨ ਸਿੰਘ ਨੂੰ ਨਾਲ ਲੈ ਕੇ ਚੁੱਪ ਚੁਪੀਤੇ ਹੀ ਦੋਰਾਹੇ ਤੋਂ ਗੱਡੀ ਬੈਠ ਕੇ ਹਰਿਦੁਆਰ ਵੱਲ ਚਾਲੇ ਪਾ ਦਿੱਤੇ। ਡੇਰੇ ਤੋਂ ਤੁਰਨ ਸਮੇਂ ਸਾਥੀਆਂ ਨੂੰ ਹਦਾਇਤ ਸੀ ਕਿ ਬਿਨਾਂ ਪੁੱਛੇ ਕਿਸੇ ਨੂੰ ਇਹ ਨਹੀਂ ਦੱਸਣਾ ਕਿ ਇਹ ਰਾੜੇ ਸਾਹਿਬ ਵਾਲੇ ਸੰਤ ਹਨ ਅਤੇ ਨਾ ਹੀ ਕਿਸੇ ਪਾਸੋਂ ਕੋਈ ਚੀਜ਼ ਮੰਗਣੀ। ਪ੍ਰਾਰਬਧ ਤਾਂ ਸਾਡੀ ਦਾਸੀ ਹੈ ਆਪੇ ਸੇਵਾ ਕਰੇਗੀ। ਵੱਲ ਲੱਗਦਿਆਂ ਕਿਸੇ ਮਕਾਨ ਅੰਦਰ ਵੀ ਨਹੀਂ ਠਹਿਰਣਾ। ਜੇਕਰ ਕੋਈ ਆਪਣੇ ਆਪ ਖ਼ਾਸ ਪ੍ਰੇਮੀ ਮਿਲ ਵੀ ਜਾਵੇ ਅਤੇ ਮਕਾਨ ਅੰਦਰ ਲਿਜਾਣ ਵਾਸਤੇ ਮਜਬੂਰ ਕਰੇ, ਤਾਂ ਭੋਜਨ ਬਾਹਰੋਂ ਭਿਖਿਆ ਦਾ ਜਾਂ ਛੇਤਰ ਦਾ ਹੀ ਛਕਣਾ। ਕਿਸੇ ਨੂੰ ਐਵੇਂ ਉਚੇਚਪਣੇ ਦੀ ਤਕਲੀਫ ਨਹੀਂ ਦੇਣੀ। ਇਉਂ ਰਾਤ ਦੀ ਹਰਿਦੁਆਰ ਮੇਲ ਗੱਡੀ ਤੇ ਸਵਾਰ ਹੋ ਕੇ ਦੂਸਰੇ ਦਿਨ ੯ ਵਜੇ ਹਰਿਦੁਆਰ ਜਾ ਪਹੁੰਚੇ। ਏਥੇ ਠਹਿਰੇ ਨਹੀਂ। ਅੱਗੇ ਸ਼ਾਮ ਨੂੰ ਰਿਖੀਕੇਸ਼ ਜਾ ਪੁੱਜੇ। ਮਹਾਨ ਤਿਆਗੀ ਤਪਸੀਆਂ ਵਾਂਗ ਭਗੀਰਥੀ ਗੰਗਾ ਦੇ ਪਾਵਨ ਤਟ ਪਰ ਭੂਮ ਆਸਨ ਹੀ ਝਾੜੀ ਵਿੱਚ ਰਾਤ ਬਿਤੀਤ ਕੀਤੀ। ਰਾਤ ਦੇ ਸਮੇਂ ਸਾਥੀਆਂ ਨੂੰ ਅਰਾਮ ਕਰਦਿਆਂ ਦੇਖ ਆਪ ਜੀ ਇਕੱਲਿਆਂ ਹੀ ਗੰਗਾ ਜੀ ਦੇ ਨਿਰਮਲ ਪ੍ਰਵਾਹ ਵਿੱਚ ਜਾ ਪ੍ਰਵੇਸ਼ ਹੋਏ, ਜੋ ਸਾਧੂਆਂ ਦੀ ਚਰਨ ਧੂੜ ਤੀਰਥਾਂ ਨੂੰ ਪਾਵਨ ਕਰਦੀ ਹੈ।

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥
ਤੀਰਥਿ ਅਠਸਠਿ ਮਜਨੁ ਨਾਈ ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇੜੀ ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥੨॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥

(ਮਲਾਰ ਮਃ ੪ - ੧੨੬੩)

ਤਦੇ ਹੀ ੧੨ ਸਾਲਾਂ ਬਾਅਦ ਕੁੰਭ ਤੇ ਛੇ ਸਾਲਾਂ ਬਾਅਦ ਅਰਧ ਕੁੰਭੀ ਆਉਂਦੀ ਹੈ ਕਿ ਇਸ ਸਮੇਂ ਕਿਸੇ ਬਖ਼ਸ਼ੀ ਰੂਹ ਮਹਾਂਪੁਰਸ਼ ਦੀ ਚਰਨ ਧੂੜ ਪਵੇ ਤੇ ਤੀਰਥ ਪਾਵਨ ਹੋਵਣ। ਗੰਗਾ ਨੇ ਆਪਣੇ ਸੀਤਲ ਜਲ ਨਾਲ ਹਜ਼ੂਰ ਦੇ ਚਰਨ ਧੋਤੇ। ਸੁੰਦਰ ਲਹਿਰਾਂ ਦੇ ਫ਼ੁੱਲ ਭੇਟਾ ਕੀਤੇ। ਇਉਂ ਆਪ ਜੀ ਉਸ ਨੂੰ ਪਵਿਤ੍ਰਤਾ ਬਖ਼ਸ਼ ਇਸ਼ਨਾਨ ਕਰ ਕੇ ਨਾਲ ਦੇ ਪ੍ਰੇਮੀਆਂ ਦੇ ਸਾਵਧਾਨ ਹੋਣ ਤੋਂ ਪਹਿਲਾਂ ਹੀ ਆਪਣੇ ਆਸਣ ਤੇ ਆ ਸਜੇ। ਫੇਰ ਆਗਯਾ ਪਾ ਕੇ ਉਨ੍ਹਾਂ ਨੇ ਇਸ਼ਨਾਨ ਕੀਤਾ। ਦਿਨ ਚੜ੍ਹੇ ਤੱਕ ਸਮਾਧੀ ਵਿੱਚ ਲੀਨ ਰਹੇ। ਉਪਰੰਤ ਸਾਧੂਆਂ ਦੇ ਅਸਥਾਨ ਨਿਰਮਲ ਆਸ਼ਰਮ ਤੇ ਹੋਰ ਡੇਰਿਆਂ ਦੀ ਯਾਤਰਾ ਕੀਤੀ। ਸਾਰਿਆਂ ਨੇ ਮਹਾਂਪੁਰਸ਼ਾਂ ਦਾ ਬੜਾ ਆਦਰ ਕੀਤਾ। ਠਹਿਰਨ ਲਈ ਬੇਨਤੀਆਂ ਕੀਤੀਆਂ ਪਰ ਆਪ ਜੀ ਦਰਸ਼ਨ ਮੇਲਾ ਕਰ ਸਾਰੇ ਮਹਾਤਮਾ ਤੋਂ ਆਗਯਾ ਲੈ ਕੇ ਵਾਪਸ ਆ ਗਏ। ਗੀਤਾ ਭਵਨ ਸੁਰਗਾਸ਼ਰਮ ਵੀ ਦੇਖਿਆ। ਬਹੁਤ ਸਾਰੇ ਝਾੜੀ ਤੇ ਬਰੇਤੀ ਵਿੱਚ ਬੈਠੇ ਇਕਾਂਤ ਵਾਸੀ ਬੀਤਰਾਗ ਸਾਧੂਆਂ ਦਾ ਦਰਸ਼ਨ ਹੋਇਆ ਜਿਨ੍ਹਾਂ ਨੇ ਬੜੇ ਡੂੰਘੇ ਏਕਤਾ ਬੋਧਕ ਅਦ੍ਵੈਤਵਾਦੀ ਬਚਨ ਕੀਤੇ। ਉਪਰੰਤ ਸਭ ਤੋਂ ਖੁਸ਼ੀਆਂ ਪ੍ਰਾਪਤ ਕਰ ਕੇ ਸ਼ਾਮ ਦੇ ੪ ਵਜੇ ਹਰਿਦਵਾਰ ਵਾਪਸ ਆ ਗਏ।

ਹਰਿ ਕੀਆਂ ਪੌੜੀਆਂ ਤੇ ਘੰਟਾ ਘਰ ਤੋਂ ਹੋਰ ਦੂਰ ਪਰੇ ਪਲੇਟਫਾਰਮ ਦੇ ਅਖ਼ੀਰ ਪਰ ਇਕਾਂਤ ਦਾ ਆਸਨ ਵਿਛਾ ਕੇ ਬੈਠ ਗਏ। ਗੰਗਾ ਦੀਆਂ ਲਹਿਰਾਂ ਵਿੱਚੋਂ 'ਬਲਿਹਾਰੀ ਕੁਦਰਤ ਵਸਿਆ' ਦੀ ਰਚਨਾ ਦੇਖ ਕੇ ਪ੍ਰਸੰਨ ਹੋ ਰਹੇ ਸਨ।

ਇਤਨੇ ਨੂੰ ਸੁਭਾਵਿਕ ਹੀ ਘਣਗਸਾਂ ਪਿੰਡ ਦਾ ਮਿਸਤ੍ਰੀ ਭਾਈ ਰਤਨ ਸਿੰਘ ਆ ਗਿਆ। ਏਥੇ ਪੰਜਾਬ ਸਿੰਧ ਛੇਤਰ ਵਿੱਚ ਲੱਕੜੀ ਦਾ ਕੰਮ ਕਰਦਾ ਸੀ। ਵੱਖਰਾ ਕਮਰਾ ਮਿਲਿਆ ਹੋਇਆ ਸੀ। ਭੋਜਨ ਛੇਤਰ ਵਿੱਚ ਛਕ ਲੈਂਦਾ ਸੀ। ਹਜ਼ੂਰ ਦਾ ਦੀਦਾਰ ਕਰ ਕੇ ਇਸ ਦਾ ਮਨ ਗਦ ਗਦ ਹੋ ਗਿਆ। ਦੌੜ ਕੇ ਪਾਵਨ ਚਰਨਾਂ ਤੇ ਨਮਸ਼ਕਾਰ ਕੀਤੀ। ਪ੍ਰੇਮੀ ਦੇ ਨੇਤਰਾਂ ਵਿੱਚ ਵੈਰਾਗ ਦਾ ਜਲ ਆ ਗਿਆ, ਕਿਉਂਕਿ ਪੂਰਨ ਸ਼ਰਧਾਲੂ ਸੀ। ਪਹਿਲੀ ਢੱਕੀ ਵੀ ਜੋੜੀਆਂ ਵਗੈਰਾ ਚਾੜ੍ਹਨ ਦਾ ਜੋ ਲੱਕੜੀ ਦਾ ਕੰਮ ਸੀ, ਉਹ ਸਾਰਾ ਇਨ੍ਹਾਂ ਦੇ ਹੱਥੀਂ ਹੋਇਆ ਸੀ। ਇਸ ਨੇ ਅਸਥਾਨ ਤੇ ਲਿਜਾਣ ਵਾਸਤੇ ਬਹੁਤ ਬੇਨਤੀ ਕੀਤੀ। ਪਰ ਆਪ ਜੀ ਦਾ ਉੱਤਰ ਸੀ, "ਏਥੇ ਹੀ ਠਹਿਰਨਾ ਹੈ।" ਜਦੋਂ ਇਸ ਨੇ ਆਪਣੀ ਦਿਲੀ ਸ਼ਰਧਾ ਪ੍ਰਗਟ ਕਰਦਿਆਂ ਇਹ ਪ੍ਰਣ ਕਰ ਲਿਆ ਕਿ ਜੇਕਰ ਆਪ ਨਹੀਂ ਜਾਂਦੇ ਤਾਂ ਮੈਂ ਵੀ ਭੁੱਖਾ ਤਿਹਾਇਆ ਤੁਹਾਡੇ ਪਾਸ ਹੀ ਬੈਠਾ ਰਹਾਂਗਾ। ਇਸ ਦਾ ਬਹੁਤਾ ਹਠ ਦੇਖ ਕੇ ਇਹ ਬਚਨ ਕੀਤਾ ਕਿ ਤਾਂ ਜਾਵਾਂਗੇ ਜੇਕਰ ਸਾਡੇ ਵਾਸਤੇ ਵੱਖਰਾ ਕਮਰਾ ਤੇ ਵੱਖਰਾ ਪ੍ਰਸ਼ਾਦ ਨਾ ਤਿਆਰ ਕਰੇਂ। ਇਸ ਨੇ ਸੰਤ ਜੀ ਮਹਾਰਾਜ ਦਾ ਬਚਨ ਮੰਨ ਲਿਆ। ਪੰਜਾਬ ਸਿੰਧ ਛੇਤਰ ਨੇੜੇ ਹੀ ਸੀ, ਸੇਵਾਦਾਰ ਸ਼ਾਮ ਨੂੰ ਜਾ ਕੇ ਜਗ੍ਹਾ ਦੇਖ ਆਏ। ਇਸ ਨੇ ਹਜ਼ੂਰ ਦੇ ਹੁਕਮ ਅਨੁਸਰ ਆਪਣੇ ਕਮਰੇ ਵਿੱਚ ਹੀ ਥਾਂ ਸਾਫ਼ ਕਰ ਕੇ ਇੱਕ ਪਾਸੇ ਆਸਨ ਲਗਵਾ ਦਿੱਤਾ। ਪ੍ਰਸ਼ਾਦ ਸ਼ਾਮ ਨੂੰ ਛਕਦੇ ਨਹੀਂ ਸਨ। ਉਸੇ ਤਰ੍ਹਾਂ ਪਹਿਲਾ ਵਾਂਗ ਬਾਹਰ ਹੀ ਗੰਗਾ ਜੀ ਦੇ ਤਟ ਪਰ ਸਮਾਧੀ ਵਿੱਚ ਬੈਠਿਆਂ ਦੋ ਵਜੇ ਤੱਕ ਸਮਾਂ ਬਤੀਤ ਕੀਤਾ। ਉਪਰੰਤ ਵਕਤ ਹੋਇਆ ਜਾਣ ਕੇ ਇਸ਼ਨਾਨ ਕਰ ਕੇ ਉੱਥੇ ਹੀ ਆ ਸਜੇ। ਪਹੁ ਫੁਟਾਲੇ ਤੱਕ ਬ੍ਰਹਮ ਚਿੰਤਨ ਕਰਦੇ ਰਹੇ। ਇਤਨੇ ਨੂੰ ਮਹਾਂਬੀਰ ਦੀ ਸੈਨਾ ਬਾਨਰ ਆ ਗਏ। ਉਹ ਲੱਗੇ ਬ੍ਰਿਛਾਂ ਤੇ ਛਾਲਾਂ ਮਾਰਨ।

ਜੈਸੇ ਮਰਕਟ ਬ੍ਰਿਛ ਪਰ ਕਬਹੂੰ ਨ ਠਾਂਢੋ ਹੋਤ।

ਗਿੱਲੇ ਕਛਹਿਰੇ ਚੁੱਕ ਕੇ ਲੈ ਗਏ। ਆਪਣੀ ਸਮਾਧੀ ਵਿੱਚ ਵਿਖੇਪਤਾ ਜਾਣ ਕੇ ਉਸੇ ਸਮੇਂ ਛੇਤਰ ਵਾਲੇ ਕਮਰੇ 'ਚ ਆ ਗਏ ਤੇ ਇੱਥੇ ਆਪ ਜੀ ਤਿੰਨ ਰਾਤਾਂ ਠਹਿਰੇ। ਸ਼ਾਮ ਨੂੰ ਅੰਧੇਰੇ ਹੋਇਆਂ ਕਮਰੇ 'ਚੋਂ ਬਾਹਰ ਨਿੱਕਲਦੇ ਅਤੇ ਗੰਗਾ ਜੀ ਦੇ ਕਿਨਾਰੇ ਕਿਨਾਰੇ ਦੂਰ ਤੱਕ ਸੈਰ ਨੂੰ ਚਲੇ ਜਾਂਦੇ। ਰਾਤ ਦੇ ਦਸ ਵਜੇ ਜਦੋਂ ਕਿ ਆਮ ਲੋਕਾਂ ਦੀ ਆਵਾਜਾਈ ਬੰਦ ਹੋ ਜਾਂਦੀ, ਫੇਰ ਹਰਿ ਕੀਆਂ ਪੌੜੀਆਂ ਦੇ ਪਾਸ ਇਕਾਂਤ ਜਗ੍ਹਾ ਆਸਨ ਵਿਛਾ ਕੇ ਆ ਸੱਜਣਾਂ। ਏਥੇ ਹੀ ਦੋ ਵਜੇ ਇਸ਼ਨਾਨ ਕਰ ਕੇ ਸਮਾਧੀ ਵਿੱਚ ਲੀਨ ਹੋ ਜਾਂਦੇ। ਚਾਰ ਵਜੇ ਕਮਰੇ ਵਿੱਚ ਚਲੇ ਜਾਣਾ। ਜਲ ਛਕ ਕੇ ਬਾਹਰ ਪਹਾੜੀ ਤੇ ਚੜ੍ਹ ਕੇ ਜੰਗਲ ਵਲ ਸੈਰ ਨੂੰ ਨਿੱਕਲ ਜਾਣਾ, ਜਿੱਥੋਂ ਕਿ ਦਸ ਵਜੇ ਵਾਪਸ ਆ ਕੇ ਕਮਰੇ ਅੰਦਰ ਹੀ ਪ੍ਰਸ਼ਾਦ ਛਕ ਕੇ ਕੁਛ ਸਮਾਂ ਅਰਾਮ ਕਰਨਾ। ਦਿਨੇ ਪ੍ਰਸ਼ਾਦ ਛੇਤਰ 'ਚੋਂ ਪ੍ਰੇਮੀ ਲਿਆ ਦੇਂਦੇ। ਰਾਤ ਨੂੰ ਛਕਦੇ ਹੀ ਨਹੀਂ ਸਨ। ਸਵੇਰ ਦਾ ਜਲ ਪਾਣੀ ਅੰਦਰ ਹੀ ਭਾਈ ਰਤਨ ਸਿੰਘ ਬਣਾ ਲੈਂਦਾ। ਭਾਵੇਂ ਉਸ ਜਗ੍ਹਾ ਦੇ ਪ੍ਰਬੰਧਕਾਂ ਨੇ ਆਪ ਜੀ ਦਾ ਦਰਸ਼ਨ ਕਰ ਕੇ ਹੋਰ ਵੀ ਕੁੱਝ ਸਮਾਂ ਠਹਿਰਨ ਵਾਸਤੇ ਬੇਨਤੀ ਕੀਤੀ, ਪਰ ਆਪ ਜੀ ਪਿਛਲੇ ਪ੍ਰੇਮੀਆਂ ਦੀ ਖਿੱਚ ਜਾਣ ਕੇ ਇਨ੍ਹਾਂ ਤੇ ਖੁਸ਼ੀਆਂ ਕਰ ਕੇ ਪੰਜਾਬ ਨੂੰ ਵਾਪਸ ਆ ਗਏ।

ਸ. ਮੇਵਾ ਸਿੰਘ ਬੀਜਾ

ਬੀਜੇ ਪਿੰਡ ਵਿੱਚ ਵੀ ਹਜ਼ੂਰ ਦੇ ਕਈ ਵਾਰ ਚਰਨ ਪਏ। ਏਥੋਂ ਦਾ ਵਸਨੀਕ ਸ. ਮੇਵਾ ਸਿੰਘ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਹੈ। ਸੇਵਾ ਸਿੰਘ, ਮੇਵਾ ਸਿੰਘ ਤੇ ਬਲਬੀਰ ਸਿੰਘ ਤਿੰਨ ਭਰਾ ਹਨ। ਇਹ ਸਾਰਾ ਪ੍ਰਵਾਰ ਗੁਰੂ ਘਰ ਦਾ

ਪਰਮ ਪ੍ਰੀਤਵਾਨ ਤੇ ਸੰਤ ਮਹਾਰਾਜ ਦਾ ਸਤਿਸੰਗੀ ਹੈ। ਸਿਮਰਨ ਦੀ ਦਾਤ ਪ੍ਰਾਪਤ ਕਰ ਕੇ ਗੁਰਸਿਖੀ ਜੀਵਨ ਵਿੱਚ ਚਲਦੇ ਹਨ। ਇਨ੍ਹਾਂ ਦੇ ਪਾਸ ਆਪਣੀਆਂ ਗੱਡੀਆਂ ਹਨ। ਕਈ ਜਗ੍ਹਾ ਰਿਹਾਇਸ਼ ਰੱਖ ਕੇ ਕੰਮ ਕੀਤਾ। ੧੯੪੭ ਉਪਰੰਤ ਤਾਂ ਆਪਣੀ ਰਿਹਾਇਸ਼ ਪੱਕੀ ਹੀ ਦਿੱਲੀ ਰੱਖ ਲਈ। ਭਾਵੇਂ ਇਨ੍ਹਾਂ ਨੇ ਬੀਜੇ ਵੀ ਸੰਤ ਜੀ ਮਹਾਰਾਜ ਦੇ ਕਈ ਵਾਰ ਚਰਨ ਪਵਾਏ। ਫੇਰ ਜਦੋਂ ਆਪ ਜੀ ੧੯੫੫ ਈ. ਨੂੰ ਸ. ਮੋਹਨ ਸਿੰਘ ਜੀ ਦਿੱਲੀ ਵਾਲਿਆਂ ਦੇ ਪ੍ਰੇਮ ਵਸੀਕਾਰ ਹੋਏ ਬਾਰਾਂਖੰਭੇ ਹਨੂੰਮਾਨ ਰੋਡ ਕੋਠੀ ਨੰਬਰ ੪੦ ਵਿੱਚ ਠਹਿਰੇ ਸਨ, ਤਾਂ ਇਨ੍ਹਾਂ ਨੇ ਬੇਨਤੀ ਕਰ ਕੇ ਰੋਸ਼ਨ ਆਰਾ ਰੋਡ (ਜਿੱਥੇ ਕਿ ਇਨ੍ਹਾਂ ਦੀ ਰਿਹਾਇਸ਼ ਸੀ) ਦੀਵਾਨ ਲਗਵਾਏ ਸਨ। ਫੇਰ ੧੯੫੯ ਈ. ਵਿੱਚ ਇੱਕ ਦੀਵਾਨ ਲਗਵਾਇਆ ਸੀ। ਸ. ਮੇਵਾ ਸਿੰਘ ਨੇ ਕਈ ਵਾਰ ਹਾਂਸ ਪਿੰਡ ਆਇਆਂ ਸੰਤ ਜੀ ਮਹਾਰਾਜ ਦੇ ਰਾੜਾ ਸਾਹਿਬ ਦਰਸ਼ਨ ਕੀਤੇ ਹਨ।

ਸੰਤ ਜੀ ਮਹਾਰਾਜ ਦਾ ਮਿਲਾਪ

ਕਹਿੰਦੇ ਹਨ ਦੁੱਖ ਵੀ ਪ੍ਰਮੇਸ਼ਰ ਨੇ ਆਪਣੇ ਵੱਲ ਖਿੱਚਣ ਲਈ ਇੱਕ ਜੰਜੀਰ ਰੱਖੀ ਹੈ।

ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥ (ਮਾਰੂ ਮਃ ੧ - ੧੦੩੦)

ਤਦੇ ਹੀ ਹਜ਼ੂਰ ਨੇ ਦੁੱਖ ਨੂੰ ਦਾਰੂ ਕਥਨ ਕੀਤਾ ਹੈ:

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ (ਵਾਰ-ਆਸਾ ਮਃ ੧ - ੪੬੯)

ਜਦੋਂ ਇਹ ੧੯੪੭ ਦੇ ਸਮੇਂ ਜਗਾਧਰੀ ਆਪਣਾ ਟਰੱਕ ਚਲਾਉਂਦਾ ਸੀ, ੧੫ ਅਗਸਤ ਨੂੰ ਹਿੰਦੁਸਤਾਨ ਤੇ ਪਾਕਿਸਤਾਨ ਅੱਡ ਅੱਡ ਹੋ ਗਏ । ਮੁਸਲਮਾਨਾਂ ਨੇ ਹਿੰਦੂਆਂ ਦੇ ਖ਼ੂਨ ਨਾਲ ਆਪਣੇ ਹੱਥ ਰੰਗੇ। ਨਿਰਦੋਸ਼ੇ ਗ਼ਰੀਬ ਬੰਦੇ ਜ਼ਾਲਮਾਂ ਦੇ ਹੱਥੋਂ ਮੌਤ ਦੇ ਘਾਟ ਉਤਾਰੇ ਗਏ। ਏਧਰ ਹਿੰਦੂ ਸਿੱਖਾਂ ਨੇ ਵੀ ਬਦਲਾ ਲੈਣ ਵਾਸਤੇ ਆਪਣੇ ਦਿਲੀ ਅਰਮਾਨ ਕੱਢੇ। ਬੰਦੇ ਨੇ ਰਾਕਸ਼ ਦਾ ਰੂਪ ਧਾਰਨ ਕਰ ਲਿਆ। ਇੱਕ ਦੂਜੇ ਨੂੰ ਮੂਲੀ ਗਾਜਰ ਸਮਾਨ ਕਤਲ ਕਰ ਰਿਹਾ ਸੀ। ਚਾਰ ਸਤੰਬਰ ੧੯੪੭ ਨੂੰ ਸ. ਮੇਵਾ ਸਿੰਘ ਦੀ ਗੱਡੀ (ਜਿਸ ਨੂੰ ਇਹ ਆਪ ਚਲਾ ਰਿਹਾ ਹੈ) ਜਮਨਾ ਦੇ ਪੁਲ ਤੇ ਪੁੱਜੀ। ਇਸ ਦੇ ਕਲੀਨਰ ਪ੍ਰਕਾਸ਼ ਚੰਦ (ਜਿਸ ਦਾ ਤਬਦੀਲੀ ਸਮੇਂ ਅੰਮ੍ਰਿਤਸਰ ਸਾਰਾ ਪ੍ਰਵਾਰ ਹੀ ਮੁਸਲਮਾਨਾਂ ਨੇ ਮਾਰ ਦਿੱਤਾ ਸੀ। ਉਸ ਦੇ ਅੰਦਰ ਬਦਲੇ ਦੀ ਅੱਗ ਭੜਕੀ) ਨੇ ਮੁਸਲਮਾਨ ਦੇ ਭੁਲੇਖੇ ਕਿਸੇ ਹਿੰਦੂ ਅਫ਼ਸਰ ਨੂੰ ਛੁਰੇ ਨਾਲ ਮਾਰ ਦਿੱਤਾ। ਪਤਾ ਲੱਗਣ ਤੇ ਕਿ ਹਿੰਦੂ ਮਾਰਿਆ ਗਿਆ, ਉਹ ਤਾਂ ਉਸੇ ਸਮੇਂ ਹੀ ਭੱਜ ਗਿਆ। ਕੇਸ (ਡਰਾਈਵਰ) ਮਾਲਕ ਜ਼ੁੰਮੇ ਆ ਬਣਿਆ। ਉਸੇ ਵੇਲੇ ਆਪਣੇ ਮਨ ਦੀ ਘਬਰਾਹਟ ਨਾਲ ਇਹ ਮੇਵਾ ਸਿੰਘ ਜੀ ਰਾਤ ਦੀ ਗੱਡੀ ਬੈਠ ਕੇ ਪੰਜਾਬ ਆ ਪੁੱਜਾ। ਸਾਰਿਆਂ ਪਾਸਿਆਂ ਵੱਲ ਨਿਗ੍ਹਾ ਮਾਰੀ ਦੁੱਖ ਹੀ ਦੁੱਖ ਦਿੱਸੇ। ਰਿਸ਼ਤੇਦਾਰ ਤੇ ਸਬੰਧੀ ਵੀ ਏਹੋ ਜੇਹੇ ਮੌਕੇ ਤੇ ਸਾਥ ਛੱਡ ਜਾਂਦੇ ਹਨ। ਇਸ ਨੂੰ ਆਪਣੇ ਬਚਣ ਦੀ ਕੋਈ ਆਸ ਉਮੀਦ ਨਹੀਂ ਸੀ। ਅਖ਼ੀਰ ਨੂੰ ਗੱਡੀ ਤੋਂ ਉੱਤਰ ਸਿੱਧਾ ਕਰਮਸਰ ਆਇਆ। ਜਦੋਂ ਨਹਿਰ ਦੀ ਪਟੜੀ ਤੋਂ ਚੱਲ ਕੇ ਫਾਟਕ ਕੋਲ ਆਇਆ, ਤਾਂ ਮਨ ਵਿੱਚ ਇਹ ਨਿਸ਼ਚਾ ਕੀਤਾ ਦੁਨਿਆਵੀ ਅਦਾਲਤਾਂ ਦੀ ਤਾਂ ਕੀ ਗੱਲ ਹੈ ਇਸ ਚਾਰ ਦੀਵਾਰੀ ਅੰਦਰ ਤਾਂ ਧਰਮਰਾਜ ਦੀ ਵੀ ਪੇਸ਼ ਨਹੀਂ ਜਾ ਸਕਦੀ। ੫ ਸਤੰਬਰ ਨੂੰ ਸਵੇਰੇ ਮਹਾਂਪੁਰਸ਼ਾਂ ਦੇ ਦੀਦਾਰ ਕੀਤੇ।

ਹਜ਼ੂਰ ਭੋਰੇ ਦੇ ਬਰਾਂਡੇ ਅੰਦਰ ਹੀ ਕੁਰਸੀ ਤੇ ਸਜੇ ਸਨ। ਜਦੋਂ ਸੰਤ ਜੀ ਮਹਾਰਾਜ ਨੇ ਸਭਨਾਂ ਨੂੰ ਦਰਸ਼ਨ ਦਿੱਤੇ ਤੇ ਸਾਰੇ ਪ੍ਰੇਮੀ ਆਪੋ ਆਪਣੀ ਭਾਵਨਾ ਅਨੁਸਾਰ ਭੇਟਾ ਰੱਖ ਕੇ ਨਮਸ਼ਕਾਰਾਂ ਕਰਦੇ ਬਚਨ ਸੁਣਦੇ ਤੇ ਮੰਗਾਂ ਮੰਗਦੇ ਸਨ। ਸਮਾਂ ਹੋਣ ਤੇ ਸੇਵਾਦਾਰ ਨੇ ਸਾਰਿਆਂ ਨੂੰ ਜਾਣ ਦਾ ਇਸ਼ਾਰਾ ਕੀਤਾ। ਸਾਰੀ ਸੰਗਤ ਸਨੇ ਸਨੇ ਨਮਸ਼ਕਾਰ ਕਰ ਕੇ ਉੱਠੀ ਤੇ ਬਾਹਰ ਆ ਗਈ, ਪਰ ਇਹ ਸੇਵਾਦਾਰ ਦੇ ਦੋ ਤਿੰਨ ਵਾਰੀ ਕਹਣ ਤੇ ਵੀ ਨਾ ਉੱਠਿਆ ਤਾਂ ਹਜ਼ੂਰ ਨੇ ਇਸ ਦਾ ਮੁਰਝਾਇਆ ਚੇਹਰਾ ਤੱਕਿਆ। ਉਪਰੰਤ ਚੜ੍ਹਦੀ ਜਵਾਨੀ ਤੇ ਮੁੱਛ ਫੁੱਟ ਗੱਭਰੂ ਨੂੰ ਪੁੱਛਿਆ, (ਜਿਸ ਦੀ ਉਸ ਸਮੇਂ ਕੇਵਲ ਸਤਾਰਾਂ ਸਾਲ ਦੀ ਉਮਰ ਸੀ) "ਕਾਕਾ! ਕੀ ਗੱਲ ਹੈ? ਏਥੇ ਬੈਠਾ ਹੈ।" ਇਸ ਨੇ ਘਬਰਾਏ ਮਨ ਨਾਲ ਆਦਿ ਤੋਂ ਅੰਤ ਤੱਕ ਸਾਰੀ ਵਾਰਤਾ ਦੱਸ ਦਿੱਤੀ ਅਤੇ ਕਿਹਾ, "ਮਹਾਰਾਜ! ਮੈਨੂੰ ਆਪਣੇ ਬਚਾ ਲਈ ਹੋਰ ਕੋਈ ਥਾਂ ਨਹੀਂ ਸੁਝੀ। ਆਪ ਹੀ ਮੇਰੇ ਤੇ ਤਰਸ ਕਰੋ।" ਇਸ ਦੀ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਚੁੱਪ ਕਰ ਗਏ। ਇਹ ਹੱਥ ਜੋੜੀ ਸਾਹਮਣੇ ਬੈਠਾ ਚੇਹਰੇ ਵੱਲ ਤੱਕ ਰਿਹਾ ਹੈ। ਕੁਛ ਕੁ ਸਮੇਂ ਤੋਂ ਬਾਅਦ ਉੱਤਰ ਦਿੱਤਾ, "ਚੰਗਾ ਗੁਰੂ ਭਲੀ ਕਰੇਗਾ। ਹਜ਼ੂਰ ਦਾ ਹੁਕਮ ਹੈ:

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥
ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ ॥੨॥ (ਸੂਹੀ ਮਃ ੫ - ੭੪੮)

ਪਰ ਹੁਣ ਤੂੰ ਅੰਮ੍ਰਿਤ ਛਕ ਲੈ। ਅੱਜ ਤੋਂ ਬਾਅਦ ਮਾਸ ਸ਼ਰਾਬ ਨੂੰ ਮੂੰਹ ਨਾ ਲਾਵੀਂ। ਨਿਤਾਪ੍ਰਤੀ ਆਪਣੇ ਨਿੱਤਨੇਮ ਤੋਂ ਇਲਾਵਾ ਉਸ ਮਰਨ ਵਾਲੇ ਪ੍ਰਾਣੀ ਦੇ ਨਮਿਤ ਚਾਲੀ ਦਿਨ ਇੱਕ ਸੁਖਮਨੀ ਸਾਹਿਬ ਦਾ ਪਾਠ ਕਰ ਕੇ ਅਰਦਾਸ ਕਰ ਦਿਆ ਕਰ। ਇਸ ਪ੍ਰਾਸਚਿਤ ਨਾਲ ਅੱਗੇ (ਪ੍ਰਲੋਕ) ਜਾਣ ਤੋਂ ਪਹਿਲਾਂ ਪਹਿਲਾਂ ਇਹ ਹਿਸਾਬ ਮੁਕ ਜਾਵੇਗਾ। ਭਾਵੇਂ ਤੇਰਾ

ਕੋਈ ਦੋਸ਼ ਨਹੀਂ ਪਰ ਫੇਰ ਵੀ ਇਸ ਵਿੱਚ ਤੇਰਾ ਭਲਾ ਹੈ ਅਤੇ ਉਸ ਮਰਨ ਵਾਲੇ ਦੀ ਆਤਮਾ ਵੀ ਸ਼ਾਂਤ ਰਹੇਗੀ। ਫੇਰ ਜਿੱਥੇ ਮਰਜ਼ੀ ਹੈ ਬੇਫ਼ਿਕਰ ਹੋ ਕੇ ਵਿਚਰ, ਗੁਰੂ ਨਾਨਕ ਰਾਖਾ ਹੈ, ਤੈਨੂੰ ਕਿਸੇ ਦਾ ਵੀ ਭੈ ਨਹੀਂ:

ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥ (ਬਿਲਾਵਲੁ ਮਃ ੩ - ੮੪੨)

ਇਹ ਪਵਿਤ੍ਰ ਬਚਨ ਸੁਣ ਕੇ ਇਸ ਦਾ ਮਨ ਗਦ ਗਦ ਹੋ ਗਿਆ। ਨੇਤਰਾਂ ਵਿੱਚ ਵੈਰਾਗ ਦਾ ਜਲ ਆ ਗਿਆ। ਹਜ਼ੂਰ ਦੀ ਆਗਯਾ ਪਾ ਕੇ ਤੇ ਭਾਵਨਾ ਨਾਲ ਨਮਸ਼ਕਾਰ ਕਰ ਕੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਿਆ। ਦੂਸਰੇ ਦਿਨ ਅੰਮ੍ਰਿਤ ਪਾਨ ਕਰ ਕੇ ਸੰਤ ਜੀ ਮਹਾਰਾਜ ਤੋਂ ਨਾਮ ਜਪਣ ਦੀ ਜੁਗਤੀ ਪੁੱਛ ਲਈ। ਫੇਰ ਤਾਂ ਇਹ ਏਥੇ ਰਹਿ ਕੇ ਗੁਰੂ ਘਰ ਦੀ ਸੇਵਾ ਵਿੱਚ ਜੁਟ ਗਿਆ।

ਜਦੋਂ ਇਸ ਨੂੰ ਸੇਵਾ ਕਰਦਿਆਂ ਇੱਕ ਮਹੀਨਾ ਹੋਇਆ, ਖਤ ਪਾ ਕੇ ਜਗਾਧਰੀ ਤੋਂ ਪਤਾ ਕੀਤਾ। ਓਧਰੋਂ ਉੱਤਰ ਆਇਆ ਕਿ ਮਾਰਨ ਵਾਲੇ ਦਾ ਪਤਾ ਨਾ ਲੱਗਣ ਕਰ ਕੇ ਮੁਕੱਦਮਾ ਨਹੀਂ ਚੱਲਿਆ। ਤੂੰ ਹੁਣ ਏਥੇ ਆ ਜਾਹ। ਸੰਤ ਜੀ ਮਹਾਰਾਜ ਦੀ ਆਗਯਾ ਪਾ ਕੇ ਇਹ ਵਾਪਸ ਜਗਾਧਰੀ ਚਲਾ ਗਿਆ। ਉਸ ਦਿਨ ਦੋ ਬਾਅਦ ਇਹ ਹਜ਼ੂਰ ਦੇ ਚਰਨਾਂ ਦਾ ਪੱਕਾ ਸ਼ਰਧਾਲੂ ਬਣ ਗਿਆ। ਇਸ ਦੀ ਪ੍ਰੇਰਨਾ ਨਾਲ ਹੋਰ ਵੀ ਬਹੁਤ ਸਾਰੇ ਸੰਤ ਜੀ ਮਹਾਰਾਜ ਦੇ ਪ੍ਰੇਮੀ ਬਣੇ।

ਯਥਾ: ਮਾਣ ਰੂਪ ਦਾ ਤੇ ਬਲ ਦਾ ਕਰੀਂ ਨਾਹੀਂ, ਜਿਸ ਨੇ ਦਿੱਤਾ ਹੈ ਮਤਾਂ ਓਹ ਖੱਸ ਲੇਵੇ।

ਚਾਹੀਏ ਆਦਮੀ ਨੂੰ ਅੰਗਾਂ ਨਾਲ ਨੇਕੀ ਕਰ ਕੇ, ਪ੍ਰਭ ਦਰਗਾਹ ਵਿੱਚ ਜਸ ਲੇਵੇ।

ਜੀਭ ਨਾਲ ਮਿੱਠਾ ਅਤੇ ਸੱਚ ਬੋਲੇ, ਨਾਮ ਪ੍ਰਭੂ ਦਾ ਹਰ ਦਮ ਹੱਸ ਲੇਵੇ।

ਅੱਖਾਂ ਮੰਦੀਆਂ ਨਾਲ ਪਰ ਇਸਤ੍ਰੀ ਨੂੰ, ਨਾਹੀਂ ਤੱਕ ਸਿਰ ਆਪਣੇ ਭੱਸ ਲੇਵੇ।

ਹੱਥਾ ਨਾਲ ਸ਼ੁਭ ਕੰਮ ਤੂੰ ਕਰੇਂ ਹਰ ਦਮ, ਹਥੋਂ ਤੇਰਿਓਂ ਨਾ ਮੰਦੀ ਕਾਰ ਹੋਵੇ।

ਚਰਨ ਰੱਖ ਕਰਤਾਰ ਦੇ ਵਿੱਚ ਹਿਰਦੇ, ਇਸ ਸੰਸਾਰ ਵਿੱਚੋਂ ਬੇੜਾ ਪਾਰ ਹੋਵੇ।

ਕਾਂਡ ੧੫

ਬਾਬੂ ਸਾਧ ਸਿੰਘ ਟਿਕਟ ਕੁਲੈਕਟਰ

ਇਨ੍ਹਾਂ ਦਾ ਪਿੰਡ ਖਾਨਖਾਨਾ ਜ਼ਿਲ੍ਹਾ ਜਲੰਧਰ ਵਿੱਚ ਬੰਗਿਆਂ ਤੋਂ ਦੋ ਕੁ ਮੀਲਾਂ ਤੇ ਨਵਾਂ ਸ਼ਹਿਰ ਸੜਕ ਉੱਪਰ ਹੈ। ਸਕੂਲ ਵਿੱਚ ਮੈਟ੍ਰਿਕ ਪਾਸ ਕਰ ਕੇ ਰੇਲਵੇ ਦੇ ਮਹਿਕਮੇ ਵਿੱਚ ਟਿਕਟ ਕੁਲੈਕਟਰ ਲੱਗ ਗਏ।

੧੯੨੯ ਈ. ਤੋਂ ੧੯੩੯ ਈ. ਤੱਕ ੧੧ ਸਾਲ ਖ਼ਾਸ ਲੁਧਿਆਣੇ ਰਹੇ, ਉਹਨੀਂ ਦਿਨੀਂ ੧੯੩੮ ਈ. ਦੇ ਕਰੀਬ ਸ. ਵਲੈਤੀ ਸਿੰਘ ਰੇਲਵੇ ਗਾਰਡ ਨੇ (ਜੋ ਖ਼ਾਸ ਲੁਧਿਆਣੇ ਦਾ ਹੀ ਸੀ) ਸੰਤ ਜੀ ਮਹਾਰਾਜ ਨੂੰ ਆਪਣੇ ਘਰ ਅਖੰਡ ਪਾਠ ਕਰਾਉਣ ਵਾਸਤੇ ਬੇਨਤੀ ਕੀਤੀ। ਹਜ਼ੂਰ ਨੇ ਜਥੇ ਸਮੇਤ ਲੁਧਿਆਣੇ ਚਰਨ ਪਾਏ। ਰਿਹਾਇਸ਼ ਸ਼ਹਿਰ ਤੋਂ ਬਾਹਰ ਜਗਰਾਵਾਂ ਰੋਡ ਤੇ ਸੀਤਾ ਰਾਮ ਦੇ ਬਾਗ਼ ਵਿੱਚ ਰੱਖੀ। ਬਾਕੀ ਸਿੰਘਾਂ ਨੇ ਅਖੰਡ ਪਾਠ ਸ਼ੁਰੂ ਕਰ ਕੇ ਪਾਸ ਹੀ ਸ਼ਹਿਰ ਵਿੱਚ ਰਿਹਾਇਸ਼ ਰੱਖ ਲਈ। ਆਪ ਜੀ ਦੇ ਰਾਤ ਦੇ ਸਮੇਂ ਦੀਵਾਨ ਸਜਦੇ। ਬਾਬੂ ਸਾਧੂ ਸਿੰਘ ਨੇ ਵਲੈਤੀ ਸਿੰਘ ਦੇ ਨਾਲ ਆ ਕੇ ਪਹਿਲੀ ਵਾਰ ਦੁਪਹਿਰ ਦੇ ਸਮੇਂ ਸੀਤਾ ਰਾਮ ਦੇ ਬਾਗ਼ ਵਿੱਚ ਦਾਤੇ ਦੇ ਦਰ ਤੇ ਸਿਜਦਾ ਕੀਤਾ। ਉਸ ਸਮੇਂ ਲਲਤੋਂ ਕਲਾਂ ਦਾ ਸ. ਚਤਰ ਸਿੰਘ ਆਹਲੂਵਾਲੀਆ (ਚੁੰਗੀ ਇੰਨਸਪੈਕਟਰ) ਵੀ ਇਨ੍ਹਾਂ ਦੇ ਨਾਲ ਸੀ। ਦਰਸ਼ਨ ਕਰ ਕੇ ਮਨ ਇਉਂ ਖਿੱਚੇ ਗਏ, ਜਿਵੇਂ ਚੁੰਬਕ ਨਾਲ ਲੋਹੇ ਦੇ ਨਿੱਕੇ ਨਿੱਕੇ ਜ਼ਰਰੇ ਇਕੱਠੇ ਹੋ ਜਾਂਦੇ ਹਨ। ਉਸੇ ਰਾਤ ਦੀਵਾਨ ਸੁਣ ਕੇ ਤਾਂ ਇਤਨੀ ਸ਼ਰਧਾ ਬੱਝੀ ਕਿ ਹੋਰ ਕਿਤੇ ਆਉਣ ਜਾਣ ਦਾ ਖ਼ਿਆਲ ਛੱਡ ਕੇ ਇੱਕੋ ਦਰ ਦੇ ਬਣ ਗਏ।

੧੯੩੯ ਈ. ਦੇ ਮਾਘ ਮਹੀਨੇ ਹਜ਼ੂਰ ਦੇ ਤਪ ਅਸਥਾਨ ਕਰਮਸਰ ਦੀ ਪਾਵਨ ਧਰਤੀ ਦਾ ਦਰਸ਼ਨ ਕੀਤਾ। ਮਨ ਹੋਰ ਵੀ ਸ਼ਾਂਤ ਤੇ ਇਕਾਗਰ ਹੋ ਗਿਆ। ਉੱਥੋਂ ਦੀ ਰਹੁ ਰੀਤ ਦੇਖ ਕੇ ਤਾਂ ਇਤਿਹਾਸ ਵਿੱਚ ਸੁਣਿਆ ਕਲਗੀਆਂ ਵਾਲੇ ਪਾਤਸ਼ਾਹ ਦੇ ਆਨੰਦਪੁਰ ਦਰਬਾਰ ਦਾ ਪ੍ਰਤੱਖ ਦ੍ਰਿਸ਼ ਸਾਹਮਣੇ ਆ ਗਿਆ। ਕੁਛ ਕੁ ਦਿਨ ਠਹਿਰੇ। ਦਰਸ਼ਨ ਅਤੇ ਕੀਰਤਨ ਦਾ ਅਨੰਦ ਮਾਣਿਆਂ। ਨਾਮ ਦੀ ਦਾਤ ਪ੍ਰਾਪਤ ਕੀਤੀ। ਉਪਰੰਤ ਘਰ ਚਰਨ ਪਵਾਉਣ ਵਾਸਤੇ ਬੇਨਤੀ ਕੀਤੀ। ਦਾਤੇ ਨੇ ਮੇਹਰ ਕੀਤੀ ਤੇ ਜਥੇ ਸਮੇਤ ਖਾਨਖਾਨਾ ਨਗਰ ਪੁੱਜੇ। ਘਰ ਵਿੱਚ ਅਖੰਡ ਪਾਠ ਆਰੰਭ ਕੀਤਾ। ਤਿੰਨ ਦਿਨ ਹਜ਼ੂਰ ਦਾ ਰੂਹਾਨੀ ਕੀਰਤਨ ਹੁੰਦਾ ਰਿਹਾ। ਭੋਗ ਦੇ ਸਮੇਂ ਪੁੱਤਰ ਪ੍ਰਾਪਤੀ ਲਈ ਗ਼ਰੀਬ ਨਿਵਾਜ਼ ਦੇ ਪਾਸ ਅਰਜ਼ ਕੀਤੀ। ਉਨ੍ਹਾਂ ਨੇ ਅਰਦਾਸੀਏ ਸਿੰਘ ਪਾਸੋਂ ਗੁਰ ਚਰਨਾਂ ਵਿਖੇ ਅਰਦਾਸ ਕਰਵਾ ਦਿੱਤੀ। ਹਜ਼ੂਰ ਦੀ ਮੇਹਰ ਦਾ ਸਦਕਾ ਸੱਤਾਂ ਲੜਕੀਆਂ ਬਾਅਦ ੨੪ ਸਾਵਣ ੧੯੪੦ ਵਿੱਚ ਲੜਕੇ ਦਾ ਜਨਮ ਹੋਇਆ। ਇਸ ਖ਼ੁਸ਼ੀ ਵਿੱਚ ਦੂਜੀ ਵਾਰ ਵੈਸਾਖ ੧੯੪੧ ਨੂੰ ਦਾਤੇ ਦੇ ਚਰਨਾਂ ਵਿੱਚ ਆ ਕੇ ਅਰਜ਼ ਕੀਤੀ ਅਤੇ ਸਮਾਂ ਲੈ ਕੇ ਘਰ ਵਿੱਚ ਅਖੰਡ ਪਾਠ ਰਖਵਾਇਆ। ਨਾਲ ਦੇ ਸਿੰਘਾਂ ਨੇ ਪਾਠ ਕੀਤਾ ਤਿੰਨ ਦਿਨ ਕੀਰਤਨ ਵੀ ਹੋਇਆ। ਭੋਗ ਦੇ ਸਮੇਂ ਆਏ ਮੁਖਵਾਕ ਤੋਂ ਸੰਤ ਜੀ ਨੇ ਬੱਚੇ ਦਾ ਨਾਮ ਕੁਲਦੀਪ ਸਿੰਘ ਰੱਖਿਆ। ਬੰਗੇ ਹਸਪਤਾਲ ਦਾ ਸਿਵਲ ਸਰਜਨ ਮੋਤੀ ਸਿੰਘ, ਜੋ ਬਾਬੂ ਸਾਧੂ ਸਿੰਘ ਨਾਲ ਚੰਗਾ ਮੇਲ ਮਿਲਾਪ ਸੀ) ਖ਼ਾਸ ਪ੍ਰੇਮੀ ਬਣ ਗਿਆ। ਇਸ ਨੇ ਬਾਬੂ ਸਾਧੂ ਸਿੰਘ ਨੂੰ ਨਾਲ ਲੈ ਕੇ ਦਾਤੇ ਦੇ ਚਰਨਾਂ ਵਿੱਚ ਅਰਜ਼ ਕੀਤੀ। ਪਤਿਤ ਪਾਵਨ ਨੇ ਸੱਚਾ ਪ੍ਰੇਮ ਜਾਣ ਕੇ ਮੰਨ ਲਈ। ਇਸ ਨੇ ਖਾਨਖਾਨਾ ਤੋਂ ਬਾਅਦ ਆਪਣੇ ਘਰ ਵਿੱਚ ਚਰਨ ਪਵਾਏ। ਅਖੰਡ ਪਾਠ ਰਖਵਾਇਆ। ਦੀਵਾਨ ਵੀ ਸਜੇ। ਆਪ ਏਥੇ ਤਿੰਨ ਦਿਨ ਠਹਿਰੇ।

ਉਸ ਸਮੇਂ ਹੋਤੀ ਮਰਦਾਨ ਦੀ ਸੰਪ੍ਰਾਦਇ ਵਿੱਚੋਂ ਸੰਤ ਮੇਲਾ ਸਿੰਘ ਜੀ (ਜਿਨ੍ਹਾਂ ਦਾ ਅਸਥਾਨ ਬੰਗੇ ਸ਼ਹਿਰ ਵਿੱਚ ਹੀ ਹੈ) ਨੂੰ ਪਤਾ ਲੱਗਾ। ਉਹ ਵੀ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਆਏ। ਹਜ਼ੂਰ ਨੇ ਇਸ ਮਹਾਂਪੁਰਸ਼ ਦਾ ਬੜਾ ਸਤਿਕਾਰ ਕੀਤਾ। ਭਾਵੇਂ ਇਸ ਨੇ ਅਸਥਾਨ ਤੇ ਲਿਜਾਣ ਵਾਸਤੇ ਬੇਨਤੀ ਵੀ ਕੀਤੀ, ਪਰ ਅਰਸ਼ੀ ਦਾਤੇ ਨੇ ਸਮਾਂ ਨਾ ਹੋਣ ਕਰ ਕੇ ਖ਼ੁਸ਼ੀਆਂ ਹੀ ਲੈ ਲਈਆਂ। ਏਥੋਂ ਚੱਕ ਕਲਾਲਾਂ ਗਏ। ਇਹ ਆਹਲੂਵਾਲੀਏ ਸਰਦਾਰਾਂ ਦੀ ਵਸੋਂ ਦਾ ਨਗਰ ਬੰਗਿਆਂ ਤੋਂ ਦੋ ਕੁ ਮੀਲਾਂ ਦੇ ਫਾਸਲੇ ਤੇ ਨਜ਼ਦੀਕ ਹੀ ਪੈਂਦਾ ਹੈ। ਏਥੋਂ ਦੇ ਉਦਾਸੀਨ ਮਹਾਂਪੁਰਸ਼ ਬਾਵਾ ਪ੍ਰਯਾਗ ਦਾਸ ਜੀ ਪਾਸੋਂ ਸ੍ਰੀਮਾਨ ਗਿਆਨੀ ਬਲਬੀਰ ਸਿੰਘ ਜੀ ਨੇ ਗੁਰਬਾਣੀ ਦੀ ਕਥਾ ਪੜ੍ਹੀ ਸੀ। ਏਥੇ ਸ. ਚੰਨਣ ਸਿੰਘ ਦੇ ਘਰ ਅਖੰਡ ਪਾਠ ਕੀਤਾ। ਦਰਸ਼ਨ ਕਰ ਕੇ ਹੋਰ ਭੀ ਪ੍ਰੇਮੀ ਬਣੇ।

ਦਫ਼ਤਰੀ ਵਾਲੇ ਪਿੰਡ ਦਾ ਸ. ਗੁਰਦੇਵ ਸਿੰਘ; ਜੋ ਸੰਤਾਂ ਦਾ ਪ੍ਰੇਮੀ ਸੀ, ਇਨ੍ਹਾਂ ਦੀ ਬੇਨਤੀ ਮੰਨ ਕੇ ਪਹਿਲਾਂ ੧੯੩੭ ਵਿੱਚ ਦਫ਼ਤਰੀ ਵਾਲੇ ਚਰਣ ਪਾਏ। ਕਈ ਦਿਨ ਠਹਿਰੇ, ਅਖੰਡ ਪਾਠ ਤੇ ਕੀਰਤਨ ਵੀ ਕੀਤਾ। ਸ. ਗੁਰਦੇਵ ਸਿੰਘ ਆਪਣੀ ਗੱਡੀ ਵਿੱਚ ਲੈ ਕੇ ਗਿਆ ਸੀ ਅਤੇ ਉਸੇ ਵਿੱਚ ਹੀ ਵਾਪਸ ਛੱਡ ਗਿਆ ਸੀ। ਦੂਜੀ ਵਾਰ ੧੯੪੧ ਈਸਵੀ ਦੇ ਜੂਨ ਮਹੀਨੇ ਫੇਰ ਦਫ਼ਤਰੀ ਵਾਲੇ ਗਏ ਤਿੰਨ ਦੀਵਾਨ ਤੇ ਇੱਕ ਅਖੰਡ ਪਾਠ ਕੀਤਾ।

੧੯੪੪ ਦੀ ਅਪਰੈਲ ਵਿੱਚ ੧੪ ਦਿਨ ਠਹਿਰੇ। ਇਸ ਸਮੇਂ ਦੋ ਅੰਖਡਪਾਠ ਵੀ ਕੀਤੇ। ਰੋਜ਼ ਸ਼ਾਮ ਨੂੰ ਕੀਰਤਨ

ਹੁੰਦਾ ਸੀ।

੧੯੪੪ ਈ. ਦੇ ਦਸੰਬਰ ਮਹੀਨੇ ਫੇਰ ਚਰਨ ਪਾਏ। ਤਿੰਨ ਦੀਵਾਨ ਤੇ ਇੱਕ ਅਖੰਡ ਪਾਠ ਕੀਤਾ।

ਸੰਤ ਕ੍ਰਿਪਾਲ ਸਿੰਘ ਜੀ ਛੰਨਾਂ ਵਾਲੇ

ਇਸੇ ਤਰ੍ਹਾਂ ਜਦੋਂ ੩੦ ਅਪਰੈਲ ੧੯੪੧ ਈ. ਮੁਤਾਬਿਕ ੧੭ ਵੈਸਾਖ ੧੯੯੮ ਬਿਕ੍ਰਮੀ ਨੂੰ ਛੰਨਾਂ ਵਾਲੇ ਸੰਤ ਕ੍ਰਿਪਾਲ ਸਿੰਘ ਜੀ ਸੰਸਾਰਕ ਯਾਤਰਾ ਨੂੰ ਸਮਾਪਤ ਕਰ ਕੇ ਗੁਰ ਚਰਨਾਂ ਵਿੱਚ ਜਾ ਬਿਰਾਜੇ ਤਾਂ ਆਪ ਜੀ ਪਾਸ ਸੰਗਤ ਨੇ ਉਚੇਚਾ ਬੰਦਾ ਭੇਜਿਆ। ਇਸ ਨੇ ਆ ਕੇ ਅਰਜ਼ ਕੀਤੀ, "ਮਹਾਰਾਜ! ਮਹਾਂਪੁਰਸ਼ ਜੋਤੀ ਜੋਤ ਸਮਾਉਣ ਤੋਂ ਕੁਛ ਦਿਨ ਪਹਿਲਾਂ ਸੰਗਤ ਨੂੰ ਆਖ ਗਏ ਸਨ, ਪ੍ਰੇਮੀਓ! ਹੁਣ ਸਾਡਾ ਇਹ ਪੰਜ ਭੌਤਕ ਸਰੀਰ ਅਲੋਪ ਹੋ ਜਾਣਾ ਹੈ। ਪਰ ਤੁਸੀਂ ਅਸਥਾਨ ਦੀ ਸੇਵਾ ਸੰਭਾਲ ਦੀ ਡਿਊਟੀ ਸੌਂਪਣ ਵਾਸਤੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੂੰ ਬੇਨਤੀ ਕਰਨੀ। ਉਨ੍ਹਾਂ ਦੀ ਕੀਤੀ ਚੋਣ ਵਧੇਰੇ ਠੀਕ ਰਹੇਗੀ। ਜਿਸ ਨੂੰ ਉਹ ਯੋਗ ਸਮਝਣਗੇ, ਸੇਵਾ ਸੌਂਪ ਦੇਣਗੇ। ਸੋ ਆਪ ਸੰਤਾਂ ਦੇ ਦੁਸਹਿਰੇ ਤੇ ਪੁੱਜ ਕੇ ਸੰਗਤ ਨੂੰ ਦਰਸ਼ਨ ਬਖ਼ਸ਼ੋ।" ਆਪ ਜੀ ਨੇ ਸਿੱਖ ਕੌਮ ਨੂੰ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਮਹਿਸੂਸ ਕਰ ਕੇ ਰੱਬੀ ਭਾਣੇ ਨੂੰ ਅਮਿੱਟ ਜਾਣ ਕੇ ਪਿਆਰੇ ਦੀ ਯਾਦ ਵਿੱਚ ਇੱਕ ਦੋ ਵੈਰਾਗ ਦੇ ਹੰਝੂ ਗੇਰੇ ਅਤੇ ਬੇਨਤੀ ਪ੍ਰਵਾਨ ਕਰ ਲਈ। ਪਹਿਲੀ ਢੱਕੀ ਇਨ੍ਹਾਂ ਸੰਤਾਂ ਦੇ ਪਿਤਾ ਬਾਬਾ ਸ਼ਾਮ ਸਿੰਘ ਜੀ ਵੀ ਆਏ ਸਨ। ਉਹ ਵੀ ਪੂਰਨ ਸਿੱਧ ਪੁਰਸ਼ ਸਨ, ਜਿਨ੍ਹਾਂ ਦੇ ਘਰ ਇਸ ਸੂਰਬੀਰ ਸਾਧੂ ਨੇ ਜਨਮ ਲੈ ਕੇ ਬੇਅੰਤ ਗੁਰ ਅਸਥਾਨਾਂ ਦੀ ਸੇਵਾ ਕਰਵਾਈ। ਇੱਕ ਦਿਨ ਪਹਿਲਾਂ ਸੰਤਾਂ ਵਾਲੀ ਗੱਡੀ ਲੈ ਆਏ। ਆਪ ਜੀ ਜਥੇ ਸਮੇਤ ਛੰਨਾਂ ਪੁੱਜੇ, ਜਿੱਥੇ ਸੰਤ ਮਨੀ ਸਿੰਘ ਜੀ ਦਿਆਲ ਪੁਰਾ, ਸੰਤ ਅਜੈਬ ਸਿੰਘ ਜੀ, ਸੰਤ ਗਿ: ਗੁਰਦਿਆਲ ਸਿੰਘ ਜੀ, ਸੰਤ ਸ਼ਮਸ਼ੇਰ ਸਿੰਘ ਜੀ ਗੁੜਿਆਂ ਵਾਲੇ ਏਸ ਇਲਾਕੇ ਅਤੇ ਬੀਕਾਨੇਰ 'ਚੋਂ ਸੰਤਾਂ ਤੋਂ ਵਰੋਸਾਏ ਉਨ੍ਹਾਂ ਦੇ ਸ਼ਰਧਾਲੂ ਅਤੇ ਹੋਰ ਨਾਮਵਰ ਹਸਤੀਆਂ ਪੁੱਜੀਆਂ ਸਨ। ਪਰਸਪਰ ਨਮਸ਼ਕਾਰ ਕਰ ਕੇ ਸਭਨਾਂ ਨੇ ਆਪ ਜੀ ਦਾ ਸਤਿਕਾਰ ਕੀਤਾ। ਯਥਾ ਯੋਗ ਥਾਂ ਤੇ ਰਿਹਾਇਸ਼ ਕਰਵਾਈ। ਰਾਤ ਨੂੰ ਦੀਵਾਨ ਸਜਿਆ। ਦੂਸਰੇ ਦਿਨ ਅਖੰਡ ਪਾਠ ਦੇ ਭੋਗ ਸਮੇਂ ਵੀ ਆਪ ਜੀ ਨੇ ਖੁੱਲ੍ਹੇ ਪੰਡਾਲ ਵਿੱਚ ਕੀਰਤਨ ਕੀਤਾ। ਉਪਰੰਤ ਸਾਰੀ ਸੰਗਤ ਦੇ ਸਲਾਹ ਮਸ਼ਵਰੇ ਨਾਲ ਉਸ ਜਗ੍ਹਾ ਦੀ ਸੇਵਾ ਸੰਭਾਲ ਦੀ ਡਿਊਟੀ ਦਰੇੜਾ ਭੈਣੀ ਪਿੰਡ ਦੇ ਸੰਤ ਰਣਜੋਧ ਸਿੰਘ ਜੀ ਨੂੰ ਸੌਂਪੀ ਗਈ, ਜਿਹੜੇ ਕਿ ਕਾਫ਼ੀ ਸਮਾਂ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਸੇਵਾ ਕਰਦਿਆ ਬਤੀਤ ਕਰ ਕੇ ਸੰਤਾਂ ਦੀ ਪੂਰਨ ਪ੍ਰਸੰਨਤਾ ਦੇ ਪਾਤਰ ਬਣੇ ਸਨ। ਇਨ੍ਹਾਂ ਨੇ ਵੀ ਮਹਾਂਪੁਰਸ਼ਾਂ ਦੇ ਬਚਨਾਂ ਤੇ ਫ਼ੁੱਲ ਚਾੜ੍ਹਦਿਆਂ ਅਸਥਾਨ ਦਾ ਬੜਾ ਸੋਹਣਾ ਕੰਮ ਚਲਾਇਆ।

ਉਹਨਾ ਤੋਂ ਬਾਅਦ ਉਸ ਅਸਥਾਨ ਦੀ ਸੇਵਾ ਭਾਈ ਜਵਾਹਰ ਸਿੰਘ ਜੀ ਨੇ ਕਰਵਾਈ।

ਉਦਾਰਤਾ

ਉਦਾਰਤਾ ਇੱਕ ਰੱਬੀ ਗੁਣ ਹੈ ਜੋ ਹਰ ਇੱਕ ਮਨੁੱਖ ਵਿੱਚ ਨਹੀਂ ਹੋ ਸਕਦਾ। ਕੇਵਲ ਰੱਬੀ ਪਿਆਰਿਆਂ ਵਿੱਚ ਹੋਣਾ ਹੀ ਸੰਭਵ ਹੋ ਸਕਦਾ ਹੈ। ਅਨਗਿਣਤ ਤਿਆਗੀਆਂ ਵਿੱਚ ਵੀ ਇਸ ਦੀ ਅਨਹੋਂਦ ਵੇਖੀ ਗਈ ਹੈ।

ਤੰਗ ਹਿਰਦੇ ਨੂੰ ਆਖਦੇ ਲੋਕ ਕੁੜ੍ਹੀਅਲ, ਉਪਮਾ ਕਰਨ ਜਿਸਦਾ ਦਿਲ ਦਰਿਆ ਹੋਵੇ।
ਸਾੜਾ, ਨਿੰਦਿਆ, ਸੁਮਤਾ, ਹਸਦ, ਗਪਾਂ, ਆਦਿਕ ਰਹਿਤ ਨਿਰਮਲ ਦਿਲ ਸਫਾ ਹੋਵੇ।
ਉਪਮਾ ਆਪਣੀ ਓਪਰੀ ਨਿੰਦਿਆ ਨੂੰ, ਸੁਣੇ ਨਾਹੀ ਐਸਾ ਬੇ ਪ੍ਰਵਾਹ ਹੋਵੇ।
ਨੇਕੀ ਭਲੇ ਉਪਕਾਰਾਂ ਨੂੰ ਨਹੀਂ ਛੱਡੇ, ਭਾਵੇਂ ਨਿੰਦਿਆ ਭਾਵੇਂ ਵਾਹ ਵਾਹ ਹੋਵੇ।
ਤੂੰ ਵੀ ਮੰਗ ਰਬਾ! ਦਿਲ ਦਰਿਆ ਦੇਵੀਂ, ਮੈਂ ਨਾ ਸੂਮ ਸੜੀਅਲ ਦਿਲ ਦਾ ਤੰਗ ਹੋਵਾਂ।
ਵਧਦਾ ਦੇਖ ਕੇ ਕਿਸੇ ਨੂੰ ਸੜਾਂ ਨਾਹੀਂ, ਦੁਖੀ ਦੇਖ ਹਰਦਮ ਉਸ ਦੇ ਸੰਗ ਹੋਵਾਂ।

ਉਦਾਰਤਾ ਦੇ ਪੱਖ ਤੋਂ ਸੰਤ ਜੀ ਮਹਾਰਾਜ ਨੂੰ ਤੱਕਿਆਂ ਇੱਕ ਸਾਧਾਰਨ ਮਨੁੱਖ ਦੀ ਬੁੱਧੀ ਚਕ੍ਰਿਤ ਹੋ ਜਾਂਦੀ ਹੈ। ਆਪ ਜੀ ਦੇ ਪਾਵਨ ਹੱਥਾਂ ਦੀਆਂ ਤਲੀਆਂ ਦੀ ਉਚਾਈ ਸ਼ੁਰੂ ਤੋਂ ਹੀ ਉਦਾਰਤਾ ਦੇ ਮਾਲਕ ਹੋਣ ਦਾ ਸੂਚਕ ਹੈ। ਪਿੰਡ ਰਹਿੰਦਿਆਂ ਘਰ ਕੋਈ ਚੀਜ਼ ਹੱਥ ਲੱਗ ਜਾਣੀ ਬਾਹਰ ਜਾ ਕੇ ਲੋੜਵੰਦ ਗ਼ਰੀਬਾਂ ਨੂੰ ਦੇ ਆਉਣੀ। ਜੇ ਕੋਈ ਛਕਣ ਵਾਸਤੇ ਪਦਾਰਥ ਮਿਲਦਾ, ਉਹ ਵੀ ਇਕੱਲੇ ਨਹੀਂ ਸੀ ਛਕਦੇ। ਪਹਿਲਾਂ ਨਾਲ ਦੇ ਬੱਚਿਆਂ ਨੂੰ ਵਰਤਾ ਕੇ ਫੇਰ ਬਾਅਦ ਵਿੱਚ ਆਪ ਲੈਂਦੇ। ਸਕੂਲ ਦੀ ਪੜ੍ਹਾਈ ਸਮੇਂ ਵੀ ਏਹੋ ਚਾਲੀ ਰਹੀ। ਭਾਵੇਂ ਭਾਅ ਸਸਤੇ ਸਨ ਫੇਰ ਵੀ ਮਹੀਨੇ ਦਾ ਖ਼ਰਚਾ ਆਪਣੇ ਖੁੱਲ੍ਹੇ ਖ਼ਰਚ ਤੋਂ ਕਾਫ਼ੀ ਵਧੀਕ ਘਰੋਂ ਆਉਂਦਾ। ਜਿੱਥੇ ਸਕੂਲ ਦੇ ਹਮਜਮਾਤੀ ਦੁਕਾਨ ਤੋਂ ਜਲ ਪਾਣੀ ਛਕਣ ਇਕੱਠੇ ਬੈਠਦੇ ਤਾਂ ਸਭਨਾਂ ਦਾ ਬਿਲ ਆਪ ਹੀ ਤਾਰਦੇ।

ਜਦੋਂ ਰੇਰੂ ਸਾਹਿਬ ਆ ਗਏ, ਏਥੇ ਵੀ ਨਵਿਰਤੀ ਦੀ ਹਾਲਤ ਵਿੱਚ ਉਦਾਰਤਾ ਦਾ ਸਾਥ ਨਹੀਂ ਛੱਡਿਆ। ਜੇ ਕਿਸੇ ਸਾਧੂ ਬਿਹੰਗਮ ਨੇ ਸਵਾਲ ਕਰਨਾ, ਤਾਂ ਵੱਡੇ ਸੰਤਾਂ ਦੇ ਬਿਨਾਂ ਪੁੱਛਿਆਂ ਆਪਣੇ ਉੱਪਰ ਲਈ ਖੱਦਰ ਦੀ ਚਾਦਰ ਜਾਂ ਚਰਨਾਂ ਦੀ ਜੁੱਤੀ ਲਾਹ ਕੇ ਦੇ ਦੇਣੀ, ਪਰ ਸੰਤਾਂ ਨੂੰ ਨਾ ਦੱਸਣਾ। ਨਾ ਹੀ ਆਪਣੇ ਵਾਸਤੇ ਮੰਗਣੀ। ਹੋਰ ਸੇਵਾਦਾਰਾਂ ਤੋਂ ਪਤਾ ਲੱਗਿਆਂ ਆਪਣੇ ਆਪ ਹੀ ਏਹਨਾਂ ਨੂੰ ਦੇ ਦੇਣੀ ਅਤੇ ਨਾਲ ਇਹ ਵੀ ਆਖਣਾ, "ਕਾਕਾ! ਇਹ ਸਾਧਨ ਕਾਲ ਹੈ। ਸੰਭਲ ਸੰਭਲ ਕੇ ਚਲੋ। ਬਖ਼ਸ਼ਿਸ਼ ਕਰਨ ਲਈ ਬਥੇਰਾ ਸਮਾਂ ਪਿਆ ਹੈ। ਤੁਸੀਂ ਤਾਂ ਸਾਰੀ ਜ਼ਿੰਦਗ਼ੀ ਬਹੁਤ ਸਾਰਾ ਦਾਨ ਕਰਦੇ ਰਹਿਣਾ ਹੈ। ਵਿਦਿਆਂ ਦਾ ਦਾਨ, ਬ੍ਰਹਮਗਿਆਨ ਦਾ ਦਾਨ, ਗੁਣੀਆਂ ਦੇ ਕਦਰ ਸਨਾਸ਼, ਅੰਨ ਦਾਨ, ਬਸਤ੍ਰ ਦਾਨ, ਪੁਤਰਾਂ ਦਾ ਦਾਨ, ਮੰਦਰ ਮਕਾਨਾਂ ਦਾ ਦਾਨ, ਗ਼ਰੀਬਾਂ ਦੀ ਲੜਕੀ ਵਿਆਹੁਣ ਵਾਸਤੇ ਕੰਨਿਆਂ ਦਾਨ, ਸਕੂਲਾਂ, ਕਾਲਜਾਂ, ਸੜਕਾਂ, ਧਾਰਮਿਕ ਪੁਸਤਕਾਂ ਦੇ ਛਪਵਾਉਣ ਵਾਸਤੇ ਮਾਇਆ ਦਾ ਦਾਨ ਕਰਦੇ ਹੀ ਰਹਿਣਾ ਹੈ।" ਆਪ ਜੀ ਸੁਣ ਕੇ ਚੁੱਪ ਕਰ ਜਾਂਦੇ। ਉਹ ਵਾਰਤਾ ਪ੍ਰਤੱਖ ਦੇਖਣ ਵਿੱਚ ਆਈ ਜਦੋਂ ਕਿ ਆਪ ਜੀ ੧੯੪੦ ਈ. ਦੇ ਚੇਤਰ ਮਹੀਨੇ ਕਲ੍ਹਾੜ ਪਿੰਡ ਅਖੰਡ ਪਾਠ ਸਮੇਂ ਦੀਵਾਨ ਕਰ ਰਹੇ ਸਨ ਤਾਂ ਇੱਕ ਭੇਖੀ ਸਾਧੂ ਜੋ ਕਈ ਦਿਨਾਂ ਤੋਂ ਆਪ ਜੀ ਦੇ ਨਾਲ ਰਹਿ ਕਿੰਗ ਨਾਲ ਖੜੋ ਕੇ ਕੀਰਤਨ ਕਰਦਾ ਸੀ, ਲਿਬਾਸ ਸਾਧੂਆਂ ਵਾਲਾ ਪਰ ਸੀ ਨਿਰਾ ਬਗਲਾ ਭਗਤ।

ਉੱਜਲ ਪੰਖ ਅਧੀਨ ਮਤ, ਇੱਕ ਚਰਨ ਦੁਇ ਧਿਆਨ।

ਦਾਦੂ ਮੈ ਜਾਨਿਆਂ ਬਗਲਾ ਭਗਤ, (ਪਰ) ਨਿਰੀ ਕਪਟ ਕੀ ਖਾਨ।

ਇਕ ਦਿਨ ਹਜ਼ੂਰ ਦੇ ਪਾਸ ਬੜੀ ਕੀਮਤੀ ਜੇਬ ਵਾਲੀ ਘੜੀ ਵੇਖ ਕੇ ਉਸ ਉੱਪਰ ਇਸ ਦਾ ਮਨ ਲੁਭਾਇਮਾਨ ਹੋ ਗਿਆ। ਸੋਚਿਆ ਇਨ੍ਹਾਂ ਪਾਸੋਂ ਕਿਵੇਂ ਪ੍ਰਾਪਤ ਹੋਵੇ। ਅਖ਼ੀਰ ਨੂੰ ਦੀਵਾਨ ਵਿੱਚ ਖੜੋ ਕੇ ਕੀਰਤਨ ਕਰਦੇ ਨੇ ਤਰੀਕੇ ਨਾਲ ਮੰਗ ਹੀ ਲਈ।

ਮੂੰਹੋਂ ਹੋਰ ਤੇ ਅੰਦਰੋਂ ਹੋਰ ਜੇੜੇ, ਉਹਨੂੰ ਲਾਹਨਤਾਂ ਦੇ ਦੁਰ ਦੁਰ ਲੋਕ ਕਰਦੇ।

ਹਿਰਦੇ ਹੋਰ ਹੁੰਦਾ ਮੂੰਹੋਂ ਹੋਰ ਬਕਦੇ, ਕਰਦੇ ਖੋਟ ਫਿਰ ਅੰਤ ਨੂੰ ਸ਼ੋਕ ਕਰਦੇ।

ਐਪਰ ਸਾਫ਼ ਦਿਲ ਸਦਾ ਹੀ ਸਾਫ਼ ਆਖਣ, ਸਚੀ ਆਖਣੋ ਕਦੇ ਨਾ ਟੋਕ ਕਰਦੇ।

ਸਿਰ ਤੋਂ ਚਰਨ ਤੱਕ ਸਾਫ਼ ਦਿਲ ਸਾਫ਼ ਹੁੰਦੇ, ਰੱਬ ਪ੍ਰਸੰਨ ਹੁੰਦਾ ਸੋਭਾ ਲੋਕ ਕਰਦੇ।

ਇਕ ਸ਼ਬਦ ਪੜ੍ਹ ਕੇ ਕਿੰਗ ਬੰਦ ਕਰ ਕੇ ਹੱਸਣ ਲੱਗ ਪਿਆ। ਸਰੋਤੇ ਉਹਦੇ ਮੂੰਹ ਵੱਲ ਤੱਕਣ ਲੱਗੇ। ਉਹ ਹੱਸਣੋਂ ਨਾ ਹਟੇ। ਤਕਰੀਬਨ ਪੰਜ ਮਿੰਟ ਹੱਸੀ ਹੀ ਗਿਆ। ਜਦੋਂ ਸੰਤ ਜੀ ਮਹਾਰਾਜ ਨੇ ਉਸ ਵੱਲ ਤੱਕਿਆ ਤਾਂ ਇੱਕ ਦਮ ਹਾਸਾ ਰੁਕ ਗਿਆ ਅਤੇ ਕਹਿਣ ਲੱਗਾ ਮੈਂ ਬਹੁਤ ਦੂਰੋਂ ਆਇਆ ਹਾਂ ਅਤੇ ਆਇਆ ਸਾਂ ਬਹੁਤ ਵੱਡੀ ਚੀਜ਼ ਲੈਣ ਜੋ ਕਿ ਏਹੋ ਜਿਹੇ ਸਾਧੂਆਂ ਪਾਸੋਂ ਹੀ ਮਿਲਦੀ ਹੈ। ਮੇਰਾ ਖ਼ਿਆਲ ਸੀ ਇਨ੍ਹਾਂ ਤੋਂ ਜਨਮ ਮਰਨ ਕਟਵਾ ਲਵਾਂ ਪਰ ਏਹੋ ਜਿਹੀ ਚੀਜ਼ ਇਹ ਕਾਹਨੂੰ ਕਿਸੇ ਨੂੰ ਦੇਂਦੇ ਹਨ? ਹੁਣ ਏਥੇ ਆਏ ਤੋਂ ਮੇਰਾ ਮਨ ਪ੍ਰੇਰ ਦਿੱਤਾ ਕਿ ਤੂੰ ਆਹ ਘੜੀ ਲੈ ਲੈ। ਮੁਕਤੀ ਕੀ ਕਰਨੀ ਹੈ? ਪਰ ਸੰਗਤ ਜੀ! ਤੁਸੀਂ ਹੀ ਦੱਸੋ ਮੈਂ ਪੱਥਰ ਕੀ ਕਰਨਾ ਹੈ? ਮੇਰੇ ਇਹ ਕਿਸ ਕੰਮ ਹੈ? ਮੈਂ ਤਾਂ ਮੁਕਤੀ ਚਾਹੁੰਦਾ ਹਾਂ। ਮੁਕਤੀ ਵਾਸਤੇ ਆਇਆ ਸਾਂ, ਪਰ ਇਹ ਅੰਦਰੋਂ ਮੈਨੂੰ ਪ੍ਰੇਰਦੇ ਹਨ ਕਿ ਤੂੰ ਘੜੀ ਲੈ ਲੈ। ਬੜੇ ਤਾਕਤ ਵਾਲੇ ਵਲੀ ਪੁਰਸ਼ ਹਨ। ਮੁਕਤੀ ਵੱਲ ਤਾਂ ਮੇਰਾ ਮਨ ਆਉਣ ਹੀ ਨਹੀਂ ਦੇਂਦੇ।" ਇਹੋ ਜਿਹੇ ਹੋਰ ਵੀ ਬਹੁਤ ਸਾਰੇ ਬਚਨ ਕੀਤੇ।

ਲੋਭ ਪਾਪ ਦਾ ਮੂਲ ਤੇ ਨਰਕ ਰਸਤਾ, ਜ਼ੁਲਮ ਬੇ ਨਿਆਈਂ ਆਦਿਕ ਯਾਰ ਇਸ ਦੇ।

ਹਿਰਸ ਧੱਕਾ ਕਠੋਰਤਾ ਭੁੱਖ ਮਰਣਾ, ਇਨ੍ਹਾਂ ਨਾਲ ਹਨ ਗੂੜ੍ਹੇ ਪਿਆਰ ਇਸ ਦੇ।

ਪ੍ਰੇਮੀ ਲੋਭ ਦਾ ਲਾਹਨਤਾਂ ਲੱਖ ਸਹਿੰਦਾ, ਅੰਤ ਸਿਰ ਪੈਂਦੀ ਭਰ ਕੇ ਛਾਰ ਇਸ ਦੇ।

ਗਇਆ ਗ਼ੁਜ਼ਰਿਆ ਲੋਕ ਪ੍ਰਲੋਕ ਤੋਂ ਓਹ, ਜਿਸ ਨੇ ਪਾਇਆ ਨਾਲ ਪਿਆਰ ਇਸ ਦੇ।

ਡਰੋ ਏਸ ਗ਼ੁਨਾਹ ਦੇ ਬਾਪ ਕੋਲੋਂ, ਦੂਰੋਂ ਦੂਰੋਂ ਹੀ ਕਰੋ ਸਲਾਮ ਸੌ ਸੌ।

ਇਸ ਦੇ ਪ੍ਰੇਮ ਦੇ ਵਿੱਚ ਨਾ ਮੂਲ ਫਸਣਾ, ਅੱਗੇ ਆਣ ਲਾਵੇ ਭਾਵੇਂ ਡਾਮ ਸੌ ਸੌ।

ਸੋਚੋ ਕਿੰਨੀ ਬਦਨਾਮੀਆਂ ਖੱਟ ਕੇ ਗਏ, ਜੋੜ ਜੋੜ ਮੋਏ ਜਿਹੜੇ ਦਾਮ ਸੌ ਸੌ।

ਲੋਭ ਮਾਰ ਜਿਸ ਨੇ ਜੀਵਨ ਸੁਖੀ ਕੀਤਾ, ਚਰਨ ਚੁੰਮ ਉਸ ਦੇ ਸੁਬਹ ਸ਼ਾਮ ਸੌ ਸੌ।

ਸੰਤ ਜੀ ਮਹਾਰਾਜ ਇਸ ਦੀ ਚਲਾਕੀ ਦੇਖ ਕੇ ਹੱਸ ਪਏ ਅਤੇ ਪਾਸ ਬੈਠੇ ਸੇਵਾਦਾਰ ਨੂੰ ਆਖਿਆ, "ਇਹ ਤਰੀਕੇ ਨਾਲ ਸਾਥੋਂ ਘੜੀ ਮੰਗਦਾ ਹੈ। ਇਸ ਨੂੰ ਫੜਾ ਦੇਹ।" ਸੇਵਾਦਾਰ ਨੇ ਸੋਚਿਆ ਛੇ ਸੱਤ ਸੌ ਰੁਪਏ ਦੀ ਅਮਰੀਕਨ ਘੜੀ ਹੈ। ਏਸ ਕੰਗਲੇ ਨੂੰ ਕਾਹਨੂੰ ਦੇਣੀ ਏ ਡੇਰੇ ਚੱਲ ਕੇ ਕੋਈ ਰੱਦੀ ਜਿਹੀ ਹੋਰ ਦੇ ਦੇਵਾਂਗੇ। ਅਰਜ਼ ਕੀਤੀ, "ਮਹਾਰਾਜ! ਡੇਰੇ ਚੱਲ ਕੇ ਦੇ ਦੇਵਾਂਗੇ। ਸੰਤ ਜੀ ਮਹਾਰਾਜ ਸਮਝ ਗਏ ਕਿ ਇਸ ਨੇ ਰੱਦੀ ਤੇ ਸਸਤੀ ਇਹਦੇ ਮੱਥੇ ਮਾਰਨੀ ਹੈ। ਕਹਿਣ

ਲੱਗੇ, "ਏਸ ਨੇ ਏਹੀ ਮੰਗੀ ਹੈ, ਲੈਣੀ ਵੀ ਏਹੋ ਹੈ। ਹੁਣੇ ਹੀ ਦੇ ਦੇਹ।" ਸੇਵਾਦਾਰ ਨੇ ਚੁੱਕ ਕੇ ਫੜਾ ਦਿੱਤੀ। ਉਸ ਭੇਖੀ ਸੰਤ ਨੇ ਨਾਂਹ ਨਾਂਹ ਕਰਦਿਆਂ ਫੜ ਕੇ ਜੇਬ ਵਿੱਚ ਪਾ ਲਈ ਅਤੇ ਮਰਦਾਨੇ ਕਿਆਂ ਵਾਂਗ ਕਲਿਆਣਾ ਕਰਦਾ ਹੋਇਆ ਬੈਠ ਗਿਆ ਪਰ ਸੰਤ ਜੀ ਮਹਾਰਾਜ ਦੇ ਕੀਰਤਨ ਕਰਦਿਆਂ ਹੀ ਖਿਸਕ ਗਿਆ ਕਿ ਬਾਅਦ ਵਿੱਚ ਕੋਈ ਸੇਵਾਦਾਰ ਖੋਹ ਹੀ ਨਾ ਲਵੇ। ਦੀਵਾਨ ਦੀ ਸਮਾਪਤੀ ਉਪਰੰਤ ਉਸ ਨੂੰ ਸਿੰਘ ਲੱਭਦੇ ਭੀ ਰਹੇ ਕਿ ਇਸ ਨੂੰ ਪੈਸੇ ਦੇ ਕੇ ਮੁੱਲ ਲੈ ਲਵਾਂਗੇ ਪਰ ਫੇਰ ਨਹੀਂ ਮਿਲਿਆ ਅਤੇ ਨਾ ਬਾਅਦ ਵਿੱਚ ਡੇਰੇ ਹੀ ਆਇਆ।

ਸੰਤ ਜੀ ਮਹਾਰਾਜ ਦੀ ਕੁੱਪ ਨਗਰ ਤੇ ਕ੍ਰਿਪਾ।

ਛੋਟੇ ਕੁੱਪ ਨਗਰ ਵਿੱਚ ਸੰਤ ਜੀ ਮਹਾਰਾਜ ਦੇ ਬਹੁਤ ਵਾਰ ਚਰਨ ਪਏ, ਕਈ ਪ੍ਰੇਮੀਆਂ ਦੇ ਘਰੀ ਅਖੰਡ ਪਾਠ ਵੀ ਕੀਤੇ। ਜਦੋਂ ੧੯੪੫ ਈ. ਦੇ ਮਾਰਚ ਮਹੀਨੇ ਨਗਰ ਦੀ ਪੰਚਾਇਤ ਨੇ ਕਰਮਸਰ ਪੁੱਜ ਕੇ ਹਜ਼ੂਰ ਦੇ ਚਰਨਾਂ 'ਚ ਹਾਜ਼ਰ ਹੋ ਕੇ ਸਮਾਂ ਮੰਗਿਆ ਕਿ ਮਹਾਰਾਜ! ਐਤਕੀਂ ਸਾਰੇ ਪਿੰਡ ਨੇ ਇਕੱਠਿਆਂ ਹੋ ਕੇ ਸਾਂਝੀ ਥਾਂ ਵਿੱਚ ਅਖੰਡ ਪਾਠ ਕਰਵਾਉਣਾ ਹੈ। ਆਪ ਕ੍ਰਿਪਾ ਕਰ ਕੇ ਸਾਡੀ ਭਾਵਨਾ ਪੂਰੀ ਕਰੋ। ਸੰਤ ਜੀ ਮਹਾਰਾਜ ਨੇ ਇਨ੍ਹਾਂ ਦੀ ਬੇਨਤੀ ਸੁਣ ਕੇ ਸਮਾਂ ਬਖ਼ਸ਼ ਦਿੱਤਾ। ਰਾਗੀ ਜਥਾ ਤੇ ਪਾਠੀ ਸਿੰਘ ਭੇਜ ਦਿੱਤੇ। ਪਿੰਡ ਦੀ ਧਰਮਸਾਲਾ ਵਿੱਚ ਅਖੰਡ ਪਾਠ ਪ੍ਰਾਰੰਭ ਹੋ ਗਿਆ। ਹਜ਼ੂਰ ਨੇ ਵੀ ਆਪਣੇ ਪਵਿਤ੍ਰ ਚਰਨ ਪਾਏ। ਸੁਬ੍ਹਾ ਤੇ ਸ਼ਾਮ ਦੋ ਦਿਨ ਦੀਵਾਨ ਵੀ ਸਜਦੇ ਰਹੇ। ਤੀਸਰੇ ਦਿਨ ਅੰਮ੍ਰਿਤ ਵੇਲੇ ਨਗਰ ਦੇ ਮੁਖੀ ਸੱਜਣਾਂ ਨੇ ਫੇਰ ਰਿਹਾਇਸ਼ੀ ਥਾਂ ਤੇ ਚਰਨਾਂ ਵਿੱਚ ਹਾਜ਼ਰ ਹੋ ਕੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਏਸ ਨਗਰ ਵਿੱਚ ਕਮਾਦ ਨਹੀਂ ਹੁੰਦਾ। ਜੇ ਕੋਈ ਬੀਜਦਾ ਵੀ ਹੈ ਤਾਂ ਉਸ ਦਾ ਖੜਾ ਹੀ ਸੁੱਕ ਜਾਂਦਾ ਹੈ, ਜਾਂ ਕੋਈ ਹੋਰ ਬੀਮਾਰੀ ਲੱਗ ਜਾਂਦੀ ਹੈ। ਇੱਕ ਦੋ ਘਰਾਂ ਨੇ ਯਤਨ ਕਰ ਕੇ ਪਾਲ ਤਾਂ ਲਿਆ ਪਰ ਪੀੜਨ ਸਮੇਂ ਉਸ ਦਾ ਮਿਠਾ ਨਾ ਬਣੇ। ਲਾਟ ਜੇਹੀ ਹੋ ਕੇ ਤਵੀ ਵਿੱਚ ਹੀ ਸੜ ਕੇ ਸੁੱਕ ਜਾਂਦੀ। ਘਰ ਦੇ ਮਿੱਠੇ ਤੋਂ ਬਿਨਾਂ ਸਾਰਾ ਪਿੰਡ ਦੁਖੀ ਹੈ ਹੁਣ ਆਪ ਸਾਡੇ ਤੇ ਕ੍ਰਿਪਾ ਕਰੋ।" ਸੰਤ ਜੀ ਮਹਾਰਾਜ ਬੋਲੇ, "ਕਿਉਂ ਨਹੀਂ ਹੁੰਦਾ?" ਪਹਿਲਾਂ ਤਾਂ ਇਹ ਦੱਸਣ ਹੀ ਨਾ ਪਰ ਫੇਰ ਇੱਕ ਦੋ ਸੱਜਣਾਂ ਨੇ ਅਰਜ਼ ਕੀਤੀ, "ਮਹਾਰਾਜ! ਆਪ ਖੁਦ ਜਾਣੀ ਜਾਣ ਹੋ। ਜੇਕਰ ਏਥੇ ਆ ਕੇ ਵੀ ਛੁਪਾ ਰੱਖੀਏ ਫੇਰ ਹੋਰ ਬਖ਼ਸ਼ਾਉਣ ਵਾਲੀ ਕੇਹੜੀ ਥਾਂ ਹੈ?" ਚੋਜੀ ਪ੍ਰੀਤਮ ਕਹਿਣ ਲੱਗੇ, "ਦੱਸੋ ਤਾਂ ਸਹੀ, ਅਸਲ ਮਾਮਲਾ ਕੀ ਹੈ?" ਉਸ ਸਮੇਂ ਇਨ੍ਹਾਂ ਵਿੱਚੋਂ ਇੱਕ ਗੁਰਮੁਖ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਬਹੁਤ ਸਾਰਾ ਸਮਾਂ ਹੋ ਗਿਆ ਆਪਣੀ ਮੌਜ ਵਿੱਚ ਏਥੋਂ ਦੀ ਕੋਈ ਰਮਤਾ ਸਾਧੂ ਜਾ ਰਿਹਾ ਸੀ। ਰਸਤੇ ਉੱਪਰ ਕਿਸੇ ਪ੍ਰੇਮੀ ਦਾ ਖੇਤ ਸੀ, ਜਿਸ ਵਿੱਚ ਕਮਾਦ ਬੀਜਿਆ ਹੋਇਆ ਸੀ। ਉਸ ਸਾਧੂ ਨੇ ਇੱਕ ਗੰਨਾ ਪੁੱਟ ਲਿਆ। ਇਤਨੇ ਨੂੰ ਜ਼ਿੰਮੀਦਾਰ ਦਾ ਇੱਕ ਅੜਬੰਗ ਜੇਹਾ ਨੌਜਵਾਨ ਮੁੰਡਾ ਆ ਗਿਆ। ਉਸ ਨੇ ਸਾਧੂ ਕੋਲੋਂ ਗੰਨਾ ਵੀ ਖੋਹ ਲਿਆ, ਨਾਲੇ ਧੱਕੇ ਵੀ ਮਾਰੇ ਅਤੇ ਪੰਜ ਚਾਰ ਗਾਲ੍ਹਾਂ ਵੀ ਕੱਢੀਆਂ। ਸਾਧ ਕੁਛ ਤਾਮਸੀ ਸੁਭਾਵ ਵਾਲਾ ਸੀ ਉਸ ਨੇ ਸਹਿਜੇ ਹੀ ਬਚਨ ਆਖ ਦਿੱਤਾ, "ਬਈ! ਜੇਕਰ ਕਮਾਦ ਬੀਜਿਆ ਹੋਵੇਗਾ ਤਾਂ ਫੇਰ ਕੋਈ ਰਾਹੀ ਪਾਂਧੀ ਟਾਂਡਾ ਭੰਨ ਹੀ ਲੈਂਦਾ ਹੈ। ਚੰਗਾ! ਅੱਗੇ ਵਾਸਤੇ ਤੁਹਾਡੇ ਪਿੰਡ ਇੱਖ ਹੀ ਨਹੀਂ ਹੋਣਾ ਕਿਉਂਕਿ 'ਨਾ ਹੋਵੇਗਾ ਬਾਂਸ ਨਾ ਬਜੇਗੀ ਵੰਝਲੀ' ਫੇਰ ਕਿਸੇ ਨੇ ਕਾਹਨੂੰ ਗੰਨਾ ਪੁਟਣਾ ਹੈ? ਬੱਸ ਮਹਾਰਾਜ! ਉਸ ਦਿਨ ਤੋਂ ਬਾਅਦ ਏਥੇ ਕਮਾਦ ਨਹੀਂ ਹੁੰਦਾ। ਜਦੋਂ ਇਸ ਗੱਲ ਦਾ ਪਤਾ ਸਾਨੂੰ ਲੱਗਾ, ਅਸੀਂ ਫੇਰ ਉਸ ਸਾਧੂ ਦੀ ਭਾਲ ਵੀ ਬੜੀ ਕੀਤੀ ਕਿ ਉਸ ਤੋਂ ਮਾਫੀ ਮੰਗ ਲਈਏ। ਪਰ ਮਹਾਰਾਜ! ਪਤਾ ਨਹੀਂ ਫੇਰ ਓਹ ਕਿੱਥੇ ਚਲਾ ਗਿਆ ਸਾਨੂੰ ਨਹੀਂ ਲੱਭਿਆ। ਉਸ ਤੋਂ ਬਾਅਦ ਬਥੇਰੇ ਪ੍ਰਾਸ਼ਚਿਤ ਕੀਤੇ, ਦਾਨ ਪੁੰਨ ਵੀ ਕਰਦੇ ਹਾਂ ਪਰ ਕਮਾਨ 'ਚੋਂ ਛੁੱਟੇ ਤੀਰ ਵਾਂਗ ਉਹ ਬਚਨ ਨਹੀਂ ਮੁੜਦਾ। ਆਪ ਬਖ਼ਸ਼ਿਸ਼ ਕਰੋ, ਤੁਹਾਥੋਂ ਬਗ਼ੈਰ ਇਨ੍ਹਾਂ ਬਚਨਾਂ ਨੂੰ ਮੋੜਨ ਵਾਸਤੇ ਹੋਰ ਕੋਈ ਸਮਰੱਥ ਨਹੀਂ।"

ਸੰਤ ਜੀ ਮਹਾਰਾਜ ਕਹਿਣ ਲੱਗੇ, "ਸਾਧੂ ਦਾ ਬਚਨ ਤਾਂ ਅਮੋਘ ਬਾਣ ਹੁੰਦਾ ਹੈ ਜੋ ਕਦੇ ਵੀ ਖ਼ਾਲੀ ਨਹੀਂ ਜਾਂਦਾ। ਤੁਸਾਂ ਉਸ ਨੂੰ ਕਿਉਂ ਨਰਾਜ਼ ਕੀਤਾ?" ਹਜ਼ੂਰ ਦੀ ਰਸਨਾ ਤੋਂ ਇਹ ਬਚਨ ਸੁਣ ਕੇ ਉਨ੍ਹਾਂ ਵਿੱਚੋਂ ਇੱਕ ਚੰਗਾ ਪੜ੍ਹਿਆ ਲਿਖਿਆ ਤੇਜ਼ ਦਿਮਾਗ਼ ਵਾਲਾ ਬੋਲਿਆ, "ਗ਼ਰੀਬ ਨਿਵਾਜ਼! ਗ਼ਲਤੀ ਇੱਕ ਦੀ, ਸਰਾਪ ਸਾਰੇ ਪਿੰਡ ਨੂੰ? ਇਹ ਤਾਂ ਪਿਛਲੇ ਜੁਗਾਂ ਵਿੱਚ ਸੁਣੀਂਦਾ ਸੀ ਕਿ ਇੱਕ ਦੇ ਕੀਤੇ ਨੂੰ ਸਾਰੇ ਭੋਗਦੇ ਸਨ।" ਮੇਹਰਬਾਨ ਕਹਿਣ ਲੱਗੇ, "ਇਸ ਗੱਲ ਦਾ ਤਾਂ ਸਾਨੂੰ ਵੀ ਪਤਾ ਹੈ ਕਿ ਸਤਿਜੁਗ ਦੇ ਸਮੇਂ ਇੱਕ ਦਾ ਕੀਤਾ ਪਾਪਾ ਸਾਰੇ ਦੇਸ਼ ਨੂੰ ਭੋਗਣਾ ਪੈਂਦਾ ਸੀ। ਤ੍ਰੇਤੇ ਵਿੱਚ ਨਗਰੀ ਨੂੰ ਭੋਗਣਾ ਪੈਂਦਾ ਹੈ। ਦੁਆਪਰ ਵਿੱਚ ਉਸ ਦਾ ਫ਼ਲ ਸਾਰੀ ਕੁਲ ਭੋਗਦੀ ਸੀ। ਭਾਈ ਗੁਰਦਾਸ ਜੀ ੨੬ਵੀਂ ਵਾਰ ਵਿੱਚ ਫੁਰਮਾਉਂਦੇ ਹਨ:

ਸਤਿਜੁਗਿ ਪਾਪ ਕਮਾਣਿਆ ਇਕਸ ਪਿਛੈ ਸਭ ਦੇਸੁ ਦੁਖਾਲਾ।
ਤ੍ਰੇਤੈ ਨਗਰੀ ਪੀੜੀਐ ਦੁਆਪੁਰਿ ਪਾਪੁ ਵੰਸੁ ਕੌ ਦਾਲਾ।
ਕਲਿਜੁਗਿ ਬੀਜੈ ਸੋ ਲੁਣੈ ਵਰਤੈ ਧਰਮ ਨਿਆਉ ਸੁਖਾਲਾ।

ਫਲੈ ਕਮਾਣਾ ਤਿਹੁ ਜੁਗੀ ਕਲਿਜੁਗਿ ਸਫਲੁ ਧਰਮੁ ਤਤਕਾਲਾ।
ਪਾਪਾ ਕਮਾਣੈ ਲੇਪੁ ਹੈ ਚਿਤਵੈ ਧਰਮ ਸੁਫਲੁ ਫਲਵਾਲਾ।
ਭਾਇ ਭਗਤਿ ਗੁਰਪੁਰਬ ਕਰਿ ਬੀਜਨਿ ਬੀਜੁ ਸਚੀ ਧਰਮਸਾਲਾ।
ਸਫਲ ਮਨੋਰਥ ਪੂਰਣ ਘਾਲਾ ॥੭॥ (ਭਾਈ ਗੁਰਦਾਸ ਜੀ: ਵਾਰ ੨੬ ਪਉੜੀ ੭)

ਜਿਵੇਂ ਸਤਿਜੁਗ ਦੇ ਸਮੇਂ ਬੇਨੂ ਰਾਜੇ ਨੇ ਸ਼ੁਕਰਾਚਾਰਜ ਦੀ ਲੜਕੀ ਦੇਵਜਾਨੀ ਦੇ ਸੱਤ ਨੂੰ ਭੰਗ ਕੀਤਾ। ਉਸ ਦਾ ਫ਼ਲ ਇਹ ਹੋਇਆ ਕਿ ਦਸ ਹਜ਼ਾਰ ਵਰ੍ਹਾ ਤੱਤੇ ਰੇਤੇ ਦੀ ਵਰਖਾ ਹੁੰਦੀ ਰਹੀ ਸਾਰਾ ਦੇਸ਼ ਭੁੜਥਾ ਹੋ ਗਿਆ। ਤ੍ਰੇਤੇ ਜੁਗ ਵਿੱਚ ਹੰਕਾਰੀ ਰਾਵਨ ਨੇ ਸੀਤਾ ਚੁਰਾਉਣ ਦਾ ਕੁਕਰਮ ਕੀਤਾ। ਹਨੂੰਮਾਨ ਨੇ ਸੋਨੇ ਦੀ ਲੰਕਾ ਸਾੜ ਕੇ ਸਵਾਹ ਕਰ ਦਿੱਤੀ। ਦੁਆਪਰ ਜੁਗ ਵਿੱਚ ਯਾਦਵਾਂ ਦੇ ਲੜਕਿਆਂ ਨਾਲ ਮਿਲ ਕੇ ਕ੍ਰਿਸ਼ਨ ਦੇ ਪੁੱਤਰ ਸਾਂਭ ਨੇ ਦੁਰਬਾਸ਼ੇ ਰਿਸ਼ੀ ਨੂੰ ਮਖੌਲ ਕੀਤਾ। ਉਸ ਦੇ ਸਰਾਪ ਨਾਲ ਸਾਰੀ ਕੁਲ ਦਾ ਨਾਸ ਹੋ ਗਿਆ। ਉਸ ਨੇ ਕਿਹਾ ਗ਼ਰੀਬ ਨਿਵਾਜ਼! ਸਤਿਗੁਰਾਂ ਦਾ ਬਚਨ ਹੈ:

ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੇ ਥਾਇ ॥

(ਆਸਾ ਮਃ ੫ - ੪੦੬)

ਨਾਲੇ ਮਹਾਰਾਜ! ਹੁਣ ਸਰਾਪ ਦੇ ਬਚਨ ਨੂੰ ਸਮਾਂ ਵੀ ਬਹੁਤ ਸਾਰਾ ਹੋ ਗਿਆ ਹੈ ਆਪ ਕ੍ਰਿਪਾ ਕਰ ਕੇ ਮੇਟ ਦੇਵੋ।

ਸੰਤ ਜੀ ਮਹਾਰਾਜ ਬੋਲੇ ਜਿਸ ਨਗਰ ਵਿੱਚੋਂ ਕੋਈ ਪ੍ਰਮੇਸ਼ਰ ਦਾ ਪਿਆਰਾ ਸਾਧੂ ਭੁੱਖਾ ਚਲਾ ਜਾਵੇ ਉਸ ਦਾ ਦੋਸ਼ ਸਾਰੇ ਨਗਰ ਨੂੰ ਲੱਗਦਾ ਹੈ। ਜਿਸ ਜਗ੍ਹਾ ਕਿਸੇ ਸਤਪੁਰਸ਼ ਦਾ ਸਤਿਕਾਰ ਹੋਵੇ ਉਹ ਸਾਰਾ ਹੀ ਨਗਰ ਸੁੱਖ ਪਾਉਂਦਾ ਹੈ। ਉੱਥੇ ਆਉਣ ਵਾਲੇ ਸਾਰੇ ਵਿਘਨ ਟਲ ਜਾਂਦੇ ਹਨ। ਜਿੱਥੇ ਸਾਧੂ ਦਾ ਅਪਮਾਨ ਹੋਵੇ ਉਸ ਦਾ ਫ਼ਲ ਸਾਰੇ ਹੀ ਪਿੰਡ ਨੂੰ ਭੋਗਣਾ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਦੀਦਾਰ ਕਰਨ ਵਾਲੇ ਮਹਾਂਪੁਰਸ਼ ਬਾਬਾ ਬੁੱਢਾ ਜੀ ਦੇ ਬਚਨਾਂ ਨੂੰ ਪੰਚਮ ਪਾਤਿਸ਼ਾਹ ਜੀ ਨੇ ਆਪ ਅੰਗੀਕਾਰ ਕੀਤਾ ਜਦੋਂ ਉਨ੍ਹਾਂ ਨੇ ਮਾਤਾ ਗੰਗਾ ਜੀ ਦੇ ਰਾਜ ਠਾਠ ਨਾਲ ਗਿਆਂ ਆਖਿਆ ਸੀ।

ਰਾਮਦਾਸ ਪੁਰ ਭਾਜੜ ਕਿਨ ਪਾਈ। (ਗੁ. ਪ੍ਰ. ਸੂ.)

ਇਸ ਬਚਨ ਨੂੰ ਸਫ਼ਲਿਆਂ ਕਰਨ ਵਾਸਤੇ ਹਜ਼ੂਰ ਤਿੰਨ ਸਾਲਾਂ ਦਾ ਸਮਾਂ ਗੁਰੂ ਕੀ ਵਡਾਲੀ ਠਹਿਰੇ।

ਛੇਵੇਂ ਪਾਤਸ਼ਾਹ ਜੀ ਦੇ ਮਹਿਲਾਂ ਨੇ ਬੀਬੀ ਵੀਰੋ ਜੀ ਦੇ ਵਿਆਹ ਸਮੇਂ ਸੰਗਤ ਨੂੰ ਮਿਠਾਈ ਨਹੀਂ ਸੀ ਦਿੱਤੀ। ਸਤਿਗੁਰਾਂ ਦਾ ਓਹ ਬਚਨ ਸਫ਼ਲਾ ਹੋਇਆ ਕਿ ਇਸ ਨੂੰ ਤੁਰਕ ਖਾਣਗੇ। ਇਉਂ ਹਜ਼ੂਰ ਦੀ ਪਾਵਨ ਰਸਨਾਂ ਤੋਂ ਹੋਰ ਵੀ ਬਹੁਤ ਸਾਰੇ ਬਚਨਾਂ ਨੂੰ ਪ੍ਰੇਮੀਆਂ ਨੇ ਸਰਵਨ ਕੀਤਾ ਉਪਰੰਤ ਸਾਰੇ ਨਗਰ ਨਿਵਾਸੀਆਂ ਨੇ ਬੜੀ ਨਿੰਮਰਤਾ ਨਾਲ ਘਿਘਿਆ ਕੇ ਬੇਨਤੀ ਕੀਤੀ ਕਿ ਗ਼ਰੀਬ ਨਿਵਾਜ਼! ਸਾਨੂੰ ਬਖ਼ਸ਼ਣ ਵਾਲਾ ਹੋਰ ਕੋਈ ਨਹੀਂ। ਆਪ ਮੇਹਰ ਕਰੋ। ਹਜ਼ੂਰ ਨੇ ਕ੍ਰਿਪਾ ਦੇ ਘਰ ਵਿੱਚ ਆ ਕੇ ਬਚਨ ਕੀਤਾ, "ਪ੍ਰੇਮੀਓ! ਰੱਬੀ ਹੁਕਮ ਤਾਂ ਅਟੱਲ ਹੈ। ਇਸ ਵਿੱਚ ਕਿਸੇ ਦਾ ਕੋਈ ਵੱਸ ਨਹੀਂ ਚੱਲ ਸਕਦਾ। ਪਰ ਹੁਣ ਆਪਾਂ ਸਾਰੇ ਸਤਿਗੁਰਾਂ ਦੇ ਪਾਵਨ ਚਰਨਾਂ ਵਿੱਚ ਅਰਜ਼ਾਂ ਕਰੀਏ ਜੇਕਰ ਉਸ ਨੂੰ ਭਾ ਜਾਵੇ ਤਾਂ ਮਹਾਂਪੁਰਸ਼ ਦੇ ਬਚਨ ਦਾ ਅਸਰ ਕੁਛ ਘਟ ਸਕਦਾ ਹੈ। ਉਂਞ ਅਗਨੀ ਵਿੱਚ ਪਾ ਕੇ ਤਾਇਆ ਲੋਹਾ ਅਗਨੀ ਨਾਲੋਂ ਵਧੇਰੇ ਸਾੜਨ ਦੀ ਤਾਕਤ ਰੱਖਦਾ ਹੈ।" ਇਉਂ ਕ੍ਰਿਪਾ ਨਿਧਾਨ ਨੇ ਅੰਖਡਪਾਠ ਦੇ ਭੋਗ ਉਪਰੰਤ ਅਰਦਾਸੀਏ ਨੂੰ ਆਖ ਕੇ ਸਤਿਗੁਰਾਂ ਦੀ ਹਜ਼ੂਰੀ ਵਿੱਚ ਅਰਦਾਸ ਕਰਵਾ ਦਿੱਤੀ। ਅਤੇ ਉਸ ਸਮੇਂ ਇਨ੍ਹਾਂ ਪ੍ਰੇਮੀਆਂ ਨੇ ਵੀ ਆਪਣੀ ਭੁੱਲ ਮੰਨੀ। ਉਸ ਤੋਂ ਬਾਅਦ ਸਾਰੇ ਨਗਰ ਦੇ ਖੇਤਾਂ ਵਿਖੇ ਬੇਅੰਤ ਕਮਾਦ ਹੁੰਦਾ ਹੈ। ਇਹ ਵੀ ਰਸਤੇ ਤੇ ਆਉਂਦੇ ਜਾਂਦੇ ਰਾਹੀ ਮੁਸਾਫ਼ਰ ਤੇ ਸਿੱਖ ਸਾਧ ਨੂੰ ਅਵਾਜ਼ ਦੇ ਕੇ ਖੇਤਾਂ ਵਿੱਚੋਂ ਗੰਨੇ ਚੁਪਾਉਂਦੇ ਤੇ ਘੁਲਾੜੀ ਤੋਂ ਗੁੜ ਛਕਾਣ ਦੀ ਸੇਵਾ ਕਰਦੇ ਹਨ।

ਜ਼ਿਲ੍ਹਾ ਹਿਸਾਰ ਦੇ ਦਨੋਦਾ ਖੁਰਦ ਤੋਂ ਤਿੰਨ ਭਰਾ ਜੋ ਸਹਿਜਧਾਰੀ ਸਨ; ਕਰਮਸਰ ਆ ਕੇ ਮਲ ਸਿੰਘ, ਕਿਸ਼ਨ ਸਿੰਘ, ਦਰਬਾਰਾ ਸਿੰਘ, ਸਿੰਘ ਸਜੇ। ਕਿਸ਼ਨ ਸਿੰਘ ਨੇ ਆਪਣੇ ਨਗਰ ਵਿੱਚ ਗੁਰਮਤ ਦਾ ਪ੍ਰਚਾਰ ਕਰਨ ਹਿੱਤ ਸਵਾ ਵਿੱਘਾ ਜ਼ਮੀਨ ਮੁੱਲ ਲੈ ਕੇ ਮੋਟਰਾਂ ਦੇ ਅੱਡੇ ਤੇ ਗੁਰਦੁਆਰਾ ਸਾਹਿਬ ਬਣਾਇਆ। ਰਿਹਾਇਸ਼ੀ ਕਮਰੇ ਤੇ ਪਾਣੀ ਵਾਸਤੇ ਖੂਹ ਲਗਵਾਇਆ ਅਤੇ ਇੱਕ ਗੁਰਦੁਆਰਾ ਅਕੁਲਾਣਾ ਮੰਡੀ ਵਿਖੇ ਬਣਾਇਆ।

ਸੰਤ ਆਸ਼ਰਮ ਧਭਲਾਨ ਦੀ ਰਚਨਾ ਸਮੇਂ ਲੰਗਰ ਦਾ ਸ੍ਰੀਮਾਨ ਵੀ ਰਿਹਾ। ੨੦੧੩ ਬਿਕ੍ਰਮੀ ਸਰਾਧਾਂ ਦੀ ਦਸਵੀਂ ਨੂੰ ਇਸ ਦਾ ਭਰਾ ਮਲ ਸਿੰਘ ਚੜ੍ਹਾਈ ਕਰ ਗਿਆ। ਉਸ ਦੇ ਨਮਿਤ ਭੰਡਾਰਿਆਂ ਸਮੇਤ ਪੰਜ ਅਖੰਡ ਪਾਠ ਗੁਰਦੁਆਰੇ ਕਰਮਸਰ ਕਰਵਾਏ। ਮਹੀਨੇ ਦੇ ਮਹੀਨੇ ਬਾਰਾਂ ਸਹਿਜ ਪਾਠ ਤੇ ਬਾਰਾਂ ਹੀ ਭੰਡਾਰੇ ਸੰਤ ਆਸ਼ਰਮ ਧਭਲਾਨ ਕਰਵਾਏ। ਹਰ ਸਮੇਂ ਸੰਤ ਜੀ ਮਹਾਰਾਜ ਦਾ ਹੀ ਜਸ ਕਰਦੇ ਰਹਿੰਦੇ ਹਨ। ਇਉਂ ਇਨ੍ਹਾਂ ਗੁਰੂ ਪਿਆਰਿਆਂ ਦੀ ਗੁਰੂ ਘਰ ਅਤੇ ਅਸਥਾਨ ਤੇ ਅਥਾਹ ਸ਼ਰਧਾ ਹੈ।

ਇਸ ਤਰ੍ਹਾਂ ਭਿਆਣੀ ਦਾ ਮੇਹਰ ਸਿੰਘ ਬਾਂਗਰੂ ਵੀ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਅਤੇ ਕਾਫ਼ੀ ਸਮਾਂ ਅਸਥਾਨ ਤੇ ਠਹਿਰ ਕੇ ਗੁਰੂ ਘਰ ਦੇ ਪਸ਼ੂਆਂ ਦੀ ਸੇਵਾ ਕਰਦਾ ਰਿਹਾ। ਸੰਤ ਜੀ ਮਹਾਰਾਜ ਦੀ ਇਸ ਪ੍ਰੇਮੀ ਤੇ ਅਪਾਰ ਖ਼ੁਸ਼ੀ ਤੇ ਪੂਰਨ ਬਖ਼ਸ਼ਿਸ਼ ਸੀ। ਇਸ ਦੀ ਵੀ ਅਥਾਹ ਸ਼ਰਧਾ ਤੇ ਸਿਦਕ ਦੇਖਣ ਵਿੱਚ ਆਇਆ। ਇਉਂ ਸੰਤ ਜੀ ਮਹਾਰਾਜ ਨੇ ਬੇਅੰਤ ਮਨਮਤੀਆਂ ਨੂੰ ਨਾਮ ਦਾਨ ਦੀ ਦਾਤ ਬਖ਼ਸ਼ ਕੇ ਸੁਮਾਰਗ ਵਿੱਚ ਜੋੜਿਆ।

ਫਿਲੌਰ ਦੀ ਸੰਗਤ ਨੂੰ ਦਰਸ਼ਨ

ਲਾਹੌਰ ਸ਼ਹਿਰ ਵਾਂਗ ਇਸ ਫਿਲੌਰ ਵਿਖੇ ਵੀ ਕੀਰਤਨ ਕਰਦਿਆਂ ਸੰਤ ਅਰਜਨ ਸਿੰਘ ਜੀ 'ਬੜਕੂ' ਨੇ ਸੰਤ ਜੀ ਮਹਾਰਾਜ ਦੀ ਸਿਫ਼ਤ ਕੀਤੀ ਕਿ ਜੇਕਰ ਅੱਜ ਕੱਲ੍ਹ ਦੇ ਸਮੇਂ ਕਿਸੇ ਏਕਤਾਵਾਦੀ ਪੂਰਨ ਮਹਾਂਪੁਰਖ ਦਾ ਦਰਸ਼ਨ ਕਰਨਾ ਹੈ, ਤਾਂ ਭਾਗਾਂ ਵਾਲਿਓ! ਨਾਸਕ ਦੇ ਕੰਢੇ ਪੰਚਬਟੀ ਵਾਂਗ ਭਗਵਾਨ ਰਾਮਚੰਦ੍ਰ ਦਾ ਰੂਪ ਸੰਤ ਮਹਾਰਾਜ ਰਾੜਾ ਸਾਹਿਬ ਵਾਲੇ ਨਹਿਰ ਕਿਨਾਰੇ ਆਪਣੀ ਜੋਤ ਜਗਾ ਰਹੇ ਹਨ, ਜਿੱਥੇ ਸ਼ਾਂਤੀ ਰੂਪੀ ਸੀਤਾ ਤੇ ਧਰਮ ਰੂਪੀ ਲਛਮਣ ਦਾ ਸਦੀਵ ਚਰਨਾਂ 'ਚ ਵਾਸਾ ਹੈ। ਜਿੱਥੇ ਹੰਕਾਰ ਰੂਪੀ ਰਾਵਣ ਤੇ ਰਾਗ ਦਵੈਖ ਰੂਪ ਖਰਦੂਖਨ ਦੀ ਗੰਮਤਾ ਨਹੀਂ। ਜਿਨ੍ਹਾਂ ਨੇ ਮਾਇਆ ਰੂਪ ਸੂਪਨਖਾ ਦਾ ਸੰਕਲਪ ਰੂਪੀ ਨੱਕ ਕੱਟ ਦਿੱਤਾ ਹੈ। ਏਹੋ ਜੇਹੇ ਸ਼ਰਧਾ ਭਰੇ ਹੋਰ ਵੀ ਬਹੁਤ ਸਾਰੇ ਬਚਨ ਕੀਤੇ, ਜਿਨ੍ਹਾਂ ਦਾ ਸੰਗਤ ਦੇ ਮਨਾਂ ਤੇ ਬੜਾ ਅਸਰ ਹੋਇਆ। ਸਭਨਾਂ ਨੇ ਸਲਾਹ ਕਰ ਕੇ ਹਜ਼ੂਰ ਦੇ ਚਰਨਾਂ ਵਿੱਚ ਸ. ਰੁਲੀਆ ਸਿੰਘ (ਜੋ ਕਪੂਰਥਲੇ ਤੋਂ ਮਹਾਰਾਜ ਜਗਜੀਤ ਸਿੰਘ ਦਾ ਮੋਟਰ ਡਰਾਈਵਰ ਸੀ) ਅਤੇ ਸੂਬੇਦਾਰ ਗੁਰਮੁਖ ਸਿੰਘ ਦੋ ਸੱਜਣ ਭੇਜੇ।

ਜਦੋਂ ਇਨ੍ਹਾਂ ਨੇ ਆ ਕੇ ਅਸਥਾਨ ਦਾ ਦੀਦਾਰ ਕੀਤਾ ਤਾਂ ਸਚਮੁਖ ਹੀ ਮਾਤ ਲੋਕ ਵਿੱਚ ਬੈਕੁੰਠ ਦੀ ਝਾਕੀ ਦਾ ਦ੍ਰਿਸ਼ ਜਾਪਿਆ। ਭਾਵਨਾ ਨਾਲ ਨਮਸ਼ਕਾਰ ਕਰ ਫਿਲੌਰ ਦੀ ਸੰਗਤ ਵਲੋਂ ਬੇਨਤੀ ਕੀਤੀ। ਉਸ ਸਮੇਂ ਲਾਹੌਰ ਜਾਣ ਦਾ ਪ੍ਰੋਗਰਾਮ ਬਣ ਚੁੱਕਾ ਸੀ। ਸੰਗਤ ਦੇ ਪ੍ਰੇਮ ਦੀ ਖਿੱਚ ਨਾਲ ਬਚਨ ਕੀਤਾ ਹੁਣ ਤਾਂ ਸਮਾਂ ਅੱਗੇ ਦੇ ਚੁੱਕੇ ਹਾਂ ਕਦੀ ਫੇਰ ਦੇਖਾਂਗੇ। ਪਰ ਲਾਹੌਰ ਨੂੰ ਜਾਂਦਿਆਂ ਤੁਹਾਡੇ ਪਾਸ ਇੱਕ ਘੰਟਾ ਠਹਿਰ ਕੇ ਸੰਗਤ ਦੇ ਦਰਸ਼ਨ ਕਰਾਂਗੇ।

ਇਨ੍ਹਾਂ ਨੂੰ ਅਸਥਾਨ ਦੇ ਦਰਸ਼ਨ ਕਰ ਗੁਰੂ ਨਾਨਕ ਦਾ ਰੂਹਾਨੀ ਦਰਬਾਰ, ਗੁਰੂ ਦਾ ਅਤੁੱਟ ਲੰਗਰ, ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਦੀ ਚਾਲੀ ਦੇਖ ਮਨ ਨੂੰ ਕੋਈ ਅਕਹਿ ਅਨੰਦ ਪ੍ਰਾਪਤ ਹੋਇਆ। ਹਜ਼ੂਰ ਦੀ ਆਗਿਆ ਪਾ ਕੇ ਵਾਪਸ ਮੁੜ ਆਏ ਤੇ ਸੰਗਤਾਂ ਨੂੰ ਸਾਰੀ ਵਾਰਤਾ ਦੱਸੀ। ਨੀਅਤ ਸਮੇਂ ਪ੍ਰੇਮੀ ਸੁਆਗਤ ਵਾਸਤੇ ਸਟੇਸ਼ਨ ਤੇ ਪੁੱਜੇ ਅਰ ਗੱਡੀ ਰੁਕਣ ਸਮੇਂ ਖ਼ੁਸ਼ੀ ਵਿੱਚ ਗੋਲੇ ਚਲਾਉਣੇ ਸ਼ੁਰੂ ਕਰ ਦਿੱਤੇ। ਆਪ ਜੀ ਪਲੇਟਫਾਰਮ ਤੋਂ ਬਾਹਰ ਆਏ ਤਾਂ ਪ੍ਰੇਮੀਆਂ ਨੇ ਨਮਸ਼ਕਾਰਾਂ ਕਰ ਸੁੰਦਰ ਗਲਾ ਸੁਗੰਧੀ ਭਰੇ ਫੁੱਲਾਂ ਦੇ ਹਾਰਾਂ ਨਾਲ ਸ਼ਿੰਗਾਰ ਦਿੱਤਾ। ਜਥੇ ਸਮੇਤ ਕਾਰ ਵਿੱਚ ਬਿਠਾ ਬਾਉਲੀ ਸਾਹਿਬ ਗੁਰਦੁਆਰੇ ਲੈ ਆਏ, ਗੁਰੂ ਦਰਬਾਰ ਨੂੰ ਭੇਟਾ ਰੱਖ ਭਾਵਨਾਂ ਨਾਲ ਨਮਸ਼ਕਾਰ ਕੀਤੀ। ਸਭਨਾਂ ਨੇ ਰੱਜ ਕੇ ਦੀਦਾਰ ਕੀਤੇ। ਸੰਗਤ ਦੀ ਬੇਨਤੀ ਮੰਨ ਕੇ ਇੱਕ ਸ਼ਬਦ ਦਾ ਕੀਰਤਨ ਵੀ ਕੀਤਾ:

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ ਸੇ ਅਸਥਲ ਸੋਇਨ ਚਉਬਾਰੇ ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥੧॥

(ਮਾਝ ਮਃ ੫ - ੧੦੫)

ਸੁਰੀਲੀ ਅਵਾਜ਼, ਮਿੱਠਾ ਗਲਾ, ਨਾਮ ਦੀ ਮਹਿਮਾ ਵਾਲਾ ਰਸ ਭਿੰਨਾ ਕੀਰਤਨ ਸੁਣ ਕੇ ਸਰੋਤੇ ਆਪਾ ਭੁੱਲ ਗਏ ਤੇ ਬਾਰੰਬਾਰ ਬੇਨਤੀ ਕਰ ਕੇ ਅੱਗੇ ਵਾਸਤੇ ਆਉਣ ਲਈ ਬਚਨ ਲੈ ਲਿਆ। ਇਨ੍ਹਾਂ ਦੀ ਭਾਵਨਾ ਪੂਰੀ ਕਰ ਆਪ ਜੀ ਦੂਸਰੀ ਗੱਡੀ ਬੈਠ ਕੇ ਲਾਹੌਰ ਨੂੰ ਚਲੇ ਗਏ।

ਫੇਰ ਦੂਜੀ ਵਾਰ ੧੯੪੦ ਈ. ਵਿੱਚ ਫਿਲੌਰ ਆਏ। ਗੁਰਦੁਆਰਾ ਬਾਉਲੀ ਸਾਹਿਬ ਅਖੰਡ ਪਾਠ ਕੀਤਾ। ਦੋ ਦੀਵਾਨ ਲਾਏ। ਫੇਰ ੧੯੪੧ ਵਿੱਚ ਸੰਗਤ ਦੇ ਪ੍ਰੇਮ ਨੇ ਆਪ ਜੀ ਨੂੰ ਤੀਜੀ ਵਾਰ ਫਿਲੌਰ ਮੰਗਵਾਇਆ। ੧੯੪੫ ਵਿੱਚ ਲਾਹੌਰ ਤੋਂ ਵਾਪਸ ਆਉਂਦਿਆਂ ਇੱਕ ਦਿਨ ਸੰਗਤ ਨੂੰ ਖੁੱਲ੍ਹਾ ਦਰਸ਼ਨ ਦਿੱਤਾ। ਸਮਾਂ ਥੋੜ੍ਹਾ ਤੇ ਬਹੁਤੀ ਗ਼ਰਮੀ ਹੋਣ ਦੇ ਕਾਰਣ ਕੀਰਤਨ ਨਹੀਂ ਸੀ ਕੀਤਾ। ਫੇਰ ਤਾਂ ਜਿਉਂ ਜਿਉਂ ਸੰਗਤ ਦੀ ਸ਼ਰਧਾ ਵਧਦੀ ਗਈ, ਤਿਉਂ ਤਿਉਂ ਮਹਾਂਪੁਰਸ਼ਾਂ ਦੀ ਮੇਹਰ ਹੁੰਦੀ ਗਈ। ਕਈ ਵਾਰ ਫਿਲੌਰ ਦੀ ਸੰਗਤ ਨੂੰ ਨਿਹਾਲ ਕੀਤਾ। ਕਿਸ਼ੋਰੀ ਲਾਲ ਭੱਲਾ ਭੱਠਿਆਂ ਵਾਲੇ ਦੀ ਕੋਠੀ ਠਹਿਰੇ। ਮਾਈ ਸੁੰਦਰੋ ਦੇ ਵੀ ਅਖੰਡ ਪਾਠ ਕੀਤਾ। ਇਹ ਗੁਰੂ ਘਰ ਦੀ ਬੜੀ ਪ੍ਰੇਮਣ ਤੇ ਵੈਰਾਗਵਾਨ ਸੀ। ਇਸ ਨੇ ਸ਼ਰਧਾ ਨਾਲ ਸੰਤ ਜੀ ਮਹਾਰਾਜ ਨੂੰ ਚਾਂਦੀ ਦਾ ਗੜਵਾ ਭੇਟ ਕੀਤਾ। ਫੇਰ ਇੱਕ ਹੋਰ ਪ੍ਰੇਮੀ ਨੇ ਆਪਣੇ ਘਰ ਅਖੰਡ ਪਾਠ ਰਖਵਾਇਆ। ਇਉਂ ਸੰਤ ਜੀ ਮਹਾਰਾਜ ਏਥੇ ਪੰਜ ਦਿਨ ਠਹਿਰੇ।

ਫਾਤਿਹਾ ਪੜਤੇ ਜਾਣਾ

ਸਵੇਰ ਦੇ ਟਾਈਮ ਰੋਜ਼ਾਨਾ ਜਲ ਪਾਣੀ ਛਕਣ ਉਪਰੰਤ ਇੱਕ ਦੋ ਸੱਜਣਾਂ ਦੇ ਨਾਲ ਸੈਰ ਨੂੰ ਜਾਂਦੇ। ਕਦੇ ਜੀ. ਟੀ. ਰੋਡ ਜਲੰਧਰ ਵੱਲ ਚਲੇ ਜਾਣਾ, ਕਦੇ ਨਕੋਦਰ ਵਾਲੀ ਰੇਲਵੇ ਲਾਈਨ ਵੱਲ ਚਲੇ ਜਾਣਾ। ਇਉਂ ਦੋ ਤਿੰਨ ਮੀਲਾਂ ਤੱਕ ਰੋਜ਼ ਫਿਰ ਕੇ ਵਾਪਸ ਆਉਣਾ। ਜਦ ਆਪ ਜੀ ਨੂੰ ਏਥੇ ਆਇਆਂ ਚੌਥਾ ਦਿਨ ਹੋ ਆਇਆ, ੧੯੪੫ ਈ. ਦਾ ਸਾਵਣ ਚੜ੍ਹਿਆ। ਸੁਹਾਵਣੀ ਮੌਸਮ ਦਿਲ ਨੂੰ ਭਾਉਂਦੀ ਸੀ। ਜਦੋਂ ਜਲੰਧਰ ਵੱਲ ਦੀ ਜੀ. ਟੀ. ਰੋਡ ਤੋਂ ਦੋ ਕੁ ਫਰਲਾਂਗਾਂ ਗਏ ਤਾਂ ਅੱਗੇ ਸੰਘਣੀ ਝਿੜੀ ਆ ਜਾਂਦੀ ਹੈ। ਆਪ ਜੀ ਸੜਕ ਪਾਰ ਕਰ ਕੇ ਇਸ ਝਿੜੀ ਵੱਲ ਉੱਤਰ ਪਏ, ਜਿੱਥੇ ਅੰਦਰ ਜਾ ਕੇ ਕੱਚੀਆਂ ਸੜਕਾਂ ਸ਼ੁਰੂ ਹੋ ਜਾਂਦੀਆਂ ਹਨ। ਅੱਗੇ ਫਿਲੌਰ ਵਾਲੀ ਝਿੜੀ (ਇਸ ਨੂੰ ਜ਼ਖੀਰਾ ਵੀ ਕਹਿੰਦੇ ਸਨ) ਆ ਗਈ। ਝਿੜੀ ਕਾਫ਼ੀ ਲੰਮੀਂ ਚੌੜੀ ਸੀ। ਆਪ ਜੀ ਦੇ ਨਾਲ ਇੱਕੋ ਇੱਕ ਸੇਵਾਦਾਰ ਸ. ਬਲਵੰਤ ਸਿੰਘ ਆਹਲੂਵਾਲੀਆ ਗੜਵਾ ਫੜੀ ਮਗਰ ਤੁਰਿਆ ਜਾ ਰਿਹਾ ਸੀ। ਪ੍ਰੇਮੀ ਦੇ ਮਨ ਨੇ ਅਨੁਭਵ ਕੀਤਾ, ਏਸ ਪਾਸੇ ਚਰਨ ਪੈਣੇ ਕਿਸੇ ਕਾਰਨ ਬਗ਼ੈਰ ਨਹੀਂ। ਪਰ ਕਾਰਣ ਦਾ ਪਤਾ ਨਾ ਲੱਗੇ। ਅਰਜ਼ ਕਰਨ ਦਾ ਹੀਆ ਨਾ ਪਵੇ। ਅੱਗੇ ਜਾ ਕੇ ਕੀ ਦੇਖਿਆ, ਇੱਕ ਛੇ ਫੁੱਟ ਮੁਰੱਬਾ ਕਬਰ (ਜੋ ਇੱਕ ਫੁੱਟ ਉੱਚੀ ਸੀ) ਦੇ ਸਾਹਮਣੇ ਜਾ ਖੜੇ, ਜਿਸ ਦੇ ਚੌਫੇਰੇ ਚਬੂਤਰਾ ਬਣਿਆ ਸੀ। ਸਾਹਮਣੇ ਪਾਸੇ ਕਬਰ ਦੇ ਅੱਗੇ ਦੋ ਫੁੱਟ ਮੁਰੱਬਾ ਚਿੱਟੇ ਪੱਥਰ ਦੀ ਸਿਲਾ ਲੱਗੀ ਸੀ ਜਿਸ ਦੇ ਚੌਫੇਰੇ ਕਾਲੀ ਸਿਆਹੀ ਦਾ ਚੌੜਾ ਹਾਸ਼ੀਆ ਸੀ, ਜਿਸ ਦੇ ਉੱਪਰ ਉਰਦੂ ਵਿੱਚ ਇਹ ਅੱਖਰ ਉੱਕਰੇ ਹੋਏ ਸਨ:

ਐ ਗ਼ੁਜ਼ਰਨ ਵਾਲੇ! ਮੁਝ ਗ਼ਰੀਬ ਗ਼ੁਨਾਹਗਾਰ ਕਾ ਫਾਤਿਹਾ ਪੜਤੇ ਜਾਣਾ।

ਜਿਨ੍ਹਾਂ ਨੂੰ ਪੜ੍ਹ ਕੇ ਹਜ਼ੂਰ ਦੇ ਇੱਕ ਦਮ ਚਰਨ ਇਉਂ ਰੁਕ ਗਏ ਜਿਵੇਂ ਕਿ ਇਸੇ ਭਟਕਦੀ ਰੂਹ ਨੂੰ ਸ਼ਾਂਤੀ ਪ੍ਰਦਾਨ ਕਰਨ ਲਈ ਹੀ ਅੱਜ ਏਧਰ ਆਏ ਸਨ। ਇਤਨੇ ਨੂੰ ਭਾਈ ਬਲਵੰਤ ਸਿੰਘ ਵੀ ਆ ਰਲਿਆ। ਉਸ ਨੂੰ ਦੇਖ ਕੇ ਦਾਤੇ ਨੇ ਮੁੜ ਬਚਨ ਕੀਤਾ ਕਿ ਆਪਾਂ ਵੀ ਇਨ੍ਹਾਂ ਲਿਖੇ ਅੱਖਰਾਂ ਤੇ ਅਮਲ ਕਰੀਏ। ਉਸ ਸਮੇਂ ਹਜ਼ੂਰ ਨੇ ਚਰਨਾਂ 'ਚੋਂ ਜੁੱਤਾ ਉਤਾਰ ਦੋਵੇਂ ਹੱਥ ਜੋੜ ਲਏ ਅਤੇ ਨੇਤਰ ਬੰਦ ਕਰ ਕੇ ਨਿਰੰਕਾਰ ਦੇ ਚਰਨਾਂ ਵਿੱਚ ਸੁਰਤ ਜੋੜੀ ਦੋ ਮਿੰਟ ਅਰਦਾਸ ਵਿੱਚ ਲੀਨ ਰਹੇ। ਇਉਂ ਇਸ (ਫਾਤਿਹਾ) ਦੁਆ ਪੜ੍ਹਨ ਦੇ ਬਹਾਨੇ ਸਦੀਆਂ ਤੋਂ ਭਟਕਦੀ ਕਬਰ ਦੇ ਸਬੰਧ ਵਾਲੀ ਰੂਹ ਦਾ ਉਧਾਰ ਕੀਤਾ। ਨੇਤਰਾਂ ਦੀਆਂ ਪਲਕਾਂ ਮੁੜ ਖੁੱਲ੍ਹੀਆਂ। ਚਰਨਾਂ ਵਿੱਚ ਜੁੱਤਾ ਪਾ ਕੇ ਏਥੋਂ ਹੀ ਰਿਹਾਇਸ਼ੀ ਜਗ੍ਹਾ ਨੂੰ ਵਾਪਸ ਆ ਗਏ। ਬਾਅਦ ਵਿੱਚ ਇਸ ਪ੍ਰੇਮੀ ਨੂੰ ਏਧਰ ਚਰਨ ਪਾਉਣ ਦਾ ਕਾਰਨ ਦਾ ਪਤਾ ਲੱਗਾ।

ਸੰਤ ਕੀ ਧੂਰਿ ਮਿਟੇ ਅਘ ਕੋਟ ॥ ਸੰਤ ਪ੍ਰਸਾਦਿ ਜਨਮ ਮਰਨ ਤੇ ਛੋਟ ॥੧॥

(ਗਉੜੀ ਮਃ ੫ - ੧੮੮)

ਇਸੇ ਤਰ੍ਹਾਂ ਸ. ਰਾਮ ਸਿੰਘ ਦੇ ਘਰ ਵਿੱਚ ਵੀ ਅਖੰਡ ਪਾਠ ਕੀਤਾ। ਸ. ਬਾਵਾ ਸਿੰਘ ਤੇ ਸ. ਭਗਤ ਸਿੰਘ ਤਾਂ ਖ਼ਾਸ ਪ੍ਰੇਮੀ ਹਨ। ਮਾਤਾ ਗੁਰਬਖਸ਼ ਕੌਰ ਤੇ ਗਿ. ਹਰਬੰਸ ਸਿੰਘ ਨੇ ਵੀ ਘਰ ਵਿੱਚ ਚਰਨ ਪਵਾਏ ਤੇ ਅਖੰਡ ਪਾਠ ਕਰਵਾਇਆ। ਜਦੋਂ ਸ. ਬਿਸ਼ਨ ਸਿੰਘ ਆਹਲੂਵਾਲੀਆ ਫਿਲੌਰ ਤੋਂ ਫਗਵਾੜੇ ਸਟੇਸ਼ਨ ਤੇ ਬਦਲ ਗਏ, ਤਾਂ ਏਥੇ ਵੀ ਸੰਗਤ ਨੂੰ ਪ੍ਰੇਰ ਕੇ (੧੯੪੩) ਈ. ਵਿੱਚ ਹਜ਼ੂਰ ਦੇ ਚਰਨ ਪਵਾਏ। ਸ਼ੂਗਰ ਮਿਲ ਦੇ ਡਾਇਰੈਕਟਰ ਮੈਨੇਜਰ ਬਿਸ਼ਨ ਦਾਸ ਖਾਨ ਸਾਹਿਬ ਦੀ ਕੋਠੀ ਅਖੰਡ ਪਾਠ ਕੀਤਾ ਜੋ ਡੇਰਾ ਇਸਮਾਈਲ ਖਾਂ ਦੇ ਰਹਿਣ ਵਾਲਾ ਖੱਤਰੀ ਗੁਰੂ ਘਰ ਦਾ ਪਰਮ ਪ੍ਰੀਤਵਾਨ ਸੀ। ਸ਼ੂਗਰ ਮਿਲ ਦੇ ਕਲੱਬ ਵਿੱਚ ਕੀਰਤਨ ਕੀਤਾ। ਬੇਅੰਤ ਪ੍ਰੇਮੀ ਗੁਰੂ ਘਰ ਦੇ ਸ਼ਰਧਾਲੂ ਬਣੇ। ਆਖ਼ਰੀ ਦਿਨ ਅੰਮ੍ਰਿਤ ਤਿਆਰ ਕੀਤਾ। ਬਹੁਤ ਸਾਰੇ ਅਭਿਲਾਖੀ ਸੱਜਣ ਸਿੰਘ ਸਜ ਕੇ ਗੁਰੂ ਕੇ ਜਹਾਜ਼ੇ ਚੜ੍ਹੇ। ਨਾਮ ਦੀ ਦਾਤ ਪ੍ਰਾਪਤ ਕਰ ਮਨੁੱਖਾ ਜਨਮ ਸਫ਼ਲ ਕੀਤਾ।

ਕਪੂਰਥਲਾ ਸਟੇਟ 'ਚ ਕੀਰਤਨ

ਸਭ ਤੋਂ ਪਹਿਲਾਂ ੧੯੪੧ ਈ. ਵਿੱਚ ਬੀਬੀ ਵੀਰ ਕੌਰ ਦੀ ਬੇਨਤੀ ਮੰਨ ਕੇ ਆਪ ਜੀ ਨੇ ਕਪੂਰਥਲੇ ਚਰਨ ਪਾਏ। ਸ. ਸ਼ਮਸ਼ੇਰ ਸਿੰਘ ਥਾਨੇਦਾਰ ਦੇ ਘਰ ਅਖੰਡ ਪਾਠ ਕੀਤਾ ਦੀਵਾਨ ਵੀ ਸਜੇ। ਸੰਤ ਜੀ ਮਹਾਰਾਜ ਦੀ ਰਿਹਾਇਸ਼ ਤਾਂ ਇੱਕ ਦੋ ਸੇਵਾਦਾਰਾਂ ਸਮੇਤ ਸ. ਸ਼ਮਸ਼ੇਰ ਸਿੰਘ ਦੇ ਘਰ ਵਿੱਚ ਹੀ ਕਰਵਾਈ ਗਈ। ਬਾਕੀ ਸੰਗਤ ਸ਼ਾਲਾਮਾਰ ਬਾਗ਼ ਦੇ ਪਾਸ ਧਰਮਸਾਲਾ ਵਿੱਚ ਠਹਿਰੀ। ਕੀਰਤਨ ਸੁਣ ਕੇ ਸੰਗਤ ਦੇ ਮਨ ਤੇ ਬੜਾ ਅਸਰ ਪਿਆ। ਫੇਰ ਵੀ ਕਈ ਵਾਰ ਬੇਨਤੀ ਕਰ ਕੇ ਕਪੂਰਥਲੇ ਨਗਰ ਨੂੰ ਚਰਨ ਛੁਹ ਪ੍ਰਾਪਤ ਕਰਵਾਈ।

ਜਦੋਂ ੧੯੪੫ ਈ. ਵਿੱਚ ਗਏ ਤਾਂ ਸ. ਸੁੰਦਰ ਸਿੰਘ ਜੀ ਪੁਲੀਸ ਆਈ. ਜੀ. ਦੀ ਕੋਠੀ ਰਿਹਾਇਸ਼ ਰੱਖੀ। ਇਸ ਦੇ ਘਰ ਅਖੰਡ ਪਾਠ ਵੀ ਕੀਤਾ। ਕਈ ਦਿਨ ਠਹਿਰੇ। ਦੀਵਾਨ ਵੀ ਏਸੇ ਕੋਠੀ ਦੇ ਖੁੱਲ੍ਹੇ ਗਰਾਊਂਡ ਵਿੱਚ ਸਜੇ। ਇੱਕ ਅਖੰਡ

ਪਾਠ ਸ. ਬਿਸ਼ਨ ਸਿੰਘ ਦੇ ਘਰ ਕੀਤਾ। ਸ. ਭਰਪੂਰ ਸਿੰਘ ਸੂਦ ਮਹਾਰਾਣੀ ਹਰਬੰਸ ਕੌਰ ਦੇ ਮਹਿਲਾਂ ਦਾ ਦਰਵਾਨਚੀ ਤੇ ਇੰਚਾਰਜ ਸੀ। ਇੱਕ ਮਹਾਰਾਣੀ ਪਹਾੜ ਦੇ ਇਲਾਕੇ ਬੈਜਨਾਥ ਪਪਰੋਲਾ ਜ਼ਿਲ੍ਹਾ ਕਾਂਗੜਾ ਦੀ ਵਸਨੀਕ ਸੀ। ਸਨਾਤਨ ਖ਼ਿਆਲੀ ਤੇ ਆਸਤਕ ਭਾਵਨਾ ਰੱਖਦੀ ਸੀ। ਗੁਰੂ ਪੀਰ ਤੇ ਹਰੇਕ ਸਾਧੂ ਸੰਤਾਂ ਤੇ ਅਪਾਰ ਸ਼ਰਧਾ ਸੀ। ਇਸ ਨੇ ਆਪਣੀ ਵੱਖਰੀ (ਅਲੀਜਾ ਕੋਠੀ ਵਿੱਚ) ਰਿਹਾਇਸ਼ ਰੱਖੀ ਸੀ ਜਿਸ ਦਾ ਦਰਵਾਨਚੀ ਭਰਪੂਰ ਸਿੰਘ ਸੂਦ ਸੀ।

ਇੱਕ ਦੋ ਵਾਰ ਸ. ਰੁਲੀਆ ਸਿੰਘ ਤੇ ਸ. ਭਰਪੂਰ ਸਿੰਘ ਸੂਦ ਨੇ (ਜੋ ਹਜ਼ੂਰ ਦਾ ਕੀਰਤਨ ਸੁਣ ਕੇ ਆਇਆ) ਮਹਾਰਾਣੀ ਹਰਬੰਸ ਕੌਰ ਦੇ ਪਾਸ ਜਸ ਕੀਤਾ। ਧਾਰਮਿਕ ਖ਼ਿਆਲ ਹੋਣ ਕਰ ਕੇ ਇਸ ਦੇ ਸਾਫ ਮਨ ਤੇ ਬੜਾ ਅਸਰ ਹੋਇਆ। ਇਨ੍ਹਾਂ ਦੋਵੇਂ ਪ੍ਰੇਮੀਆਂ ਰਾਹੀਂ ਮਹਿਲਾਂ ਵਿੱਚ ਚਰਨ ਪਾਉਣ ਤੇ ਪ੍ਰਸ਼ਾਦ ਛਕਣ ਵਾਸਤੇ ਬੇਨਤੀ ਕਰ ਭੇਜੀ। ਜਦੋਂ ਇਨ੍ਹਾਂ ਨੇ ਨਮਸ਼ਕਾਰ ਕਰ ਕੇ ਮਹਾਰਾਣੀ ਵਲੋਂ ਅਰਜ਼ ਕੀਤੀ ਤਾਂ ਤ੍ਰਿਕਾਲ ਦਰਸੀ ਪ੍ਰੀਤਮ ਨੇ ਸੋਚਿਆ ਸਾਧਨਾ ਦੁਆਰਾ ਸ਼ੁੱਧ ਕੀਤੀ ਹਿਰਦੇ ਰੂਪ ਵੱਤਰ ਜ਼ਮੀਨ ਵਿੱਚ ਉਪਦੇਸ਼ ਦਾ ਬੀਜ ਪਾਉਣਾ ਸਫ਼ਲਾ ਹੈ। ਇਹੋ ਜਿਹੇ ਰਾਜ ਘਰਾਣੇ ਵਿੱਚ ਜਿੱਥੇ ਸਾਰੇ ਸੁੱਖਾਂ ਦੇ ਸਾਮਾਨ ਮੌਜੂਦ ਹੋਣ, ਪ੍ਰਮਾਰਥੀ ਖ਼ਿਆਲ ਹੋਣੇ ਬਹੁਤ ਵੱਡੇ ਪੁੰਨਾਂ ਦੀ ਨਿਸ਼ਾਨੀ ਹੈ। ਦੂਜੀ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪ੍ਰਚਾਰਣਾ ਸਾਡਾ ਮੁੱਖ ਧਰਮ ਹੈ। ਉਨ੍ਹਾਂ ਨੇ ਪਹਿਲਾਂ ਆਗੂਆਂ ਪ੍ਰਤੀ ਉਪਦੇਸ਼ ਕੀਤਾ ਹੈ ਕਿ ਇਨ੍ਹਾਂ ਦੇ ਸੁਧਰਿਆਂ ਉਨ੍ਹਾਂ ਦੇ ਪੈਰੋਕਾਰ ਫੇਰ ਆਪੇ ਹੀ ਸ਼ੁਭ ਖ਼ਿਆਲੀ ਬਣ ਜਾਣਗੇ। ਪੜ੍ਹਦਿਆਂ ਦੀ ਕੈਦ ਵਿੱਚ ਰਹਿਣ ਵਾਲੇ ਰਾਜਸੀ ਲੋਕਾਂ ਨੂੰ ਪੂਰਨ ਮਹਾਂਪੁਰਸ਼ ਦਾ ਦਰਸ਼ਨ ਦੁਰਲੱਭ ਸੀ। ਕਿਉਂਕਿ ਮਹਾਰਾਣੀ ਨੇ ਆਪ ਕੀਤੇ ਸਹਿਜ ਪਾਠ ਦਾ ਭੋਗ ਪਾਉਣਾ ਸੀ। ਸਵੇਰੇ ਰਾਜ ਮਹਿਲਾਂ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ, ਫੇਰ ਸਹਿਜ ਪਾਠ ਦਾ ਭੋਗ, ਉਪਰੰਤ ਜਥੇ ਸਮੇਤ ਹਜ਼ੂਰ ਨੂੰ ਪ੍ਰਸ਼ਾਦ ਛਕਾਉਣਾ। ਜਦੋਂ ਇਨ੍ਹਾਂ ਨੇ ਬੇਨਤੀ ਕੀਤੀ ਤਾਂ ਦੀਨ ਦਿਆਲ ਨੇ ਪ੍ਰਵਾਨ ਕਰ ਲਈ। ਸਮਾਂ ਬਖ਼ਸ਼ ਦਿੱਤਾ। ਇਨ੍ਹਾਂ ਨੇ ਜਾ ਕੇ ਮੁਕੰਮਲ ਤਿਆਰੀ ਕਰ ਲਈ। ਆਪ ਜੀ ਨੇ ਅੰਮ੍ਰਿਤ ਵੇਲੇ ਜਥੇ ਸਮੇਤ ਮਹਾਰਾਣੀ ਦੀ ਅਲੀਜਾ ਕੋਠੀ ਵਿੱਚ ਚਰਨ ਪਾਏ। ਮਹਾਰਾਣੀ ਹਰਬੰਸ ਕੌਰ ਨੇ ਭੇਟਾ ਰੱਖ ਕੇ ਭਾਵਨਾ ਨਾਲ ਨਮਸ਼ਕਾਰ ਕੀਤੀ। ਦਰਸ਼ਨ ਕਰ ਕੇ ਮਨ ਬੜਾ ਪ੍ਰਸੰਨ ਹੋਇਆ। ਉਪਰੰਤ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ। ਆਪ ਸਮਾਧੀ ਵਿੱਚ ਜੁੜ ਬੈਠੇ। ਮਹਾਰਾਣੀ ਵਲੋਂ ਬੇਨਤੀ ਸੁਣ ਕੇ ਅੰਤਲੇ ਅੱਠ, ਸਲੋਕਾਂ ਦਾ ਕੀਰਤਨ ਹਜ਼ੂਰ ਨੇ ਕੀਤਾ। ਟਿਕਾਓ ਵਾਲੇ ਮਨ ਲਈ ਅੰਮ੍ਰਿਤ ਵੇਲੇ ਨਿਰੋਲ ਗੁਰਬਾਣੀ ਦੇ ਸ਼ਾਂਤਮਈ ਕੀਰਤਨ ਦੀ ਧੁਨੀ ਨੇ ਮੁੜ ਰਾਜ ਮਹਿਲਾਂ ਵਿੱਚ ਵਿਦੇਹੀ ਜਨਕ ਵਾਲਾ ਸੀਨ (ਜੋ ਪੂਰਨ ਬ੍ਰਹਮਗਿਆਨੀ ਰਾਜ ਵਿੱਚ ਜੋਗ ਕਮਾਉਂਦੇ ਸਨ) ਅੱਗੇ ਲਿਆ ਖੜਾ ਕੀਤਾ।

ਸਮੂਹ ਆਸਾ ਪੂਰਨ ਕਰਨ ਵਾਲੀ ਆਸਾ ਜੀ ਦੀ ਵਾਰ ਦਾ ਭੋਗ ਪਿਆ। ਰੱਖੇ ਹੋਏ ਸਹਿਜ ਪਾਠ ਦੇ ਨੌਵੇਂ ਮਹੱਲੇ ਦੇ ਸਲੋਕਾਂ ਨੂੰ ਪੜ੍ਹਿਆ। ਰਾਗ ਮਾਲਾ ਉਪਰੰਤ ਪੰਜ ਜਪੁਜੀ ਸਾਹਿਬ ਦੀਆਂ ਪੌੜੀਆਂ ਤੇ ਅਨੰਦ ਸਾਹਿਬ ਦੇ ਪਾਠ ਤੋਂ ਬਾਅਦ ਅਰਦਾਸ ਕੀਤੀ। ਮਹਾਰਾਣੀ ਨੇ ਆਪ ਹਥੀਂ ਲੰਗਰ ਤਿਆਰ ਕੀਤਾ। ਬੜੀ ਭਾਵਨਾ ਨਾਲ ਗੁਰੂ ਮਹਾਰਾਜ ਨੂੰ ਭੋਗ ਲਗਵਾ ਕੇ ਫੇਰ ਸੰਤ ਜੀ ਮਹਾਰਾਜ ਅੱਗੇ ਥਾਲ ਲਿਆ ਰੱਖਿਆ। ਸਾਰੇ ਸਿੰਘਾਂ ਨੂੰ ਵਰਤਾਇਆ। ਬੜੀ ਸ਼ਰਧਾ ਤੇ ਸੁੱਚਮ ਨਾਲ ਬਾਣੀ ਪੜ੍ਹਦਿਆਂ ਸੁੰਦਰ ਵੈਸਨੋ ਖਾਣਾ ਤਿਆਰ ਕੀਤਾ ਸੀ। ਬਾਹਰਲਾ ਰਾਜਸੀ ਠਾਠ ਬਾਠ ਤੇ ਅੰਦਰਲੀ ਕ੍ਰਿਆ ਤੱਕ ਕੇ ਮਹਾਰਾਣੀ ਦੇ ਮਨ ਵਿੱਚ ਹੋਰ ਵੀ ਵਧੇਰੇ ਸ਼ਰਧਾ ਵਧੀ। ਭਾਵੇਂ ਰਾਜ ਮਹਿਲਾਂ 'ਚ ਕਈ ਪ੍ਰਕਾਰ ਦੇ ਸਵਾਦਿਸਟ ਭੋਜਨ ਬਣਾਏ ਸਨ ਪਰ ਕੇਵਲ ਪ੍ਰੇਮ ਨੂੰ ਤੱਕਣ ਵਾਲੇ ਮਹਾਂਪੁਰਸ਼ਾਂ ਨੂੰ ਇਸ ਵਿੱਚੋਂ

ਗੋਬਿੰਦ ਭਾਉ ਭਗਤ ਦਾ ਭੁਖਾ ॥੭॥ (ਭਾ. ਗੁਰਦਾਸ ਜੀ: ਵਾਰ ੧੦ ਪਉੜੀ ੭)

ਭੀਲਣੀ ਦੇ ਬੇਰ ਤੇ ਸੁਦਾਮੇ ਦੇ ਤੰਦਲਾਂ ਵਾਂਗ ਅਨੰਦ ਆਇਆ। ਪ੍ਰਸ਼ਾਦ ਛਕਣ ਉਪਰੰਤ ਚੁਲਾ ਪੜ੍ਹਿਆ। ਮਹਾਰਾਣੀ ਨੇ ਬਹੁਤ ਸਾਰੀ ਮਾਇਆ, ਕੀਮਤੀ ਬਸਤਰ ਤੇ ਹੋਰ ਪ੍ਰਸ਼ਾਦ ਭੇਟਾ ਕੀਤਾ। ਆਪ ਜੀ ਨੇ ਆਪਣੇ ਪਤੀਬਰਤ ਧਰਮ 'ਚ ਪੱਕੇ ਰਹਿਣ ਤੇ ਪ੍ਰਮੇਸ਼ਰ ਦੀ ਬੰਦਗ਼ੀ ਦਾ ਉਪਦੇਸ਼ ਬਖ਼ਸ਼ਿਆ। ਇਹ ਮਨੁੱਖਾ ਜਨਮ ਦੁਰਲੱਭ ਪਦਾਰਥ ਹੈ। ਪਿਛਲੇ ਪੁੰਨਾਂ ਕਰ ਕੇ ਸਾਰੇ ਸਰੀਰਕ ਸੁੱਖ ਵੀ ਮੌਜੂਦ ਹਨ। ਪਰ ਹੁਣ ਸਮਾਂ ਹੈ ਪ੍ਰਭੂ ਪ੍ਰਾਪਤੀ ਕਰ ਕੇ ਆਵਾਗਵਨ ਹੈ ਮੇਟਣ ਦਾ। ਨਹੀਂ ਤਾਂ: ਸੰਤ ਜੀ ਨੇ ਇਹ ਉਪਦੇਸ਼ ਕੀਤਾ।

ਚਉਰਾਸੀ ਲੱਖ ਜੂਨਾਂ ਦਾ ਚੱਕਰ

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥

(ਆਸਾ ਮਃ ੫ - ੩੭੮)

ਅਥਵਾ: ***ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥***

(ਭੈਰਉ ਭਗਤ ਕਬੀਰ ਜੀ - ੧੧੫੯)

ਤਥਾ: *ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥੧॥*

(ਬਿਲਾਵਲੁ ਮਃ ੩ - ੭੯੬)

ਕਿਸੇ ਬਾਦਸ਼ਾਹ ਨੇ ਪਹਾੜੀ ਉੱਪਰ ਗੋਲ ਸ਼ਕਲ ਦਾ ਇੱਕ ਕਿਲ੍ਹਾ ਬਣਾ ਕੇ ਉਸ ਦੇ ਚੌਰਾਸੀ ਦਰਵਾਜ਼ੇ ਰੱਖੇ ਜਿਨ੍ਹਾਂ ਵਿੱਚੋਂ ਕੇਵਲ ਇੱਕੋ ਖੁੱਲ੍ਹਾ ਤੇ ਹੋਰ ਬਾਕੀ ਦੇ ਸਾਰੇ ਬੰਦ ਸਨ। ਦੇਵਨੇਤ ਨਾਲ ਉਸ ਕਿਲ੍ਹੇ ਵਿੱਚ ਅੰਧਾ ਟੁੰਡਾ ਤੇ ਗੰਜਾ ਤਿੰਨ ਦੋਸ਼ਾਂ ਵਾਲਾ ਪੁਰਸ਼ ਪ੍ਰਵੇਸ਼ ਹੋ ਗਿਆ। ਨਿੱਕਲਣ ਵਾਸਤੇ ਰਸਤਾ ਨਾ ਲੱਭੇ। ਅੰਦਰੋਂ ਹੀ ਵਿਚਾਰੇ ਨੇ ਕੂਕ ਪੁਕਾਰ ਕੀਤੀ, "ਕੋਈ ਮੇਰੇ ਤੇ ਤਰਸ ਕਰ ਕੇ ਮੈਨੂੰ ਬਾਹਰ ਨਿੱਕਲਣ ਦਾ ਰਾਹ ਦੱਸੇ।" ਉਸ ਦੀਆਂ ਦੁੱਖ ਭਰੀਆਂ ਕੂਕਾਂ ਤੇ ਦਰਸ ਕਰ ਕੇ ਕਿਸੇ ਪਰਉਪਕਾਰੀ ਪੁਰਸ਼ ਨੇ ਜੁਗਤੀ ਦੱਸੀ, "ਬਈ! ਇਸ ਦੇ ਸਾਰੇ ਬੂਹੇ ਬੰਦ ਹਨ। ਕੇਵਲ ਇੱਕੋ ਦਰਵਾਜ਼ਾ ਖੁੱਲ੍ਹਾ ਹੈ। ਜੇਹੜਾ ਹੱਥ ਸਾਬਤ ਹੈ, ਉਸ ਨੂੰ ਕੰਧ ਨਾਲ ਲਾ ਕੇ ਨਾਲ ਨਾਲ ਤੁਰਿਆ ਆ। ਆਪੇ ਹੀ ਖੁੱਲ੍ਹਾ ਦਰਵਾਜ਼ਾ ਆ ਜਾਵੇਗਾ।" ਉਸ ਨੇ ਇਸੇ ਤਰ੍ਹਾਂ ਹੀ ਕੀਤਾ ਜਦੋਂ ਉਸ ਨੂੰ ਖੁੱਲ੍ਹਾ ਬੂਹਾ ਔਣ ਲੱਗਾ ਤਾਂ ਉਸ ਸਮੇਂ ਸਿਰ ਦੇ ਗੰਜ ਤੇ ਮੱਖੀ ਬੈਠ ਗਈ ਤੇ ਉਹ ਕੰਧ ਵਾਲਾ ਹੱਥ ਛੱਡ ਕੇ ਤੁਰਦਾ ਤੁਰਦਾ ਹੀ ਸਿਰ ਵਿੱਚ ਖਾਜ ਕਰਨ ਲੱਗ ਪਿਆ। ਇਤਨੇ ਨੂੰ ਖੁੱਲ੍ਹਾ ਬੂਹਾ ਲੰਘਾ ਕੇ ਵਿਚਾਰਾ ਉਸੇ ਚੱਕਰ ਵਿੱਚ ਫੇਰ ਪੈ ਗਿਆ।

ਇਸੇ ਤਰ੍ਹਾਂ ਦਾ-ਦ੍ਰਿਸ਼ਟਾਂਤ: ਪ੍ਰਮੇਸ਼ਰ ਬਾਦਸ਼ਾਹ ਦਾ ਸੰਸਾਰ ਇੱਕ ਕਿਲ੍ਹਾ ਹੈ ਜਿਸ ਦੇ ੮੪ ਲੱਖ ਜੂਨਾਂ ਰੂਪ ਚਉਰਾਸੀ ਦਰਵਾਜ਼ੇ ਹਨ, ਜੋ ਸਾਰੇ ਬੰਦ ਹਨ। ਕੇਵਲ ਇੱਕੋ ਮਨੁੱਖਾ ਜਨਮ ਦਾ ਹੀ ਖੁੱਲ੍ਹਾ ਹੈ। ਇਹ ਜੀਵ ਵਿਚਾਰ ਤੇ ਵੈਰਾਗ ਰੂਪ ਨੇਤਰਾਂ ਤੋਂ ਹੀਣ ਹੋਣ ਕਰ ਕੇ ਅੰਨ੍ਹਾ ਹੈ। ਸ਼ੁਭ ਗੁਣਾਂ ਤੋਂ ਰਹਿਤ ਹੋਣ ਕਰ ਕੇ ਗੰਜਾ ਹੈ। ਪ੍ਰੇਮ ਰੂਪ ਬਾਂਹ ਤੋਂ ਬਿਨਾਂ ਟੁੰਡਾ ਹੈ। ਮਾਯਾ ਰੂਪੀ ਮੱਖੀ ਹੈ। ਭੋਗਾਂ ਦੀ ਇੱਛਾ ਖੁਰਾਕ ਹੈ:

ਮਾਖੀ ਰਾਮ ਕੀ ਤੂ ਮਾਖੀ ॥
ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥੧॥ ਰਹਾਉ ॥

(ਸਾਰੰਗ ਮਃ ੫ - ੧੨੨੭)

ਅਥਵਾ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

ਓਅੰਕਾਰਿ ਆਕਾਰੁ ਕਰਿ ਮਖੀ ਇਕ ਉਪਾਈ ਮਾਇਆ। (ਭਾ. ਗੁਰਦਾਸ ਜੀ: ਵਾਰ ੧੮ ਪਉੜੀ ੧੧)

ਜਦੋਂ ਮਨੁੱਖਾ ਜਨਮ ਮਿਲਿਆ, ਵਿਕਾਰਾਂ ਦੀ ਖੁਰਕ ਵਿੱਚ ਖੁੱਲ੍ਹਾ ਦਰਵਾਜ਼ਾ ਲੰਘਾ ਦਿੱਤਾ ਅਤੇ ਇਸ ਅਨਜਾਣ ਪੁਣੇ ਵਿੱਚ ਫੇਰ ਉਸੇ ਚੌਰਾਸੀ ਦੇ ਗੇੜ ਵਿੱਚ ਪੈ ਗਿਆ:

ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥੧॥ (ਬਿਲਾਵਲੁ ਮਃ ੩ - ੭੯੬)

ਹੋਰ ਵੀ ਬਹੁਤ ਸਾਰੇ ਪ੍ਰਮਾਰਥੀ ਬਚਨ ਕਹੇ, ਜਿਨ੍ਹਾਂ ਦਾ ਰਾਣੀ ਦੇ ਮਨ ਤੇ ਬੜਾ ਅਸਰ ਪਿਆ। ਠਾਕੁਰ ਪੂਜਕ ਘਰਾਣੇ 'ਚੋਂ ਰਾਜ ਮਹਿਲਾਂ ਵਿੱਚ ਆ ਕੇ ਫੇਰ ਗੁਰੂ ਘਰ ਦਾ ਪ੍ਰੇਮ ਜਾਗਣਾ, ਇਹ ਬਹੁਤ ਵੱਡੇ ਪੁੰਨਾਂ ਦੀ ਨਿਸ਼ਾਨੀ ਹੈ। ਫੇਰ ਆਪ ਜੀ ਜਾਣ ਲਈ ਤਿਆਰ ਹੋਏ ਤੇ ਇਸ ਦੇ ਅੰਦਰ ਕਾਫ਼ੀ ਸਮੇਂ ਦੀ ਇੱਕ ਸ਼ੰਕਾ ਬਣੀ ਸੀ ਜਿਸ ਨੂੰ ਦੂਰ ਕਰਨ ਵਾਲਾ ਕੋਈ ਪੂਰਨ ਮਹਾਂਪੁਰਸ਼ ਨਹੀਂ ਸੀ ਮਿਲਿਆ। ਬੜੀ ਪੜ੍ਹੀ ਲਿਖੀ ਗੁਰੂ ਘਰ ਦੀ ਪ੍ਰੇਮਣ ਤੇ ਪੂਰਨ ਸ਼ਰਧਾਲੂ ਸੀ, ਰੋਜ਼ ਕੋਈ ਨਾ ਕੋਈ ਗ੍ਰੰਥ ਪੜ੍ਹਦੀ ਰਹਿੰਦੀ।

ਰਾਜ ਮਾਤਾ ਵਲੋਂ ਬੇਨਤੀ

ਜਦੋਂ ਚੱਲਣ ਦੀ ਤਿਆਰੀ ਕੀਤੀ ਤਾਂ ਹਜ਼ੂਰ ਦੇ ਪਾਸ ਮਹਾਰਾਣੀ ਹਰਬੰਸ ਕੌਰ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਮੈਂ ਨਿਤਾਪ੍ਰਤੀ ਗੁਰਬਾਣੀ ਦਾ ਪਾਠ ਅਤੇ ਗੁਰ ਇਤਿਹਾਸ ਦੀ ਵਿਚਾਰ ਕਰਦੀ ਹਾਂ, ਪਰ ਦੋਹਾਂ ਦੇ ਸਿਧਾਂਤ ਵਿੱਚ ਕਾਫ਼ੀ ਫ਼ਰਕ ਹੈ। ਗੁਰਬਾਣੀ ਵਿੱਚ ਤਾਂ ਇਕੋ ਅਕਾਲ ਪੁਰਖ ਦੀ ਉਪਾਸ਼ਨਾ ਤੇ ਜ਼ੋਰ ਦਿੱਤਾ ਹੈ ਪਰ ਗੁਰ ਇਤਿਹਾਸ ਵਿੱਚ ਲਿਖਿਆ ਹੈ ਕਿ ਦਸਮ ਪਾਤਸ਼ਾਹ ਜੀ ਮਹਾਰਾਜ ਨੇ ਦੇਵੀ ਪ੍ਰਗਟ ਕੀਤੀ ਹੈ। ਏਹੋ ਪ੍ਰਸੰਗ ਗੁਰ ਪ੍ਰਤਾਪ ਸੂਰਜ ਵਿੱਚ ਲਿਖਿਆ ਹੈ। ਏਹੋ ਹੀ ਸੁੱਖਾ ਸਿੰਘ ਦੇ ਗੁਰਬਿਲਾਸ ਤੇ ਹੋਰਨਾ ਗ੍ਰੰਥਾਂ ਵਿੱਚ ਜ਼ਿਕਰ ਆਉਂਦਾ ਹੈ। ਆਪ ਜੀ ਕ੍ਰਿਪਾ ਕਰ ਕੇ ਇਸ ਸ਼ੰਕਾ ਨੂੰ ਮੇਟ ਦੇਵੋ।"

ਸੰਤ ਜੀ ਮਹਾਰਾਜ ਬੋਲੇ, "ਤੂੰ ਦਸਵੇਂ ਪਾਤਿਸ਼ਾਹ ਜੀ ਨੂੰ ਕੀ ਰੂਪ ਨਿਸ਼ਚੇ ਕੀਤਾ ਹੈ?" ਉਸ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਉਹ ਤਾਂ ਸਾਖਸ਼ਿਆਤ ਪਾਰਬ੍ਰਹਮ ਦਾ ਸਰੂਪ ਹਨ।"

ਯਥਾ: *ਇਹ ਬਿਧਿ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥*

(ਸ੍ਰੀ ਦਸਮ ਗ੍ਰੰਥ ਵਿੱਚੋਂ)

ਅਤੇ: *ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਚ ਪ੍ਰਚੁਰ ਕਰਬੇ ਕਉ ਸਾਜਾ ॥*

(ਸ੍ਰੀ ਦਸਮ ਗ੍ਰੰਥ ਵਿੱਚੋਂ)

ਹਜ਼ੂਰ ਕਹਿਣ ਲੱਗੇ, "ਜੇਕਰ ਤੂੰ ਉਨ੍ਹਾਂ ਨੂੰ ਅਕਾਲ ਪੁਰਖ ਦਾ ਪੁੱਤਰ ਜਾਂ ਰੂਪ ਮੰਨਦੀ ਹੈ ਤਾਂ ਫੇਰ ਤੈਨੂੰ ਇਹ ਸ਼ੰਕਾ ਫੁਰੀ ਹੀ ਕਿਉਂ? ਦੇਵੀ ਦੇਵਤੇ ਤਾਂ ਉਨ੍ਹਾਂ ਦੇ ਬੂਹੇ ਤੇ ਝਾੜੂ ਦੇਣ ਵਾਲੇ ਹਨ:

ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥
ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰਿ ਜਲੇਸ ॥੧॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਅਥਵਾ: *ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥*
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥

(ਭੈਰਉ ਭਗਤ ਕਬੀਰ ਜੀ - ੧੧੬੨)

ਭਾਵ ਕ੍ਰੋੜਾਂ ਹੀ ਦੇਵੀ ਦੇਵਤੇ ਉਨ੍ਹਾਂ ਦੇ ਬੂਹੇ ਤੇ ਹੱਥ ਜੋੜੀ ਖੜੇ ਹਨ।

ਯਥਾ: *ਜਿਤ ਦਰ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ਼ ॥*
ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ ॥
ਲਖ ਲਖ ਓਥੇ ਜਤੀ ਹੈ ਸਤੀਅਹੁ ਤੇ ਸੰਨਯਾਸ ॥
ਲਖ ਲਖ ਓਥੇ ਗੋਰਖਾ ਲਖ ਲਖ ਨਾਥਾ ਨਾਥ ॥
ਲਖ ਲਖ ਓਥੇ ਆਸਨਾ ਗੁਰੂ ਚੇਲੇ ਰਹਰਾਸ ॥
ਲਖ ਲਖ ਦੇਵੀ ਦੇਵਤੇ ਦਾਨੂੰ ਲਖ ਨਿਵਾਸ ॥
ਲਖ ਪੀਰ ਪੈਕਾਂਬਰ ਔਲੀਏ ਲਖ ਕਾਜ਼ੀ ਮੁਲਾ ਸੇਖ ॥
ਕਿਸੇ ਸਾਂਤਿ ਨ ਆਈਆ ਬਿਨ ਸਤਗੁਰ ਕੇ ਉਪਦੇਸ ॥
ਸਾਧਿਕ ਸਿਧ ਅਗਿਣਤ ਹੈ ਕੇਤੇ ਲਖ ਅਪਾਰ ॥
ਏਤੜਿਆ ਅਪਵਿਤ੍ਰ ਹੈ ਬਿਨ ਸਤਿਗੁਰ ਸਬਦ ਬੀਚਾਰ ॥
ਸਿਰ ਨਾਥਾ ਕੇ ਏਕ ਨਾਥ ਸਚ ਨਾਮ ਕਰਤਾਰੁ ॥
ਨਾਨਕ ਤਾਕੀ ਕੀਮਤਿ ਨਾ ਪਵੈ ਬੇਅੰਤ ਬੇਸੁਮਾਰ ॥੧॥

(ਇਹ ਸ਼ਬਦ ਭਾਈ ਬੰਨੋ ਵਾਲੀ ਬੀੜ ਦਾ ਹੈ)

ਫੇਰ ਦੂਜੀ ਗੱਲ ਹੈ ਕਿ ਜਿਸ ਵੀ ਦੇਵੀ ਦੇਵਤੇ ਦੀ ਉਪਾਸ਼ਨਾ ਕੀਤੀ ਜਾਵੇ ਆਪਣੀ ਰਚਨਾ ਦੇ ਆਦਿ ਵਿੱਚ ਉਸੇ ਹੀ ਇਸ਼ਟ ਦੇਵ ਦਾ ਮੰਗਲ ਕਰੀਦਾ ਹੈ। ਪਰ ਦਸਮ ਪਾਤਿਸ਼ਾਹ ਜੀ ਮਹਾਰਾਜ ਨੇ ਆਪਣੀ ਰਚਨਾ ਵਿੱਚ ਦੇਵੀ ਦਾ ਕਿਤੇ ਵੀ ਮੰਗਲ ਨਹੀਂ ਕੀਤਾ ਦੇਖੀਦਾ। ਦੇਖੋ ਗਯਾਨੀ ਗਯਾਨ ਸਿੰਘ ਜੀ ਰਚਿਤ ਪੰਥ ਪ੍ਰਕਾਸ:

ਚੌਪਈ: ਸੁਤ ਅਕਾਲ ਈਸ੍ਵਰ ਸਖਿਆਤੈ। ਧਰ ਪਰ ਪ੍ਰਗਟੇ ਗੁਰੂ ਬਖਯਾਤੈ।
ਬਿਨ ਅਕਾਲ ਉਨ ਕੋਊ ਔਰ। ਇਸਟ ਨ ਵਰਨਯੇ ਕਾਹੂੰ ਠੌਰ।
ਕੈ ਸ਼ਸਤ੍ਰ ਮਾਨੇ ਹਿਤ ਜੰਗ। ਕਰ ਕਰ ਨਮੋ ਰਖੇ ਅੰਗ ਸੰਗ।
ਤਾਂ ਤੇ ਦੇਵੀ ਇਸਟ ਨ ਗੁਰ ਕਾ। ਮਾਨੋ ਦਿਢਿ ਭ੍ਰਮ ਤਜ ਕੈ ਉਰ ਕਾ।
ਜੋ ਗੁਰ ਕੋ ਦੇਵੀ ਕਾ ਭਗਤ। ਭਾਖਤ ਹੈ ਸੋ ਮਹਾਂ ਕਵੱਖਤ।
ਜੋ ਕੈ ਹੈ ਪੂਜੀ ਹਿਤ ਅਰਥ। ਸੋ ਤੋ ਕਰ ਹੈ ਅਤੀ ਅਨਰਥ।
ਕਿਉਂਕੇ ਗੁਰ ਸਮਰਥ ਨਹਿ ਚੀਨ। ਕਹਿਨਾ ਇਹੋ ਪਾਪ ਹੈ ਪੀਨ।
ਜੇ ਸਤਿਗੁਰੂ ਅਰਾਧੀ ਦੇਵੀ। ਭਏ ਜੀਵ ਤਬ ਸੋ ਭੀ ਏਵੀ।
ਜੋ ਸਤਿਗੁਰੂ ਕੋ ਮਾਨੈ ਜੀਵ। ਲੋਕ ਪ੍ਰਲੋਕ ਤਿਸੈ ਦੁਖ ਥੀਵ।
ਮੈ ਅਕਾਲ ਸੁਤ ਜੋ ਗੁਰ ਭਾਖਾ। ਸੋ ਜਿਨ ਮੂਢਨ ਝੂਠਾ ਲਾਖਾ।
ਤਬ ਉਨ ਕੀ ਕਬ ਹੋਇ ਕਲਯਾਨ। ਭੋਗੈਂਗੇ ਵੈ ਨਰਕ ਕਿਤਾਨ।
ਜਬ ਗੁਰ ਸੁਤ ਅਕਾਲ ਕਾ ਸਹੀ। ਤਬ ਦੇਵੀ ਉਨ ਮਾਨੀ ਨਹੀ।

ਔਰ ਬਾਤ ਇੱਕ ਤੁਮ ਨ ਵਿਚਾਰੀ। ਇਸ਼ਟ ਅਰਾਧਨ ਚਾਰ ਪ੍ਰਕਾਰੀ।
ਭਗਤੀ ਕੋ ਭੀ ਦਰਜੈ ਚਾਰੋਂ। ਹੈ ਸੋ ਮੈਂ ਅਬ ਤੁਮੈਂ ਦਿਖਾਰੋਂ।
ਸ੍ਵਾਮੀ ਦਾਸ ਭਾਵ ਇੱਕ ਆਹਿ। ਪਿਤਾ ਪੁੱਤ੍ਰ ਕਾ ਦੁਤੀ ਕਹਾਰਿ।
ਪਤੀ ਇਸਤ੍ਰੀ ਕੋ ਲਖ ਤੀਜੋ। ਚੌਥਾ ਯਾਰ ਭਾਵ ਗੁਨ ਲੀਜੋ।
ਏਕ ਅਕਾਲ ਪੁਰਖ ਕੇ ਮਾਹੇ। ਚਾਰੋਂ ਹੀ ਗੁਰ ਦਸਮ ਨਿਬਾਹੇ।

ਦੋਹਿਰਾ: ਠਾਢ ਭਯੋ ਮੈਂ ਜੋਰ ਕਰ ਬਚਨ ਕਹਾ ਸਿਰ ਨਿਆਇ।
ਇਸ ਮੈਂ ਸ੍ਵਾਮੀ ਦਾਸ ਕਾ ਦਰਜਾ ਦਯੋ ਦਿਖਾਇ।

ਚੌਪਈ: ਮੈਂ ਅਪਨਾ ਸੁਤ ਤੋਹਿ ਨਿਵਾਜ਼ਾ। ਪਿਤਾ ਪੁੱਤ੍ਰ ਇਹੁ ਲਖੋ ਦਰਾਜਾ।
ਦ੍ਵੈ ਤੇ ਏਕ ਰੂਪ ਹੁਇ ਗਏ। ਤੀਆ ਪਤੀ ਇਹ ਬਚਨ ਦਿਖਏ।
ਸਾਨੂੰ ਸੱਥਰ ਯਾਰ ਦਾ ਚੰਗਾ। ਯਾਰ ਭਾਵ ਇਹੁ ਰਾਖਯੋ ਅੰਗਾ।
ਇਕ ਅਕਾਲ ਮੈਂ ਚਾਰੋਂ ਭਾਵ। ਗੁਰੁ ਬਚਨੋ ਸੈ ਸਹੀ ਲਖਾਵ।
ਤਯੋਂ ਭਗਤੀ ਕੇ ਦਰਜੇ ਚਾਰੇ। ਦੇਵੀ ਮੈਂ ਗੁਰ ਨਹੀਂ ਉਚਾਰੇ।
ਦੇਵੀ ਦੇ ਜੇ ਇਸ਼ਟ ਮਾਨਤੇ। ਤੌ ਦਰਜੇ ਇਹੁ ਭੀ ਬਖਾਨਤੇ।
ਤਾਂਤੇ ਇਸ਼ਟ ਨ ਗੁਰ ਕਾ ਦੇਵੀ। ਨਾਹਿ ਅਰਾਧਿ ਨਾਹਿ ਲਖੇਵੀ।
ਦੂਸਰੀ ਰੀਤਿ ਔਰ ਇੱਕ ਸੁਨੀਏ। ਦੁਰਗਾ ਇਸ਼ਟ ਨ ਗੁਰ ਕਾ ਗੁਨੀਏ।
ਕਯੋਂਕਿ ਇਸ਼ਟ ਹੋਤ ਜੋ ਜਾਹੂੰ। ਕਾਜ ਅਰੰਭ ਕਾਲ ਮੈਂ ਤਾਹੂੰ।
ਬਿਘਨ ਬਿਨਾਸਨ ਹੇਤ ਧਿਆਵਤ। ਮੰਗਲ ਚਾਰ ਤਾਹਿੰ ਕਾ ਗਾਵਤ।
ਔਰ ਸੌਂਹ ਤਿਸ ਹੀ ਕੀ ਖੈ ਹੈ। ਮੰਨਤ ਕਰ ਭੇਟਾ ਤਿਹ ਦੈ ਹੈ।
ਗੁਰੂ ਉਚਾਰੀ ਜੇਤਕ ਬਾਨੀ। ਨਾਹਿ ਮਨਾਈ ਕਿਤੈ ਭਵਾਨੀ।
ਮੰਗਲ ਚਾਰ ਉਚਾਰਯੋ ਜਹਾਂ। ਪੁਰਖ ਅਕਾਲ ਧਿਆਯੋ ਤਹਾਂ।
ਕੈ ਸ਼ਸਤ੍ਰ ਕੋ ਰੂਪ ਅਕਾਲ। ਸਮਝ ਵਰਨਿਓਂ ਇਸ਼ਟ ਬਿਸਾਲ।
ਦੇਵੀ ਇਸ਼ਟ ਨ ਮਾਨੀ ਕਹੀ। ਖਾਈ ਸੌਂਹ ਨ ਕੜਾਈ ਦਈ।
ਤਾਂਤੇ ਇਸ਼ਨ ਨਾ ਗੁਰ ਕਾ ਦੇਵੀ। ਸਾਬਤ ਹੋਤ ਨਹੀਂ ਬਿਧਿ ਕੇਵੀ।
ਚੰਡੀ ਚਰਿਤ੍ਰ ਚੰਡੀ ਵਾਰ। ਜੋਉ ਗੁਰੂ ਨੇ ਕਰੀ ਉਚਾਰ।
ਸੋ ਜੈਸੇ ਔਰਨ ਕੇ ਜੰਗ। ਵਰਨੇ ਗੁਰੂ ਅਨੇਕੈ ਢੰਗ।
ਤੈਸੇ ਦੇਵੀ ਕੇ ਜੰਗ ਵਰਨੇ। ਸਿੱਖਨ ਮਾਂਹਿ ਬੀਰ ਰਸ ਭਰਨੇ।
ਹੇਤ ਜੁੱਧ ਬਹੁ ਭਾਂਤ ਉਚਾਰੇ। ਜਿਨ ਕੋ ਪੜ੍ਹ ਸੁਣ ਸਿੰਘ ਅਪਾਰੇ।
ਜੋਧੇ ਭਏ ਤੁਰਕ ਗਨ ਮਾਰੇ। ਰਾਜ ਤੇਜ਼ ਅਪਨੇ ਬਿਸਥਾਰੇ।

ਦੋਹਿਰਾ: ਦੇਵੀ ਇਸ਼ਟ ਨ ਗੁਰੂ ਕਾ, ਬਨਤ ਕਿਸੇ ਪਰਕਾਰ। ਪੂਜੀ ਮਾਨੀ ਨ ਕਬੀ, ਕਿਸੀ ਗੁਰੂ ਨੇ ਢਾਰ।
ਗੁਰੂ ਘਰ ਮਾਂਹਿ ਉਪਾਸ਼ਨਾ, ਇੱਕ ਅਕਾਲ ਕੀ ਆਹਿ। ਮਾਨਤ ਪੂਜਤ ਤਿਸੀ ਕੋ, ਰਹੇ ਦਸੋ ਗੁਰੁ ਚਾਹਿ।

(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ ਛਾਪੇਵਾਲਾ)

ਸੰਤ ਜੀ ਮਹਾਰਾਜ ਦੀ ਪਾਵਨ ਰਸਨਾ ਤੋਂ ਇਤਿਹਾਸਕ ਹਵਾਲੇ ਨਾਲ ਸਹੀ ਉੱਤਰ ਸੁਣ ਕੇ ਮਹਾਰਾਣੀ ਬੜੀ ਪ੍ਰਸੰਨ ਹੋਈ। ਚਰਨਾਂ ਤੇ ਸਿਰ ਰੱਖ ਕੇ ਅਰਜ਼ ਕੀਤੀ, "ਮਹਾਰਾਜ! ਅੱਜ ਮੇਰਾ ਮਨ ਪੂਰਨ ਸੰਤੁਸ਼ਟ ਹੋਇਆ ਹੈ।" ਤਦੇ ਹੀ ਹਜ਼ੂਰ ਨੇ ਕਥਨ ਕੀਤਾ ਹੈ:

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥

(ਗਉੜੀ ਸੁਖਮਨੀ ਮਃ ੫ - ੨੭੨)

ਜੋ ਬਚਨ ਕਿਸੇ ਵੀ ਗ੍ਰੰਥ ਸ਼ਾਸਤ੍ਰ 'ਚੋਂ ਨਾ ਮਿਲ ਸਕੇ ਉਹ ਮਹਾਂਪੁਰਸ਼ਾਂ ਦੀ ਰਸਨਾਂ ਤੋਂ ਪ੍ਰਾਪਤ ਹੁੰਦਾ ਹੈ। ਉਸ ਤੋਂ ਬਾਅਦ ਆਪ ਜੀ ਆਪਣੇ ਧਰਮ ਵਿੱਚ ਪੱਕਿਆਂ ਰਹਿਣ ਤੇ ਮਨੁੱਖਾ ਜਨਮ ਦੀ ਸਫ਼ਲਤਾ ਲਈ ਉਪਦੇਸ਼ ਬਖ਼ਸ਼ ਕੇ ਵਾਪਸ ਆ ਗਏ। ਆਪ ਜੀ ਨੇ ਨਕੋਦਰ ਸ਼ਹਿਰ ਸ. ਮੋਹਨ ਸਿੰਘ ਮਿਸਤਰੀ ਦੇ ਘਰ ਭੀ ਚਰਨ ਪਾਏ। ਚੱਕ ਕਲਾਂ ਤੇ ਜੰਡਿਆਲੇ ਵੀ ਦੀਵਾਨ ਕੀਤੇ।

ਥੋੜ੍ਹੇ ਥੋੜ੍ਹੇ ਸਮੇਂ ਪਿਛੋਂ ਗੁਰ- ਚਰਨਾਂ ਵਿੱਚ ਆਉਣ ਵਾਲੇ ਪ੍ਰੇਮੀ

੧) ਹਜ਼ੂਰ ਦਾ ਪਾਵਨ ਜਸ ਸੁਣ ਕੇ ਜੀਵਨ ਦੀ ਸਫ਼ਲਤਾ ਲਈ ੧੯੩੯ ਈ. ਵਿੱਚ ਨੱਥੂਮਾਜਰੇ ਪਿੰਡ ਤੋਂ ਭਾਈ ਤਿਰਲੋਕ ਸਿੰਘ ਜੀ ਕਰਮਸਰ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋਇਆ। ਘੋੜਿਆਂ ਦੇ ਸੇਵਾ ਕਰਦਾ ਰਿਹਾਂ ਲੰਗਰ ਵਿੱਚ ਰਿਹਾ।

੨) ਕੁੱਝ ਕੁ ਸਮੇਂ ਮਗਰੋਂ ਡਲੇਵਾਲ ਪਿੰਡ ਜ਼ਿਲ੍ਹਾ ਜਲੰਧਰ ਤੋਂ ਭਾਈ ਨਿਰੰਜਨ ਸਿੰਘ ਜੀ ਦੁਆਬੀਆ ਆਇਆ। ਪਿੰਡਾਂ ਤੇ ਸ਼ਹਿਰਾਂ ਦੇ ਪ੍ਰੋਗਰਾਮਾਂ ਸਮੇਂ ਸੰਤ ਜੀ ਮਹਾਰਾਜ ਦੇ ਨਾਲ ਲਾਊਡ ਸਪੀਕਰ ਲਗਾਉਣ ਦੀ ਸੇਵਾ ਕਰਦੇ ਸਨ। ਭਾਈ ਭਜਨ ਸਿੰਘ ਭੀ ਘੋੜਿਆਂ ਤੇ ਰਿਹਾ।

੩) ਰੁੜਕੇ ਪਿੰਡ ਤੋਂ ਮਹਿੰਦਰ ਸਿੰਘ ਪਟਵਾਰੀ ਇਹ ਵੀ ਪਹਿਲਾਂ ਪਹਿਲਾਂ ਬਾਗ਼ ਵਿੱਚ ਸੇਵਾ ਕਰਦੇ ਰਹੇ, ਮੋਨ ਵੀ ਕੀਤਾ। ਧਭਲਾਨ ਅਸਥਾਨ ਤੇ ਜਥੇਦਾਰ ਵੀ ਰਹੇ ਹਨ।

੪) ਭਾਈ ਪ੍ਰੇਮ ਸਿੰਘ ਜੀ ਘਣਗਸ, ਪਹਿਲਾਂ ਕਈ ਸਾਲ ਗੁਰੂ ਕੇ ਲੰਗਰ ਵਿੱਚ ਸੇਵਾ ਕਰਦੇ ਰਹੇ। ਫੇਰ ਖੂਹ ਜੋੜਨ ਲਈ ਬੋਤੀ ਤੇ ਡਿਊਟੀ ਰਹੀ। ੧੯੫੩ ਤੋਂ ੧੯੬੭ ਤੱਕ ਧਭਲਾਨ ਅਸਥਾਨ ਦੀ ਸਾਰੀ ਰਚਨਾ ਇਨ੍ਹਾਂ ਦੇ ਹੱਥੀਂ ਹੋਈ! ਅੱਜ ਕੱਲ੍ਹ ਧਭਲਾਨ ਖੇਤੀ ਦੀ ਸੇਵਾ ਦੇ ਜਥੇਦਾਰ ਹਨ।

੫) ਦੁਬੁਰਜੀ ਪਿੰਡ ਤੋਂ ਭਾਈ ਕਪੂਰ ਸਿੰਘ ਵੀ ਪਹਿਲਾਂ ਕਈ ਸਾਲ ਲੰਗਰ ਵਿੱਚ ਸੇਵਾ ਕਰਦੇ ਰਹੇ। ਮੋਨੀਆਂ ਨਾਲ ਮਿਲ ਕੇ ਮੋਨ ਵੀ ਕੀਤਾ।

੬) ਇਨ੍ਹਾਂ ਦੇ ਨਾਲ ਹੀ ਦੁਬੁਰਜੀ ਪਿੰਡ ਦੇ ਭਾਈ ਭਾਨ ਸਿੰਘ (ਭਗਤ ਜੀ) ਆਏ ਸਨ। ਪਹਿਲਾਂ ਜਥੇਦਾਰ ਸੰਤੋਖ ਸਿੰਘ (ਸੁਆਮੀ) ਜੀ ਦੀ ਸੇਵਾ ਵਿੱਚ ਰਹੇ। ਉਨ੍ਹਾਂ ਕੋਲੋਂ ਹੀ ਸੰਥਾ ਦਾ ਪਾਠ ਕੀਤਾ। ਕਈ ਸਾਲ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਰਹੇ। ਸਾਰੇ ਪ੍ਰੇਮੀਆਂ ਨੂੰ ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਕਰਵਾਇਆ। ਬੜਾ ਉਦਾਰ ਚਿੱਤ ਗੁਰਮੁਖ ਸੁਭਾਉ ਸੀ।

੭) ਈਸੜੂ ਪਿੰਡ ਦਾ ਭਾਈ ਜੀਊਣ ਸਿੰਘ ਜੋ ਲੰਗਰ ਵਿੱਚ ਚੁੱਲ੍ਹਾ ਝੋਕਣ ਦੀ ਸੇਵਾ ਕਰਦੇ ਰਹੇ। ਫੇਰ ਲੰਗਰ ਦੇ ਇੰਚਾਰਜ ਹੋ ਗਏ।

੮) ਘਣਗਸ ਪਿੰਡ ਦਾ ਭਾਈ ਗੁਰਨਾਮ ਸਿੰਘ ਵੀ ਬਚਪਨ ਤੋਂ ਸੇਵਾ ਵਿੱਚ ਆਇਆ। ਭਗਤ ਜੀ ਦੀ ਨਿਗਰਾਨੀ ਹੇਠਾਂ ਪੋਥੀਆਂ ਸਮੇਤ ਸੰਥਾ ਨਾਲ ਪਾਠ ਕੀਤਾ। ਬਾਅਦ ਵਿੱਚ ਕਈ ਸਾਲ ਗ੍ਰੰਥੀ ਦੀ ਡਿਊਟੀ ਕੀਤੀ।

੯) ਭਾਈ ਬਚਨ ਸਿੰਘ ਰਾਗੀ: ਜ਼ਿਲ੍ਹਾ ਲੁਧਿਆਣਾ ਵਿੱਚ ਪਖੋਵਾਲ ਦੇ ਕੋਲ ਨੰਗਲ ਕਲਾਂ ਦਾ ਵੀਰ ਸਿੰਘ ਮਿਸਤ੍ਰੀ ਸ਼ੁਰੂ ਤੋਂ ਹੀ ਆਸਤਕ ਖ਼ਿਆਲੀ ਤੇ ਸੰਤ ਸੇਵੀ ਸੀ। ਅੰਮ੍ਰਿਤ ਪਾਨ ਕਰ ਲਿਆ। ਨਾਮ ਦੀ ਦਾਤ ਪ੍ਰਾਪਤ ਕੀਤੀ। ਘਰ ਵਿੱਚ ਹਜ਼ੂਰ ਦੇ ਚਰਨ ਪਵਾਏ, ਅਖੰਡ ਪਾਠ ਕਰਵਾਇਆ। ਜਿੱਥੇ ਹੱਥੀਂ ਸੇਵਾ ਕੀਤੀ, ਮਾਇਆ ਤੇ ਬਸਤਰ ਦਿੱਤੇ, ਨਾਲ ਹੀ ਸਭ ਤੋਂ ਵੱਡਾ ਇਹ ਦਾਨ ਕੀਤਾ ਕਿ ਆਪਣੇ ਪੁੱਤਰ ਬਚਨ ਸਿੰਘ ਦੀ ਅਰਦਾਸ ਕਰਵਾ ਦਿੱਤੀ। ਉਸ ਸਮੇਂ ਇਹ ਤੇਰਾਂ ਸਾਲਾਂ ਦਾ ਸਤਵੀਂ ਜਮਾਤ ਵਿੱਚ ਪੜ੍ਹਦਾ ਸੀ। ਉਸ ਤੋਂ ਬਾਅਦ ਇਨ੍ਹਾਂ ਨੇ ਕਾਫ਼ੀ ਸਮਾਂ ਅਸਥਾਨ ਦੀ ਸੇਵਾ ਕੀਤੀ। ਸੰਥਾ ਨਾਲ ਪਾਠ ਤੇ ਸਾਜ ਵੀ ਏਥੇ ਹੀ ਸਿਖੇ। ਹੁਣ ਜਿਆਨ ਅਸਥਾਨ ਦੇ ਸੇਵਾਦਾਰ ਹਨ।

੧੦) ਭਾਈ ਤੇਜਾ ਸਿੰਘ ਸ੍ਰੀਮਾਨ: ਇਸੇ ਤਰ੍ਹਾਂ ਪੋਹੀੜ ਪਿੰਡ ਦੇ ਭਾਈ ਤੇਜਾ ਸਿੰਘ (ਸ੍ਰੀਮਾਨ) ਜੀ ੧੯੪੭ ਦੇ ਅਖ਼ੀਰ ਵਿੱਚ ਪੱਕੇ ਹੀ ਰਹਿਣ ਲੱਗ ਪਏ। ਪਹਿਲਾਂ ਵੀ ਸੰਗਤ ਨਾਲ ਪਿੰਡੋਂ ਆਉਂਦੇ ਸਨ ਪਰ ਦਰਸ਼ਨ ਕਰ ਕੇ ਦੀਵਾਨ ਸੁਣ ਕੇ ਮੁੜ ਜਾਂਦੇ ਸਨ। ਲੰਗਰ ਦੀ ਸੇਵਾ ਤੇ ਰਹੇ। ਲੰਗਰ ਵਿੱਚ ਸੇਵਾ ਕੀਤੀ। ਫੇਰ ਦੋ ਸਾਲ ਆਪ ਇਸ (ਸ੍ਰੀਮਾਨ ਦੀ) ਡਿਊਟੀ ਨੂੰ ਕੀਤਾ। ਉਪਰੰਤ ਸੰਤ ਜੀ ਮਹਾਰਾਜ ਨਾਲ ਦੌਰੇ ਸਮੇਂ ਬਾਹਰ ਪਿੰਡਾਂ ਤੇ ਸ਼ਹਿਰ ਵਿੱਚ ਜਾਂਦੇ ਰਹੇ। ਲੰਗਰ ਭੀ ਤਿਆਰ ਕਰਦੇ ਰਹੇ। ਅੱਜ ਕੱਲ੍ਹ ਕਈ ਸਾਲਾਂ ਤੋਂ ਹਜ਼ੂਰ ਦੇ ਭੋਰੇ ਦੀ ਸੇਵਾ ਕਰਦੇ ਹਨ ਅਤੇ ਅਸਥਾਨ ਦੇ ਮੁਖੀ ਪ੍ਰਬੰਧਕ ਹਨ। (ਵਿਸਥਾਰ ਵਿੱਚ ਜੀਵਨ ਅੱਗੇ ਆਵੇਗਾ)

੧੧) ਭਾਈ ਭਾਗ ਸਿੰਘ ਕਰਤਾਰਪੁਰ ਵਾਲੇ ਨੇ ਮੋਨੀ ਸਿੰਘਾਂ ਨਾਲ ਮੋਨ ਵੀ ਕੀਤਾ । ਇਹ ਵੀ ਸੰਤ ਜੀ ਮਹਾਰਾਜ ਨਾਲ ਅਫਰੀਕਾ ਗਏ ਸਨ। ਕਲਕੱਤੇ ਅਤੇ ਲਖਨਊ ਵੀ ਨਾਲ ਰਹੇ।

੧੨) ਗੁੱਜਰਵਾਲ ਤੋਂ ਬਾਬਾ ਰਾਮ ਸਿੰਘ ਮਿਸਤ੍ਰੀ ਸੰਤ ਜੀ ਮਹਾਰਾਜ ਦਾ ਬੜਾ ਪ੍ਰੇਮੀ ਸੀ। ਇਹ ਛੋਟੇ ਸੰਤਾਂ ਦੀ ਆਗਿਆ ਨਾਲ ਪਿੰਡਾਂ 'ਚ ਖ਼ਾਸ ਖ਼ਾਸ ਪ੍ਰੇਮੀਆਂ ਘਰੀਂ ਖ਼ੁਸ਼ੀ ਗ਼ਮੀ ਦੇ ਸਮੇਂ ਸਹਿਜ ਪਾਠ ਕਰਨ ਦੀ ਸੇਵਾ ਕਰਿਆ ਕਰਦਾ ਸੀ। ਅਖੰਡ ਪਾਠ ਸਮੇਂ ਵੀ ਇਸ ਦੀ ਡਿਊਟੀ ਲਾ ਦਿੰਦੇ। ਪਾਠ ਬੜਾ ਤੇਜ਼ ਤੇ ਸ਼ੁੱਧ ਸੀ। ਸੰਗਤ

ਨੇ ਪਿਆਰ ਨਾਲ ਬਾਬਾ ਅਖੰਡਪਾਠੀ ਨਾਮ ਰੱਖ ਲਿਆ। ਇਨ੍ਹਾਂ ਨੇ ਜ਼ਿੰਦਗ਼ੀ ਦਾ ਕਾਫ਼ੀ ਹਿੱਸਾ ਗੁਰੂ ਘਰ ਦੀ ਸੇਵਾ ਵਿੱਚ ਬਤੀਤ ਕੀਤਾ। ਅਖ਼ੀਰ ਸਮੇਂ ੨੧-੧੨-੧੯੬੪ ਈ. ਰਾਤ ਦੇ ਇੱਕ ਵਜੇ ਸੌਖੇ ਸਵਾਸੀਂ ਧਭਲਾਨ ਡੇਰੇ ਗੁਰਪੁਰੀ ਪਿਆਨਾ ਕਰ ਗਏ।

੧੩) ਇਸੇ ਤਰ੍ਹਾਂ ਭੀਖੀ ਪਿੰਡ ਦਾ ਬਾਬਾ ਭਗਵਾਨ ਸਿੰਘ ਲੱਸੀ ਵਾਲਾ, ਬਾਬਾ ਕੇਹਰ ਸਿੰਘ ਤੇ ਮੀਮਸੇ ਪਿੰਡ ਦਾ ਨੱਥਾ ਸਿੰਘ ਵੀ ਕਈ ਸਾਲ ਸੇਵਾ ਕਰਦੇ ਹੋਏ ਏਸੇ ਜਗ੍ਹਾ ਗੁਰਪੁਰੀ ਨੂੰ ਗਏ। ਭਾਈ ਮੋਤਾ ਸਿੰਘ ਬਾਗ਼ ਵਿੱਚ ਫੁਲਵਾੜੀ ਤੇ ਸੇਵਾ ਕਰਦਾ ਰਿਹਾ।

੧੪) ਭਾਈ ਸਾਧੂ ਸਿੰਘ ਜੀ: ਪਿੰਡ ਸੇਹ ਤੋਂ (ਜੋ ਖੰਨੇ ਪਾਸ ਹੈ) ਭਾਈ ਸਾਧੂ ਸਿੰਘ ਵੀ ਇਸੇ ਸਾਲ ਹੀ ੧੯੪੫ ਈ. ਨੂੰ ਗੁਰ ਚਰਨਾਂ ਵਿਖੇ ਪੁੱਜਾ, ਕਈ ਸਾਲ ਲੰਗਰ ਦੀ ਸੇਵਾ ਕੀਤੀ। ਬਾਅਦ ਵਿੱਚ ਖੁੱਲ੍ਹੀ ਡਿਊਟੀ ਤੇ ਰਹੇ। ਫੇਰ ਕੁੱਝ ਸਮਾਂ ਸ਼ਹਿਰਾਂ 'ਚੋਂ ਲੰਗਰ ਦਾ ਰਾਸ਼ਨ ਤੇ ਇਮਾਰਤੀ ਸਮਾਨ ਲਿਆਉਣ ਦੀ ਸੇਵਾ ਕਰਦੇ ਰਹੇ।

੧੫) ਗਿਆਨੀ ਉਜਾਗਰ ਸਿੰਘ: ਰੁੜਕੇ ਪਿੰਡ ਤੋਂ ਗਿ. ਉਜਾਗਰ ਸਿੰਘ (ਜੋ ਉਸ ਸਮੇਂ ਤੇਰਾਂ ਸਾਲਾਂ ਦੇ ਸਨ ਅਤੇ ਸੱਤਵੀਂ ਜਮਾਤ ਵਿੱਚ ਘਵੱਦੀ ਪੜ੍ਹਦੇ ਸਨ) ਚੌਥੀ ਜਮਾਤ ਵਿੱਚ ਹੀ ਡੇਹਲੋਂ ਪੜ੍ਹਨ ਸਮੇਂ ਸਿਰ ਵਿੱਚ ਦਰਦ ਠਹਿਰ ਗਿਆ। ਬੜੇ ਇਲਾਜ ਕਰਵਾਏ ਪਰ ਫ਼ਰਕ ਨਾ ਪਿਆ। ਅਖ਼ੀਰ ਨੂੰ ਇਨ੍ਹਾਂ ਦੇ ਪਿਤਾ ਸ. ਫੁਮਣ ਸਿੰਘ ਨੇ ਰੁੜਕੇ ਪਿੰਡ ਗਿਆਂ ਆਪਣੇ ਘਰ ਵਿੱਚ ਚਰਨ ਪਵਾਏ ਤੇ ਬੱਚੇ ਨੂੰ ਸੰਤ ਜੀ ਮਹਾਰਾਜ ਦੇ ਚਰਨੀਂ ਪਾ ਕੇ ਬੇਨਤੀ ਕੀਤੀ, "ਮਹਾਰਾਜ! ਕ੍ਰਿਪਾ ਕਰੋ ਇਸ ਦੇ ਸਿਰ ਦਾ ਦਰਦ ਨਹੀਂ ਹਟਦਾ।" ਆਪ ਜੀ ਨੇ ਸਹਿਜੇ ਹੀ ਬਚਨ ਕੀਤਾ, "ਚੰਗਾ! ਕਰਮਸਰ ਆ ਕੇ ਗੁਰੂ ਕੇ ਲੰਗਰ ਦੀ ਸੇਵਾ ਕਰੇ, ਠੀਕ ਹੋ ਜਾਵੇਗਾ।" ਮਾਰਚ ੧੯੪੩ ਨੂੰ ਕਰਮਸਰ ਆ ਗਏ। ਅਸਥਾਨ ਦੀ ਚਾਰ ਦੀਵਾਰੀ ਦੇ ਅੰਦਰ ਪ੍ਰਵੇਸ਼ ਹੁੰਦਿਆਂ ਹੀ ਸਿਰ ਦਾ ਦਰਦ ਬੰਦ ਹੋ ਗਿਆ। ਫੇਰ ਤਾਂ ਬੜੇ ਉਤਸ਼ਾਹ ਨਾਲ ਪੰਜ ਸਾਲ ਗੁਰੂ ਕੇ ਲੰਗਰ ਦੀ ਸੇਵਾ ਕੀਤੀ। ਸਕੂਲ ਦਾ ਕਾਰੋਬਾਰ ਵੱਧ ਜਾਣ ਕਰ ਕੇ ਛੋਟੇ ਸੰਤ ਜੀ ਮਹਾਰਾਜ ਦੇ ਹਜ਼ੂਰੀਏ ਸੇਵਾਦਾਰ ਪੰਜ ਸਾਲ ਰਹੇ ਸ਼ਾਮ ਨੂੰ ਗੁਰ ਇਤਿਹਾਸ ਦੀ ਕਥਾ ਵੀ ਕਰਦੇ ਰਹੇ। ਖੇਤੀ ਦੇ ਜਥੇਦਾਰ ਭੀ ਰਹੇ।

੧੬) ਭਾਈ ਜਸਵੰਤ ਸਿੰਘ: ਕੂਲੀ ਪਿੰਡ ਦਾ ਭਾਈ ਜਸਵੰਤ ਸਿੰਘ ਵੀ ਏਸੇ ਸਾਲ ਹੀ ਕਰਮਸਰ ਆਇਆ, ਕਈ ਸਾਲ ਗੁਰੂ ਕੇ ਲੰਗਰ ਦੀ ਸੇਵਾ ਅਤੇ ਸੰਤ ਜੀ ਮਹਾਰਾਜ ਦੇ ਅਸਵਾਰੀ ਵਾਲੇ ਖ਼ਾਸ ਘੋੜਿਆਂ ਦੀ ਡਿਊਟੀ ਕਰਦੇ ਰਹੇ। ਵੈਦ ਗੁਰਦਿਆਲ ਸਿੰਘ ਭਗਵਾਨ ਜੀ ਦੇ ਪਾਸ ਭੁੱਟੇ ਪਿੰਡ ਰਹਿੰਦੇ ਹਨ।

੧੭) ਦਾਸ (ਲੇਖਕ) ਨੂੰ ਵੀ ੧੯੪੫ ਈ. ਦੀ ੧੦ ਜੂਨ ਨੂੰ ਇਸ ਪਾਵਨ ਧਰਤੀ ਦੇ ਪਹਿਲੀ ਵਾਰ ਦਰਸ਼ਨ ਹੋਏ ਸਨ।

ਵਿਦਿਅਕ ਉਸਾਰੀ

ਲਲਤੋਂ ਪਿੰਡ ਦਾ ਸ. ਕਰਮ ਸਿੰਘ ਪੁਲੀਸ ਕਪਤਾਨ (ਜੋ ਬਾਅਦ ਵਿੱਚ ਪੰਜਾਬ ਦਾ ਆਈ. ਜੀ. ਹੋ ਕੇ ਰੀਟਾਇਰ ਹੋਇਆ) ਇਸ ਦੇ ਕਟਾਹਰੀ ਪਿੰਡ ਨਾਨਕੇ ਸਨ। ਸੌ ਵਿਘਾ ਜ਼ਮੀਨ ਨਾਨਕੇ ਘਰੋਂ ਮਿਲੀ ਸੀ, ਜਿਸ ਕਰ ਕੇ ਇਸ ਨੇ ਆਪਣੇ ਪ੍ਰਵਾਰ ਸਮੇਤ ਰਿਹਾਇਸ਼ ਵੀ ਏਥੇ ਕਟਾਹਰੀ ਹੀ ਰੱਖ ਲਈ ਸੀ। ਉਸ ਨੇ ਜਦੋਂ ਵੀ ਆਪਣੇ ਪਿੰਡ ਛੁੱਟੀ ਆਉਣਾ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਨਾ ਅਤੇ ਇਲਾਕੇ ਦੀ ਸੰਗਤ ਨੂੰ ਵੀ ਪ੍ਰੇਰਨਾ ਕਿ ਤੁਹਾਡੇ ਨਜ਼ਦੀਕ ਕੋਈ ਮਿਡਲ ਜਾਂ ਹਾਈ ਸਕੂਲ ਨਹੀਂ। ਇਸ ਵਾਸਤੇ ਤੁਸੀਂ ਉੱਦਮ ਕਰੋ। ਨਹੀਂ ਤਾਂ ਤੁਹਾਡੇ ਬੱਚੇ ਅਨਪੜ੍ਹ ਰਹਿ ਜਾਣਗੇ ਅਤੇ ਚੱਲ ਕੇ ਸੰਤ ਜੀ ਨੂੰ ਬੇਨਤੀ ਕਰੋ। ਇਉਂ ਉਸ ਨੇ ੧੯੪੪ ਈ. ਦੇ ਆਦਿ ਵਿੱਚ ਇਲਾਕੇ ਦੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਪ੍ਰੇਰਿਆ। ਕਟਾਹਰੀ ਤੇ ਘਣਗਸ ਆਦਿ ਨਗਰਾਂ ਤੋਂ ਉਗਰਾਹੀ ਵੀ ਲਈ ਜੋ ਬਾਰਾਂ ਕੁ ਸੌ ਰੁਪਏ ਦੇ ਕਰੀਬ ਹੋ ਗਈ। ਸਾਰੇ ਇਲਾਕੇ ਦੇ ਮੁਖੀ ਪੰਜਾਹ ਸੱਠ ਆਦਮੀ ਹਜ਼ੂਰ ਦੇ ਚਰਨਾਂ ਵਿੱਚ ਕਰਮਸਰ ਹਾਜ਼ਰ ਹੋਏ। ਦੋਵੇਂ ਵਿਅਕਤੀਆਂ ਦੇ ਦੀਦਾਰ ਕੀਤੇ। ਨਮਸ਼ਕਾਰ ਕਰਨ ਉਪਰੰਤ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਜਿਵੇਂ ਆਪ ਨੇ ਇਹ ਰੂਹਾਨੀ ਗੁਰਮਤ ਵਿੱਦਿਆਲਾ ਚਾਲੂ ਕੀਤਾ ਹੈ, ਹਰ ਸਮੇਂ ਭਜਨ ਸਿਮਰਨ ਦਾ ਪ੍ਰਵਾਹ ਜਾਰੀ ਕੀਤਾ ਅਤੇ ਗੁਰੂ ਕਾ ਅਤੁੱਟ ਲੰਗਰ ਚਲਦਾ ਹੈ, ਇਸੇ ਤਰ੍ਹਾਂ ਕ੍ਰਿਪਾ ਕਰ ਕੇ ਇਸ ਇਲਾਕੇ ਵਿੱਚ ਦਸਵੀਂ ਦਾ ਸਕੂਲ ਵੀ ਬਣਾ ਦਿਉ। ਕਿਉਂਕਿ ਇਸ ਜਗ੍ਹਾ ਨੇੜੇ ਤੇੜੇ ਕੋਈ ਦਸਵੀਂ ਜਮਾਤ ਦਾ ਸਕੂਲ ਨਹੀਂ ਹੈ। ਸਾਡੇ ਬੱਚਿਆਂ ਨੂੰ ਬੜਾ ਸੁੱਖ ਤੇ ਸਹੂਲਤ ਹੋ ਜਾਵੇਗੀ। ਦਿਨੇ ਦਿਨੇ ਸਕੂਲ ਵਿੱਚ ਪੜ੍ਹ ਕੇ ਸ਼ਾਮ ਨੂੰ ਘਰ ਪੁੱਜ ਜਾਇਆ ਕਰਨਗੇ। ਸ਼ਹਿਰ ਵਿੱਚ ਰਹਿਣ ਦੇ ਖ਼ਰਚ ਤੇ ਖੇਚਲ ਤੋਂ ਬਚੇ ਰਹਿਣਗੇ। ਜਿਵੇਂ ਸਾਡੇ ਪੁੰਨਾਂ ਦੇ ਪ੍ਰੇਰਿਆਂ ਗੁਰਮਤ ਦੇ ਪ੍ਰਚਾਰ ਦੁਆਰਾ ਇਸ ਇਲਾਕੇ ਨੂੰ ਪ੍ਰਲੋਕ ਦੀ ਸੂਝ ਬੂਝ ਦਰਸਾਈ ਹੈ, ਇਸੇ ਤਰ੍ਹਾਂ ਇਸ ਅਨਪੜ੍ਹ ਇਲਾਕੇ ਨੂੰ ਵਿੱਦਯਾ ਦਾ ਦਾਨ ਬਖ਼ਸ਼ਸ਼ ਕੇ ਕ੍ਰਿਤਾਰਥ ਕਰੋ।"

ਜਦੋਂ ਇਹ ਪ੍ਰੇਮੀ ਆਪਣੀ ਬੇਨਤੀ ਕਰ ਚੁੱਕੇ ਤਾਂ ਸੰਤ ਜੀ ਮਹਾਰਾਜ ਬੋਲੇ, "ਬਈ! ਸਾਡਾ ਤਾਂ ਪਹਿਲਾਂ ਹੀ

ਰੂਹਾਨੀ ਕਾਲਜ ਚੱਲ ਰਿਹਾ ਹੈ। ਹਰ ਸਮੇਂ ਭਾਉ ਭਗਤੀ ਤੇ ਸੇਵਾ ਸਿਮਰਨ ਅਮਲੀ ਉਪਦੇਸ਼ ਕਰਦੇ ਹਾਂ। ਗੁਰੂ ਕਾ ਲੰਗਰ ਚੱਲਦਾ ਹੈ। ਹੋਰ ਸਾਡੇ ਪਾਸੋਂ ਇਹ ਮਨ ਦੇ ਖਿੰਡਾਓ ਵਾਲਾ ਵਾਧੂ ਭਾਰ ਨਹੀਂ ਚੁੱਕਿਆ ਜਾਂਦਾ। ਤੁਸੀਂ ਇਲਾਕੇ ਦੇ ਮੁਖੀ ਇਕੱਠੇ ਹੋ ਕੇ ਇਸ ਕੰਮ ਦਾ ਆਪ ਉੱਦਮ ਕਰੋ। ਹਾਂ! ਜਿਤਨੀ ਕਹੋ ਤੁਹਾਨੂੰ ਮਾਇਆ ਦੀ ਮਦਦ ਮਿਲ ਸਕਦੀ ਹੈ। ਪਰ ਇਹ ਖੇਚਲ ਵਾਲਾ ਕੰਮ ਹੋਣਾ ਮੁਸ਼ਕਲ ਹੈ। ਉਨ੍ਹਾਂ ਨੇ ਫੇਰ ਅਰਜ਼ ਕੀਤੀ ਮਹਾਰਾਜ! ਪੇਂਡੂ ਲੋਕਾਂ ਦਾ ਆਪਸ ਵਿੱਚ ਇਤਫਾਕ ਨਹੀਂ ਹੁੰਦਾ। ਇੱਕ ਦੂਜੇ ਤੇ ਭਰੋਸਾ ਵੀ ਘਟ ਕਰਦੇ ਹਨ। ਫੇਰ, ਹਰ ਇੱਕ ਆਗੂ ਬਣਨਾ ਚਾਹੁੰਦਾ ਹੈ। ਪਿੱਛੇ ਰਹਿ ਕੇ ਸੇਵਾ ਕਰਨੀ ਕੋਈ ਵੀ ਪਸੰਦ ਨਹੀਂ ਕਰਦਾ। ਮਾਇਆ ਵੀ ਵੱਡੇ ਵੱਡਿਆਂ ਨੂੰ ਭੁਲਾ ਦਿੰਦੀ ਹੈ। ਭਾਵੇਂ ਚੰਗਾ ਕੰਮ ਵੀ ਹੋਵੇ, ਫੇਰ ਵੀ ਆਪਣੀਆਂ ਦੁਸ਼ਮਣੀਆਂ ਕੱਢਣ ਵਾਸਤੇ ਇੱਕ ਦੂਜੇ ਤੇ ਨਜਾਇਜ਼ ਤੇ ਝੂਠੀਆਂ ਤੁਹਮਤਾਂ ਲਾਈ ਜਾਂਦੇ ਹਨ। ਜੇਕਰ ਆਪ ਸਾਡੀ ਬੇਨਤੀ ਪ੍ਰਵਾਨ ਕਰ ਕੇ ਅੱਗੇ ਨਹੀਂ ਲੱਗਦੇ ਤਾਂ ਫੇਰ ਸਾਡੀ ਮਾਇਆ ਤਾਂ ਸੰਭਾਲ ਰੱਖੋ। ਅਸੀਂ ਇਲਾਕੇ ਦੇ ਪਿੰਡਾਂ 'ਚੋਂ ਉਗਰਾਹੀ ਕਰ ਕੇ ਤੁਹਾਡੇ ਪਾਸ ਜਮਾਂ ਕਰਵਾ ਜਾਇਆ ਕਰਾਂਗੇ। ਲੋੜ ਪਈ ਤਾਂ ਲੈ ਜਾਇਆ ਕਰਾਂਗੇ।"

ਸੰਤ ਜੀ ਮਹਾਰਾਜ ਬੜੇ ਹੱਸੇ ਅਤੇ ਉੱਤਰ ਦਿੱਤਾ, "ਬਈ! ਇਹ ਕਲਰਕੀ ਦਾ ਕੰਮ ਤਾਂ ਬਹੁਤ ਹੀ ਔਖਾ ਹੈ। ਕਦੇ ਤੁਹਾਡੀ ਮਾਇਆ ਜਮ੍ਹਾ ਕਰਨੀ, ਕਦੇ ਤੁਹਾਨੂੰ ਕੱਢ ਕੇ ਦੇਣੀ, ਹਰ ਸਮੇਂ ਚਿੰਤਾ, ਫਿਰ ਲਿਖਾ ਪੜ੍ਹੀ। ਫੇਰ ਇਹ ਕੰਮ ਤਾਂ ਸਾਡੇ ਆਉਣ ਜਾਣ ਵਿੱਚ ਪ੍ਰਤਿਬੰਧਕ ਹੋ ਜਾਵੇਗਾ। ਸਾਡੇ ਬਾਹਰਲੇ ਦੀਵਾਨਾਂ ਦਾ ਪ੍ਰੋਗਰਾਮ ਵੀ ਰੁਕ ਜਾਵੇਗਾ। ਕਿਤੇ ਜਾ ਆ ਨਹੀਂ ਸਕਾਂਗੇ, ਇਹ ਸੇਵਾ ਵੀ ਸਾਥੋਂ ਹੋਣੀ ਮੁਸ਼ਕਲ ਹੈ।" ਫੇਰ ਉਸ ਸਮੇਂ ਇਨ੍ਹਾਂ ਪ੍ਰੇਮੀਆਂ ਨੇ ਛੋਟੇ ਮਹਾਰਾਜ ਜੀ ਪਾਸ ਬੇਨਤੀ ਕੀਤੀ, "ਹਜ਼ੂਰ! ਆਪ ਹੀ ਸਾਡੇ ਤੇ ਕ੍ਰਿਪਾ ਕਰੋ ਅਤੇ ਸਿਰਫ ਸਾਡੀ ਮਾਇਆ ਦੀ ਸੰਭਾਲ ਕਰੀ ਰੱਖੋ।" ਪਹਿਲਾਂ ਤਾਂ ਛੋਟੇ ਸੰਤ ਜੀ ਮਹਾਰਾਜ ਕਾਫ਼ੀ ਸਮਾਂ ਚੁੱਪ ਰਹੇ ਪਰ ਫੇਰ ਆਖਿਆ ਕਿ ਅਸੀਂ ਤੁਹਾਡੀ ਮਾਇਆ ਤੁਹਾਡੇ ਹੱਥੀਂ ਬੈਂਕ ਵਿੱਚ ਜ਼ੁਮਾਂ ਕਰਵਾ ਦਿੰਦੇ ਹਾਂ। ਜਦੋਂ ਵੀ ਤੁਹਾਨੂੰ ਲੋੜ ਪਵੇ ਉਥੋਂ ਕਢਵਾ ਸਕਦੇ ਹੋ। ਸੰਤ ਜੀ ਮਹਾਰਾਜ ਦਾ ਇਹ ਬਚਨ ਸਾਰੇ ਪ੍ਰੇਮੀਆਂ ਨੇ ਮੰਨ ਲਿਆ। ਦੂਸਰੇ ਦਿਨ ਸ. ਕਰਮ ਸਿੰਘ ਤੇ ਕੁੱਝ ਕੁ ਹੋਰ ਮੁਖੀਆਂ ਨੂੰ ਨਾਲ ਲੈ ਕੇ ਸੰਤ ਜੀ ਨੇ ਦੋਰਾਹਾ ਮੰਡੀ ਪਟਿਆਲੇ ਸਟੇਟ ਬੈਂਕ ਵਿੱਚ ਬਾਰਾਂ ਸੌ ਰੁਪਿਆ ਜਮ੍ਹਾ ਕਰਵਾ ਕੇ ਸਕੂਲ ਦੇ ਨਾਮ ਹਿਸਾਬ ਖੋਲ ਦਿੱਤਾ। ਫੇਰ ਇਨ੍ਹਾਂ ਨੇ ਸਕੂਲ ਦੇ ਇਸ਼ਤਿਹਾਰ ਛਾਪ ਕੇ ਪਿੰਡਾਂ ਵਿੱਚ ਵੰਡੇ। ਬਣਾਈ ਹੋਈ ਕਮੇਟੀ ਦੇ ਬੰਦੇ ਉਗਰਾਹੀ ਨੂੰ ਜਾਂਦੇ, ਪਰ ਪੇਂਡੂ ਲੋਕ ਉਨ੍ਹਾਂ ਦੀ ਕੋਈ ਗੱਲ ਨਾ ਸੁਣਦੇ। ਨਾ ਸਕੂਲ ਵਾਸਤੇ ਪੈਸੇ ਦਿੰਦੇ, ਨਾ ਜਲ ਪਾਣੀ ਹੀ ਪੁੱਛਦੇ, ਬਲਕਿ ਛਪੇ ਹੋਏ ਇਸ਼ਤਿਹਾਰ ਜੋ ਕੰਧਾਂ ਤੇ ਲਾਏ ਹੁੰਦੇ ਉਹ ਪਾੜ ਦਿੰਦੇ। ਇਸ ਤਰ੍ਹਾਂ ਇਹ ਕਾਫ਼ੀ ਚਿਰ ਪਿੰਡਾਂ ਵਿੱਚ ਘੁੰਮਦੇ ਘਮਾਉਂਦੇ ਰਹੇ ਪਰ ਸਫ਼ਲਤਾ ਪ੍ਰਾਪਤ ਨਾ ਹੋਈ। ਅਖ਼ੀਰ ਨੂੰ ਸਾਰੀ ਪੰਚਾਇਤ ਤੇ ਸਕੂਲ ਦੀ ਕਮੇਟੀ ਦੇ ਬਣੇ ਹੋਏ ਮੈਂਬਰ ਇਕੱਠੇ ਹੋ ਕੇ ਛੋਟੇ ਸੰਤ ਜੀ ਮਹਾਰਾਜ ਪਾਸ ਕਰਮਸਰ ਆਏ ਤੇ ਭਾਵਨਾ ਨਾਲ ਮੱਥਾ ਟੇਕਿਆ। ਉਪਰੰਤ ਪਾਸ ਬੈਠ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਸਾਡੀ ਤਾਂ ਕੋਈ ਸੁਣਦਾ ਹੀ ਨਹੀਂ। ਨਾ ਸਕੂਲ ਵਾਸਤੇ ਉਗਰਾਹੀ ਦਿੰਦੇ ਹਨ, ਨਾ ਕੋਈ ਸਤਿਕਾਰ ਪੂਰਬਕ ਬੋਲਦਾ ਹੀ ਹੈ। ਹੁਣ ਆਪ ਕੋਈ ਜੁਗਤੀ ਦੱਸੋ।" ਉਸ ਸਮੇਂ ਸੰਤ ਜੀ ਮਹਾਰਾਜ ਚੁੱਪ ਕਰ ਕੇ ਸੋਚਣ ਲੱਗ ਪਏ। 'ਸੋਚ ਬਿਮੋਚਨ ਸੋਚਨ ਲਾਗੇ' ਕਿ ਹੁਣ ਜੇਕਰ ਜ਼ਿੰਮੇਵਾਰੀ ਦੀ ਭਾਰੀ ਪੰਡ ਅਸੀਂ ਚੁੱਕਦੇ ਤਾਂ ਬੜੀ ਮੁਸ਼ਕਲ ਗੱਲ ਹੈ ਕਿਉਂ ਕਿ ਸਾਡੇ ਪਾਸ ਤਾਂ ਪਹਿਲਾਂ ਹੀ ਗੁਰੂ ਕੇ ਲੰਗਰ ਤੇ ਅਸਥਾਨ ਦੀ ਬੇਅੰਤ ਜ਼ਿੰਮੇਵਾਰੀ ਹੈ। ਜੇਕਰ ਇਨ੍ਹਾਂ ਦੀ ਬੇਨਤੀ ਨਹੀਂ ਮੰਨਦੇ ਫੇਰ ਇਹ ਉਦਾਸ ਹੋ ਜਾਣਗੇ ਅਤੇ ਹਜ਼ੂਰ ਦਾ ਪਾਵਨ ਬਚਨ ਹੈ:

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ (ਗਉੜੀ ਸੁਖਮਨੀ ਮਃ ੫ - ੨੭੩)

ਮਹਾਂਪੁਰਸ਼ਾਂ ਦਾ ਸਰੀਰ ਹੀ ਪਰਉਪਕਾਰ ਵਾਸਤੇ ਹੁੰਦਾ ਹੈ, ਭਾਵੇਂ ਆਪਣੇ ਆਪ ਤੇ ਕਿਤਨਾ ਵੀ ਕਸ਼ਟ ਆ ਬਣੇ, ਫੇਰ ਵੀ ਹਰ ਇੱਕ ਪ੍ਰਾਣੀ ਦਾ ਭਲਾ ਚਾਹੁੰਦੇ ਹਨ:

ਸੰਤ ਸੁਖੀ ਪਰ ਹਿਤ ਵਿਖੇ ਸਠ ਪਰ ਬਿਪਤਾ ਚੈਨ। (ਸਾਰਕੁਤਾਵਲੀ)

ਇਸ ਪ੍ਰਕਾਰ ਕਾਫ਼ੀ ਚਿਰ ਵਿਚਾਰਾਂ ਕਰਦੇ ਰਹੇ। ਉਸ ਸਮੇਂ ਨਿਰੰਕਾਰ ਵਲੋਂ ਅੰਗਮੀ ਇਸ਼ਾਰਾ ਹੋਇਆ, ਸੰਤ ਜੀ! ਕਿਉਂ ਸੋਚਾਂ ਵਿੱਚ ਪਏ ਹੋ, ਇਹ ਤਾਂ ਸਾਰੀ ਜ਼ਿੰਮੇਵਾਰੀ ਤੁਹਾਨੂੰ ਦੋਹਾਂ ਮਹਾਂਪੁਰਸ਼ਾਂ ਨੂੰ ਹੀ ਨਿਭਾਉਣੀ ਪਵੇਗੀ। ਬੱਸ! ਫੇਰ ਕੀ ਸੀ, ਨੇਤਰ ਕਮਲ ਖੋਲ੍ਹੇ ਅਤੇ ਉਨ੍ਹਾਂ ਬੇਨਤੀ ਕਰਨ ਵਾਲੇ ਆਏ ਸੱਜਣਾਂ ਨੂੰ ਮੁਸਕਰਾ ਕੇ ਆਖਿਆ, "ਚੰਗਾ ਬਈ! ਤੁਹਾਡੇ ਨਾਲ ਕੱਲ੍ਹ ਅਸੀ ਚੱਲਾਂਗੇ। ਜੇਕਰ ਉਨ੍ਹਾਂ ਲੋਕਾਂ ਨੇ ਸਾਡੀ ਹੀ ਬੇਨਤੀ ਮੰਨ ਲਈ ਤਾਂ ਤੁਹਾਡੇ ਸਕੂਲ ਵਾਸਤੇ ਅਸੀਂ ਉਗਰਾਹੀ ਕਰਾ ਦੇਵਾਂਗੇ।" ਹਜ਼ੂਰ ਦਾ ਇਹ ਬਚਨ ਸੁਣ ਕੇ ਸਾਰਿਆਂ ਦੇ ਮੁਰਝਾਏ ਚੇਹਰੇ ਖੇੜੇ ਵਿੱਚ ਆ ਗਏ। ਬੁੱਲ੍ਹਾਂ ਤੇ ਮੁਸਕਰਾਹਟ ਤੇ ਨੇਤਰ ਖੁਸ਼ੀ ਵਿੱਚ ਚਮਕ ਉੱਠੇ। ਸੰਤ ਜੀ ਮਹਾਰਾਜ ਨੂੰ ਨਮਸ਼ਕਾਰ ਕਰ ਕੇ ਆਪਣੇ ਘਰਾਂ ਨੂੰ ਵਾਪਸ ਆ ਗਏ। ਦੂਸਰੇ ਦਿਨ ਫੇਰ ਸਵੱਖਤੇ ਹੀ ਕਰਮਸਰ ਪੁੱਜੇ। ਗੁਰੂ ਦਰਬਾਰ ਵਿੱਚ ਤੇ ਮਹਾਂਪੁਰਸ਼ਾਂ ਨੂੰ ਮੱਥਾ ਟੇਕਿਆ ਅਤੇ

ਅਰਜ਼ ਕੀਤੀ, "ਚੱਲੋ ਮਹਾਰਾਜ! ਕਰੋ ਸਾਡੇ ਤੇ ਕ੍ਰਿਪਾ।" ਸੰਤ ਜੀ ਮਹਾਰਾਜ ਨੇ ਉਸ ਸਮੇਂ ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਕੇ ਕੁੱਝ ਕੁ ਸਥਾਨਕ ਸੇਵਾਦਾਰ ਨਾਲ ਲਏ। ਆਪ ਘੋੜੀ ਤੇ ਅਸਵਾਰ ਹੋ ਕੇ ਇਨ੍ਹਾਂ ਪ੍ਰੇਮੀਆਂ ਨਾਲ ਚੱਲ ਪਏ। ਸਭ ਤੋਂ ਪਹਿਲਾਂ ਘਲੋਟੀ ਪਿੰਡ ਪੁੱਜੇ। ਸਾਰਾ ਇਲਾਕਾ ਵਾਕਫ਼ ਸੀ। ਸਵੱਖਤਾ ਹੋਣ ਕਰ ਕੇ ਨਗਰ ਨਿਵਾਸੀ ਵੀ ਅਜੇ ਘਰ ਹੀ ਸਨ। ਦਰਸ਼ਨ ਕਰ ਕੇ ਚਾਅ ਚੜ੍ਹ ਗਿਆ। ਪ੍ਰੇਮੀਆਂ ਨੇ ਘਰੀਂ ਲਿਜਾਣ ਅਤੇ ਜਲ-ਪਾਣੀ ਛਕਾਉਣ ਵਾਸਤੇ ਬੇਨਤੀ ਕੀਤੀ। ਪਰ ਆਪ ਜੀ ਦਾ ਉੱਤਰ ਸੀ, "ਕਿਸੇ ਦੇ ਘਰ ਨਹੀਂ ਜਾਣਾ। ਨਗਰ ਦੀ ਸਾਂਝੀ ਥਾਂ ਧਰਮਸਾਲਾਂ ਵਿੱਚ ਮੰਜਾ ਲੈ ਆਓ ਅਤੇ ਪਿੰਡ ਦੇ ਫਲਾਣੇ ਫਲਾਣੇ ਮੁਖੀ ਸੱਜਣ ਸੱਦੇ ਜਾਣ।"

ਹਜ਼ੂਰ ਦਾ ਬਚਨ ਮੰਨ ਕੇ ਧਰਮਸਾਲਾਂ ਵਿੱਚ ਮੰਜਾ ਵਿਛਾ ਦਿੱਤਾ। ਆਪ ਜੀ ਘੋੜੀ ਤੋਂ ਉੱਤਰ ਕੇ ਪਲੰਘ ਤੇ ਸਜ ਗਏ। ਇਤਨੇ ਨੂੰ ਮੁਖੀ ਪ੍ਰੇਮੀਆਂ ਨੇ (ਜਿਨ੍ਹਾਂ ਨੂੰ ਬੁਲਾਇਆ ਗਿਆ ਸੀ) ਭੇਟਾ ਰੱਖ ਕੇ ਨਮਸ਼ਕਾਰ ਕੀਤੀ। ਆਪ ਜੀ ਬੋਲੇ, "ਕਿਉਂ ਬਈ! ਤੁਹਾਡੇ ਇਲਾਕੇ ਵਿੱਚ ਦਸਵੀਂ ਦਾ ਸਕੂਲ ਬਣ ਰਿਹਾ ਹੈ। ਤੁਸੀਂ ਕੁੱਝ ਮਦਦ ਨਹੀਂ ਕਰਦੇ। ਇਸ ਦਾ ਤੁਹਾਨੂੰ ਅਤੇ ਤੁਹਾਡੀ ਉਲਾਦ ਨੂੰ ਬੜਾ ਫਾਇਦਾ ਹੈ। ਆਉਣ ਵਾਲੀਆਂ ਨਸਲਾਂ ਤੇ ਚੰਗਾ ਅਸਰ ਪਵੇਗਾ। ਇਲਾਕੇ 'ਚੋਂ ਅਨਪੜ੍ਹਤਾ ਦੂਰ ਹੋ ਜਾਵੇਗੀ। ਦੇਖੋ! ਚੀਫ ਖ਼ਾਲਸਾ ਦੀਵਾਨ ਦੇ ਉੱਦਮ ਨਾਲ ਸਾਰੇ ਹਿੰਦੁਸਤਾਨ ਵਿੱਚ ਸਿੱਖਾਂ ਦੇ ੩੪ ਕਾਲਜ ਤੇ ਸਾਢੇ ਸੱਤ ਸੌ ਪ੍ਰਾਇਮਰੀ ਤੇ ਹਾਈ ਸਕੂਲ ਚਲਦੇ ਹਨ। ਤਦੇ ਹੀ ਸਾਰੇ ਭਾਰਤ ਵਿੱਚ ਹਿੰਦੂ ਸੌ ਮਗਰ ਸਿਰਫ ਅੱਠ ਪੜ੍ਹੇ ਹਨ। ਮੁਸਲਮਾਨਾਂ ਦੀ ਗਿਣਤੀ ਸੌ ਮਗਰ ਸਾਢੇ ਛੇ ਪੜ੍ਹਿਆਂ ਦੀ ਹੈ, ਪਰ ਸਿੱਖਾਂ ਦਾ ਔਸਤ ਸੌ ਮਗਰ ਬਾਈ ਪੜ੍ਹਿਆਂ ਦੀ ਹੈ। ਏਸੇ ਕਰ ਕੇ ਤੁਹਾਨੂੰ ਵੀ ਇਸ ਵਿੱਦਿਅਕ ਉਸਾਰੀ ਵਿੱਚ ਵੱਧ ਤੋਂ ਵੱਧ ਹਿੱਸਾ ਪਾਉਣਾ ਚਾਹੀਦਾ ਹੈ।"

ਉਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਅਸੀਂ ਤਾਂ ਜਿਵੇਂ ਕਹੋ ਤੁਹਾਡਾ ਬਚਨ ਮੰਨਦੇ ਹਾਂ। ਪਰ ਹੋਰ ਕਈ ਪ੍ਰੇਮੀ ਕਹਿੰਦੇ ਹਨ, ਜੇਕਰ ਇਸ ਕੰਮ ਦਾ ਬੀੜਾ ਸੰਤ ਜੀ ਮਹਾਰਾਜ ਆਪ ਚੁੱਕਣ ਤਾਂ ਅਸੀਂ ਸਾਰੇ ਹੀ ਉਨ੍ਹਾਂ ਦਾ ਪੂਰਾ ਸਾਥ ਦੇਵਾਂਗੇ।" ਹਜ਼ੂਰ ਕਹਿਣ ਲੱਗੇ, "ਹੁਣ ਜਦੋਂ ਅਸੀਂ ਆਪ ਚੱਲ ਕੇ ਤੁਹਾਡੇ ਪਾਸ ਆਏ ਹਾਂ ਤੁਸੀਂ ਸਾਨੂੰ ਹੀ ਅੱਗੇ ਲੱਗਿਆ ਸਮਝੋ। ਜਿਤਨੀ ਕੁ ਹੁਣ ਤੁਸੀਂ ਮੱਦਦ ਕਰਨੀ ਹੈ, ਪਹਿਲਾਂ ਆਪ ਕਰੋ। ਦੂਜਿਆਂ ਨੂੰ ਅਸੀਂ ਫੇਰ ਸਦਾਂਗੇ।" ਇਨ੍ਹਾਂ ਨੇ ਉਸ ਸਮੇਂ ਆਪਣੇ ਘਰਾਂ ਨੂੰ ਜਾ ਕੇ ਇਕੱਲੇ ਇਕੱਲੇ ਨੇ ਇੱਕ ਸੌ ਇੱਕ ਰੁਪਿਆ ਸੰਤ ਜੀ ਮਹਾਰਾਜ ਅੱਗੇ ਲਿਆ ਰੱਖਿਆ ਅਤੇ ਨਾਲ ਇਹ ਵੀ ਅਰਜ਼ ਕੀਤੀ, "ਮਹਾਰਾਜ! ਹੁਣ ਆਪ ਜੀ ਨੇ ਇਸ ਪਿੰਡ ਵਿੱਚ ਕਿਸੇ ਹੋਰ ਨੂੰ ਨਹੀਂ ਆਖਣਾ। ਦੂਜਿਆਂ ਪਾਸੋਂ ਅਸੀਂ ਆਪ ਲੈ ਕੇ ਪੁਚਾਵਾਂਗੇ। ਪਰ ਆਪ ਜੀ ਨੇ ਇਕਾਦਸ਼ੀ ਵਾਲੇ ਦਿਨ ਇੱਕ ਦੋ ਵਾਰੀ ਜ਼ਰੂਰੀ ਦਰਸ਼ਨ ਬਖ਼ਸ਼ਣੇ, ਉਗਰਾਹੀ ਅਸੀਂ ਆਪ ਕਰਾਂਗੇ।"

ਫੇਰ ਹਜ਼ੂਰ ਨੇ ਇਨ੍ਹਾਂ ਦੀ ਭਾਵਨਾ ਪੂਰੀ ਕਰਨ ਵਾਸਤੇ ਜਲ ਪਾਣੀ ਛਕਿਆ ਅਤੇ ਵਾਪਸ ਆ ਗਏ। ਇਉਂ ਇੱਕ ਦੋ ਵਾਰ ਇਕਾਦਸ਼ੀ ਵਾਲੇ ਦਿਨ ਦਰਸ਼ਨ ਬਖ਼ਸ਼ਣ ਕਰ ਕੇ ਇਕੱਲੇ ਘਲੋਟੀ ਪਿੰਡ ਵਿੱਚੋਂ ਛੇ ਹਜ਼ਾਰ ਰੁਪਿਆ ਹੋ ਗਿਆ। ਇਸੇ ਤਰ੍ਹਾਂ ਹੋਰ ਨਗਰਾਂ ਵਿੱਚ ਵੀ ਚਰਨ ਪਾਏ। ਸਭਨਾਂ ਨੇ ਇਸ ਵਿੱਦਿਅਕ ਉਸਾਰੀ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ਜਿਨ੍ਹਾਂ ਵਿੱਚੋਂ ੨੩ ਪਿੰਡਾਂ ਦੀ ਉਗਰਾਹੀ ਆਈ ਜੋ ੧੨ ਲੁਧਿਆਣਾ ਜ਼ਿਲ੍ਹਾ ਤੇ ੧੧ ਪਟਿਆਲਾ ਰਿਆਸਤ ਵਿੱਚੋਂ ਸਨ। ਕਿਸੇ ਪਿੰਡ ਨੇ ਘੱਟ ਤੇ ਕਿਸੇ ਨੇ ਵੱਧ ਹਿੱਸਾ ਪਾਇਆ। ਸਾਰੇ ਪਿੰਡਾਂ ਦੀ ਉਗਰਾਹੀ ਦਾ ਚਾਲੀ ਹਜ਼ਾਰ ਰੁਪਿਆ ਹੋ ਗਿਆ ਜੋ ਸੰਤ ਜੀ ਮਹਾਰਾਜ ਨੇ ਪਟਿਆਲਾ ਸਟੇਟ ਬੈਂਕ ਦੁਰਾਹਾ ਮੰਡੀ ਜਮ੍ਹਾਂ ਕਰਵਾ ਦਿੱਤਾ।

ਸਕੂਲ ਦੀ ਸੇਵਾ ਵਿੱਚ ਹਿੱਸਾ ਪਾਉਣ ਵਾਲੇ ਪਿੰਡਾਂ ਦੇ ਨਾਂ

ਨੋਟ: ਤੇਈ ਪਿੰਡਾਂ ਨੇ ਚਾਲੀ ਹਜ਼ਾਰ ਰੁਪਿਆ ਦਿੱਤਾ, ਗੁਰਦੁਆਰਾ ਕਰਮਸਰ ਵਲੋਂ ਹੋਈ ਸੇਵਾ ਦੀ ਕੋਈ ਗਿਣਤੀ ਨਹੀਂ ਕੀਤੀ।

ਇਤਨੇ ਨੂੰ ਖਟੜੇ ਪਿੰਡ ਦੇ ਪ੍ਰੇਮੀਆਂ (ਜੁ ਸ. ਖਜ਼ਾਨ ਸਿੰਘ ਦੇ ਸਪੁਤ੍ਰ ਸਨ ਸ. ਇੰਦਰ ਸਿੰਘ, ਜਿਨ੍ਹਾਂ ਦੇ ਸਪੁਤ੍ਰ ਸ. ਸੰਪੂਰਨ ਸਿੰਘ ਜੀ ਹਨ ਅਤੇ ਸ. ਚੰਨਣ ਸਿੰਘ ਜਿਨ੍ਹਾਂ ਦਾ ਲੜਕਾ ਸ. ਲਾਭ ਸਿੰਘ ਜੀ ਹੈ ਅਤੇ ਸਭ ਤੋਂ ਛੋਟੇ ਭਰਾ ਸ. ਤਾਰਾ ਸਿੰਘ ਜੀ ਜਿਸ ਦੇ ਅੱਗੇ ਸਿਮਰ ਸਿੰਘ ਤੇ ਸ. ਬਿਜੇ ਸਿੰਘ ਦੋ ਲੜਕੇ ਹਨ। ਜੋ ਕਲਕੱਤੇ ਰਹਿੰਦੇ ਹਨ ਅਤੇ ਇਨਾਂ ਦੀਆਂ ਬੱਸਾਂ ਚਲਦੀਆਂ ਹਨ) ਨੂੰ ਵੀ ਪਤਾ ਲੱਗ ਗਿਆ ਕਿ ਸਾਡੇ ਇਲਾਕੇ ਵਿੱਚ ਸਕੂਲ ਬਣ ਰਿਹਾ ਹੈ। ਉਨ੍ਹਾਂ ਨੇ ਸੰਤ ਮਹਾਰਾਜ ਦੀ ਆਗਿਆ ਤੋਂ ਬਗ਼ੈਰ ਹੀ ਪੰਜ ਸੌ ਰੁਪਿਆ ਹਰੇਕ ਬੱਸ ਨੂੰ ਲਾ ਕੇ ਚਾਲੀ ਹਜ਼ਾਰ ਰੁਪਿਆ ਇਕੱਠਾ ਕਰ ਕੇ ਹਜ਼ੂਰ ਦੇ ਚਰਨਾਂ ਤੇ ਲਿਆ ਰੱਖਿਆ ਅਤੇ ਨਾਲ ਇਹ ਵੀ ਅਰਜ਼ ਕੀਤੀ, "ਮਹਾਰਾਜ ਜੀ ! ਹੁਣ ਆਪ ਜੀ ਨੇ ਹੋਰ ਕਿਸੇ ਨੂੰ ਨਹੀਂ ਆਖਣਾ, ਜਿਤਨੀ ਜ਼ਰੂਰਤ ਹੋਵੇ ਅਸੀਂ ਖੁਦ ਸੇਵਾ ਕਰਾਂਗੇ।" ਸੰਤ ਜੀ ਨੇ ਉੱਤਰ ਦਿੱਤਾ, "ਅਸੀਂ ਸਾਰੇ ਗ਼ਰੀਬ ਅਮੀਰ ਦਾ ਹਿੱਸਾ ਪਵਾ ਕੇ ਸਭਨਾਂ ਦਾ ਭਲਾ ਕਰਨਾ ਹੈ।" ਇਉਂ ਸਕੂਲ ਬਣਨ ਵਿੱਚ ਸਭ ਤੋਂ ਵੱਧ ਮਾਇਆ ਕਲਕੱਤੇ ਨਿਵਾਸੀ ਸਿੰਘਾਂ ਨੇ ਦਿੱਤੀ। ਉਸ ਸਮੇਂ ਇਹ ਵੀ ਪਟਿਆਲਾ ਸਟੇਟ ਬੈਂਕ ਵਿੱਚ ਹੀ ਜਮ੍ਹਾਂ ਕਰਵਾ ਦਿੱਤੀ। ਜਦੋਂ ਅੱਸੀ

ਹਜ਼ਾਰ ਹੋ ਗਿਆ ਫੇਰ ੧੯੪੫ ਦੇ ਅਰੰਭ ਵਿੱਚ ਸਕੂਲ ਚਾਲੂ ਕਰ ਦਿੱਤਾ। ਇਸ ਵਿੱਚ ਸ. ਮੋਹਨ ਸਿੰਘ ਜੀ ਦਿੱਲੀ ਕੋਕਾ ਕੋਲਾ ਵਾਲਿਆਂ ਦੀ ਵੀ ਵਧੇਰੇ ਸੇਵਾ ਹੈ। ਹੋਰ ਵੀ ਦਿੱਲੀ ਦੇ ਪ੍ਰੇਮੀਆਂ ਨੇ (ਜੋ ਏਸ ਇਲਾਕੇ ਦੇ ਉੱਥੇ ਰਹਿੰਦੇ ਹਨ) ਹਿੱਸਾ ਪਾਇਆ। ਲੁਧਿਆਣਾ ਸ਼ਹਿਰ ਤੋਂ ਵੀ ਪ੍ਰੇਮੀਆਂ ਨੇ ਦਾਨ ਕੀਤਾ। ਪਹਿਲਾਂ ਕੁੱਝ ਕੁ ਮਹੀਨੇ ਗੁਰਦੁਆਰਾ ਕਰਮਸਰ ਦੇ ਅੰਦਰ ਰਾੜੇ ਪਿੰਡ ਵਾਲੇ ਪਾਸੇ ਜੋ ਮਾਹਵਾਰੀ ਦੀਵਾਨਾਂ ਵਾਸਤੇ ੮੦ ਫੁੱਟ ਲੰਮਾ ਤੇ ੩੬ ਫੁੱਟ ਚੌੜਾ ਵੱਡਾ ਛੱਪਰ ਬਣਿਆ ਸੀ, ਉਸ ਵਿੱਚ ਪੜ੍ਹਾਈ ਸ਼ੁਰੂ ਕਰ ਦਿੱਤੀ। ਫੇਰ ਕਰਮਸਰ ਤੋਂ ਇੱਕ ਮੀਲ ਦੇ ਫਾਸਲੇ ਪਰ ਨਹਿਰ ਦੇ ਕੰਢੇ ਘਣਗਸਾਂ ਦੀ ਫੱਟਿਆਂ ਵਾਲੀ ਪੁਲੀ ਦੇ ਸਾਹਮਣੇ ਜਿੱਥੇ ਖਟੜਾ ਚੁਹਾਰਮ, ਘਣਗਸ ਤੇ ਭੀਖੀ ਆਦਿ ਕਈ ਪਿੰਡਾਂ ਦੀ ਸਾਂਝੀ ਜ਼ਮੀਨ ਪਈ ਸੀ, ਉਨ੍ਹਾਂ ਨੇ ਸਕੂਲ ਦੇ ਨਾਂ ਅਰਦਾਸ ਕਰਵਾ ਦਿੱਤੀ।

ਵੀਹ ਵਿੱਘੇ ਜ਼ਮੀਨ ਖਟੜੇ ਪਿੰਡ ਦੀ ਸਾਂਝੀ ਸ਼ਾਮਲਾਟ ਸੀ। ਸਾਢੇ ੯ ਵਿੱਘੇ ਘਣਗਸਾਂ ਦੇ ਕਈ ਪ੍ਰੇਮੀਆਂ ਦੀ ਇਸ ਪਾਸੇ ਪਈ ਸੀ। ਪੰਜ ਵਿੱਘੇ ਘਣਗਸਾਂ ਦੇ ਸ. ਸੁਰਜੀਤ ਸਿੰਘ ਨੇ ਅਰਦਾਸ ਕਰਵਾਈ, ਜੋ ਕੁੱਝ ਕੁ ਸਮਾਂ ਸੰਤ ਜੀ ਮਹਾਰਾਜ ਦੀ ਪਹਿਲੀ ਗੱਡੀ ਸਟੇਸ਼ਨ ਵੈਗਨ ਵੀ ਚਲਾਉਂਦਾ ਰਿਹਾ ਸੀ। ਡੇਢ ਵਿੱਘਾ ਕਾਕਾ ਸਿੰਘ, ੧ ਵਿੱਘਾ ਬਿਸ਼ਨ ਸਿੰਘ, ੧ ਵਿੱਘਾ ਨਿਰੰਜਨ ਸਿੰਘ ਤੇ ੧ ਵਿੱਘਾ ਸੇਵਾ ਸਿੰਘ ਨੇ ਦਾਨ ਕੀਤੀ। ਇਸੇ ਤਰ੍ਹਾਂ ੫ ਵਿੱਘੇ ਭੀਖੀ ਪਿੰਡ ਦੇ ਬਾਬਾ ਭਗਵਾਨ ਸਿੰਘ ਲੱਸੀ ਵਾਲੇ ਨੇ ਸਕੂਲ ਨੂੰ ਦਾਨ ਕੀਤੀ। ਬੱਸ ਪਹਿਲਾਂ ਕੁਲ ਇਤਨੀ ਕੁ ਜ਼ਮੀਨ ਸੀ। ਏਥੇ ਕੱਚੀਆਂ ਕੰਧਾਂ ਤੇ ੧੪ ਛੱਪਰ ਪਾ ਕੇ ਕਲਾਸਾਂ ਲੱਗਣ ਵਾਸਤੇ ਕਮਰੇ ਤਿਆਰ ਕਰ ਦਿੱਤੇ। ਇਨ੍ਹਾਂ ਤੋਂ ਇਲਾਵਾ ਇੱਕ ਵੱਡਾ ਕਮਰਾ ਦਫ਼ਤਰ ਲਈ ਤੇ ਇੱਕ ਡਿਸਪੈਂਸਰੀ ਲਈ ਬਣਾਏ। ਬੋਰਡਿੰਗ ਹਾਊਸ, ਲੰਗਰ ਦੇ ਦੋ ਕਮਰੇ, ਦੁਕਾਨ, ਗ਼ੁਸਲਖਾਨਾ, ਪੰਪ ਖੂਹ ਤੇ ਗਰਾਉਂਡ ਤਿਆਰ ਹੋ ਗਿਆ। ੨੨ ਫੁੱਟ ਚੌੜੇ ਅਤੇ ੨੪ ਫੁੱਟ ਲੰਮੇ ਗਿਆਰਾਂ ਕਮਰੇ ਸਨ ਕਲਾਸਾਂ ਲੱਗਣ ਵਾਸਤੇ। ਚਾਲੀ ਚਾਲੀ ਫੁੱਟ ਦੇ ਦੋ ਵੱਡੇ ਕਮਰੇ ਸਨ ਸਾਇੰਸ ਤੇ ਡਰਾਇੰਗ ਲਈ। ਇਹ ਸਾਰੇ ਕਮਰੇ ਅੰਦਰੋਂ ਕਪੜਾ ਲਾ ਕੇ ਛੱਤ ਉੱਪਰ ਰੰਗ ਰੋਗਨ ਕਰ ਕੇ ਪੂਰੇ ਸਜਾਏ ਹੋਏ ਸਨ ਪਰ ਬਾਹਰੋਂ ਸਰਬਾਢ ਲਾ ਕੇ ਛੱਪਰ ਹੀ ਬੰਨੇ ਸਨ।

ਸੰਤ ਜੀ ਮਹਾਰਾਜ ਨੇ ਇਸ ਵਿਖਸ਼ੇਪਤਾ ਵਾਲੇ ਕੰਮ ਤੋਂ ਸੁਤੰਤਰ ਰਹਿਣ ਵਾਸਤੇ ਇਸੇ ਇਲਾਕੇ ਦੇ ਪ੍ਰੇਮੀਆਂ ਦੀ ਕਮੇਟੀ ਬਣਾ ਦਿੱਤੀ। ਜਿਨ੍ਹਾਂ 'ਚੋਂ ੧੦੦ ਰੁਪਿਆ ਸਾਲ ਦਾ ਦੇਣ ਵਾਲੇ ਵੱਡੇ ੨੪ ਮੈਂਬਰ ਸਨ। ਤਿੰਨ ਰੁਪੇ ਸਾਲ ਚੰਦਾ ਦਾ ਦੇਣ ਵਾਲੇ ਛੋਟੇ ੬੦-੭੦ ਮੈਂਬਰ ਸਨ ਪਰ ਇਹ ਸਾਰੇ ਹੌਲੀ ਹੌਲੀ ਪਿੱਛੇ ਹਟ ਗਏ। ਇਲਾਕੇ ਨਿਵਾਸੀ ਸੱਜਣਾਂ ਨੇ ਵੱਡੇ ਸੰਤ ਜੀ ਮਹਾਰਾਜ ਨੂੰ ਸਕੂਲ ਦੇ ਪ੍ਰਧਾਨ ਅਤੇ ਛੋਟਿਆਂ ਨੂੰ ਮੈਨੇਜਰ ਤੇ ਖ਼ਜ਼ਾਨਚੀ ਨੀਅਤ ਕੀਤਾ। ਸਕੂਲ ਦਾ ਨਾਮ 'ਗੁਰੂ ਨਾਨਕ ਖਾਲਸਾ ਹਾਈ ਸਕੂਲ ਕਰਮਸਰ ਖਟੜਾ ਚੁਹਰਾਮ' ਰੱਖਿਆ। ਬਾਰਾਂ ਚੌਦਾਂ ਟੀਚਰਾਂ ਤੋਂ ਇਲਾਵਾ ਗੌਰਮਿੰਟ ਸਕੂਲ ਦਾ ਰੀਟਾਇਰ ਸ. ਨਰਿੰਜਨ ਸਿੰਘ ਨਾਰੰਗਵਾਲ ਦਾ ਹੈੱਡ ਮਾਸਟਰ ਰੱਖ ਲਿਆ। ਇਹ ਬੜਾ ਤਜਰਬੇਕਾਰ ਤੇ ਸਿਆਣਾ ਸੀ।

ਪਹਿਲੇ ਸਾਲ ਤਾਂ ਸਕੂਲ ਸ਼ੁਰੂ ਹੋਣ ਸਮੇਂ ਤਿੰਨ ਕੁ ਸੌ ਲੜਕਾ ਦਾਖਲ ਹੋਇਆ, ਨਤੀਜਾ ਚੰਗਾ ਨਿੱਕਲਣ ਕਰ ਕੇ ਅਗਲੇ ਸਾਲ ਹੋਰ ਵੱਧ ਗਏ। ਇਉਂ ਚਾਰ ਸਾਲਾਂ ਵਿੱਚ ਸੱਤ ਕੁ ਸੌ ਦੇ ਕਰੀਬ ਲੜਕੇ ਪੜ੍ਹਨ ਲੱਗੇ। ਸਕੂਲ ਸਟਾਫ ਵਿੱਚ ਵੀ ਵਾਧਾ ਕਰਨਾ ਪਿਆ। ਹੋਰਨਾਂ ਸਕੂਲਾਂ ਨਾਲੋਂ ਇਸ ਦਾ ਨਤੀਜਾ ਚੰਗਾ ਆਉਂਦਾ ਅਤੇ ਇਸ ਸਕੂਲ ਵਿੱਚ ਸਟਾਫ ਦੀ ਤਨਖਾਹ ਵੀ ਹੋਰਨਾਂ ਸਕੂਲਾਂ ਦੀ ਨਿਸਬਤ ਵੱਧ ਹੁੰਦੀ। ਮਾਸਟਰਾਂ ਨੂੰ ਇਹ ਤਾਕੀਦ ਸੀ ਕਿ ਹੋਰਨਾਂ ਸਕੂਲਾਂ ਨਾਲੋਂ ਤੁਹਾਨੂੰ ਇਸ ਕਰ ਕੇ ਤਨਖਾਹ ਜ਼ਿਆਦਾ ਮਿਲਦੀ ਹੈ ਕਿ ਤੁਸੀਂ ਕਿਸੇ ਬੱਚੇ ਕੋਲੋਂ ਟਿਊਸ਼ਨ ਨਹੀਂ ਲੈ ਸਕਦੇ। ਮਾਸਟਰ ਟਿਊਸ਼ਨ ਦਾ ਲਾਲਚ ਕਰ ਕੇ ਦਿਨੇ ਕਲਾਸ ਵਿੱਚ ਬੱਚਿਆ ਨੂੰ ਘੱਟ ਮਿਹਨਤ ਕਰਵਾਉਂਦੇ ਹਨ ਅਤੇ ਗ਼ਰੀਬ ਘਰ ਦਾ ਮਿਹਨਤੀ ਬੱਚਾ ਟਿਊਸ਼ਨ ਦੇ ਨਹੀਂ ਸਕਦਾ। ਮਾਸਟਰਾਂ ਦੀ ਬੇਪ੍ਰਵਾਹੀ ਨਾਲ ਫਿਰ ਉਹ ਕਮਜ਼ੋਰ ਰਹਿ ਜਾਵੇਗਾ। ਸਕੂਲ ਦਾ ਨਤੀਜਾ ਚੰਗਾ ਨਹੀਂ ਆਉਣਾ। ਤੁਸੀਂ ਦਿਨ ਦੇ ਸਮੇਂ ਹੀ ਬੱਚਿਆਂ ਨੂੰ ਵੱਧ ਤੋਂ ਵੱਧ ਮੇਹਨਤ ਕਰਵਾਓ। ਜੋ ਟੀਚਰ ਅਣਗਹਿਲੀ ਕਰਦਾ ਉਸ ਦੀ ਕਲਾਸ ਦੇ ਬੱਚੇ ਕਮਜ਼ੋਰ ਰਹਿ ਕੇ ਫੇਲ ਹੋ ਜਾਂਦੇ ਹਨ ਤਾਂ ਅਗਲੇ ਸਾਲ ਉਸ ਨੂੰ ਬਦਲ ਦਿੱਤਾ ਜਾਂਦਾ। ਇਸੇ ਕਰ ਕੇ ਅੱਠਵੀਂ ਅਤੇ ਦਸਵੀਂ ਜਮਾਤ ਦਾ ਸਾਲਾਨਾ ਨਤੀਜਾ ਅੱਸੀ ਨੱਬੇ ਫੀਸਦੀ ਤੱਕ ਪੁੱਜ ਜਾਂਦਾ। ਕਦੇ ਇਸ ਤੋਂ ਵੱਧ ਪਚਾਨਵੇਂ ਜਾਂ ਅਠਾਨਵੇਂ ਤੱਕ ਆਉਂਦਾ। ਟੀਚਰਾਂ ਦੀ ਮਿਹਨਤ ਕਰਾਉਣ ਦਾ ਸਦਕਾ ਕਈ ਲੜਕਿਆਂ ਨੇ ਦਸਵੀਂ ਜਮਾਤ ਵਿੱਚ ੬੬੦-੬੬੧-੬੬੯- ੬੭੦ ਨੰਬਰ ਲੈ ਕੇ ਵਜ਼ੀਫੇ ਪ੍ਰਾਪਤ ਕਰ ਕੇ ਸਕੂਲ ਦੇ ਨਾਮ ਨੂੰ ਚਾਰ ਚੰਨ ਲਾਏ।

੧੯੪੫ ਈ. ਤੋਂ ੧੯੪੯ ਈ. ਤੱਕ ਚਾਰ ਸਾਲਾਂ ਦੀਆਂ ਛਪੀਆਂ ਰਪੋਟਾਂ ਦੇਖੀਆਂ। ਇਨ੍ਹਾਂ ਚੌਹਾਂ ਸਾਲਾਂ ਵਿੱਚ ਫੀਸਾਂ ਦੀ ਕੁਲ ਆਮਦਨ ੪੫੮੭੪ ਰੁਪਏ ਆਈ ਅਤੇ ਸਟਾਫ ਦੀਆਂ ਤਨਖਾਹਾਂ ਤੇ ਹੋਰ ਫੁਟਕਲ (ਕਨਟੀਨ) ਖ਼ਰਚਾ ੬੩੮੬੬ ਰੁਪਏ ੮੦ ਪੈਸੇ ਬਣਿਆ। ਇਨ੍ਹਾਂ ਚਾਰ ਸਾਲਾਂ ਵਿੱਚ ਹੋਇਆ ੧੭੯੯੨ ਰੁਪਏ ਦਾ ਘਾਟਾ ਕੁੱਝ ਵਿਦਿਅਕ ਪ੍ਰੇਮੀ ਦਾਨੀ ਸੱਜਣਾਂ ਵਲੋਂ, ਬਾਕੀ ਦਾ ਸਾਰਾ ਸੰਤ ਜੀ ਮਹਾਰਾਜ ਵਲੋਂ ਪੂਰਾ ਕੀਤਾ ਗਿਆ ਅਤੇ ਚਾਰ ਸਾਲਾਂ ਵਿੱਚ ਜਮਾਂ

ਕੀਤੀ ਰਕਮ 'ਚੋਂ ਖ਼ਰਚ ਹੋਈ ਮਾਇਆ:

ਸਕੂਲ ਦਾ ਸਮਾਨ: ਫਰਨੀਚਰ, ਸਾਇੰਸ ਦਾ ਸਮਾਨ ਅਤੇ ਲਾਇਬਰੇਰੀ ਦੀਆਂ ਕਿਤਾਬਾਂ ਤੇ ਖ਼ਰਚ ਹੋਇਆ ੧੦੨੮੬ ਰੁਪਿਆ।

ਸਕੂਲ ਇਮਾਰਤ: ਖੂਹ ਪੰਪ ਤੇ ਗਰਾਉਂਡ ਆਦਿਕ ਦੀ ਤਿਆਰੀ ਵਿੱਚ ੬੮੦੧ ਰੁਪਿਆ ਲੱਗਾ। ਬਿਲਡਿੰਗ ਦਾ ਖ਼ਰਚਾ ੧੪੮੦੧ ਰੁਪਿਆ ਹੋਇਆ। ਬਹੁਤ ਸਾਰੇ ਗ਼ਰੀਬ ਬਚਿਆਂ ਦੀ ਫੀਸ ਮੁਆਫ਼ ਸੀ। ਉਹ ਪ੍ਰਸ਼ਾਦਾ ਵੀ ਗੁਰੂ ਕੇ ਲੰਗਰੋਂ ਕਰਮਸਰ ਹੀ ਛਕਦੇ ਸਨ। ਸਾਰਾ ਸਕੂਲ ਸਟਾਫ ਮਾਸ ਸ਼ਰਾਬ ਤੋਂ ਰਹਿਤ, ਆਸਤਕ ਖ਼ਿਆਲੀ ਤੇ ਗੁਰੂ ਘਰ ਦਾ ਪ੍ਰੇਮੀ ਸੀ।

ਰਾਹੋਂ ਪਿੰਡ ਦੇ (ਜੋ ਡਵੀਜ਼ਨ ਦਾ ਇੰਨਸਪੈਕਟਰ ਸੀ) ਅਬਦੁੱਲ ਹਮੀਦ ਰਾਣੇ ਨੇ ੧੯੪੫ ਈ. ਦੇ ਦਸੰਬਰ ਵਿੱਚ ਆ ਕੇ ਸਕੂਲ ਆਰਜ਼ੀ ਤੌਰ ਤੇ ਮਨਜ਼ੂਰ ਕਰ ਦਿੱਤਾ। ਫੇਰ ੨੦-੧-੧੯੪੯ ਨੂੰ ਪੱਕਾ ਹੀ ਮਨਜ਼ੂਰ ਹੋ ਗਿਆ।

ਇਹ ਭੀ ਇੱਕ ਜਿਸਮਾਨੀ ਤੇ ਰੂਹਾਨੀ ਖ਼ੁਰਾਕ ਅਤੇ ਵਿੱਦਿਅਕ ਉਸਾਰੀ ਦੇ ਦਾਤੇ ਨਰਿੱਛਤ, ਨਿਰਚਾਹ, ਨਿਰਲੋਭ ਤੇ ਆਤਮਕ ਬਲ ਦੀ ਬਰਕਤ ਹੈ। ਫੇਰ ਸਕੂਲ ਤੋਂ ਹਾਇਰ ਸਕੈਂਡਰੀ ਹੋਇਆ, ਇਸ ਦੀ ਇਮਾਰਤ ਪੱਕੀ ਬਣੀ ਤੇ ਕਾਲਜ ਬਣਾ ਕੇ ਗੌਰਮਿੰਟ ਨੂੰ ਦਾਨ ਕਰ ਦਿੱਤਾ।

ਪਿੰਡ ਆਲੋਵਾਲ ਜਾਣਾ

ਆਮ ਕਹਾਵਤ ਹੈ:

ਤੁਸਲੀ ਤਹਾਂ ਨ ਜਾਈਐ, ਜਹਾਂ ਆਪਣਾ ਧਾਮ।
ਗੁਣ ਔਗੁਣ ਜਾਣਤ ਨਹੀਂ, ਲੇਤ ਪੁਰਾਣਾ ਨਾਮ।

ਪਰ ਇਹ ਗੱਲ ਹਰ ਜਗ੍ਹਾ ਨਹੀਂ ਘਟਦੀ। ਦੁਨੀਆਂਦਾਰਾਂ ਵਾਸਤੇ ਠੀਕ ਹੋ ਸਕਦੀ ਹੈ। ਪਰ ਸਤਪੁਰਸ਼ਾਂ ਦਾ ਜਗ੍ਹਾ ਜਗ੍ਹਾ ਤੇ ਮਾਨ ਸਤਿਕਾਰ ਹੁੰਦਾ ਹੈ। ਜੇ ਉਹ ਦੇਵ ਲੋਕ ਵਿੱਚ ਜਾਣ ਤਾਂ ਉੱਥੇ ਵੀ ਸਤਿਕਾਰੇ ਜਾਂਦੇ ਹਨ। ਪਤਾਲ ਲੋਕ ਵਿੱਚ ਆਦਰ ਹੁੰਦਾ ਹੈ। ਮਾਤ ਲੋਕ ਦੀ ਧਰਤੀ ਤੇ ਵੀ ਪੂਜੇ ਜਾਂਦੇ ਹਨ।

ਯਥਾ: ***ਤਿਰਸਕਾਰ ਨਹ ਭਵੰਤਿ ਨਹ ਭਵੰਤਿ ਮਾਨ ਭੰਗਨਹ ॥***
ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖਨਹ ॥ (ਸਹਸਕ੍ਰਿਤੀ ਮਃ ੫ - ੧੩੫੬)

ਪਿੰਡ ਆਲੋਵਾਲ ਤੋਂ ਆਇਆਂ ਆਪ ਜੀ ਨੂੰ ੨੨ ਸਾਲ ਹੋ ਗਏ। ਇਤਨਾ ਸਮਾਂ ਥੋੜ੍ਹਾ ਨਹੀਂ ਹੁਦਾ। ਪੂਰੀ ਸਦੀ ਦਾ ਇੱਕ ਚੌਥਾਈ ਹਿੱਸਾ ਹੈ। ਚੌਦਾਂ ਵਰ੍ਹਿਆਂ ਮਗਰੋਂ ਭਗਵਾਨ ਰਾਮਚੰਦ੍ਰ ਜੀ ਵੀ ਅਯੁੱਧਿਆ ਪੁਰੀ ਵਾਪਸ ਆ ਗਏ ਸਨ। ਜਿਸ ਨਗਰ ਦੀਆਂ ਪਾਵਨ ਗਲੀਆਂ ਨੂੰ ਚਰਨਾਂ ਦੀ ਛੂਹ ਪ੍ਰਾਪਤ ਹੋਈ, ਹਮਜੋਲੀਆਂ ਨਾਲ ਬਾਲ ਲੀਲ੍ਹਾ ਦੇ ਕੌਤਕ ਕੀਤੇ, ਉਹ ਪਵਿਤ੍ਰ ਧਰਤੀ ਅਯੁੱਧਿਆ ਪੁਰੀ ਵਾਂਗ ਮੁੜ ਵਾਪਸ ਆਉਣ ਦੀ ਉਡੀਕ ਕਰ ਰਹੀ ਸੀ। ਸੰਤ ਜੀ ਮਹਾਰਾਜ ਦੇ ਸਤਿਕਾਰ ਯੋਗ ਬਜ਼ੁਰਗ਼ ਬਾਬਾ ਰਾਮ ਸਿੰਘ ਜੀ ਆਪਣੇ ਪਿਆਰੇ ਪੁੱਤਰ ਦੀ ਚੜ੍ਹਦੀ ਕਲਾ ਤੇ ਤੇਜ਼ ਪ੍ਰਤਾਪ ਦੇਖ ਸੁਣ ਕੇ ਜਿਉਂਦੇ ਜੀਅ ਇੱਕ ਵਾਰੀ ਨਗਰ ਵਿੱਚ ਦੀਦਾਰ ਕਰਨਾ ਚਾਹੁੰਦੇ ਸਨ। ਹਜ਼ੂਰ ਦੇ ਲਛਮਣ ਤੇ ਭਰਤ ਸਮਾਨ ਆਗਿਆਕਾਰੀ ਸਕੇ ਤੇ ਚਾਚੇ ਦੇ ਪੁੱਤਰ ਭਰਾ; ਜਿਨ੍ਹਾਂ ਨੂੰ ਇਹ ਬੜਾ ਭਾਰੀ ਮਾਣ ਸੀ ਕਿ ਸਾਡੀਆਂ ਕੁਲਾਂ ਨੂੰ ਤਾਰਨ ਵਾਲਾ ਮਹਾਂਪੁਰਸ਼ ਇਸ ਘਰ ਵਿੱਚ ਪ੍ਰਗਟ ਹੋਇਆ ਹੈ, ਸਕੇ ਭਰਾਵਾਂ 'ਚੋਂ ਸ. ਦੀਵਾਨ ਸਿੰਘ, ਸ. ਸ਼ਮਸ਼ੇਰ ਸਿੰਘ, ਕਾਕਾ ਸਿੰਘ; ਚਾਚੇ ਦੇ ਪੁੱਤਰ ਸ. ਕਰਤਾਰ ਸਿੰਘ, ਸ. ਸਰਵਨ ਸਿੰਘ ਹੋਰ ਨਗਰ ਨਿਵਾਸੀ ਸੰਗਤ ਸਮੇਤ ਕਰਮਸਰ ਆਏ ਤੇ ਪਾਵਨ ਚਰਨਾਂ ਤੇ ਨਮਸ਼ਕਾਰ ਕੀਤੀ। ਉਪਰੰਤ ਨਗਰ ਵਿੱਚ ਚਰਨ ਪਾਉਣ ਵਾਸਤੇ ਅਰਜ਼ ਕੀਤੀ ਤੇ ਬਿਰਧ ਬਜ਼ੁਰਗਾਂ ਦੇ ਮਨ ਦੀ ਸੱਧਰ ਪ੍ਰਗਟ ਕੀਤੀ। ਆਪ ਜੀ ਨੇ ਬੇਨਤੀ ਪ੍ਰਵਾਨ ਕਰ ਲਈ ੧੯੪੬ ਈ. ਦੇ ਚੇਤਰ ਮਹੀਨੇ ਜਥੇ ਦੇ ਸਿੰਘ ਤੇ ਹੋਰ ਸੰਗਤ ਸਮੇਤ ਸਾਲਮ ਬੱਸ ਲੈ ਕੇ (ਜੋ ਜਰਗ ਵਾਲੇ ਸ. ਪ੍ਰੀਤਮ ਸਿੰਘ ਦੀ ਸੀ) ਆਲੋਵਾਲ ਪੁੱਜੇ। ਪਾਵਨ ਧਰਤੀ ਨੂੰ ਚਰਨਾਂ ਦੀ ਛੂਹ ਪ੍ਰਾਪਤ ਹੋਈ। ਸ਼ਰਧਾਲੂ ਹਿਰਦੇ ਆਪਣੇ ਪ੍ਰੀਤਮ ਦੀ ਜਨਮ ਦਾਤੀ ਧਰਤੀ ਦੀ ਮਿੱਟੀ ਨੂੰ ਮਸਤਕ ਤੇ ਲਾਉਂਦੇ। ਉਸ ਦੇ ਜ਼ੱਰਿਆਂ ਦੀ ਖੁਸ਼ਬੂ ਲੈਂਦੇ। ਆਪ ਜੀ ਨੇ ਨਗਰ ਵਿੱਚ ਚਰਨ ਨਹੀਂ ਪਾਏ। ਅਤੀਤ ਸਾਧੂਆਂ ਵਾਂਗ ਬਰੋਟੇ ਹੇਠਾਂ ਬਾਹਰ ਛੱਪੜ ਦੇ ਕੰਢੇ ਹੀ ਤੰਬੂ ਵਿੱਚ ਰਿਹਾਇਸ਼ ਰੱਖੀ। ਵਡਭਾਗੀ ਏਥੇ ਹੀ ਪੁੱਜ ਕੇ ਦੀਦਾਰ ਕਰ ਦੇ। ਪ੍ਰੇਮੀਆਂ ਵਲੋਂ ਘਰ ਵਿੱਚ ਅਖੰਡ ਪਾਠ ਰਖਵਾਇਆ, ਜਿਸ ਦੀ ਤੀਸਰੇ ਦਿਨ ਸਮਾਪਤੀ ਹੋਈ। ਤਿੰਨ ਦਿਨ ਠਹਿਰੇ, ਤਿੰਨ ਦੀਵਾਨ ਕੀਤੇ, ਪਿਤਾ ਜੀ ਬੜੇ ਪ੍ਰਸੰਨ ਹੋਏ। ਭਾਵਰ ਸਾਮ੍ਰਿਤ ਵਿੱਚ ਲਿਖਿਆ ਹੈ।

ਯਥਾ: ਧੰਨ ਭਈ ਤਿਨ ਕੀ ਜਨਨੀ ਕਿਰਤਾਰਥ ਸਾ ਜਗ ਬੇਦਨ ਗਾਈ।
ਕੁਲ ਪਾਵਨ ਤਾਹਿ ਕਰੀ ਸਗਰੀ, ਜਗ ਧੰਨ ਭਏ ਤਿਨ ਮੀਤ ਸਖਾਈ।

ਪਦ ਕੰਜਨ ਯਾਸ ਪੁਨੀਤ ਧਰਾ, ਰਜ ਪਾਵਨ ਤੇ ਜਨ ਪਾਪ ਮਿਟਾਈ।
ਜੇ ਭਵ ਮੰਡਲ ਮਾਹਿ ਭਜੇ, ਖਿਨ ਏਕ ਇਕਾਗਰ ਰਾਮ ਸਹਾਈ।

ਹਮਜਮਾਤੀ ਮਿਲੇ। ਬਿਰਧ ਮਾਤਾਵਾਂ ਤੋਂ ਅਸੀਸਾਂ ਲਈਆਂ। ਕੋਈ ਧੰਨ ਭਾਗ ਸਮਝ ਕੇ ਸ਼ਰਧਾ ਨਾਲ ਮੱਥਾ ਟੇਕਦੀ। ਕੋਈ ਵਸਤਲ ਪਿਆਰ ਨਾਲ ਗਡੂੰਦ ਹੋ ਕੇ ਮਾਣ ਕਰਦੀ, ਸਿਰ ਪਲੋਸਦੀ ਅਤੇ ਆਖਦੀ, "ਧੰਨ ਹੈਂ ਮੇਰੇ ਲਾਲ! ਮਾਤਾ ਰਤਨ ਕੌਰ ਦੇ ਚੰਨਾ! ਜਗ ਜੀਵੇਂ! ਉਸ ਦੀ ਕੁੱਖ ਸਫ਼ਲੀ ਕੀਤੀ ਹੈ। ਅੱਜ ਦਾਦੀ ਆਸ ਕੌਰ ਦੀਆਂ ਆਸਾਂ ਨੂੰ ਫ਼ਲ ਲੱਗਾ ਹੈ। ਨਗਰ ਦਾ ਨਾਮ ਰੋਸ਼ਨ ਕਰ ਦਿੱਤਾ।" ਇਉਂ ਕੀਰਤਨ ਦੁਆਰਾ ਗੁਰਮਤ ਦਾ ਉਪਦੇਸ਼ ਕਰ ਕੇ ਸਭਨਾਂ ਦੇ ਮਨ ਦੀ ਪ੍ਰਸੰਨਤਾ ਲਈ। ਅੰਮ੍ਰਿਤ ਪ੍ਰਚਾਰ ਵੀ ਹੋਇਆ। ਵਡਭਾਗੀ ਪ੍ਰਵਾਰਾਂ ਸਮੇਤ ਗੁਰੂ ਕੇ ਜਹਾਜ਼ੇ ਚੜ੍ਹੇ। ਚੜ੍ਹਾਵੇ ਦੀ ਸਾਰੀ ਮਾਇਆ ਤੇ ਕੋਲੋਂ ਹੋਰ ਪਾ ਕੇ ਸਕੂਲ ਵਾਸਤੇ ਛੱਡ ਆਏ। ਇਉਂ ਜੋਗੀਆਂ ਵਾਂਗ ਫੇਰੀ ਪਾ ਕੇ ਮੁੜ ਕਰਮਸਰ ਵਾਪਸ ਆ ਗਏ। ਧੰਨ ਸੰਤ ਜੀ!

ਈਸ਼ਰ ਸਿੰਘ ਨਾ ਮਿਲਣਗੇ ਸੰਤ ਘਰ ਘਰ

ਬਾਣੀ ਮਿਲੇ ਨਾ ਗੁਰੂ ਗ੍ਰੰਥ ਜੈਸੀ, ਲੱਖਾਂ ਪੜ੍ਹਨ ਨੂੰ ਮਿਲਣ ਗ੍ਰੰਥ ਘਰ ਘਰ।
ਮਨੀ ਸਿੰਘ ਜੀ ਜੈਸਾ ਨਾ ਮਿਲੇ ਗ੍ਰੰਥੀ, ਲੱਖਾਂ ਮਿਲਣਗੇ ਮੋਟੇ ਮਹੰਤ ਘਰ ਘਰ।
ਖਾਲਸ ਖਾਲਸਾ ਨ ਖਾਲਸੇ ਤੱਤ ਜੈਸਾ, ਲੱਖਾਂ ਟੋਲੀਆਂ ਮਿਲਣਗੇ ਪੰਥ ਘਰ ਘਰ।
ਲੱਖਾਂ ਫਿਰਨਗੇ ਟੋਲੇ ਬਿਹੰਗਮਾਂ ਦੇ, ਈਸ਼ਰ ਸਿੰਘ ਨਾ ਮਿਲਣਗੇ ਸੰਤ ਘਰ ਘਰ।

ਜੁਗ-ਗਰਦੀ

ਜਦੋਂ ਰਾਜਿਆਂ ਦੇ ਰਾਜ ਪਲਟਦੇ ਹਨ ਤਾਂ ਦੇਸ਼ ਵਿੱਚ ਹੈਰਾਨ ਕਰਨ ਵਾਲੀ ਤਬਦੀਲੀ ਆਉਂਦੀ ਹੈ। ਹੇਠਲੀ ਉੱਤੇ ਆ ਜਾਂਦੀ ਹੈ। ਵੱਸਦੇ ਉਜੜਦੇ ਅਤੇ ਉਜੜੇ ਵਸਦੇ ਹਨ। ਕਿਸੇ ਦੇ ਸ਼ੀਸ਼ ਮਹਿਲ ਦੀ ਇੱਟ ਨਾਲ ਇੱਟ ਖੜਕਾਈ ਜਾਂਦੀ ਹੈ। ਕਿਤੇ ਸ਼ਾਹੀ ਕਿਲ੍ਹਿਆਂ ਦੇ ਥੈਹ ਬਣ ਜਾਂਦੇ ਹਨ। ਕਿਤੇ ਚੂਨੇ ਗੱਚ ਨਵੀਆਂ ਹਵੇਲੀਆਂ ਉਸਰਦੀਆਂ ਹਨ। ਸਰਦਾਰ ਵਜ਼ੀਰ ਅਤੇ ਬਾਦਸ਼ਾਹ ਕੈਦੀ ਬਣਾ ਕੇ ਫਾਂਸੀ ਉੱਤੇ ਲਟਕਾਏ ਜਾਂਦੇ ਹਨ। ਨਵੇਂ ਹਾਕਮ ਧੜਾ ਬਣਾ ਕੇ ਆਪਣਾ ਰੋਹਬ-ਦਾਬ ਦਿਖਾਉਣ ਲਈ ਪਰਜਾ ਨੂੰ ਸਖ਼ਤੀ ਨਾਲ ਦਬਾਉਂਦੇ ਅਤੇ ਕੁਚਲਦੇ ਹਨ। ਨਵੇਂ ਰਾਜ ਦਾ ਪਲਟਾ ਹੋਣਾਂ ਇੱਕ ਅਣਹੋਣੀ ਦਾ ਤਮਾਸ਼ਾ ਹੈ।

ਸੱਚਮੁਚ ਏਹੋ ਹੀ ਹਾਲਤ ਹਿੰਦੁਸਤਾਨ ਦੀ ਦੇਖਣ ਵਿੱਚ ਆਈ। ਸਦੀਆਂ ਤੋਂ ਗ਼ੁਲਾਮ ਮੁਲਕ ਜਿਸ ਨੂੰ ਸਤਾਰਾਂ ਹੱਲੇ ਕਰ ਕੇ ਮਹਮੂਦ ਗਜ਼ਨਵੀ ਨੇ ਲੁੱਟਿਆ, ਸੋਮਨਾਥ ਤੇ ਭਿਲਸਾ ਵਰਗੇ ਮੰਦਰ; ਜੋ ਅਰਬਾਂ ਰੁਪਿਆਂ ਨਾਲ ਤਿਆਰ ਹੋਏ, ਢਾਹ ਢੇਰੀ ਕਰ ਦਿੱਤੇ। ਅਹਿਮਦ ਸ਼ਾਹ ਅਬਦਾਲੀ ਦੇ ਦਿਲ ਕੰਬਾਊ ਜ਼ੁਲਮ ਤੇ ਹਮਲੇ ਜਦੋਂ ਯਾਦ ਆਉਂਦੇ ਹਨ, ਸਰੀਰ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਜਿਹੜਾ ਵੀ ਮੁਸਲਮਾਨ ਬਾਦਸ਼ਾਹ ਬਾਹਰੋਂ ਆਇਆ, ਉਹੋ ਹੀ ਇਸ ਦੇ ਧਨ ਮਾਲ ਨੂੰ ਹੂੰਝਾ ਫੇਰ ਕੇ ਲੈ ਗਿਆ। ਇਉਂ ਸੱਤ ਸੌ ਸਾਲ ਦੀ ਲੁੱਟ ਨੇ ਇਸ ਸੋਨੇ ਦੀ ਚਿੜੀ ਭਾਰਤ ਵਰਸ਼ ਨੂੰ ਮੁਰਦਸਤਾਨ ਬਣਾ ਦਿੱਤਾ। ਜਿੱਥੇ ਦੌਲਤ ਲੁੱਟੀ, ਉੱਥੇ ਉੱਚ ਕਾਰੀਗਰੀ ਦਾ ਨਮੂਨਾ ਬੁੱਤ ਤੋੜੇ, ਮੰਦਰ ਢਾਹੇ। ਧਾਰਮਿਕ ਪੁਸਤਕਾਂ, ਲਾਇਬਰੇਰੀਆਂ ਫੂਕ ਦਿੱਤੀਆਂ। ਹਾਇ ਮਜ਼ਹਬੀ ਤੁਅੱਸਬ! ਤੇਰਾ ਸਤਿਆਨਾਸ! ਤੂੰ ਕੀ ਕੀ ਅਯੋਗ ਗੱਲਾਂ ਕਰਵਾਉਂਦਾ ਹੈ। ਤੈਂ ਕਿਸ ਤਰ੍ਹਾਂ ਦੇਸ਼ ਦੀ ਤਰੱਕੀ ਵਿੱਚ ਹਮੇਸ਼ਾਂ ਰੋੜਾ ਅਟਕਾਇਆ ਹੈ। ਨਿੱਤ ਦੀਆਂ ਲੁੱਟਾਂ, ਇਲਮੀ ਖ਼ਜ਼ਾਨੇ ਦਾ ਫੂਕਿਆ ਜਾਣਾ, ਮਜ਼ਹਬੀ ਤੁਅੱਸਬ, ਅਸਲੀਅਤ ਤੋਂ ਥੋਥੇ, ਬਹੁਤੇ ਮਜ਼ਹਬ ਜੋ ਇਸ ਦੇਸ਼ ਦੀ ਸਮੁੱਚੀ ਤਰੱਕੀ ਛੱਡ; ਜਿਥੋਂ ਆਏ ਸਨ ਉੱਧਰ ਦੀਆਂ ਖਿੱਚਾਂ ਦੇ ਕਾਰਣ, ਅੱਡੋ-ਅੱਡੀ ਦੇ ਖ਼ਿਆਲ, ਭਿੰਨ ਭਿੰਨ ਕਲਚਰ, ਅੱਡੋ ਅੱਡ ਅਜ਼ਾਦੀ ਦੇ ਨੁਕਤਾ ਨਿਗਾਹ ਨੇ ਦੇਸ਼ ਦੀਆਂ ਵੰਡੀਆਂ ਪਾ ਦਿੱਤੀਆਂ। ਸਮੇਂ ਨੇ ਗੇੜ ਖਾਧਾ। ਹਿੰਦੀਆਂ ਵਿੱਚ ਕੁੱਝ ਨਵੀਨ ਰੋਸ਼ਨੀ ਦੀ ਵਿੱਦਿਆ ਆਈ। ਕਾਂਗਰਸ ਨੇ ਦੇਸ਼ ਅਜ਼ਾਦੀ ਦਾ ਨਾਹਰਾ ਲਾਇਆ। ਸਿੰਘਾਂ ਨੇ ਕੁਰਬਾਨੀਆਂ ਕੀਤੀਆਂ। ਭਾਵੇਂ ਦੇਸ਼ ਦੀਆਂ ਹੋਰ ਜਮਾਤਾਂ ਵੀ ਮੈਦਾਨ ਵਿੱਚ ਆਈਆਂ ਪਰ ਮੁਲਕ ਦੀ ਆਜ਼ਾਦੀ ਵਿੱਚ ਹੋਰ ਕੌਮਾਂ ਨਾਲੋਂ ਸਭ ਤੋਂ ਵੱਧ ਸਿੰਘਾਂ ਦੀ ਕੁਰਬਾਨੀ ਦਾ ਹਿੱਸਾ ਹੈ।

ਜਿਹਾ ਕਿ ਆਜ਼ਾਦੀ ਦੇ ਘੋਲ ਵਿੱਚ ੨੬੮੬ ਸੱਜਣ ਕਾਲੇ ਪਾਣੀ ਨੂੰ ਭੇਜੇ ਗਏ ਜਿਨ੍ਹਾਂ ਵਿੱਚੋਂ ੨੧੮੭ ਨਿਰੋਲ ਸਿੱਖ ਸਨ, ਬਾਕੀ ਹੋਰ ਕੌਮਾਂ ਦੇ ਬੰਦੇ। ਇਹ ਆਜ਼ਾਦੀ ਸਮ੍ਹਾਂ ਦੀ ਲਾਟ ਉੱਪਰੋਂ ਪ੍ਰਵਾਨਿਆਂ ਵਾਂਗ ਜਾਨ ਘੁਮਾਉਣ ਵਾਲੇ ੧੨੧ ਫਾਂਸੀ ਤੇ ਲਟਕਾਏ ਗਏ ਜਿਨ੍ਹਾਂ ਵਿੱਚ ੯੩ ਸਿੱਖ ਸਨ ਬਾਕੀ ੨੮ ਹੋਰ ਕੌਮਾਂ ਦੇ।

ਇਸੇ ਤਰ੍ਹਾਂ ਜ਼ਲ੍ਹਿਆਂ ਵਾਲੇ ਬਾਗ਼ ਵਿੱਚ ਕੁਲ ੧੩੦੦ ਸ਼ਹੀਦ ਕੀਤੇ ਗਏ, ਜਿਨ੍ਹਾਂ ਵਿੱਚੋਂ ੭੩੯ ਨਿਰੋਲ ਸਿੱਖ ਸਨ

ਬਾਕੀ ਹੋਰ ਕੋਮਾਂ ਦੇ।

ਨਾਮਧਾਰੀ ਲਹਿਰ ਵਿੱਚ ਸਾਰੇ ਸਿੱਖ ਹੀ ਤੋਪਾਂ ਅੱਗੇ ਉਡਾਏ ਗਏ ਸਨ।

ਇਸ ਆਜ਼ਾਦੀ ਦੇਵੀ ਦੀ ਪ੍ਰਸੰਨਤਾ ਲਈ ਇਤਨੀ ਬਲੀ ਦੇਣੀ ਪਈ ਤਾਂ ਕਿਤੇ ਰੁਠੀ ਆਜ਼ਾਦੀ ਪ੍ਰਸੰਨ ਹੋਈ ਅਤੇ ਭਾਰਤ ਵਿੱਚ ਸੁਤੰਤਰਤਾ ਦੀ ਕਿਰਣ ਚਮਕੀ। ਕੁੱਝ ਹਿੰਦ ਭਲਿਆਈ ਦੀ ਆਸ ਬੱਝੀ। ਜਦ ਕੁੱਝ ਕੀਤੀ ਮਿਹਨਤ ਦਾ ਫ਼ਲ ਮਿਲਣ ਲੱਗਾ ਤਾਂ ਉਹੀ ਪੁਰਾਣਾ ਦੁਸ਼ਮਣ ਬਹੁ ਮਜ਼ਹਬੀ ਦਾ ਜਿੰਨ, ਫ਼ਿਰਕੇਦਾਰੀ ਦਾ ਭੂਤ ਦਿਮਾਗ਼ ਵਿੱਚ ਆ ਬੈਠਾ, ਜਿਸ ਨੇ ਆਉਂਦਿਆਂ ਹੀ ਆਜ਼ਾਦੀ ਦੇ ਫ਼ਲ ਦੀ ਫਾੜੀ ਫਾੜੀ ਕਰ ਕੇ ਮਿੱਟੀ ਵਿੱਚ ਮਿਲਾ ਕੇ ਬੇਸੁਆਦਾ ਕਰ ਦਿੱਤਾ। ਇਸ ਵੱਲ ਤੱਕਣ ਵਾਲਿਆਂ ਨੂੰ ਇਸ ਜਿੰਨ ਨੇ ਬੁਰੀ ਤਰ੍ਹਾਂ ਹਲਾਕ ਕਰ ਖ਼ੂਨ ਦੀਆਂ ਨਦੀਆਂ ਬਹਾ ਦਿੱਤੀਆਂ। ਦੱਸੋ ਇਹ ਆਜ਼ਾਦੀ ਮਿਲੀ ਕਿ ਬਰਬਾਦੀ? ਪਤਾ ਨਹੀਂ ਇਹ ਫ਼ਿਰਕੇਦਾਰੀ ਦਾ ਕਾਣਾ ਦਿਓ ਅਜੇ ਕੀ ਕੀ ਕਰੇਗਾ। ਜਿਸ ਆਜ਼ਾਦੀ ਨੂੰ ਦੇਸ਼ ਨੇ ਨਿੱਘੀ ਕੰਬਲੀ ਜਾਣ ਕੇ ਹੱਥ ਪਾਇਆ ਸੀ ਉਹ ਅੱਜ ਸਾਨੂੰ ਖੂੰਖਾਰ ਰਿੱਛ ਹੋ ਕੇ ਚਿੰਬੜ ਗਈ।

ਕਾਂਡ ੧੬

੧੯੪੭ ਦੀ ਗੜਬੜ

ਜਦੋਂ ਦੇਸ਼ ਦੀਆਂ ਸਾਰੀਆਂ ਪਾਰਟੀਆਂ ਨੇ ਮਿਲ ਕੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਜੱਦੋ ਜਹਿੱਦ ਕੀਤੀ, ਜੇਲ੍ਹਾਂ ਦੇ ਕਸ਼ਟ ਸਹਾਰੇ, ਕਾਲੇ ਪਾਣੀਆਂ ਦੀ ਸਜ਼ਾ ਭੁਗਤੀ, ਕੁਰਬਾਨੀਆਂ ਤੇ ਸ਼ਹੀਦੀਆਂ ਹੋਈਆਂ, ਜਲਸਿਆਂ ਵਿੱਚ ਤਕਦੀਰਾਂ ਕੀਤੀਆਂ, ਲੇਖ ਲਿਖ ਕੇ ਛਾਪੇ ਗਏ, ਸੁੱਤੀ ਕੌਮ ਨੂੰ ਹਲੂਣਾ ਦੇ ਕੇ ਜਾਗਰਤਾ ਵਿੱਚ ਲਿਆਂਦਾ, ਘਰ ਘਾਟ ਤੇ ਡੰਗਰ ਪਸ਼ੂ ਨੀਲਾਮ ਕਰਵਾਏ; ਤਾਂ ਕਿਤੇ ਹਿੰਦਸਤਾਨ ਦੀ ਕੇਂਦਰੀ ਕੌਮੀ ਹਕੂਮਤ ਬਣਨ ਦੀ ਤਿਆਰੀ ਹੋਈ। ਉਸ ਸਮੇਂ ਬੰਗਾਲ ਵਿੱਚ ਮਿਸਟਰ ਜਿਨਾਹ ਦਾ ਐਕਸ਼ਨ ਸ਼ੁਰੂ ਹੋ ਗਿਆ।

ਇਹ ਸਾਰੀ ਚਲਾਕੀ ਅੰਗਰੇਜ਼ ਦੀ ਕੁਟਲ ਨੀਤੀ ਸੀ ਜਿਸ ਨੇ ਸੌ ਸਾਲ ਪਾੜੋ ਤੇ ਰਾਜ ਕਰੋ ਦਾ ਮਿਸ਼ਨ ਅਪਣਾਈ ਰੱਖਿਆ। ਥਾਂ ਥਾਂ ਤੇ ਅੱਗਾਂ ਲਾ ਕੇ ਗ਼ਰੀਬਾਂ ਦੇ ਘਰ ਸਾੜੇ ਗਏ। ਨਿਰਦੋਸ਼ ਬੁੱਢੇ ਮਾਸੂਮ ਬੱਚੇ ਤੇ ਤ੍ਰੀਮਤਾਂ ਨੂੰ ਕਤਲ ਕੀਤਾ ਗਿਆ। ਕਈ ਜੀਉਂਦੇ ਅੱਗਾਂ ਵਿੱਚ ਸੁੱਟੇ ਗਏ। ਸਰੇ-ਬਜ਼ਾਰ ਅਮੀਰ ਘਰਾਣਿਆਂ ਦੀਆਂ ਅਬਲਾ ਦੀ ਅਸਮਤ ਲੁੱਟੀ ਗਈ। ਫਿਰਕੂਪੁਣੇ ਦਾ ਭੂਤ ਹਰ ਇਕੇ ਦੇ ਉੱਪਰ ਸਵਾਰ ਹੋ ਚੁੱਕਾ ਸੀ। ਇਉਂ ਫਸਾਦਾਂ ਦੀ ਅੱਗ ਵਧਦੀ ਹੀ ਗਈ। ਪਹਿਲਾਂ ਪਹਿਲ ਇਹ ਬੰਗਾਲ 'ਚੋਂ ਸ਼ੁਰੂ ਹੋਈ। ਫੇਰ ਬਿਹਾਰ ਵਿੱਚ ਗਈ। ਏਥੇ ਮੁਸਲਮਾਨਾਂ ਦੀ ਘੱਟ ਗਿਣਤੀ ਹੋਣ ਕਰ ਕੇ ਬੇਦੋਸ਼ੇ ਬੁੱਢੇ ਮੁਸਲਮਾਨ, ਔਰਤਾਂ ਤੇ ਉਨ੍ਹਾਂ ਦੇ ਬੱਚੇ ਮਾਰੇ ਗਏ। ਮਰਵਾਉਣ ਵਾਲਾ ਕੋਈ ਹੋਰ, ਮਾਰਨ ਵਾਲੇ ਬੇਸਮਝ ਲੋਕ। ਉਨ੍ਹਾਂ ਨੂੰ ਕੀ ਪਤਾ ਸੀ ਦੇਸ਼ ਵਿੱਚ ਕੀ ਹੋ ਰਿਹਾ ਹੈ ਜਾਂ ਕੀ ਹੋ ਜਾਣਾ ਹੈ? ਕਿਸ ਦਾ ਰਾਜ ਹੋਵੇਗਾ। ਮਜ਼ਦੂਰ ਤੇ ਕਿਸਾਨ ਅਨਪੜ੍ਹ ਤੇ ਭੋਲੇ ਭਾਲੇ ਜੀਵਨ ਤੋਂ ਅਨਜਾਣ ਮਾਰੇ ਗਏ। ਵੱਢੇ ਗਏ ਗਾਜਰਾਂ ਮੂਲੀਆਂ ਵਾਂਗ ਨਿਰਦੋਸ਼ੇ। ਉਨ੍ਹਾਂ ਦਾ ਰੋਣਾ ਚੀਕ ਪੁਕਾਰ ਕਿਸੇ ਨਾ ਸੁਣੀ। ਸਭ ਲੋਕਾਂ ਦੇ ਦਿਲ ਪੱਥਰ ਹੋ ਗਏ, ਅੰਗ ਸੌਂ ਗਏ, ਅੱਖਾਂ ਅੰਨ੍ਹੀਆਂ ਹੋ ਗਈਆਂ, ਦਿਮਾਗ਼ ਕੰਮ ਕਰਨੋਂ ਹਟ ਗਿਆ, ਬੰਦਾ ਬੰਦੇ ਦਾ ਦੁਸ਼ਮਣ ਬਣ ਗਿਆ। ਖੁਦਾ, ਭਗਵਾਨ, ਕੁਰਾਨ, ਮਜੀਦ, ਗੀਤਾ ਤੇ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਭੁੱਲ ਗਿਆ। ਸਿਰਫ ਇਸ ਕਰ ਕੇ ਹਰ ਕੋਈ ਮਾਰਿਆ ਜਾਣ ਲੱਗਾ ਕਿ ਇਹ ਹਿੰਦੂ ਹੈ, ਇਹ ਮੁਸਲਮਾਨ ਹੈ। ਸਕੇ ਭਰਾਵਾਂ ਵਰਗੀ ਦੋਸਤੀ, ਪੁੱਤਰਾਂ ਜੈਸੇ ਸਬੰਧ ਪਲਾਂ ਵਿੱਚ ਦੂਰ ਹੋ ਗਏ। ਰਿਸ਼ੀਆਂ, ਮੁਨੀਆਂ ਅਵਤਾਰਾਂ ਤੇ ਪੈਗੰਬਰਾਂ ਦੀ ਜਨਮ ਦਾਤੀ ਇਸ ਭਾਰਤ ਭੂਮੀ ਤੇ ਐਸਾ ਜ਼ਹਿਰ ਖਿਲਰਿਆ, ਐਸੀ ਈਰਖਾ ਦੀ ਅੱਗ ਭੜਕੀ, ਐਸਾ ਫਿਰਕੂ ਭੂਤ ਸਿਰ ਚੜ੍ਹਿਆ; ਬੱਸ! ਚੌਫੇਰੇ ਫੜ ਲਓ, ਮਾਰ ਲਓ ਤੇ ਲੁੱਟ ਲਓ ਦੀਆਂ ਕੂਕਾਂ ਹੀ ਸੁਣਾਈ ਦਿੰਦੀਆਂ ਸਨ।

ਅੰਗਰੇਜ਼ੀ ਰਾਜ ਦੇ ਕਰਮਚਾਰੀਆਂ ਦੀ ਚਾਲ ਨੇ ਪੁਲੀਸ ਨੂੰ ਵੀ ਹਿੰਦੂ ਤੇ ਮੁਸਲਮਾਨ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਹਿੰਦੂ ਸਿਪਾਹੀ ਹਿੰਦੂਆਂ ਨੂੰ ਉਕਸਾਉਂਦੇ, ਮੁਸਲਮਾਨ ਸਿਪਾਹੀ ਮੁਸਲਮਾਨਾਂ ਨੂੰ ਕਹਿੰਦੇ, "ਮਾਰ ਦਿਓ ਕਾਫਰਾਂ ਨੂੰ।" ਇਉਂ ਇਸ ਕਟਾ-ਵੱਢ ਨੇ ਈਰਖਾ ਦੀ ਹਵਾ ਉੱਤਰੀ ਪੰਜਾਬ ਵੱਲ ਤੋਰੀ। ਅਖਬਾਰਾਂ ਵਿੱਚ ਖ਼ਬਰਾਂ ਛਪਣ ਲੱਗ ਪਈਆਂ। ਭੜਕਾਊ ਲੇਖ ਲਿਖੇ ਜਾਣ ਲੱਗੇ। ਹਿੰਦੂ ਅਖਬਾਰਾਂ ਨੇ ਹਿੰਦੂਆਂ ਦੀ ਮਦਦ ਕੀਤੀ। ਮੁਸਲਮਾਨ ਅਖਬਾਰਾਂ ਨੇ ਹਿੰਦੂਆਂ ਨੂੰ ਜ਼ਾਲਮ ਤੇ ਕਾਫਰ ਆਖ ਕੇ ਕੋਸਣਾ ਸ਼ੁਰੂ ਕਰ ਦਿੱਤਾ।

ਕਲਕੱਤੇ ਦੇ ਹੱਤਿਆ ਕਾਂਡ ਨੇ ਸਾਰੇ ਦੇਸ਼ ਵਿੱਚ ਦੋ ਪਾਸੀ ਅੱਗ ਬਾਲ ਦਿੱਤੀ। ਮਨੁੱਖੀ ਸਰੀਰਾਂ ਨਾਲ ਖੂਹ ਭਰ ਦਿੱਤੇ। ਨਹਿਰਾਂ ਤੇ ਦਰਿਆਵਾਂ ਦੇ ਪਾਣੀ ਖ਼ੂਨ ਨੇ ਲਾਲ ਕਰ ਦਿੱਤੇ। ਸੜਕਾਂ ਤੇ ਦੋ ਪਾਸੀਂ ਲਾਸ਼ਾਂ ਦੇ ਢੇਰ ਲੱਗ ਗਏ। ਪਾਕਿਸਤਾਨ ਵਿੱਚ ਆਏ ਇਲਾਕਿਆਂ ਦੀ ਦਰਦਨਾਕ ਹਾਲਤ ਸੁਣ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਲਿਖਣ ਲੱਗਿਆਂ ਕਾਨੀ ਰੋਂਦੀ ਤੇ ਹੱਥ ਕੰਬਦਾ ਹੈ। ਬਸ! ਇਸੇ ਕਟਾ ਵੱਢ, ਆਵਾਜਾਈ, ਲੋਕਾਂ ਦੀ ਚੀਕ ਪੁਕਾਰ, ਅੱਗਾਂ ਅਤੇ ਲੜਾਈਆਂ ਆਦਿਕ ਵਿਚਾਲੇ ੧੫ ਅਗਸਤ ੧੯੪੭ ਦੇ ਚੜ੍ਹਦੇ ਦਿਨ (ਰਾਤ ਦੇ ੧੨ ਵੱਜ ਕੇ ੩੦ ਸਕਿੰਟਾਂ ਤੇ) ਦਿੱਲੀ ਦੇ ਰਾਸ਼ਟਪਤੀ ਭਵਨ ਵਿੱਚ ਬਰਤਾਨੀਆਂ ਸਰਕਾਰ ਵਲੋਂ ਹਿੰਦੁਸਤਾਨ ਨੂੰ ਆਜ਼ਾਦ ਕਰਨ ਦੀ ਰਸਮ ਪੂਰੀ ਕੀਤੀ। ਜਿਸ ਦਿਨ ਸਰਕਾਰਾਂ ਬਦਲੀਆਂ ਪੂਰਬੀ ਪੰਜਾਬ ਦੀ ਸਰਕਾਰ ਨੇ ੮੫ ਫੀ ਸਦੀ ਮੁਸਲਮਾਨ ਪੁਲੀਸ ਦੇ ਹਥਿਆਰ ਖੋਹ ਲਏ ਅਤੇ ਉਨ੍ਹਾਂ ਦੀ ਬੇ-ਇਜ਼ਤੀ ਵੀ ਕੀਤੀ ਗਈ। ਨਾਲ ਹੀ ਵੱਡੇ ਵੱਡੇ ਸ਼ਹਿਰਾਂ ਦੇ ਮੁਸਲਮਾਨ ਅਫ਼ਸਰਾਂ ਨੂੰ ਕਤਲ ਕੀਤਾ ਗਿਆ। ਇਸ ਤੋਂ ਪਿਛੋਂ ਸਰਕਾਰ ਨੇ ਖੁੱਲ੍ਹੇ ਤੌਰ ਤੇ ਸਿੱਖ ਜਥਿਆਂ ਦੀ ਮਦਦ ਕੀਤੀ। ਇਹ ਹਾਲਤ ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ, ਪਟਿਆਲਾ ਰਿਆਸਤ, ਜ਼ਿਲ੍ਹਾ ਲੁਧਿਆਣਾ ਵਿੱਚ ਪ੍ਰਤੱਖ ਦੇਖੀ ਗਈ।

ਪਾਕਿਸਤਾਨ ਵਿੱਚ ਹਿੰਦੂ ਸਿੱਖਾਂ ਦਾ ਜਾਨੀ ਤੇ ਮਾਲੀ ਨੁਕਸਾਨ

ਜ਼ਿਲ੍ਹਾ	ਕਤਲ	ਜ਼ਖਮੀ	ਜਬਰਨ ਮੁਸਲਮਾਨ
ਸਰਗੋਧਾ	੧੪੦੨	੬੭੪	੬੬੪੩
ਮੀਆਂ ਵਾਲੀ	੯੩੦੦	੮੯੫	੫੪੮੧
ਮੁਜ਼ਫਰ ਗੜ੍ਹ	੫੦੭੨	੧੩੦	੧੦੧੬੦
ਮੁਲਤਾਨ	੧੫੦੦੦	ਪਤਾ ਨਹੀਂ	੫੦੦੦
ਡੇਹਰਾ ਗਾਜ਼ੀ ਖਾਂ	੬੧੯	੫੩੧	੯੧੪੮
ਰਾਵਲਪਿੰਡੀ	੨੩੮੪	ਪਤਾ ਨਹੀਂ	੨੨੩੯
ਜੇਹਲਮ	੨੨੦੪	ਪਤਾ ਨਹੀਂ	੩੭੬੫
ਸ਼ੇਖੂਪੁਰਾ	੧੩੯੭੫	੯੪੮੦	੨੮੪੨੬
ਮਿੰਟਗੁਮਰੀ	੯੦੭੪	ਪਤਾ ਨਹੀਂ	੩੦੦੦੦
ਝੰਗ	੪੮੪੦	ਪਤਾ ਨਹੀਂ	੧੨੦੦੦

ਸਰਹੱਦ ਤੇ ਸਿੰਧ ਵਿੱਚ ਕਤਲ ਪੰਜ ਲੱਖ, ਪੱਛਮੀ ਪੰਜਾਬ ਵਿੱਚ ਔਰਤਾਂ ਤੇ ਲੜਕੀਆਂ ਚੁੱਕੀਆਂ ਗਈਆਂ ੧ ਲੱਖ, ਪੂਰਬੀ ਪੰਜਾਬ ਵਿੱਚ ਲੜਕੀਆਂ ਚੱਕੀਆਂ ੫੦ ਹਜ਼ਾਰ, ਪੂਰਬੀ ਵਿੱਚ ਬੱਚੇ ਮਾਰੇ ਗਏ ੧ ਲੱਖ, ਬਿਆਸ ਤੇ ਵੇਈਂ ਵਿੱਚ ਡੁੱਬੇ ਮੁਲਸਮਾਨ ੬੦ ਹਜ਼ਾਰ। ਦੋਹੀਂ ਪਾਸੀਂ ਸੜਕਾਂ ਤੇ ਮਰੇ ਕਈ ਹਜ਼ਾਰ।

ਸਾੜੇ ਗਏ ਸ਼ਹਿਰ

ਚੌਥਾ ਹਿੱਸਾ ਲਾਹੌਰ ਸ਼ਹਿਰ, ਚੌਥਾ ਹਿੱਸਾ ਅੰਮ੍ਰਿਤਸਰ। ਡੇਰਾ ਇਸਲਮਾਈਲ ਖਾਂ ਬਿਲਕੁਲ ਤਬਾਹ ਕੀਤਾ ਗਿਆ। ਪੱਛਮੀ ਤੇ ਪੂਰਬੀ ਪੰਜਾਬ ਵਿੱਚ ਸੈਂਕੜੇ ਪਿੰਡ ਭਸਮ ਹੋਏ। ਬੇਘਰ ਫਿਰਦੇ ਹਨ ੪੦ ਲੱਖ ਪੂਰਬੀ ਪੰਜਾਬ, ੫੦ ਲੱਖ ਮੁਸਲਮਾਨ। ਹਿੰਦੂ ਸਿੱਖਾਂ ਦੀ ਜਾਇਦਾਦ ਦਾ ਨੁਕਸਾਨ ੨੦ ਅਰਬ। ਮੁਸਲਮਾਨਾਂ ਦਾ ਨੁਕਸਾਨ ੩ ਅਰਬ।

ਇਸ ਬਰਸਦੀ ਅੱਗ ਵਿੱਚ ਸ਼ਾਂਤ ਬਾੜਾ ਨਹਿਰ ਦੇ ਕੰਢੇ ਤਪ ਅਸਥਾਨ ਕਰਮਸਰ ਦੀ ਪਾਵਨ ਧਰਤੀ ਹੀ ਕੇਵਲ ਇਕੋ ਇੱਕ ਹਿਰਦੇ ਦੀ ਠੰਢਕ ਦਾ ਵੱਡਾ ਸੋਮਾਂ ਤੇ ਸ਼ਾਂਤੀ ਦਾ ਕੇਂਦਰ ਸੀ। ਇਸ ਸਮੇਂ ਸੰਤ ਜੀ ਮਹਾਰਾਜ ਨੇ ਵੀ (ਜੀਵਾਂ ਦੀ ਪ੍ਰਾਰਬਧ ਅਨੁਸਾਰ) ਦੁਨੀਆਂ ਤੇ ਆਏ ਸੰਕਟ ਨੂੰ ਦੂਰ ਕਰਨ ਵਾਸਤੇ ੨੪ ਘੰਟਿਆਂ ਵਿੱਚੋਂ ਕੁੱਝ ਕੁ ਹੀ ਮਿੰਟ ਆਰਾਮ ਕਰਨਾ, ਬਾਕੀ ਦਾ ਸਾਰਾ ਸਮਾਂ ਕਠਨ ਤਪੱਸਿਆ ਤੇ ਬੰਦਗੀ ਵਿੱਚ ਜੁੜੇ ਰਹਿੰਦੇ। ਪ੍ਰਸ਼ਾਦ ਪਾਣੀ ਬਹੁਤ ਘੱਟ ਕਰ ਦਿਤਾ। ਸੂਖਮ ਅਹਾਰ ਜਾਂ ਚਾਹ ਦਾ ਕੱਪ ਛਕਦੇ। ਆਪਣੇ ਸ਼ਾਂਤੀ ਨਿਕੇਤਨ ਭੋਰੇ ਦੀ ਸੀਮਾਂ ਅੰਦਰ ਹਜ਼ੂਰੀਏ ਸੇਵਾਦਾਰ ਤੋਂ ਬਿਨਾਂ ਹੋਰ ਕਿਸੇ ਨੂੰ ਪ੍ਰਵੇਸ਼ ਨਹੀਂ ਸੀ ਹੋਣ ਦਿਤਾ ਜਾਂਦਾ। ਆਪ ਜੀ ਵਧੇਰੇ ਚੁੱਪ ਹੀ ਰੱਖਦੇ। ਕੀਰਤਨ ਦੇ ਸਮੇਂ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਨ ਜਾਂਦੇ ਹੀ ਦਰਸ਼ਨ ਬਖ਼ਸ਼ਦੇ। ਗੁਰੂ ਕਾ ਲੰਗਰ ਤਾਂ ਪਹਿਲਾਂ ਹੀ ਅੱਠੇ ਪਹਿਰ ਅਤੁੱਟ ਚੱਲਦਾ ਸੀ, ਪਰ ਐਸ ਸਮੇਂ ਤਾਂ ੨੪ ਘੰਟਿਆਂ ਵਿੱਚੋਂ ਕਿਸੇ ਵੇਲੇ ਵੀ ਲੋਹ ਠੰਢੀ ਨਹੀਂ ਸੀ ਹੁੰਦੀ। ਦਾਲਾਂ ਦੇ ਦੇਗੇ ਚੜ੍ਹੇ ਰਹਿੰਦੇ। ਚਾਹ ਹਰ ਟਾਈਮ ਤਿਆਰ ਮਿਲਦੀ। ਲੰਗਰ ਦੇ ਸੇਵਾਦਾਰਾਂ ਦੀ ਗਿਣਤੀ ਹੋਰ ਵੀ ਵੱਧ ਗਈ। ਕਈ ਸਹਿਜਧਾਰੀ ਵੀਰ ਵੀ ਪੇਂਡੂ ਲੁਟੇਰਿਆਂ ਤੋਂ ਆਪਣੀ ਦੌਲਤ, ਜਾਨ ਤੇ ਇੱਜ਼ਤ ਮਹਿਫੂਜ਼ ਰੱਖਣ ਵਾਸਤੇ ਗੁਰੂ ਨਾਨਕ ਦੇ ਦਰ ਦਾ ਆਸਰਾ ਲੈਂਦੇ। ਉਨ੍ਹਾਂ ਵਾਸਤੇ ਵੱਖਰੇ ਕਮਰਿਆਂ ਦਾ ਇੰਤਜ਼ਾਮ ਸੀ। ਚਾਹੇ ਕੋਈ ਕਿਤਨਾ ਵੀ ਵੱਡਾ ਅਮੀਰ ਘਰਾਣਾ ਸੀ, ਪ੍ਰਸ਼ਾਦਾ ਗੁਰੂ ਕੇ ਲੰਗਰੋਂ ਹੀ ਛਕਦਾ। ਕਿਸੇ ਨੂੰ ਆਪਣਾ ਵੱਖਰਾ ਲੰਗਰ ਤਿਆਰ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ।

ਪਾਕਿਸਤਾਨ 'ਚੋਂ ਆਏ ਪ੍ਰੇਮੀਆਂ ਨੂੰ ਇਹ ਸ਼ਾਂਤੀ ਦਾ ਸੋਮਾਂ, ਪਿਆਰ ਦਾ ਮੁਜੱਸਮਾਂ ਸਾਰੇ ਦੁੱਖਾਂ ਕਲੇਸ਼ਾਂ ਨੂੰ ਭੁਲਾਉਣ ਵਾਸਤੇ ਵੱਡਾ ਤੀਬਰ ਤੇ ਆਬਿਹਯਾਤ ਦਾ ਚਸ਼ਮਾਂ ਸੀ। ਪਰ ਏਥੋਂ ਦੀ ਸਭ ਤੋਂ ਵੱਡੀ ਤੇ ਵਧੀਕ ਵਾਧੇ ਵਾਲੀ ਗੱਲ ਸੀ ਕਿ ਗੁਰੂ ਕੇ ਲੰਗਰ ਦਾ ਬਹੁਤਾ ਖ਼ਰਚਾ ਜਾਣ ਕੇ ਕਈ ਸ਼ਰਧਾਲੂ ਸੱਜਣ ਆਟੇ ਦੇ ਪਿਸਾਏ ਟਰੱਕ ਨਹਿਰ ਤੇ ਖੜ੍ਹੇ ਕਰ ਦਿੰਦੇ। ਮੁਸਲਮਾਨਾਂ ਦੇ ਘਰੋਂ ਖੋਲ ਕੇ ਲਿਆਦੀਆਂ ਸੱਜਰ ਸੂਈਆਂ ਮੱਝਾਂ ਤੇ ਗਊਆਂ ਲੈ ਆਉਂਦੇ। ਪਰ ਜਦੋਂ ਸੰਤ ਜੀ ਮਹਾਰਾਜ ਨੂੰ ਆ ਕੇ ਬੇਨਤੀ ਕਰਦੇ ਅਤੇ ਦਾਤੇ ਨੂੰ ਪਤਾ ਲੱਗਦਾ ਇਹ ਸਾਰਾ ਲੁਟੇਰੇ ਲੋਕਾਂ ਤੋਂ ਖੋਹ ਕੇ ਲਿਆਂਦਾ ਲੁੱਟ ਦਾ ਮਾਲ ਹੈ (ਧੰਨ ਹੈ ਗੁਰੂ ਨਾਨਕ ਦਾ ਦਰ!) ਕਿਸੇ ਪਸ਼ੂ ਜਾਂ ਆਟੇ ਦੀ ਬੋਰੀ ਨੂੰ ਅਸਥਾਨ ਦੀ ਹੱਦ ਅੰਦਰ ਆਉਣ ਦੀ

ਆਗਿਆ ਨਹੀਂ ਸੀ ਦਿੱਤੀ ਗਈ। ਆਟੇ ਦੇ ਭਰੇ ਭਰਾਏ ਟਰੱਕ ਅਤੇ ਡੰਗਰ ਪਸ਼ੂ ਨਹਿਰ ਦੀ ਪਟੜੀ ਤੋਂ ਹੀ ਵਾਪਸ ਮੋੜੇ ਜਾਂਦੇ। ਹਜ਼ੂਰ ਦਾ ਪਵਿੱਤਰ ਮਹਾਂਵਾਕ ਇਸ ਜਗ੍ਹਾ ਐਨ ਸਹੀ ਘਟਦਾ ਹੈ:

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥ *(ਆਸਾ ਮਃ ੫ - ੩੮੪)*

ਮਾਲਕ ਭਾਗੋ ਦੇ ਮਾਹਲ ਪੂੜਿਆਂ 'ਚੋਂ ਨਿਪੀੜ ਕੇ ਕੱਢੇ ਖੂਨ ਸਮਾਨ ਜਾਣ ਕੇ ਹਜ਼ੂਰ ਨੇ ਇਸ ਲੁੱਟ ਦਾ ਇੱਕ ਛਟਾਂਕ ਮਾਲ ਵੀ ਅੰਗੀਕਾਰ ਨਹੀਂ ਕੀਤਾ। ਸ. ਅਰਜਨ ਸਿੰਘ ਜੀ ਏਅਰ ਮਾਰਸ਼ਲ ਨੇ ਆਪਣੇ ਵੱਲੋਂ ਅਸਥਾਨ ਦੀ ਹਿਫ਼ਾਜ਼ਤ ਤੇ ਰੱਖਿਆ ਵਾਸਤੇ ਕੁੱਝ ਕੁ ਮਿਲਟਰੀ ਦੇ ਸਿਪਾਹੀ ਭੇਜਣੇ ਚਾਹੇ, ਜੋ ਇਨ੍ਹਾਂ ਹੀ ਪਿੰਡਾਂ ਦੇ ਮੁੰਡੇ ਹਨ। ਪਰ ਆਪ ਜੀ ਦਾ ਉੱਤਰ ਸੀ ਸਾਨੂੰ ਲੋੜ ਨਹੀਂ, ਕਿਉਂਕਿ ਨਾ ਸਾਡਾ ਕੋਈ ਦੁਸ਼ਮਨ ਹੈ ਨਾ ਮਿਤ੍ਰ ਹੈ:

ਜਾ ਕੈ ਦੂਰ ਭਇਓ ਭ੍ਰਮ ਉਰ ਕਾ ॥ ਤਿਸ ਆਗੈ ਕਿਆ ਹਿੰਦੂ ਕਿਆ ਤੁਰਕਾ ॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਇਹ ਗੁਰੂ ਨਾਨਕ ਦੇਵ ਜੀ ਦਾ ਘਰ ਹੈ, ਏਥੇ ਹਰ ਇੱਕ ਦਾ ਸਤਿਕਾਰ ਹੁੰਦਾ ਹੈ ਹਿੰਦੂ, ਮੁਸਲਿਮ, ਸਿੱਖ, ਈਸਾਈ ਦੇ ਵਿਤਕਰੇ ਬਿਨਾਂ ਸਭਨਾਂ ਲਈ ਲੰਗਰ ਇੱਕ ਹੈ? ਸਭਨਾ ਨੂੰ ਏਕਤਾਮਈ ਸਾਂਝਾ ਨਿਰਪੱਖ ਉਪਦੇਸ਼ ਕਰਦੇ ਹਾਂ। ਸਾਡਾ ਤਾਂ ਲੋਕ ਪ੍ਰਲੋਕ ਦਾ ਰਾਖਾ ਅਕਾਲ ਪੁਰਖ ਹੀ ਹੈ। ਉਸੇ ਨੂੰ ਅੰਗ ਸੰਗ ਜਾਣਿਆ ਹੈ:

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥ *(ਧਨਾਸਰੀ ਮਃ ੫ - ੬੭੭)*

ਸਾਡੀ ਤਾਂ ਸਭ ਤੋਂ ਵੱਡੀ ਇਹੋ ਸੇਵਾ ਹੈ ਕਿ ਕਿਸੇ ਨਿਹੱਥੇ ਗ਼ਰੀਬ ਅਤੇ ਮਜ਼ਲੂਮ ਤੇ ਨਜਾਇਜ਼ ਧੱਕਾ ਨਾ ਕਰੋ। ਇਹ ਨਿਸ਼ਚਾ ਕਰੋ ਕਿ ਖਾਲਕ ਦੀ ਖਲਕਤ ਉਸੇ ਦਾ ਹੀ ਰੂਪ ਹੈ।

ਖਲਕ ਖਾਲਕ ਦੀ ਜਾਣ ਕੇ ਖਲਕ ਦੁਖਾਵੇ ਨਾਹਿ। ਖਲਕ ਦੁਖਾਵੈ ਨੰਦ ਜੀ ਖਾਲਕ ਕੋਪੈ ਤਾਹਿ।

ਅਤੇ ਕਲਗੀਆਂ ਵਾਲੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ:

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਭੈ ਏਕ ਪੈ ਅਨੇਕ ਕੌ ਭ੍ਰਮਾਉ ਹੈ ॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਪਰ ਫੇਰ ਵੀ ਕੁੱਝ ਕੁ ਸਿੱਖ ਫੌਜੀ ਸੇਵਾ ਵਾਸਤੇ ਠਹਿਰ ਗਏ ਜੋ ਗ਼ਰੀਬ ਜਨਤਾ ਤੇ ਨਾਜਾਇਜ਼ ਧੱਕਾ ਕਰਨ ਵਾਲੇ ਲੁਟੇਰੇ ਲੋਕਾਂ ਨੂੰ ਰੋਕਦੇ ਸਨ। ਇਹ ਗੱਲ ਕੇਵਲ ਕਥਨੀ ਮਾਤਰ ਨਹੀਂ ਸੀ ਅਸਥਾਨ ਵਲੋਂ ਇਸ ਤੇ ਹੈਰਾਨਕੁੰਨ ਅਮਲ ਕੀਤਾ ਗਿਆ। ਕਰਮਸਰ ਦੀ ਪਾਵਨ ਧਰਤੀ ਤੋਂ ਪੂਰਬ ਦੱਖਣ ਵੱਲ ਦੋ ਕੁ ਮੀਲਾਂ ਦੇ ਫਾਸਲੇ ਤੇ ਲਹਿਲ ਨਾਮ ਦਾ ਇੱਕ ਛੋਟਾ ਜਿਹਾ ਨਗਰ ਹੈ। ਹੋਰਨਾਂ ਪਿੰਡਾਂ ਵਾਂਗੂੰ ਏਥੋਂ ਦੇ ਗ਼ਰੀਬ ਤੇ ਨਿਹੱਥੇ ਮਾਸੂਮ ਮੁਸਲਮਾਨਾਂ ਨੂੰ ਜ਼ਾਲਮ ਤੇ ਲੁਟੇਰੇ ਲੋਕਾਂ ਨੇ ਬੜੀ ਬੇਰਹਿਮੀ ਨਾਲ ਕਤਲ ਕੀਤਾ। ਜੋ ਭੱਜ ਕੇ ਜਾ ਛੁਪਿਆ, ਉਸ ਦੇ ਪ੍ਰਾਨ ਬਚ ਗਏ। ਬਾਕੀ ਦੇ ਮਾਰੇ ਗਏ। ਇਸ ਬੁਰਛੇ ਗਰਦੀ ਵਿੱਚ ਕਿਸੇ ਦੀਆਂ ਮਿੰਨਤਾਂ ਤਰਲਿਆਂ ਵੱਲ ਨਹੀਂ ਸੀ ਦੇਖਿਆ ਜਾਂਦਾ। ਇਸੇ ਪਿੰਡ ਦਾ ਫਤੇ ਦੀਨ ਮੋਚੀ ਤੇ ਉਸ ਦੀ ਘਰਵਾਲੀ ਜੀਵੀ ਹੋਰਨਾਂ ਮੁਸਲਮਾਨਾਂ ਵਾਂਗੂੰ ਲੁਟੇਰਿਆਂ ਦੇ ਹੱਥੋਂ ਮਾਰੇ ਗਏ। ਇਸ ਦੇ ਚਾਰ ਛੋਟੇ ਛੋਟੇ ਬੱਚੇ ਸਭ ਤੋਂ ਵੱਡਾ ਮੇਹਰਦੀਨ ੯ ਸਾਲ ਦਾ, ਇਸ ਤੋਂ ਛੋਟਾ ਕੁਤਬਾ ੭ ਸਾਲ ਦਾ, ਇਨ੍ਹਾਂ ਦੀ ਛੋਟੀ ਨਾਮ ਕਰ ਕੇ ਭੈਣ ਸਾਢੇ ਪੰਜ ਸਾਲ ਦੀ, ਸਭ ਤੋਂ ਛੋਟਾ ਕਾਕਾ ਕੇਵਲ ਢਾਈ ਸਾਲਾਂ ਦਾ, ਜਦੋਂ ਇਨ੍ਹਾਂ ਦੇ ਸਾਹਮਣੇ ਮਾਂ ਬਾਪ ਕਤਲ ਕਰ ਦਿੱਤੇ, ਮਾਲ ਅਸਬਾਬ ਲੁੱਟ ਲਿਆ ਤਾਂ ਇਹ ਚਾਰੇ ਹੀ ਬੱਚੇ ਲੁਟੇਰੇ ਜ਼ਾਲਮਾਂ ਦੀ ਅੱਖ ਬਚਾ ਘਿਘਿਆਂ ਕੇ ਰਾਤ ਨੂੰ ਘਰੋਂ ਭੱਜ ਤੁਰੇ। ਦਿਨ ਦਾ ਸਮਾਂ ਕਮਾਦਾਂ ਵਿੱਚ ਛੁਪ ਕੇ ਬਤੀਤ ਕੀਤਾ। ਦੂਜੇ ਦਿਨ ਸ਼ਾਮ ਨੂੰ ਭੁੱਖੇ ਪਿਆਸੇ ਡਿੱਗਦੇ ਢਹਿੰਦੇ ਕਰਮਸਰ ਆ ਪੁੱਜੇ। ਅਰਸ਼ੀ ਦਾਤਾਰ ਦੇ ਭੋਰੇ 'ਚੋਂ ਬਾਹਰ ਆਉਣ ਦਾ ਸਮਾਂ ਸੀ, ਨਹਿਰ ਵਾਲੇ ਫਾਟਕ ਤੋਂ ਬਾਹਰ ਖੜੇ ਰੋਂਦੇ ਤੱਕ ਕੇ ਕਿਸੇ ਤਰਸਵਾਨ ਨੇ ਪ੍ਰੇਰ ਕੇ ਅੱਗੇ ਭੇਜ ਦਿੱਤੇ। ਦਾਤੇ ਦੇ ਚਰਨਾਂ ਤੇ ਡਿੱਗ ਪਏ, ਵੱਡੇ ਲੜਕੇ ਨੇ ਰੋ ਰੋ ਆਪਣੀ ਸਾਰੀ ਵਿਥਿਆ ਦੱਸੀ। ਮੇਹਰਬਾਨ ਨੇ ਮੇਹਰਾਂ ਦੇ ਘਰ ਵਿੱਚ ਆ ਕੇ ਧੀਰਜ ਦਿੱਤਾ ਤੇ ਆਖਿਆ, "ਤੁਸੀਂ ਹੁਣ ਮਰਨ ਦਾ ਭੈ ਨਾ ਕਰੋ ਏਥੇ ਤਾਂ ਧਰਮਰਾਜਾ ਦੇ ਦੂਤ ਵੀ ਨਹੀਂ ਪੁੱਜ ਸਕਦੇ। ਹੁਣ ਤੁਸੀਂ ਚਿੰਤਾ ਨਾ ਕਰੋ, ਤੁਹਾਨੂੰ ਕੋਈ ਕੁੱਝ ਨਹੀਂ ਕਹੇਗਾ।"

ਉਸ ਸਮੇਂ ਸੰਤ ਜੀ ਮਹਾਰਾਜ ਨੇ ਇਨ੍ਹਾਂ ਉੱਪਰ ਬਾਬਾ ਬਚਨ ਸਿੰਘ ਦੀ (ਜੋ ਪਸ਼ੂਆਂ ਦੇ ਸੇਵਾਦਾਰ ਸਨ) ਡਿਊਟੀ ਲੱਗਾ ਦਿੱਤੀ। ਇਸ ਨੇ ਹਜ਼ੂਰ ਦਾ ਬਚਨ ਮੰਨ ਕੇ ਇਨ੍ਹਾਂ ਦੀ ਸਕੇ ਪੁੱਤਰਾਂ ਵਾਂਗ ਸੰਭਾਲ ਕੀਤੀ। ਸਮਾਂ ਪਾ ਕੇ ਇਹ ਜਨੂਨੀ ਫ਼ਿਰਕੇਦਾਰਾਨਾ ਭੂਤ (ਜੋ ਮਨੁੱਖ ਨੂੰ ਰਾਕਸ਼ ਬਨਾਉਣ ਵਾਲਾ ਸੀ) ਟਲ ਗਿਆ। ਇਨ੍ਹਾਂ ਦੇ ਅੰਮ੍ਰਿਤ ਛਕਾ ਕੇ ਨਾਮ ਬਦਲੇ। ਮੇਹਰ ਦੀਨ ਦਾ ਮੇਹਰ ਸਿੰਘ, ਕੁਤਬਦੀਨ ਦਾ ਇੰਦਰ ਸਿੰਘ ਅਤੇ ਇਸੇ ਤਰ੍ਹਾ ਦੋਵੇਂ ਛੋਟੇ ਭੈਣ ਭਰਾਵਾਂ ਦੇ ਨਾਮ

ਵੀ ਬਦਲ ਦਿੱਤੇ। ਇਹ ਵੀ ਏਥੇ ਕਈ ਸਾਲ ਗੁਰੂ ਅਸਥਾਨ ਦੀ ਪ੍ਰੇਮ ਨਾਲ ਸੇਵਾ ਕਰਦੇ ਰਹੇ। ਲੜਕੀ ਚੰਗੇ ਘਰਾਣੇ ਦੀ ਸਰਦਾਰਨੀ ਨਾਲ ਭੇਜ ਦਿੱਤੀ। ਉਸ ਨੇ ਆਪਣੇ ਸਿੱਖ ਨੌਜਵਾਨ ਡ੍ਰਾਈਵਰ ਨਾਲ ਉਸ ਦੀ ਸ਼ਾਦੀ ਕਰ ਦਿੱਤੀ। ਇਹ ਹੈ ਇੱਕ ਏਕਤਾ ਵਾਲੇ ਅਦ੍ਵੈਤਵਾਦੀ ਮਹਾਂਪੁਰਸ਼ ਦੀ ਕ੍ਰਿਪਾ ਦਾ ਫ਼ਲ। ਲੋਕੀਂ ਚਾਹੇ ਕੁੱਝ ਕਹਿਣ, ਪਰ ਇਹ ਲੇਖਕ ਨੇ ਆਪਣੇ ਅੱਖੀਂ ਡਿੱਠੀ ਵਾਰਤਾ ਲਿਖੀ ਹੈ ਅਜੇ ਤੱਕ ਉਹ ਚਾਰੇ ਬੱਚੇ ਕਾਇਮ ਹਨ।

ਇਸੇ ਤਰ੍ਹਾਂ ਹੋਰ ਵੀ ਬੇਅੰਤ ਮਾਸੂਮ ਲੜਕੇ ਬ੍ਰਿਧ, ਬਜ਼ੁਰਗ਼ ਤੇ ਨੌਜੁਆਨ ਬੱਚੇ ਬੱਚੀਆਂ ਸੰਤ ਜੀ ਮਹਾਰਾਜ ਨੇ ਮਾਰਨ ਵਾਲੇ ਬੇਦਰਦ ਲੁਟੇਰੇ ਲੋਕਾਂ ਦੇ ਹੱਥੋਂ ਬਚਾਏ। ਨਾਲ ਸਿੰਘ ਭੇਜ ਕੇ ਮਲੇਰਕੋਟਲੇ ਰਾਜ ਦੀ ਹੱਦ ਵਿੱਚ ਪਹੁੰਚਾਏ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਸਰਹੰਦੀ ਸੂਬੇ ਦੀ ਕਚਹਿਰੀ ਵਿੱਚ ਬੈਠ ਕੇ ਮਲੇਰਕੋਟਲੇ ਦੇ ਨਵਾਬ ਹਾਕਮ ਸ਼ੇਰ ਮਹੁੰਮਦ ਨੇ ਹਾਅ ਦਾ ਨਾਅਰਾ ਮਾਰਿਆ, ਜਿਸ ਨੂੰ ਸੁਣ ਕੇ ਕਲਗੀਆਂ ਵਾਲੇ ਪਾਤਸ਼ਾਹ ਨੇ ਰਿਆਸਤ ਕਾਇਮ ਰਹਿਣ ਦਾ ਵਰ ਦਿੱਤਾ ਸੀ, ਜੋ ਆਜ਼ਾਦ ਦੇਸ਼ ਵਿੱਚ ਹੋਰ ਰਿਆਸਤਾਂ ਦੇ ਟੁੱਟਣ ਤੱਕ ਸਫ਼ਲਿਆ। ਬੰਦੇ ਬਹਾਦਰ ਵਰਗੇ ਯੋਧਿਆਂ ਨੇ ਵੀ ਇਸ ਵਰ ਦਾ ਸਤਿਕਾਰ ਕੀਤਾ।

੧੯੪੭ ਈ. ਦੇ ਗਦਰ ਵਿੱਚ ਵੀ ਇਸ ਵਾਰ ਦਾ ਅਸਰ ਲੁਟੇਰੇ ਲੋਕਾਂ ਤੇ ਵੀ ਪ੍ਰਤੱਖ ਦੇਖਣ ਵਿੱਚ ਆਇਆ। ਜਦੋਂ ਇਨ੍ਹਾਂ ਦਾ ਕੋਟਲੇ ਰਾਜ ਦੀ ਹੱਦ ਵਿੱਚ ਪੈਰ ਪੈਂਦਾ ਤਾਂ ਮੁਸਲਮਾਨਾਂ ਨੂੰ ਮਾਰਨ ਵਾਲੇ ਲੋਕ ਵੀ ਉਨ੍ਹਾਂ ਦੇ ਰਖਸ਼ਕ ਬਣ ਜਾਂਦੇ। ਧੰਨ ਹੈ ਬਾਜਾਂ ਵਾਲਾ ਗੁਰੂ! ਇਉਂ ਪਾਕਿਸਤਾਨ 'ਚੋਂ ਆਏ ਬੇਅੰਤ ਬੇਘਰ ਲੋਕਾਂ ਨੇ ਇਸ ਅਸਥਾਨ ਤੇ ਪਨਾਹ ਲਈ। ਪ੍ਰਵਾਰਾਂ ਸਮੇਤ ਕਈ ਕਈ ਮਹੀਨੇ ਠਹਿਰੇ। ਉਨ੍ਹਾਂ ਵਾਸਤੇ ਰੋਟੀ, ਕੱਪੜਾ ਤੇ ਰਿਹਾਇਸ਼ ਦਾ ਪੂਰਾ ਪ੍ਰਬੰਧ ਸੀ। ਹੋਰ ਵੀ ਜਿਤਨੀ ਹੋ ਸਕੀ ਪਾਕਿਸਤਾਨ ਵਿੱਚੋਂ ਆਏ ਵੀਰਾਂ (ਰੀਫਿਊਜੀਆਂ) ਦੀ ਅਸਥਾਨ ਵਲੋਂ ਮਦਦ ਕੀਤੀ ਗਈ।

ਇਸੇ ਤਰ੍ਹਾਂ ਵੱਡੀ ਬੇਰ ਪਿੰਡ ਦਾ ਬੁਧੂ ਭਿਰਾਈ ਭੀ ਕਾਫ਼ੀ ਸਮਾਂ ਗੁਰੂ ਅਸਥਾਨ ਦੀ ਸੇਵਾ ਕਰਦਾ ਰਿਹਾ। ਨਾਭੇ ਦਾ ਨੰਦ ਸਿੰਘ ਬਾਗਵਾਨ (ਜੋ ਪਹਿਲਾਂ ਮੁਸਲਮਾਨ ਸੀ) ਖੇੜੇ ਪਿੰਡ ਦਾ ਗ਼ਰੀਬੂ ਲਿਲਾਰੀ (ਜਿਸ ਦਾ ਨਾਮ ਅੰਮ੍ਰਿਤ ਛਕਣ ਤੋਂ ਮਗਰੋਂ ਗੁਰਦਿਆਲ ਸਿੰਘ ਰੱਖਿਆ ਜੋ ਠੇਕੇਦਾਰ ਕਰ ਕੇ ਆਮ ਪ੍ਰਸਿੱਧ ਸੀ) ਮੁਸਲਮਾਨਾਂ ਤੋਂ ਸਿੰਘ ਸਜ ਕੇ ਦਾਤੇ ਦੇ ਚਰਨਾਂ ਵਿੱਚ ਹੀ ਸੇਵਾ ਕਰਦੇ ਸਨ। ਇਉਂ ਇਸ ਨਿਰੋਲ ਧਾਰਮਿਕ ਅਸਥਾਨ ਤੇ ਏਕਤਾਵਾਦੀ ਅਦ੍ਵੈਤ ਮੱਤ ਦਾ ਪ੍ਰਚਾਰ ਕੀਤਾ ਤੇ ਅਮਲ ਵਿੱਚ ਲਿਆਂਦਾ ਜਾਂਦਾ ਹੈ।

ਲਖਨਊ ਤੇ ਦਾਨਾਪੁਰ ਜਾਣਾ

੧੯੪੭ ਈ. ਦੇ ਫਰਵਰੀ ਮਹੀਨੇ ਕਿਲ੍ਹਾ ਹਾਂਸ ਪਿੰਡ ਦੇ ਸ. ਬਲਵੰਤ ਸਿਘੰ ਜੀ ਆਹਲੂਵਾਲੀਏ ਨੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਜੀ ਕ੍ਰਿਪਾ ਦ੍ਰਿਸ਼ਟੀ ਕਰ ਕੇ ਇੱਕ ਮਹੀਨੇ ਵਾਸਤੇ ਲਖਨਊ ਦੀ ਸੰਗਤ ਨੂੰ ਦਰਸ਼ਨ ਬਖ਼ਸ਼ੋ। ਮੇਰੀ ਭੈਣ ਨਿਰੰਜਨ ਕੌਰ ਤੇ ਭਣੋਈਏ ਸ. ਬਲਬੀਰ ਸਿੰਘ (ਜੋ ਰੇਲਵੇ ਫੂਡ ਅਫੀਸਰ ਹਨ) ਦੀਆਂ ਚਿੱਠੀਆਂ ਆਉਂਦੀਆਂ ਹਨ ਉਨ੍ਹਾਂ ਨੇ ਅਖੰਡ ਪਾਠ ਕਰਾਉਣਾ ਹੈ।" ਦੀਨ ਦਿਆਲ ਨੇ ਇਸ ਦੇ ਪਿਆਰ ਨੂੰ ਤੱਕਿਆ। ਦੂਰ ਬੈਠੇ ਗੁਰੂ ਪਿਆਰਿਆਂ ਦੀ ਤੀਬਰ ਖਿੱਚ ਤੇ ਸ਼ਰਧਾ ਅਨੁਭਵ ਕਰ ਲਖਨਊ ਸ਼ਹਿਰ ਨੂੰ ਪੰਦਰਾਂ ਦਿਨਾ ਦਾ ਸਮਾਂ ਬਖ਼ਸ਼ ਦਿੱਤਾ। ਭਾਈ ਬਚਨ ਸਿੰਘ ਜਗੇੜਾ, ਭਾਈ ਮਹਿੰਦਰ ਸਿੰਘ ਢੋਲਕੀ ਮਾਸਟਰ, ਭਾਈ ਭਾਗ ਸਿੰਘ ਕਰਤਾਰਪੁਰ, ਗਿ. ਉਜਾਗਰ ਸਿੰਘ, ਗਿ. ਰਣਜੀਤ ਸਿੰਘ ਨਾਦੀ, ਬਾਬੂ ਰਲਾ ਸਿੰਘ ਜੀ, ਨਰਿੰਜਨ ਸਿੰਘ ਦੁਆਬੀਆ, ਭਾ. ਲਿਵਤਾਰ ਸਿੰਘ ਤੇ ਸ. ਬਲਵੰਤ ਸਿੰਘ ਇਨ੍ਹਾਂ ਸਾਰੇ ਸੱਜਣਾਂ ਸਮੇਤ ਆਪ ਜੀ ਲੁਧਿਆਣਾ ਸਟੇਸ਼ਨ ਤੇ ਪੁੱਜੇ, ਜਿੱਥੇ ਪਹਿਲਾਂ ਹੀ ਕਲਕੱਤਾ ਮੇਲ ਵਿੱਚ ਡੱਬਾ ਬੁੱਕ ਕਰਵਾਇਆ ਗਿਆ ਸੀ ਜੋ ਲੁਧਿਆਣੇ ਤੋਂ ਰਾਤ ਦੇ ੧੦ ਵਜੇ ਗੱਡੀ ਚੱਲੀ ਤੇ ਦੂਸਰੇ ਦਿਨ ਸ਼ਾਮ ਨੂੰ ਲਖਨਊ ਪੁੱਜ ਗਈ। ਇਨ੍ਹਾਂ ਨੇ ਸੰਤ ਮਹਾਰਾਜ ਦੇ ਆਉਣ ਦੀ ਤਾਰ ਰਾਹੀਂ ਖ਼ਬਰ ਭੇਜ ਦਿੱਤੀ ਸੀ।

ਜਦੋਂ ਆਪ ਜੀ ਟਰੇਨ ਵਿੱਚ ਬੈਠੇ ਹੋਏ ਸਨ ਤਾਂ ਨਾਲ ਦੇ ਫਸਟ ਕਲਾਸ ਡਬੇ ਵਿੱਚ ਇੱਕ ਅਮੀਰ ਘਰਾਣੇ ਦਾ ਨੌਜੁਆਨ ਹਿੰਦੂ ਜੋੜਾ (ਸੇਠ ਤੇ ਉਸ ਦੇ ਘਰ ਵਾਲੀ) ਸਫ਼ਰ ਕਰ ਰਿਹਾ ਸੀ। ਸੰਤ ਜੀ ਮਹਾਰਾਜ ਦਾ ਦਰਸ਼ਨ ਕਰ ਕੇ ਮਨ ਵਿੱਚ ਕੋਈ ਅਗੰਮੀ ਧੂਹ ਪਈ। ਪਰ ਵਾਕਫ਼ ਨਾ ਹੋਣ ਕਰ ਕੇ ਕੋਲ ਜਾਣ ਤੋਂ ਸੰਕੋਚ ਵੀ ਕਰਦਾ ਸੀ। ਕਾਫ਼ੀ ਚਿਰ ਸੋਚਣ ਤੋਂ ਪਿੱਛੋਂ ਜਦੋਂ ਅੰਦਰ ਬਹੁਤੀ ਖਿੱਚ ਵਧੀ ਤਾਂ ਭਾਈ ਬਲਵੰਤ ਸਿੰਘ ਨੂੰ ਪੁੱਛਿਆ, "ਇਹ ਕੋਣ ਹਨ?" ਉਸ ਨੇ ਦੱਸਿਆ ਇਹ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਨਾਦੀ ਸ਼ਿਸ਼ ਦੁਖੀ ਦਿਲਾਂ ਦੇ ਦਰਦਵੰਦ ਪੂਰਨ ਰਾਜ ਜੋਗੀ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਹਨ। ਉਹ ਪ੍ਰੇਮੀ ਵੀ ਪਿੱਛੋਂ ਮਰਦਾਨ ਦੇ ਰਹਿਣ ਵਾਲੇ ਸਨ। ਜ਼ਿੰਦਗ਼ੀ ਵਿੱਚ ਬਹੁਤ ਵਾਰੀ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਅਸਥਾਨ ਦੀ ਯਾਤਰਾ ਵੀ ਕੀਤੀ ਸੀ। ਉਨ੍ਹਾਂ ਦੀ ਸੰਪ੍ਰਦਾਇ ਦੇ ਮਹਾਂਪੁਰਸ਼ ਸੁਣ ਕੇ ਇਹ ਇੱਕ ਦਮ ਡੱਬੇ ਅੰਦਰ ਆਏ ਅਤੇ ਫ਼ਲ ਅੱਗੇ ਰੱਖ ਕੇ ਭਾਵਨਾ ਨਾਲ ਮੱਥਾ ਟੇਕਿਆ। ਐਸਾ ਅਨੰਦ ਆਇਆ ਕਿ ਸਿਰ ਉੱਚਾ ਚੁੱਕਣਾ ਭੁੱਲ ਹੀ ਗਏ। ਆਪ ਗ਼ਰੀਬ ਨਿਵਾਜ਼ ਨੇ ਆਪਣੇ ਪਾਵਨ ਹਸਤ ਕਮਲਾਂ ਨਾਲ

ਉਨ੍ਹਾਂ ਦੇ ਸਿਰ ਨੂੰ ਚਰਨਾਂ ਤੋਂ ਉਠਾ ਕੇ ਸੁੱਖ ਅਨੰਦ ਪੁੱਛੀ ਕਿ ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ? ਉਨ੍ਹਾਂ ਨੇ ਵੈਰਾਗ ਵਿੱਚ ਆ ਕੇ ਅਰਜ਼ ਕੀਤੀ, "ਪਾਕਿਸਤਾਨ ਬਣਨ ਤੋਂ ਬਾਅਦ ਸਾਨੂੰ ਅਭਾਗਿਆਂ ਨੂੰ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਚਰਨ ਛੁਹ ਵਾਲੀ ਧਰਤੀ ਤੋਂ ਵਿਛੋੜਿਆ ਗਿਆ, ਜਿਸ ਦੇ ਹੁਣ ਦੀਦਾਰ ਕਰਨੇ ਵੀ ਨਸੀਬ ਨਹੀਂ ਹੁੰਦੇ। ਆਪ ਉਸ ਗੱਦੀ ਦੇ ਮਾਲਕ ਤੇ ਉਨ੍ਹਾਂ ਦਾ ਸਰੂਪ ਹੋ ਕੇ ਸਾਡੇ ਤੇ ਮੇਹਰ ਕਰ ਕੇ ਕੋਈ ਜੀਵਨ ਸਫ਼ਲ ਦੀ ਜੁਗਤੀ ਦੱਸ ਜਾਵੋ।" ਆਪ ਜੀ ਨੇ ਇਨ੍ਹਾਂ ਦੀ ਵਧੇਰੇ ਭਾਵਨਾ ਸਨਾਤਨ ਗ੍ਰੰਥਾਂ ਤੇ ਹੋਣ ਕਰ ਕੇ ਬਚਨ ਕੀਤਾ ਕਿ ਪ੍ਰੇਮੀਓ! ਇਹ ਮਨੁੱਖਾ ਜਨਮ ਬੜਾ ਅਮੋਲਕ ਲਾਲ ਹੈ। ਪ੍ਰਭੂ ਭਗਤੀ ਦੁਆਰਾ ਇਸ ਨੂੰ ਸਕਾਰਥ ਕਰੋ ਕਿਉਂਕਿ ਸਰੀਰ ਰੂਪ ਧਨੁਸ਼ ਵਿੱਚੋਂ ਸ੍ਵਾਸਾਂ ਰੂਪੀ ਤੀਰ ਨਿੱਕਲੇ ਮੁੜ ਵਾਪਸ ਨਹੀਂ ਆਉਣੇ।

ਤੁਲਸੀ ਬਿਲੰਬ ਨ ਕੀਜੀਐ ਭਜ ਲੀਜੈ ਰਘੁਵੀਰ। ਤਨ ਤਰਕਸ ਤੇ ਜਾਤ ਹੈ ਸ੍ਵਾਸ ਸਾਰ ਜਿਉ ਤੀਰ।

ਅਤੇ ਨਾਲ ਇਹ ਵੀ ਆਖਿਆ- ਕੀ ਗ਼ਰੀਬ, ਕੀ ਅਮੀਰ, ਸਾਰਾ ਸੰਸਾਰ ਦੁਖੀ ਹੈ। ਕੇਵਲ ਸੁੱਖ ਹੈ ਤਾਂ ਭਜਨਾ ਨੰਦੀ ਬੀਤਰਾਗ ਮਹਾਂਪੁਰਸ਼ ਨੂੰ:

ਧਨਵੰਤੇ ਦੁਖੀਏ ਸਦਾ ਨਿਰਧਨ ਦੁੱਖ ਕਾ ਰੂਪ। ਸਾਧ ਸੁਖੀ ਸਹਿਜੋ ਕਹੈ ਪਾਇਓ ਭੇਦ ਅਨੂਪ।

ਇਉਂ ਹੋਰ ਵੀ ਬਹੁਤ ਸਾਰੇ ਬਚਨ ਕੀਤੇ, ਇਤਨੇ ਨੂੰ ਸਟੇਸ਼ਨ ਤੋਂ ਗੱਡੀ ਚੱਲ ਪਈ ਤਾਂ ਇਹ ਨਮਸ਼ਕਾਰ ਕਰ ਕੇ ਆਪਣੇ ਡੱਬੇ ਵਿੱਚ ਆ ਬੈਠੇ। ਗੱਡੀ ਆਉਣ ਤੋਂ ਪਹਿਲਾਂ ਹੀ ਹੱਥਾਂ ਵਿੱਚ ਸੇਹਰੇ ਫੜੀ ਦਰਸ਼ਨ ਅਭਿਲਾਖੀ ਸੰਗਤ ਦੀ ਭੀੜ ਜੁੜੀ ਸੀ। ਜਦੋਂ ਸਫ਼ਰ ਮੁਕਾ ਕੇ ਗੱਡੀ ਰੁਕੀ ਤਾਂ ਸਭਨਾਂ ਨੇ ਅੱਗੇ ਵਧ ਕੇ ਪ੍ਰੇਮ ਦਾ ਸਬੂਤ ਦਿੱਤਾ। ਸ. ਬਲਬੀਰ ਸਿੰਘ ਤੇ ਹੋਰ ਰੇਲਵੇ ਅਫ਼ਸਰਾਂ ਨੇ ਨਮਸ਼ਕਾਰ ਕਰ ਕੇ ਗਲ ਵਿੱਚ ਫੁੱਲਾਂ ਦੇ ਸਿਹਰੇ ਪਾਏ ਅਤੇ ਸਤਿਕਾਰ ਸਹਿਤ ਰਿਹਾਇਸ਼ੀ ਅਸਥਾਨ ਤੇ ਲੈ ਗਏ, ਜੋ ਰੇਲਵੇ ਦੇ ਕੁਆਟਰਾਂ ਵਿੱਚ ਇੰਤਜ਼ਾਮ ਕੀਤਾ ਸੀ ਜਿੱਥੇ ਕਿ ਇਨ੍ਹਾਂ ਨੂੰ ਸਰਕਾਰੀ ਬੰਗਲਾ ਮਿਲਿਆ ਸੀ। ਦੀਵਾਨ ਦੀ ਰੇਲਵੇ ਅਫ਼ਸਰਾਂ ਦੀਆਂ ਕੋਠੀਆਂ ਵਿੱਚ ਆਲਮ ਬਾਗ਼ ਸਜਦੇ ਰਹੇ। ਸ. ਬਲਬੀਰ ਸਿੰਘ ਦੇ ਘਰ ਅਖੰਡ ਪਾਠ ਕੀਤਾ। ਬੀਬੀ ਨਰਿੰਜਨ ਕੌਰ ਨੇ ਸਾਰੀ ਸੰਗਤ ਦੀ ਆਪਣੇ ਹੱਥੀਂ ਬੜੀ ਭਾਵਨਾ ਨਾਲ ਸੇਵਾ ਕੀਤੀ। ਇੱਥੇ ਆਪ ਪੰਦਰਾਂ ਦਿਨ ਠਹਿਰੇ।

ਸ. ਬਲਵੰਤ ਸਿੰਘ ਦੇ ਵੱਡੇ ਭਰਾ ਸ. ਗੁਰਮੁਖ ਸਿੰਘ ਜੀ ਵੀ ਆਏ ਸਨ, ਜੋ ਉਸ ਸਮੇਂ ਦਾਨਾਪੁਰ ਪਟਨੇ ਰੇਲਵੇ ਵਿੱਚ ਚੀਫ ਇੰਸਪੈਕਟਰ ਸਨ। ਇਨਾਂ ਨੇ ਬੜੀ ਸ਼ਰਧਾ ਦਾ ਸਬੂਤ ਦਿੱਤਾ ਅਤੇ ਛੇਤੀ ਹੀ ਮੌਕਾ ਸੰਭਾਲ ਕੇ ਦਾਨਾਪੁਰ ਤੋਂ ਬਹੁਤ ਸਾਰੇ ਪ੍ਰੇਮੀ ਪ੍ਰੇਰ ਕੇ ਲਖਨਊ ਲੈ ਆਂਦੇ, ਜਿਨ੍ਹਾਂ ਨੇ ਸੰਤ ਜੀ ਮਹਾਰਾਜ ਪਾਸ ਦਾਨਾਪੁਰ ਲਿਜਾਣ ਵਾਸਤੇ ਬੇਨਤੀ ਕੀਤੀ। ਆਏ ਸੱਜਣਾਂ ਵਿੱਚੋਂ ਸ. ਗੁਰਮੁਖ ਸਿੰਘ ਤਾਂ ਮੁਖੀ ਸਨ। ਹੋਰ ਇੱਕ ਪ੍ਰੇਮੀ ਇਨ੍ਹਾਂ ਦੇ ਨਾਲ ਆਏ: ਸ. ਸੁਲੱਖਣ ਸਿੰਘ ਜੋ ਟੀਟੀਆਂ ਦੇ ਇਨਚਾਰਜ ਸਨ। ਸ. ਲਛਮਣ ਸਿੰਘ ਰੇਲਵੇ ਗਾਰਡ (ਨੂਰਮਹਿਲ ਦੁਆਬਾ), ਸ. ਗੁਰਬੰਤਾ ਸਿੰਘ ਬਟਾਲਾ (ਜ਼ਿਲ੍ਹਾ ਗੁਰਦਾਸਪੁਰ), ਸ. ਗੁਲਾਬ ਸਿੰਘ ਜੋ ਠੇਕੇਦਾਰ ਸਨ, ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੱਜਣਾਂ ਨੇ ਆ ਕੇ ਬੇਨਤੀ ਕੀਤੀ। ਇਨ੍ਹਾਂ ਦੀ ਭਾਵਨਾਂ ਦੇਖ ਕੇ ਆਪ ਜੀ ਨੇ ਦਾਨਾਪੁਰ ਨੂੰ ਦਸ ਦਿਨਾਂ ਦਾ ਸਮਾਂ ਬਖ਼ਸ਼ ਦਿੱਤਾ। ਸ. ਬਲਵੀਰ ਸਿੰਘ ਤੇ ਹੋਰ ਪ੍ਰੇਮੀਆਂ ਨੂੰ ਖ਼ੁਸ਼ੀਆਂ ਬਖ਼ਸ਼ ਆਪ ਜੀ ਨੇ ਏਥੋਂ ਅੱਗੇ ਜਾਣ ਦੀ ਵਿਚਾਰ ਕੀਤੀ। ਲਖਨਊ ਤੋਂ ਚੱਲ ਕੇ ਆਪ ਜੀ ਦਾਨਾਪੁਰ ਪੁੱਜੇ। ਹਜ਼ੂਰ ਦੀ ਰਿਹਾਇਸ਼ ਰੇਲਵੇ ਦੇ ਸਰਕਾਰੀ ਬੰਗਲੇ ਵਿੱਚ ਕੀਤੀ। ਨਾਲ ਦੀ ਸੰਗਤ ਵਾਸਤੇ ਵੀ ਰੇਲਵੇ ਦੇ ਕੁਆਟਰਾਂ ਵਿੱਚ ਇੰਤਜ਼ਾਮ ਕੀਤਾ ਸੀ। ਸੇਵਾ ਸੰਭਾਲ ਸਾਰੀ ਸ. ਗੁਰਮੁਖ ਸਿੰਘ ਵਲੋਂ ਹੀ ਹੋਈ। ਇਸ ਦੇ ਘਰ ਅਖੰਡ ਪਾਠ ਵੀ ਕੀਤਾ। ਹੋਰ ਗੁਰ ਅਸਥਾਨਾਂ ਦੇ ਦਰਸ਼ਨ ਤੇ ਸਰਬੰਸ ਦਾਨੀ ਕਲਗੀਆਂ ਵਾਲੇ ਪਾਤਿਸ਼ਾਹ ਦੀ ਜਨਮ ਭੂਮੀ ਤਖ਼ਤ ਸਾਹਿਬ ਦਾ ਦੀਦਾਰ ਕੀਤਾ। ਤਖ਼ਤ ਸਾਹਿਬ ਦੇ (ਸੇਵਾਦਾਰ) ਪ੍ਰਬੰਧਕਾਂ ਨੂੰ ਪਤਾ ਲੱਗਾ ਤਾਂ ਆਪ ਜੀ ਪਾਸ ਅਰਜ਼ ਕਰ ਕੇ ਤਿੰਨ ਦਿਨ ਦਾ ਸਮਾਂ ਤਖ਼ਤ ਪਟਨਾ ਸਾਹਿਬ ਵਾਸਤੇ ਲੈ ਗਏ। ਆਪ ਜੀ ਨੇ ਤਖ਼ਤ ਤੇ ਹਾਜ਼ਰੀ ਭਰੀ ਜਿੱਥੇ ਬਾਲਾ ਪ੍ਰੀਤਮ ਨੇ ਭੀਖਣ ਸ਼ਾਹ ਪੀਰ ਨੂੰ ਦੀਦਾਰ ਬਖ਼ਸ਼ ਦੋਵੇਂ ਕੁੱਜੀਆਂ ਤੇ ਆਪਣੇ ਨਿੱਕੇ ਨਿੱਕੇ ਵਿਸ਼ਾਲ ਸ਼ਕਤੀਸ਼ਾਲੀ ਹੱਥ ਰੱਖ ਕੇ ਉਸ ਦੇ (ਮੂਕ) ਗੁਪਤ ਪ੍ਰਸ਼ਨਾਂ ਦਾ ਉੱਤਰ ਦਿੱਤਾ ਸੀ।

ਮੈਨੀ ਸੰਗਤ ਅਸਥਾਨ ਦੇ ਵੀ ਦੀਦਾਰ ਕੀਤੇ, ਜਿੱਥੇ ਮੈਨੀ ਗੋਤ ਦੇ ਫਤੇ ਚੰਦ ਰਾਜੇ ਦੀ ਰਾਣੀ ਬਿਸ਼ੰਬਰਾ ਦੇਵੀ ਦੇ ਧਰਮ ਪੁੱਤਰ ਬਣ ਕੇ ਉਸ ਦਾ ਲੋਕ ਪ੍ਰਲੋਕ ਸਫ਼ਲ ਕੀਤਾ। ਗੋਬਿੰਦ ਘਾਟ (ਜਿੱਥੇ ਸ਼ਿਵਦੱਤ ਬ੍ਰਾਹਮਣ ਨੂੰ ਉਸ ਦੇ ਇਸ਼ਟ ਰਾਮ ਭਗਵਾਨ ਦੇ ਸਰੂਪ ਵਿੱਚ ਦੀਦਾਰ ਹੋਇਆ ਤੇ ਸੋਨੇ ਦੇ ਕੜੇ ਗੰਗਾ ਵਿੱਚ ਸੁੱਟ ਮਾਇਆ ਤਿਆਗ ਦਾ ਉਪਦੇਸ਼ ਕੀਤਾ) ਦਾ ਦਰਸ਼ਨ ਕੀਤਾ। ਉਹ ਪ੍ਰਬੰਧਕ ਦੱਸਦੇ ਸਨ ਕਿ ਭਾਵੇਂ ਪਟਨੇ ਸਾਹਿਬ ਅੰਮ੍ਰਿਤਧਾਰੀ ਤੇ ਸਹਿਜਧਾਰੀ ਗੁਰਸਿੱਖਾਂ ਦੀ ਬੇਅੰਤ ਵਸੋਂ ਹੈ ਪਰ ਇਤਨਾ ਇਕੱਠ ਕਿਸੇ ਵੀ ਮਹਾਂਪੁਰਸ਼ ਦੇ ਕੀਰਤਨ ਸਮੇਂ ਨਹੀਂ ਦੇਖਿਆ। ਫੇਰ ਏਥੇ ਤਖ਼ਤ ਸਾਹਿਬ ਤੇ ਕੇਵਲ ਅਖੰਡ ਕੀਰਤਨ ਹੀ ਕੀਤਾ ਜਾਂਦਾ ਹੈ ਜਾਂ ਪਿਛੋਂ ਗੁਰ ਸ਼ਬਦ ਦੀ ਵਿਆਖਿਆ ਹੁੰਦੀ ਹੈ, ਪਰ

ਇਹ ਪਹਿਲਾਂ ਚਾਨਸ ਸੀ ਕਿ ਪ੍ਰਬੰਧਕਾਂ ਨੇ ਕੀਰਤਨ ਕਰਨ ਸਮੇਂ ਨਾਲ ਵਿਆਖਿਆ ਵਾਸਤੇ ਬੇਨਤੀ ਕੀਤੀ।

ਜੀਵਨ ਵਿੱਚ ਪਲਟਾ

ਹਜ਼ੂਰ ਦੀ ਰਸਨਾ ਤੋਂ ਕੀਰਤਨ ਨਿਰਮੋਲਕ ਹੀਰੇ ਤੇ ਏਕਤਾ ਮਈ ਵਿਚਾਰਾਂ ਨੂੰ ਸੁਣ ਕੇ ਹੋਰ ਵੀ ਸੱਜਣਾਂ ਦੇ ਮਨ ਤੇ ਬਹੁਤ ਸਾਰਾ ਅਸਰ ਪਿਆ ਹੋਣਾ ਹੈ, ਪਰ ਇੱਕ ਪ੍ਰਤੱਖ ਹੀ ਪ੍ਰੇਮੀ ਦੀ ਕਾਇਆ ਪਲਟੀ ਦੇਖੀ। ਸ. ਬਖਸ਼ੀਸ਼ ਸਿੰਘ ਜੋ ਪੰਜਾਬ ਵਿੱਚ ਜਗਰਾਵਾਂ ਤਹਿਸੀਲ ਦੇ ਰਹਿਣ ਵਾਲਾ ਸੀ, (ਜਿਸ ਦੀਆਂ ਇੱਥੇ ਪਟਨੇ ਸਾਹਿਬ ਪੰਦਰਾਂ ਬੱਸਾਂ ਤੇ ਤੀਹ ਪੈਂਤੀ ਟਰੱਕ ਚਲਦੇ ਸਨ, ਇਨ੍ਹਾਂ ਦਾ ਟ੍ਰਾਂਸਪੋਰਟ ਵੀ ਸੀ, ਇੱਟਾਂ ਦੇ ਆਪਣੇ ਚਾਰ ਭੱਠੇ ਲਾਏ ਸਨ) ਇਸ ਨੇ ਇੱਕੋ ਦਿਨ ਦਾਨਾਪੁਰ ਦੀਵਾਨ ਸੁਣਿਆਂ। ਮਨ ਤੇ ਇਤਨਾ ਅਸਰ ਹੋਇਆ ਕਿ ਸੰਤ ਜੀ ਮਹਾਰਾਜ ਨੂੰ ਘਰ ਵਿੱਚ ਲਿਜਾ ਕੇ ਚਰਨ ਪਾਉਣ ਵਾਸਤੇ ਬੇਨਤੀ ਕੀਤੀ। ਸਾਂਝੇ ਰਹਿਬਰ ਨੇ ਸੋਚਿਆ ਅਗਨੀ ਦੇ ਸੇਕ ਨਾਲ ਲੋਹਾ ਨਰਮ ਹੋ ਚੁੱਕਾ ਹੈ। ਹੁਣ ਇੱਕੋ ਹੀ ਸੱਟ ਨਾਲ ਜਿਸ ਪਾਸੇ ਮੋੜੀਏ, ਮੁੜ ਸਕੇਗਾ। ਬਚਨ ਕੀਤਾ 'ਘਰ ਤਾਂ ਚਲਾਂਗੇ ਜੇ ਮਾਸ ਸ਼ਰਾਬ ਤਿਆਗ ਕਰ ਕੇ ਸਿੰਘ ਸਜੇਂ' ਇਸ ਨੇ ਪ੍ਰਣ ਕਰ ਲਿਆ। ਸੰਤ ਜੀ ਮਹਾਰਾਜ ਘਰ ਗਏ ਗੁਰਸਿੱਖੀ ਧਾਰਨ ਵਾਸਤੇ ਪ੍ਰੇਰਨਾ ਕੀਤੀ:

ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥ *(ਆਸਾ ਮਃ ੫ - ੭੯੨)*

ਬਚਨਾਂ ਦੇ ਬਲੀ ਦਾ ਬਚਨ ਕਾਟ ਕਰ ਗਿਆ:

ਰਾਮ ਨਾਮੁ ਉਪਦੇਸ਼ ਕਰਿ ਖੇਲ ਗਇਆ ਦੇ ਵਣਜੁ ਸਉਤਾ। *(ਭਾ. ਗੁਰਦਾਸ ਜੀ: ਵਾਰ ੧੦ ਪਉੜੀ ੨੧)*

ਦੋਹੀਂ ਜਹਾਨੀ ਲਾਭ ਦੇਣ ਵਾਲਾ ਸੌਦਾ ਕਰ ਚਲੇ ਆਏ।

ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥ *(ਸੋਰਠਿ ਮਃ ੧ - ੫੯੫)*

ਜੋ ਪਹਿਲਾਂ ਆਪਣੀ ਪਾਰਟੀ ਵਿੱਚ ਬੈਠ ਕੇ ਸੌ ਸੌ ਰੁਪਏ ਦੀ ਰੋਜ਼ ਸ਼ਰਾਬ ਪੀ ਜਾਂਦਾ, ਅੱਠੇ ਪਹਿਰ ਹੀ ਗੁੱਟ ਰਹਿੰਦਾ ਸੀ, ਦਾਹੜੀ ਬਿਲਕੁਲ ਸਫਾ, ਕੇਸ ਵਿਚਕਾਰੋਂ ਉਸਤਰੇ ਨਾਲ ਕਟਾਏ ਹੋਏ। ਉਸ ਦੇ ਮਨ ਤੇ ਇਤਨਾ ਅਸਰ ਪਿਆ ਮਾਸ ਸ਼ਰਾਬ ਨੂੰ ਛੱਡ, ਦਾਹੜੀ ਕੇਸ ਰੱਖ ਕੇ ਤਖ਼ਤ ਤੋਂ ਅੰਮ੍ਰਿਤ ਪਾਨ ਕਰ ਸਿੰਘ ਸਜ ਗਿਆ। ਜੋ ਫਿਰ ਉਹੀ ਸੱਜਣ ਮਗਰੋਂ ਕਾਫ਼ੀ ਸਮਾਂ ਤਖ਼ਤ ਸਾਹਿਬ ਦਾ ਸੈਕਟਰੀ ਵੀ ਰਿਹਾ।

ਇਉਂ ਇਸ ਦੀ ਕਾਇਆ ਪਲਟੀ ਦੇਖ ਹੋਰ ਵੀ ਡਰਾਈਵਰ ਤਬਕੇ ਦੇ ਮਨਾਂ ਤੇ ਬੜਾ ਅਸਰ ਪਿਆ। ਬਹੁਤ ਸਾਰਿਆਂ ਨੇ ਸ਼ਰਾਬ ਦਾ ਤਿਆਗ ਕਰ ਸਿੱਖੀ ਧਾਰਨ ਕੀਤੀ। ਇਹ ਹੈ ਇੱਕ ਨਿਰਇੱਛਤ, ਨਿਰਲੋਭ, ਨਿਰਚਾਹ ਤੇ ਨਾਮ ਰਸੀਏ, ਬੇਪਰਵਾਹ, ਮਹਾਂਪੁਰਸ਼ ਦੇ ਦਰਸ਼ਨਾਂ ਦਾ ਫ਼ਲ ਤੇ ਅਪਾਰ ਕ੍ਰਿਪਾ ਦਾ ਕ੍ਰਿਸ਼ਮਾਂ। ਇਉਂ ਆਪ ਜੀ ਸਾਰਾ ਇੱਕ ਮਹੀਨਾ ਬਾਹਰ ਨਾਮ ਬਾਣੀ ਦੇ ਅੰਮ੍ਰਿਤ ਦੀ ਬਰਖਾ ਕਰ ਫੇਰ ਪੰਜਾਬ ਨੂੰ ਵਾਪਸ ਆ ਗਏ। ਪਰ ਜਦੋਂ ਪੰਜਾਬ ਨੂੰ ਆਉਣ ਦਾ ਸ. ਮੋਹਨ ਸਿੰਘ ਜੀ ਕੋਕਾ ਕੋਲਾ ਦਿੱਲੀ ਵਾਲੇ ਨੂੰ ਪਤਾ ਲੱਗਾ ਤਾਂ ਇਸ ਨੇ ਆਪਣੇ ਵਲੋਂ ਇੱਕ ਸੱਜਣ ਨੂੰ ਭੇਜ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਵਾਪਸ ਆਉਂਦੇ ਦਿੱਲੀ ਦਰਸ਼ਨ ਬਖ਼ਸ਼ੋ। ਕਿਉਂਕਿ ਇਸ ਸਮੇਂ ਸ. ਦਲਜੀਤ ਸਿੰਘ ਦੇ ਵੱਡੇ ਲੜਕੇ ਅਜੀਤ ਸਿੰਘ ਬੌਬੀ ਦਾ ਜਨਮ ਹੋਇਆ ਸੀ। ਹੋਰ ਸੱਜਣਾਂ ਸਮੇਤ ਅਖੰਡ ਪਾਠ ਦੇ ਭੋਗ ਤੇ ਛੋਟੇ ਸੰਤ ਜੀ ਮਹਾਰਾਜ ਵੀ ਕਰਮਸਰ ਤੋਂ ਆਏ ਸਨ। ਆਪ ਜੀ ਨੇ ਬੇਨਤੀ ਮੰਨ ਕੇ ਇਨ੍ਹਾਂ ਪਾਸ ਹਨੂੰਮਾਨ ਰੋਡ ੪੦ ਨੰਬਰ ਕੋਠੀ ਕਨਾਟ ਪਲੇਸ ਵਿੱਚ ਦਰਸ਼ਨ ਬਖ਼ਸ਼ੇ। ਫੇਰ ਸੰਗਤ ਦੇ ਵਧੇਰੇ ਠਹਿਰਣ ਅਤੇ ਕੀਰਤਨ ਵਾਸਤੇ ਅਰਜ਼ ਕੀਤੀ ਤਾਂ ਹਜ਼ੂਰ ਨੇ ਇਨ੍ਹਾਂ ਦੀ ਬੇਨਤੀ ਮੰਨ ਲਈ। ਪ੍ਰੇਮ ਵੱਸ ਹੋ ਕੇ ਇੱਕ ਮਹੀਨਾ ਇੱਥੇ ਠਹਿਰੇ ਅਤੇ ਹਰ ਰੋਜ਼ ਕੋਠੀ ਦੇ ਗਰਾਊਂਡ ਵਿੱਚ ਕੀਰਤਨ ਹੁੰਦਾ ਰਿਹਾ। ਅਖੰਡ ਪਾਠ ਰੱਖਿਆ, ਜਿਸ ਦੇ ਭੋਗ ਉਪ੍ਰੰਤ ਬੱਚੇ ਦਾ ਨਾਮ ਵੀ ਅਜੀਤ ਸਿੰਘ ਸੰਤ ਜੀ ਮਹਾਰਾਜ ਨੇ ਹੀ ਰੱਖਿਆ। ਇਹ ਬੜਾ ਸਾਧੂ ਸੁਭਾ, ਹਰਮਨ ਪਿਆਰਾ, ਗੁਰਮੁਖ ਤੇ ਗੁਰਬਾਣੀ ਦਾ ਨਿਤਨੇਮੀ ਹੈ। ਉਪਰੰਤ ਖ਼ੁਸ਼ੀਆਂ ਬਖ਼ਸ਼ ਆਗਿਆ ਲਈ। ਇਉਂ ਸਾਰਾ ਸਮਾਂ ਦੋ ਮਹੀਨੇ ਪੰਜਾਬ ਤੋਂ ਬਾਹਰ ਰਹੇ, ਉਪਰੰਤ ਮੁੜ ਕਰਮਸਰ ਭਾਗ ਲਾਏ।

ਖਟੜਿਆਂ ਵਾਲੇ ਪ੍ਰੇਮੀ ਕਲਕੱਤੇ

ਖਟੜੇ ਪਿੰਡ ਦਾ ਸ. ਬੁੱਧ ਸਿੰਘ ਸ਼ੁਭ ਖ਼ਿਆਲੀ ਤੇ ਦਾਨੀ ਸੱਜਣ ਸੀ। ਇਸ ਦੇ ਘਰ ਸ. ਕਾਹਨ ਸਿੰਘ ਨੇ ਜਨਮ ਲਿਆ, ਜਿਸ ਦੇ ਅੱਗੇ ਤਿੰਨ ਲੜਕੇ ਸਨ। ਵੱਡੇ ਦਾ ਨਾਮ ਸ. ਇੰਦਰ ਸਿੰਘ ਜੀ ਸੀ ਜੋ ਫੌਜ ਵਿੱਚ ਭਰਤੀ ਹੋ ਗਏ ਸਨ। ਦੂਜਾ ਸ. ਚੰਨਣ ਸਿੰਘ ਜੀ, ਤੀਸਰਾ ਸ. ਤਾਰਾ ਸਿੰਘ ਜੀ।

ਕਿਲ੍ਹਾ ਰਾਇਪੁਰ ਦੇ ਸ. ਸ਼ਿਵਦੱਤ ਸਿੰਘ ਨੂੰ ਸ. ਕਾਹਨ ਸਿੰਘ ਦੀ ਲੜਕੀ ਬੀਬੀ ਨਿਹਾਲ ਕੌਰ ਵਿਆਹੀ ਸੀ। ਇਨ੍ਹਾਂ ਦੀਆਂ ਕਲਕੱਤੇ ਸ਼ਹਿਰ ਬੱਸਾ ਚਲਦੀਆਂ ਸਨ। ਫਿਰ ਖਟੜੇ ਵਾਲਿਆਂ ਨੂੰ ਵੀ ਆਪਣੇ ਪਾਸ ਹੀ ਬੁਲਾ ਲਿਆ।

ਸਭ ਤੋਂ ਪਹਿਲਾਂ ੧੯੨੦ ਈ. ਵਿੱਚ ਸ. ਤਾਰਾ ਸਿੰਘ ਜੀ ਏਥੇ ਆਏ। ਪਹਿਲਾਂ ਜਾ ਕੇ ਡ੍ਰਾਈਵਿੰਗ ਸਿੱਖੀ। ਫੇਰ ਹੌਲੀ ਹੌਲੀ ਆਪਣੀ ਗੱਡੀ ਬਣਾ ਲਈ। ਉਪਰੰਤ ੧੯੨੩ ਈ. ਵਿੱਚ ਸ. ਚੰਨਣ ਸਿੰਘ ਜੀ ਕਲਕੱਤੇ ਚਲੇ ਗਏ। ਇਨ੍ਹਾਂ ਨੇ ਗੱਡੀ ਸਿੱਖ ਕੇ ਆਪਣੀ ਟੈਕਸੀ ਬਣਾ ਲਈ। ਸ. ਇੰਦਰ ਸਿੰਘ ਦੇ ਘਰ ਸ. ਸੰਪੂਰਨ ਸਿੰਘ ਜਨਮਿਆਂ। ਇਹ ਵੀ ੧੯੨੭ ਦੇ ਦਸੰਬਰ ਵਿੱਚ ਕਲਕੱਤੇ ਪਹੁੰਚੇ। ਉੱਥੇ ਇੱਕ ਸਾਲ ਠਹਿਰ ਕੇ ਡ੍ਰਾਈਵਿੰਗ ਸਿੱਖੀ। ਫੇਰ ਇਨ੍ਹਾਂ ਨੂੰ ਪੰਜਾਬੀ ਪੜ੍ਹਨ ਵਾਸਤੇ ਪੰਜਾਬ ਭੇਜ ਦਿੱਤਾ। ਇੱਥੇ ਇਨ੍ਹਾਂ ਨੇ ਮੁਕੰਦਪੁਰ ਪਿੰਡ ਵਿਖੇ ਗਿਆਨੀ ਮਹਾਂ ਸਿੰਘ ਜੀ ਪਾਸੋਂ ਗੁਰਮੁਖੀ ਪੜ੍ਹੀ।

ਕਾਂਝਲੇ ਵਾਲੇ ਸੰਤਾਂ ਦਾ ਮਿਲਾਪ

ਇੱਥੇ ਹੀ ਗਿਆਨੀ ਮਹਾਂ ਸਿੰਘ ਦੇ ਨਾਲ ੧੯ ਮਾਘ ੧੯੨੯ ਈ. ਦੇ ਸਾਲਾਨਾ ਜੋੜ ਮੇਲੇ ਤੇ (ਜੋ ਸੰਤ ਬਾਬਾ ਅੰਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਦੂਜੀ ਬਰਸੀ ਸੀ) ਮਸਤੂਆਣੇ ਪਹੁੰਚੇ। ਇੱਥੇ ਹੀ ਪਹਿਲੀ ਵਾਰ ਕਾਂਝਲੇ ਵਾਲੇ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਦਰਸ਼ਨ ਕੀਤੇ। ਮਨ ਵਿੱਚ ਅੰਮ੍ਰਿਤ ਛਕਣ ਦਾ ਖ਼ਿਆਲ ਸੀ ਪਰ ਛੇਤੀ ਹੀ ਵਾਪਸ ਮੁੜ ਆਏ। ਕਾਂਝਲੇ ਵਾਲੇ ਸੰਤਾਂ ਦੇ ਪਾਸ ਸੇਵਾ ਵਿੱਚ ਮਾਸਟਰ ਜੀਊਣ ਸਿੰਘ ਰਹਿੰਦਾ ਸੀ, ਜਿਸ ਦੇ ਮੁਕੰਦਪੁਰ ਸਹੁਰੇ ਸਨ। ਇਸ ਨੇ ਸੰਤਾਂ ਤੋਂ ਆਪਣੇ ਘਰ ਮੁਕੰਦਪੁਰ ਅਖੰਡ ਪਾਠ ਕਰਵਾਇਆ। ਜਥੇ ਸਮੇਤ ਕਾਂਝਲੇ ਵਾਲੇ ਸੰਤ ਪੁੱਜੇ। ਪਾਠ ਦੀ ਸਮਾਪਤੀ ਤੇ ਅੰਮ੍ਰਿਤ ਪ੍ਰਚਾਰ ਵੀ ਕੀਤਾ। ਛਕਣ ਵਾਲੇ ਅਭਿਲਾਖੀਆਂ ਵਿੱਚ ਸ. ਸੰਪੂਰਨ ਸਿੰਘ ਜੀ ਵੀ ਸ਼ਾਮਲ ਸਨ। ਉਸ ਸਮੇਂ ਕਾਂਝਲੇ ਵਾਲੇ ਸੰਤ ੧੯੨੯ ਦੇ ਮਾਰਚ ਮਹੀਨੇ ਪਹਿਲੀ ਵਾਰ ਕਰਮਸਰ ਦੀ ਢੱਕੀ ਵਿੱਚ ਆਏ। ਦੋਹਾਂ ਵਿਅਕਤੀਆਂ ਨੇ ਭਾਵਨਾ ਨਾਲ ਪਰਸਪਰ ਮਿਲਾਪ ਕੀਤਾ। ਸੰਤ ਜੀ ਮਹਾਰਾਜ ਨੇ ਮੱਥਾ ਟੇਕਣਾ ਚਾਹਿਆ, ਪਰ ਉਨ੍ਹਾਂ ਨੇ ਪਹਿਲਾਂ ਹੀ ਇਨ੍ਹਾਂ ਨੂੰ ਬੁੱਕਲ ਵਿੱਚ ਲੈ ਲਿਆ। ਅਸਥਾਨ ਦੀ ਚਾਲੀ ਗੁਰੂ ਕੇ ਲੰਗਰ ਦੀ ਮਰਯਾਦਾ ਦੇਖ ਕੇ ਬੜੇ ਪ੍ਰਸੰਨ ਹੋਏ ਅਤੇ ਇੱਕੋ ਬਚਨ ਆਖਿਆ, "ਤੁਸੀਂ ਕਿਸੇ ਪਾਰਟੀ ਵਿੱਚ ਨਹੀਂ ਆਉਣਾ। ਇਸੇ ਤਰ੍ਹਾਂ ਇਕ ਰਸ ਤੁਰੇ ਚੱਲੋ। ਫਿਰ ਤਾਂ ਪਾਤਿਸ਼ਾਹ ਵੀ ਇਸ ਦਰ ਤੇ ਝੁਕਣਗੇ।" ਦੂਜੀ ਵਾਰ ਸ. ਚੰਨਣ ਸਿੰਘ ਦੀ ਲੜਕੀ ਬੀਬੀ ਗੁਰਬਚਨ ਕੌਰ ਦੇ ਵਿਆਹ ਸਮੇਂ ਖਟੜੇ ਪਿੰਡ ਗਿਆਂ ੧੯੩੬ ਵਿੱਚ ਕਰਮਸਰ ਆਏ ਸਨ। ਤੀਜੀ ਵਾਰ ਸ. ਤਾਰਾ ਸਿੰਘ ਦੀ ਲੜਕੀ ਬੀਬੀ ਸੁਰਜੀਤ ਕੌਰ ਦੀ ਸ਼ਾਦੀ ਸਮੇਂ ੧੯੪੨ ਈ. ਵਿੱਚ ਕਰਮਸਰ ਆਏ। ਚੌਥੀ ਵਾਰ ੧੯੪੮ ਈ. ਦੇ ਫੱਗਣ ਮਹੀਨੇ ਤਾਰਾ ਸਿੰਘ ਦੀ ਦੂਜੀ ਲੜਕੀ ਬੀਬੀ ਪ੍ਰੀਤਮ ਕੌਰ ਦੇ ਵਿਆਹ ਸਮੇਂ ਕਰਮਸਰ ਆਏ ਸਨ। ੧੯੨੯ ਈ. ਵਿੱਚ ਹੀ ਕਾਂਝਲੇ ਵਾਲੇ ਸੰਤ ਕਲਕੱਤੇ ਗਏ ਸਨ।

ਸੰਗਤ ਦੀ ਬੇਨਤੀ ਮੰਨ ਕੇ ੧੯੩੦ ਈ. ਵਿੱਚ ਗੁਰਦੁਆਰਾ ਜਗਤ ਸੁਧਾਰ ਦੀ ਨੀਂਹ ਰੱਖੀ, ਜੋ ਸੰਗਤ ਦੇ ਉੱਦਮ ਨਾਲ ਛੇਤੀ ਹੀ ਤਿਆਰ ਹੋ ਗਿਆ। ਇਨ੍ਹਾਂ ਦੀ ਭਾਵਨਾ ਅਨੁਸਾਰ ਸ. ਸੰਪੂਰਨ ਸਿੰਘ ਦੇ ਘਰ ੧੭ ਦਸੰਬਰ ੧੯੩੭ ਈ ਨੂੰ ਲੜਕੇ ਦਾ ਜਨਮ ਹੋਇਆ, ਜਿਸ ਦਾ ਨਾਮ ਚਰਨਜੀਤ ਸਿੰਘ ਰੱਖਿਆ। ਇਸ ਦੀ ਸ਼ਾਦੀ ਜੱਲ੍ਹੇ ਪਿੰਡ ਬੀਬੀ ਰਾਜਿੰਦਰ ਕੌਰ ਨਾਲ ਹੋਈ। ਅੱਗੇ ਇਸ ਦੇ ਘਰ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਬਚਨਾਂ ਨਾਲ ੨-੧੦-੧੯੬੧ ਨੂੰ ਲੜਕੇ ਦਾ ਜਨਮ ਹੋਇਆ। ਸੰਤ ਜੀ ਮਹਾਰਾਜ ਨੇ ਨਾਮ ਗੁਰਜੀਤ ਸਿੰਘ ਰੱਖਿਆ। ਭਾਵੇ ਕਾਂਝਲੇ ਵਾਲੇ ਸੰਤ ਪਹਿਲਾਂ ਵੀ ਤਿੰਨ ਵਾਰ ਖਟੜੇ ਨਗਰ ਆਏ ਅਤੇ ਕਰਮਸਰ ਅਸਥਾਨ ਤੇ ਦਰਸ਼ਨ ਦੀਦਾਰ ਕਰ ਗਏ ਸਨ ਪਰ ਜਦੋਂ ਚੌਥੀ ਵਾਰ ਬੀਬੀ ਪ੍ਰੀਤਮ ਕੌਰ ਦੇ ਵਿਆਹ ਸਮੇਂ ੧੯੪੮ ਦੇ ਫੱਗਣ ਮਹੀਨੇ ਖਟੜੇ ਨਗਰ ਆਇਆਂ ਨੇ ਕਰਮਸਰ ਦਾ ਦਰਸ਼ਨ ਦੀਦਾਰ ਕੀਤਾ ਮਹਾਂਪੁਰਸ਼ਾਂ ਨੂੰ ਮਿਲੇ। ਪਰਸਪਰ ਇੱਕ ਦੂਜੇ ਨਾਲ ਅੰਤ੍ਰੀਵ ਪਿਆਰ ਸੀ। ਮਾਨੋ ਗਿਆਨ ਤੇ ਪ੍ਰੇਮ ਹੀ ਪ੍ਰਤੱਖ ਸਰੂਪ ਧਾਰ ਕੇ ਇੱਕ ਦੂਜੇ ਦੇ ਸਾਹਮਣੇ ਬੈਠੇ ਸਸ਼ੋਭਤ ਹੋ ਰਹੇ ਸਨ। ਭੋਰੇ ਅੰਦਰ ਇਕਾਂਤ ਅਸਥਾਨ ਵਿੱਚ ਵੀ ਦੋਹਾਂ ਵਿਅਕਤੀਆਂ ਨੇ ਇਕੱਲਿਆਂ ਹੋ ਕੇ ਬਚਨ ਬਿਲਾਸ ਕੀਤੇ ਜਿਨ੍ਹਾਂ ਨੂੰ ਕਿਸੇ ਕਿਸੇ ਖ਼ਾਸ ਪ੍ਰੇਮੀ ਨੇ ਹੀ ਸਮਝਿਆ। ਸਰੀਰ ਅਲੋਪ ਕਰਨ ਦਾ ਵੀ ਇਸ਼ਾਰਾ ਕੀਤਾ। ਹਜ਼ੂਰ ਨੇ ਮਹਾਂਪੁਰਸ਼ਾਂ ਦੇ ਸਤਿਕਾਰ ਵਾਸਤੇ ਮਿਸ਼ਰੀ, ਬਦਾਮ, ਦਸਤਾਰ ਤੇ ਨਾਲ ੧੦੧ ਰੁਪਿਆ ਭੇਟਾ ਕੀਤਾ। ਇਹ ਸਰੀਰ ਕਰ ਕੇ ਦੋਹਾਂ ਵਿਅਕਤੀਆਂ ਦਾ ਆਖ਼ਰੀ ਮਿਲਾਪ ਸੀ। ਉਪਰੰਤ ਇਕੱਠੇ ਹੀ ਗੁਰੂ ਕੇ ਲੰਗਰ ਵੱਲ ਆਏ। ਦਰਸ਼ਨ ਦੀਦਾਰ ਕਰ ਮਨ ਬੜਾ ਪ੍ਰਸੰਨ ਹੋਇਆ। ਲੰਗਰ ਦੇ ਇੰਚਾਰਜ (ਸ੍ਰੀਮਾਨ) ਜਸਵੰਤ ਸਿੰਘ ਨੇ ਨਮਸ਼ਕਾਰ ਕੀਤੀ ਤਾਂ ਉਸ ਸਮੇਂ ਇਨ੍ਹਾਂ ਨੂੰ ਸੰਬੋਧਨ ਕਰ ਕੇ ਆਖਿਆ, "ਬੱਸ! ਏਸੇ ਲੰਗਰ ਦੀ ਹੀ ਕ੍ਰਿਪਾ ਹੈ ਪ੍ਰੇਮ ਨਾਲ ਸੇਵਾ ਕਰੀ ਜਾਹ। ਕਿਸੇ ਸਮੇਂ ਕੋਈ ਭੁੱਖਾ ਨਾ ਮੁੜੇ। ਇਹ ਸਾਰੇ ਜਪਾਂ ਤਪਾਂ ਨਾਲੋਂ ਸ੍ਰੋਮਣੀ ਸੇਵਾ ਹੈ।"

ਉਪਰੰਤ ਗੱਡੀ ਵਿੱਚ ਬੈਠਣ ਲਗਿਆਂ ਸੰਤ ਜੀ ਮਹਾਰਾਜ ਨੂੰ ਬੁੱਕਲ ਵਿੱਚ ਲੈ ਕੇ ਬੜਾ ਪਿਆਰ ਕੀਤਾ ਅਤੇ ਅੰਤਮ ਬਚਨ ਕਹੇ ਕਿ ਅਸੀਂ ਪਹਿਲੀ ਵੇਰ ਆਇਆਂ ਦਿਬ ਦ੍ਰਿਸ਼ਟੀ ਨਾਲ ਤੁਹਾਡਾ ਨੂਰਾਨੀ ਚੇਹਰਾ ਤੱਕ ਕੇ ਮਸਤਕ ਤੋਂ ਇਹ ਅਨੁਭਵ ਕੀਤਾ ਸੀ ਕਿ ਤੁਸੀਂ ਤਾਂ ਦੁਨੀਆਂ ਤੇ ਕਾਰਕ ਅਵਤਾਰ ਹੋ ਕੇ ਆਏ ਹੋ ਅਤੇ ਨਾਲ ਇਹ ਗੱਲ ਵੀ ਆਖੀ

ਸੀ ਕਿ ਕਿਸੇ ਪਾਰਟੀ ਵਿੱਚ ਹਿੱਸਾ ਨਾ ਲੈਣਾ। ਆਪਣੀ ਮੌਜ ਵਿੱਚ ਬੰਦਗ਼ੀ ਕਰੀ ਕਰਾਈ ਜਾਓ। ਬੜੀ ਚੜ੍ਹਦੀ ਕਲਾ ਹੋਵੇਗੀ। ਇੱਥੇ ਪੰਜਾਬ ਦੇ ਚੀਫ ਮਨਿਸਟਰਾਂ ਨੂੰ ਦਰਸ਼ਨ ਕਰਨ ਵਾਸਤੇ ਪਹਿਲਾਂ ਸਮਾਂ ਮੰਗਣਾ ਪਿਆ ਕਰੇਗਾ। ਉਹ ਬਚਨ ਸਹੀ ਦੇਖ ਕੇ ਅੱਜ ਮੇਰਾ ਮਨ ਬੜਾ ਪ੍ਰਸੰਨ ਹੋਇਆ ਹੈ। ਤੁਹਾਡੇ ਜੈਸੇ ਨਿਰਲੋਭ, ਨਿਰਚਾਹ, ਨਿਰ-ਇੱਛਤ ਤੇ ਉਦਾਰ ਆਤਮਾਂ ਮਹਾਂਪੁਰਸ਼ ਦਾ ਦਰਸ਼ਨ ਦੁਰਲੱਭ ਹੈ। ਅੱਗੇ ਨੂੰ ਵੀ ਤੁਹਾਡੇ ਪਾਸ ਬਹੁਤ ਸਾਰੇ ਲੋਕ ਪਾਰਟੀਆਂ ਵਿੱਚ ਸ਼ਾਮਲ ਕਰਨ ਵਾਸਤੇ ਆਉਣਗੇ। ਬੜੇ ਬੜੇ ਔਹਦੇ ਤੇ ਵਜ਼ੀਰੀਆਂ ਦਾ ਲਾਲਚ ਦਿਖਾਉਣਗੇ, ਪਰ ਤੁਸੀਂ ਕਿਸੇ ਦੀ ਪ੍ਰਵਾਹ ਨਹੀਂ ਕਰਨੀ। ਇੱਕ ਗੱਲ ਹੋਰ ਯਾਦ ਰੱਖਣੀ ਇਸ ਇਲਾਕੇ ਵਿੱਚ ਤਾਂ ਤੁਹਾਡਾ ਬੇਅੰਤ ਪ੍ਰਚਾਰ ਹੋ ਚੁੱਕਾ ਹੈ। ਹੁਣ ਦੂਰ ਇਲਾਕਿਆਂ ਵਿੱਚ ਜਾਇਆ ਕਰੋ। ਭਾਵੇਂ ਮੈਂ ਸਮਝਦਾ ਹਾਂ ਕਿ ਬਾਹਰ ਦੂਰ ਜਾਣ ਵਿੱਚ ਬੜੀ ਖੇਚਲ ਹੁੰਦੀ ਹੈ ਪਰ ਸਰੀਰ ਤੇ ਕਸ਼ਟ ਝੱਲ ਕੇ ਹੀ ਪਰਉਪਕਾਰ ਹੋ ਸਕਦਾ ਹੈ। ਜੇ ਤੁਹਾਡੇ ਸਿੱਧੀ ਧਾਰਨਾ ਵਾਲੇ ਸ਼ਬਦ ਨੂੰ ਸੁਣ ਕੇ ਕਿਸੇ ਇੱਕ ਦੇ ਮਨ ਤੇ ਵੀ ਚੋਟ ਲੱਗ ਗਈ, ਤਾਂ ਕਿਤਨਾ ਲਾਭ ਹੋ ਗਿਆ? ਤੁਸੀਂ ਤਾਂ ਹਜ਼ਾਰਾਂ ਲੱਖਾਂ ਜੀਵਾਂ ਦੀ ਕਲਿਆਣ ਕਰਨੀ ਹੈ।

ਉਪਰੰਤ ਸ. ਚੰਨਣ ਸਿੰਘ ਨੂੰ ਆਖਿਆ ਕਿ ਸਾਡਾ ਹੁਣ ਆਖ਼ਰੀ ਦਰਸ਼ਨ ਹੈ। ਫਿਰ ਅਸੀਂ ਇੱਥੇ ਨਹੀਂ ਆਉਣਾ ਪਰ ਅੱਜ ਤੋਂ ਸਾਡੀ ਸੰਗਤ ਕਰਨ ਵਾਲਾ ਚਾਹੇ ਕੋਈ ਬਿਹੰਗਮ ਹੈ, ਚਾਹੇ ਗ੍ਰਿਹਸਤੀ ਹੈ; ਜੇਕਰ ਭਲਾ ਚਾਹੁੰਦਾ ਹੈ ਇਨ੍ਹਾਂ ਦੀ ਸੰਗਤ ਕਰੇ। ਕਿਉਂਕਿ ਆਪਣਾ ਤਾਂ ਭਾਵੇਂ ਕੋਈ ਭਲਾ ਕਰ ਲਵੇ, ਪਰ ਦੂਸਰੇ ਦਾ ਭਲਾ ਕਰਨ ਵਾਲਾ ਕੋਈ ਉੱਚ ਕੋਟੀ ਦਾ ਸਾਧੂ ਬਿਹੰਗਮ ਵੀ ਨਹੀਂ ਪ੍ਰਤੀਤ ਹੋ ਰਿਹਾ। ਇਹ ਬਚਨ ਸੁਣ ਕੇ ਸ. ਚੰਨਣ ਸਿੰਘ ਤੇ ਹੋਰ ਸਾਰੇ ਪ੍ਰਵਾਰ ਦੇ ਨੇਤਰਾਂ ਵਿੱਚੋਂ ਜਲ ਵਹਿ ਤੁਰਿਆ। ਉਨ੍ਹਾਂ ਦਾ ਖ਼ਿਆਲ ਸੀ ਜਦੋਂ ਸੰਤਾਂ ਨੇ ਫੇਰ ਮੁੜ ਕੇ ਨਾ ਆਉਣ ਦਾ ਬਚਨ ਕੀਤਾ ਹੈ, ਕਿਤੇ ਸਾਡੇ ਪਾਸੋਂ ਸੇਵਾ ਕਰਦਿਆਂ ਕੋਈ ਗਲਤੀ ਹੋ ਗਈ ਹੋਵੇਗੀ। ਬੜੇ ਵੈਰਾਗ ਵਿੱਚ ਆ ਕੇ ਬੇਨਤੀਆਂ ਕਰਨ ਲੱਗੇ, "ਮਹਾਰਾਜ! ਸਾਥੋਂ ਕੀ ਭੁੱਲ ਹੋ ਗਈ ਹੈ ਜੋ ਫੇਰ ਨਹੀਂ ਆਉਣਾ?" ਸੰਤ ਜੀ ਬੋਲੇ, "ਤੁਸੀਂ ਸਾਡੇ ਖ਼ਾਸ ਪ੍ਰੇਮੀ ਹੋ ਤਾਂ ਤੁਹਾਨੂੰ ਇਹ ਗੱਲ ਦੱਸੀ ਹੈ। ਤੁਹਾਥੋਂ ਕੋਈ ਭੁੱਲ ਨਹੀਂ ਹੋਈ, ਤੁਸੀਂ ਤਾਂ ਬੜੀ ਸੇਵਾ ਕੀਤੀ ਹੈ। ਪਰ ਹੁਣ ਸਾਡਾ ਇਹ ਸਰੀਰ ਨਹੀਂ ਰਹੇਗਾ। ਤੁਸੀਂ ਦਾਨੀ ਸੱਜਣ ਹੋ ਤੁਹਾਨੂੰ ਪ੍ਰੇਰਨਾ ਵਾਸਤੇ ਬਹੁਤ ਸਾਰੇ ਦੰਭੀ ਲੋਕ ਵੀ ਸੰਤ ਭੇਸ ਵਿੱਚ ਆਉਣਗੇ ਪਰ ਤੁਸੀਂ ਕਿਸੇ ਦੇ ਕਹੇ ਨਹੀਂ ਲੱਗਣਾ। ਅੱਜ ਤੋਂ ਬਾਅਦ ਸਾਡਾ ਹੀ ਰੂਪ ਜਾਣ ਕੇ ਇਨ੍ਹਾਂ ਦੀ ਸੇਵਾ ਤੇ ਸੰਗਤ ਕਰਨੀ।"

ਇਸੇ ਤਰ੍ਹਾਂ ਬੀਬਾ ਜੀ ਨੂੰ ਆਖਿਆ, "ਤੁਸੀਂ ਵੀ ਅੱਜ ਤੋਂ ਸੰਤ ਜੀ ਮਹਾਰਾਜ ਦਾ ਬਚਨ ਮੰਨਣਾ। ਚਾਹੇ ਦੁੱਖ ਹੋਵੇ, ਚਾਹੇ ਸੁੱਖ ਹੋਵੇ; ਇਨ੍ਹਾਂ ਤੋਂ ਬਿਨਾਂ ਹੋਰ ਕਿਸੇ ਪਾਸੋਂ ਨਾ ਕੋਈ ਮੰਗ ਕਰਨੀ, ਨਾ ਹੀ ਕਿਸੇ ਦੀ ਸੰਗਤ ਕਰਣੀ।" ਇਉਂ ਹੋਰ ਵੀ ਬਹੁਤ ਸਾਰੇ ਬਚਨ ਕਰ ਕੇ ਪਰਸਪਰ ਨਮਸ਼ਕਾਰ ਕਰ ਆਪ ਜੀ ਖਟੜਿਆਂ ਨੂੰ ਚਲੇ ਗਏ ਅਤੇ ਇਸੇ ਸਾਲ ਇੱਕ ਭਾਦਰੋਂ ਨੂੰ ਬਾਲੇਵਾਲ ਨਗਰ ਅਸਥਾਨ ਦੀ ਜ਼ੁੰਮੇਵਾਰੀ ਬੀਬਾ ਗ਼ੁਲਾਬ ਕੌਰ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ। ਜਿੱਥੇ ਮਹਾਂਪੁਰਸ਼ਾਂ ਦਾ ਯਾਦਗਾਰੀ ਅਸਥਾਨ ਬਣਿਆ ਹੈ, ਦਸ ਪੰਦਰਾਂ ਬਿਹੰਗਮ ਰਹਿੰਦੇ ਹਨ। ਕਥਾ ਕੀਰਤਨ ਦਾ ਪ੍ਰਵਾਹ ਤੇ ਗੁਰੂ ਕਾ ਲੰਗਰ ਚੱਲਦਾ ਹੈ। ਉਸ ਸਮੇਂ ਤੋਂ ਪਿੱਛੋਂ ਖਟੜਿਆਂ ਵਾਲੇ ਪ੍ਰੇਮੀ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਅਤਿਅੰਤ ਸ਼ਰਧਾਲੂ ਬਣ ਗਏ। ਇਸੇ ਦਿਨ ਦਾਸ (ਲੇਖਕ) ਨੇ ਵੀ ਇਨ੍ਹਾਂ ਸਾਰੇ ਪੁਰਸ਼ਾਂ ਦਾ ਦਰਸ਼ਨ ਦੀਦਾਰ ਕੀਤਾ।

ਹੋਰ ਵਿਅਕਤੀਆਂ ਦੇ ਦੀਦਾਰ

ਜਦੋਂ ੧੯੪੮ ਦੇ ਫੱਗਣ ਵਿੱਚ ਕਾਂਝਲੇ ਵਾਲੇ ਸੰਤ ਕਰਮਸਰ ਆਏ ਸਨ, ਉਸੇ ਦਿਨ ਹੀ ਸੰਤ ਮਨੀ ਸਿੰਘ ਜੀ ਭਾਈ ਕੇ ਦਿਆਲਪੁਰੇ ਵਾਲੇ ਵੀ ਆਏ ਸਨ, ਪਰ ਬਹੁਤਾ ਸਮਾਂ ਨਹੀਂ ਠਹਿਰੇ ਛੇਤੀ ਹੀ ਵਾਪਸ ਚਲੇ ਗਏ। ਉਸੇ ਦਿਨ ਸੰਤ ਮਹਾਰਾਜ ਭਿੰਡਰਾਂ ਵਾਲੇ ਵੀ ਹੋਲੇ ਮਹੱਲੇ ਤੇ ਅਨੰਦਪੁਰ ਸਾਹਿਬ ਨੂੰ ਜਾਂਦਿਆਂ ਜਥੇ ਸਮੇਤ ਇੱਥੇ ਪੁੱਜੇ ਸਨ। ਦੋਹਾਂ ਵਿਅਕਤੀਆਂ ਨੇ ਪਰਸਪਰ ਨਮਸ਼ਕਾਰ ਕੀਤੀ। ਹਜ਼ੂਰ ਨੇ ਕੌਮ ਦੇ ਮਹਾਨ ਨਿਰਇੱਛਤ ਨਿਰੋਲ ਗੁਰਬਾਣੀ ਦੇ ਧਾਰਮਿਕ ਪ੍ਰਚਾਰ ਨੂੰ ਕਰਨ ਵਾਲੇ ਵਿਦਵਾਨ ਮਹਾਨ ਮੰਡਲੇਸ਼ਰ ਗੁਰਮਤ ਦੇ ਬੇਤੇ ਮਹਾਂਪੁਰਸ਼ ਦਾ ਬੜਾ ਸਤਿਕਾਰ ਕੀਤਾ ਕਿ ਤੁਸੀਂ ਸਿੱਖ ਪੰਥ ਦਾ ਨਿਰਮੋਲਕ ਸਰਮਾਇਆ ਹੋ। ਗੁਰਬਾਣੀ ਦੇ ਸੰਪ੍ਰਦਾਇ ਗਿਆਨੀ ਤੇ ਏਕਤਾਵਾਦੀ ਹੋ। ਉਪਰੰਤ ਭੋਰੇ ਦੇ ਉੱਪਰਲੇ ਹਿੱਸੇ ਵਿੱਚ ਇਕਾਂਤ ਲਿਜਾ ਕੇ ਆਉਣ ਵਾਲੇ ਸਮੇਂ ਦੀ ਤੇ ਗੂੜ੍ਹ ਵਿਦਾਂਤ ਦੀ ਵਿਚਾਰ ਕੀਤੀ। ਦੁਪਹਿਰ ਦਾ ਪ੍ਰਸ਼ਾਦ ਛਕਿਆ। ਅਸਥਾਨ ਵਲੋਂ ਮਿਸ਼ਰੀ ਬਦਾਮ ਦੇ ਨਾਲ ਮਾਇਆ ਰੱਖ ਤੇ ਸਿਰੋਪਾਓ ਦਿੱਤਾ ਗਿਆ। ਭਾਵੇਂ ਸੰਤ ਭਿੰਡਰਾਂ ਵਾਲੇ ਜਥੇ ਸਮੇਤ ਬਹੁਤ ਵਾਰੀ ਪਹਿਲਾਂ ਵੀ ਆਏ ਸਨ। ਪਰ ਅੱਜ ਦਾ ਮਿਲਾਪ ਤੇ ਹਜ਼ੂਰ ਦਾ ਦੀਦਾਰ ਕਰ ਕੇ ਅਤੇ ਅਸਥਾਨ ਦੀ ਮਰਯਾਦਾ ਦੇਖ ਕੇ ਬੜੇ ਪ੍ਰਸੰਨ ਹਏ। ਗੁਰੂ ਕਾ ਲੰਗਰ, ਦੋ ਸਮੇਂ ਕਥਾ ਕੀਰਤਨ ਦੀ ਚਾਲੀ, ਅੰਮ੍ਰਿਤ ਵੇਲੇ ਦਾ ਜਾਗਣਾ, ਫਿਰ ਮੰਗ ਕਿਸੇ ਤੋਂ ਕਈ ਨਹੀਂ, ਪੰਛੀ ਬ੍ਰਿਤੀ ਦੇਖ ਬੜੇ ਖੁਸ਼ ਹੋਏ। ਉਪਰੰਤ ਪਿਛਲੇ ਪਹਿਰ ਦਾ ਜਲ ਪਾਣੀ ਛਕ ਕੇ ਸ਼ਾਮ ਨੂੰ ਰੇਰੂ ਸਾਹਿਬ ਪੁੱਜ ਗਏ।

ਇਨ੍ਹਾਂ ਦਿਨਾਂ ਵਿੱਚ ਹੀ ਸੰਤ ਤੇਜਾ ਸਿੰਘ ਜੀ ਡਬਲ ਐਮ. ਏ. (ਮਸਤੂਆਣੇ ਵਾਲੇ ਸੰਤ ਜੀ ਮਹਾਰਾਜ ਦੇ ਸੇਵਕ

ਜਿਨ੍ਹਾਂ ਨੇ ਚੀਮੇ ਨਗਰ ਉਨ੍ਹਾਂ ਦੇ ਜਨਮ ਅਸਥਾਨ ਦੀ ਸੇਵਾ ਕਰਵਾਈ ਹੈ) ਦਰਸ਼ਨਾਂ ਨੂੰ ਆਏ। ਛੋਟੇ ਸੰਤ ਜੀ ਮਹਾਰਾਜ ਦੇ ਚੁਬਾਰੇ ਵਿੱਚ ਠਹਿਰੇ। ਦੋਹਾਂ ਵਿਅਕਤੀਆਂ ਨੂੰ ਮਿਲੇ। ਪਰਸਪਰ ਨਮਸ਼ਕਾਰ ਕਰ ਕਾਫ਼ੀ ਸਮਾਂ ਬਚਨ ਬਿਲਾਸ ਹੁੰਦੇ ਰਹੇ। ਉਪਰੰਤ ਹਜ਼ੂਰ ਨੇ ਮਾਇਆ ਰੱਖ ਕੇ ਸਿਰੋਪਾਓ ਤੇ ਪ੍ਰਸ਼ਾਦ ਦਿੱਤਾ। ਸੰਤ ਜੀ ਮਹਾਰਾਜ ਦੀ ਨਿਮਰਤਾ, ਉਦਾਰਤਾ ਤੇ ਮਿਲਣਸਾਰ ਸੁਭਾਓ ਦੇਖ ਕੇ ਬੜੇ ਪ੍ਰਸੰਨ ਚਿੱਤ ਜਸ ਕਰਦੇ ਹੋਏ ਸ਼ਾਮ ਨੂੰ ਵਾਪਸ ਮੁੜ ਗਏ।

ਸੰਤ ਜੀ ਮਹਾਰਾਜ ਦਾ ਪਹਿਲੀ ਵਾਰ ਕਲਕੱਤੇ ਜਾਣਾ

ਕਾਂਝਲੇ ਵਾਲੇ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸਾਰੇ ਹੀ ਦੂਰ ਨੇੜੇ ਦੇ ਸ਼ਰਧਾਲੂ ਪ੍ਰੇਮੀਆਂ ਨੂੰ ਨਿਰਾਸਤਾ ਛਾ ਗਈ। ਕੋਈ ਆਸਰਾ ਨਾ ਡਿੱਠਾ। ਬਹੁਤਾ ਕਲਕੱਤੇ ਦੀ ਸੰਗਤ ਨੂੰ ਦੁੱਖ ਹੋਇਆ ਤੇ ਉਨ੍ਹਾਂ ਇਹ ਨਾ ਪੂਰਾ ਹੋਣ ਵਾਲਾ ਘਾਟਾ ਮਹਿਸੂਸ ਕੀਤਾ, ਜਿੱਥੇ ਕਿ ਸਾਲ ਦੇ ਸਾਲ ਜਾ ਕੇ ਬਾਬਾ ਜੀ ਡ੍ਰਾਈਵਰ ਪਾਰਟੀ ਨੂੰ ਮਾਸ ਸ਼ਰਾਬ ਤੇ ਹੋਰ ਵਿਭਚਾਰ ਆਦਿਕ ਨਿੰਦਨੀਯ ਕਰਮਾਂ ਤੋਂ ਰੋਕ ਕੇ ਸ਼ੁਭ ਪਾਸੇ ਚੱਲਣ ਦੀ ਸਿੱਖਿਆ ਦਿੰਦੇ। ਉਸ ਸਮੇਂ ਕਲਕੱਤੇ ਵਾਸੀ ਪ੍ਰੇਮੀਆਂ ਨੇ ਸੰਤਾਂ ਦੇ ਬਚਨਾਂ ਤੇ ਨਿਸ਼ਚਾ ਕੀਤਾ ਕਿ ਅੱਜ ਤੋਂ ਬਾਅਦ ਰਾੜੇ ਸਾਹਿਬ ਵਾਲੇ ਸੰਤਾਂ ਨੂੰ ਸਾਡਾ ਹੀ ਸਰੂਪ ਜਾਣ ਕੇ ਸੇਵਾ ਤੇ ਆਗਿਆ ਦਾ ਪਾਲਣ ਕਰਨਾ। ਜਦੋਂ ਨਾਲ ਦੇ ਹੋਰਨਾਂ ਪ੍ਰੇਮੀਆਂ ਦੀ ਪ੍ਰੇਰਨਾ ਹੋਈ ਤਾਂ ਸ. ਚੰਨਣ ਸਿੰਘ ਖਟੜਿਆਂ ਵਾਲੇ ਕਲਕੱਤੇ ਤੋਂ ਹਜ਼ੂਰ ਦੇ ਚਰਨਾਂ ਵਿੱਚ ਕਰਮਸਰ ਹਾਜ਼ਰ ਹੋਏ। ਭਾਵਨਾ ਨਾਲ ਅਸ਼ਟਾਂਗ ਡੰਡਉਤ ਕਰ ਕਲਕੱਤੇ ਦੀ ਸੰਗਤ ਵਲੋਂ ਬੇਨਤੀ ਕੀਤੀ ਕਿ ਮਹਾਰਾਜ! ਮਹਾਂਪੁਰਸ਼ਾਂ ਦੇ ਲਾਏ ਸਿੱਖੀ ਬੂਟੇ ਦੀ ਸੰਭਾਲ ਕਰਦਿਆਂ ਨਾਮ ਬਾਣੀ ਦੇ ਉਪਦੇਸ਼ ਦਾ ਜਲ ਸਿੰਜ ਕੇ ਪ੍ਰਫੁਲਤ ਕਰਨ ਵਾਸਤੇ ਕਲਕੱਤੇ ਦੀ ਸੰਗਤ ਨੂੰ ਦਰਸ਼ਨ ਬਖ਼ਸ਼ੋ।

ਭਾਵੇਂ ਇਨ੍ਹਾਂ ਨੇ ਅੱਗੇ ਵੀ ਕਈ ਵਾਰ ਦਰਸ਼ਨਾਂ ਨੂੰ ਆਇਆਂ ਕਲਕੱਤੇ ਲਿਜਾਣ ਵਾਸਤੇ ਬੇਨਤੀ ਕੀਤੀ ਸੀ। ਉਸ ਸਮੇਂ ਕੋਈ ਉੱਤਰ ਨਹੀਂ ਸੀ ਦਿੰਦੇ। ਪਰ ਅੱਜ ਹਜ਼ੂਰ ਨੇ ਮਹਾਂਪੁਰਸ਼ਾਂ ਦੇ ਨਾਲ ਹੋਏ ਬਚਨਾਂ ਨੂੰ ਯਾਦ ਕੀਤਾ ਕਿ ਸਰੀਰ ਤੇ ਖੇਚਲ ਬਰਦਾਸ਼ਤ ਕਰ ਕੇ ਦੂਰ ਦੁਰੇਡੇ ਜਾਣ ਕਰ ਕੇ ਸੰਗਤ ਨੂੰ ਬਹੁਤ ਲਾਭ ਪੁੱਜਦਾ ਹੈ। ਨਾਲ ਹੀ ਕਲਕੱਤੇ ਵਾਸੀ ਪ੍ਰੇਮੀਆਂ ਦੀ ਪ੍ਰਾਰਬਧ ਨੂੰ ਅਨੁਭਵ ਕੀਤਾ ਅਤੇ ਬਾਹਰਲੇ ਮੁਲਕਾਂ ਤੋਂ ਬਹਿਰੀ ਜ਼ਹਾਜ ਰਾਹੀਂ ਇਸ ਬੰਦਰਗਾਹ ਤੇ ਉੱਤਰੇ ਯਾਤਰੂ ਪੰਜਾਬ ਵਿੱਚੋਂ ਗਏ ਗ਼ਰੀਬ ਲੋਕ ਤੇ ਪ੍ਰੇਮੀ ਸਿੱਖ ਰਿਹਾਇਸ਼ ਤੇ ਰੋਟੀ ਤੋਂ ਬਿਨਾਂ ਬੜੇ ਦੁਖੀ ਹੁੰਦੇ ਹਨ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਅਤੇ ਹੋਰ ਵੀ ਬਹੁਤ ਸਾਰੇ ਕਾਰਣਾਂ ਨੂੰ ਅਨੁਭਵ ਕਰ ਕੇ (ਜਿਨ੍ਹਾਂ ਨੂੰ ਉਹ ਆਪ ਹੀ ਜਾਣਦੇ ਸਨ) ਦਾਤੇ ਨੇ ਪ੍ਰਵਾਨਗੀ ਦੇ ਦਿੱਤੀ। ਤਾਰੀਖ਼ ਨੀਅਤ ਕਰ ਕੇ ਪ੍ਰੇਮੀਆਂ ਨੇ ਹਾਵੜਾ ਮੇਲ ਦਾ ਸਪੈਸ਼ਲ ਡੱਬਾ ਬੁੱਕ ਕਰਵਾ ਲਿਆ। ਇਉਂ ਪੰਜ ਸੱਤ ਕੀਰਤਨੀਏ ਪ੍ਰੇਮੀ ਸਾਜੀ ਸਿੰਘਾਂ ਤੇ ਹਜ਼ੂਰੀਏ ਸੇਵਾਦਾਰ ਸਮੇਤ ੧੯੪੯ ਈ. ਦੇ ਗਿਆਰ੍ਹਵੇਂ ਮਹੀਨੇ ਟਰੇਨ 'ਚ ਬੈਠ ਪਹਿਲੀ ਵਾਰ ਕਲਕੱਤੇ ਪੁੱਜੇ। ਗੱਡੀ 'ਚੋਂ ਉੱਤਰਨ ਸਮੇਂ ਬੇਅੰਤ ਹੀ ਸੁਆਗਤ ਕਰਨ ਵਾਲੇ ਸ਼ਰਧਾਲੂਆਂ ਦੀ ਭੀੜ ਜੁੜੀ ਹੋਈ ਸੀ। ਸਭਨਾਂ ਦੇ ਹੱਥਾਂ ਵਿੱਚ ਰੀਝਾਂ ਨਾਲ ਤਿਆਰ ਕੀਤੇ ਸਿਹਰੇ ਫੜੇ ਸਨ। ਨਮਸ਼ਕਾਰਾਂ ਕਰ ਕੇ ਗਲੇ 'ਚ ਪਾਏ। ਹਰ ਇੱਕ ਦੇ ਮਨ ਦਾ ਖ਼ਿਆਲ ਸੀ ਮੇਰੀ ਗੱਡੀ ਨੂੰ ਚਰਨ ਛੂਹ ਪ੍ਰਾਪਤ ਹੋਵੇ। ਕੋਈ ਕਹੇ, ਇਹ ਸੇਵਾ ਮੈਨੂੰ ਬਖ਼ਸ਼ਣ। ਪਿਛਲੇ ਸੰਸਕਾਰਾਂ ਦੀ ਪ੍ਰਬਲਤਾ ਵਾਲਿਆਂ ਤੇ ਮੇਹਰ ਹੋਈ। ਸ. ਚੰਨਣ ਸਿੰਘ ਦੇ ਪਾਸ ਪੱਦੋ ਪੋਖਰ ਰੋਡ ਕੋਠੀ ਨੰ: ੧੫ ਵਿੱਚ ਠਹਿਰੇ। ਦੀਵਾਨ ਗੁਰਦੁਆਰਾ ਜਗਤ ਸੁਧਾਰ ਸਜਦੇ ਰਹੇ। ਪਤਾ ਨਹੀਂ ਲੱਗਾ ਕਿ ਦੋ ਮਹੀਨਿਆਂ ਦਾ ਸਮਾਂ ਕਦੋਂ ਲੰਘ ਗਿਆ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਕੀਤਾ। ਬਹੁਤ ਸਾਰੇ ਸੱਜਣ ਮਾਸ ਸ਼ਰਾਬ ਤਿਆਗਣ ਦਾ ਪ੍ਰਣ ਕਰ ਗੁਰੂ ਕੇ ਜਹਾਜ਼ੇ ਚੜ੍ਹੇ। ਬੇਅੰਤ ਪ੍ਰੇਮੀਆਂ ਨੂੰ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ।

ਇਥੋਂ ਹੀ ਆਪ ਜੀ ਦੇ ਚਾਰ ਦਿਨਾਂ ਵਾਸਤੇ ਸ. ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦੀ ਬੇਨਤੀ ਮੰਨ ਕੇ ਇਕ ਗੜਵਈ ਸੇਵਾਦਾਰ ਨਾਲ ਹਵਾਈ ਜਹਾਜ਼ ਤੇ ਬੰਬਈ ਪੁੱਜ ਕੇ ਅਖੰਡ ਪਾਠ ਦੇ ਭੋਗ ਉਪਰੰਤ (ਜੋ ਸਥਾਨਕ ਪਾਠੀਆਂ ਨੇ ਕੀਤਾ ਸੀ) ਕੋਕਾ ਕੋਲਾ ਫੈਕਟਰੀ ਦਾ ਨੀਂਹ ਪੱਥਰ ਰੱਖਿਆ। ਮਗਰੋਂ ਖੁੱਲ੍ਹਾ ਲੰਗਰ ਵਰਤਿਆ। ਇਹ ਬੰਬੇ ਵਾਲੀ ਸਾਢੇ ਪੰਜ ਏਕੜ ਖ਼ਾਲੀ ਜਗ੍ਹਾ ਵਿੱਚ ਸੰਤ ਜੀ ਮਹਾਰਾਜ ਦੇ ਕਰ ਕਮਲਾਂ ਤੋਂ ਉਦਘਾਟਨ ਕਰਵਾ ਕੇ ਫੈਕਟਰੀ ਲਗਾਈ ਹੈ। ਚੌਥੇ ਦਿਨ ਆਪ ਜੀ ਫਿਰ ਉਸੇ ਤਰ੍ਹਾਂ ਹਵਾਈ ਜਹਾਜ਼ ਰਾਹੀਂ ਕਲਕੱਤੇ ਪੁੱਜੇ।

ਗੁਰਦੁਆਰਾ ਜਗਤ ਸੁਧਾਰ ਵਿੱਚ ਗੁਰੂ ਕਾ ਲੰਗਰ ਚਾਲੂ ਕੀਤਾ

੧੬-੧-੧੯੫੦ ਨੂੰ ਪੰਜਾਬ ਵਾਪਸ ਆਉਣਾ ਸੀ। ਇੱਕ ਦਿਨ ਪਹਿਲਾਂ ੧੫-੧-੧੯੫੦ ਨੂੰ ਰਾਤ ਦੇ ਦੀਵਾਨ ਵਿੱਚ ਗੁਰੂ ਕੇ ਲੰਗਰ ਦੀ ਮਹਿਮਾ ਦੱਸੀ ਕਿ ਭਾਵੇਂ ਦਾਨ ਤਾਂ ਬਹੁਤ ਪ੍ਰਕਾਰ ਦਾ ਹੈ। ਪਰ ਪੁੰਨਾਂ ਦੇ ਆਪੋ ਆਪਣੇ ਦਰਜੇ ਹਨ। ਇਕਾਦਸ਼ੀ ਤੇ ਪੁੰਨਿਆਂ ਦੇ ਬਰਤ ਰੱਖਣੇ, ਤੀਰਥ ਇਸ਼ਨਾਨ ਕਰਨਾ, ਛਬੀਲਾਂ ਲਗਾਉਣੀਆਂ, ਰਸਤੇ ਠੀਕ ਕਰਨੇ, ਬ੍ਰਿਛ ਲਾਉਣੇ ਆਦਿਕ। ਪਰ ਗੁਰੂ ਘਰ ਵਿੱਚ ਸਭ ਤੋਂ ਵੱਡਾ ਪੁੰਨ ਭੁੱਖੇ ਨੂੰ ਰੋਟੀ ਦੇਣ ਦਾ ਮੰਨਿਆ ਹੈ। ਜਿੱਥੇ ਜਿੱਥੇ ਵੀ ਗੁਰੂ

ਨਾਨਕ ਦੇਵ ਜੀ ਗਏ ਨਾਮ, ਦਾਨ, ਇਸ਼ਨਾਨ ਤੋਂ ਇਲਾਵਾ ਇਹ ਵੀ ਆਖਿਆ ਕਿ ਧਰਮਸ਼ਾਲਾ ਬਣਾ ਕੇ ਦੋ ਸਮੇਂ ਸੰਗਤ ਕਰਿਆ ਕਰੋ ਅਤੇ ਗੁਰੂ ਨਮਿਤ ਲੰਗਰ ਚਲਾਉ। ਗੋਸਾਈਂ ਤੁਸਲੀ ਦਾਸ ਜੀ ਵੀ ਫਰਮਾਉਂਦੇ ਹਨ:

ਤੁਲਸੀ ਲੇਣੇ ਕੋ ਹਰ ਨਾਮ ਹੈ, ਦੇਨੇ ਕੋ ਅੰਨ ਦਾਨ। ਤਰਨੇ ਕੋ ਨਿਰਮਾਣਤਾ, ਡੂਬਨ ਕੋ ਅਭਿਮਾਨ।

ਇਸ ਵਾਸਤੇ ਗੁਰੂ ਘਰ ਵਿੱਚ ਹੋਰ ਸਾਰੇ ਸਾਧਨਾਂ ਤੇ ਸਰੀਰਕ ਸੇਵਾ ਨਾਲੋਂ ਗੁਰੂ ਕਾ ਲੰਗਰ ਮੁੱਖ ਹੈ। ਜਿਸ ਜਗ੍ਹਾ ਲੰਗਰ ਚਲਦੇ ਹਨ ਅਸਲੀ ਮਹਾਤਮਾਂ ਤੇ ਪੂਰਨ ਗੁਰਸਿੱਖ ਦੀ ਇਹੋ ਨਿਸ਼ਾਨੀ ਹੈ। ਸੋ ਹਰ ਇੱਕ ਸਿੱਖ ਦਾ ਫਰਜ਼ ਹੈ, ਚਾਹੇ ਉਹ ਗ਼ਰੀਬ ਹੈ, ਚਾਹੇ ਅਮੀਰ; ਯਥਾਸ਼ਕਤ ਹਰ ਇੱਕ ਭੁੱਖੇ ਨੰਗੇ ਦੀ ਮਦਦ ਕਰੇ। ਜੇਕਰ ਇਕੱਲੇ ਵਿੱਚ ਸਮਰੱਥਾ ਨਹੀਂ ਤਾਂ ਦੋ ਚਾਰ ਮਿਲ ਜਾਣ। ਪਰ ਸਿੱਖ ਦੇ ਬੂਹੇ ਤੋਂ ਕੋਈ ਢਿੱਡੋਂ ਭੁੱਖਾ ਖ਼ਾਲੀ ਨਾ ਮੁੜੇ। ਸੋਹਣੇ ਤੋਂ ਸੋਹਣੇ ਸੁਨਹਿਰੀ ਕਲਸਾਂ ਵਾਲੇ ਮਕਾਨਾਂ, ਚੰਗੀਆਂ ਤੋਂ ਚੰਗੀਆਂ ਕਈ ਕਈ ਮੰਜ਼ਲੀਆਂ ਬਿਲਡਿੰਗਾਂ ਨਾਲੋਂ ਲੰਗਰ ਦੀ ਮਹੱਤਤਾ ਹੋਣ ਕਰ ਕੇ ਹੀ ਗੁਰੂ ਅਸਥਾਨ ਦੀ ਵਿਸ਼ੇਸ਼ਤਾ ਹੈ। ਇਨ੍ਹਾਂ ਅਮੋਲਕ ਬਚਨਾਂ ਦਾ ਖਟੜੇ ਵਾਲੇ ਪ੍ਰੇਮੀਆਂ ਦੇ ਮਨ ਤੇ ਬੜਾ ਗਹਿਰਾ ਅਸਰ ਹੋਇਆ। ਦੀਵਾਨ ਦੀ ਸਮਾਪਤੀ ਤੋਂ ਬਾਅਦ ਉਸੇ ਸਮੇਂ ਸੰਤ ਜੀ ਮਹਾਰਾਜ ਦੇ ਪਾਸ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਸਾਨੂੰ ਸੇਵਾ ਬਖ਼ਸ਼ੋ।" ਮੇਹਰਬਾਨ ਨੇ ਮੁਸਕਰਾ ਕੇ ਬਚਨ ਕੀਤਾ, "ਰਹਿਤਨਾਮਿਆਂ ਵਿੱਚ ਕਲਗੀਆਂ ਵਾਲੇ ਪਾਤਸ਼ਾਹ ਦਾ ਹੁਕਮ ਹੈ, ਗ਼ਰੀਬ ਸਿੱਖ ਦੇ ਮੁੱਖ ਨੂੰ ਗੁਰੂ ਕੀ ਗੋਲਕ ਜਾਣੋ। ਸਭ ਤੋਂ ਵੱਡੀ ਲੋਕ ਪ੍ਰਲੋਕ ਵਿੱਚ ਸੁੱਖ ਦੇਣ ਵਾਲੀ ਸੇਵਾ ਇਹ ਹੈ ਕਿ ਤੁਸੀਂ ਲੰਗਰ ਚਾਲੂ ਕਰੋ। ਇਸ ਅੰਨ ਦੇ ਦਾਨੇ ਨਾਲ ਕਮਾਈ ਵਿੱਚ ਵਧੇਰੇ ਬਰਕਤ ਪੈਂਦੀ ਹੈ। ਸੰਤ ਸੇਵੀ ਸੇਠਾਂ ਦੇ ਕੁੰਭਾਂ ਤੇ ਛੇਤਰ ਚਲਦੇ ਹਨ।" ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਫਿਰ ਇਸ ਪਵਿੱਤਰ ਕਾਰਜ ਨੂੰ ਕਲ੍ਹ ਜਾਣ ਸਮੇਂ ਆਪ ਹੀ ਅਰੰਭ ਕਰ ਜਾਓ ਅਤੇ ਪਹਿਲਾਂ ਆਪਣੇ ਹੱਥੀ ਲੰਗਰ ਵਰਤਾਓ।"

ਦੂਸਰੇ ਦਿਨ ੧੬-੧-੧੯੫੦ ਨੂੰ ਜਦੋਂ ਕਿ ਸ਼ਾਮ ਦੀ ਗੱਡੀ ਆਪ ਜੀ ਨੇ ਪੰਜਾਬ ਨੂੰ ਵਾਪਸ ਆਉਣਾ ਸੀ, ਗੁਰਦੁਆਰਾ ਜਗਤ ਸੁਧਾਰ ਵਿੱਚ ਦੁਪਹਿਰ ਦਾ ਲੰਗਰ ਹੱਥੀਂ ਵਰਤਾਇਆ। ਉਸੇ ਜਗ੍ਹਾ ਹੀ ਤਿਆਰ ਹੋਇਆ ਪਹਿਲਾ ਦਿਨ ਹੋਣ ਕਰ ਕੇ ਬੇਅੰਤ ਪ੍ਰੇਮੀਆਂ ਵੱਲੋਂ ਰਸਦਾਂ ਪੁੱਜੀਆਂ ਸਨ ਅਤੇ ਮਹਾਂਪੁਰਖਾਂ ਦੇ ਕਰ ਕਮਲਾਂ ਤੋਂ ਪ੍ਰਾਪਤ ਕਰ ਹਰ ਇੱਕ ਦੇ ਮਨ ਵਿੱਚ (ਇਸ ਗੁਰੂ ਮਹਾਰਾਜ ਨੂੰ ਭੋਗ ਲਗਵਾਏ) ਪਾਵਨ ਪ੍ਰਸ਼ਾਦ ਦੇ ਛਕਣ ਦੀ ਤੀਬਰ ਇੱਛਾ ਸੀ। ਆਪ ਜੀ ਨੇ ਕਮਰਕੱਸਾ ਲਾ ਪੰਗਤਾਂ ਵਿੱਚ ਲੰਗਰ ਵਰਤਾਇਆ ਅਤੇ ਇੱਕ ਗੱਲ ਆਖੀ ਕਿ ਤੁਸੀਂ ਗੁਰੂ ਕੇ ਲੰਗਰ ਵਾਸਤੇ ਕਿਸੇ ਤੋਂ ਅਪੀਲ ਨਹੀਂ ਕਰਵਾਉਣੀ। ਨਾ ਹੀ ਆਪ ਉਗਰਾਹੀ ਕਰਣੀ ਹੈ। ਇਹ ਆਪਣੇ ਆਪ ਹੀ ਅਤੁੱਟ ਚੱਲੇਗਾ ਅਤੇ ਗੁਰੂ ਨਾਨਕ ਦੀ ਕ੍ਰਿਪਾ ਨਾਲ ਬੇਅੰਤ ਸੰਗਤਾਂ ਸੇਵਾ ਕਰਣਗੀਆਂ। ਨਾ ਇਸ ਵਿੱਚ ਆਪਣੀ ਅਪਣੱਤ ਹੀ ਜਨਾਉਣੀ। ਕੇਵਲ ਸੇਵਾਦਾਰ ਬਣ ਕੇ ਸੇਵਾ ਕਰੀ ਜਾਣਾ। ਗੁਰੂ ਚੜ੍ਹਦੀਆਂ ਕਲਾਂ ਕਰੇਗਾ। ਭਾਵੇਂ ਪੰਜ ਸੱਤ ਮਹੀਨੇ ਹੋਰ ਵੀ ਪ੍ਰੇਮੀ ਇਨ੍ਹਾਂ ਨਾਲ ਮਦਦ ਕਰਦੇ ਕਰਾਉਂਦੇ ਰਹੇ, ਪਰ ਬਾਅਦ ਵਿੱਚ ਇਨ੍ਹਾਂ ਇਕੱਲਿਆਂ ਨੇ ਹੀ ਲੰਗਰ ਦੀ ਸਾਰੀ ਸੇਵਾ ਆਪਣੇ ਜ਼ੁੰਮੇਂ ਚੁੱਕ ਲਈ। ਇਤਨੇ ਵੱਡੇ ਸ਼ਹਿਰ ਵਿੱਚ ਦੋ ਸਮੇਂ ਦੇ ਲੰਗਰ ਦਾ ਤਿੰਨ ਚਾਰ ਹਜ਼ਾਰ ਰੁਪਿਆ ਮਹੀਨੇ ਦਾ ਖ਼ਰਚ ਮਾਮੂਲੀ ਗੱਲ ਹੈ, ਪਰ ਇਨ੍ਹਾਂ ਨੇ ਮਹਾਂਪੁਰਸ਼ਾਂ ਦੇ ਬਚਨਾਂ ਤੇ ਪਹਿਰਾ ਦਿੰਦੇ ਹੋਇਆ ਇਸ ਸੇਵਾ ਨੂੰ ਖਿੜੇ ਮਥੇ ਸਤਾਰਾਂ ਸਾਲ ਇੱਕ ਰਸ ਨਿਭਾਇਆ। ਗੁਰੂ ਦਰਬਾਰ ਵਿੱਚ ਦਰਸ਼ਨ ਕਰਨ ਆਇਆਂ ਰੋਜ਼ ਸਵੇਰੇ ਆ ਕੇ ਲੰਗਰ ਦਾ ਪਤਾ ਕਰਨਾ ਤੇ ਲੋੜੀਂਦਾ ਸਾਮਾਨ ਭੇਜਣਾ। ਇਉਂ ਮਨ ਵਿੱਚ ਉਤਸ਼ਾਹ ਵਧਿਆ ਰਿਹਾ ਅਤੇ ਕਾਰੋਬਾਰ ਵਿੱਚ ਵੀ ਵਧੇਰੇ ਬਰਕਤ ਪੈਂਦੀ ਰਹੀ।

ਫਿਰ ੧੯੬੭ ਈ. ਵਿੱਚ ਨਵੀਂ ਬਣੀ ਗੁਰਦੁਆਰਾ ਕਮੇਟੀ ਨੇ ਇਨ੍ਹਾਂ ਨੂੰ ਬੇਨਤੀ ਕਰ ਕੇ ਲੰਗਰ ਆਪਣੇ ਹੱਥ ਵਿੱਚ ਲੈ ਲਿਆ। ਜ਼ੁੰਮੇਵਾਰੀ ਛੱਡ ਕੇ ਵੀ ਇਹ ਪਹਿਲਾਂ ਵਾਂਗ ਉਸੇ ਤਰ੍ਹਾਂ ਲੰਗਰ ਵਾਸਤੇ ਦਾਨ ਕਰਦੇ ਹਨ। ਇਉਂ ਪਹਿਲੀ ਵੇਰ ਗਇਆਂ ਦਾ ਦਰਸ਼ਨ ਕਰ, ਬਚਨ ਸੁਣ ਬੇਅੰਤ ਹੀ ਨਵੇਂ ਪ੍ਰੇਮੀ ਸ਼ਰਧਾਲੂ ਬਣ ਗਏ। ਉਨ੍ਹਾਂ ਦੀ ਖਿੱਚ ਨਾਲ ਆਪ ਜੀ ਨੇ ਫੇਰ ਵੀ ਕਈ ਵਾਰ ਕਲਕੱਤੇ ਸ਼ਹਿਰ ਚਰਨ ਪਾਏ ਜਿਸ ਦਾ ਜ਼ਿਕਰ ਅੱਗੇ ਚੱਲ ਕੇ ਕਰਾਂਗੇ।

ਛੋਟੀ ਖੇੜੀ

ਇਸੇ ਸਾਲ ਫੱਗਣ ਦੇ ਮਹੀਨੇ ਆਪ ਜੀ ਨੇ ਕਿਲ੍ਹਾ ਰਾਇਪੁਰ ਸ. ਅਮਰ ਸਿੰਘ ਦੇ ਘਰ ਅਖੰਡ ਪਾਠ ਰੱਖਿਆ। ਦੀਵਾਨ ਕੀਤੇ ਭੋਗ ਪਾ ਕੇ ਬੱਦੋਵਾਲ ਪੁੱਜੇ। ਇੱਥੇ ਖੇੜੀ ਖੁਰਦ (ਜੋ ਸ਼ੇਰਪੁਰ ਦੇ ਕੋਲ ਹੈ) ਦੋ ਪ੍ਰੇਮੀ ਸ. ਗੁਰਦਿਆਲ ਸਿੰਘ ਨੇ (ਨਾਲ ਇਸ ਦੇ ਪ੍ਰਤਾਪ ਸਿੰਘ ਸੀ) ਸਾਰੇ ਨਗਰ ਨਿਵਾਸੀਆਂ ਵਲੋਂ ਆ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਕ੍ਰਿਪਾ ਕਰ ਕੇ ਉਸ ਪਛੜੇ ਇਲਾਕੇ ਵਿੱਚ ਵੀ ਚਰਨ ਪਾਓ। ਉਸ ਜਗ੍ਹਾ ਪਹਿਲਾਂ ਛੰਨਾਂ ਵਾਲੇ ਮਹਾਂਪੁਰਸ਼ ਸੰਤ ਕ੍ਰਿਪਾਲ ਸਿੰਘ ਨੇ ਕਈ ਦੀਵਾਨ ਲਾਏ। ਸੰਗਤ ਨੂੰ ਪ੍ਰੇਰ ਕੇ ਗੁਰਦੁਆਰੇ ਸਾਹਿਬ ਦੀ ਸੇਵਾ ਕਰਵਾਈ। ਪਰ ਹੁਣ ਕੁਮਲਾ ਰਹੀ ਬ਼ਗੀਚੀ ਨੂੰ ਮੁੜ ਨਾਮ ਬਾਣੀ ਦੇ ਅੰਮ੍ਰਿਤ ਜਲ ਦੀ ਸੇਵਾ ਹੈ।" ਇਤਨੇ ਨੂੰ ਰੰਗੀਆਂ ਪਿੰਡ ਦਾ ਸ. ਮਿੱਤ ਸਿੰਘ ਪਹੁੰਚ ਗਿਆ, ਜਿਸ ਨੇ ਆਪਣੇ ਘਰ ਅਖੰਡ ਪਾਠ ਕਰਵਾਉਣਾ ਸੀ। ਇਸ ਨੇ ਵੀ ਬੇਨਤੀ ਕੀਤੀ। ਇਲਾਕੇ ਦੀ ਪ੍ਰਾਰਬਧ ਨੇ ਫੁਰਨਾ ਬਣਾ ਦਿੱਤਾ।

ਅਰਜ਼ ਮਨਜ਼ੂਰ ਹੋ ਗਈ। ਬੱਸ ਕਰ ਕੇ ੧੨ ਫੱਗਣ ਸ਼ਾਮ ਨੂੰ ਜਥੇ ਸਮੇਤ ਛੋਟੀ ਖੇੜੀ ਪਹੁੰਚੇ। ਬਾਹਰ ਰਿਹਾਇਸ਼ ਕੀਤੀ। ਨਗਰ ਵੱਲੋਂ ਤੇਰਾਂ ਫੱਗਣ ਵਾਲੇ ਦਿਨ ਗੁਰਦੁਆਰੇ ਸਾਹਿਬ ਅਖੰਡ ਪਾਠ ਰੱਖਿਆ ਗਿਆ, ਜਿਸ ਦਾ ੧੫ ਫੱਗਣ ਨੂੰ ਭੋਗ ਪਿਆ। ਤਿੰਨ ਦੀਵਾਨ ਕੀਤੇ ਜਿਸ ਦਾ ਪ੍ਰੇਮੀਆਂ ਦੇ ਮਨ ਤੇ ਇਤਨਾ ਅਸਰ ਪਿਆ ਕਿ ਉਸ ਸਮੇਂ ਉਹੋ ਦਿਨ ਸਾਲਾਨਾ ਜੋੜ ਮੇਲੇ ਵਾਸਤੇ ਨੀਅਤ ਕਰ ਲਿਆ। ਹਰੇਕ ਸਾਲ ੧੩ ਫੱਗਣ ਨੂੰ ਅਖੰਡ ਪਾਠ ਰੱਖ ਕੇ ੧੫ ਨੂੰ ਸਮਾਪਤ ਕਰਦੇ ਹਨ। ਤਿੰਨੇ ਦਿਨ ਅਤੁੱਟ ਲੰਗਰ ਵਰਤਦਾ ਹੈ। ਰਾਗੀ ਢਾਡੀ ਤੇ ਹੋਰ ਗੁਣੀ ਗਿਆਨੀ ਮਹਾਂਪੁਰਸ਼ ਪੁੱਜਦੇ ਹਨ। ਇਥੋਂ ਚੱਲ ਕੇ ਉਸੇ ਬੱਸ ਤੇ ਪਿੰਡ ਰੰਗੀਆਂ ਪਹੁੰਚੇ।

ਸ. ਮਿੱਤ ਸਿੰਘ ਦੇ ਘਰ ਅਖੰਡ ਪਾਠ ਰੱਖਿਆ। ਬਾਹਰਲੇ ਮਕਾਨ ਦੇ ਉੱਪਰ ਚੁਬਾਰਾ ਸੀ ਉਸ ਵਿੱਚ ਰਿਹਾਇਸ਼ ਕੀਤੀ। ਦੋ ਦੀਵਾਨ ਸਜੇ। ਇਲਾਕੇ ਦੀ ਸੰਗਤ ਪੁੱਜੀ। ਅੰਮ੍ਰਿਤ ਪ੍ਰਚਾਰ ਵੀ ਹੋਇਆ। ਤੀਸਰੇ ਦਿਨ ਪਾਠ ਦੀ ਸਮਾਪਤੀ ਹੋਈ। ਇਸ ਥਾਂ ਸ. ਮਿੱਤ ਸਿੰਘ ਦੇ ਚੁਬਾਰੇ ਵਿੱਚ ਖੇੜੀ ਪਿੰਡ ਦੇ ਗਿ. ਸੋਹਣ ਸਿੰਘ ਉੱਪਰ ਬਖ਼ਸ਼ਿਸ਼ ਹੋਈ। ਇਹ ਪ੍ਰੇਮੀ ਜਿਸ ਪਦਾਰਥ ਦਾ ਚਾਹਵਾਨ ਹੋਇਆ ਕਾਫ਼ੀ ਸਮੇਂ ਤੋਂ ਲੱਭ ਰਿਹਾ ਸੀ, ਖੇੜੀ ਦੇ ਦੀਵਾਨਾਂ ਵਿੱਚ ਰੂਹਾਨੀ ਬਚਨਾਂ ਦਾ ਉਸ ਦੇ ਮਨ ਤੇ ਇਤਨਾ ਗਹਿਰਾ ਅਸਰ ਹੋਇਆ ਅਤੇ ਖੇੜੀ ਪਿੰਡ ਤੋਂ ਹੀ ਮਗਰ ਤੁਰ ਪਿਆ। ਰੰਗੀਆਂ ਪਿੰਡ ਜਾ ਕੇ ਅਰਜ਼ ਕੀਤੀ। ਦਾਤੇ ਨੇ ਬਰਤਨ ਸਾਫ਼ ਦੇਖ ਕੇ ਵਸਤੂ ਦੀ ਖ਼ੈਰ ਪਾ ਦਿੱਤੀ।

ਉਸ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਭਗਤੀ ਕਿੰਨੇ ਪ੍ਰਕਾਰ ਦੀ ਹੈ? ਕ੍ਰਿਪਾ ਕਰ ਕੇ ਇਸ ਦਾ ਖੋਲ੍ਹ ਕੇ ਭੇਤ ਸਮਝਾਓ।" ਹਜ਼ੂਰ ਨੇ ਉੱਤਰ ਦਿੱਤਾ ਕਿ ਭਗਤੀ ਨੌਂ ਪ੍ਰਕਾਰ ਦੀ ਹੈ:

ਯਥਾ: ***ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥***

(ਸਿਰੀਰਾਗੁ ਮਃ ੫ - ੭੧)

ਯਥਾ: ਸ੍ਰਵਨ, ਸਿਮਰਨ, ਕੀਰਤਨੰ, ਪਦ ਸੇਵਾ ਅਰਚਾਨ। ਦਾਸਾ, ਸਖਪਨ, ਬੰਦਨਾ, ਸਰਬ ਨਿਵੇਦਨ ਜਾਨ।

੧ ਪਹਿਲੀ ਸ੍ਰਵਨ ਭਗਤੀ ਹੈ, ਕੰਨਾਂ ਦੁਆਰਾ ਗੁਰੂ ਪ੍ਰਮੇਸ਼ਰ ਦਾ ਜਸ ਸੁਨਣਾ।

੨ ਦੂਸਰੀ ਕੀਰਤਨ ਭਗਤੀ ਹੈ।

੩ ਤੀਸਰੀ ਸਿਮਰਨ ਕਰਨ ਰੂਪ ਭਗਤੀ ਹੈ।

੪ ਚੌਥੀ ਚਰਨਾਂ ਦੀ ਸੇਵਾ ਕਰਨ ਰੂਪ ਭਗਤੀ ਹੈ।

੫ ਪੰਜਵੀਂ ਅਰਚਾਨ- ਭਾਵ ਪੂਜਾ ਕਰਨ ਰੂਪ ਭਗਤੀ ਹੈ।

੬ ਛੇਵੀਂ ਆਪਣੇ ਆਪ ਨੂੰ ਦਾਸਾਂ ਦਾ ਦਾਸ ਜਾਨਣਾ ਇਹ ਭਗਤੀ ਹੈ।

੭ ਸਤਵੀਂ ਬੰਦਨਾਂ ਕਰਨ ਭਾਵ ਨਮਸ਼ਕਾਰ ਰੂਪ ਭਗਤੀ ਹੈ।

੮ ਅੱਠਵੀਂ ਪ੍ਰਮੇਸ਼ਰ ਦਾ ਸਖਾ ਜਾ ਸਖੀ ਰੂਪ ਭਗਤੀ ਹੈ।

੯ ਨੌਵੀਂ ਸਭ ਕੁੱਝ ਪ੍ਰਮੇਸ਼ਰ ਨੂੰ ਸਮਰਪਨ ਕਰ ਦੇਣਾ। ਭਾਵ ਆਤਮ ਨਿਵੇਦਨ ਰੂਪ ਭਗਤੀ ਹੈ।

ਏਮਨਾਬਾਦ ਵਿਖੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੇ ਪੁੱਛਣ ਪਰ ਗੁਰਮਤ ਅਨੁਸਾਰ ਇਹ ਨੌਂ ਪ੍ਰਕਾਰ ਦੀ ਭਗਤੀ ਕਥਨ ਕੀਤੀ ਸੀ:

੧) ਪਹਿਲੀ ਭਗਤੀ ਹੈ, ਗੁਰ ਸੰਗਤ ਵਿੱਚ ਰਹਿੰਦਿਆਂ ਨਿਸ਼ਕਾਮਤਾ ਨਾਲ ਸਾਧ ਸੰਗਤ ਦੀ ਸੇਵਾ ਕਰਦਿਆਂ ਸਮਾਂ ਬਤੀਤ ਕਰਨਾ।

੨) ਦੂਜੀ ਭਗਤੀ ਹੈ, ਮਨ ਦੀ ਏਕਾਰਗਰਤਾ ਨਾਲ ਹਰੀ ਦੀ ਕਥਾ ਅਤੇ ਗੁਰ ਇਤਿਹਾਸ ਨੂੰ ਸੁਣਨਾ।

੩) ਤੀਸਰੀ ਭਗਤੀ ਹੈ, ਹਿਰਦੇ ਵਿੱਚ ਗੁਰੂ ਸਰੂਪ ਦਾ ਧਿਆਨ ਧਾਰਨ ਕਰ ਸਤਿਗੁਰਾਂ ਦੇ ਚਰਨ ਕਮਲਾਂ ਦਾ ਆਪਣੇ ਮਨ ਨੂੰ ਭੌਰਾ ਬਨਾਉਣਾ।

੪) ਚੌਥੀ ਭਗਤੀ ਹੈ, ਆਪਣੀ ਰਸਨਾਂ ਤੋਂ ਬੜੀ ਸ਼ਰਧਾ ਭਾਵਨਾ ਤੇ ਪ੍ਰੇਮ ਰਹਿਤ ਹਰੀ ਦੇ ਗੁਣਾਂ ਨੂੰ ਗਾਇਨ ਕਰਨਾ, ਜਿਸ ਨਾਲ ਸਰੀਰ ਦੇ ਰੋਮ ਖੜ੍ਹੇ ਹੋ ਜਾਣ।

੫) ਪੰਜਵੀਂ ਭਗਤੀ ਹੈ, ਸ਼ੁਭ ਕਰਮਾਂ ਨੂੰ ਕਰਦਿਆਂ ਕਿਸੇ ਫ਼ਲ ਦੀ ਇੱਛਾ ਨਾ ਕਰਨੀ ਹੋਰ ਤਾਂ ਕੀ ਸੁਰਗ ਆਦਿਕ ਦੇ ਸੁਖਾਂ ਦੀ ਚਾਹਨਾਂ ਵੀ ਤੁੱਛ ਜਾਣ ਕੇ ਤਿਆਗਣੀ।

੬) ਛੇਵੀਂ ਭਗਤੀ ਹੈ, ਮਨ ਵਿੱਚ ਦੂਸਰੇ ਦੇ ਔਗਣਾਂ ਨੂੰ ਨਹੀਂ ਚਿਤਾਵਨਾ ਅਤੇ ਹਰਖ ਸ਼ੋਕ ਤੇ ਹਾਨ ਲਾਭ ਵਿੱਚ ਸਮਾਨ ਬ੍ਰਿਤੀ ਰੱਖਣੀ।

੭) ਸਤਵੀਂ ਭਗਤੀ ਹੈ, ਸਾਰਿਆਂ ਨਾਲ ਸਚਾਈ ਵਾਲਾ ਵਰਤਾਵ ਕਰਨਾ, ਕਿਸੇ ਨਾਲ ਛਲ ਫਰੇਬ ਤੇ ਠੱਗੀ ਨਹੀਂ

ਕਰਨੀ।

੮) ਅੱਠਵੀਂ ਭਗਤੀ ਹੈ, ਪ੍ਰਮੇਸ਼ਰ ਵਿੱਚ ਦ੍ਰਿੜ ਨਿਸ਼ਚਾ ਰੱਖਣਾ, ਸੁੱਖ ਦੁੱਖ ਦੇ ਆਇਆਂ ਕਦੇ ਮਨ ਨੂੰ ਡੁਲਾਉਣਾ ਨਹੀਂ।

੯) ਨੌਵੀਂ ਭਗਤੀ ਹੈ, ਸਾਰੇ ਜੀਵਾਂ ਨੂੰ ਹਰੀ ਦਾ ਸਰੂਪ ਜਾਨਣਾ ਅਤੇ ਉਸ ਨੂੰ ਸਾਰਿਆਂ ਵਿੱਚ ਵਿਆਪਕ ਨਿਸ਼ਚੇ ਕਰਨਾ। ਇਹ ਭਗਤੀ ਦੀ ਆਖਰੀ ਸਟੇਜ ਹੈ।

ਇਹ ਨੌਧਾ ਭਗਤੀ ਸੰਖੇਪਤਾ ਨਾਲ ਕਥਨ ਕੀਤੀ ਹੈ, ਜਿਸ ਵੀ ਗੁਰਮੁਖ ਗੁਰਸਿੱਖ ਨੂੰ ਇਸ ਵਿੱਚੋਂ ਇੱਕ ਪ੍ਰਕਾਰ ਦੀ ਪ੍ਰਾਪਤ ਹੋ ਗਈ, ਉਹ ਆਪਣੀਆਂ ਕੁਲਾਂ ਸਮੇਤ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ ਅਤੇ ਉਸ ਦੀ ਸੰਗਤ ਕਰਨ ਵਾਲੇ ਲੱਖਾਂ ਹੋਰ ਜੀਵ ਵੀ ਤਰ ਜਾਂਦੇ ਹਨ।

ਭਗਤੀ ਨੂੰ ਕਰਨ ਵਾਲੇ ਜਗਿਆਸੂ ਉੱਪਰ ਮਾਇਆ ਦਾ ਅਸਰ ਨਹੀਂ ਪੈਂਦਾ ਕਿਉਂਕਿ ਮਾਇਆ ਵੀ ਇਸਤ੍ਰੀ ਹੈ। ਇਸਤ੍ਰੀ, ਇਸਤ੍ਰੀ ਨੂੰ ਮੋਹਤ ਨਹੀਂ ਕਰ ਸਕਦੀ। ਉਪਰੰਤ ਉਹ ਹਰੀ ਦੇ ਆਤਮਕ ਰੂਪ ਦੇ ਅਨੰਦ ਵਿੱਚ ਲੀਨ ਹੋ ਜਾਂਦਾ ਹੈ।

ਯਥਾ: (ੳ)[+] ਸਤ ਸੰਗਤ ਸਸ੍ਰੂਖਾ[1++] ਕਰਨੀ ਮਿਲ ਤਿਹ ਕਾਲ[2] ਬਿਤਾਵੈ।
(ਅ) ਹਰਿ ਗੁਰੁ ਕੋ ਇਤਿਹਾਸ[3] ਸੁਨੀਜੈ ਮਨ ਏਕਾਗਰ ਲਾਵੈ।
(ਏ) ਪਦ ਅਰਬਿੰਦ[4] ਮਲਿੰਦ ਕਰੈ ਮਨ[5] ਗੁਰੁ ਮੂਰਤਿ ਉਰ[6] ਧਯਾਨਾ।
(ਸ) ਪ੍ਰੇਮ ਸਹਿਤ ਗੁਨ ਗਾਵਹਿ ਮੁਖ ਸੋਂ[*] ਪੁਲਕਾਵਲ[7] ਤਨ[8] ਆਨਾ[9]।
(ਹ) ਦਮ[10] ਸਮ[11] ਭਾ ਬਿਰਕਤ ਕਰਮਨ ਤੇ ਸੁਰਗਾਦਿਕ ਤਜਿ ਚਾਹਾ[12]।
(ਕ) ਪਰ[13] ਕੇ ਦੋਖ ਨ ਚੀਨਤਿ ਮਨ ਮੈਂ ਹਾਨ ਲਾਭ ਸਮ[14] ਤਾਹਾ[15]।
(ਖ) ਛਲ ਬਿਹੀਨ ਸਭਿ ਹੀ ਤੇ ਹੋਵਨ ਹਰਖ ਸ਼ੋਕ ਨਹਿਂ ਆਵੈ।
(ਗ) ਦ੍ਰਿੜ ਨਿਸ਼ਚਾ ਕਰਤਾਰ ਵਿਖੈ ਅਤਿ ਡੋਲ ਨ ਕਬਹੂੰ ਜਾਵੈ ॥੨੦॥
(ਘ) ਹਰਿ ਸਰੂਪ ਸਭਿ ਹੂੰ ਕੋ ਜਾਨੈ ਰਵਿਓ[16] ਸਭ ਕੇ ਮਾਂਹੀ।
ਇਹ ਬਿਧਿ ਹੈ ਸੂਛਮ[17] ਕਰਿ ਵਰਨੀ[18] ਏਕ ਪਰਾਪਤਿ ਜਾਂਹੀ।

[+] (ੳ), (ਅ), (ਏ) ਆਦਿ ਨੌਂ ਅੱਖਰ ਅਸਾਂ ਭਗਤੀ ਦੀਆਂ ਭਾਂਤਾਂ ਅੱਡ ਅੱਡ ਸਮਝ ਆ ਜਾਣ ਲਈ ਲਾਏ ਹਨ।

[1] ਸੇਵਾ।

[++] ਪਾ: ਸਸੂਖਾ।

[2] ਸਮਾਂ।

[3] ਕਥਾ।

[4] ਚਰਣਾਂ ਕਵਲਾਂ ਉਤੇ।

[5] ਭੌਰਾ ਕਰੇ ਮਨ ਨੂੰ।

[6] ਰਿਦੇ ਵਿੱਚ।

[*] ਪਾ: ਪ੍ਰਭ ਕੇ।

[7] ਲੂੰ ਖੜੇ।

[8] ਸਰੀਰ ਤੇ।

[9] ਲੈ ਆਵੇ।

[10] ਇੰਦ੍ਰੇ ਰੋਕਣੇ।

[11] ਮਨ ਨੂੰ ਰੋਕਣਾ।

[12] ਇੱਛਾ।

[13] ਪਰਾਏ।

[14] ਬਰੋਬਰ।

[15] ਉਸਨੂੰ।

[16] ਪੂਰਨ ਹੋ ਰਹਿਆ।

[17] ਸੰਖੇਪ।

[18] ਕਹੀ।

ਕੁਲ ਸਮੇਤ ਤਰਿ ਹੈ ਭਵਸਾਗਰ ਅਵਰ ਤਰੈਂ ਤਿਹ ਸੰਗਾ।
ਭਗਤਿ ਕਰਤਿ ਮਾਯਾ ਨਹਿਂ ਮੋਹਹਿ ਰਾਚਹਿ ਹਰਿ ਕੈ ਰੰਗਾ ॥੨੧॥

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਿਆਇ ੩੯)

ਇਸ ਪ੍ਰਕਾਰ ਦੇ ਪਵਿਤ੍ਰ ਬਚਨ ਸੁਣ ਕੇ ਪ੍ਰੇਮੀ ਦੇ ਮਨ ਤੇ ਬੜਾ ਗਹਿਰਾ ਅਸਰ ਹੋਇਆ।

ਦੂਜੀ ਵਾਰ ਆਲੋਵਾਲ ਜਾਣਾ

ਆਪਣੀ ਚਾਲੇ ਤੁਰਿਆ ਜਾ ਰਿਹਾ ਸਮਾਂ ਹਰ ਵਸਤੂ, ਹਰ ਹੁਨਰ ਤੇ ਮਨੁੱਖ ਦੇ ਕਰਮ ਸੁਭਾਓ ਤੇ ਕੱਦ ਕਾਠ ਨੂੰ ਬਦਲਾਂਦਾ ਤੁਰਿਆ ਜਾ ਰਿਹਾ ਹੈ। ਪੂਰੇ ਦੋ ਸਾਲਾਂ ਤੋਂ ਬਾਅਦ ਫੇਰ ਨਗਰ ਨਿਵਾਸੀਆਂ ਨੇ ਬੇਨਤੀ ਕੀਤੀ। ਭਾਵੇਂ ਆਏ ਤਾਂ ਇਸ ਤੋਂ ਪਹਿਲਾਂ ਵੀ ਕਈ ਵਾਰ ਸਨ ਪਰ ੧੯੪੭ ਦਾ ਘੱਲੂਘਾਰਾ, ਮੁਲਕ ਦੀ ਵੰਡ, ਦੋਹੀਂ ਪਾਸੀਂ ਜਾਨੀ ਤੇ ਮਾਲੀ ਨੁਕਸਾਨ, ਘਰਾਂ ਦਾ ਫੂਕੇ ਜਾਣਾ, ਧਨ ਦੌਲਤ ਦਾ ਬਰਬਾਦ ਹੋਣਾ, ਉਸ ਸਮੇਂ ਸ਼ਰਨਾਰਥੀਆਂ ਦਾ ਵਧੇਰੇ ਇਕੱਠ ਕਰਮਸਰ ਰਹਿੰਦਾ ਸੀ, ਜਿਸ ਕਰ ਕੇ ਇਸ ਸਾਲ ਬਾਹਰਲਾ ਦੌਰਾ ਬੰਦ ਕਰ ਦਿੱਤਾ। ਇਸੇ ਕਰ ਕੇ ਇਨ੍ਹਾਂ ਦੀ ਬੇਨਤੀ ਨਹੀਂ ਸੀ ਮੰਨੀ ਗਈ। ੧੯੪੮ ਈ. ਦੀ ਮਾਰਚ ਨੂੰ ਬਹੁਤ ਸਾਰੇ ਸੱਜਣ ਹਜ਼ੂਰੀ ਵਿੱਚ ਪੁੱਜੇ, ਜਿਨਾਂ ਵਿੱਚ ਕਈ ਹਮਜਮਾਤੀ ਤੇ ਬਾਲ ਸਖਾਈ ਮਿੱਤਰ ਵੀ ਸਨ, ਜੋ ਬੜੀ ਭਾਵਨਾ ਉਤਸ਼ਾਹ ਨਾਲ ਮਿਲੇ। ਦੋਬਾਰਾ ਨਗਰ ਵਿੱਚ ਚਰਨ ਪਾਉਣ ਵਾਸਤੇ ਬੇਨਤੀ ਕੀਤੀ। ਆਪ ਜੀ ਨੇ ਕਿਸੇ ਖ਼ਾਸ ਅਪਣੱਤ ਤੋਂ ਬ਼ਗ਼ੈਰ ਹੋਰਾਂ ਪਿੰਡਾਂ ਵਾਂਗੂੰ ਸਮਾਂ ਬਖ਼ਸ਼ ਦਿੱਤਾ। ਨੀਯਤ ਦਿਨ ਬੱਸਾਂ ਤੇ ਕਾਫ਼ੀ ਸੰਗਤ, ਜਥੇ ਦੇ ਹੋਰ ਪਾਠੀਆਂ ਅਤੇ ਸਾਜੀਆਂ ਸਮੇਤ ਆਪ ਜੀ ਆਲੋਵਾਲ ਨਗਰ ਪੁੱਜੇ। ਇਸ ਪ੍ਰੋਗਰਾਮ ਦੇ ਸ. ਕਰਤਾਰ ਸਿੰਘ ਅਤੇ ਸ. ਸਰਵਨ ਸਿੰਘ ਦੋਵੇਂ ਭਰਾ ਮੁਖੀ ਸਨ। ਹੋਰ ਵੀ ਪ੍ਰੇਮੀ ਨਾਲ ਮਿਲ ਗਏ ਪਰ ਜ਼ੁੰਮੇਵਾਰੀ ਅਤੇ ਸੰਭਾਲ ਸਾਰੀ ਇਨ੍ਹਾਂ ਦੀ ਹੀ ਸੀ। ਐਤਕੀਂ ਇਸ ਦੀ ਬੇਨਤੀ ਮੰਨ ਕੇ ਰਿਹਾਇਸ਼ ਵੀ ਸ. ਕਰਤਾਰ ਸਿੰਘ ਦੇ ਚੁਬਾਰੇ ਵਿੱਚ ਹੀ ਰੱਖੀ। ਦੋ ਅਖੰਡ ਪਾਠ ਕੀਤੇ। ਇੱਕ ਸ. ਦੀਵਾਨ ਸਿੰਘ ਤੇ ਸ. ਸ਼ਮਸੇਰ ਸਿੰਘ ਜੀ ਵੱਲੋਂ, ਇੱਕ ਸ. ਕਰਤਾਰ ਸਿੰਘ ਅਤੇ ਸ. ਸਰਵਨ ਸਿੰਘ ਜੀ ਵਲੋਂ। ਛੱਪੜ ਦੇ ਕੰਢੇ ਬਾਹਰ ਖੁੱਲ੍ਹੇ ਪੰਡਾਲ ਵਿੱਚ ਤਿੰਨ ਦੀਵਾਨ ਹੋਏ। ਇਸ ਸਮੇਂ ਲੇਖਕ ਨੇ ਭੀ ਪਹਿਲੀ ਵਾਰ ਦਰਸ਼ਨ ਕੀਤਾ। ਉਪਰੰਤ ਏਥੋਂ ਵਾਪਸ ਆ ਗਏ।

ਲੋਟਾ ਗੋਤ ਜਾਂ ਅੱਲ

ਏਮਨਾਬਾਦ ਵਾਸੀ ਸੱਚਾ ਤੇ ਸੁੱਚਾ ਕਿਰਤੀ ਸਿੱਖ ਭਾਈ ਲਾਲੋ ਜੀ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸੇਵਕ ਬਣਿਆ। ਉਸ ਦੇ ਪ੍ਰੇਮ ਵਸ ਹੋ ਕੇ ਗੁਰੂ ਜੀ ਇੱਥੇ ਇੱਕ ਮਹੀਨਾ ਠਹਿਰੇ ਮਲਕ ਭਾਗੋ ਦਾ ਮਾਣ ਤੋੜਿਆ। ਹੱਕ ਦੀ ਕਮਾਈ ਨੂੰ ਦੁੱਧ ਦੱਸਿਆ ਅਤੇ ਦੂਸਰੀ ਵਾਰ ਆਇਆਂ ਨੇ ਭਾਈ ਲਾਲੋ ਜੀ ਨੂੰ ਸੰਬੋਧਨ ਕਰ ਕੇ ਆਪਣੀ ਪਾਵਨ ਰਸਨਾਂ ਤੋਂ ਬਾਬਰ ਦੇ ਖ਼ੂਨੀ ਹਮਲੇ ਦਾ ਵੀ ਜ਼ਿਕਰ ਕੀਤਾ, ਜਿਸ ਵਿੱਚ ਮੁਗ਼ਲ ਰਾਜ ਦੇ ਬਣਨ ਤੇ ਅੰਤ ਹੋਣ ਦੇ ਭਵਿੱਖਤ ਵਾਕ ਹਨ:

ਯਥਾ: *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥*
ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ *(ਤਿਲੰਗ ਮਃ ੧ - ੭੨੩)*

ਉਸ ਤੋਂ ਪੰਦਰਾਂ ਕੁ ਸਾਲ ਪਿੱਛੋਂ ਜਦੋਂ ਸਤਿਗੁਰੂ ਨਾਨਕ ਦੇਵ ਜੀ ਮੁਲਤਾਨ ਚੂਹਣੀਆਂ ਤੇ ਕਸੂਰ ਦੇ ਮੁਸਲਮਾਨ ਪੀਰਾਂ ਨਾਲ ਗਿਆਨ ਗੋਸ਼ਟ ਕਰਨ ਲਈ ਗਏ ਤਾਂ ਭਾਈ ਲਾਲੋ ਦੇ ਬੰਸ 'ਚੋਂ ਭਾਈ ਭਗਤੇ ਨੇ (ਜੋ ਇਸੇ ਪਾਸੇ ਚੂਹਣੀਆਂ ਤਹਿਸੀਲ ਦੇ ਕਲੀਆਂ ਪਿੰਡ ਵਿੱਚ ਰਹਿੰਦੇ ਹੋਏ ਧਰਮ ਦੀ ਕਿਰਤ ਕਰਦੇ ਸਨ) ਸਤਿਗੁਰਾਂ ਦੇ ਦਰਸ਼ਨ ਕੀਤੇ, ਬਚਨ ਸੁਣੇ ਤੇ ਉਪਦੇਸ਼ ਲਿਆ। (ਸਮਾਂ ਪਾ ਕੇ ਮਤੱਸਬੀ ਹਾਕਮਾਂ ਅਤੇ ਕਾਜ਼ੀਆਂ ਦੇ ਆਖੇ ਲੱਗ ਕੇ ਮੀਰ ਮੰਨੂੰ ਦੇ ਸਮੇਂ ਇਸ ਪਿੰਡ ਦਾ ਢਾਹ ਕੇ ਥੇਹ ਕਰ ਦਿੱਤਾ। ਅੱਜ ਕਲ ਉਸ ਦੇ ਪਾਸ ਨਵਾਂ ਵੱਸਿਆ ਹੋਇਆ ਕਲੀਆਂ ਨਾਮੇ ਪਿੰਡ ਅਬਾਦ ਹੈ) ਉਸ ਸਮੇਂ ਇਸ ਪਿੰਡ ਵਿੱਚ ਰਹਿੰਦਿਆਂ ਭਾਈ ਭਗਤਾ ਜੀ ਹੋਰ ਸੰਗਤ ਨੂੰ ਨਾਲ ਲੈ ਕੇ ਤਿੰਨ ਵਾਰੀ ਸਤਿਗੁਰੂ ਨਾਨਕ ਦੇਵ ਜੀ ਦੇ

ਦਰਸ਼ਨਾਂ ਨੂੰ ਕਰਤਾਰਪੁਰ ਸਾਹਿਬ ਵੀ ਗਏ ਸਨ। ਭਾਈ ਭਗਤੇ ਦੇ ਦੋ ਪੁੱਤਰ ਹੋਏ, ਜਿਨ੍ਹਾਂ ਵਿੱਚੋਂ ਇੱਕ ਦਾ ਨਾਮ ਸਾਧਾ ਸੀ। ਉਹ ਆਪਣਾ ਨਾਮ ਸਕਾਰਥ ਕਰਨ ਵਾਸਤੇ ਸੰਤ ਬਣ ਗਿਆ, ਜੋ ਕੱਚੀਆਂ ਸ਼ਾਹੀ ਸੜਕਾਂ ਦੇ ਚੌਕਾਂ ਵਿੱਚ ਛਬੀਲਾਂ ਲਾ ਕੇ ਆਏ ਗਏ ਮੁਸਾਫ਼ਰਾਂ ਨੂੰ ਆਪਣੇ ਹੱਥੀਂ ਠੰਢਾ ਜਲ ਛਕਾਉਂਦੇ। ਪਾਣੀ ਦੇ ਬਹੁਤ ਸਾਰੇ ਕੋਰੇ ਮੱਟ ਭਰ ਰੱਖਦੇ। ਇਉਂ ਸੇਵਾ ਤੇ ਸਿਮਰਨ ਕਰਦਿਆਂ ਕਾਫ਼ੀ ਸਮਾਂ ਲੰਘ ਗਿਆ। ਪਿਛਲੇ ਸੰਜੋਗਾਂ ਦੇ ਸਦਕਾ ਵਡੇਰੀ ਉਮਰ ਵਿੱਚ ਇਨ੍ਹਾਂ ਦੀ ਸ਼ਾਦੀ ਹੋ ਗਈ। ਘਰ ਵਿੱਚ ਇੱਕ ਪੁੱਤਰ ਭਾਈ ਦਰਗਾਹੀਆ ਜੀ ਨੇ ਜਨਮ ਲਿਆ, ਪਰ ਪਾਣੀ ਪਿਲਾਉਣ ਦੀ ਸੇਵਾ ਨਹੀਂ ਛੱਡੀ। ਬਾਅਦ ਵਿੱਚ ਜਵਾਨ ਹੋ ਕੇ ਭਾਈ ਦਰਗਾਹੀਆ ਜੀ ਵੀ ਆਪਣੇ ਪਿਓ ਦਾਦੇ ਵਾਂਗ ਸੇਵਾ ਕਰਦੇ ਰਹੇ। ਖ਼ਾਸ ਕਰ ਕੇ ਭਾਈ ਘਨੱਈਆਂ ਜੀ ਨਾਲ ਮਿਲ ਕੇ ਚੁਰੱਸਤਿਆਂ ਤੇ ਪਾਣੀ ਪਿਲਾਉਂਦੇ ਸਨ। ਪਾਣੀ ਲਿਆਉਣ ਵਾਸਤੇ ਮਸ਼ਕ ਅਤੇ ਪਿਲਾਉਣ ਵਾਸਤੇ ਇੱਕ ਤਾਂਬੇ ਦਾ ਗੰਗਾ ਸਾਗਰ ਹਮੇਸ਼ਾਂ ਆਪਣੇ ਪਾਸ ਰੱਖਦੇ, ਜਿਸ ਨੂੰ ਉਸ ਇਲਾਕੇ ਦੇ ਮੁਸਲਮਾਨ ਲੋਟਾ ਆਖਦੇ ਹਨ। ਉਸ ਸਮੇਂ ਮੁਸਾਫ਼ਰ ਜੋ ਕੱਚੀਆਂ ਸੜਕਾਂ ਤੇ ਪੈਦਲ ਹੀ ਤੁਰਿਆ ਕਰਦੇ, ਲੰਮਾ ਪੰਧ ਮਾਰ ਕੇ ਇਹੋ ਹੀ ਆਖਦੇ ਕਿ ਚਲੋ ਭਾਈ ਉੱਥੇ ਪੁੱਜ ਕੇ ਲੋਟੇ ਵਾਲੇ ਬਾਬੇ ਤੋਂ ਠੰਢਾ ਪਾਣੀ ਪੀਵਾਂਗੇ।

ਇਉਂ ਉਨ੍ਹਾਂ ਦਾ ਲੋਟਾ ਹੀ ਅੱਲ ਪੈ ਗਈ। ਭਾਈ ਦਰਗਾਹੀਆ ਜੀ ਦੇ ਘਰ ਭਾਈ ਪਰਜਾ, ਭਾਈ ਗਰਜਾ ਤੇ ਭਾਈ ਰਾਜਾ ਤਿੰਨ ਪੁੱਤਰ ਜਨਮੇਂ। ਇਨ੍ਹਾਂ ਦੇ ਨੌਜਵਾਨ ਹੋਣ ਤੇ ਗੁਰੂ ਪੰਥ ਦੇ ਮੁਖੀ ਭਾਈ ਦਰਬਾਰਾ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ। ਮਿਸਲਾਂ ਦੇ ਸਮੇਂ ਇਹ ਤਿੰਨੇ ਭਰਾ ਨਿਰਭੈ ਯੋਧੇ ਸਨ। ਭਾਵੇਂ ਮੁਗ਼ਲੀਆ ਹਕੂਮਤ ਵਲੋਂ ਸਿੰਘਾਂ ਨੂੰ ਬਾਗੀ ਕਰਾਰ ਦਿਤਾ ਗਿਆ ਸੀ, ਸਿਰਾਂ ਦੇ ਮੁੱਲ ਪੈਂਦੇ, ਭੁੱਖੇ ਤਿਹਾਏ ਰਹਿ ਕੇ ਗਰਮੀ ਸਰਦੀ ਸਹਾਰ ਕੇ ਜੰਗਲਾਂ ਵਿੱਚ ਰਾਤਾਂ ਕਟਦੇ, ਪਰ ਬਹਾਦਰ ਇਤਨੇ ਸਨ ਕਿ ਬਾਬਾ ਗਰਜਾ ਸਿੰਘ ਜੀ, ਭਿਆਨਕ ਖ਼ਤਰੇ ਵੱਲ ਗਿਆਂ ਉਸ ਨੂੰ ਫਤੇ ਕੀਤੇ ਬਿਨਾਂ ਵਾਪਸ ਨਹੀਂ ਸੀ ਮੁੜਦੇ। ਉਨ੍ਹਾਂ ਨੂੰ ਸਿੰਘ 'ਅਲੋਟਾ' ਨਾ ਮੁੜਨ ਵਾਲਾ ਆਖਦੇ ਸਨ। ਹੌਲੀ ਹੌਲੀ ਇਹ ਸ਼ਬਦ ਖਾਲਸੇ ਦੀ ਜ਼ਬਾਨ ਤੇ ਪੱਕ ਗਿਆ ਅਤੇ ਸਮਾਂ ਪਾ ਕੇ ਨਾਲੋਂ ਐਡਾ ਅੱਖਰ ਲੱਥ ਕੇ ਬਾਕੀ ਲੋਟਾ ਰਹਿ ਗਿਆ।

ਜਦੋਂ ਬੰਦਾ ਸਿੰਘ ਬਹਾਦਰ ਨੇ ਕਸੂਰ ਨੂੰ ਲੁੱਟਿਆ ਤਾਂ ਲਾਹੌਰ ਤੇ ਕਸੂਰ ਦੇ ਰੰਘੜਾਂ ਨੇ ਇਸ ਕਲੀਆਂ ਪਿੰਡ ਨੂੰ ਤਿੰਨ ਵਾਰੀ ਉਜਾੜ ਕੇ ਥੇਹ ਕਰ ਦਿੱਤਾ ਜੋ ਫੇਰ ਅਬਾਦ ਹੁੰਦਾ ਰਿਹਾ। ਉਸ ਸਮੇਂ ਇਸ ਪਿੰਡ ਦੇ ਬਹੁਤ ਸਾਰੇ ਬਜ਼ੁਰਗ ਮਾਲਵੇ ਦੇਸ਼ ਵਿੱਚ ਜਾ ਵਸੇ। ਜਿਨ੍ਹਾਂ ਵਿੱਚੋਂ ਇੱਕ ਘਰਾਣਾ ਖਟੜੇ ਨਗਰ ਆ ਵੱਸਿਆ।

ਸੰਤਾ ਸਿੰਘ ਮਿਸਤ੍ਰੀ ਪਿੰਡ ਖਟੜਾ

ਖਟੜੇ ਪਿੰਡ ਦਾ ਹਰਨਾਮ ਸਿੰਘ ਮਿਸਤ੍ਰੀ ਗੁਰੂ ਘਰ ਦਾ ਪ੍ਰੇਮੀ ਤੇ ਸੇਵਾਦਾਰ ਸੀ। ਇਸ ਦੇ ਘਰ ਵਾਲੀ ਧਰਮ ਕੌਰ ਵੀ ਸ਼ੁਭ ਖ਼ਿਆਲੀ ਤੇ ਸਤਸੰਗਣ ਸੀ। ਇਸ ਸੁਭਾਗ ਜੋੜੀ ਨੇ ਮਸਤੂਆਣੇ ਵਾਲੇ ਸੰਤਾਂ ਤੋਂ ਅੰਮ੍ਰਿਤ ਪਾਨ ਕੀਤਾ ਸੀ। ਸਮਾਂ ਪਾ ਕੇ ਇਨ੍ਹਾਂ ਦੇ ਘਰ ਇੱਕ ਲੜਕੇ ਸੰਤਾ ਸਿੰਘ ਨੇ ਜਨਮ ਲਿਆ। ਜਦੋਂ ਕਰਮਸਰ ਦੇ ਲੰਗਰ ਦੀਆਂ ਜੋੜੀਆਂ ਚਾੜ੍ਹਨ ਦੀ ਸੇਵਾ ਕਰਦੇ ਸੀ, ਤਾਂ ਇਨ੍ਹਾਂ ਨੂੰ ਦੋ ਜੋੜੀਆਂ ਦੇ ਦਿੱਤੀਆਂ ਗਈਆ। ਭਾਵੇਂ ਸੰਤਾ ਸਿੰਘ ਨੇ ਨਾਪ ਕੇ ਲੱਕੜੀ ਕਟੀ ਸੀ ਪਰ ਚਾੜ੍ਹਨ ਸਮੇਂ ਦੋਵੇਂ ਜੋੜੀਆਂ ਦੋ ਦੋ ਇੰਚ ਛੋਟੀਆਂ ਰਹਿ ਗਈਆਂ। ਇਸ ਨੇ ਅਜੇ ਕਿਸੇ ਪਾਸ ਗੱਲ ਨਹੀਂ ਸੀ ਕੀਤੀ ਪਰ ਆਪਣੇ ਮਨ ਵਿੱਚ ਬੜਾ ਪਸ਼ਚਾਤਾਪ ਕਰਨ ਲੱਗਾ ਕਿ ਹੁਣ ਕੀ ਬਣੇ? ਉਦਾਸ ਹੋਏ ਜੋੜੀਆਂ ਦੇ ਪਾਸ ਬੈਠੇ ਚੁਗਾਠਾਂ ਵੱਲ ਤੱਕ ਰਹੇ ਸਨ ਕਿ ਹੁਣ ਇਹ ਕਿਵੇਂ ਪੂਰੀਆਂ ਆਵਣ। ਇਤਨੇ ਨੂੰ ਭੋਗ ਮੋਖ ਦਾ ਦਾਤਾ, ਸਮੂੰਹ ਭੰਡਾਰਿਆਂ ਦਾ ਮਾਲਕ, ਅਰਸ਼ਾਂ ਕੁਰਸ਼ਾਂ ਦਾ ਵਾਲੀ ਪਾਸ ਆ ਗਿਆ ਅਤੇ ਇਸ ਦੀ ਉਦਾਸੀ ਦੇਖ ਕੇ ਪੁਛਿਆ, "ਪ੍ਰੇਮੀਓ! ਕੀ ਗੱਲ ਹੈ ਕੰਮ ਛੱਡ ਕੇ ਉਦਾਸ ਬੈਠੇ ਹੋ?" ਇਨ੍ਹਾਂ ਨੇ ਹੱਥ ਜੋੜ ਕੇ ਸਾਰੀ ਵਾਰਤਾ ਦੱਸੀ ਤਾਂ ਹੁਕਮ ਹੋਇਆ, "ਕੋਈ ਚਿੰਤਾ ਨਾ ਕਰੋ, ਇਹ ਤਾਂ ਪੂਰੀਆਂ ਹਨ, ਚਾੜ੍ਹ ਦੇਵੋ।"

ਜਦੋਂ ਸੰਤ ਜੀ ਮਹਾਰਾਜ ਦਾ ਬਚਨ ਸੁਣਿਆਂ, ਮਨ ਖੇੜੇ ਵਿੱਚ ਆ ਗਿਆ। ਉਸ ਸਮੇਂ ਚਾਅ ਚੜ੍ਹ ਗਿਆ। ਪੂਰਨ ਭਾਵਨਾ ਨਾਲ ਜਦੋਂ ਦੁਬਾਰਾ ਨਾਪ ਕੇ ਦੇਖੀਆਂ ਤਾਂ ਉਹ ਦੋਵੇਂ ਜੋੜੀਆਂ ਪੂਰੀਆਂ ਸਨ। ਫਿਰ ਤਾਂ ਇਤਨੀ ਸ਼ਰਧਾ ਵੱਧੀ ਕਿ ਉਸ ਦਿਨ ਤੋਂ ਬਾਅਦ ਇਹ ਨਿਯਮ ਬਣਾ ਲਿਆ ਕਿ ਆਪਣੀ ਨੇਕ ਕਮਾਈ 'ਚੋਂ ਦਸਵੰਧ ਕੱਢਣ ਦਾ ਪ੍ਰਣ ਕਰ ਲਿਆ ਜੋ ਅੱਜ ਤੱਕ ਨਿਭੀ ਜਾ ਰਿਹਾ ਹੈ। ਜਦੋਂ ੧੯੪੦ ਈ. ਦੇ ਜਨਵਰੀ ਮਹੀਨੇ ਹਜ਼ੂਰ ਨੇ ਸ. ਚੰਨਣ ਸਿੰਘ ਤੇ ਹੋਰ ਪ੍ਰੇਮੀਆਂ ਦੀ ਬੇਨਤੀ ਮੰਨ ਕੇ ਪਹਿਲੀ ਵਾਰ ਕਲਕੱਤੇ ਚਰਨ ਪਾਏ ਤਾਂ ਉਸ ਸਮੇਂ ਇਨ੍ਹਾਂ ਨੇ ਵੀ ਆਪਣੀ ਜਗ੍ਹਾ ਤੇ ਚਰਨ ਪਵਾਏ। ਜਿਉਂ ਜਿਉਂ ਮੇਹਰਾਂ ਦੇ ਬੂਹੇ ਖੁੱਲ੍ਹਦੇ ਗਏ, ਲਛਮੀ ਰਾਣੀ ਅੰਦਰ ਪ੍ਰਵੇਸ਼ ਕਰਦੀ ਗਈ। ੧੯੬੦ ਈ. ਵਿੱਚ ੭੦ ਹਜ਼ਾਰ ਰੁਪੈ ਨੂੰ ਇੱਕ ਵਿਘਾ ਜ਼ਮੀਨ ਖਰੀਦ ਕੇ (੨੫੨ ਪਿਕਨਿਕ ਗਾਰਡਨ ਰੋਡ ਕਲਕੱਤਾ, ੩੯) ਆਪਣਾ ਮਕਾਨ ਬਣਾ ਕੇ ਬੱਸਾਂ ਦੀਆਂ ਬਾਡੀਆਂ ਤਿਆਰ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਹੱਕ ਦੀ ਕਿਰਤ ਵਿੱਚੋਂ ਦਸਵੰਧ ਗੁਰੂ ਨਮਿੱਤ ਕੱਢਦੇ ਰਹੇ। ਫਿਰ ਲੱਛਮੀ ਦੇਵੀ ਤਰੁੱਠ ਕੇ ਹੋਰ ਵੀ ਛੱਲਾਂ ਦੇਣ ਲੱਗ ਪਈ। ਜਦੋਂ ਵੀ ਸੰਤ ਜੀ ਮਹਾਰਾਜ ਕਲਕੱਤੇ ਜਾਂਦੇ

ਆਪਣੇ ਘਰ ਚਰਨ ਪਵਾਉਂਦੇ। ਜਥੇ ਦੇ ਸਿੰਘਾਂ ਤੋਂ ਅਖੰਡ ਪਾਠ ਕਰਵਾਉਂਦੇ। ਦਿਲ ਖੋਲ੍ਹ ਕੇ ਹੱਥੀਂ ਮਾਇਆ ਦੀ ਸੇਵਾ ਕਰਦੇ। ਦਸਵੰਧ ਦੇਣ ਤੋਂ ਇਲਾਵਾ ਵੀ ਬੜੀ ਸੇਵਾ ਕਰਦੇ ਹਨ, ਜਿਹਾ ਕਿ ਨਵਾਂ ਗੁਰਦੁਆਰਾ ਬਣਨ ਸਮੇਂ ੧੧ ਹਜ਼ਾਰ ਰੁਪੈ ਦੀ ਸੇਵਾ ਕੀਤੀ। ਖਟੜਿਆਂ ਦੇ ਪੁਲ ਤੇ ਹਾਈ ਸਕੂਲ ਬਣਨ ਸਮੇਂ ਦੋ ਕਮਰਿਆਂ ਦਾ ਵੀਹ ਹਜ਼ਾਰ ਰੁਪਿਆ ਦਿੱਤਾ। ਇਸ ਤੋਂ ਪਹਿਲਾਂ ਵੀ ਜਦੋਂ ਕਾਲਜ ਵਾਲੀ ਜਗ੍ਹਾ ਦਸਵੀਂ ਦਾ ਖਾਲਸਾ ਸਕੂਲ ਸੀ ਉਸ ਦੇ ਇੱਕ ਕਮਰੇ ਦੀ ਸੇਵਾ ਕੀਤੀ। ਛੋਟੇ ਸੰਤ ਜੀ ਮਹਾਰਾਜ ਵਾਸਤੇ ਤਿੰਨ ਗੱਡੀਆਂ ਦੀ ਸੇਵਾ ਕੀਤੀ। ਪਹਿਲੀ ਗੱਡੀ ਜਿਸ ਤੇ ੨੭ ਹਜ਼ਾਰ ਲੱਗਾ ਸੀ, ਭੇਟਾ ਕੀਤੀ। ਹੁਣ ਜਨਵਰੀ ੧੯੭੩ ਈ. ਨੂੰ ੨੬ ਹਜ਼ਾਰ ਲਾ ਕੇ ਤੀਜੀ ਹੋਰ ਕਲਕੱਤੇ ਤੋਂ ਲਿਆਂਦੀ ਹੈ। ਲੰਗਰ ਵਾਸਤੇ ਵੀ ਬੇਅੰਤ ਬਰਤਨਾਂ ਦੇ ਰਾਸ਼ਨ ਦੀ ਸੇਵਾ ਕਰਦੇ ਰਹਿੰਦੇ ਹਨ। ਇਉਂ ਸੇਵਾ ਨਾਲ ਬਖ਼ਸ਼ਸ਼ਾਂ ਹੁੰਦੀਆਂ ਤੇ ਬਖ਼ਸ਼ਸ਼ਾਂ ਨਾਲ ਕੰਮ ਕਾਰ ਵਿੱਚ ਬਰਕਤਾਂ ਪੈਂਦੀਆਂ ਹਨ।

ਅਸਥਾਨ ਦੀਆਂ ਹੋਰ ਰਚਨਾਵਾਂ

ਜਦੋਂ ਸੰਤ ਜੀ ਮਹਾਰਾਜ ਸੱਠ ਦਿਨਾਂ ਤੋਂ ਬਾਅਦ ੧੯੫੦ ਈ. ਦੇ ਜਨਵਰੀ ਮਹੀਨੇ ਕਲਕੱਤੇ ਤੋਂ ਵਾਪਸ ਆਏ ਤਾਂ ਅਸਥਾਨ ਦੀ ਬਹੁਤ ਸਾਰੀ ਮਹੱਤਤਾ ਵਧ ਜਾਣ ਕਰ ਕੇ ਸਥਾਨਕ ਪ੍ਰੇਮੀਆਂ ਦੀ ਦਿੱਕਤ ਮਹਿਸੂਸ ਕਰ ਅਤੇ ਬਾਹਰੋਂ ਆਏ ਯਾਤਰੂਆਂ ਦੀ ਸਹੂਲਤ ਵਾਸਤੇ ਛੋਟੇ ਸੰਤ ਜੀ ਮਹਾਰਾਜ ਦੀ ਸਲਾਹ ਨਾਲ ਨਹਿਰ ਵਾਲੇ ਪਾਸੇ ਹੋਰ ਕਮਰੇ ਬਨਾਉਣ ਦੀ ਆਗਿਆ ਕੀਤੀ। ਰੇਤਾ ਨਹਿਰ 'ਚੋਂ ਕੱਢ ਲਿਆ, ਇੱਟਾਂ ਘੁਡਾਣੀ ਤੇ ਬਿਲਾਸਪੁਰ ਦੇ ਭੱਠੇ ਵਿੱਚੋਂ ਸੇਵਾਦਾਰ ਸਿੰਘਾਂ ਨੇ ਢੋਅ ਲਈਆਂ। ਛੋਟੇ ਕੁੱਪ ਤੋਂ ਸ. ਭਜਨ ਸਿੰਘ, ਤੇ ਛਪਾਰ ਪਿੰਡ ਤੋਂ ਸ. ਸੰਪੂਰਨ ਸਿੰਘ ਦਾ ਟਰੱਕ ਸੇਵਾ ਵਿੱਚ ਹੀ ਆ ਗਿਆ। ਇਹ ਉਸਾਰੀ ਦਾ ਸਾਰਾ ਕੰਮ ਖੱਟੜਿਆਂ ਵਾਲੇ ਮਿਸਤਰੀਆਂ ਨੂੰ ਸੌਂਪਿਆ ਗਿਆ। ਭਾਵੇਂ ਹੋਰ ਵੀ ਜਗੇੜੇ ਆਦਿਕ ਪਿੰਡਾਂ ਦੇ ਮਿਸਤ੍ਰੀ ਵੀ ਨਾਲ ਸਨ। ਸਥਾਨਕ ਪ੍ਰੇਮੀ ਆਪ ਹੀ ਗਾਰਾ ਤੇ ਇੱਟਾਂ ਫੜਾਉਂਦੇ ਸਨ। ਜੋ ਕੰਮ ਸਾਲਾਂ ਵਿੱਚ ਹੋਣਾ ਸੀ ਉਹ ਮਹੀਨਿਆਂ ਵਿੱਚ ਸਮਾਪਤ ਕਰ ਦਿੱਤਾ। ਇਕੱਲੇ ਇਕੱਲੇ ਬਿਹੰਗਮ ਦੀ ਰਿਹਾਇਸ਼ ਵਾਸਤੇ ਇਕਾਂਤ ਅਸਥਾਨ ਵਿੱਚ ਬੰਦਗੀ ਕਰਨ ਲਈ ਦਸ ਫੁੱਟ ਮੁਰੱਬੇ ਦੇ ਅਠਾਈ ਕਮਰੇ ਬਣਾ ਦਿੱਤੇ। ਨਾਲ ਹੀ ਸਾਰਿਆਂ ਦੇ ਵਿਚਕਾਰ ਵੀਹ ਫੁੱਟ ਲੰਬਾ ਤੇ ਦਸ ਫੁੱਟ ਚੌੜਾ ਇਸ਼ਨਾਨ ਵਾਸਤੇ ਇੱਕ ਵੱਡਾ ਇਸ਼ਨਾਨ ਘਰ ਤਿਆਰ ਕੀਤਾ। ਆਏ ਗਏ ਖ਼ਾਸ ਪ੍ਰੇਮੀ ਤੇ ਸਾਧੂ ਸੰਤਾਂ ਲਈ ਇੱਕ ਹੋਰ ਵੀਹ ਫੁੱਟ ਲੰਬਾ ਤੇ ਬਾਰਾਂ ਫੁਟ ਚੌੜਾ ਵੱਡਾ ਕਮਰਾ ਬਣਾ ਦਿੱਤਾ। ਜਿਸ ਦੇ ਅੰਦਰ ਹੀ (ਸੱਤ ਫੁਟ ਮੁਰੱਬਾ ਗ਼ੁਸਲਖਾਨਾ ਬਣਾਇਆ) ਸੱਤ ਫੁੱਟ ਤੇ ਪੰਜ ਫੁੱਟ ਦੀ ਰਸੋਈ ਬਣਾ ਦਿੱਤੀ। ਨਾਲ ਹੀ ਇੱਕ ਹੋਰ ਬਾਰਾਂ ਫੁੱਟ ਮਰੱਬੇ ਦਾ ਕਮਰਾ ਸਿਆਲੂ ਬਸਤਰਾਂ ਦੇ ਰੱਖਣ ਲਈ ਸਟੋਰ ਬਣਾਇਆ ਗਿਆ। ਸਾਰੇ ਕਮਰੇ ਇੱਕੋ ਸਾਈਜ਼ ਦੇ ਇੱਕੋ ਲਾਈਨ ਵਿੱਚ ਬਣਾਏ। ਸਭਨਾਂ ਦੇ ਅੱਗੇ ਅੱਠ ਫੁੱਟ ਚੌੜਾ ਬਰਾਂਡਾ ਪਾਇਆ। ਇਉਂ ਇਹ ਸਾਰੀ ਰਚਨਾ ਕਮਰੇ ਤੇ ਬਰਾਂਡੇ ਸਮੇਤ ਲੈਂਟਰ ਦੀ ਛੱਤ ਪਾ ਕੇ ਲਿਪਾਈ ਤੇ ਫਰਸ਼ਾਂ ਸਮੇਤ ਚਾਰ ਕੁ ਮਹੀਨਿਆਂ ਵਿੱਚ ਮੁਕੰਮਲ ਹੋ ਗਈ। ਉਸ ਸਮੇਂ ਸਾਰੇ ਕਮਰਿਆਂ ਦੇ ਬਰਾਂਡੇ ਸਮੇਤ ਘਟ ਤੋਂ ਘਟ ਪੰਜਾਹ ਸੱਠ ਹਜ਼ਾਰ ਰੁਪਿਆ ਖ਼ਰਚ ਆਇਆ। ਬਸ! ਫਿਰ ਤਾਂ ਹੋਰ ਵੀ ਸਰੀਰਕ ਸਹੂਲਤ ਤੇ ਪਰਮਾਰਥ ਦੀ ਸਿੱਧੀ ਲਈ ਦੂਰੋਂ ਨੇੜਿਓਂ ਬਹੁਤ ਸਾਰੇ ਪ੍ਰੇਮੀ ਆ ਪੁੱਜੇ।

ਸੰਤ ਦੇਵੀ ਪੁਰੀ ਜੀ ਕਿਲ੍ਹਾ ਰਾਇਪੁਰ

ਕਿਲ੍ਹਾ ਰਾਇਪੁਰ ਦੀ ਧਰਤੀ ਤੇ ਬਹੁਤ ਵਾਰ ਆਪ ਜੀ ਦੇ ਚਰਨ ਪਏ। ਸਭ ਤੋਂ ਪਹਿਲਾਂ ੧੯੨੯ ਈ. ਵਿੱਚ; ਜਦੋਂ ਕਿ ਪਹਿਲੀ ਢੱਕੀ ਵਿੱਚ ਆਇਆਂ ਅਜੇ ਥੋੜ੍ਹਾ ਹੀ ਸਮਾਂ ਹੋਇਆ ਸੀ, ਸ਼ਮੀਰੀਆ ਪੱਤੀ ਦਾ ਕੈਪਟਨ ਹਰਚੰਦ ਸਿੰਘ (ਜੋ ਪਟਿਆਲੇ ਸ਼ਹਿਰ ਦਾ ਹੀ ਆਪ ਜੀ ਦਾ ਵਾਕਫ਼ ਸੀ) ਇਸ ਦੇ ਘਰ ਲੜਕੇ ਨੇ ਜਨਮ ਲਿਆ, ਜਿਸ ਦਾ ਨਾਮ ਸੰਤ ਜੀ ਮਹਾਰਾਜ ਨੇ ਕੰਵਰਜੀਤ ਸਿੰਘ ਰੱਖਿਆ। ਉਸ ਦੀ ਛੁੱਟੀ ਸਮੇਂ ਅਖੰਡ ਪਾਠ ਦੇ ਭੋਗ ਤੇ ਆਪ ਜੀ ਨੂੰ ਬੇਨਤੀ ਕਰ ਕੇ ਘਰ ਵਿੱਚ ਚਰਨ ਪਵਾਏ ਸਨ।

ਇੱਕ ਵਾਰੀ ਜਦੋਂ ਕਿ ਆਪ ਜੀ ਨੇ ਸ. ਅਮਰ ਸਿੰਘ ਦੀ ਬੇਨਤੀ ਮੰਨ ਕੇ ਜਥੇ ਦੇ ਸਿੰਘਾਂ ਸਮੇਤ ਇਸ ਦੇ ਘਰ ਕਿਲ੍ਹਾ ਰਾਇਪੁਰ ਚਰਨ ਪਾਏ। ਅਖੰਡ ਪਾਠ ਅਰੰਭ ਕੀਤਾ, ਤਿੰਨ ਦੀਵਾਨ ਸਜੇ। ਵਿਚਕਾਰਲੇ ਦਿਨ ਸਵੇਰ ਸਮੇਂ ਅੰਦਰ ਦੀ ਖਿੱਚ ਅਨੁਸਾਰ ਪੂਰਨ ਮਹਾਂਪੁਰਸ਼ ਸੰਤ ਦੇਵੀ ਪੁਰੀ ਦੇ ਅਸਥਾਨ ਵੱਲ ਜਾਣ ਦਾ ਸੰਕਲਪ ਕੀਤਾ। ਭਾਵੇਂ ਪਹਿਲਾਂ ਵੀ ਜਲ ਪਾਣੀ ਛਕਣ ਉਪਰੰਤ ਰੋਜ਼ ਸਵੇਰੇ ਸੈਰ ਨੂੰ ਜਾਂਦੇ, ਪਰ ਕਦੇ ਕਿਸੇ ਪਾਸੇ, ਕਦੇ ਕਿਸੇ ਪਾਸੇ। ਅੱਜ ਸੁਤੇ ਹੀ ਕਿਸੇ ਦੀ ਖਿੱਚ ਨੇ ਪ੍ਰੇਰਿਆ। ਕੁੱਝ ਕੁ ਨਾਲ ਦੇ ਸਾਥੀਆਂ ਸਮੇਤ ਨਹਿਰ ਵੱਲ ਆ ਗਏ।

ਇਧਰੋਂ ਸੰਤ ਦੇਵੀ ਪੁਰੀ ਦੇ ਮਨ ਵਿੱਚ ਵੀ ਹਜ਼ੂਰ ਦਾ ਜੱਸ ਸੁਣ ਕੇ ਕਾਫ਼ੀ ਸਮੇਂ ਤੋਂ ਦਰਸ਼ਨ ਕਰਨ ਦੀ ਅਭਿਲਾਖਾ ਸੀ। ਪਰ ਅਜੇ ਸਮਾਗਮ ਨਹੀਂ ਸੀ ਬਣ ਸਕਿਆ। ਅੱਜ ਸਵੇਰੇ ਹੀ ਮਨ ਵਿੱਚ ਫੁਰਨਾ ਕੀਤਾ, ਜੇਕਰ ਦਿਲਾਂ

ਦੀ ਜਾਣਦੇ ਹੋਣ ਤਾਂ ਅਸਥਾਨ ਤੇ ਪੁੱਜ ਕੇ ਦਰਸ਼ਨ ਬਖ਼ਸ਼ਣ। ਰੋਜ਼ ਹੀ ਸਵੇਰ ਸਮੇਂ ਡੇਰੇ ਅੰਦਰ ਕਥਾ ਹੁੰਦੀ। ਪਰ ਅੱਜ ਮਹਾਂਪੁਰਸ਼ਾਂ ਨੇ ਬਾਹਰ ਬਰੋਟੇ ਹੇਠਾਂ ਖੁੱਲੀ ਜਗ੍ਹਾ ਫਰਸ਼ਾਂ ਤੇ ਆਸਣ ਵਿਛਾਉਣ ਦੀ ਆਗਿਆ ਕੀਤੀ ਅਤੇ ਨਾਲ ਹੀ ਦੋ ਕੁਰਸੀਆਂ ਮੰਗਵਾ ਲਈਆਂ। ਅਸਥਾਨ ਵਾਸੀ ਸਾਧੂਆਂ ਨੂੰ ਇਸ ਗੱਲ ਦੀ ਸਮਝ ਨਾ ਪਵੇ ਕਿ ਕੀ ਕਾਰਨ ਹੈ? ਅੱਗੇ ਆਪ ਰੋਜ਼ ਇੱਕ ਕੁਰਸੀ ਤੇ ਬੈਠ ਕੇ ਕਥਾ ਸੁਣਦੇ। ਪਰ ਇਹ ਦੂਜੀ ਕਿਸ ਦੇ ਵਾਸਤੇ ਮੰਗਵਾਈ ਹੈ? ਇਤਨੇ ਨੂੰ ਹਜ਼ੂਰ ਵੀ ਬਾਹਰੋਂ ਸੈਰ ਕਰਦੇ ਹੋਏ ਵਾਪਸ ਆ ਕੇ ਇਨ੍ਹਾਂ ਦੇ ਪਾਸ ਪੁੱਜ ਗਏ। ਦੋਵੇਂ ਵਿਅਕਤੀ ਬੜੀ ਭਾਵਨਾ ਨਾਲ ਨੇੜੇ ਹੋ ਕੇ ਮਿਲੇ ਅਤੇ ਇੱਕ ਦੂਜੇ ਨੂੰ ਨਮਸ਼ਕਾਰ ਕਰਨਾ ਚਾਹੁੰਣ। ਪਰ ਦੋਹਾਂ ਵਿੱਚੋਂ ਕਰਾਵੇ ਕੋਈ ਵੀ ਨਾ। ਅਖ਼ੀਰ ਨੂੰ ਪਰਸਪਰ ਝੁਕ ਕੇ ਕੁਰਸੀਆਂ ਤੇ ਬੈਠ ਕਾਫ਼ੀ ਸਮਾਂ ਏਕਤਾਮਈ ਬਚਨ ਬਿਲਾਸ ਹੁੰਦੇ ਰਹੇ, ਜਿਨ੍ਹਾਂ ਦੀ ਮਹਿਮਾ ਗੁਸਾਈਂ ਤੁਲਸੀ ਦਾਸ ਜੀ ਨੇ ਇਉਂ ਵਰਣਨ ਕੀਤੀ ਹੈ:

ਸੰਤ ਸਮਾਗਮ ਹਰਿ ਕਥਾ, ਤੁਲਸੀ ਦੁਰਲਭ ਦੋਇ।
ਸੁਤ ਦਾਰਾ ਅਰ ਲਛਮੀ ਪਾਪੀ ਕੇ ਭੀ ਹੋਇ।

ਉਪਰੰਤ ਮਹਾਂਪੁਰਸ਼ਾਂ ਨੇ ਜਥੇ ਦੇ ਸਿੰਘਾਂ ਸਮੇਤ ਹਜ਼ੂਰ ਨੂੰ ਜਲ ਪਾਣੀ ਪੁੱਛਿਆ, ਪਰ ਆਪ ਛਕ ਕੇ ਹੀ ਗਏ ਸਨ। ਜਿਸ ਕਰ ਕੇ ਕੁੱਝ ਕੁ ਸਮਾਂ ਬੈਠ ਕੇ ਆਗਿਆ ਚਾਹੀ। ਉਸ ਸਮੇਂ ਆਪ ਜੀ ਨੂੰ ਲਾਚੀਆਂ ਦਾ ਪ੍ਰਸ਼ਾਦਿ ਤੇ ਸਿਰੋਪਾਓ ਭੇਟ ਕੀਤਾ। ਪਰ ਹਜ਼ੂਰ ਨੇ ਮਹਾਂਪੁਰਸ਼ਾਂ ਦਾ ਪ੍ਰੇਮ ਦੇਖ ਕੇ ਕੇਵਲ ਲਾਚੀਆਂ ਹੀ ਅੰਗੀਕਾਰ ਕੀਤੀਆਂ। ਉਪਰੰਤ ਇੱਕ ਦੂਜੇ ਨੂੰ ਨਮਸ਼ਕਾਰ ਕਰ ਕੇ ਵਾਪਸ ਆ ਗਏ।

ਪੰਡਿਤ ਅਰਜਨ ਸਿੰਘ ਜੀ ਮੁਨੀ ਹਰਿਦਵਾਰ

ਇਸੇ ਤਰ੍ਹਾਂ ਹੀ ਪੰਡਤ ਅਰਜਨ ਸਿੰਘ ਜੀ ਮੁਨੀ ਹਰਿਦਵਾਰ ਵਾਲੇ ਵੀ ਸ਼ੁਰੂ ਤੋਂ ਹੀ ਆਪ ਦੇ ਨਾਲ ਪਰਮ ਪਿਆਰ ਤੇ ਭਾਵਨਾ ਰੱਖਣ ਵਾਲੇ ਸਾਧੂ ਸਨ। ਪਹਿਲੀ ਢੱਕੀ ਦੇ ਸਮੇਂ ਤੋਂ ਹੀ ਆਪਣੇ ਗੁਰਦੇਵ ਪੰਡਿਤ ਪ੍ਰੇਮ ਸਿੰਘ ਜੀ ਨਾਲ (ਜੋ ਕਿ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੇ ਪੋਤਰੇ ਚੇਲੇ ਸਨ) ਦਰਸ਼ਨਾਂ ਨੂੰ ਆਉਂਦੇ। ਉਸ ਸਮੇਂ ਇਨ੍ਹਾਂ ਦੇ ਗੁਰ ਭਰਾ ਪੰਡਿਤ ਮਨੀ ਸਿੰਘ ਜੀ ਅਤੇ ਪੰਡਿਤ ਮਧੁਸੂਦਨ ਸਿੰਘ ਜੀ 'ਮਾਧੋ' ਵੀ ਨਾਲ ਹੁੰਦੇ। ਇਸੇ ਕਰ ਕੇ *'ਪੂਰਬ ਪ੍ਰੀਤ ਪਰਾਇਣ'* ਦੇ ਮਹਾਂਵਾਕ ਅਨੁਸਾਰ ਇਨ੍ਹਾਂ ਦੀ ਬੇਨਤੀ ਨੂੰ ਮੰਨਦਿਆਂ ਹੋਇਆਂ ਅਤੇ ਪ੍ਰੇਮ ਵਸੀਕਾਰ ਹੋ ਆਪ ਜੀ ਦੁਸਹਿਰੇ ਦੇ ਸਮੇਂ ਪ੍ਰੇਮ ਸਦਨ (ਨਿਰਮਛ ਛਾਉਣੀ) ਸਾਲਾਨਾ ਜਗ ਸਮਾਗਮ ਤੇ ਵੀ ਸਾਲ ਦੇ ਸਾਲ ਜਾਂਦੇ ਰਹੇ ਅਤੇ ਉਸ ਅਸਥਾਨ ਦੀ ਰਚਨਾ ਸਮੇਂ ਵੀ ਆਪਣੇ ਵਲੋਂ ਦੋ ਕਮਰੇ ਬਨਾਉਣ ਲਈ ਹਜ਼ੂਰ ਨੇ ਵੀਹ ਹਜ਼ਾਰ ਰੁਪਿਆ ਭੇਟਾ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਿੰਦੀ ਟੀਕੇ ਦੀ (ਜੋ ਕਿ ਅਰਜਨ ਸਿੰਘ ਮੁਨੀ ਨੇ ਲਿਖਿਆ ਹੈ) ਛਪਾਉਣ ਦੀ ਸੇਵਾ ਵੀ ਸੰਤ ਜੀ ਮਹਾਰਾਜ ਵੱਲੋਂ ਹੋਈ। ਨਿਰਮਲ ਉਦੇਸ਼ ਦੇ ਐਡੀਟਰ ਸੰਤ ਹਰੀ ਸਿੰਘ ਜੀ ਗਲੀ ਬਾਗ਼ ਵਾਲੀ, ਚੌਂਕ ਬਾਬਾ ਅਟੱਲ ਸਾਹਿਬ ਅੰਮ੍ਰਿਤਸਰ ਅਤੇ ਪੰਡਿਤ ਹਰਿਦਿਆਲ ਸਿੰਘ ਲਾਹੌਰ ਵਾਲੇ ਵੀ ਦਰਸ਼ਨਾਂ ਨੂੰ ਆਏ। ਉਨ੍ਹਾਂ ਦੀ ਰਚਿਤ ਪੁਸਤਕ 'ਇਹੁ ਮਨ ਉਡਨ ਪੰਖੇਰੂ ਬਨ ਕਾ' ਅਤੇ 'ਨਿਰਮਲ ਇਤਿਹਾਸ' ਨਾਮੇ ਪੁਸਤਕ ਦੀ ਛਪਾਈ ਦੀ ਸੇਵਾ ਵੀ ਹਜ਼ੂਰ ਵੱਲੋਂ ਹੀ ਹੋਈ।

ਇਸੇ ਤਰ੍ਹਾਂ ਪੰਡਿਤ ਗੁਰਦੀਪ ਸਿੰਘ ਜੀ 'ਕੇਸਰੀ' ਅਧਯਕਸ਼ ਨਿਰਮਲ ਵਿਦਿਯਾਲਾ ਲਾਹੌਰੀ ਟੋਲਾ ਬਨਾਰਸ ਵਾਲੇ ਵੀ (ਜਿਥੇ ਹਜ਼ੂਰ ਦੇ ਚਰਨਾਂ 'ਚੋਂ ਵਰੋਸਾਏ ਮਹਾਂਤਿਆਗੀ, ਮਹਾਂ ਤੱਪਸਵੀ, ਪੂਰਨ ਵਿਰਕਤ, ਗੁਰੂ ਘਰ ਦੇ ਗਿਆਨੀ, ਨਿਆਇ ਸ਼ਾਸਤ੍ਰ ਦੇ ਪੰਡਿਤ, ਪੰਡਿਤ ਸ਼ੇਰ ਸਿੰਘ ਜੀ ਵੀ ਕਾਫ਼ੀ ਸਮੇਂ ਤੋਂ ਇਸੇ ਜਗ੍ਹਾ ਠਹਿਰ ਕੇ ਨਿਆਇ ਸ਼ਾਸਤ੍ਰ ਅਤੇ ਹੋਰ ਗ੍ਰੰਥਾਂ ਨੂੰ ਪੜ੍ਹ ਪੜ੍ਹਾ ਰਹੇ ਹਨ) ਕਈ ਵਾਰ ਦਰਸ਼ਨਾਂ ਨੂੰ ਆਏ। ਉਸ ਜਗ੍ਹਾ ਰਿਹਾਇਸ਼ ਰੱਖਣ ਵਾਲੇ ਸਾਧੂਆਂ ਨੂੰ ਚਾਹ ਦਾ ਲੰਗਰ ਵੀ ਸੰਤ ਜੀ ਮਹਾਰਾਜ ਵੱਲੋਂ ਹੁੰਦਾ ਰਿਹਾ।

ਹੋਰ ਮਹਾਂਪੁਰਸ਼

ਗਿਆਨੀ ਬਿਸ਼ਨ ਸਿੰਘ ਜੀ ਕ੍ਰੀਟ ਲੇਖਕ 'ਅੰਮ੍ਰਿਤ ਬਚਨ' ਅਤੇ ਸੰਤ ਦਰਸ਼ਨ ਸਿੰਘ ਜੀ, ਸੰਤ ਅਵਤਾਰ ਸਿੰਘ ਜੀ ਲਖਮੀਰਪੁਰ ਤੋਂ ਇਲਾਵਾ ਹੋਰ ਵੀ ਨਾਮਨਾ ਵਾਲੀਆਂ ਮਸ਼ਹੂਰ ਵਿਅਕਤੀਆਂ ਨੇ ਇਸ ਅਸਥਾਨ ਦੇ ਦਰਸ਼ਨ ਦੀਦਾਰ ਕੀਤੇ। ਹੋਤੀ ਮਰਦਾਨ ਸੰਪ੍ਰਦਾਇ ਦੇ ਭੂਸ਼ਣ ਗੁਰਧਾਮਾਂ ਦੀ ਸੇਵਾ ਕਰਾਉਣ ਵਾਲੇ ਪੂਰਨ ਮਹਾਂਪੁਰਸ਼ ਸੰਤ ਹਰੀ ਸਿੰਘ ਜੀ ਕਹਾਰਪੁਰ ਅਤੇ ਸੰਤ ਜੈਮਲ ਸਿੰਘ ਜੀ ਭੂਰੀ ਵਾਲੇ ਵੀ ਦਰਸ਼ਨਾਂ ਆਉਂਦੇ ਰਹੇ। ਵੱਡੇ ਬਜ਼ੁਰਗਾਂ ਵਾਂਗ ਸੰਤ ਮਹਿੰਦਰ ਸਿੰਘ ਜੀ ਹਰਖੋਵਾਲ ਵੀ ਉਸੇ ਤਰ੍ਹਾਂ ਹੀ ਪਿਆਰ ਦਾ ਸਬੂਤ ਦੇ ਰਹੇ ਸਨ। ਕਈ ਵਾਰ ਨਿਰਮਲ ਰਮਤ ਆਖੜਾ ਵੀ ਆਇਆ, ਜੋ ਕਈ ਕਈ ਦਿਨ ਠਹਿਰਦੇ ਰਹੇ, ਜਿਨ੍ਹਾਂ ਨੂੰ ਅਸਥਾਨ ਵਲੋਂ ਦਰਸ਼ਨੀ ਭੇਟਾ, ਪੰਗਤ ਪੂਜਾ ਅਤੇ ਪੱਕੇ ਭੰਡਾਰੇ

ਹੁੰਦੇ ਰਹੇ।

ਸੰਤ ਗੁਰਬਖਸ਼ ਸਿੰਘ ਜੀ ਜਥੋਵਾਲ ਹਜ਼ੂਰ ਦੇ ਚਰਨ ਸੇਵਕ ਤੇ ਮਹਾਨ ਵਿਦਵਾਨ ਗਿ. ਮੇਹਰ ਸਿੰਘ ਜੀ ਵੀ ਇਸੇ ਨਗਰ ਦੇ ਹਨ। ਸੰਤ ਪਹਾੜਾ ਸਿੰਘ ਜੀ ਰਤਨ ਪਾਲੋਂ, ਸੰਤ ਸ਼ਮਸ਼ੇਰ ਸਿੰਘ ਜੀ ਗੁੜਿਆਂ ਵਾਲੇ, ਸੰਤ ਗੁਰਦਿਆਲ ਸਿੰਘ ਜੀ ਠਕਰਵਾਲ, ਸੇਵਾ ਪੰਥੀ ਮਹਾਂਪੁਰਸ਼ ਸੰਤ ਨਿਹਚਲ ਸਿੰਘ ਜੀ (ਪੰਡਿਤ) ਜਮਨਾ ਨਗਰ (ਜਗਾਧਰੀ), ਮਹੰਤ ਆਸਾ ਸਿੰਘ ਤੇ ਸੰਤ ਤੀਰਥ ਸਿੰਘ ਜੀ ਗੋਨੇਆਣਾ, ਗੁਰਬਾਣੀ ਦੀ ਸੰਪ੍ਰਦਾਇ ਟਕਸਾਲ ਦੇ ਸ਼੍ਰੋਮਣੀ ਸੰਤ ਗਿ. ਕ੍ਰਿਪਾਲ ਸਿੰਘ ਜੀ ਅੰਮ੍ਰਿਤਸਰ ਅਤੇ ਸੰਤ ਸੁਰਜੀਤ ਸਿੰਘ ਜੀ ਅੰਮ੍ਰਿਤਸਰ, ਸੰਤ ਗੋਪਾਲ ਸਿੰਘ ਜੀ ਪਟਿਆਲਾ, ਸੰਤ ਮਹਾਰਾਜ ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲੇ, ਸੰਤ ਗਿ. ਇੰਦਰ ਸਿੰਘ ਜੀ ਭਿੰਡਰਾਂ, ਸੰਤ ਗਿ. ਅਜੈਬ ਸਿੰਘ ਜੀ ਬੋਪਾਰਾਹੇ, ਗੁਰੂ ਨਾਨਕ ਦੇਵ ਜੀ ਦੀ ਸੰਤਾਨ 'ਚੋਂ ਸੋਲ੍ਹਵੀਂ ਜਗ੍ਹਾ ਬਾਬਾ ਮਧਸੂਦਨ ਸਿੰਘ ਜੀ ਬੇਦੀ ਰਈਸ (ਊਨਾ ਸਾਹਿਬ) ਹੋਰ ਵੀ ਨਾਮਵਰ ਵਿਅਕਤੀਆਂ ਨੇ ਦੀਦਾਰ ਬਖ਼ਸ਼ੇ। ਸੰਤ ਭਗਵਾਨ ਸਿੰਘ ਜੀ ਧੂਰਕੋਟੀਏ ਜੋ ਬਾਬਾ ਆਯਾ ਸਿੰਘ ਜੀ ਦੇ ਸੇਵਕ ਸਨ ਕਾਫ਼ੀ ਸਮਾਂ ਏਥੇ ਰਹੇ।

ਹਰੇਕ ਮਤ ਤੇ ਹਰੇਕ ਭੇਖ ਦਾ ਸਾਧੂ ਆਪ ਜੀ ਦਾ ਦਰਸ਼ਨ ਕਰ ਕੇ ਸ਼ਰਧਾਲੂ ਬਣ ਜਾਂਦਾ ਕਿਉਂਕਿ ਆਪ ਜੀ ਦਾ ਅਦ੍ਵੈਤਮਤ ਏਕਤਾਮਈ ਪ੍ਰਚਾਰ ਹੈ। ਜਿਹਾ ਕਿ ਜਦੋਂ ਆਪ ਜੀ ਤੀਜੀ ਵਾਰ ਲਾਹੌਰ ਗਏ ਤਾਂ ਅੰਮ੍ਰਿਤ ਵੇਲੇ ਰੋਜ਼ ਬਾਹਰ ਸੈਰ ਨੂੰ ਜਾਂਦੇ। ਇੱਕ ਸਮੇਂ ਹੋਰ ਵੀ ਜਥੇ ਦੇ ਸਿੰਘ ਨਾਲ ਸਨ ਤਾਂ ਰਸਤੇ ਵਿੱਚ ਇੱਕ ਮੁਸਲਮਾਨ ਫ਼ਕੀਰ ਮਿਲਿਆ, ਜਿਸ ਦੀ ਉਮਰ ਕਾਫ਼ੀ ਵਡੇਰੀ ਸੀ। ਉਸ ਨੇ ਆਪਣੇ ਅਨੁਭਵ ਦੁਆਰਾ ਹਜ਼ੂਰ ਦਾ ਨੂਰਾਨੀ ਚਿਹਰਾ ਤੱਕ ਕੇ ਰੱਬੀ ਕਾਰਕ ਨਿਸ਼ਚੇ ਕੀਤਾ ਤੇ ਅੱਗੋਂ ਹੋ ਕੇ ਮਿਲਿਆ। ਆਪ ਜੀ ਨੇ ਰਸਤਾ ਛੱਡ ਦਿੱਤਾ ਪਰ ਉਸ ਨੇ ਨਜ਼ਦੀਕ ਜਾ ਕੇ ਪਹਿਲਾਂ ਦਸਤਬੋਸੀ ਲਈ। ਫਿਰ ਜੱਫੀ ਵਿੱਚ ਘੁੱਟ ਕੇ ਬੜਾ ਪਿਆਰ ਕੀਤਾ ਅਤੇ ਨਾਲ ਦੇ ਸਿੰਘਾਂ ਨੂੰ ਆਖਿਆ, "ਸੰਤੋ! ਕੋਈ ਨਾਲ ਸ਼ਸਤਰ ਰੱਖਿਆ ਕਰੋ।" ਸਿੰਘ ਇਸ ਫ਼ਕੀਰ ਦੀ ਰਮਜ਼ ਨੂੰ ਸਮਝ ਨਾ ਸਕੇ ਕਿਉਂਕਿ ਉਹ ਸਾਰੇ ਗਤਕੇ ਦੇ ਖਿਲਾਰੀ ਅਤੇ ਵੱਡੀਆਂ ਕਿਰਪਾਨਾਂ ਸਮੇਤ ਸਨ। ਕਹਿਣ ਲੱਗੇ, "ਸਾਈਂ ਜੀ! ਆਹ ਦੇਖੋ, ਅਸੀਂ ਤਾਂ ਆਪਣੇ ਪਾਸ ਸ਼ਸਤਰ ਰੱਖਦੇ ਹਾਂ।" ਉਸ ਨੇ ਕਿਹਾ, "ਇਹ ਸ਼ਸਤਰ ਨਹੀਂ, ਇਹ ਹੋਰ ਸ਼ਸਤਰ ਹੈ।" ਸਿੰਘ ਇਸ ਗੱਲ ਨੂੰ ਸਮਝ ਨਾ ਸਕੇ। ਗ਼ਰੀਬ ਨਿਵਾਜ਼ ਨੇ ਮੁਸਕਰਾ ਕੇ ਉੱਤਰ ਦਿੱਤਾ ਕਿ ਫ਼ਕੀਰ ਦੀ ਰਮਜ਼ ਨੂੰ ਕੋਈ ਵਿਰਲਾ ਫ਼ਕੀਰ ਹੀ ਸਮਝਦਾ ਹੈ। ਸਾਈਂ ਲੋਕ ਦਾ ਇਸ ਸ਼ਸਤਰ ਤੋਂ ਭਾਵ ਨਹੀਂ। ਇਹ ਸ਼ਸਤਰ ਤਾਂ ਕੇਵਲ ਬਾਹਰਲੇ ਵੈਰੀਆਂ ਨੂੰ ਹੀ ਮਾਰ ਸਕਦਾ ਹੈ। ਅੰਦਰਲੇ ਵੈਰੀਆਂ ਨੂੰ ਜਿੱਤਣ ਵਾਸਤੇ ਕੋਈ ਵਿਚਾਰ ਵਾਲਾ ਸ਼ਾਸਤਰ ਰੂਪੀ ਸ਼ਸਤਰ ਰੱਖਿਆ ਕਰੋ। ਭਾਵ ਧਾਰਮਿਕ ਗ੍ਰੰਥਾਂ ਦੀ ਵਿਚਾਰ ਕਰਿਆ ਕਰੋ। ਇਨ੍ਹਾਂ ਸ਼ਾਸਤਰਾਂ ਰੂਪੀ ਸ਼ਸਤਰਾਂ ਨੂੰ ਬਨਾਉਣ ਵਾਲੇ ਕਵੀ ਲੋਕ ਤਾਂ ਸਿਕਲੀਗਰਾਂ ਦੇ ਸਾਮਾਨ ਹਨ। ਉਹ ਤਾਂ ਕੇਵਲ ਇਨ੍ਹਾਂ ਨੂੰ ਰਚਣ ਵਾਲੇ ਹੀ ਹਨ। ਵਿਚਾਰ ਕੇ ਉਨ੍ਹਾਂ ਉੱਪਰ ਚੱਲਣ ਦੀ ਕੋਸ਼ਿਸ਼ ਨਹੀਂ ਕਰਦੇ। ਅਤੇ ਜੋ ਕਥਾ ਵਾਚਕ ਵਿਦਵਾਨ ਪੰਡਿਤ ਲੋਕ ਹਨ ਇਹ ਇਨ੍ਹਾਂ ਨੂੰ ਸਾਣ ਤੇ ਲਾ ਕੇ ਤਿੱਖਾ ਕਰਦੇ ਹਨ। ਲੋਕਾਂ ਦੀ ਵਾਹ ਵਾਹ ਵਾਸਤੇ ਖ਼ੂਬ ਮਸਾਲੇ ਲਾ ਲਾ ਕੇ ਦ੍ਰਿਸ਼ਟਾਂਤਾਂ, ਪ੍ਰਮਾਣਾਂ ਸਮੇਤ ਕਥਾ ਸੁਣਾਉਂਦੇ ਹਨ। ਆਪ ਉਹ ਵੀ ਨਹੀਂ ਧਾਰਨ ਕਰਦੇ, ਪਰ ਪੂਰਨ ਮਹਾਂਪੁਰਸ਼ ਹੀ ਅਸਲੀ ਸੂਰਮੇ ਹਨ।

ਯਥਾ: ***ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਭਲੀ ॥***
(ਆਸਾ ਮਃ ੪ - ੩੯੨)

ਤਥਾ: ***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥***
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ ***(ਧਨਾਸਰੀ ਮਃ ੪ - ੬੭੯)***

ਸਤਿਗੁਰਾਂ ਦੇ ਪਾਵਨ ਮੁੱਖ ਦੀ ਬਾਣੀ ਦੋ ਧਾਰੀ ਤਲਵਾਰ ਸਾਮਾਨ ਹੈ। ਗਿਆਨ ਰੂਪੀ ਸਾਣ ਤੇ ਲਾ ਕੇ ਧਾਰ ਤਿੱਖੀ ਕੀਤੀ ਹੈ। ਭਗਤੀ ਰੂਪੀ ਮੁੱਠ ਦੇ ਨਾਲ ਜੜੀ ਹੋਈ ਹੈ, ਦ੍ਰਿੜ੍ਹ ਵੈਰਾਗ ਹੋਣਾ ਇਸ ਦਾ ਅਕਾਰ ਘੜਿਆ ਹੈ।

ਜਿਹੜਾ ਸੂਰਮਾ ਇਸ ਦੇ ਸਨਮੁਖ ਆਵੇਗਾ, ਤਿਸ ਦਾ ਅਗਿਆਨ ਰੂਪ ਅੰਗ ਕਟਿਆ ਜਾਵੇਗਾ। ਬਾਹਰਲੇ ਸੂਰਮੇਂ ਤਾਈਂ ਤਾ ਸੁਰਗ ਦਾ ਸੁੱਖ ਮਿਲਦਾ ਹੈ ਪਰ ਇਸ ਸੂਰਮੇਂ ਨੂੰ ਸਰੂਪ ਦੀ ਲਖਤਾ ਹੋ ਜਾਂਦੀ ਹੈ। ਜਿਵੇਂ ਬਾਹਰਲਾ ਕਾਇਰ ਸੂਰਮਾਂ ਜੰਗ ਤੋਂ ਭੈ ਕਰਦਾ ਹੈ। ਇਸੇ ਤਰ੍ਹਾਂ ਏਧਰ ਵੀ ਵਿਕਾਰੀ ਪੁਰਸ਼ ਇਸ ਤਲਵਾਰ ਤੋਂ ਭੈ ਕਰਦੇ ਹਨ। ਭਗਤੀ ਤੋਂ ਬੇਮੁੱਖ ਹੋ ਕੇ ਧੀਰਜ ਨਹੀਂ ਧਾਰਦੇ। ਉਹ ਦੋਵੇਂ ਲੋਕਾਂ ਦੇ ਸੁਖਾਂ ਨੂੰ ਵਿਗਾੜ ਲੈਂਦੇ ਹਨ।

ਇਸੇ ਤਰ੍ਹਾ ਗੁਰਾਂ ਦੀ ਜੀਭ ਕਮਾਨ ਵਤ ਹੈ। ਬਚਨ ਤੀਰਾਂ ਵਤ ਹਨ। ਜੋ ਇਸ ਵਿੱਚ ਮਿਠਾਸ ਹੈ ਇਹ ਬਾਗੜਵਾ ਚਿੱਲ੍ਹਾ ਹੈ। ਚਾਤਰਤਾ ਰੂਪ ਸਾਣ ਉੱਤੇ ਇਨ੍ਹਾਂ ਤੀਰਾਂ ਨੂੰ ਤਿੱਖਾ ਕੀਤਾ ਹੈ। ਨਾਨ੍ਹਾ ਤਰ੍ਹਾਂ ਦੀਆਂ ਜੁਗਤੀਆਂ ਰੂਪ ਪੰਖ ਲੱਗੇ ਹਨ। ਜਿਨ੍ਹਾਂ ਸਿੱਖਾਂ ਦੇ ਰਿਦੇ ਨਿਸ਼ਾਨੇ ਬਣ ਗਏ। ਉਹ ਸੁਣਦਿਆਂ ਸਾਰ ਹੀ ਲਟੂਹੇ ਹੋ ਗਏ। ਮਹਾਂਪੁਰਸ਼ ਇਨ੍ਹਾਂ ਦੀ ਵਿਚਾਰ

ਕਰ ਕੇ ਉਨ੍ਹਾਂ ਨੂੰ ਧਾਰਨ ਕਰਨ ਰੂਪ ਚਲਾ ਕੇ ਵਿਕਾਰਾਂ ਰੂਪੀ ਦੁਸ਼ਮਣਾਂ ਨੂੰ ਜਿੱਤਦੇ ਹਨ। ਇਸ ਪ੍ਰਕਾਰ ਦੇ ਬਚਨ ਸੁਣ ਕੇ ਉਹ ਫ਼ਕੀਰ ਤੇ ਨਾਲ ਦੇ ਸਾਥੀ ਸਿੰਘ ਬੜੇ ਪ੍ਰਸੰਨ ਹੋਏ ਅਤੇ ਉਸ ਨੇ ਕਿਹਾ, "ਧੰਨ ਹੋ ਆਪ! ਖ਼ੁਦਾ ਦੀ ਯਾਦ ਆਰਫ਼ਾਂ ਦਾ ਦੀਦਾਰ ਭਾਗਾਂ ਨਾਲ ਹੁੰਦਾ ਹੈ। ਅੱਜ ਮੇਰੇ ਤੇ ਅਲਾਹ ਪਾਕ ਦੀ ਮੇਹਰ ਹੋਈ ਹੈ ਜਿਸ ਕਰ ਕੇ ਆਪ ਜੈਸੇ ਫੱਕਰਾਂ ਦਾ ਦੀਦਾਰ ਹੋਇਆ।" ਉਪਰੰਤ ਆਪ ਜੀ ਅੱਗੇ ਸੈਰ ਨੂੰ ਚਲੇ ਗਏ।

ਕਾਂਡ ੧੭

ਸੰਤ ਤ੍ਰਿਬੈਣੀ ਪੁਰੀ ਜੀ ਖੰਨਾ

ਜਿਵੇਂ ਕਮਲ ਫ਼ੁੱਲ ਦੀ ਵਾਸ਼ਨਾ ਦੂਰੋਂ ਹੀ ਭੌਰਿਆਂ ਨੂੰ ਖਿੱਚ ਲੈਂਦੀ ਹੈ। ਬੀਨ ਦੀ ਆਵਾਜ਼ ਤੇ ਜ਼ਹਿਰੀਲੇ ਸਰਪ ਮਸਤ ਹੋ ਜਾਂਦੇ ਹਨ ਅਤੇ ਮਾਨ ਸਰੋਵਰ ਤੇ ਆਪੇ ਹੀ ਹੰਸ ਪੁੱਜ ਜਾਂਦੇ ਹਨ।

ਯਥਾ: ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ ॥
ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ ॥
ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ ॥
ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ ॥੧॥

(ਰਾਮਕਲੀ ਵਾਰ-੧ ਮਃ ੧ - ੯੫੬)

ਇਸੇ ਤਰ੍ਹਾਂ ਮਹਾਂਪੁਰਸ਼ਾਂ ਦੇ ਤਪ ਤੇ ਚੰਦਨ ਦੀ ਖੁਸ਼ਬੂ ਵਾਂਗ ਭਗਤੀ ਦੀ ਮਹਿਕ ਨੇ ਬਹੁਤ ਸਾਰੇ ਬੀਤਰਾਗ ਮਹਾਤਮਾਂ ਨੂੰ ਵੀ ਇਸ ਤਪੋਭੂਮੀ ਦਾ ਦੀਦਾਰ ਕਰਵਾਇਆ।

ਸੰਤ ਤ੍ਰਿਬੈਣੀ ਪੁਰੀ ਜੀ ਜੋ ਇਸ ਇਲਾਕੇ ਵਿੱਚ ਚੰਗੇ ਮਸ਼ਹੂਰ ਸਾਧੂ ਹੋ ਚੁੱਕੇ ਹਨ, ਇਨ੍ਹਾਂ ਦਾ ਖੰਨੇ ਪਾਸ ਸਲਾਣੇ ਪਿੰਡ ਦੇ ਬ੍ਰਾਹਮਣਾਂ ਦੇ ਘਰ ਦਾ ਸਰੀਰ ਸੀ। ਛੋਟੀ ਉਮਰ ਵਿੱਚ ਵੈਰਾਗ ਲੱਗ ਗਿਆ। ਘਰ ਬਾਰ ਤਿਆਗ ਕੇ ਇਕਲਾਹੇ ਪਿੰਡ ਦੇ ਸੰਨਿਆਸੀ ਮਹਾਤਮਾ ਦੇ ਸ਼ਿਸ਼ ਆ ਬਣੇ। ਇਹ ਪਰਮਹੰਸ ਸਾਧੂ ਸਨ ਪਰ ਗੁਰੂ ਘਰ ਤੇ ਕਾਫ਼ੀ ਸ਼ਰਧਾ ਸੀ। ਰੋਜ਼ ਸੁਖਮਨੀ ਸਾਹਿਬ ਦਾ ਪਾਠ ਵੀ ਕਰਦੇ। ਆਏ ਗਏ ਸਤਿਸੰਗੀ ਨੂੰ ਸੁਖਮਨੀ ਸਾਹਿਬ ਦੇ ਪਾਠ ਵੱਲ ਪ੍ਰੇਰਦੇ। ਰਾੜਾ ਸਾਹਿਬ ਵਾਲੇ ਸੰਤ ਜੀ ਮਹਾਰਾਜ ਦਾ ਜਸ ਤਾਂ ਬਹੁਤ ਪ੍ਰੇਮੀਆਂ ਪਾਸੋਂ ਸੁਣਿਆਂ ਸੀ ਪਰ ਅਜੇ ਅਸਥਾਨ ਦੇ ਦਰਸ਼ਨ ਨਹੀਂ ਸਨ ਕੀਤੇ। ਜਦੋਂ ਮੇਹਰਵਾਨ ਦਾ ਅਫਰੀਕਾ ਦਾ ਜਾਣ ਦਾ ਪ੍ਰੋਗਰਾਮ ਸੁਣਿਆ ਤਾਂ ਫਿਰ ਅਸਥਾਨ ਦੇ ਦਰਸ਼ਨਾਂ ਦਾ ਸੰਕਲਪ ਕੀਤਾ। ਇਹ ੧੯੫੦ ਈ. ਦੇ ਦਸੰਬਰ ਦੀ ਵਾਰਤਾ ਹੈ। ਪਹਿਲਾਂ ਨਿੰਮਰਤਾ ਨਾਲ ਪੱਤਰਕਾ ਭੇਜੀ, ਜਿਸ ਵਿੱਚ ਦਰਸ਼ਨਾਂ ਲਈ ਆਉਣ ਵਾਸਤੇ ਬੇਨਤੀ ਕੀਤੀ ਸੀ।

ਪੱਤ੍ਰਕਾ ਭੇਜਣ ਤੋਂ ਬਾਅਦ ਸਲਾਹ ਬਦਲ ਗਈ। ਪਰ ਦਿਨ ਦੇ ਗਿਆਰ੍ਹਾਂ ਵਜੇ ਮਨ ਵਿੱਚ ਕੋਈ ਐਸੀ ਖਿੱਚ ਪਈ ਕਿ ਇੱਕ ਦਮ ਭਾਈ ਮਹਿੰਦਰ ਸਿੰਘ ਮਾਲਾ ਵਾਲੇ ਨੂੰ ਆਖ ਕੇ ਦੋਰਾਹੇ ਮੰਡੀ ਤੋਂ ਕਿਸ਼ੋਰੀ ਮਲ ਭੱਲੇ ਦੀ ਕਾਰ ਮੰਗਵਾ ਲਈ। ਬ੍ਰਾਹਮਣ ਦੇ ਘਰ 'ਚ ਤਿਆਰ ਹੋਇਆ ਭੋਜਨ ਛੱਡ ਕੇ ਸਾਰੇ ਪ੍ਰਵਾਰ ਦੇ ਬੇਨਤੀਆਂ ਕਰਦਿਆਂ ਕਰਦਿਆਂ ਉਨ੍ਹਾਂ ਦੇ ਨੇਤਰਾਂ ਤੇ ਹੰਝੂਆਂ ਦੀ ਨਾ ਪ੍ਰਵਾਹ ਕੀਤਿਆਂ ਬਦੋਬਦੀ ਗੱਡੀ ਵਿੱਚ ਆ ਬੈਠੇ ਕਿ ਸਾਡੇ ਅੰਦਰ ਧੂਹ ਪੈ ਰਹੀ ਹੈ, ਜਿਵੇਂ ਕੋਈ ਚੀਜ਼ ਅੰਦਰੋਂ ਖਿੱਚ ਰਹੀ ਹੋਵੇ।

ਗੱਡੀ ਨੂੰ ਨਹਿਰ ਦੀ ਸੜਕੇ ਪਾ ਕੇ ਕਰਮਸਰ ਆ ਪੁੱਜੇ। ਛੋਟੇ ਸੰਤ ਜੀ ਮਹਾਰਾਜ ਦੇ ਚੁਬਾਰੇ ਹੇਠਲੇ ਕਮਰੇ ਵਿੱਚ ਰਿਹਾਇਸ਼ ਕਰਵਾ ਦਿੱਤੀ। ਭਾਈ ਮਹਿੰਦਰ ਸਿੰਘ ਨੇ ਹਜ਼ੂਰ ਦੇ ਪਾਸ ਭੋਰੇ ਵਿੱਚ ਆ ਕੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਸੰਤ ਤ੍ਰਿਬੈਣੀ ਪੁਰੀ ਜੀ ਆਏ ਹਨ ਜੇਕਰ ਹੁਕਮ ਹੋਵੇ ਤਾਂ ਇੱਥੇ ਲੈ ਆਵਾਂ।"

ਆਪ ਜੀ ਨੇ ਉੱਤਰ ਦਿੱਤਾ ਨਾ ਬਈ! ਉਹ ਪੁਰਾਣੇ ਬਜ਼ੁਰਗ ਸਾਧੂ ਹਨ। ਭੋਰੇ ਦੀਆਂ ਪੌੜੀਆਂ ਉੱਤਰਨ ਚੜ੍ਹਨ ਦੀ ਖੇਚਲ ਹੋਵੇਗੀ। ਅਸੀਂ ਆਪ ਚੱਲ ਕੇ ਉਨ੍ਹਾਂ ਦੇ ਪਾਸ ਜਾਵਾਂਗੇ। ਇਉਂ ਆਖ ਕੇ ਆਪ ਜੀ ਤਿਆਰ ਹੋ ਕੇ ਭੋਰੇ 'ਚੋਂ ਬਾਹਰ ਆਏ। ਦੂਰੋਂ ਆਉਂਦਿਆਂ ਦੇਖ ਇਹ ਵੀ ਆਪਣੇ ਕਮਰੇ 'ਚੋਂ ਬਾਹਰ ਨਿੱਕਲੇ ਅਤੇ ਧਰਤੀ ਤੇ ਡੰਡੇ ਵਤ ਲੰਮੇਂ ਪੈ ਕੇ ਨਮਸ਼ਕਾਰ ਕਰਨ ਲੱਗੇ।

ਆਪ ਜੀ ਦੌੜ ਕੇ ਅੱਗੇ ਗਏ। ਸੰਤਾਂ ਨੂੰ ਉਠਾ ਕੇ ਸਰੀਰ ਤੋਂ ਮਿੱਟੀ ਝਾੜੀ ਅਤੇ ਉਨ੍ਹਾਂ ਦੇ ਦੋਵੇਂ ਹੱਥ ਫੜ ਕੇ ਸਤਿਕਾਰ ਨਾਲ ਆਪਣੇ ਸੀਸ ਤੇ ਰੱਖ ਲਏ।

ਅੱਗੋ ਸੰਤ ਤ੍ਰਿਬੈਣੀ ਪੁਰੀ ਜੀ ਬੋਲੇ, "ਨਿੰਮਰਤਾ ਤਾਂ ਤੁਹਾਡੇ ਵਿੱਚ ਵਿਸ਼ਨੂੰ ਭਗਵਾਨ ਤੁਲ ਹੈ। ਜਿਵੇਂ ਭ੍ਰਿਗੂ ਨੇ ਭਗਵਾਨ ਦੇ ਵੱਖੀ ਸਥੱਲ ਵਿੱਚ ਲੱਤ ਮਾਰੀ ਤਾਂ ਉਹ ਉਸ ਨੂੰ ਘੁੱਟਣ ਲੱਗ ਪਏ ਕਿ ਤੁਹਾਡੇ ਕੋਮਲ ਚਰਨ ਤੇ ਸੱਟ ਲੱਗੀ ਹੋਣੀ ਹੈ। ਇਸੇ ਤਰ੍ਹਾਂ ਕੋਈ ਵੀ ਸਾਧੂ ਤੁਹਾਡੇ ਦਰਸ਼ਨਾਂ ਨੂੰ ਆਵੇ, ਮੱਥਾ ਟੇਕ ਕੇ ਉਸ ਦਾ ਕੀਤਾ ਹੋਇਆ ਸਾਰਾ ਜਪ ਤਪ ਲੁੱਟ ਲੈਂਦੇ ਹੋ। ਤੁਹਾਡੇ ਵਰਗਾ ਸੰਸਾਰ ਭਰ ਵਿੱਚ ਕੋਈ ਠੱਗ ਨਹੀਂ।"

ਆਪ ਜੀ ਨੇ ਨਿਮਰਤਾ ਨਾਲ ਬੇਨਤੀ ਕੀਤੀ, "ਸੰਤੋ! ਰੱਬ ਨੂੰ ਠੱਗਣਾ ਕੋਈ ਮਾੜਾ ਨਹੀਂ। ਇਹ ਠੱਗੀ ਤਾਂ ਚੰਗੀ ਹੈ ਪਰ ਇਸ ਨੂੰ ਠੱਗਣ ਵਾਲਾ ਕੋਈ ਆਪ ਜੈਸਾ ਵਿਰਲਾ ਹੀ ਮਹਾਤਮਾ ਹੈ।"

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥
ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿਂਗੇ ਛੂਟਿ ॥੪੧॥ *(ਸਲੋਕ ਭਗਤ ਕਬੀਰ ਜੀ - ੧੩੬੯)*

ਇਹ ਉੱਤਰ ਸੁਣ ਕੇ ਸੰਤ ਜੀ ਬੜੇ ਪ੍ਰਸੰਨ ਹੋਏ। ਕਾਫ਼ੀ ਸਮਾਂ ਕਮਰੇ ਅੰਦਰ ਜਾ ਕੇ ਚੌਥੇ ਪਦ ਦੇ ਏਕਤਾਮਈ ਬਚਨ ਬਿਲਾਸ ਹੰਦੇ ਰਹੇ। ਇਤਨੇ ਨੂੰ ਲੰਗਰ ਦੀ ਘੰਟੀ ਵੱਜੀ। ਆਪ ਜੀ ਆਗਿਆ ਲੈ ਕੇ ਭੋਰੇ ਵਿੱਚ ਆ ਗਏ। ਸੰਤਾਂ ਨੂੰ ਉਸੇ ਕਮਰੇ ਵਿੱਚ ਪ੍ਰਸ਼ਾਦ ਦਾ ਥਾਲ ਆ ਗਿਆ। ਨਾਲ ਦੇ ਸਾਥੀ ਪ੍ਰੇਮੀ ਲੰਗਰ ਵਿੱਚ ਚਲੇ ਗਏ। ਸ਼ਾਮੀਂ ਸੰਤ ਜੀ ਨੂੰ ਬੇਨਤੀ ਕਰ ਕੇ ਇੱਕ ਸ਼ਬਦ ਸੁਣਿਆਂ ਅਤੇ ਮਨ ਵਿੱਚ ਬੜੀ ਪ੍ਰਸੰਨਤਾ ਹੋਈ। ਇੱਥੇ ਰਾਤ ਠਹਿਰੇ। ਦੂਸਰੇ ਦਿਨ ਵਿਦਾਇਗੀ ਸਮੇਂ ਆਪ ਜੀ ਨੇ ੧੦੧ ਰੁਪਿਆ ਰੱਖ ਕੇ ਕੀਮਤੀ ਦੁਸ਼ਾਲਾ ਦਿੱਤਾ ਜਿਸ ਨੂੰ ਬਹੁਤੀ ਵਾਰ ਆਖਣ ਕਰ ਕੇ ਪ੍ਰਵਾਨ ਕੀਤਾ ਅਤੇ ਨਾਲ ਹੀ ਇੱਕ ਬੜੀ ਸੁੰਦਰ ਖੂੰਡੀ ਦਿੱਤੀ ਕਿ ਹਰ ਸਮੇਂ ਆਪਣੇ ਕੋਲ ਰੱਖਿਆ ਕਰੋ। ਉਪਰੰਤ ਪਰਸਪਰ ਨਮਸ਼ਕਾਰ ਕਰ ਆਪਣੀ ਗੱਡੀ ਵਿੱਚ ਬੈਠ ਕੇ ਦੋਰਾਹੇ ਆ ਗਏ। ਇਨ੍ਹਾਂ ਦਾ ਇੱਕ ਚੇਤਨਪੁਰੀ ਨਾਮ ਦਾ ਚੇਲਾ ਸੀ। ਜਿੱਥੇ ਆਪਣੀ ਬਹੁਤੀ ਸੰਗਤ ਜੁੜਨੀ ਤਾਂ ਉਸ ਨੂੰ ਖੜਾ ਕਰ ਕੇ ਸੰਤ ਜੀ ਮਹਾਰਾਜ ਦੀ ਪ੍ਰਸੰਸਾ ਕਰਵਾਉਣੀ ਕਿ ਇਹ ਲਸ਼ਟਕਾ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਬਖ਼ਸ਼ੀ ਹੈ। ਇਸ ਨੇ ਹਮਾਰੀ ਬਹੁਤ ਜਗ੍ਹਾ ਰੱਖਿਆ ਕਰੀ। ਅੰਦਰਲੇ ਵਿਕਾਰਾਂ ਕੋ ਵੀ ਮਾਰ ਦੀਆਂ ਔਰ ਬਾਹਰਲੇ ਸ਼ਤਰੂ ਵੀ ਪ੍ਰਾਜੈ ਕਰ ਲੀਏ। ਇਉਂ ਬੜੀ ਮਹਿਮਾ ਕਰਾਉਣੀ।

ਇਸੇ ਤਰ੍ਹਾਂ ਹਰੀਹਰ ਬਾਵਾ ਬੰਧੇ ਵਾਲੇ ਵੀ ਹਜ਼ੂਰ ਦਾ ਜਸ ਸੁਣ ਕੇ ਦਰਸ਼ਨਾਂ ਨੂੰ ਆਏ। ਇਹ ਵੀ ਸੰਨਿਆਸੀ ਮਹਾਂਪੁਰਸ਼ ਸਨ ਅਤੇ ਯੂ. ਪੀ. ਦੇ ਇਲਾਕੇ ਵਿੱਚ ਬੜੇ ਮਸ਼ਹੂਰ ਹਨ। ੧੯੫੦ ਈ. ਵਿੱਚ ਪੰਜਾਬ ਆਏ, ਦੋਰਾਹੇ ਮੰਡੀ ਆਪਣੇ ਸੇਵਕ ਲਾਲ ਰਾਮ ਨਰੈਣ ਦੇ ਪਾਸ ਠਹਿਰੇ। ਉਸ ਸਮੇਂ ਇੱਕ ਹੋਰ ਸੰਨਿਆਸੀ ਮਹਾਤਮਾ ਸੁਆਮੀ ਕ੍ਰਿਸ਼ਨਾਂ ਨੰਦ ਜੀ ਅਵਧੂਤ ਡਬਲ ਐਮ. ਏ. (ਜਿਨ੍ਹਾਂ ਦਾ ਅਸਥਾਨ ਤਾਂ ਬਿੰਦ੍ਰਾਬਨ ਹੈ) ਇਹ ਵੀ ਇਨ੍ਹਾਂ ਦੇ ਕੋਲ ਦੋਰਾਹੇ ਠਹਿਰੇ ਹੋਏ ਸਨ। ਇਨ੍ਹਾਂ ਦੋਹਾਂ ਵਿਅਕਤੀਆਂ ਨੇ ਹਜ਼ੂਰ ਦਾ ਪਾਵਨ ਜਸ ਤਾਂ ਸੁਣਿਆਂ ਹੋਇਆ ਸੀ ਪਰ ਅਜੇ ਤਕ ਦਰਸ਼ਨ ਨਹੀਂ ਸਨ ਕੀਤੇ। ਹੁਣ ਨੇੜੇ ਆਏ ਸਨ। ਹੋਰ ਸਾਧੂਆਂ ਨੇ ਵੀ ਬੇਨਤੀ ਕੀਤੀ ਕਿ ਮਹਾਰਾਜ! ਆਪਾਂ ਸੰਤ ਜੀ ਰਾੜਾ ਸਾਹਿਬ ਵਾਲਿਆਂ ਦਾ ਦੀਦਾਰ ਕਰ ਆਈਏ। ਸਾਰੇ ਕਰਮਸਰ ਪੁੱਜੇ। ਹਜ਼ੂਰ ਨੂੰ ਮਿਲੇ। ਪਰਸਪਰ ਨਮਸ਼ਕਾਰ ਕਰ ਵਿਛਾਏ ਆਸਣਾਂ ਤੇ ਬੈਠ ਗਏ। ਬਹੁਤ ਸਾਰਾ ਸਮਾਂ ਸਮਦ੍ਰਿਸ਼ਟੀ ਦੇ ਬਚਨ ਬਿਲਾਸ ਹੋਏ ਤਾਂ ਸੁਆਮੀ ਕ੍ਰਿਸ਼ਨਾ ਨੰਦ ਨੇ (ਜੋ ਵਿਦਵਾਨ ਤੇ ਮੰਡਲੇਸ਼ਰ ਸਨ) ਬੇਨਤੀ ਕੀਤੀ, "ਆਪ ਜੀ ਥੋੜ੍ਹੇ ਅੱਖਰਾਂ ਵਿੱਚ ਦਸੋ ਕਿ ਅਸਲੀ ਸਾਰ ਵਸਤੂ ਕੀ ਹੈ?" ਹਜ਼ੂਰ ਨੇ ਮੁਸਕਰਾ ਕੇ ਉੱਤਰ ਦਿੱਤਾ, ਸੰਤੋ! ਤੁਸੀਂ ਤਾਂ ਸਭ ਕੁਛ ਜਾਣਦੇ ਹੋ। ਗੁਰਬਾਣੀ ਵਿੱਚ ਲਿਖਿਆ ਹੈ:

ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥੨॥ ਅ (ਗਉੜੀ ਭਗਤ ਕਬੀਰ ਜੀ - ੩੩੫)

ਭਾਵ ਗੁਰੂ ਤੇ ਸਿੱਖ ਆਪਸ ਵਿੱਚ ਦੋਨੋਂ ਮਿਲਣ ਤਾਂ ਰਾਮ ਨਾਮ ਦੇ ਸੰਜੋਗ ਦਾ ਕਾਰਜ ਉਤਪੰਨ ਹੁੰਦਾ ਹੈ। ਅਥਵਾ ਦੋ ਵੈਰਾਗ ਤੇ ਗਿਆਨ ਮਿਲਣ ਤਾਂ ਰਾਮ ਨਾਮ ਹੈ ਜਿਸ ਦਾ ਉਸ ਦੇ ਨਾਲ ਸੰਜੋਗ ਹੋਣ ਦਾ ਕਾਰਜ ਉਤਪਤਿ ਹੁੰਦਾ ਹੈ। ਅਥਵਾ ਜਦੋਂ ਜੀਵ ਤੇ ਈਸ਼ਵਰ ਦੋ ਮਿਲ ਜਾਣ ਦਾ ਭਾਵ ਅਭੇਦਤਾ ਤਾਂ ਕਾਰਜ ਉਤਪੰਨ ਹੁੰਦਾ ਹੈ ਤਾਂ ਰਾਮ ਹੈ ਨਾਮ ਜਿਸ ਦਾ ਉਸ ਨੂੰ ਸਾਰਿਆਂ ਦਾ ਸੰਜੋਗੀ ਨਿਸ਼ਚੇ ਕਰਦਾ ਹੈ।

'ਵਾਹ ਵਾਹ! ਧੰਨ ਧੰਨ!' ਪ੍ਰੀਤਮ ਦੀ ਰਸਨਾਂ ਤੋਂ ਦਾਤਾਰ ਦੀ ਬਾਣੀ ਦਾ ਉੱਤਰ ਸੁਣ ਕੇ ਸਾਰੀ ਹੀ ਸੰਤ ਮੰਡਲੀ ਅਸ਼ ਅਸ਼ ਕਰ ਉੱਠੀ। ਸਭ ਤੋਂ ਜ਼ਿਆਦਾ (ਸਮਝਦਾਰ ਹੋਣ ਕਰਕੇ) ਸੁਆਮੀ ਕ੍ਰਿਸ਼ਨਾ ਨੰਦ ਜੀ ਪ੍ਰਸੰਨ ਹੋਏ ਕਿ ਬੜੇ ਕਮਾਲ ਦਾ ਉੱਤਰ ਦਿੱਤਾ ਹੈ।

ਉਸ ਤੋਂ ਬਾਅਦ ਇਨ੍ਹਾਂ ਨੇ ਆਗਿਆ ਚਾਹੀ ਤਾਂ ਸਾਰਿਆਂ ਨੂੰ ਮਾਇਆ ਸਹਿਤ ਸਿਰੋਪਾਓ ਦਿੱਤੇ ਨਾਲ ਹੀ ਮਿਸ਼ਰੀ ਤੇ ਬਾਦਾਮਾਂ ਦਾ ਪ੍ਰਸ਼ਾਦ ਦਿੱਤਾ। ਫਿਰ ਇਹ ਪਰਸਪਰ ਨਮਸ਼ਕਾਰ ਕਰ ਕੇ ਪ੍ਰਸੰਨ ਚਿੱਤ ਬਾਹਰ ਆ ਗਏ। ਸਾਰੇ ਅਸਥਾਨ ਦੀ ਯਾਤਰਾ ਕੀਤੀ। ਲੰਗਰ ਦੀ ਮਰਯਾਦਾ ਦੇਖ ਕੇ ਤਾਂ ਬਹੁਤ ਹੀ ਪ੍ਰਭਾਵਤ ਹੋਏ। ਪ੍ਰਸ਼ਾਦ ਛਕ ਕੇ ਦੁਪਹਿਰ ਦਾ ਸਮਾਂ ਠਹਿਰੇ। ਸ਼ਾਮ ਨੂੰ ਦੋਰਾਹੇ ਮੰਡੀ ਵਾਪਸ ਆ ਗਏ। ਇਸੇ ਤਰ੍ਹਾਂ ਇੱਕ ਹੋਰ ਇਸਤ੍ਰੀ ਜਾਮੇ ਵਿੱਚ ਸੰਨਿਆਸੀ ਮਹਾਂਪੁਰਸ਼ (ਜੋ ਬੰਗਾਲ ਦੇ ਇਲਾਕੇ ਵਿੱਚ ਅਨੰਦ ਮਹਾਂਮਾਈ ਨਾਮ ਕਰ ਕੇ ਬੜੇ ਮਸ਼ਹੂਰ ਸਨ) ੧੯੫੨ ਈ. ਵਿੱਚ ਦਰਸ਼ਨਾਂ ਨੂੰ ਆਏ। ਇਹ ਜ਼ਿਆਦਾ ਕਰ ਕੇ ਬੰਗਾਲ ਵਿੱਚ ਹੀ ਠਹਿਰਦੇ ਸਨ। ਬਿੰਦ੍ਰਾਬਨ ਵੀ ਇਨ੍ਹਾਂ ਦਾ ਆਸ਼ਰਮ ਹੈ। ਉਸ ਜਗ੍ਹਾ ਤੋਂ ਸੰਤ ਤ੍ਰਿਬੈਣੀ ਪੁਰੀ ਦੀ ਦੂਸਰੀ ਬਰਸੀ ਤੇ ਖੰਨੇ ਆਏ ਸਨ। ਪੰਜਾਬ ਦੀ ਧਰਤੀ ਦੇਖੀ। ਮਸ਼ਹੂਰ

ਵਿਅਕਤੀਆਂ ਦੇ ਅਸਥਾਨਾਂ ਤੇ ਜਾ ਕੇ ਠਹਿਰਦੇ। ਉੱਥੇ ਦੀ ਚਾਲੀ ਦੇਖਦੇ। ਰਾਜੇ ਤੇ ਅੰਗਰੇਜ਼ ਲੋਕ ਇਨ੍ਹਾਂ ਦੇ ਸੇਵਕ ਸਨ। ਸਰੀਰ ਤੇ ਚਿੱਟੇ ਬਸਤਰ ਰੱਖਦੇ ਸਨ।

ਜਦੋਂ ਕਰਮਸਰ ਆਏ, ਨਹਿਰ ਦੇ ਕੰਢੇ ਤੇ ਇਕਾਂਤ ਅਸਥਾਨ ਦੇਖ ਮਨ ਬੜਾ ਪ੍ਰਸੰਨ ਹੋਇਆ। ਸੇਵਾਦਾਰ ਦੀ ਆਗਿਆ ਨਾਲ ਭੋਰੇ ਤੋਂ ਬਾਹਰ ਹੀ ਇੱਕ ਖੁੱਲ੍ਹੇ ਹਾਲ ਕਮਰੇ ਵਿੱਚ (ਜੋ ਨਹਿਰ ਵਾਲੇ ਪਾਸੇ ਸੀ) ਜਾ ਕੇ ਸੰਤ ਜੀ ਮਹਾਰਾਜ ਨੂੰ ਮਿਲੇ। ਕ੍ਰਿਸ਼ਨਾ ਨੰਦ ਅਵਧੂਤ ਵੀ ਨਾਲ ਸੀ। ਇੰਗਲਿਸ਼ ਵਿੱਚ ਬਚਨ ਬਿਲਾਸ ਕੀਤੇ ਜਿਨ੍ਹਾਂ ਦਾ ਅੰਗਰੇਜ਼ ਮਨਾਂ ਤੇ ਗਹਿਰਾ ਅਸਰ ਹੋਇਆ। ਇਨ੍ਹਾਂ ਨੂੰ ਵੀ ਯਥਾ ਯੋਗ ਸਿਰੋਪਾਓ ਤੇ ਪ੍ਰਸ਼ਾਦ ਦਿੱਤਾ।

ਸੰਤ ਜਵਾਲਾ ਸਿੰਘ ਜੀ ਹਰਖੋਵਾਲ

ਹੋਤੀ ਮਰਦਾਨ ਦੀ ਸੰਪ੍ਰਦਾਇ ਦੇ ਚਮਕਦੇ ਰਤਨ ਸੰਤ ਬਾਬਾ ਆਇਆ ਸਿੰਘ ਜੀ ਮਹਾਰਾਜ ਤੋਂ ਵਰੋਸਾਏ ਪੂਰਨ ਬ੍ਰਹਮ ਗਿਆਨੀ, ਤਪ ਦਾ ਸਰੂਪ, ਸ਼ਾਂਤ ਮੂਰਤੀ, ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਜਿਨ੍ਹਾਂ ਦਾ ਸਤੋਗੁਣੀ ਅਸਥਾਨ ਫਗਵਾੜਾ ਹੁਸ਼ਿਆਰਪੁਰ ਰੋਡ ਤੇ ਅੱਤੋਵਾਲ ਦੇ ਪਾਸ ਹੁਸ਼ਿਆਰਪੁਰ ਤੋਂ ੮ ਮੀਲ ਉਰੇ, ਚੋਅ ਦੇ ਕੰਢੇ ਤੇ ਬ੍ਰਿਛਾਂ ਦੀ ਸੰਘਣੀ ਝੜੀ ਵਿੱਚ ਸ਼ਸ਼ੋਭਤ ਹੈ ਜਿਸ ਦਾ ਨਾਮ ਸੰਤਗੜ੍ਹ ਰੱਖਿਆ ਹੈ। ਇੱਥੇ ਦੋਵੇਂ ਟਾਈਮ ਕਥਾ ਕੀਰਤਨ ਦਾ ਪ੍ਰਵਾਹ, ਅੰਮ੍ਰਿਤ ਵੇਲੇ ਦੋ ਵਜੇ ਜਾਗ ਕੇ ਇਸ਼ਨਾਨ ਤੋਂ ਬਾਅਦ ਸਿਮਰਨ ਤੇ ਅੱਠੇ ਪਹਿਰ ਗੁਰੂ ਕੇ ਅਤੁੱਟ ਲੰਗਰ ਵਰਤਣ ਦੀ ਹੋਤੀ ਮਰਦਾਨ ਵਾਂਗ ਹੀ ਚਾਲੀ ਸੀ।

ਸੰਤ ਬਾਬਾ ਆਇਆ ਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਉੱਤੇ ਉਹੀ ਸਰੂਪ ਜਾਣ ਕੇ ਬੜੀ ਭਾਵਨਾ ਰੱਖਦੇ। ਦਰਸ਼ਨਾਂ ਨੂੰ ਆਇਆਂ ਬਹੁਤ ਸਾਰਾ ਸਮਾਂ ਠਹਿਰ ਜਾਂਦੇ। ਉਸ ਤੋਂ ਬਾਅਦ ਕਥਾ ਕੀਰਤਨ ਦਾ ਪ੍ਰਵਾਹ ਤੇ ਭਜਨ ਸਿਮਰਨ ਤਪੱਸਿਆ ਦੀ ਚਾਲੀ ਹੋਤੀ ਮਰਦਾਨ ਵਾਲੀ ਦੇਖ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਰਾੜਾ ਸਾਹਿਬ ਆਉਂਦੇ।

ਜੌ ਹਮ ਸਹਰੀ ਸੁ ਮੀਤੁ ਹਮਾਰਾ ॥ *(ਗਉੜੀ ਭਗਤ ਰਵਿਦਾਸ ਜੀ - ੩੪੫)*

ਦੇ ਮਹਾਂਵਾਕ ਅਨੁਸਾਰ ਆਪਣੇ ਦੇਸ਼ ਵਾਸੀ, ਪਰਮ ਮਿੱਤਰ ਮਹਾਂਪੁਰਸ਼ ਦਾ ਪੂਰਨ ਸਤਿਕਾਰ ਕਰਦੇ। ਕਈ ਵਾਰੀ ਬਾਬਾ ਸੁੱਚਾ ਸਿੰਘ ਜੀ ਨੂੰ ਨਾਲ ਲੈ ਕੇ ਭੋਰੇ ਵਿੱਚ ਆ ਜਾਣਾ। (ਕਿਉਂਕਿ ਉਹ ਵੀ ਬਹੁਤਾ ਸਮਾਂ ਇਸੇ ਜਗ੍ਹਾ ਹੀ ਠਹਿਰਦੇ) ਇਉਂ ੧੯੪੪-੪੫ ਈ. ਦਾ ਸਮਾਂ ਸੀ, ਜਦੋਂ ਇਹ ਬਾਬਾ ਸੁੱਚਾ ਸਿੰਘ ਜੀ ਨੂੰ ਨਾਲ ਲੈ ਕੇ ਭੋਰੇ ਵਿੱਚ ਪੁੱਜੇ। ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ਨੂੰ ਪਤਾ ਲੱਗਾ ਤੇ ਬੜੀ ਕਾਹਲੀ ਨਾਲ ਅੰਦਰੋਂ ਬਾਹਰ ਆਏ। ਪਰਸਪਰ ਨਮਸ਼ਕਾਰ ਕਰ ਉਸ ਤੋਂ ਬਾਅਦ ਖੁੱਲ੍ਹੀ ਜਗ੍ਹਾ ਜਾਣ ਭੋਰੇ ਦੀ ਉੱਪਰਲੀ ਛੱਤ ਤੇ ਚਲੇ ਗਏ ਜਿੱਥੇ ਤਿੰਨੇ ਵਿਅਕਤੀਆਂ ਦੀ ਡੇਢ ਘੰਟਾ ਭਵਿੱਖਤ ਬਾਣੀ ਤੇ ਵਿਚਾਰ ਹੁੰਦੀ ਰਹੀ। ਕਿਹਾ ਕਿ ਸੰਤੋ! ਥੋੜ੍ਹੇ ਸਾਲਾਂ ਤੱਕ ਬੜਾ ਭਿਆਨਕ ਸਮਾਂ ਆਉਣ ਵਾਲਾ ਹੈ। ਮਾਵਾਂ ਨੇ ਪੁੱਤਰਾਂ ਨੂੰ ਨਹੀਂ ਸਿਆਣਨਾ। ਵੀਰਾਂ ਦੇ ਹੱਥੋਂ ਸਕੇ ਵੀਰਾਂ ਦਾ ਕਤਲ ਹੋ ਜਾਵੇਗਾ। ਪਿਤਾ ਤੇ ਭਰਾਵਾਂ ਸਾਹਮਣੇ ਧੀਆਂ ਭੈਣਾਂ ਦੀ ਅਸਮਤ ਲੁੱਟੀ ਜਾਵੇਗੀ। ਇਹੋ ਜਿਹਾ ਜੁਗ ਪਲਟਾਊ ਸਮਾਂ ਆਵੇਗਾ ਕਿ ਮਨੁੱਖੀ ਲਾਸ਼ਾਂ ਨਾਲ ਖੂਹ ਭਰ ਜਾਣਗੇ। ਨਹਿਰਾਂ ਦੇ ਪਾਣੀ ਵੀ ਖ਼ੂਨ ਨਾਲ ਲਾਲ ਰੰਗੇ ਹੋ ਜਾਣਗੇ। ਇਹ ਸੰਨ ਸਨਤਾਲੀ ਵਿੱਚ ਵਰਤਿਆ ਭਾਣਾ ਦੱਸਿਆ।

ਸੰਤ ਜੀ ਮਹਾਰਾਜ ਤਾਂ ਸਭ ਕੁੱਝ ਜਾਣਦੇ ਹੀ ਸਨ, ਨਿਮਰਤਾ ਨਾਲ ਬੇਨਤੀ ਕੀਤੀ, "ਆਪ ਜੈਸੇ ਮਹਾਂਪੁਰਸ਼ ਹੀ ਇਸ ਸਮੇਂ ਦੀ ਭਿਆਨਕ ਅੱਗ ਤੋਂ ਦੁਨੀਆਂ ਬਚਾ ਸਕਦੇ ਹਨ।" ਤਾਂ ਉਨਾਂ ਨੇ ਹੱਸ ਕੇ ਉੱਤਰ ਦਿੱਤਾ, "ਚੰਗਾ! ਇਹੋ ਜਿਹੇ ਸਮੇਂ ਹੀ ਸਾਧੂ ਦੇ ਤਿਆਗ ਦੀ ਪਰਖ ਹੁੰਦੀ ਹੈ, ਪਰ ਹੋਤੀ ਮਰਦਾਨ ਦੇ ਸ਼ੁਭ ਨਾਮ ਨੂੰ ਤੁਸਾਂ ਹੀ ਚਮਕਾਉਣਾ ਹੈ।" ਉਸ ਤੋਂ ਬਾਅਦ ਪੂਰਨ ਅਵਸਥਾ ਵਾਲੇ ਮਹਾਂਪੁਰਸ਼ਾਂ ਦੇ ਗੁਣਾਂ ਦੀ ਵਿਚਾਰ ਚਲੀ ਤਾਂ ਆਪ ਜੀ ਨੇ ਉੱਤਰ ਦਿੱਤਾ ਕਿ ਸਤਿਗੁਰਾਂ ਦਾ ਫੁਰਮਾਨ ਹੈ:

ਸਹਣ ਸੀਲ ਸੰਤੰ ਸਮ ਮਿਤ੍ਰਸ੍ਯ ਦੁਰਜਨਹ ॥
ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ ॥੨੭॥

(ਸਹਸਕ੍ਰਿਤੀ ਮਃ ੫ - ੧੩੫੬)

ਅਥਵਾ: ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥

ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਾਗਿ ਸਗਲ ਰੇਣੁਕਹ ॥
ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਰੁਜਨਹ ॥੪੦॥ *(ਸਹਸਕ੍ਰਿਤੀ ਮਃ ੫ - ੧੩੫੭)*

ਇਉਂ ਹੋਰ ਵੀ ਬਹੁਤ ਸਾਰੇ ਬਚਨ ਬਿਲਾਸ ਹੋਏ। ਫਿਰ ਆਪ ਜੀ ਤੋਂ ਆਗਿਆ ਪਾ ਕੇ ਜਿੱਥੇ ਰਿਹਾਇਸ਼ ਕੀਤੀ ਸੀ ਕੁਟੀਆ ਵਿੱਚ ਵਾਪਸ ਆ ਗਏ। ਆਪ ਜੀ ਹੇਠਾਂ ਉੱਤਰ ਕੇ ਭੋਰੇ ਦੇ ਫਾਟਕ ਤੱਕ ਨਾਲ ਗਏ। ਪਰਸਪਰ ਨਮਸ਼ਕਾਰ ਕਰ ਕੇ ਮੁੜ ਆਏ।

ਬਾਬਾ ਜਵਾਲਾ ਸਿੰਘ ਜੀ ਇੱਥੇ ਇੱਕ ਰਾਤ ਠਹਿਰ ਦੂਸਰੇ ਦਿਨ ਸਵਖਤੇ ਹੀ ਚਲੇ ਗਏ।

ਨੋਟ: ਭਾਵੇਂ ਇਸ ਤੋਂ ਪਹਿਲਾਂ ਵੀ ਕਈ ਵਾਰ ਮਿਲੇ, ਬਾਅਦ ਵਿੱਚ ਆ ਕੇ ਮਿਲਦੇ ਰਹੇ ਪਰ ਇਹੋ ਜਿਹੇ ਬਚਨ ਨਾ ਕਦੀ ਪਹਿਲਾਂ ਹੀ ਹੋਏ ਸਨ ਨਾ ਬਾਅਦ ਵਿੱਚ ਹੀ ਕੀਤੇ।

ਇਸ ਸਾਲ ਗ਼ਰਮੀ ਦੇ ਮੌਸਮ ਵਿੱਚ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਤੋਂ ਵਰੋਸਾਏ ਸੰਤ ਬਾਬਾ ਬਿਸ਼ਨ ਸਿੰਘ ਜੀ ਰੌਣੀ ਵਾਲੇ ਵੀ ਇੱਥੇ ਆਏ ਸਨ। ਲੇਖਕ ਨੂੰ ਸੇਵਾ ਵਿੱਚ ਲਾਇਆ।

ਸੰਤ ਬਾਬਾ ਬੇਅੰਤ ਸਿੰਘ ਜੀ ਅਵਧੂਤ

ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੇ ਚਰਨਾਂ ਤੋਂ ਵਰੋਸਾਏ ਮਹਾਂ ਤਿਆਗੀ ਬੀਤਰਾਗ ਬਾਬਾ ਬੇਅੰਤ ਸਿੰਘ ਜੀ ਅਵਧੂਤ ਜੋ ੧੯੪੮ ਈ. ਦੇ ਜੂਨ ਮਹੀਨੇ ਪਹਿਲੀ ਵਾਰ ਕਰਮਸਰ ਦੇ ਦੀਦਾਰ ਨੂੰ ਆਏ। ਇਨ੍ਹਾਂ ਨੇ ਕਾਫ਼ੀ ਸਮਾਂ ਹੋਤੀ ਮਰਦਾਨ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਬਤੀਤ ਕੀਤਾ। ਉਨ੍ਹਾਂ ਦੀ ਪਾਵਨ ਰਸਨਾ ਤੋਂ ਬਚਨ ਸੁਣੇ। ਰੱਜ ਕੇ ਦਰਸ਼ਨ ਕੀਤੇ ਅੱਗੇ ਹੋਰ ਸੰਗਤਾਂ ਨੂੰ ਉਨ੍ਹਾਂ ਦੇ ਬਚਨ ਦੱਸਿਆ ਕਰਦੇ ਕਿ ਮਸਤਕ ਦਾ ਤੇਜ਼ ਇਤਨਾਂ ਸੀ ਕਿ ਹਰ ਇੱਕ ਆਦਮੀ ਸਾਹਮਣੇ ਨਹੀਂ ਸੀ ਤੱਕ ਸਕਦਾ। ਅਤੇ ਜੇ ਕੋਈ ਫੌਜ ਦੀ ਨੌਕਰੀ ਛੱਡ ਕੇ ਪੂਰਨ ਸਾਧ ਹੋਇਆ ਹੈ ਤਾਂ ਬਾਬਾ ਕਰਮ ਸਿੰਘ ਜੀ ਮਹਾਰਾਜ ਹੀ ਹਨ, ਜਿਨ੍ਹਾਂ ਦੀ ਥਾਂ ਆਪ ਪ੍ਰਮੇਸ਼ਰ ਨੇ ਡਿਊਟੀ ਦਿੱਤੀ ਭਾਵੇਂ ਬਾਅਦ ਵਿੱਚ ਕਈ ਹੋਰ ਫੌਜੀ ਰੀਸੋ ਰੀਸ ਸਵੇਰੇ ਜਾਗਦੇ ਇਸ਼ਨਾਨ ਕਰ ਕੇ ਥੋਹੜਾ ਬਹੁਤਾ ਬਾਣੀ ਦਾ ਨਿੱਤਨੇਮ ਵੀ ਕਰਦੇ। ਪਰ ਕੋਈ ਪੰਜ ਸੱਤ ਦਿਨ ਕਰ ਕੇ, ਕੋਈ ਮਹੀਨਾ ਦੋ ਮਹੀਨੇ ਕਰ ਕੇ ਬੱਸ ਹੋ ਜਾਂਦਾ। ਸਾਲ ਤੱਕ ਕੋਈ ਨਿਭਦਾ। ਉਨ੍ਹਾਂ ਨੂੰ ਦੇਖ ਕੇ ਫੌਜੀਆਂ ਵਿੱਚ ਕਹਾਵਤ ਬਣ ਗਈ ਸੀ ਕਿ ਕੀ ਤੂੰ ਬਾਬਾ ਕਰਮ ਸਿੰਘ ਬਣ ਜਾਵੇਂਗਾ? ਉਹ ਆਖਿਆ ਕਰਦੇ ਇਹੋ ਜਿਹੇ ਮਹਾਂਪੁਰਸ਼ ਤਾਂ ਜਗਤ ਭਲਿਆਈ ਵਾਸਤੇ ਫੌਜੀ ਅਫ਼ਸਰਾਂ ਵਾਂਗ ਸੰਸਾਰ ਰੂਪ ਪ੍ਰੇਡ ਗਰਾਊਂਡ ਵਿੱਚ ਭਜਨ ਸਿਮਰਨ ਦਾ ਨਮੂਨਾ ਦੇਣ ਆਉਂਦੇ ਹਨ।

ਇਕਾਂਤ ਅਸਥਾਨ ਦੇਖ ਕੇ ਨਹਿਰ ਵਾਲੇ ਪਾਸੇ ਵੱਡੇ ਖੂਹ ਤੇ ਆਸਨ ਲਾਇਆ। ਪ੍ਰਭਾਵਸ਼ਾਲੀ ਚਿਹਰਾ ਹੋਣ ਕਰ ਕੇ ਸਥਾਨਕ ਪ੍ਰੇਮੀ ਦਰਸ਼ਨਾਂ ਨੂੰ ਜਾਂਦੇ ਤੇ ਨਮਸ਼ਕਾਰ ਕਰ ਕੇ ਪਾਸ ਬੈਠ ਜਾਂਦੇ। ਬਚਨ ਬਿਲਾਸ ਸੁਣਦੇ ਤਾਂ ਹਰ ਇੱਕ ਨੂੰ ਇਹੋ ਉਪਦੇਸ਼ ਕਰਦੇ ਕਿ ਰੋਜ਼ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰੋ। ਆਪ ਵੀ ਬਿਨਾਂ ਨਾਗਾ ਪੰਜ ਪਾਠ ਸੁਖਮਨੀ ਸਾਹਿਬ ਦੇ ਰੋਜ਼ ਕਰਦੇ। ਦੂਸਰੇ ਦਿਨ ਦੁਪਹਿਰ ਦੇ ਸਮੇਂ ਜਦੋਂ ਸੰਤ ਜੀ ਮਹਾਰਾਜ ਪ੍ਰਸ਼ਾਦ ਛਕ ਕੇ ਹੇਠਾਂ ਭੋਰੇ ਵਿੱਚ ਆਰਾਮ ਕਰ ਰਹੇ ਸਨ, ਚੁੱਪ ਚੁਪੀਤੇ ਇਕੱਲੇ ਹੀ ਅੰਦਰ ਚਲੇ ਗਏ। ਕੁਦਰਤੀ ਸਾਰੇ ਦਰਵਾਜ਼ੇ ਖੁੱਲ੍ਹੇ ਸਨ। ਪਹਿਲਾਂ ਤਾਂ ਹੇਠਾਂ ਉੱਪਰ ਸਾਰੇ ਅਗਾਹਾਂ ਤੱਕ ਫਿਰ ਕੇ ਦਰਸ਼ਨ ਕੀਤਾ। ਫਿਰ ਹੇਠਾਂ ਭੋਰੇ ਵਿੱਚ ਚਲੇ ਗਏ ਅਤੇ ਸੰਤ ਜੀ ਮਹਾਰਾਜ ਨੂੰ ਕਹਿਣ ਲੱਗੇ, "ਉੱਠ ਸਾਧਾ! ਡੇਰੇ ਦਾ ਮਾਲਕ ਬਣਿਆ ਬੈਠਾ ਹੈ। ਅਸੀਂ ਰੋਹੀਆਂ ਵਿੱਚ ਰੁਲਦੇ ਹਾਂ। ਤੈਂ ਦੁਨੀਆਂ ਨੂੰ ਲੁੱਟ ਕੇ ਆਪਣੇ ਮਗਰ ਲਾ ਲਿਆ ਹੈ।"

ਆਪ ਜੀ ਝਟ ਪਟ ਪਲੰਘੇ ਤੋਂ ਉੱਠ ਹੇਠ ਉੱਤਰ ਆਏ ਅਤੇ ਆਖਿਆ, "ਨਾ ਮਹਾਰਾਜ! ਅਸੀਂ ਤਾਂ ਰੱਬ ਨੂੰ ਲੁੱਟਿਆ ਹੈ, ਹੋਰ ਕਿਸੇ ਨੂੰ ਨਹੀਂ ਲੁੱਟਿਆ।" ਤਾਂ ਗਾਰੇ ਨਾਲ ਲਿਬੜੇ ਪੈਰੀਂ ਮੰਜੇ ਤੇ ਲੰਮੇ ਪੈ ਕੇ ਬੋਲੇ, "ਰੱਬ ਨੂੰ ਕਿਉਂ ਲੁੱਟਿਆ ਹੈ, ਗੁਰੂ ਪੀਰਾਂ ਨੂੰ ਵੀ ਲੁੱਟਿਆ ਹੈ। ਢਾਈ ਸਾਲ ਰੇਰੂ ਸਾਹਿਬ ਗੁਰੂਆਂ ਦੀ ਸੇਵਾ ਕਰ ਕੇ ਹੋਤੀ ਮਰਦਾਨ ਦਾ ਸਾਰਾ ਜਪ ਤਪ ਲੁੱਟ ਲਿਆਂਦਾ।" ਆਪ ਜੀ ਇਹ ਆਖ ਕੇ ਉੱਪਰ ਆ ਗਏ ਕਿ ਅਸੀਂ ਚਾਹੁੰਦੇ ਹਾਂ ਇਸ ਨੂੰ ਕੋਈ ਸੰਭਾਲਣ ਵਾਲਾ ਮਿਲੇ। ਅਸੀਂ ਤਾਂ ਪਹਿਲਾਂ ਹੀ ਕੋਈ ਜ਼ੁੰਮੇਂਵਾਰੀ ਨਹੀਂ ਲਈ, ਇਹ ਵੀ ਸਾਂਭ ਲਓ। ਜਦੋਂ ਆਪ ਜੀ ਉੱਪਰ ਨੂੰ ਆਏ ਤਾਂ ਮਗਰੇ ਇਹ ਭੋਰੇ ਦੀਆਂ ਪੌੜੀਆਂ ਚੜ੍ਹ ਆਏ ਅਤੇ ਆਖਿਆ, "ਜਿਹੋ ਜਿਹਾ ਸੁਣੀਦਾ ਸੀ ਉਹੋ ਜਿਹਾ ਹੀ ਦੇਖ ਲਿਆ।" ਇਤਨੀ ਨਿੰਮ੍ਰਤਾ ਤੱਕ ਆਪ ਜੀ ਨੂੰ ਘੁੱਟ ਕੇ ਬੁੱਕਲ ਵਿੱਚ ਲੈ ਲਿਆ ਅਤੇ ਨੇਤਰਾਂ ਵਿੱਚ ਜਲ ਭਰ ਕੇ ਆਖਿਆ, "ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ! ਜਿਨ੍ਹਾਂ ਨੇ ਇਹੋ ਜਿਹੇ ਨਿਰੱਛਤ ਹੀਰੇ ਪੈਦਾ ਕੀਤੇ ਅਤੇ ਬਾਹੋਂ ਫੜ ਕੇ

ਆਪਣੇ ਨਾਲ ਹੀ ਮੰਜੇ ਤੇ ਬਿਠਾ ਕੇ ਬਚਨ ਕੀਤਾ ਕਿ ਇਨ੍ਹਾਂ ਸਿੰਘਾਸਨਾਂ ਨੂੰ ਸੰਭਾਲਣ ਦੀ ਤੁਹਾਡੇ ਵਿੱਚ ਹੀ ਤਾਕਤ ਹੈ? ਅਸੀਂ ਇਸ ਕੰਮ ਦੇ ਲਾਇਕ ਨਹੀਂ। ਇਹ ਤਾਂ ਬਾਬਾ ਕਰਮ ਸਿੰਘ ਜੀ ਵਲੋਂ ਤੁਹਾਡੀ ਹੀ ਡਿਊਟੀ ਲੱਗੀ ਹੈ। ਮੈਂ ਕਾਫ਼ੀ ਸਮਾਂ ਚਰਨਾਂ ਵਿੱਚ ਰਹਿ ਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਖੁੱਲ੍ਹੇ ਦਰਸ਼ਨ ਦੀਦਾਰ ਕੀਤੇ। ਉਨ੍ਹਾਂ ਦਾ ਚਿਹਰਾ ਮੋਹਰਾ ਹੂਬਹੂ ਤੁਹਾਡੇ ਨਾਲ ਹੀ ਮਿਲਦਾ ਸੀ। ਆਪ ਉਹੀ ਸਰੂਪ ਹੋ। ਮੇਰੇ ਉੱਪਰ ਵੀ ਉਨ੍ਹਾਂ ਦੀ ਹੀ ਬਖ਼ਸ਼ਿਸ਼ ਹੋਈ ਹੈ।" ਬਾਬਾ ਜੀ ਦਾ ਨਾਮ ਸੁਣ ਕਿ ਇਹ ਉਨ੍ਹਾਂ ਤੋਂ ਵਰੋਸਾਏ ਵਿਅਕਤੀ ਹਨ:

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ (ਵਡਹੰਸੁ ਮਃ ੧ - ੫੫੮)

ਸੰਤ ਜੀ ਮਹਾਰਾਜ ਦਾ ਮਨ ਬੜਾ ਪ੍ਰਸੰਨ ਹੋਇਆ। ਕਾਫ਼ੀ ਸਮਾਂ ਬਾਬਾ ਜੀ ਦੇ ਬਚਨ ਬਿਲਾਸ ਕਰਦੇ ਰਹੇ। ਆਉਣ ਲੱਗਿਆਂ ਨੇ ਫਿਰ ਆਖਿਆ, "ਲੋਕੀਂ ਕਹਿੰਦੇ ਸਨ, ਉਨ੍ਹਾਂ ਦੇ ਤਾਂ ਦਰਸ਼ਨ ਨਹੀਂ ਹੁੰਦੇ। ਭੋਰੇ ਦੇ ਫਾਟਕਾਂ ਨੂੰ ਜਿੰਦਰੇ ਲੱਗੇ ਰਹਿੰਦੇ ਹਨ। ਸੰਤਰੀ ਪਹਿਰੇ ਤੇ ਖੜ੍ਹਾ ਹੁੰਦਾ ਹੈ। ਸਮੇਂ ਨਾਲ ਬਾਹਰ ਨਿਕਲਦੇ ਹਨ। ਪਰ ਮੈਂ ਕਿਹਾ, ਇਹ ਫਾਟਕ ਤੇ ਜਿੰਦਰੇ ਦੁਨੀਆਂਦਾਰਾਂ ਵਾਸਤੇ ਹਨ। ਸਾਧੂ ਵਾਸਤੇ ਕੋਈ ਰੋਕ ਨਹੀਂ। ਜਦੋਂ ਮੈ ਆਇਆ ਸਾਰੇ ਬੂਹੇ ਖੁੱਲ੍ਹੇ ਸਨ, ਹੁਣ ਆਗਿਆ ਬਖ਼ਸ਼ੋ। ਅਸੀਂ ਇਕਾਂਤ ਵਿੱਚ ਰਹਿ ਕੇ ਖੁਸ਼ ਹਾਂ।" ਇਉਂ ਕਹਿ ਕੇ ਚਲੇ ਆਏ।

ਸੰਤ ਤੋਤਾ ਪੁਰੀ ਜੀ

ਇਸੇ ਤਰ੍ਹਾਂ ਇੱਕ ਹੋਰ ਮਸਤਾਨੇ ਸਾਧੂ ਜੋ ਇਸ ਇਲਾਕੇ ਵਿੱਚ ਸੰਤ ਤੋਤਾ ਪੁਰੀ ਨਾਮ ਕਰ ਕੇ ਮਸ਼ਹੂਰ ਸਨ। ਪਿੰਡ ਜੋਗੀ ਮਾਜਰਾ ਸੀ। ਕਿਸੇ ਗੱਲੋਂ ਐਸੀ ਤਰਕ ਲੱਗੀ, ਘਰ ਬਾਰ ਛੱਡ ਫ਼ਕੀਰ ਬਣ ਗਏ। ਪੂਰਨ ਮਹਾਂਪੁਰਸ਼ ਦੀ ਸੰਗਤ ਨੇ ਇੱਕੋ ਹੀ ਸ਼ਬਦ ਰੂਪੀ ਤੀਰ ਨਾਲ ਦੁਨੀਆਂ ਭੁਲਾ ਦਿੱਤੀ। ਲੁਧਿਆਣਾ, ਮਲੇਰਕੋਟਲਾ ਸੜਕ ਤੇ ਗ਼ਰਮੀ ਸਰਦੀ ਵਿੱਚ ਅਲਫ ਨਗਨ ਬੈਠਾ ਰਹਿੰਦਾ।

ਸੰਤ ਜੀ ਮਹਾਰਾਜ ਦਾ ਜਗੇੜੇ ਦੇ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਾ ਪ੍ਰੋਗਰਾਮ ਸੀ। ਇਹ ਨਹਿਰ ਦੇ ਪੁਲ ਤੇ ਬੈਠਾ ਸੀ, ਹਜ਼ੂਰ ਦਾ ਘੋੜਾ ਦੇਖ 'ਸੰਤ ਆ ਗਏ' 'ਸੰਤ ਆ ਗਏ' ਆਖਦਾ ਮਗਰ ਦੌੜ ਪਿਆ। ਜਦੋਂ ਆਪ ਜੀ ਘੋੜੇ ਤੋਂ ਉੱਤਰ ਪੰਜ ਇਸ਼ਨਾਨਾ ਕਰ ਕੇ ਗੁਰਦੁਆਰੇ ਮੱਥਾ ਟੇਕਣ ਗਏ, ਇਹ ਬਾਹਰ ਖੜ੍ਹਾ ਤੱਕਦਾ ਰਿਹਾ। ਆਪ ਜੀ ਗੁਰੂ ਮਹਾਰਾਜ ਨੂੰ ਨਮਸ਼ਕਾਰ ਕਰ ਉਸੇ ਜਗ੍ਹਾ ਹੀ ਸਜ ਗਏ। ਇਸ ਨੇ ਕਾਫ਼ੀ ਸਮਾਂ ਉਡੀਕ ਕੇ ਅਵਾਜ਼ ਦਿੱਤੀ, "ਹੁਣ ਤਾਂ ਆ ਜਾ! ਬਥੇਰਾ ਚਿਰ ਹੋ ਗਿਆ ਤੇਰੀ ਉਡੀਕ ਵਿੱਚ ਖੜੋਤਿਆਂ।" ਹਜ਼ੂਰ ਮੁਸਕਰਾ ਕੇ ਬਾਹਰ ਆਏ। ਪਰਸਪਰ ਝੁਕੇ ਅਤੇ ਬਚਨ ਕੀਤਾ, "ਕੀ ਗੱਲ ਹੈ ਸੰਤੋ! ਇਉਂ ਕਿਰਿਆ ਕਿਉਂ ਵਿਗਾੜ ਲਈ?" ਇਸ ਨੇ ਕਿਹਾ, "ਜਾਣ ਬੁੱਝ ਕੇ ਪੁੱਛ ਰਹੇ ਹੋ? ਮੈਂ ਤਾਂ ਇਨ੍ਹਾਂ ਮੱਖੀਆਂ (ਦੁਨਿਆਵੀ ਲੋਕਾਂ) ਤੋਂ ਬਚਣ ਵਾਸਤੇ ਝੱਲਾ ਬਣਿਆ ਹਾਂ। ਇਹ ਮੰਗਾਂ ਮੰਗਣ ਵਾਲੇ ਨਹੀਂ ਟਿਕਣ ਦਿੰਦੇ। ਤੁਸੀਂ ਪੂਰਨ ਸੂਰਬੀਰ ਹੋ ਜੋ ਜੜ੍ਹ ਚੇਤਨ ਮਾਇਆ ਨੂੰ ਪੈਰਾਂ ਹੇਠ ਲਿਤਾੜ ਕੇ ਕਾਬੂ ਕੀਤਾ ਹੈ। ਅਸੀਂ ਤਾਂ ਮਾਇਆ ਤੋਂ ਡਰਦੇ ਕਾਇਰ ਹੋ ਕੇ ਭੱਜ ਨਿਕਲੇ। ਤੁਸੀਂ ਮਾਇਆ ਰੂਪ ਸਰਪਨੀ ਦੇ ਵਿਕਾਰਾਂ ਰੂਪੀ ਦੰਦ ਕੱਢ ਦਿੱਤੇ ਹਨ। ਤੁਹਾਨੂੰ ਇਹ ਕੁੱਝ ਨਹੀਂ ਕਹਿੰਦੀ।" ਇਉਂ ਇੱਕ ਦੋ ਬਚਨ ਹੋਰ ਵੀ ਕੀਤੇ, ਜਿਨ੍ਹਾਂ ਦੀ ਦੂਰ ਖੜ੍ਹੇ ਪ੍ਰੇਮੀਆਂ ਨੂੰ ਸਮਝ ਨਹੀਂ ਪਈ। ਫਿਰ ਉਸੇ ਤਰ੍ਹਾਂ ਬਾਹਰ ਨੂੰ ਦੌੜ ਗਿਆ। ਆਪ ਜੀ ਗੁਰੂ ਦਰਬਾਰ ਵਿੱਚ ਅੰਦਰ ਆ ਸਜੇ। ਜੁੜੀ ਹੋਈ ਸੰਗਤ ਨੂੰ ਗੁਰਬਾਣੀ ਦੇ ਕੀਰਤਨ ਦਾ ਅੰਮ੍ਰਿਤ ਬਖਸ਼ਿਆ।

ਦਾਨੇ, ਦੀਵਾਨੇ, ਮਸਤਾਨੇ ਕਈ ਤਰ੍ਹਾਂ ਦੇ ਸਾਧੂ ਹੁੰਦੇ ਹਨ, ਜਿਨ੍ਹਾਂ ਦੀ ਅੰਦਰੋਂ ਤਾਂ ਅਵਸਥਾ ਇੱਕੋ ਹੁੰਦੀ ਹੈ ਪਰ ਬਾਹਰਲੀ ਕ੍ਰਿਆ ਵਿੱਚ ਫ਼ਰਕ ਹੁੰਦਾ ਹੈ।

ਭਾਗ ਸਿੰਘ ਠੇਕੇਦਾਰ

ਲੁਧਿਆਣੇ ਜ਼ਿਲ੍ਹੇ ਵਿੱਚ ਹਰਬੰਸਪੁਰ ਪਿੰਡ ਦੇ ਸ. ਮੱਘਰ ਸਿੰਘ ਦੇ ਘਰ ਭਾਗ ਸਿੰਘ ਦਾ ਜਨਮ ਹੋਇਆ। ਫਿਰ ਫੌਜ ਵਿੱਚ ਭਰਤੀ ਹੋ ਗਿਆ। ਕਈ ਸਾਲ ਬਾਹਰ ਰਿਹਾ। ਸੁਪਨੇ ਵਿੱਚ ਕਲਗੀਆਂ ਵਾਲੇ ਦੇ ਦਰਸ਼ਨ ਹੋਏ। ਕਰਮਸਰ ਵੱਲ ਜਾਣ ਦਾ ਇਸ਼ਾਰਾ ਕੀਤਾ। ਚਰਨਾਂ ਵਿੱਚ ਪੁੱਜਿਆ ਪਰਵਿਰਤੀ ਦਾ ਪਸਾਰਾ ਦੇਖ ਕੇ ਸ਼ੰਕਾ ਕੀਤੀ। ਸਵੇਰ ਦੇ ਟਾਈਮ ਸੰਗਤ ਨੂੰ ਦਰਸ਼ਨ ਬਖ਼ਸ਼ਣ ਲਈ ਹਜ਼ੂਰ ਖੁਲ੍ਹੇ ਪੰਡਾਲ ਵਿੱਚ ਕੁਰਸੀ ਤੇ ਸਜੇ ਸਨ। ਪ੍ਰੇਮੀ ਆਪੋ ਆਪਣੀ ਭੇਟਾ ਰੱਖ ਕੇ ਨਮਸ਼ਕਾਰ ਕਰੀ ਜਾਂਦੇ ਸਨ। ਭਾਵੇਂ ਮੱਥਾ ਤਾਂ ਇਸ ਨੇ ਵੀ ਟੇਕਿਆ ਪਰ ਮਨ ਵਿੱਚ ਖ਼ਿਆਲ ਕੀਤਾ, ਸੰਤ ਤਾਂ ਤਿਆਗੀ ਹੁੰਦੇ ਹਨ, ਇਨ੍ਹਾਂ ਨੇ ਇਹ ਮਾਇਆ ਕੀ ਕਰਨੀ ਹੈ? ਇਹਦੇ ਮਨ ਦਾ ਅਕੀਦਾ ਸੀ, ਘਰ ਬਾਰ ਛੱਡ ਕੇ ਜੋ ਜੰਗਲਾਂ ਵਿੱਚ ਜਾਂ ਮੜੀਆਂ ਮਸਾਣੀਆਂ ਵਿੱਚ ਰਹੇ ਕੇਵਲ ਅੱਠੀ ਪਹਿਰੀਂ ਮਧੂਕੜੀ ਮੰਗ ਕੇ ਛਕੇ, ਅਸਲ ਉਹੋ ਹੀ ਸਾਧੂ ਹੈ। ਪਰ ਹਜ਼ੂਰ ਦਾ ਹੁਕਮ ਹੈ:

ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥

(ਵਾਰ-ਸਾਰੰਗ ਮਃ ੧ - ੧੨੪੫)

ਇਹ ਧਨ ਕੋਈ ਨਿਜੀ ਐਸ਼ੋ ਇਸ਼ਰਤ ਵਾਸਤੇ ਨਹੀਂ। ਪਰਉਪਕਾਰ ਵਾਸਤੇ ਗੁਰੂ ਕੇ ਲੰਗਰ ਵਿੱਚ ਲੱਗਦਾ ਤੇ ਇਮਾਰਤਾਂ ਬਣਦੀਆਂ ਹਨ। ਆਪ ਦੱਸਿਆ ਕਰਦੇ ਹਨ, ਕਿ 'ਰੱਬ ਦਾ ਫ਼ਕੀਰ ਹੋ ਕੇ ਮੰਗੇ ਦੁਨੀਆਂਦਾਰਾਂ ਤੋਂ' ਕਿਤਨੀ ਅਸਚਰਜ ਗੱਲ ਹੈ। ਦੁਨਿਆਵੀ ਲੋਕ ਤਾਂ ਕੀ, ਬਾਦਸ਼ਾਹ ਤੱਕ ਵੀ ਫ਼ਕੀਰ ਦੇ ਦਰ ਤੋਂ ਮੰਗਦੇ ਹਨ। ਭਾਵੇ ਨਾਲ ਆਏ ਸਬੰਧੀਆਂ ਨੇ ਪ੍ਰੇਰਿਆ ਕਿ ਭਜਨ ਸਿਮਰਨ ਪੁੱਛਣ ਵਾਸਤੇ ਅਰਜ਼ ਕਰ ਲੈ, ਪਰ ਇਸ ਦਾ ਮਨ ਨਾ ਮੰਨਿਆਂ। ਸਿਕੰਦਰ ਬਾਦਸ਼ਾਹ ਵਾਂਗ ਅੰਮ੍ਰਿਤ ਦੇ ਕੁੰਡ ਤੋਂ ਪਿਆਸਾ ਹੀ ਮੁੜ ਆਇਆ। ਭੈਣ ਦੇ ਘਰ ਰਾਤ ਖਟੜੇ ਠਹਿਰਿਆ। ਪਰ ਸੁਪਨੇ ਵਿੱਚ ਉਹੋ ਸਰੂਪ (ਜੋ ਇਟਲੀ ਵਿਖੇ ਦੇਖਿਆ ਸੀ) ਤੱਕਿਆ। ਦਸਵੇਂ ਪਾਤਸ਼ਾਹ ਦੀ ਫੋਟੋ ਦਾ ਅਕਾਰ ਆਖ ਰਿਹਾ ਸੀ, "ਸਿੱਖਾ! ਭਰਮ ਨਾ ਕਰ, ਤੇਰੇ ਲਈ ਬੱਸ ਇਹੋ ਹੀ ਦਰ ਹੈ। ਤੈਨੂੰ ਜੀਵਨ ਦੀ ਸਫ਼ਲਤਾ ਵਾਸਤੇ ਇਥੋਂ ਹੀ ਦਾਤ ਮਿਲਣੀ ਹੈ। ਬਾਹਜ ਕ੍ਰਿਆ ਵੱਲ ਨਾ ਦੇਖ। ਇਹ ਤਾਂ ਸਭ ਕੁੱਝ ਪਰ ਸੁਆਰਥ ਵਾਸਤੇ ਹੈ।" ਇਤਨੇ ਨੂੰ ਅੱਖ ਖੁੱਲ੍ਹ ਗਈ ਮਨ ਵਿੱਚ ਨਿਸ਼ਚਾ ਹੋ ਗਿਆ। ਘਰ ਵਾਲਿਆਂ ਨੂੰ ਆਖਿਆ, "ਮੈਂ ਫਿਰ ਅੱਜ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਜਾਣਾ ਹੈ।" ਉਹ ਵੀ ਨਾਲ ਆ ਗਏ। ਰਸਤੇ ਵਿੱਚ ਇਸ ਦਾ ਪੁਰਾਣਾ ਸਾਥੀ ਕੁਤਰਕੀ ਫੁਰਨਾ ਆ ਮਿਲਿਆ। ਜੇਕਰ ਅੰਤਰਯਾਮੀ ਹਨ ਤਾਂ ਆਪ ਬੁਲਾਉਣ। ਫਿਰ ਦਿਲਾਂ ਦੀਆਂ ਜਾਨਣਹਾਰ ਜਾਣਾਂਗਾ। ਅਸਥਾਨ ਤੇ ਪੁੱਜ ਕੇ ਗੁਰੂ ਦਰਬਾਰ ਵਿੱਚ ਤੇ ਸੰਤ ਜੀ ਮਹਾਰਾਜ ਨੂੰ ਨਮਸ਼ਕਾਰ ਕੀਤੀ। ਹੋਰ ਸੰਗਤ ਤੇ ਇਸ ਦੇ ਨਾਲ ਆਏ ਪ੍ਰੇਮੀਆਂ ਨੇ ਵੀ ਮੱਥਾ ਟੇਕਿਆ। ਪਰ ਹਜ਼ੂਰ ਬੋਲੇ ਨਹੀਂ ਨੇਤਰ ਬੰਦ ਕਰ ਕੇ ਮਸਤੀ ਵਿੱਚ ਬੈਠੇ ਰਹੇ।

ਇੱਧਰੋਂ ਇਸ ਦਾ ਮਨ ਕਾਹਲਾ ਪੈ ਰਿਹਾ ਹੈ ਕਿ ਮੈਨੂੰ ਇਕੱਲੇ ਨੂੰ ਆਵਾਜ਼ ਮਾਰਨ। ਕੁੱਝ ਕੁ ਸਮੇਂ ਤੋਂ ਬਾਅਦ ਹਜ਼ੂਰ ਨੇ ਨੇਤਰ ਖੋਹਲੇ। ਸੁੰਦਰ ਚਿਹਰੇ ਤੋਂ ਮੁਸਕ੍ਰਾ ਕੇ ਬਚਨ ਕੀਤਾ, "ਸਾਧੂ ਦੀ ਪਰਖ ਕਰਨੀ ਚੰਗੀ ਨਹੀਂ। ਇਤਨਾ ਆਖ ਕੁਰਸੀ ਤੋਂ ਉੱਠ ਕੇ ਨਹਿਰ ਵਾਲੇ ਫਾਟਕ ਨੂੰ ਤੁਰ ਪਏ। ਸੰਗਤ ਮਗਰ ਲੱਗ ਪਈ, ਇਸ਼ਾਰਾ ਕਰ ਕੇ ਸਾਰੇ ਰੋਕ ਦਿੱਤੇ। ਕੇਵਲ ਇਸੇ ਪ੍ਰੇਮੀ ਨੂੰ ਕੋਲ ਸੱਦ ਕੇ ਬਾਹਰ ਦੂਰ ਲੈ ਗਏ। ਇਕੱਲੇ ਨੂੰ ਬਾਹਰ ਲਿਜਾ ਕੇ ਸਾਰੇ ਸ਼ੰਕੇ ਮੇਟ ਦਿੱਤੇ। ਕਰ ਦਿੱਤੀ ਮੇਹਰਾਂ ਦੀ ਬਾਰਸ਼, ਹੋ ਗਏ ਸੁੱਕੇ ਹਿਰਦੇ ਸਰ-ਸਬਜ਼! ਉਸ ਦਿਨ ਤੋਂ ਬਾਅਦ ਫਿਰ ਮਨ ਇਧਰ ਓਧਰ ਕਦੀ ਨਹੀਂ ਹੋਇਆ। ਬੱਝ ਗਿਆ ਇੱਕੋ ਦਰ ਦਾ ਬੰਦਾ ਬਣ ਕੇ। ਫਿਰ ਛੁੱਟੀ ਪੂਰੀ ਹੋਈ ਤੋਂ ਵਾਪਸ ਚਲਾ ਗਿਆ।

੧੯੪੮ ਵਿੱਚ ਨਾਮ ਕਟਵਾ ਲਿਆ। ੧੯੫੪ ਦੇ ਜੂਨ ਮਹੀਨੇ ਜਦੋਂ ਕਿ ਆਪ ਜੀ ਬਾਹੋਮਾਜਰੇ ਤੋਂ ਵਾਪਸ ਕਰਮਸਰ ਨੂੰ ਆ ਰਹੇ ਸਨ, ਇਨ੍ਹਾਂ ਦੀ ਬੇਨਤੀ ਮੰਨ ਕੇ ਘਰ ਵਿੱਚ ਚਰਨ ਪਾਏ। ਇਨ੍ਹਾਂ ਦਾ ਪ੍ਰੇਮ ਦੇਖ ਕੇ ਹੋਰ ਵੀ ਬਖ਼ਸ਼ਿਸ਼ ਕੀਤੀ। ਤਿੰਨ ਲੜਕੀਆਂ ਤੋਂ ਬਾਅਦ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ੧-੧-੧੯੫੬ ਨੂੰ ਇਨ੍ਹਾਂ ਦੇ ਘਰ ਜਸਪਾਲ ਸਿੰਘ ਦਾ ਜਨਮ ਹੋਇਆ। ਦੂਜੇ ਦਾ ਨਾਮ ਇੰਦਰਜੀਤ ਸਿੰਘ ਹੈ। ਲੁਧਿਆਣੇ ਸ਼ਹਿਰ ਢੋਲੇਵਾਲ ਚੌਂਕ ਰਿਹਾਇਸ਼ ਰੱਖੀ ਹੈ। ਪਾਸ ਹੀ ਗੁਰਦੁਆਰਾ ਬਣਾਯਾ ਹੈ। ਹਜ਼ੂਰ ਨੇ ੧੯੬੩ ਤੇ ੧੯੬੪ ਵਿੱਚ ਚਰਨ ਪਾਏ।

ਸ. ਚੰਨਣ ਸਿੰਘ ਖੇੜਾ

ਸਮੇਂ ਨੇ ਰੰਗ ਲਿਆਂਦਾ, ਰਾੜੇ ਦੀ ਢੱਕੀ ਵਿੱਚ ਮਹਾਂਪੁਰਸ਼ਾਂ ਦੇ ਚਰਨ ਪਏ। ਇਲਾਕੇ ਨੂੰ ਜਾਗਰਤ ਆ ਗਈ। ਸੰਗਰਾਂਦ ਪੂਰਨਮਾਸ਼ੀ ਦੇ ਦੀਵਾਨ ਤੇ ਕਰਮਸਰ ਪੁੱਜਦੇ ਦਾਤੇ ਦਾ ਦਰਸ਼ਨ ਕਰ ਕੀਰਤਨ ਸੁਣਦੇ। ਹੱਥੀਂ ਸੇਵਾ ਕਰਦੇ, ਫਿਰ ਪੂਰਨ ਸ਼ਰਧਾਲੂ ਬਣ ਅਰਜ਼ਾਂ ਕਰ ਕੇ ਘਰ ਵਿੱਚ ਚਰਨ ਪਵਾਉਣ ਲੱਗ ਪਏ। ਸਭ ਤੋਂ ਪਹਿਲਾਂ ਖੇੜੇ ਪਿੰਡ ੧੯੨੯ ਈ. ਵਿੱਚ ਹਜ਼ੂਰ ਦੇ ਚਰਨ ਪਏ। ਅਕਾਲੀ ਸੰਤੋਖ ਸਿੰਘ ਨੇ ਆਪਣੇ ਪੋਤਰੇ ਦੀ ਛੁੱਟੀ ਸਮੇਂ (ਜੋ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਹੀ ਹੋਇਆ ਸੀ) ਸੰਤ ਜੀ ਮਹਾਰਾਜ ਨੂੰ ਅਰਜ਼ ਕਰ ਕੇ ਜਥੇ ਦੇ ਸਿੰਘਾਂ ਤੋਂ ਅਖੰਡ ਪਾਠ ਕਰਵਾਇਆ। ਭੋਗ ਤੋਂ ਬਾਅਦ ਆਏ ਮਹਾਂਵਾਕ ਦੇ ਪਹਿਲੇ ਅੱਖਰ ਤੋਂ ਅਰਸ਼ੀ ਪ੍ਰੀਤਮ ਨੇ ਨਿਧਾਨ ਸਿੰਘ ਨਾਮ ਰੱਖਿਆ। ਹਜ਼ੂਰ ਦੇ ਤਿੰਨ ਦੀਵਾਨ ਸਜੇ। ਆਪ ਜੀ ਨੇ ਗੁਰਦੁਆਰੇ ਸਾਹਿਬ ਗਿਆਨੀ ਹਰਨਾਮ ਸਿੰਘ ਦੇ ਪਾਸ ਰਿਹਾਇਸ਼ ਰੱਖੀ (ਜੋ ਸੰਤ ਮਹਾਰਾਜ ਰੇਰੂ ਸਾਹਿਬ ਵਾਲਿਆਂ ਦਾ ਸੇਵਕ ਸੀ) ਉਨ੍ਹਾਂ ਪਾਸ ਠਹਿਰ ਕੇ ਗੁਰਬਾਣੀ ਤੇ ਗੁਰ ਇਤਿਹਾਸ ਦੀ ਕਥਾ ਕਰਦਾ। ਉਸ ਤੋਂ ਬਾਅਦ ਤਾਂ ਆਪ ਜੀ ਦੇ ਹਰੇਕ ਸਾਲ ਹੀ ਚਰਨ ਪੈਂਦੇ ਰਹੇ। ਦੀਵਾਨ ਸਜਦਾ, ਅੰਮ੍ਰਿਤ ਪ੍ਰਚਾਰ ਹੁੰਦਾ। ਨਵੇਂ ਪ੍ਰੇਮੀ ਨਾਮ ਦੀ ਦਾਤ ਪ੍ਰਾਪਤ ਕਰ ਸਿੰਘ ਸਜਦੇ। ਪੁਰਾਣੇ ਹੋਰ ਸ਼ਰਧਾਲੂ ਬਣਦੇ। ਨਾਮਾਬੰਸੀ ਸ. ਰਲਾ ਸਿੰਘ ਵੀ ਪ੍ਰਵਾਰ ਸਮੇਤ ਹਜ਼ੂਰ ਦਾ ਸ਼ਰਧਾਲੂ ਬਣਿਆ। ਆਪਣੇ ਪੋਤਰੇ ਦੇ ਜਨਮ ਸਮੇਂ ੧੯੪੧ ਈ. ਵਿੱਚ ਦਾਤੇ ਪਾਸ ਅਰਜ਼ ਕਰ ਕੇ ਜਥੇ ਦੇ ਸਿੰਘਾਂ ਤੋਂ

ਅਖੰਡ ਪਾਠ ਕਰਵਾਇਆ। ਹਜ਼ੂਰ ਦੇ ਦੀਵਾਨ ਸਜੇ। ਫਿਰ ਇਸ ਨੇ ੧੯੪੩ ਈ. ਵਿੱਚ ਸੰਤ ਜੀ ਮਹਾਰਾਜ ਦੇ ਆਪਣੇ ਘਰ ਚਰਨ ਪਵਾਏ। ਅਖੰਡ ਪਾਠ ਹੋਇਆ ਤਿੰਨ ਦੀਵਾਨ ਸਜੇ। ਫਿਰ ਤਾਂ ਸਾਰਾ ਪ੍ਰਵਾਰ ਪੂਰਨ ਸ਼ਰਧਾਲੂ ਬਣ ਗਿਆ। ਭਾਈ ਰਲਾ ਸਿੰਘ ਦੇ ਚਾਰ ਲੜਕੇ ਸਨ। ਸ. ਚੰਨਣ ਸਿੰਘ, ਗੁਰਦਿਆਲ ਸਿੰਘ, ਹਰੀ ਸਿੰਘ ਤੇ ਸੁਰਜੀਤ ਸਿੰਘ। ਪਹਿਲਾਂ ਕੁੱਝ ਸਮਾਂ ਖੇੜੇ ਪਿੰਡ ਦਰਜੀ ਦਾ ਕੰਮ ਕਰਦੇ ਰਹੇ। ਫੇਰ ਮੁਰਾਦਾਬਾਦ ਖੇੜਾ ਟਰਾਂਸਪੋਰਟ ਬਣਾ ਲਈ। ਚਾਰੇ ਭਰਾਵਾਂ ਕੋਲ ਕਈ ਟਰੱਕ ਹਨ, ਜੋ ਅੱਡ ਅੱਡ ਰੂਟਾਂ ਤੇ ਚਲਦੇ ਹਨ।

ਸ. ਚੰਨਣ ਸਿੰਘ ਦੇ ਥੋੜ੍ਹੇ ਥੋੜ੍ਹੇ ਸਮੇਂ ਦੇ ਹੋ ਕੇ ਤਿੰਨ ਲੜਕੇ ਗੁਜ਼ਰ ਗਏ ਸਨ। ਇੱਕ ਦਸ ਮਹੀਨਿਆਂ ਦਾ, ਦੂਜਾ ਦੋ ਕੁ ਸਾਲ ਦਾ, ਤੀਜਾ ਜਨਮ ਸਮੇਂ ਹੀ। ਇਸ ਕਰ ਕੇ ਸਾਰਾ ਪ੍ਰਵਾਰ ਉਦਾਸ ਰਿਹਾ ਕਰੇ। ਚੌਥਾ ਬੱਚਾ ਪੈਦਾ ਹੋਣ ਸਮੇਂ ਲੋਕਾਂ ਨੇ ਬੜੇ ਉਪਾਅ ਦੱਸੇ ਕਿ ਧਾਗੇ ਤਵੀਤ ਕਰਵਾਓ। ਕਿਸੇ ਮੁਸਲਮਾਨੀ ਪੀਰ ਦੀ ਸੁੱਖਣਾ ਸੁਖੋ ਪਰ ਸ. ਚੰਨਣ ਸਿੰਘ ਨੇ ਕਿਸੇ ਦੀ ਨਾ ਮੰਨੀ। ਅਖ਼ੀਰ ਨੂੰ ਮਾਤਾ ਪਿਤਾ ਤੇ ਘਰਵਾਲੀ ਦੀ ਉਦਾਸੀ ਅਨੁਭਵ ਕਰ ਦਾਤੇ ਦੀ ਸ਼ਰਨ ਤੱਕੀ। ਆਪਣੇ ਪਿਤਾ ਨੂੰ ਕਿਹਾ, "ਮੈਂ ਤਾਂ ਕਿਤੇ ਜਾਣਾ ਨਹੀਂ, ਨਾ ਹੋਰ ਕਿਤੇ ਤੁਹਾਨੂੰ ਜਾਣ ਦੇਣਾ ਹੈ। ਨਾ ਇਹੋ ਜਿਹੀ ਤੁਛ ਮੰਗ ਵਾਸਤੇ ਸੰਤਾਂ ਨੂੰ ਅਰਜ਼ ਕਰਣੀ ਹੈ। ਪਰ ਜੇ ਤੇਰਾ ਮਨ ਨਹੀਂ ਠਹਿਰਦਾ ਤਾਂ ਕਰਮਸਰ ਜਾ ਕੇ ਸੰਤਾਂ ਨੂੰ ਆਖ ਦੇਵੀਂ।" ਇਸ ਨੇ ਪੁੱਤਰ ਦੀ ਅਟੱਲ ਸ਼ਰਧਾ ਤੱਕ ਹਜ਼ੂਰ ਦੇ ਚਰਨਾਂ ਵਿੱਚ ਪੁੱਜ ਕੇ ਅਰਜ਼ ਕੀਤੀ, "ਮਹਾਰਾਜ!

ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀ ਗੰਢੁ ਪਵੈ ਸੰਸਾਰਿ ॥

(ਵਾਰ-ਮਾਝ ਮਃ ੧ - ੧੪੩)

ਹੁਣ ਕੋਈ ਥਾਂ ਨਹੀਂ। ਸੰਸਾਰ ਵਿੱਚ ਸਾਂਝ ਰਹਿ ਜਾਵੇ। ਹਜ਼ੂਰ ਤਾਂ ਇਸ ਦੀ ਬੇਨਤੀ ਸੁਣ ਕੇ ਚੁੱਪ ਕਰ ਗਏ। ਉਸ ਸਮੇਂ ਬਾਬਾ ਗੰਡਾ ਸਿੰਘ ਵੀ ਸੰਤ ਜੀ ਮਹਾਰਾਜ ਦੇ ਪਾਸ ਭੋਰੇ ਵਿੱਚ ਹੀ ਬੈਠਾ ਸੀ। ਉਸ ਨੇ ਕਿਹਾ, "ਮਹਾਰਾਜ! ਇਹ ਸ. ਚੰਨਣ ਸਿੰਘ ਦਾ ਪਿਤਾ ਹੈ। ਉਹ ਤਾਂ ਇਸ ਘਰ ਦਾ ਬੜਾ ਪ੍ਰੇਮੀ ਹੈ, ਕਰ ਦਿਓ ਕ੍ਰਿਪਾ!" ਸੰਤ ਜੀ ਹੱਸ ਕੇ ਕਹਿਣ ਲੱਗੇ, "ਬਾਬਾ! ਫਿਰ ਤੂੰ ਹੀ ਕਰ ਦੇਹ ਬਚਨ।" ਉਨ੍ਹਾਂ ਨੇ ਅਰਜ਼ ਕੀਤੀ, "ਕ੍ਰਿਪਾ ਤਾਂ ਤੁਸਾਂ ਨੇ ਕਰਣੀ ਹੈ ਅਖ਼ਵਾ ਭਾਵੇਂ ਮੈਥੋਂ ਲਓ।" ਫਿਰ ਸੰਤਾਂ ਦਾ ਬਚਨ ਮੰਨ ਕੇ ਬਾਬਾ ਗੰਡਾ ਸਿੰਘ ਨੇ ਆਖਿਆ, "ਬਾਬਾ! ਤੇਰੇ ਘਰ ਪੋਤਰਾ ਤਾਂ ਹੋ ਜਾਵੇਗਾ ਪਰ ਉਸ ਦੇ ਜਨਮ ਤੋਂ ਬਾਅਦ ਘਰ ਵਿੱਚ ਅਖੰਡ ਪਾਠ ਕਰਵਾ ਦੇਵੀਂ।" ਬਜ਼ੁਰਗ਼ ਨੇ ਕਿਹਾ, "ਮਹਾਰਾਜ! ਅਖੰਡ ਪਾਠ ਤਾਂ ਕਰਵਾ ਦਿਆਂਗਾ, ਪਰ ਜਦੋਂ ਉਹ ਪੰਜ ਸਾਲਾਂ ਦਾ ਹੋ ਗਿਆ। ਕਿਉਂਕਿ ਆਪ ਸਭ ਕੁਛ ਜਾਣਦੇ ਹੋ। ਚੰਨਣ ਸਿੰਘ ਦੇ ਘਰ ਤਿੰਨ ਲੜਕੇ ਗ਼ੁਜ਼ਰ ਚੁੱਕੇ ਹਨ, ਉਹ ਸਮਾਂ ਲੰਘਣ ਤੋਂ ਬਾਅਦ ਕਰਵਾ ਦੇਵਾਂਗਾ।"

ਹਜ਼ੂਰ ਕਹਿਣ ਲੱਗੇ, "ਬਾਬਾ! ਤੂੰ ਤਾਂ ਗੁਰੂ ਨਾਲ ਵੀ ਠੇਕਾ ਕਰਨ ਲੱਗ ਪਿਆ? ਸ਼ਰਧਾ ਰੱਖ ਇਹ ਲੰਮੇਰੀ ਉਮਰ ਵਾਲਾ ਹੋਵੇਗਾ। ਜਾਹ ਪੰਜ ਸਾਲ ਤੋਂ ਮਗਰੋਂ ਹੀ ਕਰਵਾ ਦਈਂ।"

ਇਉਂ ਦਾਤੇ ਨੇ ਦਾਤ ਕੀਤੀ। ਬਜ਼ੁਰਗ਼ ਘਰ ਆ ਗਿਆ। ਇਸ ਬਚਨ ਹੋਏ ਤੋਂ ਵੀਹ ਦਿਨ ਬਾਅਦ ੧੯੪੫ ਈ. ਦੇ ਅਪ੍ਰੈਲ ਮਹੀਨੇ ਬੱਚੇ ਦਾ ਜਨਮ ਹੋਇਆ। ਇਸ ਨੇ ਵੀ ਆਪਣੇ ਕੀਤੇ ਬਚਨਾਂ ਅਨੁਸਾਰ ੧੯੪੯ ਦੇ ਸਤੰਬਰ ਵਿੱਚ ਘਰ ਵਿਖੇ ਹਜ਼ੂਰ ਦੇ ਚਰਨ ਪਵਾਏ। ਜਥੇ ਦੇ ਸਿੰਘਾਂ ਨੇ ਅਖੰਡ ਪਾਠ ਕੀਤਾ। ਸੰਤ ਜੀ ਮਹਾਰਾਜ ਨੇ (ਬਾਬਾ ਗੰਡਾ ਸਿੰਘ ਵੀ ਨਾਲ ਸੀ) ਤਿੰਨ ਦੀਵਾਨ ਕੀਤੇ। ਘਰ ਵਾਲਿਆਂ ਨੇ 'ਇਕਿ ਸਾਧ ਬਚਨ ਅਟਲਾਧਾ' ਹੋਇਆ ਜਾਣ ਕੇ ਬੱਚੇ ਦਾ ਨਾਮ ਹੀ ਸਾਧ ਰੱਖ ਲਿਆ। ਸੰਤ ਜੀ ਮਹਾਰਾਜ ਨੇ ਜਸਵੰਤ ਸਿੰਘ ਰੱਖਿਆ, ਪਰ ਸਾਧ ਹੀ ਪੱਕਿਆ ਹੈ।

ਇਸ ਤੋਂ ਬਾਅਦ ਸ. ਚੰਨਣ ਸਿੰਘ ਦੇ ਘਰ ਤਿੰਨ ਲੜਕੇ ਹੋਰ ਜਨਮੇ। ਸਤਵੰਤ ਸਿੰਘ ਦਾ ਜਨਮ ੧੯੫੦ ਈ. ਦੀ ਮਾਰਚ ਵਿੱਚ ਹੋਇਆ, ਪਰਮਜੀਤ ਸਿੰਘ ੧੯੫੪ ਈ. ਦੇ ਸਤੰਬਰ ਵਿੱਚ ਜਨਮਿਆ ਅਤੇ ਜਗਵੰਤ ਸਿੰਘ ੧੯੫੬ ਈ. ਵਿੱਚ ਹੋਇਆ। ਇਨ੍ਹਾਂ ਸਾਰੇ ਬੱਚਿਆਂ ਦਾ ਨਾਮ ਸੰਤ ਜੀ ਮਹਾਰਾਜ ਨੇ ਰੱਖਿਆ। ਗੁਰਦਿਆਲ ਸਿੰਘ ਦੇ ਵੀ ਮੋਹਨ ਸਿੰਘ ਤੇ ਨਰਿੰਦਰ ਸਿੰਘ ਦੋ ਲੜਕੇ ਹਨ। ਹਰੀ ਸਿੰਘ ਦੇ ਤਿੰਨ ਲੜਕੇ ਹਨ। ਸੁਰਜੀਤ ਸਿੰਘ ਦੇ ਭੀ ਤਿੰਨ ਲੜਕੇ ਹਨ। ਸਾਰਾ ਪ੍ਰਵਾਰ ਹੀ ਸੰਤ ਜੀ ਮਹਾਰਾਜ ਦਾ ਪੂਰਨ ਸ਼ਰਧਾਲੂ ਤੇ ਨਾਮ ਸਿਮਰਨ ਵਾਲਾ ਗੁਰਮੁਖ ਹੈ। ਇਨ੍ਹਾਂ ਦੇ ਪ੍ਰੇਮ ਵਸ ਹੋ ਕਈ ਵਾਰ ਜਥੇ ਸਮੇਤ ਮੁਰਾਦਾਬਾਦ ਵੀ ਦਾਤੇ ਨੇ ਚਰਨ ਪਾਏ। ਕੀਰਤਨ ਦੁਆਰਾ ਬੇਅੰਤ ਪ੍ਰੇਮੀ ਬਣੇ।

ਮਿਸਤ੍ਰੀ ਪ੍ਰੀਤਮ ਸਿੰਘ ਕਟਾਹਰੀ (ਪਟਿਆਲਾ)

ਕਟਾਹਰੀ ਪਿੰਡ ਦਾ ਜੀਵਾ ਸਿੰਘ ਮਿਸਤ੍ਰੀ ਗੁਰੂ ਘਰ ਦਾ ਪਰਮ ਪ੍ਰੀਤਵਾਨ ਸੀ। ਇਸ ਦੇ ਘਰ ਪ੍ਰੀਤਮ ਸਿੰਘ ਨੇ ਜਨਮ ਲਿਆ। ਇਨ੍ਹਾਂ ਦੇ ਪੰਜ ਲੜਕੇ ਤੇ ਇੱਕ ਲੜਕੀ ਹੈ। ਮਹਾਂਪੁਰਸ਼ਾਂ ਦੀ ਕ੍ਰਿਪਾ ਨਾਲ ਸ. ਹਰਭਜਨ ਸਿੰਘ ਦੇ ਪੰਜ ਲੜਕੀਆਂ ਤੋਂ ਬਾਅਦ ਲੜਕੇ ਦਾ ਜਨਮ ਹੋਇਆ। ਦਾਤੇ ਨੇ ਅਖੰਡ ਪਾਠ ਦੇ ਭੋਗ ਸਮੇਂ ਗੁਰਿੰਦਰ ਸਿੰਘ ਨਾਮ ਰੱਖਿਆ।

ਰਿਹਾਇਸ਼ ਪਟਿਆਲੇ ਬਾਈ ਨੰਬਰ ਫਾਟਕ ਦੇ ਪਾਸ ਹੈ।

ਸ. ਜੁਗਿੰਦਰ ਸਿੰਘ ਬਿਲਗਾ

ਬਿਲਗੇ ਪਿੰਡ ਦਾ ਸ. ਜੁਗਿੰਦਰ ਸਿੰਘ ਵੀ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਤੇ ਪੂਰਨ ਗੁਰਸਿੱਖ ਹੈ। ਇਸ ਦੇ ਘਰ ਹਜ਼ੂਰ ਦੇ ਕਈ ਵਾਰ ਚਰਨ ਪਏ, ਅਖੰਡ ਪਾਠ ਕੀਤੇ, ਦੀਵਾਨ ਸਜੇ। ਇਸ ਦੀ ਬੱਚੀ ਬੀਬੀ ਕਰਤਾਰ ਕੌਰ ਨੇ ਤਾਂ ਪਿਛਲੇ ਸੰਸਕਾਰਾਂ ਦੀ ਪ੍ਰਬਲਤਾ ਨਾਲ ਆਪਣਾ ਜੀਵਨ ਹੀ ਇਸ ਪਾਸੇ ਲਾ ਦਿੱਤਾ।

ਸਵੇਰੇ ਉੱਠ ਕੇ ਇਸ਼ਨਾਨ ਕਰ ਕਈ ਕਈ ਘੰਟੇ ਗੁਰ ਸ਼ਬਦ ਦਾ ਅਭਿਆਸ ਕਰਦੇ ਰਹਿਣਾ ਬਾਅਦ ਵਿੱਚ ਗੁਰਬਾਣੀ ਦਾ ਪਾਠ ਕਰਨਾ। ਸੌ ਸੌ ਜਪੁ ਜੀ ਸਾਹਿਬ ਦੇ ਪਾਠ ਜਾਂ ਮੂਲਮੰਤ੍ਰ ਦੀ ਇੱਕ ਪੱਕੀ ਮਾਲਾ ਰੋਜ਼ ਕਰ ਦੇਣੀ। ਘਰ ਵੱਖਰਾ ਕਮਰਾ ਬਣਾ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਦੇ ਅਤੇ ਮਹੀਨੇ ਦੇ ਮਹੀਨੇ ਆਪ ਸਹਿਜ ਪਾਠ ਕਰ ਕੇ ਘਰ ਵਿੱਚ ਭੋਗ ਪਾਉਂਦੇ ਹਨ। ਇਸ ਪ੍ਰਵਾਰ ਤੇ ਸੰਤ ਜੀ ਮਹਾਰਾਜ ਦੀ ਅਪਾਰ ਬਖ਼ਸ਼ਿਸ਼ ਹੈ। ਇਸ ਬੀਬੀ ਨੇ ਸ਼ਾਦੀ ਨਹੀਂ ਕਰਵਾਈ ਤੇ ਆਪਣੇ ਪਿਤਾ ਦੇ ਘਰ ਹੀ ਰਹਿੰਦੀ ਹੈ।

ਰੁਸ਼ੀਨ ਪਿੰਡ ਦਾ ਸ. ਜੁਗਿੰਦਰ ਸਿੰਘ

ਰੁਸ਼ੀਨ ਪਿੰਡ ਦੇ ਸ. ਜੁਗਿੰਦਰ ਸਿੰਘ ਦੇ ਘਰ ਭੀ ਸੰਤ ਜੀ ਦੇ ਬਚਨਾਂ ਨਾਲ ਲੜਕੇ ਦਾ ਜਨਮ ਹੋਇਆ। ਨਾਮ ਦਿਆਲ ਸਿੰਘ ਰੱਖਿਆ। ਕੁੱਝ ਕੁ ਮਹੀਨਿਆਂ ਦਾ ਹੋ ਕੇ ਬੀਮਾਰ ਹੋ ਗਿਆ। ਸੁੱਕ ਕੇ ਤੀਲਾ ਬਣ ਗਿਆ। ਸੰਤਾਂ ਪਾਸ ਲਿਆਂਦਾ, ਬਚਨ ਕੀਤਾ, "ਇਹ ਤਾਂ ਠੀਕ ਹੈ, ਘਰ ਲੈ ਜਾਓ!" ਸਚਮੁਚ ਬੱਚਾ ਉਸੇ ਸਮੇਂ ਰਾਜ਼ੀ ਹੋਣਾ ਸ਼ੁਰੂ ਹੋ ਗਿਆ। ਥੋਹੜੇ ਦਿਨਾਂ ਵਿੱਚ ਸਰੀਰ ਕਾਫ਼ੀ ਵਜ਼ਨਦਾਰ ਹੋ ਗਿਆ। ੧੯੬੦ ਈ. ਵਿੱਚ ਸੱਤ ਸਾਲ ਦੀ ਉਮਰ ਵਿੱਚ ਫਿਰ ਬੀਮਾਰ ਹੋ ਗਿਆ। ਮਨ ਵਿੱਚ ਚਿੰਤਾ ਉਪਜੀ ਅਸਥਾਨ ਤੇ ਲਿਆ ਕੇ ਗੁਰਚਰਨਾਂ ਵਿੱਚ ਪਾ ਦਿੱਤਾ ਰਾਜ਼ੀ ਹੋਏ ਤੋਂ ਪੰਜ ਸਾਲ ਸੇਵਾ ਵਿੱਚ ਲਾਉਣ ਦੀ ਅਰਦਾਸ ਕਰਵਾਈ ਪਰ ਹਜ਼ੂਰ ਨੇ ਬਚਨ ਕੀਤਾ, "ਇਸ ਨੂੰ ਘਰ ਹੀ ਰੱਖੋ ਠੀਕ ਹੋ ਜਾਵੇਗਾ।"

ਇਨ੍ਹਾਂ ਨੇ ਸੰਤ ਮਹਾਰਾਜ ਦਾ ਬਚਨ ਮੰਨ ਕੇ ਬੱਚੇ ਘਰ ਲੈ ਆਂਦਾ ਅਤੇ ਰਾਜ਼ੀ ਹੋ ਗਿਆ। ਫਿਰ ਇਸ ਦੀ ਸੁੱਖੀ ਹੋਈ ਪੰਜ ਸਾਲ ਦੀ ਸੇਵਾ ਇਵਜ਼ ਵਿੱਚ ੧੦ ਅਖੰਡ ਪਾਠ ਕਰਵਾਉਣੇ ਮੰਨ ਲਏ। ਜੋ ਸਾਲ ਵਿੱਚ ਭੰਡਾਰਿਆਂ ਸਮੇਤ ਦੋ ਅਖੰਡ ਪਾਠ ਕਰਵਾ ਕੇ ਪੰਜਾਂ ਸਾਲਾਂ ਵਿੱਚ ਪੂਰੇ ਕਰ ਦਿੱਤੇ। ਹੁਣ ਬੱਚਾ ਵੀ ਬਿਲਕੁਲ ਠੀਕ ਹੈ। ਘਰ ਵਿੱਚ ਵੀ ਕਿਸੇ ਪਦਾਰਥ ਦਾ ਘਾਟਾ ਨਹੀਂ ਅਤੇ ਇਹ ਵੀ ਫਸਲ ਆਈ ਤੋਂ ਗੁਰੂ ਕੇ ਲੰਗਰ ਵਾਸਤੇ ਦਿਲ ਖੋਲ੍ਹ ਕੇ ਅੰਨ ਦਾ ਦਾਨ ਕਰਦੇ ਹਨ। ਇਸ ਘਰ ਵਿੱਚ ਬਹੁਤ ਵਾਰੀ ਛੋਟੇ ਸੰਤ ਜੀ ਮਹਾਰਾਜ ਦੇ ਵੀ ਚਰਨ ਪਏ ਅਤੇ ਦਾਤੇ ਦੀ ਅਪਾਰ ਬਖ਼ਸ਼ਿਸ਼ ਹੈ।

ਗੁਰੂ ਬਿਨਾਂ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ।

ਸੰਤ ਜੀ ਮਹਾਰਾਜ ਜੀ ਨੇ ਇੱਕ ਦਿਨ ਸੰਗਤਾਂ ਨੂੰ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਕਿ ਇੱਕ ਰਾਜੇ ਨੇ ਬੜਾ ਸੁੰਦਰ ਬਾਗ਼ ਲਗਵਾਇਆ, ਜਿਸ ਵਿੱਚ ਫੁਹਾਰੇ ਤੇ ਨਹਿਰਾਂ ਚਲਾਈਆਂ। ਫ਼ਲਾਂ ਤੇ ਫ਼ੁੱਲਾਂ ਦੇ ਬੂਟੇ ਲਗਵਾਏ। ਵਿੱਚ ਸੱਤ ਛੱਤਾ ਆਲੀਸ਼ਾਨ ਮਕਾਨ ਤਿਆਰ ਕੀਤਾ ਅਤੇ ਬਾਗ਼ ਦੇ ਫਾਟਕ ਅੱਗੇ ਇੱਕ ਸਾਈਨ ਬੋਰਡ (ਫੱਟਾ) ਲੁਆ ਦਿੱਤਾ ਜਿਸ ਉੱਤੇ ਲਿਖਿਆ ਸੀ 'ਜੋ ਆਦਮੀ ਦਿਨ ਛਿਪਣ ਤੋਂ ਪਹਿਲਾਂ ਪਹਿਲਾਂ ਮੈਨੂੰ ਆ ਕੇ ਲੱਭ ਲਵੇਗਾ, ਮੈਂ ਉਸ ਨੂੰ ਆਪਣੇ ਤਖ਼ਤ ਦਾ ਮਾਲਕ ਬਣਾ ਦੇਵਾਂਗਾ' ਪਰ ਨਾਲ ਹੀ ਇਹ ਸ਼ਰਤ ਹੈ ਕਿ ਕੋਈ ਆਦਮੀ ਬੂਟਿਆਂ ਨੂੰ ਨਾ ਪੁੱਟੇ, ਫ਼ਲਾਂ ਨੂੰ ਨਾ ਤੋੜੇ, ਮਕਾਨ ਨੂੰ ਨਾ ਛੇੜੇ। ਹੋਰ ਕੋਈ ਚੀਜ਼ ਖਰਾਬ ਨਾ ਕਰੇ। ਇਉਂ ਸਾਰੇ ਬਾਗ਼ ਦੀ ਹਿਫਾਜ਼ਤ ਕਰਦਾ ਹੋਇਆ ਮੈਨੂੰ ਲੱਭੇ।

ਬਾਦਸ਼ਾਹੀ ਹੁਕਮ ਸੁਣ ਕੇ ਕਈ ਆਦਮੀ ਆਏ। ਕੋਈ ਉਸ ਨੂੰ ਫ਼ੁੱਲਾਂ ਵਾਲਿਆਂ ਬੂਟਿਆਂ ਵਿੱਚ ਲੱਭੇ ਕਿ ਰਾਜੇ ਦੇ ਨਿਵਾਸ ਵਾਸਤੇ ਇਹੋ ਚੰਗਾ ਅਸਥਾਨ ਹੈ। ਕੋਈ ਆਲੀਸ਼ਾਨ ਮਕਾਨ ਦੀਆਂ ਮੰਜ਼ਲਾਂ ਨੂੰ ਫੋਲੇ ਕਿ ਰਾਜੇ ਲੋਕ ਮਹਿਲਾਂ ਵਿੱਚ ਹੀ ਰਿਹਾ ਕਰਦੇ ਹਨ। ਕੋਈ ਫੁਹਾਰਿਆਂ ਜਾਂ ਨਹਿਰਾਂ ਦੀ ਰਮਣੀਕ ਥਾਂ ਨੂੰ ਬਾਦਸ਼ਾਹ ਦੇ ਛੁਪਣ ਵਾਲੀ ਜਗ੍ਹਾ ਮੰਨੇ, ਪਰ ਸਾਰੇ ਹੀ ਭਟਕ ਭਟਕ ਆਪਣਾ ਸਮਾਂ ਪੂਰਾ ਕਰ ਕੇ ਵਾਪਸ ਚਲੇ ਗਏ। ਅਖ਼ੀਰ ਨੂੰ ਉਸ ਬਾਗ ਵਿੱਚ ਇੱਕ ਸਿਆਣਾ ਪੁਰਸ਼ ਆਇਆ। ਸਭ ਤੋਂ ਪਹਿਲਾਂ ਉਸ ਨੇ ਸੇਵਾ ਦੁਆਰਾ ਖ਼ੁਸ਼ ਕਰ ਕੇ ਮਾਲੀ ਦੀ ਸਹਾਇਤਾ ਲਈ। ਮਾਲੀ ਨੇ ਉਸ ਨੂੰ ਰਾਹੇ ਪਾ ਦਿੱਤਾ। ਫਿਰ ਉਸ ਨੇ ਮਨ ਨੂੰ ਮੋਹਣ ਵਾਲੀਆਂ ਸੀਨਰੀਆਂ (ਨਜ਼ਾਰੇ) ਛੱਡ ਕੇ ਮਿੱਟੀ ਦੀ ਢੇਰੀ ਉੱਤੇ ਨਿਗ੍ਹਾ ਆ ਟਿਕਾਈ। ਤਾਂ ਉਸ ਮਿੱਟੀ ਦੀ ਤਹਿ ਹੇਠਾਂ ਉਸ ਨੂੰ ਇੱਕ ਤਾਕ ਦਿਸਿਆ, ਜਿਸ ਨੂੰ ਕੁੰਡਾ ਲਾ ਕੇ ਜਿੰਦਰਾ ਵਜਾ ਹੋਇਆ ਸੀ। ਉਸ ਨੇ ਮਾਲੀ ਪਾਸੋਂ ਕੁੰਜੀ ਲੈ ਕੇ ਤਾਕ ਖੋਹਲੇ। ਪ੍ਰਤੱਖ ਬਾਦਸ਼ਾਹ ਨੂੰ ਪਾ ਲਿਆ ਅਤੇ ਉਸ ਦੇ ਤਖ਼ਤ ਉੱਤੇ ਜਾ ਬੈਠਾ।

ਇਸੇ ਤਰ੍ਹਾਂ ਸੰਸਾਰ ਇੱਕ ਬਾਗ਼ ਹੈ:

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ ॥
ਜੋ ਨਰ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ ॥੧॥

(ਰਾਮਕਲੀ ਵਾਰ-੨ ਮਃ ੫ - ੯੬੬)

ਅਥਵਾ: *ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥*

(ਸਲੋਕ ਸੇਖ ਫਰੀਦ ਜੀ - ੧੩੮੨)

ਤਥਾ: *ਏਕੁ ਬਗੀਚਾ ਪੇਡ ਘਨ ਕਰਿਆ ॥*
ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥੧॥ *(ਆਸਾ ਮਃ ੫ - ੩੮੫)*

ਇਸ ਸੰਸਾਰ ਬਾਗ਼ ਵਿੱਚ ਆ ਕੇ ਜੀਵ ਰੰਗਾਂ ਰੰਗਾਂ ਦੀ ਮਾਇਆ ਵਿੱਚ ਮੋਹਤ ਹੋ ਜਾਂਦੇ ਹਨ। ਇਹ ਸਰੀਰ ਇੱਕ ਮਿੱਟੀ ਦੀ ਢੇਰੀ ਹੈ। ਕਿਸੇ ਨੂੰ ਦੁੱਖ ਦੇਣਾ ਜਾਂ ਸਰੀਰ ਨੂੰ ਦੁੱਖਾਂ ਕਸ਼ਟਾਂ ਵਿੱਚ ਅਨੇਕ ਪ੍ਰਕਾਰ ਦੀ ਕਠਨ ਤਮੋਗੁਣੀ ਤਪੱਸਿਆ ਦੁਆਰਾ ਸੁਕਾ ਦੇਣਾ, ਜਾਂ ਸੀਸ ਦੇ ਰੋਮ ਕਟਣੇ, ਹੋਰ ਸੁੰਨਤ ਆਦਿ ਦਾ ਕਰਾਉਣਾ ਇਸ ਬਾਗ਼ ਦੇ ਬੂਟਿਆਂ ਜਾਂ ਫ਼ਲਾਂ ਨੂੰ ਖ਼ਰਾਬ ਕਰਨਾ ਹੈ। ਇਸ ਸਥੂਲ ਸਰੀਰ ਦੀ ਢੇਰੀ ਵਿੱਚ ਇੱਕ ਅੰਤਹਕਰਨ ਕੋਠੜੀ ਹੈ, ਜਿਸ ਨੂੰ ਆਸਾ ਤੇ ਅੰਦੇਸਾ ਦੇ ਦੋ ਫੱਟੇ ਲੱਗੇ ਹੋਏ ਹਨ।

ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥

(ਰਾਮਕਲੀ ਮਃ ੧ - ੮੭੭)

ਦੇਹ ਅਧਿਆਸ ਦਾ ਅਥਵਾ ਮੋਹ ਰੂਪ ਕੁੰਡਾ ਲੱਗਾ ਹੈ। ਅਗਿਆਨ ਰੂਪੀ ਜਿੰਦਰਾ ਵੱਜਾ ਹੈ। ਸੱਤ ਲੋਕ ਇਹ ਸੱਤ ਛੱਤਾ ਮਕਾਨ ਹੈ। ਗੁਰੂ ਹੀ ਇਸ ਬਾਗ਼ ਦਾ ਮਾਲੀ ਹੈ।

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥

(ਵਾਰ- ਸਾਰੰਗ ਮਃ ੨ - ੧੨੩੭)

ਸਿੱਖ ਨੇ ਜਾ ਕੇ ਸੇਵਾ ਦੁਆਰਾ ਪ੍ਰਸੰਨ ਕਰ ਗੁਰੂ ਬਾਗਬਾਨ ਪਾਸੋਂ ਪੁੱਛਿਆ, "ਪ੍ਰਮੇਸ਼ਰ ਪਾਤਸ਼ਾਹ ਕਿੱਥੇ ਹੈ?" ਉੱਤਰ ਮਿਲਿਆ ਕਿ ਰਾਜਾ ਇਸ ਮਿੱਟੀ ਦੀ ਢੇਰੀ ਸਰੀਰ ਵਿੱਚ ਹੀ ਹੈ।

ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥੨॥੩॥

(ਦੇਵਗੰਧਾਰੀ ਮਃ ੪ - ੫੨੭)

ਬਸ! ਸਤਿਗੁਰਾਂ ਤੋਂ ਗੁਰਬਾਣੀ ਰੂਪ ਜਾਂ ਬ੍ਰਹਮ ਵਿੱਦਿਆ ਰੂਪ ਕੁੰਜੀ ਲੈ ਕੇ ਅਭਿਆਸ ਕਰਨ ਰੂਪ ਜਿੰਦਰੇ ਵਿੱਚ ਫੇਰੀ ਤਾਂ ਤਾਕ ਖੁੱਲ੍ਹ ਗਿਆ।

ਫਿਰ ਤਾਂ ਅਨੰਦ ਵਿੱਚ ਗਰਜ ਉੱਠਿਆ:

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥

(ਰਾਮਕਲੀ ਭਗਤ ਕਬੀਰ ਜੀ - ੯੬੯)

ਤਥਾ: *ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥*
ਕਨਕ ਕਟਿਕ ਜਲ ਤਰੰਗ ਜੈਸਾ ॥੧॥

(ਸ੍ਰੀਰਾਗੁ ਰਵਿਦਾਸ - ੯੩)

ਇਸ ਪ੍ਰਕਾਰ ਉੱਤਮ ਉਪਦੇਸ਼ ਬਖ਼ਸ਼ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਕਾਂਡ ੧੮

ਸੰਸਾਰੀ ਵੈਦਾਂ ਦਾ ਰੂਹਾਨੀ ਵੈਦ ਪਾਸ ਆਉਣਾ

ਰਾੜੇ ਦੀ ਪਹਿਲੀ ਢੱਕੀ ਵਿੱਚ (ਜਦੋਂ ਕਿ ਆਪ ਜੀ ਨੂੰ ਆਇਆਂ ਅਜੇ ਥੋੜ੍ਹਾ ਹੀ ਸਮਾਂ ਹੋਇਆ ਸੀ) ਆਪ ਜੀ ਦੇ ਪਾਸ ਘੁਡਾਣੀ ਕਲਾਂ ਤੋਂ ਪੰਡਿਤ ਬਾਬੂ ਰਾਮ ਹਾਜ਼ਰ ਹੋਇਆ, ਜੋ ਇਸ ਇਲਾਕੇ ਵਿੱਚ ਬੜਾ ਸਮਝਦਾਰ ਤੇ ਮਸ਼ਹੂਰ ਹਕੀਮ ਸੀ। ਸੰਤ ਜੀ ਮਹਾਰਾਜ ਦੀ ਸੰਗਤ ਕਰ ਕੇ ਬਚਨ ਸੁਣ ਕੇ ਬੜਾ ਪ੍ਰਭਾਵਿਤ ਹੋਇਆ। ਉਪਰੰਤ ਇਹ ਸਾਰੀ ਜ਼ਿੰਦਗ਼ੀ ਪ੍ਰਵਾਰ ਸਮੇਤ ਪਰਮ ਪ੍ਰੀਤਵਾਨ ਹੋ ਕੇ ਸੇਵਾ ਕਰਦੇ ਰਹੇ। ਅੱਜ ਕੱਲ੍ਹ ਇਨ੍ਹਾਂ ਦਾ ਵੱਡਾ ਲੜਕਾ ਡਾਕਟਰ ਬ੍ਰਹਮ ਦੇਵ ਵੀ ਉਸੇ ਤਰ੍ਹਾਂ ਭਾਵਨਾ ਰੱਖ ਕੇ ਦਰਸ਼ਨਾਂ ਨੂੰ ਆਉਂਦਾ ਤੇ ਸੇਵਾ ਕਰਦਾ ਹੈ। ਇਸੇ ਤਰ੍ਹਾਂ ਲਤਾਲੇ ਪਿੰਡ ਤੋਂ ਸ. ਕਰਤਾਰ ਸਿੰਘ ਡਾਕਟਰ ਨੇ ਇਨ੍ਹਾਂ ਦਾ ਸਪੁੱਤ੍ਰ ਡਾਕਟਰ ਜਗਦੇਵ ਸਿੰਘ ਵੀ ਆਪਣੇ ਪਿਤਾ ਵਾਂਗ ਹੀ ਪਿਆਰ ਅਤੇ ਸ਼ਰਧਾ ਦਾ ਸਬੂਤ ਦਿੰਦਾ ਰਿਹਾ। ਭੀਖੀ ਪਿੰਡ ਦੇ ਮਸ਼ਹੂਰ ਵੈਦ ਸ. ਪ੍ਰਤਾਪ ਸਿੰਘ ਜੀ ਅਤੇ ਇਸ ਦੇ ਲੜਕਿਆਂ ਉੱਪਰ ਵੀ ਆਪ ਜੀ ਦੀ ਖ਼ਾਸ ਬਖ਼ਸ਼ਿਸ ਸੀ।

ਸ. ਜਵਾਹਰ ਸਿੰਘ ਬੁਟਾਹਰੀ ਨੇ ਅੰਤਿਮ ਸਮੇਂ ਪਹਿਲਾਂ ਉੱਚੀ ਅਵਾਜ਼ ਨਾਲ ਪੰਜ ਵਾਰ ਵਾਹਿਗੁਰੂ ਵਾਹਿਗੁਰੂ ਆਖਿਆ। ਸ. ਪ੍ਰੀਤਮ ਸਿੰਘ ਭੱਜ ਕੇ ਗਿਆ ਤਾਂ ਸਰੀਰ ਸਵਾਸਾਂ ਤੋਂ ਖ਼ਾਲੀ ਸੀ। ਇਹ ਸੰਤ ਜੀ ਦੇ ਪਰਮ ਪ੍ਰੀਤਵਾਨ ਸਨ। ਉਸ ਸਮੇਂ ਹਜ਼ੂਰ ਹਾਪੜ ਸਨ। ਜਦੋਂ ਆਪ ਨੂੰ ਪਤਾ ਲੱਗਿਆ ਤਾਂ ਬੁਟਾਹਰੀ ਪਿੰਡ ਪ੍ਰੀਤਮ ਸਿੰਘ ਨੂੰ ਪੱਤ੍ਰਕਾ ਲਿਖੀ। ਇਹ ਬਜ਼ੁਰਗ਼ ਬੰਦਗ਼ੀ ਕਰਨ ਵਾਲੇ ਸੰਤ ਸੇਵੀ ਸਨ। ਇਨ੍ਹਾਂ ਵਾਸਤੇ ਕੋਈ ਸੋਚਣ ਚਿਤਵਨ ਤੇ ਵੈਰਾਗ ਕਰਨ ਦੀ ਲੋੜ ਨਹੀਂ। ਇਹ ਤਾਂ ਆਪਣਾ ਮਿਸ਼ਨ ਪੂਰਾ ਕਰ ਗਏ ਹਨ। ਤੁਸੀਂ ਇਨ੍ਹਾਂ ਦੇ ਪੂਰਨਿਆਂ ਤੇ ਚਲਦਿਆਂ ਜਨਮ ਸਫ਼ਲਾ ਕਰੋ, ਗੁਰੂ ਭਲੀ ਕਰੇਗਾ।

ਜਦੋਂ ਗੁਰੂ ਨਾਨਕ ਖਾਲਸਾ ਹਾਈ ਸਕੂਲ ਚਾਲੂ ਹੋਇਆ ਤਾਂ ਛੋਟੇ ਸੰਤ ਜੀ ਮਹਾਰਾਜ ਨਾਲ ਪਿੰਡਾਂ ਦੇ ਦੌਰੇ ਸਮੇਂ ਨਾਲ ਜਾਂਦੇ ਰਹੇ। ਸ. ਨਰਿੰਦਰ ਸਿੰਘ ਬੁਟਾਹਰੀ ਵਾਲਾ, ਜੋ ਬਾਬੂ ਰਘੁਬੀਰ ਸਿੰਘ ਦਾ ਸਪੁਤ੍ਰ ਹੈ, ਸੈਕਟਰੀ ਦੀ ਡਿਊਟੀ ਤੇ ਨੀਅਤ ਕੀਤਾ ਗਿਆ। ਪ੍ਰਧਾਨ ਵੱਡੇ ਸੰਤ ਜੀ ਮਹਾਰਾਜ, ਖ਼ਜ਼ਾਨਚੀ ਛੋਟੇ ਸੰਤ ਜੀ ਸਨ। ਜਦੋਂ ੧੯੪੮ ਈ. ਵਿੱਚ ਸ. ਨਰਿੰਦਰ ਸਿੰਘ ਅਫਰੀਕਾ ਚਲਾ ਗਿਆ ਤਾਂ ਸਕੂਲ ਦਾ ਸੈਕਟਰੀ ਡਾ. ਪ੍ਰੀਤਮ ਸਿੰਘ ਨੂੰ ਬਣਾ ਲਿਆ। ਬਾਅਦ ਵਿੱਚ ਸਰਕਾਰੀ ਕੰਮਾਂ ਵਾਸਤੇ ਕਈ ਜਗ੍ਹਾ ਮੀਟਿੰਗਾਂ ਤੇ ਸ਼ਹਿਰਾਂ ਵਿੱਚ ਜਾਣ ਦੀ ਖੇਚਲ ਮਹਿਸੂਸ ਕਰ ਕੇ ਹਜ਼ੂਰ ਨੇ ਆਪਣੇ ਵਲੋਂ ਪ੍ਰੈਜ਼ੀਡੈਂਟ ਵੀ ਇਸੇ ਨੂੰ ਨੀਅਤ ਕਰ ਦਿੱਤਾ।

ਇਨ੍ਹਾਂ ਤੋਂ ਇਲਾਵਾ ਹੋਰ ਵੀ ਪ੍ਰਾਈਵੇਟ ਤੇ ਸਰਕਾਰੀ ਡਾਕਟਰਾਂ ਹਕੀਮਾਂ ਨੂੰ ਹਜ਼ੂਰ ਦੀ ਚਰਨ ਛੁਹ ਮਿਲੀ, ਜਿਹਾ ਕਿ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਡਾਕਟਰ ਪ੍ਰੀਤਮ ਸਿੰਘ ਚੀਫ ਮੈਡੀਕਲ ਆਫੀਸਰ ਚੰਡੀਗੜ੍ਹ (ਚੰਡੀਗੜ੍ਹ ਦੇ ਦੀਵਾਨਾਂ ਸਮੇਂ ਆਪ ਜੀ ਇਸ ਦੀ ਕੋਠੀ ਜੋ ਤਿੰਨ ਸੈਕਟਰ ਵਿੱਚ ਹੈ, ਜਥੇ ਸਮੇਤ ਠਹਿਰਦੇ। ਬੜੀ ਭਾਵਨਾ ਨਾਲ ਸਾਰਾ ਪ੍ਰਵਾਰ ਸੇਵਾ ਕਰਦਾ। ਇਹ ਗ਼ਰੀਬ ਮਰੀਜ਼ਾਂ ਤੇ ਬੜਾ ਦਯਾਵਾਨ ਹੈ); ਡਾਕਟਰ ਜਗਜੀਤ ਸਿੰਘ ਡਾਇਰੈਕਟਰ ਸਿਹਤ ਵਿਭਾਗ ਪੰਜਾਬ (ਪਟਿਆਲੇ ਸਕੂਲ ਵਿੱਚ ਇਹ ਸੰਤ ਜੀ ਮਹਾਰਾਜ ਦੇ ਨਾਲ ਪੜ੍ਹਦਾ ਵੀ ਰਿਹਾ ਸੀ ਅਤੇ ਪੂਰਨ ਸ਼ਰਧਾਵਾਨ ਹੈ); ਡਾਕਟਰ ਅਮਰਜੀਤ ਸਿੰਘ, ਪ੍ਰਿੰਸੀਪਲ ਗੌਰਮਿੰਟ ਮੈਡੀਕਲ ਕਾਲਜ ਪਟਿਆਲਾ; ਡਾਕਟਰ ਰਾਮ ਸਿੰਘ ਸੇਖੋਂ (ਪਿੰਡ ਦਾਖਾ) ਇਹ ਵੀ ਸੰਤ ਮਹਾਰਾਜ ਦਾ ਹਮਜਮਾਤੀ ਤੇ ਸ਼ਰਧਾਲੂ ਸੀ; ਡਾਕਟਰ ਹਰਜੀਤ ਸਿੰਘ, ਰਾਜਿੰਦਰਾ ਹਸਪਤਾਲ ਪ੍ਰੋਫੈਸਰ ਪਟਿਆਲਾ; ਡਾਕਟਰ ਮਾਧੋ ਰਾਮ ਕਲਕੱਤੇ ਵਾਲਾ (ਪਿੱਛੇ ਇਸ ਦਾ ਪਿੰਡ ਰੁਸ਼ੀਨ ਸੀ); ਡਾਕਟਰ ਕਲੀ ਰਾਮ ਦੰਦਾਨ ਸਾਜ਼ ਦਿੱਲੀ; ਡਾਕਟਰ ਮਿਤਲਾ ਦਿੱਲੀ ਅਤੇ ਹਾਪੜ ਵਾਲਾ ਸਹਿਜਧਾਰੀ ਡਾਕਟਰ ਵੀ ਬੜਾ ਪ੍ਰੇਮੀ ਹੈ। ਡਾਕਟਰ ਮਾਥਰ ਇੰਚਾਰਜ਼ ਹੋਲੀ ਫੈਮਿਲੀ ਹਾਸਪੀਟਲ ਦਿੱਲੀ; ਡਾਕਟਰ ਕਰਨਲ ਪਸੀਜਾ ਦਿੱਲੀ (ਇਹ ਹੱਡੀ ਟੁੱਟੀ ਦੇ ਇਲਾਜ ਦਾ ਮਾਹਰ ਹੈ); ਰਾਇ ਬਹਾਦਰ ਬਿਸ਼ੰਬਰ ਦਿਆਲ ਇੰਚਾਰਜ ਹੋਮਿਓਪੈਥੀ ਇਲਾਜ ਫ੍ਰੀ ਹਸਪਤਾਲ ਦਿੱਲੀ (ਇਸ ਦੇ ਨਾਲ ਹੋਰ ਚਾਰ ਪੰਜ ਸੱਜਣ ਜਿਨ੍ਹਾਂ ਵਿੱਚੋਂ ਇੱਕ ਦਾ ਨਾਮ ਡਾਕਟਰ ਸੰਤ ਸਿੰਘ ਹੈ। ਇਹ ਦਿਨੇ ਆਪਣੀ ਸਰਵਿਸ ਕਰਦੇ ਛੁੱਟੀ ਤੋਂ ਬਾਅਦ ਇੱਥੇ ਆ ਕੇ ਫ੍ਰੀ ਸੇਵਾ ਵਿੱਚ ਹਿੱਸਾ ਲੈਂਦੇ ਸਨ); ਡਾਕਟਰ ਅਜਮੇਰ ਸਿੰਘ ਪਿੰਡ ਘਣਗਸ, ਹਾਲ ਲੁਧਿਆਣਾ; ਡਾਕਟਰ ਚੰਨਣ ਸਿੰਘ ਡੋਗਰਾ ਕਲਕੱਤਾ (ਇਹ ਬੜਾ ਗੁਰਮੁਖ ਪਿਆਰਾ ਨਾਲ ਅਭਿਆਸੀ ਅਤੇ ਸੰਤ ਜੀ ਮਹਾਰਾਜ ਦਾ ਉਪਦੇਸ਼ੀ ਹੈ); ਡਾਕਟਰ ਚਿਟਾਨੀ ਪੀ. ਜੀ. ਆਈ. (ਪੋਸਟ ਗਰੈਜੂਏਟ ਇਨਸਟੀਚਿਊਟ ਚੰਡੀਗੜ੍ਹ); ਇਲਾਕੇ ਦੇ ਮਸ਼ਹੂਰ ਪੂਰਨ ਖੋਜੀ ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ ਭੁੱਟੇ ਵਾਲੇ ਵੈਦ ਭਗਵਾਨ ਸਿੰਘ ਨੂੰ ਸੇਵਾ ਦੀ ਬੜੀ ਲਗਨ ਹੈ। ਇਹ ਨਵੀਨ ਉਮਰਾ ਦੇ ਬੜੇ ਉਤਸ਼ਾਹੀ ਤੇ ਕੰਮ ਵਿੱਚ ਦਿਲਚਸਪੀ ਰੱਖਣ

ਵਾਲੇ ਗੁਰਮੁਖ ਪਿਆਰੇ ਹਨ। ਅਸਥਾਨ ਵਾਸੀ ਬਿਹੰਗਮਾਂ ਤੇ ਹੋਰ ਗ਼ਰੀਬਾਂ ਨੂੰ ਮੁਫ਼ਤ ਦਵਾਈ ਦੇ ਨਾਲ ਰਿਹਾਇਸ਼ ਦਾ ਵੀ ਇੰਤਜ਼ਾਮ ਹੈ। ਹਰੇਕ ਯਾਤਰੂ ਤੇ ਮਰੀਜ਼ ਨੂੰ ਲੰਗਰ 'ਚੋ ਪ੍ਰਸ਼ਾਦਾ ਮਿਲਦਾ ਹੈ; ਕਟਾਹਰੀ ਪਿੰਡ ਦੇ ਸ. ਹਜ਼ੂਰਾ ਸਿੰਘ ਦਾ ਲੜਕਾ (ਜਿਸ ਪ੍ਰਵਾਰ ਤੇ ਹਜ਼ੂਰ ਦੀ ਮਹਾਨ ਬਖ਼ਸ਼ਿਸ਼ ਹੈ) ਡਾਕਟਰ ਅਜੀਤ ਸਿੰਘ ਵੀ ਸ਼ੁਰੂ ਤੋਂ ਹੀ ਭਾਵਨਾ ਨਾਲ ਦਰਸ਼ਨ ਤੇ ਸੇਵਾ ਕਰਦਾ ਹੈ। ਕਈ ਸਾਲਾਂ ਤੋਂ ਕਟਾਨੀ ਕਲਾਂ ਦਾ ਹਰਦਾਸ ਮਲ ਡਾਕਟਰ ਵੀ ਦਰਸ਼ਨਾਂ ਨੂੰ ਆਉਂਦਾ ਤੇ ਸੇਵਾ ਕਰਦਾ।

ਸ਼ਿਮਲੇ ਦੀ ਪਹਾੜੀ

ਜਦੋਂ ਸੰਤ ਜੀ ਮਹਾਰਾਜ ਇਨ੍ਹਾਂ ਦਾ ਪ੍ਰੇਮ ਜਾਣ ਕੇ ਸ. ਮੋਹਨ ਸਿੰਘ ਜੀ ਕੋਕਾ ਕੋਲੇ ਵਾਲਿਆਂ ਦੀ ੪੦ ਨੰ: ਕੋਠੀ ਦਿੱਲੀ ਠਹਿਰ ਕੇ ਤਾਲਕਟੋਰਾ ਕੀਰਤਨ ਕਰਦੇ। ਅਧਿਕਾਰੀ ਪ੍ਰੇਮੀਆਂ ਨੂੰ ਨਾਮ ਦੀ ਦਾਤ ਵੰਡਦੇ, ਸੰਗਤਾਂ ਦਾ ਕਾਫ਼ੀ ਇਕੱਠ ਜੁੜਦਾ। ਸਭਨਾਂ ਦੀ ਮਨੋਕਾਮਨਾ ਪੂਰੀ ਹੁੰਦੀ। ਉਸ ਸਮੇਂ ਅਕੋਈ ਵਾਲੇ ਸ. ਨਰੈਣ ਸਿੰਘ ਦੀ ਲੜਕੀ ਬੀਬੀ ਬਲਵੰਤ ਕੋਰ ਵੀ ਹਜ਼ੂਰ ਦਾ ਕੀਰਤਨ ਸੁਣਦੀ, ਦਰਸ਼ਨ ਕਰਦੀ। ਇਸ ਦੇ ਸਿਰ ਵਿੱਚ ਕਾਫ਼ੀ ਸਮੇਂ ਦਾ ਦਰਦ ਟਿਕਿਆ ਹੋਇਆ ਸੀ। ਬੜੇ ਇਲਾਜ ਕਰਵਾਏ ਪਰ ਅਰਾਮ ਨਾ ਆਇਆ। ਸੰਤ ਜੀ ਮਹਾਰਾਜ ਦੇ ਪਾਸ ਬੇਨਤੀ ਕੀਤੀ, ਮੇਹਰਾਂ ਦੇ ਮਾਲਕ ਦੀ ਮੇਹਰ ਹੋ ਗਈ। ਦਸ ਬਾਰਾਂ ਸਾਲ ਤੋਂ ਹੋ ਰਹੀ ਸਿਰ ਦਰਦ ਇੱਕ ਦਮ ਇਉਂ ਬੰਦ ਹੋ ਗਈ ਜਿਵੇਂ ਬਰੇਕ ਲਾਇਆ ਗੱਡੀ ਰੁਕ ਜਾਂਦੀ ਹੈ। ਉਸ ਸਮੇਂ ਤੋਂ ਬਾਅਦ ਇਹ ਅਤਿਯੰਤ ਸ਼ਰਧਾਲੂ ਬਣ ਗਏ। ਇਸ ਦੀ ਭੈਣ ਬੀਬੀ ਮਲਵਿੰਦਰ ਕੌਰ ਵੀ ਪ੍ਰਵਾਰ ਸਮੇਤ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਆਉਂਦੀ। ਇਸ ਦੀ ਭੈਣ ਦੀਆਂ ਸ਼ਿਮਲੇ ਦੋ ਕੋਠੀਆਂ ਸਨ। ਅਸਥਾਨ ਤੇ ਪੁੱਜ ਕੇ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਦੇ, ਦੀਵਾਨ ਸੁਣਦੇ। ਮਨ ਵਿੱਚ ਵੈਰਾਗ ਪੈਦਾ ਹੋ ਕੇ ਦਿਨ-ਬ-ਦਿਨ ਸ਼ਰਧਾ ਵਧਦੀ ਗਈ। ਇਨ੍ਹਾਂ ਨੇ ਪਾਕਿਸਤਾਨ ਬਣਨ ਤੋਂ ਅਗਲੇ ਸਾਲ ੧੯੪੮ ਈ. ਦੇ ਭਾਦਰੋਂ ਮਹੀਨੇ ਹਜ਼ੂਰ ਦੇ ਪਾਸ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਕ੍ਰਿਪਾਲਤਾ ਕਰ ਕੇ ਸ਼ਿਮਲੇ ਦੀ ਸੰਗਤ ਨੂੰ ਵੀ ਦਰਸ਼ਨ ਬਖ਼ਸ਼ੋ।" ਆਪ ਜੀ ਨੇ ਜਿਨ੍ਹਾਂ ਜਿਨ੍ਹਾਂ ਪ੍ਰੇਮੀਆਂ ਦਾ ਭਲਾ ਕਰਨਾ ਸੀ ਉਨ੍ਹਾਂ ਦੇ ਪੂਰਬਲੇ ਪੁੰਨਾਂ ਨੂੰ ਅਨੁਭਵ ਕਰ ਕੇ ਇਨ੍ਹਾਂ ਦੀ ਅਰਜ਼ ਮੰਨ ਕੇ ਪ੍ਰਵਾਨਗੀ ਦੇ ਦਿੱਤੀ। ਉਪਰੰਤ ਜਥੇ ਦੇ ਸਿੰਘਾਂ ਸਮੇਤ ਅਗਸਤ ਦੇ ਮਹੀਨੇ ਆਪ ਜੀ ਸ਼ਿਮਲੇ ਪੁੱਜੇ। ਸੰਜੌਲੀ ਦੇ ਕੋਲ ਇਨ੍ਹਾਂ ਦੀ 'ਓਕ ਡੇਲ' ਕੋਠੀ ਸੀ। ਉਸ ਵਿੱਚ ਜਥੇ ਸਮੇਤ ਹਜ਼ੂਰ ਦੀ ਰਿਹਾਇਸ਼ ਕਰਵਾ ਦਿੱਤੀ। ਇੱਥੇ ਦੋ ਸਮੇਂ ਸੁਭਾ ਤੇ ਸ਼ਾਮ ਕੋਠੀ ਦੇ ਬਰਾਂਡੇ ਤੇ ਗਰਾਊਂਡ ਵਿੱਚ ਹੀ ਕੀਰਤਨ ਹੁੰਦਾ ਰਿਹਾ। ਹੋਰ ਵੀ ਕੋਠੀਆਂ ਵਾਲੇ ਸਰਦਾਰ ਆਪਣੇ ਪ੍ਰਵਾਰਾਂ ਸਮੇਤ ਪੁੱਜਦੇ। ਕੀਰਤਨ ਸੁਣ ਕੇ ਇਤਨੇ ਪ੍ਰਭਾਵਤ ਹੋ ਜਾਂਦੇ ਕਿ ਘਰਾਂ ਨੂੰ ਵਾਪਸ ਜਾਣ ਦਾ ਪ੍ਰੋਗਰਾਮ ਛੱਡ ਕੇ ਜਿਤਨੇ ਦਿਨ ਸੰਤ ਜੀ ਮਹਾਰਾਜ ਠਹਿਰੇ, ਉਹ ਵੀ ਸ਼ਿਮਲੇ ਹੀ ਟਿਕੇ ਰਹੇ। ਮੁਲਾਜ਼ਮ ਸੱਜਣਾਂ ਨੇ ਦਰਖ਼ਾਸਤਾਂ ਭੇਜ ਕੇ ਆਪਣੀਆਂ ਛੁੱਟੀਆਂ ਹੋਰ ਵਧਾ ਲਈਆਂ। ਹਿੰਦੁਸਤਾਨ ਵਿੱਚ ਜਦੋਂ ਅੰਗਰੇਜਾਂ ਦਾ ਰਾਜ ਸੀ। ਉਸ ਸਮੇਂ ਵੀ ਗ਼ਰਮੀ ਦੇ ਦਿਨਾਂ ਵਿੱਚ ਵਾਇਸਰਾਇ ਦਾ ਦਫ਼ਤਰ ਤੇ ਪੰਜਾਬ ਸਰਕਾਰ ਦੇ ਰਿਆਸਤ ਪਟਿਆਲਾ ਦੇ ਦਫ਼ਤਰ ਵੀ ਸ਼ਿਮਲੇ ਚਲੇ ਜਾਇਆ ਕਰਦੇ ਸਨ, ਜਿਨ੍ਹਾਂ ਵਿੱਚ ਸਿੱਖ ਅਫ਼ਸਰ ਅਤੇ ਸਿੱਖ ਮੁਲਾਜ਼ਮਾਂ ਨੂੰ ਵੀ ਨਾਲ ਹੀ ਜਾਣਾ ਪੈਂਦਾ। ਇਸੇ ਕਰ ਕੇ ਉਸ ਸਮੇਂ ਤੋਂ ਹੀ ਸ਼ਿਮਲੇ ਵਿੱਚ ਕਈ ਮਹੀਨੇ ਭਾਰੀ ਰੌਣਕ ਰਹਿੰਦੀ। ਗੁਰਦੁਆਰੇ ਸਾਹਿਬ ਵੀ ਸਿੱਖ ਸੰਗਤਾਂ ਬਹੁਤ ਜੁੜਦੀਆਂ। ਇਸੇ ਦੌਰਾਨ ਸ. ਨਰੈਣ ਸਿੰਘ ਅਕੋਈ ਵਾਲੇ ਵੀ ਸ਼ਿਮਲੇ ਆਏ ਸਨ। ਹਜ਼ੂਰ ਦਾ ਦਰਸ਼ਨ ਕਰ ਕੇ ਕੀਰਤਨ ਸੁਣ ਕੇ ਸੰਤ ਮਹਾਰਾਜ ਮਸਤੂਆਣੇ ਵਾਲਿਆਂ ਦੀ ਸਾਖਸ਼ਾਤ ਫੋਟੋ ਉਨ੍ਹਾਂ ਦੇ ਸਾਹਮਣੇ ਆ ਗਈ। ਉਹੋ ਜਿਹੀਆਂ ਸਿੱਧੀਆਂ ਧਾਰਨਾਂ, ਉਹੋ ਜਿਹੀ ਜ਼ਬਾਨ 'ਚ ਮਿਠਾਸ, ਬਚਨਾਂ ਦੀ ਕਸ਼ਿਸ਼, ਦਰਸ਼ਨ ਦੀ ਖਿੱਚ ਮਿਕਨਾਤੀਸ ਵਾਂਗ ਨੇੜੇ ਲੈ ਆਉਂਦੀ।

ਅਮੋਲਕ ਉਪਦੇਸ਼

ਇੱਕ ਦਿਨ ਸ਼ਾਮ ਦੇ ਦੀਵਾਨ ਵਿਖੇ ਹਜ਼ੂਰ ਨੇ ਪ੍ਰੇਮੀਆਂ ਨੂੰ ਉਪਦੇਸ਼ ਕੀਤਾ ਕਿ ਗੁਰਸਿੱਖੋ! ਇਹ ਦੇਹ ਬੜੀ ਦੁਰਲੱਭ ਹੈ ਅਤੇ ਵੱਡੇ ਭਾਗਾਂ ਨਾਲ ਪ੍ਰਾਪਤ ਹੋਈ ਹੈ ਇਸ ਨੂੰ ਪਾ ਕੇ ਜੋ ਪ੍ਰਮੇਸ਼ਰ ਦੀ ਬੰਦਗ਼ੀ ਨਹੀਂ ਕਰਦਾ ਉਹ ਆਪਣੇ ਹੱਥ ਵਿੱਚ ਤਿੱਖਾ ਛੁਰਾ ਲੈ ਕੇ ਆਪਣੀ ਆਤਮਾ ਨੂੰ ਕਤਲ ਕਰਦਾ ਹੈ। ਰੱਬ ਨੂੰ ਭੁਲਾਉਣ ਨਾਲੋਂ ਮੌਤ ਚੰਗੀ ਹੈ। ਨਾਮ ਤੋਂ ਹੀਣਾ ਜੀਵਨ ਨਿਸਫ਼ਲ ਹੈ। ਖਾਣਾ ਪੀਣਾ, ਹੱਸਣਾ ਖੇਡਣਾ ਤੇ ਸ਼ਿੰਗਾਰ ਕਰਨੇ ਇਸ ਤਰ੍ਹਾਂ ਹਨ ਜਿਵੇਂ ਕੋਈ ਮੁਰਦੇ ਸਰੀਰ ਨੂੰ ਖੁਆਵੇ, ਪਿਲਾਵੇ, ਉਸ ਨਾਲ ਖੇਡੇ, ਉਸ ਦਾ ਸ਼ਿੰਗਾਰ ਕਰੇ।

ਯਥਾ: ***ਨਾਮ ਬਿਨਾ ਜੇਤਾ ਬਿਉਹਾਰ ॥ ਜਿਉ ਮਿਰਤਕ ਮਿਥਿਆ ਸੀਗਾਰੁ ॥੨॥***

(ਗਉੜੀ ਮਃ ੫ - ੨੪੦)

ਅਥਵਾ: *ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥ ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥*

(ਗਉੜੀ ਮਃ ੫ - ੧੯੦)

ਨਾਮ ਤੋਂ ਬਿਨਾਂ ਇਹ ਦੇਹ ਅਵਿੱਦਿਆ ਨੀਂਦ ਵਿੱਚ ਸੁੱਤੀ ਪਈ ਹੈ। ਇਹ ਸੁੱਤੀ ਹੋਈ ਦੇਹ ਪਤਨੀ, ਜਾਗਦੇ ਹੋਏ ਜੀਵ ਪਤੀ ਦੇ ਨਾਲ ਹੀ ਰਹੀ, ਪਰ ਇਸ ਨੇ ਆਪਣੇ ਆਪ ਨੂੰ ਨਾ ਜਗਾਇਆ। ਇਸ ਦੀਆਂ ਸੁੰਦਰ ਅੱਖਾਂ ਮੈਲੀ ਦ੍ਰਿਸ਼ਟੀ ਦੇ ਨਸ਼ੇ ਵਿੱਚ ਬੇਹੋਸ਼ ਹੋ ਕੇ ਸੁੱਤੀਆਂ ਰਹੀਆਂ। ਇਸ ਦੇ ਕੀਰਤਨ ਸੁਣਨ ਲਈ ਬਣੇ ਕੰਨ, ਨਿੰਦਾ ਅਤੇ ਨਿੰਦਕਾਂ ਦੇ ਵਿਚਾਰਾਂ ਦੀ ਜ਼ਹਿਰ ਨਾਲ ਅਧਮੋਏ ਹੋ ਕੇ ਪਏ ਰਹੇ। ਰਸਨਾਂ ਮਿੱਠੇ ਸੁਆਦਾਂ ਦੇ ਲਾਲਚ ਵਿੱਚ ਆ ਕੇ ਸੁੱਤੀ ਰਹੀ। ਮਨ ਵੀ ਮਾਇਆ ਦੇ ਅਨੋਖੇ ਜਾਦੂ ਚਮਤਕਾਰਾਂ ਵਿੱਚ ਸੁੱਤਾ ਰਿਹਾ। ਇਸ ਦੇਹ ਰੂਪ ਘਰ ਵਿੱਚ ਸਭ ਸੁੱਤੇ ਪਏ ਹਨ। ਕੋਈ ਨਹੀਂ ਜਾਗਦਾ। ਆਪਣੀ ਸਾਰੀ ਪੂੰਜੀ ਉਹੋ ਹੀ ਪ੍ਰਾਪਤ ਕਰ ਸਕਦਾ ਹੈ ਜੋ ਜਾਗਦਾ ਹੈ।

ਇਹ ਸਾਰੀਆਂ ਸਹੇਲੀਆਂ ਇੱਕ ਦੂਜੇ ਦੀਆਂ ਭੇਤਣਾਂ ਹਨ, ਪਰ ਇੱਕ ਦੂਜੇ ਦੀ ਖ਼ਬਰ ਸੁਰਤ ਲੈਣ ਦਾ ਕਿਸੇ ਕੋਲ ਵੀ ਸਮਾਂ ਨਹੀਂ। ਇਸ ਦੇਹ ਦੀ ਨਗਰੀ ਵਿੱਚ ਪੰਜ ਬੜੇ ਵੱਡੇ ਠੱਗ ਆਣ ਵੜੇ ਹਨ। ਇਸ ਨਗਰ ਦੇ ਸਾਰੇ ਲੋਕ ਸੁੱਤੇ ਹੋਣ ਕਰ ਕੇ ਸੁੰਨ ਮਸਾਨ ਹੈ। ਇਹ ਇਤਨੇ ਬਲੀ ਠੱਗ ਹਨ ਕਿ ਇਨ੍ਹਾਂ ਤੋਂ ਪਾਲਨਹਾਰ ਮਾਂ ਵੀ ਨਹੀਂ ਬਚਾ ਸਕਦੀ। ਪਿਉ ਇਸ ਵਿੱਚ ਕੋਈ ਸਹਾਇਤਾ ਨਹੀਂ ਦੇ ਸਕਦਾ। ਸਿਆਣੇ ਕਹਿੰਦੇ ਹਨ ਲੜਾਈ ਵਿੱਚ ਲਹੂ ਪੰਘਰਦਾ ਹੈ ਪਰ ਇਸ ਲੜਾਈ ਵਿੱਚ ਭਰਾ ਵੀ ਸਹਾਇਤਾ ਨਹੀਂ ਦੇ ਸਕਦੇ। ਉਹ ਬਹੁਤੀ ਸਿਆਣਪ ਅਤੇ ਅਕਲਮੰਦੀ ਕਰ ਕੇ ਭੀ ਕਾਬੂ ਨਹੀਂ ਆਉਂਦੇ। ਉਨ੍ਹਾਂ ਨੂੰ ਵੱਢੀ ਦੇ ਕੇ ਵੀ ਵੱਸ ਵਿੱਚ ਨਹੀਂ ਕੀਤਾ ਜਾ ਸਕਦਾ। ਇਹ ਕੇਵਲ ਉਸ ਵੇਲੇ ਹੀ ਜਾਗਦੇ ਹਨ, ਜਦੋਂ ਕਦੇ ਸਾਧੂ ਦੀ ਸੰਗਤ ਵਾਲੀ ਸੁਲੱਖਣੀ ਘੜੀ ਆ ਜਾਵੇ ਅਤੇ ਪ੍ਰਭੂ ਕਿਰਪਾ ਕਰੇ।

ਯਥਾ: *ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥
ਸਗਲ ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥ ਸੂਨੇ ਨਗਰਿ ਪਰੇ ਠਗਹਾਰੇ ॥੨॥
ਉਨ ਤੇ ਰਾਖੈ ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨਾ ਓਇ ਰਹਤੇ ॥ ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥
ਸਾਬਤੁ ਪੂੰਜੀ ਸਤਿਗੁਰ ਸੰਗਿ ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥
ਰਹਾਉ ਦੂਜਾ ॥੨੦॥੮੯॥

(ਗਉੜੀ ਗੁਆਰੇਰੀ ਮਃ ੫ - ੧੮੨)

ਚੰਗੀ ਘੜੀ ਦੀ ਵੀ ਬੜੀ ਵੱਡੀ ਨਿਸ਼ਾਨੀ ਹੈ। ਜਿਵੇਂ ਹਨ੍ਹੇਰੀ ਆਉਣ ਤੋਂ ਪਹਿਲਾਂ ਹਵਾ ਬੰਦ ਹੋ ਜਾਂਦੀ ਹੈ। ਮੀਂਹ ਪੈਣ ਤੋਂ ਪਹਿਲਾਂ ਬੱਦਲ ਆਉਂਦੇ ਹਨ ਅਤੇ ਠੰਢੀ ਹਵਾ ਚੱਲਣ ਲੱਗ ਪੈਂਦੀ ਹੈ। ਇਸੇ ਤਰ੍ਹਾਂ ਜਦੋਂ ਅਧਿਆਤਮਕ ਸੁਲੱਖਣੀ ਘੜੀ ਆਉਂਦੀ ਹੈ, ਮਨੁੱਖ ਦਾ ਹਰੀ ਜਸ ਕਰਨ ਨੂੰ ਦਿਲ ਕਰਦਾ ਹੈ। ਮੁੜ ਮੁੜ ਕੇ ਪੂਰੇ ਉਤਸ਼ਾਹ ਨਾਲ ਪ੍ਰਭੂ ਦੇ ਗੁਣ ਗਾਉਣ ਨੂੰ ਚਿੱਤ ਲੋਚਦਾ ਹੈ। ਉਨ੍ਹਾਂ ਦੀ ਰਸਨਾ ਗੁਣਾਂ ਨੂੰ ਗਾਂਵਦੀ ਹੋਈ ਗੁਣਵੰਤੀ ਬਣ ਜਾਂਦੀ ਹੈ। ਨੇਕ ਆਦਮੀਆਂ ਨਾਲ ਸੰਗਤ ਕਰਨ ਨੂੰ ਜੀਅ ਕਰਦਾ ਹੈ।

ਰਸਨਾ ਗੀਧੀ ਬੋਲਤ ਰਾਮ ॥ ਪੂਰਨ ਹੋਏ ਸਗਲੇ ਕਾਮ ॥ *(ਗਉੜੀ ਮਃ ੫ - ੧੯੫)*

ਆਪਣੀ ਜਾਨ ਆਪਣਾ ਸਰੀਰ ਅਤੇ ਆਪਣਾ ਧਨ ਸਭ ਕੁੱਝ ਪ੍ਰਮਾਤਮਾ ਦਾ ਦਿਸਣ ਲੱਗ ਪੈਂਦਾ ਹੈ। ਪ੍ਰਭੂ ਅੰਗ ਸੰਗ ਪ੍ਰਤੀਤ ਹੁੰਦਾ ਹੈ। ਜਦੋਂ ਸੁਲੱਖਣੀ ਘੜੀ ਆਉਂਦੀ ਹੈ ਤਾਂ ਇਸ ਦਾ ਸ੍ਵਾਦ ਅਕਹਿ ਹੁੰਦਾ ਹੈ। ਇਹ ਸੁੱਖ ਅਮਿੱਤ ਅਤੋਲ ਅਤੇ ਅਨੰਦ ਹੁੰਦਾ ਹੈ। ਪਰਮੇਸ਼ਰ ਨੇ ਜੀਵ ਨੂੰ ਪਰਖਣ ਵਾਸਤੇ ਸੁੰਦਰ ਸਰੀਰ ਤੇ ਅੰਗ ਪ੍ਰਤੰਗ ਦਿੱਤੇ ਹਨ ਕਿ ਇਨ੍ਹਾਂ ਦੁਆਰਾ ਇਹ ਮੇਰੀ ਬੰਦਗ਼ੀ ਕਰਦਾ ਹੈ ਜਾਂ ਐਵੇਂ ਨਿਸਫ਼ਲ ਹੀ ਗਵਾਉਂਦਾ ਹੈ।

ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥

ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥੩॥ (ਗਉੜੀ ਭਗਤ ਕਬੀਰ ਜੀ - ੩੩੬)

ਇਸ ਅਵਿੱਦਿਆ ਨੀਂਦ ਵਿੱਚ ਸੁੱਤੇ ਜੀਵ ਨੂੰ ਮਹਾਤਮਾਂ ਜਗਾਉਂਦੇ ਹਨ ਕਿ ਤੂੰ ਬਹੁਤ ਵੱਡਾ ਬਾਦਸ਼ਾਹ ਹੈਂ ਆਪਣੇ ਆਤਮ ਧਨ ਦੀ ਸੰਭਾਲ ਕਰ।

ਗੁਰਸਿੱਖ ਜਾਗ ਤੂੰ ਪਾਤਸ਼ਾਹ ਹੈਂ ਫ਼ਕੀਰ[1] ਨਹੀਂ। ਗੁਰਸਿੱਖ ਜਾਗ ਤੂੰ ਆਜ਼ਾਦ ਹੈਂ ਅਸੀਰ[2] ਨਹੀਂ।

ਗੁਰਸਿੱਖ ਜਾਗ ਤੂੰ ਸਭ ਕੁੱਝ ਹੈਂ ਹਕੀਰ[3] ਨਹੀਂ। ਗੁਰਸਿੱਖ ਜਾਗ ਤੂੰ ਆਤਮਾ ਹੈਂ ਸਰੀਰ ਨਹੀਂ।

ਇਉਂ ਮੇਹਰਾਂ ਦੀ ਬਾਰਸ਼ ਕਰਦੇ ਅਤੇ ਨਾਮ ਬਾਣੀ ਦੀ ਦਾਤ ਵੰਡਦੇ, ਆਪ ਜੀ ਇੱਥੇ ਦੋ ਕੁ ਮਹੀਨੇ ਠਹਿਰੇ। ਸੇਵਾ ਸਾਰੀ ਬੀਬੀ ਬਲਵੰਤ ਕੌਰ, ਬੀਬੀ ਮਲਵਿੰਦਰ ਕੌਰ ਅਤੇ ਬੀਬੀ ਅਜਮੇਰ ਕੌਰ (ਮਾੜੋ) ਵਲੋਂ ਹੀ ਹੋਈ। ਲੰਗਰ ਦੀ ਸੇਵਾ ਵੀ ਇਹ ਆਪਣੇ ਹੱਥੀਂ ਆਪ ਹੀ ਕਰਦੇ ਸਨ। ਉਪਰੰਤ ਸਰਦੀਆਂ ਹੋਣ ਦੇ ਕਾਰਣ ਅਤੇ ਪਿਛਲੀ ਸੰਗਤ ਦੀ ਖਿੱਚ ਜਾਣ ਕੇ ਆਪ ਜੀ ਕੱਤਕ ਦੀ ਪੂਰਨਮਾਸ਼ੀ ਦੇ ਗੁਰਪੁਰਬ ਨੂੰ ਅਸਥਾਨ ਤੇ ਵਾਪਸ ਆ ਗਏ।

ਫਿਰ ੧੯੫੦ ਈ. ਦੇ ਅਖ਼ੀਰ ਵਿੱਚ ਆਪ ਜੀ ਦਾ ਅਫਰੀਕਾ ਜਾਣ ਦਾ ਪ੍ਰੋਗਰਾਮ ਬਣ ਗਿਆ। ਇਸ ਕਰ ਕੇ ਵੀ ਉੱਥੋਂ ਦੀ ਉਡੀਕ ਰਹੀ ਸੰਗਤ ਨੂੰ ਦਰਸ਼ਨ ਨਾ ਹੋ ਸਕੇ। ਵਾਪਸ ਆਇਆਂ ਤੋਂ ਫਿਰ ਇਨ੍ਹਾਂ ਹੀ ਤਿੰਨਾਂ ਬੀਬੀਆਂ ਨੇ ਹਜ਼ੂਰ ਦੇ ਚਰਨਾਂ ਵਿੱਚ ਬੇਨਤੀਆਂ ਕਰ ਕੇ ਕਸੌਲੀ ਪਹਾੜ ਤੇ ਜਾਣ ਵਾਸਤੇ ਪ੍ਰਵਾਨਗੀ ਲੈ ਲਈ। ੧੯੫੩ ਈ. ਦੀਆਂ ਗ਼ਰਮੀਆਂ ਦੇ ਮੌਸਮ ਵਿੱਚ ਇੱਕ ਮਹੀਨੇ ਵਾਸਤੇ ਆਪ ਕਸੌਲੀ ਚਲੇ ਗਏ। ਉਦੋਂ ਆਪ ਜੀ ਪਾਸ ਸਟੇਸ਼ਨ ਵੈਗਨ ਗੱਡੀ ਸੀ। ਉਸ ਜਗ੍ਹਾ ਬੀਬੀ ਬਲਵੰਤ ਕੌਰ ਦਾ ਆਪਣਾ ਮਹੋਰਸ ਹੋਟਲ ਸੀ। ਸਾਰਾ ਇਸੇ ਦਾ ਇੰਤਜ਼ਾਮ ਸੀ। ਉਸ ਦੇ ਵਿੱਚ ਹਜ਼ੂਰ ਦੀ ਰਿਹਾਇਸ਼ ਕਰਵਾ ਦਿੱਤੀ। ਆਪ ਜੀ ਵਾਸਤੇ ਵੱਖਰਾ ਕਮਰਾ ਤੇ ਸਾਥੀਆਂ ਸਮੇਤ ਵੱਖਰਾ ਹੀ ਲੰਗਰ ਬਣਦਾ ਸੀ। ਕੀਰਤਨ ਡਾਂਸ ਹਾਊਸ ਦੇ ਖੁੱਲ੍ਹੇ ਹਾਲ ਵਿੱਚ ਹੁੰਦਾ ਰਿਹਾ, ਜਿੱਥੇ ਕਿ ਪਹਿਲਾਂ ਦੇ ਵਾਤਾਵਰਨ ਨੇ ਇਸ ਨੂੰ ਅਸ਼ਾਂਤ ਅਤੇ ਅਸ਼ੁੱਧ ਬਣਾ ਰੱਖਿਆ ਸੀ। ਉੱਥੇ ਸਦੀਆਂ ਤੋਂ ਪਈ ਧਰਤੀ ਦੇ ਭਾਗ ਜਾਗੇ। ਉਸ ਦੁਖਿਆਰੀ ਬੇਜ਼ਬਾਨ ਜਗਤ ਮਾਤਾ ਦੀ ਗੁੱਝੀ ਪੁਕਾਰ ਸੁਣ ਕੇ ਸ਼ੁੱਧ ਤੇ ਸ਼ਾਂਤੀ ਪ੍ਰਦਾਨ ਕਰਨ ਵਾਸਤੇ ਦਾਤੇ ਨੇ ਚਰਨ ਪਾਏ ਤੇ ਗੁਰਬਾਣੀ ਦੀਆਂ ਮਿੱਠੀਆਂ ਧਾਰਨਾਂ ਨਾਲ ਸ਼ਾਂਤਮਈ ਕੀਰਤਨ ਕੀਤਾ ਜਿਸ ਕਰ ਕੇ ਇਹ ਥਾਂ ਪ੍ਰਤੱਖ ਸਚਖੰਡ ਜਾਪਣ ਲੱਗਾ। ਆਪ ਜੀ ਵੈਰਾਗਮਈ ਉਪਦੇਸ਼ ਕਰਦੇ ਕਿ:

ਨੀਚ ਜੋ ਉੱਤਮ ਸੰਗ ਮਿਲੇ, ਸੋ ਉੱਤਮ ਹੋ ਜਾਇ। ਗੰਗ ਸੰਗ ਮਿਲ ਝੀਲ ਹੂੰ, ਗੰਗੋਦਿਕ ਕੇ ਭਾਇ।

ਭਲੇ ਕਰਮ ਕੇ ਸੰਗ ਤੇ, ਊਚ ਨੀਚ ਪਦ ਪਾਇ। ਜਿਉ ਪਪੀਲਕਾ ਪੁਸ਼ਪ ਸੰਗ, ਈਸ ਸੀਸ ਚੜ੍ਹ ਜਾਇ।

ਜਾਹਿ ਬਡਾਈ ਚਾਹੀਐ, ਤਜੇ ਨ ਉੱਤਮ ਸਾਥ। ਜਿਉ ਪਲਾਸ ਸੰਗ ਧਾਨ ਕੇ, ਪਹੁੰਚੇ ਰਾਜਾ ਪਾਸ।

ਸ਼ਰਧਾਲੂ ਪ੍ਰੇਮੀ ਤੇ ਆਮ ਲੋਕੀਂ ਹੈਰਾਨ ਹੁੰਦੇ ਕਿ ਮਹਾਂਪੁਰਸ਼ਾਂ ਨੇ ਕੀਰਤਨ ਦੁਆਰਾ ਪਵਿਤ੍ਰ ਕਰਨ ਵਾਸਤੇ ਕੇਹੋ ਜਿਹੀ ਜਗ੍ਹਾ ਅਪਣਾਈ ਹੈ। ਹੁਣ ਇਹੋ ਹੀ ਅੰਗਰੇਜਾਂ ਦੇ ਸਮੇਂ ਡਾਂਸ ਕਰਨ ਵਾਲੀ ਥਾਂ ਮਹਾਂਪੁਰਸ਼ਾਂ ਦੇ ਚਰਨ ਪੈਣ ਕਰ ਕੇ ਮਹਾਨ ਤੀਰਥ ਬਣ ਜਾਵੇਗੀ। ਧੰਨ ਹਨ ਇਹੋ ਜਿਹੇ ਨਿਰਇੱਛਤ ਪਰਉਪਕਾਰੀ ਮਹਾਤਮਾ ਜਨ! ਪਹਿਲਾਂ ਜਿੱਥੇ ਗਿਆਂ ਮਨੁੱਖਾਂ ਦੇ ਮਨ ਅਸ਼ਾਂਤ ਤੇ ਭੁੱਜਦੇ ਸਨ, ਹੁਣ ਪੂਰਨ ਸ਼ਾਂਤੀ ਤੇ ਵੈਰਾਗ ਪੈਦਾ ਹੁੰਦਾ। ਕੀਰਤਨ ਸਮੇਂ ਸੰਗਤ ਦਾ ਬੜਾ ਇਕੱਠ ਜੁੜਦਾ। ਪ੍ਰੇਮੀ ਤਨ ਮਨ ਨਾਲ ਸੇਵਾ ਕਰ ਕੇ ਉਪਦੇਸ਼ ਲੈਂਦੇ। ਅੰਮ੍ਰਿਤ ਪ੍ਰਚਾਰ ਵੀ ਹੋਇਆ। ਬੇਅੰਤ ਵਡਭਾਗੀ ਗੁਰੂ ਕੇ ਜਹਾਜ਼ੇ ਚੜ੍ਹੇ। ਦੋ ਮਹੀਨੇ ਠਹਿਰ ਕੇ ਉਸ ਤੋਂ ਬਾਅਦ ਆਪ ਜੀ ਨੇ ਵਾਪਸ ਆ ਕੇ ਕਰਮਸਰ ਦੀ ਧਰਤੀ ਨੂੰ ਦੀਦਾਰ ਬਖਸ਼ਿਆ।

ਪ੍ਰਿੰਸੀਪਲ ਸ. ਗੁਰਦਿਆਲ ਸਿੰਘ ਬੱਦੋਵਾਲ ਨੂੰ ਉਪਦੇਸ਼

੧) ਗ੍ਰਿਹਸਤ ਵਿੱਚ ਰਹਿੰਦੇ ਹੋਏ ਖੱਚਤ ਨਹੀਂ ਹੋਣਾ।

੨) ਕਾਰੋਬਾਰ ਕਰਦੇ ਹੋਏ ਧੰਦੇ ਵਿੱਚ ਧਸੇ ਨਹੀਂ ਰਹਿਣਾ (ਕੰਮ ਦੀ ਮਸ਼ੀਨ ਹੀ ਨਹੀਂ ਬਣੇ ਰਹਿਣਾ)

੩) ਆਲਸ ਨਹੀਂ ਕਰਨੀ (ਨਾਮ ਦਾਨ ਇਸ਼ਨਾਨ ਤੇ ਆਤਮਕ ਲਖਸ਼ ਤੋਂ)

੪) ਲੋਕ ਲੱਜਿਆ ਦਾ ਤਿਆਗ ਕਰਨਾ (ਸਤਸੰਗ ਆਦਿਕ ਸ਼ੁਭ ਕਰਮਾਂ ਬਾਰੇ ਲੋਕ ਲਾਜ ਨਹੀਂ ਰੱਖਣੀ)

ਅਤੇ ਇਸ ਪ੍ਰਕਾਰ ਉਪਦੇਸ਼ ਕੀਤਾ:

---

[1] ਕੰਗਾਲ।

[2] ਕੈਦੀ।

[3] ਕਮੀਨਾ।

ਇਸ ਦੇ ਪਹਿਲੇ ਤੇ ਹੁਣ ਦੇ ਵਿਚਾਰ ਤੇ ਸਿਧਾਂਤ

ਦੂਰੋਂ ਪਖੰਡੀ ਸਾਧ ਸਮਝਦਾ ਰਿਹਾ, ਦਰਸ਼ਨ ਕਰ ਕੇ ਚੰਗੇ ਲੋਕ ਨੇੜੇ ਹੋ ਕੇ ਸੰਤ ਉਪਦੇਸ਼ ਦਾ ਅਸਰ ਦੇਖ ਕੇ ਸਤਿਗੁਰੂ, ਉਪਦੇਸ਼ ਅਤੇ ਗੁਰਬਾਣੀ ਤੇ ਬਾਰ ਬਾਰ ਵੀਚਾਰ ਕਰਨ ਤੇ ਵਾਹਿਗੁਰੂ; ਅਤੇ ਇਨਾਂ ਪਰਮ ਕ੍ਰਿਪਾਲਤਾ ਕਾਰਨ ਆਪਾ ਹੀ ਨਜ਼ਰ ਆਏ। ਸਭ ਕੁੱਝ ਆਪੇ ਹੀ ਆਪ ਹਨ। ਇਸ ਵਿੱਚ ਸੰਸਾ ਕੇਵਲ ਮਤਮੰਦ ਅਤੇ ਮੰਦਭਾਗੇ ਅਗਿਆਨੀ ਹੀ ਕਰ ਸਕਦੇ ਹਨ।

ਅੰਮ੍ਰਿਤ ਬਚਨ

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

(ਆਸਾ ਮਃ ੫ - ੧੨)

ਇੱਕ ਰਾਜੇ ਨੇ ਆਪਣੇ ਦੇਸ਼ ਅੰਦਰ ਹੁਕਮ ਕੀਤਾ ਕਿ ਆਪੋ ਆਪਣੇ ਪਿੰਡਾਂ ਵਿੱਚ ਮਕਾਨ ਬਣਾਓ। ਮੈਂ ਸਾਰਿਆਂ ਪਿੰਡਾਂ ਦਾ ਦੌਰਾ ਕਰਾਂਗਾ ਜਿਸ ਦਾ ਮਕਾਨ ਚੰਗਾ ਹੋਵੇਗਾ ਉਸ ਨੂੰ ਇਨਾਮ ਦੇਵਾਂਗਾ ਤੇ ਜਿਸ ਦਾ ਖ਼ਰਾਬ ਹੋਵੇਗਾ ਉਸ ਨੂੰ ਦੰਡ ਦੇਵਾਂਗਾ। ਸਾਰਿਆਂ ਨੇ ਆਪੋ ਆਪਣੇ ਪਿੰਡਾਂ ਵਿੱਚ ਬੜੇ ਸੁੰਦਰ ਮਕਾਨ ਤਿਆਰ ਕੀਤੇ। ਰਾਜੇ ਨੇ ਪ੍ਰੀਖਿਆ ਲੈਣ ਵਾਸਤੇ ਕੁੱਝ ਚਿਰ ਲਾ ਦਿੱਤਾ ਤਾਂ ਕਿਸੇ ਨੇ ਕਲਸ ਢਾਹ ਦਿੱਤੇ, ਕਿਸੇ ਨੇ ਛੱਜੇ ਤੋੜ ਦਿੱਤੇ, ਕਿਸੇ ਨੇ ਦਰਵਾਜ਼ੇ ਹੀ ਢਾਹ ਦਿੱਤੇ, ਕਿਸੇ ਨੇ ਉਸ ਦੇ ਵਿੱਚ ਸ਼ਰਾਬ ਦੀ ਭੱਠੀ ਲਾ ਲਈ, ਕਿਸੇ ਨੇ ਅੰਦਰ ਭ੍ਰਿੰਡਾਂ ਦੇ ਖੱਖਰ ਹੀ ਲੱਗ ਜਾਣ ਦਿੱਤੇ, ਕਿਸੇ ਨੇ ਢੱਠੇ ਹੀ ਵਾੜ ਛੱਡੇ, ਕਈਆਂ ਨੇ ਪ੍ਰਨਾਲੇ ਤੋੜ ਦਿੱਤੇ, ਕਈਆਂ ਨੇ ਵਿੱਚ ਗਲੀਆਂ ਹੀ ਕਰ ਦਿੱਤੀਆਂ, ਕਈਆਂ ਮਕਾਨਾਂ ਅੰਦਰ ਉੱਲੂ ਰਹਿਣ ਲੱਗ ਪਏ, ਕਈਆਂ ਨੇ ਧੂੰਏਂ ਨਾਲ ਕਾਲੇ ਕਰ ਦਿੱਤੇ। ਰਾਜੇ ਨੇ ਦੇਸ਼ ਦਾ ਦੌਰਾ ਕੀਤਾ ਅਤੇ ਪਰਜਾ ਦਾ ਇਹ ਹਾਲ ਦੇਖ ਕੇ ਸਭਨਾਂ ਨੂੰ ਸਜ਼ਾ ਦਿੱਤੀ ਅਰ ਬੀਆਬਾਨ ਜੰਗਲ ਵਿੱਚ ਦੇਸ਼ ਨਿਕਾਲਾ ਦੇ ਦਿੱਤਾ।

ਇਸੇ ਪ੍ਰਕਾਰ ਪ੍ਰਮੇਸ਼ਰ ਪਾਤਸ਼ਾਹ ਨੇ ਵੇਦਾਂ ਸ਼ਾਸਤ੍ਰਾਂ ਦੁਆਰਾ ਤਮਾਮ ਜੀਵਾਂ ਨੂੰ ਇਹ ਆਖਿਆ ਕਿ ਮੈਂ ਤੁਹਾਨੂੰ ਇਸ ਮਨੁੱਖਾ ਜਨਮ ਵਿੱਚ ਆ ਕੇ ਮਿਲਾਂਗਾ। ਤੁਸੀਂ ਇਸ ਨੂੰ ਸੰਭਾਲ ਕੇ ਸਾਬਤ ਸੂਰਤ ਰੱਖਣਾ। ਨਾਮ ਜਪਣਾ, ਸ਼ੁਭ ਕਰਮ ਕਰਨੇ ਅਤੇ ਬੰਦਗ਼ੀ ਵਿੱਚ ਤਦਾਕਾਰ ਹੋ ਕੇ ਮੇਰੀ ਉਡੀਕ ਰੱਖਣੀ। ਪਰ ਜੀਵਾਂ ਦੀ ਪ੍ਰੀਖਿਆ ਵਾਸਤੇ ਪ੍ਰਮੇਸ਼ਰ ਨੇ ਕੁੱਝ ਦੇਰ ਕਰ ਦਿੱਤੀ ਕਿਉਂਕਿ ਜੀਵਾਂ ਦੇ ਇਤਨੇ ਪੁੰਨ ਤੇ ਬੰਦਗ਼ੀ ਨਹੀਂ ਸੀ ਹੋਈ। ਕਈਆਂ ਨੇ (ਕਲਸ) ਕੇਸ ਮੁੰਨ ਲਏ, ਕਈਆਂ ਨੇ (ਛੱਜੇ) ਸੇਲੀਆਂ ਮੁਨਾ ਲਈਆਂ, ਕਈਆਂ ਨੇ (ਦਰਵਾਜ਼ੇ) ਮੂੰਹ ਮੁੰਡਨ ਕਰਵਾ ਲਏ, ਕਈਆਂ ਨੇ ਸ਼ਰਾਬ ਦੀ ਭੱਠੀ ਸਮਾਨ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ, ਕਈਆਂ ਨੇ (ਭ੍ਰਿੰਡਾਂ ਦੇ ਖੱਖਰ) ਬੁਰਾ ਭਲਾ ਅਧਿਆਸ ਧਾਰਨ ਕਰ ਲਿਆ, ਰਾਗ ਦ੍ਵੈਸ ਰੂਪ ਉਲੂ ਵਾੜ ਲਏ, ਕਾਮ ਕ੍ਰੋਧ ਆਦਿ ਢੱਠੇ ਵਾੜ ਲਏ, (ਪਰਨਾਲੇ) ਅੰਗ ਪੰਗ ਸੁੰਨਤਾਂ ਆਦਿ (ਗਲੀਆਂ) ਕੰਨ ਨੱਕ ਛੇਦਨੇ। ਧੂਆਂ ਤੰਮਾਕੂ ਪੀਕੇ ਅੰਦਰ ਕਾਲਾ ਕਰ ਲਿਆ, ਰੋਸ਼ਨਦਾਨ ਢਾਹ ਦਿੱਤੇ ਅਰਥਾਤ ਵੇਦ ਸ਼ਾਸਤ੍ਰਾਂ ਨੂੰ ਤਰਕਨ ਲੱਗ ਪਏ ਤਾਂ ਪ੍ਰਮੇਸ਼ਰ ਪਾਤਸ਼ਾਹ ਨੇ ਜੀਵਾਂ ਦੀ ਇਹ ਹਾਲਤ ਦੇਖ ਕੇ ਨਰਾਜ਼ਗੀ ਨਾਲ ੮੪ ਲੱਖ ਜੂਨਾਂ ਦਾ ਦੇਸ ਨਿਕਾਲਾ ਦੇ ਦਿੱਤਾ। ਇਹ ਸਜ਼ਾ ਦਿੱਤੀ।

ਇਸ ਪ੍ਰਕਾਰ ਕਈ ਹੋਰ ਉਪਦੇਸ਼ ਬਖ਼ਸ਼ਦੇ ਰਹੇ। ਉਪਰੰਤ ਇਨ੍ਹਾਂ ਦੇ ਗ੍ਰਹਿ ਵਿਖੇ ਹਜ਼ੂਰ ਨੇ ਕਈ ਵਾਰ ਚਰਨ ਪਾਏ ਅਤੇ ਕੁੱਝ ਹਫ਼ਤੇ ਨਿਵਾਸ ਰੱਖਦੇ ਰਹੇ।

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ *(ਮਾਰੂ ਮਃ ੫ - ੧੦੦੨)*

ਕਈ ਵਾਰ ਬੱਦੋਵਾਲ ਅਖੰਡ ਪਾਠ ਅਤੇ ਦੀਵਾਨ ਸਜਾਏ, ਜਿੱਥੇ ਲੱਖਾਂ ਪ੍ਰਾਣੀਆਂ ਨੇ ਲਾਹਾ ਪ੍ਰਾਪਤ ਕੀਤਾ। ਦੂਜੇ ਮਜ਼ਹਬਾਂ ਨਾਲ ਸਾਮਾਨ ਵਿਵਹਾਰ, ਸਰਬ ਸੰਸਾਰ ਨੂੰ ਗੋਬਿੰਦ ਰੂਪ ਸਮਝ ਕੇ ਵਿਵਹਾਰ ਕਰਨਾ, ਨਿਰਇੱਛਤ ਵਿਚਰਨ ਦਾ ਉਪਦੇਸ ਪ੍ਰਪੱਕ ਕਰਾਂਦੇ ਰਹੇ ਅਤੇ ਗਿਆਨ ਅੰਮ੍ਰਿਤ ਦੇ ਬਾਟੇ ਭਰ ਭਰ ਪਿਆਏ।

ਪਿੰਡ ਮੋਮਨਾਬਾਦ ਨੂੰ ਬਖ਼ਸ਼ਿਸ਼ਾਂ

ਮੋਮਨਾਬਾਦ ਪਿੰਡ ਦੇ ਸ. ਪ੍ਰਤਾਪ ਸਿੰਘ ਜੀ ਨੇ ਫੌਜ ਵਿੱਚ ਨੌਕਰੀ ਕਰਦਿਆਂ ਕਈ ਵਾਰ ਸੰਤ ਮਹਾਰਾਜ ਬਾਬਾ ਕਰਮ ਸਿੰਘ ਸਾਹਿਬ ਹੋਤੀ ਮਰਦਾਨ ਵਾਲਿਆਂ ਦੇ ਦਰਸ਼ਨ ਕੀਤੇ ਸਨ। ਬਾਬਾ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਨੁਸ਼ਹਿਰਾ ਤੇ ਮਰਦਾਨ ਛਾਉਣੀ ਪਲਟਨਾਂ ਵਿੱਚ ਛੁੱਟੀ ਕੀਤੀ ਗਈ ਅਤੇ ਸਾਰੇ ਬੇੜੇ ਸੈਦੂ ਪੁੱਜੇ ਸਨ। ਉਸ ਸਮੇਂ ਸ. ਪ੍ਰਤਾਪ ਸਿੰਘ ਦੀ ਪਲਟਨ ਵੀ ਸੈਦੂ ਪੁੱਜੀ ਅਤੇ ਬਾਬਾ ਜੀ ਦੇ ਸਰੀਰ ਦੇ ਜਲ ਪ੍ਰਵਾਹ ਕਰਨ ਸਮੇਂ ਅੰਤਮ ਦਰਸ਼ਨ ਵੀ ਕੀਤੇ ਸਨ। ਇਸ ਦੇ ਦੋ ਲੜਕੇ ਸਨ। ਵੱਡਾ ਭਗਵਾਨ ਸਿੰਘ, ਜੋ ਫੌਜ ਵਿੱਚ ਭਰਤੀ ਸੀ। ਛੋਟਾ ਅਮਰ ਸਿੰਘ ਪਿੰਡ ਰਹਿੰਦਾ। ਇਨ੍ਹਾਂ ਦੇ

ਘਰ ਵਿੱਚ ਕੋਈ ਅਵਗਤ ਮਰੀ ਰੂਹ ਦਾ ਵਾਸਾ ਸੀ ਜੋ ਭਗਵਾਨ ਸਿੰਘ ਦੇ ਘਰੋਂ ਬੀਬੀ ਦਲੀਪ ਕੌਰ ਨੂੰ ਬੜਾ ਕਸ਼ਟ ਦਿੰਦੀ ਸੀ। ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ ਉਨ੍ਹਾਂ ਨੇ ਇਨ੍ਹਾਂ ਦੇ ਘਰ ਬਿਧੀ ਪੂਰਬਕ ਮੋਨ ਦਾ ਅੰਖਡਪਾਠ ਕਰਵਾ ਕੇ ਉਸ ਰੂਹ ਦਾ ਭਲਾ ਕੀਤਾ ਅਤੇ ਬੀਬੀ ਦਲੀਪ ਕੌਰ ਨੂੰ ਪੁੱਤਰ ਦਾ ਵਰ ਦਿੱਤਾ, ਜੋ ੧-੬-੪੯ ਨੂੰ ਜਨਮਿਆਂ। ਜਿਸ ਦਾ ਨਾਮ ਜਗਦੀਸ਼ ਸਿੰਘ ਰੱਖਿਆ! ਇਸੇ ਤਰ੍ਹਾਂ ਮੁਨਸ਼ਾ ਸਿੰਘ ਦੇ ਪ੍ਰਵਾਰ ਤੇ ਵੀ ਹਜ਼ੂਰ ਦੀ ਅਪਾਰ ਬਖ਼ਸ਼ਿਸ਼ ਹੋਈ । ਇਸ ਦੇ ਵੱਡੇ ਲੜਕੇ ਸ. ਮੋਦਨ ਸਿੰਘ ਦੇ ਘਰ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਲੜਕੇ ਦਾ ਜਨਮ ਹੋਇਆ। ਇਸੇ ਤਰ੍ਹਾਂ ਨੱਥਾ ਸਿੰਘ ਨੰਬਰਦਾਰ ਦੇ ਤਿੰਨੇ ਪੁੱਤਰ ਹਰਨਾਮ ਸਿੰਘ, ਗੁਰਬਚਨ ਸਿੰਘ ਅਤੇ ਸੰਤੋਖ ਸਿੰਘ ਸੰਤ ਜੀ ਮਹਾਰਾਜ ਦੇ ਸ਼ਰਧਾਲੂ ਹਨ। ਸ. ਹਰਨਾਮ ਸਿੰਘ ਦੇ ਘਰੋਂ ਬੀਬੀ ਸੁਰਜੀਤ ਕੌਰ ਦੇ ਬੱਚਾ ਹੋ ਕੇ ਮਰ ਗਿਆ। ਫਿਰ ਤਾਂ ਸਰੀਰ ਨੂੰ ਕਾਫ਼ੀ ਤਕਲੀਫ਼ ਹੋਣ ਲੱਗੀ। ਹਰ ਸਮੇਂ ਹੱਡਾਂ ਪੈਰਾਂ ਵਿੱਚ ਪੀੜ ਜਾਰੀ ਰਹੇ। ਬੜੇ ਇਲਾਜ ਕਰਵਾਏ ਪਰ ਅਰਾਮ ਨਾ ਆਇਆ। ੧੯੫੦ ਵਿੱਚ ਤਾਂ ਬਹੁਤ ਬੀਮਾਰ ਹੋ ਗਈ। ਸਾਰਾ ਪ੍ਰਵਾਰ ਚਿੰਤਾ ਫ਼ਿਕਰਾਂ ਵਿੱਚ ਵਿਆਕੁਲ ਹੋ ਗਿਆ। ਇਸ ਸਮੇਂ ਕੇਵਲ ਇਕੋ ਇੱਕ ਸਤਿਸੰਗੀ ਹੀ ਧੀਰਜ ਧਾਰਦਾ ਹੈ। ਉਹ ਦੁੱਖਾਂ ਨੂੰ ਸੁਖਾਂ ਤੋਂ ਵਧੇਰੇ ਚੰਗੇ ਜਾਣਦਾ ਹੈ। ਪਰ ਹਰੇਕ ਮਨੁੱਖ ਦਾ ਮਨ ਇੱਕੋ ਜਿਹਾ ਨਹੀਂ ਹੁੰਦਾ, ਦਿਲ ਡੋਲ ਜਾਂਦਾ ਹੈ। ਕਿਉਂਕਿ ਦਿਲ ਇੱਕ ਛੋਟਾ ਜਿਹਾ ਬਰਤਨ ਹੈ ਜਿਸ ਨੂੰ ਆਦਮੀ ਆਪਣੇ ਖ਼ਿਆਲਾਂ ਰੂਪੀ ਪਾਣੀ ਨਾਲ ਭਰਦਾ ਹੈ। ਜਦ ਇਹ ਬਹੁਤ ਭਰ ਜਾਂਦਾ ਹੈ ਤਾਂ ਆਪਣੇ ਆਪ ਹੀ ਉੱਛਲ ਪੈਂਦਾ ਹੈ। ਭਾਵ ਕ੍ਰੋਧ ਨਾਲ ਭਰ ਗਿਆ, ਤਾਂ ਅਚਾਨਕ ਹੀ ਕਿਸੇ ਨਾਲ ਲੜ ਪਿਆ। ਖੁਸ਼ੀ ਨਾਲ ਭਰ ਗਿਆ, ਤਾਂ ਆਪੇ ਹੀ ਹੱਸ ਪਿਆ। ਜੇਕਰ ਸੋਗ ਚਿੰਤਾ ਨਾਲ ਭਰ ਗਿਆ, ਤਾਂ ਰੋ ਪਿਆ। ਜੇ ਵੈਰਾਗ ਬਿਰਹੋਂ ਭਰ ਗਿਆ, ਤਾਂ ਨੈਣਾਂ ਰਾਹੀਂ ਹੰਝੂ ਵਹਾਉਣ ਲੱਗ ਪਿਆ। ਪਿਆਰੇ ਦੇ ਪਿਆਰ ਵਿੱਚ ਵਗਦੇ ਅਥਰੂਆਂ ਨਾਲ ਸਖ਼ਤ ਮਨ ਵੀ ਪੰਘਰ ਜਾਂਦਾ ਹੈ। ਜਿਸ ਨਾਲ ਖੁਦੀ ਹੰਕਾਰ ਦੀ ਗਰਦ ਦਬ ਜਾਂਦੀ। ਪ੍ਰੀਤਮ ਦੀ ਯਾਦ ਵਾਲੇ ਰਸੀਏ ਲੋਕ ਇੱਕ ਇੱਕ ਹੰਝੂ ਨੂੰ ਮੋਤੀ ਗਿਣਦੇ ਹਨ। ਜਿਉਂ ਜਿਉਂ ਹੰਝੂ ਵਗਣ ਹਉਮੈ ਦੀ ਮੈਲ ਧੋਤੀ ਜਾਂਦੀ ਹੈ। ਫਿਰ ਉਸ ਨੂੰ ਸੰਸਾਰਕ ਦੁੱਖ ਤਾਂ ਕੀ ਸੂਲੀ ਦੀਆਂ ਤਿਖੀਆਂ ਨੋਕਾਂ ਵੀ ਕੋਮਲ ਸੇਜਾ ਜਾਪਦੀਆਂ ਹਨ। ਉਹ ਸੱਚੇ ਆਸ਼ਕ ਨਾਮ ਖੁਮਾਰੀ ਵਿੱਚ ਮਸਤ ਰਹਿੰਦੇ ਹਨ।

ਬੀਬੀ ਸੁਰਜੀਤ ਕੌਰ ਦੀ ਸਿਹਤ ਵਾਸਤੇ ਬੜੀ ਨੱਠ ਭੱਜ ਕੀਤੀ ਪਰ ਦਰਦ ਵਧਦਾ ਹੀ ਗਿਆ। ਸਾਰੇ ਪ੍ਰਵਾਰ ਨੂੰ ਚਿੰਤਾ ਹੋ ਗਈ ਤਾਂ ਰਾਤ ਦੇ ਸਮੇਂ ਗੁਰਦਿਆਲ ਸਿੰਘ ਨੂੰ ਨਾਲ ਲੈ ਕੇ ਸੰਤੋਖ ਸਿੰਘ ਡੇਰੇ ਪੁੱਜਾ। ਸੰਤ ਜੀ ਮਹਾਰਾਜ ਦੇ ਪਾਸ ਅਰਜ਼ ਕੀਤੀ। ਹਜ਼ੂਰ ਨੇ ਜਲ ਬਖ਼ਸ਼ ਕੇ ਬਚਨ ਕੀਤਾ, "ਜਾ ਕੇ ਪਿਲਾ ਦਿਓ ਗੁਰੂ ਭਲੀ ਕਰੇਗਾ।" ਜਦੋਂ ਇਨ੍ਹਾਂ ਨੇ ਘਰ ਆ ਕੇ ਬੀਬੀ ਨੂੰ ਉਹ ਅੰਮ੍ਰਿਤ ਪਿਲਾਇਆ, ਇੱਕ ਦਮ ਪੀੜਾ ਬੰਦ ਹੋ ਗਈਆਂ।

ਸ. ਸੰਤਾ ਸਿੰਘ ਜੀ ਲਤਾਲਾ

ਸ. ਸੰਤਾ ਸਿੰਘ ਦੇ ਘਰੋਂ ਬੀਬੀ ਭਗਵਾਨ ਕੌਰ ਖਟੜੇ ਪਿੰਡ ਦੇ ਸ. ਕਿਸ਼ਨ ਸਿੰਘ ਦੀ ਲੜਕੀ ਸੀ ਜੋ ਸ਼ੁਰੂ ਤੋਂ ਹੀ ਸੰਗਤ ਨਾਲ ਮਿਲ ਕੇ ਹਜ਼ੂਰ ਦੇ ਦਰਸ਼ਨ ਕਰਦੀ ਤੇ ਦੀਵਾਨ ਸੁਣਦੀ ਰਹੀ ਸੀ। ਇਸ ਦੀ ਸੰਗਤ ਨੇ ਸ. ਸੰਤਾ ਸਿੰਘ ਤੇ ਲਤਾਲੇ ਦੇ ਹੋਰ ਪ੍ਰੇਮੀਆਂ ਨੂੰ ਸ਼ਰਧਾਲੂ ਬਣਾਇਆ। ਪਹਿਲਾਂ ਇਨ੍ਹਾਂ ਦੇ ਘਰ ਥੋਹੜੇ ਥੋਹੜੇ ਚਿਰ ਵਿੱਚ ਦੋ ਲੜਕੇ ਹੋ ਕੇ ਗ਼ੁਜ਼ਰ ਚੁੱਕੇ ਸਨ। ਉਪਰੰਤ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ ਤਾਂ ਦਾਤੇ ਦੀ ਮੇਹਰ ਨਾਲ ਬੜਾ ਸੋਹਣਾ ਰੰਗ ਲੱਗਾ ਹੈ। ਇਸ ਦੇ ਹੁਣ ਸਾਧੂ ਸਿੰਘ, ਹਰਬੰਸ ਸਿੰਘ, ਅਜੈਬ ਸਿੰਘ, ਬਾਬੂ ਸਿੰਘ ਤੇ ਮਲਕੀਤ ਸਿੰਘ ਪੰਜ ਲੜਕੇ ਹਨ। ਜਦੋਂ ਸੰਤ ਜੀ ਮਹਾਰਾਜ ਲਤਾਲੇ ਪਿੰਡ ਗਏ ਤਾਂ ਇਨ੍ਹਾਂ ਨੇ ਖੂਹ ਤੇ ਹੀ ਰਿਹਾਇਸ਼ ਰੱਖੀ ਅਤੇ ਆਪ ਜੀ ਨੇ ਸੇਵਾ ਦੀ ਮਹਿਮਾ ਦਾ ਉਪਦੇਸ਼ ਕੀਤਾ।

ਗੁਰੂ ਦੀ ਸੇਵਾ ਸਾਰੇ ਸਾਧਨਾਂ ਨਾਲੋਂ ਸ਼੍ਰੋਮਣੀ ਹੈ

ਜਿਵੇਂ ਕਿਸੇ ਚੱਕਰਵਰਤੀ ਬਾਦਸ਼ਾਹ ਦੀਆਂ ਦੋ ਰਾਣੀਆਂ ਸਨ ਇੱਕ ਵੱਡੀ ਤੇ ਇੱਕ ਛੋਟੀ। ਵੱਡੀ ਦਾ ਸਰਲ ਸੁਭਾ, ਨਿਰਮਾਣਤਾ ਤੇ ਪਤੀਬ੍ਰਤਾ ਸੀ। ਦੂਜੀ ਛੋਟੀ ਚੰਚਲ ਤੇ ਛਲੀਆ ਸੀ ਜਿਸ ਨੇ ਆਪਣੇ ਛਲ ਵਲ ਨਾਲ ਰਾਜੇ ਨੂੰ ਅਧੀਨ ਕਰ ਲਿਆ। ਰਾਜਾ ਛੋਟੀ ਰਾਣੀ ਦੇ ਵਸ ਹੋਇਆ ਸਦਾ ਉਸੇ ਦੇ ਕੋਲ ਹੀ ਰਹਿੰਦਾ। ਪਹਿਲਾਂ ਤਾਂ ਵੱਡੀ ਰਾਣੀ ਨੇ ਕੁੱਝ ਵਿਚਾਰ ਕੀਤੀ। ਫਿਰ ਛੋਟੀ ਰਾਣੀ ਦੀ ਸੇਵਾ ਕਰਨ ਲੱਗ ਪਈ। ਉਸ ਦੇ ਲੰਗਰ ਵਿੱਚ ਜੂਠੇ ਭਾਂਡੇ ਮਾਂਜਣੇ, ਬਿਸਤਰਾ ਝਾੜ ਕੇ ਵਿਛਾਉਣਾ, ਇਸ਼ਨਾਨ ਵਾਸਤੇ ਪਾਣੀ ਦੇਣਾ। ਇਉਂ ਨਿਰਮਾਣਤਾ ਨਾਲ ਇਤਨੀ ਸੇਵਾ ਕੀਤੀ ਕਿ ਛੋਟੀ ਰਾਣੀ ਉਸ ਤੇ ਪ੍ਰਸੰਨ ਹੋ ਕੇ ਆਖਣ ਲੱਗੀ, "ਮੰਗ ਜੋ ਕੁੱਝ ਮੰਗਣਾ ਹੈ।"

ਵੱਡੀ ਰਾਣੀ ਨੇ ਕਿਹਾ, ਭੈਣ ਹੋਰ ਤਾਂ ਕਿਸੇ ਚੀਜ਼ ਦੀ ਇੱਛਾ ਨਹੀਂ, ਪਰ ਜੇਕਰ ਮਹਾਰਾਜ ਇੱਕ ਰਾਤ ਮੈਨੂੰ ਵੀ ਮਹਿਲਾਂ ਵਿੱਚ ਦਰਸ਼ਨ ਬਖ਼ਸ਼ੇ, ਤੇਰਾ ਅਹਿਸਾਨ ਨਹੀਂ ਭੁਲਾਂਗੀ। ਤਾਂ ਛੋਟੀ ਰਾਣੀ ਨੇ ਕਿਹਾ, "ਲੈ ਅੱਜ ਹੀ ਆ ਜਾਣਗੇ"

ਪਰ ਉਸ ਨੇ ਇਹ ਵੱਡੀ ਗੱਲ ਜਾਣ ਕੇ ਇਸ ਦੇ ਬਦਲੇ ਵਿੱਚ ਨੌਲੱਖਾ ਹਾਰ (ਜੋ ਇਸ ਦੇ ਪੇਕਿਆਂ ਨੇ ਇਸ ਨੂੰ ਦਾਜ ਵਿੱਚ ਦਿੱਤਾ ਸੀ) ਮੰਗ ਲਿਆ। ਵੱਡੀ ਰਾਣੀ ਨੇ ਝੱਟ ਲਿਆ ਕੇ ਦੇ ਦਿੱਤਾ। ਸ਼ਾਮ ਨੂੰ ਛੋਟੀ ਰਾਣੀ ਦੇ ਕਹੇ ਰਾਜਾ ਵੱਡੀ ਰਾਣੀ ਦੇ ਮਹਿਲਾਂ ਵਿੱਚ ਗਿਆ। ਉਸ ਨੇ ਬੜੇ ਚਾਅ ਪ੍ਰੇਮ ਤੇ ਨਿਰਮਾਣਤਾ ਨਾਲ ਰਾਜੇ ਦੀ ਸੇਵਾ ਕੀਤੀ।

ਰਾਜੇ ਨੇ ਪੁੱਛਿਆ, "ਰਾਣੀ! ਸੱਚ ਦਸ ਅੱਜ ਮੈਨੂੰ ਤੇਰੇ ਮਹਿਲਾਂ ਵਿੱਚ ਆਉਣ ਦੀ ਕਿਵੇਂ ਆਗਿਆ ਮਿਲ ਗਈ। ਤੂੰ ਇਸ ਦੇ ਬਦਲੇ ਵਿੱਚ ਉਸ ਨੂੰ ਕੀ ਦਿੱਤਾ ਜਿਸ ਕਰ ਕੇ ਤੂੰ ਮੇਰਾ ਇੱਧਰ ਆਉਣਾ ਛੋਟੀ ਰਾਣੀ ਤੋਂ ਮਨਵਾ ਲਿਆ।"

ਇਸ ਨੇ ਬੇਨਤੀ ਕੀਤੀ, "ਮਹਾਰਾਜ! ਉਸ ਨੇ ਮੈਥੋਂ ਨੌਲੱਖਾ ਹਾਰ ਮੰਗਿਆ, ਜਿਸ ਨੂੰ ਮੈਂ ਤੁੱਛ ਜਾਣ ਕੇ ਦੇ ਦਿੱਤਾ। ਆਪ ਜੀ ਦੇ ਦਰਸ਼ਨਾਂ ਦਾ ਕੋਈ ਮੁੱਲ ਹੈ?"

ਰਾਜੇ ਨੂੰ ਸੋਝੀ ਹੋ ਗਈ ਕਿ ਮੈਂ ਫੌਜਾਂ ਦਾ ਮਾਲਕ, ਖਜ਼ਾਨਿਆਂ ਦਾ ਮਾਲਕ, ਦੇਸ਼ਾਂ ਦਾ ਮਾਲਕ ਪਰ ਛੋਟੀ ਰਾਣੀ ਨੇ ਤਾਂ ਮੈਨੂੰ ਨੌਲੱਖ ਤੋਂ ਵੀ ਘੱਟ ਕੀਮਤ ਦਾ ਜਾਣਿਆ ਹੈ। ਵੱਡੀ ਰਾਣੀ ਦੀ ਨਿਰਮਾਣ ਸੇਵਾ ਦੇਖ ਕੇ ਉਸ ਦਾ ਹੀ ਹੋ ਰਿਹਾ। ਮੁੜ ਛੋਟੀ ਰਾਣੀ ਦੇ ਮਹਿਲਾਂ ਵਿੱਚ ਨਹੀਂ ਗਿਆ। ਸੋ ਇਸੇ ਤਰ੍ਹਾਂ ਮਨ ਵੀ ਰਾਜਾ ਹੈ।

ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥ *(ਸਿਰੀਰਾਗੁ ਮਃ ੧ - ੬੧)*

ਇਸ ਦੀਆਂ ਵੀ ਦੋ ਇਸਤ੍ਰੀਆਂ ਹਨ, ਵਡੀ ਰਾਣੀ ਸ਼ੁੱਧ ਬੁੱਧੀ ਹੈ। ਛੋਟੀ ਰਾਣੀ ਕਬੁੱਧੀ ਹੈ। ਸੇਵਾ ਤੇ ਪ੍ਰਸੰਨ ਹੋ ਕੇ (ਜੋ ਸੰਗਤ ਦੇ ਭਾਂਡੇ ਮਾਂਜਣੇ, ਝਾੜੂ ਦੇਣਾ, ਪੱਖਾ ਕਰਨਾ) ਮਨ ਰਾਜਾ ਸ਼ੁੱਧ ਬੁੱਧੀ ਘਰ ਆਇਆ। ਕਬੁੱਧੀ ਨੇ ਨੌ ਗੋਲਕਾਂ ਦੇ ਨੌ ਵਿਸ਼ਿਆਂ ਰੂਪ ਨੌਲਖਾ ਹਾਰ ਮੰਗਿਆ। ਇਸ ਤਰ੍ਹਾਂ ਸ਼ੁੱਧ ਬੁੱਧੀ ਦੇ ਘਰ ਆ ਕੇ ਮਨ ਨੂੰ ਸੋਝੀ ਪਈ, ਤੇ ਉਸ ਨੇ ਕਿਹਾ ਮੈਂ ਸਾਰੇ ਸੰਸਾਰ ਦਾ ਪ੍ਰਕਾਸ਼ਕ ਹਾਂ ਪਰ ਕਬੁੱਧੀ ਨੇ ਮੈਨੂੰ ਨੌ ਗੋਲਕਾਂ ਦਾ ਹੀ ਸਮਝ ਛੱਡਿਆ ਹੈ। ਸ਼ੁੱਧ ਬੁੱਧੀ ਦੇ ਘਰ ਆ ਕੇ ਮਨ ਨੇ ਕਬੁੱਧੀ ਦਾ ਤਿਆਗ ਹੀ ਕਰ ਛੱਡਿਆ।

ਇਹ ਨਹਿ ਬੁਧ ਬਹੁ ਸਾਸਤ੍ਰ ਪੜ੍ਹੇ। ਇਹ ਨਹਿ ਬੁਧ ਤੋੜੇ ਬਹੁ ਗੜੇ।

ਇਹ ਨਹਿ ਬੁਧ ਬਹੁ ਦਰਬ ਕਮਾਏ। ਇਹ ਨਹਿ ਬੁਧ ਬਹੁ ਲੋਕ ਰਿਝਾਏ।

ਦਰਬ ਕਮਾਵਨ ਲੋਕ ਰੀਝਾਵਨ ਵੇਸਵਾ ਵੀ ਪ੍ਰਧਾਨ ਹੈ। ਹਜ਼ੂਰ ਦਾ ਮਹਾਂ ਵਾਕ ਹੈ:

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥ *(ਵਾਰ-ਸਾਰੰਗ ਮਃ ੧ - ੧੨੪੫)*

ਭਾਵ ਮਨ ਨੂੰ ਅਸਲੀ ਗਿਆਨ ਹੋ ਗਿਆ। ਸ਼ੁੱਧ ਬੁੱਧੀ ਰੂਪ ਵੱਡੀ ਰਾਣੀ ਨੇ ਨਿਰਮਾਣਤਾ ਨਾਲ ਸੇਵਾ ਕਰਨੀ ਤੇ ਨੌਵਿਸ਼ਿਆਂ ਦਾ ਤਿਆਗ ਕਰ ਕੇ (ਇਹ ਵੀ ਸੇਵਾ ਹੀ ਹੈ)

ਭਟਕਦੇ ਮਨ ਰਾਜੇ ਨੂੰ ਆਪਣੇ ਘਰ ਲੈ ਆਂਦਾ। ਭਾਵ ਕੀ ਸੇਵਾ ਹੀ ਸਾਧਨਾਂ ਨਾਲੋਂ ਵਧੀਕ ਸ਼ੁੱਧੀ ਦੇਣ ਦਾ ਕਾਰਨ ਹੈ ਅਤੇ ਸੇਵਾ ਦੁਆਰਾ ਹੀ ਮਨ ਵਸ ਹੁੰਦਾ ਹੈ। ਯਥਾ:

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥ *(ਵਾਰ-ਸੋਰਠਿ ਮਃ ੩ - ੬੪੪)*

ਅਥਵਾ:

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ *(ਵਾਰ-ਸੋਰਠਿ ਮਃ ੩ - ੬੪੯)*

ਉਪਰੰਤ ਆਪ ਜੀ ਨੇ ਅੰਮ੍ਰਿਤ ਦੀ ਮਹਿਮਾ ਕਥਨ ਕੀਤੀ ਕਿ

ਪੂਰਨ ਮਹਾਤਮਾਂ ਦਾ ਸਤਸੰਗ ਹੀ ਅਸਲੀ ਅੰਮ੍ਰਿਤ ਹੈ

ਪਹਿਲਾ ਸੰਸਕਾਰ ਰੂਪ ਅੰਮ੍ਰਿਤ, ਦੂਜਾ ਨਾਮ ਰੂਪ ਅੰਮ੍ਰਿਤ, ਤੀਸਰਾ ਬ੍ਰਹਮ ਗਿਆਨ ਰੂਪ ਅੰਮ੍ਰਿਤ।

ਜਦੋਂ ਸ੍ਰੀ ਰਾਮਚੰਦ੍ਰ ਜੀ ਪਿਤਾ ਦੀ ਆਗਿਆ ਪਾ ਕੇ ਚੌਦਾਂ ਸਾਲਾਂ ਦਾ ਬਨਵਾਸ ਕਟਣ ਵਾਸਤੇ ਚਿਤ੍ਰ-ਕੂਟ ਜੰਗਲ ਵਿੱਚ ਆਏ ਤਾਂ ਇਨ੍ਹਾਂ ਦਾ ਆਗਮਨ ਸੁਣ ਕੇ ਪਿਆਰੇ ਭਗਤ ਹਨੂੰਮਾਨ, ਸੁਗਰੀਵ, ਜਾਮਾਵੰਤ, ਨਲ, ਨੀਲ ਤੇ ਹੋਰ ਰਿਸ਼ੀ ਮੁਨੀ ਅਗਸਤ ਦੇ ਆਸ਼ਰਮ ਤੇ ਇਕੱਠੇ ਹੋਏ। ਉਸ ਸਮੇਂ ਭਗਵਾਨ ਰਾਮਚੰਦ੍ਰ ਜੀ ਪਾਸ ਅੰਮ੍ਰਿਤ ਦਾ ਪ੍ਰਸੰਗ ਚੱਲਿਆ ਕਿ ਅਸਲੀ ਅੰਮ੍ਰਿਤ ਕਿਸ ਜਗ੍ਹਾ ਹੈ? ਪਹਿਲਾਂ ਸਾਰੇ ਰਿਸ਼ੀ ਮੁਨੀ ਕਹਿਣ ਲੱਗੇ, ਫਿਰ ਰਾਮਚੰਦ੍ਰ ਜੀ ਦੀ ਆਗਿਆ ਪਾ ਕੇ

ਹਨੂੰਮਾਨ ਨੇ ਉੱਤਰ ਦਿੱਤਾ:

ਸਲੋਕ: ਅਬਿਧਊ ਬਿਧਓ ਬਧੂ ਮੁਖਯੰ ਫਣਿਨਨਾਂ ਨਿਵਾਸਯੰ। ਕੇਚਤ ਵਦੱਤੀ ਸੁਧਾ ਸਰੇ ਨਾਕ ਰਾਜ ਲੋਕਯੰ।

ਅਰਥ ਕਈ ਤਾਂ ਅੰਮ੍ਰਿਤ ਨੂੰ ਸਮੁੰਦਰ ਵਿੱਚ ਮੰਨਦੇ ਹਨ, ਕਈਆਂ ਦਾ ਖ਼ਿਆਲ ਹੈ ਕਿ ਚੰਦਰਮਾਂ ਦੀਆਂ ਕਿਰਨਾਂ ਵਿੱਚ ਅੰਮ੍ਰਿਤ ਹੈ ਜੋ ਖੇਤੀਆਂ ਵਿੱਚ ਰਸ ਭਰਦਾ ਹੈ, ਕਈ ਲੋਕ ਇਸਤ੍ਰੀ ਦੇ ਹੋਠਾਂ ਵਿੱਚ ਅੰਮ੍ਰਿਤ ਕਹਿੰਦੇ ਹਨ, ਕਈਆਂ ਦਾ ਇਹ ਨਿਸ਼ਚਾ ਹੈ ਕਿ ਸੱਪਾਂ ਦੇ ਨਿਵਾਸ ਵਾਲੀ ਜਗ੍ਹਾ ਪਤਾਲ ਵਿੱਚ ਅੰਮ੍ਰਿਤ ਹੈ ਅਤੇ ਕਈ ਇਹ ਕਥਨ ਕਰਦੇ ਹਨ ਕਿ ਅੰਮ੍ਰਿਤ ਦਾ ਸਰੋਵਰ ਸੁਰਗ ਦੇ ਰਾਜਾ ਇੰਦਰ ਲੋਕ ਵਿੱਚ ਹੈ। ਪਰ ਹਨੂੰਮਾਨ ਜੀ ਨੇ ਇਸ ਦਾ ਉੱਤਰ ਦਿੱਤਾ:

ਖਿਯਾਰੰ, ਖ੍ਰਿਤਯੰ, ਪਤੀ ਮ੍ਰਿਤਯੰ, ਬਿਖਿਮੀ ਮੇਵੰ, ਸਾਹੰਸਰੋ ਭਗਾ ਸੰਗਯ ਸੁਧਾਮਯ ਮਹਤ੍ਵਓ ਜਨਃ।

ਅਰਥ ਸਮੁੰਦਰ ਖਾਰਾ ਹੈ, ਜੇਕਰ ਉਸ ਵਿੱਚ ਅਸਲੀ ਅੰਮ੍ਰਿਤ ਹੁੰਦਾ ਤਾਂ ਉਸ ਦਾ ਖਾਰਾਪਨ ਦੂਰ ਹੋ ਜਾਂਦਾ। ਚੰਦਰਮਾਂ ਘਟਦਾ ਵਧਦਾ ਰਹਿੰਦਾ ਹੈ, ਉਸ ਵਿੱਚ ਅਸਲੀ ਅੰਮ੍ਰਿਤ ਨਹੀਂ। ਇਸਤ੍ਰੀਆਂ ਦੇ ਪਤੀ ਮਰ ਜਾਂਦੇ ਹਨ। ਜੇਕਰ ਉਨ੍ਹਾਂ ਦੇ ਹੋਠਾਂ ਵਿੱਚ ਅੰਮ੍ਰਿਤ ਹੁੰਦਾ ਤਾਂ ਉਹ ਵਿਧਵਾ ਨਾ ਹੁੰਦੀਆਂ। ਜੇਕਰ ਸਰਪਾਂ ਕੋਲ ਅੰਮ੍ਰਿਤ ਹੁੰਦਾ ਤਾਂ ਉਹਨਾਂ ਦੀ ਜ਼ਹਿਰ ਦੂਰ ਹੋ ਜਾਂਦੀ ਅਤੇ ਨਿਸ਼ਚੇ ਕਰ ਕੇ ਜੇਕਰ ਸੁਰਗ ਵਿੱਚ ਹੀ ਅੰਮ੍ਰਿਤ ਹੁੰਦਾ ਤਾਂ ਇੰਦਰ ਦੇ ਸਰੀਰ ਉੱਪਰ ਹਜ਼ਾਰ ਭਗਾਂ ਦਾ ਜੋ ਕਸ਼ਟ ਹੈ ਦੂਰ ਹੋ ਜਾਂਦਾ। ਸੋ ਇਹ ਪਿੱਛੇ ਕਥਨ ਕੀਤੇ ਸਾਰੇ ਅੰਮ੍ਰਿਤ ਝੂਠੇ ਹਨ। ਕੇਵਲ ਮਹਾਤਮਾਂ ਜਨਾਂ ਦੀ ਸੰਗਤ ਹੀ ਅੰਮ੍ਰਿਤ ਰੂਪ ਹੈ।

ਇਹ ਬੱਚੇ ਜਿਨ੍ਹਾਂ ਦੇ ਮਨ ਤੇ ਇਸ ਪ੍ਰਸੰਗ ਦਾ ਬੜਾ ਅਸਰ ਹੋਇਆ ਸੇਵਾ ਕਰਨ ਲੱਗ ਪਏ, ਉਸ ਸਮੇਂ ਹਜ਼ੂਰ ਨੂੰ ਖੂਹ ਗੇੜ ਕੇ ਇਸ਼ਨਾਨ ਕਰਵਾਉਂਦੇ ਤੇ ਪੱਖਾ ਕਰਦੇ ਰਹੇ ਸਨ, ਜਿਸ ਕਰ ਕੇ ਬਾਲਕ ਅਵਸਥਾ ਵਿੱਚ ਹੀ ਚੰਗੇ ਸੰਸਕਾਰ ਅੰਦਰ ਘਰ ਕਰ ਗਏ ਸਨ। ਪਹਿਲਾਂ ਤਾਂ ਸੰਤਾ ਸਿੰਘ ਆਪਣੇ ਘਰ ਦੀ ਜ਼ਮੀਨ ਵਿੱਚ ਵਾਹੀ ਕਰਦਾ ਰਿਹਾ। ਲੜਕੇ ਸਕੂਲਾਂ ਵਿੱਚ ਪੜ੍ਹਦੇ ਰਹੇ। ਆਪ ਸ. ਤੇਜਾ ਸਿੰਘ ਲਿਬੜੇ ਨਾਲ ਗੱਡੀਆਂ 'ਚ ਹਿੱਸਾ ਪਾ ਲਿਆ।

ਫਿਰ ਜਦੋਂ ਲੜਕੇ ਕੰਮ ਕਾਰ ਸੰਭਾਲਣ ਵਾਸਤੇ ਤਕੜੇ ਹੋ ਗਏ ਤਾਂ ਉਨ੍ਹਾਂ ਨਾਲੋਂ ਆਪਣਾ ਹਿੱਸਾ ਕੱਢ ਲਿਆ ਅਤੇ ਵੱਖਰੀਆਂ ਗੱਡੀਆਂ ਬਣਾ ਕੇ ਉਨ੍ਹਾਂ ਹੀ ਰੂਟਾਂ ਤੇ ਚਲਾਉਣ ਲੱਗ ਪਏ। ਫੇਰ ਦਿੱਲੀ ਰਿਹਾਇਸ਼ ਕਰ ਲਈ। ਦਿੱਲੀ ਲੁਧਿਆਣਾ ਟਰਾਂਸਪੋਰਟ ਦਫ਼ਤਰ ਦਾ ਨਾਮ ਹੈ। ਸੰਤ ਜੀ ਮਹਾਰਾਜ ਦੇ ਸ਼ਰਧਾਲੂ ਤੇ ਅੰਮ੍ਰਿਤਧਾਰੀ ਹਨ।

ਸੰਤ ਇੰਦਰ ਸਿੰਘ ਜੀ

ਇਸੇ ਤਰ੍ਹਾਂ ਜਦੋਂ ਸੰਤ ਇੰਦਰ ਸਿੰਘ ਜੀ ਨੇ ਪਹਿਲੀ ਵਾਰ ਪਵਿੱਤਰ ਅਸਥਾਨ ਦੇ ਦਰਸ਼ਨ ਕੀਤੇ ਸਨ ਬੜਾ ਪ੍ਰਸੰਨ ਹੋਇਆ। ਦੂਸਰੇ ਦਿਨ ਸਵੇਰੇ ਅਸਥਾਨ ਵਾਸੀ ਤਪੱਸਿਆ ਨਾਲ ਜਾਗ ਕੇ ਇਸ਼ਨਾਨ ਕਰਨ ਲੱਗੇ ਤਾਂ ਇਤਨੇ ਨੂੰ ਸਾਹਮਣੇ ਸਾਹਾਂ ਦਾ ਸਿਰਤਾਜ ਆਉਂਦਾ ਤੱਕਿਆ। ਆਪ ਜੀ ਨੇ ਦੌੜ ਕੇ ਚਰਨਾਂ ਤੇ ਸਿਰ ਰੱਖ ਦਿਤਾ। ਜਾਣੀ ਜਾਣ ਦਾਤੇ ਨੇ ਸੁਭਾਵਕ ਹੀ ਬਚਨ ਕੀਤਾ, "ਤੁਸੀਂ ਤਾਂ ਅਜੇ ਕੱਲ੍ਹ ਸ਼ਾਮੀਂ ਆਏ ਹੋ ਜੇਕਰ ਅਰਾਮ ਕਰਨਾ ਹੈ ਤਾਂ ਕਰ ਸਕਦੇ ਹੋ।" ਪਰ ਅੱਗੋਂ ਉੱਤਰ ਸੀ, "ਮਹਾਰਾਜ! ਅੱਗੇ ਤਾਂ ਮੈਂ ਰੋਜ਼ ਹੀ ਇਸੇ ਟਾਈਮ ਉੱਠਦਾ ਹਾਂ, ਪਰ ਅੱਜ ਜਿਵੇਂ ਆਪ ਜੀ ਦਾ ਹੁਕਮ ਹੋਵੇ।" ਤਾਂ ਅੱਗੋ ਪਿਆਰੇ ਨੇ ਹੱਸ ਕੇ ਉੱਤਰ ਦਿੱਤਾ, "ਜੇ ਰੋਜ਼ ਹੀ ਇਸੇ ਟਾਈਮ ਉੱਠਦੇ ਹੋ, ਫਿਰ ਕਾਹਨੂੰ ਜਾ ਕੇ ਸੌਣਾ ਹੈ?"

ਮੇਰੀ ਬੰਦਗ਼ੀ ਸੇ ਮੇਰੇ ਜੁਰਮ ਅਫਜ਼ੂੰ। ਤੇਰੀ ਨਦਰ ਸੇ ਤੇਰੀ ਰਹਿਮਤ ਜ਼ਿਆਦਾ।

ਬੱਸ ਪੰਜ ਸੱਤ ਦਿਨ ਹੀ ਅਜੇ ਆਇਆਂ ਨੂੰ ਹੋਏ ਸਨ। ਜੌਹਰੀ ਦੀ ਅੱਖ ਨੇ ਹੀਰੇ ਦੀ ਪਰਖ ਕਰ ਹਜ਼ੂਰੀਆ ਸੇਵਾਦਾਰ ਬਣਾ ਲਿਆ ਅਤੇ ਇੱਥੇ ਬਾਰਾਂ ਸਾਲ ਟਿਕੇ ਰਹੇ।

ਭਾਵ ੧੯੩੨ ਈ. ਤੋਂ ੧੯੪੪ ਦੀ ਅਗਸਤ ਤੱਕ ਮੁਤਾਬਿਕ ੧੯੯੦ ਬਿਕ੍ਰਮੀ ਸੰਮਤੀ ਨੂੰ ਆ ਕੇ ੨੦੦੨ ਦੀ ਭਾਦਰੋਂ ਤੱਕ ਬਾਰਾਂ ਸਾਲ ਸੇਵਾ ਕਰਦੇ ਰਹੇ। ਪਹਿਲਾਂ ਅੱਠ ਸਾਲ ਹਜ਼ੂਰੀਏ ਸੇਵਾਦਾਰ ਰਹੇ। ਨਾਲ ਨਾਲ ਬਾਹਰਲੇ ਪ੍ਰੋਗਰਾਮਾਂ ਦੀ ਸੇਵਾ ਸੰਭਾਲ ਦੀ ਜਥੇਦਾਰੀ ਵੀ ਸੌਂਪ ਦਿੱਤੀ। ਫਿਰ ਜਦੋਂ ੧੯੪੦ ਈ. ਵਿੱਚ ਸੰਤ ਜੀ ਮਹਾਰਾਜ ਨੇ ਆਪਣੀ ਰਿਹਾਇਸ਼ ਭੋਰੇ ਵਿੱਚ ਕਰ ਲਈ ਤਾਂ ਅਸਥਾਨ ਦਾ ਕੰਮ ਵੱਧ ਜਾਣ ਕਰ ਕੇ ਕੇਵਲ ਬਾਹਰਲੇ ਪ੍ਰੋਗਰਾਮਾਂ ਦੀ ਜਥੇਦਾਰੀ, ਆਏ ਗਏ ਪ੍ਰੇਮੀਆਂ ਨੂੰ ਸੰਤ ਜੀ ਮਹਾਰਾਜ ਪਾਸ ਬੇਨਤੀ ਕਰ ਕੇ ਦਰਸ਼ਨ ਦੀਦਾਰ ਤੇ ਬਚਨ ਬਿਲਾਸ ਕਰਨ ਵਾਸਤੇ ਵਕਤ ਦਿਵਾਉਣ ਦੀ ਜ਼ੁੰਮੇਵਾਰੀ ਅਤੇ ਅਸਥਾਨ ਤੇ ਕਾਰੋਬਾਰ ਵਿੱਚ ਹਿੱਸਾ ਲੈਣ ਦੀ ਸੇਵਾ ਕਰਦੇ ਰਹੇ। ਭੋਰੇ ਦੇ ਅੰਦਰ ਹਜ਼ੂਰ ਦੇ ਸਰੀਰ ਦੀ ਕਿਰਿਆ ਤੇ ਪ੍ਰਸ਼ਾਦ ਛਕਾਉਣ ਦੀ ਸੇਵਾ ਬਾਬੂ ਰਲਾ ਸਿੰਘ ਜੀ ਨੇ ਸੰਭਾਲ ਲਈ। ਤਾਂ ਸੰਤ ਜੀ ਨੇ ਇਹ ਉੱਤਮ ਉਪਦੇਸ਼ ਬਖ਼ਸ਼ਿਆ ਕਿ ਆਪਣੇ ਆਤਮਾ ਨੂੰ ਸਾਰੇ ਵਿਆਪਕ ਜਾਨਣਾ। ਜਿਵੇਂ ਮਕੜੀ ਆਪਣੇ ਅੰਦਰੋਂ ਜਾਲਾ ਕੱਢਦੀ ਹੈ, ਉਸ ਦਾ ਆਪਣੇ ਲਈ ਇੱਕ ਨਗਰ ਵਸਾਉਂਦੀ ਹੈ, ਜੋ ਬੜਾ ਹੀ ਸੁੰਦਰ ਅਤੇ ਸੁੱਖ ਦੇਣ ਵਾਲਾ ਹੁੰਦਾ

ਹੈ। ਇਸੇ ਤਰ੍ਹਾਂ ਸਾਨੂੰ ਭੀ ਆਪਣੇ ਅੰਦਰੋਂ ਸਭ ਕੁੱਝ ਲੈਣਾ ਚਾਹੀਦਾ ਹੈ। ਜਿਵੇਂ ਮੱਕੜੀ ਜੋ ਕੁੱਝ ਬਾਹਰ ਵੇਖਦੀ ਹੈ, ਉਹ ਵੀ ਉਸ ਦਾ ਆਪਣਾ ਆਪ ਹੈ ਕਿਉਂਕਿ ਉਹ ਸਾਰਾ ਅੰਦਰੋਂ ਹੀ ਆਇਆ ਹੈ ਅਤੇ ਜੋ ਕੁੱਝ ਅੰਦਰ ਹੈ ਇਹ ਵੀ ਉਸ ਦਾ ਆਪਣਾ ਆਪ ਹੈ। ਬਾਹਰ ਜਿੰਨੀਆਂ ਤਾਰਾਂ ਹਨ ਪਰ ਉਹ ਸਭ ਇਕੋ ਮੱਕੜੀ ਵਿੱਚੋਂ ਨਿੱਕਲੀਆਂ ਹੋਈਆਂ ਹਨ। ਅਸਲ ਵਿੱਚ ਹੈ ਕੀ? ਉਸ ਦੇ ਅੰਦਰ ਵੀ ਤਾਰਾਂ ਦੀਆਂ ਤੈਹਾਂ ਜੰਮੀਆਂ ਹੋਈਆਂ ਹਨ ਅਤੇ ਉਸ ਦੇ ਬਾਹਰ ਵੀ ਤਾਰਾਂ ਦਾ ਘੇਰਾ ਹੈ। ਭਾਵੇਂ ਅੰਦਰ ਅਤੇ ਬਾਹਰ ਦੋ ਹਨ, ਭਾਵ ਗੁਪਤ ਅਤੇ ਪ੍ਰਗਟ ਦੋ ਹਨ ਪਰ ਅਸਲ ਵਿੱਚ ਚੀਜ਼ ਇੱਕੋ ਹੈ। ਅੰਦਰਲਾ ਹੀ ਬਾਹਰ ਆ ਕੇ ਫੈਲ ਗਿਆ ਅਤੇ ਬਾਹਰਲਾ ਪਹਿਲਾਂ ਅੰਦਰ ਸੂਖਮ ਰੂਪ ਅਤੇ ਅਰੂਪ ਸੀ।

ਇਸੇ ਤਰ੍ਹਾਂ ਅਸੀਂ ਆਪਣੇ ਅੰਦਰ ਉਸ ਆਤਮਾ ਨੂੰ ਸੂਖਮ ਰੂਪ ਵਿੱਚ ਅਤੇ ਬਾਹਰ ਉਸੇ ਸੂਖਮ ਨੂੰ ਅਸਥੂਲ ਰੂਪ 'ਚ ਇੱਕ ਹੀ ਅਨੁਭਵ ਕਰੀਏ। ਜਿਤਨਾ ਚਿਰ ਇੱਕ ਵਿੱਚ ਅਨੇਕ ਅਤੇ ਅਨੇਕਾਂ ਵਿੱਚ ਮਨੁੱਖ ਇੱਕ ਅਨੁਭਵ ਨਹੀਂ ਕਰ ਸਕਦਾ, ਉਤਨਾ ਚਿਰ ਪਰਮ ਪਦਵੀ ਪ੍ਰਾਪਤ ਨਹੀਂ ਹੁੰਦੀ। ਇਹ ਮੱਕੜੀ ਚਾਅ ਵਿੱਚ ਆ ਕੇ ਜਾਲੇ ਦਾ ਤੰਬੂ ਬਾਹਰ ਲਾ ਦੇਂਦੀ ਹੈ ਅਤੇ ਚਾਅ ਵਿੱਚ ਆ ਕੇ ਇਕੱਠਾ ਕਰ ਲੈਂਦੀ ਹੈ। ਇਨ੍ਹਾਂ ਦੋਹਾਂ ਹਾਲਤਾਂ ਵਿੱਚ ਉਹ ਹਰਖ ਸੋਗ ਤੋਂ ਉੱਚੀ ਰਹਿੰਦੀ ਹੈ। ਇਸੇ ਤਰਾਂ ਅੰਦਰ ਬਾਹਰ ਕੇਵਲ ਇੱਕ ਉੱਪਰ ਆਸ਼ਾ ਅਤੇ ਇੱਕੋ ਉੱਪਰ ਭਰੋਸਾ ਰੱਖਣਾ ਚਾਹੀਦਾ ਹੈ। ਆਪਣੇ ਆਪ ਨੂੰ ਉਸ ਦਾ ਇੱਕ ਅੰਗ ਸਮਝ ਕੇ ਹਰ ਸਮੇਂ ਉਤਸ਼ਾਹ ਵਿੱਚ ਰਹਿਣਾ ਚਾਹੀਦਾ ਹੈ। ਇਸ ਇੱਕ ਮਹਾਂ ਰਸ ਨੂੰ ਛੱਡ ਕੇ ਅਨੇਕ ਪ੍ਰਕਾਰ ਸੰਸਾਰ ਦੇ ਭਿੰਨ ਭਿੰਨ ਰੰਗਾਂ ਵਿੱਚ ਖੱਚਤ ਨਹੀਂ ਹੋਣਾ ਚਾਹੀਦਾ। ਇਸ ਪ੍ਰਕਾਰ ਦੇ ਪਾਵਨ ਬਚਨ ਸੁਣ ਕੇ ਭਾਵਨਾ ਨਾਲ ਚਰਨਾਂ ਤੇ ਸਿਰ ਰੱਖ ਕੇ ਮੱਥਾ ਟੇਕਿਆ ਅਤੇ ਹਜ਼ੂਰ ਤੋਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਸੰਤ ਪ੍ਰੀਤਮ ਸਿੰਘ ਜੀ

ਇਸੇ ਤਰ੍ਹਾਂ ਘਣਗਸਾਂ ਪਿੰਡ ਦੇ ਪ੍ਰੀਤਮ ਸਿੰਘ ਜੀ ਦਸ ਕੁ ਸਾਲ ਦੀ ਉਮਰ ਦੇ ਬੱਚੇ ਸਨ, ਜਦੋਂ ੧੯੩੦ ਈ. ਦੇ ਲਗਭਗ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਆ ਟਿਕੇ। ਇੱਥੇ ਦਸ ਬਾਰਾਂ ਸਾਲ ਰਹੇ। ਹਜ਼ੂਰ ਤੋਂ ਉਪਦੇਸ਼ ਲੈ ਕੇ ਭਜਨ ਤੇ ਗੁਰੂ ਘਰ ਦੀ ਸੇਵਾ ਕਰਦੇ ਰਹੇ। ਪ੍ਰੇਮ ਦੀ ਮਸਤੀ ਵਿੱਚ ਮਗਨ ਰਹਿੰਦੇ।

ਜਿਨ੍ਹਾਂ ਨੂੰ ਲੱਗਾ ਸ਼ੌਂਕ ਮੌਲਾ ਦਾ, ਉਹ ਸਭ ਕੁੱਝ ਸਿਰ ਤੇ ਝੱਲਦੇ।
ਝਖੜ ਝਾਂਝੇ ਲੱਖ ਹਨ੍ਹੇਰੀਆਂ, ਉਹ ਵਾਂਗ ਸੁਮੇਰ ਨਾ ਹਲਦੇ।
ਭੁੱਖ ਵਿੱਚ ਰੱਜਣ, ਨੰਗ ਵਿੱਚ ਕਜਣ, ਉਹ ਭੁੱਖੇ ਨੇ ਇੱਕ ਗੱਲ ਦੇ।
ਸੰਤ ਰੇਣ ਜਿਨ੍ਹੀਂ ਅੱਖੀਂ ਡਿੱਠਾ, ਕੀ ਆਖਣ ਸੁਣ ਇੱਕ ਪਲ ਦੇ।

ਉਨ੍ਹਾਂ ਦੇ ਮਨ ਦਾ ਤਾਂ ਇਹ ਨਿਸ਼ਚਾ ਹੈ:

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥ *(ਸੂਹੀ ਮਃ ੪ - ੭੪੭)*

ਅਤੇ ਇਹੋ ਕਹਿੰਦੇ ਹਨ:

ਤੁਧਹੁੰ ਭੁੱਲਿਆਂ ਦੁੱਖ ਘਨੇਰੇ, ਤੁਧ ਡਿੱਠਿਆ ਦੁੱਖ ਨਾ ਕੋਈ।
ਜੇ ਦੁੱਖ ਹੋਂਦਾ ਤਾਂ ਮਨਸੂਰ ਨਾ ਰੋਂਦਾ, ਜੀਹਨੂੰ ਸੇਜਾਂ ਸੂਲੀ ਹੋਈ।
ਸੰਮਸ਼ ਖਲ ਉਪੱਠੀ ਲੱਥੀ, ਦਰ ਦਰ ਮਿਲੇ ਨ ਢੋਈ।
ਸੰਤ ਰੇਣ ਸੁਖ ਓਹੋ ਜਾਨਣ, ਹੋਰ ਬੀਆ ਨ ਜਾਣੈ ਕੋਈ।

ਨੱਥੂਮਾਜਰੇ ਦੇ ਭਾਈ ਤਿਰਲੋਕ ਸਿੰਘ ਨੇ ਬੇਨਤੀ ਕੀਤੀ ਪਾਤਸ਼ਾਹ ਤਿੰਨਾਂ ਗੁਣਾਂ ਦੇ ਲੱਛਣ ਤੇ ਕਿਸ ਚੀਜ਼ ਤੇ ਕਿਹੜਾ ਗੁਣ ਪੈਦਾ ਹੁੰਦਾ ਹੈ ਕ੍ਰਿਪਾ ਕਰ ਕੇ ਦੱਸੋ। ਉੱਤਰ:

੧) ਹਿੰਸਾ ਤੇ ਕ੍ਰੋਧ ਤਾਮਸੀ ਗੁਣ ਹੈ।
੨) ਲੋਭ ਤੇ ਹੰਕਾਰ ਕਰਨਾ ਰਾਜਸੀ ਗੁਣ ਹੈ।
੩) ਮਿੱਠਾ ਬੋਲਣਾ ਤੇ ਨਿਵਕੇ ਚਲਣਾ ਇਹ ਸ਼ਾਂਤਕੀ ਗੁਣ ਹੈ।

ਜਿਸ ਜਿਸ ਭੋਜਨ ਤੋਂ ਇਹ ਪੈਦਾ ਹੁੰਦੇ ਹਨ, ਉਹ ਵੀ ਸੁਣੋ:

ਬੇਹਾ, ਜੂਠਾ ਤੇ ਬਹੁਤ ਮਿਰਚ ਮਸਾਲੇ ਵਾਲਾ ਭੋਜਨ ਖਾਣ ਤੋਂ, ਪਰਾਈ ਨਿੰਦਾ ਕਰਨ ਤੇ ਬਹੁਤਾ ਸੌਣ ਤੋਂ ਸਰੀਰ ਤੇ ਮੈਲਾ ਲਿਬਾਸ ਰੱਖਣ ਤੋਂ, ਮੂਰਖਾਂ ਦੀ ਸੰਗਤ ਤੇ ਝੂਠ ਬੋਲਣ ਤੋਂ ਤਮੋਂ ਗੁਣ ਪੈਦਾ ਹੁੰਦਾ ਹੈ। ਮਿੱਠਾ ਤੇ ਸਲੂਣਾ ਭੋਜਨ ਕਰਨਾ, ਬਹੁਤੇ ਭੋਗਾਂ ਬਿਲਾਸਾਂ ਨੂੰ ਭੋਗਣਾਂ, ਆਪਣੇ ਅੰਦਰ ਜਸ ਕਰਵਾਉਣ ਦੀ ਇੱਛਾ ਹੋਣੀ, ਭਟਕੀਲੇ ਤੇ ਚਮਕੀਲੇ

ਬਸਤਰ ਪਾਉਣੇ, ਇਨ੍ਹਾਂ ਗੱਲਾਂ ਤੋਂ ਰਜੋ ਗੁਣ ਪੈਦਾ ਹੁੰਦਾ ਹੈ। ਉੱਜਲ ਬਸਤਰ ਰੱਖਣੇ ਤੇ ਇਸ਼ਨਾਨ ਕਰਦੇ ਰਹਿਣਾ, ਚੌਲ, ਮੂੰਗੀ ਦੀ ਦਾਲ ਥੋਹੜੇ ਮਾਤਰ ਹੀ ਖਾਣੀ, ਇਸ ਤੋਂ ਸਤੋਗੁਣ ਪੈਦਾ ਹੁੰਦਾ ਹੈ।

ਤਿੰਨਾਂ ਗੁਣਾਂ ਦੀ ਪ੍ਰੀਖਿਆ

੧) ਕਥਾ ਕੀਰਤਨ ਦੇ ਸਮੇਂ ਸ਼ਬਦ ਦੇ ਸਨਮੁਖ ਆਪਣੇ ਨੇਤਰ ਤੇ ਮੁੱਖ ਨੂੰ ਕਰੇ, ਜੇਕਰ ਮਨ ਟਿਕ ਰਹੇ, ਡੋਲੇ ਨਾ ਅਤੇ ਯਥਾਰਥ ਸਮਝੇ ਤਾਂ ਜਾਣੋ ਸਤੋਗੁਣ ਸਹਿਤ ਹੈ। ੨) ਕਦੇ ਮਨ ਟਿਕੇ ਅਤੇ ਕਦੇ ਡੋਲ ਜਾਵੇ ਇਸ ਨੂੰ ਰਜੋ ਗੁਣ ਸਹਿਤ ਜਾਣੇ। (੩) ਜੇਕਰ ਮਨ ਸ਼ਬਦ ਵਿੱਚ ਨਾ ਟਿਕੇ, ਨਾ ਅਰਥ ਦੀ ਸਮਝ ਪਵੇ, ਚੋਰੀ ਯਾਰੀ ਨੂੰ ਦਿਲ ਕਰੇ ਤਾਂ ਤਮੋਗੁਣ ਦੀ ਪ੍ਰਧਾਨਤਾ ਸਮਝੇ। ਇਹ ਉਪਦੇਸ਼ ਦੇ ਕੇ ਸੰਤ ਜੀ ਮਹਾਰਾਜ ਨੇ ਕ੍ਰਿਪਾ ਕੀਤੀ ਸੇਵਾ ਤੇ ਸਿਮਰਨ ਦੀ ਦਾਤ ਬਖ਼ਸ਼ੀ।

ਜਥੇਦਾਰ ਮਹਿੰਦਰ ਸਿੰਘ ਜੀ

ਦਬੁਰਜੀ ਪਿੰਡ ਦੇ ਜਥੇਦਾਰ ਮਹਿੰਦਰ ਸਿੰਘ ਜੀ ੧੯੩੯ ਵਿੱਚ ਸੰਤ ਜੀ ਮਹਾਰਾਜ ਦੇ ਪਾਸ ਆ ਗਏ। ਪਹਿਲਾਂ ਦੋ ਸਾਲ ਵੱਡੇ ਲੰਗਰ ਦੇ ਸ੍ਰੀਮਾਨ ਰਹੇ। ਫਿਰ ਸੰਤ ਜੀ ਮਹਾਰਾਜ ਦੇ ਜਥੇ ਨਾਲ ਬਾਹਰ ਅੰਦਰ ਜਾਣ ਲੱਗ ਪਏ। ਬਾਅਦ ਵਿੱਚ ਢੋਲਕੀ ਵਜਾਉਣ ਦੀ ਸੇਵਾ ਸੰਭਾਲ ਲਈ ਅਤੇ ਸਾਰੀਆਂ ਥਾਵਾਂ ਵਿੱਚ ਸੰਤ ਜੀ ਮਹਾਰਾਜ ਦੇ ਨਾਲ ਹੀ ਰਹੇ। ਜੈਸਾ ਕਿ ਕਲਕੱਤਾ, ਬੰਬਈ, ਰਾਂਚੀ, ਪਟਨਾ, ਸ਼ਿਮਲਾ ਤੇ ਅਫਰੀਕਾ ਦੇ ਦੌਰੇ ਸਮੇਂ ਵੀ ਆਪ ਜੀ ਨਾਲ ਸਨ। ਦੋ ਵਾਰੀ ਇੰਗਲੈਂਡ ਵਿੱਚ ਭੀ ਨਾਲ ਸਨ।

੧੯੭੫ ਈ. ਤੋਂ ਬਾਅਦ ਬਾਹਰਲੇ ਪ੍ਰੋਗਰਾਮਾਂ ਦੀ ਜਥੇਦਾਰੀ ਵੀ ਸੌਂਪ ਦਿੱਤੀ ਜੋ ਬਾਅਦ ਵਿੱਚ ਇਹੋ ਹੀ ਜਥੇਦਾਰ ਤੇ ਅਸਥਾਨ ਦੀ ਸੇਵਾ ਦੇ ਸੇਵਾਦਾਰਾਂ ਵਿੱਚੋਂ ਮੁਖੀ ਸੱਜਣ ਰਹੇ। ਬਹੁਤ ਸਾਰੇ ਗੁਰਮੁਖ ਸਿੰਘਾਂ ਨੂੰ ਢੋਲਕੀ ਤੇ ਗਤਕਾ ਸਿਖਾਇਆ। ਆਪ ਵੀ ਅੰਮ੍ਰਿਤ ਵੇਲੇ ਜਾਗ ਕੇ ਸਿਮਰਨ ਵਿੱਚ ਜੁੜਨਾਂ, ਦਿਨੇ ਸੇਵਾ ਕਰਨੀ, ਸਮੂੰਹ ਵਿਕਾਰ ਬਿਰਤੀਆਂ ਨੂੰ ਕਾਬੂ ਕੀਤਾ ਹੈ ਅਤੇ ਹਜ਼ੂਰ ਦੇ ਇਸ ਉਪਦੇਸ਼ ਨੂੰ ਪੂਰਨ ਨੇਸ਼ਟਾ ਵਿੱਚ ਲਿਆਂਦਾ ਹੈ।

ਆਤਮਾ ਸਭ ਤੋਂ ਪਿਆਰਾ ਹੈ

ਸੰਤ ਜੀ ਮਹਾਰਾਜ ਨੇ ਚੰਗਾ ਕਮਾਈ ਵਾਲਾ ਗੁਰਮੁਖ ਜਾਣ ਕੇ ਇਹ ਸ੍ਰੇਸ਼ਟ ਸਿੱਖਿਆ ਬਖ਼ਸ਼ੀ ਕਿ ਸਾਰਿਆਂ ਨੂੰ ਆਪਣਾ ਆਤਮਾ ਹੀ ਪਿਆਰਾ ਹੈ। ਯਥਾ ਪਹਿਲਾਂ ਲੋਕਾਂ ਨੇ ਧਨ ਨੂੰ ਸਭ ਤੋਂ ਪਿਆਰਾ ਮੰਨਿਆ ਹੈ, ਇਸ ਨੂੰ ਚੋਰੀ ਠੱਗੀ ਡਾਕੇ ਮਾਰ ਕੇ ਬਲੈਕਾ ਨਾਲ ਇਕੱਠਾ ਕਰਦੇ ਹਨ। ਧਨ ਤੋਂ ਪੁੱਤਰ ਪਿਆਰਾ ਹੈ, ਜੇਕਰ ਦੁਸ਼ਟ ਕਰਮ ਕਰ ਕੇ ਪੁੱਤਰ ਫਸ ਜਾਵੇ ਤਾਂ ਉਸ ਨੂੰ ਧਨ ਖ਼ਰਚ ਕੇ ਛੁਡਾਉਂਦੇ ਹਨ। ਪੁੱਤਰ ਨਾਲੋਂ ਆਪਣਾ ਸਰੀਰ ਪਿਆਰਾ ਹੈ। ਜੇਕਰ ਕਾਲ ਪੈ ਜਾਵੇ, ਭੁੱਖ ਦੇ ਦੁੱਖ ਨਾਲ ਪ੍ਰਾਣ ਨਿਕਲਦੇ ਹੋਣ ਤਾਂ ਆਪਣਾ ਪੁੱਤਰ ਵੇਚ ਕੇ ਵੀ ਸਰੀਰ ਨੂੰ ਪਾਲਦਾ ਹੈ। ਤਨ ਨਾਲੋਂ ਇੰਦਰੇ ਪਿਆਰੇ ਹਨ। ਕਿਸੇ ਬੁਰੇ ਕਰਮ ਕਰਨ ਤੋਂ ਜੇਕਰ ਸਰੀਰ ਉੱਤੇ ਮਾਰ ਪਵੇ ਤਾਂ ਕਹਿੰਦਾ ਹੈ, ਮੇਰੇ ਮੂੰਹ ਨੱਕ ਅਤੇ ਅੱਖਾਂ ਉੱਤੇ ਸੱਟ ਨਾ ਮਾਰੋ, ਸਰੀਰ ਉੱਤੇ ਬੇਸ਼ਕ ਲੱਗਣ ਦਿਓ। ਇੰਦ੍ਰੀਆਂ ਤੋਂ ਪ੍ਰਾਣ ਪ੍ਰਿਅ ਹਨ। ਜਦੋਂ ਇਸ ਕੋਲੋਂ ਕੋਈ ਖੋਟਾ ਕੰਮ ਹੋ ਜਾਵੇ ਤਾਂ ਰਾਜਾ ਕਹਿੰਦਾ ਹੈ, ਇਸ ਦਾ ਤਨ ਨਾਸ ਕਰ ਦੇਵੋ, ਭਾਵ ਪ੍ਰਾਣ ਕੱਢ ਕੇ ਇਸ ਨੂੰ ਮਾਰ ਦੇਵੋ। ਤਾਂ ਇਹ ਕਹਿੰਦਾ ਹੈ ਮੇਰੇ ਪ੍ਰਾਣ ਨਾ ਕੱਢੋ, ਮੇਰਾ ਹੱਥ, ਪੈਰ, ਕੰਨ, ਨੱਕ ਕੋਈ ਅੰਗ ਕੱਟ ਦੇਵੋ। ਪ੍ਰਾਣਾਂ ਤੋਂ ਆਤਮਾ ਪਿਆਰਾ ਹੈ। ਜਦੋਂ ਇਸ ਦੇ ਸਰੀਰ ਨੂੰ ਕੋਈ ਰੋਗ ਲੱਗ ਜਾਵੇ ਤਾਂ ਇਹ ਕਹਿੰਦਾ ਹੈ, ਹੇ ਰੱਬਾ! ਤੂੰ ਹੁਣ ਮੇਰੇ ਪ੍ਰਾਣ ਕੱਢ ਲੈ। ਇਸ ਕਰ ਕੇ ਆਤਮਾ ਹੀ ਸਭ ਤੋਂ ਪਿਆਰਾ ਹੈ। ਹਜ਼ੂਰ ਦਾ ਪਾਵਨ ਉਪਦੇਸ਼ ਸੁਣ ਕੇ ਦਾਤੇ ਨੂੰ ਨਮਸ਼ਕਾਰ ਕੀਤੀ।

ਗਿ. ਬਲਵੀਰ ਸਿੰਘ ਜੀ

ਭੁੱਟੇ ਨਗਰ ਦੇ ਗਿ. ਬਲਬੀਰ ਸਿੰਘ ਜੀ ਭਾਵੇਂ ਦਰਸ਼ਨ ਤਾਂ ਪਹਿਲਾਂ ਤੋ ਹੀ ਕਰਦੇ ਸਨ ਪਰ ਹੁਣ ਤਾਂ ੧੯੩੫ ਈ. ਦੇ ਫਰਵਰੀ ਮਹੀਨੇ ਪੱਕੇ ਹੀ ਆ ਟਿਕੇ। ਸੰਤ ਜੀ ਮਹਾਰਾਜ ਨੇ ਕਈ ਥਾਈਂ ਭੇਜ ਕੇ ਖ਼ਰਚ ਦੇ ਕੇ ਵਿੱਦਿਆ ਪੜ੍ਹਾਈ। ਉਪਰੰਤ ੧੯੪੦ ਈ. ਵਿੱਚ ਦੂਸਰੇ ਅਸਥਾਨ ਤੇ (ਜੋ ਹੁਣ ਨਹਿਰ ਦੇ ਕੰਢੇ ਸ਼ਸ਼ੋਭਤ ਹੈ) ਆ ਗਏ। ਇੱਥੇ ਹਜ਼ੂਰ ਦੀ ਆਗਿਆ ਨਾਲ ਦੋਵੇਂ ਵਕਤ ਸੁਬ੍ਹਾ ਤੇ ਸ਼ਾਮ ਕਥਾ ਸ਼ੁਰੂ ਕਰ ਦਿੱਤੀ। ਸਵੇਰੇ ਗੁਰਬਾਣੀ ਦੀ ਕਥਾ (ਜਿਸ ਨੂੰ ਵਿੱਦਿਆਰਥੀ ਸਿੰਘ ਪੋਥੀਆਂ ਪ੍ਰਕਾਸ਼ ਕਰ ਕੇ ਸੁਣਦੇ ਸਨ), ਸ਼ਾਮ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜਿਸ ਦੀਆਂ ਮੁਕੰਮਲ ਤਿੰਨ ਕਥਾ ਦਾ ਭੋਗ ਪਾਇਆ। ਅਸਥਾਨ ਨਿਵਾਸੀ ਪ੍ਰੇਮੀਆਂ ਨੂੰ ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਤੇ ਹੋਰ ਗ੍ਰੰਥ ਵੀ ਪੜ੍ਹਾਏ। ਲੇਖਕ ਨੇ ਭੀ ਇਨ੍ਹਾਂ ਪਾਸੋਂ ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਕੀਤਾ, ਛੋਟੇ ਗ੍ਰੰਥ ਭੀ ਪੜ੍ਹੇ। ਕੁੱਝ ਕੁ ਸਮਾਂ ਸੰਤ ਜੀ

ਮਹਾਰਾਜ ਦੇ ਨਾਲ ਪਿੰਡਾਂ ਤੇ ਸ਼ਹਿਰਾਂ ਦੇ ਪ੍ਰੋਗਰਾਮਾਂ ਵਿੱਚ ਦੌਰੇ ਤੇ ਵੀ ਰਹੇ।

ਉਪਰੰਤ ਗਿ. ਬਲਬੀਰ ਸਿੰਘ ਜੀ ੧੯੪੮ ਈ. ਦੇ ਕੱਤਕ 'ਚ ਆਪਣੇ ਨਗਰ ਆ ਗਏ ਜਿੱਥੇ ਕਿ ਡੇਢ ਸਾਲ ਗੁਰਦੁਆਰੇ ਸਾਹਿਬ ਕਥਾ ਕੀਤੀ। ਫਿਰ ਮੋਮਨਾਬਾਦ ਵਾਲੇ ਭਾਈ ਦਲੀਪ ਸਿੰਘ ਜੀ ਨਾਲ ਸੁਖਨ ਵਾਲੀਆਂ ਛੰਨਾਂ ਆ ਗਏ। ਇੱਥੇ ਸੰਤ ਜੀ ਮਹਾਰਾਜ ਦੇ ਨਾਮ ਤੇ ਈਸ਼ਰਪੁਰਾ ਅਸਥਾਨ ਅਬਾਦ ਕੀਤਾ ਜੋ ਕਿ ਲੁਧਿਆਣਾ ਧੂਰੀ ਰੋਡ ਤੇ ਅਹਿਮਦਗੜ੍ਹ ਮੰਡੀ ਤੋਂ ਸਿੱਧਾ ਦੋ ਮੀਲ ਦੀ ਦੂਰੀ ਤੇ ਹੈ। ਫਿਰ ਭਾਈ ਮਹਾਂ ਸਿੰਘ ਜੀ ਵੀ ਇਨ੍ਹਾਂ ਦੇ ਪਾਸ ਆ ਗਏ। ਹਿਕਮਤ ਵੀ ਚੰਗੀ ਜਾਣਦੇ ਸਨ। ਅਖ਼ੀਰ ਨੂੰ ਧੁਰ ਦਰਗਾਹ ਦੇ ਅਟੱਲ ਹੁਕਮ ਅਨੁਸਾਰ ੪੯ ਸਾਲ ਦੀ ਉਮਰ ਵਿੱਚ ੩ ਜਨਵਰੀ ੧੯੭੨ ਈ. ਨੂੰ ਪ੍ਰਲੋਕ ਗਵਨ ਕਰ ਗਏ ।

੧੩ ਜਨਵਰੀ ੧੯੭੨ ਈ. ਨੂੰ ਇਨ੍ਹਾਂ ਦੇ ਨਮਿਤ ਰੱਖੇ ਅਖੰਡ ਪਾਠਾਂ ਦੀ ਸਮਾਪਤੀ ਦੇ ਵੱਡੇ ਅਤੇ ਛੋਟੇ ਦੋਵੇਂ ਮਹਾਂਪੁਰਸ਼ ਕਰਮਸਰ ਤੋਂ ਪੁੱਜੇ ਸਨ। ਉਸ ਸਮੇਂ ਸੰਤ ਜੀ ਨੇ ਭਾਈ ਦਲੀਪ ਸਿੰਘ ਜੀ ਨੂੰ ਵੱਡੇ ਥਾਂ, ਭਾਈ ਮਹਾਂ ਸਿੰਘ ਜੀ ਨੂੰ ਉਸ ਦੇ ਨਾਲ ਸਹਿਕਾਰੀ ਬਣਾ ਕੇ ਛੋਟੇ ਥਾਂ ਅਸਥਾਪਨ ਕੀਤਾ ਅਤੇ ਦੋਹਾਂ ਗੁਰਮੁਖਾਂ ਨੂੰ ਆਪਣੇ ਕਰ ਕਮਲਾਂ ਨਾਲ ਦਸਤਾਰੇ ਬਖ਼ਸ਼ ਕੇ ਨਿਵਾਜਿਆ। ਇਉਂ ਮਰਯਾਦਾ ਪ੍ਰਸ਼ੋਤਮ ਦਾਤੇ ਨੇ ਦਸਤਾਰਬੰਦੀ ਦੀ ਰਸਮ ਅਦਾ ਕੀਤੀ। ਉਪਰੰਤ ਖੁੱਲ੍ਹਾ ਭੰਡਾਰਾ ਵਰਤਾਇਆ ਗਿਆ।

ਭਾਗ ਤੀਜਾ

ਕਾਂਡ ੧੯

ਕਰਮਸਰ ਰਾੜਾ ਸਾਹਿਬ

ਕਰਮਸਰ ਅਸਥਾਨ ਹੈ ਸੰਤ ਜੀ ਦਾ, ਨਹਿਰ ਸਾਮ੍ਹਣੇ ਵੀਰਨੋ ਜਾਂਵਦੀ ਹੈ।
ਖੁਸ਼ਬੂ ਭਰੇ ਦਰਖ਼ਤ ਨੇ ਅੰਦਰ, ਪੰਗਤ ਭੌਰਿਆਂ ਦੀ ਗੂੰਜਾਂ ਪਾਵਦੀ ਹੈ।
ਪਿਛਲੇ ਪਾਸੇ ਗੁਰਦੁਆਰੇ ਦੇ ਦਿੱਸੇ ਭੋਰਾ, ਫੁੱਲਵਾੜੀ ਵੀ ਵਿੱਚ ਸੁਹਾਂਵਦੀ ਹੈ।
ਲੱਗੇ ਫੁੱਲ ਗ਼ੁਲਾਬ ਨੂੰ ਖਿੜਨ ਕਲੀਆਂ, ਨਰਗਸ ਆਪਣੀ ਟਹਿਕ ਦਿਖਾਂਵਦੀ ਹੈ।
ਰਾਤ ਰਾਣੀ ਗ਼ੁਲਦੌਦੀ ਨੂੰ ਫੁੱਲ ਟਹਿਕਣ, ਦਿਨਪਤੀ ਦੀ ਮਹਿਕ ਵੀ ਆਂਵਦੀ ਹੈ।
ਸੇਵਕ ਵਸਦੇ ਭੋਰੇ ਦੇ ਚਾਰ ਪਾਸੇ, ਸੰਗਤ ਵਾਹਿਗੁਰੂ ਨਾਮ ਧਿਆਂਵਦੀ ਹੈ।
ਲੰਗਰ ਗੁਰੂ ਕਾ ਚੱਲਦਾ ਪਹਿਰ ਅੱਠੇ, ਭੁੱਖੀ ਜਿੰਦੜੀ ਕੋਈ ਨ ਜਾਂਵਦੀ ਹੈ।
ਭਗਤ ਆ ਜਾਵੇ ਕੋਈ ਰਾਮ ਪਿਯਾਰਾ, ਸੰਗਤ ਸਭ ਬਲਿਹਾਰਨੇ ਜਾਂਵਦੀ ਹੈ।
ਕਲਮ ਨਹੀਂ ਲਿਖ ਸਕਦੀ ਉਸਤਤੀ ਨੂੰ, ਸੰਤ ਪੁਰੀ ਬੈਕੁੰਠ ਸਦਾਂਵਦੀ ਹੈ।
ਅਠਸਠ ਤੀਰਥ ਨੇ ਉੱਥੇ ਨਿਵਾਸ ਕਰਦੇ, ਜਿੱਥੇ ਸੰਤ ਜਨ ਚਰਨ ਟਿਕਾਂਵਦੇ ਨੇ।
ਪ੍ਰੇਮ ਰੰਗਣ ਦੇ ਵਿੱਚ ਨੇ ਰੰਗ ਦਿੰਦੇ, ਨਿਗ੍ਹਾ ਮੇਹਰ ਦੀ ਜਦੋਂ ਕਰਾਂਵਦੇ ਨੇ।
ਘਰੋਂ ਹੋ ਦਲਗੀਰ ਜੋ ਪੁਰਸ਼ ਆਉਂਦੇ, ਦਰਸ਼ਨ ਕਰਨ ਤੇ ਖ਼ੁਸ਼ੀ ਹੋ ਜਾਂਵਦੇ ਨੇ।
ਚਾਲੀ ਨਿੱਤ ਦੀ ਸੁਣੋ ਹਰਿ ਪਿਯਾਰਿਆਂ ਦੀ, ਜਾਮ ਜਾਮਨੀ ਉੱਠ ਕੇ ਨ੍ਹਾਂਵਦੇ ਨੇ।
ਸਾਰੇ ਸਿੰਘ ਵੀ ਨਾਲ ਇਸ਼ਨਾਨ ਕਰਦੇ, ਤਿੰਨ ਵਜੇ ਗੁਰਦਵਾਰੇ ਆ ਜਾਂਵਦੇ ਨੇ।
ਚਾਰੇ ਤਰਫ ਸੰਗਤ ਸਾਰੀ ਬੈਠ ਜਾਂਦੀ, ਗਯਾਨ ਦਾਤਾ ਵਿਚਕਾਰ ਸੁਹਾਂਵਦੇ ਨੇ।
ਸਿੱਖ ਪੰਗਤੀ ਸੋਭਦੀ ਤਾਰਿਆਂ ਦੀ, ਵਿੱਚ ਚੰਦ੍ਰਮਾਂ ਰੂਪ ਸੁਹਾਂਵਦੇ ਨੇ।
ਕਿਧੋਂ ਲਖੋ ਬੈਕੁੰਠ ਨੂੰ ਛੱਡ ਬਿਸ਼ਨੂੰ, ਸਿੱਖ ਦੇਣ ਸਣ ਧਰਤ ਤੇ ਆਂਵਦੇ ਨੇ।
ਭਿੰਨੀ ਰੈਨੜੀ ਦਾ ਨਕਸ਼ਾ ਤੱਕ ਸਾਰੇ, ਮਨਾਂ ਵਿੱਚ ਪ੍ਰਸੰਨ ਹੋ ਗਾਂਵਦੇ ਨੇ।
ਖੁਸ਼ਬੂ ਫੁੱਲਾਂ ਦੀ ਆਂਵਦੀ ਓਸ ਵੇਲੇ, ਮਾਨੋ ਦੇਵਤੇ ਅਮੀ ਛਿੜਕਾਂਵਦੇ ਨੇ।
ਪੰਜ ਵਜੇ ਦੇ ਵਕਤ ਘੜਿਆਲ ਵੱਜਦੀ, ਸ੍ਰੀ ਆਸਾ ਦੀ ਵਾਰ ਫਿਰ ਗਾਂਵਦੇ ਨੇ।
ਨਿਤ ਬਾਰਾਂ ਸਲੋਕਾਂ ਦਾ ਕਰਨ ਕੀਰਤਨ, ਸੂਰਜ ਚੜ੍ਹੇ ਤੇ ਭੋਗ ਨੂੰ ਪਾਂਵਦੇ ਨੇ।
ਪੂਰਨਮਾਸ਼ੀ ਸੰਗ੍ਰਾਂਦ ਨੂੰ ਪੜ੍ਹਨ ਸਾਰੀ, ਗੱਫੇ ਦੇਗ ਦੇ ਖੁੱਲ੍ਹੇ ਵਰਤਾਂਵਦੇ ਨੇ।
ਦੋ ਵਜੇ ਹੀ ਲਾਂਗਰੀ ਸਿੰਘ ਜਾਗਣ, ਚਾਹਾਂ ਤਿਯਾਰ ਕਰ ਘੰਟੀਆਂ ਲਾਂਵਦੇ ਨੇ।
ਅਰਸ਼ੀ ਪ੍ਰੀਤਮ ਦੇ ਆਸਰੇ ਵਿੱਚ ਜੰਗਲ, ਰਾਹੀ ਪਾਂਧੀ ਵੀ ਮੌਜ ਉਡਾਂਵਦੇ ਨੇ।
ਬਾਰਾਂ ਵਜੇ ਫਿਰ ਲੰਗਰ ਵਿੱਚ ਹੋਏ ਘੰਟੀ, ਸਾਰੇ ਸਿੰਘ ਪ੍ਰਸ਼ਾਦ ਛਕਾਂਵਦੇ ਨੇ।
ਉਸ ਤੋਂ ਬਾਅਦ ਫਿਰ ਕੁੱਝ ਆਰਾਮ ਕਰ ਕੇ, ਤਿੰਨ ਵਜੇ ਤੋਂ ਉੱਠ ਕੇ ਨਾਂਵਦੇ ਨੇ।
ਕੁੱਝ ਕੁ ਸਿੰਘ ਤਾਂ ਲੱਗਦੇ ਡਿਊਟੀਆਂ ਤੇ, ਫਿਰਨ ਤੁਰਨ ਕੁੱਝ ਨਹਿਰ ਤੇ ਜਾਂਵਦੇ ਨੇ।
ਸੂਰਜ ਛਿਪੇ ਰਹਿਰਾਸ ਦਾ ਪਾਠ ਹੋਵੇ, ਕੀਰਤਨ ਨਾਲ ਹੀ ਸ਼ੁਰੂ ਕਰਾਂਵਦੇ ਨੇ।
ਨੌ ਵਜੇ ਤੋਂ ਕੀਰਤਨ ਭੋਗ ਪੈਂਦਾ, ਗਿਆਨੀ ਸਿੰਘ ਫਿਰ ਕਥਾ ਸੁਨਾਂਵਦੇ ਨੇ।
ਹਰੀ ਕੀਰਤ ਤੇ ਕਥਾ ਤੋਂ ਬਾਦ ਗੁਰਮੁਖ, ਫੇਰ ਸੁੰਨ ਸਮਾਧੀਆਂ ਲਾਂਵਦੇ ਨੇ।
ਗਿਆਰਾਂ ਵਜੇ ਤਕ ਬੈਠੇ ਅਡੋਲ ਰਹਿੰਦੇ, ਧੀਰਜ ਨਾਲ ਫਿਰ ਉੱਠ ਕੇ ਜਾਂਵ੍ਹਦੇ ਨੇ।
ਸਨੇ ਸਨੇ ਫਿਰ ਕੋਠੀਆਂ ਵਿੱਚ ਆਉਂਦੇ, ਹਿਰਦੇ ਵਾਹਿਗੁਰੂ ਨਾਮ ਧਿਆਂਵਦੇ ਨੇ।
ਚਾਲੀ ਨਿੱਤ ਇਹ ਹਰੀ ਪਿਆਰਿਆਂ ਦੀ, ਬਾਣੀ ਮਿੱਠੀ ਦੇ ਨਾਲ ਬੁਲਾਂਵਦੇ ਨੇ।
ਆਪ ਜਪਦੇ ਨਾਮ 'ਰਣਜੀਤ ਸਿੰਘਾ' ਨਾਲੇ ਹੋਰਨਾਂ ਤਾਈਂ ਜਪਾਂਵਦੇ ਨੇ।

ਤਥਾ: ਬਹੁਤ ਬੰਦਗ਼ੀ ਕਰ ਹਰੀ ਪਿਆਰਿਆਂ ਨੇ, ਜਸ ਕੁਲ ਸੰਸਾਰ ਵਰਤਾਇਆ ਸੀ।
ਚੋਰ, ਠੱਗ, ਉਚੱਕਾ ਜੋ ਸਰਨ ਆਵੇ, ਉਹਨੂੰ ਦੇਵਤਾ ਰੂਪ ਬਣਾਇਆ ਸੀ।
ਪਿੰਡਾਂ ਸ਼ਹਿਰਾਂ 'ਚ ਸਿੱਖੀ ਪ੍ਰਚਾਰ ਕਰ ਕੇ, ਨਾਸਤਕ ਲੋਕਾਂ ਨੂੰ ਰੱਬ ਮਨਾਇਆ ਸੀ।
ਥੋਹੜੇ ਸ਼ਬਦਾਂ ਵਿੱਚ ਇਹ ਹਾਲ ਦਿੱਤਾ, ਤਪ ਹੋਰ ਬਥੇਰਾ ਹੀ ਤਾਇਆ ਸੀ।
ਕਰਮਸਰ ਅਸਥਾਨ ਦਾ ਨਾਮ ਸੋਹਣਾ, ਰਾੜਾ ਸਾਹਿਬ ਵੀ ਕਈਆਂ ਅਲਾਇਆ ਸੀ।
ਲੁਧਿਆਣੇ ਦਾ ਜ਼ਿਲ੍ਹਾ ਤੇ ਸੜਕ ਜੀ. ਟੀ. ਤੇਰਾ ਮੀਲ ਦੋਰਾਹਾ ਬਤਲਾਇਆ ਸੀ।
ਸਿਧੀ ਨਹਿਰ ਦੋਰਾਹੇ ਤੋਂ ਆਂਵਦੀ ਹੈ, ਅੱਠਾਂ ਮੀਲਾਂ ਤੇ ਰਚਨ ਰਚਾਇਆ ਸੀ।
ਗੱਡੀ ਐਕਸਪ੍ਰੈਸ ਵੀ ਠਹਿਰਦੀ ਹੈ, ਸਟੇਸ਼ਨ ਮੰਡੀ ਦੋਰਾਹੇ ਦਾ ਗਾਇਆ ਸੀ।
ਮੇਨ ਲਾਈਨ ਉੱਪਰ ਜੰਕਸ਼ਨ ਨਹੀਂ ਬਣਿਆ, ਇਸੇ ਲਈ ਨਾ ਮੇਲ ਅਟਕਾਇਆ ਸੀ।
ਰਸਤਾ ਦੂਜਾ ਲੁਧਿਆਣਿਓਂ ਸੜਕ ਜਾਂਦੀ, ਮਲੇਰ ਕੋਟਲਾ ਸ਼ਹਿਰ ਬਤਾਇਆ ਜੀ।
ਏਸੇ ਨਹਿਰ ਜਗੇੜੇ ਦਾ ਪੁਲ ਆਵੇ, ਮੀਲ ਸੱਤਵਾਂ ਵਿਥ ਦਰਸਾਇਆ ਜੀ।
ਲੁਧਿਆਣੇ ਤੋਂ ਸਿੱਧੀ ਸੜਕ ਆਵੇ, ਚੌਂਕ ਬੱਸਾਂ ਦਾ ਏਥੇ ਬਣਾਇਆ ਜੀ।
ਅਹਿਮਦਗੜ੍ਹ ਦੇ ਖੰਨਿਓਂ ਬੱਸ ਚੱਲਦੀ, ਗੋਲਾਂ ਨਹਿਰ ਦੇ ਉੱਪਰੋਂ ਆਇਆ ਜੀ।
ਖਾਲਸਾ ਹਾਈ ਸਕੂਲ ਤੇ ਬਣੇ ਕਾਲਿਜ, ਇਹ ਵੀ ਸੰਤ ਜੀ ਨੇ ਛੇੜ੍ਹ ਲਾਇਆ ਜੀ।
ਪਰਉਪਕਾਰ 'ਰਣਜੀਤ' ਨਹੀਂ ਗਿਣੇ ਜਾਂਦੇ, ਜਿੰਨੇ ਜੀਵਾਂ ਤੇ ਸਾਹਿਬ ਵਰਸਾਇਆ ਜੀ।

ਹਜ਼ੂਰ ਦੀ ਪ੍ਰਦੇਸ਼ ਯਾਤਰਾ

ਸ. ਉਜਾਗਰ ਸਿੰਘ ਜੀ ਗਿੱਲ ਕਾਫ਼ੀ ਸਮੇਂ ਤੋਂ ਅਫਰੀਕਾ ਵਿੱਚ ਸਰਵਿਸ ਕਰ ਰਹੇ ਸਨ। ਆਪ ਦੇ ਘਰੋਂ ਬੀਬੀ ਸੁਰਜੀਤ ਕੌਰ ਜੀ, ਰਾੜੇ ਸਾਹਿਬ ਦੇ ਸਤਿਕਾਰ ਯੋਗ ਬਾਬਾ ਗੁੱਜਰ ਸਿੰਘ ਜੀ, ਜਿਨ੍ਹਾਂ ਨੂੰ ਸਾਰੇ ਅਸਥਾਨ ਵਾਸੀ ਸਤਿਕਾਰ ਨਾਲ 'ਬਾਈ ਜੀ' ਕਹਿ ਕੇ ਬੁਲਾਉਂਦੇ ਸਨ, ਦੀ ਭਤੀਜੀ ਸਨ ਜਿਨ੍ਹਾਂ ਦੇ ਹਿਰਦੇ ਵਿੱਚ ਮਹਾਂਪੁਰਸ਼ਾਂ ਲਈ ਬਹੁਤ ਪਿਆਰ ਸੀ। ਜਦੋਂ ਭੀ ਆਪ ਆਪਣੇ ਨਗਰ ਗਿੱਲ ਛੁੱਟੀਆਂ ਕੱਟਣ ਲਈ ਆਉਂਦੇ ਤਾਂ ਕਰਮਸਰ ਆ ਕੇ ਮਹਾਂਪੁਰਸ਼ਾਂ ਦੇ ਅੰਮ੍ਰਿਤਮਈ ਬਚਨ ਸੁਣ ਕੇ ਰੂਹਾਨੀ ਸੇਧ ਪ੍ਰਾਪਤ ਕਰਦਿਆਂ ਹਿਰਦੇ ਵਿੱਚ ਦਿਨੋ ਦਿਨ ਪਿਆਰ ਵਧਦਾ ਜਾਂਦਾ। ਅੰਤ ੧੯੪੯ ਈ. ਦੇ ਸਤੰਬਰ ਮਹੀਨੇ ਜਦੋਂ ਅਫਰੀਕਾ ਤੋਂ ਪੰਜਾਬ ਆਏ ਤਾਂ ਕਰਮਸਰ ਪੁੱਜ ਕੇ ਅਫਰੀਕਾ ਵਿੱਚ ਸੰਗਤਾਂ ਦੇ ਉਧਾਰ ਲਈ ਸਮਾਂ ਬਖ਼ਸ਼ਣ ਲਈ ਬੇਨਤੀ ਕੀਤੀ। ਅਫਰੀਕਾ ਤੋਂ ਸਮੂੰਹ ਸੰਗਤਾਂ ਵੱਲੋਂ ਕਈ ਪੱਤ੍ਰਕਾਵਾਂ ਰਾਹੀਂ ਨਿਮਨ ਭਾਵ ਪ੍ਰਗਟਾਏ ਗਏ।

ਬਾਹਰਲੇ ਮੁਲਕਾਂ ਵਿੱਚ ਉਤਸ਼ਾਹ

ਮਹਿਮਾ ਸੁਣ ਕੇ ਇਸ ਤਰ੍ਹਾਂ ਸੰਤ ਜੀ ਦੀ, ਮੁਲਕ ਬਾਹਰਲੇ ਖ਼ੁਸ਼ੀ ਮਨਾਉਣ ਲੱਗੇ।
ਕਿਵੇਂ ਸੱਦੀਏ ਹਰੀ ਪਿਆਰਿਆਂ ਨੂੰ, ਆਪਸ ਵਿੱਚ ਸਲਾਹ ਬਣਾਉਣ ਲੱਗੇ।
ਰੋਜ਼ ਗੁਰਮਤੇ ਹੋਂਵਦੇ ਸੇਵਕਾਂ ਦੇ, ਸੰਗਤ ਜਿਸ ਤਰ੍ਹਾਂ ਲਾਭ ਉਠਾਉਣ ਲੱਗੇ।
ਉਜਾਗਰ ਸਿੰਘ ਅਫਰੀਕਾ ਵਸਨੀਕ ਪਿਆਰੇ, ਛੁੱਟੀ ਲੈ ਪੰਜਾਬ ਨੂੰ ਆਉਣ ਲੱਗੇ।
ਗਿੱਲਾਂ ਪਿੰਡ ਦੀ ਇਨ੍ਹਾਂ ਦਾ ਵਿੱਚ ਇੰਡੀਆ, ਲੁਧਿਆਣੇ ਦਾ ਜ਼ਿਲ੍ਹਾ ਦਸੌਣ ਲੱਗੇ।
ਉਜਾਗਰ ਸਿੰਘ ਦੇ ਗਿੱਲੀਂ ਸੀ ਪਾਠ ਕੀਤਾ, ਨਾਲ ਨਿਮ੍ਰਤਾ ਬੇਨਤੀ ਗਾਉਣ ਲੱਗੇ।
ਮੁਕਤੀ ਦਾਤਾ! ਅਫਰੀਕਾ ਵਿੱਚ ਦਿਓ ਦਰਸ਼ਨ, ਮੁਸਕਰਾ ਅਹਿਪਤੀ ਫੁਰਮਾਉਣ ਲੱਗੇ।
ਅੱਛਾ ਭਾਈ ਕਰਤਾਰ ਨੂੰ ਜਿਵੇਂ ਭਾਵੇ, ਓਧਰ ਚਲਦੇ ਜਿਧਰ ਚਲਾਉਣ ਲੱਗੇ।
ਚਿੱਠੀ ਲਿਖਾਂਗੇ ਵਕਤ ਜਦ ਹੋਊ ਥੋਡਾ, ਰਸ ਭਰੇ ਹੋਏ ਬਚਨ ਸੁਨਾਉਣ ਲੱਗੇ।
ਉਜਾਗਰ ਸਿੰਘ ਕੁੱਝ ਸਮਾਂ ਗੁਜ਼ਾਰ ਇੰਡੀਆ, ਛੁੱਟੀ ਕੱਟ ਅਫਰੀਕਾ ਨੂੰ ਆਉਣ ਲੱਗੇ।
ਭੌਰਾ ਵਿਛੜਿਆ ਕੋਮਲ ਜੇ ਕਮਲ ਕੋਲੋ, ਲਿਖ ਲਿਖ ਚਿੱਠੀਆਂ ਫੇਰ ਮਨਾਉਣ ਲੱਗੇ।
ਸਾਗਰ ਕ੍ਰਿਪਾ ਦੇ ਕਰੁਣਾ ਹੁਣ ਕਰੋ ਦਾਤਾ, ਸ੍ਵਾਂਤੀ ਬੂੰਦ ਪਪੀਹੇ ਨੇ ਚਾਹੁੰਣ ਲੱਗੇ।
ਨਾਮ ਸਿੰਘਾਂ ਦੇ ਲਿਖੋ ਜੋ ਨਾਲ ਆਵਣ, ਪਰਮਟ ਭੇਜੀਏ ਬੇਨਤੀ ਗਾਉਣ ਲੱਗੇ।
ਮੰਨ ਬੇਨਤੀ ਸੇਵਕਾਂ ਸਾਰਿਆਂ ਦੀ, ਮੁਕਤੀ ਦਾਤਾ ਜਵਾਬ ਫਿਰ ਪਾਉਣ ਲੱਗੇ।

ਛੇ ਸਿੰਘਾਂ ਦੇ ਨਾਮ ਲਿਖਾਏ ਦਿੱਤੇ, ਵਿੱਚ ਸੱਤਵੇਂ ਆਪ ਸੁਹੌਣ ਲੱਗੇ।
ਉਜਾਗਰ ਭੇਜੀਆਂ ਪ੍ਰਮਿਟਾਂ ਸੱਤ ਪਿਆਰੇ, ਛੇਤੀ ਆਉਣਾ ਜੀ ਨਾਲ ਲਿਖਾਉਣ ਲੱਗੇ।
ਜੇਠ ਹਾੜ੍ਹ ਦੀ ਧੁੱਪ ਤਪਾਏ ਧਰਤੀ, ਸ਼ਾਂਤ ਹੋਣ ਨੂੰ ਮੀਂਹ ਓਹ ਚਾਹੁਣ ਲੱਗੇ।

ਅਫਰੀਕਾ ਦਾ ਦੌਰਾ

ਅਫਰੀਕਾ ਨਿਵਾਸੀ ਪ੍ਰੇਮੀਆਂ ਦੀ ਸ਼ਰਧਾ ਭਰੀ ਅੰਤ੍ਰੀਵੀ ਖਿੱਚ ਨੇ ਮਹਾਂਪੁਰਸ਼ਾਂ ਨੂੰ ਉਨ੍ਹਾਂ ਲਈ ਸਮਾਂ ਬਖ਼ਸ਼ਣ ਲਈ ਪ੍ਰੇਰਨਾ ਕੀਤੀ ਅਤੇ ੧੫ ਪੋਹ ੨੦੦੭ ਬ੍ਰਿਕਮੀ ਨੂੰ ਡੇਰੇ ਤੋਂ ਚੱਲ ਕੇ ੯-੧-੫੧ ਨੂੰ ਬੰਬਈ ਬੰਦਰਗਾਹ ਤੋਂ ਸਮੁੰਦਰੀ ਜਹਾਜ਼ ਰਾਹੀਂ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮਹਾਂਪੁਰਸ਼ਾਂ ਦਾ ਪ੍ਰਦੇਸ ਯਾਤਰਾ ਲਈ ਜਾਣਾ ਸੁਣ ਕੇ ਸੰਗਤਾਂ ਹੁੰਮ ਹੁੰਮਾ ਕੇ ਕਰਮਸਰ ਪੁੱਜਣੀਆਂ ਸ਼ੁਰੂ ਹੋ ਗਈਆਂ। ਅੱਠੇ ਪਹਿਰ ਅਤੁੱਟ ਲੰਗਰ ਚੱਲਦੇ ਅਤੇ ਸ੍ਰੀਮਾਨ ਜਸਵੰਤ ਸਿੰਘ ਜੀ, ਗੁਰੂ ਦੇ ਲੰਗਰ ਦੀ ਸੇਵਾ ਅਥੱਕ ਹੋ ਕੇ ਸੰਗਤਾਂ ਨੂੰ ਗੁਰੂ ਨਾਨਕ ਸਰੂਪ ਸਮਝ ਕੇ ਬਹੁਤ ਹੀ ਪਿਆਰ ਤੇ ਸ਼ਰਧਾ ਨਾਲ ਕਰਦੇ। ਆਪ ਕਰਣੀ ਕਮਾਈ ਵਾਲੇ ਵਿਰਲਿਆਂ ਵਿੱਚੋਂ ਸਨ ਅਤੇ ਆਪ ਦੀ ਘਾਲ ਸੰਗਤਾਂ ਦੇ ਮਨ ਮੋਹ ਲੈਂਦੀ ਸੀ।

ਜਦੋਂ ਆਪ ਜੀ ਕਰਮਸਰ ਸਾਹਿਬ ਤੋਂ ਰਵਾਨਾ ਹੋਏ ਤਾਂ ਸੰਗਤਾਂ ਦਾ ਵੈਰਾਗ ਥੰਮਿਆ ਨਹੀਂ ਜਾਂਦਾ ਸੀ। ਆਪ ਜੀ ਸਭ ਨੂੰ ਅੰਮ੍ਰਿਤਮਈ ਰਹਿਮਤਾਂ ਬਖ਼ਸ਼ਦੇ ਨੈਣਾਂ ਦੀ ਝਾਤੀ ਪਾ ਕੇ, ਹਿਰਦੇ ਨੂੰ ਧੀਰਜ ਬਖ਼ਸ਼ ਕੇ ਵਿਦਾ ਹੋ ਰਹੇ ਸਨ। ਅੰਤ ਮੁਸਕਾਨਾ ਭਰਿਆ ਰੂਹਾਨੀ ਮੁਖੜਾ ਸਭ ਨੂੰ ਧੀਰਜ ਸਿਮਰਨ ਭਜਨ ਦੀ ਸਤਾ ਬਖ਼ਸ਼ਦਾ, ਪਲ ਪਲ ਅੱਖੋਂ ਉਹਲੇ ਹੋ ਰਿਹਾ ਸੀ ਅਤੇ ਪ੍ਰੇਮੀ ਹੰਝੂ ਭਰਿਆਂ ਨੇਤਰਾਂ ਨਾਲ ਦੂਰ ਤੋਂ ਦੂਰ ਤਾਈਂ ਵਿਦਾਇਗੀ ਦਾ ਦ੍ਰਿਸ਼ ਹਿਰਦੇ ਵਿੱਚ ਮੂਰਤੀਮਾਨ ਕਰਨ ਲਈ ਅੱਗੇ ਹੀ ਅੱਗੇ ਤੁਰੇ ਜਾ ਰਹੇ ਸਨ। ਇਹ ਪ੍ਰੇਮ ਵਿਛੋੜਾ ਸੀ। ਰਾਮਚੰਦ੍ਰ ਜੀ ਦਾ ਅਯੁਧਿਆ ਤੋਂ ਬਨਵਾਸ ਲਈ ਜਾਣ ਦੇ ਸਮੇਂ ਦਾ ਪ੍ਰਤੱਖ ਅਨੁਭਵ ਕਰਾ ਰਿਹਾ ਸੀ। ਆਪ ਜੀ ਦੇ ਨਾਲ ਡੇਰੇ ਦੇ ਪਰਮ ਸਤਿਕਾਰ ਯੋਗ ਸੰਤ ਰਲਾ ਸਿੰਘ ਜੀ (ਬਾਬੂ ਜੀ), ਭਾਈ ਹਰਭਜਨ ਸਿੰਘ, ਭਾਈ ਬਚਨ ਸਿੰਘ ਜੀ, ਭਾਈ ਲਿਵਤਾਰ ਸਿੰਘ, ਭਾਈ ਭਾਗ ਸਿੰਘ, ਜਥੇਦਾਰ ਸਾਹਿਬ ਸਿੰਘ, ਸੰਤ ਮਹਿੰਦਰ ਸਿੰਘ ਨੂੰ ਜਾਣ ਦਾ ਸੁਭਾਗ ਪ੍ਰਾਪਤ ਹੋਇਆ।

ਬ੍ਰਹਮਗਿਆਨੀ ਸੰਤ ਮਹਾਰਾਜ ਸੰਤ ਕਿਸ਼ਨ ਸਿੰਘ ਜੀ ਭੀ ਮਹਾਂਪੁਰਸ਼ਾਂ ਨੂੰ ਵਿਦਾਇਗੀ ਦੇਣ ਲਈ ਦਿੱਲੀ ਜਾਣ ਲਈ ਤਿਆਰ ਹੋਏ। ਸਰਦਾਰ ਮੋਹਨ ਸਿੰਘ ਜੀ ਕੋਕਾ ਕੋਲਾ ਵਾਲਿਆਂ ਦੀ ਕਾਰ ਰਾਹੀਂ ਦੋਵੇਂ ਮਹਾਂਪੁਰਸ਼ ਕੋਠੀ ਨੰਬਰ ਚਾਲੀ ਹਨੂੰਮਾਨ ਰੋਡ ਦਿੱਲੀ ਪੁੱਜੇ। ਜਥਾ ਸ. ਪ੍ਰੀਤਮ ਸਿੰਘ ਜਰਗ ਵਾਲੇ ਦੀ ਬੱਸ ਰਾਹੀਂ ਪੁੱਜਿਆ। ਆਪਨੇ ਚਾਰ ਦਿਨ ਇੱਥੇ ਠਹਿਰ ਕੇ ਅੰਖਡਪਾਠ ਕੀਤਾ ਅਤੇ ਬੰਗਲਾ ਸਾਹਿਬ ਦੀਵਾਨ ਲੱਗਦੇ ਰਹੇ।

ਦੋਵੇਂ ਮਹਾਂਪੁਰਸ਼ ਬਹੁਤ ਪਿਆਰ ਭਿੰਨੇ ਭਾਵਾਂ ਨਾਲ ਇੱਕ ਦੂਜੇ ਤੋਂ ਵਿਛੜੇ। ਆਪ ਜੀ ਬੰਬੇ ਐਕਸਪ੍ਰੈਸ ਰਾਹੀਂ ਬੰਬਈ ਲਈ ਰਵਾਨਾ ਹੋ ਗਏ। ਦੂਜੇ ਮਹਾਂਪੁਰਸ਼ ਕਰਮਸਰ ਲਈ ਚੱਲ ਪਏ। ਸ. ਮੋਹਨ ਸਿੰਘ ਜੀ ਇੰਤਜ਼ਾਮ ਲਈ ਬੰਬਈ ਤੱਕ ਪ੍ਰਵਾਰ ਸਮੇਤ ਸਾਥ ਹੀ ਗਏ ਅਤੇ ਰਿਹਾਇਸ਼ ਕੋਕਾ ਕੋਲਾ ਫੈਕਟਰੀ ਵਿੱਚ ਰਖਵਾ ਕੇ ੨੨ ਪੋਹ ਤੋਂ ੨੪ ਪੋਹ ਤਾਈਂ ਅੰਖਡਪਾਠ ਕਰਵਾਇਆ। ਸਰਦਾਰ ਮੋਹਨ ਸਿੰਘ ਜੀ ਆਪ ਜੀ ਨੂੰ ਮਾਲਾਬਾਰ ਹਿਲ ਬੰਬਈ ਦੇ ਸੁਹਾਵਣੇ ਦ੍ਰਿਸ਼ਾਂ ਦੀ ਸੈਰ ਲਈ ਤੇ ਹੋਰ ਸੁਹਾਵਣੀਆਂ ਥਾਵਾਂ ਤੇ ਲਿਜਾਂਦੇ ਰਹੇ। ਮਾਲਾਬਾਰ ਹਿਲ ਕੁਦਰਤ ਦਾ ਬਚਿਤ੍ਰ ਅਜੂਬਾ ਹੈ, ਜਿੱਥੇ ਕੁਦਰਤ ਦੀ ਵਿਸ਼ਾਲਤਾ ਸੁੰਦਰਤਾ ਦੇ ਦਰਸ਼ਨ ਡੁੱਲ੍ਹ ਡੁੱਲ੍ਹ ਪੈਂਦੇ, ਦਰਸ਼ਕਾਂ ਦੇ ਹਿਰਦੇ ਨੂੰ ਆਪਣੇ ਵੱਲ ਆਕ੍ਰਸ਼ਤ ਕਰਦੇ ਹਨ। ਚੋਪਾਟੀ ਆਦਿ ਥਾਵਾਂ ਵੀ ਆਪ ਨੇ ਤੱਕੀਆਂ ਅਤੇ ਇੱਥੋਂ ਛਲਾਂ ਮਾਰਦਾ ਅਥਾਹ ਸਾਗਰ ਆਪਣੇ ਪੂਰੇ ਜੋਬਨ ਵਿੱਚ ਉੱਛਲ ਰਿਹਾ ਕੰਢਿਆਂ ਨੂੰ ਵਧਦਾ ਰੇਤ ਨੂੰ ਇਸ਼ਨਾਨ ਕਰਾ ਰਿਹਾ ਸੀ। ਫੁਲਵਾੜੀਆਂ ਦੀ ਸੈਰ ਕਰਦਿਆਂ ਆਪ ਦੇ ਰੂਹਾਨੀ ਚੇਹਰੇ ਨੂੰ ਤੱਕ ਇੱਕ ਮਾਲੀ ਸ਼ਰਧਾ ਵਿੱਚ ਭਰ ਗਿਆ ਅਤੇ ਫ਼ੁੱਲਾਂ ਦੇ ਸੁੰਦਰ ਹਾਰ ਦੀ ਭੇਟਾ ਕੀਤੀ। ਆਪ ਜੀ ਨੇ ਭੀ ੨੫ ਰੁਪੈ ਦੀ ਬਖ਼ਸ਼ਿਸ਼ ਉਸ ਨੂੰ ਸ. ਕਰਨੈਲ ਸਿੰਘ ਗਰੇਵਾਲ ਰਾਹੀਂ ਕਰਵਾਈ।

ਆਪ ਜੀ ਬੰਬਈ ਤੋਂ ੮ ਜਨਵਰੀ ੧੯੫੧ ਨੂੰ ਪੋਹ ੨੦੦੧ ਬਿਕ੍ਰਮੀ ਸ਼ਾਮ ਦੇ ਚਾਰ ਵਜੇ ਕੰਪਾਲਾ ਜਹਾਜ਼ ਵਿੱਚ ਸਵਾਰ ਹੋਏ। ਸਪੈਸ਼ਲ ਕਮਰਾ ਆਪ ਜੀ ਲਈ ਰਿਜ਼ਰਵ ਸੀ। ਜਹਾਜ਼ ਵਿੱਚ ਡੇਢ ਸੌ ਦੇ ਲਗਭਗ ਸਿੱਖ ਯਾਤਰੂ ਭੀ ਸਫ਼ਰ ਕਰ ਰਹੇ ਸਨ। ਆਪ ਜੀ ਦਾ ਦਰਸ਼ਨ ਕਰ ਕੇ ਇਨ੍ਹਾਂ ਸਮੇਤ ਹੋਰ ਮਜ਼ਹਬਾਂ ਦੇ ਯਾਤਰੂ, ਅੰਗਰੇਜ਼ ਚਾਲਕ ਬਹੁਤ ਪ੍ਰਭਾਵਤ ਹੋਏ। ਸਭ ਨੂੰ ਪ੍ਰਸੰਨਤਾ ਹੋਈ ਕਿ ਉਨ੍ਹਾਂ ਨਾਲ ਪ੍ਰਮੇਸ਼ਰ ਸਰੂਪ ਬ੍ਰਹਮਗਿਆਨੀ ਮਹਾਂਪੁਰਸ਼ ਸਫ਼ਰ ਕਰ ਰਹੇ ਹਨ। ਸਮੁੰਦਰ ਸਫ਼ਰ ਦੇ ਬਿਘਨਾਂ ਦਾ ਅੰਦੇਸ਼ਾ ਜੋ ਸੁਭਾਵਕ ਹੀ ਯਾਤਰੂਆਂ ਦੇ ਮਨਾਂ ਨੂੰ ਘੇਰੀ ਬੈਠਾ ਸੀ, ਮਹਾਂਪੁਰਸ਼ਾਂ ਦੇ ਦਰਸ਼ਨ ਕਰਦਿਆਂ ਅਛੋਪਲੇ ਹੀ ਅਲੋਪ ਹੋ ਗਿਆ ਤੇ ਸਭ ਨੇ ਪ੍ਰਭੂ ਦਾ ਸ਼ੁਕਰ ਕੀਤਾ। ਪ੍ਰੇਮੀਆਂ ਦੇ ਖ਼ੁਸ਼ੀਆਂ ਭਰੇ ਹਿਰਦਿਆਂ ਵਿੱਚੋਂ ਨਿਮਨ ਭਾਵ ਦੀਆਂ ਤਰੰਗਾ ਸਮੁੰਦਰ ਦੀਆਂ ਲਹਿਰਾਂ ਦੇ ਨਾਲ ਹਿਰਦੇ ਵਿੱਚ ਉਛਾਲ ਰਹੀਆਂ ਸਨ।

ਦਰਸ਼ਨਾਂ ਵਾਸਤੇ ਸੰਗਤ ਦੀ ਤੜਪ

(ਵਲੋਂ:- ਗਿ. ਰਣਜੀਤ ਸਿੰਘ ਨਾਦੀ)

ਬੈਂਤ: ਦੇਵੋ ਬੱਦਲ ਦੀ ਦਾਤ ਦਾਤਾਰ ਮੇਰੇ, ਹਰਿ ਇੱਕ ਕੋਨਾ ਜ਼ਮੀਨ ਦਾ ਗਾਉਣ ਲੱਗੇ।
ਏਵੇਂ ਸੰਗਤ ਅਫਰੀਕਾ ਦੀ ਕਰੇ ਅਰਜ਼ਾਂ, ਬਰਖਾ ਨਾਮ ਦੇ ਲਈ ਲਲਚਾਉਣ ਲੱਗੇ।
ਸ਼ਾਂਤ ਆਤਮਾ ਦੇ ਕਿਵੇਂ ਹੋਣ ਦਰਸ਼ਨ, ਆਪੋ ਆਪਣੇ ਇਸ਼ਟ ਮਨਾਉਣ ਲੱਗੇ।
ਮੁਲਕ ਬਾਹਰਲੇ ਨਿੱਤ ਉਡੀਕ ਕਰਦੇ, ਪ੍ਰੇਮ ਤਾਰਾਂ ਸੀ ਅੰਦਰ ਖੜਕਾਉਣ ਲੱਗੇ।
ਲੈ ਕੇ ਆਸਰਾ ਮੇਰੇ ਦਾਤਾਰ ਸੰਦਾ, ਰਣਜੀਤ ਸਿੰਘ ਹੁਣ ਅੱਗੇ ਸੁਨਾਉਣ ਲੱਗੇ।

ਦੋਹਰਾ: ਮਹਿੰਦਰ ਸਿੰਘ, ਬਚਨ ਸਿੰਘ ਤੇ ਭਾਗ ਸਿੰਘ ਲਿਵਤਾਰ।
ਭਜਨ ਸਿੰਘ ਤੇ ਰਲਾ ਸਿੰਘ ਸਤਵੇਂ ਆਪ ਦਾਤਾਰ।

ਸੰਤ ਜੀ ਮਹਾਰਾਜ ਜੀ ਦੀ ਅਫਰੀਕਾ ਜਾਣ ਦੀ ਤਿਆਰੀ

ਪਾਸਪੋਰਟ ਬਨਾਉਣ ਦੀ ਲੋੜ ਬਹੁਤੀ ਜਦੋਂ ਬਾਹਰਲੇ ਮੁਲਕ ਨੂੰ ਜਾਈ ਦਾ ਜੀ।
ਲਿਖੇ ਪੜ੍ਹੇ ਦੇ ਕਰਨ ਦਾ ਕੰਮ ਸਾਰਾ, ਵਿੱਚ ਦਫ਼ਤਰਾਂ ਚਿੱਤ ਪ੍ਰਚਾਈ ਦਾ ਜੀ।
ਗਰੇਵਾਲ ਕਰਨੈਲ ਸਿੰਘ ਨਾਮ ਜਿਸ ਦਾ, ਭਾਨ ਸਿੰਘ ਭੀ ਨਾਲ ਰਲਾਈ ਦਾ ਜੀ।
ਕਿਲਾ ਹਾਂਸ ਦਾ ਮੋਹਨ ਸਿੰਘ ਹੈ ਜਾਣੋ, ਹਿੱਸਾ ਲਿਆ ਪੜ੍ਹਾਈ ਲਖਾਈ ਦਾ ਜੀ।
ਪਾਸਪੋਰਟ ਹੁਣ ਬਣ ਗਏ ਸਾਰਿਆਂ ਦੇ, ਵਿਥ ਚਾਰ ਮਹੀਨੇ ਅਲਾਈ ਦਾ ਜੀ।
ਦੇਸ਼ ਛੱਡ ਪ੍ਰਦੇਸ ਜੋ ਪੁਰਸ਼ ਜਾਵੇ, ਟੀਕਾ ਇੱਕ ਜਾਂ ਦੋ ਲਵਾਈ ਦਾ ਜੀ।
ਹੈਲਥ ਰੈਂਕ ਕਪੂਰਥਲੇ ਵਾਸ ਰੱਖਦਾ, ਡਾਕਟਰ ਸੀ ਖ਼ੁਸ਼ਹਾਲ ਸੁਣਾਈ ਦਾ ਜੀ।
ਦੌਰਾ ਇਨ੍ਹਾਂ ਪਿੰਡਾਂ ਦਾ ਉਹ ਨਿੱਤ ਕਰਦਾ, ਕੰਮ ਸਾਂਭਿਆ ਸੇਵ ਪਰਾਈ ਦਾ ਜੀ।
ਖਟੜੇ, ਘਣਗਸ, ਕਟਾਹਰੀ ਤੇ ਜਾਣ ਬੁਆਣੀ, ਕਰਤਾਰਪੁਰ ਵੀ ਵਿੱਚ ਮਿਲਾਈ ਦਾ ਜੀ।
ਏਨ੍ਹੀ ਪਿੰਡੀਂ ਬੀਮਾਰਾਂ ਨੂੰ ਦੇਖ ਕੇ ਤੇ, ਡੇਰਾ ਵਿੱਚ ਗੁਰਦੁਆਰੇ ਕਰਾਈ ਦਾ ਜੀ।
ਰਣਜੀਤ ਸਿੰਘ ਪ੍ਰੇਮ ਦੇ ਨਾਲ ਬਹਿ ਕੇ, ਮੁਕਤੀ ਦਾਤਾ ਦੇ ਗੁਣਾਂ ਨੂੰ ਗਾਈ ਦਾ ਜੀ।

ਦਵਯਾ ਛੰਦ

ਭਿੰਨੀ ਰੈਣ ਅੱਜ ਚਮਕਣ ਤਾਰੇ ਪੌਣ ਵੀ ਖ਼ੁਸ਼ ਹੋ ਚਾਲੀ।
ਸ਼ਾਹੀ ਬਰਦੀ ਪਾ ਕੇ ਬੈਠਾ ਦੀਨ ਦੁਨੀ ਦਾ ਬਾਲੀ।
ਅੱਜ ਤਾਂ ਹਰ ਇੱਕ ਫੁੱਲ ਵੀ ਖਿਲ ਖਿਲ ਆਪਣੀ ਮਹਿਕ ਦਿਖਾਉਂਦਾ।
ਵਿੱਚ ਬੱਦਲਾਂ ਦੇ ਨਿਸਪਤਿ ਲੁਕਿਆ, ਮੁੱਖ ਕੋਲੋਂ ਸ਼ਰਮਾਉਂਦਾ।
ਮੁਕਤੀ ਦਾਤੇ ਭੇਜ ਪ੍ਰੇਮੀ, ਡਾਕਟਰ ਸਿੰਘ ਬੁਲਾਏ।
ਸੱਜਾ ਬਾਜੂ ਅੱਗੇ ਕਰ ਕੇ ਟੀਕੇ ਤੁਰਤ ਲਵਾਏ।
ਛੇ ਸਿੰਘ ਜੋ ਭਗਤ ਸਮੀਪੀ, ਟੀਕੇ ਇਨ੍ਹਾਂ ਕਰਾਏ।
ਸਤ੍ਹ ਨਾਸਕ ਬੈਠੇ ਪਿਆਰੇ, ਸੂਰਜ ਵਾਂਗ ਸੁਹਾਏ।
ਸਰਟੀਫਿਕੇਟ ਬਣ ਗਏ ਸਭ ਦੇ, ਇਹ ਭੀ ਖ਼ਬਰ ਕਰਾਈ।
ਗਿਆਨ ਵੰਡਤ ਨੇ ਲਿਖੀ ਪੱਤ੍ਰਕਾ, ਵੱਲ ਉਜਾਗਰ ਪਾਈ।
ਸੰਮਤ ਵੀਹ ਸੌ ਸੱਤ ਪਛਾਣੀ, ਪੰਦਰਾਂ ਪੋਹ ਸੁਹਾਈ।
ਗੁਰਦੁਆਰੇ ਤੋਂ ਅਸੀਂ ਤੁਰਾਂਗੇ, ਏਸ ਤਰੀਕ ਨੂੰ ਸਾਰੇ।
ਪੰਝੀ ਪੋਹ ਜਹਾਜ਼ ਬੈਠੀ ਹੋਰ ਹਿਸਾਬ ਲਿਖਾਰੇ।
ਬਾਰਾਂ ਪੋਹ ਨੂੰ ਮੁਕਤੀ ਦਾਤੇ, ਪਾਠ ਅਖੰਡ ਰਖਾਇਆ।
ਚੌਦਾਂ ਪੋਹ ਨੂੰ ਕੀਰਤਨ ਕਰਕੇ, ਭੋਗ ਪਾਠ ਦਾ ਪਾਇਆ।
ਸੁਣਿਆਂ ਵਿੱਚ ਪਿੰਡਾਂ ਦੇ ਸਾਰੇ, ਬਾਹਰਲੇ ਮੁਲਕ ਪਧਾਰਨ।
ਹਿਤ ਦਰਸ਼ਨ ਦੇ ਘੱਤ ਵਹੀਰਾਂ, ਸੰਗਤ ਜੁੜੀ ਹਜ਼ਾਰਨ।

ਭੀੜ ਦੇਖ ਕੇ ਸੰਗਤ ਵਾਲੀ, ਲਾਂਗਰੀ ਸਿੰਘ ਬੁਲਾਏ।
ਸ੍ਰੀਮਾਨ ਜਸਵੰਤ ਸਿੰਘ ਜੀ, ਪ੍ਰੇਮ ਨਾਲ ਚੱਲ ਆਏ।
ਨਾਲ ਅਦਬ ਦੇ ਬੈਠ ਗਏ ਜਦ, ਨਮਸਕਾਰ ਨੂੰ ਕਰ ਕੇ।
ਭਿਖਸ਼ਾ ਜਾਚਤ ਸੁਰ ਨਰ ਜਿਸ ਤੋਂ, ਬੋਲਤ ਇਉਂ ਹਿਤ ਧਰ ਕੇ।
ਹੁਕਮ ਦਿੱਤਾ ਸੀ ਮੁਕਤੀ ਦਾਤੇ, ਕੜਾਹ ਪ੍ਰਸ਼ਾਦ ਕਰਾਓ।
ਮਾਹਲ ਪੂੜੇ ਤੇ ਖੀਰਾਂ ਵਰਤਨ, ਐਸੇ ਖੁਸ਼ੀ ਮਨਾਓ।
ਸਤ ਬਚਨ ਕਹਿ ਸ੍ਰੀਮਾਨ ਜੀ, ਚਰਨੀਂ ਗ੍ਰੀਵ ਝੁਕਾਈ।
ਚੀਜ਼ ਵਸਤ ਤੋਂ ਆਦਿ ਹੋਰ ਵੀ, ਸਭ ਤਿਆਰੀ ਕਰਵਾਈ।
ਜਿਉਂ ਜਾਣਦੇ ਦਿਨ ਸੀ ਘਟਦੇ, ਸੰਗਤ ਵਿੱਚ ਉਦਾਸੀ।
ਜਾਣ ਰੰਕ ਨੂੰ ਖਾਨ ਮਿਲੀ ਸੀ, ਹੀਰਨ ਕੇਰ ਗਵਾਚੀ।
ਵਾਰ ਵਾਰ ਪਏ ਅਰਜ਼ਾਂ ਕਰਦੇ, ਦਰਸ਼ਨ ਪਾਵਨ ਕਰਦੇ।
ਨਾਲ ਬ੍ਰਿਹ ਦੇ ਭਰੇ ਦਿਲਾਂ ਨੂੰ, ਅੱਖੀਆਂ ਤਾਂਈ ਭਰਦੇ।
ਛੇਤੀ ਫੇਰੇ ਪਾਉਣਾ ਦਾਤਾ ਜੀ, ਹੋਂ ਅਫਰੀਕਾ ਜਾਂਦੇ।
ਦਿਲ ਉੱਛਲਦਾ ਜਾਣ ਵਿਛੋੜਾ, ਨੇੜ੍ਹ ਨਾਹਿੰ ਠਲ੍ਹਾਂਦੇ।
ਸ਼ਤਰੂ ਨਾਸ ਨੇ ਸੁਣ ਕਰ ਭਾਖੀ, ਸਾਡੇ ਵਸ ਨਾ ਕਾਈ।
ਬਾਜੀਗਰ ਦੀ ਪੁਤਲੀ ਵਾਂਗੂ, ਜਹਿ ਭੈਜੇ ਤਹਿ ਜਾਈ।
ਕਾਠ ਕੀ ਪੁਤਲੀ ਕਹਾਂ ਕਰੈ ਬਾਪੁਰੀ ਖਿਲਾਵਨਹਾਰੋ ਜਾਨੈ।
ਏਸ ਵਾਕ ਨੂੰ ਕਹਿ ਕੇ ਪ੍ਰੀਤਮ, ਭੋਰੇ ਵਿੱਚ ਪਧਾਰੇ।
ਪਦ ਰਜ ਜਾਚਕ ਤੁਛ ਬੁੱਧ ਮੇਰੀ, ਲਿਖ ਨ ਸਕਾਂ ਉਪਕਾਰੇ।

ਸੰਗਤਾਂ ਵਿੱਚ ਉਦਾਸੀ

ਦਵੱਯਾ ਛੰਦ:

ਅੰਮ੍ਰਿਤ ਵੇਲਾ ਬੱਦਲ ਗਰਜੇ, ਪੀ ਪੀ ਕਰੇ ਪਪੀਹਾ। ਸ਼ਾਹਾਂ ਦੀ ਸਿਰਤਾਜ ਸੀ ਬੈਠਾ, ਰੋਕ ਆਪਣਾ ਹੀਆ।
ਚੇਹਰਾ ਹਰਦਮ ਖਿੜਿਆ ਰਹਿੰਦਾ, ਜੈਸੇ ਫ਼ੁੱਲ ਗੁਲਾਬੀ।
ਦੁਖਿਆਤੁਰ ਕੋਈ ਦਰਸ਼ਨ ਪਰਸੇ, ਖਿੜਦਾ ਵਾਂਗ ਮਤਾਬੀ।
ਕਾਰ ਸ਼ਿਵਰਲੈਟ ਮੋਹਨ ਸਿੰਘ ਦੀ ਲੈਣ ਵਾਸਤੇ ਆਈ। ਅਰਸ਼ੀ ਪ੍ਰੀਤਮ ਦੋਵੇਂ ਬੈਠੇ, ਦੋ ਸਿੰਘ ਨਾਲ ਸੁਹਾਈ।
ਹੋਰ ਰਹੇ ਜੋ ਸਿੰਘ ਪਿਆਰੇ, ਸ਼ਸਤ੍ਰ ਬਸਤ੍ਰ ਪਾਉਂਦੇ। ਕੰਪਨੀ ਨਿਰਭੈ ਲੁਧਿਆਣੇ ਦੀ, ਲਾਰੀ ਵੀਚ ਸੁਹਾਉਂਦੇ।
ਭਾਨ ਸਿੰਘ ਕਰਨੈਲ ਸਿੰਘ ਜੋ, ਇਹ ਵੀ ਸਾਥ ਸੁਹਾਏ। ਕੁਛਕ ਸਿੰਘ ਜੋ ਹੋਰ ਪ੍ਰੇਮੀ, ਨਾਲ ਲਏ ਚੜ੍ਹਾਏ।
ਸੰਗਤ ਪਿਛੇ ਰਹਿਣ ਵਾਲੀ, ਕਿਰਖੀ ਜਿਉਂ ਕੁਮਲਾਈ। ਮੁੱਖ ਉਦਾਸ ਖ਼ੁਸ਼ੀ ਉਡ ਚੁੱਕੀ, ਨੈਨਨ ਤੇ ਜਲ ਜਾਈ।
ਕੋਈ ਬੋਲ ਨਹੀ ਸਕਦਾ ਮੁਖੋਂ, ਏਨੀ ਫਿਰੀ ਉਦਾਸੀ। ਸਰੂਪ ਦੀ ਜੀਵਨ ਮਣੀ ਪਿਆਰੇ, ਮਾਨੋ ਅੱਜ ਗਵਾਚੀ।
ਦੌਰਾ ਪਿੰਡੀ ਸ਼ਹਿਰੀਂ ਹੋਵੇ, ਮੁਕਤੀ ਦਾਤੇ ਆਉਂਦੇ। ਪੁੰਨਿਆਂ ਤੇ ਸੰਗਰਾਂਦ ਮਨਾਵਣ, ਸ਼ੁਭ ਉਪਦੇਸ਼ ਸੁਨਾਉਂਦੇ।
ਹੁਣ ਤਾਂ ਪਤਾ ਨੀ ਸਾਲ ਛਿਮਾਹੀਂ, ਉਧਰੇ ਲਾਵਣ ਹਰਿ ਜੀ।
ਹੋ ਨਿਰਾਸ ਸੰਗਤ ਸਭ ਬੈਠੀ, ਆਖਣ ਤੇਰੀ ਮਰਜ਼ੀ।
ਸੁਣ ਵਿਛੋੜਾ ਦੁੱਖ ਵਿਆਪਣ, ਬਾਣੀ ਹੈ ਫੁਰਮਾਂਦੀ। ਜਿੰਦ ਵੈਰਾਗੀ ਪਿਆਰੇ ਬਾਝਹੁ, ਧੀਰਜ ਨਹੀਂ ਧਰਾਂਦੀ।

ਵਿਛੋੜਾ ਸੁਣੇ ਭੁਖ ਵਿਣੁ ਡਿਠੇ ਮਰਿਓਦਿ ॥ ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥੩॥

(ਮਾਰੂ ਵਾਰ-੨ ਮਃ ੫ - ੧੧੦੦)

ਫਤੇ ਵਾਹਿਗੁਰੂ ਮੋਟਰ ਬੋਲੀ, ਜਦੋਂ ਸੀ ਤੁਰਨੇ ਲਾਗੀ।
ਧੰਨ ਤੂੰ ਮੋਟਰ ਧੰਨ ਹੈ ਇੰਜਨ, ਧੰਨ ਤੇਰੀ ਬਾਡੀ।

ਗਡੀ ਛੰਦ

ਤੁਰੀ ਮੋਟਰ ਹੰਗੂਰੇ ਮਾਰੇ, ਸਿੰਘਾਂ ਨੇ ਜੈਕਾਰੇ ਛੱਡ ਤੇ।

ਖ਼ੁਸ਼ੀ ਨਾਲ ਨਹਿਰ ਤੇ ਜਾਵੇ, ਹਵਾ ਨਾਲ ਗੱਲਾਂ ਕਰਦੀ।
ਪੁਲ ਬੁਆਣੀ ਦਾ ਜਦੋਂ ਸੀ ਆਇਆ, ਕਾਰ ਤਾਈਂ ਖੜੀ ਕਰਕੇ।
ਉਦੋਂ ਪੁੱਛਿਆ ਮੁਕਤ ਦੇ ਦਾਤੇ, ਚੀਜ਼ਾਂ ਸਭ ਸਾਂਭ ਲਈਆਂ।
ਜਥੇਦਾਰ ਜੋ ਬਚਨ ਸਿੰਘ ਰਾਗੀ, ਹੱਥ ਜੋੜ ਅਰਜ਼ ਕਰੇ।
ਮੇਹਰਾਂ ਵਾਲਿਆਂ ਮੇਹਰ ਹੈ ਤੇਰੀ, ਸਭ ਕੁੱਝ ਠੀਕ ਠਾਕ ਹੈ।
ਏਦਾਂ ਪੁੱਛ ਕੇ ਕਾਰ ਫਿਰ ਤੋਰੀ, ਪੁਲ ਜੋ ਦੁਰਾਹੇ ਦਾ।
ਏਥੇ ਸੰਗਤ ਉਡੀਕਾਂ ਕਰਦੀ, ਆਸ ਲੱਗੀ ਦਰਸ਼ਨ ਦੀ।
ਹੱਥ ਦੇ ਕੇ ਕਾਰ ਅਟਕਾਈ, ਵਿੱਚੋਂ ਸੀ 'ਦਾਤਾਰ' ਉੱਤਰੇ।
ਮਿਠੇ ਬਚਨ ਸੁਣਾਏ ਸਭ ਨੂੰ, ਗਫੇ ਲਾਏ ਚਾਹਾਂ ਦੇ।
ਸਾਢੇ ਨੌਂ ਦਾ ਵਕਤ ਸੀ ਹੋਇਆ, ਮੋਟਰਾਂ ਨੂੰ ਜਦੋਂ ਰੋਕਿਆ।
ਗਿਆਰ੍ਹਾਂ ਵਜੇ ਦੇ ਵਕਤ ਖੰਨੇ ਪਹੁੰਚੇ, ਸੁਰ ਨਰ ਜੀਹਦੇ ਮੰਗਤੇ।
ਪਿੰਡ ਜਰਗ ਦਾ ਪ੍ਰੀਤਮ ਸਿੰਘ ਪਿਆਰਾ, ਛਲ ਸੀ ਛਕਾਏ ਏਸ ਨੇ।
ਪੌਣ ਲਜਤ ਕਾਰ ਫੇਰ ਚੱਲ ਪੀ, ਪਾਨੀਪਤ ਪਹੁੰਚ ਗਈ।
ਸਾਰੀ ਸੰਗਤ ਪ੍ਰਸ਼ਾਦ ਪਾਣੀ ਛਕਿਆ, ਗਫੇ ਲਾਏ ਦਾਤੇ ਨੇ।
ਤੂੰ ਤੂੰ ਕਰਦੀ ਕਾਰ ਹੁਣ ਜਾਂਦੀ, ਸੂਰਜ ਵੀ ਡੁੱਬ ਚਲਿਆ।
ਚਾਲੀ ਨੰਬਰ ਨਵੀਂ ਦਿੱਲੀ ਕੋਠੀ, ਹਨੂੰਮਾਨ ਰੋਡ ਦੱਸਦੇ।
ਮੋਹਨ ਸਿੰਘ ਦੇ ਗ੍ਰਿਹ ਵਿੱਚ ਪਹੁੰਚੇ, ਤਾਰਕ ਦੁਨੀਆਂ ਦੇ।
ਮੁਕਤੀ ਦਾਤੇ ਨੇ ਇਸ਼ਨਾਨ ਪਹਿਲਾਂ ਕੀਤਾ, ਪਿਛੋ ਕੀਤਾ ਸੰਗਤ ਨੇ।
ਭੋਜਨ ਸਭ ਨੇ ਪ੍ਰੇਮ ਨਾਲ ਛਕਿਆ, ਸੇਵਾ ਕੀਤੀ ਪਿਅਰਿਆ ਨੇ।
ਰਸ ਭਰੇ ਬਚਨ ਕੁਛ ਕਹਿ ਕੇ, ਵਿਰਾਜ ਰਹੇ ਪਲੰਘਾਂ ਤੇ।
ਜਾਮ ਜਾਮਨੀ ਉੱਠੇ ਕਿਰਪਾਲੂ, ਸੰਗਤ ਸਭ ਨਾਲ ਜਾਗ ਪਈ।
ਠੰਢੇ ਪਾਣੀ ਸੇ ਇਸ਼ਨਾਨ ਸਾਰੇ ਕਰ ਕੇ, ਆਤਮ ਅਨੰਦ ਮਾਣਦੇ।
ਪਹੁ ਫਟੀ ਤੋਂ ਖੁੱਲ੍ਹ ਗਈ ਸਮਾਧੀ, ਪਾਠ ਅਖੰਡ ਰੱਖਿਆ।
ਸੰਮਤ ਵੀਹ ਸੌ ਉੱਪਰ ਸਤ ਜਾਣੀ, ਸੋਲਾ ਪੋਹ ਦਿਨ ਸੋਭਦਾ।
ਰੋਜ਼ ਤੀਸਰੇ ਭੋਗ ਫਿਰ ਪਾਇਆ, ਦਿਨ ਸੋਮਵਾਰ ਜਾਨਣਾ।
ਗਫੇ ਸਭ ਨੇ ਚਾਹਾਂ ਦੇ ਲਾਏ, ਨਿੱਤਨੇਮ ਬਾਣੀ ਪੜ੍ਹਦੇ।
ਮੋਹਨ ਸਿੰਘ ਦਾ ਪੋਤਰਾ ਆਇਆ, ਲਿਖਣਾ ਸਿਖਾਯਾ ਓਸ ਨੂੰ।
ਜਿਵੇਂ ਦੱਸਦੇ ਮੋਖ ਦੇ ਦਾਤਾ, ਪਾਟੀ ਉੱਤੇ ਉਵੇਂ ਲਿਖਦਾ।
ਲਿਖਦਾ ਦਰਸ਼ਨ ਪਿਆਰੇ ਦਾ ਦਿਲ ਖਿੱਚਦਾ।

ਸੰਤ ਜੀ ਮਹਾਰਾਜ ਦਾ ਬੰਬਈ ਪਹੁੰਚਣਾ

ਦੋਹਰਾ: ਉਨੀਂ ਪੋਹ ਅਜ ਸੱਜਣੋਂ, ਦਿਨ ਸੀ ਮੰਗਲ ਵਾਰ। ਸਟੇਸ਼ਨ ਤੇ ਪਹੁੰਚਗੀ, ਸੰਤ ਸਾਹਿਬ ਦੀ ਕਾਰ।
ਚੋਪਈ: ਡਬਾ ਸੈਕੰਡ ਕਲਾਸ ਬਤਾਇਓ। ਜੋ ਪਹਿਲੇ ਰਿਜ਼ਰਬ ਕਰਾਇਓ।
ਸਮਾਨ ਕਾਰ 'ਚੋਂ ਸੇਵਕ ਲਿਆਏ। ਪਲੇਟਫਾਰਮ ਤੇ ਦੀਆ ਟਿਕਾਏ।
ਸੰਗਤ ਦਰਸ ਹਿਤ ਪੁੱਜ ਗਈ ਤੀਰਾ। ਕਹਾਂ ਲਿਖੋਂ ਵਡ ਹੋ ਗਈ ਭੀਰਾ।
ਸੰਤ ਮਹਾਰਾਜ ਛੋਟੇ ਬੜੇ। ਬਚਨ ਬਿਲਾਸ ਕਰ ਰਹੇ ਖੜੇ।
ਜੋ ਸਿੰਘਾਂ ਸਮਾਨ ਲਿਆਇਆ। ਸਾਰਾ ਗੱਡੀ ਵਿੱਚ ਟਿਕਾਇਆ।
ਗਾਡੀ ਤੁਰਨ ਦੀ ਹੋਈ ਤਿਆਰੀ। ਛੋਟੇ ਸੰਤਾਂ ਫਤੇ ਉਚਾਰੀ।
ਸਨਮਾਨਤ ਵੱਡਿਆਂ ਨੇ ਮਾਨੀ। ਸਿੰਘਾਂ ਸਭ ਨੇ ਬੰਦਨ ਠਾਨੀ।
ਸਹਿੰਸਰ ਦੋ ਸੱਤ ਪੋਹ ਸੀ ਉਨੀਂ। ਗਾਡੀ ਚੜੇ ਸੰਤ ਵਡਪੁੰਨੀ।
ਅੱਠ ਵਜ ਕੇ ਮਿੰਟ ਬਤਾਲੀ। ਫਰੰਟੀਅਰ ਮੇਲ ਸੀ ਗੱਡੀ ਚਾਲੀ।

ਸਭ ਸਿੰਘਾਂ ਜੈਕਾਰ ਅਲਾਏ। ਕਰਨੈਲ ਭਾਨ ਸਿੰਘ ਨਾਲ ਸਿਧਾਏ।
ਗੱਡੀ ਖੜੀ ਹੋਈ ਨਈ ਦੇਹਲੀ। ਸੰਗਤ ਕੀ ਭੀੜਾ ਵਡ ਮੇਲੀ।
ਸਭ ਨੇ ਨਮਸ਼ਕਾਰ ਕਰਾਈ। 'ਦੁਸ਼ਟ ਦਮਨ' ਕੋ ਭੇਟ ਚੜ੍ਹਾਈ।
'ਪਾਪ ਬਿਨਾਸਕ' ਬੀਚ ਸੁਹਾਏ। ਸਿੰਘਾਂ ਪੁਸ਼ਪ ਹਾਰ ਪਹਿਨਾਏ।
ਗਾਡੀ ਤੁਰਨ ਕੀ ਹੋਈ ਤਿਆਰੀ। ਸਭ ਸੰਗਤ ਜੈਕਾਰ ਉਚਾਈ।
ਫੈਕਟਰੀ ਕੋਕਾ ਕੋਲਾ ਵਾਲੀ। ਮੋਹਨ ਸਿੰਘ ਦੀ ਬੰਬੇ ਚਾਲੀ।
ਮੈਨੇਜਰ ਲਾਹੌਰਾ ਸਿੰਘ ਬਤਾਯਾ। ਤਾਰ ਭੇਜ ਕੇ ਪਤਾ ਪਠਾਯਾ।
ਦੋ ਜਨਵਰੀ ਸੰਨ ਇੱਕਵੰਜਾ। ਗਾਡੀ ਚੜ੍ਹੇ ਸਰਬ ਦੁੱਖ ਭੰਜਾ।
ਬੰਬੇ ਸੀ ਜਦ ਤਾਰ ਪਹੁੰਚਾਈ। ਸਭ ਦੇ ਮਨ ਵਿੱਚ ਖ਼ੁਸ਼ੀ ਸੁਹਾਈ।
ਸੂਰਜ ਮਾਤ ਲੋਕ ਵਿੱਚ ਚਰਕੇ। ਲੈਂਦਾ ਡੁਬੀਆਂ ਬੰਦਨ ਕਰਕੇ।
ਸਿੰਘਾਂ ਨੇ ਹੁਣ ਛਕੇ ਪ੍ਰਸ਼ਾਦੇ। ਮਾਰਤੰਡ ਦੇ ਸਹਿਤ ਵਿਰਾਜੇ।
ਜਾਮ ਜਾਮਨੀ ਕਰ ਇਸ਼ਨਾਨ। ਪਾਰਬ੍ਰਹਮ ਕਾ ਕੀਨੋ ਧਿਆਨ।
ਤੇਜ ਪਿਖਾ ਹੁਣ ਵਿੱਚ ਪਹਾੜੀ। ਮਾਨੋ ਗਿਆਨੀ ਬਿਰਤੀ ਚਾੜ੍ਹੀ।
ਕੰਵਲ ਨੈਨ ਪਿਖ ਟਿੱਕੀ ਚੜ੍ਹਦੀ। ਚਾਹ ਛਕਣ ਦੀ ਕੀਨੀ ਮਰਜ਼ੀ।
ਬਾਸਨ ਦੇ ਵਿੱਚ ਚਾਹ ਸੀ ਪਾਈ। ਮਠਿਆਈ ਵੀ ਨਾਲ ਮੰਗਾਈ।
ਜਪ ਹਰਿ ਜਪ ਹਰਿ ਗੱਡੀ ਕਰਦੀ। ਪੌਣ ਵੇਗ ਨੂੰ ਲੱਜਤ ਕਰਦੀ।
ਦਾਦਰ ਦਾ ਸਟੇਸ਼ਨ ਆਇਆ। ਸਭ ਦੀਆਂ ਟਿਕਟਾਂ ਚੈੱਕ ਕਰਾਇਆ।
ਮੰਦ ਮੰਦ ਫਿਰ ਗਾਡੀ ਚਾਲੀ। ਸਿੰਘਾਂ ਬਸਤ੍ਰ ਲਏ ਸੰਭਾਲੀ।
ਬੰਬੇ ਦੇ ਸਟੇਸ਼ਨ ਜਾ ਕੇ। ਖੜ ਗਈ ਗੱਡੀ ਫਤੇ ਬੁਲਾ ਕੇ।
ਭਾਨ ਸਿੰਘ ਲਾਹੌਰਾ ਸਿੰਘ। ਮੋਟਰ ਲਿਆਏ ਧਾਰ ਉਮੰਗ।
ਮੁਕਤੀ ਦਾਤੇ ਨੂੰ ਕਰ ਬੰਦਨ। ਜੋ ਕਿੰਕਰ ਕੇ ਭਰਮ ਨਿਕੰਦਨ।
ਬੈਠੇ ਲਾਰੀ ਸਿੰਘ, ਜੋ ਖੜੇ। ਅਘ ਨਾਸਕ ਮੋਟਰ ਤੇ ਚੜ੍ਹੇ।
ਮੰਦ ਮੰਦ ਹੁਣ ਮੋਟਰ ਜਾਵਤ। ਸੁਰ ਬਿਬਾਨ ਵੀ ਦੇਖ ਲਜਾਵਤ।
ਫੈਕਟਰੀ ਕੋਕਾ ਕੋਲਾ ਵਾਲੀ। ਪਹੁੰਚ ਗਏ ਜੋ ਕਟਤ ਕੁਚਾਲੀ।
ਬੀਸ ਪੋਹ ਦਿਨ ਬੁਧ ਬਿਖਿਆਤਾ। ਪਹੁੰਚੇ ਤੀਨ ਲੋਕ ਕੇ ਦਾਤਾ।
ਸੰਤ ਮਹਾਰਾਜ ਕਿਸ਼ਨ ਜੋ ਸਿੰਘ। ਦਾਸਨ ਪੀੜਾ ਕਟਤ ਬ੍ਰਿੰਦ।
ਕੁਸਲ ਅਰਾਮ ਸੇ ਪਹੁੰਚੇ ਡੇਰੇ। ਦੁਨੀਆਂ ਦੇ ਜਿਨ ਛਡਤੇ ਝੇਰੇ।
ਰਣਜੀਤ ਸਿੰਘ ਉਨ ਸੀਸ ਨਵਾਉਂਦਾ। ਭੁਲਾਂ ਨੂੰ ਹਾਂ ਨਿੱਤ ਬਖ਼ਸ਼ਾਉਂਦਾ।

ਦਾਤੇ ਨੇ ਬੰਬਈ ਦੀ ਸੈਰ ਕਰਨੀ

ਕਬਿੱਤ: ਪੰਜ ਚਾਰ ਦਿਨ ਬੰਬੇ ਰਹੇ ਸੀ ਦਾਤਾਰ ਪਿਆਰੇ ਕੋਕੇ ਕੋਲੇ ਫੈਕਟਰੀ 'ਚ ਵਾਸ ਜੋ ਰਖਵਾਇਆ ਸੀ।
ਸੇਵਕ ਲਾਹੌਰਾ ਸਿੰਘ ਮੈਨੇਜਰ ਕੰਪਨੀ ਦਾ ਗਦ ਗਦ ਬਾਣੀ ਹੱਥ ਜੋੜ ਕੇ ਅਲਾਇਆ ਸੀ।
ਭਾਗ ਹੀਣ ਧਰਤੀ ਨੂੰ ਭਾਗਾਂ ਵਾਲੀ ਕਰੋ ਨਾਥ ਬੰਬੇ ਵਿੱਚ ਫਿਰੋ ਮੇਰਾ ਮਨ ਹੁਲਸਾਇਆ ਸੀ।
ਸਾਗਰ ਜੋ ਕਰੁਣਾ ਦੇ ਸਾਗਰ ਕਿਨਾਰੇ ਜਾਣ ਥੋੜੀ ਦੂਰ ਜਾ ਕੇ ਇੱਕ ਬਾਗ਼ ਸੁਹਣਾ ਆਇਆ ਸੀ।
ਖਿੜ ਗਏ ਫ਼ੁੱਲ ਸਾਰੇ ਦੇਖਦੇ ਹੀ ਸਾਰ ਭਾਈ ਸ਼ਾਂਤਮਈ ਭਾਨ ਇਸ ਬਾਗ਼ ਵਿੱਚ ਆਇਆ ਸੀ।
ਕਿਰਨਾਂ ਸਮੇਤ ਸਿੱਖ ਸੌਭਤ ਸੀ ਨਾਲ ਇਹਦੇ ਲੱਖਾਂ ਭਾਨ੍ਹਾਂ ਤਾਂਈ ਇਸ ਭਾਨ ਉਪਜਾਇਆ ਸੀ।
ਸੁਗੰਧੀ ਨਾਲ ਭਰੀ ਅੱਜ ਠੰਢ ਪਾਵੇ ਕਾਲਜੇ ਨੂੰ ਮੰਦ ਮੰਦ ਚੱਲੇ ਪਵਣ ਚਵਰ ਝੁਲਾਇਆ ਸੀ।
ਉਦਧ ਕਿਨਾਰੇ ਬਾਗ਼ ਵਿੱਚ ਸੋਭਤ ਇਉਂ ਬ੍ਰਿਜ ਵਾਸੀਆਂ ਦੇ ਵਿੱਚ ਕਾਨ੍ਹ ਜਿਉਂ ਸੁਹਾਇਆ ਸੀ।
ਬਾਗ਼ ਵੀ ਸੁਰਗ ਵਾਂਗ ਸੋਭਦਾ ਸੀ ਐਸ ਵੇਲੇ ਪੀਲੇ ਹਰੇ ਚਿਟੇ ਫ਼ੁੱਲ ਹਸਣਾ ਇਹ ਚਾਂਹਵਦੇ।
ਮਾਲੀ ਹੁਣ ਆਗਮਨ ਦੇਖ ਕੇ ਪਿਆਰਿਆਂ ਦਾ ਜਾਨਵਰ ਘਾਹ ਦੇ ਕੱਟ ਕੱਟ ਕੇ ਬਣਾਵਦੇ।
ਕਿਤੇ ਊਂਠ ਹਾਥੀ ਕਿਤੇ ਬਣੇ ਸੀ ਤੁਰੰਗ ਸੋਹਣੇ ਜ਼ਿਮੀਂਦਾਰ ਬਣੇ ਘਾਹ ਦੇ ਹਲ ਵਾਹੀ ਜਾਂਵਦੇ।

ਚਤੁਰਾਈ ਨਾਲ ਐਸੇ ਬਣੇ ਹੋਏ ਮਾਲੀਆਂ ਦੇ ਪੁਰਸ਼ ਅਲੋਬੜ ਨਹੀਂ ਜ਼ਰਾ ਵੀ ਪਛਾਣਦੇ।
ਅਠ ਵੱਜੇ ਰਾਤ ਅਜ ਸੋਭਦੀ ਬੈਕੁੰਠ ਵਾਂਗੂ ਗਗਨ ਮੰਡਲ ਤਾਰੇ ਝਿਲਮਿਲ ਲਾਂਮਦੇ।
ਸਾਗਰ ਕਿਨਾਰੇ ਅਜ ਜਾਂਵਦੇ ਬਖਸਿੰਦ ਦਾਤਾ ਹੋਰ ਹੋਰ ਜਗ੍ਹਾ ਅਗੇ ਟਹਿਲਣ ਸੀ ਜਾਂਵਦੇ।
ਸ਼ਹਿਰ ਕਿਨਾਰੇ ਇਹ ਗੋਲ ਜਗ੍ਹਾ ਸ਼ੋਭਤ ਸੀ ਬਿਸ਼ਨ ਸਮਾਨ ਵਿੱਚ ਬਾਗ਼ ਦੇ ਸੁਹਾਂਮਦੇ।
ਹੀਰਿਆਂ ਦੇ ਹਾਰ ਜੈਸੀ ਸੋਭਾ ਰਣਜੀਤ ਸਿੰਘਾ ਹੋਵੇ ਪ੍ਰਕਾਸ਼ ਮਾਲੀ ਬਤੀਆਂ ਜਗਾਂਮਦੇ।

ਸੰਤ ਜੀ ਮਹਾਰਾਜ ਨੇ ਜਹਾਜ਼ ਤੇ ਚੜ੍ਹਨਾ

ਦਵੱਯਾ ਛੰਦ:

ਚੜ੍ਹਨ ਜਹਾਜ਼ ਵਾਸਤੇ ਦਾਤੇ, ਟਿਕਟਾਂ ਲਈ ਫੁਰਮਾਇਆ।
ਸਿੰਘ ਕਰਨੈਲ ਭਾਨ ਸਿੰਘ ਨੇ, ਪਹਿਲੇ ਇੰਤਜ਼ਾਮ ਕਰਵਾਇਆ।
ਮੁਕਤੀ ਦਾਤਾ ਤਾਂਈ ਪਿਆਰੇ, ਟਿਕਟ ਫਸਟ ਦਾ ਲਿਆਂਦਾ।
ਨੰਬਰ ਸੀਟ ਜਹਾਜ਼ ਦੀ ਵੀਹ ਖਟ, ਸਮ ਬੈਕੁੰਠ ਸੁਹਾਂਦਾ।
ਤੀਸਰੇ ਦਰਜੇ ਦੀਆਂ ਸੀ ਟਿਕਟਾਂ, ਜਥੇ ਵਾਸਤੇ ਲਿਆਏ।
ਬੰਬੇ ਪੁਜਿਆਂ ਦੋ ਦਿਨ ਮਗਰੋਂ, ਮੋਹਨ ਸਿੰਘ ਜੀ ਆਏ।
ਮੋਖ ਦਾਤੇ ਦੇ ਮੋਹਨ ਸਿੰਘ ਨੇ, ਚਰਨੀਂ ਸੀਸ ਨਿਵਾਇਆ।
ਖੁਸ਼ੀ ਜਾਣ ਅਫਰੀਕਾ ਦੀ ਹੁਣ, ਪਾਠ ਅਖੰਡ ਰਖਾਇਆ।
ਜਥੇ ਸਮੇਤ ਸੀ ਸਤ੍ਰੂ ਨਾਸਕ, ਵਾਰ ਆਸਾ ਦੀ ਗਾਈ।
ਭੋਗ ਪਾਠ ਦਾ ਪਾਇਆ ਹਰਿ ਜਨ, ਹੋਰ ਵੀ ਖ਼ੁਸ਼ੀ ਸੁਹਾਈ।
ਜਹਾਜ਼ ਚੜ੍ਹਨ ਦੇ ਦਿਨ ਜੋ ਪਿਆਰੇ, ਸੋ ਭੀ ਨੇੜੇ ਆਏ।
ਹੋਇ ਪ੍ਰਸੰਨ ਭਗਤ ਜੋ ਨਿਕਟੀ, ਪੂਰਬ ਤਪ ਜਿਨ ਤਾਏ।
ਹੋਰ ਸਮਾਨ ਜੋ ਲੋੜਵੰਦ ਸੀ, ਸਾਰਾ ਸੇਵਕ ਲਿਆਏ।
ਅੱਠ ਵਜੇ ਕਲ੍ਹ ਚਲੋ ਏਥੋਂ, ਕਰਨੈਲ ਸਿੰਘ ਫੁਰਮਾਏ।
ਮੁਲਕ ਬਾਹਰਲੇ ਪੁਰਸ਼ ਜੋ ਜਾਵੇ, ਡਾਕਟਰੀ ਤਿਸ ਕਰਦੇ।
ਰੋਗੀ ਕੋਈ ਓਲੰਘੇ ਨਾਹੀ, ਗੱਲ ਏਸ ਤੋਂ ਡਰਦੇ।
ਪੰਝੀ ਪੋਹ ਦਿਨ ਸੋਮਵਾਰ ਸੀ, ਅੰਮ੍ਰਿਤ ਵੇਲਾ ਹੋਇਆ।
ਕਰ ਇਸ਼ਨਾਨ ਥਿਰੇ ਹੁਣ ਹਰਿ ਜਨ, ਝੂਠਾ ਜਗਤ ਅਲੋਇਆ।
ਚਾਰ ਵਜੇ ਸੀ ਖੁੱਲ੍ਹੀ ਸਮਾਧੀ, ਨਿੱਤਨੇਮ ਫਿਰ ਕੀਤੇ।
ਛਕੀ ਹਾਜ਼ਰੀ ਕੱਪ ਜੋ ਚਾਹ ਦੇ, ਸਭ ਨੇ ਭਰ ਭਰ ਪੀਤੇ।
ਸੱਤ ਵਜੇ ਅਜ ਆਪ ਪਿਆਰੇ, ਸਾਥੀ ਸਿੰਘ ਤੁਰਾਉਂਦੇ।
ਨਾਲ ਭਾਨ ਕਰਨੈਲ ਸਿੰਘ ਜੀ, ਡਾਟਕਰ ਖੁਸ਼ੀ ਮਨਾਉਂਦੇ।
ਮਹਿੰਦਰ ਸਿੰਘ ਦੇਖੇ ਬਾਜੂ, ਰਹਿ ਗਏ ਹੱਕੇ ਬੱਕੇ।
ਸ਼ੇਰ ਸਮਾਨ ਜੋ ਡੀਲ ਡੌਲ ਸੀ, ਪਾਸਪੋਰਟ ਵੀ ਤੱਕੇ।
ਇਸੇ ਤਰਾਂ ਹੀ ਵਾਰੋ ਵਾਰੀ, ਦਾਤੇ ਵਲ ਸਿਧਾਇਆ।
ਦੇਖੇ ਚੇਹਰਾ ਸੂਰਜ ਲੱਜਤ, ਮੋਦ ਨਾਲ ਭਰ ਆਇਆ।
ਉਸ ਤੋਂ ਬਾਅਦ ਸਮਾਨ ਵਗੈਰਾ, ਕਸਟਮ ਸੀ ਕਰਵਾਉਂਦੇ।
ਕੁਲੀ ਨਾਲ ਪਿਆਰ ਦੇ ਚੁੱਕ ਕੇ, ਵਿੱਚ ਜਹਾਜ਼ ਚੜ੍ਹਾਉਂਦੇ।
ਜਦੋਂ ਵਜ ਗਏ ਬਾਰਾਂ ਦਿਨ ਦੇ, ਚੜ੍ਹਿਆ ਜਥਾ ਜਹਾਜ਼ੂ।
ਮੋਹਨ ਸਿੰਘ ਤੇ ਮੁਕਤੀ ਦਾਤਾ, ਪਹੁੰਚੇ ਸਹਿਤ ਸਮਾਜੂ।
ਪਾਪ ਬਿਨਾਸਕ ਬੰਦਰਗਾਹ ਤੇ, ਵਿੱਚ ਕਾਰ ਦੇ ਆਏ।
ਫਸਟ ਕਲਾਸ ਵਿੱਚ ਜੋ ਚੜ੍ਹਦੇ, ਬਹੁਤ ਸਹੂਲਤਾਂ ਪਾਏ।
ਬਾਰਾਂ ਵਜੇ ਦਾ ਵਕਤ ਹੋ ਗਿਆ, ਆ ਗਏ ਜਾਣੋ ਜਾਣੀ।

ਚੜ੍ਹਨ ਜਹਾਜ਼ ਜਹਾਜ਼ ਤੇ ਲਗਿਆ, ਦੇਖੋ ਅਜਬ ਕਹਾਣੀ।
ਮੋਹਨ ਸਿੰਘ ਤੇ ਪਤਨੀ ਉਸ ਦੀ, ਕਰਨੈਲ ਭਾਨ ਜੋ ਸਿੰਘਾ।
ਪਾਸ ਬਣੇ ਸੀ ਕੋਲ ਜਾਣੇ ਦੇ, ਚੜ੍ਹੈ ਜਹਾਜ਼ ਉਮੰਗਾ।
ਚੰਗੀ ਤਰ੍ਹਾਂ ਸਹਿਤ ਜਥੇ ਦੇ, ਇੰਤਜ਼ਾਮ ਕਰਵਾਏ।
ਹੋਇਆ ਵਕਤ ਜਹਾਜ਼ ਤੁਰਨ ਦਾ, ਸਭ ਨੇ ਸੀਸ ਨਿਵਾਏ।
ਧਰ ਕੇ ਮੱਥਾ ਦਾਤੇ ਚਰਨੀਂ, ਪੁੱਠੇ ਲੇਖ ਮਿਟਾਉਂਦੇ।
ਨਾਲ ਹੰਝੂਆਂ ਚਰਨ ਪਖਾਰੇ, ਕੰਠੋਂ ਰੁਕਣਾ ਚਾਹੁੰਦੇ।
ਹੱਥ ਜੋੜ ਸੀ ਅਰਜ਼ਾ ਕਰਦੇ, ਛੇਤੀ ਮੋੜੇ ਪਾਉਣੇ
ਮੁਸਕਰਾ ਕੇ ਸੀ ਪ੍ਰੀਤਮ ਬੋਲੇ, ਕਰਤਾ ਆਪੇ ਜਾਣੇ।
ਪੰਝੀ ਪੋਹ ਦਿਨ ਸੋਮਵਾਰ ਸੀ, ਦੋ ਸਹਿੰਸ ਸਤ ਜਾਣੀ।
ਨਮਸਕਾਰ ਇਹ ਕਰ ਕੇ ਮੁੜ ਪਏ, ਅੱਖਾਂ ਕੇਰਣ ਪਾਣੀ।
ਸਾਗਰ ਵਿੱਚ ਜਹਾਜ਼ ਤੁਰ ਪਿਆ, ਸਾਗਰ ਵਿੱਚ ਸੁਹਾਇਆ।
ਰਣਜੀਤ ਸਿੰਘ ਹੁਣ ਦਾਤਾ ਜੀ ਦੇ, ਚਰਨੀਂ ਸੀਸ ਨਿਵਾਇਆ।

ਕਬਿੱਤ: ਏਸ ਜੋ ਜਹਾਜ਼ ਵਿੱਚ ਸੰਗਤ ਬਹੁਤੀ ਚੜ੍ਹੀ ਸੁਣਿਆ ਸੀ ਸਭ ਨੇ ਕਿ ਦਾਤਾ ਜੀ ਸੁਹਾਏ ਨੇ।
ਦਰਸ਼ ਪਿਆਰਿਆਂ ਦੇ ਕੱਟਣੇ ਕਲੇਸ਼ ਸਭ ਪ੍ਰੇਮੀ ਪ੍ਰਮਾਰਥ ਦੇ ਕੀਰਤੀ ਲੁਭਾਏ ਨੇ।
ਡੇਢ ਸੌ ਦੀ ਗਿਣਤੀ ਜਹਾਜ਼ ਵਿੱਚ ਖਾਲਸੇ ਦੀ ਹੋਰ ਕੌਮਾਂ ਵਾਲੇ ਵੀ ਪੁਰਸ਼ ਬਹੁਤ ਆਏ ਨੇ।
ਦਿਸਦੀ ਜ਼ਮੀਨ ਰਹੀ ਬੰਦਰਗਾਹ ਗੋਆ ਤੱਕ ਸੀਨਰੀ ਸਮੁੰਦਰ ਦੀ ਦੇਖ ਚਿੱਤ ਚਾਏ ਨੇ।
ਮੀਲ ਮੀਲ ਦੋ ਦੋ ਮੀਲ ਚਾਨਣ ਮੁਨਾਰੇ ਦੀਂਹਦੇ ਰਸਤਾ ਜਹਾਜ਼ ਨੂੰ ਜੋ ਸਿੱਧਾ ਸੀ ਬਤਾਂਵਦੇ।
ਦੋਹੀਂ ਪਾਸੀ ਸੋਭਤ ਸੀ ਤਾਰਿਆਂ ਪੰਕਤਿ ਸਮ ਹੀਨ ਜੇ ਕਲੰਕ ਵਿੱਚ ਸਸੀ ਨੇ ਸੁਹਾਂਵਦੇ।
ਦੇਖ ਦੇਖ ਇਨ੍ਹਾਂ ਤਾਂਈਂ ਤੋਰਨ ਜਹਾਜ਼ ਪਿਆਰੇ ਖਤਰੇ ਤੋਂ ਬਿਨਾਂ ਇਹ ਪਾਰ ਲੰਘ ਜਾਂਵਦੇ।
ਚਾਨਣ ਮੁਨਾਰੇ ਸੰਤ, ਸਾਗਰ ਸੰਸਾਰ ਇਹੁ ਚਾਨਣ ਬਿਬੇਕ ਸੰਦਾ ਸੇਵਕਾਂ ਕਰਾਂਵਦੇ।

ਯਥਾ: ***ਸੰਤਹੁ ਸਾਗਰੁ ਪਾਰਿ ਉਤਰੀਐ ॥***
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ (ਸੂਹੀ ਮਃ ੫ - ੭੪੭)

ਟਿਕਿਆ ਜਹਾਜ਼ ਅੱਜ ਜਾਵਦਾ ਸਮੁੰਦਰ 'ਚ ਕਰੇ ਸਨਮਾਨ ਨਹੀਂ ਡੋਲਣਾ ਇਸ ਚਾਂਹਵਦਾ।
ਅੰਮ੍ਰਿਤ ਵੇਲਾ ਹੋਇਆ ਜਿਸ ਦੇ ਪਹਾੜ ਲਾਲ ਰਾਗਨੀ ਸੀ ਆਸਾ ਗਾ ਕੇ ਚਕਵਾ ਸੁਣਾਂਵਦਾ।
ਗੜਬਈ ਰਲਾ ਸਿੰਘ ਦੂਜਾ ਲਿਵਤਾਰ ਜਾਣੋ ਬ੍ਰਹਮ ਅਨੰਦ ਦਾਤਾ ਬਿਰਤੀ ਰਹਾਂਮਦਾ।
ਪਾਪਾਂ ਨੂੰ ਕੱਟਣ ਹਿਤ ਕੋਲ ਗਏ ਦਰਸ਼ਨਾਂ ਨੂੰ ਮੁਕਤ ਭੰਡਾਰ ਹੁਣ ਟਹਿਲਣੇ ਨੂੰ ਜਾਂਵਦਾ।

ਦੋਹਰਾ: ਬੋਹਥ ਉੱਪਰ ਟਹਿਲਦੇ, ਦੇਵਤ ਦਾਸਨ ਗਿਆਨ।
ਰਲਾ ਨਾਲ ਹੀ ਰਲ ਗਿਆ, ਸੁਣ ਕੇ ਬਚਨ ਮਹਾਨ।

ਚੌਪਈ: ਲਿਵਤਾਰ ਸਿੰਘ ਬੈਠਾ ਵਿੱਚ ਕਮਰੇ। ਸੰਤ ਸਾਹਿਬ ਜੀ ਊਪਰ ਗਮਰੇ।
ਰਲਾ ਸਿੰਘ ਭੀ ਨਾਲ ਗਿਆ ਸੀ। ਪੂਰਬ ਤਪ ਜਿਨੁ ਅਧਿਕ ਕੀਆ ਸੀ।
ਸੈਕੰਡ ਅਤੇ ਫਸਟ ਕਲਾਸੂ। ਗਰਾਊਂਡ ਬਣੇ ਇਨ ਟਹਿਲਣ ਬਾਸੂ।
ਤੀਹ ਮਿੰਟ ਬੀਤੇ ਮੁੜ ਆਏ। ਮੋਖਸ਼ ਦਾਤੇ ਬਚਨ ਸੁਣਾਏ।
ਚੱਲਿਆ ਜਾਏ ਜਹਾਜ਼ ਸਿੰਧਾਏ। ਸੰਸਾਰ ਜੀਵ ਵੀ ਰਿਹਾ ਸਿਧਾਏ।
ਭਾਈ ਬਚਨ ਸਿੰਘ ਜੀ ਆਏ। ਘਰ ਸ਼ਰਧਾ ਚਰਨੀਂ ਲਪਟਾਏ।
ਬਚਨ ਸਿੰਘ ਜੀ ਅਰਜ਼ ਗੁਜ਼ਾਰੀ। ਬੰਦਰਗਾਹ ਹੈ ਗੋਯਾ ਅਗਾਰੀ।
ਪ੍ਰੇਮ ਨਾਲ ਫਿਰ ਪੁੱਛਿਆ ਦਾਤੇ। ਜਹਾਜ਼ ਖੜਾ ਕਿ ਚੱਲਦਾ ਜਾਪੇ।
ਜਥੇਦਾਰ ਸੀ ਬਿਨੇ ਬਖਾਨੀ। ਬਖ਼ਸ਼ ਨਿਕੇਤ ਤੁਮ ਸਭ ਹੋ ਜਾਨੀ।
ਮੈਨੂੰ ਤਾਂ ਬਈ ਖੜਾ ਦਿਸੰਦਾ। ਇਨ੍ਹਾਂ ਕਿਹਾ ਅਡੋਲ ਚਲੰਦਾ।
ਪੁਰਬ ਜੋ ਦਸਮੇ ਸਤਿਗੁਰ ਕੇਰਾ। ਸਤਵੀਂ ਪੋਹ ਸੰਗਤ ਨੇ ਹੇਰਾ।

ਮਸਲਤ ਕਰੀ ਮਨਾਉਣਾ ਚਾਹੀਏ। ਜੋੜ ਮੇਲ ਕਰ ਖ਼ੁਸ਼ੀ ਵਧਾਈਏ।
ਭਾਈ ਗੁਰਦਾਸ ਗੁਰਦੇਵ ਵਿਆਸੂ। ਕਹਿੰਦੇ ਸੋ ਨਿਜ ਬਾਣੀ ਖ਼ਾਸੂ।

ਯਥਾ: *ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ। (ਭਾ. ਗੁਰਦਾਸ ਜੀ: ਵਾਰ ੧੨ ਪਉੜੀ ੨)*

ਸਭ ਨੇ ਮਿਲ ਕਰ ਮਨ ਠਹਿਰਾਈ। ਉਤਸ਼ਾਹ ਕਰੋ ਗੁਰਪੁਰਬ ਮਨਾਈ।
ਕੀਰਤ ਕਰਨਾ ਸੰਤ ਜੀ ਪਿਆਰੇ। ਕਪਤਾਨ ਪਾਸ ਜਾਏ ਸਿੰਘ ਪੁਕਾਰੇ।
ਹੋਟਲ ਜਹਾਂ ਸੀ ਹਿੰਦਨ ਕੇਰਾ। ਇਸ ਥਾਂ ਕੀਆ ਹੁਕਮ ਭਲੇਰਾ।
ਖ਼ੁਸ਼ੀਆਂ ਭਰਿਆ ਦਿਨ ਸੀ ਆਇਆ। ਕਮਰਾ ਧੋ ਕੇ ਖ਼ੂਬ ਸਜਾਇਆ।
ਬਿਜਲੀ ਦੇ ਬਲਬ ਸੀ ਜਗਦੇ। ਚੜ੍ਹਦਾ ਸੂਰਜ ਲੱਜਤ ਕਰਦੇ।
ਹੋਈਆਂ ਕਮਰੇ ਵਿੱਚ ਵਿਛਾਇਆਂ। ਦੇਗਾਂ ਕੜਾਹ ਪ੍ਰਸ਼ਾਦ ਕਰਾਈਆਂ।
ਅੱਛੀ ਤਰ੍ਹਾਂ ਸਜਾਇਆ ਕਮਰਾ। ਦਰਸ਼ਨ ਪਰਸੇ ਕਿਹਾ ਕਹੇ ਜਮਰਾ।
ਸ਼ਾਮ ਵਕਤ ਹੁਣ ਸਾਤ ਵਜੇ ਸੀ। ਗੁਰੂ ਗ੍ਰੰਥ ਸਾਹਿਬ ਊਚ ਸਜੇ ਸੀ।
ਅਫਰੀਕਾ ਦੇ ਵਿੱਚ ਬੀੜ ਮੰਗਾਈ। ਸੰਤ ਮਹਾਰਾਜ ਜੀ ਨਾਲ ਲਿਆਈ।
ਸਹਿਜ ਪਾਠ ਦਾ ਭੋਗ ਪਵਾਇਆ। ਸ਼ੁਭ ਦਿਹਾੜਾ ਸਤਵੀਂ ਆਇਆ।
ਜਥੇ ਕੀਰਤਨ ਸ਼ੁਰੂ ਕਰਾਇਆ। ਮਾਤ ਲੋਕ ਬੈਕੁੰਠ ਬਣਾਇਆ।
ਪ੍ਰੇਮੀ ਸੁਨਣ ਵਾਸਤੇ ਆਏ। ਬਿਸ਼ਨ ਸਭਾ ਜਿਉਂ ਦੇਵ ਸੁਹਾਏ।
ਸਾਢੇ ਅੱਠ ਵਜੇ ਹੁਣ ਪਿਆਰੇ। ਅਰਸ਼ੀ ਪ੍ਰੀਤਮ ਦੀਏ ਦਿਦਾਰੇ।
ਮਿੱਠੀ ਸੁਰ ਤੇ ਕੀਰਤਨ ਗਾਉਂਦੇ। ਗਣ ਗੰਧਰਬ ਸੁਣ ਲਜਿਆ ਪਾਉਂਦੇ।
ਜਿਹ ਧਰਤੀ ਤੇ ਕੀਰਤ ਗਾਈ। ਬਾਣੀ ਵਿੱਚ ਉਸ ਸੋਭ ਅਲਾਈ।
ਰਣਜੀਤ ਹਰੀ ਮੈਂ ਸੀਸ ਨਿਵਾਵਾਂ। ਐਸੇ ਥਲ ਤੋਂ ਬਲ ਬਲ ਜਾਵਾਂ।

ਯਥਾ: *ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥*
ਤਹਾਂ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥ (ਸੂਹੀ ਮਃ ੫ - ੭੪੯)

ਤਥਾ: *ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥*
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਤਰਨੁ ਹੋਇ ਉਧਾਰੁ ॥੪॥੧॥੧੫੮॥ (ਗਉੜੀ ਮਃ ੫ - ੨੧੪)

ਸਾਗਰ ਦਾ ਕੰਢਾ ਦਿਸਦਾ ਨਹੀਂ, ਬੇੜੀ ਇਹ ਬੇ ਮੁਹਾਣੀ ਏ।
ਖਬਰੇ ਕਿਸ ਪਾਸੇ ਜਾਣਾ ਏ, ਖਿੱਚ ਕੇ ਕਿਸ ਪਾਰ ਲੰਘਾਣੀ ਏ।
ਸੁਪਨੇ ਨੇ ਸੁਰਗਾਂ ਨਰਕਾਂ ਦੇ, ਗਾਥਾ ਇਹ ਬੜੀ ਪੁਰਾਣੀ ਏ।
ਪਾਂਧੀ ਪਿਆ ਤੇਹ ਵਿੱਚ ਮਰਦਾ ਏ, ਸਾਰਾ ਹੀ ਖਾਰਾ ਪਾਣੀ ਏ।

ਨਾਲ ਦੇ ਸਾਥੀ ਸਿੰਘਾਂ ਵਿੱਚੋਂ ਇੱਕ ਨੇ ਅਨੋਖੇ ਲਹਿਜੇ ਵਿੱਚ ਝੂਮ ਝੂਮ ਕੇ ਸਤਿਗੁਰਾਂ ਦੀ ਬਾਣੀ ਦਾ ਸ਼ਬਦ ਪੜ੍ਹਿਆ:

ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥
ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥੧॥
ਸੁਣਿ ਸੁਣਿ ਜੀਵੈ ਦਾਸੁ ਤੁਮ੍ਹ ਬਾਣੀ ਜਨ ਆਖੀ ॥
ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥੧॥ ਰਹਾਉ ॥
ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥
ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥੨॥
ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥
ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥੩॥
ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥

ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਧਿ ॥੪॥੨੨॥੫੨॥ *(ਬਿਲਾਵਲੁ ਮਃ ੫ - ੮੧੪)*

ਸ੍ਵੈਯਾ: ਗੁਰੂ ਪੰਚਮ ਕਰੁਣਾ ਸਾਗਰ ਜੀ, ਨਿਜ ਬਾਣੀ ਦੇ ਵਿੱਚ ਰਹੇ ਬਤਾਈ।
ਕਲੂ ਕੀਰਤ ਕਰੇ ਧਿਆਨ ਗੁਰੂ, ਭਵ ਸਾਗਰ ਤੇ ਸਿੱਖ ਪਾਰ ਹੋ ਜਾਈ।
ਮੋਦ ਭਰੇ ਸਿੰਘ ਕੀਰਤਨ ਸੁਣਦੇ, ਮਾਤ ਲੋਕ ਬੈਕੁੰਠ ਸੁਹਾਈ।
ਕੜਾਹ ਪ੍ਰਸਾਦਿ ਲਿਆ ਕੇ ਸਿੰਘਾਂ, ਤਾਬਿਆ ਗੁਰੂ ਕੀ ਦੀਆ ਟਿਕਾਈ।
ਵਜ ਗਏ ਦੋ ਹੁਣ ਸਮਾਪਤ ਹੋਆ, ਵਿੱਚ ਸੰਗਤ ਪ੍ਰਸਾਦਿ ਦਵਾਈ।
ਦੀਪਮਾਲਾ ਚਲੀ ਆਤਸ਼ਬਾਜ਼ੀ, ਸੰਗਤ ਸਾਰੀ ਉੱਠ ਉੱਠ ਜਾਈ।
ਜਾਮ ਜਾਮਨੀ ਉੱਠੇ ਪ੍ਰੀਤਮ, ਸਿੰਘਾਂ ਦੀਆ ਇਸ਼ਨਾਨ ਕਰਾਈ।

ਚੌਪਈ: ਤਿੰਨ ਦਿਨ ਬੀਤ ਗੋਯਾ ਆਇਆ। ਜਾਣ ਸਟਾਪ ਕਪਤਾਨ ਰੁਕਾਇਆ।
ਵਕਤ ਛੇ ਵਜੇ ਸੇ ਰੁਕਿਆ ਆ ਕੇ। ਦਿਸਣ ਪਹਾੜ ਸਾਹਮਣੇ ਬਾਂਕੇ।
ਚਲਦੀ ਮੋਟਰ ਨ ਗਡੀ ਐਸੇ। ਪੁਸ਼ਪ ਬਿਬਾਨ ਪਹੁੰਚੇ ਜੈਸੇ।
ਬਾਰਾਂ ਵਜੇ ਸੀ ਮਾਰਚ ਕਰਿਆ। ਛੇ ਘੰਟੇ ਅਰਾਮ ਸੇ ਖਰਿਆ।
ਧਰਤੀ ਦਿਸਣੋ ਬੰਦ ਸੀ ਹੋਈ। ਪਾਣੀ ਚਾਰੇ ਕੁੰਟ ਦਸੋਈ।
ਡਰਦੇ ਛੋਟੇ ਦਿਲਾਂ ਜੋ ਵਾਲੇ। ਕਈ ਮੀਲ ਇਹ ਡੂੰਘਾ ਚਾਲੇ।
ਚਾਨਣ ਮੁਨਾਰੇ ਦਿਸਦੇ ਨਾਹੀ। ਤਾਰੇ ਟਹਿਕਣ ਨਭ ਕੇ ਮਾਹੀ।
ਦੂਜਾ ਦਿਸਦਾ ਪਾਣੀ ਪਿਆਰੇ। ਛੇ ਦਿਨ ਦੇਖੇ ਸਿੰਧ ਨਜ਼ਾਰੇ।
ਖੁਸ਼ੀਆਂ ਦੇ ਵਿੱਚ ਸਮਾਂ ਬਿਤਾਇਆ। ਦਸਵੇਂ ਦਿਨ ਸੀ ਟਾਪੂ ਆਇਆ।
ਬੰਦਰਗਾਹ ਮੁਬਾਸਾ ਪੋਤ। ਆਏ ਸਮੀਪੀ ਗਿਆਨ ਉਦੋਤ।

ਸ਼ਬਦ ਦਾ ਗਾਇਨ ਹੁੰਦਾ ਰਿਹਾ। ਸੂਰਜ ਦੀਆਂ ਸੁਨਹਿਰੀ ਕਿਰਨਾਂ ਨੇ ਸਾਗਰ ਦੀ ਉੱਪਰਲੀ ਸਤਾ ਨੂੰ ਲਿਸ਼ਕਾ ਦਿਤਾ। ਰੰਗਾ ਰੰਗਾਂ ਦੇ ਝਲਕਾਰੇ ਪੈਣ ਲੱਗੇ। ਨੀਲੀਆਂ ਤੇ ਚਿੱਟੀਆਂ ਛੱਲਾਂ ਉੱਠਦੀਆਂ ਤੇ ਡਿੱਗਦੀਆਂ ਹੋਈਆ ਸਾਫ਼ ਦਿਖਾਈ ਦੇਣ ਲੱਗੀਆਂ। ਪਰ ਅੱਗੇ ਜਾ ਕੇ ਧਰਤੀ, ਖੇਤ, ਜੰਗਲ ਤੇ ਪਹਾੜ ਸਭ ਅਲੋਪ ਹੋ ਗਏ। ਚਾਰੋਂ ਦਿਸ਼ਾਂ ਵੱਲ ਤੱਕਿਆਂ ਪਾਣੀ ਹੀ ਪਾਣੀ ਦਿਸਦਾ ਸੀ। ਜਹਾਜ਼ ਵਿੱਚ ਦਸਮ ਪਾਤਸ਼ਾਹ ਜੀ ਮਹਾਰਾਜ ਦਾ ਅਵਤਾਰ ਦਿਵਸ ਪੋਹ ਸੁਦੀ ਸਪਤਮੀ ਦਾ ਗੁਰਪੁਰਬ ਆ ਗਿਆ (ਜੋ ੧੯-੧-੫੧ ਮੁਤਾਬਕ ੧ ਮਾਘ ੨੦੦੭ ਬਿਕ੍ਰਮੀ ਸੰਮਤ ਐਤਵਾਰ ਦਾ ਸੀ) ਹਜ਼ੂਰ ਨੇ ਸਿੱਖ ਅਸਵਾਰੀਆਂ ਦਾ ਉਤਸ਼ਾਹ ਦੇਖ ਅਤੇ ਹਰ ਸਮੇਂ ਘਰ ਬਾਹਰ ਦੇਸ਼ ਪ੍ਰਦੇਸ਼ ਵਿੱਚ ਆਪਣੇ ਗੁਰੂ ਨੂੰ ਯਾਦ ਰੱਖਣ ਦੀ ਸਿੱਖਿਆ ਦੇਣ ਵਾਸਤੇ ਗੁਰਪੁਰਬ ਮਨਾਉਣ ਦਾ ਵਿਚਾਰ ਕੀਤਾ।

ਭਾਵੇਂ ਜਹਾਜ਼ ਦਾ ਵੱਡਾ ਅਫ਼ਸਰ ਇਜਾਜ਼ਤ ਨਹੀਂ ਸੀ ਦਿੰਦਾ ਕਿ ਇਉਂ ਤਾਂ ਹੋਰ ਕੌਮਾਂ ਦੇ ਲੋਕ ਹਿੰਦੂ ਤੇ ਮੁਸਲਮਾਨ ਵੀ ਆਪਣੇ ਇਸ਼ਟ ਦਿਵਸ ਨੂੰ ਮਨਾਉਣ ਵਾਸਤੇ ਸਾਡੇ ਪਾਸੋਂ ਜਗ੍ਹਾ ਮੰਗਣਗੇ, ਪਰ ਫੇਰ ਵੀ ਸੰਗਤ ਦਾ ਉਤਸ਼ਾਹ ਦੇਖ ਕੇ ਕੀ ਪੜ੍ਹੇ ਲਿਖੇ ਮੁਸਾਫ਼ਰਾਂ ਨੇ ਉਸ ਨੂੰ ਮਨਾ ਲਿਆ। ਲੰਗਰ ਵਾਲੀ ਜਗ੍ਹਾ ਧੋ ਕੇ ਤਿਆਰੀ ਕੀਤੀ ਤੇ ਸਿੱਖ ਬੀਬੀਆਂ ਨੇ ਰੇਸ਼ਮ ਨਾਲ ਕੱਢੇ ਬਾਗ਼ ਫੁਲਕਾਰੀਆਂ ਨਾਲ ਸਥਾਨ ਸਜਾ ਦਿੱਤਾ। ਗੁਰੂ ਮਹਾਰਾਜ ਦਾ ਸਰੂਪ (ਜੋ ਕਿਸੇ ਪ੍ਰੇਮੀ ਨੇ ਅਫਰੀਕਾ ਵਿੱਚ ਮੰਗਵਾਇਆ ਸੀ) ਉੱਚੀ ਜਗ੍ਹਾ ਤੇ ਸਤਿਕਾਰ ਨਾਲ ਪ੍ਰਕਾਸ਼ ਕਰ ਸ਼ਾਮ ਛੇ ਵਜੇ ਕੀਰਤਨ ਸ਼ੁਰੂ ਕਰ ਦਿੱਤਾ। ਅੱਠ ਵਜੇ ਆਪ ਗ਼ਰੀਬ ਨਿਵਾਜ਼ ਨੇ ਦਰਸ਼ਨ ਬਖ਼ਸ਼ ਸੰਗਤਾਂ ਨੂੰ ਕੀਰਤਨ ਤੇ ਵਿਆਖਿਆ ਦੁਆਰਾ ਦਸਮ ਪਾਤਸ਼ਾਹ ਦੇ ਪਵਿੱਤਰ ਕੌਤਕਾਂ ਤੇ ਰੌਸ਼ਨੀ ਪਾਈ। ਦੱਸਿਆ ਕਿ ਅੱਜ ਦੇ ਦਿਨ ਪਟਨੇ ਵਿੱਚ ਅਵਤਾਰ ਧਾਰ ਬਾਲ ਲੀਲ੍ਹਾ ਦੇ ਚੋਜ਼ ਕਰ, ਅਨੰਦਪੁਰੀ ਨੂੰ ਭਾਗ ਲਾ, ਗੁਰੂ ਪਿਤਾ ਨੂੰ ਸਹਾਦਤ ਲਈ ਦਿੱਲੀ ਵੱਲ ਤੋਰਿਆ। ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਦੇਸ਼ ਦੀ ਰੱਖਿਆ ਵਾਸਤੇ ਖਾਲਸਾ ਪੰਥ ਸਾਜਿਆ। ਅਨੰਦਪੁਰੀ ਦਾ ਤਿਆਗ, ਚਮਕੌਰ ਦਾ ਜੰਗ ਮਾਛੀਵਾੜੇ ਕੰਡਿਆਂ ਦੀ ਸੇਜ, ਬੇਦਾਵਾ ਪਾੜ ਟੁੱਟੀ ਗੰਢੀ, ਸਾਬੋ ਕੀ ਤਲਵੰਡੀ ਨੂੰ ਗੁਰੂ ਕੀ ਕਾਸ਼ੀ ਦਾ ਵਰ, ਨਾਂਦੇੜ ਜਾ ਕੇ ਭਾਣਾ ਵਰਤਾਉਣਾ ਆਦਿ ਕੌਤਕ ਸੁਣਾਏ; ਜਿਨ੍ਹਾਂ ਨੂੰ ਸੁਣ ਕੇ ਸਭਨਾਂ ਦੇ ਮਨ ਦ੍ਰਬ ਆਏ। ਸੰਗਤਾਂ ਵੱਲੋਂ ਤੇ ਸੰਤ ਜੀ ਮਹਾਰਾਜ ਵਲੋਂ ਖੁੱਲ੍ਹੀ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਹੋਈ। ਦੋ ਵਜੇ ਤੱਕ ਕੀਰਤਨ ਕਰ ਉਪਰੰਤ ਆਸਾ ਜੀ ਦੀ ਵਾਰ ਆਰੰਭ ਕਰ ਦਿੱਤੀ। ਪਹੁ ਫੁਟਾਲੇ ਭੋਗ ਪਾਇਆ। ਅਰਦਾਸ ਉਪਰੰਤ ਪ੍ਰਸ਼ਾਦਿ ਵਰਤਾਇਆ। ਸਾਰੇ ਯਾਤਰੂ ਬੜੇ ਪ੍ਰਸੰਨ ਹੋਏ। ਸਾਰਾ ਸਮਾਂ ਖ਼ੁਸ਼ੀਆਂ ਵਿੱਚ ਬਤੀਤ ਹੋਇਆ। ਨੌਵੇ ਦਿਨ ੧੭-੧-੫੧ ਮੁਤਾਬਕ ੨ ਮਾਘ ਬੁੱਧਵਾਰ ਨੂੰ ਮੁਬਾਸੇ ਦੀ ਬੰਦਰਗਾਹ ਜਹਾਜ਼

ਜਾ ਰੁਕਿਆ।

ਮੁਬਾਸਾ ਬਿਸਰਾਮ

ਪ੍ਰੇਮੀਆਂ ਨੂੰ ਪਹਿਲਾਂ ਹੀ ਖ਼ਬਰਾਂ ਪੁੱਜ ਚੁਕੀਆਂ ਸਨ। ਸ. ਉਜਾਗਰ ਸਿੰਘ ਤੇ ਹੋਰ ਸੰਗਤ ਫ਼ੁੱਲਾਂ ਦੇ ਸੇਹਰੇ ਲੈ ਕੇ ਜਹਾਜ਼ ਦੀ ਉਡੀਕ ਕਰ ਰਹੀ ਸੀ। ਸਭਨਾਂ ਨੇ ਭਾਵਨਾ ਨਾਲ ਨਮਸ਼ਕਾਰ ਕਰ ਪ੍ਰੀਤਮ ਦੇ ਗਲ ਹਾਰ ਪਹਿਨਾਏ ਅਤੇ ਆਪਣੀਆਂ ਕਾਰਾਂ ਵਿੱਚ ਅਸਵਾਰ ਕਰ ਸ. ਉਜਾਗਰ ਸਿੰਘ ਦੀ ਕੋਠੀ ਪੁੱਜੇ, ਜੋ ਇਸ ਨੂੰ ਸਰਕਾਰ ਵੱਲੋਂ ਮਿਲੀ ਸੀ।

ਦੂਜੇ ਦਿਨ ਗੁਰਦੁਆਰਾ ਸਾਹਿਬ ਵਿੱਚ ਰੂਹਾਨੀ ਸਤਸੰਗ ਕੀਰਤਨ ਆਰੰਭ ਹੋ ਗਿਆ ਅਤੇ ਸੰਗਤਾਂ ਹੁੰਮ ਹੁੰਮਾ ਕੇ ਹਾਜ਼ਰੀਆਂ ਭਰਨ ਲੱਗੀਆਂ ਦੋ ਮਹੀਨੇ ਰੂਹਾਨੀ ਸਤਸੰਗ ਮੁਬਾਸੇ ਦੀਆਂ ਸੰਗਤਾਂ ਸਰਵਣ ਕਰਦੀਆਂ ਰਹੀਆਂ। ਮਹਾਂਪੁਰਸ਼ਾਂ ਦੇ ਚਰਨ ਆਪਣੇ ਘਰਾਂ ਵਿੱਚ ਅਨੇਕ ਪ੍ਰੇਮੀਆਂ ਨੇ ਪੁਆਏ।

ਸ. ਕਪੂਰ ਸਿੰਘ ਕੁਹਾੜੇ ਪਿੰਡ ਵਾਲੇ (ਲੁਧਿਆਣਾ) ਨੇ ਵਿਸ਼ੇਸ਼ ਪ੍ਰੇਮ ਨਾਲ ਰੋਜ਼ ਰੂਹਾਨੀ ਸਤਸੰਗ ਦੀਆਂ ਹਾਜ਼ਰੀਆਂ ਭਰੀਆਂ। ਦੋ ਹਜ਼ਾਰ ਦੀ ਸਿੱਖ ਵਸੋਂ ਵਾਲੇ ਇਸ ਸ਼ਹਿਰ ਦੇ ਅਨੇਕ ਪ੍ਰੇਮੀਆਂ ਨੇ ਰੂਹਾਨੀ ਅਨੰਦ ਮਾਣੇ ਅਤੇ ਅੰਮ੍ਰਿਤ ਛਕ ਕੇ ਪੰਜ ਪਿਆਰੀਆਂ ਤੋਂ ਨਾਮ ਦਾਤ ਪ੍ਰਾਪਤ ਕੀਤੀ ਅਤੇ ਮਹਾਂਪੁਰਸ਼ਾਂ ਦੇ ਅਨੇਕ ਰੂਹਾਨੀ ਉਪਦੇਸ਼ਾਂ ਰਾਹੀਂ ਗੁਰੂ ਗੁਰੂ ਜਪ ਕੇ ਜਨਮ ਸਫ਼ਲਾ ਕਰਨ ਲੱਗੇ।

ਨੈਰੋਬੀ

ਨੈਰੋਬੀ ਵਿੱਚ ੨੫ ਹਜ਼ਾਰ ਦੇ ਕਰੀਬ ਸਿੱਖ ਵਸੋਂ ਸੀ। ਮੁਬਾਸੇ ਤੋਂ ਤਿੰਨ ਸੌ ਮੀਲ ਦੀ ਦੂਰੀ ਤੱਕ ਰੂਹਾਨੀ ਸੁਗੰਧ ਪੁੱਜੀ ਤਾਂ ਅਨੇਕ ਸੰਗਤਾਂ ਦੀਆਂ ਬੇਨਤੀਆਂ ਪ੍ਰਵਾਨ ਕਰ ਕੇ ਆਪ ਨੈਰੋਬੀ ਪੁੱਜ ਕੇ ਸਾਰੇ ਗੁਰਦੁਆਰਿਆਂ ਵਿੱਚ ਕੀਰਤਨ ਕੀਤਾ। ਸੰਗਤਾਂ ਰਸ ਭਿੰਨਾਂ ਕੀਰਤਨ ਸ੍ਰਵਣ ਕਰ ਕੇ ਅਤੇ ਗੁਰਮਤਿ ਸਿਧਾਂਤ ਤੋਂ ਜਾਣੂ ਹੋ ਕੇ ਬਹੁਤ ਪ੍ਰਭਾਵਿਤ ਹੋਈਆਂ। ਸ. ਹਰਭਜਨ ਸਿੰਘ ਇੰਨਸਪੈਕਟਰ ਸੀ. ਆਈ. ਡੀ. ਜੋ ਮਹਾਂਪੁਰਸ਼ਾਂ ਦੀ ਨਿਗਰਾਨੀ ਲਈ ਸਰਕਾਰ ਨੇ ਨੀਅਤ ਕੀਤਾ ਸੀ, ਕਮਾਏ ਹੋਏ ਸ਼ਬਦ ਬਾਣਾ ਨਾਲ ਵਿੰਨਿਆਂ ਗਿਆ ਅਤੇ ਮਹਾਂਪੁਰਸ਼ਾਂ ਨੂੰ ਸਚੋ ਸੱਚ ਦੱਸ ਕੇ ਸ਼ਰਧਾ ਨਾਲ ਭਰ ਗਏ ਅਤੇ ਆਪਣੇ ਘਰ ਚਰਨ ਪੁਆਏ।

ਨੈਰੋਬੀ ਵਿੱਚ ਪ੍ਰੇਮੀ ਤਾਂ ਬਹੁਤ ਸਨ ਪਰ ਕਈਆਂ ਦਾ ਜ਼ਿਕਰ ਕੀਤਾ ਜਾਣਾ ਅਵੱਸ਼ਕ ਹੈ: ਸ. ਠਾਕਰ ਸਿੰਘ ਜੀ (ਮਕੰਦਪੁਰ) ਨੇ ਇੱਕ ਕਾਲੇ ਰੰਗ ਦੀ ਐਚਕਨ ਬਣਵਾਈ ਅਤੇ ਮਹਾਂਪੁਰਖਾਂ ਪਾਸ ਬੇਨਤੀ ਕਰ ਕੇ ਉਹ ਐਚਕਨ ਪਹਿਨਾ ਕੇ ਫੋਟੋ ਲੁਹਾ ਕੇ ਯਾਦਗਾਰ ਵਜੋਂ ਆਪਣੇ ਪਾਸ ਰੱਖੀ। ਹੁਣ ਇਹ ਇੰਗਲੈਂਡ ਵਿੱਚ ਆ ਗਏ ਸਨ। ਇਸ ਤਰ੍ਹਾਂ ਲੱਕੜੀ ਵਾਲੇ ਰਸੂਲਪੁਰ (ਬੰਗਾ) ਦੇ ਅਮਰ ਸਿੰਘ ਜੀ ਨੇ ਆਪਣੇ ਸ਼ਹਿਰ ਥੀਕਾ ਵਿੱਚ ਆਪਣੇ ਘਰ ਚਰਨ ਪਵਾ ਕੇ ਇੱਕ ਦਿਨ ਦਾ ਦੀਵਾਨ ਓਥੇ ਲੁਵਾਇਆ। ਇਹ ਭੀ ਇੰਗਲੈਂਡ ਵਿੱਚ ਆ ਗਏ ਸਨ। ਲਲੀਆਂ ਪਿੰਡ ਦੇ ਗੁਰਦਾਸ ਮਲ ਭੀ ਰੋਜ਼ ਦੀਵਾਨਾਂ ਦੀ ਹਾਜ਼ਰੀ ਭਰ ਕੇ ਪ੍ਰੇਮ ਮਸਤ ਹੋਏ ਰਹਿੰਦੇ ਜੋ ਪਿੱਛੋਂ ਇੰਗਲੈਂਡ ਆ ਗਏ ਸਨ। ਸ. ਮੋਹਨ ਸਿੰਘ ਹਲੂਵਾਲ (ਕਹਾਰਪੁਰ ਨੇੜੇ) ਨੂੰ ਭੀ ਬਹੁਤ ਪ੍ਰੇਮ ਲਗਿਆ। ਪਿੱਛੋਂ ਇਹ ਚੰਡੀਗੜ੍ਹ ਫਿਰ ਲੰਡਨ ਚਲੇ ਗਏ ਅਤੇ ਪ੍ਰਬੰਧਕਾਂ ਨੂੰ ਪ੍ਰੇਰ ਕੇ ਮਹਾਂਪੁਰਸ਼ਾਂ ਦੇ ਦੀਵਾਨ ਲੰਡਨ ਲਗਵਾਏ।

ਸਰਹਾਲ ਕਲਾਂ ਵਾਲੇ ਮੋਹਨ ਸਿੰਘ ਨੂੰ ਨੈਰੋਬੀ ਦੇ ਦੀਵਾਨਾਂ ਸਮੇਂ ਪ੍ਰੇਮ ਲੱਗਿਆ। ਇਹ ਭੀ ਇੰਗਲੈਂਡ ਆ ਗਏ ਅਤੇ ੧੯੭੪-੭੫ ਵਿੱਚ ਇੰਗਲੈਂਡ ਵਿੱਚ ਦੀਵਾਨ ਸੁਣਦੇ ਰਹੇ। ਸ. ਗੁਰਬਚਨ ਸਿੰਘ ਜੀ ਡਾਲੇ ਚੱਕ (ਗੁਰਦਾਸ) ਵਾਲਿਆਂ ਦੇ ਨਾਮ ਸਿਮਰਨ ਦੀ ਜੁਗਤ ਪੁੱਛ ਕੇ ਰੂਹਾਨੀ ਕਮਾਈ ਵਿੱਚ ਦ੍ਰਿੜ ਹੋ ਕੇ ਲੱਗ ਗਏ ਅਤੇ ਇੰਗਲੈਂਡ ਜਾ ਕੇ ਭੀ ਪਿਆਰ ਨਾਲ ਦੀਵਾਨਾਂ ਦੀ ਹਾਜ਼ਰੀ ਭਰਦੇ ਰਹੇ। ਸ. ਭਗਤ ਜੁਆਲਾ ਸਿੰਘ ਜੀ ਨੈਰੋਬੀ (ਕਲਸਮ ਪਿੰਡ ਜਲੰਧਰ) ਵਾਲੇ ਆਪਣੀ ਕਾਰ ਰਾਹੀਂ ਮਹਾਰਾਜ ਜੀ ਤੇ ਜਥੇ ਨੂੰ ਦੀਵਾਨ ਵਿੱਚ ਲਿਜਾਣ ਲਿਆਉਣ ਦੀ ਸੇਵਾ ਕਰਦੇ ਰਹੇ। ਇਸ ਦੇ ਪੰਜ ਲੜਕੀਆਂ ਸਨ। ਆਪ ਦੇ ਪ੍ਰਾਰਥਨਾ ਕਰਨ ਤੇ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਰਾਹੀਂ ਅਕਾਲ ਪੁਰਖ ਨੇ ਭੁਜੰਗੀ ਦੀ ਦਾਤ ਬਖ਼ਸ਼ੀ। ਅੱਜ ਕੱਲ੍ਹ ਵਡਪ੍ਰਵਾਰੀ ਹੋ ਕੇ ਅਮਰੀਕਾ ਵਿੱਚ ਰਹਿੰਦੇ ਹਨ।

ਸੰਤ ਪਦ ਹੈ ਭੇਖ ਨਹੀਂ

ਅਫਰੀਕਾ ਵਿੱਚ ਨੈਰੋਬੀ ਦੇ ਦੀਵਾਨਾਂ ਸਮੇਂ ਇੱਕ ਨਾਸਤਕ ਖ਼ਿਆਲਾਂ ਦਾ ਸੱਜਣ (ਜੋ ਕਿ ਲੁਧਿਆਣੇ ਜ਼ਿਲੇ ਦਾ ਸੀ) ਸੰਤ ਜੀ ਨੂੰ ਕਹਿਣ ਲੱਗਾ, "ਜੋ ਧਾਰਮਿਕ ਗ੍ਰੰਥਾਂ ਵਿੱਚ ਸਾਧ, ਸੰਤ ਜਾਂ ਸਤਪੁਰਸ਼ਾਂ ਦੀ ਮਹਿਮਾ ਆਉਂਦੀ ਹੈ, ਉਹ ਤਿਆਗੀ ਵਿਰੱਕਤਾਂ ਵੱਲ ਇਸ਼ਾਰਾ ਹੈ। ਫ਼ਕੀਰ ਤਾਂ ਕਹਿੰਦੇ ਹੀ ਉਸ ਨੂੰ ਹਨ ਜਿਸ ਦੇ ਸਿਰ ਤੇ ਟੋਪੀ (ਕੁਲ੍ਹਾ) ਤੇ ਗਲ ਵਿੱਚ ਗੋਦੜੀ ਪਾਈ ਹੋਵੇ। ਜੋ ਕੀਮਤੀ ਬਸਤ੍ਰ ਪਹਿਨ ਬਾਦਸ਼ਾਹਾਂ ਵਾਲਾ ਲਿਬਾਸ ਰੱਖਦੇ ਹਨ, ਉਹ ਕਿਵੇਂ ਸੰਤ ਹੋ ਸਕਦੇ

ਹਨ?" ਹਜ਼ੂਰ ਨੇ ਮੁਸਕਰਾ ਕੇ ਉੱਤਰ ਦਿੱਤਾ ਕਿ ਗੁਰਮੁਖ ਜੀ! ਸਾਧੂ ਕਿਸੇ ਭੇਖ ਜਾਂ ਲਿਬਾਸ ਦਾ ਨਾਮ ਨਹੀਂ। ਸਾਧੂ ਤਾਂ ਪ੍ਰਮੇਸ਼ਵਰ ਦੇ ਨਾਲ ਮਿਲੇ ਹੋਏ ਨੂੰ ਕਹਿੰਦੇ ਹਨ। ਸਰੀਰ ਤੇ ਸਵਾਹ ਮਲ ਲੈਣੀ ਜਾਂ ਅਲਫ ਨਗਨ ਰਹਿਣਾ ਅਥਵਾ ਸਰੀਰ ਦੇ ਚੁਫੇਰੇ ਬੁਕ ਬੁਕ ਲੀਰਾਂ ਦਾ ਲਟਕਣਾ, ਮੰਗ ਕੇ ਖਾਣਾਂ, ਰੋਹੀਆਂ 'ਚ ਫਿਰਦੇ ਰਹਿਣਾ, ਏਹੋ ਜਿਹਾ ਭੇਖੀ ਪੁਰਸ਼ ਸਾਧੂ ਨਹੀਂ ਹੁੰਦਾ। ਗੁਰੂ ਘਰ ਵਿੱਚ ਤਾਂ ਸਤਿਗੁਰਾਂ ਨੇ ਸਿੱਖ ਨੂੰ ਰਾਜਾ ਜੋਗੀ ਬਣਾਇਆ ਹੈ। ਗੁਰੂ ਨਾਨਕ ਦੇ ਮੱਤ ਵਿੱਚ ਨਿਰਮਲ ਕਰਨੀ ਵਾਲੇ ਦਾ ਨਾਮ ਸਾਧੂ ਹੈ। ਚਾਹੇ ਉਹ ਗ੍ਰਹਿਸਤੀ ਹੈ ਜਾਂ ਤਿਆਗੀ ਮਹਾਤਮਾ ਹੈ। ਉਹ ਭਾਵੇਂ ਆਪਣੇ ਸਰੀਰ ਤੇ ਰੇਸ਼ਮੀ ਬਸਤ੍ਰ ਪਹਿਨੇ, ਤਿੱਲੇਦਾਰ ਜੁੱਤੀ ਪਾਵੇ। ਚੰਗੀਆਂ ਕੋਠੀਆਂ ਵਿੱਚ ਰਹੇ, ਕਾਰਾਂ ਦੀ ਅਸਵਾਰੀ ਕਰੇ। ਪਰ ਉਸ ਦੇ ਅੰਦਰ ਕਿਸੇ ਵੀ ਚੀਜ਼ ਦੀ ਪਕੜ ਨਹੀਂ ਹੁੰਦੀ। ਅੰਦਰਲਾ ਤਿਆਗ ਹੀ ਅਸਲੀ ਤਿਆਗ ਹੈ। ਸਾਡੇ ਗੁਰੂ ਸਾਹਿਬਾਂ (ਦਸਮੇਸ਼ ਪਿਤਾ ਜੀ) ਹੇਠ ਸਵਾ ਸਵਾ ਲੱਖ ਦੀ ਕੀਮਤ ਦਾ ਘੋੜਾ ਹੁੰਦਾ ਸੀ। ਪੰਜਾਹ ਹਜ਼ਾਰ ਦੀ ਕੀਮਤ ਦਾ ਜੁੱਤਾ ਪਹਿਣਦੇ ਸਨ। ਢਾਈ ਲੱਖ ਦੀ ਕੀਮਤ ਦਾ ਤੰਬੂ (ਜੋ ਕਾਬਲ 'ਚੋਂ ਬਣ ਕੇ ਆਇਆ) ਲੱਗਦਾ ਸੀ। ਇਹ ਉਸ ਸਮੇਂ ਦੇ ਭਾਵਾਂ ਦੀ ਗੱਲ ਹੈ। ਹੁਣ ਅੱਜ ਕੱਲ੍ਹ ਤਾਂ ਹੋਰ ਵੀ ਮਹਿੰਗਾਈ ਦਾ ਜ਼ਮਾਨਾ ਹੈ। ਹਰੇਕ ਚੀਜ਼ਾਂ ਦੀ ਕੀਮਤ ਉਸ ਵੇਲੇ ਨਾਲੋਂ ਸੌ ਗੁਣਾ ਜ਼ਿਆਦਾ ਵਧ ਗਈ ਹੈ।

ਸਤਿਗੁਰਾਂ ਨੇ ਸਿੱਖ ਨੂੰ ਭਿਖਾਰੀ ਨਹੀਂ ਬਣਾਇਆ। ਦਾਤਾ ਬਣਾਇਆ ਹੈ। ਸਿੱਖ ਰਾਜਾ ਜੋਗੀ ਹੈ। ਸਾਧੂਆਂ ਦੇ ਡੇਰਿਆਂ ਵਿੱਚ ਲੰਗਰ ਚਲਦੇ ਹਨ। ਰਿਹਾਇਸ਼ ਮਿਲਦੀ ਹੈ। ਕਥਾ ਕੀਰਤਨ ਤੇ ਭਜਨ ਸਿਮਰਨ ਦਾ ਪ੍ਰਵਾਹ ਜਾਰੀ ਹੈ। ਸੋ, ਬਾਹਰਲੀ ਕ੍ਰਿਆ ਨਾਲ ਅੰਦਰਲੀ ਅਵਸਥਾ ਦਾ ਕੋਈ ਫ਼ਰਕ ਨਹੀਂ ਪੈਂਦਾ। ਇਹ ਬਚਨ ਸੁਣ ਕੇ ਉਹ ਚੁੱਪ ਹੋ ਗਿਆ ਅਤੇ ਹੋਰ ਸੰਗਤ ਵੀ ਨਿਹਾਲ ਹੋ ਗਈ।

ਕਰਮ ਤੇ ਬਖ਼ਸ਼ਿਸ਼

ਏਸ ਜਗ੍ਹਾ ਇੱਕ ਪ੍ਰੇਮੀ ਨੇ ਅਰਜ਼ ਕੀਤੀ ਕਿ ਮਹਾਰਾਜ ਪਰਮਾਰਥ ਵਿੱਚ ਕਰਮ ਬਖ਼ਸ਼ਿਸ਼ ਮੁੱਖ ਹੈ ਜਾਂ ਜੀਵ ਦਾ ਪੁਰਸ਼ਾਰਥ ਮੁੱਖ ਹੈ ਕਿਉਂਕਿ ਕਈ ਕੁ ਕਰਮ ਫਲਸਫ਼ੇ ਦੇ ਕੱਟੜ ਮੁਦੱਈ ਲੋਕ ਤਰਕ ਕਰ ਕੇ ਕਹਿੰਦੇ ਹਨ, ਕਿ ਪਛਤਾਵੇ ਨਾਲ ਜੇ ਗ਼ੁਨਾਹ ਬਖ਼ਸ਼ੇ ਜਾਣੇ ਮੰਨ ਲਈਏ ਤਾਂ ਕਾਰਨ ਕਾਰਜ ਵਾਦ ਝੂਠਾ ਹੋ ਜਾਂਦਾ ਹੈ। ਜੋ ਕਰਮ ਕੀਤੇ ਜਾ ਚੁੱਕੇ ਹਨ ਉਹ ਫ਼ਲ ਕਿਸ ਤਰ੍ਹਾਂ ਨਾ ਦੇਣ, ਜੇ ਫ਼ਲ ਹਰ ਸੂਰਤ 'ਚ ਮਿਲਣਾ ਹੀ ਹੈ ਤਾਂ ਫਿਰ ਪਛਤਾਵੇ ਦੀ ਕੀ ਪੁੱਛ। ਤੋਬਾ ਦਾ ਕੀ ਫ਼ਲ?

ਉੱਤਰ ਦਿੱਤਾ ਕਿ ਦੁਨੀਆਂ ਵਿੱਚ ਕੋਈ ਬਾਪ ਭੀ ਅਜਿਹਾ ਨਿਰਦਈ ਨਹੀਂ ਜੋ ਭੁੱਲੇ ਹੋਏ ਪੁੱਤਰ ਦੀ ਗ਼ਲਤੀ ਤੇ ਪਛਤਾ ਰਹੇ ਨੂੰ ਤੱਕ ਕੇ ਦ੍ਰਵ ਨਾ ਜਾਵੇ। ਪਰ ਜੇ ਦਿਲਾਂ ਦੀ ਦੁਨੀਆਂ ਤੋਂ ਬਾਹਰ ਖਲੋਤੇ ਜਜ਼ਬਿਆਂ ਤੋਂ ਇਨਕਾਰੀ ਬੁੱਧੀ ਮੰਡਲ ਦੀ ਖ਼ੁਸ਼ਕ ਗੱਲ ਨੂੰ ਹੀ ਲੈ ਲਈਏ, ਤਾਂ ਵੀ ਕੋਈ ਔਕੜ ਨਹੀਂ ਆਉਂਦੀ। ਕਿਸਾਨ ਜਿਤਨੇ ਬੀਜ ਪੈਲੀ ਵਿੱਚ ਖਿਲਾਰਦਾ ਹੈ ਕਦੀ ਸਾਰੇ ਨਹੀਂ ਉੱਗੇ। ਜੇ ਪੋਰ ਕੇ ਸੁਹਾਗੀ ਹੋਈ ਪੈਲੀ ਤੇ ਕਣੀਆਂ ਪੈ ਕੇ ਕਰੰਡ ਬੱਝ ਜਾਵੇ ਤਾਂ ਕੋਈ ਕੋਈ ਦਾਣਾ ਹੀ ਉੱਗਦਾ ਹੈ। ਕਾਰਨ ਸਾਫ਼ ਤੇ ਸਪੱਸ਼ਟ ਹੈ। ਭਾਵੇਂ ਦਾਣਿਆਂ ਵਿੱਚ ਉੱਗਣ ਸ਼ਕਤੀ ਸੀ ਪਰ ਕਰੰਡੀ ਹੋਈ ਧਰਤੀ ਦੀ ਕਰੜੀ ਤਹਿ ਨੂੰ ਪਾੜ ਉਤਾਂਹ ਨਿੱਕਲਣ ਦਾ ਬਲ ਅੰਕੁਰ ਵਿੱਚ ਨਹੀਂ ਸੀ ਜਿਸ ਕਰ ਕੇ ਦਾਣੇ ਫ਼ਲ ਨਾ ਸਕੇ। ਏਸੇ ਤਰ੍ਹਾਂ ਹੀ ਅਕਸਰ ਦੁਨੀਆਂ ਵਿੱਚ ਜਦ ਮਨਾਂ ਦੀਆਂ ਪੈਲੀਆਂ ਤੇ ਪਛਤਾਵੇ ਦੇ ਅੱਥਰੂਆਂ ਦੀਆਂ ਕਣੀਆਂ ਪੈ ਕਰੰਡ ਜਾਂਦੀਆਂ ਹਨ ਤਾਂ ਕਰਮਾਂ ਦੇ ਬੀਜ ਉੱਗ ਨਹੀਂ ਸਕਦੇ। ਵੈਸੇ ਵੀ ਤਾਂ ਕਰਮਾਂ ਦਾ ਮੁਦੱਈ ਮੰਨਦਾ ਹੈ ਕਿ ਕਰਮ ਖੁਦ ਫ਼ਲ ਨਹੀਂ ਦਿੰਦੇ, ਉਨ੍ਹਾਂ ਦਾ ਸੰਸਕਾਰ ਫਲਦਾ ਹੈ। ਸਭ ਤੋਂ ਵੱਡੀ ਯਾਦ ਰੱਖਣ ਵਾਲੀ ਗੱਲ ਤਾਂ ਇਹ ਹੈ ਕਿ ਪ੍ਰਮੇਸ਼ਵਰ ਨੂੰ ਹਰ ਸਮੇਂ ਚੇਤੇ ਕਰੋ, ਕਿਉਂਕਿ ਪ੍ਰਭੂ ਨੂੰ ਭੁੱਲ ਜਾਣਾ ਹੀ ਬਦਕਿਸਮਤੀ ਹੈ। ਪਰ ਇਹ ਭੁੱਲਣਾ ਕਿ ਮੈਂ ਉਸ ਨੂੰ ਭੁੱਲ ਗਿਆ ਹਾਂ, ਅਤਿ ਦਰਜੇ ਦੀ ਮੰਦ ਭਾਗਤਾ ਹੈ। ਨਾ ਜਾਨਣਾ ਭੀ ਬੁਰਾ ਹੈ, ਪਰ ਇਹ ਨਾ ਜਾਣਨਾ ਕਿ ਮੈਂ ਨਾਵਾਕਫ਼ ਹਾਂ, ਬਹੁਤ ਹੀ ਮੰਦਾ ਹੈ। ਜਾਣਨਾ, ਪਰ ਇਹ ਸਮਝਣਾ ਕਿ ਮੈਂ ਨਹੀਂ ਜਾਣਦਾ, ਇਹ ਭਲਿਆਈ ਦਾ ਰਸਤਾ ਹੈ। ਅਜਿਹੇ ਲੋਕ ਹੀ ਪਛਤਾਵਾ ਕਰਦੇ ਹਨ ਤੇ ਉਨ੍ਹਾਂ ਤੇ ਮੇਹਰਾਂ ਹੁੰਦੀਆਂ ਹਨ। ਭੁੱਲੀ ਪਈ ਨੂੰ ਬੇਸ਼ਕ ਭੁੱਲਿਆਂ ਰਹਿਣ ਦੇ, ਪਰ ਜੁਦਾਈ ਦੀ ਕਸਕ ਸੀਨੇ ਵਿੱਚ ਪੈਂਦੀ ਰਹੇ। ਜੇ ਨਹੀਂ ਮਿਲਣਾ ਤਾਂ ਨਾ ਮਿਲੋ, ਪਰ ਦਿਲ ਵੇਹੜੇ ਤੁਹਾਡੇ ਪੈਰ ਨਹੀਂ ਪਏ, ਇਹ ਤਾਂ ਪ੍ਰਤੀਤ ਹੋਣ ਦਿਓ।

ਨਾ ਜਾਣੇ, ਪਰ ਇਹ ਨਾ ਜਾਣੇ ਕਿ ਓਹ ਕੁੱਝ ਵੀ ਨਾ ਜਾਣੇ।
ਅਹਿਮਕ ਹੈ ਉਸ ਦਾ ਛਡ ਖਹਿੜਾ, ਕਹਿੰਦੇ ਸੁਘੜ ਸਿਆਣੇ।
ਨਾ ਜਾਣੇ ਇਹ ਜਾਣੇ ਕਿ ਉਹ ਕੁੱਝ ਵੀ ਨਾ ਜਾਣੇ।
ਸਦਾ ਹੈ ਉਸ ਨੂੰ ਸਿਖਾਲਦੇ ਜੋ ਚੰਗੀ ਮਨ ਭਾਣੇ।

ਜੇ ਤੈਨੂੰ ਹਾਂ ਭੁੱਲੀ ਪ੍ਰੀਤਮ ਭੁੱਲੀ ਪਈ ਹੀ ਰਹਿਣ ਦੇ।
ਪਰ ਬ੍ਰਿਹੋਂ ਦੀ ਪੀੜਾ ਸੰਦੀ ਦਿਲ ਵਿੱਚ ਕਰਕੇ ਪੈਣ ਦੇ।
ਜੇ ਮੈਨੂੰ ਨਾ ਮਿਲਣਾ ਲੋੜੇ ਖ਼ੁਸ਼ੀ ਰਹੋ ਨਾ ਮਿਲਿਓ।
ਮਨ ਮੰਦਰ ਪਰ ਪੈਰ ਨਹੀਂ ਪਾਏ ਦਿਲ ਇਸ ਵਹਿਣ, ਵਹਿਣ ਦੇ।

ਇਹ ਬਚਨ ਸੁਣ ਕੇ ਉਸ ਦਾ ਮਨ ਬੜਾ ਪ੍ਰਸੰਨ ਹੋਇਆ। ਉਸ ਤੋਂ ਬਾਅਦ ਆਪ ਨੈਰੋਬੀ ਆ ਗਏ। ਉੱਥੇ ਆਪੋ ਆਪਣੇ ਇਲਾਕੇ ਤੇ ਕੌਮਾਂ ਨੇ ਗੁਰਦੁਆਰੇ ਸਾਹਿਬ ਬਣਾਏ ਸਨ। ਸਾਰਿਆਂ ਵਿੱਚ ਏਥੇ ਆਪ ਜੀ ਨੇ ਕੀਰਤਨ ਕੀਤਾ। ਸਭ ਤੋਂ ਪਹਿਲਾਂ ਰਾਮਗੜ੍ਹੀਆ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਬੇਨਤੀ ਕਰ ਕੇ ਸਮਾਂ ਲੈ ਲਿਆ।

ਅੱਗੇ ਜੀਵ ਦੇ ਖ਼ਿਆਲਾਂ ਅਨੁਸਾਰ ਫ਼ਲ ਮਿਲਦਾ ਹੈ

ਨੈਰੋਬੀ ਦੇ ਦੀਵਾਨਾਂ ਸਮੇਂ ਜਦੋਂ ਹਜ਼ੂਰ ਸ਼ਰਧਾਲੂ ਪ੍ਰੇਮੀਆਂ ਦੇ ਘਰੀਂ ਚਰਨ ਪਾਉਂਦੇ ਉਸ ਵਕਤ ਬੀਬੀ ਪਿਆਰੋ ਨੇ ਬੇਨਤੀ ਕੀਤੀ, "ਦਾਤਾ! ਕ੍ਰਿਪਾ ਕਰ ਕੇ ਮੇਰੇ ਘਰ ਵਿੱਚ ਵੀ ਚਰਨ ਪਾਓ।" ਸੰਤ ਜੀ ਨੇ ਇਸ ਦੀ ਬੇਨਤੀ ਪ੍ਰਵਾਨ ਕਰ ਲਈ। ਜਦੋਂ ਇਸ ਦੇ ਘਰ ਵਿੱਚ ਗਏ ਤਾਂ ਇਸ ਦੇ ਲੜਕੇ ਅਰਜਨ ਸਿੰਘ ਨੇ ਨਮਸ਼ਕਾਰ ਕਰਨ ਤੋਂ ਬਾਅਦ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਅੱਗੇ ਪ੍ਰਲੋਕ ਵਿੱਚ ਗਿਆ ਚੰਗੇ ਮਾੜੇ ਤੇ ਬੁਰੇ ਭਲੇ ਦੀ ਕਿਵੇਂ ਪਛਾਣ ਹੁੰਦੀ ਹੈ? ਅਰਥਾਤ ਧਰਮਰਾਜਾ ਨੂੰ ਕਿਵੇਂ ਪਤਾ ਲੱਗਦਾ ਹੈ?"

ਆਪ ਜੀ ਨੇ ਉੱਤਰ ਦਿੱਤਾ ਕਿ ਅੱਗੇ ਪ੍ਰਲੋਕ ਵਿੱਚ ਜੀਵ ਦੇ ਸ਼ੁਭ ਅਸ਼ੁਭ ਕਰਮਾਂ ਦਾ ਹਿਸਾਬ ਸੱਚ ਦੀ ਤੱਕੜੀ ਤੇ ਰੱਖ ਕੇ ਤੋਲਿਆ ਜਾਂਦਾ ਹੈ।

ਯਥਾ: ***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥***

(ਵਾਰ-ਆਸਾ ਮਃ ੧ - ੪੬੩)

ਇੱਥੇ ਇਸ ਦੇ ਕੀਤੇ ਸ਼ੁਭ ਤੇ ਅਸ਼ੁਭ ਕਰਮਾਂ ਦੇ ਜੋ ਅੰਦਰ ਖ਼ਿਆਲ ਬਣਦੇ ਹਨ ਜਿਨ੍ਹਾਂ ਅਨੁਸਾਰ ਇਹ ਚੰਗਾ ਮਾੜਾ ਅਧਿਆਸ ਕਰਦਾ ਹੈ, ਇਸ ਦੇ ਮਨ ਦੇ ਫੁਰਨੇ ਅਨੁਸਾਰ ਆਪੇ ਹੀ ਪਤਾ ਲੱਗ ਜਾਂਦਾ ਹੈ ਕਿ ਮੇਰੇ ਮਨ ਦੀ ਰੌਂ ਕਿਸ ਪਾਸੇ ਵੱਲ ਜਾਂਦੀ ਹੈ। ਸੋ ਮਤਾਂ ਕੋਈ ਇਹ ਕਹੇ ਕਿ ਮੇਰੇ ਕਰਮਾਂ ਦਾ ਅੱਗੇ ਪ੍ਰਲੋਕ ਵਿੱਚ ਗਿਆਂ ਪਤਾ ਨਹੀਂ ਲੱਗੇਗਾ। ਇਹ ਤਾਂ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਗੱਲ ਹੈ ਉੱਥੇ ਤਾਂ:

ਲੇਖੈ ਬੋਲਣੁ ਬੋਲਣਾ ਲੇਖੈ ਖਾਣ ਖਾਉ ॥
ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥ *(ਸਿਰੀਰਾਗੁ ਮਃ ੧ - ੧੫)*

ਬਚਨਾਂ ਦਾ ਬੋਲਣਾ, ਪ੍ਰਸ਼ਾਦਿ ਦਾ ਛਕਣਾ, ਤੁਰਨਾ ਫਿਰਨਾ, ਇਹ ਸਭ ਲੇਖੇ ਵਿੱਚ ਹੈ। ਹੋਰ ਤਾਂ ਕੀ ਸਵਾਸਾਂ ਦਾ ਲੈਣਾ ਵੀ ਲੇਖੇ ਵਿੱਚ ਹੈ। ਜਿਨ੍ਹਾਂ ਨੇ ਸਤਪੁਰਸ਼ਾਂ ਦੀ ਸੰਗਤ ਕੀਤੀ ਉਨਾਂ ਦੇ ਬਚਨਾਂ ਤੇ ਚੱਲੇ। ਉਨ੍ਹਾਂ ਦਾ ਤਾਂ ਅੱਗੇ ਜ਼ਰੂਰ ਹੀ ਭਲਾ ਹੋ ਜਾਣਾ ਹੈ। ਭਾਵੇਂ ਅੱਜ ਕੱਲ੍ਹ ਚੁਮਾਸੇ ਦਾ ਮੌਸਮ ਹੋਣ ਕਰ ਕੇ ਬਾਰਸ਼ ਪੈ ਰਹੀ ਹੈ, ਪਰ ਫੇਰ ਵੀ ਸੰਗਤ ਦਾ ਅਥਾਹ ਪਿਆਰ ਹੈ। ਕਈ ਪ੍ਰੇਮੀਆਂ ਨੇ ਤਾਂ ਕਦੇ ਇੱਕ ਦਿਨ ਵੀ ਨਾਗਾ ਨਹੀਂ ਪਾਇਆ। ਉਨ੍ਹਾਂ ਦਾ ਤਾਂ ਧਰਮਰਾਜਾ ਸੇਵਾਦਾਰ ਹੈ।

ਸਾਧਸੰਗਿ ਧਰਮ ਰਾਇ ਕਰੇ ਸੇਵਾ ॥ ਸਾਧ ਕੈ ਸੰਗਿ ਸੋਭਾ ਸੁਰਦੇਵਾ ॥

(ਗਉੜੀ ਸੁਖਮਨੀ ਮਃ ੫ - ੨੭੧)

ਇਉਂ ਸੰਗਤ ਦੀ ਮਹਿਮਾ ਦੇ ਹੋਰ ਵੀ ਬਹੁਤ ਸਾਰੇ ਬਚਨ ਕਹੇ, ਜਿਸ ਨੂੰ ਸੁਣ ਕੇ ਉਹ ਪ੍ਰੇਮੀ ਤੇ ਹੋਰ ਨਾਲ ਦੀ ਸੰਗਤ ਵੀ ਬੜੀ ਪ੍ਰਸੰਨ ਹੋਈ।

ਇੰਡੀਆ ਵਾਪਸ ਆਉਣਾ

ਆਪ ਜੀ ਪਿਛਲੇ ਪ੍ਰੇਮੀਆਂ ਦੀ ਖਿੱਚ ਕਰ ਕੇ ਜੋ ਹਰ ਰੋਜ਼ ਹੀ ਬਿਨੇਮਈ ਪੱਤ੍ਰਕਾ ਭੇਜਦੇ ਸਨ। ਕਈ ਕੁ ਸੱਜਣਾਂ ਦੀ ਅੰਤ੍ਰੀਵ ਸਹਾਇਤਾ ਕਰਨ ਲਈ ਕੁੱਝ ਕੁ ਸਮੇਂ ਵਾਸਤੇ ਜਥੇ ਦੇ ਸਿੰਘਾਂ ਦਾ ਮੋਨ ਕਰਵਾ ਕੇ ਹਜ਼ੂਰੀਏ ਸੇਵਾਦਾਰ ਨਾਲ ਹਵਾਈ ਜਹਾਜ਼ ਰਾਹੀਂ ਇੰਡੀਆ ਆ ਗਏ। ੬ ਮਈ ੧੯੫੧ ਈ. ਮੁਤਾਬਕ ੨੪ ਵੈਸਾਖ ੨੦੦੮ ਐਤਵਾਰ ਨੂੰ ਦਿੱਲੀ ਦੇ ਹਵਾਈ ਅੱਡੇ ਤੇ ਉੱਤਰ ਕੇ ਸ. ਮੋਹਨ ਸਿੰਘ ਦੀ ਕਾਰ ਰਾਹੀਂ ਡੇਰੇ ਪੁੱਜੇ।

ਪੂਰਬ ਵੱਲੋਂ ਦੂਜਾ ਸੂਰਜ ਪ੍ਰਗਟ ਹੋਇਆ ਜਾਣ ਕੇ ਜੋ ਦਿਲਾਂ ਦਾ ਅੰਧੇਰਾ ਦੂਰ ਕਰਦਾ ਹੈ, ਡੇਰੇ ਤੇ ਇਲਾਕੇ ਨਿਵਾਸੀ ਪ੍ਰੇਮੀਆਂ ਦੇ ਮਨ ਕਵਲਾਂ ਸਮਾਨ ਖਿੜ ਗਏ। ਦੋਵੇਂ ਹਸਤੀਆਂ ਪਰਸਪਰ ਪਿਆਰ ਨਾਲ ਮਿਲੀਆਂ। ਸੰਗਤ ਨੂੰ

ਦਰਸ਼ਨ ਦੀਦਾਰ ਬਖ਼ਸ਼ ਕੁੱਝ ਦਿਨ ਠਹਿਰ ਫੇਰ ੨੫ ਮਈ ਮੁਤਾਬਕ ੧੨ ਜੇਠ ਸ਼ੁਕਰਵਾਰ ਨੂੰ ਹਵਾਈ ਜ਼ਹਾਜ ਰਾਹੀਂ ਵਾਪਸ ਚਲੇ ਗਏ। ਉਸ ਸਮੇਂ ਦਿੱਲੀ ਏਅਰ ਪੋਰਟ ਤੇ ਇਤਨਾ ਇਕੱਠ ਹੋਇਆ ਕਿ ਸ਼ਰਧਾਲੂ ਪ੍ਰੇਮੀਆਂ ਨੇ ਜੋ ਦਰਸ਼ਨਾਂ ਵਾਸਤੇ ਆਏ ਹਨ, ਜੰਗਲੇ ਤੋੜ ਦਿੱਤੇ। ਬੋਈ ਸਿਪਾਹੀਆਂ ਨੇ ਸੰਤ ਜੀ ਮਹਾਰਾਜ ਨੂੰ ਚੁੱਕ ਕੇ ਕਾਰ ਵਿੱਚ ਬਿਠਾਇਆ।

ਆਪ ਜੀ ਦੇ ਇੰਡੀਆ ਆਉਣ ਤੋਂ ਬਾਅਦ ਕਈ ਕੁ ਮਨਮੁਖ ਬੇਸਮਝ ਲੋਕਾਂ ਨੇ ਜੋ ਤੇਜ਼ ਪ੍ਰਤਾਪ ਤੇ ਪ੍ਰਭਾਵ ਨਹੀਂ ਸੀ ਸਹਾਰਦੇ, ਨਿੰਦਾ ਸ਼ੁਰੂ ਕਰ ਦਿੱਤੀ। ਅੰਤ ਸਮੇਂ ਜਿਨ੍ਹਾਂ ਦੀ ਬੁਰੀ ਹਾਲਤ ਹੋਈ।

ਬਾਂਸ ਸੁਗੰਧ ਨ ਹੋਇ

ਲੈਕਚਰ ਮਹਾਂ ਚਾਨਣ ਅਨੁਸਾਰ ਕਈ ਕੁ ਲੋਕ ਭਗਤੀ ਰਸ ਤੋਂ ਸੁੰਞੇ ਜਗਤ ਵਿੱਚ ਅਹੰ ਬ੍ਰਹਮ ਅਸਮੀ ਦਾ ਫੋਕਾ ਨਾਹਰਾ ਮਾਰਦੇ ਫਿਰਦੇ ਹਨ ਅਤੇ ਉਨ੍ਹਾਂ ਸ਼ਰੇਸਟ ਪੁਰਸ਼ਾਂ ਦੀ ਰੀਸ ਨੂੰ ਕਰਦੇ ਹਨ ਜੋ ਉੱਚੀ ਘਾਟੀ ਤੇ ਚੜ੍ਹ ਕੇ ਬੋਲੇ ਸਨ। ਭਾਵੇਂ ਆਪ ਪ੍ਰਕਿਰਤੀ ਦੇ ਡੂੰਘੇ ਟੋਏ ਵਿੱਚ ਪਏ ਹੋਣ ਪਰ ਰਸ ਰਹਿਤ ਫੋਕੀਆਂ ਡੀਗਾਂ ਮਾਰ ਕੇ ਜਗਤ ਦੇ ਦਿਮਾਗ਼ ਨੂੰ ਪ੍ਰੇਸ਼ਾਨ ਕਰ ਰਹੇ ਹਨ। ਮਰਯਾਦਾ ਬਿਗੜ ਰਹੀ ਹੈ। ਮਨਸੂਰ ਵਰਗੇ ਬ੍ਰਹਮਗਿਆਨੀ ਸਾਧੂਆਂ ਦੀ ਰੀਸ ਕਰਦੇ ਹਨ ਜੋ ਉਸ ਨੇ 'ਅਨਲ ਹੱਕ' ਦਾ ਦਮ ਮਾਰਿਆ ਸੀ ਪਰ ਉਹ ਨਾਹਰਾ ਉਨ੍ਹਾਂ ਸੰਤਾਂ ਵਿੱਚ ਇੱਕ ਸੁਭਾਵਕ ਸ਼ਬਦ ਦੇ ਵਾਂਗ ਨਿੱਕਲ ਰਿਹਾ ਸੀ। ਜਿਵੇਂ ਬੋਤਲ 'ਚੋ ਪਾਣੀ ਉਲਟਾਇਆ ਕੁਲ ਕੁਲ ਦੀ ਅਵਾਜ਼ ਆਉਂਦੀ ਹੈ, ਇਹ ਆਵਾਜ਼ ਉਨ੍ਹਾਂ ਦੀ ਜ਼ੁਬਾਨ ਤੋਂ ਘਰ ਬੈਠਿਆਂ ਵੀ ਨਿੱਕਲਦੀ ਸੀ। ਜੇਹਲ ਦੀ ਕਾਲ ਕੋਠੜੀ ਵਿੱਚ ਵੀ ਕਹਿੰਦੇ ਰਹੇ, ਸੂਲੀ ਦੀ ਨੋਕ ਤੇ, ਮਗਰੋਂ ਟੁਕੜੇ ਟੁਕੜੇ ਹੋ ਜਾਣ ਤੇ ਭੀ ਹਰ ਅੰਗ ਵਿੱਚੋਂ ਇਹੇ ਸ਼ਬਦ ਨਿਕਲਿਆ। ਪ੍ਰੰਤੂ ਹੁਣ ਕਰਣੀ ਦੇ ਫੋਕੇ ਤੇ ਜ਼ਬਾਨੀ ਜਮ੍ਹਾ ਖ਼ਰਚ ਕਰਨ ਵਾਲੇ ਪਖੰਡੀ ਵੀ ਏਹੀ ਨਾਹਰਾ ਮਾਰ ਕੇ (ਸ਼ੁਭ ਕਰਮਾਂ) ਭਗਤੀ ਤੇ ਸੇਵਾ ਦੇ ਕਠਨ ਤਪ ਤੋਂ ਬਚਣ ਲਈ ਜਗਤ ਵਿੱਚ ਅਣਹੋਇਆ ਦਾਹਵਾ ਕਰੀ ਫਿਰਦੇ ਹਨ, ਪ੍ਰੰਤੂ ਇਹ ਹਉਮੈ ਤੇ ਢੀਠਪੁਣਾ ਹੈ।

ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ ਇਹ ਹਉਮੈ ਦੀ ਢੀਠਾਈ ॥੧॥ *(ਮਲਾਰ ਮਃ ੫ - ੧੨੬੭)*

ਤਾਂ ਤੇ ਅਜਿਹੇ ਚੁੰਚ ਗਿਆਨੀਆਂ ਨੇ ਜਗਤ ਨੂੰ ਸ਼ੁਭ ਕਰਮਾਂ ਤੋਂ ਹਟਾ ਕੇ ਗ਼ਲਤ ਰਸਤੇ ਪਾ ਦਿੱਤਾ ਹੈ। ਰਾਜਾ ਪਰਜਾ ਵਿੱਚ ਭਗਤੀ ਵੈਰਾਗ, ਗਿਆਨ ਦਾ ਨਾਮ ਤੱਕ ਵੀ ਨਹੀਂ ਰਿਹਾ।

ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਅਲਾਈ ॥ (ਭਾ. ਗੁਰਦਾਸ ਜੀ: ਵਾਰ ੧ ਪਉੜੀ ੩੦)

ਜਗਤ ਵਿੱਚ ਅੰਧੇਰ ਮੱਚ ਗਿਆ ਹੈ। ਚਾਰੋਂ ਤਰਫ ਅਨਿਆਇ, ਜ਼ੁਲਮ ਅਤੇ ਅਗਿਆਨ ਦੀ ਕਾਲੀ ਬੋਲੀ ਰਾਤ ਛਾ ਗਈ ਹੈ। ਇਸ ਲਈ ਸਤਿਗੁਰਾਂ ਅੱਗੇ ਬੇਨਤੀ ਕਰੇ ਜੋ ਆਪਣੇ ਗਿਆਨ ਦਾ ਪ੍ਰਕਾਸ਼ ਬਖ਼ਸ਼ਣ।

ਯਥਾ: ***ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥***

(ਸਿਰੀਰਾਗੁ ਮਃ ੪ - ੭੮)

ਹੇ ਸਤਿਗੁਰੂ ਜੀ! ਕਲਜੁਗੀ ਜੀਵ ਪਿਛਲੇ ਜੁਗਾਂ ਦੇ ਜਗਿਆਸੂਆਂ ਵਾਂਗ ਜਪ ਤਪ ਤੀਰਥ ਤੇ ਯੱਗ ਆਦਿ ਨਹੀਂ ਕਰ ਸਕਦੇ। ਆਪਣੀ ਬਾਣੀ ਦਾ ਪ੍ਰਕਾਸ਼ ਕਰੋ। ਆਪ ਦਾ ਹੀ ਬਚਨ ਹੈ:

ਏਕ ਚਿੱਤ ਜਹ ਇੱਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਇਹ ਤੇਰਾ ਹੀ ਭਗਤੀ ਮਾਰਗ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਜਦ ਪ੍ਰੇਮ ਨਾਲ ਕੀਰਤਨ ਕਰਦਿਆਂ ਵੈਰਾਗਵਾਨ ਨੇਤਰ ਅੱਥਰੂ ਵਰਸਾਉਂਦੇ ਹਨ, ਤਾਂ ਕਿ ਇੱਕ ਇੱਕ ਹੰਝੂ ਨਾਲ ਕਈ ਖ਼ੁਸ਼ਕ ਤੇ ਸੜੇ ਹੋਏ ਭਗਤੀ ਤੋਂ ਸੁੰਨ ਹਿਰਦਿਆਂ ਰੂਪੀ ਬਾਗ਼ ਟਹਿਕ ਆਉਂਦੇ ਹਨ। ਨੇਤਰਾਂ ਦਾ ਪਾਣੀ ਉਨ੍ਹਾਂ ਦੀ ਜੜ੍ਹ ਵਿੱਚ ਭਗਤੀ ਦਾ ਰੇਜ਼ ਦੇ ਕੇ ਸਿੱਖੀ ਤੇ ਸ਼ਰਧਾ ਦੇ ਫ਼ੁੱਲ ਖਿੜਾ ਦਿੰਦਾ ਹੈ, ਜਿਨਾਂ ਤੋਂ ਸਮਾਂ ਪਾ ਕੇ ਸਹੁ ਦਰਸ਼ਨ ਤੇ ਮਿਲਾਪ ਦਾ ਫ਼ਲ ਪ੍ਰਾਪਤ ਹੋ ਜਾਂਦਾ ਹੈ। ਤਾਂ ਤੇ ਹੇ ਗ਼ਰੀਬ ਨਿਵਾਜ਼! ਆਪ ਕ੍ਰਿਪਾ ਕਰ ਕੇ ਆਪਣਾ ਨਾਮ ਅੰਮ੍ਰਿਤ ਤੇ ਗੁਰਬਾਣੀ ਦੇ ਪ੍ਰੇਮ ਮਈ ਪਿਆਲੇ ਬਖ਼ਸ਼ੋ ਜੋ ਮਸਤੀ ਦੀਆਂ ਕਾਗਾਂ ਚੜ੍ਹਨ ਤੇ ਨਾਸਤਕਤਾ ਦੇ ਬਾਗ਼ ਵਿੱਚ ਫੇਰ ਸ਼ਰਧਾ ਦੇ ਫ਼ੁੱਲ ਟਹਿਕਣ, ਜਿਸ ਦੀ ਖ਼ੁਸ਼ਬੂ ਨਾਲ ਦੋਵੇਂ ਲੋਕਾਂ ਦੇ ਸੁਖਾਂ ਦੀ ਹੋਂਦ ਮਿਟ ਜਾਵੇ।

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥ (ਗਉੜੀ ਸੁਖਮਨੀ ਮਃ ੫ - ੨੭੯)
ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥

ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥ (ਆਸਾ ਮਃ ੫ - ੩੮੧)

ਭਾਵੇਂ ਇਹ ਗੱਲ ਸੌ ਫੀਸਦੀ ਸੱਚੀ ਤੇ ਠੋਸ ਹੈ ਕਿ ਨਿੰਦਾ ਤਾਂ ਕਿਸੇ ਦੀ ਵੀ ਕਰਨੀ ਚੰਗੀ ਨਹੀਂ:

ਨਿੰਦਾਂ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥

ਅਤੇ ਉਨ੍ਹਾਂ ਨੂੰ ਫ਼ਲ ਕੀ ਮਿਲਦਾ ਹੈ?

ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ (ਸੂਹੀ ਮਃ ੩ - ੭੫੫)

ਪਰ ਹਜ਼ੂਰ ਨੇ ਸਾਧੂ ਦੀ ਨਿੰਦਾ ਕਰਨ ਵਾਲੇ ਦਾ ਤਾਂ ਕਿਤੇ ਵੀ ਭਲਾ ਨਹੀਂ ਦੱਸਿਆ:

ਸਾਧ ਕਾ ਨਿੰਦਕੁ ਕੈਸੇ ਤਰੈ ॥ ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥

(ਗੌਂਡ ਭਗਤ ਰਵਿਦਾਸ ਜੀ - ੮੭੫)

ਉਸ ਦੇ ਤਰਨ ਦਾ ਤਾਂ ਕੇਵਲ ਇੱਕੋ ਇੱਕ ਤਰੀਕਾ ਹੈ ਕਿ ਜੇਕਰ ਉਸ ਦੀ ਹਾਲਤ ਤੇ ਮਹਾਂਪੁਰਸ਼ਾਂ ਨੂੰ ਤਰਸ ਆ ਜਾਵੇ ਤੇ ਉਹ ਬਖ਼ਸ਼ਸ਼ ਦੇਵਣ ਤਾਂ ਫੇਰ ਉਸ ਦੀ ਮੁਕਤੀ ਹੋ ਸਕਦੀ ਹੈ ਨਹੀਂ ਤਾਂ ਹੋਰ ਕੋਈ ਉਪਾਅ ਨਹੀਂ।

ਯਥਾ: *ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥ ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥*

(ਗਉੜੀ ਸੁਖਮਨੀ ਮਃ ੫ - ੨੮੦)

ਨੈਰੋਬੀ ਗਿਆਂ ਤੋਂ ਹਜ਼ੂਰ ਦਾ ਤੇਜ਼ ਪ੍ਰਤਾਪ ਦੇਖ ਕੇ ਕਈ ਕੁ ਬੇਸਮਝ ਮੂਰਖ ਲੋਕ ਅਕਾਰਣ ਹੀ ਵਿਰੋਧ ਕਰਨ ਲੱਗ ਪਏ ਅਤੇ ਰਾਮਗੜ੍ਹੀਆ ਹਾਲ ਵਿੱਚ ਦੀਵਾਨਾਂ ਦੀ ਰੌਣਕ ਦੇਖ ਪ੍ਰਭਾਵਸ਼ਾਲੀ ਕੀਰਤਨ ਤੱਕ ਸ਼ਰਧਾਲੂ ਪ੍ਰੇਮੀਆਂ ਦੇ ਹਿਰਦੇ ਤਾਂ ਗਦ ਗਦ ਹੋ ਜਾਂਦੇ। ਉਹ ਬੜੀ ਭਾਵਨਾ ਨਾਲ ਨਮਸ਼ਕਾਰਾਂ ਕਰ ਸੇਵਾ ਕਰਦੇ ਅਤੇ ਦਾਤੇ ਦੇ ਚਰਨਾਂ ਵਿੱਚੋਂ ਆਪਣੀ ਭਾਵਨਾ ਪੂਰੀ ਕਰਵਾਉਂਦੇ। ਪਰ ਉਨ੍ਹਾਂ ਨੂੰ ਮੱਥਾ ਟੇਕਦੇ ਦੇਖ ਇਹ ਵਿਰੋਧੀ ਲੋਕ ਸੜਦੇ ਅਤੇ ਦੁਖੀ ਹੁੰਦੇ। ਇਹ ਸ਼ੁਰੂ ਤੋਂ ਪ੍ਰਮੇਸ਼ਰ ਦੀ ਨੇਤ ਹੀ ਐਸੀ ਹੈ ਕਿ ਇਸ ਵਿਸ਼ਾਲ ਅਤੇ ਬਚਿੱਤ੍ਰ ਸ੍ਰਿਸ਼ਟੀ ਵਿੱਚ ਹਰ ਇੱਕ ਚੀਜ਼ ਦਾ ਜੋੜਾ ਬਣਿਆ ਹੈ। ਪਾਪੀ-ਪੁੰਨੀ, ਗ਼ਰੀਬ-ਅਮੀਰ, ਆਸਤਕ-ਨਾਸਤਕ, ਗੁਰਮੁਖ ਤੇ ਮਨਮੁਖ, ਨਿੰਦਕ ਤੇ ਸ਼ਰਧਾਲੂ। ਉੱਲੂ ਸੂਰਜ ਨੂੰ ਦੇਖ ਕੇ ਸੜਦੇ ਹਨ, ਚੋਰਾਂ ਨੂੰ ਚੰਦਰਮਾਂ ਦੀ ਚਾਂਦਨੀ ਨਹੀਂ ਭਾਉਂਦੀ। ਭਗਤ ਕਬੀਰ ਜੀ ਫੁਰਮਾਉਂਦੇ ਹਨ:

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥
ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥੬੮॥ (ਸਲੋਕ ਭਗਤ ਕਬੀਰ ਜੀ - ੧੩੬੯)

ਉਹਨਾਂ ਦੇ ਨਾਲ ਇੱਕ ਦੋ ਹੋਰ ਏਹੋ ਜਿਹੇ ਮਨਮੁਖ ਰਲ ਗਏ ਸਨ ਲਾਲਚ ਬਸ ਹੋ ਕੇ:

ਓਸੁ ਅਰਲੁ ਬਰਲੁ ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ ॥ (ਵਾਰ-ਸੋਰਠਿ ਮਃ ੪ - ੬੫੩)

ਲੋਭ ਦੇ ਗ੍ਰਾਸੇ ਹਲਕੇ ਕੁਤਿਆਂ ਵਾਂਗ ਨਿੰਦਾ ਰੂਪੀ ਝੱਗ ਸੁੱਟਣ ਲੱਗੇ। ਕਿਉਂਕਿ ਇੱਥੇ ਪਹਿਲਾਂ ਆਏ ਰਾਗੀ ਪ੍ਰਚਾਰਕਾਂ ਨੇ ਉਨ੍ਹਾਂ ਨੂੰ ਟੁੱਕੜ ਪਾਉਣ ਵਾਂਗ ਲੋਭ ਦੇ ਵਸ ਕਰ ਆਪਣੇ ਅਧੀਨ ਕੀਤਾ ਸੀ। ਲੋਕਾਂ ਵੱਲੋਂ ਆਈ ਸ਼ਬਦ ਭੇਟ ਮਾਇਆ ਮਾਸ ਅਤੇ ਸ਼ਰਾਬ ਵਿੱਚ ਖਰਚ ਹੁੰਦੀ। ਸਾਰੀ ਸਾਰੀ ਰਾਤ ਹੋਟਲਾਂ ਤੇ ਬਦਫੈਲੀਆਂ ਵਿੱਚ ਗ਼ੁਜ਼ਰਦੀ। ਪਰ ਇੱਥੇ ਤਾਂ ਨਿਰਬਾਣ ਕੀਰਤਨ ਸੀ, ਮਨ ਨੂੰ ਸ਼ਾਂਤ ਕਰਨ ਵਾਲਾ। ਜਿੱਥੇ ਮਾਇਆ ਦਾ ਸਵਾਲ ਹੈ, ਓਥੇ ਮਨ ਦੀ ਸ਼ਾਤੀ ਕਿੱਥੇ? ਮਾਇਆ ਦਾ ਕੁਦਰਤੀ ਸੁਭਾਉ ਹੈ। ਇਸ ਵਿੱਚ ਰਾਗ ਦਵੈਸ਼ ਤੇ ਅਤਿਪ੍ਰਤੀ ਬਣੀ ਰਹਿੰਦੀ ਹੈ। ਮਨ ਦੀ ਸ਼ਾਂਤੀ ਸਭ ਤੋਂ ਵੱਡਾ ਪਦਾਰਥ ਹੈ। ਇਹ ਜਿਸ ਨੂੰ ਮਿਲ ਜਾਵੇ, ਫੇਰ ਉਹ ਕਾਹਨੂੰ ਛੱਡਦਾ ਹੈ। ਸੰਤ ਜੀ ਮਹਾਰਾਜ ਦੇ ਜਾਣ ਤੋਂ ਪਹਿਲਾਂ ਜਿਨ੍ਹਾਂ ਨੇ ਸਾਲ ਸਾਲ ਦੇ ਸਿਨਮੇ ਬੁੱਕ ਕਰਵਾਏ ਸਨ, ਉਹ ਵੀ ਇੱਕ ਦਿਨ ਦਾ ਕੀਰਤਨ ਸੁਣ ਕੇ ਮੁੜ ਸਿਨਮੇ ਨਹੀਂ ਗਏ। ਉੱਥੋਂ ਦੇ ਲੋਕਾਂ ਦੀ ਇਹ ਆਮ ਕਹਾਵਤ ਸੀ ਕਿ ਇਹ ਪਹਿਲੇ ਵਿਅਕਤੀ ਇੱਥੇ ਆਏ ਹਨ, ਜਿਸ ਨੇ ਸਿਨਮੇ ਬੰਦ ਕਰਵਾ ਦਿੱਤੇ। ਇਸੇ ਤਰ੍ਹਾਂ ਸ਼ਰਾਬ ਦੇ ਠੇਕੇਦਾਰਾਂ ਨੂੰ ਇੱਕ ਦਿਨ ਵਿੱਚ ਦਸ ਦਸ ਹਜ਼ਾਰ ਰੁਪਿਆ ਘਾਟਾ ਪੈਂਦਾ ਸੀ। ਉਨ੍ਹਾਂ ਦੀ ਸ਼ਰਾਬ ਵਿਕਣੋ ਹਟ ਗਈ। ਕਲੱਬਾਂ ਤੇ ਪੱਬਾਂ ਦਾ ਸਮਾਂ ਤਾਂ ਕੀਰਤਨ ਵਿੱਚ ਲੰਘਦਾ। ਫੇਰ ਉੱਥੇ ਕੌਣ ਜਾਵੇ? ਦੱਸੋ! ਫੇਰ ਉਹ ਲੋਕ ਨਿੰਦਾ ਕਿਉਂ ਨਾ ਕਰਨ? ਉਨ੍ਹਾਂ ਠੇਕੇ ਤੇ ਸਿਨਮੇ ਵਾਲਿਆਂ ਨੇ ਇਨ੍ਹਾਂ ਮਨਮੁੱਖਾਂ ਨੂੰ ਕੋਲੋਂ ਪੈਸੇ ਦੇ ਕੇ ਸ਼ਰਾਬ ਪਿਲਾ ਕੇ ਨਿੰਦਾ ਕਰਵਾਉਣੀ ਕਿ ਏਸ ਪਾਸਿਓ ਲੋਕਾਂ ਦੇ ਮਨ ਫਿਰ ਜਾਵਣ ਅਤੇ ਦੀਵਾਨਾਂ ਵਿੱਚ ਰੌਣਕ ਘਟ ਜਾਵੇ ਤਾਂ ਕਿ ਏਥੋਂ ਇਹ ਚਲੇ ਜਾਵਣ। ਸਾਡੀ ਫੇਰ ਦੁਕਾਨ ਚੱਲ ਪਵੇ। ਉਨ੍ਹਾਂ ਨਾਲ ਹੋਰ ਵੀ ਦੋ ਚਾਰ ਜੁੰਡਲੀ ਦੇ ਯਾਰ ਮਿਲ ਗਏ ਤੇ ਲੱਗੇ ਨਾਜਾਇਜ਼ ਬਕਵਾਸ ਕਰਨ।

ਨੀਚ ਨੀਚਾਈ ਨਹਿ ਤਜੈ, ਜੇ ਪਾਵੈ ਸਤਸੰਗਿ। ਤੁਲਸੀ ਚੰਦਨ ਬਿਟਪ ਬਸਿ, ਬਿਖ ਨਹਿ ਤਜ਼ਤ ਭੁਯੰਗ।

ਉਹਨਾਂ ਕੋਸ਼ਿਸ਼ ਤਾਂ ਬੜੀ ਕੀਤੀ ਪਰ ਸੰਗਤ ਦੇ ਮਨਾਂ ਤੇ ਰੰਚਕ ਮਾਤਰ ਵੀ ਆਪਣਾ ਅਸਰ ਨਾ ਪਾ ਸਕੇ।

ਬਲਕਿ ਕਈ ਵਾਰ ਸ਼ਰਧਾਲੂ ਪ੍ਰੇਮੀਆਂ ਦੀ ਕੁੱਟ ਖਾਣ ਤੋਂ ਭੱਜ ਕੇ ਆਪਣਾ ਬਚਾ ਕੀਤਾ। ਉਨ੍ਹਾਂ ਨੇ ਕਹਿਣਾ ਤੁਸੀਂ ਸੰਤਾਂ ਦੀ ਨਿੰਦਾ ਕਰਦੇ ਹੋ ਤੁਹਾਡੀ ਬੁਰੀ ਹਾਲਤ ਹੋਵੇਗੀ।

ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ (ਮਾਝ ਮਃ ੫ - ੯੪)

ਦੇ ਮਹਾਂਵਾਕ ਅਨੁਸਾਰ ਸੰਗਤ ਦੇ ਮੂੰਹੋਂ ਨਿੱਕਲੇ ਬਚਨ ਉਨ੍ਹਾਂ ਨੂੰ ਸੰਤਾਂ ਦੀ ਨਿੰਦਾ ਦਾ ਫ਼ਲ ਜ਼ਰੂਰ ਮਿਲ ਗਿਆ ਜੋ ਮਿਲਣਾ ਹੀ ਸੀ।

ਜਲੰਧਰ ਜ਼ਿਲੇ ਦਾ ਅਮਰ ਸਿੰਘ ਨੈਰੋਬੀ ਪਲੰਬਰ ਦਾ ਕੰਮ ਕਰਦਾ ਸੀ। ਨਵੀਆਂ ਬਣੀਆਂ ਬਿਲਡਿੰਗਾਂ ਵਿੱਚ ਪਾਈਪ ਆਦਿ ਲਾਉਣ ਦਾ ਕੰਮ ਸੀ। ਨੈਰੋਬੀ ਦੇ ਦੀਵਾਨਾਂ ਵਿੱਚ ਇਕੱਠ ਦੇਖ ਕੇ ਉਹ ਵੀ ਸੰਤਾਂ ਦਾ ਨਿੰਦਕ ਸੀ। ਸੰਤ ਜੀ ਮਹਾਰਾਜ ਦੇ ਇੰਡੀਆ ਆਉਣ ਤੋਂ ਕੁੱਝ ਸਮਾਂ ਬਾਅਦ ਇਸ ਦਾ ਕੰਮ ਬਿਲਕੁਲ ਡਾਊਨ ਹੋ ਗਿਆ। ਰੋਟੀ ਤੋਂ ਆਤੁਰ ਤੇ ਦੁਖੀ ਹੋ ਕੇ ਇਥੋਂ ਕੰਪਾਲੇ ਚਲਾ ਗਿਆ। ਉੱਥੇ ਵੀ ਕੰਮ ਨਾ ਚਲਿਆ। ਬੜਾ ਦੁਖੀ ਹੋਇਆ। ਸ਼ੁਦਾਈਆਂ ਵਾਂਗ ਬਜ਼ਾਰਾਂ ਵਿੱਚ ਘੁੰਮਦਾ ਰਿਹਾ। ਅਖ਼ੀਰ ਨੂੰ ਕੰਮ ਕਾਰ ਦੇ ਮਾਮਲੇ ਵਿੱਚ ਨੀਮ ਪਾਗ਼ਲ ਹੋਏ ਨੇ ਬੋਈਆਂ ਨਾਲ ਝਗੜਾ ਕਰ ਲਿਆ। ਉਨ੍ਹਾਂ ਨੇ ਉਸ ਦੇ ਵੱਢ ਕੇ ਨਿੱਕੇ ਨਿੱਕੇ ਟੁਕੜੇ ਕਰ ਦਿੱਤੇ ਉਹ ਪਾਣੀ ਦੀ ਘੁੱਟ ਤੋਂ ਪਿਆਸਾ ਹੀ ਲੁਛ ਲੁਛ ਕੇ ਮਰਿਆ।

ਇਸੇ ਤਰ੍ਹਾਂ ਇੱਕ ਹੋਰ ਮਨਮੁਖ ਜਿਸ ਦਾ ਨਾਮ ਪ੍ਰੇਮ ਸਿੰਘ ਸੀ ਅਤੇ ਉਹ ਆਪਣੇ ਆਪ ਨੂੰ ਕਵੀ ਅਖਵਾਉਂਦਾ ਸੀ। ਸੰਤਾਂ ਦੀ ਨਿੰਦਾ ਦੀਆਂ ਊਟ ਪਟਾਂਗ ਸਤਰਾਂ ਜੋੜ ਕੇ ਲੋਕਾਂ ਨੂੰ ਕਵਿਤਾ ਸੁਣਾਉਣੀ। ਉਸ ਦੀ ਤਾਂ ਫੇਰ ਬਾਅਦ ਵਿੱਚ ਇਹ ਹਾਲਤ ਹੋ ਗਈ।

ਸੰਤ ਕੇ ਦੂਖਨ ਤੇ ਮੁਖੁ ਭਵੈ ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥

(ਗਉੜੀ ਸੁਖਮਨੀ ਮਃ ੫ - ੨੭੯)

ਮੂੰਹ ਵਿੰਗਾ ਹੋ ਗਿਆ ਅਤੇ ਇਸ ਲਕਵੇ ਦੀ ਬੀਮਾਰੀ ਦੇ ਕਾਰਨ ਕਾਫ਼ੀ ਸਮਾਂ ਹਸਪਤਾਲ ਵਿੱਚ ਪਿਆ ਤੜਫਦਾ ਰਿਹਾ। ਉਥੋਂ ਹੀ ਆਪਣੇ ਸਨਬੰਧੀਆਂ ਕੋਲ ਸੁਨੇਹੇ ਭੇਜਣੇ ਕਿ ਮੇਰੇ ਵਲੋਂ ਸੰਤਾਂ ਦੇ ਸ਼ਰਧਾਲੂ ਪ੍ਰੇਮੀਆਂ ਪਾਸ ਬੇਨਤੀ ਕਰੋ ਮੈਂ ਪੂਰਨ ਮਹਾਂਪੁਰਸ਼ਾਂ ਦੀ ਨਿੰਦਾ ਕਰ ਕੇ ਜਗਿਆਸੂਆਂ ਦੇ ਮਨਾਂ ਤੇ ਠੇਸ ਲਾਈ ਹੈ। ਉਹ ਮੈਨੂੰ ਬਖ਼ਸ਼ ਦੇਵਣ। ਪਰ ਉਸ ਦੀ ਹਾਲਤ ਦੇਖ ਦੇ ਕਿਸੇ ਨੂੰ ਵੀ ਤਰਸ ਨਾ ਆਇਆ:

ਕੁਛ ਕਹਿ ਨੀਚ ਨ ਛੋਡ ਦੇ, ਭਲੋ ਨ ਵਾਕਾਂ ਸੰਗ। ਪਾਥਰ ਡਾਰੇ ਕੀਚ ਮੇ, ਉੱਛਲ ਬਿਗਾੜੇ ਅੰਗ।

ਬਲਕਿ ਉਸ ਸੰਤ ਦੋਖੀ ਦਾ ਦਰਸ਼ਨ ਕਰਨਾ ਕੋਈ ਨਾ ਲੋੜਦਾ ਕਿ ਇਹ ਮਹਾਂ ਅਤਿਤਾਈ ਹੈ। ਅਤਿਤਾਈ ਬਜਰ ਪਾਪੀ ਨੂੰ ਕਹਿੰਦੇ ਹਨ। ਜਿਸ ਨੇ ਛੇ ਤਰ੍ਹਾਂ ਦੇ ਪਾਪ ਕੀਤੇ ਹੋਵਣ ਉਹ ਅਤਤਾਈ ਹੁੰਦਾ ਹੈ:

੧) ਰਾਤ ਨੂੰ ਸੁੱਤੇ ਪਿਆਂ ਦੇਖ ਕਿਸੇ ਦੇ ਘਰ ਨੂੰ ਅੱਗ ਲਾ ਦੇਣੀ, ਉਨ੍ਹਾਂ ਨੂੰ ਵਿਚੇ ਹੀ ਸਾੜ ਕੇ ਮਾਰ ਦੇਣਾ
੨) ਕਿਸੇ ਨੂੰ ਧੋਖੇ ਨਾਲ ਵਿਹੁ ਪਿਲਾ ਦੇਣੀ ੩) ਸ਼ਸਤ੍ਰ ਤੋਂ ਹੀਣੇ ਨਿਹੱਥੇ ਤੇ ਵਾਰ ਕਰਨਾ
੪) ਪਰਾਇਆ ਧਨ ੫) ਬਿਗਾਨੀ ਇਸਤ੍ਰੀ ਖੋਹ ਲੈਣੀ
੬) ਜ਼ਬਰਦਸਤੀ ਕਿਸੇ ਦੀ ਧਰਤੀ ਰੋਕ ਲੈਣੀ। ਇਹ ਛੇਆਂ ਦੋਸ਼ਾਂ ਵਾਲੇ ਪਾਪੀ ਨੂੰ ਅਤਿਤਾਈ ਕਹਿੰਦੇ ਹਨ।

ਅਗਨ ਲਾਇ, ਬਿਖ ਦੇਵਹੀ, ਸ਼ਸਤ੍ਰ ਹੀਨ ਕੋ ਮਾਰ।
ਧਨ, ਦਾਰਾ, ਭੂਮੀ ਹਰੇ, ਅਤਿਤਾਈ ਦੋਇ ਚਾਰ।

ਇਹ ਸਾਰੇ ਅਉਗੁਣ ਸੰਤ ਨਿੰਦਕ ਵਿੱਚ ਆ ਜਾਂਦੇ ਹਨ।

ਯਥਾ: *ਸੰਤ ਕਾ ਨਿੰਦਕੁ ਮਹਾਂ ਅਤਤਾਈ ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥*

(ਗਉੜੀ ਸੁਖਮਨੀ ਮਃ ੫ - ੨੮੦)

ਇਉਂ ਜਦੋਂ ਇਹ ਅਤਿਅੰਤ ਦੁਖੀ ਹੋਇਆ, ਡਾਕਟਰਾਂ ਨੇ ਵੀ ਜਵਾਬ ਦੇ ਦਿੱਤਾ। ਫੇਰ ਤਾਂ ਇਸ ਨੂੰ ਕੋਈ ਹੋਰ ਚਾਰਾ ਨਾ ਰਿਹਾ। ਬਾਰੰਬਾਰ ਪ੍ਰੇਮੀ ਸਿੱਖਾਂ ਕੋਲ ਆਪਣੇ ਵਲੋਂ ਬੇਨਤੀਆਂ ਭੇਜਿਆ ਕਰੇ। ਅਖ਼ੀਰ ਨੂੰ ਇਸ ਦੇ ਸੰਬੰਧੀਆਂ ਨੂੰ ਕਿਸੇ ਦਇਆਵਾਨ ਨੇ ਤਰੀਕਾ ਦਸਿਆ, ਕਿ ਉਹ ਆਪਣੇ ਆਪ ਹੀ ਸਾਫ਼ ਹਿਰਦੇ ਨਾਲ ਅੰਤਰਮੁਖ ਹੋ ਕੇ ਜਿਸ ਦਾਤੇ ਦੀ ਨਿੰਦਾ ਕੀਤੀ ਹੈ ਉਸ ਮੂੰਹ ਨਾਲ ਉਨ੍ਹਾਂ ਦੇ ਅੱਗੇ ਆਪ ਹੀ ਬੇਨਤੀਆਂ ਕਰੇ। ਉਹ ਸਾਰੀਆਂ ਥਾਵਾਂ ਤੇ ਵਿਆਪਕ ਹਨ। ਉਸ ਦੇ ਦਿਲ ਦੀ ਸਫ਼ਾਈ ਦੇਖ ਕੇ ਜ਼ਰੂਰ ਬਖ਼ਸ਼ ਦੇਣਗੇ। ਉਸ ਨੇ ਫੇਰ ਇਸੇ ਤਰ੍ਹਾਂ ਕੀਤਾ। ਹਰ ਰੋਜ਼ ਆਪਣੀਆਂ

ਬੇਨਤੀਆਂ ਕਰਿਆ ਕਰੇ। ਸਮਾਂ ਪਾ ਕੇ ਦੇਵ ਨੇਤ ਨਾਲ ਉਸ ਦਾ ਮੂੰਹ ਤਾਂ ਸਿੱਧਾ ਹੋ ਗਿਆ, ਪਰ ਹਾਲਤ ਬਹੁਤ ਬੁਰੀ ਰਹੀ। ਅਖ਼ੀਰ ਨੂੰ ਚੰਡੀਗੜ੍ਹ ਆ ਗਿਆ। ਇੱਥੇ ਵੀ ਕਿਸੇ ਨੇ ਪੁਛਿਆ ਨਹੀਂ। ਅੰਤ ਸਮੇਂ ਰੋਟੀ ਤੋਂ ਆਤੁਰ ਹੋ ਕੇ ਬਜ਼ਾਰਾਂ ਵਿੱਚ ਰੁਲ ਕੇ ਮਰਿਆ। ਪਰ ਮੰਦਭਾਗੀ ਅਸਥਾਨ ਤੇ ਜਾ ਕੇ ਬਖ਼ਸ਼ਾ ਨਾ ਸਕਿਆ ਕਿਉਂਕਿ ਪਾਪੀ ਪੁਰਸ਼ ਦਾ ਹਿਰਦਾ ਪੱਥਰ ਤੋਂ ਵੀ ਸਖ਼ਤ ਹੁੰਦਾ ਹੈ। ਕਦੇ ਵੀ ਇਸ ਦੇ ਅੰਦਰ ਪ੍ਰਾਸਚਿਤ ਦਾ ਖ਼ਿਆਲ ਨਹੀਂ ਆਉਂਦਾ।

ਹੇ ਪਾਹਨ ਗਰਬੇ ਕਹਾਂ, ਹੌਂ ਹੀ ਕਠਨ ਅਪਾਰ। ਦੁਰਜਨ ਕੇ ਚਿੱਤ ਦੇਖੀਏ ਤੋ ਸੋ ਲਾਖ ਹਜ਼ਾਰ।

ਇਸੇ ਤਰ੍ਹਾਂ ਇੱਕ ਹੋਰ ਗੋਪਾਲ ਸਿੰਘ ਨਾਮੀ ਫੋਟੋਗ੍ਰਾਫਰ ਵੀ ਇਨ੍ਹਾਂ ਨਿੰਦਕਾਂ ਦੇ ਨਾਲ ਮਿਲ ਗਿਆ।

ਕਰ ਕੁਸੰਗ ਸੁਖ ਚਾਹਤ ਹੈ ਤੁਲਸੀ ਯਹ ਅਫ਼ਸੋਸ। ਮਹਿਮਾ ਘਟੀ ਸੁਮੰਦਰ ਕੀ ਰਾਵਣ ਬਸੇ ਪੜੋਸ।

ਯਥਾ: ***ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨ ਬੂਝਹਿ ਵੀਚਾਰੇ ॥***

ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ ॥ (ਸੋਰਠਿ ਮਃ ੩ - ੬੦੧)

ਉਸ ਨੂੰ ਵੀ ਕੋਈ ਇਹੋ ਜਿਹਾ ਅਸਾਧ ਰੋਗ ਲੱਗਿਆ ਜੋ ਸਾਰੇ ਹਸਪਤਾਲਾਂ ਵਿੱਚ ਫਿਰਿਆ, ਪਰ ਠੀਕ ਨਾ ਹੋਇਆ:

ਸੰਤ ਕਾ ਦੋਖੀ ਸਦਾ ਸਹਕਾਈਐ ॥ ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥

(ਗਉੜੀ ਸੁਖਮਨੀ ਮਃ ੫ - ੨੮੦)

ਅਖ਼ੀਰ ਨੂੰ ਇੰਡੀਆ ਆ ਗਿਆ। ਇੱਥੇ ਵੀ ਹੁਣ ਉਸੇ ਤਰ੍ਹਾਂ ਬੀਮਾਰ ਤੇ ਰੋਗੀ ਹੋ ਕੇ ਦੁਖੀ ਹੋਇਆ ਫਿਰਦਾ ਰਿਹਾ। ਇਉਂ ਹੋਰ ਵੀ ਬਹੁਤ ਸਾਰੇ ਨਿੰਦਕਾਂ ਦੀ ਇਹੋ ਜਿਹੀ ਬੁਰੀ ਹਾਲਤ ਤੇ ਦੁਰਦਸ਼ਾਂ ਹੋਈ। ਨਿੰਦਕਾਂ ਦੀ ਇਹੋ ਹੀ ਹਾਲਤ ਹੁੰਦੀ ਹੈ। ਕਿਉਂਕਿ ਨੀਚ ਕਰਮਾਂ ਦਾ ਇਹੀ ਫ਼ਲ ਹੁੰਦਾ ਹੈ।

ਅਧਮ ਮਲੀਨ ਪ੍ਰਸੰਗ ਤੇ ਅਧਮੈ ਹੀ ਫ਼ਲ ਹੋਤ। ਸ੍ਵਾਂਤ ਬੂੰਦ ਅਹਿ ਮੁੱਖ ਪਰੈ ਬਨ ਬਿਖ ਹੋਤ ਉਦੋਤ।

ਭਗਤ ਕਬੀਰ ਜੀ ਫੁਰਮਾਉਂਦੇ ਹਨ:

ਕਬੀਰ ਨਿੰਦਕ ਮੱਤ ਮਰੈ ਜੀਵੈ ਆਦਿ ਜੁਗਾਦ। ਹਮ ਤੋ ਸਤਿਗੁਰ ਪਾਇਆ ਨਿੰਦਕ ਕੇ ਪ੍ਰਸਾਦ।

ਕਬੀਰ ਮੇਰੇ ਸਾਧ ਕੀ ਨਿੰਦਾ ਕਰੋ ਮੱਤ ਕੋਇ। ਜੋ ਪੈ ਚਾਂਦ ਕਲੰਕ ਹੈ ਤਊ ਊਜਿਆਰੋ ਹੋਇ।

ਪਰ ਮਹਾਂਪੁਰਸ਼ਾਂ ਦਾ ਮਨ ਪੂਰਨ ਸ਼ਾਤ ਰਿਹਾ ਕਿਸੇ ਪ੍ਰਕਾਰ ਸਰਾਪ ਆਦਿ ਦਾ ਬਚਨ ਨਹੀਂ ਕਿਹਾ।

ਯਥਾ: ਚੰਦਨ ਨ ਜੀਅ ਗਰਬ ਕਰ, ਹੌਂ ਹੀ ਸੀਤਲ ਅੰਗ। ਤੋ ਤੇ ਸੀਤਲ ਸੌ ਗੁਨਾ, ਸੰਤਨ ਕਾ ਸਤਿਸੰਗਿ।

ਤਥਾ: ***ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵਟੇ।***

ਲੰਕ ਲੁਟਾਈ ਰਾਵਣੈ ਮਸਤਕਿ ਦਸ ਕਟੇ।

ਕੰਸੁ ਗਇਆ ਸਣ ਲਸਕਰੈ ਸਭ ਦੈਤ ਸੰਘਟੇ।

ਵੰਸੁ ਗਵਾਇਆ ਕੈਰਵਾਂ ਖੂਹਣਿ ਲਖ ਫਟੇ।

ਦੰਤ ਬਕਤ੍ਰ ਸਿਸਪਾਲ ਦੇ ਦੰਦ ਹੋਏ ਖਟੇ।

ਨਿੰਦਾ ਕੋਇ ਨ ਸਿਝਿਓ ਇਉ ਵੇਦ ਉਘਟੇ।

ਦੁਰਬਾਸੇ ਨੇ ਸਰਾਪ ਦੇ ਯਾਦਵ ਸਭ ਤਟੇ ॥੫॥ (ਭਾ. ਗੁਰਦਾਸ ਜੀ: ਵਾਰ ੩੫ ਪਉੜੀ ੫)

ਏਸ ਜਗ੍ਹਾ ਨੈਰੋਬੀ ਵਿਖੇ ਆਪ ਛੇ ਮਹੀਨੇ ਠਹਿਰੇ ਇੱਥੋਂ ਦੇ ਪ੍ਰੇਮੀਆਂ ਤੇ ਬਖ਼ਸ਼ਿਸ਼ਾਂ ਕੀਤੀਆਂ। ਘਰ ਵਿੱਚ ਚਰਨ ਪਾਏ, ਨਾਮ ਦੀ ਦਾਤ ਬਖ਼ਸ਼ੀ, ਅੰਮ੍ਰਿਤ ਪ੍ਰਚਾਰ ਕੀਤਾ। ਆਪ ਜੀ ਵੀ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੁੰਦੇ ਸਨ। ਪੰਜ ਸੌ ਪ੍ਰਾਣੀਆਂ ਨੇ ਨੈਰੋਬੀ ਦੇ ਦੀਵਾਨਾਂ ਸਮੇਂ ਅੰਮ੍ਰਿਤ ਪਾਨ ਕੀਤਾ। ਉਸ ਤੋਂ ਬਾਅਦ ਸ. ਨਰਿੰਦਰ ਸਿੰਘ ਬੁਟਾਹਰੀ ਵਾਲੇ ਨੇ ਬੇਨਤੀ ਕਰ ਕੇ ਨਕੋਰੋ ਵਾਸਤੇ ਸਮਾਂ ਲੈ ਲਿਆ।

ਨਕੋਰੋ ਫੇਰੀ

ਬੁਟਾਹਰੀ ਪਿੰਡ ਦੇ ਪ੍ਰੇਮੀ ਸ. ਨਰਿੰਦਰ ਸਿੰਘ ਜੀ ਭੀ ਨਕੋਰੋ ਵਿੱਚ ਰਹਿੰਦੇ ਸਨ। ਨੈਰੋਬੀ ਤੋਂ ਸੌ ਮੀਲ ਦੀ ਦੂਰੀ ਤੇ ਇੱਕ ਡੇਢ ਹਜ਼ਾਰ ਸਿੱਖ ਵਸੋਂ ਵਾਲਾ ਸ਼ਹਿਰ ਹੈ। ਇਹ ਸੰਗਤਾਂ ਦੇ ਭਲੇ ਲਈ ਹਜ਼ੂਰ ਨੂੰ ਬੇਨਤੀਆਂ ਕਰ ਕੇ ਉੱਥੇ ਲੈ ਗਏ। ਰੂਹਾਨੀ ਮਾਰਗ ਤੋਂ ਭੁੱਲ ਚੁਕੇ ਜੀਵਾਂ ਨੇ ਮਹਾਰਾਜ ਜੀ ਦਾ ਮਨੋਹਰ ਸਰਲ ਵਿਆਖਿਆ ਵਾਲਾ ਕੀਰਤਨ ਵਖ਼ਿਆਨ ਸੁਣ ਕੇ ਅਨੇਕਾਂ ਨੇ ਆਪਣਾ ਜੀਵਨ ਰਾਹ ਬਦਲ ਕੇ ਅੰਮ੍ਰਿਤ ਪਾਨ ਕਰ ਕੇ ਬੁਰਾਈਆਂ ਤੋਂ ਛੁਟਕਾਰਾ ਪਾ, ਨਾਮ ਬਾਣੀ ਸੇਵਾ ਸਿਮਰਨ ਜੀਵਨ ਦਾ ਅਧਾਰ ਬਣਾ ਲਿਆ।

ਇੱਥੇ ਹੀ ਸ. ਭਗਤ ਸਿੰਘ ਜੀ ਦੀ ਸ਼ਰਧਾ ਦਾ ਸਦਕਾ ਉਸ ਦਾ ਲੜਕਾ ਜੋ ਦਿਮਾਗ਼ੀ ਦੌਰਿਆਂ ਨਾਲ ਪੀੜਤ ਸੀ ਮਹਾਂਪੁਰਸ਼ਾਂ ਦੇ ਦਸਤੇ ਮੁਬਾਰਿਕ ਦੀ ਅਜਿਸ਼ਤ ਛੋਹ ਨਾਲ ਤੰਦਰੁਸਤ ਹੋ ਗਿਆ ਜਿਸ ਤੋਂ 'ਗੁਰੂ ਘਰ' ਦੀ ਮਹਾਨਤਾ ਅਨੇਕਾਂ ਪ੍ਰੇਮੀਆਂ ਨੂੰ ਉਤਸ਼ਾਹ ਪੂਰਬਕ ਬਣਾ ਗਈ। ਭਾਈ ਰਾਮ ਸਿੰਘ ਨਕੋਰੋ ਨੇ ਅਖੰਡ ਪਾਠ ਕਰਾ ਕੇ ਸੰਗਤਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਜੇਜੋਂ ਫੇਰੀ

ਜੇਜੋਂ ਵਿੱਚ ਅੰਮ੍ਰਿਤ ਕੀਰਤਨ ਦੇ ਪ੍ਰਵਾਹ:

ਨਾਮ ਕੀ ਮਹਿਮਾ ਸੰਤ ਰਿਦ ਵਸੈ ॥ (ਗਉੜੀ ਸੁਖਮਨੀ ਮਃ ੫ - ੨੬੫)

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ (ਗਉੜੀ ਸੁਖਮਨੀ ਮਃ ੫ - ੨੭੨)

ਆਦਿ ਪ੍ਰਸੰਗ ਸੁਣ ਕੇ ਬਹੁਤ ਪ੍ਰੇਮੀਆਂ ਦੇ ਹਿਰਦਿਆਂ ਵਿੱਚ ਜੀਵਨ ਹੁਲਾਰੇ ਨੇ ਸੁਰਜੀਤੀ ਲੈ ਆਂਦੀ। ਮਹਾਂਪੁਰਸ਼ਾਂ ਦੇ ਬਚਨਾਂ ਦਾ ਸਦਕਾ ਅਥਾਹ ਸ਼ਰਧਾ ਹਿਰਦਿਆਂ ਵਿੱਚ ਭਰਪੂਰ ਹੋਈ। ਮਹਾਂਪੁਰਸ਼ ਸ. ਇੰਦਰ ਸਿੰਘ ਜੰਡਾਲੀ ਵਾਲਿਆਂ ਦੇ ਨਿਵਾਸ ਅਸਥਾਨ ਤੇ ਸਨ ਤੇ ਜਥਾ ਸ. ਬਖਸ਼ੀਸ਼ ਸਿੰਘ ਜੀ ਦੀ ਕੋਠੀ ਠਹਰਿਆ ਹੋਇਆ ਸੀ। ਦੋਵੇਂ ਪ੍ਰੇਮੀ ਸ਼ਰਧਾ ਸਹਿਤ ਸੇਵਾ ਕਰਦੇ ਰਹੇ।

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥ (ਸੂਹੀ ਮਃ ੫ - ੭੪੮)

ਸ. ਬਖਸ਼ੀਸ਼ ਸਿੰਘ ਜੀ ਨੇ ਮਹਾਂਪੁਰਸ਼ਾਂ ਤੋਂ ਆਪਣੇ ਗ੍ਰਿਹ ਅਖੰਡ ਪਾਠ ਕਰਾਇਆ। ਭੋਗ ਉਪਰੰਤ ਉਨ੍ਹਾਂ ਦੀ ਪਤਨੀ ਬੀਬੀ ਸੁਰਜੀਤ ਕੌਰ ਜੀ ਨੇ ਬਦਾਮਾਂ ਦਾ ਥਾਲ ਭੇਟਾ ਕਰ ਕੇ ਪੁੱਤਰ ਦੀ ਦਾਤ ਲਈ ਬੇਨਤੀ ਕੀਤੀ। ਦਇਆਲੂ ਮਹਾਂਪੁਰਸ਼ਾਂ ਗੁਰੂ ਨਾਨਕ ਦੇ ਭੰਡਾਰ ਵਿੱਚੋਂ ਦਾਤ ਵੰਡਣ ਲੱਗੇ। ਇੱਕ ਮੁਠੀ ਬਦਾਮ ਬੀਬੀ ਦੀ ਝੋਲੀ ਵਿੱਚ ਪਾ ਦਿੱਤੇ ਬੀਬੀ ਨੇ ਝੋਲੀ ਖੁੱਲ੍ਹੀ ਰੱਖੀ। ਮਹਾਂਪੁਰਸ਼ ਮੁੱਠੀਆਂ ਭਰ ਭਰ ਪਾਉਂਦੇ ਗਏ ਜਦੋਂ ਸੱਤ ਮੁਠੀਆਂ ਪਾ ਚੁੱਕੇ ਤਾਂ ਆਪ ਨੇ ਫੁਰਮਾਇਆ, "ਬਸ ਕਿ ਹੋਰ?" ਤਾਂ ਬਖਸ਼ੀਸ਼ ਸਿੰਘ ਜੀ ਨੇ ਆਪਣੀ ਪਤਨੀ ਨੂੰ ਕਿਹਾ ਕਿ ਬਸ ਕਹਿ ਦੇ ਐਨੇ ਸੰਭਾਲੇਂਗੀ ਕਿਵੇਂ? ਉਸ ਨੇ ਸ਼ੁਕਰਾਨੇ ਵਿੱਚ ਝੋਲੀ ਬੰਦ ਕਰ ਕੇ ਚਰਨਾਂ ਤੇ ਨਮਸ਼ਕਾਰ ਕਰ ਦਿੱਤੀ। ੧੯੭੨ ਵਿੱਚ ਬਖਸ਼ੀਸ਼ ਸਿੰਘ ਲੰਡਨ ਆ ਗਿਆ। ਉਸ ਦੇ ਸੱਤ ਪੁੱਤਰ ਹੋਏ। ਇੱਥੇ ਇਹ Forest Gate Naval Road ਗੁਰਦੁਆਰੇ ਦੇ ਪ੍ਰਧਾਨ ਵਜੋਂ ਸੇਵਾ ਕਰਦੇ ਰਹੇ। ੧੯੭੫ ਵਿੱਚ ਦੋ ਦਿਨ ਇਸ ਗੁਰਦੁਆਰੇ ਭੀ ਦੀਵਾਨ ਲੱਗੇ।

ਜਗਰਾਵਾਂ ਦੇ ਪਾਸ ਰੂਮੀ ਪਿੰਡ ਦਾ ਸ. ਸੌਦਾਗਰ ਸਿੰਘ ਮਾਨਸ ਰੋਗ ਨਾਲ ਪੀੜ੍ਹਤ ਸੀ। ਸਿੱਖੀ ਸਰੂਪ ਭੰਗ ਕਰ ਕੇ ਤਮੋਗੁਣੀ ਭੋਜਨ ਸ਼ਰਾਬ ਮਾਸ ਸਿਗਰਟ ਦਾ ਆਦੀ ਸੀ। ਇਸ ਦੇ ਘਰੋਂ ਬੀਬੀ ਖ਼ੁਸ਼ਵੰਤ ਕੌਰ ਮਹਾਂਪੁਰਸ਼ਾਂ ਤੇ ਬਹੁਤ ਸ਼ਰਧਾ ਰੱਖਣੀ। ਰਾਮ ਤੇ ਸੰਤ ਵਿੱਚ ਕੋਈ ਭੇਦ ਨਹੀਂ ਜਾਣਦੀ ਸੀ। ਇਨ੍ਹਾਂ ਦਾ ਪੁੱਤਰ ਬੀਮਾਰ ਸੀ। ਡਾਕਟਰੀ ਇਲਾਜ ਕੁੱਝ ਆਰਾਮ ਨ ਦੇ ਸਕੇ। ਪੁੱਤਰ ਦੇ ਸ੍ਵਾਸ ਪੂਰੇ ਹੋ ਗਏ। ਪਰ ਇਹ ਬੀਬੀ ਦੋਵੇਂ ਹੱਥ ਜੋੜੀ ਮਹਾਂਪੁਰਸ਼ਾਂ ਦੇ ਬਚਨ:

ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ (ਗਉੜੀ ਸੁਖਮਨੀ ਮਃ ੫ - ੨੭੭)

ਦੇ ਅਟੱਲ ਨਿਸਚੇ ਅਨੁਸਾਰ ਬੇਨਤੀ ਕਰ ਕੇ ਪ੍ਰਾਨ ਦਾਨ ਮੰਗ ਰਹੀ ਸੀ। ਕੁੱਝ ਸਮੇਂ ਪਿੱਛੋਂ ਮੇਹਰ ਹੋਈ ਬੱਚਾ ਠੀਕ ਹੋ ਗਿਆ। ਸੌਦਾਗਰ ਸਿੰਘ ਦੀ ਭੀ ਸ਼ਰਧਾ ਜਾਗੀ। ਇਹ ਸਾਰੇ ਹੀ ਮਹਾਂਪੁਰਸ਼ਾਂ ਦੀ ਚਰਨ ਸ਼ਰਨ ਪੁੱਜੇ। ਸੌਦਾਗਰ ਸਿੰਘ ਦਰਸ਼ਨਾਂ ਦੇ ਪ੍ਰਭਾਵ ਕਰ ਕੇ ਕੁੱਝ ਪ੍ਰਮਾਰਥ ਵੱਲ ਜਾਗਿਆ। ਆਪਣੀਆਂ ਕਮਜ਼ੋਰੀਆਂ ਤੱਕੀਆਂ। ਚਰਨਾਂ ਤੇ ਢੈਹ ਸਿੱਖੀ ਦਾਨ ਮੰਗਿਆ ਅਤੇ ਆਪਣੀ ਸਿਹਤ ਦੀ ਹਾਲਤ ਦੱਸੀ।

ਮਹਾਂਪੁਰਸ਼ਾਂ ਨੇ ਗੁਰੂ ਨਾਨਕ ਦੀ ਸਿੱਖੀ ਧਾਰਨ ਦਾ ਆਦੇਸ਼ ਦਿੱਤਾ। ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਅਤੇ ਮਾਨਸਿਕ ਰੋਗ ਤੋਂ ਭੀ ਛੁਟਕਾਰਾ ਹੋ ਗਿਆ। ਇਸ ਨੇ ਮਹਾਂਪੁਰਸ਼ਾਂ ਦੇ ਸਮੂੰਹ ਬਸਤਰ ਜੋੜੇ ਸਮੇਤ ਆਪਣੇ ਘਰ ਸਤਿਕਾਰ ਵਜੋਂ ਮੰਗ ਕਰ ਕੇ ਰੱਖ ਲਏ।

ਇਸੇ ਤਰ੍ਹਾਂ ਇੱਕ ਹੋਰ ਪ੍ਰੇਮੀ ਮੱਘਰ ਸਿੰਘ ਖਟੜਿਆਂ ਤੇ ਬਖ਼ਸ਼ਿਸ਼ ਕਰ ਕੇ ਪੁੱਤਰ ਦੀ ਦਾਤ ਦਿੱਤੀ। ਗੁਰੂ ਘਰ 'ਚੋਂ ਹਰ ਦਾਤ ਮਿਲਦੀ ਹੈ। ਇਸ ਨੇ ਔਲਾਦ ਲਈ ਤਿੰਨ ਸ਼ਾਦੀਆਂ ਕਰਾਈਆਂ ਸਨ।

ਅਫਰੀਕਾ ਫੇਰੀ ਦੇ ਸੰਖੇਪ ਸਮਾਚਾਰ

ਸਭ ਤੋਂ ਪਹਿਲਾਂ ਹਜ਼ੂਰ ਮੁਬਾਸੇ ਗਏ। ਇੱਥੇ ਸਿੱਖ ਵਸੋਂ ਇੱਕ ਹਜ਼ਾਰ ਦੇ ਕਰੀਬ ਹੈ। ਮੁਬਾਸੇ ਤੋਂ ਨੈਰੋਬੀ ਤਿੰਨ ਸੌ ਮੀਲ ਦੂਰ ਹੈ। ਇੱਥੇ ਸਿੱਖ ਵਸੋਂ ੨੫ ਹਜ਼ਾਰ ਦੇ ਲਗਭਗ ਹੈ। ਨੈਰੋਬੀ ਤੋਂ ਨਕੋਰੋ ਸੌ ਮੀਲ ਦੂਰ ਹੈ। ਇੱਕ ਹਜ਼ਾਰ ਸਿੱਖ ਅਬਾਦੀ ਹੈ।

ਨਕੋਰੋ ਤੋਂ ਐਲਡੋਰੇਟ ਦੀ ਸੰਗਤ ਲੈ ਗਈ, ਜੋ ਸੌ ਮੀਲ ਦੂਰ ਹੈ। ਇੱਥੇ ਵੀ ਸਿੱਖਾਂ ਦੀ ਆਬਾਦੀ ਦੋ ਹਜ਼ਾਰ ਦੇ ਕਰੀਬ ਸੀ। ਸਾਰੇ ਗੁਰੂ ਦੇ ਪ੍ਰੇਮੀ ਤੇ ਸੰਤ ਸੇਵੀ ਸਨ। ਦੀਵਾਨ ਵਿੱਚ ਬਿਨਾਂ ਨਾਗਾ ਹਾਜ਼ਰੀ ਭਰਦੇ ਰਹੇ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਕੀਤਾ। ਬੇਅੰਤ ਪ੍ਰੇਮੀ ਗੁਰੂ ਕੇ ਸਿੰਘ ਸਜੇ।

ਐਲਡੋਰੇਟ ਤੋਂ ਕੁਸੱਮੂ ਇੱਕ ਸੌ ਮੀਲ ਹੈ। ਇੱਥੇ ਵੀ ਕਈ ਦੀਵਾਨ ਲਾਏ। ਪ੍ਰੇਮੀਆਂ ਦੇ ਘਰੀਂ ਚਰਨ ਪਾਏ ਤੇ ਅੰਮ੍ਰਿਤ ਪ੍ਰਚਾਰ ਕਰਿਆ।

ਕੁਸੱਮੂ ਤੋਂ ਜੇਂਜੋ ਆ ਗਏ। ਇੱਥੇ ਸਿੱਖ ਵਸੋਂ ਚਾਰ ਪੰਜ ਹਜ਼ਾਰ ਦੇ ਲਗਭਗ ਹੈ। ਕੁਸੱਮੂ ਤੋਂ ਜੇਂਜੋ ਤਿੰਨ ਸੌ ਮੀਲ ਦੂਰ ਹੈ। ਇੱਥੇ ਇੰਦਰ ਸਿੰਘ ਗਿੱਲ ਦੀ ਕੋਠੀ ਠਹਿਰੇ ਜੋ ਪਿੱਛੋਂ ਕੁਹਾੜੇ ਕੋਲ ਜੰਡਾਲੀ ਪਿੰਡ ਦਾ ਹੈ। ਇੱਥੇ ਇਸ ਦਾ ਬਹੁਤ ਵੱਡਾ ਕਾਰੋਬਾਰ ਹੈ। ਕਈ ਸ਼ਹਿਰਾਂ ਵਿੱਚ ਲੱਕੜੀ ਦਾ ਠੇਕਾ ਤੇ ਗੰਨੇ ਦੀਆਂ ਮਿੱਲਾਂ ਹਨ। ਬੜੇ ਪ੍ਰੇਮ ਨਾਲ ਸੇਵਾ ਕੀਤੀ। ਗੁਰਦੁਆਰੇ ਸਾਹਿਬ ਦੀਵਾਨ ਸਜੇ। ਪ੍ਰੇਮੀਆਂ ਦੇ ਘਰੀਂ ਚਰਨ ਪਾਏ। ਬਚਨਾਂ ਦੁਆਰਾ ਵਰ ਦੇ ਕੇ ਸ਼ਰਧਾ ਪੂਰਨ ਕੀਤੀ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਵੀ ਹੋਇਆ। ਜੇਂਜੋ ਤੋਂ ਜਾ ਕੇ ਇੱਕ ਦੀਵਾਨ ਕੰਪਾਲੇ ਕੀਤਾ ਫੇਰ ਵਾਪਸ ਉਸੇ ਜਗ੍ਹਾ ਆ ਗਏ।

ਵਤਨ ਪਿਆਰ

ਵਤਨ ਪਿਆਰ ਦੇ ਪਵਿੱਤ੍ਰ ਵਲਵਲੇ ਨੂੰ ਕਿਸੇ ਬਜ਼ੁਰਗ ਨੇ ਸਾਧਾਰਨ ਸ਼ਬਦਾਂ ਵਿੱਚ ਇਉਂ ਪ੍ਰਗਟ ਕੀਤਾ ਹੈ। (ਜੋ ਸੁਖ ਛੱਜੂ ਦੇ ਚੁਬਾਰੇ। ਸੋ ਬਲਖ ਨ ਬੁਖਾਰੇ) ਪਸ਼ੂ ਪੰਛੀ ਅਤੇ ਮਨੁੱਖ ਆਪਣੇ ਘਰ ਦੀ ਖਿੱਚ ਕਰਦੇ ਹਨ ਚਾਹੇ ਕੋਈ ਗ਼ਰੀਬ ਹੈ ਚਾਹੇ ਅਮੀਰ। ਚੋਗਾ ਚੁਗਣ ਵਾਸਤੇ ਪੰਛੀ ਆਪਣੇ ਆਲ੍ਹਣੇ ਤੋਂ ਦੂਰ ਚਲੇ ਜਾਂਦੇ ਹਨ। ਡੰਗਰਾਂ ਦੇ ਵੱਗ, ਭੇਡਾਂ ਬੱਕਰੀਆਂ ਦੇ ਇੱਜੜ ਸੂਰਜ ਚੜ੍ਹਨ ਤੋਂ ਹੀ ਆਪਣੀਆਂ ਖੁਰਲੀਆਂ ਤੇ ਵਾੜਿਆਂ ਵਿੱਚੋਂ ਨਿੱਕਲ ਕੇ ਜੂਹਾਂ ਵੱਲ ਚਰਨ ਜਾਂਦੇ ਨੇ ਪਰ ਜਿਉਂ ਹੀ ਸ਼ਾਮਾਂ ਪੈਂਦੀਆਂ ਹਨ ਤਦੋਂ ਹੀ ਇੱਕ ਨਿਰਾਲੀ ਤਾਂਘ ਨਾਲ ਵਾਹੋ ਦਾਹੀ ਆਪੋ ਆਪਣੇ ਟਿਕਾਣਿਆਂ ਵੱਲ ਆਪ ਮੁਹਾਰੇ ਨੱਠ ਤੁਰਦੇ ਨੇ। ਕਿਸੇ ਦੇ ਰੋਕਣ ਤੇ ਨਹੀਂ ਰੁਕਦੇ ਕਿਉਂਕਿ ਉਸ ਟਿਕਾਣੇ ਨਾਲ ਅਪਣੱਤ ਕਾਇਮ ਹੋ ਜਾਂਦੀ ਹੈ। ਉਸੇ ਅਪਣੱਤ ਨੂੰ ਅਸਲੀ ਘਰ ਪਿਆਰ ਆਖਿਆ ਜਾਂਦਾ ਹੈ। ਮਨੁੱਖ ਘਰ ਤੋਂ ਦੂਰ ਦੁਰਾਡੇ ਸ਼ਹਿਰਾਂ ਤੇ ਪ੍ਰਦੇਸ਼ਾਂ ਵਿੱਚ ਰੋਜ਼ੀ ਕਮਾਉਣ ਵਾਸਤੇ ਜਾਂਦਾ ਹੈ। ਉੱਥੇ ਜਾ ਕੇ ਭਾਵੇਂ ਸ਼ੀਸ਼ ਮਹਿਲਾਂ ਵਿੱਚ ਰਹੇ। ਫਿਰ ਵੀ ਉਹ ਆਪਣੇ ਪਿਓ ਦਾਦੇ ਦੇ ਕੱਚੇ ਕੋਠੇ ਨੂੰ ਨਹੀਂ ਭੁੱਲਦਾ। ਮੇਰਾ ਘਰ, ਮੇਰਾ ਸ਼ਹਿਰ ਤੇ ਮੇਰਾ ਦੇਸ਼ ਆਖਦਿਆਂ ਹੋਇਆਂ ਉਸ ਦੀ ਜ਼ਬਾਨ ਨਹੀਂ ਥੱਕਦੀ। ਮਾਂ ਅਤੇ ਵਤਨ ਦਾ ਪਿਆਰ ਉੱਚਾ ਅਤੇ ਸੱਚਾ ਪਿਆਰ ਹੈ ਜੋ ਮਨੁੱਖ ਆਪਣੀ ਮਾਂ ਅਤੇ ਆਪਣੇ ਵਤਨ ਕੋਲੋਂ ਦੂਰ ਹੋਵੇ ਉਹ ਜੀਊਂਦਿਆਂ ਵਿੱਚ ਨਹੀ ਮਿਥਿਆ ਜਾਂਦਾ। ਉਹ ਅਨ ਪਿਆਰਿਆਂ ਤੇ ਅਨ ਸਤਿਕਾਰਿਆਂ ਹੱਡ ਲਹੂ ਦਾ ਇੱਕ ਬੁੱਤ ਹੁੰਦਾ ਹੈ।

ਸੋ, ਨਾਲ ਦੇ ਸਿੰਘਾਂ ਦੇ ਮਨ ਵਿੱਚ ਵਾਪਸ ਆਉਣ ਦੀ ਤਾਂਘ ਵਸੀ। ਪਰ ਹੁਕਮ ਵਿੱਚ ਚੱਲਣ ਦਾ ਪ੍ਰਣ ਕੀਤਾ ਸੀ ਜਿਸ ਕਰ ਕੇ ਕੁੱਝ ਬੋਲ ਨਾ ਸਕੇ।

ਪੰਜਾਬ ਵਾਪਸੀ

ਜਦੋਂ ਆਪ ਜੀ ਨੂੰ ਅਫਰੀਕਾ ਦੀ ਧਰਤੀ ਤੇ ਭਾਗ ਲਾਉਂਦਿਆਂ ਸਾਲ ਦੇ ਲਗਭਗ ਸਮਾਂ ਹੋ ਗਿਆ ਤਾਂ ਇੰਡੀਆ ਵਾਸੀ ਪ੍ਰੇਮੀਆਂ ਦਾ ਮਨ ਦਰਸ਼ਨਾਂ ਵਾਸਤੇ ਕਾਹਲਾ ਪੈ ਗਿਆ। ਉਨ੍ਹਾਂ ਨੇ ਬਹੁਤ ਸਾਰੀਆਂ ਵੈਰਾਗਮਈ ਪੱਤ੍ਰਕਾ ਲਿਖੀਆਂ ਜਿਨ੍ਹਾਂ ਵਿੱਚ ਵਿਛੋੜੇ ਦੀ ਵੇਦਨਾ ਤੇ ਦੀਦਾਰ ਦੀ ਇੱਛਾ ਪ੍ਰਗਟ ਹੀ ਪ੍ਰਤੀਤ ਹੋ ਰਹੀ ਸੀ। ਪਰ ਇਸ ਗੱਲ ਨੂੰ ਦਿਲਾਂ ਦੇ ਦਰਦੀ ਬਿਨਾਂ ਕੌਣ ਜਾਣੇ?

ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥

(ਬਿਲਾਵਲੁ ਮਃ ੪ - ੮੩੬)

ਭਾਵੇਂ ਨਾਲ ਦੇ ਸਿੰਘ ਤਾਂ ਹੁਕਮ ਵਿੱਚ ਬੱਝੇ ਰਜ਼ਾ ਵਿੱਚ ਰਾਜ਼ੀ ਅਤੇ ਮਾਂਦਰੀ ਦੇ ਮੰਤਰ ਨਾਲ ਵਸੀਕਾਰ ਕੀਤੇ ਦੇਵ ਸਮਾਨ ਪ੍ਰਸੰਨ ਚਿੱਤ ਨਾਲ ਰਹੇ ਪਰ ਕਈ ਕੁ ਸ਼ਰਧਾਲੂਆਂ ਨੇ ਇਨ੍ਹਾਂ ਨੂੰ ਵੀ ਬਿਨੈ ਪਤ੍ਰਕਾ ਲਿਖੀ ਕਿ ਤੁਸੀਂ ਵੀ ਸੰਤ ਮਹਾਰਾਜ ਪਾਸ ਆਉਣ ਵਾਸਤੇ ਬੇਨਤੀ ਕਰੋ। ਇਨ੍ਹਾਂ ਨੂੰ ਵੀ ਆਪਣੇ ਵਤਨ ਦੇ ਵੀਰਾਂ ਦੀਆਂ ਅਰਦਾਸਾਂ ਦਾ ਦ੍ਰਿਸ਼ ਸਾਹਮਣੇ ਆ ਗਿਆ ਕਿਉਂਕਿ ਆਪਣਾ ਦੇਸ਼, ਪੰਜਾਬ ਦੀ ਭਾਗਾਂ ਭਰੀ ਧਰਤੀ ਰਿਸ਼ੀਆਂ, ਮੁਨੀਆਂ, ਸੰਤਾਂ, ਭਗਤਾਂ ਤੇ ਅਵਤਾਰਾਂ ਦੀ ਜਨਮਭੂਮੀ ਕਦੇ ਕਿਸੇ ਨੂੰ ਨਹੀਂ ਭੁੱਲਦੀ। ਸਵੇਰ ਦੇ ਬਾਹਰ ਗਏ ਪੰਛੀ ਆਲ੍ਹਣੇ ਵੱਲ ਤੇ ਪਸੂ ਆਪਣੇ ਘਰਾਂ ਨੂੰ ਦੌੜਦੇ ਹਨ। ਇਨ੍ਹਾਂ ਸਮੀਪ ਮੁਕਤੀ ਵਾਲੇ ਭਗਤਾਂ ਦਾ ਅੰਦਰਲਾ ਫੁਰਨਾ ਜਾਣ ਕੇ ਛੋਟੇ ਸੰਤ ਜੀ ਮਹਾਰਾਜ ਦਾ ਪ੍ਰੇਮ ਜੋ

ਉਨ੍ਹਾਂ ਨੇ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਸਾਲਾਨਾ ਬਰਸੀ ਨੌਂ ਮਾਘ ਦੇ ਜੋੜ ਮੇਲੇ ਤੇ ਪੁੱਜਣ ਲਈ ਬੇਨਤੀ ਕੀਤੀ ਸੀ (ਕਿਉਂਕਿ ਏਧਰਲੀ ਸੰਗਤ ਹਰ ਰੋਜ਼ ਇਨ੍ਹਾਂ ਪਾਸੋਂ ਹੀ ਆ ਕੇ ਪੁੱਛਦੀ ਸੀ ਕਿ ਸੰਤ ਜੀ ਕਦੋਂ ਵਾਪਸ ਆਉਣਗੇ। ਇਨ੍ਹਾਂ ਤੋਂ ਹੀ ਕੀਨੀਆਂ ਦਾ ਐਡਰੈਸ ਲੈ ਕੇ ਹਜ਼ੂਰ ਨੂੰ ਪ੍ਰੇਮੀ ਚਿੱਠੀਆਂ ਪਾਉਂਦੇ ਸਨ) ਇਨ੍ਹਾਂ ਦਾ ਅੰਤ੍ਰੀਵ ਟੈਲੀਫੋਨ ਪੁੱਜ ਗਿਆ ਸੰਗਤ ਦੀ ਪ੍ਰਾਰਬਧ ਨੇ ਅਫੁਰ ਮਨ ਵਿੱਚ ਵਾਪਸ ਆਉਣ ਦਾ ਫੁਰਨਾ ਪੈਦਾ ਕਰ ਦਿੱਤਾ।

ਆਪ ਜੀ ਨੇ ਅਫਰੀਕਾ ਵਾਸੀ ਗੁਰਸਿੱਖਾਂ ਦਾ ਪਿਆਰ ਤੱਕ ਕੇ (ਜੋ ਪੰਜਾਬ ਵਾਪਸ ਮੁੜਨ ਦਾ ਨਾਮ ਸੁਣ ਕੇ ਵੈਰਾਗ ਵਿੱਚ ਨੇਤਰ ਤਰ-ਬ-ਤਰ ਸਿਸਕ ਰਹੇ ਸਨ ਕਿ ਹੁਣ ਕਦੋਂ ਦੀਦਾਰ ਹੋਣਗੇ। ਨਾਲ ਦੇ ਸਿੰਘਾਂ ਨੂੰ ਬਹਿਰੀ ਜਹਾਜ਼ ਤੇ ਭੇਜ ਦਿੱਤਾ। ਆਪ ਜੀ ਨੇ ਏਅਰਪੋਰਟ ਤੇ ਨਾਲ ਆਏ ਪ੍ਰੇਮੀਆਂ ਨੂੰ ਧੀਰਜ ਬਖ਼ਸ਼ੀ ਕਿ ਹਰ ਸਮੇਂ ਨਾਮ ਨਾਲ ਲਿਵ ਲਾਈ ਰੱਖੋ। ਭਾਣੇ ਵਿੱਚ ਪ੍ਰਸੰਨ ਰਹਿ ਕੇ ਅਕਾਲ ਪੁਰਖ ਦੀ ਆਗਿਆ ਦਾ ਪਾਲਣ ਕਰੋ। ਹੱਕ ਦੀ ਕਿਰਤ ਕਰੋ। ਰਹਿਤ ਵਿੱਚ ਪੱਕੇ ਰਹਿ ਕੇ ਕੁਰੈਹਤਾਂ ਤੋਂ ਬਚੋ। ਸੰਸਾਰ ਦੀ ਰਚਨਾ ਵਿੱਚ ਧੁਰੋਂ ਹੀ ਸੰਜੋਗ ਵਿਜੋਗ ਬਣੇ ਪ੍ਰਮੇਸ਼ਰ ਦੇ ਹੁਕਮ ਵਿੱਚ ਸਾਰੀ ਕਾਰ ਨੂੰ ਚਲਾ ਰਹੇ ਹਨ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ (ਜਪੁ ਮਃ ੧ - ੬)

ਪ੍ਰੇਮੀਆਂ ਨੇ ਪਵਿੱਤਰ ਬਚਨ ਸੁਣ ਕੇ ਧੀਰਜ ਧਾਰਨ ਕਰੀ। ਨਮਸ਼ਕਾਰਾਂ ਕਰ ਵਾਪਸ ਆ ਗਏ। ਆਪ ਜੀ ਹਵਾਈ ਜਹਾਜ਼ ਤੇ ਬੈਠ ਕੇ ਨੌਂ ਮਾਘ ਦੇ ਜੋੜ ਮੇਲੇ ਤੇ ਛੇਤੀ ਪੁੱਜਣ ਲਈ ਦਿੱਲੀ ਆ ਗਏ। ਏਥੋਂ ਸ. ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦੀ ਕਾਰ ਤੇ ਕਰਮਸਰ ਆਏ। ਨਾਲ ਦੇ ਸਿੰਘ ੨੯-੧-੧੯੫੨ ਨੂੰ ਬੰਬੇ ਆ ਉੱਤਰੇ। ਏਥੋਂ ਸਿੱਧੇ ਰੇਲ ਦੇ ਰਸਤੇ ਲੁਧਿਆਣੇ ਪੁੱਜ ਕਰਮਸਰ ਆ ਗਏ।

ਸੰਤ ਜੀ ਮਹਾਰਾਜ ਦੇ ਆਗਮਨ ਦੀ ਕਨਸੋ ਸੁਣ ਕੇ ਪਹਿਲਾਂ ਹੀ ਨਗਰਾਂ ਦੀ ਸੰਗਤ ਆ ਜੁੜੀ। ਖ਼ੁਸ਼ੀ ਵਿੱਚ ਆਤਸ਼ਬਾਜ਼ੀ ਚਲਾਈ ਗਈ। ਸ਼ਾਮੀਂ ਦੀਪਮਾਲਾ ਹੋਈ। ਲੰਗਰ ਵਿੱਚ ਪੱਕੇ ਭੰਡਾਰੇ ਵਰਤੇ। ਦੋਵੇਂ ਵਿਅਕਤੀ (ਵੱਡੇ ਸੰਤ ਜੀ ਤੇ ਛੋਟੇ ਮਹਾਂਪੁਰਸ਼) ਪਰਸਪਰ ਗਲੇ ਲੱਗ ਕੇ ਮਿਲੇ। ਸੁੱਖ ਅਨੰਦ ਪੁੱਛੀ। ਰਾਮ ਤੇ ਲਛਮਨ ਸਮਾਨ ਇੱਕੋ ਜਗ੍ਹਾ ਬੈਠ ਸੰਗਤ ਨੂੰ ਦੀਦਾਰ ਬਖ਼ਸ਼ੇ। ਸੰਗਤ ਨੇ ਪ੍ਰੀਤਮ ਦੇ ਚਰਨ ਪਰਸੇ। ਭੁੱਖੇ ਨੂੰ ਰੋਟੀ ਤੇ ਪਿਆਸੇ ਨੂੰ ਪਾਣੀ ਮਿਲਣ ਵਾਂਗ ਇੱਕ ਦੂਜੇ ਤੋਂ ਅੱਗੇ ਹੋ ਕੇ ਨਮਸ਼ਕਾਰਾਂ ਕਰਨ ਲੱਗੇ। ਨੇਤਰਾਂ ਦੇ ਜਲ ਦੁਆਰਾ ਵਿਛੋੜੇ ਦੀ ਤਪਸ਼ ਸ਼ਾਂਤ ਕੀਤੀ। ਦਰਸ਼ਨ ਕਰ ਕੇ ਨੇਤਰ ਨਹੀਂ ਰੱਜਦੇ। ਮਨ ਤ੍ਰਿਪਤ ਨਹੀਂ ਹੁੰਦੇ। ਸਾਰੇ ਗੁਰੂ ਪਿਆਰਿਆ ਨੂੰ; ਜੋ ਕਈ ਹਜ਼ਾਰ ਦੀ ਗਿਣਤੀ ਵਿੱਚ ਮਾਈ ਭਾਈ ਆਏ ਸਨ, ਦਰਸ਼ਨ ਦੇ ਕੇ ਮਨੋ ਕਾਮਨਾ ਪੂਰੀ ਕੀਤੀ। ਸੁੱਖ ਅਨੰਦ ਪੁੱਛ ਧੀਰਜ ਦਿੱਤਾ। ਇਉਂ ਕੁੱਝ ਕੁ ਸਮਾਂ ਛੋਟੇ ਸੰਤ ਜੀ ਮਹਾਰਾਜ ਦੇ ਚੁਬਾਰੇ ਵੱਲ ਬੈਠ ਕੇ ਸਭਨਾਂ ਨੂੰ ਮਿਹਰਾਂ ਭਰੀ ਦ੍ਰਿਸ਼ਟੀ ਨਾਲ ਨਿਹਾਲ ਕਰ ਕੇ ਆਪਣੇ ਨਿੱਜੀ ਅਸਥਾਨ ਭੋਰੇ ਵਿੱਚ ਆ ਗਏ। ਭੋਰੇ ਨੂੰ ਵੀ ਆਪਣੇ ਮਾਲਕ ਦੇ ਆਉਣ ਦੀ ਕੋਈ ਘੱਟ ਖ਼ੁਸ਼ੀ ਨਹੀਂ ਸੀ। ਸਤਿਕਾਰ ਵਜੋਂ ਦੀਵਾਰਾਂ ਨੇ ਜੀਓ ਆਇਆਂ ਆਖਿਆ। ਮਕਾਨ 'ਚੋਂ ਅਵਾਜ਼ਾਂ ਆਈਆਂ। ਫੁੱਲਾਂ ਤੇ ਖੇੜਾ ਆਇਆ ਭੌਰੇ ਗੂੰਜਣ ਲੱਗੇ। ਰਾਤ ਰਾਣੀ ਨੇ ਖ਼ੁਸ਼ਬੂ ਦਿੱਤੀ ਵਾਹ ਵਾਹ! 'ਤੇਰੀ ਉਪਮਾ ਤੋਹਿ ਬਨਿ ਆਵੈ'

ਪ੍ਰੀਤਮ ਦੇ ਆਗਮਨ ਦੀ ਭੋਰੇ ਨੂੰ ਖ਼ੁਸ਼ੀ

ਮੈਂ ਪੁੱਛਿਆ ਭੋਰੇ ਦੇ ਕੋਲ ਜਾ ਕੇ ਬੜਾ ਖਿੜ ਖਿੜਾ ਕੇ ਹੱਸਦਾ ਏਂ।
ਮੈਨੂੰ ਦਿਸੇ ਸ੍ਵਰਗੀ ਲਿਬਾਸ ਤੇਰਾ, ਕੀ ਤੂੰ ਵਿੱਚ ਸ੍ਵਰਗ ਦੇ ਵਸਦਾ ਏਂ।
ਹੱਸ ਹੱਸ ਕੇ ਇੱਕ ਦੀਵਾਰ ਬੋਲੀ, ਦਿਨ ਆਇਆ ਅੱਜ ਖ਼ੁਸ਼ੀ ਮਨਾਉਣ ਵਾਲਾ।
ਮੇਰੇ ਵਿੱਚ ਉਹ ਸ਼ਹਿਨਸ਼ਾਹ ਆ ਵੱਸਿਆ, ਜੇਹੜਾ ਲੱਖਾਂ ਸਵਰਗ ਬਨਾਉਣ ਵਾਲਾ।
ਮੈਂ ਹੱਸਦਾ ਹਾਂ ਹੱਸੇ ਸਭ ਦੁਨੀਆਂ, ਕਿਸੇ ਪਿਆਰੇ ਪ੍ਰੀਤਮ ਦੇ ਪਿਆਰ ਦੇ ਵਿੱਚ।
ਕੋਨਾ ਕੋਨਾ ਪਿਆ ਅੱਜ ਹੱਸਦਾ ਏ, ਇਹ ਤਾਸੀਰ ਹੈ ਉਹਦੇ ਦੀਦਾਰ ਦੇ ਵਿੱਚ।

ਨੋਟ: ਅਫਰੀਕਾ ਦੇ ਪ੍ਰਸੰਗ ਦੀ ਨਾਲ ਨਾ ਹੋਣ ਕਰ ਕੇ ਪੂਰੀ ਵਾਕਫ਼ੀ ਨਹੀਂ। ਕਈ ਕੁ ਸੱਜਣਾਂ ਨੂੰ ਪੁੱਛ ਪੁਛਾ ਕੇ ਨੋਟ ਕੀਤਾ ਹੈ। ਪੁਰਾਣੇ ਬਜ਼ੁਰਗਾਂ ਵਿੱਚੋਂ ਕਈ ਕੁ ਪ੍ਰੇਮੀ ਚੜ੍ਹਾਈ ਕਰ ਗਏ। ਕਈ ਲੰਡਨ ਚਲੇ ਗਏ ਕਈ ਕੁ ਹੋਰ ਦੇਸ਼ਾਂ ਤੇ ਸ਼ਹਿਰਾਂ ਦੇ ਵਾਸੀ ਬਣ ਗਏ। ਲੰਡਨ ਵਾਸੀ ਪ੍ਰੇਮੀਆਂ ਨੂੰ ਪੁੱਛਿਆ ਪਰ ਉਨ੍ਹਾਂ ਨੂੰ ਵੀ ਖ਼ਾਸ ਚੇਤਾ ਨਹੀਂ, ਨਾ ਹੀ ਹਜ਼ੂਰ ਦੇ ਨਾਲ ਜਾਣ ਵਾਲੇ ਸਿੰਘਾਂ ਦੇ ਯਾਦ ਹੈ। ਇਸ ਵਾਸਤੇ ਮੈਂ ਖਿਮਾ ਦਾ ਯਾਚਕ ਹਾਂ। (ਲੇਖਕ)

ਸੇਠ ਮਿਡੂ ਮਲ ਤੇ ਕ੍ਰਿਪਾ

ਸੇਠ ਮਿਡੂ ਮਲ ਬਠਿੰਡਾ, ਜੋ ਇਨਕਮ ਟੈਕਸ ਆਫੀਸਰ ਹੈ। ਇਹ ਸ. ਭਗਤ ਸਿੰਘ ਡਰਾਈਵਰ ਜੋ ਸੰਤ ਮਹਾਰਾਜ ਜੀ ਦਾ ਕਲਾਸ ਫੈਲੋ ਸੀ ਦੀ ਪ੍ਰੇਰਨਾ ਸਦਕਾ ਮਹਾਂਪੁਰਸ਼ਾਂ ਦੇ ਦਰਸ਼ਨਾਂ ਲਈ ਕਰਮਸਰ ਤੋਂ ਲੰਘਦਿਆਂ ਕੁਝ ਸਮੇਂ ਲਈ ਰੁਕ ਕੇ ਆ ਗਿਆ। ਪਰ ਉਸ ਦੇ ਮਨ ਵਿੱਚ ਕਾਹਲ ਸੀ। ਦੂਰੀ ਦਾ ਸਫ਼ਰ ਹੋਣ ਕਰ ਕੇ ਮਹਾਂਪੁਰਸ਼ਾਂ ਨੇ

ਆਪਣੀ ਦਸਤੇ ਮੁਬਾਰਕ ਰਾਹੀਂ ਪ੍ਰਸ਼ਾਦ ਦਿੱਤਾ। ਜਦੋਂ ਜਾਣ ਲਈ ਆਗਿਆ ਮੰਗੀ ਤਾਂ ਆਪ ਨੇ ਸੁਤੇ ਹੀ ਕਿਹਾ ਕਿ ਅੱਜ ਰਾਤ ਇੱਥੇ ਹੀ ਠਹਿਰੋ। ਮਾਇਆਧਾਰੀ ਅਫ਼ਸਰੀ ਮਦਿ ਵਾਲੇ ਨੂੰ ਕੀ ਪਤਾ ਕਿ ਮਹਾਂਪੁਰਸ਼ਾਂ ਦੇ ਬਚਨ ਕੀ ਅਤੇ ਕਿਉਂ ਹੁੰਦੇ ਹਨ। ਬਚਨ ਨਾ ਮੰਨਿਆ। ਕਾਰ ਤੇ ਬੈਠ ਕੇ ਥੋੜ੍ਹੀ ਦੂਰ ਹੀ ਗਏ ਸਨ ਕਿ ਸੇਠ ਦੇ ਮੂੰਹੋਂ ਅਸ਼ਰਧਾ ਭਰੇ ਬਚਨ ਨਿਕਲੇ। ਭਗਤ ਸਿੰਘ ਨੇ ਰੋਕਿਆ ਭੀ ਪਰ ਸੇਠ ਜੀ ਸਨ ਅਫ਼ਸਰ। ਅਫ਼ਸਰ ਭੀ ਇਨਕਮ ਟੈਕਸ ਦੇ। ਕਾਰ ਬੇ-ਕਾਬੂ ਹੋ ਕੇ ਨਹਿਰ ਵਿੱਚ ਗਿਰ ਗਈ ਅਤੇ ਮੌਤ ਦੇ ਮੂੰਹ ਵਿੱਚ ਪੈ ਕੇ ਸੇਠ ਜੀ ਸਾਥੀਆਂ ਸਣੇ ਬੇਹੋਸ਼ ਹੋ ਗਏ। ਪ੍ਰਮੇਸ਼ਰ ਦੇ ਪ੍ਰੇਰੇ ਹੋਏ ਕੁੱਝ ਉਪਕਾਰੀ ਪੁਰਸ਼ ਕੰਢੇ ਤੇ ਪੁੱਜੇ ਉਨ੍ਹਾਂ ਫਰਵਰੀ ਦੇ ਮਹੀਨੇ ਠੰਡੇ ਪਾਣੀ ਦੀ ਪ੍ਰਵਾਹ ਨਾ ਕਰਦਿਆਂ ਕਾਰ ਦੇ ਦਰਵਾਜ਼ੇ ਖੋਲ੍ਹ ਕੇ ਧੂਹ ਕੇ ਵਿੱਚੋਂ ਕੱਢੇ। ਸੁੱਕੇ ਬਸਤਰਾਂ ਤੇ ਲਿਟਾ ਦਿੱਤੇ। ਛੋਟੇ ਸੰਤ ਮਹਾਰਾਜ ਜੀ ਖ਼ਬਰ ਸੁਣ ਕੇ ਸਿੰਘਾਂ ਸਮੇਤ ਮੌਕੇ ਤੇ ਪੁੱਜ ਗਏ। ਪੁਠੇ ਲਿਟਾ ਕੇ ਪੇਟ 'ਚੋਂ ਪਾਣੀ ਕੱਢ ਕੇ ਬਚਾ ਲਏ। ਡੇਰੇ ਦੁੱਧ, ਚਾਹ, ਗ਼ਰਮ ਬਸਤਰ ਆਦਿ ਨਾਲ ਸੇਵਾ ਕੀਤੀ। ਕਾਰ ਭੀ ਬਲਦਾਂ ਦੀ ਮਦਦ ਨਾਲ ਬਾਹਰ ਕੱਢ ਲਈ।

ਅਸ਼ਰਧਕ ਬਚਨ ਸੇਠ ਦੇ ਯਾਦ ਸਨ। ਦੂਜੇ ਪਾਸੇ ਨਿਸ਼ਕਾਮ ਪਰਉਪਕਾਰ ਤੱਕ ਕੇ ਮਨ ਹੀ ਮਨ ਵਿੱਚ ਸ਼ਰਮਿੰਦਾ ਹੋ ਰਿਹਾ ਸੀ। ਰਾਤ ਕੱਟ ਕੇ ਫਿਰ ਮਹਾਂਪੁਰਸ਼ਾਂ ਪਾਸ ਪੁੱਜਾ ਤਾਂ ਸੁਭਾਵਿਕ ਹੀ ਆਪ ਜੀ ਦੇ ਮੁਖਾਰਬਿੰਦ ਤੋਂ ਬਚਨ ਹੋਇਆ ਕਿ ਸੇਠ ਜੀ ਸੰਗਤ ਦੇ ਦਰਸ਼ਨਾਂ ਦੇ ਫ਼ਲ ਕਰ ਕੇ ਸੂਲੀ ਦੀ ਸੂਲ ਹੋ ਗਈ। ਜੇ ਕੱਲ੍ਹ ਬਚਨ ਮੰਨ ਲੈਂਦੇ ਤਾਂ ਇਹ ਸੂਲ ਭੀ ਮਿਟ ਜਾਣੀ ਸੀ।

ਸ. ਖੇਮ ਸਿੰਘ ਭੁੱਟਾ

ਸ. ਖੇਮ ਸਿੰਘ ਭੁੱਟੇ ਨਗਰ ਵਾਲੇ ਤੇ ਮਹਾਂਪੁਰਸ਼ਾਂ ਦੀ ਨਦਰ ਹੋਈ। ਕਾਰੋਬਾਰ ਵਿੱਚ ਬਰਕਤ ਆ ਗਈ। ਗ਼ਰੀਬੀ ਨੇ ਖਹਿੜਾ ਛੱਡ ਦਿਤਾ। ਆਪ ਨੇ ਲੁਧਿਆਣੇ ਗਿੱਲ ਰੋਡ ਦੇ ਸਾਹਮਣੇ ਆਇਲ ਇੰਜਨ ਬਨਾਉਣੇ ਸ਼ੁਰੂ ਕਰ ਦਿੱਤੇ। ਪਹਿਲਾ ਜਨਰੇਟਰ ਕਰਮਸਰ ਬਿਜਲੀ ਪੈਦਾ ਕਰਨ ਲਈ ਭੇਟਾ ਕਰਨ ਦਾ ਫੁਰਨਾ ਕੀਤਾ ਅਤੇ ਬੇਨਤੀ ਕੀਤੀ ਕਿ ਆਪ ਮੇਰੀ ਭੇਟਾ ਜ਼ਰੂਰ ਪ੍ਰਵਾਨ ਕਰੋ। ਬਾਰ ਬਾਰ ਬੇਨਤੀ ਕਰਨ ਤੇ ਮਹਾਂਪੁਰਸ਼ਾਂ ਨੇ ਪ੍ਰਵਾਨਗੀ ਬਖ਼ਸ਼ ਦਿਤੀ। ੧੮ ਹੌਰਸ ਪਾਵਰ ਦਾ ਇੰਜਨ ਫਿੱਟ ਕਰ ਦਿੱਤਾ। ਡੈਨਮੋ ਦਿੱਲੀ ਤੋਂ ਖਰੀਦ ਲਿਆ ਅਤੇ ਕਰਮਸਰ ਵਿੱਚ ਬਿਜਲੀ ਦੇ ਲਾਟੂ ੧੯੫੨ ਈ. ਕੱਤਕ ਪੂਰਨਮਾਸ਼ੀ ਨੂੰ ਜਗਮਗਾਉਣ ਲੱਗੇ। ਪ੍ਰਚਾਰ ਹਿਤ ੧੯੫੨ ਵਿੱਚ ਸਟੇਸ਼ਨ ਵੈਗਨ ਲੈ ਲਈ। ਨੰਗਲ ਪਿੰਡ ਦਾ ਭਾਈ ਬਚਨ ਸਿੰਘ ਜਨਰੇਟਰ ਚਲਾਉਣ ਦੀ ਸੇਵਾ ਨਿਭਾਉਂਦਾ ਰਿਹਾ। ਸੰਤ ਮਹਾਰਾਜ ਜੀ ਖੇਮ ਸਿੰਘ ਜੀ ਦੇ ਪ੍ਰੇਮ ਸਦਕਾ ਲੁਧਿਆਣੇ ਲਈ ਸਮਾਂ ਬਖ਼ਸ਼ਦੇ ਰਹੇ। ਪ੍ਰੇਮ ਨਾਲ ਸ. ਖੇਮ ਸਿੰਘ ਜੀ ਸੇਵਾ ਕਰਦੇ ਰਹੇ। ਤਿੰਨ ਚਾਰ ਸਾਲ ਗਿੱਲ ਰੋਡ ਤੇ ਰਾਮਗੜ੍ਹੀਆ ਸਕੂਲ ਵਿੱਚ ਦੀਵਾਨ ਸਜਦੇ ਰਹੇ। ਫੇਰ ਸਾਰੀ ਲੁਧਿਆਣੇ ਦੀ ਸੰਗਤ ਦੇ ਉਤਸ਼ਾਹ ਕਰ ਕੇ ਖੁੱਲ੍ਹੇ ਪੰਡਾਲਾਂ ਵਿੱਚ ਹਰ ਸਾਲ ਦੀਵਾਨ ਸਜਣੇ ਸ਼ੁਰੂ ਹੋਏ ਅਤੇ ਲੱਖਾਂ ਪ੍ਰਾਣੀ ਹਾਜ਼ਰੀਆਂ ਭਰ ਕੇ ਆਪਣਾ ਜਨਮ ਸਫ਼ਲ ਕਰਦੇ ਰਹੇ।

ਗੁਰਬਾਣੀ ਦੀ ਮਹਿਮਾ

ਆਪ ਨੇ ਸਰਬੱਤ ਪ੍ਰੇਮੀਆਂ ਨੂੰ ਸ. ਖੇਮ ਸਿੰਘ ਦੇ ਸਮੇਤ ਪਾਵਨ ਉਪਦੇਸ਼ ਦੇਣ ਵਾਸਤੇ ਬਚਨ ਕੀਤਾ ਕਿ ਭਾਈ ਅੰਦਰਲਾ ਹਨੇਰਾ ਮਿਟਾਉਣ ਵਾਸਤੇ ਗੁਰਬਾਣੀ ਦੇ ਲੜ ਲੱਗੋ। ਜਿਵੇਂ ਇੱਕ ਬਿਜਲੀ ਦਾ ਪਾਵਰ ਹਾਊਸ ਹੁੰਦਾ ਹੈ। ਉਸ ਤੋਂ ਖੰਭਿਆਂ ਰਾਹੀਂ ਤਾਰਾਂ ਮਕਾਨਾਂ ਵਿੱਚ ਜਾਂਦੀਆਂ ਹਨ, ਜਿੱਥੇ ਬੱਲਬ (ਬਿਜਲੀ ਦਾ ਲਾਟੂ) ਲੱਗੇ ਹੁੰਦੇ ਹਨ। ਜੈਨਰੇਟਰ ਵਿੱਚੋਂ ਬਿਜਲੀ ਦੀ ਲਹਿਰ ਤਾਰਾਂ ਰਾਹੀਂ ਬੱਲਬਾਂ ਵਿੱਚ ਆ ਕੇ ਪ੍ਰਕਾਸ਼ ਕਰਦੀ ਹੈ। ਜੇ ਇਹ ਬੱਲਬ ਸਾਫ਼ ਹਨ ਤਾਂ ਬਹੁਤਾ ਪ੍ਰਕਾਸ਼ ਹੁੰਦਾ ਹੈ। ਜੇਕਰ ਘੱਟ ਸਾਫ਼ ਹਨ ਤਾਂ ਘੱਟ ਪ੍ਰਕਾਸ਼ ਕਰਦੇ ਹਨ।

ਇਸੇ ਤਰ੍ਹਾਂ ਸਤਿਗੁਰੂ ਨਾਨਕ ਦੇਵ ਜੀ ਬਿਜਲੀ ਦੇ ਪਾਵਰ ਹਾਊਸ ਵਤ ਹਨ। ਅਕਾਲੀ ਬਾਣੀ ਬਿਜਲੀ ਦੀ ਰੋਸ਼ਨਾਈ (ਲਹਿਰ) ਹੈ ਜੋ ਸਰੀਰ ਰੂਪੀ ਮਕਾਨ ਵਿੱਚ ਨਿਹਚੇ ਦੇ ਖੰਭਾਂ ਤੇ ਪ੍ਰੀਤੀ ਰੂਪੀ ਤਾਰਾਂ ਨਾਲ ਚਲਦੀ ਹੈ। ਇਸ ਸਰੀਰ ਰੂਪੀ ਮਕਾਨ ਵਿੱਚ ਮਨ ਇੱਕ ਬੱਲਬ ਦੀ ਤਰ੍ਹਾਂ ਹੈ। ਜੇਕਰ ਮਨ ਸਾਫ਼ ਤੇ ਸ਼ੁੱਧ ਹੈ ਅਤੇ ਪ੍ਰੀਤੀ ਰੂਪ ਤਾਰਾਂ ਵੀ ਠੀਕ ਹਨ ਤਾਂ ਫੇਰ ਹਿਰਦੇ ਵਿੱਚੋਂ ਅਗਿਆਨ ਦਾ ਅੰਧਕਾਰ ਮੇਟਨ ਵਾਸਤੇ ਪ੍ਰਕਾਸ਼ ਬਹੁਤ ਚੰਗਾ ਹੁੰਦਾ ਹੈ:

ਯਥਾ: ***ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥***

(ਜੈਤਸਰੀ ਮਃ ੫ - ੭੦੦)

ਜੇਕਰ ਮਨ ਅਜੇ ਇਕਾਗਰ ਤੇ ਪੂਰਨ ਸ਼ੁੱਧ ਨਹੀਂ ਤਾਂ ਬਾਣੀ ਦੇ ਪੜ੍ਹਨ ਸੁਨਣ ਦਾ ਪੂਰਾ ਅਨੰਦ ਨਹੀਂ ਆਉਂਦਾ।

ਬੇਨਤੀ ਕੀਤੀ, "ਮਹਾਰਾਜ! ਕੀ ਹੋਰ ਸਾਧਨਾਂ ਦੇ ਕੀਤਿਆਂ ਅਗਿਆਨ ਦੂਰ ਨਹੀਂ ਹੋ ਸਕਦਾ?" ਹਜ਼ੂਰ ਕਹਿਣ

ਲੱਗੇ, ਲਓ ਸੁਣੋ! ਜਿਵੇਂ ਪਹਿਲੇ ਪਹਿਲ ਲੋਕੀਂ ਪੱਥਰ ਨਾਲ ਪੱਥਰ ਮਾਰ ਕੇ ਉਸ ਵਿੱਚੋਂ ਅੱਗ ਪ੍ਰਗਟ ਕਰ ਕੇ ਪ੍ਰਕਾਸ਼ ਕਰਦੇ ਰਹੇ। ਫੇਰ ਕੁੱਝ ਕੁ ਸੂਝਵਾਨ ਬੰਦਿਆਂ ਨੇ ਸਰ੍ਹੋਂ ਦੇ ਤੇਲ ਦੇ ਦੀਵੇ ਬਣਾ ਲਏ। ਉਨ੍ਹਾਂ ਵਿੱਚ ਤੇਲ ਜਾਂ ਘਿਓ ਪਾ ਕੇ ਰੌਸ਼ਨੀ ਕਰਨ ਲੱਗ ਪਏ, ਪਰ ਇਸ ਨਾਲ ਚੰਗੀ ਤਰ੍ਹਾਂ ਹਨ੍ਹੇਰਾ ਦੂਰ ਨਾ ਹੋ ਸਕਿਆ। ਫੇਰ ਕੁੱਝ ਸਮਾਂ ਪਾ ਕੇ ਧਰਤੀ 'ਚੋਂ ਮਿੱਟੀ ਦਾ ਤੇਲ ਕੱਢ ਲਿਆ ਇਸ ਨਾਲ ਲਾਲਟੈਣਾਂ ਰਾਹੀਂ ਕੁੱਝ ਵਧੇਰੇ ਚਾਨਣ ਹੋਣ ਲੱਗਾ ਪਰ ਬਹੁਤ ਘੱਟ। ਫੇਰ ਕੁੱਝ ਸਿਆਣੇ ਬੰਦਿਆਂ ਦੀ ਕਾਢ ਨੇ ਉਹੋ ਹੀ ਤੇਲ ਗੈਸਾਂ ਵਿੱਚ ਪਾ ਕੇ ਵਧੇਰੇ ਪ੍ਰਕਾਸ਼ ਕਰਨ ਦਾ ਯਤਨ ਕੀਤਾ। ਫੇਰ ਸਾਡੇ ਦੇਸ਼ ਵਿੱਚ ਬਿਜਲੀ ਆ ਗਈ। ਇਸ ਨੇ ਤਾਂ ਰੋਸ਼ਨੀ ਕਰਨ ਦੀ ਹੱਦ ਹੀ ਮੁਕਾ ਦਿੱਤੀ। ਜਿਤਨਾ ਬਹੁਤੀ ਤਾਕਤ ਦਾ ਬੱਲਬ ਹੈ ਉਤਨੀ ਵੱਧ ਰੌਸ਼ਨੀ ਹੋ ਜਾਂਦੀ ਹੈ। ਸੌ ਵਾਟ ਨਾਲੋਂ ਹਜ਼ਾਰ ਵਾਟ ਦਾ ਬੱਲਬ ਵੱਧ ਚਾਨਣ ਕਰਦਾ ਹੈ। ਇਸ ਤੋਂ ਵੱਧ ਪਾਵਰ ਦਾ ਹੋਰ ਵੀ ਜ਼ਿਆਦਾ ਪ੍ਰਕਾਸ਼ ਕਰਦਾ ਹੈ। ਇਉਂ ਇਸ ਨਾਲ ਪੂਰਨ ਹਨ੍ਹੇਰਾ ਦੂਰ ਹੋ ਸਕਦਾ ਹੈ। ਇਸੇ ਤਰ੍ਹਾਂ ਸਤਿਗੁਰੂ ਨਾਨਕ ਦੇਵ ਜੀ ਦੀ ਅਕਾਲੀ ਬਾਣੀ ਹਿਰਦੇ ਦਾ ਅੰਧਕਾਰ ਮੇਟਨ ਵਾਸਤੇ ਬਿਜਲੀ ਦੀ ਰੌ ਸਮਾਨ ਹੈ। ਪੁਰਾਣੇ ਮੱਤ ਮਤਾਂਤ ਤੇ ਉਨ੍ਹਾਂ ਦੇ ਕਠਨ ਸਾਧਨ ਪੱਥਰ ਨਾਲ ਪੱਥਰ ਰਗੜ ਕੇ ਪ੍ਰਕਾਸ਼ ਕਰਨ ਸਮਾਨ ਹਨ। ਪਰ:

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥

(ਗਉੜੀ ਕਬੀਰ ਜੀ - ੩੨੫)

ਅਗਿਆਨ ਦਾ ਹਨ੍ਹੇਰਾ ਚੰਗੀ ਤਰ੍ਹਾਂ ਦੂਰ ਨਹੀਂ ਕਰ ਸਕੇ। ਫੇਰ ਹੋਰ ਵੀ ਅਨੇਕਾਂ ਮੱਤ ਚਲੇ। ਗੋਰਖ ਨਾਥ ਦੇ ਚੇਲੇ ਸਿਧਾਂ ਨੇ ਦੱਤਾ ਤ੍ਰੇਅ ਦੇ ਉਪਾਸਕ ਸੰਨਿਆਸੀਆਂ ਨੇ ਆਪਣੀਆਂ ਰਿੱਧੀਆਂ ਸਿੱਧੀਆਂ ਦੇ ਚਮਤਕਾਰ ਦਿਖਾਏ। ਪਰ ਹਿਰਦੇ ਦਾ ਅੰਧਕਾਰ ਨਹੀਂ ਮਿਟਾ ਸਕੇ।

ਅਖ਼ੀਰ ਨੂੰ ਨਿਰੰਕਾਰ ਨੇ ਗੁਰੂ ਨਾਨਕ ਦਾ ਸਰੂਪ ਧਾਰਨ ਕਰ ਕੇ ਗੁਰਮਤ ਦਾ ਪ੍ਰਚਾਰ ਕੀਤਾ, ਜਿਸ ਰਾਹੀਂ ਨਿਸ਼ਚੇ ਵਾਲੇ ਅਣਗਿਣਤ ਪ੍ਰਮੀਆਂ ਨੇ ਆਪਣਾ ਅਗਿਆਨ ਦਾ ਹਨ੍ਹੇਰਾ ਦੂਰ ਕਰ ਕੇ ਸੂਰਜ ਵਤ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਲੜ ਲੱਗੇ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

(ਭਾ. ਗੁਰਦਾਸ ਜੀ: ਵਾਰ ੧ ਪਉੜੀ ੨੭)

ਅਤੇ ਸੂਰਜ ਵਤ ਪ੍ਰਕਾਸ਼ ਕਰਨ ਵਾਲੇ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਅਭੇਦ ਹੋ ਗਏ। ਜਿਤਨੇ ਵੱਧ ਪਾਵਰ ਦਾ ਕਿਸੇ ਦਾ ਮਨ ਹੈ, ਉਨ੍ਹਾਂ ਅੰਦਰ ਉਤਨਾ ਹੀ ਬਹੁਤਾ ਪ੍ਰਕਾਸ਼ ਹੋਇਆ। ਭਾਵ ਜਿਤਨੀ ਬਹੁਤੀ ਮਨ ਦੀ ਸ਼ੁੱਧਤਾ ਇਕਾਗਰਤਾ ਹੈ, ਉਤਨਾ ਜ਼ਿਆਦਾ ਅਨੰਦ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਇਹ ਪਾਵਨ ਉਪਦੇਸ਼ ਸੁਣ ਕੇ ਸ. ਖੇਮ ਸਿੰਘ ਦੇ ਸਮੇਤ ਸਾਰੇ ਪ੍ਰੇਮੀ ਗਦ ਗਦ ਹੋ ਗਏ। ਸੰਤ ਜੀ ਮਹਾਰਾਜ ਦੇ ਬਚਨਾਂ ਦੁਆਰਾ ਸ. ਖੇਮ ਸਿੰਘ ਦੇ ਲੜਕੇ ਸ. ਗੁਰਚਰਨ ਸਿੰਘ ਦੇ ਘਰ ੨੪-੧੨-੫੪ ਮੁਤਾਬਕ ੧੦ ਪੋਹ ੨੦੧੦ ਬਿਕ੍ਰਮੀ ਸੰਮਤ ਨੂੰ ਲੜਕੇ ਦਾ ਜਨਮ ਹੋਇਆ ਜਿਸ ਨਾ ਨਾਮ ਹਜ਼ੂਰ ਨੇ ਅਮਰਜੀਤ ਸਿੰਘ ਰੱਖਿਆ।

ਕਲਕੱਤਾ ਰਾਂਚੀ ਤੇ ਪਟਨਾ ਸਾਹਿਬ ਆਦਿਕ ਸ਼ਹਿਰਾਂ ਵਿੱਚ ਗੁਰਮਤ ਦਾ ਪ੍ਰਚਾਰ

ਅਫਰੀਕਾ ਤੋਂ ਵਾਪਸ ਆਉਂਦਿਆਂ ਹੀ ਆਪ ਜੀ ਪਾਸ ਕਲਕੱਤੇ ਵਾਲੀ ਸੰਗਤ ਨੇ ਕਲਕੱਤੇ ਲਿਜਾਣ ਵਾਸਤੇ ਬੇਨਤੀ ਕੀਤੀ। ਆਪ ਜੀ ਨੇ ਬਖ਼ਸ਼ਿਸ਼ ਦੇ ਘਰ ਵਿੱਚ ਆ ਕੇ ਇਨ੍ਹਾਂ ਦੀ ਪ੍ਰਾਰਬਧ ਅਨੁਸਾਰ ਜਾਣ ਵਾਸਤੇ ਬਚਨ ਕਰ ਦਿੱਤਾ। ਐਤਕੀਂ ਵਾਰ ਰਸਤੇ ਦੀਆਂ ਸੰਗਤਾਂ ਨੂੰ ਨਿਹਾਲ ਕਰਨ ਵਾਸਤੇ ਆਪ ਜੀ ਨੇ ਸਟੇਸ਼ਨ ਵੈਗਨ ਗੱਡੀ ਤੇ ਜਾਣ ਦੀ ਵਿਚਾਰ ਕੀਤੀ, ਜਿਸ ਨੂੰ ਭਾਈ ਬਹਾਦਰ ਸਿੰਘ ਚਲਾਉਂਦਾ ਸੀ। ਇਉਂ ੧੯੫੨ ਈ. ਦੇ ਦਸਵੇਂ ਮਹੀਨੇ ਕਲਕੱਤੇ ਨੂੰ ਚੱਲ ਪਏ। ਹਜ਼ੂਰੀਆ ਸੇਵਾਦਾਰ ਭਾਈ ਰਲਾ ਸਿੰਘ ਜੀ, ਬਾਬੂ ਕਾਹਨ ਸਿੰਘ (ਹਰਖੋਵਾਲੀਆਂ) ਦਲੀਪ ਸਿੰਘ (ਮਾਠਾ) ਅਤੇ ਜਥੇਦਾਰ ਬਚਨ ਸਿੰਘ ਜਗੇੜਾ, ਭਾਈ ਮਹਿੰਦਰ ਸਿੰਘ ਦਬੁਰਜੀ, ਭਾਈ ਭਾਗ ਸਿੰਘ ਕਰਤਾਰਪੁਰੀ ਤੇ ਭਾਈ ਲਿਵਤਾਰ ਸਿੰਘ ਆਪ ਜੀ ਦੇ ਨਾਲ ਸਨ। ਤਿੰਨ ਕੁ ਰਾਤਾਂ ਦਾ ਸਮਾਂ ਰਸਤੇ ਵਿੱਚ ਬਤੀਤ ਕਰ ਕੇ ਭਾਰਤ ਦੇ ਸਭ ਤੋਂ ਵੱਡੇ ਸ਼ਹਿਰ ਕਲਕੱਤੇ ਪੁੱਜ ਗਏ। ਬਹੁਤ ਸਾਰੇ ਖਟੜੇ ਨਗਰ ਦੇ ਪ੍ਰੇਮੀ (ਜਿਨ੍ਹਾਂ ਦਾ ਇੱਥੇ ਬਹੁਤ ਵੱਡਾ ਕਾਰੋਬਾਰ ਹੈ) ਆਪ ਜੀ ਦੇ ਖ਼ਾਸ ਸ਼ਰਧਾਲੂਆਂ ਵਿੱਚੋਂ ਹਨ। ਇਨ੍ਹਾਂ ਨੇ ਜੱਗੂ ਬਜ਼ਾਰ ਭਵਾਨੀਪੁਰ ਸ. ਵਰਿਆਮ ਸਿੰਘ ਦੀ ੨੫ ਨੰ: ਕੋਠੀ ਵਿੱਚ ਜਥੇ ਸਮੇਤ ਆਪ ਜੀ ਦੀ ਰਿਹਾਇਸ਼ ਕਰਵਾ ਦਿੱਤੀ। ਗੁਰਦੁਆਰਾ ਜਗਤ ਸਧਾਰ ਕਾਲੀ ਘਾਟ ਕੀਰਤਨ ਹੁੰਦਾ ਰਿਹਾ, ਜਿੱਥੇ ਆਪ ਜੀ ਨੇ ਪਹਿਲੀ ਵਾਰ ਗਿਆਂ ਆਪਣੇ ਹੱਥੀਂ ਵਰਤਾ ਕੇ ਲੰਗਰ ਚਾਲੂ ਕੀਤਾ ਸੀ।

ਆਪ ਜੀ ਨੂੰ ਕਲਕੱਤੇ ਗਿਆਂ ਅਜੇ ਦੋ ਢਾਈ ਮਹੀਨਿਆਂ ਦਾ ਹੀ ਸਮਾਂ ਹੋਇਆ ਸੀ, ਨੌਂ ਮਾਘ ਦਾ ਸਾਲਾਨਾ ਜੋੜ ਮੇਲਾ ਆ ਗਿਆ, ਜੋ ਬਾਬਾ ਅਤਰ ਸਿੰਘ ਜੀ ਮਹਾਰਾਜ ਦੀ ਯਾਦਗਾਰ ਵਿੱਚ ਉੱਚ ਪੱਧਰ ਤੇ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਛੋਟੇ ਸੰਤ ਜੀ ਮਹਾਰਾਜ ਵੱਲੋਂ ਪੱਤ੍ਰਕਾ ਪੁੱਜੀ। ਪ੍ਰੇਮੀ ਗੁਰਸਿੱਖਾਂ ਨੇ ਆਪਣੇ ਦਿਲੀ ਵਲਵਲੇ ਲਿਖ ਭੇਜੇ ਤਾਂ ਜਾਣੀ ਜਾਣ ਦਾਤੇ ਨੇ ਸਭਨਾਂ ਸ਼ਰਧਾਲੂਆਂ ਦੀਆਂ ਹਿਰਦੇ ਨਾਲ ਕੀਤੀਆਂ ਬੇਨਤੀਆਂ ਅਨੁਭਵ ਕਰ ਕੇ ਜਥੇ ਦੇ ਸਿੰਘਾਂ ਨੂੰ ਕਲਕੱਤੇ ਠਹਿਰਣ ਦੀ ਆਗਿਆ ਕਰ ਕੇ ਆਪ ਪੰਜਾਬ ਆਉਣ ਨੂੰ ਤਿਆਰ ਹੋਏ। ਉਸ ਸਮੇਂ ਕਲਕੱਤਾ ਨਿਵਾਸੀ ਪ੍ਰੇਮੀਆਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਜੇ ਹਜ਼ੂਰ ਦਾ ਹੁਕਮ ਹੋਵੇ ਤਾਂ ਐਤਕੀਂ ਪ੍ਰਾਗਰਾਜ ਦਾ ਕੁੰਭ ਲੱਗਾ ਹੈ, ਇਹ ਉੱਥੇ ਦਰਸ਼ਨ ਮੇਲਾ ਕਰ ਆਵਨ। ਇਨ੍ਹਾਂ ਨਾਲ ਅਸਾਡਾ ਵੀ ਜਾਣ ਦਾ ਖ਼ਿਆਲ ਹੈ।" ਸੰਤ ਜੀ ਮਹਾਰਾਜ ਮੁਸਕਰਾ ਕੇ ਕਹਿਣ ਲੱਗੇ, "ਚੰਗਾ ਬਈ। ਤੁਹਾਡਾ ਖ਼ੁਸ਼ਾ ਹੈ। ਪਰ ਸਭ ਤੋਂ ਵੱਡਾ ਤੀਰਥ ਤਾਂ ਸੰਤ ਸਮਾਗਮ ਹੀ ਹੈ। ਤੁਸੀਂ ਵੀ ਜ਼ਿਆਦਾਤਰ ਸਾਧੂਆਂ ਦੇ ਅਸਥਾਨਾਂ ਤੇ ਠਹਿਰ ਕੇ ਕਥਾ ਕੀਰਤਨ ਦਾ ਹੀ ਲਾਭ ਪ੍ਰਾਪਤ ਕਰਨਾ।"

ਉਸ ਸਮੇਂ ਕਲਕੱਤਾ ਨਿਵਾਸੀ ਪ੍ਰੇਮੀਆਂ ਨੇ ਪੰਜਾਬ ਮੇਲ ਗੱਡੀ ਦੀਆਂ ਸੀਟਾਂ ਬੁਕ ਕਰਵਾ ਲਈਆਂ ਤੇ ਉਸ ਵਿੱਚ ਅਸਵਾਰ ਹੋ ਕੇ ਪ੍ਰਾਗਰਾਜ ਆ ਪੁੱਜੇ। ਸੰਤ ਜੀ ਮਹਾਰਾਜ ਹਜ਼ੂਰੀਏ ਸੇਵਾਦਾਰ ਬਾਬੂ ਰਲਾ ਸਿੰਘ ਨਾਲ ਹਵਾਈ ਜਹਾਜ਼ ਤੇ ਬੈਠ ਕੇ ਦਿੱਲੀ ਪੁੱਜੇ। ਇੱਥੇ ਸ. ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦੀ ਕੋਠੀ ਇੱਕ ਰਾਤ ਠਹਿਰੇ। ਦੂਸਰੇ ਦਿਨ ਇਨ੍ਹਾਂ ਦੀ ਹੀ ਕਾਰ ਤੇ ਗੁਰਦੁਆਰਾ ਕਰਮਸਰ ਆ ਗਏ। ਪਿਆਸੀਆਂ ਸੰਗਤਾਂ ਨੂੰ ਦਰਸ਼ਨਾਂ ਦਾ ਅੰਮ੍ਰਿਤ ਬਖਸ਼ਿਆ। ਦੋਵੇਂ ਮਹਾਂਪੁਰਸ਼ਾਂ ਨੇ ਪਰਸਪਰ ਪਿਆਰ ਦਾ ਸਬੂਤ ਦਿੰਦਿਆਂ ਇੱਕ ਦੂਜੇ ਨੂੰ ਜੱਫੀਆਂ ਪਾ ਕੇ ਮਿਲੇ। ਜੋੜ ਮੇਲੇ ਸਮੇਂ ਨਾਮ ਬਾਣੀ ਦੀ ਬਰਖਾ ਦੁਆਰਾ ਤਪਦੇ ਹਿਰਦੇ ਸ਼ਾਂਤ ਕੀਤੇ। ਇਉਂ ਆਪ ਜੀ ਅਠਾਰਾਂ ਦਿਨ ਪੰਜਾਬ ਠਹਿਰ ਕੇ ਫੇਰ ਉਸੇ ਤਰਾਂ ਕਾਰ ਵਿੱਚ ਦਿੱਲੀ ਆ ਗਏ। ਏਥੋਂ ਪਾਲਮਪੁਰ ਅੱਡੇ ਤੋਂ ਹਵਾਈ ਜਹਾਜ਼ ਰਾਹੀਂ ਕਲਕੱਤੇ ਚਲੇ ਗਏ।

ਸਾਰੇ ਭੇਖਾਂ ਵਾਲੇ ਸਾਧੂਆਂ ਵੱਲੋਂ ਪ੍ਰਸੰਸਾ

ਜਥੇ ਦੇ ਸਿੰਘ ਕਲਕੱਤਾ ਨਿਵਾਸੀ ਕੁੱਝ ਕੁ ਪ੍ਰੇਮੀਆਂ ਸਮੇਤ ਨਿਰਮਲ ਛਾਉਣੀ ਆ ਕੇ ਸ੍ਰੀ ਮਹੰਤ ਬਾਬਾ ਸੁੱਚਾ ਸਿੰਘ ਜੀ ਨੂੰ ਮਿਲੇ। ਉਨ੍ਹਾਂ ਨੇ ਇਨ੍ਹਾਂ ਦੀ ਰਿਹਾਇਸ਼ ਵਾਸਤੇ ਦੋ ਤੰਬੂ ਦੇ ਦਿਤੇ। ਇੱਕ ਵਿੱਚ ਸੰਤ ਜੀ ਮਹਾਰਾਜ ਦੇ ਸਾਥੀ ਦੂਜੇ ਵਿੱਚ ਗ੍ਰਹਿਸਤੀ ਪ੍ਰੇਮੀ ਠਹਿਰ ਗਏ। ਜਲ ਪਾਣੀ ਤੇ ਪ੍ਰਸ਼ਾਦ ਦੇ ਪ੍ਰਬੰਧ ਵਾਸਤੇ ਸ੍ਰੀ ਮਹੰਤ ਨੇ ਸੇਵਾਦਾਰਾਂ ਦੀ ਡਿਊਟੀ ਲਾ ਦਿੱਤੀ। ਅਜੇ ਇਨ੍ਹਾਂ ਨੂੰ ਇੱਥੇ ਆਇਆਂ ਦੋ ਕੁ ਦਿਨ ਹੀ ਹੋਏ ਸਨ, ਬੜੀ ਦੂਰੋਂ ਦੂਰੋਂ ਆਏ ਮਹਾਂਪੁਰਸ਼ ਰਾਤ ਦੇ ਸਮੇਂ ਇਨ੍ਹਾਂ ਦੇ ਨਾਲ ਵਾਲੇ ਤੰਬੂ ਵਿੱਚ ਹੀ ਬਿਰਾਜੇ ਸਨ। ਉਨ੍ਹਾਂ ਵਿੱਚੋਂ ਕਈ ਬ੍ਰਿਧ ਅਵਸਥਾ ਵਾਲੇ ਮਹਾਂਪੁਰਸ਼ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਚਰਨ ਸੇਵਕ ਸਨ। ਕਈਆਂ ਨੇ ਬਾਬਾ ਆਇਆ ਸਿੰਘ ਜੀ ਮਹਾਰਾਜ ਦੇ ਦਰਸ਼ਨ ਕੀਤੇ ਸਨ। ਕਈਆਂ ਨੇ ਬਾਬਾ ਰਾਮ ਸਿੰਘ ਜੀ ਤੇ ਬਾਕੀ ਮਾਝਾ ਸਿੰਘ ਜੀ ਦੇ ਸਮੇਂ ਕੇਵਲ ਅਸਥਾਨ ਦੀ ਯਾਤਰਾ ਹੀ ਕੀਤੀ ਸੀ। ਪ੍ਰਸਪਰ ਵਿਚਾਰ ਚੱਲੀ ਤਾਂ ਇੱਕ ਮਹਾਤਮਾ ਕਹਿਣ ਲੱਗਾ, "ਜਿਹੋ ਜਿਹੀ ਕਠਨ ਤਪੱਸਿਆ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਨੇ ਕੀਤੀ ਇਹੋ ਜਿਹੀ ਹਰੇਕ ਸਾਧੂ ਨਹੀਂ ਕਰ ਸਕਦਾ। ਜਿਨ੍ਹਾਂ ਨੇ ਇੱਕ ਰਸ ਲਗਾਤਾਰ ਅਠਤਾਲੀ ਸਾਲਾਂ ਦਾ ਸਮਾਂ ਦਰਿਆ ਦੇ ਕੰਢੇ ਹਾੜ ਸਿਆਲ ਕੇਵਲ ਇਕੋ ਇੱਕ ਖੱਦਰ ਦੀ ਚਾਦਰ ਵਿੱਚ ਬਤੀਤ ਕੀਤਾ ਅਤੇ ਆਪਣੇ ਤਪ ਤੇਜ਼ ਦੁਆਰਾ ਵੱਡੇ ਵੱਡੇ ਆਕੜ ਖਾਂ ਖੂੰਖਾਰ ਜ਼ਾਲਮ ਪਠਾਨਾਂ ਦੀਆਂ ਧੌਣਾਂ ਨੀਵੀਆਂ ਕਰ ਦਿੱਤੀਆਂ।" ਉਨ੍ਹਾਂ ਵਿੱਚੋਂ ਇੱਕ ਸਾਧੂ ਕਹਿਣ ਲੱਗਾ, "ਐਸ ਸਮੇਂ ਉਨ੍ਹਾਂ ਦੀ ਜਗ੍ਹਾ ਤੇ ਕੌਣ ਹੈ?" ਤਾਂ ਉਸ ਮਹਾਂਪੁਰਸ਼ ਨੇ ਉੱਤਰ ਦਿਤਾ, "ਉਸ ਜਗ੍ਹਾ ਚਾਹੇ ਕੋਈ ਵੀ ਹੋਵੇ, ਪਰ ਅੱਜ ਕੱਲ੍ਹ ਜੋ ਕਥਾ ਕੀਰਤਨ ਤੇ ਲੰਗਰ ਦੀ ਮ੍ਰਯਾਦਾ ਕਰਮਸਰ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਚਲਾਈ ਹੈ; ਉਹੋ ਜਿਹੀ ਤਪੱਸਿਆ, ਲੰਗਰ ਤੇ ਰਿਹਾਇਸ਼ ਦਾ ਇੰਤਜ਼ਾਮ ਹੋਰ ਕਿਧਰੇ ਨਹੀਂ।" ਤਾਂ ਫੇਰ ਇੱਕ ਸੰਤ ਬੋਲਿਆ, "ਉਹ ਅਸਥਾਨ ਕਿੱਥੇ ਕੁ ਹੈ?" ਉਸ ਮਹਾਤਮਾ ਨੇ ਕਿਹਾ, "ਪੰਜਾਬ ਦੇ ਇਲਾਕੇ ਲੁਧਿਆਣੇ ਸ਼ਹਿਰ ਤੋਂ ਨਜ਼ਦੀਕ ਹੀ ਨਹਿਰ ਦੇ ਕੰਢੇ ਪੰਚਬਟੀ ਵਾਂਗੂੰ ਰਮਣੀਕ ਅਸਥਾਨ ਹੈ। ਉਹ ਬ੍ਰਹਮਗਿਆਨੀ ਮਹਾਂਪੁਰਸ਼ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪੋਤੇ ਚੇਲੇ ਹਨ।" ਇਨ੍ਹਾਂ ਵਿੱਚੋਂ ਇੱਕ ਸਾਧੂ ਨੇ ਕਿਹਾ, "ਆਹ ਨਾਲ ਦੇ ਤੰਬੂ ਵਿੱਚ ਪਰਸੋਂ ਦੀ ਆਈ ਸਫ਼ੈਦ ਬਸਤ੍ਰਾਂ ਵਾਲੀ ਸੰਤ ਮੰਡਲੀ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਸੇਵਕਾਂ ਦੀ ਹੈ, ਜੋ ਕੱਲ੍ਹ ਤੇ ਅੱਜ ਵੀ ਰਾਤ ਦੇ ਇੱਕ ਵਜੇ ਜਾਗ ਕੇ ਇਸ਼ਨਾਨ ਕਰਨ ਉਪਰੰਤ ਇਕੱਲੀ ਚਾਦਰ ਲੈ ਕੇ ਦਿਨ ਚੜ੍ਹੇ ਤੱਕ ਭਜਨ ਸਿਮਰਨ ਵਿੱਚ ਬੈਠੇ ਰਹੇ ਸਨ। ਇਹ ਬਾਬਾ ਕਰਮ ਸਿੰਘ ਜੀ ਮਹਾਰਾਜ ਵਾਲੀ ਮ੍ਰਯਾਦਾ ਕਰਮਸਰ ਰਾੜਾ ਸਾਹਿਬ ਤੋਂ ਬਿਨਾਂ ਹੋਰ ਕਿਧਰੇ ਨਹੀਂ।"

ਨੋਟ: ਭਾਵੇਂ ਉਨ੍ਹਾਂ ਨੇ ਇਹ ਬਚਨ ਬਹੁਤ ਸਹਿਜੇ-ਸਹਿਜੇ ਕੀਤੇ, ਪਰ ਸੰਤ ਜੀ ਮਹਾਰਾਜ ਦੇ ਹਜ਼ੂਰੀਏ ਰਾਗੀ ਜਥੇਦਾਰ ਬਚਨ ਸਿੰਘ ਨੇ (ਜੋ ਬਿਲਕੁਲ ਨਾਲ ਹੀ ਦੂਸਰੇ ਤੰਬੂ ਵਿੱਚ ਇਨ੍ਹਾਂ ਵਾਲੀ ਸਾਈਡ ਤੇ ਪਏ ਸਨ) ਸੁਣ ਲਏ ਜੋ ਲੇਖਕ ਨੂੰ ਦੱਸੇ।

ਇਉਂ ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਸਾਰੇ ਭੇਖਾਂ ਦੇ ਸਾਧੂ ਵੀ ਹਜ਼ੂਰ ਦਾ ਜਸ ਕਰ ਰਹੇ ਹਨ। 'ਜਸੁ ਵੇਦ ਪੁਰਾਣੀ ਗਾਇਆ' ਕਲਕੱਤੇ ਆਪ ਤਕਰੀਬਨ ਦੋ ਮਹੀਨਿਆਂ ਦਾ ਅਰਸਾ ਠਹਿਰੇ। ਸੇਵਾ ਸਾਰੀ ਖਟੜਿਆਂ ਵਾਲੇ ਸੱਜਣ ਹੀ ਕਰਦੇ ਰਹੇ। ਜਿਨ੍ਹਾਂ ਵਿੱਚੋਂ ਸ. ਚੰਨਣ ਸਿੰਘ ਦਾ ਪ੍ਰਵਾਰ, ਸ. ਇੰਦਰ ਸਿੰਘ, ਸ. ਸੰਪੂਰਨ ਸਿੰਘ ਤੇ ਸ. ਤਾਰਾ ਸਿੰਘ ਦੇ ਪ੍ਰਵਾਰ ਦੇ ਸੱਜਣ ਮੁਖੀ ਸਨ। ਆਖ਼ਰੀ ਦਿਨ ਬੇਅੰਤ ਪ੍ਰੇਮੀਆਂ ਨੇ ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਨਾਮ ਦੀ ਦਾਤ ਪ੍ਰਾਪਤ ਕੀਤੀ।

ਰਾਂਚੀ ਸ਼ਹਿਰ

ਸ. ਬਲਵੰਤ ਸਿੰਘ ਕਿਲ੍ਹਾ ਹਾਂਸ ਵਾਲੇ ਮਹਾਂਪੁਰਸ਼ਾਂ ਦੇ ਅੰਨਿਨ ਪ੍ਰੇਮੀ ਸਨ। ਆਪ ਜੀ ਪਟਨੇ ਦਾਨਾਪੁਰ ਰਹਿੰਦੇ ਸਨ। ਇਨ੍ਹਾਂ ਦੇ ਵੱਡੇ ਭਰਾਤਾ ਭਾਈ ਸਾਹਿਬ ਸ. ਗੁਰਮੁਖ ਸਿੰਘ ਜੀ ਰੇਲਵੇ ਦੇ ਇੰਸਪੈਕਟਰ ਸਨ। ਇਨ੍ਹਾਂ ਦੋਹਾਂ ਪ੍ਰੇਮੀਆਂ ਦੀ ਸੰਗਤ ਕਰ ਕੇ ਕਈ ਪ੍ਰੇਮੀ ਸ. ਮੰਗਤ ਸਿੰਘ, ਦਰਸ਼ਨ ਸਿੰਘ ਹੋਟਲ ਵਾਲੇ ਭੀ ਮਹਾਂਪੁਰਸ਼ਾਂ ਦੇ ਅੰਮ੍ਰਿਤਮਈ ਬਚਨ ਸੁਣਨ ਲਈ ਤਾਂਘ ਰੱਖਦੇ ਸਨ। ੧੯੫੩ ਦੇ ਮਾਰਚ ਦੇ ਮਹੀਨੇ ਆਪ ਜੀ ਪਾਸ ਰਾਂਚੀ ਤੋਂ ਪ੍ਰੇਮੀਆਂ ਨੇ ਪੁੱਜ ਕੇ ਬੇਨਤੀ ਕੀਤੀ। ਮਹਾਂਪੁਰਸ਼ਾਂ ਨੇ ਇਨ੍ਹਾਂ ਦੀ ਪ੍ਰੇਮ ਸ਼ਰਧਾ ਵੇਖ ਕੇ ਸਮਾਂ ਬਖ਼ਸ਼ ਦਿਤਾ ਅਤੇ ਕਲਕੱਤੇ ਦੀਆਂ ਬ੍ਰਿਹੋਂ ਕੁੱਠੀਆਂ ਸੰਗਤਾਂ ਨੂੰ ਸਜਲ ਨੇਤਰ ਛੱਡ ਕੇ ਆਪ ਪ੍ਰਭੂ ਦਾ ਹੁਕਮ ਬਜਾਉਣ ਲਈ ਰਾਂਚੀ ਨੂੰ ਚੱਲ ਪਏ। ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨ ਲਈ ਦਸ ਟਰੱਕ, ਤੇਰਾਂ ਕਾਰਾਂ ਬੈਂਡ ਬਾਜੇ ਬਜਾਉਂਦੀਆਂ ਸੱਤ ਮੀਲ ਅੱਗੇ ਵੱਧ ਕੇ ਸੁਆਗਤ ਕਰਦੇ ਫੁੱਲਾਂ ਦੀ ਬਾਰਸ਼ ਕਰਦੇ ਪ੍ਰੇਮੀ ਜਲੂਸ ਦੀ ਸ਼ਕਲ ਵਿੱਚ ਤਿੰਨ ਘੰਟੇ ਵਿੱਚ ਰਾਂਚੀ ਪੁਜ ਗਏ। ਰਾਂਚੀ ਵਾਲੇ ਸੰਤ ਮੋਹਨ ਸਿੰਘ ਜੀ ਭੀ ਸੰਗਤਾਂ ਨਾਲ ਸੁਆਗਤ ਲਈ ਸ਼ਾਮਲ ਹੋਏ।

ਸਭ ਤੋਂ ਪਹਿਲਾਂ ਮੇਨ ਰੋਡ ਤੇ ਸਸ਼ੋਭਤ ਗੁਰਦਆਰਾ ਸਾਹਿਬ ਸਿੰਘ ਸਭਾ ਪੁੱਜ ਕੇ ਬੇਅੰਤ ਭੇਟਾ ਰੱਖ ਕੇ ਆਪ ਜੀ ਨੇ ਨਮਸ਼ਕਾਰ ਕੀਤੀ। ਫਿਰ ਸ. ਦਰਸ਼ਨ ਸਿੰਘ ਦੀ ਕੋਠੀ ਰਿਹਾਇਸ਼ ਕਰ ਲਈ। ਸੰਗਤਾਂ ਦਾ ਪ੍ਰੇਮ, ਦੀਵਾਨ ਦੀਆਂ ਹਾਜ਼ਰੀਆਂ, ਘਰਾਂ ਵਿੱਚ ਮਹਾਂਪੁਰਸ਼ਾਂ ਦੇ ਪਾਵਨ ਚਰਨ ਪੁਆਉਣ ਦਾ ਉਤਸ਼ਾਹ, ਉਨ੍ਹਾਂ ਦੀ ਸ਼ਰਧਾ ਪ੍ਰੇਮ ਦਾ ਸੂਚਕ ਸੀ। ਆਪ ਜੀ ਭੀ ਪ੍ਰੇਮ ਬੰਧਨ ਵਿੱਚ ਬੰਧਿਆਂ ਸੱਤ ਦਿਨਾਂ ਦੀ ਥਾਂ ਸਤਾਰਾਂ ਦਿਨ ਰੁਕ ਕੇ ਅੰਮ੍ਰਿਤਮਈ ਗੁਰ ਸ਼ਬਦ ਵੀਚਾਰ ਦੀ ਬਰਖਾ ਕਰਦੇ ਰਹੇ। ਘਰਾਂ ਵਿੱਚ ਚਰਣ ਪਵਾਉਣ ਦਾ ਇੰਨਾ ਪ੍ਰੇਮ ਸੀ ਕਿ ਪੂਰੀ ਲਿਸਟ ਮੁਤਾਬਿਕ ਚਰਨ ਨ ਪੈ ਸਕੇ ਅਤੇ ੧੦੫ ਪ੍ਰੇਮੀ ਨਿਰਾਸ ਰਹੇ। ਪਿੰਡ ਸ਼ੰਕਰ ਦਾ ਸ. ਦਲੀਪ ਸਿੰਘ ਟਰੱਕਾਂ ਵਾਲੇ ਨੇ ਵੱਧ ਚੜ੍ਹ ਕੇ ਸੇਵਾ ਕੀਤੀ। ਸ. ਗੁਰਚਰਨ ਸਿੰਘ ਤੇ ਬੀਬੀ ਬਲਬੀਰ ਕੌਰ ਜੋ ਸ. ਬਾਬੂ ਸਿੰਘ ਡੀ. ਆਈ. ਜੀ. (ਰਾਏਪੁਰ) ਵਾਲਿਆਂ ਦੀ ਲੜਕੀ ਨੇ ਆਪਣੇ ਗ੍ਰਹਿ ਵਿਖੇ ਅਖੰਡ ਪਾਠ ਕਰਵਾਇਆ ਅਤੇ ਇਹ ਪਿਆਰ ਖੀਵੀ ਹੋ ਕੇ ਮਸਤੀ ਵਿੱਚ ਜੀਵਨ ਗੁਜ਼ਾਰ ਰਹੀ ਹੈ। ਇਨ੍ਹਾਂ ਦੇ ਪਿਤਾ ਸ. ਬਾਬੂ ਸਿੰਘ ਜੀ ਸਚਮੁਚ ਹੀ ਧਰਮ ਮੂਰਤੀ ਸਨ। ਪੁਲੀਸ ਵਿੱਚ ਡੀ. ਆਈ. ਜੀ. ਦੇ ਉਚ ਔਹਦੇ ਦੀ ਪ੍ਰਾਪਤੀ ਕੀਤੀ। ਪੁਲੀਸ ਵਾਲੇ ਇਨ੍ਹਾਂ ਨੂੰ ਧਰਮਰਾਜਾ ਹੀ ਕਿਹਾ ਕਰਦੇ ਸਨ। ਮਿਲਣਸਾਰ, ਸਾਫ਼ ਹਿਰਦਾ, ਨੇਕ, ਰਹਿਮ ਦਿਲੀ, ਗੁਰੂ ਪਿਆਰ ਇਨ੍ਹਾਂ ਦੇ ਜੀਵਨ ਵਿੱਚ ਭਰਿਆ ਪਿਆ ਸੀ। ਇਹ ਵਿਰਸਾ ਬਲਬੀਰ ਕੌਰ ਨੂੰ ਆਪਣੇ ਪਿਤਾ ਜੀ ਤੋਂ ਪ੍ਰਾਪਤ ਹੋਇਆ। ਬੀਬੀ ਬਲਬੀਰ ਕੌਰ ਨੂੰ ਮਾਤਾ ਦੇ ਦੁੱਧ ਤੋਂ ਹੀ ਸੁੱਚੀ ਰੂਹਾਨੀ ਲਗਨ ਪ੍ਰਾਪਤ ਹੋਈ। ਮਹਾਂਪੁਰਸ਼ਾਂ ਨਾਲ ਸ਼ਰਧਾ ਪਿਆਰ ਸੀਮਤ ਕੰਢਿਆਂ ਤੋਂ ਉੱਛਲ ਪੈਂਦਾ ਸੀ। ਆਪ ਜੀ ਦੀ ਸ਼ਾਦੀ ਕਰਨਲ ਗੁਰਚਰਨ ਸਿੰਘ ਲਾਡ ਬਨਜਾਰੇ ਪਿੰਡ ਵਾਲਿਆਂ ਨਾਲ ਹੋਈ ਅਤੇ ਚੰਡੀਗੜ੍ਹ ਦੋ ਸੈਕਟਰ ਵਾਲੀ ਕੋਠੀ ਦੀ ਬੁਨਿਆਦ ਸੰਤ ਜੀ ਦੇ ਕਰ ਕਮਲਾਂ ਰਾਹੀਂ ਰਖਵਾਈ। ਦੇਹਰਾਦੂਨ, ਚੰਡੀਗੜ੍ਹ ਵਿੱਚ ਬੀਬੀ ਦੇ ਪਿਆਰ ਦੇ ਸਦਕੇ ਇਨ੍ਹਾਂ ਦੇ ਘਰ ਚਰਨ ਪਾਉਂਦੇ ਰਹੇ। ਰੇਲਵੇ ਸਟੇਸ਼ਨ ਚੰਡੀਗੜ੍ਹ ਨੇੜੇ ਇਨ੍ਹਾਂ ਦੀ ਜ਼ਮੀਨ ਵਿੱਚ ਮਹਾਂਪੁਰਸ਼ਾਂ ਦੀ ਅਸ਼ੀਰਵਾਦ ਨਾਲ ਟਿਊਬਵੈੱਲ ਲੱਗਿਆ, ਜਿਸ ਦਾ ਪਾਣੀ ਬਹੁਤ ਪਰੈਸ਼ਰ ਨਾਲ ਨਿੱਕਲ ਰਿਹਾ ਹੈ। ਬੀਬੀ ਜੀ ਦੀ ਦ੍ਰਿੜ ਲਗਨ, ਪਿਆਰ ਸੈਆਂ ਜਗਿਆਸੂਆਂ ਨੂੰ ਉਤਸ਼ਾਹ ਨਾਲ ਭਰ ਦਿੰਦੀ ਹੈ।

ਰਾਂਚੀ ਤੋਂ ਵਿਦਾਇਗੀ ਲੈ ਮਹਾਂਪੁਰਸ਼ ਪਟਨਾ ਸਾਹਿਬ ਪੁੱਜ ਗਏ। ਸ. ਅਰਜਨ ਸਿੰਘ ਜੀ ਪਰਧਾਨ ਤਖ਼ਤ ਸਾਹਿਬ, ਸ. ਲਛਮਣ ਸਿੰਘ ਜੀ ਗਾਰਡ ਨੇ ਸੰਤ ਮਹਾਰਾਜ ਜੀ ਦੇ ਅਲੌਕਿਕ ਸਰੂਪ ਅੱਗੇ ਤਨੋ ਮਨੋਂ ਨਮਸਕਾਰ ਕਰ ਕੇ ਆਨੰਦਮਈ ਝਰਨਾਟਾਂ ਦਾ ਅਨੁਭਵ ਕੀਤਾ।

ਮਹਾਂਪੁਰਸ਼ਾਂ ਨੂੰ ਨਮਸ਼ਕਾਰ ਦਾ ਫ਼ਲ ਆਯੂ, ਵਿੱਦਿਆ, ਜਸ ਤੇ ਬਲ ਵਧਾਉਂਦਾ ਹੈ ਨਾ ਕੀਤਿਆਂ ਚਾਰੇ ਇਹ ਘਟ ਜਾਂਦੀਆਂ ਹਨ।

ਯਥਾ: ਅਭਿਵਾਦਨ ਸੀਲਸਯ ਨਿਤਯ ਵਿਰਧੋਪਿ ਸੇਵੀਨਯ।
ਚਤਵਾਰੀ ਤਸਯ ਵਰਧੰਤੇ ਆਯੂ, ਵਿੱਦਿਆ, ਯਸੋ, ਬਲਮੰ।

ਤਥਾ: ਅਗਰ ਕੁਛ ਆਸ਼ਨਾ ਹੋਤਾ ਮਜ਼ਾ ਕੇ ਜਿੱਬਾ ਸਾਈ ਸੇ। ਤੋ ਸੰਗਿ ਅਸਤੀਨੇ ਕਾਬਾ ਜਾ ਮਿਲਤਾ ਜਬੀਨੇ ਸੇ।

ਭਾਵ ਜੇ ਕਰ ਕਾਬੇ ਦੀ ਦਹਿਲੀਜ਼ ਨੂੰ ਉਸ ਸ੍ਵਾਦ ਦਾ ਰਸ ਦਾ ਪਤਾ ਲੱਗ ਜਾਂਦਾ, ਜੋ ਉਸ ਉੱਤੇ ਸਿਰ ਰੱਖ ਕੇ ਮੱਥਾ ਟੇਕਣ ਵਾਲੇ ਸ਼ਰਧਾਲੂਆਂ ਨੂੰ ਆਉਂਦਾ ਹੈ ਤਾਂ ਪੱਥਰ ਦੀ ਦਹਿਲੀਜ਼ ਵਾਲੀ ਆਪਣੀ ਹਸਤੀ ਨੂੰ ਤਿਆਗ ਕੇ ਸ਼ਰਧਾਲੂਆਂ ਦਾ ਮੱਥਾ ਜਾ ਬਣਦੀ। ਕਿਉਂਕਿ ਪੱਥਰ ਦੀ ਦਹਿਲੀਜ਼ ਤਾਂ ਪੱਥਰ ਹੀ ਰਹਿੰਦੀ ਹੈ। ਐਪਰ ਸਾਰਾ ਸ੍ਵਾਦ ਉਸ ਉੱਤੇ ਨਿੰਮ੍ਰਤਾ ਨਾਲ ਝੁਕਣ ਵਾਲੇ ਮੱਥੇ ਹੀ ਲੈ ਜਾਂਦੇ ਹਨ।

ਉਪਰੰਤ ਪ੍ਰਧਾਨ ਸਾਹਿਬ ਭਾਵਨਾ ਨਾਲ ਸਮੇਤ ਜਥੇ ਦੇ ਆਪ ਜੀ ਨੂੰ ਦਾਨਾਪੁਰ ਆਪਣੇ ਬੰਗਲੇ ਲੈ ਗਿਆ ਜੋ ਇਸ ਨੂੰ ਸਰਕਾਰੀ ਤੌਰ ਤੇ ਗੌਰਮਿੰਟ ਵੱਲੋਂ ਮਿਲਿਆ ਹੋਇਆ ਸੀ। ਬੜੇ ਚਾਅ ਨਾਲ ਵੱਧ ਚੜ੍ਹ ਕੇ ਸੇਵਾ ਕੀਤੀ। ਸ. ਲਛਮਣ ਸਿੰਘ ਦੀ ਰਹਾਇਸ਼ ਦਾਨਾਪੁਰ ਵਿੱਚ ਹੀ ਸੀ। ਇਸ ਨੇ ਵੀ ਸੇਵਾ ਵਿੱਚ ਵਧੇਰੇ ਹਿੱਸਾ ਲਿਆ। ਪਹਿਲਾਂ ਇੱਕ ਹਫ਼ਤਾ ਦਾਨਾਪੁਰ ਖਗੋਲ ਗੁਰਦੁਆਰੇ ਸਾਹਿਬ ਕੀਰਤਨ ਕੀਤਾ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ਪ੍ਰੇਮੀਆਂ ਨੇ ਨਾਮ ਦੀ ਦਾਤ ਪ੍ਰਾਪਤ ਕੀਤੀ। ਫੇਰ ਦਸ ਦਿਨ ਸੰਗਤ ਨੇ ਪ੍ਰਧਾਨ ਸਾਹਿਬ ਨਾਲ ਮਿਲ ਕੇ ਬੇਨਤੀਆਂ ਕਰ ਕੇ ਤਖ਼ਤ ਸਾਹਿਬ ਪਟਨਾ ਸਿਟੀ ਕੀਰਤਨ ਦਾ ਆਨੰਦ ਮਾਣਿਆ।

ਰਿਹਾਇਸ਼ ਦਾਨਾਪੁਰ ਹੀ ਰੱਖੀ। ਏਥੋਂ ਹਰ ਰੋਜ਼ ਜਾ ਕੇ:

ਪਟਨਾ ਸ਼ਹਿਰ ਬਿਖੈ ਭਵ ਲਯੋ ॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਸਰਬੰਸ ਦਾਨੀ ਦੇ ਪ੍ਰਗਟ ਹੋਣ ਵਾਲੀ ਪਾਵਨ ਧਰਤੀ ਦੀ ਧੂੜੀ ਪਰਸੀ ਤੇ ਕੀਰਤਨ ਦੁਆਰਾ ਹਾਜ਼ਰੀਆਂ ਭਰੀਆਂ। ਸਾਰੇ ਸ਼ਹਿਰ ਵਿੱਚ ਖ਼ਬਰਾਂ ਹੋ ਗਈਆਂ। ਦੂਰ ਦੂਰ ਤੋਂ ਸੰਗਤ ਆਉਂਦੀ ਸੀ। ਆਖ਼ਰੀ ਦਿਨ ਬੇਅੰਤ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕੀਤਾ। ਨਾਮ ਜਪਣ ਦੇ ਅਧਿਕਾਰੀ ਬਣੇ।

ਵਿਦਾਇਗੀ ਸਮੇਂ ਤਖ਼ਤ ਸਾਹਿਬ ਵਲੋਂ ਸ੍ਰੀ ਸਾਹਿਬ ਤੇ ਸਿਰੋਪਾਓ ਬਖਸ਼ਿਆ। ਮਾਇਆ ਭੇਟਾ ਕਰੀ ਅਤੇ ਆਪ ਪ੍ਰਧਾਨ ਸਾਹਿਬ ਨੇ ਨਿਰੋਲ ਭਾਉ ਭਗਤੀ ਵਾਲੇ ਧਾਰਮਿਕ ਕੀਰਤਨ ਦੀ ਸੰਗਤਾਂ ਨਾਲ ਸਿਫ਼ਤ ਕੀਤੀ। ਇਹ ਪਹਿਲਾ ਚਾਨਸ ਸੀ ਜੋ ਕਿ ਤਖ਼ਤ ਸਾਹਿਬ ਤੇ ਸਿੱਧੀਆਂ ਧਾਰਨਾ ਵਾਲਾ ਵਿਆਖਿਆ ਸਾਹਿਤ ਕੀਰਤਨ ਹੋਇਆ। ਅੱਗੇ ਪਿੱਛੇ ਅਖੰਡ ਕੀਰਤਨ ਅਲੈਹਿਦਾ ਅਤੇ ਕਥਾ ਅਲੈਹਿਦਾ ਕੀਤੀ ਜਾਂਦੀ ਹੈ ਅਤੇ ਇਸ ਕੀਰਤਨ ਦਾ ਅਨੰਦ ਸਰੋਤੇ ਗੂੰਗੇ ਦੀ ਮਠਿਆਈ ਵਾਂਗੂੰ ਹੀ ਅਨੁਭਵ ਕਰਦੇ ਸਨ। ਆਪ ਜੀ ਨੇ:

ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥ (ਗੂਜਰੀ ਵਾਰ-੨ - ੫੨੦)

ਕੇਵਲ ਸਿਰੋਪਾਓ ਤੇ ਫਤੇ ਦਾ ਚਿੰਨ੍ਹ ਸ੍ਰੀ ਸਾਹਿਬ ਹੀ ਅੰਗੀਕਾਰ ਕੀਤਾ। ਮਾਇਆ ਕੋਲੋਂ ਹੋਰ ਰਲਾ ਕੇ ਗੋਲਕ ਵਿੱਚ ਪਾ ਦਿੱਤੀ। ਉਂਝ ਵੀ ਆਪ ਜੀ ਕਿਸੇ ਗੁਰ ਅਸਥਾਨ ਤੋਂ ਮਾਇਆ ਨਹੀਂ ਲੈਂਦੇ ਸਨ ਬਲਕਿ ਯੋਗ ਥਾਂ ਦੇਖ ਕੇ ਕੋਲੋਂ ਦੇ ਜਾਂਦੇ ਸਨ।

ਤਿਆਗ ਕਿਸ ਨੂੰ ਕਹਿੰਦੇ ਹਨ?

ਸਾਰੇ ਪਦਾਰਥਾਂ ਦੀ ਇੱਛਾ ਰਹਿਤ ਹੋਣਾ ਭਾਵ ਸਾਰੀਆਂ ਕਾਮਨਾਵਾਂ ਦਾ ਤਿਆਗ ਕਰ ਦੇਣਾ। ਇਸੇ ਦਾ ਨਾਮ ਹੀ ਅਸਲੀ ਤਿਆਗ ਹੈ। ਪਰ ਘਰ ਬਾਰ ਛੱਡ ਕੇ ਜੰਗਲਾਂ ਵਿੱਚ ਜਾਣਾ, ਜਾਂ ਮੰਗ ਕੇ ਰੋਟੀ ਖਾਣੀ, ਸਰੀਰ ਤੇ ਕੱਪੜਾ ਨਾ ਪਹਨਣਾ, ਇਸ ਨੂੰ ਤਿਆਗ ਨਹੀਂ ਕਹਿਆ ਜਾਂਦਾ। ਸ਼ੇਖ ਸ਼ਾਅਦੀ ਨੂੰ ਕਿਸੇ ਨੇ ਪੁੱਛਿਆ, "ਸਖਾਵਤ (ਉਦਾਰਤਾ) ਕਿਸ ਨੂੰ ਕਹਿੰਦੇ ਹਨ?" ਤਾਂ ਉਸ ਨੇ ਉੱਤਰ ਦਿਤਾ ਕਿ ਭੁੱਖੇ ਮਨੁੱਖ ਦੀ ਭੁੱਖ ਨੂੰ ਵੰਡ ਲੈਣਾ ਹੀ ਵੱਡੀ ਸਖਾਵਤ ਹੈ। ਫੇਰ ਉਸ ਕਿਹਾ, "ਇਹ ਸਖਾਵਤ ਦਿਲ ਨਾਲ ਹੁੰਦੀ ਹੈ ਜਾ ਪੈਸੇ ਨਾਲ?" ਉਸ ਨੂੰ ਸੇਖ ਸ਼ਾਅਦੀ ਜੀ ਨੇ ਇਉਂ ਕਿਹਾ:

ਤਵੰਗਰੀ ਬਾ ਦਿਲ ਅਸਤ ਨਾ ਬਾ ਮਾਲ। ਬਜ਼ੁਰਗੀ ਬਾ ਅਕਲ ਅਸਤ ਨ ਬਾ ਸਾਲ।

ਮਨੁੱਖ ਵੱਡਾ ਉਮਰ ਨਾਲ ਨਹੀਂ ਸਗੋਂ ਅਕਲ ਨਾਲ ਹੁੰਦਾ ਹੈ। ਸਖਾਵਤ ਪੈਸੇ ਨਾਲ ਨਹੀਂ ਸਗੋਂ ਦਿਲ ਨਾਲ ਹੁੰਦੀ ਹੈ।

ਉਸ ਨੇ ਕਿਹਾ, "ਤਿਆਗ ਦਾ ਕੀ ਸਰੂਪ ਹੈ?" ਤਾਂ ਦੱਸਿਆ, "ਮਨ ਦੀ ਉਦਾਰਤਾ ਅਤੇ ਮਾਇਆ ਦੀ ਨਿਰਲੇਪਤਾ ਤਿਆਗ ਦਾ ਸਰੂਪ ਹੈ।" ਯਥਾ ਸਾਖੀਆਂ ਵਿੱਚ ਲਿਖਿਆ ਹੈ:

ਜਾਹਿਰ ਅਮੀਰੀ ਬਾਤਨ ਫ਼ਕੀਰੀ। ਸਸ਼ਤਰ ਗ਼ਰੀਬ ਕੀ ਰੱਖਿਆ, ਜਰਵਾਣੇ ਕੀ ਭਾਖਿਆ।

ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਿਆ ਮਾਇਆ ਤਿਆਗੀ ਸੀ।

ਸੋ ਮਾਇਆ ਦੀ ਭੁੱਖ ਤਿਆਗੇ ਬਿਨਾਂ ਨਿਰਲੇਪਤਾ ਦਾ ਅਰਥ ਈ ਨਹੀਂ ਰਹਿੰਦਾ। ਨਾਦਰ ਸ਼ਾਹ ਨੂੰ ਲਾਹੌਰ ਦੇ ਸੂਬੇ ਜ਼ਕਰੀਆ ਖਾਨ ਨੇ ਸਿੰਘਾਂ ਦੇ ਤਿਆਗ ਬਾਰੇ ਇਉਂ ਦੱਸਿਆ:

ਜਿੱਥੇ ਅਜ਼ਾਦ ਨੇ ਪੰਛੀ ਹੁਸਨ ਦੀਆਂ ਬੇਖਬਰ ਫਾਹੀਆਂ।

ਇਸ਼ਕ ਨੂੰ ਜੁਲਫ ਦੀ ਛਾਵੇਂ ਕਦੇ ਨਹੀਂ ਨੀਂਦਰਾਂ ਆਈਆਂ।
ਪਏ ਨੇ ਤਾਜ ਪੈਰਾਂ ਤੇ ਨਬਾਬੀ ਠੋਕਰਾਂ ਖਾਂਦੀ।
ਇਨ੍ਹਾਂ ਮੌਲਾ ਦੇ ਬੰਦਿਆਂ ਨੂੰ ਕੋਈ ਸ਼ੁਹਰਤ ਨਹੀਂ ਭਾਂਦੀ।
ਤਿਆਗ ਤੋਂ ਬਿਨਾਂ ਮਨੁੱਖ ਵਿੱਚ ਖੁਦੀ ਤੇ ਬੇਪ੍ਰਵਾਹੀ ਨਹੀਂ ਆ ਸਕਦੀ।
ਯੇ ਪਯਾਮ[1] ਦੇ ਗਈ ਹੈ ਮੁਝੇ ਬਾਦਿ[2] ਸੁਬਹ ਗਾਹੀ। ਕਿ ਖੁਦੀ ਕੇ ਆਰਫ਼ੋ[3] ਕਾ ਹੈ ਮੁਕਾਮਿ ਪਾਤਸ਼ਾਹੀ।
ਤੇਰੀ ਜ਼ਿੰਦਗੀ ਇਸੀ ਮੇ ਹੈ ਤੇਰੀ[4] ਆਬਰੂ ਇਸੀ ਮੇਂ ਹੈ। ਜੋ ਰਹੀ ਖੁਦੀ ਤੋਂ ਸ਼ਾਹੀ[5] ਨਾ ਰਹੀ ਤੋਂ ਰੂ ਸਿਆਹੀ[6]।

ਏਥੇ ਆਪ ਜੀ ਨੇ ਪੰਜਾਬ ਨੂੰ ਔਣ ਵਾਸਤੇ ਅੰਮ੍ਰਿਤ ਵੇਲੇ ਚਾਲੇ ਪਾ ਦਿੱਤੇ। ਰਸਤੇ ਵਿੱਚ ਮੁਗ਼ਲਸਰਾਏ ਬਾਬੂ ਕਾਹਨ ਸਿੰਘ ਦਾ ਵਾਕਫ਼ ਰੇਲਵੇ ਦਾ ਅਫ਼ਸਰ ਸੀ। ਉਸ ਨੂੰ ਇਸ ਨੇ ਤਾਰ ਦੁਆਰਾ ਪਤਾ ਕਰ ਦਿੱਤਾ। ਸ਼ਾਮ ਦਾ ਪ੍ਰਸ਼ਾਦ ਬੇਨਤੀ ਕਰ ਕੇ ਮੁਗ਼ਲਸਰਾਏ ਉਸ ਦੇ ਘਰ ਚਰਨ ਪੁਵਾ ਕੇ ਛਕਾਇਆ। ਉਸੇ ਸਮੇਂ ਫੇਰ ਚੱਲ ਪਏ। ਸਵੇਰ ਨੂੰ (ਯੂ. ਪੀ. ਦੀ ਰਾਜਧਾਨੀ) ਲਖਨਊ ਪੁੱਜ ਗਏ। ਏਥੇ ਸ. ਭਗਵਾਨ ਸਿੰਘ ਲਾਹੌਰ ਵਾਲਾ ਰੇਲਵੇ ਵਰਕਸ਼ਾਪ ਵਿੱਚ ਵੱਡਾ ਅਫ਼ਸਰ ਸੀ। ਆਪ ਪ੍ਰੇਮ ਦੇ ਬੱਝੇ ਬਿਦਰ ਕੀ ਕੁਲੀ ਵਾਂਗ ਸਿੱਧੇ ਇਸ ਦੇ ਘਰ ਗਏ। ਇਸ ਨੂੰ ਅਚਾਨਚੱਕ ਪ੍ਰੀਤਮ ਦਾ ਦਰਸ਼ਨ ਹੋਇਆ ਜਾਣ ਕੇ ਦੇਸ਼ ਕਾਲ ਭੁੱਲ ਗਿਆ। ਐਸੀ ਮਸਤੀ ਚੜ੍ਹੀ ਕਿ ਸਰੀਰ ਦੀ ਸੁਧ ਨਾ ਰਹੀ। ਭਾਵਨਾ ਨਾਲ ਰਿਹਾਇਸ਼ ਕਰਵਾ ਕੇ ਸੇਵਾ ਕੀਤੀ। ਆਪ ਜੀ ਨੂੰ ਬਾਰੰਬਾਰ ਬੇਨਤੀ ਕਰ ਕੇ ਇੱਕ ਹਫ਼ਤਾ ਨਹੀਂ ਸੀ ਤੁਰਨ ਦਿੱਤਾ। ਸੰਗਤ ਦਾ ਵੀ ਅਥਾਹ ਪ੍ਰੇਮ ਹੋ ਗਿਆ। ਹੁਣ ਰੇਲਵੇ ਬਸਤੀ ਆਲਮਗੀਰ ਵਿੱਚ ਕੀਰਤਨ ਕੀਤਾ। ਬਹੁਤ ਸਾਰੇ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕੀਤਾ। ਨਾਮ ਦੀ ਦਾਤ ਮਿਲਦੀ। ਮਸਾਂ ਮਸਾਂ ਸੰਗਤ ਤੋਂ ਆਗਿਆ ਲੈ ਕੇ ਪੰਜਾਬ ਨੂੰ ਚੱਲੇ। ਕੁੱਝ ਕੁ ਦਿਨ ਗੋਬਿੰਦ ਨਗਰ ਕਾਹਨਪੁਰ ਸ. ਸਾਧੂ ਸਿੰਘ ਚਰਨਾਰਥ ਵਾਲੇ ਦੇ ਘਰ ਠਹਿਰੇ ਜੋ ਲੰਬੇ ਸਫ਼ਰ ਦੀ ਬਹੁਤੀ ਬੇ ਅਰਾਮੀ ਅਤੇ ਗ਼ਰਮੀ ਦੇ ਕਾਰਨ ਏਥੇ ਆਪ ਜੀ ਦਾ ਗਲਾ ਕੁੱਝ ਖ਼ਰਾਬ ਹੋ ਗਿਆ, ਜਿਸ ਕਰ ਕੇ ਕੀਰਤਨ ਨਹੀਂ ਹੋ ਸਕਿਆ। ਉਂਝ ਆਪ ਨੇ ਚਾਰ ਦਿਨ ਦਰਸ਼ਨ ਦੇ ਕੇ ਫੇਰ ਏਥੋਂ ਸਿੱਧੇ ਹੀ ਰਾਤ ਨੂੰ ਚੱਲ ਕੇ ਦੂਸਰੇ ਦਿਨ ਦੁਪਹਿਰੇ ਕਰਮਸਰ ਦੀ ਪਾਵਨ ਧਰਤੀ ਦੇ ਦਰਸ਼ਨ ਕੀਤੇ।

ਮਨੋਹਰ ਯਾਤਰਾ

੧੯੫੪ ਈ. ਦੇ ਅੱਸੂ ਮਹੀਨੇ ਸੰਤ ਬਾਬਾ ਜੈਮਲ ਸਿੰਘ ਜੀ (ਜੋ ਭੂਰੀ ਵਾਲੇ ਸੰਤਾਂ ਦੇ ਨਾਮ ਨਾਲ ਮਸ਼ਹੂਰ ਹਨ ਹਰਿਮੰਦਰ ਦੇ ਸਾਹਮਣੇ ਪ੍ਰਕਰਮਾਂ ਵਿੱਚ ਦਰਸ਼ਨੀ ਡਿਓਡੀ ਅਤੇ ਹੋਰ ਕਈ ਗੁਰ ਅਸਥਾਨਾਂ ਦੀ ਸੇਵਾ ਕਰਵਾਈ) ਇਨ੍ਹਾਂ ਨੇ ਸੰਤ ਜੀ ਮਹਾਰਾਜ ਪਾਸ ਆ ਕੇ ਬੇਨਤੀ ਕੀਤੀ, "ਮਹਾਰਾਜ! ਆਪ ਸਾਰੇ ਹੀ ਮਹਾਂਪੁਰਸ਼ ਫਤੇਹਗੜ੍ਹ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਨ ਵਾਸਤੇ ਚਲੋ। ਮੈਂ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਤੇ ਸੰਤ ਗੁਰਬਚਨ ਸਿੰਘ ਬਾਹੋਮਾਜਰੇ ਵਾਲਿਆਂ ਨੂੰ ਮਨਾ ਲਿਆ ਹੈ। ਉਹ ਇਹੀ ਕਹਿੰਦੇ ਹਨ ਕਿ ਜੇ ਕਰ ਸੰਤ ਜੀ ਮਹਾਰਾਜ ਚੱਲਣ ਤਾਂ ਅਸੀਂ ਵੀ ਨਾਲ ਤਿਆਰ ਹਾਂ।" ਹਜ਼ੂਰ ਮੁਸਕਰਾਏ। ਕੁੱਝ ਕੁ ਸਮੇਂ ਤੋਂ ਬਾਅਦ ਬਚਨ ਕੀਤਾ, "ਚੰਗਾ ਸੰਤੋ! ਅਸੀਂ ਵੀ ਸਾਰੀ ਸੰਤ ਮੰਡਲੀ ਦੇ ਅਨੁਸਾਰ ਹੀ ਹਾਂ। ਤੁਸੀਂ ਛੋਟੇ ਸੰਤ ਜੀ ਨੂੰ ਤਿਆਰ ਕਰ ਲਵੋ।" ਭੂਰੀ ਵਾਲੇ ਸੰਤਾਂ ਦੀ ਬੇਨਤੀ ਮੰਨ ਕੇ ਛੋਟੇ ਸੰਤ ਜੀ ਵੀ ਤਿਆਰ ਹੋ ਗਏ। ਦੋਵੇਂ ਮਹਾਂਪੁਰਸ਼ ਬਾਬੂ ਰਲਾ ਸਿੰਘ ਮੇਹਰ ਸਿੰਘ ਪੀ. ਟੀ. ਮਾਸਟਰ ਤੇ ਹੋਰ ਅਸਥਾਨ ਦੇ ਪ੍ਰੇਮੀ ਕੁੱਲ ਦਸ ਕੁ ਸਰੀਰਾਂ ਦੇ ਸਮੇਤ ਸਟੇਸ਼ਨ ਬੈਗਨ ਗੱਡੀ ਵਿੱਚ ਬੈਠ ਗਏ।

ਇੱਕ ਗੱਡੀ ਸੰਤ ਭੂਰੀ ਵਾਲਿਆਂ ਦੀ ਆਪਣੀ ਸੀ। ਇੱਕ ਗੱਡੀ ਵਿੱਚ ਸੰਤ ਭਗਵਾਨ ਸਿੰਘ ਜੀ ਅਤੇ ਹੋਰ ਸੇਵਾਦਾਰ ਬੈਠੇ ਸਨ। ਸੰਤ ਗੁਰਬਚਨ ਸਿੰਘ ਜੀ ਬਾਹੋਮਾਜਰੀਏ ਵੀ ਇੱਕ ਗੱਡੀ ਲੈ ਕੇ ਗਏ। ਇਉਂ ਚਾਰੇ ਗੱਡੀਆਂ ਵਿੱਚ ਅਠਾਈ ਕੁ ਪ੍ਰੇਮੀ ਅਸਵਾਰ ਹੋ ਗਏ। ਵੱਡੇ ਅੰਮ੍ਰਿਤ ਵੇਲੇ ਕਰਮਸਰ ਤੋਂ ਚੱਲੇ। ਦਿਨ ਚੜ੍ਹਦੇ ਨੂੰ ਫਤਹਿਗੜ੍ਹ ਸਾਹਿਬ ਪੁੱਜ ਗਏ। ਗੁਰ ਅਸਥਾਨਾਂ ਦਾ ਦਰਸ਼ਨ ਦੀਦਾਰ ਕੀਤਾ। ਕੜਾਹ ਪ੍ਰਸ਼ਾਦ ਕਰਵਾਇਆ। ਉਪਰੰਤ ਚੰਡੀਗੜ੍ਹ ਚਲੇ ਗਏ ਅਰ ਏਥੋਂ ਦੀ ਸੀਨਰੀ ਦੇਖੀ। ਦੁਪਹਿਰ ਦਾ ਪ੍ਰਸ਼ਾਦ ਰੋਪੜ ਗੁਰਦਵਾਰਾ ਭੱਠਾ ਸਾਹਿਬ ਵਿਖੇ ਛਕਿਆ ਜਿੱਥੇ ਸਰਬੰਸ ਦਾਨੀ ਦੇ

---

[1] ਸੁਨੇਹਾ
[2] ਸਵੇਰ ਦੀ ਪੌਣ
[3] ਗਿਆਨ
[4] ਸਤਿਕਾਰ
[5] ਸ਼ਾਹੀ
[6] ਕਾਲਾ ਮੂੰਹ ਫਿਟਕਾਰ

ਨੀਲੇ ਨੇ ਪੌੜਾਂ ਦੇ ਚਿੰਨ੍ਹ ਨਾਲ ਆਪਣੀ ਸਦੀਵੀ ਯਾਦਗਾਰ ਕਾਇਮ ਕੀਤੀ ਹੋਈ ਹੈ। ਕੜਾਹ ਪ੍ਰਸ਼ਾਦ ਦੀ ਦੇਗ ਸਜਵਾ ਅਸਥਾਨ ਦੀ ਯਾਤਰਾ ਕੀਤੀ। ਅੱਗੇ ਸਦਾ ਵਰਤ ਸਾਹਿਬ ਤੇ ਪ੍ਰਵਾਰ ਵਿਛੋੜੇ ਦਾ ਦੀਦਾਰ ਕਰਦੇ ਹੋਏ ਕੀਰਤਪੁਰ ਸਾਹਿਬ ਪੁੱਜੇ। ਪਤਾਲ ਪੁਰੀ ਬਾਬਾ ਗੁਰਦਿੱਤਾ ਜੀ ਦਾ ਪਾਵਨ ਅਸਥਾਨ ਤੇ ਹੋਰ ਗੁਰਧਾਮਾਂ ਅਤੇ ਗੁਰੂ ਕੀਆਂ ਯਾਦਗਾਰਾਂ ਦੇਖੀਆਂ। ਕੜਾਹ ਪ੍ਰਸ਼ਾਦ ਦੀ ਦੇਗ ਤੇ ਭੇਟਾ ਅਰਪੀ। ਉਪਰੰਤ ਸ਼ਾਮ ਨੂੰ ਸ੍ਰੀ ਅਨੰਦਪੁਰ ਸਾਹਿਬ ਤਖ਼ਤ ਸ੍ਰੀ ਕੇਸਗੜ੍ਹ ਦਾ ਦੀਦਾਰ ਕੀਤਾ। ਦਰਿਆ ਸਤਲੁਜ ਦੇ ਕਿਨਾਰੇ, ਸ਼ਿਵਾਲਕ ਦੀਆਂ ਖ਼ੁਸ਼ਕ ਪਹਾੜੀਆਂ ਦੇ ਪੈਰਾਂ ਵਿੱਚ ਸਤਿਗੁਰੂ ਤੇਗ ਬਹਾਦਰ ਜੀ ਦੀ ਵਸਾਈ ਅਤੇ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਨਿਹਾਲ ਕੀਤੀ ਖਾਲਸੇ ਪੰਥ ਦੀ ਜਨਮ ਦਾਤੀ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਨਗਰੀ ਹੈ। ਸ੍ਰੀ ਕੇਸਗੜ੍ਹ ਤੇ ਸ੍ਰੀ ਅਨੰਦਗੜ੍ਹ ਅਸਥਾਨ ਤੋਂ ਅਜੇ ਵੀ ਗੁਰ ਜਸ ਦੀ ਧੁਨੀ ਸੁਣਾਈ ਦੇ ਰਹੀ ਹੈ। ਸਤਿਗੁਰਾਂ ਦੇ ਚਰਨਾਂ ਦਾ ਭੌਰਾ ਭਾਈ ਘਨਈਆ ਸਾਹਿਬ ਜੀ ਵਿਤਕਰੇ ਵਗੈਰ ਸਭਨਾਂ ਨੂੰ ਜਲ ਛਕਾ ਰਹੇ ਦਿਸਦੇ ਹਨ ਅਤੇ ਭਾਈ ਨੰਦ ਲਾਲ ਜੀ ਫਾਰਸੀ ਗ਼ਜ਼ਲਾਂ ਰਾਹੀਂ ਸਤਿਗੁਰੂ ਜੀ ਦਾ ਜਸ ਗਾਉਂਦੇ ਸੁਣਾਈ ਦਿੰਦੇ ਹਨ।

ਏਥੋਂ ਦੇ ਜਥੇਦਾਰ ਗਿ. ਫੌਜਾ ਸਿੰਘ ਜੀ ਸਨ। ਇਤਨੇ ਮਹਾਂਪੁਰਸ਼ਾਂ ਦੇ ਇਕੱਠ ਦੇਖ ਕੇ ਸ਼ਰਧਾ ਤੋਂ ਖ਼ਾਲੀ ਹਿਰਦਾ ਜਰ ਨਾ ਸਕਿਆ। ਰਿਹਾਇਸ਼ ਲਈ ਕਮਰੇ ਪੁੱਛੇ ਤਾਂ ਨਾਂਹ ਕਰ ਦਿੱਤੀ। ਇਉਂ ਇਸ ਦੇ ਮਨ ਦੀ ਉਪਰਾਮਤਾ ਜਾਣ, ਅੱਗੇ ਜਾਣ ਦੀ ਵਿਚਾਰ ਕੀਤੀ। ਉਸ ਸਮੇਂ ਬਾਬਾ ਘਨਈਆ ਸਾਹਿਬ ਜੀ ਦੀ ਸੰਪ੍ਰਦਾਇ ਦੇ ਨਿਰਮਾਣ ਸੇਵਕ ਸੰਤ ਸੇਵਾ ਸਿੰਘ ਜੀ ਨੂੰ ਪਤਾ ਲੱਗਾ, ਜੋ ਅਨੰਦਗੜ੍ਹ ਕਿਲੇ ਦੀ ਸੇਵਾ ਕਰਵਾ ਰਹੇ ਸਨ। ਬੇਨਤੀ ਕਰ ਕੇ ਸਾਰੀ ਸੰਤ ਮੰਡਲੀ ਨੂੰ ਆਪਣੇ ਪਾਸ ਲੈ ਗਏ। ਸੋਹਣੀ ਜਗ੍ਹਾ ਰਿਹਾਇਸ਼ ਕਰਵਾ ਕੇ ਭਾਵਨਾ ਨਾਲ ਸੇਵਾ ਕਰ ਨਾਮ ਸਕਾਰਥ ਕੀਤਾ। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਢਾਈ ਘੰਟੇ ਸ੍ਰੈ ਸਰੂਪ ਵਿੱਚ ਬਿਰਤੀ ਲੀਣ ਕਰ ਕੇ ਗੁਰ ਸ਼ਬਦ ਦਾ ਅਨੰਦ ਮਾਣਿਆ। ਪੌਹ ਫੁਟਾਲੇ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਲੈ ਕੇ ਗੁਰਧਾਮਾਂ ਦੀ ਯਾਤਰਾ ਕਰੀ। ਉਪਰੰਤ ਨੰਗਲ ਪੁੱਜੇ। ਉੱਪਰ ਜਾ ਕੇ ਭਾਖੜੇ ਦਾ ਬੰਨ੍ਹ ਦੇਖਿਆ। ਦਰਿਆ ਦਾ ਬੰਨ੍ਹ ਹੇਠਾਂ ਸੁਰੰਗਾਂ ਵਿੱਚ ਵਗਦਾ ਪਾਣੀ ਤੱਕ ਕੇ ਜਿੱਥੇ ਕਾਦਰ ਦੀ ਕੁਦਰਤ ਦੇ ਸੀਨ ਦੀ ਪ੍ਰਤੱਖ ਝਲਕ ਦਿਸ ਰਹੀ ਸੀ, ਸ਼ਾਮੀਂ ਨੰਗਲ ਵਾਪਸ ਆ ਗਏ। ਸੰਗਤ ਨੂੰ ਪਤਾ ਲੱਗਣ ਤੇ ਗੁਰਦੁਆਰੇ ਸਾਹਿਬ ਇਕੱਠ ਜੁੜ ਗਿਆ। ਕੀਰਤਨ ਵਾਸਤੇ ਬੇਨਤੀ ਕੀਤੀ ਪਰ ਨਾਲ ਦਾ ਸਾਜੀ ਜੱਥਾ ਹੈ ਨਹੀਂ ਸੀ। ਸੰਗਤ ਦਾ ਅਥਾਹ ਪਿਆਰ ਜੋ ਸਮੁੰਦਰ ਦੇ ਜੁਆਰ ਭਾਟੇ ਵਾਂਗ ਜਾਂ ਹੜ੍ਹ ਦੇ ਜਲ ਦੀ ਤਰ੍ਹਾਂ ਠਾਠਾਂ ਮਾਰ ਰਿਹਾ ਸੀ, ਉਸ ਸਮੇਂ ਪ੍ਰੇਮੀਆਂ ਦੀ ਸ਼ਰਧਾ ਜਾਣ ਕੇ ਭਗਤ ਨਾਮਦੇਵ ਦੀਆਂ ਖੜਤਾਲਾਂ ਵਾਂਗ ਸਥਾਨਕ ਸਾਜ਼ੀਆਂ ਦੇ ਅਨਮਿਲਵੇਂ ਢੋਲਕੀ ਚਿਮਟੇ ਤੋਂ ਕੰਮ ਲਿਆ। ਗੁਰੂ ਜਸ ਵਿੱਚ ਸੰਗਤਾਂ ਦੇ ਮਨ ਇਉਂ ਲੀਨ ਹੋ ਗਏ ਕਿ ਸਰੋਤਿਆਂ ਨੂੰ ਦੇਸ਼ ਕਾਲ ਭੁੱਲ ਗਿਆ। ਤਿੰਨ ਘੰਟਿਆਂ ਦਾ ਸਮਾਂ ਅੱਖ ਦੇ ਫਰਕੇ ਵਿੱਚ ਲੰਘ ਗਿਆ। ਗਿਆਰ੍ਹਾਂ ਵਜੇ ਦੀਵਾਨ ਦੀ ਸਮਾਪਤੀ ਉਪਰੰਤ ਬਿਰਾਜ ਗਏ। ਰਾਤ ਦੇ ਇੱਕ ਵਜੇ ਇਸ਼ਨਾਨ ਕਰ ਕੇ ਡੇਢ ਵਜੇ ਵਾਪਸੀ ਚਾਲੇ ਪਾ ਦਿੱਤੇ। ਗੁਰ ਅਸਥਾਨਾਂ ਦੀ ਯਾਤਰਾ ਕਰਦੇ ਹੋਏ ਸਵੇਰੇ ਆਸਾ ਜੀ ਦੀ ਵਾਰ ਦੇ ਕੀਰਤਨ ਸਮੇਂ ਕਰਮਸਰ ਆ ਪੁੱਜੇ।

ਮਨਸੂਰੀ ਜਾਣਾ

ਜਦੋਂ ਆਪ ਜੀ ੧੯੫੩ ਈਸਵੀ ਵਿੱਚ ਕਲਕੱਤੇ ਗਏ ਸਨ, ਉਸ ਸਮੇਂ ਸ. ਚੰਨਣ ਸਿੰਘ ਦੀ ਲੜਕੀ ਬੀਬੀ ਹਰਬੰਸ ਕੌਰ ਵੀ ਚਰਨਾਂ ਵਿੱਚ ਹਾਜ਼ਰ ਹੋ ਕੇ ਸੇਵਾ ਕਰਦੀ ਰਹੀ। ਦੀਵਾਨ ਸੁਣੇ। ਭਜਨ ਸਿਮਰਨ ਤਾਂ ਪਹਿਲਾਂ ਹੀ ਪ੍ਰਾਪਤ ਹੋ ਚੁੱਕਾ ਸੀ ਅਤੇ ਕਿਰਾਏ ਦੀ ਕੋਠੀ ਲੈ ਕੇ ਮੰਸੂਰੀ ਠਹਿਰੀ ਸੀ।

ਕਲਕੱਤੇ ਗਿਆਂ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਮੰਸੂਰੀ ਆਉਣ ਵਾਸਤੇ ਬੇਨਤੀ ਕੀਤੀ ਜੋ ਆਪ ਜੀ ਨੇ ਪ੍ਰਵਾਨ ਕਰ ਲਈ। ਕਰਮਸਰ ਤੋਂ ਸਟੇਸ਼ਨ ਬੈਗਨ ਗੱਡੀ ਵਿੱਚ ਬੈਠ ਇਨ੍ਹਾਂ ਸਾਥੀਆਂ ਸਮੇਤ ਮੰਸੂਰੀ ਪੁੱਜੇ। ਬਾਬੂ ਰਲਾ ਸਿੰਘ, ਬਾਬੂ ਕਾਹਨ ਸਿੰਘ, ਸ. ਕਰਨੈਲ ਸਿੰਘ ਕਿਲ੍ਹਾ ਰਾਏਪੁਰ, ਘਣਗਸਾਂ ਵਾਲਾ ਸੁਰਜੀਤ ਸਿੰਘ ਡ੍ਰਾਈਵਰ ਸੀ। ਪ੍ਰਿੰਸੀਪਲ ਗੁਰਦਿਆਲ ਸਿੰਘ ਬਾਅਦ ਵਿੱਚ ਪਹੁੰਚ ਗਿਆ ਸੀ।

ਬੀਬੀ ਹਰਬੰਸ ਕੌਰ ਨੇ ਬੜੀ ਭਾਵਨਾ ਨਾਲ ਸੇਵਾ ਕੀਤੀ। ਆਪ ਜੀ ਏਥੇ ੧੫ ਦਿਨ ਠਹਿਰੇ। ਫੇਰ ਪ੍ਰੇਮੀਆਂ ਦੀ ਪ੍ਰਾਰਬਧ ਦੇ ਪ੍ਰੇਰੇ ਬੀਬੀ ਨੂੰ ਧੀਰਜ ਬਖ਼ਸ਼ ਅਸਥਾਨ ਤੇ ਵਾਪਸ ਆ ਗਏ।

ਕਸ਼ਮੀਰ ਦੀ ਪਹਾੜੀ

ਅਜੇ ਆਪ ਜੀ ਨੂੰ ਮਨਸੂਰੀ ਤੋਂ ਵਾਪਸ ਆਇਆ ਕੇਵਲ ਇੱਕੋ ਹੀ ਦਿਨ ਹੋਇਆ ਸੀ। ਇਹ ੧੯੫੩ ਈ. ਦਾ ਸਤੰਬਰ ਮਹੀਨਾ ਸੀ। ਅੱਧੀ ਰਾਤ ਦੇ ਸਮੇਂ ਕਸ਼ਮੀਰ ਦੀਆਂ ਪਹਾੜੀਆਂ ਵਿੱਚ ਅਚਾਨਕ ਹੀ ਕਿਸੇ ਦੇ ਰੋਣ ਦੀ ਅਵਾਜ਼

ਕੰਨੀ ਪਈ। ਇਹ ਖ਼ਾਸ ਪ੍ਰੇਮੀ ਦੀ ਜਾਣੀ ਪਛਾਣੀ ਅਵਾਜ਼ ਸੀ ਜੋ ਸ੍ਰੀਨਗਰ ਸੈਰ ਨੂੰ ਗਿਆ ਬਿਪਤਾ ਦੇ ਵੱਸ ਹੋ ਪਥਰੀਲੀ ਧਰਤੀ ਵਿੱਚ ਦਾਤੇ ਨੂੰ ਯਾਦ ਕਰ ਰਿਹਾ ਸੀ। ਬਾਬੂ ਰਲਾ ਸਿੰਘ ਨੂੰ ਕਿਹਾ ਸਵੇਰੇ ਕਸ਼ਮੀਰ ਨੂੰ ਜਾਣਾ ਹੈ। ਏਥੋਂ ਚੱਲ ਕੇ ਕਿਲ੍ਹਾ ਰਾਏਪੁਰ ਸ. ਕਰਨੈਲ ਸਿੰਘ ਦੇ ਖੂਹ ਤੇ ਆ ਠਹਿਰੇ। ਦੂਸਰੇ ਦਿਨ ਸਵਖਤੇ ਹੀ ਕਿਲਾ ਰਾਏਪੁਰ ਤੋਂ ਚੱਲ ਕੇ ਸ਼ਾਮ ਨੂੰ ਊਧਮਪੁਰ ਪਹੁੰਚ ਗਏ। ਏਥੇ ਸਰਾਏ ਵਿੱਚ ਰਾਤ ਕੱਟੀ। ਲੰਗਰ ਦਾ ਰਾਸ਼ਨ, ਬਿਸਤਰੇ ਤੇ ਹੋਰ ਲੋੜੀਂਦਾ ਸਾਮਾਨ ਗੱਡੀ 'ਚ ਹੀ ਰੱਖਿਆ ਸੀ। ਪ੍ਰਸ਼ਾਦ ਪਾਣੀ ਤਿਆਰ ਕਰ ਕੇ ਛਕਿਆ। ਬਾਅਦ ਵਿੱਚ ਬਿਰਾਜ ਗਏ। ਦੂਸਰੇ ਦਿਨ ਇਸ਼ਨਾਨ ਕਰ ਕੇ ਸਵੇਰੇ ਹੀ ਚਾਲੇ ਪਾ ਦਿੱਤੇ। ਸ਼ਾਮ ਨੂੰ ਸ੍ਰੀਨਗਰ ਆ ਗਏ।

ਸ੍ਵਰਗ ਸਰੂਪ ਕਸ਼ਮੀਰ ਦੀ ਪਵਿਤ੍ਰ ਧਰਤੀ; ਜਿੱਥੇ ਝੀਲਾਂ, ਚਸ਼ਮੇ, ਹਰਿਆਵਲੇ ਮੈਦਾਨ, ਕੇਸਰ ਦੇ ਖੇਤ ਤੇ ਬਰਫੀਲੇ ਪਰਬਤ ਸੁੰਦਰ ਰੂੰ ਦੇ ਗੋਹੜੇ ਜਾਂ ਚਾਂਦੀ ਦੇ ਕੈਲਾਸ਼ ਵਾਂਗ ਸੋਭਦੇ ਹਨ। ਪੱਕੇ ਮਕਾਨਾਂ ਦੇ ਖੇਤਾਂ ਵਿੱਚ ਕਾਮੇ ਪਹਾੜਾਂ ਦੀਆਂ ਕੁੱਖਾਂ ਵਿੱਚ ਬਣਾਈਆਂ ਹੋਈਆਂ ਕੱਖਾਂ ਦੀਆਂ ਝੁੱਗੀਆਂ ਵਿੱਚ ਗ਼ਰੀਬ ਲੋਕ ਸਾਰੇ ਖ਼ੁਸ਼ਹਾਲ ਤੇ ਪ੍ਰਸੰਨ ਚਿੱਤ ਫਿਰਦੇ ਹਨ। ਭਾਰਤ ਦੀ ਮਹਾਨ ਸੰਸਕ੍ਰਿਤੀ ਵਿੱਦਿਆ ਦਾ ਕੇਂਦਰ ਕਸ਼ਮੀਰ ਜਿਸ ਨੂੰ ਬਾਬਰ ਵਰਗੇ ਬਾਦਸ਼ਾਹ ਨੇ ਵੀ ਧਰਤੀ ਦਾ ਸ੍ਵਰਗ ਕਥਨ ਕੀਤਾ ਹੈ।

ਅਜੇ ਆਪ ਜੇਹਲਮ ਦਰਿਆ ਦੇ ਕੰਢੇ ਪੁੱਜੇ ਹੀ ਸਨ, ਨਾਲ ਦੇ ਸਿੰਘਾਂ ਨੇ ਰਿਹਾਇਸ਼ ਵਾਸਤੇ ਕੋਈ ਮਕਾਨ ਪੁੱਛਣਾ ਸੀ। ਇਤਨੇ ਨੂੰ ਦੂਰੋਂ ਹੀ ਹਜ਼ੂਰ ਦੀ ਗੱਡੀ ਪਛਾਣ ਕੇ ਦਰਸ਼ਨਾਂ ਲਈ ਬਿਹਬਲ ਹੋਏ ਪ੍ਰੇਮੀਆਂ ਨੇ ਆਪਣੀ ਗੱਡੀ ਮਗਰ ਲਾ ਦਿੱਤੀ ਅਤੇ ਕਈ ਮੀਲ ਅੱਗੇ ਜਾ ਕੇ ਜੇਹਲਮ ਦੇ ਕੰਢੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਜਾ ਰੋਕੀ।

ਦੋਵੇਂ ਜੀਅ (ਸ. ਦਲਜੀਤ ਸਿੰਘ ਤੇ ਬੀਬੀ ਮਨਜੀਤ ਕੌਰ) ਦਿੱਲੀ ਵਾਲੇ ਦੌੜ ਕੇ ਚਰਨਾਂ ਤੇ ਜਾ ਡਿੱਗੇ ਅਤੇ ਇਹੋ ਆਖੀ ਜਾਵਣ, "ਧੰਨ ਦਾਤਾ! ਧੰਨ ਦਾਤਾ! ਧੰਨ ਸਿਰਜਣਹਾਰ ਪ੍ਰਭੂ! ਮਨ ਦੀਆਂ ਜਾਣ ਕੇ ਪ੍ਰਦੇਸ਼ਾਂ ਵਿੱਚ ਵੀ ਦਰਸ਼ਨ ਬਖ਼ਸ਼ੇ ਹਨ। ਤਿੰਨ ਦਿਨਾਂ ਤੋਂ ਲਗਾਤਾਰ ਯਾਦ ਕਰ ਰਹੇ ਸਾਂ। ਆਪ ਜੀ ਨੇ ਬੜੀਆਂ ਮੁਸ਼ਕਲਾਂ ਨਾਲ ਪਹਾੜੀ ਪੰਧ ਤਹਿ ਕੀਤਾ ਹੋਣਾ ਹੈ।" ਆਪ ਜੀ ਨੇ ਸਾਰੀ ਵਾਰਤਾ ਅਨੁਭਵ ਕਰ ਇਨ੍ਹਾਂ ਗੁਰੂ ਪਿਆਰਿਆਂ ਨੂੰ ਧੀਰਜ ਦਿੱਤਾ ਅਤੇ ਨਾਲ ਦੇ ਸਿੰਘਾਂ ਨੂੰ ਕਿਹਾ, "ਤੁਸੀਂ ਰਿਹਾਇਸ਼ ਦਾ ਇੰਤਜ਼ਾਮ ਕਰੋ ਅਸੀਂ ਇਨ੍ਹਾਂ ਦੇ ਨਾਲ ਹੋ ਆਈਏ। ਫੇਰ ਆਉਂਦੇ ਹਾਂ।" ਇਉਂ ਆਖ ਕੇ ਜਿੱਥੇ ਇਹ ਦਰਿਆ ਦੇ ਪਾਣੀ (ਡਲ ਲੇਕ) ਵਿੱਚ ਹਾਊਸ ਬੋਟ ਕਿਰਾਏ ਤੇ ਲੈ ਕੇ ਠਹਿਰੇ ਸਨ, ਉੱਥੇ ਪੁੱਜੇ। ਬਾਹਰ ਗੱਡੀ ਰੋਕ ਕੇ ਅੰਦਰ ਗਏ। ਉਸ ਜਗ੍ਹਾ ਇਨ੍ਹਾਂ ਨੇ ਹਜ਼ੂਰ ਦੇ ਚਰਨਾਂ ਵਿੱਚ ਬੈਠ ਕੇ ਰੋ ਰੋ ਕੇ ਸਾਰੀ ਵਿਥਿਆ ਦੱਸੀ, "ਮਹਾਰਾਜ! ਤਿੰਨ ਦਿਨ ਹੋ ਗਏ। ਪਰਸੋਂ ਸ਼ਾਮੀਂ ਛੋਟਾ ਬੱਚਾ ਸਤਜੀਤ ਸਿੰਘ (ਮਿੱਕੀ) ਜਿਸ ਦੀ ਉਮਰ ਤਿੰਨ ਕੁ ਸਾਲਾਂ ਦੀ ਸੀ, ਖੇਲ੍ਹਦਾ ਖੇਲ੍ਹਦਾ ਇਹ ਜੋ ਬਾਹਰਲੀ ਖਿੜਕੀ ਹੈ, ਇਸ ਦੀ ਕੁੰਡੀ ਨਹੀਂ ਵੱਜੀ ਸੀ, ਜੋ ਬਾਹਰ ਨੂੰ ਖੁੱਲ੍ਹਦੀ ਸੀ; ਧੱਕਾ ਖਾ ਕੇ ੧-੯-੧੯੫੩ ਈ. ਦਰਿਆ ਵਿੱਚ ਡਿੱਗ ਪਿਆ। ਪਤਾ ਨਹੀਂ ਕਿਸੇ ਜਾਨਵਰ ਨੇ ਨਿਗਲ ਲਿਆ ਜਾਂ ਪਾਣੀ ਦੇ ਵੇਗ ਨਾਲ ਰਿੜ੍ਹ ਕੇ ਚਲਿਆ ਗਿਆ। ਡਬੋਲੀਏ ਲੱਭਦੇ ਰਹੇ। ਦੂਰ ਦੂਰ ਤੱਕ ਜਾਲ ਵੀ ਪਵਾਏ ਪਰ ਮਹਾਰਾਜ! ਅਜੇ ਤੱਕ ਉਸ ਦੀ ਲਾਸ਼ ਵੀ ਨਹੀਂ ਲੱਭੀ। ਪਰਸੋਂ ਦਾ ਸਾਰਾ ਪ੍ਰਵਾਰ ਦੁਖੀ ਤੇ ਉਦਾਸ ਹੈ। ਵੱਡਾ ਕਾਕਾ ਤਾਂ ਰੋ ਰੋ ਕੇ ਫਾਵਾ ਹੋ ਗਿਆ। ਕਿਸੇ ਨੇ ਅੰਨ ਜਲ ਨਹੀਂ ਛਕਿਆ। ਅੱਜ ਆਪ ਜੀ ਦੇ ਦਰਸ਼ਨਾਂ ਨੇ ਸਾਰਾ ਦੁੱਖ ਭੁਲਾ ਦਿੱਤਾ। ਧੰਨ ਹੋ ਦਿਲਾਂ ਦੀ ਜਾਨਣਹਾਰ!" ਉਸ ਸਮੇਂ ਸੰਤ ਜੀ ਮਹਾਰਾਜ ਵਾਸਤੇ ਚਾਹ ਤਿਆਰ ਕੀਤੀ, ਨਾਲ ਨਾਸ਼ਤਾ ਰੱਖਿਆ। ਆਪ ਜੀ ਨੇ ਸਵਾਇਆ ਕੁ ਛੱਕ ਕੇ ਬਾਕੀ ਦਾ ਸਾਰਾ ਇਨ੍ਹਾਂ ਪ੍ਰੇਮੀਆਂ ਨੂੰ ਦੇ ਦਿੱਤਾ ਅਤੇ ਨਾਲ ਇਹ ਵੀ ਆਖਿਆ, "ਤਕੜੇ ਹੋਵੋ, ਦਿਲ ਨਾ ਢਾਹੋ। ਇਹ ਨਿਰੰਕਾਰ ਦੀਆਂ ਦਾਤਾਂ ਹਨ। ਉਸ ਨਾਲ ਕਿਸੇ ਦਾ ਕੋਈ ਜੋਰ ਨਹੀਂ ਚੱਲਦਾ।

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥

(ਵਾਰ-ਸਿਰੀਰਾਗੁ ਮਃ ੧ - ੮੩)

ਇਹੋ ਹੀ ਬੱਚਾ ਅਗਲੇ ਸਾਲ ਛੋਟਾ ਹੋ ਕੇ ਫੇਰ ਤੁਹਾਡੇ ਘਰ ਵਿੱਚ ਆ ਜਾਵੇਗਾ। ਇੱਕ ਸਾਲ ਵਾਸਤੇ ਖੇਡਣ ਗਿਆ ਹੈ ਫੇਰ ਵਾਪਸ ਮੁੜ ਆਵੇਗਾ।" ਇਉਂ ਹੋਰ ਵੀ ਬਹੁਤ ਸਾਰੇ ਬਚਨ ਆਖ ਕੇ ਇਨ੍ਹਾਂ ਨੂੰ ਧੀਰਜ ਦਿੱਤਾ। ਅਤੇ ਸ਼ਾਮੀ ਆਪਣੀ ਜਗ੍ਹਾ ਤੇ ਆ ਗਏ। ਇਹ ਛੇ ਸੱਤ ਦਿਨ ਦੇ ਠਹਿਰੇ ਹੋਏ ਸਨ। ਹਜ਼ੂਰ ਦੀ ਆਗਿਆ ਪਾ ਕੇ ਦੂਜੇ ਦਿਨ ਦਿੱਲੀ ਨੂੰ ਵਾਪਸ ਆ ਗਏ। ਇਨ੍ਹਾਂ ਦੇ ਘਰ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਅਗਲੇ ਸਾਲ ੧੯੫੪ ਦੇ ਦਸੰਬਰ ਨੂੰ ਬੱਚੇ ਦਾ ਜਨਮ ਹੋਇਆ। ਸੰਤ ਜੀ ਮਹਾਰਾਜ ਨੂੰ ਬੇਨਤੀ ਕਰ ਦਿੱਲੀ ਬੁਲਾ ਕੇ ਅਖੰਡ ਪਾਠ ਕਰਵਾਇਆ ਅਤੇ ਭੋਗ ਤੋਂ ਪਿਛੋਂ ਹਜ਼ੂਰ ਦੀ ਰਸਨਾਂ ਤੋਂ ਸਤਵੰਤ ਸਿੰਘ ਨਾਮ ਰਖਾਇਆ। ਜਿਸ ਦੀ ਨੁਹਾਰ ਹੂਬਹੂ ਉਸ ਬੱਚੇ ਨਾਲ ਮਿਲਦੀ ਹੈ। ਏਧਰੋਂ ਸੰਤ ਜੀ ਮਹਾਰਾਜ ਦੇ ਗਿਆਂ ਬਾਅਦ ਵਿੱਚ ਨਾਲ ਪ੍ਰੇਮੀਆਂ ਨੇ ਵੀ (ਡਲ ਲੇਕ) ਵਿੱਚ ਇੱਕ ਹਾਊਸ ਬੋਟ ਕਿਰਾਏ ਤੇ ਲੈ ਲਿਆ। ਆਪ ਜੀ ਇੱਥੇ ਇੱਕ ਹਫ਼ਤਾ ਠਹਿਰੇ। ਦੋ ਟਾਈਮ ਸੁਭਾ ਸ਼ਾਮ ਸੈਰ ਨੂੰ ਜਾਂਦੇ। ਪਹਾੜ ਦੀ ਸੀਨਰੀ 'ਚੋਂ

ਕੁਦਰਤ ਦੀ ਰਚਨਾ ਦਾ ਰਸ ਮਾਣਦੇ। ਸੁਭਾਵਕ ਹੀ ਜੇ ਕੋਈ ਵਡਭਾਗੀ ਦਰਸ਼ਨ ਕਰ ਲੈਂਦਾ, ਤਾਂ ਉਸ ਦੇ ਸੁੱਤੇ ਭਾਗ ਜਾਗ ਪੈਂਦੇ। ਸੁਰਤਾਂ ਨਾਮ ਵਿੱਚ ਜੁੜ ਜਾਂਦੀਆਂ। ਰਿਹਾਇਸ਼ੀ ਅਸਥਾਨ ਤੇ ਆ ਕੇ ਉਪਦੇਸ਼ ਲੈਂਦੇ। ਇੱਥੇ ਮੁਗ਼ਲ ਬਾਦਸ਼ਾਹਾਂ ਦੇ ਬਣਾਏ ਹੋਏ ਨਿਸ਼ਾਤ ਬਾਗ਼ ਤੇ ਸ਼ਾਲਾਮਾਰ ਦੋ ਮਸ਼ਹੂਰ ਬਾਗ਼ ਹਨ। ਜਦੋਂ ਹਜ਼ੂਰ ਨੂੰ ਗਿਆ ਅਜੇ ਦੋ ਦਿਨ ਹੀ ਹੋਏ ਸਨ ਤੀਸਰੇ ਦਿਨ ਸਵੇਰੇ ਇਨ੍ਹਾਂ (ਮੁਗ਼ਲ ਗਾਰਡਨ) ਮੁਗ਼ਲਾਂ ਦੇ ਬਣਾਏ ਬਾਗ਼ਾਂ ਦੀ ਸੈਰ ਨੂੰ ਚੱਲ ਪਏ। ਨਿਸ਼ਾਤ ਬਾਗ਼ ਵਿੱਚ ਚਰਨ ਪੈਂਦਿਆਂ ਹੀ ਸੁਘੜ ਮਾਲੀਆਂ ਦਾ ਮਨ ਖੇੜੇ ਵਿੱਚ ਟਹਿਕ ਪਿਆ। ਨੂਰਾਨੀ ਚੇਹਰੇ ਦਾ ਅਲੌਕਕ ਤੇਜ਼ ਤੱਕ ਕੇ (ਜੋ ਕਿਸੇ ਅਵਤਾਰ ਦਾ ਸੂਚਕ ਸੀ) ਮਨ ਵਿੱਚ ਭਾਵਨਾ ਜਾਗੀ। ਨਾਨਾ ਪ੍ਰਕਾਰ ਦੇ ਸੁੰਦਰ ਫੁੱਲਾਂ ਦਾ ਗ਼ੁਲਦਸਤਾ ਤਿਆਰ ਕਰ ਦਾਤੇ ਦੀ ਭੇਟਾ ਕੀਤਾ। ਆਪ ਜੀ ਦਾ ਇਸ਼ਾਰਾ ਪਾ ਕੇ ਸ. ਕਰਨੈਲ ਸਿੰਘ ਨੇ ਇਨਾਮ ਵਜੋਂ ਪੰਜ ਰੁਪਏ ਬਖ਼ਸ਼ੇ। ਫੇਰ ਦੂਸਰਾ ਮਾਲੀ ਪੁੱਜਾ। ਉਸ ਨੇ ਵੀ ਇਸੇ ਤਰ੍ਹਾ ਫੁੱਲਾਂ ਦਾ ਗੁੰਦਿਆਂ ਸੇਹਰਾ ਅਰਪਿਆ। ਇਸ ਨੂੰ ਵੀ ਪੰਜ ਰੁਪਏ ਦਿਵਾਏ। ਇਉਂ ਉਸ ਸਮੇਂ ਇੱਥੇ ਸੱਤ ਮਾਲੀ ਹਾਜ਼ਰ ਸਨ। ਸਾਰਿਆਂ ਨੇ ਆਪਣੀ ਸ਼ਰਧਾ ਪ੍ਰਗਟ ਕਰ ਇਨਾਮ ਪ੍ਰਾਪਤ ਕੀਤਾ।

ਇਸੇ ਤਰ੍ਹਾਂ ਦੂਸਰੇ ਬਾਗ ਸ਼ਾਲਾਮਾਰ ਦੀ ਸੈਰ ਨੂੰ ਗਏ। ਉਸ ਜਗ੍ਹਾਂ ਵੀ ਸਾਰੇ ਮਾਲੀਆਂ ਨੂੰ ਇਨਾਮ ਦਿਵਾਇਆ। ਦੁਪਹਿਰ ਦਾ ਪ੍ਰਸ਼ਾਦ ਆਪਣੀ ਜਗ੍ਹਾ ਤੇ ਆ ਛਕਿਆ। ਦੂਸਰੇ ਦਿਨ ਫਿਰ ਸਵੇਰ ਦੇ ਸਮੇਂ ਬਾਗ਼ਾਂ ਦੀ ਸੈਰ ਕਰਨ ਗਏ। ਪਹਿਲੇ ਦਿਨ ਵਾਂਗ ਮਾਲੀਆਂ ਨੇ ਫੁੱਲਾਂ ਦੇ ਸੇਹਰੇ ਤੇ ਗ਼ੁਲਦਸਤੇ ਭੇਟ ਕੀਤੇ। ਭਾਵਨਾ ਨਾਲ ਮੱਥਾ ਟੇਕ ਕੇ ਬੈਠ ਗਏ। ਸੇਵਾਦਾਰ ਨੇ ਖ਼ਿਆਲ ਕੀਤਾ ਕਿ ਕਲ੍ਹ ਇਨਾਮ ਦੇ ਗਏ ਸਾਂ ਅੱਜ ਕਾਹਨੂੰ ਦੇਣਾ ਹੈ ਪਰ ਹਜ਼ੂਰ ਨੇ ਮੁਸਕਰਾ ਕੇ ਇਸ਼ਾਰਾ ਕੀਤਾ ਤੇ ਨਾਲ ਇਹ ਵੀ ਕਿਹਾ ਕਿ ਤੈਨੂੰ ਪਤਾ ਹੈ ਇਹ ਕਿਸ ਅੱਗੇ ਸਿਰ ਝੁਕਾ ਰਹੇ ਹਨ? ਸਿਆਣਾ ਪ੍ਰੇਮੀ ਸਮਝ ਗਿਆ। ਨਿਮ੍ਰਤਾ ਨਾਲ ਅਰਜ਼ ਕੀਤੀ, "ਦਾਤਾ! ਮੇਰੀ ਗ਼ਲਤੀ ਹੈ। ਆਪ ਸਭ ਦੀ ਪਾਲਣਾ ਕਰਨ ਵਾਲੇ ਅਰਸ਼ਾਂ ਕੁਰਸ਼ਾਂ ਦੇ ਵਾਲੀ ਹੋ। ਦੋਹਾਂ ਬਾਗ਼ਾਂ ਵਿੱਚ ਸਾਰੇ ਮਾਲੀਆਂ ਨੂੰ ਪੰਜ ਪੰਜ ਰੁਪਏ ਦਿਵਾ ਕੇ ਸੰਤੁਸ਼ਟ ਕਰ ਅਸੀਸਾਂ ਲੈਂਦੇ ਅਸਥਾਨ ਤੇ ਵਾਪਸ ਆਏ।

ਚੌਥੇ ਦਿਨ ਫੁੱਲਾਂ ਦੀ ਸੀਨਰੀ ਦੇਖਣ ਵਾਸਤੇ ਗ਼ੁਲਮਰਗ ਦੀ ਪਹਾੜੀ ਤੇ ਗਏ ਜੋ ਸ੍ਰੀਨਗਰ ਤੋਂ ਤੀਹ ਪੈਂਤੀ ਮੀਲ ਦੂਰ ਸਾਢੇ ਨੌਂ ਹਜ਼ਾਰ ਫੁੱਟ ਉੱਚੀ ਹੈ। ਸਾਰੇ ਬਰਫ ਹੀ ਬਰਫ ਨਜ਼ਰ ਆਉਂਦੀ ਹੈ। ਇੱਥੋਂ ਹੀ ਅਮਰ ਨਾਥ ਦੇ ਮੰਦਰ ਨੂੰ ਰਸਤਾ ਜਾਂਦਾ ਹੈ। ਸਾਰਾ ਦਿਨ ਕਾਦਰ ਦੀ ਕੁਦਰਤ ਦਾ ਅਨੰਦ ਮਾਣ ਸ਼ਾਮੀਂ ਫਿਰ ਸ੍ਰੀਨਗਰ ਆ ਗਏ। ਸ਼ਹਿਰ ਵਿੱਚ ਜਿਸ ਪਾਸੇ ਵੀ ਜਾਂਦੇ, ਸਤਿਕਾਰ ਨਾਲ ਬੇਅੰਤ ਗਰਦਨਾਂ ਝੁਕ ਜਾਂਦੀਆਂ। ਬਹੁਤ ਸਾਰੇ ਪ੍ਰੇਮੀ ਸ਼ਰਧਾਲੂ ਬਣ ਗਏ। ਗੁਰਦੁਆਰੇ ਸਾਹਿਬ ਸੰਗਤ ਨੂੰ ਪਤਾ ਲੱਗਾ। ਕੀਰਤਨ ਵਾਸਤੇ ਬੇਨਤੀ ਕੀਤੀ। ਗੁਰਸਿੱਖਾਂ ਦੀ ਸ਼ਰਧਾ ਦੇਖ ਕੇ ਪ੍ਰਵਾਨ ਕਰ ਲਈ। ਚੌਥੇ ਦਿਨ ਐਤਵਾਰ ਵੀ ਸ਼ਾਮ ਰਾਤ ਦੇ ਅੱਠ ਤੋਂ ਗਿਆਰ੍ਹਾਂ ਤੱਕ ਹਰੀ ਜਸ ਕੀਰਤਨ ਕੀਤਾ। ਭਾਵੇਂ ਹਜ਼ੂਰੀਏ ਸਾਜੀ ਨਾਲ ਨਹੀਂ ਸਨ ਪਰ ਫੇਰ ਵੀ ਜਦੋਂ ਸਥਾਨਕ ਸਾਜੀਆਂ ਨਾਲ ਸਿੱਧੀਆਂ ਧਾਰਨਾਂ ਦੇ ਸ਼ਬਦ ਪੜ੍ਹੇ ਗੁਰਦੁਆਰੇ ਸਾਹਿਬ ਦਾ ਹਾਲ ਗੂੰਜਣ ਲੱਗ ਪਿਆ, ਸਾਰੇ ਪ੍ਰੇਮੀ ਅਸ਼ ਅਸ਼ ਕਰ ਉੱਠੇ। ਅਰਸ਼ੀ ਹੁਕਮ ਅਨੁਸਾਰ:

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ ॥ (ਗਉੜੀ ਵਾਰ-੧ ਮਃ ੪ - ੩੦੧)

ਐਸੀ ਮਸਤੀ ਚੜ੍ਹੀ ਕਿ ਸਰੋਤੇ ਵਜਦ ਵਿੱਚ ਆ ਕੇ ਝੂਮਣ ਲੱਗ ਪਏ। ਦੇਸ਼ ਕਾਲ ਵਿਸਰ ਗਿਆ। ਤਿੰਨ ਘੰਟੇ ਪਲ ਮਾਤਰ ਵਿੱਚ ਗ਼ੁਜ਼ਰ ਗਏ। ਉਹ ਠਾਠ ਬਝਿਆ:

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥੧॥ ਰਹਾਉ ॥ (ਸਾਰੰਗ ਮਃ ੫ - ੧੨੦੮)

ਇਉਂ ਆਪ ਜੀ ਇੱਥੇ ਸੱਤ ਦਿਨ ਠਹਿਰੇ ਅਤੇ ਅੱਠਵੇਂ ਦਿਨ ਅੰਮ੍ਰਿਤ ਵੇਲੇ ਪੰਜਾਬ ਨੂੰ ਵਾਪਸ ਚਾਲੇ ਪਾ ਦਿੱਤੇ। ਸ਼ਾਮੀਂ ਉਸੇ ਜਗ੍ਹਾ ਊਧਮਪੁਰ ਸਰਾਇ ਵਿੱਚ ਠਹਿਰੇ। ਦੂਸਰੇ ਦਿਨ ਸ਼ਾਮ ਨੂੰ ਕਿਲ੍ਹਾ ਰਾਏਪੁਰ ਆ ਪੁੱਜੇ। ਇੱਥੋਂ ਕਰਮਸਰ ਦੀ ਧਰਤੀ ਨੂੰ ਭਾਗ ਲਾਇਆ।

ਸਕੂਲ ਦੀ ਬਿਲਡਿੰਗ

੧੯੫੩ ਦੇ ਸ਼ੁਰੂ ਵਿੱਚ ਵੱਡੇ ਤੇ ਛੋਟੇ ਸੰਤ ਜੀ ਮਹਾਰਾਜ ਨੇ ਰਾੜੇ ਪਿੰਡ ਵੱਲ ਛੱਪਰੀਆਂ ਦੀ ਥਾਂ ਕਮਰਿਆਂ ਦੀ ਲਾਈਨ ਪਾਉਣ ਵਾਸਤੇ ਵਿਚਾਰ ਕੀਤੀ ਅਤੇ ਨਾਲ ਹੀ ਸਕੂਲ ਦੀ ਇਮਾਰਤ ਪੱਕਿਆਂ ਕਰਨ ਦਾ ਖ਼ਿਆਲ ਕੀਤਾ, ਇਹ ਸਾਰੀ ਜ਼ੁੰਮੇਵਾਰੀ ਪਹਿਲਾਂ ਤੋਂ ਹੀ ਛੋਟੇ ਸੰਤਾਂ ਨੂੰ ਸੌਂਪੀ ਹੋਈ ਸੀ। ਉਨ੍ਹਾਂ ਨੇ ਵੱਡੇ ਮਹਾਂਪੁਰਸ਼ਾਂ ਨਾਲ ਸਲਾਹ ਕਰ ਕੇ ਸਕੂਲ ਦਾ ਨਕਸ਼ਾ ਦਿੱਲੀ ਦੇ ਵੱਡੇ ਇੰਜੀਨੀਅਰ ਦੇਸ ਰਾਜ ਤੋਂ ਬਣਵਾਇਆ, ਜਿਸ ਨੇ ਉਨ੍ਹਾਂ ਸਮਿਆਂ ਵਿੱਚ ਤਿਆਰੀ ਸਮੇਤ ਕੁਲ ਲਾਗਤ ਪੰਜ ਲੱਖ ਰੁਪਿਆ ਦੱਸੀ। ਇਤਨੇ ਵੱਡੇ ਕੰਮ ਨੂੰ ਯਕ ਦਮ ਸ਼ੁਰੂ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਬਹੁਤ ਸਾਰੀ ਇੱਟ ਚਾਹੀਦੀ ਸੀ। ਭੱਠਿਆਂ ਦੇ ਠੇਕੇਦਾਰ ਸੱਦੇ, ਜਿਹੜੇ ਕਿ ਏਸ ਕੰਮ ਨੂੰ ਕਰਦੇ ਸਨ।

ਉਹਨਾਂ ਤੋਂ ਇਕੱਠੀ ਵੀਹ ਪੰਝੀ ਲੱਖ ਇੱਟ ਮੰਗੀ ਅਤੇ ਕਿਹਾ, "ਦੇਖੋ ਸਾਡਾ ਕੰਮ ਵਿਚਾਲੇ ਨਾ ਰੁਕੇ। ਜੇ ਸਾਨੂੰ ਇਤਨੀ ਇੱਟ ਦੇ ਸਕਦੇ ਹੋ ਤਾਂ ਦੱਸੋ।" ਉਨ੍ਹਾਂ ਨੇ ਆਖਿਆ, ਮਹਾਰਾਜ! ਸਾਡੇ ਪਾਸ ਇਤਨੀ ਇੱਟ ਜਮ੍ਹਾਂ ਤਾਂ ਹੈ ਨਹੀਂ ਨਾ ਹੀ ਅਸੀਂ ਆਪ ਭੱਠਾ ਲਾ ਕੇ ਤੁਹਾਨੂੰ ਦੇ ਸਕਦੇ ਹਾਂ ਜੇਕਰ ਤੁਸੀਂ ਸਾਰੀ ਰਕਮ ਪਹਿਲਾਂ ਦੇ ਦੇਵੋ ਤਾਂ ਤੁਹਾਡੇ ਵਾਸਤੇ ਜਿਤਨੀ ਕਹੋ ਨਵੇਂ ਭੱਠੇ ਲਾ ਕੇ ਪਕਾ ਸਕਦੇ ਹਾਂ ਅਤੇ ਉਹ ਸਾਰੀ ਇੱਟ ਤੁਹਾਨੂੰ ਹੀ ਦੇਵਾਂਗੇ। ਪਰ ਨਾਲ ਇਹ ਵੀ ਸ਼ਰਤ ਹੈ ਕਿ ਜਿਹੋ ਜਿਹੀ ਪੱਕੀ ਪਿੱਲੀ ਜਾਂ ਦੋਇਮ ਨਿੱਕਲੇ ਉਹ ਸਾਰੀ ਦੀ ਸਾਰੀ ਸਹੀ ਰੇਟ ਤੇ ਤੁਹਾਨੂੰ ਲੈਣੀ ਪਵੇਗੀ।

ਛੋਟੇ ਸੰਤ ਜੀ ਕਹਿਣ ਲੱਗੇ ਬਈ! ਇਹ ਗੱਲ ਤਾਂ ਠੀਕ ਨਹੀਂ, ਰਕਮ ਤਾਂ ਅਸੀਂ ਸਾਰੀ ਹੀ ਤੁਹਾਨੂੰ ਪਹਿਲਾਂ ਦੇ ਦੇਵਾਂਗੇ ਪਰ ਲਵਾਂਗੇ ਸਰਕਾਰੀ ਰੇਟ ਤੇ ਆਪਣੀ ਮਨ ਮਰਜ਼ੀ ਦੀ ਪੱਕੀ। ਬਾਕੀ ਦਾ ਮੁਨਾਫਾ ਤੁਹਾਡਾ ਹੋਵੇਗਾ। ਪਰ ਉਹ ਇਸ ਗੱਲ ਨੂੰ ਨਾ ਮੰਨੇ। ਕਈ ਕੁ ਪ੍ਰੇਮੀਆਂ ਨੇ ਬੇਨਤੀ ਕੀਤੀ, "ਮਹਾਰਾਜ! ਤੁਸੀਂ ਆਪਣਾ ਭੱਠਾ ਕਿਉਂ ਨਹੀਂ ਲਾਉਂਦੇ। ਨਾਲੇ ਮਨ ਮਰਜ਼ੀ ਦੀ ਇੱਟ ਮਿਲ ਜਾਵੇਗੀ, ਨਾਲੇ ਸਸਤੀ ਪੈ ਜਾਵੇਗੀ।" ਸੰਤ ਜੀ ਮਹਾਰਾਜ ਨੇ ਭਾਵੇਂ ਅਸਥਾਨ ਅਤੇ ਸਕੂਲ ਦੀ ਸਾਰੀ ਜ਼ੁੰਮੇਵਾਰੀ ਸੰਭਾਲੀ ਹੋਈ ਸੀ ਪਰ ਫਿਰ ਵੀ ਇਸ ਵਿਖਸ਼ੇਪਤਾ ਵਾਲੇ ਕੰਮ ਤੋਂ ਸੰਕੋਚ ਕਰਦੇ ਸਨ। ਜਦੋਂ ਬਹੁਤ ਸਾਰੇ ਇਲਾਕੇ ਦੇ ਅਸਥਾਨ ਨਿਵਾਸੀ ਸੱਜਣਾਂ ਨੇ ਭੱਠਾ ਲੱਗਾਉਣ ਵਾਸਤੇ ਅਰਜ਼ ਕੀਤੀ ਤਾਂ ਉਨ੍ਹਾਂ ਦੀ ਬੇਨਤੀ ਮੰਨ ਕੇ ਰੱਬੀ ਹੁਕਮ ਅਨੁਸਾਰ ਇਸ ਮਹਾਨ ਕੰਮ ਲਈ ਕਮਰਕੱਸਾ ਕੀਤਾ। ਸਭ ਤੋਂ ਪਹਿਲਾਂ ਭੱਠਾ ਲਾਉਣ ਵਾਸਤੇ ਲਾਇਸੈਂਸ ਲਿਆ। ਫੇਰ ਅਠਾਰਾਂ ਹਜ਼ਾਰ ਨੂੰ ਕੋਇਲਾ ਤੇ ਇੱਟਾਂ ਢੋਣ ਵਾਸਤੇ ਅੰਬਾਲੇ ਸ਼ਹਿਰ ਤੋਂ ਟਰੱਕ ਲਿਆਂਦਾ। ਦੋ ਹਜ਼ਾਰ ਉਸ ਦੀ ਬਾਡੀ ਤੇ ਲੱਗ ਗਿਆ। ਇੱਕ ਹਜ਼ਾਰ ਦੀ ਲੱਕੜ ਖਰੀਦੀ। ਚਾਲੀ ਲੱਖ ਇੱਟ ਵਾਸਤੇ ਚਾਲੀ ਗੱਡੀਆਂ ਕੋਲੇ ਦੀਆਂ ਮੰਗਵਾਈਆਂ, ਜੋ ਕਈ ਸ਼ਹਿਰਾਂ 'ਚੋਂ ਆਪਣੇ ਹੀ ਟਰੱਕ ਤੇ ਢੋਇਆ। ਭੀਖੀ ਵਾਲੇ ਪਾਸੇ ਘਣਗਸ ਪਿੰਡ ਦੀ ਠੇਕੇ ਤੇ ਜ਼ਮੀਨ ਲੈ ਕੇ ਪਥੇਰੇ ਲਾ ਦਿੱਤੇ। ਜਦੋਂ ਕੱਚੀਆਂ ਇੱਟਾਂ ਤਿਆਰ ਹੋ ਗਈਆ, ਫੇਰ ਭੱਠਾ ਪਕਾਉਣ ਵਾਸਤੇ ਪੂਰਬੀਏ ਸੱਦੇ। ਹੋਰ ਮਜ਼ਦੂਰ ਵੀ ਨਾਲ ਸਨ। ਨਿਗਰਾਨੀ ਅਤੇ ਹਾਜ਼ਰੀ ਲਾਉਣ ਤੇ ਮਹਿੰਦਰ ਸਿੰਘ ਪਟਵਾਰੀ ਦੀ ਡਿਊਟੀ ਲਾਈ। ਦੋ ਕੁ ਸਾਲਾਂ ਵਿੱਚ ਚਾਲੀ ਲੱਖ ਇੱਟ ਪਕਾ ਲਈ। ਵੀਹ ਪੰਝੀ ਲੱਖ ਸਕੂਲ ਤੇ ਲੱਗ ਗਈ। ਬਾਕੀ ਅਸਥਾਨ ਦੇ ਕਮਰੇ ਬਣ ਗਏ। ਕੁੱਝ ਇਲਾਕੇ ਦੇ ਪ੍ਰੇਮੀਆਂ ਨੇ ਖਰੀਦ ਲਈ। ਪੰਝੀ ਹਜ਼ਾਰ ਦੇ ਟਾਟਾ ਨਗਰ ਅਤੇ ਕਲਕੱਤੇ ਤੋਂ ਗਾਡਰ ਮੰਗਵਾਏ, ਜਿਨ੍ਹਾਂ ਵਿੱਚ ਬਹੁਤ ਸਾਰੇ ਛੇ ਬਾਰਾਂ ਤੇ ਛੇ ਅਠਾਰਾਂ ਦੇ ਵੀ ਸਨ। ਕਈ ਬਾਰਾਂ ਅਠਾਰਾਂ ਦੇ ਸਨ। ਬੀਮ ਦੀ ਜਗ੍ਹਾ ਲੋਹੇ ਦੇ ਮੋਟੇ ਗਾਡਰ ਪਾ ਕੇ ਉੱਪਰ ਲੈਂਟਰ ਲਾਇਆ। ਸੱਤ ਹਜ਼ਾਰ ਬੋਰੀ ਸੂਰਜਪੁਰ ਤੋਂ ਸੀਮੈਂਟ ਦੀ ਮੰਗਵਾਈ। ਨਜ਼ਦੀਕ ਦੇ ਸਟੇਸ਼ਨ ਤੋਂ ਗਾਡਰ ਅਤੇ ਸੀਮਿੰਟ ਵੀ ਆਪਣੇ ਟਰੱਕ ਅਤੇ ਰੇੜ੍ਹੀਆਂ ਤੇ ਲਿਆਂਦਾ।

ਇਉਂ ਸਾਰਾ ਸਮਾਨ ਆਏ ਤੋਂ ਉਸਾਰੀ ਆਰੰਭ ਦਿੱਤੀ। ਸ਼ੁਰੂ ਤੋ ਹੀ ਕਾਲਜ ਦੀ ਨੀਂਹ ਰੱਖੀ। ਜਿਸ ਦੇ ਕਲਾਸਾਂ ਲੱਗਣ ਵਾਸਤੇ ੨੪ ਫੁੱਟ ਲੰਬੇ ੨੨ ਫੁੱਟ ਚੌੜੇ ੧੮ ਕਮਰੇ ਬਣਾਏ। ਚੌਹਾਂ ਖੂੰਜਿਆਂ ਤੇ ਚਾਰ ਕਮਰੇ ਹੋਰ ਬਣਾਏ। ਇੱਕ ਸਾਇੰਸ ਤੇ ਇੱਕ ਡਰਾਇੰਗ ਰੂਮ ਵਾਸਤੇ, ਜਿੰਨ੍ਹਾਂ ਦਾ ਅਕਾਰ ੪੫ ਫੁੱਟ ਲੰਮਾ ਤੇ ੨੪ ਫੁੱਟ ਚੌੜਾ ਹੈ; ਦੋ ਕਮਰੇ ੨੪ ਫੁੱਟ ਲੰਮੇ ੧੨ ਫੁੱਟ ਚੌੜੇ ਦਫ਼ਤਰ ਵਾਸਤੇ; ਦੋ ਹੋਰ ੨੪×੧੨ ਦੇ ਸਟਾਫ ਵਾਸਤੇ (ਇੱਕ ਮਾਸਟਰਾਂ ਤੇ ਇੱਕ ਮਾਸਟਰਾਨੀਆਂ ਲਈ); ਹੇਠਾਂ ਇੱਕ ੨੪×੧੦ ਦਾ ਭੋਰਾ ਜੋ ਸਮਾਨ ਰੱਖਣ ਵਾਸਤੇ (ਇਸ ਵਿੱਚ ਛੋਟੇ ਸੰਤ ਜੀ ਮਹਾਰਾਜ ਵੀ ਸਕੂਲ ਬਣਨ ਸਮੇਂ ਆਰਾਮ ਕਰ ਲੈਂਦੇ); ਇੱਕ ੨੨×੧੪ ਦਾ ਕਮਰਾ ਪੀ. ਟੀ. ਵਾਸਤੇ; ਇੱਕ ੨੨×੧੮ ਦਾ ਡਾਕਟਰ ਤੇ ਡਾਕਖਾਨੇ ਵਾਸਤੇ; ਇੱਕ ੨੦×੧੪ ਦਾ ਸਟੋਰ; ੨੨×੨੦ ਦਾ ਗੇਟ; ਇਸ ਡਿਉਢੀ ਦੇ ਉੱਪਰ ਦੋ ਚੁਬਾਰੇ, ਇੱਕ ੨੨×੨੦ ਦਾ ਜਿਸ ਦੇ ਅੰਦਰ ਗੁਰੂ ਮਹਾਰਾਜ ਦਾ ਪ੍ਰਕਾਸ਼ ਹੁੰਦਾ, ਇੱਕ ਹੋਰ ੨੦×੧੯ ਦਾ; ਕੁੱਲ ੩੪ ਕਮਰੇ ਸਨ। ਵਿਚਕਾਰ ਵੱਡਾ ਹਾਲ ੭੫ ਫੁੱਟ ਲੰਬਾ ਤੀਹ ਫੁੱਟ ਚੌੜਾ, ਜੋ ਮੀਟਿੰਗ ਕਰਨ ਲਈ ਅਤੇ ਸੈਂਟਰ ਦੇ ਇਮਤਿਹਾਨਾਂ ਵਾਸਤੇ ਬਣਾਇਆ ਸੀ।

ਇਹਨਾਂ ਵਿੱਚ ਹੀ ਲਾਇਬਰੇਰੀ, ਪੰਜਾਬੀ ਤੇ ਹਿੰਦੀ ਦੀ ਪੜ੍ਹਾਈ, ਕਲੱਰਕ ਤੇ ਹੈੱਡ ਮਾਸਟਰ ਦਾ ਦਫ਼ਤਰ, ਲੰਗਰ ਬੋਰਡਿੰਗ, ਦੁਕਾਨ ਗ਼ੁਸਲਖਾਨਾ ਤੇ ਹੋਰ ਕੰਮ ਵਾਸਤੇ ਵਰਤੇ ਜਾਂਦੇ ਸਨ। ਬਹੁਤ ਸਾਰੇ ਹੈਂਡ ਪੰਪ, ਖੂਹ ਉਸ ਵਿੱਚ ਮੋਟਰ, ਟੈਂਕੀ ਤੇ ਬਹੁਤ ਸਾਰੀਆਂ ਟੂਟੀਆਂ। ਸਾਰਿਆਂ ਕਮਰਿਆਂ ਅੱਗੇ ਅੱਠ ਫੁੱਟ ਦਾ ਬਰਾਂਡਾ ਹੈ। ਵਿਚਕਾਰ ਫੁਲਵਾੜੀ ਤੇ ਛਾਂ ਵਾਲੇ ਬ੍ਰਿਛ ਹਨ। ਸਾਰਾ ਏਰੀਆ ੩੨੦ ਫੁੱਟ ਲੰਮਾ ਤੇ ੨੬੦ ਫੁੱਟ ਚੌੜਾ ਹੈ। ਕੁਲ ਖ਼ਰਚਾ ਪੰਜ ਲੱਖ ਦੇ ਕਰੀਬ ਆ ਗਿਆ। ਇਹ ਸਾਰਾ ਕੰਮ ਡੇਢ ਕੁ ਸਾਲ ਵਿੱਚ ਮੁਕੰਮਲ ਹੋ ਗਿਆ। ਖਟੜੇ ਪਿੰਡ ਦੇ ਮਿਸਤਰੀ ਭਾਈ ਕੁਲਵੰਤ ਸਿੰਘ, ਭਾਈ ਹਰਚੰਦ ਸਿੰਘ, ਭਾਈ ਸੋਹਨ ਸਿੰਘ, ਹਰਦਿਆਲ ਸਿੰਘ, ਵੈਦ ਨਰਿੰਦਰ ਸਿੰਘ, ਤੇਜਾ ਸਿੰਘ, ਸੁਰਜੀਤ ਸਿੰਘ ਤੇ ਲਾਲ ਸਿੰਘ ਸਨ। ਜਗੀਰ ਸਿੰਘ, ਚਰਨ ਸਿੰਘ, ਪਿਆਰਾ ਸਿੰਘ ਤੇ ਨਿੱਕਾ ਸਿੰਘ ਵੀ ਨਾਲ ਸਨ। ਲੱਕੜੀ ਵਾਲੇ ਮਿਸਤਰੀ ਭਾਈ ਰਤਨ ਸਿੰਘ (ਘਣਗਸ) ਅਮਰ ਸਿੰਘ ਖਟੜਾ, ਅਜਮੇਰ ਸਿੰਘ, ਮਹਿੰਦਰ ਸਿੰਘ ਨਾਰੰਗਵਾਲ ਤੋਂ ਸਨ। ਇੱਟਾਂ, ਲੋਹਾ ਤੇ ਸੀਮਿੰਟ ਟਰੱਕ ਤੇ ਭਾਈ ਗੁਰਨਾਮ ਸਿੰਘ ਨੇ ਲਿਆਂਦਾ। ਹੋਰ ਸਾਰਾ ਕੰਮ ਮਿਸਤਰੀ ਤੇ ਮਜ਼ਦੂਰਾਂ ਨੇ ਕੀਤਾ। ਸੰਤ

ਜੀ ਮਹਾਰਾਜ ਆਪ ਹਰ ਸਮੇਂ ਹਾਜ਼ਰ ਰਹਿੰਦੇ ਸਨ।

ਸੰਤ ਭੂਰੀ ਵਾਲਿਆਂ ਦੇ ਸੱਦੇ ਤੇ ਅੰਮ੍ਰਿਤਸਰ ਪੁੱਜਣਾ

ਜਿਸ ਸਮੇਂ ਸੰਤ ਬਾਬਾ ਜੈਮਲ ਸਿੰਘ ਜੀ ਭੂਰੀ ਵਾਲੇ (ਜੋ ਬਾਬਾ ਵੀਰ ਸਿੰਘ ਜੀ ਨੌਰੰਗਾਬਾਦ ਦੀ ਸਾਖ ਦੇ ਚਮਕਦੇ ਸਤਾਰੇ ਸਨ) ਸੱਚਖੰਡ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀਆਂ ਪ੍ਰਕਰਮਾਂ ਖੁੱਲ੍ਹੀਆਂ ਕਰਨ ਵਾਸਤੇ ਦੱਖਣ ਵੱਲ ਦੀ ਡਿਉਢੀ ਦੀ ਸੇਵਾ ਕਰਵਾ ਰਹੇ ਸਨ, ਤਾਂ ੧੯੫੪ ਈ. ਨੂੰ ਦੀਪਮਾਲਾ ਦੇ ਸਮੇਂ ਸੰਤ ਸਮਾਜ ਦਾ ਇਕੱਠ ਕੀਤਾ। ਹਜ਼ੂਰ ਦੇ ਪਾਸ ਵੀ ਬਿਨੈ ਪੱਤ੍ਰਕਾ ਲਿਖ ਭੇਜੀ। ਆਪ ਜੀ ਸਟੇਸ਼ਨ ਵੈਗਨ ਗੱਡੀ (ਜਿਸ ਨੂੰ ਬਹਾਦਰ ਸਿੰਘ ਡ੍ਰਾਈਵਰ ਚਲਾਉਂਦਾ ਸੀ) ਛੋਟੇ ਸੰਤ ਜੀ ਤੇ ਹੋਰ ਸਿੰਘਾਂ ਸਮੇਤ ਸ੍ਰੀ ਅੰਮ੍ਰਿਤਸਰ ਪੁੱਜੇ। ਭਾਈ ਬਚਨ ਸਿੰਘ ਜਗੇੜਾ, ਜਥੇਦਾਰ ਮਹਿੰਦਰ ਸਿੰਘ, ਗਿਆਨੀ ਉਜਾਗਰ ਸਿੰਘ, ਭਾਨ ਸਿੰਘ ਭਗਤ ਜੀ, ਬਾਬੂ ਰਲਾ ਸਿੰਘ ਜੀ ਤੇ ਕੁੱਝ ਹੋਰ ਪ੍ਰੇਮੀ ਨਾਲ ਸਨ। ਭਿੰਡਰਾਂ ਵਾਲਾ ਜਥਾ ਵੀ ਉਸ ਜਗ੍ਹਾ ਆਇਆ ਹੋਇਆ ਸੀ। ਉਦੋਂ ਲੇਖਕ ਉਨ੍ਹਾਂ ਦੇ ਨਾਲ ਪੜ੍ਹਦਾ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਤੇ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਮੁਖੀ ਅਕਾਲੀ ਸਿੰਘ ਵੀ ਆਏ ਹੋਏ ਸਨ। ਸੰਤ ਭੂਰੀ ਵਾਲਿਆਂ ਨੇ ਸਭਨਾਂ ਦਾ ਯਥਾ ਯੋਗ ਸਤਿਕਾਰ ਕੀਤਾ। ਆਪ ਜੀ ਨੇ ਇੱਕ ਘੰਟਾ:

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥ (ਸੋਰਠਿ ਮਃ ੫ - ੬੧੪)

ਸ਼ਬਦ ਦਾ ਵਿਆਖਿਆ ਸਮੇਤ ਇਲਾਹੀ ਕੀਰਤਨ ਕੀਤਾ। ਸਾਰੀ ਸੰਤ ਮੰਡਲੀ (ਜਿਨ੍ਹਾਂ ਵਿੱਚ ਵੱਡੇ ਵੱਡੇ ਮੰਡਲੇਸ਼ਰ ਵੀ ਆਏ ਹੋਏ ਸਨ) ਅਸ਼ ਅਸ਼ ਕਰ ਰਹੀ ਸੀ। ਪ੍ਰਕਾਸ਼ਮਈ ਚੇਹਰੇ ਦਾ ਪ੍ਰਭਾਵ ਤੇ ਕਮਾਈ ਵਾਲੇ ਹਿਰਦੇ 'ਚੋਂ ਨਿੱਕਲੇ ਬਾਣੀ ਦੇ ਸ਼ਬਦ ਦੀ ਖਿੱਚ ਨਾਲ ਸਾਰਿਆਂ ਦੇ ਮਨ ਕੀਲੇ ਗਏ। ਉਸ ਤੋਂ ਬਾਅਦ ਹੋਰ ਵੀ ਮਹਾਂਪੁਰਸ਼ ਬੋਲੇ ਪਰ ਸਭਨਾਂ ਨੇ ਹਜ਼ੂਰ ਦੇ ਬਚਨਾਂ ਤੇ ਸ਼ਰਧਾ ਦੇ ਫ਼ੁੱਲ ਚਾੜਦਿਆਂ ਸਾਧੂ ਦੀ ਉਸਤਤੀ ਦੇ ਹੀ ਸ਼ਬਦ ਕਹੇ:

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥ (ਦੇਵਗੰਧਾਰੀ ਮਃ ੫ - ੫੩੨)

ਆਪ ਜੀ ਨੇ ਪ੍ਰਕਰਮਾਂ ਦੀ ਸੇਵਾ ਵਾਸਤੇ ਮਾਇਆ ਭੇਟਾ ਕੀਤੀ। ਹਰਿਮੰਦਰ ਸਾਹਿਬ ਤੇ ਹੋਰ ਗੁਰ ਅਸਥਾਨਾਂ ਤੇ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਕਰਵਾ ਭੇਟਾ ਅਰਪ ਕੇ ਦਰਸ਼ਨ ਦੀਦਾਰ ਕੀਤੇ। ਸ਼ਾਮੀ ਸੰਤ ਭੂਰੀ ਵਾਲਿਆਂ ਦੇ ਪ੍ਰੇਮੀ ਕੋਹਲੂ ਵਾਲਿਆਂ ਦੀ ਕੋਠੀ ਜੋ ਸ਼ਹਿਰ ਤੋਂ ਬਾਹਰ ਸੀ, ਰਾਤ ਠਹਿਰੇ। ਇਸੇ ਸਮੇਂ ਬਾਬਾ ਮਿਸ਼ਰਾ ਸਿੰਘ ਜੀ ਦੇ ਡੇਰੇ ਤੇ ਮਹੰਤ ਬਾਬਾ ਹਾਕਮ ਸਿੰਘ ਜੀ ਦੀ ਬੇਨਤੀ ਮੰਨ ਕੇ ਆਪ ਜੀ ਉਨ੍ਹਾਂ ਦੇ ਡੇਰੇ ਗਏ। ਉਨ੍ਹਾਂ ਮਹਾਂਪੁਰਸ਼ਾਂ ਨੇ ਵੀ ਆਪ ਜੀ ਦਾ ਉੱਚ ਆਸਨ ਤੇ ਬਿਠਾ ਕੇ ਬੜਾ ਪੂਜਨ ਸਤਿਕਾਰ ਕੀਤਾ। ਭੇਟਾ ਲਈ ਬਦਾਮ, ਮਿਸ਼ਰੀ ਦਾ ਪ੍ਰਸ਼ਾਦ, ਸਿਰੋਪਾਓ ਤੇ ਮਾਇਆ ਅਰਪੀ, ਪਰ ਆਪ ਜੀ ਨੇ ਮਹਾਂਪੁਰਸ਼ਾਂ ਦੇ ਅਸਥਾਨ ਵੱਲੋਂ ਕੇਵਲ ਸਿਰੋਪਾਓ ਹੀ ਪ੍ਰਵਾਨ ਕੀਤਾ। ਦੂਸਰੇ ਦਿਨ ਵਾਪਸ ਆ ਗਏ।

ਕਾਂਡ ੨੦

ਸੰਤ ਆਸ਼ਰਮ ਧਬਲਾਨ

ਸਦੀਆਂ ਤੋਂ ਪਈ ਬੇ-ਅਬਾਦ ਧਰਤੀ ਦੀ ਕਿਸਮਤ ਜਾਗੀ। ਇਲਾਕੇ ਦੇ ਜੀਵਾਂ ਦੇ ਸ਼ੁਭ ਪੁੰਨਾਂ ਨੇ ਸੰਤ ਜੀ ਮਹਾਰਾਜ ਦੇ ਮਨ ਵਿੱਚ ਫੁਰਨਾ ਪੈਦਾ ਕਰ ਦਿੱਤਾ। ਇਹ ਹਜ਼ੂਰੀਏ ਸੇਵਾਦਾਰ ਬਾਬੂ ਰਲਾ ਸਿੰਘ ਦੀ ਜ਼ਮੀਨ ਸੀ। (ਜੋ ਪਹਿਲਾਂ ਗੁਰੂ ਮਹਾਰਾਜ ਦੇ ਨਾਮ ਅਰਦਾਸ ਕਰਵਾ ਦਿੱਤੀ। ਜਿਸ ਦੀ ਬਾਅਦ ਵਿੱਚ ੧੯੫੪ ਈ. ਨੂੰ ਰਜਿਸਟਰੀ ਹੋ ਗਈ।

ਇਹ ਅਸਥਾਨ ਵਾਲੀ ਸਾਰੀ ਜ਼ਮੀਨ ੧੬੩ ਵਿੱਘੇ ਹੈ। ਜਿਸ ਵਿੱਚ ੧੨੩ ਵਿੱਘੇ ਬਾਬੂ ਰਲਾ ਸਿੰਘ ਦੀ ਹੈ। ੪੦ ਵਿੱਘੇ ਸ. ਜਿਉਣ ਸਿੰਘ ਨੰਬਰਦਾਰ ਨੇ ਅਰਦਾਸ ਕਰਵਾਈ। ਸਾਰੀ ਜ਼ਮੀਨ ਦੇ ਵਿਚਕਾਰ ਅਸਥਾਨ ਬਣਿਆ ਹੈ। ਅਸਥਾਨ ਦੇ ਵਿਕਚਾਰ ਸੰਤ ਜੀ ਮਹਾਰਾਜ ਦਾ ਭੋਰਾ ਹੈ। ਇਸ ਤੋਂ ਇਲਾਵਾ ਪੰਜ ਵਿੱਘੇ ਜ਼ਮੀਨ ਬਾਬਾ ਵੀਰ ਸਿੰਘ ਤੇ ਉਸ ਦੇ ਘਰੋਂ ਮਾਈ ਈਸ਼ਰ ਕੌਰ (ਜੋ ਧਭਲਾਨ ਪਿੰਡ ਦਾ ਮਹਿਰਾ ਸਿੰਘ ਸੀ) ਨੇ ਅਸਥਾਨ ਦੇ ਨਾਮ ਅਰਦਾਸ ਕਰਵਾਈ।

ਸਭ ਤੋਂ ਪਹਿਲਾਂ ਇਥੋਂ ਦੀ ਸੇਵਾ ਵਾਸਤੇ ਜੂਨ, ੧੯੫੪ ਈ. ਨੂੰ ਭਾਈ ਪ੍ਰੇਮ ਸਿੰਘ ਨੂੰ ਭੇਜਿਆ। ਇਹ ਹਾੜ ਦੀ ਸਖ਼ਤ ਗ਼ਰਮੀ ਵਿੱਚ ਕੱਲਰ ਦੀ ਕੱਚ ਵਰਗੀ ਸਖ਼ਤ ਧਰਤੀ ਨੂੰ ਜੋ ਟੱਕ ਮਾਰਿਆਂ ਖ਼ਾਲੀ ਕਹੀ ਸਿਰ ਨੂੰ ਆਉਂਦੀ। ਚਾਦਰ ਵਿੱਚ ਡੰਗ ਮਾਰਨ ਵਾਲਾ ਮੋਟਾ ਮੋਟਾ ਡਾਂਸ ਮੱਛਰ, ਜੋ ਇੱਕ ਦਾਣਾ ਮਲੇਰੀਆ ਬੁਖ਼ਾਰ ਚਾੜ੍ਹਨ ਦਾ ਇੰਜੈਕਸ਼ਨ ਕਰ ਦਿੰਦਾ। ਇਸ ਥਾਂ ਤੇ ਖ਼ਾਲੀ ਤੇ ਖ਼ੁਸ਼ਕ ਕੱਲਰ ਪਿਆ ਸੀ। ਰਿਹਾਇਸ਼ ਗੁਰਦੁਆਰੇ ਸਾਹਿਬ ਮਹੰਤ ਅਰਜਨ ਸਿੰਘ ਕੋਲ ਰੱਖੀ। ਦਿਨੇ ਸੇਵਾ ਵਾਸਤੇ ਇੱਥੇ ਆ ਜਾਂਦਾ। ਇਉਂ ਇੱਕ ਮਹੀਨੇ ਵਿੱਚ ਧਭਲਾਨ ਦੇ ਭੱਠੇ ਤੋਂ ਪੰਜਾਹ ਹਜ਼ਾਰ ਇੱਟ ਢੁਵਾਈ ਅਤੇ ਜਿਸ ਦੀ ਖ਼ਾਸ ਲੋੜ ਸੀ, ਉਹ ਪਾਣੀ ਵਾਸਤੇ ਪੰਪ ਲਗਵਾਇਆ। ਦੂਸਰੇ ਮਹੀਨੇ ਬਾਬਾ ਨਰੈਣ ਸਿੰਘ ਸ੍ਰੀਮਾਨ ਭੇਜ ਦਿੱਤਾ। ਇਸ ਦੇ ਨਾਲ ਖਟੜਿਆਂ ਵਾਲਾ ਮਿਸਤਰੀ ਭਾਈ ਹਰਚੰਦ ਸਿੰਘ ਆ ਗਿਆ। ਫੇਰ ਬਾਹਰ ਹੀ ਅਸਥਾਨ ਤੇ ਪ੍ਰਸ਼ਾਦਾ ਤਿਆਰ ਕਰਨ ਲੱਗ ਪਏ। ਤ੍ਰਿਪਾਲ ਲਾ ਕੇ ਵਿੱਚ ਲੰਗਰ ਦਾ ਰਾਸ਼ਨ ਤੇ ਹੋਰ ਜ਼ਰੂਰੀ ਸਾਮਾਨ ਰੱਖ ਲਿਆ। ਆਪ ਬਾਹਰ ਸੌਂ ਜਾਂਦੇ। ਸਭ ਤੋਂ ਪਹਿਲਾਂ ਭਾ. ਹਰਚੰਦ ਸਿੰਘ ਨੇ ਸਾਰੀ ਜ਼ਮੀਨ ਦੇ ਚੁਫੇਰੇ ਜੋ ਉਸ ਸਮੇਂ ਅੱਸੀ ਵਿੱਘਿਆਂ ਦਾ ਇੱਕੋ ਟੱਕ ਸੀ (ਬਾਅਦ ਵਿੱਚ ਹੋਰ ਰਲਦੀ ਗਈ) ਪੱਕੇ ਥੰਮਲੇ ਕੱਢ ਕੇ ਕੰਡਿਆਂ ਵਾਲੀ ਤਾਰ ਫੇਰ ਦਿੱਤੀ। ਫੇਰ ਜ਼ਮੀਨ ਦੇ ਅੱਧ ਵਿਚਕਾਰ ਅੱਠ ਫੁੱਟ ਮੁਰੱਬਾ ਇੱਕ ਛਤੀਰ ਚਾੜ੍ਹ ਕੇ ਦੋ ਦੋ ਖਣਾਂ ਦੇ ਬਾਲੇ ਤੇ ਇੱਟਾਂ ਪਾ ਕੇ ਚਾਰ ਕਮਰੇ ਬਣਾਏ ਗਏ। ਇਹ ਸੇਵਾ ਅੱਸੂ ਦੇ ਮਹੀਨੇ ਸਮਾਪਤ ਹੋਈ। ਮਹਾਂਪੁਰਸ਼ਾਂ ਅੱਗੇ ਮਾਇਆ ਆਪਣੇ ਭਲੇ ਲਈ ਤਰਲੇ ਲੈਣ ਲੱਗੀ। ਆਪ ਅਜੇ ਤੀਕਰ ਮਾਇਆ ਨੂੰ ਪਿੱਛੇ ਧੱਕ ਕੇ ਦੂਰ ਰੱਖ ਰਹੇ ਸਨ। ਆਪ ਧਬਲਾਨ ਕਿਸੇ ਪਸਾਰੇ ਦੇ ਹੱਕ ਵਿੱਚ ਨਹੀਂ ਸਨ। ਤਤਿਕਸ਼ਾ ਕਰਨ ਵਾਲੇ ਸਾਧਕਾਂ ਲਈ ਦੂਰ ਦੂਰ ਟਾਂਵੀਆਂ ਕੁਟੀਆ ਬਣਾ ਕੇ, ਅਖੰਡ ਸਾਧਨਾ ਕਰਾਉਣ ਲਈ ਇਕਾਂਤ ਦੇ ਇਛੁਕ ਸਨ। ਪਰ ਅੰਤ ਮਾਇਆ ਦੇ ਤਰਲੇ ਤੱਕ ਕੇ ਆਪ ਨੇ ਅਸਥਾਨ ਵਿੱਚ ਕੁੱਝ ਕੁ ਕਮਰੇ ਬਨਾਉਣ ਦਾ ਹੁਕਮ ਦਿੱਤਾ ਤਾਂ ਕਿ ਸੰਗਤਾਂ ਲਈ ਆਰਾਮ ਮਿਲ ਸਕੇ। ਇੱਕ ਦਮ ਮਾਇਆ ਧੱਕਾ ਮਾਰ ਕੇ ਆਪਣੇ ਭਲੇ ਲਈ ਆ ਗਈ ਅਤੇ ਵੇਖਦਿਆਂ ਵੇਖਦਿਆਂ ਇੱਕ ਸੁੰਦਰ ਅਸਥਾਨ ਦ੍ਰਿਸ਼ਟਮਾਨ ਹੋ ਗਿਆ। ਫੇਰ ਦਿੱਲੀ ਤੋਂ ਕੋਕਾ ਕੋਲਾ ਵਾਲੇ ਸਰਦਾਰਾਂ ਨੇ ਆ ਕੇ ਬੇਨਤੀ ਕੀਤੀ। ਗ਼ਰੀਬ ਨਿਵਾਜ਼! ਹਜ਼ੂਰ ਦੀ ਰਿਹਾਇਸ਼ ਵਾਸਤੇ ਭੋਰਾ ਵੀ ਹੋਣਾ ਜ਼ਰੂਰੀ ਹੈ। ਉਸ ਦੀ ਸੇਵਾ ਸਾਨੂੰ ਬਖ਼ਸ਼ੋ।

ਉਸ ਸਮੇਂ ਕਦੀ ਕਦੀ ਏਥੇ ਆ ਕੇ ਸੰਤ ਜੀ ਮਹਾਰਾਜ ਵੀ ਦਰਸ਼ਨ ਬਖ਼ਸ਼ਦੇ ਸਨ ਮੇਹਰਬਾਨ ਨੇ ਉੱਤਰ ਦਿੱਤਾ ਅਸੀਂ ਤਾਂ ਇਕਾਂਤ ਜਗ੍ਹਾ ਜਾਣ ਕੇ ਪ੍ਰੇਮੀਆਂ ਦਾ ਬਚਨ ਮੰਨ ਕੇ ਹਾਂ ਕਰ ਦਿੱਤੀ ਸਿਰਫ ਏਥੇ ਛੱਪਰੀ ਪਾ ਕੇ ਹੀ ਰਿਹਾ ਕਰਾਂਗੇ। ਬਹੁਤਾ ਵਿਸਥਾਰ ਕਰਨ ਦੀ ਇੱਛਾ ਨਹੀਂ ਪਰ ਇਨ੍ਹਾਂ ਦੀ ਦਿਲੀ ਸ਼ਰਧਾ ਤੇ ਬੇਨਤੀਆਂ ਦੇਖ ਨਾਲ ਹੀ ਸੰਗਤ ਦੀ ਪ੍ਰਾਰਬਧ ਨੇ ਮਨ ਪ੍ਰੇਰ ਦਿੱਤਾ। ਇਸੇ ਸਾਲ ਕੱਤਕ ਦੇ ਮਹੀਨੇ ਭੋਰੇ ਦੀ ਸੇਵਾ ਸ਼ੁਰੂ ਹੋ ਗਈ ਜੋ ਸਿਰਫ ਹੇਠਾਂ ਤੇ ਉੱਪਰੋਂ ਦੋ ਮੰਜਲਾ ਹੀ ਹੈ। ਇਸ ਦਾ ਅਕਾਰ ੧੬ ਫੁੱਟ ਤੇ ੧੨ ਫੁੱਟ ਅੰਦਰੋਂ ਤਿਆਰ ਹੈ। ੪ ਫੁੱਟ ਦੀਆਂ ਇੱਕ ਪਾਸੇ ਪੌੜੀਆਂ ਹਨ ਇਉਂ ਅੰਦਰੋਂ ੧੨ ਫੁੱਟ ਮੁਰੱਬਾ ਰਹਿ ਗਿਆ। ਲੈਂਟਰ ਪਾ ਕੇ ਉੱਪਰ ਪੱਕੀ ਛੱਤ ਪਾ ਦਿੱਤੀ। ਇਸ ਦੇ ਚੁਫੇਰੇ ੮ ਫੁੱਟ ਚੌੜਾ ਬਰਾਂਡਾ ਹੈ। ਚੋਹਾਂ ਨੁਕਰਾਂ ਤੇ ਸਾਢੇ ਸੱਤ ਫੁੱਟ ਮੁਰੱਬਾ ਚਾਰ ਗੋਲ ਕਮਰੇ (ਬੁਰਜ) ਹਨ। ਜਿਨ੍ਹਾਂ ਵਿੱਚੋਂ ਦੋ ਸਮਾਨ ਰੱਖਣ ਵਾਸਤੇ ਸਟੋਰ ਬਣਾ ਲਏ। ਇੱਕ ਵਿੱਚ ਨਲਕਾ ਲਗਾ ਕੇ ਗ਼ੁਸਲਖਾਨਾ ਕਰ ਲਿਆ ਫੇਰ ਵਿੱਚ ਫ਼ਲੱਸ਼ ਲਗਾ ਲਈ ਇਸ ਦੇ ਚੁਫੇਰੇ ਫੁਲਵਾੜੀ ਲਗਾ ਕੇ ਟਹਿਲਣ ਲਈ ਕੱਚੀਆਂ ਸੜਕਾਂ ਬਣਾ ਕੇ ਉਦਾਲੇ ਤਾਰ ਫੇਰ ਕੇ ਆਉਣ ਜਾਣ ਵਾਸਤੇ ਫਾਟਕ ਲਗਾ ਦਿੱਤੇ। ਜਿਸ ਦਾ ਅੰਦਰੋਂ ਕੁੱਲ ਏਰੀਆ ੨੩੫ ਫੁੱਟ ਮੁਰੱਬਾ ਹੈ। ਤਾਰ ਤੋਂ ਬਾਹਰ ਬਾੜ ਦੀ ਮਜ਼ਬੂਤੀ ਵਾਸਤੇ

ਅਲੀਅਰ ਲਗਾ ਦਿੱਤਾ। ਭੋਰਾ ਇਸ ਦੇ ਐਨ ਵਿਚਕਾਰ ਹੈ। ਫੇਰ ਭਾਂਤ ਭਾਂਤ ਦੇ ਖ਼ੁਸ਼ਬੂਦਾਰ ਫੁੱਲਾਂ ਵਾਲੇ ਬੂਟੇ ਤੇ ਵੇਲਾਂ ਲਗਾ ਦਿੱਤੀਆਂ। ਰੋੜਾਂ ਵਾਲੀ ਸਖ਼ਤ ਧਰਤੀ ਸੀ, ਡੂੰਘੇ ਟੋਏ ਪੁੱਟ ਕੇ ਟਰੱਕਾਂ ਨਾਲ ਨਰਮ ਮਿੱਟੀ ਲਿਆ ਕੇ ਭਰਨੀ ਸ਼ੁਰੂ ਕਰ ਦਿੱਤੀ। ਭਾਈ ਮੇਵਾ ਸਿੰਘ ਸੇਵਾ ਸਿੰਘ ਬੀਜੇ ਪਿੰਡ ਵਾਲਿਆਂ ਨੇ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਬਾਹਰਲੀ ਮਿੱਟੀ ਵਿੱਚ ਖਾਦ ਮਿਲਾ ਕੇ ਬਿਰਛ ਵੀ ਲਗਾ ਦਿਤੇ। ਜੋ ਹੁਣ ਬੜੇ ਕਾਮਯਾਬ ਹਨ। ਇਹ ਸੇਵਾ ਭਾਈ ਮੋਤਾ ਸਿੰਘ ਨੇ ਘੁਢਾਣੀ ਵਾਲੇ ਭਗਵਾਨ ਸਿੰਘ ਬਾਗਵਾਨ ਦੇ ਕਹੇ ਅਨੁਸਾਰ ਕੀਤੀ। ਏਸੇ ਮਹੀਨੇ ਕਰਮਸਰ ਤੋਂ ਮੱਝ ਲੈ ਕੇ ਉਸ ਦੀ ਸੇਵਾ ਵਾਸਤੇ ਬਾਬਾ ਮਹਿਮਾ ਸਿੰਘ ਵੀ ਆ ਗਿਆ।

ਪਰਉਪਕਾਰ ਉਮਾਹਾ

ਧਭਲਾਨ ਦੀ ਜ਼ਮੀਨ ਇੱਕ ਪਾਸੇ ਉਪਜਾਊ ਹੈ ਪਰ ਸੰਤ ਆਸ਼ਰਮ ਵੱਲ ਸ਼ੋਰਾ ਹੀ ਸ਼ੋਰਾ, ਪਹਾੜਾਂ ਤੇ ਪਈ ਬਰਫ ਵਾਂਗੂੰ ਭੁਲੇਖਾ ਪਾਉਂਦਾ ਹੈ। ਉਸ ਵਿੱਚ ਹੀ ਮਹਾਂਪੁਰਸ਼ ਨਿਵਾਸ ਕਰਦੇ ਸਨ। ਵੱਡੇ ਗੇਟ ਤੋਂ ਬਾਹਰ ਬਾਹਰ ਸ਼ਮਿਆਨੇ ਲਾ ਕੇ ਦੀਵਾਨ ਸਜ ਰਿਹਾ ਸੀ। ਸਵਰਗੀ ਸ. ਪ੍ਰਤਾਪ ਸਿੰਘ ਕੈਰੋਂ, ਡਾਕਟਰ ਸ. ਜੋਧ ਸਿੰਘ ਜੀ, ਉਨ੍ਹਾਂ ਦੇ ਪੁੱਤਰ ਸ. ਸੁੰਦਰ ਸਿੰਘ ਜੀ ਡੀ. ਸੀ. ਸਮੇਤ ਦੀਵਾਨ ਦੀ ਹਾਜ਼ਰੀ ਭਰ ਰਹੇ ਸਨ। ਮਹਾਂਪੁਰਸ਼ ਧਾਰਨਾਂ ਪੜ੍ਹ ਰਹੇ ਸਨ:

ਲੁੱਟ ਲਉ ਨਸੀਬਾਂ ਵਾਲੇ ਬੰਦਿਓ, ਲੁੱਟ ਪੈ ਗਈ ਰਾਮ ਨਾਮ ਦੀ।

ਅਤੇ ਜਗਤ ਦੀ ਅਸਾਰਥਾ ਲਈ ਅਕਾਲ ਉਸਤਤਿ ਵਿੱਚ ਆਏ ਕਬਿੱਤ:

ਏਕ ਸਿਵ ਭਏ ਏਕ ਗਏ ਏਕ ਫੇਰ ਭਏ ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈ ॥
ਬ੍ਰਹਮਾ ਅਰੁ ਬਿਸਨੁ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤ ਸਮੂਹਨ ਕੇ ਹੁਇ ਹੁਇ ਬਿਤਏ ਹੈ ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸਿ ਭਏ ਹੈ ॥
ਪੀਰ ਔ ਪਿਕਾਬਰ ਕੇਤੇ ਗਨੇ ਨ ਪਰਤ ਏਤੇ
ਭੂਮਿ ਹੀ ਤੇ ਹੁਇ ਕੈ ਫੇਰਿ ਭੂਮਿ ਹੀ ਮਿਲਏ ਹੈ ॥੭॥੭੭॥
ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ ॥
ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ ਬਡੇ ਬਡੇ ਰਾਜਨ ਕੇ ਦ੍ਰਪ ਕੌ ਦਲਤੁ ਹੈ ॥
ਮਾਨ ਸੇ ਮਹੀਪ ਅਉ ਦਿਲੀਪ ਕੈਸੇ ਛਤ੍ਰਧਾਰੀ ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈ ॥
ਦਾਰਾ ਸੇ ਦਲੀਸਰ ਦੁਰਜੋਧਨ ਸੇ ਮਾਨਧਾਰੀ
ਭੋਗਿ ਭੋਗਿ ਭੂਮਿ ਅੰਤਿ ਭੂਮਿ ਮੈ ਮਿਲਤ ਹੈ ॥੮॥੭੮॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਮਿੱਠੀਆਂ ਸੁਰਾਂ, ਅੰਦਰ ਨੂੰ ਝੁਣਝੁਣੀਆਂ ਦਿੰਦੀਆਂ ਧਾਰਨਾਂ ਉਪਰੰਤ ਵਿਆਖਿਆ ਕਰ ਰਹੇ ਸਨ। ਦੀਵਾਨ ਦੀ ਸਮਾਪਤੀ ਉਪਰੰਤ ਚੀਫ ਮਨਿਸਟਰ ਕੈਰੋਂ ਜੀ ਨੇ ਇਕਾਂਤ ਵਿੱਚ ਮਹਾਂਪੁਰਸ਼ਾਂ ਦੇ ਦਰਸ਼ਨ ਕਰਦਿਆਂ ਸੇਵਾ ਕਰਨ ਦੀ ਮੰਗ ਕੀਤੀ। ਮਹਾਂਪੁਰਸ਼ਾਂ ਨੇ ਕਿਹਾ ਕਿ ਦੇਖੋ ਦੂਰ ਦੂਰ ਤਾਈਂ ਧਰਤੀ ਸ਼ੋਰੇ ਨੇ ਖ਼ਰਾਬ ਕਰ ਛੱਡੀ ਹੈ। ਜ਼ਿਮੀਂਦਾਰ ਗ਼ਰੀਬ ਹਨ। ਇਸ ਨੂੰ ਵਾਹੀ ਯੋਗ ਬਣਾਓ ਅਤੇ ਇਹ ਇਲਾਕਾ ਬਹੁਤ ਪਛੜਿਆ ਹੋਇਆ ਹੈ। ਕੋਈ ਸਿਆਸੀ ਨੇਤਾ ਇਨ੍ਹਾਂ ਦੀ ਸਾਰ ਨਹੀਂ ਲੈਂਦਾ। ਤੁਸੀਂ ਇਨ੍ਹਾਂ ਨੂੰ ਵੱਡੀਆਂ ਸੜਕਾਂ ਨਾਲ ਜੋੜ ਦੇਵੋ। ਧੰਨ ਭਾਗ ਸਮਝ ਕੇ ਨਮਸ਼ਕਾਰ ਕਰ ਕੇ ਕੈਰੋਂ ਜੀ ਨੇ ਛੁੱਟੀ ਲਈ ਅਤੇ ਥੋੜ੍ਹੇ ਸਮੇਂ ਪਿੱਛੋਂ ਹੀ ਇੱਕ ਪੱਕੀ ਸੜਕ ਰਾਹੀਂ ਧਭਲਾਨ ਪਟਿਆਲਾ-ਸੰਗਰੂਰ ਸੜਕ ਨਾਲ ਮਿਲ ਗਿਆ ਅਤੇ Reclaim ਕਰ ਕੇ ਧਰਤੀ ਵਾਹੀ ਯੋਗ ਬਣਾਉਣ ਲਈ ਪਾਣੀ ਦਾ ਸੂਆ ਪੁੱਜ ਗਿਆ।

ਭਾਈ ਸਾਹਿਬ ਸ. ਵਰਿਆਮ ਸਿੰਘ ਜੀ ਦਰਸ਼ਨਾਂ ਨੂੰ ਆਏ

੧੯੫੪ ਦੀਆਂ ਗ਼ਰਮੀਆਂ ਦੇ ਦਿਨ ਸਨ। ਕਣਕਾਂ ਦੀ ਕਟਾਈ ਹੋ ਚੁੱਕੀ ਸੀ। ਕਰੌਂਦੇ, ਕੇਂਦੂ, ਢੱਕ ਆਪਣੇ ਭਰ ਨਵ ਜੋਬਨ ਤੇ ਸਨ। ਇਨ੍ਹਾਂ ਨੂੰ ਦਫ਼ਤਰੋਂ ਛੁੱਟੀ ਸੀ। ਫਿਰਨ ਤੁਰਨ ਦਾ ਮਨ ਵਿੱਚ ਕੁੱਝ ਚਾਅ ਉੱਠਿਆ। ਅੰਦਰ ਕੁੱਝ ਅਣ ਪਛਾਤੀ ਖਿੱਚ ਨੇ ਮਨ ਨੂੰ ਹੁਲਾਰਾ ਦਿਤਾ। ਇਹ ਤੇ ਬੀਬੀ ਰਣਜੀਤ ਕੌਰ ਪਟਿਆਲੇ ਤੋਂ ਬੱਸ ਵਿੱਚ ਬੈਠੇ। ਰਸਤੇ ਵਿੱਚ ਪਹਿਲਾਂ ਭਾਖੜਾ ਨਹਿਰ ਦੇ ਪੁਲ ਤੇ ਉੱਤਰਨ ਨੂੰ ਜੀਅ ਕੀਤਾ। ਫਿਰ ਕੌਰਜੀ ਵਾਲਾ ਪਿੰਡ ਦੇ ਰਸਤੇ ਉੱਪਰ, ਅੰਤ ਵਜੀਦਪੁਰ ਦੀ ਸੜਕ ਤੇ ਆ ਕੇ ਬੱਸ ਰੁਕੀ। ਮਨ ਨੇ ਇੱਥੇ ਹੀ ਉੱਤਰਨ ਦਾ ਫ਼ੈਸਲਾ ਕੀਤਾ। ਇਹ ਪਤਾ ਨਹੀਂ ਕਿਉਂ। ਕਿਸੇ ਅਣਜਾਣ ਪ੍ਰੇਰਨਾਂ ਅਨੁਸਾਰ ਪੈਰ ਚੂਹੜਪੁਰ ਵੱਲ ਨੂੰ ਜਾਣ। ਮਨ ਕਹੇ ਵਜੀਦਪੁਰ ਦੇ ਬਾਗ਼ ਵਿੱਚ ਦੋ ਚਾਰ ਘੰਟੇ ਇਕਾਂਤ ਬੈਠਾਂਗੇ। ਪਰ ਸਰੀਰ ਚੂਹੜਪੁਰ ਵੱਲ ਨੂੰ ਧਾਈ ਕਰਦਾ ਜਾਵੇ। ਚੂਹੜਪੁਰ ਦੀਆਂ ਢੱਕਾਂ ਤੇ ਕਰੀਰਾਂ ਦੀ ਝਿੜੀ ਦੇ

ਪਰਲੇ ਕਿਨਾਰੇ ਪੁੱਜ ਕੇ ਦੁਪਹਿਰ ਭਰ ਇੱਕ ਕੇਂਦੂ ਦੇ ਦਰੱਖਤ ਹੇਠਾਂ ਬੈਠੇ ਰਹੇ। ਕਦੇ ਕਦੇ ਨਜ਼ਰ ਦੂਰ ਜਾ ਕੇ ਹਵਾ ਵਿੱਚ ਹੁਲਾਰੇ ਮਾਰਦੇ ਚਿੱਟੇ ਕੱਪੜਿਆਂ ਤੇ ਟਿਕ ਜਾਵੇ। ਮਨ ਵਿੱਚ ਇਸ ਭੇਤ ਨੂੰ ਜਾਨਣ ਦੀ ਤੀਬਰ ਇੱਛਾ ਉਤਪੰਨ ਹੋਈ। ਧੁੱਪ ਘਟ ਜਾਣ ਤੇ ਗਿੱਟੇ ਗਿੱਟੇ ਕੱਲਰ ਵਿੱਚ ਧੱਸਦੇ ਇੱਕ ਤੰਬੂ ਦੇ ਪਿਛਲੇ ਪਾਸੇ ਪੁਜੇ। ਹੁਲਾਰੇ ਲੈਂਦੇ ਚਿੱਟੇ ਕੱਪੜੇ, ਕਛਿਹਰੇ, ਪਰਨੇ ਸਨ। ਤੰਬੂ ਦੇ ਦਰਵਾਜ਼ੇ ਵੱਲ ਜਾ ਕੇ ਵੇਖਿਆ। ਤਾਂ ਕੋਈ ਪਹਿਰੇਦਾਰ ਨਹੀਂ ਸੀ। ਦਰਵਾਜ਼ੇ ਦਾ ਪਰਦਾ ਚੁੱਕਿਆ। ਕਿਸੇ ਅਤਿ ਡੂੰਘੇ ਧਿਆਨ ਵਿੱਚ ਨੇਤਰ ਬੰਦ ਕੀਤੇ ਇੱਕ ਤਪੱਸਵੀ ਬੈਠੇ ਨਜ਼ਰ ਆਏ, ਇਹ ਤਪੱਸਵੀ ਜਾਣੇ ਪਛਾਣੇ ਸਨ। ਤਪੱਸਵੀ ਨੂੰ ਵੇਖ ਕੇ ਹੈਰਾਨ ਹੋ ਗਏ। ਪਲੰਘ ਤੇ ਸੰਤ ਮਹਾਰਾਜ ਜੀ ਸਮਾਧੀ ਸਥਿਤ ਸਨ। ਕੁੱਝ ਚਾਨਣਾ ਪੈਣ ਕਰਕੇ। ਕੁੱਝ ਖੜਾਕ ਹੋਣ ਕਰ ਕੇ ਮਹਾਰਾਜ ਜੀ ਨੇ ਨੇਤਰ ਖੋਹਲੇ ਅਤੇ ਇਸ ਨੂੰ ਵੇਖ ਕੇ ਅਪਣੱਤ ਅਤੇ ਪਿਆਰ ਦੇ ਘਰ ਵਿੱਚ ਆ ਕੇ ਬੋਲੇ, "ਤੁਹਾਨੂੰ ਕਿੱਥੋਂ ਪਤਾ ਲੱਗਿਆ?" ਇਸ ਨੇ ਕਿਹਾ, "ਜੀ! ਗ਼ੈਬ ਦੀ ਪ੍ਰੇਰੀ ਕਿਸੇ ਅਦਿੱਖ ਸ਼ਕਤੀ ਅਧੀਨ ਅਸੀਂ ਤਾ ਅਚਾਨਕ ਇੱਥੇ ਆ ਗਏ ਹਾਂ।" ਮਹਾਂਪੁਰਸ਼ ਮੇਹਰ ਦੇ ਘਰ ਆਏ ਅਤੇ ਅਸੀਸ ਦਿੱਤੀ। ਫਿਰ ਕੀ ਸੀ ਆਉਣਾ ਜਾਣਾ ਬਣ ਗਿਆ। ਦਸਮੀ ਨੂੰ ਧਭਲਾਨ ਦੇ ਦੀਵਾਨਾਂ ਵਿੱਚ ਬੱਸਾਂ ਲੈ ਕੇ ਜਾਣੀਆਂ ਤੇ ਆਨੰਦ ਮਾਨਣੇ।

ਪਹਿਲੀ ਜਮਾਤ ਤੋਂ ਪੜ੍ਹਾਈ ਸ਼ੁਰੂ

ਧਭਲਾਨ ਨਵਾਂ ਇਲਾਕਾ ਸੀ। ਲੋਕ ਪੰਜ ਪੀਰੀਏ ਸਨ। ਆਮ ਕਰ ਕੇ ਪਟਿਆਲਾ ਵਾਸੀ ਕਾਲੀ ਦੇਵੀ ਤੇ ਮਨੀ ਮਾਜਰੇ ਮਨਸਾ ਦੇਵੀ ਦੇ ਉਪਾਸ਼ਕ ਸਨ। ਭਾਵੇਂ ਰੌਣੀ ਵਾਲੇ ਸੰਤਾਂ ਦਾ ਡੇਰਾ ਤੇ ਕਲਿਆਣ ਵਿੱਚ ਮਹਾਤਮਾ ਟਿਕੇ ਹੋਏ ਸਨ, ਪਰ ਇਸ ਇਲਾਕੇ ਵਿੱਚ ਸਿੱਖੀ ਦੇ ਪ੍ਰਚਾਰ ਦਾ ਅਭਾਵ ਸੀ। ਇਹ ਪ੍ਰੇਮੀ ਪਟਿਆਲੇ ਤੋਂ ਬੱਸ ਭਰ ਕੇ ਦਰਸ਼ਨ ਕਰਨ ਗਏ, ਜਿਸ ਵਿੱਚ ਰਾਜਪੁਰਾ ਰੋਡ ਕਾਲੋਨੀ ਦੀ ਸੰਗਤ ਵਿਸ਼ੇਸ਼ ਕਰ ਕੇ ਸੀ। ਅੱਗੇ ਦਰਬਾਰ ਵਿੱਚ ਪੁੱਜੇ। ਗੁਰੂ ਨੌਵੀਂ ਪਾਤਸ਼ਾਹੀ ਦੇ ਛੋਟੇ ਜਿਹੇ ਗੁਰਦੁਆਰੇ ਵਿੱਚ ਦੀਵਾਨ ਲੱਗਿਆ ਹੋਇਆ ਸੀ। ਪਹਿਲਾਂ ਕੁੱਝ ਕੁ ਸਮਾਂ ਉਥੇ ਲੱਗਾ। ਫੇਰ ਅਸਥਾਨ ਤੇ ਹੀ ਸਜਨ ਲੱਗ ਪਿਆ। ਪਿੰਡਾਂ ਦੇ ਲੋਕ ਦੀਵਾਨ ਦੇ ਦੁਆਲੇ ਚੱਕਰ ਬਣਾਈ, ਸੋਟੀਆਂ ਕੱਛਾਂ ਵਿੱਚ ਲਈ ਜੁੱਤੀਆਂ ਸਣੇ ਖੜ੍ਹੇ ਸਨ। ਉਨ੍ਹਾਂ ਤੋਂ ਅੱਗੇ ਕੁੱਝ ਕੁ ਗਿਣਤੀ ਦੀਆਂ ਪੇਂਡੂ ਬੀਬੀਆਂ ਬੈਠੀਆਂ ਆਪ ਹੁਦਰੇ ਹੀ ਉੱਚੀ ਉੱਚੀ ਇੱਕ ਦੂਜੀ ਨੂੰ ਆਵਾਜ਼ਾਂ ਮਾਰ ਰਹੀਆਂ ਸਨ, "ਨੀਂ ਤੂੰ ਕਿਥੇ ਐਂ? ਮੈਂ ਐਥੇ ਆਂ! ਨੀਂ ਤੂੰ ਮੇਰੇ ਕੋਲ ਆ ਜਾ!" ਆਦਿਕ। ਇਹ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਇੱਕ ਪਾਸੇ ਚੌਂਕੜੇ ਮਾਰ ਕੇ ਬੈਠ ਗਏ। ਮਹਾਰਾਜ ਜੀ ਨੇ ਕਿਹਾ ਕਿ ਭਾਈ ਜਿਵੇਂ ਸ਼ਹਿਰੋਂ ਆਉਂਦਿਆਂ ਨੇ ਮੱਥਾ ਟੇਕਿਆ ਹੈ, ਇਸ ਤਰ੍ਹਾਂ ਮੱਥਾ ਟੇਕ ਕੇ ਬੈਠ ਜਾਓ। ਜੋੜੇ ਟਿਕਟਾਂ ਲੈ ਕੇ ਰੱਖ ਦੇਵੋ। ਫੇਰ ਟਿਕਟਾਂ ਵੇਖ ਕੇ ਸੇਵਾਦਾਰ ਤੁਹਾਡੇ ਜੋੜੇ ਤੁਹਾਨੂੰ ਹੀ ਵਾਪਸ ਕਰ ਦੇਣਗੇ। ਬੀਬੀਓ! ਇਹ ਥੋੜ੍ਹੀ ਜਿਹੀ ਗਿਣਤੀ ਦਾ ਸਤਿਸੰਗ ਹੈ। ਤੁਸੀਂ ਕੋਈ ਨਹੀਂ ਗੁਆਚਦੇ। ਜਦ ਸਮਾਪਤੀ ਉਪਰੰਤ ਉੱਠੋਗੀਆਂ, ਫਿਰ ਇੱਕ ਦੂਜੇ ਨਾਲ ਮਿਲ ਕੇ ਇਕੱਠੇ ਘਰ ਨੂੰ ਜਾਣਾ। ਫਿਰ ਕਿਹਾ ਸਿੱਧੀਆਂ ਧਾਰਨਾਂ ਵਿੱਚ ਬੋਲਣ ਦਾ ਯਤਨ ਕਰੋ। ਮਹਾਰਾਜ ਜੀ ਕਹਿਣ ਲੱਗੇ, "ਭਾਈ ਅਸੀਂ ਇਸ ਇਲਾਕੇ ਵਿੱਚ ਪਹਿਲੀ ਜਮਾਤ ਤੋਂ ਰੂਹਾਨੀ ਪੜ੍ਹਾਈ ਸ਼ੁਰੂ ਕਰਾਈ ਹੈ ਤੇ ਕਿਸੇ ਦਿਨ ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਯੂਨੀਵਰਸਿਟੀ ਦੀ ਸਭ ਤੋਂ ਉੱਚੀ ਪੜ੍ਹਾਈ ਇਸ ਇਲਾਕੇ ਵਿੱਚ ਹੋਇਆ ਕਰੇਗੀ।" ਉਸ ਸਮੇਂ ਭਾਈ ਵਰਿਆਮ ਸਿੰਘ ਜੀ ਸੈਕਟਰੀਏਟ ਦਫ਼ਤਰ ਵਿੱਚ ਕੰਮ ਕਰਦੇ ਸਨ।

ਰਾਜਪੁਰਾ ਰੋਡ ਕਾਲੋਨੀ ਤੇ ਬਖ਼ਸ਼ਿਸ਼

ਇਸ ਦੇ ਹੋਰ ਸਾਥੀ ਤੇ ਪਰਮ ਮਿੱਤਰਾਂ ਵਿੱਚੋਂ ਸ. ਸਾਧੂ ਸਿੰਘ ਸਵਰਗੀਯ, ਸ. ਹਜ਼ੂਰਾ ਸਿੰਘ ਜੀ ਸਵਰਗੀਯ, ਸ. ਸੰਪੂਰਨ ਸਿੰਘ ਜੀ ਅੰਡਰ ਸੈਕਟਰੀ ਪੰਜਾਬ ਸਰਕਾਰ, ਸ. ਕੁਲਦੀਪ ਸਿੰਘ ਜੀ ਰੰਧਾਵਾ ਸਾਹਿਬ, ਸ. ਸੇਵਾ ਸਿੰਘ, ਸ. ਜੋਗਿੰਦਰ ਸਿੰਘ, (ਇਸ ਨੇ ਚੰਡੀਗੜ੍ਹ ਦੀ ਹੋਰ ਸੰਗਤ ਨਾਲ ਮਿਲ ਕੇ ਆਪਣੇ ਘਰ ੧੬-੫-੭੬ ਨੂੰ ਸੰਤ ਜੀ ਮਹਾਰਾਜ ਦੀ ਯਾਦ ਵਿੱਚ ਅਖੰਡ ਪਾਠ ਦਾ ਭੋਗ ਪਵਾ ਕੇ ਨਾਲ ਹੀ ਬਹੁਤ ਵੱਡਾ ਲੰਗਰ ਵੀ ਕੀਤਾ। ਦੀਵਾਨ ਵਿੱਚ ਵੀ ਕਾਫ਼ੀ ਇਕੱਠ ਸੀ ਲੇਖਕ ਵੀ ਪੁੱਜਾ ਸੀ। ਬੀਬੀ ਨਿਰਮਲ ਕੌਰ ਤੇ ਹੋਰ ਪ੍ਰਵਾਰ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ। ਇਹ ਪ੍ਰੇਰਨਾਂ ਤੇ ਉੱਦਮ ਮਹਿੰਦਰ ਸਿੰਘ ਮਸਤਾਨਾ ਜੀ ਦਾ ਸੀ) ਚਮਨ ਲਾਲ ਪਾਠਕ, ਸ. ਤਾਰਾ ਸਿੰਘ ਜੀ, ਨਿਰੰਜਨ ਸਿੰਘ ਜੀ ਤੇ ਪੰਡਤ ਕ੍ਰਿਸ਼ਨ ਕੁਮਾਰ ਜੀ ਇਹ ਸਾਰੇ ਹੀ ਪ੍ਰੇਮੀ ਸੰਤ ਮਹਾਰਾਜ ਜੀ ਦੇ ਖ਼ਾਸ ਸ਼ਰਧਾਲੂ ਸਨ। ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਕੇ ਮਹਾਰਾਜ ਜੀ ਨੇ ਰਾਜਪੁਰਾ ਕਾਲੋਨੀ ਵਿੱਚ ਸਮਾਂ ਦੇ ਦਿੱਤਾ। ਪਹਿਲਾਂ ਅੱਠਾਂ ਦਿਨਾਂ ਦਾ ਸਮਾਂ ਦਿੱਤਾ। ਰਿਹਾਇਸ਼ ਧਭਲਾਨ ਰੱਖੀ। ਦੂਜੀ ਵਾਰੀ ਚਾਰ ਦਿਨ ਸਮਾਂ ਦਿੱਤਾ ਰਿਹਾਇਸ਼ ਭਾਖੜਾ ਰੈਸਟ ਹਾਊਸ ਵਿੱਚ ਰੱਖੀ। ਫਿਰ ਹਰ ਇਕਾਦਸ਼ੀ ਦਾ ਸਮਾਂ ਬਖ਼ਸ਼ ਦਿੱਤਾ। ਸਾਰੀ ਕਾਲੋਨੀ ਵਿੱਚ ਰਹਿੰਦੇ ਸਰਕਾਰੀ ਕਰਮਚਾਰੀ ਤੇ ਸ਼ਹਿਰ ਤੋਂ ਪ੍ਰੇਮੀ ਇੱਥੇ ਹੁਮ ਹੁਮਾ ਕੇ ਪੁੱਜਦੇ ਰਹੇ। ੧੯੫੬ ਦੇ ਜੁਲਾਈ ਮਹੀਨੇ ਤੱਕ ਇਹ ਪ੍ਰੋਗਰਾਮ ਨਿਭਦੇ ਰਹੇ। ਜਦੋਂ ਪੈਪਸੂ ਪੰਜਾਬ ਵਿੱਚ ਸ਼ਾਮਲ ਹੋ ਗਿਆ, ਫਿਰ

ਸਾਰੇ ਕਰਮਚਾਰੀ ਖਿੰਡ ਪੁੰਡ ਗਏ।

ਉਜੜ ਜਾਵੋ

ਉਸ ਸਮੇਂ ਸੰਤ ਮਹਾਰਾਜ ਜੀ ਪਾਸ ਸਾਰੇ ਪ੍ਰੇਮੀ ਬੱਚਿਆਂ ਸਮੇਤ ਇਕੱਠੇ ਹੋ ਕੇ ਧਭਲਾਨ ਪੁੱਜੇ ਤੇ ਬੇਨਤੀ ਕੀਤੀ, "ਮਹਾਰਾਜ ਜੀ! ਅਸਾਡੇ ਵਿੱਚੋਂ ਕੋਈ ਸ਼ਿਮਲੇ ਬਦਲ ਗਿਆ ਹੈ, ਕੋਈ ਚੰਡੀਗੜ੍ਹ ਤੇ ਕੋਈ ਜਲੰਧਰ। ਹੁਣ ਅਸੀਂ ਸੰਗਤ ਕਿਵੇਂ ਕਰਾਂਗੇ ਅਤੇ ਹਜ਼ੂਰ ਦੇ ਦੀਵਾਨ ਕਿਵੇਂ ਸੁਣਾਂਗੇ? ਕ੍ਰਿਪਾ ਕਰੋ ਅਸੀਂ ਇੱਕ ਥਾਂ ਇਕੱਠੇ ਰਹੀਏ।"

ਮਹਾਰਾਜ ਜੀ ਸੁਣ ਕੇ ਮੁਸਕ੍ਰਾਏ ਤੇ ਕੁੱਝ ਗੰਭੀਰ ਹੋ ਗਏ। ਕਹਿਣ ਲੱਗੇ, "ਤੁਹਾਡੇ ਲਈ ਖਿੰਡ ਜਾਣ ਦਾ ਹੁਕਮ ਹੈ। ਜਿੱਥੇ ਜਾਓਗੇ ਸੱਤ ਦਾ ਪ੍ਰਚਾਰ ਕਰਨਾ ਅਤੇ ਹੋਰਨਾਂ ਨੂੰ ਇਸ ਰਸਤੇ ਤੋਰਨਾ। ਗੁਰੂ ਮਹਾਰਾਜ ਫਿਰ ਕ੍ਰਿਪਾ ਕਰਨਗੇ ਤੇ ਫਿਰ ਸਮਾਗਮ ਸ਼ੁਰੂ ਹੋ ਜਾਣਗੇ। ਇੱਥੇ ਤਾਂ ਹੁੰਦੇ ਹੀ ਰਹਿੰਦੇ ਹਨ। ਜਿੱਥੇ ਜਾਵੋਗੇ ਨਵੀਆਂ ਸੰਗਤਾਂ ਬਣਨਗੀਆਂ, ਨਵੇਂ ਪ੍ਰੇਮੀ ਪ੍ਰਮੇਸ਼ਰ ਨਾਲ ਜੁੜਨਗੇ।" ਸ. ਵਰਿਆਮ ਸਿੰਘ ਤਾਂ ਮੁੜ ਵਸਾਊ ਮਹਿਕਮੇ ਵਿੱਚ ਜਲੰਧਰ ਚਲਿਆ ਗਿਆ। ਪਰ ਇਸ ਦੇ ਹੋਰ ਸਾਰੇ ਸਾਥੀ ਸ਼ਿਮਲੇ ਤੇ ਚੰਡੀਗੜ੍ਹ ਚਲੇ ਗਏ। ਇਹ ਗੁਰੂ ਨਾਨਕ ਸਾਹਿਬ ਜੀ ਦੀ 'ਵਸਦੇ ਰਹੋ ਤੇ ਉਜੜ ਜਾਵੋ' ਦੀ ਸਾਖੀ ਨੂੰ ਯਾਦ ਕਰ ਕੇ ਭਾਣੇ ਵਿੱਚ ਰਾਜ਼ੀ ਰਹੇ।

ਰਾਜਪੁਰਾ ਰੋਡ ਕਾਲੋਨੀ ਦੀਆਂ ਕੁੱਝ ਘਟਨਾਵਾਂ

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥ (ਸੋਰਠਿ ਮਃ ੫ - ੬੨੮)

ਧਭਲਾਨ ਦਾ ਭੋਰਾ ਬਣ ਚੁੱਕਿਆ ਸੀ ਪਰ ਪਾਣੀ ਦੀ ਬਹੁਤ ਤਕਲੀਫ਼ ਸੀ। ਨਹਿਰ ਦੇ ਚਲਦੇ ਪਾਣੀ ਵਿੱਚੋਂ ਵਾਰੀ ਦਿੰਦੇ ਦੁਆਲੇ ਦੇ ਜ਼ਿੰਮੀਂਦਾਰ ਕੁੱਝ ਔਖ ਮੰਨਦੇ ਸਨ। ਪਟਵਾਰੀ ਮਹਿੰਦਰ ਸਿੰਘ ਨੇ ਮਹਾਰਾਜ ਜੀ ਪਾਸ ਅਰਜ਼ ਕੀਤੀ ਕਿ ਹਜ਼ੂਰ ਜੇ ਇਸ਼ਾਰਾ ਕਰ ਦੇਣ ਤਾਂ ਨਵਾਂ ਮੋਘਾ ਨਹਿਰ ਵਿੱਚੋਂ ਲੈ ਲਈਏ। ਸ. ਵਰਿਆਮ ਸਿੰਘ ਤੇ ਸ. ਨਰਿੰਜਨ ਸਿੰਘ ਹੈੱਡ ਡਰਾਫਟਮੈਨ ਅਤੇ ਸ. ਤਾਰਾ ਸਿੰਘ ਜੀ ਦਰਸ਼ਨ ਕਰ ਰਹੇ ਸਨ। ਮਹਾਰਾਜ ਜੀ ਨੇ ਕਿਹਾ ਕਿ ਪਟਵਾਰੀ ਜੀ ਤੇ ਬਾਬੂ ਰਲਾ ਸਿੰਘ (ਜੋ ਉਸ ਸਮੇਂ ਸੰਤ ਜੀ ਮਹਾਰਾਜ ਦੇ ਅਰਦਲੀ ਸਨ) ਚਾਹੁੰਦੇ ਹਨ ਕਿ ਨਵਾਂ ਮੋਘਾ ਮਿਲ ਜਾਵੇ। ਇਨ੍ਹਾਂ ਬੇਨਤੀ ਕੀਤੀ ਹਜ਼ੂਰ ਜੇ ਆਪ ਮਦਦ ਕਰਨ ਤਾਂ ਹੀ ਇਹ ਕੰਮ ਹੋ ਸਕਦਾ ਹੈ ਨਹੀਂ ਤਾਂ ਇਸ ਕੰਮ ਨੂੰ ਸਾਲ ਹੀ ਲੱਗ ਜਾਂਦੇ ਹਨ। ਆਪ ਨੇ ਕਿਹਾ ਗੁਰੂ ਜੀ ਤੁਹਾਡੀ ਮਦਦ ਕਰਨਗੇ।

ਪਹਿਲੇ ਦਿਨ ਹੀ ਇਨਾਂ ਨੇ ਰੋਹਟੀ ਬਾਬੂ ਪ੍ਰਕਾਸ਼ ਚੰਦ ਓਵਰਸੀਅਰ ਤੋਂ ਕਾਗਜ਼ ਬਣਾ ਕੇ ਐਸ. ਡੀ. ਓ. ਤੋਂ ਸਿਫਾਰਸ਼ ਕਰਾ ਕੇ ਐਗਜ਼ੈਕਟਿਵ ਇੰਜੀਨੀਅਰ ਤੇ ਫਰ ਸੁਪਰੀਡੈਂਟਿੰਗ ਇੰਜੀਨੀਅਰ ਦੇ ਅੱਗੇ ਸਾਰੇ ਐਸਟੀਮੇਟ ਰੱਖ ਦਿੱਤੇ। ਦੂਜੇ ਜਾਂ ਤੀਜੇ ਦਿਨ ਚੀਫ ਇੰਜੀਨੀਅਰ ਨੇ ਮੋਘਾ ਮਨਜ਼ੂਰ ਕਰ ਦਿੱਤਾ।

ਪੁਤੀ ਗੰਢੁ ਪਵੈ ਸੰਸਾਰਿ

ਸ. ਸਾਧੂ ਸਿੰਘ ਪਿੰਡ ਕਾਂਜਲੀ ਜਿਲ੍ਹਾ ਕਪੂਰਥਲਾ ਤੋਂ ਪੈਪਸੂ ਸੈਕਟਰੀਏਟ ਵਿੱਚ ਚੀਫ ਸੈਕਟਰੀ ਦੇ ਪੀ. ਏ. ਸਨ ਤੇ ਫਿਰ ਚੰਡੀਗੜ੍ਹ ਜਾ ਕੇ ਮਨਿਸਟਰ ਗਿਆਨੀ ਕਰਤਾਰ ਸਿੰਘ ਦੇ ਪ੍ਰਾਈਵੇਟ ਸੈਕਟਰੀ ਬਣ ਗਏ। ਸੁਭਾਵ ਵਿੱਚ ਨੇਕੀ ਤੇ ਪ੍ਰੇਮ ਕੁਦਰਤੋਂ ਹੀ ਭਰਪੂਰ ਸੀ। ਉੱਚਾ ਆਚਰਨ ਤੇ ਹੋਰਨਾਂ ਦੇ ਦਿਲਾਂ ਵਿੱਚ ਉਤਸ਼ਾਹ ਭਰਦਾ ਸੀ। ਭਜਨ ਬੰਦਗ਼ੀ ਦੀ ਤਾਂ ਮੂਰਤ ਹੀ ਸਨ। ਹਿਕਮਤ ਵੀ ਜਾਣਦੇ ਸਨ। ਜਦੋਂ ਬੋਲਦੇ ਸਨ ਮਨ ਮੋਂਹਦੇ ਸਨ। ਸਾਰੀ ਸਾਰੀ ਰਾਤ ਭਜਨ ਵਿੱਚ ਬੈਠੇ ਰਹਿੰਦੇ ਸਨ, ਪਰ ਕੀ ਮਜਾਲ ਮੁੱਖ ਵਿੱਚੋਂ ਕਦੇ ਕੁੱਝ ਪ੍ਰਗਟ ਕਰਨ। ਹਰ ਸਮੇਂ ਨਿਰਮਾਣ ਤੇ ਅੰਜਾਨ ਬਣੇ ਰਹਿਣਾ। ਕਾਸ਼! ਕੁਦਰਤ ਅਜੇ ਉਸ ਨੂੰ ਹੋਰ ਜੀਵਨ ਦਿੰਦੀ। ਮਹਾਰਾਜ ਜੀ ਕਦੇ ਕਦਾਈਂ ਉਸ ਨੂੰ ਹਕੀਮ ਜੀ ਭੀ ਕਹਿ ਦਿੰਦੇ ਸਨ।

ਪਟਿਆਲੇ ਕਾਲੋਨੀ ਵਿੱਚ ਦੀਵਾਨ ਲੱਗੇ ਹੋਏ ਸਨ। ਮਹਾਰਾਜ ਜੀ ਸ. ਸਾਧੂ ਸਿੰਘ ਜੀ ਦੇ ਕੁਆਟਰ ਵਿੱਚ ਚਾਹ ਛਕ ਰਹੇ ਸਨ ਤੇ ਬਾਬਾ ਨੰਦ ਸਿੰਘ ਜੀ ਦੁਸਹਿਰਾ ਬਾਗ਼ ਵਾਲੇ ਭੀ ਪਲੰਘ ਉੱਪਰ ਬਿਰਾਜਮਾਨ ਸਨ। ਸ. ਸਾਧੂ ਸਿੰਘ ਜੀ ਦੇ ਪੰਜ ਲੜਕੀਆਂ ਹੀ ਸਨ, ਪਰ ਅਜੇ ਤਾਈਂ ਅਕਾਲ ਪੁਰਖ ਨੇ ਕੋਈ ਪੁੱਤਰ ਨਹੀਂ ਬਖਸ਼ਿਆ ਸੀ। ਪ੍ਰੇਮੀਆਂ ਨੇ ਪੰਜ ਲੜਕੀਆਂ ਇਕੱਠੀਆਂ ਕਰ ਕੇ ਮਹਾਂਪੁਰਸ਼ਾਂ ਦੇ ਅੱਗੇ ਲਾਈਨ ਲਾ ਕੇ ਖੜੀਆਂ ਕਰ ਦਿੱਤੀਆਂ। ਮਹਾਂਪੁਰਸ਼ਾਂ ਨੇ ਇਸ਼ਾਰੇ ਨਾਲ ਪੁੱਛਿਆ, "ਕੀ ਗੱਲ ਹੈ?" ਸਾਰੀ ਸੰਗਤ ਵਿੱਚੋਂ ਆਵਾਜ਼ ਆਈ, "ਪਾਤਸ਼ਾਹੋ ਸਾਧੂ ਸਿੰਘ ਤਾਂ ਸਾਧੂ ਹੈ। ਇਸ ਨੇ ਮੰਗਣਾ ਕੁੱਝ ਨਹੀਂ।" ਪਰ ਸੰਗਤ ਦੀ ਬੇਨਤੀ ਹੈ ਕਿ ਇੱਕ ਪੁੱਤਰ ਦੀ ਦਾਤ ਅਕਾਲ ਪੁਰਖ ਤੋਂ ਲੈ ਦੇਵੋ।" ਸੰਤ ਮਹਾਰਾਜ ਜੀ ਸੁਣ ਕੇ ਕੁੱਝ ਦੇਰ ਲਈ ਚੁੱਪ ਹੋ ਗਏ ਅਤੇ ਕਹਿਣ ਲੱਗੇ ਜੋ ਪ੍ਰੇਮੀ ਤਨੋ ਮਨੋਂ ਅਕਾਲ ਪੁਰਖ ਦੇ ਪੁੱਤਰ ਰੂਪ ਸੰਤਾਂ ਦੀ ਪ੍ਰੇਮ ਨਾਲ ਸੇਵਾ ਕਰਦਾ ਹੈ, ਉਸ ਦੀ ਉਹ ਝੋਲੀ ਜ਼ਰੂਰ ਭਰਨਗੇ। ਗੁਰੂ ਨਾਨਕ ਜੀ ਆਪਣੇ ਘਰੋਂ ਗੁਰਮੁਖ ਲਾਲ

ਬਖ਼ਸ਼ੇਗਾ। ਅਰਦਾਸ ਕਰਿਆ ਕਰੋ।" ਬਚਨ ਹੋ ਗਿਆ ਸੰਗਤ ਪ੍ਰਸੰਨ ਹੋ ਗਈ। ਸਾਧੂ ਸਿੰਘ ਜੀ ਦੇ ਨੇਤਰਾਂ ਵਿੱਚੋਂ ਸ਼ੁਕਰਾਨੇ ਦਾ ਜਲ ਵਰਸਣ ਲੱਗ ਪਿਆ। ਠੀਕ ਦਸ ਮਹੀਨੇ ਪਿਛੋਂ ਬੀਬੀ ਚੰਨਣ ਕੌਰ ਤੋਂ ਕਾਕਾ ਜੈ ਸਿੰਘ ਨੇ ਜਨਮ ਲਿਆ। ਜੋ ਜਮਾਂਦਰੂ ਹੀ ਸੋਝੀ ਵਾਲਾ ਤੇ ਗੁਰੂ ਘਰ ਦਾ ਪ੍ਰੇਮੀ ਹੈ। ਚਾਰ ਸਾਲ ਦੀ ਉਮਰ ਵਿੱਚ ਉਹ ਕੀਰਤਨੀ ਸਿੰਘਾਂ ਦੇ ਪਿੱਛੇ ਬੈਠ ਕੇ ਆਸਾ ਜੀ ਦੀ ਵਾਰ ਨਾਲ ਪੜ੍ਹਦਾ ਅਤੇ ਹਰ ਜਮਾਤ ਵਿੱਚ ਅੱਵਲ ਆਉਂਦਾ। ਪੰਜ ਬਾਣੀਆਂ ਉਸ ਦੇ ਬਚਪਨ ਵਿੱਚ ਹੀ ਕੰਠ ਸਨ ਅਤੇ ਆਪਣੇ ਪਿਤਾ ਜੀ ਦਾ ਵਿਛੋੜਾ ਸਿਆਣੇ ਬੰਦਿਆਂ ਤੋਂ ਵੀ ਵੱਧ ਜੇਰੇ ਨਾਲ ਝੱਲਿਆ ਤੇ ਸਭ ਨੂੰ ਹੌਂਸਲਾ ਦਿੰਦਾ ਰਿਹਾ। ਹੁਣ ਉਹ ਡਾਕਟਰੀ ਦਾ ਕੋਰਸ ਕਰ ਚੁੱਕਿਆ ਹੈ ਅਤੇ ਮਿਠ ਬੋਲੜਾ ਡਾਕਟਰ ਹੈ।

ਗੁਪਤ ਸਹਾਇਤਾ

੧੯੫੪ ਸੰਨ ਦੀਆਂ ਗ਼ਰਮੀਆਂ ਵਿੱਚ ਪਟਿਆਲੇ ਤੋਂ ਵਰਿਆਮ ਸਿੰਘ ਉਦਾਸੀਨ ਜਿਹਾ ਹੋ ਕੇ ਮਹਾਰਾਜ ਜੀ ਦੇ ਚਰਨਾਂ ਵਿੱਚ ਧਭਲਾਨ ਪੁੱਜਿਆ। ਮਹਾਰਾਜ ਜੀ ਨੇ ਹਿਰਦੇ ਦੀ ਪੀੜਾ ਪਛਾਣਦਿਆਂ ਪੁੱਛ ਕੀਤੀ, "ਕਿਉਂ?" ਅਰਜ਼ ਕੀਤੀ ਪਾਤਸ਼ਾਹ ਯੂ. ਪੀ. ਵਿੱਚ ਜ਼ਮੀਨ ਖਰੀਦੀ ਸੀ, ਪਰ ਡਾਢੇ ਬੰਦਿਆਂ ਨਾਲ ਵਾਹ ਪੈਣ ਕਰ ਕੇ ਜ਼ਮੀਨ ਵੰਡ ਨਹੀਂ ਹੁੰਦੀ। ਹੁਕਮ ਹੋਇਆ ਅਕਾਲ ਪੁਰਖ ਦੀ ਓਟ ਲੈ ਕੇ ਕਾਰਜ ਸਿਰੇ ਚਾੜੋ, ਸਹਾਇਤਾ ਹੋਵੇਗੀ। ਵਾਹਿਗੁਰੂ ਜੀ ਜਾਨਣ ਕੀ ਭਾਣਾ ਵਰਤਿਆ ਜਦੋਂ ਯੂ. ਪੀ. ਫਾਰਮ ਵਿੱਚ ਪੁੱਜਾ ਤਾਂ ਜ਼ਮੀਨ ਖਿੜੇ ਮੱਥੇ ਵੰਡ ਕੇ ਸਭਨਾਂ ਨੂੰ ਮਿਲ ਗਈ।

ਬਾਬਾ ਨੰਦ ਸਿੰਘ ਜੀ ਡੇਰਾ ਬਾਬਾ ਜੱਸਾ ਸਿੰਘ ਵਾਲਿਆਂ ਦਾ ਮਿਲਾਪ

ਬਾਬਾ ਨੰਦ ਸਿੰਘ ਜੀ ਦੁਸਹਿਰਾ ਬਾਗ਼ ਵਾਲੇ ਸੰਗਰੂਰ ਨਿਵਾਸ ਰੱਖਦੇ ਸਨ। ਉਹ ਪਟਿਆਲੇ ਡੇਰਾ ਬਾਬਾ ਜੱਸਾ ਸਿੰਘ ਵਿੱਚ ਕਾਫ਼ੀ ਸਮੇਂ ਤੋਂ ਬਿਰਾਜ ਰਹੇ ਸਨ। ਆਪ ੧੨੫ ਜਾਂ ੧੩੦ ਸਾਲ ਦੀ ਉਮਰ ਵਿਚੀਂ ਲੰਘ ਰਹੇ ਸਨ। ਉਨ੍ਹਾਂ ਦੇ ਸ਼ਰਧਾਲੂ ਪਟਿਆਲਾ, ਨਾਭਾ, ਸੰਗਰੂਰ ਦੇ ਰਾਜ ਘਰਾਣੇ ਵਿਸ਼ੇਸ਼ ਕਰ ਕੇ ਸਨ। ਵਾਕ ਸਤਾ ਸੰਪੂਰਨ ਹੋਣ ਕਰ ਕੇ ਸਕਾਮੀ ਜਾਚਕਾਂ ਦੀਆਂ ਭੀੜਾਂ ਲੱਗੀਆਂ ਰਹਿੰਦੀਆਂ ਸਨ। ਇਥੋਂ ਤਾਈਂ ਪ੍ਰਸਿੱਧੀ ਸੀ ਕਿ ਕਾਬਲ ਤੋਂ ਪਠਾਨ ਘਰਾਣੇ ਜਾਚਨਾਂ ਲਈ ਪੁੱਜਦੇ ਰਹਿੰਦੇ ਸਨ। ਇੱਕ ਵਾਰੀ ਨੌਂ ਪਠਾਨ ਬੀਬੀਆਂ ਆਪਣੇ ਨੌਂ ਨਵ-ਜਨਮੇਂ ਪੁੱਤਰਾਂ ਨੂੰ ਮਹਾਂਪੁਰਸ਼ਾਂ ਦੇ ਚਰਨ ਪਰਸਨ ਲਈ ਲੈ ਕੇ ਆਈਆਂ। ਖੁੱਲ੍ਹੀ ਬਿਰਤੀ ਦੇ ਮਾਲਕ ਸਨ। ਉਹ ਜਦੋਂ ਵੀ ਰਾੜੇ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਪ੍ਰੇਮੀਆਂ ਨਾਲ ਬਚਨ ਕਰਦੇ ਤਾਂ ਸਦਾ ਕਹਿੰਦੇ ਸਨ ਕਿ ਅਸਾਨੂੰ ਸ਼ਬਦ ਸੁਣਾ ਦੇਵੋ। ਅਸੀਂ ਦੋ ਵਾਰੀ ਇਹ ਸ਼ਬਦ ਸੁਣ ਚੁੱਕੇ ਹਾਂ। ਵਰਿਆਮ ਸਿੰਘ ਜਦੋਂ ਦਰਸ਼ਨ ਕਰਨ ਆਇਆ ਤਾਂ ਇਹੋ ਇੱਛਾ ਪ੍ਰਗਟ ਕੀਤੀ। ਉਨ੍ਹਾਂ ਪਾਸ ਸੰਤ ਮਹਾਰਾਜ ਜੀ ਹਰ ਇਕਾਦਸ਼ੀ ਦਾ ਦੀਵਾਨ ਲਾਉਣ ਲਈ ਰਾਜਪੁਰਾ ਰੋਡ ਕਾਲੋਨੀ ਵਿੱਚ ਜਾਇਆ ਕਰਦੇ ਸਨ। ਉਹ ਦੋ ਵਾਰੀ ਬਾਬਾ ਜੀ ਮਹਾਂਪੁਰਸ਼ਾਂ ਦੇ ਦੀਵਾਨ ਵਿੱਚ ਗਏ ਪਰ ਅਜੇ ਵੀ ਉਹ ਆਪਣੀ ਲੋਚਾ ਪ੍ਰਗਟ ਕਰਦੇ ਰਹਿੰਦੇ। ੧੯੫੭ ਫਰਵਰੀ ਦੇ ਮਹੀਨੇ ਜਦੋਂ ਵਰਿਆਮ ਸਿੰਘ ਜਲੰਧਰ ਤੋਂ ਦੀਵਾਨ ਸੁਨਣ ਲਈ ਅਜੇ ਪੁੱਜਿਆ ਹੀ ਸੀ, ਸੰਤ ਮਹਾਰਾਜ ਜੀ ਨੇ ਕਿਹਾ, "ਪਟਿਆਲੇ ਤੋਂ ਬਾਬਾ ਨੰਦ ਸਿੰਘ ਜੀ ਨੂੰ ਅਸਾਡੀ ਗੱਡੀ ਵਿੱਚ ਜਾ ਕੇ ਲੈ ਆ।" ਬਾਬਾ ਜੀ ਬੀਬੀਆਂ ਦੀ ਸੰਗਤ ਸਮੇਤ ਧਭਲਾਨ ਪੁੱਜੇ। ਮਹਾਰਾਜ ਜੀ ਨੇ ਹੱਦੋਂ ਵੱਧ ਸਤਿਕਾਰ ਕੀਤਾ। ਆਪਣੇ ਹੱਥੀਂ ਸੰਗਤ ਨੂੰ ਮਠਿਆਈ ਵਰਤਾ ਕੇ ਸਨਮਾਨਿਆ ਅਤੇ ਜੂਠੇ ਬਰਤਨ ਆਪ ਚੁੱਕੇ। ਦੀਵਾਨ ਵਿੱਚ ਬਾਬਾ ਜੀ ਨੂੰ ਸਟੇਜ ਉੱਪਰ ਆਸਨ ਕਰਾਇਆ ਮਹਾਰਾਜ ਜੀ ਨੇ ਸ਼ਬਦ ਪੜ੍ਹਿਆ:

ਸੁਤੇ ਭਾਗ ਜਾਗ ਪਏ ਮੇਰੇ, ਮੇਲਾ ਹੋ ਗਿਆ ਸਾਧੂਆਂ ਦਾ।

ਬਾਬਾ ਜੀ ਦੀਵਾਨ ਸਮੇਂ ਤਿੰਨ ਵਾਰੀ ਜ਼ੋਰ ਦੀ ਝੁਣਝਣੀ ਖਾਂਦੇ ਹੇਠਾਂ ਗਿਰਨੋਂ ਮਸਾਂ ਬਚੇ। ਦੀਵਾਨ ਦੀ ਸਮਾਪਤੀ ਉਪਰੰਤ ਭੋਰੇ ਵਿੱਚ ਆ ਗਏ। ਦੋਹਾਂ ਮਹਾਂਪੁਰਸ਼ਾਂ ਦੇ ਨਾਲ ਕੇਵਲ ਇੱਕੋ ਇੱਕ ਭਾਈ ਵਰਿਆਮ ਸਿੰਘ ਸੇਵਾ ਵਿੱਚ ਹਾਜ਼ਰ ਸਨ। ਬਾਬਾ ਨੰਦ ਸਿੰਘ ਜੀ ਨੇ ਮਹਾਂਪੁਰਸ਼ਾਂ ਨੂੰ ਕਿਹਾ ਅੱਜ ਮੇਰੀ ਸ਼ਬਦ ਸੁਣ ਕੇ ਬਹੁਤ ਦੇਰ ਦੀ ਇੱਛਾ ਪੂਰੀ ਹੋਈ ਹੈ। ਪਹਿਲੀ ਵਾਰੀ ਮੈਂ ਐਸਾ ਹੀ ਸ਼ਬਦ ਬਾਬਾ ਰਾਮ ਸਿੰਘ ਨਾਮਧਾਰੀ ਤੋਂ ਸਰਵਣ ਕੀਤਾ ਸੀ। ਫਿਰ ਉਸੇ ਸ਼ਕਤੀ ਦਾ ਸ਼ਬਦ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਤੋਂ ਅਤੇ ਅੱਜ ਤੁਸੀਂ ਸੁਣਾਇਆ ਹੈ, ਜਿਸ ਨੂੰ ਸੁਣ ਕੇ ਗੁਰੂ ਨਾਨਕ ਦੇ ਸਾਕਾਰ ਰੂਪ ਵਿੱਚ ਤਿੰਨ ਵਾਰੀ ਦੀਵਾਨ ਵਿਖੇ ਦਰਸ਼ਨ ਹੋਏ ਨੇ ਮੈਥੋਂ ਪ੍ਰਕਾਸ਼ ਸਹਿਣ ਨਾ ਹੋ ਸਕਿਆ। ਇਸੇ ਕਰ ਕੇ ਮੈਨੂੰ ਕੰਬਨੀ ਆਈ ਸੀ। ਫਿਰ ਕਹਿਣ ਲੱਗੇ ਕਿ ਇਹ ਆਸਨ ਮੈਨੂੰ ਬਹੁਤ ਪਸੰਦ ਆਇਆ ਹੈ। ਇਹ ਮੈਨੂੰ ਦੇ ਦੇਵੋ। ਬਾਕੀ ਦੇ ਸੁਆਸ ਇੱਥੇ ਹੀ ਪੂਰੇ ਕਰਾਂਗਾ। ਮਹਾਰਾਜ ਜੀ ਨੇ ਬਾਬਾ ਜੀ ਨੂੰ ਆਪਣੇ ਨਿੱਜੀ ਪਲੰਘ ਤੇ ਆਸਨ ਕਰਾ ਦਿੱਤਾ ਅਤੇ ਆਪ ਨਮਸ਼ਕਾਰ ਕਰ ਕੇ ਬੜੀ ਪ੍ਰਸੰਨਤਾ ਪੂਰਬਕ ਆਗਿਆ ਲੈ ਕੇ ਭੋਰੇ ਦੀਆਂ ਪੌੜੀਆਂ ਉੱਤਰ ਕੇ ਬਾਹਰ ਜਾਣ ਲੱਗੇ। ਬਾਬਾ ਜੀ ਨੇ ਅਵਾਜ਼ ਮਾਰੀ ਅਤੇ ਕਿਹਾ ਕਿ ਮੈਂ ਤਾਂ ਫੱਕਰ ਹਾਂ ਇਹ ਰਾਜ ਤੇ ਜੋਗ ਤੁਹਾਡੇ ਹਿੱਸੇ ਹੀ ਆਇਆ ਹੈ। ਬਾਬਾ

ਜੀ ਦੇ ਨੇਤਰ ਸਜਲ ਸਨ। ਕਹਿਣ ਲੱਗੇ, "ਤੈਂ ਗੁਰੂ ਨਾਨਕ ਦਾ ਘਰ ਨੀਵਾਂ ਹੋ ਕੇ ਲੁੱਟ ਲਿਆ ਹੈ। ਹੁਣ ਫੱਕਰ ਦਾ ਭੀ ਸਭੋ ਕੁੱਝ ਠੱਗਿਆ ਗਿਆ ਹੈ। ਸੈਂਕੜੇ ਸਾਲਾਂ ਦੀ ਰੂਹਾਨੀ ਕਮਾਈ ਮੈਂ ਅੱਜ ਤੇਰੀ ਝੋਲੀ ਵਿੱਚ ਪਾ ਕੇ ਗੁਰੂ ਨਾਨਕ ਨੂੰ ਨਮਸ਼ਕਾਰ ਕਰਦਾ ਹਾਂ। ਤੂੰ ਗੁਰੂ ਨਾਨਕ ਜੀ ਦੇ ਭੰਡਾਰੇ ਦੀਆਂ ਚਾਬੀਆਂ ਸੰਭਾਲ! ਪਰ ਇੱਕ ਬਚਨ ਹੈ ਕਿ ਭੰਡਾਰਾ ਖੁੱਲ੍ਹਾ ਦਿਲ ਕਰ ਕੇ ਵਰਤਾਈਂ। ਦੁਨੀਆਂ ਦੁਖੀ ਹੈ। ਗੁਰੂ ਘਰ ਬਿਨਾਂ ਹੋਰ ਕੋਈ ਦੁੱਖ ਦੂਰ ਨਹੀਂ ਕਰ ਸਕਦਾ।"

ਮਹਾਰਾਜ ਜੀ ਬਹੁਤ ਗੰਭੀਰ ਹੋ ਗਏ ਅਤੇ ਮਹਾਨ ਡੂੰਘੇ ਭਾਵਾਂ ਸਹਿਤ ਬੋਲੇ, "ਬਾਬਾ ਜੀ ਮੈਂ ਤਾਂ ਅਜੇ ਤਾਈਂ ਆਪਣੇ ਆਪ ਨੂੰ ਸਿੱਖ ਬਨਣ ਲਈ ਲੋਚਦਾ ਹਾਂ। ਸੰਤ ਪਦਵੀ ਤਾਂ ਬਹੁਤ ਉੱਚੀ ਹੈ।" ਬਾਬਾ ਜੀ ਨੇ ਆਖਿਆ, "ਇਹੋ ਤਾਂ ਤੇਰੀ ਨਿੰਮਰਤਾ ਹੈ, ਜਿਸ ਨੇ ਗੁਰੂ ਨਾਨਕ ਨੂੰ ਭੀ ਠੱਗ ਲਿਆ ਹੈ।" ਪਰਸਪਰ ਨਮਸ਼ਕਾਰ ਕਰਨ ਉਪਰੰਤ ਵਿਦਾ ਹੋਣ ਸਮੇਂ ਬਾਬਾ ਜੀ ਨੇ ਫਿਰ ਕਿਹਾ ਕਿ ਆਹ ਸੰਗਤ ਜੋ ਹੁਮ ਹੁਮਾ ਕੇ ਆ ਰਹੀ ਹੈ, ਇਸ ਨੂੰ ਹੁਣ ਜਮਾਂ ਦੀ ਮਾਰ ਤੋਂ ਛੁਡਾ ਦੇਹ।

ਸੰਤ ਆਸ਼ਰਮ ਧਭਲਾਨ ਦੀ ਸੇਵਾ ਵਾਲੇ ਖ਼ਾਸ ਪ੍ਰੇਮੀ

ਭਾਈ ਰਣਜੋਧ ਸਿੰਘ

ਭਾਈ ਰਣਜੋਧ ਸਿੰਘ ਐਫ. ਏ. ਕਰ ਕੇ ਨਹਿਰੀ ਪਟਵਾਰੀ ਦਾ ਕੋਰਸ ਕਰ ਕੇ ਨੌਕਰੀ ਲਈ ਪਟਿਆਲੇ ਆਇਆ। ਪੂਰਬਲੇ ਕਰਮਾਂ ਦੇ ਸੰਸਕਾਰਾਂ ਵੱਸ ਇਹ ਧਭਲਾਨ ਪੁੱਜ ਗਿਆ। ਦੋ ਚਾਰ ਦਿਨ ਰਹਿ ਪਿਆ। ਰਣਜੋਧ ਸਿੰਘ ਜੀ ਸੇਖਪੁਰੇ ਨਗਰ ਜ਼ਿਲ੍ਹਾ ਬਠਿੰਡਾ ਦੇ ਰਹਿਣ ਵਾਲੇ ਮਿੱਤਲ ਗੋਤ ਵਿੱਚੋਂ ਸਨ। ਬਚਪਨ ਤੋਂ ਧਾਰਮਿਕ ਸੰਸਕਾਰ ਸਨ। ਮਹਾਂਪੁਰਸ਼ਾਂ ਦੇ ਦਰਸ਼ਨ ਕਰ ਕੇ ਨਾਮ ਮਾਰਗ ਦੀ ਜੁਗਤ ਪ੍ਰਾਪਤ ਕੀਤੀ। ਅਜਿਹਾ ਅਸਰ ਹੋਇਆ ਕਿ ਪੁਰਾਣਾ ਮਦਨ ਲਾਲ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਗੁਰੂ ਘਰ ਦਾ ਸਤਿਕਾਰ ਯੋਗ ਭਾਈ ਰਣਜੋਧ ਸਿੰਘ ਹੋ ਗਿਆ। ਜਿਹਨਾਂ ਨੇ ਲੰਗਰ ਦੀ ਅਣਥੱਕ ਸੇਵਾ ਕੀਤੀ। ਪਸ਼ੂਆਂ ਦੀ ਸੇਵਾ ਸੰਭਾਲ ਦੀ ਸੇਵਾ ਨਿਭਾਹੀ। ਸ਼ੁੱਧ ਪਾਠ ਕਰ ਕੇ ਆਪ ਜੀ ਨੇ ਗ੍ਰੰਥੀ ਦੀ ਸੇਵਾ ਭੀ ਕੀਤੀ, 'ਸ੍ਰੀਮਾਨ ਜੀ' ਦੀ ਸਤਿਕਾਰ ਯੋਗ ਪਦਵੀ ਤੇ ਵੀ ਰਹੇ।

ਉੱਚ ਕੋਟੀ ਦੇ ਆਤਮਵਾਦੀ ਬਜ਼ੁਰਗਾਂ ਦਾ ਖ਼ਿਆਲ ਰਿਹਾ ਹੈ ਕਿ ਕਠਨ ਤਪ ਕੀਤਿਆਂ ਇਸ ਤਰ੍ਹਾਂ ਮਨ ਮਰਦਾ ਨਹੀਂ, ਬੇਹੋਸ਼ ਜ਼ਰੂਰ ਹੋ ਜਾਂਦਾ ਹੈ। ਮਨੁੱਖ ਇਹ ਜਾਣ ਲੈਂਦਾ ਹੈ ਕਿ ਮਨ ਮਰ ਗਿਆ ਹੈ, ਪਰ ਜਦੋਂ ਵੀ ਕੁਸੰਗਤ ਮਿਲਦੀ ਹੈ ਉਹ ਬੇਹੋਸ਼ ਹੋਏ ਪਏ ਡੱਡੂ ਦੇ ਬਰਖਾ ਪੈਣ ਸਮੇਂ ਗੜਾਂ ਪੈਣ ਵਾਂਗ ਜਾਗ ਉੱਠਦਾ ਹੈ।

ਮੈਂ ਜਾਨਿਓ ਮਨ ਮਰ ਗਿਓ, ਅਜੇ ਸੁ ਮਰਿਓ ਨਾਹਿ।
ਵਰਖਾ ਪਰੀ ਕੁਸੰਗ ਕੀ, ਦਾਦਰ ਜਿਉਂ ਗਰਗਾਇ।

ਪਰ ਸੇਵਾ ਦੇ ਕੀਤਿਆਂ ਮਨ ਦੀ ਦੌੜ ਤੇ ਧਾਉਣੀ ਰੁਕ ਜਾਂਦੀ ਹੈ ਤੇ ਰੁਕਿਆ ਮਨ ਗੁਰ ਸ਼ਬਦ ਵਿੱਚ ਟਿਕ ਕੇ ਉਸ ਦੇ ਰਸ ਨੂੰ ਮਾਣਦਾ ਹੈ। ਸੰਤ ਵਲੀ ਰਾਮ ਜੀ ਨੇ ਕਿਹਾ ਹੈ ਮੈਂ ਸਾਧੂਆਂ ਦੀ ਸੇਵਾ ਕਰਾਂਗਾ, ਮੁੱਲ ਖ੍ਰੀਦੇ ਗੋਲਿਆਂ ਵਾਂਗ ਕੰਮ ਲੱਗਾਂਗਾ, ਪੱਖਾਂ ਫੇਰਾਂਗਾ ਤੇ ਪਾਣੀ ਢੋਵਾਂਗਾ। ਮੈਂ ਉਨ੍ਹਾਂ ਦੀਆਂ ਪੱਤਲਾਂ ਬਨਾਉਣ ਲਈ ਪਿੱਪਲ ਦੇ ਪੱਤਰ ਚੁਣਾਂਗਾ। ਮੈਨੂੰ ਲੋਕ ਭਾਵੇਂ ਦੀਵਾਨਾ ਆਖ ਲੈਣ, ਉਹ ਮਖਲੂਕ ਨੂੰ ਸੁਣਾ ਲੈਣਾ, ਮੇਰਾ ਕੋਈ ਕੀ ਕਰ ਲਵੇਗਾ। ਯਥਾ:

ਸਾਧਾਂ ਦੀ ਮੈਂ ਦਾਸੀ ਥੀਸਾਂ, ਵਾਂਗ ਗੋਲੀਆਂ ਕਾਰ ਕਰੇਸਾਂ। ਪਾਣੀ ਢੋਵਾਂ ਪੱਖਾ ਫੇਰਾਂ, ਜੂਠੇ ਬਾਸਨ ਧੋਸਾਂ।
ਪਿੱਪਲ ਪੱਤ ਚੁਣੇਦੀ ਵਤਾਂ, ਮੈਨੂੰ ਲੋਕ ਕਹਿਣ ਦੀਵਾਨੀ।
ਗਹਿਲਾ ਲੋਕ ਕੀ ਹਾਲ ਦਾ ਮਹਿਰਮ, ਮੈਨੂੰ ਬ੍ਰਿਹੋਂ ਮਾਰੀ ਕਾਨੀ।

ਇਸ ਲਈ ਸੇਵਾ ਜਿੱਥੇ ਲੰਗਰ ਵਿੱਚ ਕੜਛੀ ਤੇ ਪਾਠਸ਼ਾਲਾ ਵਿੱਚ ਕਾਨੀ ਨਾਲ ਕੀਤੀ ਜਾ ਸਕਦੀ ਹੈ, ਇਸੇ ਤਰ੍ਹਾਂ ਸੇਵਾ ਰਾਜ ਕਾਇਮ ਕਰਨ ਹਿਤ ਰਣ ਵਿੱਚ ਤਲਵਾਰ ਨਾਲ ਵੀ ਹੋ ਸਕਦੀ ਹੈ ਤੇ ਸਾਧ ਸੰਗਤ ਵਿੱਚ ਕਥਾ ਕੀਰਤਨ ਦੁਆਰਾ ਵੀ ਕੀਤੀ ਜਾ ਸਕਦੀ ਹੈ।

ਇਹ ਬਚਨ ਸੁਣ ਕੇ ਰਣਜੋਧ ਸਿੰਘ ਦੇ ਮਨ ਤੇ ਬੜਾ ਗਹਿਰਾ ਅਸਰ ਹੋਇਆ ਅਤੇ ਉਸ ਸਮੇਂ ਹੀ ਸੇਵਾ ਭਗਤੀ ਵਿੱਚ ਜੁਟ ਪਿਆ। ਇਹ ਅੱਜ ਕੱਲ੍ਹ ਗੁਰਦੁਆਰੇ ਮਨੀਮਾਜਰੇ, ਨਜ਼ਦੀਕ ਚੰਡੀਗੜ੍ਹ ਠਹਿਰੇ ਹਨ।

ਸੰਤ ਸੁਖਦੇਵ ਸਿੰਘ ਜੀ

ਨਾਭਾ ਤਹਿਸੀਲ ਦੇ ਪਿੰਡ ਅਲੌਹਰਾਂ ਵਾਲੇ ਭਾਈ ਸੁਖਦੇਵ ਸਿੰਘ ਜੀ ਦੇ ਪੂਰਬਲੇ ਸੰਸਕਾਰਾਂ ਨੇ ਹਰਕਤ ਕੀਤੀ ਅਤੇ ੧੮ ਸਾਲਾਂ ਦੀ ਉਮਰ ਵਿੱਚ ਹਜ਼ੂਰ ਦੇ ਦੀਵਾਨ ਨਾਭੇ ਸੁਣ ਕੇ ਹਿਰਦਾ ਖਿੜ ਖਿੜਾ ਗਿਆ ਅਤੇ ਧਭਲਾਨ ਅੰਮ੍ਰਿਤ ਪਾਨ ਕਰ ਕੇ ਇੱਥੇ ਹੀ ਟਿਕ ਗਏ। ਇੱਕ ਦਿਨ ਮਹਾਂਪੁਰਸ਼ਾਂ ਨੇ ਇਸ ਪ੍ਰੇਮੀ ਨੂੰ ਸੰਬੋਧਨ ਕਰ ਕੇ ਨਿਮਨ ਉਪਦੇਸ਼ ਦਿਤਾ:

ਮਨ ਵੱਸ ਕਿਵੇਂ ਆਵੇ?

ਜੇਕਰ ਮਨੁੱਖ ਨੂੰ ਸੱਚ ਦੀ ਸੋਝੀ ਆ ਜਾਂਦੀ ਤਾਂ ਇਹ ਏਥੋਂ ਟੁਰ ਜਾਣ ਤੇ ਮਿੱਟੀ ਦੀ ਮੜੋਲੀ ਵਿੱਚੋਂ ਆਸਾਨ ਕੱਢ ਲਏ ਜਾਣ ਹੀ ਗ਼ਨੀਮਤ ਸਮਝਦਾ, ਕਿਉਂਕਿ ਜੋ ਉਸ ਨੂੰ ਪਿਛਲੇ ਚਲੇ ਆ ਰਹੇ ਸਿਲਸਿਲੇ ਮੁਤਾਬਕ ਅਗਾਂਹ ਵਧੇਰੇ ਖੁੱਲ੍ਹ ਨਸੀਬ ਹੋਣੀ ਸੀ। ਪਰ ਇਹ ਮੋਹ ਮਾਯਾ ਦਾ ਗ੍ਰਸਿਆ ਹੋਇਆ ਇਸ ਦੇਹ ਦੇ ਛੱਪਰ ਨੂੰ ਛੱਡਣਾ ਪਸੰਦ ਨਹੀਂ ਕਰਦਾ। ਭਾਵੇਂ ਕਾਲ ਆਪਣੀ ਵਰਤੋਂ ਨਾਲ ਇਸ ਨੂੰ ਕਦਮ ਕਦਮ ਤੇ ਚੇਤਾਵਨੀ ਕਰਾਂਦਾ ਹੈ ਕਿ ਇਹ ਛੱਪਰ ਦਿਨ ਬਦਿਨ ਰਿਹਾਇਸ਼ ਦੇ ਨਾ ਕਾਬਲ ਹੋ ਰਿਹਾ ਹੈ। ਇਸ ਦੀਆਂ ਨਸ਼ੀਲੀਆਂ ਅੱਖਾਂ ਚੁੰਧਿਆ ਚੁੱਕੀਆਂ ਹਨ। ਜ਼ਬਾਨ ਥਥਲੀ ਤੇ ਦੇਹ ਕੁੱਬੀ ਹੋ ਚੁੱਕੀ ਹੈ। ਕਾਲੀਆਂ ਜ਼ੁਲਫਾਂ ਚਿੱਟੀਆਂ ਜਲੂਟੀਆਂ ਵਿੱਚ ਬਦਲ ਗਈਆਂ ਹਨ। ਇਹ ਸਾਰੀਆਂ ਤਬਦੀਲੀਆਂ ਦਰਅਸਲ ਕਾਲ ਵੱਲੋਂ ਦਿੱਤੇ ਜਾ ਰਹੇ ਨੋਟਸ ਸਨ।

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥ ***(ਸੋਰਠਿ ਭਗਤ ਭੀਖਨ ਜੀ - ੬੫੯)***

ਪਰ ਲੁਤਫ ਇਹ ਹੈ ਕਿ ਮਨੁੱਖ ਕਿਸੇ ਘੋਰੀ ਅਮਲੀ ਵਾਂਗ ਇਨ੍ਹਾਂ ਚੇਤਾਵਣੀਆਂ ਨੂੰ ਸੁਣਦਾ ਹੀ ਨਹੀਂ। ਦਲਿਦ੍ਰੀ ਨਵੇਂ ਖ਼ੂਬਸੂਰਤ ਮਹਿਲਾਂ ਵਿੱਚ ਜਾਣ ਦੀ ਥਾਂ ਇੱਕ ਟੁੱਟੀ ਛੰਨ ਵਿੱਚ ਹੀ ਪਿਆ ਰਹਿਣਾ ਪੰਸਦ ਕਰਦਾ ਹੈ। ਇਹ ਮਾਯਾ ਦੀ ਮਦਰਾ ਪੀ ਕੇ ਮਸਤ ਹੋਇਆ ਨਸ਼ਈ ਪੁਰਾਣੀਆਂ ਜੁੱਲੀਆਂ ਵਿੱਚ ਪਏ ਉਗਲਾਈ ਜਾਣਾ ਤੇ ਪਿੰਡਾ ਖੁਰਕੀ ਜਾਣਾ ਹੀ ਜੀਵਨ ਮਨੋਰਥ ਬਣਾਈ ਰੱਖਣਾ ਪਸੰਦ ਕਰਦਾ ਹੈ। ਸੋ ਭਗਤ ਕਬੀਰ ਦੇ ਕਥਨ ਅਨੁਸਾਰ:

ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥

(ਭੈਰਉ ਭਗਤ ਕਬੀਰ ਜੀ - ੧੧੫੯)

ਉਸ ਤੋਂ ਪਹਿਲਾਂ ਆਪਣੇ ਜੀਵਨ ਨੂੰ ਸਤਪੁਰਸ਼ਾਂ ਦੀ ਸੰਗਤ ਦੁਆਰਾ ਸੇਵਾ ਸਿਮਰਨ ਕਰ ਕੇ ਸਫ਼ਲਾ ਕਰੋ। ਅਰ ਮਨ ਦੀ ਇਕਾਗਰਤਾ ਨਾਲ ਕਥਾ ਕੀਰਤਨ ਸੁਣਿਆ ਕਰੋ।

ਇਹ ਅੱਜ ਕੱਲ੍ਹ ਆਪਣੇ ਨਗਰ ਅਲਹੌਰਾ ਸਿਧਾਂ ਦੀ ਜਗਾ ਆਬਾਦ ਕਰ ਕੇ ਡੇਰਾ ਬਣਾ ਕੇ ਰਿਹਾਇਸ਼ ਰੱਖਦੇ ਹਨ। ਸੱਤਰ ਅੱਸੀ ਸਿੰਘ ਰਹਿੰਦੇ ਹਨ। ਲੰਗਰ ਚੱਲਦਾ ਹੈ। ਕਮਰੇ, ਗੁਰਦੁਆਰਾ, ਸੁੰਦਰ ਹਾਲ ਤੇ ਸਰੋਵਰ ਬਣਿਆ ਦੂਰ ਤੱਕ ਇਲਾਕਾ ਮੰਨਦਾ ਹੈ। ਕਈ ਜਗ੍ਹਾ ਸੇਵਾ ਚਲਦੀ ਹੈ। ਕਈ ਜਥੇ ਹਨ।

ਗਿਆਨੀ ਰਤਨ ਸਿੰਘ ਜੀ

ਤਹਿਸੀਲ ਖਰੜ ਜ਼ਿਲ੍ਹਾ ਰੋਪੜ ਦੇ ਪਿੰਡ ਵਡਾਲੀ ਦੇ ਪ੍ਰੇਮੀ ਗਿਆਨੀ ਰਤਨ ਸਿੰਘ ਜੀ ੧੯੫੨ ਵਿੱਚ ਕਰਮਸਰ ਪੁੱਜੇ ਅਤੇ ਮਹਾਂਪੁਰਸ਼ਾਂ ਤੋਂ ਮਨ ਵਸ ਕਰਨ ਲਈ ਜੁਗਤੀ ਪੁੱਛੀ ਆਪ ਨੇ ਇਸ ਦੀ ਤੀਬਰ ਸ਼ਰਧਾ ਵੇਖ ਕੇ ਫੁਰਮਾਇਆ।

ਸ੍ਰੋਤੇ ਦੇ ਚੌਦਾਂ ਗੁਣ

ਸੰਤ ਮਹਾਰਾਜ ਜੀ ਨੇ ਉਪਦੇਸ਼ ਕੀਤਾ ਕਿ ਜਿਵੇਂ ਪੂਰਨ ਵਕਤੇ ਵਿੱਚ ਚੌਦਾਂ ਗੁਣ ਹੁੰਦੇ ਹਨ ਇਸੇ ਤਰ੍ਹਾਂ ਸ੍ਰੋਤਿਆਂ ਦੇ ਵੀ ੧੪ ਗੁਣ ਹੁੰਦੇ ਹਨ, ਜਿਨ੍ਹਾਂ ਵਿੱਚ ਇਹ ਸਾਰੇ ਘਟਦੇ ਹਨ ਉਹੋ ਅਸਲੀ ਸ੍ਰੋਤੇ ਹਨ। ਯਥਾ:

੧) ਸ੍ਰੋਤੇ ਲਈ ਮਨ, ਬਚ, ਕਰਮ ਦੇ ਵਕਤੇ ਦਾ ਭਗਤ ਹੋਣਾ ਜ਼ਰੂਰੀ ਹੈ
੨) ਹਥਿਆਰ ਤੋਂ ਰਹਿਤ ਹੋਣਾ
੩) ਸੁਣਨ ਵਿੱਚ ਪ੍ਰੀਤਵਾਨ ਹੋਣਾ
੪) ਕੁਤਰਕੀ ਨਾ ਹੋਣਾ
੫) ਸਰੀਰ ਜਾਂ ਬਚਨਾਂ ਦੀ ਚਤੁਰਾਈ ਨਾ ਕਰਨੀ
੬) ਵਕਤੇ ਦੇ ਪ੍ਰਸੰਗ ਨੂੰ ਸਮਝਣ ਵਿੱਚ ਚਤੁਰ ਹੋਣਾ੭) ਪ੍ਰਸ਼ਨ ਕਰਨ ਵਿੱਚ ਸਿਆਣਾ ਹੋਣਾ
੮) ਬਹੁਤੇ ਗ੍ਰੰਥ ਸੁਣੇ ਹੋਏ ਹੋਣੇ
੯) ਆਲਸੀ ਨਾ ਹੋਣਾ
੧੦) ਸੁਨਣ ਵੇਲੇ ਸਾਵਧਾਨ ਹੋ ਕੇ ਬੈਠਣਾ ਸੌਣਾ ਨਹੀਂ੧੧) ਜੋ ਬਚਨ ਸੁਣੇ ਉਸ ਦਾ ਧਾਰਨੀ ਹੋਣਾ
੧੨) ਸਤਿਗੁਰਾਂ ਦੇ ਸਿਧਾਂਤ ਦੇ ਵਿਰੁੱਧ ਪ੍ਰਕਰਨ ਦਾ ਤਿਆਗੀ ਹੋਣਾ
੧੩) ਹਰ ਸਮੇਂ ਪਵਿੱਤਰ ਰਹਿਣਾ
੧੪) ਪਖੰਡੀ ਨਾ ਹੋਣਾ, ਅੰਦਰੋਂ ਬਾਹਰੋਂ ਇੱਕੋ ਜੇਹਾ ਹੋਣਾ

ਆਪ ਜੀ ਦੀ ਸੰਗਤ ਕਰਨ ਤੇ ਪਾਸ ਆਉਣ ਵਾਲੇ ਕਈ ਗੁਰਮੁਖ ਸ੍ਰੋਤਿਆਂ ਵਿੱਚ ਇਹ ਗੁਣ ਪ੍ਰਤੱਖ ਦੇਖੇ ਗਏ।

ਹਰ ਇੱਕ ਪ੍ਰਾਣੀ ਮਾਤਰ ਨੂੰ ਆਪ ਭਲੇ ਕਰਮ ਦਾ ਉਪਦੇਸ਼ ਕਰਦੇ ਪਰ ਨਿਕਟਵਰਤੀ ਸਾਧੂਆਂ ਤੇ ਖ਼ਾਸ ਕ੍ਰਿਪਾ ਹੁੰਦੀ। ਜੈਸਾ ਕਿ ਆਪ ਜੀ ਨੇ ਫੁਰਮਾਇਆ ਹੈ:

ਸਾਧੂ ਦੇ ਧਾਰਣ ਯੋਗ ਤਿੰਨ ਗੱਲਾਂ

ਪਹਿਲੀ ਗੱਲ ਤਾਂ ਇਹ ਹੈ ਕਿ ਸਾਧੂ ਹੋ ਕੇ ਫਿਰਕਾਪ੍ਰਸਤ ਨਾ ਬਣੇ, ਕਿਉਂਕਿ ਪ੍ਰਲੋਕ ਤੇ ਪ੍ਰਮੇਸ਼ਰ ਕਿਸੇ ਇੱਕ (ਫ਼ਿਰਕੇ) ਮਜ਼ਹਬ ਦਾ ਨਹੀਂ। ਉਸ ਜਗ੍ਹਾ ਤਾਂ ਜੀਵ ਦੀ ਕਰਨੀ ਹੀ ਪ੍ਰਧਾਨ ਹੈ।

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥ (ਸੋਰਠਿ ਭਗਤ ਰਵਿਦਾਸ ਜੀ - ੬੫੯)

ਪ੍ਰਲੋਕ ਵਾਦੀ ਸਾਧੂ ਨੂੰ ਫ਼ਿਰਕੇਪੁਣੇ ਵਿੱਚ ਸ਼ਾਂਤੀ ਵੀ ਨਹੀਂ ਮਿਲਦੀ ਪਰ ਆਪਣੇ ਇਸ਼ਟ ਦੇਵ ਅਤੇ ਸਿਧਾਂਤ ਤੇ ਪੂਰਨ ਹੋਵੇ। ਅਨਮਤੀਆਂ ਦੇ ਬਚਨਾਂ ਨੂੰ ਸੁਣ ਉਨ੍ਹਾਂ ਦੇ ਮਗਰ ਲੱਗ ਕੇ, ਆਪਣਾ ਸਿਧਾਂਤ ਨਾ ਛੱਡ ਬੈਠੇ। ਤਰਕ ਕਿਸੇ ਮਤ ਤੇ ਨਾ ਕਰੋ। ਭਾਵੇਂ ਪੁੱਤਰ ਨੇ ਆਪਣੇ ਪਿਤਾ ਦੀ ਜਾਇਦਾਦ ਦਾ ਮਾਲਕ ਬਣਨਾ ਹੈ, ਪਰ ਝਗੜਾ ਚਾਚੇ ਤਾਇਆਂ ਨਾਲ ਵੀ ਨਹੀਂ ਕਰਨਾ।

ਦੂਸਰੀ ਗੱਲ ਇਹ ਹੈ ਕਿ ਸਾਧੂ ਅਥਵਾ ਸਿੰਘ ਆਪਣੇ ਨਿੱਤਨੇਮ ਦਾ ਪੱਕਾ ਹੋਵੇ। ਅੰਮ੍ਰਿਤ ਵੇਲੇ ਦਾ ਜਾਗਣਾ, ਗੁਰਬਾਣੀ ਦਾ ਨਿੱਤਨੇਮ ਤੇ ਹੋਰ ਭਜਨ ਸਿਮਰਨ ਜਾਂ ਸਤ ਕਰਮਾਂ ਦਾ ਤਿਆਗ ਹੋਣ ਕਰ ਕੇ ਇਸ ਨੂੰ ਅਸ਼ਾਂਤੀ ਅਤੇ ਵਿਕਾਰ ਆ ਘੇਰਦੇ ਹਨ ਜਿਸ ਕਰ ਕੇ ਪ੍ਰਲੋਕ ਸੁੱਖ ਤੋਂ ਖ਼ਾਲੀ ਰਹਿ ਜਾਂਦਾ ਹੈ।

ਤੀਜੀ ਗੱਲ ਇਹ ਹੈ ਕਿ ਸਾਧੂ ਨੂੰ ਇਕਾਂਤ ਅਸਥਾਨ ਵਿੱਚ ਇਕੱਲੀ ਇਸਤ੍ਰੀ ਪਾਸ ਨਹੀਂ ਬੈਠਣਾ ਚਾਹੀਦਾ। (ਚਾਹੇ ਉਹ ਆਪਣੀ ਸਕੀ ਭੈਣ ਜਾਂ ਮਾਤਾ ਭੀ ਕਿਉਂ ਨਾ ਹੋਵੇ) ਕਿਉਂਕਿ ਇਸ ਗੱਲ ਨੂੰ ਦੇਖਣ ਵਾਲਾ ਤਾਂ ਨਹੀਂ ਜਾਣਦਾ ਕਿ ਇਹ ਇਸ ਦੀ ਮਾਂ ਜਾਂ ਭੈਣ ਹੈ। ਉਹ ਤਾਂ ਦੇਖ ਕੇ ਜ਼ਰੂਰ ਹੀ ਮਨ ਵਿੱਚ ਗਿਲਾਨੀ ਧਾਰਨ ਕਰੇਗਾ ਅਤੇ ਅਗਨੀ ਦਾ ਕੁਦਰਤੀ ਸੁਭਾਅ ਵੀ ਐਸਾ ਹੀ ਹੈ ਕਿ ਪਾਸ ਬੈਠਣ ਵਾਲੇ ਦੇ ਕੱਪੜੇ ਫੂਕੇਗੀ। ਜੋ ਕੋਈ ਚਤੁਰ ਪੁਰਸ਼ ਕੱਪੜੇ ਸੜਨੋਂ ਬਚਾ ਲਵੇ, ਤਾਂ ਭੀ ਸਰੀਰ ਨੂੰ ਸੇਕ ਤਾਂ ਲੱਗ ਹੀ ਜਾਵੇਗਾ। ਫਿਰ ਉਸ ਦੇ ਧੂੰਏਂ ਨਾਲ ਬਸਤਰ ਕਾਲੇ ਤੇ ਦਾਗੀ ਹੋ ਜਾਣਗੇ।

ਜਦ ਤੱਕ ਸਾਧੂ ਇਨ੍ਹਾਂ ਗੱਲਾਂ ਤੇ ਪ੍ਰਪੱਕ ਰਹਿੰਦਾ ਹੈ ਤਦ ਤੱਕ ਸਾਰੇ ਹੀ ਇਸ ਦਾ ਆਦਰ ਸਤਿਕਾਰ ਕਰਦੇ ਹਨ। ਜਦੋਂ ਇਨ੍ਹਾਂ ਤੋਂ ਦੂਰ ਚਲਾ ਜਾਂਦਾ ਹੈ ਤਾਂ ਨਿੰਦਾ ਸ਼ੁਰੂ ਹੋ ਜਾਂਦੀ ਹੈ। ਇਹ ਚਾਰ ਗੱਲਾਂ ਵੀ ਅਤੀ ਜ਼ਰੂਰੀ ਹਨ।

ਬਹੁਤਾ ਇਕਾਂਤ ਸੇਵੀ ਹੋਵੇ, ਬਚਨ ਘੱਟ ਕਰੇ, ਥੋੜ੍ਹਾ ਭੋਜਨ ਕਰੇ, ਥੋੜ੍ਹੀ ਨਿੰਦਰਾ ਲਵੇ। ਜੇਕਰ ਹੋ ਸਕੇ ਤਾਂ ਮਨ ਟਿਕਾ ਕੇ ਭਜਨ ਕਰੇ। ਨਹੀਂ ਗੁਰਬਾਣੀ ਦਾ ਨਿੱਤਨੇਮ ਜਾਂ ਕਿਸੇ ਸਤ ਸ਼ਾਸਤਰ ਦੀ ਵਿਚਾਰ ਵਿੱਚ ਲੱਗਾ ਰਹੇ ਅਥਵਾ ਨੀਂਦ ਵਸ ਹੋ ਜਾਵੇ। ਪਰ ਕੁਸੰਗਤ ਤੋਂ ਬਚੇ। ਹਮੇਸ਼ਾਂ ਸੰਗਤ ਦੇ ਕਿਲ੍ਹੇ ਵਿੱਚ ਰਹੇ। ਬੁਰੇ ਕੰਮਾਂ ਤੋਂ ਬਚ ਕੇ ਰਹਿਣ ਵਾਲਾ ਥੋੜ੍ਹਾ ਭੀ ਭਜਨ ਕਰੇ, ਉਹ ਵੀ ਕਲਜੁਗ ਦੇ ਸਮੇਂ ਪੂਰਾ ਸਾਧੂ ਹੈ।

ਇਹ ਅੱਜ ਕੱਲ੍ਹ ਅਤਰਸਰ ਗੁਰਦੁਆਰੇ ਦੇ ਮੁਖੀ ਸੇਵਾਦਾਰ ਹਨ।

ਪੁੱਤਰ ਭੇਟਾ

ਬੀਬੀ ਕਰਤਾਰ ਕੌਰ ਮਸਤਾਨੀ ਗੋਪਾਲਪੁਰ (ਹਾਲ ਚੰਡੀਗੜ੍ਹ) ਤੋਂ ਮਹਾਂਪੁਰਸ਼ਾਂ ਦੀ ਅੰਨਿਨ ਸੇਵਕ ਸੀ। ਉਸ ਦੇ ਪੁੱਤਰ ਜੋਗਿੰਦਰ ਸਿੰਘ ਜੋ ੨੨-੯-੪੭ ਨੂੰ ਪੈਦਾ ਹੋਇਆ ਨੂੰ ਪੰਜ ਛੇ ਸਾਲ ਦੀ ਉਮਰ ਵਿੱਚ ਕਿਸੇ ਡਰੌਣੀ ਬਦਰੂਹ ਨੇ ਮਕਾਨ ਦੀ ਛੱਤ ਤੋਂ ਸੁੱਟ ਦਿਤਾ ਪਰ ਕੋਈ ਸੱਟ ਨਾ ਲੱਗੀ। ਐਉਂ ਲੱਗਿਆ ਜਿਵੇਂ ਕਿਸੇ ਸਫ਼ੈਦ ਕੱਪੜਿਆਂ ਵਾਲੀ ਪਵਿੱਤਰ ਰੂਹ ਨੇ ਬਚਾ ਲਿਆ। ਇਸ ਦੀ ਮਾਤਾ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਇਸ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੋ ਅਤੇ ਨਾਲ ਹੀ ਰੱਖੋ। ਹਜ਼ੂਰ ਨੇ ਕਿਹਾ ਇਸ ਨੂੰ ਪੜ੍ਹਾਓ ਲਿਖਾਓ। ਵੱਡਾ ਹੋਣ ਤੇ ਸਮੇਂ ਮੁਤਾਬਕ ਵਰਤਿਆ ਜਾਵੇਗਾ। ਜੋਗਿੰਦਰ ਸਿੰਘ ਦਸ ਜਮਾਤਾਂ ਪਾਸ ਕਰ ਕੇ ਖਰਾਦ ਦਾ ਕੰਮ ਸਿੱਖ ਕੇ ਕਰਮਸਰ ਵਿੱਚ ਆ ਗਿਆ। ਹਜ਼ੂਰ ਨੇ ਉਪਦੇਸ਼ ਕੀਤਾ:

ਸਰਬੱਤ ਨਾਲ ਪਿਆਰ ਦੀ ਵਰਤੋਂ, ਵੱਡਿਆਂ ਦਾ ਸਤਿਕਾਰ, ਦੁਖੀ ਅਤੇ ਲੋੜਵੰਦਾਂ ਨਾਲ ਹਿਤ ਦੇ ਉਦਾਰਤਾਈ ਵਾਲਾ ਵਰਤਾਰਾ ਕਰੇ। ਸਾਰਿਆਂ ਦਾ ਭਲਾ ਮੰਗਣਾ ਸੁਹਿਰਦਤਾ ਹੈ। ਦੁਖੀਆਂ ਦੀ ਮਦਦ ਕਰਨੀ ਨੇਕੀ ਵਾਲਾ ਕੰਮ ਹੈ। ਦੂਜਿਆਂ ਨੂੰ ਸੁਖੀ ਵੇਖ ਕੇ ਖੁਸ਼ ਹੋਣਾ, ਭਲੇ ਪੁਰਸ਼ਾਂ ਦੇ ਲੱਛਣ ਹਨ। ਅਨਾਥਾਂ ਦੀ ਸਹਾਇਤਾ, ਦੁਖੀਆਂ ਦੀ ਦਿਲਦਾਰੀ, ਡਰੇ ਹੋਇਆਂ ਦੀ ਤਸੱਲੀ, ਮੁਥਾਜਾਂ ਦੀ ਲੋੜ ਨੂੰ ਪੂਰਿਆਂ ਕਰਨ ਵਾਲਾ ਅਸਲੀ ਪ੍ਰਮਾਰਥੀ ਪਾਂਧੀ ਹੈ। ਉਹੋ ਹੀ ਪੁਰਸ਼ ਧੰਨਤਾ ਯੋਗ ਹਨ ਜਿਨ੍ਹਾਂ ਨੇ ਆਪਣੇ ਅੰਦਰ ਪ੍ਰਮੇਸ਼ਰ ਦਾ ਨਾਮ ਵਸਾਇਆ ਹੈ। ਮਨ, ਬਾਣੀ ਸਰੀਰ ਨਾਲ ਹੋਣ ਵਾਲੇ ਤਿੰਨ

ਤਰ੍ਹਾਂ ਦੇ ਪਾਪਾਂ ਤੋਂ ਮਨੁੱਖ ਨੂੰ ਆਪ ਹੀ ਤਕਲੀਫ਼ ਉਠਾਉਣੀ ਪੈਂਦੀ ਹੈ। ਜੇ ਇਨ੍ਹਾਂ ਨੂੰ ਕਾਬੂ 'ਚ ਰੱਖੇ ਤਾਂ ਸੰਸਾਰ ਨੂੰ ਵੀ ਤਕਲੀਫ਼ ਤੋਂ ਬਚਾਇਆ ਜਾ ਸਕਦਾ ਹੈ। ਸਾਧੂ ਨੂੰ ਧਰਤੀ ਦੇ ਸਮਾਨ ਧੀਰਜ ਚਾਹੀਏ ਕਿਉਂਕਿ ਖ਼ਿਮਾ ਹੀ ਸਾਧੂ ਦਾ ਭੂਸ਼ਨ ਹੈ।

ਖੋਦ ਖਾਦ ਧਰਤੀ ਸਹੇ ਕਾਟ ਕੂਟ ਬਨਰਾਇ। ਬੋਲ ਕਬੋਲ ਸਾਧੂ ਸਹੇ ਔਰ ਪੈ ਸਹਿਆ ਨ ਜਾਇ।

ਇਤਿਹਾਸ ਵਿੱਚ ਪ੍ਰਸੰਗ ਆਉਂਦਾ ਹੈ ਕਿ ਇੱਕ ਬੀਤਰਾਗ ਮਹਾਤਮਾ ਜੰਗਲ ਵਿੱਚ ਬੈਠਾ ਤਪ ਕਰਦਾ ਸੀ। ਸਰੀਰ ਉੱਤੇ ਗ਼ਰਮੀ, ਸਰਦੀ, ਧੁੱਪ, ਬਾਰਸ਼ ਨੂੰ ਸਹਾਰ ਕੇ ਬੜੀ ਯੋਗ ਸਾਧਨਾਂ ਵਿੱਚ ਲੱਗਾ ਸੀ। ਇੱਕ ਵੇਰ ਉਸ ਨੂੰ ਕਈ ਦਿਨ ਖਾਣ ਵਾਸਤੇ ਕੁੱਝ ਨਾ ਮਿਲਿਆ ਤਾਂ ਉਹ ਉੱਠ ਕੇ ਪਾਸ ਦੇ ਨਗਰ ਆਇਆ। ਇੱਕ ਸ਼ਾਹ ਦੇ ਘਰ ਬ੍ਰਹਮਭੋਜ ਸੀ। ਇਹ ਸਾਰਾ ਦਿਨ ਉਸ ਦੇ ਬੂਹੇ ਅੱਗੇ ਇੱਕ ਪਾਸੇ ਖੂੰਜੇ ਲੱਗਾ ਖੜਾ ਰਿਹਾ ਪਰ ਕਿਸੇ ਨੇ ਖੈਰ ਨਾ ਪਾਈ। ਜਦ ਰਾਤ ਤੱਕ ਖਾਣ ਨੂੰ ਕੁੱਝ ਨਾ ਮਿਲਿਆ ਤਾਂ ਹਾਰ ਕੇ ਭੁੱਖਾ ਹੀ ਸਾਧੂ ਵਾਪਸ ਆਪਣੀ ਕੁਟੀਆ ਵਿੱਚ ਮੁੜ ਆਇਆ।

ਅਜੇ ਇਹ ਆ ਕੇ ਬੈਠਾ ਹੀ ਸੀ ਤਾਂ ਕੁੱਝ ਕੁ ਸਮੇਂ ਬਾਅਦ ਇਸ ਨੂੰ ਦੋ ਆਦਮੀ ਦਿਸੇ ਜੋ ਇਸ ਦੀ ਕੁਟੀਆ ਅੱਗੇ ਮਸਾਲਾਂ ਲਈ ਖੜੇ ਸਨ। ਆਖਣ ਲੱਗੇ, "ਚੱਲ ਸਾਧੂ! ਸਾਨੂੰ ਉਸ ਸ਼ਾਹ ਦਾ ਘਰ ਦਿਖਾ ਜਿਸ ਦੇ ਦੁਆਰੇ ਤੋਂ ਤੈਨੂੰ ਅੱਜ ਅੰਨ ਨਹੀਂ ਮਿਲਿਆ। ਸਾਨੂੰ ਉਸ ਦੇ ਘਰ ਸਾੜਨ ਵਾਸਤੇ ਦੇਵਤਿਆਂ ਨੇ ਭੇਜਿਆ ਹੈ।"

ਸਾਧੂ ਨੇ ਉੱਠ ਕੇ ਕਿਹਾ, "ਚੰਗਾ ! ਇਨ੍ਹਾਂ ਵਿੱਚੋਂ ਇੱਕ ਮਸਾਲ ਮੈਨੂੰ ਫੜਾ ਦਿਓ।" ਜਦੋਂ ਉਨ੍ਹਾਂ ਨੇ ਇੱਕ ਮਸਾਲ ਉਸ ਨੂੰ ਦੇ ਦਿੱਤੀ ਤਾਂ ਉਹ ਉਸ ਮਸਾਲ ਨਾਲ ਦੋਹਾਂ ਬੰਦਿਆਂ ਨੂੰ ਹੀ ਸਾੜਨ ਲੱਗ ਪਿਆ। ਉਹ ਦੌੜ ਪਏ ਤੇ ਪੁਕਾਰੇ ਕਿ ਸੰਤ ਜੀ! ਤੁਸੀ ਆਪਣੇ ਹਮਾਇਤੀਆਂ ਨਾਲ ਬੁਰਾ ਕਿਉਂ ਕਰਦੇ ਹੋ? ਇਹ ਤੁਹਾਡੀ ਚੰਗੀ ਸਿਆਣਪ ਹੈ। ਸਾਧੂ ਨੇ ਉੱਤਰ ਦਿੱਤਾ, "ਬਈ! ਜਿਸ ਨੇ ਤੁਸਾਨੂੰ ਦੰਡ ਦੇਣ ਲਈ ਘੱਲਿਆ ਹੈ, ਕੀ ਉਹ ਸ਼ਾਹ ਦੇ ਰਿਦੇ ਨੂੰ ਨਹੀਂ ਸੀ ਪ੍ਰੇਰ ਸਕਦਾ? ਜੋ ਕਿ ਉਹ ਮੈਨੂੰ ਅੰਨ ਦੇ ਦੇਂਦਾ। ਮੇਰਾ ਧਰਮ ਹੈ ਕਰਤਾਰ ਨੂੰ ਦੇਖਣਾ ਨਾ ਕਿ ਸ਼ਾਹ ਨੂੰ? ਕੁੱਤੇ ਦੇ ਸੋਟੀ ਮਾਰੋ ਤਾਂ ਉਹ ਸੋਟੀ ਨੂੰ ਚੱਕ ਮਾਰਦਾ ਹੈ। ਪਰ ਜੇ ਸ਼ੇਰ ਨੂੰ ਸੋਟੀ ਮਾਰੋ ਤਾਂ ਉਹ ਮਾਰਨ ਵਾਲੇ ਨੂੰ ਵੇਖਦਾ ਹੈ। ਸੋਟੀ ਨੂੰ ਚੱਕ ਨਹੀਂ ਮਾਰਦਾ ਹੈ।

ਕਰਤਾ ਵਾਦੀ ਸਿੰਘ ਸਮ, 'ਕਰਮੀ' ਸੁਆਨ ਸਮਾਨ। ਉਹ ਅਯੁਧ ਹੀ ਰਿਪ ਲਖੇ, ਉਹ ਪ੍ਰੇਰਕ ਪਰਮਾਨ।

ਸਾਧੂ ਦਾ ਧਰਮ ਹੈ ਕਰਤਾਰ ਨੂੰ ਨਯੰਤਾ ਪ੍ਰੇਰਕ ਤੱਕਣਾ ਤੇ ਜੀਵਾਂ ਨਾਲ ਗੁੱਸੇ ਨਾ ਹੋਣਾ।

ਸੋ ਗੁਰਮੁਖੋ! ਇਹ ਹੈ ਅਸਲੀ ਫ਼ਕੀਰੀ ਤੇ ਤਿਆਗੀ ਸਾਧੂ ਦਾ ਸਰੂਪ ਜੋ ਖ਼ਿਮਾਂ ਦਾ ਕਿਸੇ ਸਮੇਂ ਵੀ ਸਾਥ ਨਹੀਂ ਛੱਡਣਾ, ਸੋ ਅਜਿਹੇ ਗੁਣਾਂ ਵਾਲਾ ਸਾਧੂ ਬਣੇ।

ਜਥੇਦਾਰ ਪ੍ਰੇਮ ਸਿੰਘ ਨੂੰ ਉਪਦੇਸ਼

ਹਰੇਕ ਨਾਲ ਮਿੱਠਾ ਬਚਨ ਬੋਲ ਕੇ ਪ੍ਰੇਮ ਕਰਨ ਦਾ ਵਰਤਾਉ ਉਪਦੇਸ਼:

ਤੁਲਸੀ ਮੀਠੇ ਬਚਨ ਤੇ ਸੁਖ ਉਪਜਤ ਚਹੁੰ ਓਰ। ਵਸੀਕਰਨ ਯਹ ਮੰਤ੍ਰ ਹੈ ਤਜੀਏ ਬਚਨ ਕਠੋਰ।

ਤਥਾ: ਸਭ ਸੇ ਮੀਠਾ ਬੋਲੀਏ ਕਰੀਏ ਪਰਉਪਕਾਰ। ਨਰਾਇਣ ਯਾ ਜਗਤ ਮੇ, ਯਹੀ ਸੰਪਦਾ ਸਾਰ।

ਤਥਾ: ਕੋਇਲ ਕਊਆ ਇੱਕ ਰੰਗ ਬਾਣੀ ਤੇ ਪਹਿਚਾਨ। ਇੱਕ ਨੂੰ ਆਦਰ ਦੇਤ ਹੈਂ, ਇੱਕ ਨੂੰ ਕਰਨ ਨਿਸ਼ਾਨ।

ਮੀਠੀ ਬਾਣੀ ਬੋਲੀਏ, ਮਨ ਕਾ ਆਪਾ ਖੋਇ। ਔਰਨ ਕੋ ਸੀਤਲ ਕਰੇ, ਆਪਹੁ ਸੀਤਲ ਹੋਇ।

ਤਥਾ: ਮਧੁਰ ਬਚਨ ਤੇ ਜਾਤ ਮਿਟ, ਉੱਤਮ ਜਨ ਅਭਿਮਾਨ। ਤਨਕ ਸੀਤਲ ਜਲ ਸੇ ਮਿਟੇ, ਜੈਸੇ ਦੂਧ ਉਫਾਨ।

ਸੋ ਪਤਾ ਨਹੀਂ ਪ੍ਰਮੇਸ਼ਰ ਨੂੰ ਕਿਸ ਦੀ ਕ੍ਰਿਆ ਭਾਉਂਦੀ ਹੈ। ਦੂਜੇ ਦੇ ਮਨ ਦੀ ਪ੍ਰਸੰਨਤਾ ਲੈਣ ਵਾਲਾ ਸਦਾ ਸੁਖੀ ਰਹਿੰਦਾ ਹੈ।

ਭਾਈ ਜਸਵੰਤ ਸਿੰਘ

ਲੰਢੇ ਪਿੰਡ ਤੋਂ ਭਾਈ ਜਸਵੰਤ ਸਿੰਘ, ਜੋ ਡੇਰੇ ਦੇ ਸਿੰਘਾਂ ਵਿੱਚ ਪਿਆਰ ਅਤੇ ਮਾਨਤਾ ਦੇ ਪਾਤਰ ਹਨ, ਜਦੋਂ ਅਜੇ ਬਚਪਨ ਵਿੱਚ ਹੀ ਸਨ ਤਾਂ ਮਹਾਂਪੁਰਸ਼ਾਂ ਦੇ ਚਰਨ ਪਰਸਣ ਲਈ ਕਰਮਸਰ ਪੁੱਜੇ। ਨਾਮ ਦਾਤ ਪ੍ਰਾਪਤ ਕੀਤੀ। ਇਹ ੧੯੫੭ ਤੋਂ ੬੦ ਤੱਕ ਬਿਲਾਸਪੁਰ; ਜੋ ਰਾੜੇ ਸਾਹਿਬ ਪਾਸ ਹੈ, ਟਿਊਬਵੈਲ ਓਪਰੇਟਰ ਸਨ। ਆਪ ਜੀ ਨੇ ਮਨ ਨਾਲ ਜੁੜਦਿਆਂ ਇਸ ਨੂੰ ਪਰਬਲ ਮਹਿਸੂਸ ਕਰਦਿਆਂ, ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਮਨ ਨੂੰ ਵਸ ਕਰਨ ਦੀ ਜੁਗਤੀ ਪੁੱਛੀ।

ਮਹਾਂਪੁਰਸ਼ਾਂ ਨੇ ਮੁਸਕਰਾ ਕੇ ਕਿਹਾ ਕਿ ਮਨ ਤਾਂ ਇਸ ਸਰੀਰ ਵਿੱਚ ਵੱਡਾ ਸੂਰਮਾ ਹੈ ਜਿਸ ਨੇ ਵੱਡੇ ਵੱਡੇ ਤਪੱਸ੍ਵੀਆਂ, ਜਪੀਆਂ ਗਿਆਨੀਆਂ ਨੂੰ ਭਰਮਾਂ ਦੇ ਚੱਕਰਾਂ ਵਿੱਚ ਪਾ ਦਿੱਤਾ। ਇਹ ਸੰਸਾਰ ਪ੍ਰਮੇਸ਼ਰ ਸਰੂਪ ਹੁੰਦਿਆਂ

ਹੋਇਆਂ ਭੀ ਵੱਖਰਾ ਪ੍ਰਤੀਤ ਕਰਾ ਦਿੱਤਾ ਅਤੇ ਸਾਰੇ ਸੰਸਾਰ ਨੂੰ ਨੱਥ ਕੇ ਚਲਾ ਰਿਹਾ ਹੈ। ਜਿਵੇਂ ਬਿਜਲੀ ਨਾਲ ਚੱਲ ਰਹੀਆਂ ਭਾਰੀਆਂ ਭਾਰੀਆਂ ਮਸ਼ੀਨਾਂ ਨੂੰ ਬਿਜਲੀ ਦੀ ਉਹ ਲਹਿਰ ਚਲਾਉਂਦੀ ਹੈ, ਜੋ ਇਨ੍ਹਾਂ ਸਾਕਾਰ ਮਸ਼ੀਨਾਂ ਦੇ ਮੁਕਾਬਲੇ ਤੇ ਅਤੀ ਸੂਖਮ ਹੈ। ਇਹੋ ਹੀ ਹਾਲਤ ਮਨੁੱਖ ਦੀ ਹੈ। ਕਿਰਿਆ ਕਰਦਾ ਦਿਸਦਾ ਆ ਰਿਹਾ ਮਨੁੱਖ ਦਾ ਸਰੀਰ ਅਸਲ ਵਿੱਚ ਸੂਖਮ ਮਨ ਦੇ ਸਹਾਰੇ ਹੀ ਚੱਲਦਾ ਹੈ। ਇੱਕ ਤੁਰਿਆ ਜਾਂਦਾ ਮਨੁੱਖ ਰਾਹ ਵਿੱਚ ਕਿਸੇ ਦਾ ਡਿੱਗਾ ਰੁਪਿਆ ਵੇਖਦਾ ਹੈ। ਉਸ ਦੀ ਕਮਰ ਝੁਕਦੀ ਹੈ ਹੱਥ ਰੁਪਿਆ ਚੁਕ ਲੈਂਦੇ ਹਨ। ਏਨੀ ਗੱਲ ਵਿੱਚ ਹੀ ਸਮਝੀਏ ਤਾਂ ਸਾਰਾ ਭੇਦ ਖੁੱਲ੍ਹ ਪਿਆ ਹੈ। ਰੁਪਿਆ ਵੇਖਿਆ ਅੱਖਾਂ ਨੇ, ਝੁਕੀ ਕਮਰ ਤੇ ਚੁੱਕਿਆ ਹੱਥਾਂ ਨੇ ਇਹ ਕਿਉਂ? ਅੱਖਾਂ ਦੇ ਇਸ਼ਾਰੇ 'ਤੇ ਕਮਰ ਤੇ ਹੱਥ ਕਿਉਂ ਕੰਮ ਕਰਨ ਲੱਗ ਪਏ? ਕਾਰਨ ਅਸਲੀ ਇਹ ਹੈ ਕਿ ਸਾਰੇ ਕਰਮ ਇੰਦਰੇ ਮਨ ਦੇ ਸਿਪਾਹੀ ਹਨ। ਅੱਖਾਂ ਦੇ ਜਾਸੂਸ ਨੇ ਜਦ ਮਨ ਦੀ ਦਰਗਾਹ ਵਿੱਚ ਰੁਪਿਆ ਦੇਖ ਕੇ ਰੀਪੋਰਟ ਕੀਤੀ ਕਿ ਧਨ ਪਿਆ ਹੈ ਤਾਂ ਲੋਭ ਵਸ ਹੋ ਮਨ ਨੇ ਕਮਰ ਨੂੰ ਕਿਹਾ ਕਿ ਝੁਕ ਜਾ। ਤੇ ਹੱਥ ਨੂੰ ਹੁਕਮ ਦਿੱਤਾ ਰੁਪਿਆ ਚੁੱਕ ਲੈ। ਏਹੋ ਹੀ ਚਾਲ ਮਨੁੱਖ ਦੀ ਸਾਰੀ ਕਿਰਿਆ ਵਿੱਚ ਚੱਲ ਰਹੀ ਹੈ। ਪ੍ਰਤੱਖ ਤਾਂ ਮਨੁੱਖ ਭਾਵੇਂ ਗਿਆਨ ਤੇ ਕਰਮ ਇੰਦ੍ਰੀਆਂ ਦੇ ਰਾਹੀਂ ਕਰਮ ਕਰਦਾ ਦਿਸ ਰਿਹਾ ਹੈ, ਪਰ ਅਸਲੀਅਤ ਵਿੱਚ ਸਭ ਕੁਛ ਮਨ ਦੇ ਹੁਕਮ ਨਾਲ ਹੀ ਹੋ ਰਿਹਾ ਹੈ। ਸੋ ਮਨ ਨੂੰ ਕਾਬੂ ਵਿੱਚ ਰੱਖੋ। ਇਸ ਪਵਿੱਤਰ ਉਪਦੇਸ਼ ਨੂੰ ਸੁਣ ਕੇ ਭਾਈ ਜਸਵੰਤ ਸਿੰਘ ਦੇ ਮਨ ਤੇ ਬੜਾ ਅਸਰ ਹੋਇਆ। ਇਹ ਸਤੋਗੁਣੀ ਸੁਭਾ ਦੇ ਨਿੱਤਨੇਮੀ ਤੇ ਅੰਮ੍ਰਿਤ ਵੇਲੇ ਜਾਗਣ ਵਾਲੇ ਗੁਰਮੁਖ ਪਿਆਰੇ ਹਨ। ਬਿਨਾਂ ਨਾਗਾ ਦੋ ਸਮੇਂ ਦਰਬਾਰ ਵਿੱਚ ਹਾਜ਼ਰੀ ਭਰਦੇ ਹਨ ਸੰਤ ਜੀ ਮਹਾਰਾਜ ਤੇ ਅਪਾਰ ਸ਼ਰਧਾ ਹੈ। ਹੁਣ ਰਾੜਾ ਸਾਹਿਬ ਅਸਥਾਨ ਤੇ ਭੋਰੇ ਵਿੱਚ ਫੁਲਵਾੜੀ ਦੀ ਸੇਵਾ ਕਰਦੇ ਹਨ।

ਘਣਗਸਾਂ ਪਿੰਡ ਦੇ ਬਾਬਾ ਨਰੈਣ ਸਿੰਘ ਜੀ ਸ੍ਰੀਮਾਨ ਤਾਂ ਪਹਿਲੀ ਢੱਕੀ ਤੋਂ ਹੀ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਆ ਕੇ ਲੰਗਰ ਦੀ ਸੇਵਾ ਕਰਦੇ ਰਹੇ। ਅਸਥਾਨ ਆਬਾਦ ਹੋਣ ਸਮੇਂ ਧਭਲਾਨ ਭੀ ਜਥੇਦਾਰ ਪ੍ਰੇਮ ਸਿੰਘ ਜੀ ਦੇ ਨਾਲ ਲੰਗਰ ਵੀ ਸੇਵਾ ਵਾਸਤੇ ਭੇਜ ਦਿੱਤੇ। ਜਥੇਦਾਰ ਪ੍ਰੇਮ ਸਿੰਘ ਜੀ ਭੀ ਸੰਨ ੧੯੪੦ ਤੋਂ ਹਜ਼ੂਰ ਦੇ ਚਰਨਾਂ ਵਿੱਚ ਆਏ। ਪਹਿਲਾਂ ਲੰਗਰ, ਫੇਰ ਖੇਤੀ, ਫੇਰ ਸ਼ੋਰੇ ਤੇ ਕੱਲਰ ਵਾਲੀ ਧਭਲਾਨ ਦੀ ਸਖ਼ਤ ਧਰਤੀ ਨੂੰ ਇਨ੍ਹਾਂ ਨੇ ਹੀ ਆਬਾਦ ਕੀਤਾ। ਹਰੀ ਸਿੰਘ ਗ੍ਰੰਥੀ ਜੀ ਭੀ ਕਾਫ਼ੀ ਸਮੇਂ ਏਥੇ ਸੇਵਾ ਕਰਦੇ ਰਹੇ। ਸੰਤ ਜੀ ਮਹਾਰਾਜ ਦਾ ਭਰਾ ਕਾਕਾ ਸਿੰਘ ਰਣਜੀਤ ਸਿੰਘ (ਬਾਵਾ) ਤਾਂ ਬਚਪਨ ਤੋਂ ਹੀ ਗੁਰੂ ਘਰ ਦੀ ਸੇਵਾ ਵਿੱਚ ਤਤਪਰ ਰਹੇ ਹਨ। ਚੰਗੇ ਪਾਠੀ, ਸਾਜੀ, ਤੇ ਬਿਜਲੀ ਮਕੈਨਿਕ ਹਨ। ਗੱਡੀ ਭੀ ਚਲਾਉਂਦੇ ਹਨ। ਗਿਆਨੀ ਪ੍ਰੀਤਮ ਸਿੰਘ ਜੀ ਕਾਫ਼ੀ ਸਮਾਂ ਬਿਜਲੀ ਦੀ ਸੇਵਾ ਕਰਦੇ ਰਹੇ। ਭਾਈ ਸਰਬਵੀਰ ਸਿੰਘ ਤੇ ਰਾਗੀ ਸੁਲੱਖਨ ਸਿੰਘ, ਹਰਦੇਵ ਸਿੰਘ ਤੇ ਮਾਨ ਸਿੰਘ ਦਰਜੀ ਤੇ ਸਾਧੂ ਸਿੰਘ ਨਵਾਬ ਦਾ ਨਾਮ ਭੀ ਵਰਨਣ ਯੋਗ ਹੈ। ਕਨਸੂਹੇ ਪਿੰਡ ਦੇ ਸੰਤ ਰਣਜੋਧ ਸਿੰਘ, ਗਿਆਨੀ ਗੁਰਚਰਨ ਸਿੰਘ ਤੇ ਸੰਤ ਰਣਜੀਤ ਸਿੰਘ ਵਿਰੱਕਤ ਵੀ ਦਾਤੇ ਦੀ ਬਖ਼ਸ਼ਿਸ਼ ਦੇ ਪਾਤਰ ਹਨ। ਨਗਰ ਦੇ ਪ੍ਰੇਮੀ ਸੇਵਾ ਸਿੰਘ ਤੇ ਫੱਗਣ ਸਿੰਘ ਬਰਸਟ ਪਿੰਡ ਦਾ ਨਾਜ਼ਰ ਸਿੰਘ, ਚੂਹੜਪੁਰ ਦਾ ਨੁਰਾਤਾ ਸਿੰਘ ਹੌਲਦਾਰ ਭੀ ਹਾਜ਼ਰੀ ਭਰਦੇ ਸਨ।

ਵੈਦ ਨਰਿੰਦਰ ਸਿੰਘ ਜੀ ਨੇ ੩੧ ਦਸਬੰਰ ੧੯੬੬ ਈ. ਨੂੰ ਆਪਣਾ ਨਿੱਜੀ ਕਾਰੋਬਾਰ ਛੱਡ ਦਿੱਤਾ ਤੇ ਧਭਲਾਨ ਡੇਰੇ (ਜੋ ਮੁਫ਼ਤ ਦਵਾਈ ਦੇਣ ਦਾ ਹਸਪਤਾਲ ਖੁੱਲ੍ਹਾ ਹੈ) ਉਸ ਦੀ ਸੇਵਾ ਸੰਤ ਜੀ ਨੇ ਇਨ੍ਹਾਂ ਨੂੰ ਸੰਭਾਲ ਦਿੱਤੀ। ਹਰ ਸਮੇਂ ਹੀ ਮਰੀਜ਼ਾਂ ਦੀ ਭੀੜ ਜੁੜੀ ਰਹਿੰਦੀ ਸੀ। ਆਪ ਜੀ ਨੇ ਇੱਕ ਦਿਨ ਪ੍ਰਸੰਨ ਹੋ ਕੇ ਕਿਹਾ, "ਵੈਦ ਜੀ! ਤੁਸੀਂ ਰੋਜ਼ ਮਰੀਜ਼ਾਂ ਨੂੰ ਦਵਾਈ ਦਿੰਦੇ ਹੋ, ਕੋਈ ਅਜੇਹੀ ਦਵਾਈ ਦਾ ਵੀ ਤੁਹਾਨੂੰ ਪਤਾ ਹੈ ਜਿਸ ਦੇ ਵਰਤਿਆਂ ਸਾਰੇ ਹੀ ਸਰੀਰਕ ਤੇ ਮਾਨਸਕ ਰੋਗਾਂ ਦੀ ਨਵਿਰਤੀ ਹੋ ਜਾਵੇ?" ਵੈਦ ਜੀ ਬੋਲੇ, "ਮਹਾਰਾਜ! ਏਹੋ ਜੇਹੀ ਦਵਾਈ ਤਾਂ ਆਪ ਹੀ ਕ੍ਰਿਪਾ ਕਰ ਕੇ ਦੱਸੋ।" ਹਜ਼ੂਰ ਨੇ ਕਿਹਾ, "ਲਓ ਸੁਣੋ ਇਹ ਨੁਸਖਾ ਸਾਰੇ ਰੋਗਾਂ ਨੂੰ ਦੂਰ ਕਰਦਾ ਹੈ। ਇਕਾਂਤ ਦਾ ਪੱਤਾ, ਹੌਂਸਲੇ ਦੀ ਹਰੜ, ਭਰੋਸੇ ਦਾ ਬਹੇੜਾ ਅਤੇ ਵਿਚਾਰ ਦੀ ਸੌਂਫ ਮਿਲਾ ਕੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਭਗਤੀ ਦੀ ਕੁੰਡੀ ਵਿੱਚ ਪਾ ਕੇ ਸਬਰ ਦੇ ਵੱਟੇ ਨਾਲ ਪੀਸੇ। ਫੇਰ ਮਾਨ ਅਪਮਾਨ ਦੀ ਛਾਨਣੀ ਨਾਲ ਛਾਣ ਕੇ, ਤਿਆਗ ਦੀ ਹਾਂਡੀ ਵਿੱਚ ਪਾ ਕੇ, ਵੈਰਾਗ ਦੇ ਚੁਲ੍ਹੇ ਤੇ ਰੱਖ ਕੇ, ਹੇਠਾਂ ਗਿਆਨ ਦੀ ਅਗਨੀ ਜਲਾਵੇ। ਇਉਂ ਜਦੋਂ ਇਹ ਅਧਿਆਤਮਕ ਮਜੂਨ ਚੰਗੀ ਤਰ੍ਹਾਂ ਭੁੱਜ ਜਾਵੇ ਭਾਵ ਇਸ ਦਾ ਅਭਿਆਸ ਪੱਕ ਜਾਵੇ, ਫੇਰ ਪ੍ਰੇਮ ਦੇ ਪਾਣੀ ਨਾਲ ਸਵੇਰ ਸ਼ਾਮ ਦੋ ਸਮੇਂ ਵਰਤੇ। ਇਹ ਸਾਰੀਆਂ ਬੀਮਾਰੀਆਂ ਦੀ ਇੱਕੋ ਹੀ ਔਸ਼ਧੀ ਹੈ। ਪ੍ਰਹੇਜ਼ ਰੱਖੇ ਚੁਗਲੀ ਦੀ ਖਟਾਈ, ਨਿੰਦਿਆ ਦੀ ਮਠਿਆਈ, ਹਰਾਮ ਭਾਵ ਪਰਾਏ ਹੱਕ ਦਾ ਨਿਮਕ ਨਾ ਵਰਤੇ। ਫੇਰ ਕੋਈ ਰੋਗ ਨੇੜੇ ਨਹੀਂ ਆਵੇਗਾ।"

ਇਹ ਪਵਿਤ੍ਰ ਉਪਦੇਸ਼ ਸੁਣ ਕੇ ਵੈਦ ਜੀ ਬੜੇ ਪ੍ਰਸੰਨ ਹੋਏ। ਉਸ ਤੋਂ ਬਾਅਦ ਵੈਦ ਜੀ ਨੇ ਸੇਵਾ ਤੇ ਸਿਮਰਨ ਰੂਪੀ ਧਨ ਇਕੱਠਿਆਂ ਕਰਨ ਵਾਸਤੇ ਰਾਤ ਦਿਨ ਇੱਕ ਕਰ ਦਿੱਤਾ। ਸ਼ਾਮ ਗੁਰ ਇਤਿਹਾਸ ਦੀ ਕਥਾ, ਇਮਾਰਤ ਬਣਾਉਣ ਸਮੇਂ ਰਾਜ ਤੇ ਮਜ਼ਦੂਰਾਂ ਦੀ ਹਾਜ਼ਰੀ ਅਤੇ ਡੇਰੇ ਦੇ ਆਮਦਨ ਖ਼ਰਚ ਦਾ ਹਿਸਾਬ ਲਿਖਦੇ ਸਨ। ਪੰਜਾਂ ਪਿਆਰਿਆਂ ਵਿੱਚ ਪ੍ਰਬੰਧ

ਚਲਾਉਣ ਲਈ ਸ਼ਾਮਲ ਸਨ। ਇਉਂ ਸਾਰੀ ਜ਼ਿੰਦਗੀ ਅੰਤਮ ਸਵਾਸਾਂ ਤੱਕ ਸੇਵਾ ਵਿੱਚ ਲਗਾ ਦਿੱਤੀ।

ਰਸਿਕ ਬੈਰਾਗੀ ਦਾ ਮੇਲ

੩੮ ਸਾਲ ਦੇ ਰੂਹਾਨੀ ਸ਼ੌਕ ਰੱਖਣ ਵਾਲੇ, ਸ. ਬਚਿਤਰ ਸਿੰਘ, ਸਟੇਸ਼ਨ ਮਾਸਟਰ ਧਭਲਾਨ ਦੇ ਮਨ ਅੰਦਰ ਪੂਰੇ ਮਹਾਂਪੁਰਖ ਦੇ ਮਿਲਾਪ ਦੀ ਤਾਂਘ ਬਣੀ ਰਹਿੰਦੀ ਸੀ ਪਰ ਪੂਰੇ ਭਾਗ ਬਿਨਾਂ ਪੂਰੇ ਰਸਿਕ ਬੈਰਾਗੀ ਪਰਮਹੰਸ ਮਹਾਂਪੁਰਸ਼ ਦਾ ਮਿਲਾਪ ਕਿੱਥੇ? ਢੂੰਢਦਿਆਂ ਸਮਾਂ ਨਿਕਲਦਾ ਗਿਆ। ਗੁਰਦਵਾਰਿਆਂ ਦੇ ਦਰਸ਼ਨ, ਅਨੰਦ ਮਾਰਗੀ, ਸੰਤ ਨਿਰੰਕਾਰੀ ਮਿਸ਼ਨ ਵਿੱਚ ਭੀ ਰੂਹਾਨੀ ਭੁੱਖ ਦੂਰ ਕਰਨ ਲਈ ਜਾਂਦੇ ਰਹੇ ਪਰ ਮਨ ਸ਼ਾਂਤ ਨਾ ਹੋਇਆ।

ਪਟਿਆਲੇ ਸਟੇਸ਼ਨ ਮਾਸਟਰ ਸਨ। ਮਹਾਂਪੁਰਸ਼ਾਂ ਨੇ ੧੯੬੮ ਨਵੰਬਰ ਦੇ ਮਹੀਨੇ ਧਭਲਾਨ ਪਿੰਡ ਲਈ ਦੀਵਾਨ ਬਖ਼ਸ਼ੇ। ਪੰਡਾਲ ਸਟੇਸ਼ਨ ਪਾਸ ਹੀ ਲੱਗਿਆ ਹੋਇਆ ਸੀ। ਸ਼ੁਭ ਕਰਮਾਂ ਦਾ ਅੰਕੁਰ ਫੁੱਟਿਆ। ਸ. ਬਚਿੱਤਰ ਸਿੰਘ ਦਾ ਹਿਰਦਾ ਪ੍ਰੇਰਿਆ ਗਿਆ। ਪੰਡਾਲ ਵਿੱਚ ਪੁੱਜ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ, ਅੰਮ੍ਰਿਤਮਈ ਰਸ ਭਿੰਨੇ ਬਚਨ ਸੁਣ ਕੇ ਤਨ ਮਨ ਧਨ ਅਰਪਣ ਕਰ ਬੈਠਿਆ। ਭਟਕਣ ਖਤਮ ਹੋ ਗਈ। ਜਿਸ ਵਸਤੂ ਦੀ ਖੋਜ ਸੀ, ਪ੍ਰਾਪਤ ਹੋ ਗਈ। ਮੌਕਾ ਪਾ ਕੇ ਸ਼ਰਨ ਪ੍ਰਾਪਤ ਕਰ ਕੇ ਸ਼ਬਦ ਸੁਰਤਿ ਦੇ ਮਾਰਗ ਦੀ ਸੋਝੀ ਪਾ ਕੇ ਨਾਮ ਖ਼ੁਮਾਰੀ ਖੜ੍ਹ ਗਈ। ਦੂਰ ਦੂਰ ਤੱਕ ਦੀਵਾਨਾਂ ਦੀ ਹਾਜ਼ਰੀ ਭਰ ਕੇ ਰੂਹਾਨੀ ਮੰਜਲਾਂ ਦੀ ਚੜ੍ਹਾਈ ਚੜ੍ਹਦਾ ਗਿਆ। ਬਦਲੀ ਸ਼ਿਮਲੇ ਦੀ ਹੋ ਗਈ। ਵਿਛੋੜਾ ਅਨੁਭਵ ਕਰ ਕੇ ਰੂਹ ਕੁਰਲਾ ਉੱਠੀ। ਨਿਰੰਕਾਰ ਦੇ ਦਰ ਬੇਨਤੀ ਕੀਤੀ। ਦੂਰੀਆਂ ਦਾ ਪੰਧ ਮਿਟ ਗਿਆ ਅਤੇ ਅਖ਼ੀਰ ਸ਼ਿਮਲਾ ਦੀ ਬਦਲੀ ਕੈਂਸਲ ਹੋ ਕੇ ਧਭਲਾਨ ਹੀ ਬਦਲੀ ਹੋ ਗਈ।

ਉਕਤ ਉਪਦੇਸ਼ ਦੇ ਕੇ ਦਾਤੇ ਨੇ ਅਪਾਰ ਬਖ਼ਸ਼ਿਸ਼ ਕੀਤੀ ਇਹ ਵੀ ਪ੍ਰਵਾਰ ਸਮੇਤ ਪੂਰਨ ਸ਼ਰਧਾ ਰਖਦੇ ਹਨ ਚੰਗੇ ਅਭਿਆਸੀ ਗੁਰਮੁਖ ਹਨ। ਮਹਾਰਾਜ ਜੀ ਤੋਂ ਸਮਾਂ ਲੈ ਕੇ ਪ੍ਰਮਾਰਥੀ ਬਚਨ ਪੁੱਛਦੇ ਰਹਿੰਦੇ ਹਨ ਅਤੇ ਅਗਲੀਆਂ ਮੰਜ਼ਲਾਂ ਦੇ ਜਾਣੂ ਹੁੰਦੇ ਹਨ।

ਕਾਦਰ ਦੀ ਕੁਦਰਤ

ਸੰਤ ਰਣਜੀਤ ਸਿੰਘ ਵਿਰਕੱਤ ਪੰਜਗਿਰਾਈਆਂ ਵਾਲੇ ਨੇ ਹਜ਼ੂਰ ਦੇ ਪਾਸ ਬੇਨਤੀ ਕੀਤੀ ਕਿ ਮਹਾਰਾਜ ਪ੍ਰਮੇਸ਼ਰ ਕਿਵੇਂ ਮਿਲੇ? ਆਪ ਜੀ ਨੇ ਵੈਰਾਗਮਈ ਬਚਨਾ ਦੁਆਰਾ ਫੁਰਮਾਯਾ ਕਿ ਜੇ ਆਪ ਵਿੱਚ ਝਾਤੀ ਮਾਰ ਕੇ ਤੱਕੀਏ ਤਾਂ ਪਤਾ ਲੱਗਦਾ ਹੈ ਕਿ ਜੇ ਕਦੀ ਉਹ ਸਿਰ ਤੇ ਹੁੰਦਾ, ਤਾਂ ਅਸੀਂ ਮਜਬੂਰ ਹੀ ਨ ਹੁੰਦੇ। ਜੇ ਕਦੀ ਮਜ਼ਬੂਰ ਨ ਹੁੰਦੇ, ਤਾਂ ਜਗਤ ਹੀ ਮਰਜ਼ੀ ਦਾ ਬਣਾ ਛੱਡਣੇ। ਪਰ ਅਸੀਂ ਉਮਰ ਭਰ ਤਦਬੀਰਾਂ ਕਰਦੇ ਰਹਿੰਦੇ ਹਾਂ। ਉਸ ਦਾ ਇੱਕੋ ਇਸ਼ਾਰਾ; ਜਿਸ ਨੂੰ ਤਕਦੀਰ ਦਾ ਨਾਮ ਦਿੱਤਾ ਜਾਂਦਾ ਹੈ, ਪਲ ਵਿੱਚ ਉਨ੍ਹਾਂ ਨੂੰ ਮਿੱਟੀ ਵਿੱਚ ਮਿਲਾ ਦਿੰਦਾ ਹੈ। ਜੇ ਕਦੀ ਵਿਚਾਰ ਕਰੀਏ ਕਿ ਸਾਡਾ ਕੀਤਾ ਕਿਉਂ ਨਹੀਂ ਹੁੰਦਾ? ਤਾਂ ਸਾਫ਼ ਜੁਆਬ ਮਿਲੇਗਾ ਕਿ ਕਰਨਹਾਰ ਕੋਈ ਹੋਰ ਹੈ। ਜੇ ਆਪਣੇ ਹੀ ਵਸ ਹੁੰਦਾ ਤਾਂ ਬਾਲਕ ਹੀ ਬਣੇ ਰਹਿੰਦੇ। ਨਾ ਕੋਈ ਜ਼ਿੰਮੇਵਾਰੀ, ਨਾ ਫ਼ਿਕਰ ਚਿੰਤਾ। ਨਿਰਾ ਖਾਣਾ ਪੀਣਾ, ਹੱਸਣਾ, ਟੱਪਣਾ, ਸੌਣਾ; ਕਮਾਣਾ ਕਿਸੇ ਤੇ ਖਾਣਾ ਆਪ; ਥਥਲਾ ਕੇ ਬੋਲਣਾ ਤੇ ਪਿਆਰੇ ਲੱਗਣਾ, ਮਾੜਾ ਕਰਨਾ ਤੇ ਮਿਠੇ ਜਾਪਣਾ। ਭਲਾ ਜੇ ਇਹ ਨਾ ਸਹੀ, ਜੇ ਵਸ ਲੱਗਦਾ ਤਾਂ ਜਵਾਨੀ ਜਾਣ ਨ ਦਿੰਦੇ। ਇਹ ਖਜਾਬ ਲਾ ਲਾ ਚਿਟਿਆਂ ਨੂੰ ਕਾਲੇ ਕਰਨ ਦੇ, ਨਸ਼ੇ ਪੀ ਪੀ ਅੱਖਾਂ ਵਿੱਚ ਡੋਰੇ ਲੈ ਆਵਣ ਦੇ ਯਤਨ ਕਾਹਦੇ ਲਈ ਨੇ? ਕੇਵਲ ਲੰਘ ਗਏ ਦਿਨਾਂ ਨੂੰ ਮੋੜ ਲਿਆਵਣ ਦੇ ਲਈ? ਗਈ ਜਵਾਨੀ ਨੂੰ ਫਿਰ ਮੁੜ ਝਲਕ ਦਿਖਾਣ ਦੀ ਮਿੰਨਤ ਕਦੇ ਮੰਨੀ ਵੀ ਨਹੀਂ ਗਈ। ਪਲੇ ਧੂੰਦਿਆਂ ਜਵਾਨੀ ਖਿਸਕ ਗਈ ਤੇ ਬੂਹੇ ਢੋਂਦਿਆਂ ਢੋਂਦਿਆਂ ਬੁਢੇਪਾ ਬਦੋ ਬਦੀ ਆ ਵੜਿਆ।

ਹਮ ਨੇ ਦੁਨੀਆਂ ਤੇਰੀ ਮੌਲਾ ਮੇਰੇ ਫਾਨੀ ਦੇਖੀ। ਹਰ ਚੀਜ਼ ਜਹਾਂ ਕੀ ਆਨੀ ਜਾਨੀ ਦੇਖੀ।
ਜੋ ਆ ਕੇ ਨ ਜਾਏ ਵੁਹ ਬੁਢੇਪਾ ਦੇਖਾ। ਜੋ ਜਾ ਕੇ ਨਾ ਆਏ ਵੋਹੁ ਜਵਾਨੀ ਦੇਖੀ।
ਸੋ ਸਿੱਖ ਨੂੰ ਹਰ ਸਮੇਂ ਦੁੱਖ ਸੁੱਖ ਵਿੱਚ ਪ੍ਰਮੇਸ਼ਰ ਦਾ ਭਾਣਾ ਮੰਨਣਾ ਚਾਹੀਦਾ ਹੈ।
ਤਾਂ ਤੇ ਭੋ ਗੁਰਮੁਖ ਸੁਣਿ ਲੀਜੈ। ਭਾਨਾ ਮਾਨਨਿ ਮਨ ਥਿਰ ਕੀਜੈ।
ਸਤਿ ਨਾਮੁ ਸਿਮਰਨ ਕਰਨੋ। ਤਨ ਹੰਤਾ ਕੋ ਰਿਦੈ ਬਿਸਰਨੋ।
ਮੁਕਤੀ ਕੇ ਸਾਧਨ ਇਹ ਤੀਨ। ਕਹੈ ਗੁਰੂ ਅਰ ਸੰਤ ਪ੍ਰਬੀਨ। (ਸ੍ਰੀ ਗੁ. ਪ੍ਰ. ਸੂ. ਰਾਸ ੩ ਅੰਸੂ ੬੯)

ਤਥਾ: *ਗੁਰਮੁਖਿ ਹਉਮੈ ਪਰਹਰੈ ਮਨਿ ਭਾਵੈ ਖਸਮੈ ਦਾ ਭਾਣਾ।*
ਪੈਰੀ ਪੈ ਪਾਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ।
ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ।

ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨਿ ਕਰੈ ਸੁਕਰਾਣਾ।
ਰਾਜੀ ਹੋਇ ਰਜਾਇ ਵਿਚਿ ਦੁਨੀਆਂ ਅੰਦਰਿ ਜਿਉ ਮਿਹਮਾਣਾ।
ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੌ ਕੁਰਬਾਣਾ।
ਲੇਪ ਅਲੇਪ ਸਦਾ ਨਿਰਬਾਣਾ ॥੨੧॥

(ਭਾ. ਗੁਰਦਾਸ ਜੀ: ਵਾਰ ੧੮ ਪਉੜੀ ੨੧)

ਤਥਾ: *ਹੁਕਮੀ ਬੰਦਾ ਹੋਇ ਕੈ ਸਾਹਿਬੁ ਦੇ ਹੁਕਮੈ ਵਿਚਿ ਰਹਣਾ।*
ਹੁਕਮੈ ਅੰਦਰਿ ਸਭ ਕੋ ਸਭਨਾ ਆਵਟਣ ਹੈ ਸਹਣਾ।
ਦਿਲੁ ਦਰੀਆਉ ਸਮਾਉ ਕਰਿ ਗਰਬੁ ਗਵਾਇ ਗਰੀਬੀ ਵਹਣਾ।
ਵੀਹਿ ਇਕੀਹ ਉਲੰਘਿ ਕੈ ਸਾਧਸੰਗਤਿ ਸਿੰਘਾਸਣਿ ਬਹਣਾ।
ਸਬਦ ਸੁਰਤਿ ਲਿਵਲੀਣ ਹੋਇ ਅਨਭਉ ਅਘੜ ਘੜਾਏ ਗਹਣਾ।
ਸਿਦਕ ਸਬੂਰੀ ਸਾਬਤਾ ਸਾਕਰੁ ਸੁਕਰਿ ਨ ਦੇਣਾ ਲਹਣਾ।
ਨੀਰਿ ਨ ਡੁਬਣੁ ਅਗਿ ਨ ਦਹਣਾ ॥੨੨॥

(ਭਾ. ਗੁਰਦਾਸ ਜੀ: ਵਾਰ ੧੮ ਪਉੜੀ ੨੨)

ਭਾਈ ਨੰਦ ਲਾਲ ਜੀ ਦੇ ਕਥਨ ਅਨੁਸਾਰ ਮਹਾਂਪੁਰਸ਼ਾਂ ਵਿੱਚ ਹੀ ਪ੍ਰਮੇਸ਼ਰ ਦਾ ਨੂਰ ਹੈ।

ਯਥਾ: ਹਰ ਕੁਜਾ ਦੀਦੇਮ ਅਨਵਾਰਿ ਖੁਦਾ। ਬਸਕਿ ਅਜ ਸੁਹਬਤਿ ਬਜ਼ੁਰਗ਼ਾਂ ਸ਼ੁਦ ਜਜ਼ਬ।
ਭਾਵ ਅਸਾਂ ਹਰ ਥਾਂ ਰੱਬ ਦੇ ਨੂਰ ਨੂੰ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਜਜ਼ਬ ਹੁੰਦਾ ਵੇਖਿਆ।

ਦੋਹਿਰਾ: ਸਾਧ ਮਿਲੇ ਸਭ ਦੁੱਖ ਗਏ, ਨਿਰਮਲ ਭਏ ਸਰੀਰ। ਬਚਨ ਸੁਨਤ ਹੀ ਮਿਟ ਗਈ, ਜਨਮ ਮਰਨ ਕੀ ਪੀੜ।

ਪਿੰਡਾਂ ਵਾਲੇ ਗੁਰਮੁਖ

ਛੋਟੀਆਂ ਜਾਹਲਾਂ ਛੱਪਰੀਆਂ ਵਾਲੇ ਪ੍ਰੇਮੀ, ਛੰਨਾਂ ਵਾਲੇ ਗੁਰਮੁਖ ਧਭਲਾਨ ਪਿੰਡ ਦੇ ਸੱਜਣ ਵੀ ਅਸਥਾਨ ਤੇ ਸ਼ਰਧਾ ਰੱਖ ਸੇਵਾ ਕਰਦੇ ਹਨ। ਚੂਹੜਪੁਰ, ਬਰਸਟ, ਸਬਜਾ ਤੇ ਹੋਰ ਇਲਾਕੇ ਵਾਸੀ ਪ੍ਰੇਮੀਆਂ ਤੇ ਸੰਤ ਜੀ ਮਹਾਰਾਜ ਦੀ ਅਪਾਰ ਬਖ਼ਸ਼ਿਸ਼ ਹੈ।

ਘਰ ਤਾਂ ਤੇਰੇ ਸਭ ਕਿਛੁ ਹੈ

ਕਰਮਸਰ ਦੇ ਨਜ਼ਦੀਕ ਖਾਨਪੁਰ ਨਾਮ ਦਾ ਨਗਰ ਜੋ ਜ਼ਿਲ੍ਹਾ ਲੁਧਿਆਣਾ ਵਿਖੇ ਹੈ, ਇੱਥੋਂ ਦੇ ਰਹਿਣ ਵਾਲਾ ਸ. ਅਰਜਨ ਸਿੰਘ, ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਸੀ। ਡੇਢ ਸੌ ਵਿੱਘੇ ਜ਼ਮੀਨ ਦਾ ਮਾਲਕ ਸੀ ਪਰ ਅਜੇ ਤੱਕ ਇਸ ਦੇ ਘਰ ਕੋਈ ਸੰਤਾਨ ਨਹੀਂ ਸੀ। ਚੌਥੀ ਵਾਰ ਖੇੜੇ ਪਿੰਡ ਤੋਂ ਸੁਰਜੀਤ ਕੌਰ ਇਸ ਦੇ ਘਰ ਆਈ। ਅੰਤਰਜਾਮੀ ਦਾਤੇ ਨੇ ਦਰਸ਼ਨਾਂ ਨੂੰ ਆਇਆਂ ਮੁਰਝਾਯਾ ਚੇਹਰਾ ਤੱਕ ਕੇ ਮਨ ਦੀ ਭਾਵਨਾ ਜਾਣ ਬਚਨ ਕੀਤਾ, "ਬੱਚੀ! ਗੁਰੂ ਦਰਬਾਰ ਵਿੱਚ ਝਾੜੂ ਦਿਆ ਕਰ। ਗੁਰੂ ਕੇ ਲੰਗਰ ਵਿੱਚ ਸੰਗਤ ਦੇ ਜੂਠੇ ਬਰਤਨ ਮਾਂਜਿਆ ਕਰ ਇਸ ਸੇਵਾ ਨਾਲ ਆਪਣਾ ਮਨ ਮਾਂਜੀਦਾ ਹੇ। ਜੋ ਪੂਰਬਲੇ ਮਾੜੇ ਕਰਮ ਦੁਨਿਆਵੀ ਪਦਾਰਥਾਂ ਵਿੱਚ ਪ੍ਰਤਿਬੰਧਕ ਹਨ, ਇਸ ਤਰ੍ਹਾਂ ਉਨ੍ਹਾਂ ਦਾ ਬਲ ਘੱਟਦਾ ਹੈ।"

ਇਸ ਨੇ ਦਾਤੇ ਦੇ ਬਚਨਾਂ ਤੇ ਨਿਸਚਾ ਕਰ ਬਿਨਾਂ ਨਾਗਾ ਹਰੇਕ ਪੂਰਨਮਾਸ਼ੀ ਤੇ ਸੰਗ੍ਰਾਂਦ ਦੇ ਮਾਸਕ ਦੀਵਾਨ ਸਮੇਂ ਸੰਗਤ ਦੇ ਦਰਸ਼ਨ ਕਰਨੇ। ਕੀਰਤਨ ਸੁਣਨਾ, ਹੱਥੀਂ ਸੇਵਾ ਕਰਨੀ। ਆਪਣੇ ਨਗਰ ਦੇ ਗੁਰਦੁਆਰੇ ਸਾਹਿਬ ਰੋਜ਼ ਝਾੜੂ ਕਰਦੀ। ਸੰਗਤ ਦੇ ਬਰਤਨ ਸਾਫ਼ ਕਰਦੀ। ਸਮਾਂ ਲੰਘਦਾ ਗਿਆ।

ਯਥਾ: ਹਰਿ ਕਾ ਸਿਮਰਨ ਨਿੱਤ ਕਰੋ ਜਿਸ ਬਿਧ ਸਿਮਰਾ ਜਾਇ। ਕਬੀ ਤੋ ਦੀਨ ਦਿਆਲ ਜੀ ਬੋਲੇਂਗੇ ਮੁਸਕਾਇ।

ਇੱਕ ਦਿਨ ਸੁਤੇ ਹੀ ਅਰਸ਼ੀ ਦਾਤਾਰ ਨੇ ਇਸ ਦੀ ਸੇਵਾ ਤੇ ਪ੍ਰਸੰਨ ਹੋ ਕੇ ਬਚਨ ਕੀਤਾ, "ਮਨ ਦਾ ਕੀ ਫੁਰਨਾ ਹੈ?" ਇਸ ਨੇ ਅਰਜ਼ ਕੀਤੀ, "ਮਹਾਰਾਜ! ਕ੍ਰਿਪਾ ਕਰ ਕੇ ਘਰ ਵਿੱਚ ਚਰਨ ਪਾਓ। ਅਖੰਡ ਪਾਠ ਕਰਵਾ ਕੇ ਕ੍ਰਿਤਾਰਥ ਕਰੋ। ਬਿਦਰ ਦਾ ਅਲੂਣਾ ਸਾਗ ਤੇ ਭੀਲਣੀ ਦੇ ਬੇਰ ਅੰਗੀਕਾਰ ਕਰੋ।" ਇਨ੍ਹਾਂ ਦੇ ਮਨ ਦਾ ਖ਼ਿਆਲ ਸੀ ਜਦੋਂ ਦਾਤੇ ਨੇ ਘਰ ਵਿੱਚ ਚਰਨ ਪਾਏ ਅਖੰਡ ਪਾਠ ਦੇ ਭੋਗ ਸਮੇਂ ਅਰਜ਼ ਕਰਾਂਗੇ। ਪਰ ਜਾਣੀ ਜਾਣ ਨੇ ਮੁਸਕਰਾ ਕੇ ਉੱਤਰ ਦਿਤਾ, "ਅਜੇ ਅਖੰਡ ਪਾਠ ਨਹੀਂ ਕਰਨਾ। ਜਦੋਂ ਸਮਾਂ ਆਵੇਗਾ, ਫੇਰ ਇੱਕ ਨਹੀਂ ਇਕੱਠੇ ਪੰਜ ਕਰਾਂਗੇ। ਉਹ ਸੁਭਾਗ ਸਮਾਂ ਛੇਤੀ ਆਉਣ ਵਾਲਾ ਹੈ।" ਬਸ! ਇਤਨਾ ਬਚਨ ਕਹਿ ਕੇ ਮਾਰ ਦਿੱਤੀ ਰੇਖ ਵਿੱਚ ਮੇਖ ਤੇ ਬਦਲ ਦਿਤੀਆ ਤਕਦੀਰਾਂ।

ਕਿਆ ਕਹਿਤਾ ਹੈ, ਕਿਆ ਸੋਚਤਾ ਹੈ ਤਦਬੀਰੇਂ? ਕਾਮਲ ਮੁਰਸ਼ਦ ਕੀ ਨਿਗਾਹੇਂ, ਬਦਲ ਦੇਤੀ ਹੈ ਤਕਦੀਰੇਂ।

ਪ੍ਰਸੰਨ ਚਿੱਤ ਨਮਸ਼ਕਾਰ ਕਰ ਘਰ ਆ ਗਈ। ਸੇਵਾ ਦੀ ਲਗਨ ਉਸੇ ਤਰ੍ਹਾਂ ਅਰੰਭ ਰਹੀ ਅਖ਼ੀਰ ਨੂੰ ੧੯੫੪ ਈ. ਦੇ ਜੇਠ ਮਹੀਨੇ (ਜਿਸ ਸਮੇਂ ਸ. ਅਰਜਨ ਸਿੰਘ ਦੀ ਆਯੂ ਸੱਠ ਕੁ ਸਾਲਾਂ ਨੂੰ ਪੁਜ ਚੁੱਕੀ ਸੀ) ਘਰ ਵਿੱਚ ਲੜਕੇ ਦਾ ਜਨਮ ਹੋਇਆ। ਬੱਚੇ ਦਾ ਨਾਮ ਵੀ ਹਜ਼ੂਰ ਦੀ ਪਵਿੱਤ੍ਰ ਰਸਨਾ ਤੋਂ ਮਹਾਂਵਾਕ ਦੇ ਪਹਿਲੇ ਅੱਖਰ ਤੋਂ ਅਮਰਜੀਤ ਸਿੰਘ ਰੱਖਿਆ।

ਇਸੇ ਤਰ੍ਹਾਂ ਜੜਤੌਲੀ ਪਿੰਡ ਦੇ ਸ. ਪ੍ਰੇਮ ਸਿੰਘ ਦੇ ਘਰ ਜੋ ਗੁੱਜਰ ਸਿੰਘ ਬਾਈ ਜੀ ਦਾ ਵੱਡਾ ਭਰਾ ਹੈ, ਛੋਟੇ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਲੜਕਾ ਹੋਇਆ ਸੀ। ਉਸ ਦਾ ਨਾਮ ਸੰਤ ਜੀ ਮਹਾਰਾਜ ਨੇ ਸੁਖਦੇਵ ਸਿੰਘ ਰੱਖਿਆ। ਬੁਟਾਹਰੀ ਪਿੰਡ ਦੇ ਸ. ਰਲਾ ਸਿੰਘ ਨੂੰ ਭੀ ਸੰਤ ਜੀ ਮਹਾਰਾਜ ਤੇ ਪ੍ਰਵਾਰ ਸਮੇਤ ਅਤੁੱਟ ਸ਼ਰਧਾ ਹੈ।

ਰਖਾ ਸਿੰਘ ਰਾੜਾ ਸਾਹਿਬ

ਤਪ ਅਸਥਾਨ ਰਾੜਾ ਸਾਹਿਬ ਕਰਮਸਰ, ਖੁਲ੍ਹਾ ਰਹੇ ਜਿੱਥੇ ਸੱਚੇ ਨਾਮ ਦਾ ਭੰਡਾਰ ਜੀ।

ਘਣਗਸ, ਕਟਾਹਰੀ, ਜਹਾਂਗੀਰ ਤੇ ਬਿਲਾਸਪੁਰ, ਨੇੜੇ ਨੇੜੇ ਪਿੰਡਾਂ ਦਾ ਪਰੋ ਕੇ ਦਸਾਂ ਹਾਰ ਜੀ।

ਗਿੱਦੜੀ, ਬੁਆਣੀ, ਭੱਠਲ, ਘੁਢਾਣੀ ਕਲਾਂ, ਰਾਣੋ ਤੇ ਘਲੋਟੀ, ਆਉਂਦੇ ਪੁਰ ਕਰਤਾਰ ਜੀ।

ਲਹਿਲ ਤੇ ਜੀਰਖ, ਹਾਂਸ, ਭੀਖੀ ਖਟੜੇ ਵਗੈਰਾ, ਸੰਤ ਮਹਾਰਾਜ ਸਭ ਨੂੰ ਲਗੌਂਦੇ ਪਾਰ ਜੀ।

ਇਸ ਪਿੰਡ ਦਾ ਰਾਗੀ ਨਰਿੰਜਨ ਸਿੰਘ ਤੇ ਸ. ਜੰਗੀਰ ਸਿੰਘ ਵੀ ਸੰਤ ਜੀ ਦੇ ਪਰਮ ਪ੍ਰੀਤਵਾਨ ਹਨ।

ਮਹਾਂਪੁਰਸ਼ਾਂ ਦਾ ਪ੍ਰਕਿਰਤੀ ਸੁਭਾਓ

ਆਪ ਜੀ ਪਾਸ ਜੇ ਕੋਈ ਜਾਚਕ ਆਉਂਦਾ ਤਾਂ ਇਉਂ ਆਖਦੇ, "ਇਹ ਗੁਰੂ ਨਾਨਕ ਦਾ ਘਰ ਹੈ। ਜੇ ਉਸ ਸੋਹਣਿਆਂ ਦੇ ਸੁਲਤਾਨ ਦੇ ਦਰੋਂ ਆ ਕੇ ਵੀ ਖ਼ਾਲੀ ਗਿਆ, ਹੋਰ ਫੇਰ ਕਿੱਥੋਂ ਇਸ ਦੀਆਂ ਥੁੜਾਂ ਪੂਰੀਆਂ ਹੋਣਗੀਆਂ। ਅਸਥਾਨ ਦੇ ਅੰਦਰ ਜੋ ਵੀ ਕੁੱਝ ਹੈ, ਉਹ ਗੁਰੂ ਬਾਬੇ ਦੀ ਦਾਤ ਹੈ। ਅਸੀਂ ਤਾਂ ਅਮੀਨ ਹਾਂ, ਖ਼ਜ਼ਾਨਚੀ ਹਾਂ। ਜਿਵੇਂ ਖ਼ਜ਼ਾਨਚੀ ਖ਼ਜ਼ਾਨੇ ਵਿੱਚੋਂ ਰੁਪਿਆ ਦਿੰਦਿਆਂ ਜ਼ਰਾ ਮਾਤਰ ਵੀ ਖਿੱਚ ਨਹੀਂ ਕਰਦਾ, ਤਿਵੇਂ ਗੁਰੂ ਨਾਨਕ ਦਾ ਧਨ ਉਸ ਦੀ ਸ਼ਰਨ ਆਇਆ ਨੂੰ ਨਾ ਦਿੱਤਾ ਜਾਵੇ ਤਦ ਇਹ ਹੋਰ ਕਿਸ ਨੂੰ ਮਿਲੇਗਾ?" ਪ੍ਰਮਾਰਥ ਵਿੱਚ ਵੀ ਹਰੇਕ ਜਗਿਆਸੂ ਦੀ ਭੁੱਲ ਕੱਢ ਕੇ ਉਸ ਨੂੰ ਸਿੱਧੇ ਰਾਹੇ ਪਾਉਂਦੇ। ਉਹ ਮੇਹਰਾਂ ਦਾ ਜਾਚਕ ਜੋ ਝੋਲੀ ਅੱਡ ਖੜੋਂਦਾ, ਆਪ ਜੀ ਦਾ ਅਸਥਾਨ ਇਲਾਕੇ ਵਾਸੀਆਂ ਲਈ ਦੈਵੀ ਨਿਆਮਤਾਂ ਦਾ ਭੰਡਾਰਾ ਹੈ। ਸ਼ਬਦ ਕੀਰਤਨ ਗੁਰਬਾਣੀ ਤੇ ਗੁਰ ਇਤਿਹਾਸ ਦੀ ਕਥਾ ਦਾ ਤਾਂ ਅਚਲ ਪ੍ਰਵਾਹ ਤੇ ਗੁਰੂ ਕਾ ਅਤੁੱਟ ਲੰਗਰ ਚੱਲ ਹੀ ਰਿਹਾ ਹੈ; ਨਾਲ ਇਹ ਵੀ ਮਹਾਨ ਪਰਉਪਕਾਰ ਹੈ ਕਿ ਹਿੰਦੂ ਮੁਸਲਮਾਨ ਤੇ ਸਿੱਖ ਵਾਸਤੇ ਦਵਾਈ ਵੀ ਮੁਫ਼ਤ ਮਿਲਦੀ ਹੈ, ਜਿਸ ਤੋਂ ਲੋਕਾਂ ਦੇ ਅਰਥ ਤੇ ਪ੍ਰਮਾਰਥ ਦੋਹਾਂ ਦਾ ਸਿਧਾਂਤਕ ਸਰੀਰਕ ਅਤੇ ਆਤਮਕ ਰੋਗਾਂ ਦੀ ਨਿਵਰਤੀ ਹੁੰਦੀ ਹੈ।

ਹਰ ਇੱਕ ਪ੍ਰਾਣੀ ਮਾਤਰ ਨੂੰ ਆਪ ਜੀ ਦਾ ਮੁੱਖ ਉਪਦੇਸ਼ ਇਹੋ ਹੀ ਹੁੰਦਾ ਸੀ ਕਿ ਭਾਈ! ਗੁਰੂ ਦੇ ਸਾਰੇ ਸਿੱਖ ਸਕੇ ਭਾਈ ਹਨ। ਇਨ੍ਹਾਂ ਨਾਲ ਪਿਆਰ ਕਰੋ, ਅੰਮ੍ਰਿਤ ਛਕ ਕੇ ਸਿੰਘ ਸਜੋ। ਕਿਉਂਕਿ ਅੰਮ੍ਰਿਤ ਪਾਨ ਕੀਤਾ ਨਿਸਫ਼ਲ ਨਹੀਂ ਜਾਂਦਾ। ਜੇ ਕੋਈ ਗੁਰ ਚਰਨਾਂ ਨਾਲ ਧਿਆਨ ਜੋੜ ਆਪਾ ਭਾਵ ਤਿਆਗ ਕੇ ਗੁਰਮੰਤ੍ਰ ਦਾ ਜਾਪ ਕਰੇ, ਤਾਂ ਇੱਕ ਜਨਮ ਵਿੱਚ ਮੁਕਤ ਹੋ ਸਕਦਾ ਹੈ। ਜੇਕਰ ਸਾਧਨ ਥੋੜ੍ਹਾ ਕਰ ਸਕੇ, ਤਾਂ ਅਗਲੇ ਜਨਮ ਵਿੱਚ ਬਚਪਨ ਤੋਂ ਪੂਰਨ ਸਾਧੂ ਦੀ ਸੰਗਤ ਦੁਆਰਾ ਸਿਮਰਨ ਕਰ ਆਵਾਗਉਣ ਮੇਟ ਲੈਂਦਾ ਹੈ।

ਸਿੱਖ ਨੂੰ ਚਾਹੀਦਾ ਹੈ ਕਿ ਸੈਂਕੜੇ ਕੰਮ ਛੱਡ ਕੇ ਅੰਮ੍ਰਿਤ ਵੇਲੇ ਦਾ ਇਸ਼ਨਾਨ ਕਰੇ। ਹਜ਼ਾਰਾਂ ਕੰਮ ਤਿਆਗ ਕੇ ਨਿੱਤਨੇਮ ਤੇ ਭਜਨ ਦਾ ਸਮਾਂ ਸੰਭਾਲੇ। ਲੱਖਾਂ ਕੰਮਾਂ ਵਿੱਚੋਂ ਇੱਕ ਕੰਮ ਹੈ ਨਿਰਧਨ ਲੋਕਾਂ ਨੂੰ ਸੁਖੀ ਬਨਾਉਣ ਵਿੱਚ ਮਦਦ ਕਰਣੀ। ਸਾਰੇ ਜੀਵ ਪ੍ਰਦੇਸੀ ਹਨ, ਪ੍ਰਦੇਸੀ ਦਾ ਆਦਰ ਕਰਨਾ ਸਭ ਤੋਂ ਵੱਡਾ ਪੁੰਨ ਹੈ। ਜਿਸ ਦੇ ਅੰਦਰ ਦਇਆ ਨਹੀਂ, ਕਿਸੇ ਦੁਖੀ ਨੂੰ ਦੇਖ ਮਨ ਨਹੀਂ ਦ੍ਰਵਦਾ, ਉਸ ਦਾ ਹਿਰਦਾ ਤਾਂ ਪੱਥਰ ਹੈ। ਯਥਾ:

ਹਮਦਰਦੀ

ਪਥਰ ਰਿਦਾ ਹੈ ਕਹੋ ਨਾ ਰਿਦਾ ਉਸ ਨੂੰ, ਜੇਹੜੇ ਰਿਦੇ ਅੰਦਰ ਉਪਜੇ ਦਰਦ ਨਾਹੀ।
ਉਸ ਨੂੰ ਕਹੋ ਨਾ ਆਦਮੀ, ਰਾਖਸ਼ ਹੈ ਉਹ, ਦੁਖੀ ਦੇਖ ਭਰਦਾ ਹਾਹੁਕੇ ਸਰਦ ਨਾਹੀ।
ਰੋਗੀ ਦੁਖੀ ਅਨਾਥ ਤੇ ਦੇਖ ਵਿਧਵਾ, ਜਿਸ ਦੇ ਰਿਦੇ ਵਿੱਚ ਵੱਜਦੀ ਕਦਰ ਨਾਹੀ।
ਕੀ ਉਹ ਆਦਮੀ ਹੈ ਲਾਹਨਤ ਪਾਓ ਉਸ ਨੂੰ, ਉਹ ਨਾਮਰਦ ਹੈ ਮੂਲ ਉਹ ਮਰਦ ਨਾਹੀ।
ਸੱਚਾ ਆਦਮੀ ਦੁਖੀ ਨੂੰ ਵੇਖਦਾ ਏ, ਉਸ ਦੀ ਅੱਖੀਓਂ ਚੱਲਦਾ ਨੀਰ ਇਕਦਮ।
ਬੰਦੇ ਸਭ ਨੂੰ ਸਮਝ ਕੇ ਵੀਰ ਦੁਖੀਏ, ਹਿਰਦਾ ਓਸਦਾ ਜਾਂਦਾ ਹੈ ਚੀਰ ਇਕਦਮ।
ਯਥਾ ਸ਼ਕਤ ਕਰਦਾ ਮੱਦਦ ਦੁੱਖ ਹਰਦਾ, ਸੱਚੀ ਖ਼ੁਸ਼ੀ ਭਰਦਾ ਹਿਰਦੇ ਚੀਰ ਇਕਦਮ।
ਰੀਸ ਔਗੁਣ ਛੱਡ ਕੇ ਗੁਣਾਂ ਦੀ ਰੀਸ ਕਰ ਤੂੰ, ਤੇਰਾ ਜਨਮ ਨਾ ਜਾਏ ਇਹ ਹਾਰਿਆ ਓ।
ਨਾਲ ਈਰਖਾ ਬੇੜਾ ਹੈ ਗਰਕ ਹੁੰਦਾ, ਐਪਰ ਰੀਸ ਨੇ ਕਈਆਂ ਨੂੰ ਤਾਰਿਆ ਓ।
ਤਪਤ ਹਿਰਦਾ ਅਸ਼ਾਂਤ ਬੇਚੈਨ ਰਹਿੰਦਾ, ਜਿਸ ਦੇ ਰਿਦੇ ਨੂੰ ਈਰਖਾ ਸਾੜਿਆ ਓ।
ਰੀਸ ਕਰਨ ਵਾਲਾ ਉੱਚਾ ਚੜੀ ਜਾਂਦਾ, ਰਹੇ ਈਰਖੀ ਈਰਖਾ ਮਾਰਿਆ ਓ।
ਬੁਰਾ ਲੋਕ ਆਖਣ ਸਾਰੇ ਈਰਖਾ ਨੂੰ ਦੋਹਾ ਲੋਕਾਂ ਵਿੱਚ ਜਾਏ ਦੁਰਕਾਰਿਆ ਓ।
ਜਾਚ ਰੀਸ ਦੀ ਸਿਖ ਲੈ 'ਅਜ਼ਾਦ' ਪਾਸੋਂ, ਕਰ ਕੇ ਰੀਸ ਜਿਸ ਕਈਆਂ ਨੂੰ ਤਾਰਿਓ ਓ।

ਗੁਰੂ ਤੇ ਸਿੱਖ ਦਾ ਪਿਆਰ

ਇੱਕ ਦਿਨ ਆਪ ਜੀ ਨੇ ਨਿਕਟਵਰਤੀ ਪ੍ਰੇਮੀਆਂ ਨੂੰ ਇਹ ਉਪਦੇਸ਼ ਬਖ਼ਸ਼ਿਆ ਕਿ ਸਾਰੇ ਗੁਰਮੁਖ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ। ਸੋ ਸਿੱਖ ਨਾਲ ਗੁਰੂ ਦਾ ਅਮੁੱਕ ਪਿਆਰ ਤੇ ਅਤੁੱਟ ਰਿਸ਼ਤਾ ਹੈ। ਜੋ ਗੁਰੂ ਵਾਲਾ ਬਣ ਜਾਵੇ ਤਾਂ ਭਾਈ ਜੋਗਾ ਸਿੰਘ ਵਾਂਗ ਗੁਰੂ ਹਰ ਸਮੇਂ ਆਪਣੇ ਸਿੱਖ ਦੀ ਰੱਖਿਆ ਕਰਦਾ ਹੈ। ਜਿਵੇਂ ਮਾਤਾ ਬੱਚੇ ਨੂੰ ਕੁਛੜ ਚੁੱਕ ਕੇ ਖੂਹ ਤੇ ਪਾਣੀ ਭਰਨ ਜਾਂਦੀ ਹੈ। ਘੜਾ ਸਿਰ ਤੇ ਰੱਖ ਕੇ ਬੱਚੇ ਨੂੰ ਨਾਲ ਤੁਰਨ ਵਾਸਤੇ ਉਂਗਲ ਫੜਾਉਂਦੀ ਹੈ। ਜੇ ਬੱਚਾ ਜ਼ਿਦ ਕਰੇ,

ਉਂਗਲ ਨਾ ਫੜੇ, ਕਹੇ ਮੈਂ ਤਾਂ ਗੋਦੀ ਚੜ੍ਹਨਾ ਹੈ। ਤਾਂ ਬੱਚੇ ਨੂੰ ਉੱਥੇ ਹੀ ਛੱਡ ਆਉਂਦੀ ਹੈ ਤੇ ਆਖਦੀ ਹੈ ਚੰਗਾ! ਤੈਨੂੰ ਦੂਜੀ ਵਾਰ ਲੈ ਜਾਊਂ।

ਇਸੇ ਤਰ੍ਹਾਂ ਗੁਰੂ ਪਿਤਾ ਤੇ ਸਿੱਖ ਬੱਚਾ ਹੈ, ਸ਼ਬਦ ਰੂਪੀ ਉਂਗਲੀ ਨਾਲ ਇਸ ਨੂੰ ਆਪਣੇ ਦੇਸ਼ ਲਿਜਾਣਾ ਚਾਹੁੰਦੇ ਹਨ। ਜੇਕਰ ਇੱਕ ਜਨਮ ਵਿੱਚ ਸ਼ਬਦ ਦੀ ਕਮਾਈ ਘੱਟ ਕਰੇ ਤਾਂ ਦੂਸਰੇ ਜਨਮ ਵਿੱਚ ਆਪਣੇ ਨਾਲ ਮਿਲਾ ਲੈਂਦੇ ਹਨ। ਫਿਰ ਇਸ ਦੀ ਦ੍ਰਿਸ਼ਟੀ ਬ੍ਰਹਮ ਰੂਪ ਹੋਣ ਕਰ ਕੇ ਸਾਰਾ ਪਸਾਰਾ ਉਸ ਇੱਕੋ ਨਿਰਗੁਣ ਬ੍ਰਹਮ ਦਾ ਹੀ ਪ੍ਰਤੀਤ ਹੈ। ਜਿਵੇਂ ਵੜੇਵਾਂ ਬੀਜ ਬਣ ਕੇ ਬੂਟਾ ਬਣ ਜਾਂਦਾ ਹੈ। ਤੇ ਟੀਂਡਿਆਂ ਦੇ ਰੂਪ ਵਿੱਚ ਉਸ ਨਾਲ ਰੂੰ ਲਿਆਉਂਦਾ ਹੈ। ਵੇਲਣ ਸਮੇਂ ਰੂੰ ਨੂੰ ਅੱਡ ਕਰ ਕੇ ਵੜੇਵਾਂ ਵੱਖਰਾ ਹੋ ਜਾਂਦਾ ਹੈ। ਤਰ੍ਹਾਂ ਤਰ੍ਹਾਂ ਦੇ ਬਸਤਰਾਂ ਦਾ ਸਾਰਾ ਪਸਾਰਾ ਇੱਕ ਰੂੰ ਦਾ ਹੀ ਹੁੰਦਾ ਹੈ।

ਇਸੇ ਤਰ੍ਹਾਂ ਬੀਜ ਰੂਪ ਪ੍ਰਮਾਤਮਾ ਵੜੇਵੇਂ ਵਾਂਗ ਅਸੰਗ ਤੇ ਨਿਰਲੇਪ ਹੈ। ਮਾਇਆ ਦੁਆਰਾ ਸ੍ਰਿਸਟੀ ਦੀ ਰਚਨਾ ਕਰ ਕੇ ਜੀਵਨ ਨੂੰ ਧੰਧਿਆਂ ਵਿੱਚ ਲਾ ਛੱਡਿਆ ਹੈ।

ਜਿਵੇਂ ਸਮੁੰਦਰ ਵਿੱਚ ਅਨੇਕਾਂ ਛੋਟੇ ਵੱਡੇ ਜੀਵ ਹਨ। ਉਹ ਸਮੁੰਦਰ ਵਿੱਚ ਹੀ ਪੈਦਾ ਹੋ ਕੇ ਪਲਦੇ ਤੇ ਮਰਦੇ ਹਨ। ਇੱਕ ਦੂਜੇ ਨਾਲ ਲੜਦੇ ਝਗੜਦੇ ਤੇ ਮਾਰ ਕੇ ਖਾਂਦੇ ਹਨ। ਇਸੇ ਤਰ੍ਹਾਂ ਬ੍ਰਹਮ ਰੂਪੀ ਸਮੁੰਦਰ ਵਿੱਚ ਸੰਸਾਰ ਦੀ ਰਚਨਾ ਹੈ। ਜੋ ਕਲੰਦਰ ਵਾਂਗ ਸਭ ਨੂੰ ਨਚਾਉਂਦਾ ਤੇ ਟਪਾਉਂਦਾ ਹੈ ਅਤੇ ਪ੍ਰਮੇਸ਼ਰ ਨੂੰ ਉਹੋ ਭਗਤ ਪਿਆਰੇ ਹਨ ਜੋ ਉਸ ਨੂੰ ਸਾਰਿਆਂ ਵਿੱਚ ਵਿਆਪਕ ਨਿਸ਼ਚੇ ਕਰਦੇ ਹਨ ਅਤੇ ਪਤੰਗਿਆਂ ਵਾਂਗ ਉਸ ਜੋਤੀ ਸਰੂਪ ਦੇ ਪ੍ਰਕਾਸ਼ ਦੇ ਸੰਗ ਵੱਸਦੇ ਹਨ। ਆਪ ਦੱਸਿਆ ਕਰਦੇ ਕਿ ਸ਼ਬਦ ਹੀ ਗੁਰੂ ਹੈ, ਦੇਹ ਗੁਰੂ ਨਹੀਂ। ਜਦੋਂ ਸਤਿਗੁਰੂ ਜੀ ਦੇਹ ਵਿੱਚ ਪ੍ਰਗਟ ਸਨ, ਤਾਂ ਵਰਤੋਂ ਸ਼ਬਦ ਦੀ ਹੀ ਕਰਦੇ ਸਨ। ਇਸ ਕਰ ਕੇ ਗੁਰੂ ਸ਼ਬਦ ਹੈ, ਸਰੀਰ ਨਹੀਂ।

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

(ਰਾਮਕਲੀ ਮਃ ੧ - ੯੪੩)

ਦੇਹ ਅਭਿਮਾਨੀ ਹਉਮੈ ਦਾ ਬੱਧਿਆ ਜੀਵ ਵਾਸ਼ਨਾਂ ਦੇ ਅਧੀਨ ਹੋਇਆ ਦੁਖੀ ਤੇ ਗ਼ੁਲਾਮ ਹੈ। ਜਦੋਂ ਸੰਤੋਖ ਧਾਰਨ ਕਰ ਵਾਸ਼ਨਾਂ ਤੇ ਕਾਬੂ ਪਾ ਲਵੇ, ਉੱਚ ਮੰਡਲਾਂ ਵਿੱਚ ਸੁਰਤ ਚਲੀ ਜਾਵੇ, ਫਿਰ ਇਹੋ ਹੀ ਆਪਣੇ ਆਪ ਨੂੰ ਆਜ਼ਾਦ ਮੰਡਲਾਂ ਦਾ ਸੁਨਹਿਰੀ ਪੰਛੀ ਬ੍ਰਹਮ ਨਿਸ਼ਚੇ ਕਰਦਾ ਹੈ। ਆਤਮਾ ਦੀ ਖ਼ੁਰਾਕ ਸ਼ਬਦ ਹੈ। ਸ਼ਬਦਾਂ ਦੇ ਇਕੱਠ ਦਾ ਨਾਮ ਬਾਣੀ ਹੈ। ਬਾਣੀ ਦੀ ਤੱਤ ਵਸਤੂ ਪ੍ਰੇਮਾ ਭਗਤੀ ਦਾ ਅਮਰ ਨਿੱਘ ਪਾਰਬ੍ਰਹਮ ਦੇ ਨੇੜੇ ਲੈ ਜਾਂਦਾ ਹੈ। ਸ਼ਬਦ ਰੂਪ ਹੀ ਭਗਵਾਨ ਹੈ। ਸ਼ਬਦ ਦਾ ਹੀ ਪਸਾਰਾ ਹੈ। ਗੁਰਮੁਖ ਜਨ ਸ਼ਬਦ ਗਾਉਂਦੇ ਹਨ ਤੇ ਮੁਕਤੀ ਨੂੰ ਪ੍ਰਾਪਤ ਕਰਦੇ ਹਨ। ਕਾਮ, ਕ੍ਰੋਧ, ਨਿੰਦਾ, ਚੁਗਲੀ, ਵੈਰ, ਵਿਰੋਧ, ਲਾਲਚ, ਈਰਖਾ ਤੇ ਮੋਹ ਦੇ ਗਰਦੇ ਨੂੰ ਬਾਣੀ ਦੇ ਜਲ ਨਾਲ ਧੋ ਕੇ ਆਤਮਾ ਨੂੰ ਸ਼ੀਸ਼ੇ ਵਾਂਗ ਨਿਰਮਲ ਕੀਤਾ ਜਾਂਦਾ ਹੈ। ਜਨਮ ਜਨਮਾਤਰਾਂ ਦੀ ਆਤਮਾ ਨੂੰ ਮੈਲ ਲੱਗੀ ਹੋਈ ਹੈ। ਜਦੋਂ ਆਤਮਾ ਨਿਰਮਲ ਹੋ ਜਾਂਦੀ ਹੈ ਤਾਂ ਸਾਰਾ ਸੰਸਾਰ ਪ੍ਰਭੂ ਪ੍ਰਮਾਤਮਾ ਦੇ ਰੂਪ ਨਾਲ ਰੰਗਿਆ ਹੋਇਆ ਨਜ਼ਰ ਆਉਂਦਾ ਹੈ। ਦੂਰ ਬੈਠੇ ਪਿਆਰੇ ਦਾ ਘਰ ਨੇੜੇ ਦਿਸਦਾ ਹੈ। ਪੈਰ ਕਾਹਲੀ ਨਾਲ ਤੁਰੇ ਜਾਂਦੇ ਹਨ ਅਤੇ ਸਰੀਰ ਥਕੇਵੇਂ ਨਾਲ ਥੱਕਦੇ ਨਹੀ, ਸਗੋਂ ਜੀਵਨ ਵਿੱਚ ਨਵਾਂ ਹੁਲਾਰਾ ਆਉਂਦਾ ਹੈ।

ਅੰਮ੍ਰਿਤਧਾਰੀ ਸਿੰਘ ਪ੍ਰਤੀ ਉਪਦੇਸ਼

ਦੋਹਰਾ: ਸ੍ਰੀ ਜਪੁਜੀ ਅਰ ਜਾਪ ਜੀ ਦਸਮ ਸਵੈਯੇ ਜਾਨ। ਚੌਪਈ ਬੇਨਤੀ ਕੀਜੀਏ ਅਨੰਦ ਸਾਰਾ ਮਾਨ।
ਬਾਣੀ ਪਾਂਚ ਸਵੇਰ ਕੀ ਸੋ ਦਰ ਸ਼ਾਮ ਅਲਾਇ। ਸੋਹਿਲਾ ਸੋਵਨ ਕੇ ਸਮੇਂ ਪੜ੍ਹਨਾ ਪ੍ਰੇਮ ਲਗਾਇ।
ਬਾਣੀ ਸਭ ਹੀ ਚਾਹੀਏ ਸਿੰਘਨ ਕੰਠ ਜ਼ਰੂਰ। ਜੋ ਨਿੱਤ ਚਿੱਤ ਹਿਤ ਕਰ ਪਢੈ ਹੋਇ ਸਿੰਘ ਸੋ ਪੂਰ।
ਮਿਲੈ ਸਿੰਘ ਜਬ ਸਿੰਘ ਕੋ ਗੁਰ ਕੀ ਫਤੇ ਬੁਲਇ। ਕਰੈ ਸੇਵ ਤਬ ਸਿੰਘ ਕੀ ਸਿੰਘ ਸੋ ਧਰ ਚਿੱਤ ਚਾਇ।
ਫੇਰ ਕੁਮੇਲਨ ਪਾਂਚ ਕੇ ਨਾਮ ਬਤਾਵੈਂ ਤਾਹਿ। ਇਨ ਸੋ ਮੇਲ ਨ ਕੀਜੀਏ ਸ੍ਰੀ ਮੁੱਖ ਸਤਿਗੁਰ ਪ੍ਰਾਹਿ।
ਮੀਣੇ ਔਰ ਮਸੰਦੀਏ ਧੀਰਮੱਲੀਏ ਜਾਨ। ਰਾਮ ਰਾਈਅਨ ਕੋ ਜਾਣ ਲੇ ਫਿਰ ਸਿਰ ਗੁੰਮ ਪਛਾਨ।
ਪਰ ਨਾਰੀ ਮੇਲਾ ਬੁਰਾ ਬੁਰੀ ਕੇਸ ਕੀ ਕਾਟ। ਕੁਠੇ ਕਾ ਖਾਣਾ ਬੁਰਾ ਬੁਰਾ ਤੰਮਾਕੂ ਠਾਟ।
ਸਿੰਘ ਗੁਰੂ ਕਾ ਹੋਇ ਕੈ ਕਰੈ ਚਾਰੋਂ ਕੇ ਸਾਹਿ। ਪਤਿਤ ਸਿਖੀ ਤੈ ਹੋਇ ਕੈ ਪਰੈ ਨਰਕ ਹੀ ਭਾਹਿ।

ਅੰਮ੍ਰਿਤ ਧਾਰੀ ਸਿੰਘ ਦੇ ਚੜ੍ਹਾਈ ਕੀਤਿਆਂ ਵੀ ਕਿਸੇ ਪ੍ਰਕਾਰ ਦਾ ਸ਼ੋਕ ਨਹੀਂ ਕਰਨਾ। ਉਸ ਮ੍ਰਿਤਕ ਪ੍ਰਾਣੀ ਦੀ ਕ੍ਰਿਆ ਵੀ ਗੁਰਮਤ ਅਨੁਸਾਰ ਕਰਾਉਣੀ। ਰੁਦਨ ਨਹੀਂ ਕਰਨਾ, ਨਾ ਗੰਗਾ ਆਦਿਕ ਫ਼ੁੱਲ ਲਿਜਾਣੇ ਹਨ। ਹਾਂ! ਯਥਾ ਸ਼ਕਤ ਘਰ ਵਿੱਚ ਸਹਿਜ ਜਾਂ ਅਖੰਡ ਪਾਠ ਜ਼ਰੂਰ ਰਖਵਾਉਣਾ, ਜੋ ਅੰਤ ਸਮੇਂ ਸਹਾਈ ਹੋਵੇ ਅਤੇ ਪਾਠੀ ਸਿੰਘ ਦੀ ਪ੍ਰਸ਼ਾਦ

ਪਾਣੀ ਤੇ ਬਸਤ੍ਰ ਦੁਆਰਾ ਸੇਵ ਕਰਨੀ।

ਮਾਤਾ ਗੰਗਾ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਛੇਵੇਂ ਪਾਤਸ਼ਾਹ ਜੀ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਸਹਿਜ ਪਾਠ ਕਰਨ ਦੀ ਆਗਿਆ ਕੀਤੀ। ਯਥਾ:

ਬੋਲੇ ਸਤਿਗੁਰ ਸੁਣ ਗੁਰਦਾਸ। ਪਠੋ ਗ੍ਰੰਥ ਸਾਹਿਬ ਸੁਖ ਰਾਸ।
ਬਿਦਤੇ ਸਿੱਖਨ ਮੈ ਅਸ ਰੀਤ। ਮ੍ਰਿਤਕ ਭਏ ਜੋ ਪੜਹਿ ਸਪ੍ਰੀਤ।
ਸਭ ਬਿਧਿ ਕੇ ਸੁਖ ਪਾਵਹਿ ਪ੍ਰਾਨੀ। ਜਿਸ ਹਿਤ ਪਢਨ ਕਰੈ ਗੁਰਬਾਨੀ।
ਇਸ ਫ਼ਲ ਸਮ ਅਪਰ ਨ ਕੋਈ। ਵਡੇ ਭਾਗ ਤੇ ਪ੍ਰਾਪਤ ਹੋਈ।

(ਸ੍ਰੀ ਗੁ. ਪ੍ਰ. ਸੂ. ਰਾਸ ੫ ਅੰਸੂ ੬੩)

ਆਪ ਜੀ ਨੇ ਹੋਰ ਉਪਦੇਸ਼ ਬਖਸ਼ਿਆ ਕਿ ਦਸਾਂ ਗੁਰ ਸਾਹਿਬਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਜੋਤ ਜਾਣ ਕੇ ਪੂਜੋ। ਕਿਸੇ ਦੇਵੀ ਦੇਵਤੇ, ਗੋਰ ਮੜ੍ਹੀ ਮਸਾਣੀ, ਗੁੱਗਾ, ਭੈਰੋਂ ਮਠ ਆਦਿਕ ਨੂੰ ਨਾ ਮੰਨੋ। ਚੌਹਾਂ ਬੱਜਰ ਕੁਰੈਹਤਾਂ ਤੋਂ ਬਚੋ। ਪੰਜ ਕਕਾਰ ਅੰਗ ਸੰਗ ਰੱਖੋ। ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰੋ। ਉਪਰੰਤ ਗੁਰ ਸ਼ਬਦ ਦਾ ਅਭਿਆਸ ਕਰੋ। ਰੋਜ਼ ਪੂਰੇ ਅਨੰਦ ਸਾਹਿਬ ਸਮੇਤ ਪੰਜ ਬਾਣੀਆਂ ਦੇ ਨਿੱਤਨੇਮ ਕਰੋ। ਦਸਾਂ ਨੌਹਾਂ ਦੀ ਹੱਕ ਦੀ ਕਿਰਤ ਕਰ ਕੇ ਗੁਰ ਨਮਿਤ ਦਸਵੰਧ ਦੇ ਕੇ ਵੰਡ ਛਕੋ। ਕੁਸੰਗਤ ਤੋਂ ਬਚੋ। ਕੁਰੈਹਤੀਏ ਨਾਲ ਮਿਲਵਰਤਣ ਨਾ ਕਰੋ।

ਨਿਰਧਨ ਗ਼ਰੀਬ ਸਿੱਖ ਦੀ ਹਮੇਸ਼ਾ ਸਹਾਇਤਾ ਕਰੋ। ਲੜਕੀ ਦਾ ਪੈਸਾ ਲੈਣਾ, ਸ਼ਰਾਬ ਮਾਸ ਦਾ ਵਰਤਣਾ, ਝੂਠੀ ਉਗਾਹੀ ਦੇਣੀ, ਜੂਆ ਖੇਡਣਾ, ਝੂਠ ਬੋਲਣਾ ਇਨ੍ਹਾਂ ਔਗੁਣਾਂ ਤੋਂ ਬਚੋ। ਮਨ ਤੇ ਕਾਬੂ ਪਾਓ। ਜੇਕਰ ਮਨ ਬੁਰੇ ਫੁਰਨੇ ਨਾ ਛਡੇ ਤਾਂ ਇੰਦ੍ਰੀਆਂ ਦੇ ਮਗਰ ਨਾ ਲੱਗੋ। ਸਰੀਰ ਕਰ ਕੇ ਵਿਕਾਰਾਂ ਤੋਂ ਬਚੋ। ਪੈਰਾਂ ਨਾਲ ਬੁਰੇ ਪਾਸੇ ਨਾ ਜਾਵੇ। ਹੱਥਾਂ ਨਾਲ ਚੋਰੀ ਯਾਰੀ ਤੇ ਜੀਵ ਹਿੰਸਾ ਨਾ ਕਰੋ। ਅੱਖਾਂ ਨਾਲ ਪਰਾਏ ਦੇ ਤਨ ਮਨ ਨੂੰ ਮਾੜੀ ਨੀਅਤ ਨਾਲ ਨਾ ਦੇਖੋ। ਕੰਨਾਂ ਨਾਲ ਨਿੰਦਾ, ਚੁਗਲੀ, ਗੰਦੇ ਗੀਤ ਨਾ ਸੁਣੋ। ਜੀਭ ਨਾਲ ਝੂਠ ਨਿੰਦਾ ਤੇ ਕਿਸੇ ਨੂੰ ਦੁਖਵਾਂ ਸ਼ਬਦ ਨਾ ਬੋਲੋ। ਸਾਰਿਆਂ ਵਿੱਚ ਉਸ ਦੀ ਜੋਤ ਜਾਣੋ, ਫਰੀਦ ਜੀ ਫੁਰਮਾਉਂਦੇ ਹਨ:

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥

(ਸਲੋਕ ਸੇਖ ਫਰੀਦ ਜੀ - ੧੩੮੪)

ਤਥਾ: ਦੇਖੀਂ ਸਿੰਘਾ ਮਾਣ ਨਾ ਕਰ ਲਈਂ, ਸਿਰ ਧੜ ਦੀ ਬਾਜੀ ਲਾਈ ਦੀ।
ਸਿਰ ਦੇ ਕੇ ਜੇ ਮਿਲ ਜੇ ਪਿਆਰਾ, ਤਾਂ ਇਹ ਝਾਤੀ ਪਾਈ ਦੀ।
ਪ੍ਰੇਮ ਰੰਗ ਵਿੱਚ ਰੱਤੇ ਰਹਿਣਾ, ਸੁਰਤੀ ਇਵੇਂ ਟਿਕਾਈ ਦੀ।
ਹਰੀ ਮੋਹਨ ਤੂੰ ਕੀਹਦੇ ਚੇਤੇ, ਔਖੀ ਸਿਖੀ ਨਿਭਾਈ ਦੀ।

ਨਾਮ ਧਰੀਕ ਭੇਖੀ ਸਿੱਖ

ਅਸੀਂ ਸਿੱਖ ਹਾਂ ਆਪਣੇ ਮਨ ਅੰਦਰ, ਨਹੀਂ ਤਾਂ ਧਰਮ ਦਾ ਮੂਲ ਪਿਆਰ ਸਾਨੂੰ।
ਝੂਠੇ ਨੇਮ ਨਾ ਚੁਕਣੋਂ ਮੂਲ ਡਰਦੇ, ਜੇ ਕੋਈ ਦੇਵੇ ਕਚੌਰੀਆਂ ਚਾਰ ਸਾਨੂੰ।
ਕਛ, ਕੜਾ, ਬੜਾ, ਕ੍ਰਿਪਾਨ ਨਾ ਮੂਲ ਭਾਉਂਦੇ, ਕੇਸ ਦਿਸਦੇ ਸਿਰ ਤੇ ਭਾਰ ਸਾਨੂੰ।
ਪੀ ਸ਼ਰਾਬ ਗੰਦੀ ਗਲੀ ਵਿੱਚ ਲਿਟਦੇ, ਕੁੱਤਾ ਮੂੰਹ ਤੇ ਮਾਰਦਾ ਧਾਰ ਸਾਨੂੰ।
ਕਲਗੀ ਵਾਲੜਾ ਜਦੋਂ ਜਵਾਬ ਮੰਗੇ, ਹੋਣਾ ਪਵੇਗਾ ਤਾਂ ਸ਼ਰਮਸਾਰ ਸਾਨੂੰ।

ਸੁੱਖ

ਬੇਸਮਝ ਲੋਕ ਸ਼ਰਾਬ, ਮਾਸ, ਸਿਨੇਮੇ ਥੀਏਟਰ ਤੇ ਵਿਕਾਰਾਂ ਨੂੰ ਹੀ ਜੀਵਨ ਦਾ ਲਕਸ਼ ਸਮਝਦੇ ਹਨ। ਅਤੇ ਹਰੇਕ ਆਦਮੀ ਹਰ ਸਮੇਂ ਏਹੋ ਯਤਨ ਕਰਦਾ ਹੈ ਕਿ ਉਸ ਨੂੰ ਵੱਧ ਤੋਂ ਵੱਧ ਸੁੱਖ ਮਿਲੇ। ਸੁਖਾਂ ਦੀ ਪ੍ਰਾਪਤੀ ਵਾਸਤੇ ਰਾਤ ਦਿਨ ਦੌੜਦਾ ਫਿਰਦਾ ਹੈ। ਸਰੀਰਕ ਸੁਖਾਂ ਨਾਲ ਇਹ ਕਦੀ ਰਜਦਾ ਨਹੀਂ ਸਗੋਂ ਭੁੱਖ ਦੇ ਤਾਂਘ ਹੋਰ ਅਗਾਂਹ ਵਧਦੀ ਜਾਂਦੀ ਹੈ। ਦੁਖਾਂ ਤੋਂ ਸਾਰੇ ਡਰਦੇ ਹਨ ਅੱਜ ਤੱਕ ਕਦੇ ਕਿਸੇ ਨੇ ਦੁਖਾਂ ਦੀ ਮੰਗ ਨਹੀਂ ਕੀਤੀ।

ਸੁਖਾਂ ਵਾਸਤੇ ਧਨ ਕਮਾਉਣਾ, ਦੇਸ਼ ਨੂੰ ਛੱਡ ਕੇ ਬਾਹਰਲੇ ਮੁਲਕਾਂ ਵਿੱਚ ਜਾਣਾ, ਆਪਣੇ ਧਰਮ ਦਾ ਵੀ ਤਿਆਗ ਕਰ ਦੇਣਾ, ਝੂਠ ਬੋਲਣਾ, ਘੱਟ ਤੋਲਣਾ, ਬਲੈਕਾਂ ਕਰਨੀਆਂ, ਮਿਲਾਵਟਾਂ ਕਰਨੀਆਂ, ਗ਼ਰੀਬਾਂ ਦੇ ਗਲੇ ਘੁੱਟਣੇ ਤੇ ਉਨ੍ਹਾਂ ਦੇ

ਹੱਕ ਨੂੰ ਖੋਹਣਾ ਹੀ ਮੁੱਖ ਮੰਨਿਆ ਹੈ। ਇਸ ਦੇ ਮਨ ਵਿੱਚ ਇਹ ਭੁਲੇਖਾ ਹੈ ਕਿ ਬਹੁਤਾ ਧਨ ਇਕੱਠਾ ਕਰਨਾ ਹੀ ਅਸਲ ਸੁਖਾਂ ਦੀ ਖਾਨ ਹੈ। ਸੁੱਖ ਦੋ ਪ੍ਰਕਾਰ ਦਾ ਹੈ, ਇੱਕ ਸਰੀਰਕ ਤੇ ਦੂਜਾ ਅਧਿਆਤਮਕ। ਧਨ ਦੀ ਪ੍ਰਾਪਤੀ ਕਰ ਕੇ ਸਰੀਰਕ ਸੁੱਖ ਪ੍ਰਾਪਤ ਕੀਤੇ ਜਾ ਸਕਦੇ ਹਨ। ਏਅਰ ਕੰਡੀਸ਼ਨ ਕਮਰਿਆਂ ਵਿੱਚ ਬੈਠਿਆ ਜਾ ਸਕਦਾ ਹੈ। ਹਵਾਈ ਜਹਾਜ਼ ਰਾਹੀਂ ਬਾਹਰਲੇ ਦੇਸ਼ਾਂ ਦੀ ਸੈਰ ਹੋ ਸਕਦੀ ਹੈ। ਨਾਚਘਰ ਤੇ ਕਲੱਬਾਂ ਦਾ ਅਨੰਦ ਮਾਣਿਆ ਜਾ ਸਕਦਾ ਹੈ। ਕਾਕਟੇਲ ਪਾਰਟੀਆਂ ਤੇ ਡਾਂਸ ਵੇਖੇ ਜਾ ਸਕਦੇ ਨੇ। ਪਰ ਇਹ ਕੋਈ ਮੱਤ ਸਮਝੇ ਕਿ ਇਨ੍ਹਾਂ ਰੰਗ ਤਮਾਸ਼ਿਆਂ ਤੇ ਵਿਸ਼ੇ ਸੁਖਾਂ ਨਾਲ ਆਤਮਕ ਸੁੱਖ ਮਿਲ ਸਕੇਗਾ। ਸਰੀਰਕ ਸੁੱਖ ਹੋਰ ਚੀਜ਼ ਹੈ ਤੇ ਆਤਮ ਸੁੱਖ ਕੋਈ ਹੋਰ ਚੀਜ਼ ਹੈ।

ਇਨ੍ਹਾਂ ਸੁਖਾਂ ਦੀ ਬਹੁਲਤਾ ਵਿੱਚੋਂ ਹੀ ਦੁਖਾਂ ਦੇ ਭਾਂਬੜ ਉੱਠਦੇ ਹਨ। ਅਮੀਰੀ ਦੇ ਵਧਣ ਨਾਲ ਹੀ ਪਾਪਾਂ ਦਾ ਚੱਕਰ ਵਧੇਰੇ ਵੱਧ ਜਾਂਦਾ ਹੈ। ਕਿਉਂਕਿ ਅਮੀਰੀ ਦਾ ਨਸ਼ਾ ਮਨੁੱਖ ਦੇ ਹੋਸ਼ ਟਿਕਾਣੇ ਨਹੀਂ ਰਹਿਣ ਦਿੰਦਾ। ਦੇਸ਼ ਦੀ ਵੰਡ ਤੋਂ ਪਹਿਲਾਂ ਜਦੋਂ ਸਾਡੇ ਦੇਸ਼ ਵਿੱਚ ਅਮੀਰੀ ਦੀ ਥੁੜ੍ਹ ਸੀ ਤਾਂ ਬਦਮਾਸ਼ੀ ਤੇ ਬੇਈਮਾਨੀ ਵੀ ਘੱਟ ਸੀ। ਪਰ ਖ਼ੁਸ਼ਹਾਲੀ ਦੇ ਵਧਣ ਨਾਲ, ਅਮੀਰੀ ਦੇ ਪਸਾਰੇ ਕਰ ਕੇ, ਧਨ ਦੌਲਤ ਦੇ ਵਾਧੇ ਨਾਲ, ਨਾਈਟ ਕਲੱਬਾਂ, ਹੋਟਲਾਂ, ਸਿਨਮਿਆਂ ਤੇ ਨਾਚਘਰਾਂ ਦਾ ਭੀ ਭਾਰੀ ਵਾਧਾ ਹੋਇਆ ਹੈ। ਭਾਵ ਕੀ ਸੁਖਾਂ ਦੀ ਮੌਜ ਵਿੱਚ ਮਨੁੱਖ ਨੂੰ ਕਿਸੇ ਪਾਪ ਦਾ ਕੋਈ ਡਰ ਨਹੀਂ ਰਹਿੰਦਾ। ਉਹ ਨਿਧੜਕ ਹੋ ਕੇ ਚੋਰ ਬਜ਼ਾਰੀ ਕਰਦਾ ਹੈ। ਸੀਨੇ ਜ਼ੋਰੀ ਨਾਲ ਮਜ਼ਲੂਮਾਂ ਤੇ ਬੇਗੁਨਾਹਾਂ ਗ਼ਰੀਬਾਂ ਦੀ ਅਸਮਤ ਲੁਟਦਾ ਹੈ। ਇਸ ਦਾ ਫ਼ਲਸਰੂਪ ਉਸ ਨੂੰ ਅਨੇਕਾਂ ਪ੍ਰਕਾਰ ਦੇ ਦੁਖਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਮਹਾਤਮਾ ਬੁੱਧ ਨੇ ਆਪਣੀ ੪੦ ਸਾਲਾਂ ਦੀ ਲੰਮੀ ਤਪੱਸਿਆ ਤੋਂ ਮਗਰੋਂ ਜੋ ਨਿਰਣਾ ਕੀਤਾ ਸੀ ਉਹ ਇਹ ਸੀ ਕਿ ਸੰਸਾਰ ਦੁਖਾਂ ਦਾ ਘਰ ਹੈ। ਇਨ੍ਹਾਂ ਦੁੱਖਾਂ ਤੋਂ ਬਚਣ ਲਈ ਮਨ ਨੂੰ ਕਾਬੂ ਵਿੱਚ ਰੱਖਣਾ ਤੇ ਇੱਛਾਵਾਂ ਨੂੰ ਰੋਕਣਾ ਹੈ। ਪਰ ਗੁਰਮਤ ਵਿੱਚ ਸੰਸਾਰ ਨੂੰ ਹਰਿ ਕਾ ਰੂਪ ਕਥਨ ਕੀਤਾ ਹੈ। ਇਸ ਦਾ ਤਿਆਗ ਕਰਨ ਨਾਲੋਂ ਇਸ ਦੀ ਪਕੜ ਤੋਂ ਤਿਆਗ ਦਾ ਉਪਦੇਸ਼ ਕੀਤਾ ਹੈ। ਸੰਸਾਰ ਵਿੱਚ ਰਹਿੰਦਾ ਹੋਇਆ ਪਦਾਰਥਾਂ ਦੀ ਅਟੈਚਮੈਂਟ ਤੋਂ ਉੱਚਾ ਉੱਠ ਕੇ ਨਿਰਲੇਪ ਰਹੇ ਤੇ ਸੇਵਾ ਸਿਮਰਨ ਵਿੱਚ ਜੁੜਿਆ ਹੋਇਆ ਗ਼ਰੀਬ ਦੀ ਰੱਖਿਆ ਕਰੇ।

ਕਿਉਂਕਿ ਇਹ ਸੰਸਾਰ ਸੁਹਾਵਨਾ ਹੈ। ਇਸ ਵਿੱਚ ਸੋਹਣੇ ਸੋਹਣੇ ਹਰਿਆਵਲੇ ਜੰਗਲ ਹਨ। ਬਰਫਾਂ ਨਾਲ ਢਕੇ ਸੁੰਦਰ ਪਹਾੜ ਹਨ। ਫੁੱਲਾਂ ਤੇ ਫ਼ਲਾਂ ਨਾਲ ਲੱਦੇ ਬਾਗ਼ ਹਨ। ਬਨਸਪਤੀ ਦੀ ਰੌਣਕ, ਸਮੁੰਦਰ ਦੀਆਂ ਲਹਿਰਾਂ, ਠੰਢੇ ਠਾਰ ਪਾਣੀ ਤੇ ਬਿਲੌਰੀ ਰੰਗ ਦੇ ਚਿੱਟੇ ਸਫੈਦ ਚਸ਼ਮਿਆਂ ਨੂੰ ਦੇਖ ਕੇ ਆਤਮਾ ਨਸ਼ਿਆ ਜਾਂਦੀ ਹੈ। ਇਸ ਲਈ ਸੰਸਾਰ ਦੁਖਾਂ ਦਾ ਘਰ ਨਹੀਂ। ਜੀਵ ਦੀ ਬੇਸਮਝੀ ਕਰ ਕੇ ਪਦਾਰਥਾਂ ਦੀ ਗ਼ਲਤ ਵਰਤੋਂ ਨਾਲ ਇਹ ਦੁਖੀ ਹੋ ਰਿਹਾ ਹੈ। ਪ੍ਰਮੇਸ਼ਰ ਤੋਂ ਬੇਮੁਖ ਹੋ ਕੇ ਪਾਪਾਂ ਵਿੱਚ ਲੱਗ ਕੇ ਆਪਣੇ ਆਪ ਨੂੰ ਜਾਣ ਬੁੱਝ ਕੇ ਦੁਖਾਂ ਦੇ ਖੂਹ ਵਿੱਚ ਸੁੱਟ ਲੈਂਦਾ ਹੈ। ਪ੍ਰਭੂ ਤੋਂ ਪਰੇ ਹਟਣ ਨਾਲ ਦੁੱਖ ਹੀ ਦੁੱਖ ਹਨ। ਧਨ ਦੌਲਤ ਦੀ ਬਹੁਲਤਾ ਹੀ ਬਹੁਤ ਸਾਰੇ ਦੁਖਾਂ ਦਾ ਕਾਰਨ ਹੁੰਦੀ ਹੈ।

ਦੇਖੋ, ਜਦੋਂ ਨਾਦਰਸ਼ਾਹ ਨੇ ਦਿੱਲੀ ਵਿੱਚ ਕਤਲਿਆਮ ਸ਼ੁਰੂ ਕੀਤੀ ਤਾਂ ਸਾਰੇ ਸ਼ਹਿਰ ਵਿੱਚ ਤਰਥੱਲੀ ਮੱਚ ਗਈ। ਸਭਨਾਂ ਨੂੰ ਧੜਾ ਧੜ ਕਤਲ ਕੀਤਾ ਜਾ ਰਿਹਾ ਸੀ। ਸਾਰੇ ਬਾਜ਼ਾਰਾਂ ਵਿੱਚ ਲਾਸ਼ਾਂ ਦੇ ਢੇਰਾਂ ਦੇ ਢੇਰ ਲੱਗ ਗਏ। ਜਿਹੜੇ ਅਮੀਰ ਤੇ ਦੌਲਤਮੰਦ ਲੋਕ ਸਨ, ਜਿਨ੍ਹਾਂ ਕੋਲ ਸੋਨਾ ਚਾਂਦੀ ਸੀ, ਜਿਹੜੇ ਕੀਮਤੀ ਹੀਰੇ ਤੇ ਜਵਾਹਰਾਤ ਇਕੱਠੇ ਕਰੀ ਬੈਠੇ ਸਨ, ਉਨ੍ਹਾਂ ਨੂੰ ਭਾਜੜਾਂ ਪੈ ਗਈਆਂ ਅਤੇ ਆਪਣੀ ਜਾਨ ਬਚਾਉਣੀ ਔਖੀ ਹੋ ਗਈ। ਮੌਤ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ ਅਤੇ ਮੌਤ ਦੇ ਡਰ ਨਾਲ ਸਭਨਾਂ ਦੇ ਸਾਹ ਸੁਕਦੇ ਜਾ ਰਹੇ ਸਨ।

ਇਸ ਕਿਆਮਤ ਦੇ ਸਮੇਂ ਵਿੱਚ ਚਾਂਦਨੀ ਚੌਂਕ ਦੇ ਨੇੜੇ ਇੱਕ ਕੋਈ ਰੰਗਲਾ ਫ਼ਕੀਰ ਮਸਤੀ ਦੇ ਗੀਤ ਗਾਉਂਦਾ ਹੋਇਆ ਬੇਫ਼ਿਕਰੀ ਦੀ ਹਾਲਤ ਵਿੱਚ ਭੁੰਜੇ ਫਰਸ਼ ਉੱਪਰ ਲੇਟਿਆ ਲੋਕਾਂ ਦੀ ਭੱਜ ਦੌੜ ਦੇ ਤਮਾਸ਼ੇ ਨੂੰ ਦੇਖ ਦੇਖ ਕੇ ਖੁਸ਼ ਹੋ ਰਿਹਾ ਸੀ। ਉਸ ਨੂੰ ਕਿਸੇ ਨੇ ਪੁੱਛਿਆ, "ਸਾਰੀ ਦਿੱਲੀ ਵਿੱਚ ਕੁਹਰਾਮ ਮੱਚਿਆ ਹੋਇਆ ਹੈ। ਲਹੂ ਨਾਲ ਧਰਤੀ ਲਾਲ ਹੋ ਰਹੀ ਹੈ ਪਰ ਤੂੰ ਕੈਸਾ ਅਜ਼ੀਬ ਆਦਮੀ ਹੈਂ ਕਿ ਤੇਰੇ ਉੱਪਰ ਇਸ ਭਾਰੀ ਕਹਿਰ ਦਾ ਰਤਾ ਜਿੰਨਾਂ ਵੀ ਕੋਈ ਅਸਰ ਨਹੀਂ ਹੋਇਆ।" ਉਸ ਮਸਤ ਮਲੰਗ ਮਨੁੱਖ ਨੇ ਦ੍ਰਿੜ੍ਹਤਾ ਭਰੇ ਲਹਿਜ਼ੇ ਨਾਲ ਮੁਸਕਰਾਂਦਿਆਂ ਹੋਇਆ ਕਿਹਾ ਕਿ ਸੱਚੀ ਮੁੱਚੀਂ ਮੈਨੂੰ ਤਾਂ ਮਲੰਗ ਪੁਣੇ ਦਾ ਸੁਆਦ ਹੀ ਅੱਜ ਆਇਆ ਹੈ। ਮੈਨੂੰ ਪਤਾ ਨਹੀਂ ਕਿ ਫ਼ਿਕਰ ਜਾਂ ਦੁੱਖ ਕਿਸ ਬਲਾ ਦਾ ਨਾਮ ਹੈ। ਮੈਂ ਹਰ ਵੇਲੇ ਆਪਣੀ ਮੌਜ ਵਿੱਚ ਮਸਤ ਰਹਿੰਦਾ ਹਾਂ।

ਇਸ ਤਰ੍ਹਾਂ ਜਿਹੜੇ ਲੋਕ ਦੁਨੀਆਂ ਦੇ ਪਦਾਰਥਾਂ ਨੂੰ ਪਾ ਕੇ ਉਨ੍ਹਾਂ ਵਿੱਚ ਖੱਚਤ ਨਹੀਂ ਹੁੰਦੇ, ਜਿਹੜੇ ਦੁਨੀਆਂ ਦੇ ਸੁੱਖ ਆਰਾਮ ਨੂੰ ਹੀ ਆਪਣੀ ਜ਼ਿੰਦਗੀ ਦਾ ਦਾਰੋ ਮਦਾਰ ਨਹੀਂ ਸਮਝਦੇ, ਉਹ ਸਦਾ ਖੁਸ਼ ਰਹਿੰਦੇ ਹਨ। ਉਨ੍ਹਾਂ ਲਈ ਦੁੱਖ ਤੇ ਸੁੱਖ ਇੱਕੋ ਜੇਹੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਬਾਦਸ਼ਾਹ ਤੇ ਕੰਗਾਲ ਇੱਕੋ ਜੈਸੇ ਹਨ।

ਮੰਗਲ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਵੱਡੇ ਛੋਟੇ ਕੁੱਲ ੫੬੬ ਮੰਗਲ ਹਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਸਾਰੀ ਬਾਣੀ ਵਿੱਚ ਤੇਤੀ ਵਾਰ ਵੱਡਾ ਮੰਗਲ ਆਇਆ ਹੈ।

੧ ਆਦਿ ਵਿੱਚ ਜਪੁਜੀ ਸਾਹਿਬ ਵਿਖੇ ੧ਓ ਤੋਂ ਲੈ ਕੇ ਗੁਰ ਪ੍ਰਸਾਦਿ ਤੱਕ।
੨ ਮਾਝ ਰਾਗੁ ਵਿੱਚ।
੩ ਗਉੜੀ ਰਾਗੁ ਵਿੱਚ। ਤਿੰਨ ਵੱਡੇ ਮੰਗਲ ਆਸਾ ਰਾਗ ਵਿੱਚ ਹਨ।
੪ ਆਸਾ ਰਾਗ ਦੇ ਆਦਿ ਵਿੱਚ।
੫ ਆਸਾ ਦੀ ਵਾਰ ਦੇ ਆਦਿ ਵਿੱਚ।
੬ ਆਸਾ ਭਗਤ ਬਾਣੀ ਦੇ ਆਦਿ ਵਿੱਚ।
੭ ਗੂਜਰੀ ਰਾਗੁ ਵਿੱਚ।
੮ ਦੇਵ ਗੰਧਾਰੀ ਵਿੱਚ।
੯ ਬਿਹਾਗੜਾ ਰਾਗੁ ਵਿੱਚ।
੧੦ ਵਡਹੰਸ ਰਾਗੁ ਵਿੱਚ।
੧੧ ਸੋਰਠਿ ਰਾਗੁ ਵਿੱਚ ।
੧੨ ਧਨਾਸਰੀ ਰਾਗੁ ਵਿੱਚ।
੧੩ ਟੋਡੀ ਰਾਗੁ ਵਿੱਚ
੧੪ ਤਿਲੰਗ ਰਾਗੁ ਵਿੱਚ
੧੫ ਸੂਹੀ ਰਾਗੁ ਵਿੱਚ।
੧੬ ਬਿਲਾਵਲੁ ਰਾਗੁ ਵਿੱਚ।
੧੭ ਗੌਂਡ ਰਾਗੁ ਵਿੱਚ।
੧੮ ਰਾਮਕਲੀ ਰਾਗੁ ਵਿੱਚ।
੧੯ ਨਟ ਨਰਾਇਣ ਰਾਗੁ ਵਿੱਚ।
੨੦ ਮਾਲੀ ਗਉੜਾ ਰਾਗੁ ਵਿੱਚ।
੨੧ ਮਾਰੂ ਰਾਗ ਵਿੱਚ।
੨੨ ਭੈਰਉ ਰਾਗੁ ਵਿੱਚ।
੨੩ ਬਸੰਤੁ ਰਾਗੁ ਵਿੱਚ।
੨੪ ਸਾਰੰਗ ਰਾਗੁ ਵਿੱਚ।
੨੫ ਮਲਾਰ ਰਾਗੁ ਵਿੱਚ।
੨੬ ਕਾਨੜਾ ਰਾਗੁ ਵਿੱਚ।
੨੭ ਕਲਿਆਣ ਰਾਗੁ ਵਿੱਚ।
੨੮ ਪ੍ਰਭਾਤੀ ਰਾਗੁ ਵਿੱਚ।
੨੯ ਜੈਜਾਵੰਤੀ ਰਾਗੁ ਵਿੱਚ।
੩੦ ਸਹਸਕ੍ਰਿਤੀ ਮਹਲਾ ੧ ਵਿੱਚ।
੩੧ ਸਹਸਕ੍ਰਿਤੀ ਮ: ੫ ਵਿੱਚ।
੩੨ ਸਵਈਏ।
੩੩ ਵਾਰਾਂ ਤੇ ਵਧੀਕ।
੧ਓ ਸਤਿਗੁਰ ਪ੍ਰਸਾਦਿ ਤੱਕ। ੪੨੨ ਵਾਰੀ
੧ਓ ਸਤਿਨਾਮ ਕਰਤਾ ਪੁਰਖ ਗੁਰਪ੍ਰਸਾਦਿ ਤੱਕ। ੯ ਵਾਰੀ
੧ਓ ਸਤਿਨਾਮੁ ਗੁਰ ਪ੍ਰਸਾਦਿ ਤੱਕ। ੨ ਵਾਰੀ

ਇਹ ਸ੍ਰੀ ਰਾਗੁ ਵਿੱਚ ਵਣਜਾਰਾ ਵਾਲੇ ਸ਼ਬਦ ਵਿੱਚ (ਪੰਨਾ ੮੧) ਅਤੇ ਇੱਕ ਬਿਹਾਗੜੇ ਰਾਗ ਵਿੱਚ ਅਤੇ ਦੂਜੀ ਵਾਰ "ਵਧੁ ਸੁਖੁ ਰੈਨੜੀਏ" ਵਾਲੇ ਸ਼ਬਦ ਵਿੱਚ (ਪੰਨਾ ੫੪੪)

ਸੰਤ ਸਮਾਜ ਦੀ ਇਕੱਤ੍ਰਤਾ

ਇਹ ਸਾਰੇ ੫੬੬ ਮੰਗਲ ਹਨ, ਜਿਨ੍ਹਾਂ ਵਿੱਚੋਂ ਵੱਡੇ ਛੋਟੇ ੬੫ ਰਾਗ ਜਾਂ ਸ਼ਬਦ ਦੇ ਸਿਰਲੇਖ ਹੈਡਿੰਗ ਤੋਂ ਪਹਿਲਾਂ ਆਉਂਦੇ ਹਨ, ੫੦੧ ਮੰਗਲ ਪਿੱਛੋਂ ਹਨ। ਪਰ ਸ੍ਰੋ: ਕਮੇਟੀ ਨੇ ਸਾਰੇ ਮੰਗਲ ਆਦਿ ਵਿੱਚ ਰੱਖ ਕੇ ਪਾਵਨ ਬੀੜ ਨੂੰ ਛਾਪ ਦਿੱਤਾ। ਜਦੋਂ ਪੰਥਕ ਦਰਦੀ, ਗੁਰਬਾਣੀ ਦੇ ਹਿਤੂ ਸਤਿਗੁਰਾਂ ਦੇ ਪਰਮ ਸ਼ਰਧਾਲੂ ਮਹਾਂਪੁਰਸ਼ਾਂ ਨੂੰ ਪਤਾ ਲੱਗਾ ਤਾਂ ਗੁਰੂ ਮਹਾਰਾਜ ਦੇ ਪਿਆਰ ਵਿੱਚ ਨਖ ਸਿੱਖ ਲੌ ਸਨਿਗਧ ਸਾਦਕਾਂ ਨੇ ਗੁਰਬਾਣੀ ਦਾ ਧ੍ਰਵਾ ਭੰਗ ਹੋਇਆ ਦੇਖ, ਸਾਰੇ ਮੰਗਲਾਂ ਦੀ ਤਬਦੀਲੀ ਦਾ ਘੋਰ ਪਾਪ ਜਾਣ, ਉਸ ਦੀ ਦਰੁਸਤੀ ਕਰਨ ਹਿਤ ਸਭ ਤੋਂ ਪਹਿਲਾਂ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਨੇ ੧੧-੯-੫੯ ਮੁਤਾਬਕ ੨੬ ਭਾਦਰੋਂ ੨੦੧੬ ਨੂੰ ਪੰਥਕ ਦਰਦੀ ਸਮੂਹ ਮਹਾਂਪੁਰਸ਼ਾਂ ਦੀ ਇਕੱਤ੍ਰਤਾ ਸੱਦੀ। ਜਿਸ ਮੀਟਿੰਗ ਵਿੱਚ ਸਾਰੇ ਮਹਾਤਮਾਂ ਵੱਲੋਂ ਇਸ ਕਾਰਜ ਦੀ ਸਫ਼ਲਤਾ ਲਈ ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ਨੂੰ ਸੰਤ ਸਮਾਜ ਦੇ ਪ੍ਰਧਾਨ ਨੀਯਤ ਕੀਤਾ ਗਿਆ।

ਫੇਰ ਹੋਰ ਥਾਵਾਂ ਤੇ ਵੀ ਕਈ ਕਈ ਵਾਰ ਮੀਟਿੰਗਾਂ ਹੋਈਆਂ। ਦੋ ਤਿੰਨ ਵਾਰ ਸੰਤ ਜੀ ਮਹਾਰਾਜ ਦੇ ਪਾਸ ਵੀ ਸ੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਸੱਜਣਾਂ ਅਤੇ ਸਮੂਹ ਮਹਾਂਪੁਰਸ਼ਾਂ ਦੀ ਇਕੱਤ੍ਰਤਾ ਹੋਈ ਤੇ ਆਪੋ ਆਪਣੇ ਖ਼ਿਆਲ ਪੇਸ਼ ਕੀਤੇ। ਇਹ ਜੱਦੋ-ਜਹਿਦ ਲਗਾਤਾਰ ਅੱਠ ਦਸ ਸਾਲ ਜਾਰੀ ਰਹੀ। ਅਖ਼ੀਰ ਨੂੰ ਸੰਤ ਫਤਹਿ ਸਿੰਘ ਤੇ ਹੋਰ ਜ਼ੁੰਮੇਵਾਰ ਅਕਾਲੀ ਲੀਡਰਾਂ ਨੂੰ ਸੰਤ ਜੀ ਮਹਾਰਾਜ ਤੇ ਸੰਤ ਸਮਾਜ ਦਾ ਬਚਨ ਮੰਨਣਾ ਪਿਆ ਅਤੇ ਪਾਵਨ

ਗੁਰਬਾਣੀ ਦੇ ਕੀਤੇ ਗਏ ਮੰਗਲਾਂ ਦੀ ਅਦਲਾ ਬਦਲੀ ਨੂੰ ਦਰੁਸਤ ਕਰ ਕੇ ਉਸੇ ਤਰ੍ਹਾਂ ਪਹਿਲਾਂ ਵਾਂਗੂ ਹੀ ਛਾਪ ਦਿੱਤਾ ਗਿਆ। ਇਸ ਸਫ਼ਲਤਾ ਦਾ ਸੇਹਰਾ ਸਮੂਹ ਸੰਤ ਸਮਾਜ ਵੱਲੋਂ ਸੰਤ ਜੀ ਮਹਾਰਾਜ ਨੂੰ ਪ੍ਰਾਪਤ ਹੋਇਆ।

ਦੀਵਾਨਾਂ ਦਾ ਸੈਂਟਰ ਕਾਇਮ ਕੀਤਾ

ਪਹਿਲਾਂ ਆਪ ਜੀ ਨੇ ਜਿਸ ਪਿੰਡ ਵਿੱਚ ਕਿਸੇ ਪ੍ਰੇਮੀ ਦੇ ਘਰ ਜਾਂ ਸਾਂਝੀ ਜਗ੍ਹਾ ਅਖੰਡ ਪਾਠ ਹੁੰਦਾ, ਕੀਰਤਨ ਕਰ ਸੰਗਤਾਂ ਨੂੰ ਨਿਹਾਲ ਕਰਨਾ। ਸੰਗਤਾਂ ਦੀ ਮੰਗ ਵੱਧ ਗਈ। ਉਪਰੰਤ ਸਮਾਂ ਥੋੜ੍ਹਾ ਤੇ ਮੰਗ ਬਹੁਤੀ ਹੋਣ ਕਰ ਕੇ ੧੯੬੦ ਦੇ ਕਰੀਬ ਇੱਕਲੇ ਇੱਕਲੇ ਪਿੰਡ ਵਿੱਚ ਅਖੰਡ ਪਾਠ ਕਰਨੇ ਬੰਦ ਕਰ ਦਿਤੇ ਅਤੇ ਕਿਹਾ ਜਿਸ ਪ੍ਰੇਮੀ ਨੇ ਸਹਿਜ ਜਾਂ ਅਖੰਡ ਪਾਠ ਕਰਵਾਉਣਾ ਹੋਵੇ ਉਹ ਪੂਰਨ ਮਰਯਾਦਾ ਅਨੁਸਾਰ ਅਸਥਾਨ ਤੇ ਕਰਵਾ ਸਕਦਾ ਹੈ। ਸ਼ਰਧਾਲੂ ਸੱਜਣ ਇਸੇ ਤਰ੍ਹਾਂ ਹੀ ਕਰਨ ਲੱਗ ਪਏ। ਪਰ ਹਜ਼ੂਰ ਦੇ ਦਰਸ਼ਨ ਤੇ ਕੀਰਤਨ ਦੀ ਮੰਗ ਉਸੇ ਤਰ੍ਹਾਂ ਹੀ ਜਾਰੀ ਰਹੀ, ਜਿਸ ਕਰ ਕੇ ਆਪ ਜੀ ਨੇ ਇਲਾਕੇ ਦੀਆਂ ਸੰਗਤਾਂ ਨੂੰ ਕਈ ਪਿੰਡਾਂ ਦੇ ਵਿਚਕਾਰ ਇੱਕ ਸੈਂਟਰ ਮੁਕੱਰਰ ਕਰਨ ਵਾਸਤੇ ਆਖਿਆ ਕਿ ਤੁਸੀਂ ਸਾਰੇ ਮਿਲ ਕੇ ਇੱਕ ਜਗ੍ਹਾ ਨੀਯਤ ਕਰ ਲਵੋ, ਜੋ ਕਈ ਪਿੰਡਾਂ ਦੇ ਵਿਚਕਾਰ ਹੋਵੇ। ਅਸੀਂ ਉਸ ਜਗ੍ਹਾ ਜਾ ਕੇ ਕੀਰਤਨ ਕਰ ਵਾਪਸ ਮੁੜ ਆਇਆ ਕਰਾਂਗੇ। ਇਸ ਵਿੱਚ ਸੰਗਤ ਦੀ ਸਾਂਭ ਸੰਭਾਲ ਦੀ ਨਾ ਤੁਹਾਨੂੰ ਕੋਈ ਖੇਚਲ ਨਾ ਹੀ ਸਾਨੂੰ ਬਾਹਰ ਠਹਿਰਨ ਦੀ ਵਿਖਸ਼ੇਪਤਾ। ਇਸ ਤਰੀਕੇ ਨਾਲ ਸੰਗਤ ਨੂੰ ਵੀ ਬਹੁਤਾ ਲਾਭ ਹੋ ਸਕਦਾ ਹੈ।

ਸੰਤ ਜੀ ਮਹਾਰਾਜ ਦੇ ਕਹੇ ਬਚਨਾਂ ਨੂੰ ਸਾਰਿਆਂ ਨੇ ਪ੍ਰਸੰਨ ਚਿੱਤ ਸਿਰ ਮੱਥੇ ਤੇ ਰੱਖਿਆ। ਫੇਰ ਆਪ ਜੀ ਸੰਗਤ ਦੀ ਪ੍ਰਾਰਬਧ ਅਨੁਸਾਰ ਸਾਰੇ ਸਾਲ ਦਾ ਸਮਾਂ ਅਡੋ ਅੱਡੀ ਸ਼ਹਿਰਾਂ ਤੇ ਨਗਰਾਂ ਦੇ ਪ੍ਰੇਮੀਆਂ ਨੂੰ ਵੰਡ ਕੇ ਬਖ਼ਸ਼ਣ ਲੱਗ ਪਏ ਜਿਨਾਂ ਵਿੱਚੋਂ ਤਿੰਨ ਮਹੀਨੇ ਹਰੇਕ ਸਾਲ ਯੂ. ਪੀ. ਦੇ ਇਲਾਕੇ ਵਾਸਤੇ ਨੀਯਤ ਕਰ ਲਏ। ਇੱਕ ਮਹੀਨਾ ਦਿੱਲੀ ਸ਼ਹਿਰ ਵਾਸਤੇ ਰਾਖਵਾਂ ਰੱਖਿਆ। ਬਾਕੀ ਦੇ ਅੱਠ ਮਹੀਨੇ ਪੰਜਾਬ ਦੀ ਧਰਤੀ ਨੂੰ ਦੇ ਦਿੱਤੇ। ਸ਼ਹਿਰਾਂ ਵਿੱਚ ਰਾਤ ਦੇ ਸਮੇਂ ਸੱਤ ਤੋਂ ਦਸ ਵਜੇ ਤੱਕ ਕੀਰਤਨ ਹੁੰਦਾ। ਪਿੰਡਾਂ ਵਿੱਚ ਦਿਨੇ ਇੱਕ ਤੋਂ ਚਾਰ ਵਜੇ ਤੱਕ ਦੀਵਾਨ ਸਜਦੇ। ਪੰਜਾਹ ਪੰਜਾਹ ਮੀਲਾਂ ਤੱਕ ਦੀਵਾਨ ਲਾ ਕੇ ਅਸਥਾਨ ਤੇ ਵਾਪਸ ਆ ਜਾਂਦੇ। ਕਈ ਵਾਰ ਏਸ ਤੋਂ ਵੀ ਦੂਰੋਂ ਮੁੜਨਾਂ ਪੈਂਦਾ। ਜਿਵੇਂ ਰਾੜਾ ਸਾਹਿਬ ਤੋਂ ਪਾਇਲ ਚਾਵੇ ਵਿੱਚ ਦੀ ਲੁਧਿਆਣੇ ਹੋ ਕੇ (ਕਿਉਂਕਿ ਉਸ ਸਮੇਂ ਅਜੇ ਸਿੱਧੀ ਸੜਕ ਲੁਧਿਆਣੇ ਨੂੰ ਨਹੀਂ ਬਣੀ ਸੀ) ਮੋਗਾ ਸੱਤਰ ਮੀਲ ਪੈਂਦਾ ਹੈ। ਆਪ ਜੀ ਕੀਰਤਨ ਕਰ ਕੇ ਵਾਪਸ ਆਉਂਦੇ ਰਹੇ।

ਸੈਲਕੀਆਣਾ

ਕਿਲ੍ਹਾ ਰਾਏਪੁਰ ਤੋਂ ਸ. ਅਮਰ ਸਿੰਘ ਦੀ ਲੜਕੀ ਬੀਬੀ ਗਿਆਨ ਕੌਰ ਸੈਲਕੀਆਣੇ ਪਿੰਡ, (ਜੋ ਫਿਲੌਰ ਤੋਂ ਅੱਠ ਮੀਲ ਨਵੇਂਸ਼ਹਿਰ ਵਾਲੀ ਸੜਕ ਤੇ ਦੁਆਬੇ ਵਿੱਚ ਹੈ) ਸ. ਅਮਰ ਸਿੰਘ ਤੇ ਇਸ ਦਾ ਹੋਰ ਸਾਰਾ ਪ੍ਰਵਾਰ ਸੰਤ ਜੀ ਦੇ ਸ਼ਰਧਾਲੂ ਹਨ। ਅਮਰ ਸਿੰਘ ਦੀ ਵੱਡੀ ਲੜਕੀ ਬੀਬੀ ਗੁਰਨਾਮ ਕੌਰ ਨੇ ਸ਼ਾਦੀ ਨਹੀਂ ਕਰਵਾਈ। ਸਾਰਾ ਜੀਵਨ ਭਜਨ ਸਿਮਰਨ ਤੇ ਸੇਵਾ ਵਿੱਚ ਬਤੀਤ ਕੀਤਾ।

ਗਿਆਨ ਕੌਰ ਨੇ ਸਹੁਰੇ ਘਰ ਨੂੰ ਵੀ ਹਜ਼ੂਰ ਦਾ ਸ਼ਰਧਾਲੂ ਬਣਾ ਲਿਆ। ਘਰ ਵਾਲਾ ਸ. ਜਗਜੀਤ ਸਿੰਘ ਤਾਂ ੧੯੬੬ ਈ. ਗੁਰਪੁਰੀ ਚਲਾ ਗਿਆ ਅੱਗੇ ਕੋਈ ਬੱਚਾ ਬੱਚੀ ਨਹੀਂ ਸੀ। ਫੇਰ ਇਨ੍ਹਾਂ ਨੇ ਸੰਤ ਜੀ ਮਹਾਰਾਜ ਦੇ ਪਾਸ ਅਰਜ਼ ਕਰ ਕੇ ਦੋ ਵਾਰ ੧੯੬੮ ਤੇ ੧੯੭੦ ਵਿੱਚ ਦੀਵਾਨਾਂ ਦਾ ਸਮਾਂ ਲੈ ਲਿਆ। ਖ਼ਰਚ ਸਾਰਾ ਬੀਬੀ ਗਿਆਨ ਕੌਰ ਨੇ ਕੀਤਾ। ਇਸ ਤਰ੍ਹਾਂ ਇਸ ਬੀਬੀ ਨੇ ਹੋਰ ਵੀ ਬਹੁਤ ਸਾਰਾ ਦਾਨ ਪੁੰਨ ਕੀਤਾ।

ਸੰਤ ਜੀ ਮਹਾਰਾਜ ਦੀ ਧਾਰਮਿਕ ਪ੍ਰਚਾਰ ਫੇਰੀ

ਲੁਧਿਆਣਾ-ਚੰਡੀਗੜ੍ਹ ਰੋਡ ਤੇ ਵੀ ਬਹੁਤ ਜਗ੍ਹਾ ਦੀਵਾਨ ਸਜੇ। ਜੇਹਾ ਕਿ ਕਈ ਵਾਰ ਕੁਹਾੜਾ, ਜੰਡਾਲੀ, ਕਈ ਵਾਰ ਕਟਾਨੀ ਕਲਾਂ, ਦੋ ਵਾਰ ਸਮਰਾਲੇ ਸ਼ਹਿਰ, ਦੋ ਵਾਰ ਬੌਂਦਲੀ ਪਿੰਡ ਦੇ ਸਕੂਲ ਦੇ ਗਰਾਊਂਡ ਵਿੱਚ, ਦੋ ਵਾਰ ਮੱਲਮਾਜਰਾ, ਚਾਰ ਵਾਰ ਰਾਣਵਾਂ, ਇੱਕ ਵਾਰ ਘੜੂਏਂ ਤੇ ਇੱਕ ਵਾਰ ਫੁੱਲੋਵਾਲ; ਇਨ੍ਹਾਂ ਸਾਰੇ ਅਸਥਾਨਾਂ ਤੇ ਕਈ ਕਈ ਦਿਨ ਗੁਰਮਤਿ ਅਨੁਸਾਰ ਪ੍ਰਚਾਰ ਤੇ ਗੁਰਬਾਣੀ ਦਾ ਕੀਰਤਨ ਕਰ ਕੇ ਸੰਗਤਾਂ ਨੂੰ ਨਾਮ ਬਾਣੀ ਦੁਆਰਾ ਨਿਰੰਕਾਰ ਨਾਲ ਜੋੜਿਆ। ਦੀਵਾਨਾਂ ਦੇ ਅੰਤਲੇ ਦਿਨ ਅੰਮ੍ਰਿਤ ਪ੍ਰਚਾਰ ਹੁੰਦਾ ਸੀ।

ਏਸੇ ਤਰ੍ਹਾਂ ਨਾਭਾ, ਪਟਿਆਲਾ, ਮਲੇਰਕੋਟਲਾ ਸ਼ਹਿਰ, ਚੀਮੇਂ ਖੁਰਦ, ਲੋਹਟਵੱਦੀ, ਕੁਰੜ, ਸ਼ੇਰਪੁਰ, ਖੇੜੀ ਚਹਿਲਾਂ, ਕਾਤਰੋਂ, ਘਨੌਰੀ ਕਲਾਂ, ਦੋ ਵਾਰ ਧੂਰੀ ਮਿੱਲ ਵਿੱਚ, ਇੱਕ ਵਾਰ ਭਲਵਾਨ ਪਿੰਡ, ਸੰਗਰੂਰ ਸ਼ਹਿਰ, ਚੱਠੇ ਸ਼ੇਖਵਾਂ (ਸੁਨਾਮ ਕੋਲ) ਤੂਰ ਬਨਜਾਰਾ, ਕੌਰੀਆਂ (ਇੱਥੇ ਸ. ਚਿਤਵੰਤ ਸਿੰਘ ਡੀ. ਐਸ. ਪੀ. ਦਾ ਸਾਰਾ ਪ੍ਰਬੰਧ ਸੀ) ਨਦਾਮਪੁਰ ਕੋਲ ਗੁੜਥਲੀ ਪਿੰਡ (ਏਥੇ ਸ. ਬਲਦੇਵ ਸਿੰਘ ਜੀ ਦਾ ਇੰਤਜਾਮ ਸੀ) ਭਵਾਨੀਗੜ੍ਹ, ਖੇੜੀ ਗੱਜਨ ਸਿੰਘ ਵਾਲੀ। ਸਾਰੀਆਂ

ਥਾਵਾਂ ਤੇ ਕਈ ਕਈ ਵਾਰ ਕਈ ਕਈ ਦਿਨ ਕੀਰਤਨ ਹੁੰਦਾ ਰਿਹਾ ਤੇ ਹਰੇਕ ਦੀਵਾਨ ਦੇ ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਵੀ ਕਰਿਆ ਕਰਦੇ।

ਏਸੇ ਤਰ੍ਹਾਂ ਲੁਧਿਆਣਾ ਸ਼ਹਿਰ, ਜਵੱਦੀ ਪਿੰਡ (ਕੋਲ ਨਹਿਰ ਪਾਸ) ਬੱਦੋਵਾਲ ਦਾ ਟੋਟਾ, ਚਮਿੰਡੇ, ਲੋਪੋ, ਰਾਮਪੁਰ ਗੁਰਦੁਆਰਾ ਰੇਰੂ ਸਾਹਿਬ, ਕਿਲ੍ਹਾ ਰਾਏਪੁਰ, ਡੇਹਲੋ, ਕੱਦੋਂ, ਤਿਰਖੇੜੀ, ਟੌਹੜਾ, ਸ਼ੰਕਰਪੁਰ, ਰਾਏਕੋਟ, ਸੁਜਾਪੁਰ, ਛੰਨਾ ਸੁਖਣ ਵਾਲੀਆਂ, ਬਾਲੇਵਾਲ, ਭੋਗੀਵਾਲ, ਜਗਰਾਵਾਂ, ਮੋਗਾ ਸ਼ਹਿਰ, (ਗਿਆਨੀ ਵੀਰ ਸਿੰਘ ਦੀ ਬੇਨਤੀ ਮੰਨ ਕੇ) ਇੱਕ ਵਾਰ ਮਦੋਕੇ; ਦੁਆਬੇ ਵਿੱਚ ਸੈਲਕੀਆਣੇ, ਸ਼ਾਮਚੁਰਾਸੀ, ਹੁਸ਼ਿਆਰਪੁਰ , ਜਲੰਧਰ ਛਾਉਣੀ, ਨਕੋਦਰ, ਸਮਰਾਵਾਂ; ਰਾੜਾ ਸਾਹਿਬ ਦੇ ਕੋਲ ਢੋਡੇ, ਖੇੜਾ, ਗਿੱਲ, ਲਤਾਲਾ, ਪਖੋਵਾਲ, ਨੰਗਲ, ਮੋਹਨਪੁਰ, ਜੜਤੌਲੀ ਪਿੰਡ, ਗੋਬਿੰਦਗੜ੍ਹ ਮੰਡੀ, ਸਰਹੰਦ, ਖੰਨਾ, ਬਗਲੀ, ਦੋਰਾਹਾ, ਅਹਿਮਦਗੜ੍ਹ, ਅਮਲੋਹ, ਦੁਰਗਾਪੁਰ ਦੋ ਵਾਰ, ਸਕੂਲ ਦੇ ਗਰਾਊਂਡ ਵਿੱਚ ਧਭਲਾਨ ਪਿੰਡ, ਕਨਸੂਹਾ, ਮੰਨਮੀ; ਇਸੇ ਤਰ੍ਹਾਂ ਪਿੰਡ ਅਲਮਗੀਰ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਦਸਵੀਂ, ਪਿੰਡ ਨਾਰੋਮਾਜਰਾ, ਸੇਖਾ ਧਮੋਟ ਵੱਡੀ, ਹਰਿਆਣੇ ਵਿੱਚ ਸੀਸਵਾਲ, ਇਸੇ ਤਰ੍ਹਾਂ ੨੧ ਦੀਵਾਨ ਫਤਹਿਗੜ੍ਹ ਸਾਹਿਬ ਲੱਗੇ। ਇਸ ਤੋਂ ਪਹਿਲਾਂ ਇਸ ਪਵਿਤ੍ਰ ਅਸਥਾਨ ਦੀ ਨਵੀਂ ਇਮਾਰਤ ਦੇ ਨੀਂਹ ਪੱਥਰ ਦੇ ਰੱਖਣ ਸਮੇਂ ਸੰਤ ਜੀ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਸਨ ਅਤੇ ਇਸ ਧਾਰਮਿਕ ਅਸਥਾਨ ਦੀ ਸੇਵਾ ਵਾਸਤੇ ਪੰਝੀ ਸੌ ਰੁਪਿਆ ਵੀ ਸੇਵਾ ਵਿੱਚ ਦਿਤਾ ਅਤੇ ਉਸ ਖ਼ੂਨਣ ਦੀਵਾਰ ਵੱਲ ਤੱਕ ਕੇ ਜਿੱਥੇ ਛੋਟੀਆਂ ਜਿੰਦਾਂ ਤੇ ਵੱਡੇ ਸਾਕੇ ਕੀਤੇ ਵਜ਼ੀਦ ਖਾਂ ਦੀ ਕਚਹਿਰੀ ਦਾ ਸਾਰਾ ਸੀਨ ਅੱਗੇ ਆ ਗਿਆ ਅਤੇ ਸਰਹੰਦ ਦੀ ਕਾਲੀ ਕਰਤੂਤ ਬਾਰੇ ਕਿਸੇ ਕਵੀ ਦੇ ਬਚਨ ਕੰਨਾਂ ਵਿੱਚ ਇਉਂ ਗੂੰਜਣ ਲੱਗੇ:

ਸਰਹਿੰਦ ਦੀ ਕੰਧ

ਰਾਹੀਆ ਠੋਕਰਾਂ ਮਾਰ ਨ ਸੋਚ ਕੇ ਤੁਰ, ਮੈਨੂੰ ਸਮਝ ਨਹੀਂ ਕਿ ਮੈਂ ਮਰੀ ਹੋਈ ਆਂ।
ਕੀ ਹੋਇਆ ਸਮੇਂ ਦੀਆਂ ਗਰਦਸ਼ਾਂ ਨੇ, ਜੇ ਠੁਕਰਾਈ ਆਂ ਤਾਂ ਖਰੀ ਹੋਈ ਆਂ।
ਵੇ ਮੈਂ ਲਾਲ ਕਿਤਾਬ ਹਾਂ ਇੱਟ ਨਹੀਓਂ, ਖ਼ੂਨੀ ਸਾਕਿਆਂ ਨਾਲ ਭਰੀ ਹੋਈ ਆਂ।
ਪਤਾ ਲੱਗਦੈ ਮੇਰਿਆਂ ਸਾਕਿਆਂ ਤੋਂ, ਕਿ ਮੈਂ ਲਾਲ ਦੀ ਰਤ ਵਿੱਚ ਤਰੀ ਹੋਈ ਆਂ।

ਸਰਹੰਦ

ਇਹ ਸਰਹੰਦ ਕੀ ਕਾਲੀ ਘਟਨਾ ਕਾਲਿਆਂ ਹਰਫਾਂ ਵਾਲੀ।
ਕਾਲੇ ਅਕਿਰਤਘਨਾਂ ਤੋਂ ਕਾਲੀ ਮਹਾਂ ਕਾਲ ਤੋਂ ਕਾਲੀ।
ਲਿਖੇ ਹਾਸੀਏ ਕਾਲੇ ਦੇ ਵਿੱਚ ਕਾਲੀਆਂ ਕਲਮਾਂ ਫੜਕੇ।
ਬਚਕੇ ਪੜ੍ਹੀਂ ਅੱਗ ਹੈ ਇਸ ਵਿੱਚ, ਕਾਲਾ ਹੋਈਂ ਨ ਸੜਕੇ।
ਤਥਾ: ਲੋਕੀਂ ਆਖਦੇ ਜ਼ੁਲਮ ਦੀ ਹੱਦ ਹੋ ਗਈ, ਉਹ ਸਰਹੰਦ ਦੇ ਵਿੱਚ ਵਿਚਕਾਰ ਦੇਖੀ।
ਹਿਰਦਾ ਕੰਬਿਆ ਨੈਣਾਂ ’ਚੋਂ ਨੀਰ ਛਲਕਿਆ, ਮੈਂ ਸ਼ਹੀਦਾਂ ਦੀ ਜਦੋਂ ਦੀਵਾਰ ਦੇਖੀ।
ਤੇਗਾਂ ਚਲੀਆਂ ਜਿਨ੍ਹਾਂ ਤੇ ਉਨ੍ਹਾਂ ਨੇ ਤਾਂ, ਕਦੇ ਨਹੀਂ ਸੀ ਚਾਕੂ ਦੀ ਧਾਰ ਦੇਖੀ।
ਗੁੰਚੇ ਤੋੜੇ ਮਰੋੜੇ ਓਹ ਗਏ ਏਥੇ, ਅਜੇ ਨਹੀਂ ਸੀ ਜਿਨ੍ਹਾਂ ਬਹਾਰ ਦੇਖੀ।

ਇਸੇ ਤਰ੍ਹਾਂ ਜਦੋਂ ਭਾਈ ਜੋਰਾ ਸਿੰਘ ਨੇ ੧੦੧ ਅਖੰਡ ਪਾਠਾਂ ਦੀ ਲੜੀ ਦਾ ਭੋਗ ਪਾਇਆ ਤਾਂ ਆਪ ਜੀ ਨੇ ਉਸ ਦੀ ਬੇਨਤੀ ਮੰਨ ਕੇ ਭਰਥਲੇ ਦੀਵਾਨ ਬਖ਼ਸ਼ੇ। ਇਸੇ ਤਰ੍ਹਾਂ ੧੯੭੨ ਵਿੱਚ ਸਾਹਿਬਪੁਰਾ (ਖੰਨੇ ਕੋਲ) ਪੰਜ ਦੀਵਾਨ ਸਜੇ ਅਤੇ ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਕੀਤਾ।

ਕਈ ਵਾਰ ਸੰਗਤਾਂ ਵੱਲੋਂ ਇਤਨੀ ਮੰਗ ਆ ਜਾਂਦੀ ਕਿ ਸਮਾਂ ਥੋੜ੍ਹਾ ਤੇ ਪ੍ਰੇਮੀਆਂ ਵੱਲੋਂ ਅਰਜ਼ਾਂ ਬਹੁਤੇ ਥਾਵਾਂ ਦੀਆਂ। ਫੇਰ ਇਹ ਤਰੀਕਾ ਵਰਤਿਆ ਜਾਂਦਾ ਕਿ ਗੁਰੂ ਮਹਾਰਾਜ ਅੱਗੇ ਸਾਰੇ ਪ੍ਰੇਮੀਆਂ ਦੀਆਂ ਬਕਸੇ ਵਿੱਚ ਚਿੱਠੀਆਂ ਰੱਖ ਕੇ ਅਰਦਾਸ ਕਰ ਇਕੱਲੀ ਇਕੱਲੀ ਚੁੱਕਣੀ। ਜਿਸ ਦੀ ਭਾਗਾਂ ਨਾਲ ਨਿੱਕਲ ਆਉਣੀ ਗ਼ਰੀਬ ਅਮੀਰ ਦੇ ਵਿਤਕਰੇ ਵਗੈਰ, ਉਸ ਇਲਾਕੇ ਨੂੰ ਸਮਾਂ ਬਖ਼ਸ਼ ਦੇਣਾ। ਜੇਹਾ ਕਿ ਇੱਕ ਵਾਰ ਲੇਖਕ ਦੇ ਦੇਖਦਿਆਂ (ਕਿਉਂਕਿ ਲੇਖਕ ਵੀ ਨਾਲ ਜਾਂਦਾ। ਸ੍ਰੀ ਹਜ਼ੂਰ ਤੋਂ ਪਹਿਲਾਂ ਜਥੇ ਦੇ ਸਿੰਘਾਂ ਦੇ ਅਖੰਡ ਕੀਰਤਨ ਤੋਂ ਬਾਅਦ ਪੜ੍ਹੇ ਜਾ ਰਹੇ ਸ਼ਬਦ ਦੀ ਵੀਹ ਪੰਝੀ ਮਿੰਟ ਗੁਰਮਤ ਅਨੁਸਾਰ ਕਥਾ ਕਰਦਾ) ਮੰਗਾਂ ਚਾਲੀ, ਦਿਨ ਕੇਵਲ ਅਠੱਤੀ ਬਾਕੀ ਸਨ ਸੋ ਉਸ ਸਮੇਂ ਵੀ ਏਹੋ ਹੀ ਤਰੀਕਾ ਵਰਤਣਾ ਪਿਆ।

ਕਾਂਡ ੨੧

ਲੁਧਿਆਣਾ ਸ਼ਹਿਰ ਵਿਖੇ ਹਜ਼ੂਰ ਦਾ ਕੀਰਤਨ

ਭਾਵੇਂ ਇਸ ਤੋਂ ਪਹਿਲਾਂ ਵੀ ਮੇਹਰਬਾਨ ਨੇ ਜਦੋਂ ਕਿ ਸ. ਵਲੈਤੀ ਸਿੰਘ ਰੇਲਵੇ ਗਾਰਡ ਦੇ ਘਰ ਅਖੰਡ ਪਾਠ ਕੀਤਾ ਅਤੇ ਰਿਹਾਇਸ਼ ਸੀਤਾ ਰਾਮ ਦੇ ਬਾਗ਼ ਵਿੱਚ ਰੱਖੀ, ਉਦੋਂ ਵੀ ਦੀਵਾਨ ਸਜੇ। ੧੯੫੦ ਈ. ਦੇ ਸਤੰਬਰ ਵਿੱਚ ਖਾਲਸਾ ਨਿਰਭੈ ਟਰਾਸਪੋਰਟ ਕੰਪਨੀ ਵਿੱਚ ਦਾਤੇ ਨੇ ਚਰਨ ਪਾਏ। ੧੯੪੭ ਦੀ ਵੰਡ ਤੋਂ ਬਾਅਦ ਕੰਪਨੀ ਅੰਦਰ ਗੁਰਦੁਆਰਾ ਸਾਹਿਬ ਬਣ ਗਿਆ, ਜਿਸ ਵਿੱਚ ਸੰਤ ਜੀ ਮਹਾਰਾਜ ਦੇ ਜਥੇ ਤੋਂ ਅਖੰਡ ਪਾਠ ਰਖਵਾ ਕੇ ਹਜ਼ੂਰ ਦਾ ਦੀਵਾਨ ਕਰਵਾਇਆ।

ਇਨ੍ਹਾਂ ਮੁੱਖੀ ਸੱਜਣਾਂ ਨੇ; ਜੋ ਕੰਪਨੀ ਵਿੱਚ ਹਿੱਸੇਦਾਰ ਸਨ ਸੰਤ ਜੀ ਪਾਸ ਅਰਜ਼ ਕਰ ਕੇ ਸਮਾਂ ਲਿਆ। ਗਿੱਲਾਂ ਤੋਂ ਸ. ਮਿਲਖਾ ਸਿੰਘ, ਸ. ਅਮਰ ਸਿੰਘ, ਸ. ਕਰਤਾਰ ਸਿੰਘ ਨਾਰਦ, ਸੂਜਾਪੂਰੀਆ ਸ. ਕਰਤਾਰ ਸਿੰਘ, ਖਟੜੇ ਪਿੰਡ ਤੋਂ ਸ. ਮੱਲ ਸਿੰਘ, ਸ. ਪ੍ਰੀਤਮ ਸਿੰਘ ਭਲਵਾਨ ਪਿੰਡ ਬਦੋਵਾਲ, ਸ. ਮੇਹਰ ਸਿੰਘ ਗਿਦੜੀ ਇਤਿਆਦਿਕ ਸੱਜਣਾਂ ਨੇ ਵੱਧ ਚੜ੍ਹ ਕੇ ਸੇਵਾ ਕੀਤੀ। ਗੁਰਦੁਵਾਰੇ ਅੰਦਰ ਅੰਮ੍ਰਿਤ ਪ੍ਰਚਾਰ ਤੇ ਕੀਰਤਨ ਹੋਇਆ। ਫੇਰ ਵੀਹ ਸਾਲਾਂ ਤੋਂ ਬਾਅਦ ੧੯੬੪ ਵਿੱਚ ਦਸਮੇਸ਼ ਤੇ ਨਿਰਭੈ ਦੋ ਕੰਪਨੀਆਂ ਬਣ ਗਈਆਂ। ਦੋਨਾਂ ਕੰਪਨੀਆਂ ਦੇ ਮੈਨੇਜਰ ਗੁਰਮੁਖ ਪਿਆਰੇ ਸ. ਰਾਜਿੰਦਰ ਸਿੰਘ ਗਰੇਵਾਲ ਲਲਤੋਂ ਹੀ ਰਹੇ ਸਨ। ਉਸ ਸਮੇਂ ਵੀ ਕੰਪਨੀ ਵਿੱਚ ਪਾਠ ਤੇ ਕੀਰਤਨ ਹੁੰਦੇ ਰਹੇ। ਉਸ ਸਮੇਂ ਇਸ ਸ਼ਬਦ ਤੇ ਵਿਆਖਿਆ ਕਰੀ:

ਬਿਨੁ ਬੈਰਾਗ ਕਹਾ ਬੈਰਾਗੀ ॥ ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥

(ਭੈਰਉ ਮਃ ੫ - ੧੧੪੦)

ਪ੍ਰਮਾਰਥ ਵਿੱਚ ਸ਼ਰਧਾ ਹੀ ਸਾਰੇ ਸਾਧਨਾਂ ਦਾ ਮੂਲ ਹੈ। ਕਈ ਕੁ ਮਤਾਂ ਨੇ ਬੁੱਧੀ ਦੇ ਚਮਤਕਾਰਿਆਂ ਤੋਂ (ਜੋ ਫ਼ਲਸਫੇ ਅਤੇ ਮੰਤਕ ਵਿੱਚ ਚਮਕਦੇ ਹਨ) ਨਿਰਾਸ਼ ਹੋ ਕੇ ਇਤਨੀ ਉਪਰਾਮਤਾ ਪਕੜੀ ਜੋ ਪਾਗ਼ਲ ਦਾ ਸ਼ੁਦਾਈ ਹੋ ਜਾਣਾ ਹੀ ਪ੍ਰਮਾਰਥ ਦੇ ਰਸਤੇ ਤੇ ਚੱਲਣ ਲਈ ਇੱਕ ਸਾਧਨ ਮੰਨ ਬੈਠੇ ਹਨ। ਪਰ ਗੁਰਮਤ ਦੱਸਦੀ ਹੈ ਕਿ ਆਪਣੇ ਆਪਣੇ ਮੰਡਲ ਵਿੱਚ ਹਰ ਚੀਜ਼ ਦਾ ਗਮਨ ਹੈ। ਜੈਸਾ ਕਿ ਬੁੱਧੀ ਮੰਡਲ ਤੱਕ ਬੁੱਧੀ, ਉਸ ਤੋਂ ਅੱਗੇ ਜਿੱਥੇ ਬੁੱਧੀ ਦੀ ਗੰਮਤਾ ਨਹੀਂ ਧਾਰਮਿਕ ਗ੍ਰੰਥਾਂ ਤੇ ਸ਼ਰਧਾ ਅਤੇ ਗੁਰੂ ਬਚਨਾਂ ਤੇ ਵਿਸ਼ਵਾਸ, ਜਗਿਆਸੂ ਦੇ ਸਾਥੀ ਬਣ ਜਾਂਦੇ ਹਨ। ਜਿਸ ਤਰ੍ਹਾਂ ਇੱਕ ਆਦਮੀ ਨੇ ਦੂਜ ਦਾ ਚੰਦ੍ਰਮਾ ਦੇਖ ਲਿਆ, ਦੂਸਰੇ ਨੂੰ ਨਹੀਂ ਦਿਸਦਾ, ਉਸ ਨੂੰ ਦਿਖਾਉਣ ਵਾਸਤੇ ਉਹ ਅਕਾਸ਼ ਵੱਲ ਕਿਸੇ ਮਕਾਨ ਦੇ ਬਨੇਰੇ ਜਾਂ ਬ੍ਰਿਛ ਦੀ ਟਾਹਨੀ ਵੱਲ ਇਸ਼ਾਰਾ ਕਰ ਕੇ ਕਹਿੰਦਾ ਹੈ, ਜੋ ਉਸ ਦੇ ਉੱਪਰ ਦੀ ਵੇਖ। ਭਾਵ ਜੋ ਅਕਾਸ਼ ਮੰਡਲ ਵਿੱਚ ਅਸਥੂਲ ਨੁਕਤੇ ਹਨ ਜਿੰਨਾਂ ਤੱਕ ਉਸ ਦੀ ਨਿਗਾਹ ਨੂੰ ਅਪੜਾਉਣ ਲਈ ਦੂਸਰਾ ਆਦਮੀ ਆਪਣੇ ਪਿੱਛੇ ਲੈ ਜਾ ਸਕਦਾ ਹੈ। ਉਸ ਤੋਂ ਅੱਗੇ ਦੇਖਣ ਵਾਲੇ ਦੀ ਨਜ਼ਰ ਦਾ ਸੁਤੰਤਰ ਗਮਨ ਹੈ।

ਏਸੇ ਤਰ੍ਹਾਂ ਪ੍ਰਮਾਰਥ ਵਿੱਚ ਵੀ ਖ਼ਾਸ ਹੱਦ ਤੱਕ ਬੁੱਧੀ ਦੀ ਸਮਝ ਦਾ ਗਮਨ ਹੈ। ਉਸ ਤੋਂ ਅੱਗੇ ਸੁਰਤ ਸੁਤੰਤਰ ਸ਼ਰਧਾ ਤੇ ਸਿਮਰਨ ਦੇ ਬਲ ਨਾਲ ਚੱਲਦੀ ਹੈ। ਏਸ ਲਈ ਕੇਵਲ ਦਾਨਾ ਯਾ ਦੀਵਾਨਾ ਹੋਣਾ ਕਾਫ਼ੀ ਨਹੀਂ ਹੈ ਬਲਕਿ ਦਿਲ ਦਾ ਰਸੀਆ ਹੋਣਾ ਜ਼ਰੂਰੀ ਹੈ। ਪਰ ਇਹ ਰਸ ਕਿਤਾਬੀ ਘੋਟਾ ਘੋਟੀ ਵਾਲੇ ਪੰਡਤਾਂ ਤੇ ਮੌਲਾਣਿਆਂ ਪਾਸੋਂ ਨਹੀਂ ਮਿਲਦਾ। ਉਹ ਤਾਂ ਆਪਸ ਵਿੱਚ ਕਾਸ਼ੀ ਤੇ ਕਾਬੇ ਦੇ ਝਗੜੇ ਝਗੜੀ ਜਾਂਦੇ ਹਨ। ਇਹ ਤਾਂ ਕਰਨੀ ਦੇ ਸੂਰਿਆਂ ਸੰਤਾਂ ਦੀ ਸੰਗਤ 'ਚੋਂ ਮਿਲਦਾ ਹੈ, ਜੋ ਆਪ ਇਸ ਰਸ ਵਿੱਚ ਮਖਸੂਰ ਹੋਏ ਹਨ:

ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥ (ਸਲੋਕ ਭਗਤ ਕਬੀਰ ਜੀ - ੧੩੬੫)

ਉਹ ਆਪ ਇਸ ਅਸਲੀਅਤ ਦੇ ਮੱਖਣ ਨੂੰ ਖਾਂਦੇ ਤੇ ਅੱਗੇ ਜਗਿਆਸੂ ਜਨਾਂ ਨੂੰ ਵੰਡਦੇ ਹਨ। ਤਾਂ ਤੇ ਜਿਹੜਾ ਇਨ੍ਹਾਂ ਕਾਜ਼ੀ ਪੰਡਤਾਂ ਦੀ ਸਿਰਦਰਦੀ ਨੂੰ ਛੱਡ ਕੇ ਸਾਧੂ ਦੀ ਸੰਗਤ ਦੁਆਰਾ ਸ੍ਵਾਸ ਸ੍ਵਾਸ ਪ੍ਰਮੇਸ਼ਰ ਦਾ ਨਾਮ ਜਪਦਾ ਹੈ, ਉਹ ਆਪਣੇ ਅੰਦਰੋਂ ਪਿਆਰੇ ਦਾ ਸਾਖਿਆਤ ਦਰਸ਼ਨ ਕਰ ਲੈਂਦਾ ਹੈ ਆਦਿ।

ਉਸ ਸਮੇਂ ਇਨ੍ਹਾਂ ਦਾ ਪਿਆਰ ਤੱਕ ਕੇ ਹੋਰ ਵੀ ਮਹਾਂਪੁਰਸ਼ ਦਾਤੇ ਦੇ ਦਰਸ਼ਨਾਂ ਵਾਸਤੇ ਆਏ ਸਨ ਜੇਹਾ ਕਿ ਸ੍ਰੀਮਾਨ ਪੰਡਤ ਨਰੈਣ ਸਿੰਘ ਜੀ ਦੱਖਣੀ, ਹੋਤੀ ਮਰਦਾਨ ਦੀ ਸੰਪ੍ਰਦਾਇ ਵਿੱਚੋਂ ਸ੍ਰੀਮਾਨ ਪੰਡਤ ਮਦਨ ਮੋਹਨ ਸਿੰਘ ਜੀ ਹਰਿਦੁਆਰ, ਹੋਰ ਵੀ ਬਹੁਤ ਸਾਰੇ ਨਿਰਮਲ ਤੇ ਉਦਾਸੀ ਭੇਖ ਦੇ ਮਹਾਂਪੁਰਸ਼ ਸੰਤ ਜੀ ਮਹਾਰਾਜ ਦਾ ਦਰਸ਼ਨ ਕਰ, ਬਚਨ ਸੁਣ ਕੇ ਬੜੇ ਪ੍ਰਸੰਨ ਹੋਏ। ਉਸ ਸਮੇਂ ਮੇਹਰਬਾਨ ਨੇ ਮੁਸਕਰਾ ਕੇ ਕਿਹਾ, "ਰਾਜਿੰਦਰ ਸਿੰਘ! ਤੁਹਾਡਾ ਵਾਹ ਵਾਸਤਾ ਡਰਾਈਵਰ ਪਾਰਟੀ ਨਾਲ ਪੈਂਦਾ ਹੈ, ਜਿੱਥੇ ਇਸ ਚੀਜ਼ ਦੀ ਆਮ ਵਰਤੋਂ ਹੈ। ਭਾਵੇਂ ਇਹ ਕੰਮ ਤੁਹਾਡੇ ਵਾਸਤੇ ਬਹੁਤ ਕਠਨ

ਹੈ ਪਰ ਤਾਂ ਵੀ ਇਸ ਵਿੱਚ ਸੁੱਖ ਨਹੀਂ। ਜੇਕਰ ਸੁੱਖ ਚਾਹੁੰਦੇ ਹੋ ਤਾਂ ਤੁਸੀਂ ਸ਼ਰਾਬ ਮਾਸ ਦਾ ਤਿਆਗ ਕਰ ਦੇਵੋ।" ਇਨ੍ਹਾਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਜੇਕਰ ਤੁਹਾਡੀ ਬਖ਼ਸ਼ਿਸ਼ ਹੋਵੇ ਤਾਂ ਸਾਰੀਆਂ ਮੁਸ਼ਕਲਾਂ ਆਪੇ ਹੀ ਹਲ ਹੋ ਜਾਣਗੀਆਂ। ਤੁਹਾਡਾ ਸਿਰ ਤੇ ਹੱਥ ਚਾਹੀਦਾ ਹੈ।" ਉਸ ਦਿਨ ਤੋਂ ਬਾਅਦ ਸ਼ਰਾਬ, ਮਾਸ, ਅੰਡਾ ਤੇ ਹੋਰ ਨਿੰਦਨੀਯ ਚੀਜ਼ਾਂ ਦੇ ਨੇੜੇ ਨਹੀਂ ਗਏ। ਦਾੜ੍ਹਾ ਵੀ ਖੁੱਲ੍ਹਾ ਹੀ ਰੱਖਦੇ ਹਨ। ਗੁਰਬਾਣੀ ਦਾ ਨਿੱਤਨੇਮ ਕੀਤੇ ਬਗੈਰ ਜਲ ਪਾਣੀ ਨਹੀਂ ਛਕਦੇ। ਹਰ ਰੋਜ਼ ਗੁਰੂ ਮਹਾਰਾਜ ਦਾ ਦਰਸ਼ਨ ਕਰ ਕੇ ਦਫ਼ਤਰ ਵਿੱਚ ਜਾਂਦੇ ਸਨ।

ਖਟੜੇ ਪਿੰਡ ਦੇ ਪ੍ਰੇਮੀ ਸ. ਕਿਸ਼ਨ ਸਿੰਘ, ਸ. ਬਿਸ਼ਨ ਸਿੰਘ, ਸ. ਮੱਲ ਸਿੰਘ ਤਿੰਨੇ ਪ੍ਰਵਾਰ ਮਹਾਂਪੁਰਸ਼ਾਂ ਤੇ ਅਨਿੰਨ ਸ਼ਰਧਾ ਰੱਖਦੇ ਸਨ। ਹਰ ਸਾਲ ਲੁਧਿਆਣੇ ਲਈ ਸਮਾਂ ਲੈ ਕੇ ਦੀਵਾਨ ਲਗਵਾਉਂਦੇ ਸਨ। ਫਰੀ ਬੱਸਾਂ ਸੰਗਤਾਂ ਨੂੰ ਦੀਵਾਨ ਲਈ ਲਿਆਉਂਦੀਆਂ ਤੇ ਲਿਜਾਂਦੀਆਂ ਸਨ। ਲੱਖਾਂ ਸੰਗਤਾਂ ਨਾਮ ਬਾਣੀ ਦੀ ਮਹਿਮਾ ਸੁਣ ਕੇ ਗੁਰੂ ਨਾਲ ਜੁੜਦੀਆਂ ਸਨ। ਲੁਧਿਆਣੇ ਸੰਗਤਾਂ ਦੇ ਇਕੱਠ ਤੇ ਪ੍ਰੇਮ:

ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ ॥ (ਸਲੋਕ ਭਗਤ ਕਬੀਰ ਜੀ - ੧੩੭੦)

ਵਾਲੀ ਗੱਲ ਸੀ। ਜਿਨ੍ਹਾਂ ਪ੍ਰੇਮੀਆਂ ਨੇ ਇਹ ਕੀਰਤਨ ਸਮਾਗਮ ਤੱਕੇ ਹਨ, ਉਹੋ ਹੀ ਲੱਖਾਂ ਸੰਗਤਾਂ ਦੇ ਉੱਛਲ ਉੱਛਲ ਕੇ ਡੁੱਲ੍ਹ ਡੁੱਲ੍ਹ ਪੈਂਦੇ ਪਿਆਰ ਤੋਂ ਖੀਵੇ ਹੋ ਜਾਂਦੇ ਸਨ। ਬੈਕੁੰਠ ਹੀ ਦੀਵਾਨ ਅਸਥਾਨ ਵਿੱਚ ਉੱਤਰ ਕੇ ਆ ਜਾਂਦਾ ਸੀ। ਅਨੇਕਾਂ ਪ੍ਰੇਮੀਆਂ ਨੇ ਰੂਹਾਨੀ ਉਪਦੇਸ਼ ਸਰਵਣ ਕਰ ਕੇ ਮਾਇਆ ਦੇ ਹੁੰਦਿਆਂ ਭੀ ਤਮੋਗੁਣ ਵੀਚਾਰ, ਅਚਾਰ, ਆਹਾਰ ਛੱਡ ਕੇ ਸਤੋਗੁਣ ਧਾਰਨ ਕਰ ਕੇ ਨਾਮ ਨਾਲ ਪਰਚਾ ਪਾ ਕੇ ਆਪਣੇ ਤਨ, ਮਨ, ਧਨ, ਨੂੰ ਸੇਵਾ, ਸਿਮਰਨ ਅਤੇ ਦਾਨ ਵਿੱਚ ਲਾ ਕੇ ਸਫ਼ਲਾ ਕੀਤਾ।

ਛੋਟੀਆਂ ਲਲਤੋਂ ਤੋਂ ਸ. ਹਰਭਜਨ ਸਿੰਘ ਨੂੰ ਪ੍ਰਵਾਰ ਸਮੇਤ ਚਰਣ ਸਰਣ ਪ੍ਰਾਪਤ ਹੋਈ। ਇਨ੍ਹਾਂ ਦੇ ਵੱਡੇ ਲੜਕੇ ਦੇ ਘਰ ਮਹਾਂਪੁਰਸ਼ਾਂ ਦੇ ਬਚਨ ਦਾ ਸਦਕਾ ਲੜਕੇ ਦੀ ਦਾਤ ਪ੍ਰਾਪਤ ਹੋਈ। ਦਿੱਲੀ ਦੀਵਾਨ ਸਮੇਂ ਇਹ ਆਪਣੇ ਠੰਢੇ ਮਿੱਠੇ ਨਲਕੇ ਦਾ ਜਲ ਹਰ ਰੋਜ਼ ਮਹਾਂਪੁਰਸ਼ਾਂ ਲਈ ਲਿਆਉਂਦਾ ਰਹਿੰਦਾ ਸੀ।

ਨਾਮ ਅਉਖਧ

ਸ. ਜਗਤ ਸਿੰਘ ਜੀ ਛੋਟੀ ਲਲਤੋਂ ਦੀ ਲੜਕੀ ਬੀਬੀ ਹਰਭਜਨ ਕੌਰ ਕਾਫ਼ੀ ਸਮੇਂ ਤੋਂ ਰੀੜ ਦੀ ਹੱਡੀ ਵਿੱਚ ਕਿਰਮ ਪੈ ਜਾਣ ਕਰ ਕੇ ਮੌਤ ਦਾ ਇੰਤਜ਼ਾਰ ਕਰਦੀ ਸੀ। ਦਵਾਈ ਕੋਈ ਨਹੀਂ ਲੱਗਦੀ ਸੀ। ਸਰੀਰ ਗਲ ਗਿਆ, ਕੋਈ ਨੇੜੇ ਨਹੀਂ ਢੁੱਕਦਾ ਸੀ। ਵਾਹਿਗੁਰੂ ਦੇ ਦਰ ਪ੍ਰਾਰਥਨਾ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਪ੍ਰਵਾਰ ਮਹਾਂਪੁਰਸ਼ਾਂ ਪਾਸ ਆ ਕੇ ਮੰਗ ਕਰਨ ਲੱਗਿਆ ਕਿ ਬੀਬੀ ਨੂੰ ਹੱਦੋਂ ਵੱਧ ਦੁਖ ਹੈ ਉਸ ਦਾ ਸਰੀਰ ਛੁਟ ਜਾਵੇ। ਸਹਿਜ ਸੁਭਾ ਮਹਾਂਪੁਰਸ਼ਾਂ ਕਿਹਾ ਕਿ ਮਹਾਂਪੁਰਸ਼ਾਂ ਤੋਂ ਮੌਤ ਦੀ ਮੰਗ ਨਹੀਂ ਕਰੀਦੀ। ਉਹ ਜੀਵਨ ਦਾਤੇ ਹੁੰਦੇ ਹਨ। ਗੁਰੂ ਘਰ ਤੋਂ ਮੌਤ ਦੀ ਥਾਂ ਜੀਵਨ ਮਿਲਿਆ ਕਰਦਾ ਹੈ। ਆਪ ਜੀ ਨੇ ਨਾਮ ਅਉਖਧ ਦਾ ਭੇਦ ਦਸ ਦਿਤਾ। ਬੀਬੀ ਨੇ ਵਿਧੀ ਪੂਰਬਕ ਸ਼ਬਦ ਅਭਿਆਸ ਕੀਤਾ। ਉਹ ਠੀਕ ਹੋ ਗਈ। ਇਸੇ ਤਰ੍ਹਾਂ ਉਸ ਦਾ ਛੋਟਾ ਭਰਾ ਭਾਈ ਸਰਵਣ ਸਿੰਘ ਭੀ ਨਾਮ ਅਉਖਧ ਵਰਤ ਕੇ ਰਾਜ਼ੀ ਹੋ ਗਿਆ।

ਚਾਰ ਪਦਾਰਥ ਜੇ ਕੋ ਮਾਂਗੈ

ਢੈਪੀ ਨਗਰ ਦੇ ਸ. ਭਗਵਾਨ ਸਿੰਘ ਜੀ ਨੂੰ ਆਪਣੀ ਭੈਣ ਭਗਵਾਨ ਕੌਰ (ਬੇਰ) ਰਾਹੀਂ ਪ੍ਰੇਮ ਲੱਗਿਆ। ਘਰ ਵਿੱਚ ਗ਼ਰੀਬੀ ਸੀ। ਮਹਾਂਪੁਰਸ਼ਾਂ ਦੀ ਬਖ਼ਸ਼ਿਸ਼ ਹੋਈ ਦਿਨ ਫਿਰੇ ਲੁਧਿਆਣੇ ਉੱਚੇ ਪੁਲ ਪਾਸ ਜੀ. ਟੀ. ਰੋਡ ਤੇ ਲੁਧਿਆਣਾ ਇੰਜਨੀਅਰਿੰਗ ਵਰਕਸ਼ਾਪ ਲਗਾ ਲਈ। ਹਜ਼ੂਰ ਦੇ ਚਰਨ ਪਵਾਏ। ਆਪ ਨਾਮ ਦੇ ਪ੍ਰੇਮੀ ਹਨ।

ਬਦੋਵਾਲ ਤੋਂ ਸ. ਹਰਬੰਸ ਸਿੰਘ, ਸ. ਪ੍ਰੀਤਮ ਸਿੰਘ ਪਰਮ ਸ਼ਰਧਾਲੂ ਹਨ। ਇਨ੍ਹਾਂ ਦੀ ਸੁੰਦਰ ਕੋਠੀ ਲੁਧਿਆਣੇ ਹੈ। ਮਹਾਂਪੁਰਸ਼ਾਂ ਦੀ ਰਿਹਾਇਸ਼ ਇਸ ਕੋਠੀ ੧੯੫੦ ਵਿੱਚ ਹੋਈ ਅਤੇ ਇੱਥੇ ਠਹਿਰ ਕੇ ਕਈ ਦਿਨ ਲੁਧਿਆਣੇ ਦੀਵਾਨ ਸਜਾਏ। ਸੇਵਾ ਦਾ ਫ਼ਲ ਹੁਣ ਕਈ ਵਰਕਸ਼ਾਪਾਂ ਹਨ ਤੇ ਚੰਗੇ ਗੁਜ਼ਾਰੇ ਚਲਦੇ ਹਨ।

ਤਹਾਂ ਤਹਾਂ ਉਠਿ ਧਾਵੈ

ਬੀਬੀ ਰਾਮ 'ਰੱਖੀ' ਤੇ ਇਨ੍ਹਾਂ ਦੇ ਪਤੀ ਸ. ਹਰਬੰਸ ਸਿੰਘ ਰਹੌਣ ਵਾਲੇ ਲੁਧਿਆਣੇ ਕੋਠੀ ਬਣਾ ਕੇ ਰਹਿੰਦੇ ਸਨ। ਮਹਾਂਪੁਰਸ਼ਾਂ ਦੇ ਬਹੁਤ ਸ਼ਰਧਾਲੂ ਸਨ। ਕਈ ਵਾਰੀ ਮਹਾਂਪੁਰਸ਼ਾਂ ਦੇ ਚਰਨ ਇਨ੍ਹਾਂ ਦੇ ਘਰ ਪਏ। ਇਨ੍ਹਾਂ ਦੀ ਲੜਕੀ ਬੀਬੀ ਸਤਵੰਤ ਕੌਰ ਸ. ਕਰਮ ਸਿੰਘ ਹਾਪੜ ਨਾਲ ਵਿਆਹੀ ਹੋਈ ਹੈ। ਬੀਬੀ ਪੜਛਤੀ ਤੋਂ ਗਿਰ ਗਈ ਅਤੇ ਰੀੜ੍ਹ ਦੀ ਹੱਡੀ ਟੁੱਟ ਗਈ। ਇਸ ਨੇ ਅੰਤਰ ਆਤਮੇਂ ਮਹਾਂਪੁਰਸ਼ਾਂ ਦੇ ਸਰੂਪ ਦਾ ਧਿਆਨ ਧਰ ਕੇ ਅਜੇਹੀ ਖਿੱਚ ਪਾਈ ਕਿ ਆਪ ਹਾਪੜ ਪੁੱਜ ਗਏ ਅਤੇ ਗੁਰੂ ਨਾਨਕ ਜੀ ਤੇ ਭਰੋਸਾ ਰੱਖਣ ਦਾ ਆਦੇਸ਼ ਦੇ ਕੇ ਅਸੀਸ ਦਿੱਤੀ। ਸ਼ਰਧਾ ਦਾ ਫ਼ਲ ਤੇ ਮਹਾਂਪੁਰਸ਼ਾਂ ਦੀ

ਅਸੀਸ ਬੀਬੀ ਦੀ ਰੀੜ੍ਹ ਦੀ ਹੱਡੀ ਠੀਕ ਹੋ ਗਈ।

ਸੰਤ ਸੇਵਕ ਜੱਥਾ ਦਿੱਲੀ

ਸ. ਸੱਜਣ ਸਿੰਘ ਜੀ ਪ੍ਰਧਾਨ, ਸ. ਹਰਿਭਜਨ ਸਿੰਘ ਜੀ ਮੀਤ ਪ੍ਰਧਾਨ, ਸ. ਅਮਰ ਸਿੰਘ ਬਾਥ ਸੈਕਟਰੀ, ਸ. ਗੁਰਬਚਨ ਸਿੰਘ ਜੀ ਖਜ਼ਾਨਚੀ, ਸ. ਨਿਰੰਜਨ ਸਿੰਘ ਜੀ ਮੈਂਬਰ, ਸ. ਹਰਬੰਸ ਸਿੰਘ ਜੀ ਮੈਂਬਰ, ਸ. ਅਜੀਤ ਸਿੰਘ ਜੀ ਮੈਂਬਰ, ਸ. ਲਛਮਣ ਸਿੰਘ ਜੀ ਮੈਂਬਰ, ਸ. ਜਾਗੀਰ ਸਿੰਘ ਜੀ ਮੈਂਬਰ, ਸ. ਵਰਿਆਮ ਸਿੰਘ ਜੀ ਮੈਂਬਰ, ਸ. ਤਿਰਲੋਕ ਸਿੰਘ ਜੀ ਮੈਂਬਰ, ਸ੍ਰੀ ਦੇਸ ਰਾਜ ਰਾਮ ਨਰੈਣ ਜੀ ਮੈਂਬਰ, ਸ. ਰਾਮ ਸਿੰਘ ਜੀ ਮੈਂਬਰ, ਸ੍ਰੀ ਬਨਾਰਸੀ ਦਾਸ ਜੀ ਮੈਂਬਰ, ਸ. ਈਸ਼ਰ ਸਿੰਘ ਜੀ ਪੁਰੀ ਮੈਂਬਰ, ਸ੍ਰੀ ਪਰਸ ਰਾਮ ਜੀ ਮੈਂਬਰ, ਸ. ਗੁਰਦਿਆਲ ਸਿੰਘ ਜੀ ਮੈਂਬਰ, ਸ. ਪ੍ਰੀਤਮ ਸਿੰਘ ਜੀ ਮੈਂਬਰ, ਸ. ਬਲਵੰਤ ਸਿੰਘ ਜੀ ਮੈਂਬਰ, ਬੀਬੀ ਗੁਰਬਚਨ ਕੌਰ ਜੀ ਮੈਂਬਰ, ਬੀਬੀ ਕਮਲਜੀਤ ਕੌਰ ਜੀ ਮੈਂਬਰ, ਸ. ਹਰਦਿਆਲ ਸਿੰਘ ਜੀ ਮੈਂਬਰ, ਸ. ਗੁਰਬਚਨ ਸਿੰਘ ਜੀ ਮੈਂਬਰ, ਸ. ਅਲਬੇਲ ਸਿੰਘ ਜੀ ਮੈਂਬਰ, ਸ. ਬਚਨ ਸਿੰਘ ਜੀ ਸੂਜਾਪੁਰ ਮੈਂਬਰ, ਸ. ਤਿਰਲੋਕ ਸਿੰਘ ਜੀ ਦਾਖਾ ਮੈਂਬਰ, ਸ. ਸ਼ੇਰ ਸਿੰਘ ਜੀ ਮੰਨਮੀ ਮੈਂਬਰ, ਸ. ਭਗਵਾਨ ਸਿੰਘ ਜੀ ਮੈਂਬਰ, ਸ. ਬਲਵੰਤ ਸਿੰਘ ਜੀ ਰੋਹਣੋ ਮੈਂਬਰ।

ਇਨ੍ਹਾਂ ਤੋਂ ਇਲਾਵਾ ਹੋਰ ਵੀ ਗੁਰਮੁਖ ਪਿਆਰੇ ਦਿੱਲੀ ਦੇ ਦੀਵਾਨਾਂ ਸਮੇਂ ਵੱਧ ਚੜ੍ਹ ਕੇ ਸੇਵਾ ਵਿੱਚ ਹਿੱਸਾ ਲੈਂਦੇ ਰਹੇ। ਜੇਹਾ ਕਿ ਕਰਤਾਰ ਸਿੰਘ ਬਿਲਾਸਪੁਰ ਭੀ ਸੇਵਕ ਹਨ।

ਨੋਟ: ਪੰਡਾਲ ਤੇ ਹੋਰ ਰਿਹਾਇਸ਼ ਵਗੈਰਾ ਦਾ ਖ਼ਰਚਾ ਕੋਕਾ ਕੋਲਾ ਵਾਲੇ ਸਰਦਾਰਾਂ ਵੱਲੋਂ ਹੁੰਦਾ ਸੀ।

ਝਾਲਾਘੇ ਉਠਿ ਨਾਮੁ ਜਪਿ

ਲੁਧਿਆਣੇ ਸ਼ਹਿਰ ਕਈ ਵਾਰੀ ਦੀਵਾਨ ਸਜੇ। ਪ੍ਰੇਮੀਆਂ ਦੇ ਘਰੀਂ ਚਰਨ ਪਏ। ਜਿਸ ਸਮੇਂ ਭਾਰਤ ਨਗਰ ਚੌਂਕ ਵਿੱਚ ਸ. ਮਲ ਸਿੰਘ ਖਟੜੇ ਵਾਲਿਆਂ ਦੀ ਕੋਠੀ ਦੇ ਪਿਛਵਾੜੇ ਸੰਤ ਜੀ ਮਹਾਰਾਜ ਦੇ ਦੀਵਾਨ ਲੱਗੇ ਤਾਂ ਹਜ਼ੂਰ ਦੀ ਸਿਫ਼ਤ ਸੁਣ ਕੇ ਹੋਰਨਾਂ ਪ੍ਰੇਮੀਆਂ ਵਾਂਗੂ ਗ਼ਰੀਬ ਦਾਸੀਏ ਡੇਰੇ ਦੇ ਸਾਧੂ ਵੀ ਸ਼ਾਮਲ ਸੀ। ਹਜ਼ੂਰ ਦੇ ਸਿੱਧੇ ਅਤੇ ਨਿਰੋਲ ਧਾਰਮਿਕ ਬਚਨਾਂ ਦਾ ਇਸ ਦੇ ਮਨ ਤੇ ਕਾਫ਼ੀ ਅਸਰ ਹੋਇਆ।

ਆਪ ਜੀ ਨੇ ਫੁਰਮਾਇਆ ਕਿ ਦੁਨੀਆਂ ਵਿੱਚ ਅਸਲ ਤੇ ਨਕਲ ਦੋਵੇਂ ਹੀ ਚੀਜ਼ਾਂ ਮੌਜੂਦ ਹਨ ਤੇ ਸਦਾ ਰਹਿਣਗੀਆਂ। ਪਰ ਨਕਲ ਦੇ ਹੋਣ ਕਰ ਕੇ ਅਸਲ ਚੀਜ਼ ਤੋਂ ਇਨਸਾਨ ਮੁਨਕਰ ਨਹੀਂ ਹੋ ਸਕਦਾ। ਨਕਲੀ ਡਾਕਟਰ ਅਨੇਕਾਂ ਹਨ, ਜੋ ਅਸਲੀ ਔਸ਼ਧ ਵਿੱਦਿਆ ਨੂੰ ਨਾ ਜਾਣਦੇ ਹੋਏ ਆਪਣੇ ਆਪ ਨੂੰ ਪੂਰਨ ਵੈਦ ਤੇ ਡਾਕਟਰ ਅਖਵਾਉਂਦੇ ਹਨ ਅਤੇ ਲੋਕਾਂ ਨੂੰ ਨਕਲੀ ਤੇ ਝੂਠੀਆਂ ਦਵਾਈਆਂ ਦੇ ਕੇ ਆਪਣਾ ਪੇਟ ਪਾਲਦੇ ਹਨ। ਪਰ ਇਨ੍ਹਾਂ ਨਕਲੀ ਡਾਕਟਰਾਂ ਦੀ ਹੋਂਦ ਕਰ ਕੇ ਅਸਲੀ ਡਾਕਟਰਾਂ ਦੀ ਕਦਰ ਤੇ ਜ਼ਰੂਰਤ ਘਟ ਨਹੀਂ ਜਾਂਦੀ। ਸਗੋਂ ਜਿੱਥੇ ਨਕਲੀ ਮੋਤੀ ਹੀ ਅਸਲੀ ਮੋਤੀਆਂ ਦੀ ਹਸਤੀ ਨੂੰ ਸਾਬਤ ਕਰਦੇ ਹਨ। ਖੋਟਾ ਸਿੱਕਾ ਨਾ ਚਲੇ, ਤਾਂ ਖਰੇ ਦੀ ਕਦਰ ਕਿਵੇਂ ਹੋਵੇ? ਸੋ ਨਕਲੀ ਚੀਜ਼ ਹੀ ਅਸਲੀ ਦੀ ਕਦਰ ਦਾ ਕਾਰਣ ਬਣਦੀ ਹੈ।

ਜੋ ਲੋਕ ਇਹ ਆਖ ਕੇ ਰੱਬ ਤੋਂ ਮੁਨਕਰ ਹੋ ਜਾਂਦੇ ਹਨ ਕਿ ਅੱਜ ਕੱਲ੍ਹ ਦੇ ਧਾਰਮਿਕ ਆਗੂ ਪਖੰਡੀ ਹੋ ਗਏ ਤੇ ਭੇਖ ਦਿਖਾ ਕੇ ਲੋਕਾਂ ਨੂੰ ਠੱਗਦੇ ਹਨ, ਧਰਮ ਤੇ ਮਜ਼ਹਬ ਦੇ ਨਾਮ ਤੇ ਮਾਇਆ ਬਟੋਰਦੇ ਹਨ, ਉਨ੍ਹਾਂ ਦਾ ਆਪਣਾ ਜੀਵਨ ਕੋਈ ਨਹੀਂ, ਦੂਜੇ ਨੂੰ ਸਿੱਖਿਆ ਦੇ ਕੇ ਚੇਲਿਆਂ ਦੀ ਗਿਣਤੀ ਵਧਾਉਂਦੇ ਹਨ; ਦਰਅਸਲ ਉਹ ਲੋਕ ਜੋ ਏਹੋ ਜੇਹੀਆਂ ਦਲੀਲਾਂ ਦਿੰਦੇ ਹਨ, ਉਹ ਅਸਲ ਮਜ਼ਬ ਨਾਲ ਬੇਇਨਸਾਫੀ ਕਰਦੇ ਹਨ। ਨਕਲੀ ਧਾਰਮਿਕ ਲੋਕ ਵੀ ਏਸੇ ਤਰ੍ਹਾਂ ਦੁਨੀਆਂ ਤੇ ਹੁੰਦੇ ਹੀ ਰਹਿਣਗੇ, ਜਿਵੇਂ ਨਕਲੀ ਡਾਕਟਰ। ਪਰ ਨਕਲੀ ਡਾਕਟਰਾਂ ਕਰ ਕੇ ਅਸਲੀ ਡਾਕਟਰਾਂ ਦਾ ਮਾਨ ਤੇ ਜ਼ਰੂਰਤ ਘੱਟ ਨਹੀਂ ਜਾਂਦੀ। ਇਸੇ ਤਰ੍ਹਾਂ ਨਕਲੀ ਧਾਰਮਿਕ ਲੋਕਾਂ ਕਰ ਕੇ ਅਸਲੀ ਧਾਰਮਿਕ ਆਗੂਆਂ ਦੀ ਵਡਿਆਈ ਵੀ ਨਹੀਂ ਘਟ ਸਕਦੀ। ਜੋ ਲੋਕ ਆਪ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਉੱਚੇ ਉੱਠ ਕੇ ਕਿਸੇ ਅਸਲੀ ਧਾਰਮਿਕ ਆਗੂ ਦੀ ਸੰਗਤ ਤੋਂ ਪੂਰਾ ਲਾਭ ਨਹੀਂ ਲੈ ਸਕਦੇ ਅਤੇ ਮਜ਼ਹਬ ਨੂੰ ਬੁਰਾ ਭਲਾ ਕਹਿਣਾ, ਰੱਬ ਦੀ ਹਸਤੀ ਸਬੰਧੀ ਨਜਾਇਜ਼ ਇਤਰਾਜ਼ ਕਰਨੇ, ਉਸੇ ਤਰ੍ਹਾਂ ਦੀ ਭੁੱਲ ਹੈ ਜਿਸ ਤਰ੍ਹਾਂ ਰਾਗ ਨੂੰ ਨਾ ਸਮਝਣ ਕਰ ਕੇ ਪੱਕੇ ਰਾਗਾਂ ਨੂੰ ਰੌਲਾ ਤੇ ਸ਼ੋਰ ਆਖਣਾ ਹੈ।

ਇਸੇ ਤਰ੍ਹਾਂ ਕਿਸੇ ਪਾਦਰੀ, ਮੁੱਲਾਂ ਜਾਂ ਗ੍ਰੰਥੀ ਦੀ ਗ਼ਲਤੀ ਜਾਂ ਕਮਜ਼ੋਰੀ ਕਰ ਕੇ ਪਵਿਤ੍ਰ ਅੰਜੀਲ, ਕੁਰਾਨ ਸ਼ਰੀਫ ਜਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਾੜਾ ਆਖਣਾ ਜਾਂ ਮਜ਼ਹਬ ਨੂੰ ਪਖੰਡ ਤੇ ਧੋਖਾ ਦੱਸਣਾ ਮਜ਼ਬ ਨਾਲ ਭਾਰੀ ਅਨਿਆਉ ਕਰਨਾ ਹੈ। ਇੱਕ ਸੱਜਣ ਜੋ ਰੱਬ ਨੂੰ ਬਹੁਤ ਬੁਰਾ ਭਲਾ ਕਿਹਾ ਕਰਦਾ ਸੀ। ਇਸ ਦਾ ਸਬੱਬ ਪੁੱਛਣ ਤੇ ਆਖਣ ਲੱਗਾ ਕਿ ਸਾਡੇ ਪਿੰਡ ਦਾ ਗ੍ਰੰਥੀ ਚੋਰੀ ਕਰਦਾ ਪਕੜਿਆ ਗਿਆ ਸੀ। ਜਿਸ ਰੱਬ ਦੇ ਏਜੰਟ (ਪੰਡਿਤ, ਮੁੱਲਾਂ, ਗ੍ਰੰਥੀ) ਇਤਨੇ ਮਾੜੇ

ਹੋਣ ਉਹ ਆਪ ਖਬਰੇ ਕਿਡਾ ਮਾੜਾ ਹੋਵੇਗਾ। ਇਸ ਕਰ ਕੇ ਮੈਂ ਮਜ਼ਬ ਨੂੰ ਮਾੜੇ ਕਰਮ ਕਰਨ ਦੀ ਆੜ ਤੇ ਦੁਨੀਆਂ ਨੂੰ ਧੋਖਾ ਦੇਣ ਦਾ ਅੱਡਾ ਸਮਝਦਾ ਹਾਂ।

ਡਾਕਟਰਾਂ ਪਾਸੋਂ ਗ਼ਲਤ ਦਵਾਈਆਂ ਦਿੱਤੇ ਜਾਣ ਦੇ ਕਾਰਨ ਜਾਂ ਮਰੀਜ਼ਾਂ ਨੂੰ ਰਾਜੀ ਨਾ ਕਰ ਸਕਣ ਕਰ ਕੇ ਜਾਂ ਆਪ ਬਦ ਪ੍ਰਹੇਜ਼ੀ ਦੇ ਕਾਰਣ ਬੀਮਾਰ ਹੋ ਜਾਣ ਨਾਲ ਦਵਾਈ ਦੇ ਇਲਮ ਜਾਂ ਦਵਾਈਆਂ ਦੀਆਂ ਪੁਸਤਕਾਂ ਨੂੰ ਬੁਰਾ ਤੇ ਫਜ਼ੂਲ ਆਖਣਾ ਜਾਂ ਹਸਪਤਾਲਾਂ ਨੂੰ ਕਤਲਗਾਹ ਤੇ ਲੋਕਾਂ ਨੂੰ ਮਾਰਨ ਦਾ ਅੱਡਾ ਸਮਝੀਏ ਤਾਂ ਸਾਡੀ ਭੁੱਲ ਹੋਵੇਗੀ। ਸਾਨੂੰ ਤਸਵੀਰ ਦੇ ਦੋਵੇਂ ਪਾਸੇ ਦੇਖ ਕੇ ਰਾਇ ਕਾਇਮ ਕਰਨੀ ਚਾਹੀਦੀ ਹੈ। ਹਸਪਤਾਲਾਂ ਵਿੱਚ ਲੱਖਾਂ ਮਰੀਜ਼ ਆਉਂਦੇ ਹਨ। ਉਨ੍ਹਾਂ ਵਿੱਚੋਂ ਜੇ ਕੁੱਝ ਹਜ਼ਾਰਾਂ ਮਰੀਜ ਰਾਜ਼ੀ ਨਾ ਹੋ ਸਕਣ ਤਾਂ ਹਸਪਤਾਲਾਂ ਜਾਂ ਡਾਕਟਰੀ ਦੀਆਂ ਪੁਸਤਕਾਂ ਨੂੰ ਫਜ਼ੂਲ ਆਖਣਾ ਆਪਣੀ ਅਕਲ ਨੂੰ ਹਾਸੋਹੀਣਿਆਂ ਬਨਾਉਣਾ ਹੈ। ਮਜ਼ਬ ਦੇ ਨਾਮ ਉੱਤੇ ਕਰੋੜਾਂ ਨੇਕ ਕੰਮ ਵੀ ਹੋਏ ਤੇ ਹੁੰਦੇ ਹਨ। ਮਜ਼ਬ ਦੀ ਆੜ ਹੇਠਾਂ ਜੇ ਕਿਸੇ ਵੇਲੇ ਦੁਨੀਆਂ ਨੂੰ ਧੋਖਾ ਵੀ ਦਿੱਤਾ ਗਿਆ ਤਾਂ ਮਜ਼ਬ ਦੇ ਸਾਏ ਹੇਠਾਂ ਕਰੋੜਾਂ ਦੁਖੀਆਂ ਤੇ ਨਿਆਸਰਿਆਂ ਨੂੰ ਤਸੱਲੀ ਤੇ ਆਸ ਵੀ ਮਿਲੀ ਹੈ। ਅਨੇਕ ਅਸੰਤੁਸ਼ਟ ਰੂਹਾਂ ਨੂੰ ਸਹੀ ਰਾਹ ਵੀ ਹਾਸਲ ਹੋਇਆ ਹੈ।

ਜਿਸ ਦਾ ਮਨ ਵਿਸ਼ੇ ਵਿਕਾਰਾਂ ਵਿੱਚ ਭਟਕਦਾ ਹੈ ਅਤੇ ਉਹ ਜ਼ਬਾਨੀ ਕਲਾਮੀ ਨਾਮ ਦਾ ਸਿਮਰਨ ਕਰੇ, ਉਸ ਦਾ ਕੋਈ ਬਹੁਤਾ ਲਾਭ ਨਹੀਂ। ਜਿਸ ਦਾ ਮਨ ਹੀ ਇਕਾਗਰ ਤੇ ਸ਼ੁੱਧ ਨਹੀਂ, ਉਸ ਦਾ ਬਚਨ ਵੀ ਸੱਤ ਨਹੀਂ ਹੋ ਸਕਦਾ। ਜਿਸ ਦਾ ਬਚਨ ਹੀ ਸੱਤ ਨਹੀਂ ਫੇਰ ਉਸ ਦੇ ਕਰਮ ਵੀ ਦਰੁਸਤ ਨਹੀਂ ਹੋ ਸਕਦੇ। ਭਾਵ ਜਿਸ ਖੂਹ ਦਾ ਪਾਣੀ ਮੈਲਾ ਤੇ ਬਦਬੂਦਾਰ ਹੈ, ਉਹ ਵਿੱਚੋਂ ਵੀ ਮਲੀਨ ਹੀ ਹੋਵੇਗਾ।

ਯਥਾ: ਗਰ ਦੂਰ ਹੋ ਨ ਬਦ ਅਮਲੀ ਇਬਾਦਤ ਕਿਆ ਬਨਾਤੀ ਹੈ।
ਪੜਾ ਮੁਰਦਾਰ ਕੂਏ ਮੇ ਕਿਆ ਕਰੇ ਲਾਖ ਸਾਫ਼ ਪਾਣੀ ਕੋ।

ਤਥਾ: ਕਰ ਮਹਿ ਤਉ ਮਾਲਾ ਫਿਰੈ ਜੀਭ ਫਿਰੈ ਮੁੱਖ ਮਾਹਿ। ਮਨੂਆ ਤਉ ਦਹ ਦਿਸ ਫਿਰੈ ਇਹ ਤੋਂ ਸਿਮਰਨ ਨਾਹਿ।

ਭਾਵ ਹੱਥ ਮਾਲਾ ਫੇਰਦੇ ਹਨ। ਜੀਭ ਮੂੰਹ ਵਿੱਚ ਰਾਮ ਰਾਮ ਕਰੀ ਜਾਂਦੀ ਹੈ। ਪਰ ਜੇ ਮਨ ਦਸੋ ਦਿਸ਼ਾ ਵਿੱਚ ਭਟਕਦਾ ਫਿਰਦਾ ਹੈ, ਇਹ ਨਾਮ ਸਿਮਰਨ ਨਹੀਂ ਹੈ। ਇਹ ਤਾਂ ਆਪਣੇ ਆਪ ਨਾਲ ਅਤੇ ਦੁਨੀਆਂ ਨਾਲ ਧੋਖਾ ਹੈ। ਇੱਕ ਆਦਮੀ ਤੀਰਥ ਇਸ਼ਨਾਨ ਲਈ ਅਤੇ ਦੂਜਾ ਮੱਕੇ ਦੇ ਹੱਜ ਨੂੰ ਜਾਂਦਾ ਹੈ। ਇੱਕ ਯਾਤਰੀ ਨੇ ਤੀਰਥ ਇਸ਼ਨਾਨ ਤੇ ਦਾਨ ਪੁੰਨ ਕੀਤਾ ਪਰ ਮਨ 'ਚੋਂ ਮਲੀਨਤਾ ਨਹੀਂ ਗਈ ਉਸ ਦਾ ਇਸ਼ਨਾਨ ਤੇ ਯਾਤਰਾ ਬਿਅਰਥ ਹੈ। ਇਸੇ ਤਰ੍ਹਾਂ ਜੇਕਰ ਹਾਜੀ ਨੇ ਮਨ ਵਿੱਚੋਂ ਬਦੀ ਨਹੀਂ ਛੱਡੀ, ਤਾਂ ਉਸ ਦਾ ਹੱਜ ਨਿਸਫ਼ਲ ਹੈ।

ਦਿਲ ਬਦਸਤ ਆਵਰ ਕਿ ਹੱਜ ਅਕਬਰ ਅਸਤ।
ਭਾਵ ਮਨ ਨੂੰ ਵਸ ਵਿੱਚ ਕਰਨਾ ਵੱਡਾ ਹੱਜ ਹੈ।

ਭਾਵੇਂ ਉਸ ਸਮੇਂ ਰਾਮਦੇਵ ਦੀ ਉਮਰ ਤੀਹ ਬੱਤੀ ਸਾਲਾਂ ਤੋਂ ਵੱਧ ਨਹੀਂ ਸੀ, ਹਿੰਦੀ ਦਾ ਪ੍ਰਭਾਕਰ ਕੀਤਾ ਹੋਇਆ ਸੀ, ਹੋਰ ਵੀ ਗ੍ਰੰਥਾਂ ਦਾ ਚੰਗਾ ਵਿਦਵਾਨ ਸੀ, ਦਰਸ਼ਨ ਕਰ ਕੇ ਬਚਨ ਸੁਣ ਕੇ ਮਨ ਖੇੜੇ ਵਿੱਚ ਆ ਗਿਆ। ਅਸਥਾਨ ਦਾ ਦਰਸ਼ਨ ਕਰਨ ਲਈ ਸ਼ਰਧਾ ਵਧੀ। ਭਾਈ ਬਲਵੰਤ ਸਿੰਘ ਆਹਲੂਵਾਲੀਏ ਨੂੰ ਮਿਲ ਕੇ ਸਾਰੀ ਵਾਰਤਾ ਦੱਸੀ ਤੇ ਉਸ ਨੂੰ ਨਾਲ ਲਿਆ।

੧੯੫੮ ਈਸਵੀ ਦਾ ਸਤੰਬਰ ਚੜ੍ਹਿਆ, ਭਾਗਾਂ ਭਰੀ ਕਰਮਸਰ ਦੀ ਧਰਤੀ ਦਾ ਦੀਦਾਰ ਕੀਤਾ। ਮਨ ਨੂੰ ਠੰਢ ਜਾਪੀ। ਹਜ਼ੂਰ ਦਾ ਦਰਸ਼ਨ ਕਰ ਕੇ ਤਾਂ ਦੇਸ਼ ਕਾਲ ਹੀ ਵਿਸਰ ਗਿਆ। ਜਿਸ ਦਰ ਤੋਂ ਹਰ ਇੱਕ ਨੂੰ ਮਾਣ ਮਿਲਦਾ ਹੈ ਪਰ ਪ੍ਰਮਾਰਥੀ ਪਾਂਧੀ ਸਾਧੂ ਦੀ ਤਾਂ ਤਨੋ ਮਨੋ ਸੇਵਾ ਹੁੰਦੀ ਹੈ। ਇਸ ਨੂੰ ਵੀ ਬਚਨ ਬਿਲਾਸ ਕਰਨ ਉਪਰੰਤ ਪ੍ਰਸ਼ਾਦ ਛਕਾ ਕੇ ਰਿਹਾਇਸ਼ ਕਰਵਾਈ ਗਈ। ਦੀਵਾਨ ਦੀ ਸਮਾਪਤੀ ਉਪਰੰਤ ਇਸ ਨੇ ਅਸਥਾਨ ਦੇ ਨਿਯਮ ਪੁੱਛੇ। ਸ. ਬਲਵੰਤ ਸਿੰਘ ਨੇ ਦੱਸਿਆ ਕਿ ਸਥਾਨਕ ਪ੍ਰੇਮੀ ਇੱਕ ਡੇਢ ਵਜੇ ਉੱਠ ਕੇ ਇਸ਼ਨਾਨ ਕਰ ਲੈਂਦੇ ਹਨ। ਦੋ ਵਜੇ ਘੰਟੀ ਵਜਦੀ ਹੈ ਉਸ ਸਮੇਂ ਤਾਂ ਕੋਈ ਵੀ ਇਸ਼ਨਾਨ ਕੀਤੇ ਬਗ਼ੈਰ ਨਹੀਂ ਰਹਿੰਦਾ। ਸੰਤ ਜੀ ਮਹਾਰਾਜ ਵੀ ਏਹੋ ਹੀ ਫੁਰਮਾਇਆ ਕਰਦੇ ਹਨ ਕਿ:

ਸਤਿਗੁਰਾਂ ਨੇ ਸਿੱਖ ਨੂੰ ਅੰਮ੍ਰਿਤ ਵੇਲੇ ਜਾਗਣ ਦਾ ਉਪਦੇਸ਼ ਕੀਤਾ ਹੈ। ਭਾਵੇਂ ਪ੍ਰਮੇਸ਼ਰ ਦੀ ਸਿਫ਼ਤ ਸ਼ਲਾਘਾ ਤਾਂ ਹਰ ਸਮੇਂ ਹੀ ਕੀਤੀ ਜਾ ਸਕਦੀ ਹੈ। ਪਰ ਉਸ ਦਾ ਆਰੰਭ ਪ੍ਰਭਾਤ ਤੋਂ ਹੀ ਕਰਨਾ ਚਾਹੀਦਾ ਹੈ।

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥

(ਗਉੜੀ ਮਃ ੫ - ੨੫੫)

ਇਹ ਪ੍ਰਭਾਤ ਕਿਸ ਸਮੇਂ ਤੋਂ ਮੰਨੀ ਜਾਵੇ? ਤਾਂ ਇਸ ਦਾ ਇਹ ਉੱਤਰ ਹੈ: ਜਦੋਂ ਰਾਤ ਤ੍ਰੇਲ ਨਾਲ ਭਿੱਜ ਜਾਵੇ ਤੇ ਤਾਰਿਆਂ ਦੀ ਲੋ ਨਾਲ ਅੱਖਾਂ ਡੁੱਲ੍ਹ ਡੁੱਲ੍ਹ ਕਰ ਉੱਠਣ, ਉਸ ਵੇਲੇ ਰਾਮ ਦੇ ਪਿਆਰੇ ਸੰਤਾਂ ਨੂੰ ਜਾਗਣਾ ਚਾਹੀਦਾ ਹੈ।

ਭਿੰਨੀ ਰੈਨੜੀਐ ਚਾਮਕਨਿ ਤਾਰੇ ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥

(ਆਸਾ ਮਃ ੫ - ੪੫੯)

ਭਾਈ ਨੰਦ ਲਾਲ ਜੀ ਦਾ ਕਥਨ ਹੈ ਕਿ ਸੁਬ੍ਹਾ ਦਾ ਜਾਗਣਾ ਹੀ ਆਰਫ਼ ਦੀ ਜ਼ਿੰਦਗ਼ੀ ਹੈ ਅਤੇ ਮੈਂ ਅਗਾਹਾਂ ਲਈ ਸਵੇਰ ਦਾ ਸੌਣ ਹੀ ਹਰਾਮ ਕਰ ਦਿੱਤਾ ਹੈ।

ਯਥਾ: ਬਿਦਾਰੀ ਅਸਤ ਜ਼ਿੰਦਗ਼ੀ ਏ ਆਰਫ਼ੇਨ ਸ਼ੌਕ।
ਗੋਇਆ ਹਰਾਮ ਕਰਦਮ ਜਿ ਜਾਇਦਾ ਖ਼ਾਬੇ ਸੁਬਹੋ।

ਸੋ ਇਸ ਸ਼ਾਂਤ ਸਮੇਂ ਹੀ ਜਾਗ ਕੇ ਨਾਮ ਸਿਮਰਣ ਕਰਨਾ ਅਧਿਕ ਲਾਭਦਾਇਕ ਹੈ ਤੇ ਜੀਵਨ ਦੀਆਂ ਉਚਾਈਆਂ ਵੱਲ ਲੈ ਜਾਂਦਾ ਹੈ। ਉਸ ਸਮੇਂ ਹੀ ਬ੍ਰਿਛਾਂ ਤੇ ਬੈਠ ਪੰਛੀ ਮਧੁਰ ਗਾਇਨ ਆਰੰਭ ਕਰਦੇ ਹਨ। ਬੁਲਬੁਲਾਂ ਦੇ ਮਸਤ ਰਾਗ ਨੂੰ ਸੁਣ ਕੇ ਹੀ ਕਲੀਆਂ ਆਪਣੇ ਸੀਨੇ ਪਾੜ ਦੇਂਦੀਆਂ ਹਨ ਤੇ ਸੁਬ੍ਹਾ ਦੀ ਪਉਣ ਖ਼ੁਸ਼ਬੂਆਂ ਦੇ ਬੁਕ ਭਰ ਭਰ ਚੌਤਰਫੀ ਲੁਟਾ ਦੇਂਦੀ ਹੈ। ਜਿਸ ਦੀਆਂ ਮਹਿਕਾਂ ਤੋਂ ਮਸਤ ਹੋਇਆ ਜ਼ੱਰਰਾ ਜ਼ੱਰਰਾ ਸਿਮਰਨ ਕਰਦਾ ਪ੍ਰਤੀਤ ਹੁੰਦਾ ਹੈ।

ਉਸ਼ੇਰ ਦਾ ਤਾਰਾ ਚੜ੍ਹਿਆ ਜਾਂ ਅੰਬਰ ਤੇ ਲਾਲੀ ਫੁੱਟੀ ਏ।
ਜਾਂ ਨੀਂਦਰ ਆਲਸ ਸੁਸਤੀ ਦੀ ਜਗ ਛਾਈ ਜਾਲੀ ਟੁੱਟੀ ਏ।
ਕੋਇਲ ਨੇ ਕੂ ਕੂ ਲਾਈ ਏ ਬੁਲਬੁਲ ਮਿਠੀ ਬੈਣੀ ਜੁੱਟੀ ਏ।
ਬਸ ਨਗਮਾ ਇਹੀ ਅਲਾਪਣ ਨੂੰ ਚਿੜੀਆਂ ਕਾਵਾਂ ਚੁੰਝ ਪੁੱਟੀ ਏ।
ਬੁਲਬੁਲ ਨੇ ਮਸਤੀ ਵਿੱਚ ਆ ਕੇ ਕੋਈ ਗੀਤ ਅਜੇਹਾ ਗਾਇਆ ਏ।
ਗੁੰਚੇ ਨੇ ਸੁਣਦੇ ਸਾਰ ਜੀਹਦੇ ਸੀਨਾ ਹੀ ਚੁਕ ਪੜ੍ਹਾਇਆ ਏ।
ਬੁੱਲਿਆਂ ਨੇ ਭਰ ਭਰ ਬੁਕ ਜਿੱਥੋਂ ਖ਼ੁਸ਼ਬੋ ਦਾ ਧਨ ਲੁਟਾਵਇਆ ਏ।
ਮਹਿਕਾਂ ਦੇ ਸੰਗ ਮਸਤਾਨੇ ਹੋ ਕੇ ਤ੍ਰਿਣ ਨੇ ਆਖ ਸੁਣਾਇਆ ਏ।
ਕਰਤਾਰ ਤੂੰ ਹੀ ਕਰਤਾਰ ਤੂੰ ਹੀ ਸ੍ਰਿਸਟੀ ਦਾ ਸਿਰਜਨਹਾਰ ਤੂੰ ਹੀ।

ਪ੍ਰਭਾਤ ਸਮੇਂ ਸੂਰਜ ਦੇ ਉਦੇ ਹੋਣ ਦੇ ਨਾਲ ਨਾਲ ਹੀ ਸਮਸਤ ਜਗਤ ਜੀਵਨ ਉਤਸ਼ਾਹ ਨਾਲ ਜਾਗ ਉੱਠਦਾ ਹੈ। ਕਲੀਆਂ ਵਿੱਚ ਖੇੜੇ, ਫ਼ਲਾਂ ਵਿੱਚ ਰਸ, ਹਵਾ ਵਿੱਚ ਹਰਕਤ, ਪੰਛੀਆਂ ਦੀਆਂ ਰਾਗਨੀਆਂ ਛਿੜ ਪੈਂਦੀਆਂ ਹਨ। ਅਜੇਹੇ ਸੁਹਾਵਣੇ ਸਮੇਂ ਸੁਰਤਵਾਨ ਸ੍ਰੇਸਟ ਮਨੁੱਖਾਂ ਦਾ ਚਾਉ ਵਿੱਚ ਆਉਣਾ ਸੁਭਾਵਕ ਗੱਲ ਹੈ।

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ (ਵਾਰ-ਮਾਝ ਮਃ ੨ - ੧੪੬)

ਇਹ ਬਚਨ ਸੁਣ ਕੇ ਉਸ ਨੇ ਕਿਹਾ, "ਚੰਗਾ ਬਲਵੰਤ ਸਿੰਘ! ਜੇਕਰ ਮੈਨੂੰ ਜਾਗ ਨਾ ਆਈ, ਤਾਂ ਤੁਸੀਂ ਆ ਕੇ ਜਗਾ ਦੇਣਾ।" ਉਸ ਨੇ ਕਿਹਾ, "ਸਤ ਬਚਨ।" ਪਰ ਜਦੋਂ ਉਹ ਦੋ ਵਜੇ ਜਗੌਣ ਵਾਸਤੇ ਆਏ ਤਾਂ ਇਨ੍ਹਾਂ ਦੇ ਜਾਣ ਤੋਂ ਪਹਿਲਾਂ ਸੰਤ ਜੀ ਇਸ਼ਨਾਨ ਕਰੀ ਬੈਠੇ ਸਨ। ਇਸ ਨੇ ਕਿਹਾ, "ਮਹਾਰਾਜ! ਆਪ ਤਾਂ ਪਹਿਲਾਂ ਹੀ ਉੱਠ ਬੈਠੋ ਹੋ।" ਤਾਂ ਅੱਗੋਂ ਉਨ੍ਹਾਂ ਨੇ ਕਿਹਾ, "ਮੈਂ ਘੂਕ ਨੀਂਦ ਸੁੱਤਾ ਪਿਆ ਸਾਂ। ਪਰ ਡੇਢ ਬਜੇ ਦੇ ਕਰੀਬ ਅਚਾਨਕ ਬੂਹਾ ਖੜਕਿਆ ਅਤੇ ਅਵਾਜ਼ ਆਈ ਸੰਤੋ! ਜਾਗੋ, ਇਸ਼ਨਾਨ ਦਾ ਸਮਾਂ ਹੋ ਗਿਆ। ਮੇਰੀ ਜਾਣੀ ਪਛਾਣੀ ਉਹ ਅਵਾਜ਼ ਸੰਤ ਜੀ ਮਹਾਰਾਜ ਦੀ ਹੀ ਸੀ। ਮੈਂ ਉਬੜਵਾਹੇ ਉੱਠਿਆ ਦੌੜ ਕੇ ਅੰਦਰੋਂ ਵਜੀ ਬੂਹੇ ਦੀ ਕੁੰਡੀ ਖੋਲ੍ਹੀ ਪਰ ਬਾਹਰ ਤਾਂ ਕੁੱਝ ਵੀ ਨਹੀਂ ਸੀ। ਮੈਂ ਬਥੇਰਾ ਏਧਰ ਉੱਧਰ ਗਿਆ ਪਰ ਕੁੱਝ ਨਾ ਪਤਾ ਲੱਗਾ।" ਜਦੋਂ ਦਿਨ ਚੜ੍ਹਿਆ ਤਾਂ ਹਜ਼ੂਰ ਦੇ ਪਾਸ ਵੀ ਇਸ ਸੰਤ ਨੇ ਬੇਨਤੀ ਕੀਤੀ, "ਮਹਾਰਾਜ! ਆਪ ਮੈਨੂੰ ਜਗੌਣ ਵਾਸਤੇ ਗਏ ਸੀ ਪਰ ਛੇਤੀ ਹੀ ਵਾਪਸ ਮੁੜ ਆਏ।" ਹਜ਼ੂਰ ਕਹਿਣ ਲੱਗੇ, "ਸੰਤ ਜੀ! ਆਪਣੇ ਪਿਆਰਿਆਂ ਦੇ ਭਜਨ ਦਾ ਸਮਾਂ ਜਾਣ ਕੇ ਪ੍ਰਮੇਸ਼ਰ ਦੀ ਅਗੰਮੀ ਅਵਾਜ਼ ਆਉਂਦੀ ਹੈ ਕਿ ਸੰਤੋ! ਉੱਠੋ ਸਮਾਂ ਹੋ ਗਿਆ ਇਸ਼ਨਾਨ ਕਰੋ।" ਇਹ ਦੋਬਾਰਾ ਬਚਨ ਸੁਣ ਕੇ ਸੰਤ ਜੀ ਨੇ 'ਸਤ ਬਚਨ' ਆਖੇ ਫੇਰ ਨਹੀਂ ਬੋਲਿਆ ਅਤੇ ਮਨ ਵਿੱਚ ਨਿਸਚਾ ਹੋ ਗਿਆ ਕਿ ਸੰਤ ਮਹਾਰਾਜ ਆਪ ਨਹੀਂ ਗਏ। ਜੇ ਜਾਂਦੇ ਤਾਂ ਜ਼ਰੂਰ ਦਸ ਦਿੰਦੇ। ਇਨ੍ਹਾਂ ਦੀ ਅਗੰਮੀ ਸ਼ਕਤੀ ਨੇ ਗੁਪਤ ਕੰਮ ਕੀਤਾ ਹੈ। ਉਪਰੰਤ ਭਾਵਨਾ ਨਾਲ ਨਮਸ਼ਕਾਰ ਕਰ ਆਗਿਆ ਮੰਗੀ। ਹਜ਼ੂਰ ਨੇ ਹੋਰ ਠਹਿਰਣ ਵਾਸਤੇ ਆਖਿਆ ਪਰ ਇਨ੍ਹਾਂ ਦਾ ਵਾਪਸ ਜਾਣ ਦਾ ਹੀ ਖ਼ਿਆਲ ਸੀ। ਪ੍ਰਸ਼ਾਦ ਤੇ ਸਿਰੋਪਾਓ ਦੇ ਕੇ ਖ਼ੁਸ਼ੀਆਂ ਬਖ਼ਸ਼ੀਆਂ।

ਅਤਰ ਸਿੰਘ ਗੁਰਮੁਖ ਸਿੰਘ

ਇਨ੍ਹਾਂ ਤੇ ਗ਼ਰੀਬੀ ਇਤਨੀ ਸੀ ਕਿ ਇੱਕ ਵਾਰੀ ਕਾਰੋਬਾਰ ਦੀ ਬੱਚਤ ਤੇ ਬੱਤੀ ਰੁਪੈ ਇਨਕਮ ਟੈਕਸ ਦੇ ਲੱਗ ਗਏ। ਉਨ੍ਹਾਂ ਨੂੰ ਵੀ ਦੇਣ ਤੀ ਤਾਕਤ ਨਹੀਂ ਸੀ। ਗ਼ਰੀਬ ਨਿਵਾਜ਼ ਦੇ ਪਾਸ ਅਰਜ਼ ਕਰੀ, "ਮਹਾਰਾਜ! ਪੈਸਾ ਕਿਤੋਂ ਮਿਲਦਾ ਨਹੀਂ। ਸਾਲ ਦੇ ਬੱਤੀ ਰੁਪਏ ਇਨਕਮ ਟੈਕਸ ਲੱਗ ਗਿਆ ਹੈ ਕਿਵੇਂ ਕਰਾਂ? ਹੁਣ ਤਾਂ ਆਪ ਹੀ ਕ੍ਰਿਪਾ ਕਰ ਕੇ ਕੋਈ ਤਰੀਕਾ ਦੱਸੋ।" ਮਹਾਰਾਜ ਜੀ ਇਸ ਦੀ ਬੇਨਤੀ ਸੁਣ ਕੇ ਬੜੇ ਹੱਸੇ ਅਤੇ ਸਹਿਜੇ ਬਚਨ ਕੀਤਾ ਹੁਣੇ ਹੀ ਡਰ ਗਿਆਂ? ਅਜੇ ਤਾਂ ਉਹ ਸਮਾਂ ਆਉਣਾ ਹੈ ਜਦੋਂ ਸਾਲ ਦਾ ਬੱਤੀ ਹਜ਼ਾਰ ਇਨਕਮ ਟੈਕਸ ਲੱਗਿਆ ਕਰੇਗਾ।" ਇਹ ਤਾਂ ਉਸ ਸਮੇਂ ਚੁੱਪ ਹੋ ਗਿਆ ਕਿ ਸ਼ਾਇਦ ਨਾਰਾਜ਼ਗੀ ਦਾ ਬਚਨ ਹੀ ਕਹਿ ਦਿੱਤਾ ਪਰ ਸੀ ਇਹ ਤ੍ਰੁੱਠ ਕੇ ਬਖ਼ਸ਼ਿਸ਼ ਦਾ ਬਚਨ। ਹੁਣ ਇਤਨਾ ਕਾਰੋਬਾਰ ਵਧਿਆ ਹੈ ਕਿ ਸਾਲ ਦਾ ਬੱਤੀ ਹਜ਼ਾਰ ਹੀ ਇਨਕਮ ਟੈਕਸ ਦੇ ਚੁੱਕੇ ਹਨ। ਫੇਰ ਦਾਤੇ ਦੇ ਪਾਸ ਅਰਜ਼ ਕਰਨ ਤੋਂ ਇਸ ਦੇ ਲੜਕੇ ਸ. ਸੇਵਾ ਸਿੰਘ ਦੇ ਘਰ ਚਾਰ ਲੜਕੀਆਂ ਤੋਂ ਬਾਅਦ ਲੜਕੇ ਦਾ ਜਨਮ ਹੋਇਆ। ਹਜ਼ੂਰ ਨੇ ਉਸ ਦਾ ਨਾਮ ਇੰਦਰਜੀਤ ਸਿੰਘ ਰੱਖਿਆ। ਜਥੇ ਸਮੇਤ ਦੋ ਵੇਰਾਂ ਵੱਡੇ ਮਹਾਂਪੁਰਸ਼ਾਂ ਨੇ ਤੇ ਇੱਕ ਵਾਰ ਛੋਟੇ ਸੰਤ ਜੀ ਨੇ ਇਸ ਦੇ ਗ੍ਰਹਿ ਚਰਨ ਪਾਏ।

ਦੋਰਾਹੇ ਮੰਡੀ ਦੇ ਪ੍ਰੇਮੀ

ਸੰਤ ਜੀ ਮਹਾਰਾਜ ਦੇ ਦੀਵਾਨਾਂ ਸਮੇਂ ਸੇਵਾ 'ਚ ਹਿੱਸਾ ਲੈਣ ਵਾਲੇ ਦੁਰਾਹੇ ਮੰਡੀ ਦੇ ਖ਼ਾਸ ੨ ਪ੍ਰੇਮੀ ਇਹ ਹਨ- ਡਾਕਟਰ ਈਸ਼ਰ ਸਿੰਘ, ਸ. ਹਰਭਜਨ ਸਿੰਘ ਘੁਡਾਣੀ ਵਾਲਾ, ਸ. ਹਜ਼ੂਰਾ ਸਿੰਘ, ਸ. ਹਰਭਜਨ ਸਿੰਘ, ਸ. ਨਾਹਰ ਸਿੰਘ ਮਕਸੂਦੜਾ, ਸ. ਹਜ਼ੂਰਾ ਸਿੰਘ ਪ੍ਰਦੇਸੀ, ਸ. ਹਰੀ ਸਿੰਘ ਆਰੇਵਾਲਾ ਕੱਦੋਂ, ਸ. ਜੇਠਾ ਸਿੰਘ ਅੜੈਚਾਂ, ਡਾਕਟਰ ਦਲੀਪ ਸਿੰਘ ਪੰਜਾਬ ਮੈਡੀਕਲ ਹਾਲ, ਸ. ਜੋਗਿੰਦਰ ਸਿੰਘ ਸਾਨ੍ਹੇਵਾਲ, ਮਿ. ਕਾਕਾ ਸਿੰਘ ਇਲੈਕਟਰੀਸ਼ਨ ਘੁਡਾਣੀ, ਅਮਰ ਸਿੰਘ ਪ੍ਰਦੇਸੀ। ਇਨ੍ਹਾਂ ਹੀ ਪ੍ਰੇਮੀਆਂ ਨੇ ਦੋਰਾਹੇ ਦੇ ਦੀਵਾਨਾਂ ਦਾ ਪ੍ਰੋਗਰਾਮ ਬਣਾਇਆ। ਕਰਮਸਰ ਵੀ ਹਰੇਕ ਜੋੜ ਮੇਲੇ ਤੇ ਘੁਡਾਣੀ ਵਾਲੇ ਪ੍ਰੇਮੀ ਤੇ ਮਕਸੂਦੜੇ ਵਾਲੇ ਗੁਰਮੁਖ ਜੋੜੇ ਤੇ ਸਾਈਕਲਾਂ ਦੀ ਸੇਵਾ ਕਰਦੇ ਹਨ। ਕਨੇਚ ਦੀ ਖੂਹੀ ਅਤਰਸਰ ਵੀ ਪੂਰਨਮਾਸ਼ੀ ਦੇ ਦੀਵਾਨ ਦਾ ਸਾਰਾ ਪ੍ਰਬੰਧ ਸੰਭਾਲਦੇ ਹਨ। ਅੱਜ ਕੱਲ੍ਹ ਐਤਵਾਰ ਨੂੰ ਜੋੜੇ ਸਾਈਕਲਾਂ ਨੂੰ ਸੰਭਾਲਣ ਦੀ ਡਿਊਟੀ ਦਿੰਦੇ ਹਨ।

ਇਸੇ ਤਰ੍ਹਾਂ ਅਹਿਮਦਗੜ੍ਹ ਮੰਡੀ ਦੇ ਪ੍ਰੇਮੀ ਜਿਨ੍ਹਾਂ ਨੇ ਹਜ਼ੂਰ ਦੇ ਚਰਨਾਂ ਵਿੱਚ ਦੀਵਾਨਾਂ ਵਾਸਤੇ ਬੇਨਤੀ ਕਰ ਕੇ ਸਮਾਂ ਲਿਆ ਅਤੇ ਅੱਗੇ ਹੋ ਕੇ ਸੇਵਾ ਕੀਤੀ, ਉਹ ਇਸ ਪ੍ਰਕਾਰ ਹਨ: ਡਾਕਟਰ ਜਗਦੇਵ ਸਿੰਘ, ਸ. ਅਰਜਨ ਸਿੰਘ, ਸ. ਸਰਵਣ ਸਿੰਘ, ਸ. ਸੰਤੋਖ ਸਿੰਘ, ਤਿੰਨੇ ਭਰਾ ਪੋਹੀੜ ਵਾਲੇ ਟੇਲਰ ਮਾਸਟਰ, ਸ. ਜਗਮੇਲ ਸਿੰਘ, ਸ. ਹਰਦੇਵ ਸਿੰਘ ਘਲੋਟੀ ਵਾਲੇ ਬਜਾਜ, ਡਾਕਟਰ ਗੁਰਚਰਨ ਸਿੰਘ, ਸ. ਸਰੂਪ ਸਿੰਘ ਚੀਮਾ, ਸ. ਸੰਤਾ ਸਿੰਘ, ਸ. ਅਮਰ ਸਿੰਘ ਫਲੌਂਡ ਵਾਲੇ ਨਾਮਾਬੰਸੀ, ਸ. ਰਣਬੀਰ ਸਿੰਘ ਅਫਰੀਕਾ ਵਾਲੇ। ਇਸੇ ਤਰ੍ਹਾਂ ਗੋਬਿੰਦਗੜ੍ਹ ਦੀਵਾਨਾਂ ਸਮੇਂ ਖੰਨੇ ਕੋਲ ਕੌੜੀ ਪਿੰਡ ਕੇ ਪ੍ਰੇਮੀ ਲੋਟਾ ਖ਼ਾਨਦਾਨ 'ਚੋਂ ਸ. ਸਤਵੰਤ ਸਿੰਘ, ਸ. ਜਵਾਲਾ ਸਿੰਘ, ਸ. ਭਜਨ ਸਿੰਘ ਤਿੰਨੇ ਭਰਾ ਸਭ ਤੋਂ ਪਹਿਲਾਂ ੯-੧੧-੬੮ ਨੂੰ ਕਨੇਚ ਦੀ ਖੂਹੀ ਤੇ ਸੰਤ ਜੀ ਮਹਾਰਾਜ ਦੇ ਦੀਵਾਨ ਸੁਣ ਕੇ ਪ੍ਰੇਮੀ ਬਣੇ। ਅੰਮ੍ਰਿਤ ਪਾਨ ਕਰ ਮਾਸ ਸ਼ਰਾਬ ਤੋਂ ਰਹਿਤ ਹੋ ਪ੍ਰਵਾਰ ਸਮੇਤ ਹਜ਼ੂਰ ਤੋਂ ਨਾਮ ਦੀ ਦਾਤ ਪ੍ਰਾਪਤ ਕਰ, ਹੋਰ ਸੰਗਤ ਨਾਲ ਮਿਲ ਕੇ ਦਾਤੇ ਦੇ ਚਰਨਾਂ ਵਿੱਚ ਅਰਜ਼ ਕਰ ਦੀਵਾਨਾਂ ਦਾ ਸਮਾਂ ਲਿਆ।

੧੯੭੦ ਤੋਂ ੧੯੭੪ ਤੱਕ ਲਗਾਤਾਰ ਪੰਜ ਸਾਲ ਮਈ ਦੇ ਮਹੀਨੇ ਰਾਤ ਦੇ ਸਮੇਂ ਜੀ. ਟੀ. ਰੋਡ ਉੱਪਰ ਪਟਰੋਲ ਪੰਪ ਕੋਲ ਸਕੂਲ ਦੇ ਗਰਾਊਂਡ ਵਿੱਚ ਦੀਵਾਨ ਸਜਦੇ ਰਹੇ। ਬੇਅੰਤ ਪ੍ਰੇਮੀ ਸ਼ਰਧਾਲੂ ਬਣ, ਅੰਮ੍ਰਿਤ ਪਾਨ ਕਰ, ਗੁਰੂ ਕੇ ਜਹਾਜ਼ੇ ਚੜੇ।

ਇਸੇ ਸਮੇਂ ਗੋਬਿੰਦਗੜ੍ਹ ਦੇ ਪ੍ਰੇਮੀ ਦੀਵਾਨ ਸੁਣ ਕੇ ਸ਼ਰਧਾਲੂ ਬਣੇ ਜੇਹਾ ਕਿ ਸ. ਬਚਿਤ੍ਰ ਸਿੰਘ ਜੀ ਕੇ. ਪੀ. ਸੇਲਸ ਫੈਕਟਰੀ ਦੇ ਮਾਲਕ ਅਤੇ ਚਰਨਦੀਪ ਸਟੀਲ ਇੰਡਸਟਰੀ ਦੇ ਮਾਲਕ ਸ. ਜੁਗਿੰਦਰ ਸਿੰਘ ਜੀ ਪੂਰਨ ਸ਼ਰਧਾਲੂ ਹਨ।

ਬਗਲੀ ਦੇ ਦੀਵਾਨ

ਚਾਵਾ ਸਮਰਾਲਾ ਸੜਕ ਤੇ ਬਗਲੀ ਪਿੰਡ ਦੇ ਸ. ਮੇਹਰ ਸਿੰਘ, ਰੌਲਾ ਸਿੰਘ, ਜੰਗੀਰ ਸਿੰਘ ਤਿੰਨੇ ਭਰਾਵਾਂ ਨੇ ਸੰਤ ਮਹਾਰਾਜ ਜੀ ਦਾ ਕੀਰਤਨ ੧੯੫੦ ਈ. ਅਪ੍ਰੈਲ ਵਿੱਚ ਅਖੰਡ ਪਾਠ ਉਪਰੰਤ ਕਰਵਾਇਆ। ਸ. ਮੇਹਰ ਸਿੰਘ ਜੀ ਦਾ ਦਾਮਾਦ ਸ. ਨਛੱਤਰ ਸਿੰਘ ਕਰਨਾਲ ਰਹਿੰਦਾ ਸੀ। ਇਨ੍ਹਾਂ ਦੀ ਇੱਥੇ ਇੰਡੀਅਨ ਟਰਾਂਸਪੋਰਟ ਕੰਪਨੀ ਸੀ। ੧੯੬੨ ਵਿੱਚ ਦਿੱਲੀ ਨੂੰ ਜਾਂਦਿਆ ਇਨ੍ਹਾਂ ਦੇ ਗ੍ਰਹਿ ਹਜ਼ੂਰ ਨੇ ਚਰਨ ਪਾਏ ਅਤੇ ਅਖੰਡ ਪਾਠ ਉਪਰੰਤ ਤਿੰਨ ਦੀਵਾਨ ਲਾ ਕੇ ਸੰਗਤਾਂ ਨੂੰ

ਨਾਮ ਬਾਣੀ ਦੀ ਰੂਹਾਨੀ ਸੂਝ ਕਰਾਈ।

੧੯੬੬ ਈ. ਵਿੱਚ ਸ. ਨਛੱਤਰ ਸਿੰਘ ਦੇ ਚੜ੍ਹਾਈ ਕਰਨ ਉਪਰੰਤ ਇਨ੍ਹਾਂ ਦੀ ਪਤਨੀ ਬੀਬੀ ਮਹਿੰਦਰ ਕੌਰ ੧੯੬੮ ਵਿੱਚ ਸਰਹੰਦ ਆ ਗਈ ਅਤੇ ਅਗਲੇ ਸਾਲ ੧੯੬੯ ਅਪ੍ਰੈਲ ਵਿੱਚ ਛੇ ਦੀਵਾਨ ਸੰਤ ਜੀ ਦੇ ਲਗਵਾ ਕੇ ਦੂਰ ਦੂਰ ਦੀਆਂ ਸੰਗਤਾਂ ਨੇ ਸੰਤ ਮਹਾਰਾਜ ਜੀ ਦੇ ਅੰਮ੍ਰਿਤ ਬਚਨ ਸਰਵਣ ਕਰ ਕੇ ਜੀਵਨ ਸੇਧ ਪ੍ਰਾਪਤ ਕੀਤੀ।

੧੯੭੧ ਵਿੱਚ ਸ. ਮੇਹਰ ਸਿੰਘ ਦੇ ਪ੍ਰਵਾਰ ਦੀ ਬੇਨਤੀ ਪ੍ਰਵਾਨ ਕਰਦਿਆਂ ਪੰਜ ਦਿਨ ਬਗਲੀ ਨਗਰ ਕੀਰਤਨ ਵਖ਼ਿਆਨ ਕੀਤਾ। ਸ. ਰੌਲਾ ਸਿੰਘ ਬਗਲੀ ਦੇ ਵੱਡੇ ਲੜਕੇ ਪ੍ਰੇਮ ਸਿੰਘ ਦੀ ਬੇਨਤੀ ਪਰਵਾਨ ਕਰ ਕੇ ਪੁੱਤਰ ਦੀ ਦਾਤ ਭੀ ਬਖ਼ਸ਼ੀ ਅਤੇ ਕਾਕੇ ਦਾ ਨਾਮ ਆਪ ਜੀ ਨੇ ਦਲਵੀਰ ਸਿੰਘ ਰੱਖਿਆ। ਉਨ੍ਹਾਂ ਦਾ ਪ੍ਰੇਮ ਵੇਖ ਕੇ ਉਪਦੇਸ਼ ਦਿੱਤਾ।

ਪ੍ਰੇਮ

ਇਹ ਪ੍ਰੇਮ ਹੀ ਅਸਲੀ ਜੀਵਨ ਦਾ ਰਾਜ ਹੈ। ਪ੍ਰਾਣਾਂ ਦੀ ਜੋਤੀ ਇਸ ਦੇ ਆਸਰੇ ਹੀ ਪ੍ਰਜ੍ਵੱਲਤ ਹੁੰਦੀ ਹੈ। ਇਹ ਕਈਆਂ ਦੇ ਅੰਦਰ ਉਤਸ਼ਾਹ ਬਣ ਕੇ ਖਿੜਦਾ, ਸੰਗੀਤ ਬਣ ਕੇ ਸੁਆਦ ਤੇ ਪੀੜਾ ਬਣ ਕੇ ਕਸਕਾਂ ਦੇਂਦਾ ਹੈ। ਅਥਰੂ ਬਣ ਤੁਰਦਾ ਤੇ ਗੀਤ ਬਣ ਬੰਸਰੀਆਂ ਸਾਰੰਗੀਆਂ ਤੇ ਸਰਿੰਦਿਆਂ ਦੇ ਰਾਹੀਂ ਗਾਇਆ ਜਾਂਦਾ ਹੈ। ਇਸ ਦਾ ਸਰੂਰ ਸਾਰੇ ਸਰੂਰਾਂ ਤੋਂ ਵਧੇਰੇ ਰਸੀਲਾ ਹੈ। ਇਸ ਦੇ ਸੰਗੀਤ ਦੀ ਮਧੁਰਤਾ ਮਨ ਮੋਹਣੀ ਹੈ। ਇਸ ਦੇ ਨਸ਼ਈਆਂ ਨੇ ਇੱਕ ਇੱਕ ਘੁੱਟ ਤੋਂ ਬਾਦਸ਼ਾਹੀਆਂ ਵਾਰ ਦਿੱਤੀਆਂ। ਇਸ ਦੇ ਮਸਤਾਨਿਆਂ ਨੇ ਸੂਲੀਆਂ ਨੂੰ ਸੁਰਾਹੀਆਂ ਜਾਣ ਪੀਤਾ। ਸਲੀਬਾਂ ਕੰਧਿਆਂ ਤੇ ਚੁੱਕ ਟੁਰ ਪਏ। ਜੋ ਸਿਰ ਪਈ, ਸਹੀ। ਪਰ ਪਿਛਾਂਹ ਨਾ ਹਟੇ। ਇਹ ਲੁੱਕਣ ਮਚਾਈ ਕੇਹੀ ਸੋਹਣੀ ਸੀ। ਤਾਲਬ ਲੱਭਦੇ ਤੇ ਮਤਲਬੂ ਹਰ ਪਾਸਿਓਂ ਝਾਤ ਪਾ ਪਾ ਕੇ ਛੁਪ ਜਾਂਦਾ। ਪ੍ਰੇਮੀ ਆਪਣੇ ਪੰਧ ਦੀ ਥਕਾਵਟ ਨੂੰ ਮਹਿਸੂਸ ਨਹੀਂ ਕਰਦੇ। ਉਨ੍ਹਾਂ ਦੇ ਅੰਦਰ ਤਾਂ ਨਿਸ਼ਾਨੇ ਉੱਤੇ ਪੁੱਜਣ ਦੀ ਖਿੱਚ ਹੁੰਦੀ ਹੈ।

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾ ਕੀ ਨੀਂਦਰ ਉਹ ਦਿਨੇ ਰਾਤ ਪਏ ਵਹਿੰਦੇ।

ਤਥਾ: ਇੱਥੇ ਦਿਨ ਤੁਰਨ ਇੱਥੇ ਰਾਤ ਤੁਰਨ। ਇੱਥੇ ਸ਼ਾਮ ਤੁਰਨ ਪ੍ਰਭਾਤ ਤੁਰਨ।
ਨਹੀਂ ਹਟਕਣ ਅਟਕਣ ਨਾਹਿ ਮੁੜਨ। ਇੱਥੇ ਤੁਰੀ ਗਇਆ ਬਨ ਆਈਏ।

ਆਦਿ। ਇਸੇ ਬਗਲੀ ਨਗਰ ਦਾ ਸੰਤ ਹਰਨਾਮ ਸਿੰਘ ਜੋ ਸੰਤ ਬਾਬਾ ਪ੍ਰਤਾਪ ਸਿੰਘ ਨਾਮਧਾਰੀ ਭੈਣੀ ਸਾਹਿਬ ਵਾਲਿਆਂ ਦੇ ਲਿਖਾਰੀ ਸਨ, ਇਨ੍ਹਾਂ ਦਾ ਸਪੁੱਤਰ ਸ. ਮਹਿੰਦਰ ਸਿੰਘ ਜੀ ਬੀਬੀ ਪ੍ਰਕਾਸ਼ ਕੌਰ ਲੜਕਾ ਅਵਤਾਰ ਸਿੰਘ ਤੇ ਹੋਰ ਸਾਰਾ ਪ੍ਰਵਾਰ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਸ਼ਰਧਾਲੂ ਹੈ। ਸਹਾਰਨਪੁਰ ਆਪਣੇ ਟਰੱਕ ਰੱਖੇ ਸਨ ਜ਼ਮੀਨ ਵੀ ਕਾਫ਼ੀ ਹੈ।

ਮੋਹਨਪੁਰ ਪਿੰਡ ਦੇ (ਜੋ ਖੰਨੇ ਤੋਂ ੪ ਮੀਲ ਲੁਧਿਆਣੇ ਵੱਲ ਜੀ. ਟੀ. ਰੋਡ ਦੇ ਉੱਪਰ ਹੈ) ਸ. ਹਰਨਾਮ ਸਿੰਘ ਚੰਗੇ ਗੁਰਮੁਖ ਪਿਆਰੇ ਤੇ ਸੰਤ ਸੇਵੀ ਸਨ। ਇਹ ਆਪ ਅਤੇ ਇਨ੍ਹਾਂ ਦਾ ਲੜਕਾ ਸ. ਪਰੇਮ ਸਿੰਘ ਕਿਲ੍ਹਾ ਰਾਇਪੁਰ ਵਾਲੇ ਸੰਤ ਦੇਵੀ ਪੁਰੀ ਜੀ ਦੇ ਸਤਿਸੰਗੀ ਸਨ। ਸ. ਪਰੇਮ ਸਿੰਘ ਦੇ ਘਰੋਂ ਬੀਬੀ ਤੇਜ ਕੌਰ ਕਿਲ੍ਹਾ ਰਾਇਪੁਰ ਵਾਲੇ ਸ. ਗੱਜਣ ਸਿੰਘ ਦੀ ਲੜਕੀ ਹੈ, ਜੋ ਸੰਤ ਦੇਵੀ ਪੁਰੀ ਜੀ ਦੇ ਅਨਿੰਨ ਸੇਵਕ ਸਨ। ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਵੀ ਕਈ ਵਾਰ ਉਨ੍ਹਾਂ ਮਹਾਤਮਾ ਦੇ ਅਸਥਾਨ ਤੇ ਕਿਲ੍ਹਾ ਰਾਇਪੁਰ ਦੇ ਦੀਵਾਨਾਂ ਸਮੇਂ ਪੁੱਜੇ। ਹਜ਼ੂਰ ਦਾ ਬੜਾ ਸਤਿਕਾਰ ਕਰਿਆ ਕਰਦੇ। ਓਸ ਸਮੇਂ ਬੀਬੀ ਤੇਜ ਕੌਰ ਨੇ ਦਾਤੇ ਦੇ ਦੀਦਾਰ ਵੀ ਕੀਤੇ।

ਇਸ ਦੀ ਸੰਗਤ ਨੇ ਇਨ੍ਹਾਂ ਦੇ ਅੰਦਰ ਭਾਉ ਜਗਾਇਆ। ਕਿਲ੍ਹਾ ਰਾਇਪੁਰ ਤੋਂ ਮੋਹਨਪੁਰ ਨੂੰ ਜਾਂਦਿਆਂ ਤੇ ਆਉਂਦਿਆਂ ਰਾੜੇ ਦੀ ਪਹਿਲੀ ਢੱਕੀ ਵਿੱਚ ਹਜ਼ੂਰ ਦਾ ਦਰਸ਼ਨ ਕਰਨਾ ਫੇਰ ਸਮਾਂ ਪਾ ਕੇ ਰਾਤ ਦੇ ਦੀਵਾਨਾਂ ਵਿੱਚ ਪੁੱਜਣ ਲੱਗ ਪਏ।

ਜਦੋਂ ਸੰਤ ਜੀ ਮਹਾਰਾਜ ਨੇ ਮੋਹਨਪੁਰ ਨਗਰ ਸ. ਬਖਸ਼ੀਸ਼ ਸਿੰਘ ਦੇ ਘਰ ਚਰਨ ਪਾਏ ਫੇਰ ਤਾਂ ਇਨ੍ਹਾਂ ਦੇ ਅੰਦਰ ਹੋਰ ਵੀ ਭਾਵਨਾ ਜਾਗ ਪਈ ਕਿ ਇਸੇ ਤਰ੍ਹਾਂ ਸਾਡੇ ਉੱਪਰ ਵੀ ਦਾਤੇ ਦੀ ਬਖ਼ਸ਼ਿਸ਼ ਹੋਵੇ।

ਕਈ ਸਾਲਾਂ ਤੋਂ ਬਾਅਦ ਹਜ਼ੂਰ ਦੇ ਚਰਨਾਂ ਵਿੱਚ ਦੀਵਾਨਾਂ ਵਾਸਤੇ ਅਰਜ਼ ਕੀਤੀ। ਪਰ ਉਦੋਂ ਸਮਾਂ ਵੰਡ ਚੁੱਕੇ ਸਨ। ਮੇਹਰਬਾਨ ਨੇ ਅਗਲੇ ਸਾਲ ਵਾਸਤੇ ਬਚਨ ਦਿਤਾ। ਦੂਸਰੇ ਸਾਲ ਆਪ ਸੁਨੇਹਾ ਭੇਜ ਕੇ ਬੁਲਾਇਆ ਅਤੇ ਦੀਵਾਨਾਂ ਦੀ ਬਖ਼ਸ਼ਿਸ਼ ਕੀਤੀ। ਸਭ ਤੋਂ ਪਹਿਲਾਂ ੧੯੬੯ ਦੀ ਜਨਵਰੀ ਵਿੱਚ ਦੀਵਾਨ ਲੱਗੇ ਬੜਾ ਇਕੱਠ ਹੋਇਆ, ਉਪਰੰਤ ਕਈ ਸਾਲ ਲੱਗਦੇ ਰਹੇ।

ਆਪ ਜੀ ਨੇ ਦੱਸਿਆ ਕਿ ਅਸਲੀ ਸੁੱਖ ਸੰਤਾਂ ਦੀ ਸੰਗਤ ਕਰਿਆਂ ਪ੍ਰਾਪਤ ਹੁੰਦਾ ਹੈ ਕਿਉਂਕਿ ਆਪ ਪਰਮ ਸੁੱਖ

ਪਰਮ ਅਨੰਦ ਨਾਲ ਸਦਾ ਜੁੜੇ ਰਹਿੰਦੇ ਹਨ ਅਤੇ ਪਾਣੀ ਦੇ ਫੁਹਾਰੇ ਵਾਂਗੂੰ ਉਨ੍ਹਾਂ ਦੇ ਬਚਨ, ਸੰਗਤ, ਦਰਸ਼ਨ ਆਨੰਦ ਦੇ ਭੰਡਾਰੇ ਸੁਤੇ ਸਿਧ ਹੀ ਸੀਤਲਤਾ ਬਖ਼ਸ਼ਦੇ ਹਨ। ਸੰਤ ਜੀਵ ਨੂੰ 'ਸੱਤ ਚਿੱਤ ਆਨੰਦ' ਨਾਲ ਜੋੜਨ ਦੀ ਸਮਰੱਥਾ ਰੱਖਦੇ ਹਨ। ਜਦੋਂ ਪ੍ਰਭੂ ਦੀ ਯਾਦ ਸਦੀਵੀ ਹੋ ਗਈ ਤਾਂ ਪਰਮ ਸੁੱਖ ਦੇਣ ਵਾਲਾ ਆਤਮ ਆਨੰਦ ਅੰਦਰੋਂ ਹੀ ਪ੍ਰਗਟ ਹੋ ਜਾਂਦਾ ਹੈ।

ਸਰਹੰਦ ਦੇ ਦੀਵਾਨ

ਪਹਿਲੇ ਸਾਲ ੧੯੬੯ ਈ. ਵਿੱਚ ਬੀਬੀ ਮਹਿੰਦਰ ਕੌਰ ਨੇ ਸ਼ਾਹਾਂ ਦੇ ਸਿਰਤਾਜ ਦੇ ਪਾਵਨ ਚਰਨਾਂ ਵਿੱਚ ਦੀਵਾਨਾਂ ਵਾਸਤੇ ਅਰਜ਼ ਕੀਤੀ ਜੋ ਦਾਤੇ ਨੇ ਮਨਜ਼ੂਰ ਕਰ ਕੇ ਸਮਾਂ ਬਖ਼ਸ਼ ਦਿੱਤਾ। ਫੇਰ ਉਸ ਤੋਂ ਅਗਲੇ ਸਾਲ ਦੇ ਦੀਵਾਨਾਂ ਵਾਸਤੇ ਮੇਹਰਵਾਨ ਨੂੰ ਬੇਨਤੀ ਕਰ ਕੇ ਸ. ਤੇਜਾ ਸਿੰਘ ਜੀ ਲਿਬੜਾ ਨੇ (ਜਿਸ ਦੀ ਰਿਹਾਇਸ਼ ਸਰਹੰਦ ਹੀ ਹੈ) ਸਮਾਂ ਲੈ ਕੇ ਸਾਰਾ ਪ੍ਰਬੰਧ ਤੇ ਸੇਵਾ ਸੰਭਾਲ ਆਪ ਕਰੀ। ਪਹਿਲੀ ਵਾਰ ਵਾਂਗ ਹੀ ਲੰਗਰ ਚਲਾਇਆ। ਸੰਗਤ ਵਾਸਤੇ ਗੱਡੀਆਂ ਭੇਜੀਆਂ। ਹੁਣ ਤਾਂ ਇਨ੍ਹਾਂ ਦਾ ਆਪਣਾ ਹੀ ਸਾਰਾ ਪ੍ਰੋਗਰਾਮ ਸੀ। ਲੰਗਰ, ਪੰਡਾਲ ਤੇ ਬੱਸਾਂ, ਟਰੱਕਾਂ ਦਾ ਸੰਗਤ ਦੀ ਆਵਾਜਾਈ ਵਾਸਤੇ ਪੂਰਾ ਇੰਤਜਾਮ ਸੀ। ਬੜੇ ਉਤਸ਼ਾਹ ਨਾਲ ਸਾਰੇ ਦਿਨ ਵੱਧ ਚੜ੍ਹ ਕੇ ਸੇਵਾ ਕੀਤੀ। ਰੋਜ਼ ਹੀ ਕੋਠੀ ਵਿੱਚ ਦਾਤੇ ਦੇ ਚਰਨ ਪੈਂਦੇ। ਆਖਰੀ ਦਿਨ ਸਵੇਰੇ ਅੰਮ੍ਰਿਤ ਪ੍ਰਚਾਰ ਹੋਇਆ। ਸ਼ਾਮ ਨੂੰ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਅਤੇ ਛੋਟੇ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਦਰਸ਼ਨ ਬਖ਼ਸ਼ੇ ਹੋਰ ਵੀ ਨਾਮਵਰ ਹਸਤੀਆਂ ਪੁੱਜੀਆਂ। ਹਜ਼ੂਰ ਪਾਸੋਂ ਭਜਨ ਸਿਮਰਨ ਦਾ ਤਰੀਕਾ ਪੁੱਛਿਆ। ਸਾਰਾ ਪ੍ਰਵਾਰ ਬੜਾ ਪ੍ਰੇਮੀ ਬਣ ਗਿਆ। ਸੰਤ ਜੀ ਮਹਾਰਾਜ ਨੇ ਦੀਵਾਨਾਂ ਸਮੇਂ ਇਹ ਉਪਦੇਸ਼ ਦਿੱਤਾ।

ਵਿਕਾਰਾਂ ਤੋਂ ਸਦਾ ਬਚ ਕੇ ਰਹੋ

ਮਾਇਆ ਨੇ ਮਨੁੱਖ ਵਿੱਚੋਂ ਜੀਵਨ ਸ਼ਕਤੀ ਹਰਨ ਵਾਸਤੇ ਆਪਣੇ ਪੰਜ ਮਹਾਂ ਬਲੀ ਦੂਤ ਛੱਡੇ ਹੋਏ ਹਨ ਜੋ ਰਾਤ ਦਿਨ ਇਸ ਦਾ ਆਤਮ ਧਨ ਲੁੱਟ ਰਹੇ ਹਨ।

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥ (ਸੋਰਠਿ ਮਃ ੩ - ੬੦੦)

ਇਨ੍ਹਾਂ ਪੰਜ ਬਲੀਆਂ ਵਿੱਚੋਂ ਮਹਾਂ ਬਲੀ ਕਾਮ ਨੂੰ ਬਿਆਨ ਕੀਤਾ ਹੈ:

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥
ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਣਹ ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥
ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥੪੬॥ (ਸਹਸਕ੍ਰਿਤੀ ਮਃ ੫ - ੧੩੫੮)

ਇਸ ਦੀਆਂ ਚੋਟਾਂ ਇਤਨੀਆਂ ਸਖ਼ਤ ਤੇ ਬਾਣ ਅਜਿਹੇ ਤਿਖੇ ਹਨ; ਜੋ ਬੜੇ ਬੜੇ ਤਪੀਆਂ ਦੇ ਤਪ, ਹਠੀਆਂ ਦੇ ਹਠ ਤੇ ਜੋਗੀਆਂ ਦੀਆਂ ਸਮਾਧੀਆਂ ਇਸ ਦੇ ਅੱਗੇ ਡੋਲ ਜਾਂਦੀਆਂ ਹਨ। ਮਨੁੱਖ ਤੋਂ ਲੈ ਕੇ ਦੇਵਤਾ ਤੱਕ ਇਸ ਕੋਲੋਂ ਕੰਬ ਰਹੇ ਹਨ।

ਬ੍ਰਹਮਾ ਵਡਾ ਅਖਾਇਦਾ ਨਾਭਿ ਕਵਲ ਦੀ ਨਾਲਿ ਸਮਾਣਾ।
ਆਵਾ ਗਵਣੁ ਅਨੇਕ ਜੁਗ ਓੜਕ ਵਿਚਿ ਹੋਆ ਹੈਰਾਣਾ।
ਓੜਕੁ ਕੀਤੋਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ।
ਚਾਰੇ ਬੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।
ਲੋਕਾਂ ਨੋ ਸਮਝਾਇਦਾ ਦੇਖਿ ਸੁਰਸਤੀ ਰੂਪ ਲੋਭਾਣਾ।
ਚਾਰੇ ਬੇਦ ਗਵਾਇ ਕੈ ਗਰਬੁ ਗਰੂਰੀ ਕਰਿ ਪਛੁਤਾਣਾ।
ਅਕਥ ਕਥਾ ਨੇਤ ਨੇਤ ਵਖਾਣਾ ॥੭॥ (ਭਾ. ਗੁਰਦਾਸ ਜੀ: ਵਾਰ ੧੨ ਪਉੜੀ ੭)

ਇੰਦਰ ਤੇ ਰਾਵਣ ਆਦਿ ਮਹਾਨ ਤੇਜੱਸਵੀ ਰਾਜਿਆਂ ਦੀਆਂ ਇਸ ਦੇ ਹੱਥੋਂ ਬਰਬਾਦੀਆਂ ਤੇ ਬੇਪਤੀਆਂ ਦਾ ਕਥਨ ਸਨਾਤਨ ਧਰਮ ਦੀਆਂ ਪੁਰਾਤਨ ਪੁਸਤਕਾਂ ਵਿੱਚ ਕੀਤਾ ਗਿਆ ਹੈ। ਇਸ ਤੋਂ ਹੁਸ਼ਿਆਰ ਤੇ ਜਾਣੂ ਕਰਾਉਣ ਵਾਸਤੇ ਅਚਾਰਯ ਲੋਕ ਦਿਨ ਰਾਤ ਧਰਮ ਮੰਦਰਾਂ ਵਿੱਚ ਉਪਦੇਸ਼ ਦੇ ਪ੍ਰਚਾਰ ਕਰਦੇ ਰਹਿੰਦੇ ਹਨ, ਪਰ ਕਾਮ ਅਜਿਹਾ ਬਲੀ ਤੇ ਚਾਲਾਕ ਹੈ ਜੋ ਆਪਣੇ ਵਿਰੁੱਧ ਪ੍ਰਚਾਰ ਕਰਨ ਵਾਲਿਆਂ ਤੇ ਵੀ ਆਪਣਾ ਚੱਕਰ ਚਲਾ ਦਿੰਦਾ ਹੈ ਤੇ ਉਹ ਜਬਾਨੀ ਤਾਂ ਇਸ ਦੇ ਵਿਰੁੱਧ ਕਥਨ ਕਰਦੇ ਹਨ, ਪਰ ਅੰਦਰੋਂ ਉਸ ਦਾ ਸਿੱਕਾ ਮੰਨ ਬੈਠੇ ਹਨ।

ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥

(ਸੋਰਠਿ ਭਗਤ ਕਬੀਰ ਜੀ - ੬੫੪)

ਪਰ ਇਸ ਤੋਂ ਬਚਣ ਦਾ ਇੱਕੋ ਇੱਕ ਸ਼੍ਰੇਸ਼ਟ ਸਾਧਨ ਹੈ, ਸਤਿਪੁਰਸ਼ਾਂ ਦੀ ਸੰਗਤ ਅਤੇ ਗੁਰੂ ਦੀ ਸ਼ਰਨ। ਸਤਿਗੁਰਾਂ ਨੇ ਕਾਮ ਨੂੰ ਕੇਸਾਂ ਤੋਂ ਪਕੜ ਪਛਾੜ ਕੇ ਪਿੱਛੇ ਸੁੱਟ ਦਿੱਤਾ।

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਹਉ ॥ (ਸਵਈਏ ਮਹਲੇ ਚਉਥੇ ਕੇ ਸਲੋ - ੧੪੦੬)

ਇਤਿਹਾਸ ਵਿੱਚ ਰਾਜਾ ਸ਼ਿਵਨਾਭ ਵੱਲੋਂ ਪਹਿਲੀ ਪਾਤਸ਼ਾਹੀ ਵੱਲ ਭੇਜੀਆਂ ਕਾਮ ਕੰਦਲਾਂ ਦਾ ਹਾਲ, ਛੇਵੇਂ ਪਾਤਸ਼ਾਹ ਜੀ ਕੋਲ ਜਹਾਂਗੀਰ ਦੀਆਂ ਬੇਗਮਾਂ ਦਾ ਆ ਕੇ ਸ਼ਰਧਾਲੂ ਹੋਣਾ ਤੇ ਦਸਮ ਪਾਤਸ਼ਾਹ ਜੀ ਦੇ ਵੇਲੇ ਰੂਪ ਕੌਰ ਦੀ ਕਥਾ ਇਸ ਗੱਲ ਦੀ ਸਾਖੀ ਹਨ। ਗੁਰੂ ਕੇ ਸਿੱਖ ਵੀ ਜੋ ਗੁਰੂ ਕੀ ਚਾਲ ਤੇ ਚਲਦੇ ਹਨ:

ਗੁਰਸਿਖ ਮੀਤ ਚਲਹੁ ਗੁਰ ਚਾਲੀ ॥ (ਧਨਾਸਰੀ ਮਃ ੪ - ੬੬੭)

ਉਨ੍ਹਾਂ ਉੱਪਰ ਵੀ ਸੰਸਾਰਕ ਰੂਪ ਦਾ ਬਲ ਨਹੀਂ ਪੈਂਦਾ ਕਿਉਂਕਿ ਉਨ੍ਹਾਂ ਨੇ ਸੁਰਤ ਨੂੰ ਪ੍ਰਮੇਸ਼ਰ ਦੀ ਸੁੰਦਰਤਾ ਵੱਲ ਜੋੜਿਆ ਹੈ, ਆਦਿ।

ਜਦੋਂ ਸੰਤ ਜੀ ਮਹਾਰਾਜ ਨੇ ੧੯੭੨ ਈ. ਨੂੰ ਸਰਹੰਦ ਦੀਵਾਨ ਬਖ਼ਸ਼ੇ ਤਾਂ ੧੪ ਮਈ ਜੇਠ ਦੀ ਸੰਗਰਾਂਦ ਦਾ ਪਹਿਲਾ ਦੀਵਾਨ ਸੀ। ਉਸ ਦਿਨ ਦਾਤੇ ਦੀ ਕ੍ਰਿਪਾ ਨਾਲ ਸ. ਕਿਰਪਾਲ ਸਿੰਘ ਦੇ ਘਰ ੧੪ ਮਈ ਨੂੰ ਲੜਕੇ ਦਾ ਜਨਮ ਹੋਇਆ। ਹਜ਼ੂਰ ਨੇ ਇਸਦਾ ਨਾਮ ਆਪਣੀ ਪਾਵਨ ਰਸਨਾ ਤੋਂ ਅਮਰ ਇੰਦਰ ਸਿੰਘ ਰੱਖਿਆ। ਇਸੇ ਤਰ੍ਹਾਂ ਮਿਸਤ੍ਰੀ ਸੇਵਾ ਸਿੰਘ 'ਭਵਰਾ' ਵੀ ਹਜ਼ੂਰ ਦੇ ਚਰਨਾਂ ਦਾ ਪਰਮ ਪ੍ਰੀਤਵਾਨ ਗੁਰਮੁਖ ਪਿਆਰਾ ਹੈ। ਇਹ ੧੯੩੪ 'ਚ ਖੰਨੇ ਆ ਗਏ। ਜੀ. ਟੀ. ਰੋਡ ਉੱਪਰ ਹੀ 'ਭਵਰਾ ਟਿੰਬਰ ਮਾਰਟ' ਕਾਰਖਾਨਾ ਹੈ। ਦੀਵਾਨਾਂ ਵਾਸਤੇ ਵੀ ਅਰਜ਼ ਕੀਤੀ ਜੋ ਦਾਤੇ ਨੇ ਪ੍ਰਵਾਨ ਕਰ ਲਈ। ਪਹਿਲਾਂ ੧੯੭੦ ਦੀ ਅਪ੍ਰੈਲ ਰਾਤ ਦੇ ਸਮੇਂ ਗੁਰੂ ਗੋਬਿੰਦ ਸਿੰਘ ਖਾਲਸਾ ਹਾਇਰ ਸੈਕੰਡਰੀ ਦੇ ਗਰਾਊਂਡ ਵਿੱਚ ਲੱਗੇ। ਸੇਵਾ ਸਾਰੀ ਇਨ੍ਹਾਂ ਵੱਲੋਂ ਹੀ ਹੋਈ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਕੀਤਾ। ਫੇਰ ਅਗਲੇ ਸਾਲ ੧੯੭੧ ਦੇ ਨਵੰਬਰ ਵਿੱਚ ਦਿਨ ਦਾ ਸਮਾਂ ਬਖ਼ਸ਼ ਦਿੱਤਾ। ਏਸ ਸਮੇਂ 'ਏ. ਐਸ. ਖਾਲਸਾ ਹਾਈ ਸਕੂਲ, ਮਲੇਰਕੋਟਲਾ ਰੋਡ' ਦੀ ਗਰਾਊਂਡ ਵਿੱਚ ਕੀਰਤਨ ਹੋਇਆ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਵੀ ਕੀਤਾ।

ਲਿਬੜਾ ਹਾਊਸ ਖੰਨਾ

ਖੰਨੇ ਤੋਂ ਦੋਰਾਹੇ ਵੱਲ ਤਿੰਨ ਕੁ ਮੀਲਾਂ ਦੇ ਫਾਸਲੇ ਤੇ ਲਿਬੜਾ ਨਾਮ ਦਾ ਨਗਰ ਹੈ ਜੋ ਜੀ. ਟੀ. ਰੋਡ ਦੇ ਉੱਪਰ ਹੀ ਹੈ। ਏਥੇ ਵੀ ਹਜ਼ੂਰ ਨੇ ਚਰਨ ਪਾਏ ਸਨ।

ਇਥੋਂ ਦੇ ਰਹਿਣ ਵਾਲੇ ਸ. ਰਾਮ ਸਿੰਘ ਬੜੇ ਗੁਰਮੁਖ ਪਿਆਰੇ ਤੇ ਸੰਤ ਸੇਵੀ ਸਨ। ਇਨ੍ਹਾਂ ਦੇ ਅੱਗੇ ਛੇ ਲੜਕੇ ਹੋਏ, ਜਿਨ੍ਹਾਂ ਵਿੱਚੋਂ ਸ. ਜੁਗਿੰਦਰ ਸਿੰਘ ਖੰਨੇ ਆ ਗਿਆ। ਜਿਸ ਨੇ ਪਹਿਲਾਂ ਸਮਰਾਲਾ ਰੋਡ ਕੋਲ ਆਪਣੀ ਕੋਠੀ ਬਣਾ ਕੇ ਰਿਹਾਇਸ਼ ਰੱਖੀ। ਫੇਰ ੧੯੬੯ ਈ. ਨੂੰ ਦਾਣਾ ਮੰਡੀ ਦੇ ਸਾਹਮਣੇ ਜੀ. ਟੀ. ਰੋਡ ਆਪਣੀ ਕੋਠੀ ਬਣਾ ਕੇ ਰਿਹਾਇਸ਼ ਕਰ ਲਈ ਜਿਸ ਦਾ ਨਾਮ ਲਿਬੜਾ ਹਾਊਸ ਰੱਖਿਆ।

ਖੰਨੇ ਸ. ਕੇਸਰ ਸਿੰਘ, ਮਲੇਰਕੋਟਲੇ ਸ. ਫਤੇ ਸਿੰਘ ਰਹਿੰਦਾ ਹੈ ਦਿੱਲੀ ਸ. ਹਰਜੀਤ ਸਿੰਘ ਰਹਿੰਦਾ ਹੈ। ਸਾਰਾ ਪ੍ਰਵਾਰ ਗੁਰਮੁਖ ਤੇ ਸੰਤ ਸੇਵੀ ਹੈ। ਦੀਵਾਨਾਂ ਦੀ ਮੰਗ ਕੀਤੀ। ਮਹਾਂਪੁਰਸ਼ਾਂ ਨੇ ਪ੍ਰਵਾਨ ਕਰ ਲਈ। ਹਜ਼ੂਰ ਦੀ ਬਖ਼ਸ਼ਿਸ਼ ਨੂੰ ਸੰਭਾਲ ਕੇ ਇਨ੍ਹਾਂ ਨੇ ਉਸੇ ਸਮੇਂ ਤਿਆਰੀ ਕਰ ਲਈ। ਸਭ ਤੋਂ ਪਹਿਲਾਂ ੧੯੭੩ ਈ. ਵਿੱਚ ੬ ਦੀਵਾਨ ਬਖ਼ਸ਼ੇ। ਬੜਾ ਭਾਰੀ ਇਕੱਠ ਹੁੰਦਾ ਰਿਹਾ। ਟਰੱਕਾਂ ਤੇ ਬੱਸਾਂ ਰਾਹੀਂ ਸੰਗਤ ਨੂੰ ਲਿਆਉਣ ਤੇ ਛੱਡਣ ਦੀ ਸੇਵਾ ਕਰਦੇ ਰਹੇ। ਸਾਰੇ ਦਿਨਾਂ ਵਿੱਚ ਲੰਗਰ ਅਤੁੱਟ ਚਲਿਆ। ਆਖਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ਆਪ ਜੀ ਨੇ ਇਹ ਪਵਿੱਤਰ ਉਪਦੇਸ਼ ਕੀਤਾ:

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

(ਰਾਮਕਲੀ ਮਃ ੩ - ੯੧੮)

ਰੇਲ ਦਾ ਮੁਸਾਫ਼ਰ ਜੋ ਆਪਣੇ ਮਾਲ ਦੀ ਆਪ ਰਾਖੀ ਕਰਦਾ ਹੈ, ਉਹ ਆਪਣੇ ਨੁਕਸਾਨ ਤੇ ਬਚਾਓ ਦੀ ਜ਼ਿੰਮੇਵਾਰੀ ਆਪਣੀ ਹੀ ਜਾਗਰਤ ਅਤੇ ਸੁਸਤੀ ਤੇ ਰੱਖਦਾ ਹੈ। ਜੇ ਜਾਗਦਾ ਰਹੇ, ਤਾਂ ਮਾਲ ਬਚ ਜਾਂਦਾ ਹੈ। ਜੇ ਸੌਂ ਜਾਵੇ ਤਾਂ ਚੋਰਾਂ ਦਾ। ਪਰ ਜੇਕਰ ਉਹੀ ਮੁਸਾਫ਼ਰ ਆਪਣੀ ਗਠੜੀ ਨੂੰ ਰੇਲ ਵਾਲਿਆਂ ਦੇ ਗਠੜੀਆਂ ਰੱਖਣ ਵਾਲੇ ਕਮਰੇ ਵਿੱਚ ਫੀਸ ਭਰ ਕੇ ਜਮਾਂ ਕਰਾ ਦੇਵੇ ਤਾਂ ਉਸ ਦੇ ਸਿਰੋਂ ਚੋਰੀ ਦਾ ਫ਼ਿਕਰ ਟਲ ਜਾਂਦਾ ਹੈ ਅਤੇ ਉਸ ਦੇ ਮਾਲ ਦੀ ਸੰਭਾਲ ਦਾ ਫ਼ਿਕਰ ਰੇਲਵੇ ਦੇ ਮਹਿਕਮੇ ਨੂੰ ਹੋ ਜਾਂਦਾ ਹੈ। ਜੇਕਰ ਮਹਿਕਮੇ ਦੀ ਕੋਈ ਕਮਜ਼ੋਰੀ ਜਾਂ ਸੁਸਤੀ ਕਰ ਕੇ ਉਸ ਦੇ ਰਖਵਾਲੇ

ਫ਼ਰਜ਼ ਤੋਂ ਗਾਫ਼ਲ ਹੋ ਜਾਣ ਤੇ ਮਾਲ ਗੁੰਮ ਹੋ ਜਾਵੇ ਤਾਂ ਉਹ ਮੁਸਾਫ਼ਰ ਮਹਿਕਮੇ ਕੋਲੋਂ ਰਕਮ ਭਰਾ ਸਕਦਾ ਹੈ। ਭਾਵ ਕਿ ਫੀਸ ਭਰਨ ਤੋਂ ਬਾਅਦ ਉਸ ਦੀ ਚਿੰਤਾ ਆਪਣੇ ਮਾਲ ਦੀ ਸੰਭਾਲ ਕਰਨ ਵੱਲੋਂ ਉੱਕਾ ਹੀ ਖਤਮ ਹੋ ਜਾਂਦੀ ਹੈ। ਇਹ ਹੈ ਦ੍ਰਿਸ਼ਟਾਂਤ:

ਇਸੇ ਤਰ੍ਹਾਂ ਇਹੋ ਦਸਤੂਰ ਪ੍ਰਮਾਰਥ ਦੇ ਪਾਂਧੀਆਂ ਵਿੱਚ ਹੈ। ਕਈ ਕੁ ਆਦਮੀ ਤਾਂ ਮਾਲ ਨੂੰ ਆਪਣੇ ਕੋਲ ਰੱਖਣ ਵਾਂਗ ਆਪਣੇ ਜਪ ਤਪ ਤੇ ਕਰਮ ਕਾਂਡ ਨਾਲ ਜੀਵਨ ਦੀ ਪੂੰਜੀ ਸਲਾਮਤ ਰੱਖਣਾ ਚਾਹੁੰਦੇ ਹਨ ਅਤੇ ਦੂਜੇ ਪ੍ਰਮਾਰਥ ਦੇ ਮਹਿਕਮੇਂ ਰੇਲਵੇ ਅਰਥਾਤ ਗੁਰਸਿੱਖੀ ਦੇ ਦਫ਼ਤਰ ਵਿੱਚ ਭਾਵ ਧਰਮਸਾਲਾ ਵਿੱਚ ਜਾ ਕੇ ਸਿਦਕ ਦੀ ਫੀਸ ਭਰ ਕੇ ਆਪਣੀ ਪੂੰਜੀ ਗੁਰੂ ਹਵਾਲੇ ਕਰ ਦਿੰਦੇ ਹਨ। ਉਹ ਸੰਸਾਰ ਬਾਗ਼ ਦੀ ਸੈਰ ਕਰ ਕੇ ਆਪਣੇ ਨਿਜ ਸਰੂਪ ਘਰ ਨੂੰ ਖ਼ੁਸ਼ੀ ਖ਼ੁਸ਼ੀ ਵਾਪਸ ਮੁੜਦੇ ਹਨ। ਜਮ ਭੀਹਾਵਲੇ ਦਾ ਡਰ ਮੁੱਕ ਜਾਂਦਾ ਹੈ। ਭਾਈ ਜੋਗਾ ਸਿੰਘ ਵਾਂਗ ਗੁਰੂ ਜੋਗੇ ਹੋ ਕੇ ਲੋਕ ਪ੍ਰਲੋਕ ਦਾ ਰਾਖਾ ਗੁਰੂ ਨੂੰ ਬਣਾ ਲੈਂਦੇ ਹਨ ਅਤੇ ਸੰਸਾਰ ਯਾਤਰਾ ਵਿੱਚ ਸਾਰੀ ਚਿੰਤਾ ਤੇ ਫ਼ਿਕਰ ਮੁਕਾ ਲੈਂਦੇ ਹਨ; ਆਦਿ।

ਮਹਾਂਪੁਰਸ਼ਾਂ ਨੇ ਇਨਾਂ ਦੀ ਕੋਠੀ ਵਿੱਚ ਚਰਨ ਪਾਏ ਇਨ੍ਹਾਂ ਦੇ ਅੰਦਰ ਹੋਰ ਵੀ ਬਹੁਤ ਸ਼ਰਧਾ ਵਧੀ। ਦੂਜੀ ਵਾਰ ੧੯੭੪ ਦੀ ਮਈ ਵਿੱਚ ਪੰਜ ਦੀਵਾਨਾਂ ਦੀ ਕ੍ਰਿਪਾ ਕੀਤੀ। ਤੀਜੀ ਵਾਰ ੧੯੭੫ ਈ. ਦੀ ਅਪ੍ਰੈਲ ਵਿੱਚ ਵੈਸਾਖੀ ਤੋਂ ਪਹਿਲਾਂ ਪੰਜ ਦੀਵਾਨ ਫੇਰ ਬਖ਼ਸ਼ਸ਼ ਦਿੱਤੇ।

ਅੰਮ੍ਰਿਤ ਕੀ ਹੈ?

ਇਸ ਦੇ ਨਾਲ ਹੋਰ ਆਏ ਸੱਜਣ ਬੋਲੇ, "ਮਹਾਰਾਜ! ਕੀ ਅੰਮ੍ਰਿਤ ਛਕਣਾ ਜ਼ਰੂਰੀ ਹੈ? ਅਤੇ ਅੰਮ੍ਰਿਤ ਕਿਸ ਨੂੰ ਕਹਿੰਦੇ ਹਨ ਤੇ ਇਹ ਕਿੰਨੇ ਪ੍ਰਕਾਰ ਦਾ ਹੈ?"

ਉੱਤਰ: ਗੁਰੂ ਨਾਨਕ ਦੇ ਘਰ ਵਿੱਚ ਦੋ ਪ੍ਰਕਾਰ ਦਾ ਅੰਮ੍ਰਿਤ ਮੰਨਿਆ ਹੈ। ਇੱਕ ਬਾਹਰ ਦਾ ਅੰਮ੍ਰਿਤ, ਜੋ ਸਾਰੇ ਸਿੱਖ ਅੰਮ੍ਰਿਤ ਦੀ ਰਸਮ ਵੇਲੇ ਛਕਦੇ ਹਨ। ਦੂਸਰਾ ਅੰਦਰਲਾ ਅੰਮ੍ਰਿਤ ਜੋ ਗੁਰਸਿੱਖ ਨੂੰ ਆਪਣੇ ਅੰਦਰੋਂ ਅੰਮ੍ਰਿਤ ਦਾ ਖ਼ਜ਼ਾਨਾ ਲੱਭਣ ਉੱਤੇ ਪ੍ਰਾਪਤ ਹੁੰਦਾ ਹੈ। ਜਿਵੇਂ ਕਿਲ੍ਹੇ ਦੇ ਦੋ ਦਰਵਾਜ਼ੇ ਹੁੰਦੇ ਹਨ। ਇੱਕ ਬਾਹਰ ਦਾ ਜਿੱਥੇ ਪਹਿਰੇਦਾਰ ਰਹਿੰਦੇ ਹਨ ਅਤੇ ਦੂਸਰਾ ਅੰਦਰਲਾ ਜਿਸ ਵਿੱਚ ਬਾਦਸ਼ਾਹ ਅਤੇ ਉਸ ਦੇ ਦਰਬਾਰੀ ਹੁੰਦੇ ਹਨ। ਬਾਹਰਲਾ ਦਰਵਾਜ਼ਾ ਲੰਘਣ ਉੱਤੇ ਕਿਲ੍ਹੇ ਦੇ ਅੰਦਰ ਦਾਖ਼ਿਲ ਜ਼ਰੂਰ ਹੋ ਜਾਈਦਾ ਹੈ ਅਤੇ ਆਪਣੇ ਆਪ ਨੂੰ ਕਿਲ੍ਹੇ ਵਿੱਚ ਰਹਿਣ ਵਾਲਿਆਂ ਵਿੱਚ ਸ਼ੁਮਾਰ ਵੀ ਕਰ ਸਕੀਦਾ ਹੈ। ਪਰ ਕਿਲ੍ਹੇ ਵਿੱਚ ਰਹਿਣ ਵਾਲੇ ਬਾਦਸ਼ਾਹ ਦਾ ਦਰਸ਼ਨ ਉਸ ਦੀ ਸੰਗਤ ਤੇ ਉਸ ਦੀ ਖ਼ੁਸ਼ੀ ਤਦ ਪ੍ਰਾਪਤ ਹੁੰਦੀ ਹੈ, ਜਦੋਂ ਕਿ ਕਿਲ੍ਹੇ ਦਾ ਦੂਸਰਾ ਦਰਵਾਜ਼ਾ ਵੀ ਲੰਘ ਜਾਈਏ।

ਜਿਸ ਨੂੰ ਕਿਲ੍ਹੇ ਦੇ ਰਹਿਣ ਵਾਲਿਆਂ ਵਿੱਚ ਸ਼ੁਮਾਰ ਹੋਣ ਦੀ ਲੋੜ ਹੋਵੇ, ਉਹ ਤਾਂ ਕਿਲ੍ਹੇ ਦਾ ਪਹਿਲਾ ਦਰਵਾਜ਼ਾ ਲੰਘ ਕੇ ਹੀ ਸੰਤੁਸ਼ਟ ਹੋ ਸਕਦਾ ਹੈ। ਪਰ ਜਿਸ ਨੂੰ ਕਿਲ੍ਹੇ ਦੀ ਡਿਉੜੀ ਵਿੱਚ ਉਮਰ ਗੁਜ਼ਾਰਨੀ ਮਨਜ਼ੂਰ ਨਾ ਹੋਵੇ, ਉਹ ਕਿਲ੍ਹੇ ਦੇ ਦੂਸਰੇ ਦਰਵਾਜ਼ੇ ਨੂੰ ਲੱਭ ਕੇ ਉਸ ਰਾਹੀਂ ਅੰਦਰ ਜਾਣ ਦੀ ਕੋਸ਼ਿਸ਼ ਕਰਦਾ ਹੈ।

ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵੀ ਦੋ ਦਰਵਾਜ਼ੇ ਹਨ। ਪਤਾਸਿਆਂ ਵਾਲਾ ਅੰਮ੍ਰਿਤ ਛਕ ਕੇ ਸਿੱਖ ਗੁਰਸਿੱਖੀ ਦੇ ਦਾਇਰੇ ਵਿੱਚ ਜ਼ਰੂਰ ਸ਼ਾਮਲ ਹੋ ਜਾਂਦਾ ਹੈ ਪਰ ਅਸਲ ਅਰਥਾਂ ਵਿੱਚ ਸਿੱਖ, ਗੁਰਮੁਖ ਜਾਂ ਖਾਲਸਾ ਉਦੋਂ ਬਣਦਾ ਹੈ ਜਦੋਂ ਅੰਦਰਲੇ ਅੰਮ੍ਰਿਤ ਦੇ ਸੋਮੇਂ ਨੂੰ ਗੁਰੂ ਨਾਨਕ ਦੀ ਸਿਮਰਨ ਜੁਗਤੀ ਨਾਲ ਪ੍ਰਾਪਤ ਕਰੇ। ਫਿਰ ਉਸ ਵਿੱਚ ਤਾਰੀਆਂ ਲਾਉਂਦਾ ਲਾਉਂਦਾ ਅੰਤ ਨੂੰ ਆਪ ਅੰਮ੍ਰਿਤ ਰੂਪ ਹੀ ਹੋ ਜਾਵੇ। ਇਸੇ ਅੰਦਰਲੇ ਅੰਮ੍ਰਿਤ ਦੇ ਸੋਮੇਂ ਸਬੰਧੀ ਸਤਿਗੁਰਾਂ ਦਾ ਪਵਿੱਤਰ ਫੁਰਮਾਨ ਹੈ:

ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥
ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥

(ਮਾਰੂ ਵਾਰ-੧ ਮਃ ੩ - ੧੦੯੨)

ਅੰਮ੍ਰਿਤ ਦੀ ਸ਼ਕਤੀ

ਲੈ ਕੇ ਪਾਹੁਲ ਖੰਡੇ ਦੀ, ਬੜਾ ਹੁਸ਼ਿਆਰ ਹਾਂ ਬਣਿਆ। ਲੁਹਾਇਆ ਸੀਸ ਮੈਂ ਆਪਣਾ, ਤੇ ਫਿਰ ਸਰਦਾਰ ਹਾਂ ਬਣਿਆ।
ਰੰਗੀ ਜਾਂਵਦੀ ਮੇਰੀ ਜਵਾਨੀ ਖ਼ੂਨ ਦੇ ਅੰਦਰ। ਲਿਖੀ ਜਾਂਵਦੀ ਮੇਰੀ ਕਹਾਣੀ ਖ਼ੂਨ ਦੇ ਅੰਦਰ।
ਸ਼ਹੀਦੀ ਜਾਮ ਪੀਂਦਾ ਹਾਂ ਜਵਾਨੀ ਖਿੜ ਖੜਾਂਦੀ ਏ। ਰਗਾਂ ਦਾ ਖ਼ੂਨ ਡੁਲ੍ਹਦਾ ਏ ਜਵਾਨੀ ਮੁਸਕਰਾਂਦੀ ਏ।
ਚੜ੍ਹਿਆ ਦਾਰ ਉੱਤੇ ਮਸਤੀ ਪਿਆਰ ਦੀ ਵੇਖੀ। ਵੜ ਜੰਗ ਦੇ ਅੰਦਰ ਚਮਕ ਤਲਵਾਰ ਦੀ ਵੇਖੀ।
ਸੜ ਸੜ ਭਠੀਆਂ ਅੰਦਰ ਰੰਗਤ ਅੰਗਿਆਰ ਦੀ ਵੇਖੀ। ਸਿਰ ਦੀ ਖੋਪਰੀ ਲਥੀ ਤੇ ਕੁੱਲੀ ਯਾਰ ਦੀ ਵੇਖੀ।

ਗਵਾਇਆ ਮੂਲ ਹੈ ਆਪਣਾ ਫਿਰ ਮੈਂ ਸ਼ਾਹ ਹਾਂ ਬਣਿਆਂ। ਬੇੜਾ ਡੋਬਿਆ ਆਪਣਾ ਫਿਰ ਮੈਂ ਮਲਾਹ ਹਾਂ ਬਣਿਆਂ।
ਪੁਤਾਂ ਦੇ ਹੋਣ ਜੇ ਟੋਟੇ ਰਤੀ ਵੀ ਆਹ ਨਹੀਂ ਭਰਦਾ। ਸਿਰਾਂ ਤੇ ਤਾਜ ਧਰਦੇ ਨੇ ਮੈਂ ਪ੍ਰਵਾਹ ਨਹੀਂ ਕਰਦਾ।
ਮੈਂ ਬਰਬਾਦ ਹੋ ਹੋ ਕੇ ਬਣਾਵਾਂ ਦੇਸ਼ ਦੀ ਕਿਸਮਤ। ਚਰਬੀ ਢਾਲ ਕੇ ਆਪਣੀ ਜਗਾਵਾਂ ਦੇਸ਼ ਦੀ ਕਿਸਮਤ।
ਜਿਸ ਥਾਂ ਖ਼ੂਨ ਡੁਲ੍ਹਦਾ ਏ ਕਈ ਕੋਹਨੂਰ ਬਣਦੇ ਨੇ। ਟਿਕਦਾ ਸੀਸ ਤੇ ਆਰਾ ਲੱਖਾਂ ਮਨਸੂਰ ਬਣਦੇ ਨੇ।
ਦੁਨੀਆਂਦਾਰ ਲੋਕਾਂ ਨੂੰ ਕਿਨਾਰਾ ਦੂਰ ਦਿਸਦਾ ਏ। ਸਰਹਾਣੇ ਹੋਣ ਸੂਲਾਂ ਦੇ ਇਸ਼ਕ ਮਨਜ਼ੂਰ ਦਿਸਦਾ ਏ।
ਰਣਾਂ ਵਿੱਚ ਖੜਕਦਾ ਲੋਹਾ ਜ਼ੁਲਮ ਕਾਫੂਰ ਹੁੰਦਾ ਏ। ਚਾਨਣ ਬੁਝਣ ਅੱਖਾਂ ਦੇ ਹਨੇਰਾ ਦੂਰ ਹੁੰਦਾ ਏ।
ਧਕਾ ਜ਼ੁਲਮ ਸ਼ਾਹੀ ਦਾ ਹਿਲਾ ਨਾ ਸਕਿਆ ਮੈਨੂੰ। ਜ਼ਮਾਨਾ ਫਰਖੁਸੀਅਰ ਦਾ ਮਿਟਾ ਨਾ ਸਕਿਆ ਮੈਨੂੰ।
ਦਿਵਾਨਾ ਆਖਦੇ ਲੋਕੀਂ ਚੜ੍ਹੀ ਰਹੇ ਨਾਮ ਦੀ ਮਸਤੀ। ਰਗਾਂ ਚ ਖ਼ੂਨ ਹੈ ਜਦ ਤੱਕ ਮਿਟਾਇਆ ਮਿਟੇ ਨਾ ਹਸਤੀ।
'ਨਿਰਛਲ' ਨਾਜ਼ ਕਰਦਾ ਹੈ ਕੋਈ ਕਾਨੂੰਨ ਤੇ ਉਤੇ। ਮੈਂ ਵੀ ਫ਼ਖਰ ਕਰਦਾ ਹਾਂ ਸ਼ਹੀਦੀ ਖ਼ੂਨ ਦੇ ਉਤੇ।

ਆਪ ਗੁਰਸਿੱਖੀ ਅਸੂਲਾਂ ਦੇ ਇਤਨੇ ਪੱਕੇ ਸਨ ਜੋ ਪ੍ਰੇਮੀ ਆਪ ਜੀ ਦੇ ਦਰਸ਼ਨ ਕਰਨ ਆਉਂਦੇ ਉਨ੍ਹਾਂ ਨੂੰ ਇਹੀ ਉਪਦੇਸ਼ ਕਰਦੇ ਸਨ ਕਿ ਭਾਈ ਜਿਤਨਾ ਚਿਰ ਸਿੱਖ ਖੰਡੇ ਦਾ ਅੰਮ੍ਰਿਤ ਨਹੀਂ ਛਕਦਾ ਉਤਨਾ ਚਿਰ ਉਸ ਦਾ ਕਲਿਆਣ ਨਹੀਂ ਹੋ ਸਕਦਾ। ਗੁਰੂ ਇਕੋ ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਸਿੱਖ ਦਾ ਸਿਰ ਗੁਰੂ ਦੀ ਭੇਟਾ ਹੋ ਚੁੱਕਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਹੋਰ ਮੜੀਆਂ ਅੱਗੇ ਝੁਕਣਾ ਨਹੀਂ ਚਾਹੀਦਾ। ਸ਼ਾਦੀ, ਗਮੀਂ, ਦੁਖ, ਸੁੱਖ ਵਿੱਚ ਵਾਹਿਗੁਰੂ ਦਾ ਭਾਣਾ ਮੰਨਣਾ। ਕਿਸੇ ਮੜ੍ਹੀ ਮਸਾਣੀ, ਪੀਰ ਫ਼ਕੀਰ, ਗੁੱਗਾ, ਭੈਰੋਂ ਆਦਿ ਨੂੰ ਨਹੀਂ ਮੰਨਣਾ। ਜੰਮਣਾ ਮਰਣਾ ਅਕਾਲ ਪੁਰਖ ਦਾ ਹੁਕਮ ਹੈ। ਸਦਾ ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ, ਪੰਜਾਂ ਬਾਣੀਆਂ ਦਾ ਨਿੱਤਨੇਮ ਕਰਨਾ, ਫੇਰ ਗੁਰੂ ਸ਼ਬਦ ਦਾ ਜਾਪ, ਦਿਨੇ ਧਰਮ ਦੀ ਕਿਰਤ ਕਰਣੀ, ਸ਼ਾਮ ਨੂੰ ਰਹਿਰਾਸ ਅਤੇ ਕੀਰਤਨ ਸੋਹਿਲੇ ਦਾ ਪਾਠ ਕਰ ਕੇ ਸੌਣਾ, ਗੁਰਸਿੱਖ ਗੁਰਸਿੱਖ ਨਾਲ ਰਿਸ਼ਤੇਦਾਰੀ ਪਾਵੇ, ਮਨਮਤੀਏ ਨਾਲ ਕੋਈ ਸਬੰਧ ਨਹੀਂ ਰੱਖਣਾ। ਐਸੀ ਪਵਿੱਤਰ ਸਿੱਖਿਆ ਦਿੰਦੇ ਸਨ ਜੋ ਸਭਨਾਂ ਦੇ ਮਨਾਂ ਤੇ ਅਸਰ ਕਰਦੀ ਹੈ।

ਫੇਰ ਭਾਈ ਰਾਮ ਸਿੰਘ ਕਾਕੜਾ ਨੇ ਜੋ ਪਹਿਲਾਂ ਸਹਿਜਧਾਰੀ ਸੀ ਅਤੇ ਹਸਪਤਾਲ ਵਿੱਚ ਮੁਲਾਜ਼ਮ ਸੀ ਦਸਵੀਂ ਦੇ ਹਰੇਕ ਜੋੜਮੇਲੇ ਤੇ ਵੈਦ ਜੀ ਨਾਲ ਬਾਹਰੋਂ ਆਈ ਸੰਗਤ ਨੂੰ ਅਸਥਾਨ ਦੀ ਡਿਸਪੈਂਸਰੀ ਵਿੱਚੋਂ ਦਵਾਈ ਦੇਣ ਦੀ ਸੇਵਾ ਕਰਣੀ। ਵੈਦ ਜੀ ਦੀ ਪ੍ਰੇਰਨਾ ਨਾਲ ੧੯੭੪ ਈ. ਨੂੰ ਇਹ ਪ੍ਰਵਾਰ ਸਮੇਤ ਅੰਮ੍ਰਿਤ ਪਾਨ ਕਰ ਕੇ ਸਿੰਘ ਸਜ ਗਿਆ।

ਲਤਾਲੇ ਪਿੰਡ ਵੀ ਸੰਤ ਜੀ ਮਹਾਰਾਜ ਨੇ ਬਹੁਤ ਵਾਰੀ ਚਰਨ ਪਾਏ। ੧੯੫੦ ਈ. ਤੋਂ ਪਹਿਲਾਂ ਵੀ ਪ੍ਰੇਮੀਆਂ ਦੇ ਘਰੀਂ ਅਖੰਡ ਪਾਠ ਕਰਦੇ, ਦੀਵਾਨ ਸਜਾਉਂਦੇ। ਜਦੋਂ ੧੯੬੦ ਈ. ਤੋਂ ਬਾਅਦ ਨਗਰਾਂ ਵਿੱਚ ਪਾਠ ਕਰਣੇ ਬੰਦ ਕਰ ਦਿੱਤੇ। ਕੇਵਲ ਕਈ ਪਿੰਡਾਂ ਦੇ ਵਿਚਕਾਰ ਦੀਵਾਨਾਂ ਦਾ ਸਮਾਂ ਬਖ਼ਸ਼ਦੇ। ਉਸ ਵਕਤ ਇਲਾਕੇ ਨਿਵਾਸੀ ਪ੍ਰੇਮੀਆਂ ਦੀ ਪੁਰਜ਼ੋਰ ਮੰਗ ਕਰਨ ਤੇ ੧੯੭੧ ਈ. ਫਰਵਰੀ ਦੇ ਮਹੀਨੇ ਚਾਰ ਦੀਵਾਨ ਬਖ਼ਸ਼ੇ। ਆਖ਼ਰੀ ਦਿਨ ੨੦੫ ਪ੍ਰਾਣੀ ਅੰਮ੍ਰਿਤ ਪਾਨ ਕਰ ਕੇ ਗੁਰੂ ਕੇ ਸਿੰਘ ਸਜੇ। ਦੂਜੀ ਵਾਰ ੧੯੭੫ ਦੀ ਫਰਵਰੀ ਨੂੰ ਚਾਰ ਦੀਵਾਨ ਦਿੱਤੇ। ੧੦੫ ਸੱਜਣਾਂ ਨੇ ਅੰਮ੍ਰਿਤ ਪਾਨ ਕੀਤਾ। ਇਸ ਪਿੰਡ ਦੇ ਸ. ਮਲ ਸਿੰਘ ਦੇ ਲੜਕੇ ਸ. ਅਵਤਾਰ ਸਿੰਘ (ਐਸ. ਆਈ. ਪੁਲਸ) ਦੇ ਘਰ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ੧੯੬੬ ਵਿੱਚ ਦੇਵਿੰਦਰ ਸਿੰਘ ਦਾ ਜਨਮ ਹੋਇਆ। ਸ. ਸੰਤ ਸਿੰਘ ਤਾਂ ਦਿੱਲੀ ਰਹਿੰਦਾ ਹੈ।

ਭਵਾਨੀਗੜ੍ਹ

ਪਟਿਆਲੇ ਸ਼ਹਿਰ ਤੋਂ ੨੨ ਮੀਲ ਦੂਰ ਅਤੇ ਸੰਗਰੂਰ ਤੋਂ ੧੨ ਮੀਲ ਦੇ ਫਾਸਲੇ ਤੇ ਭਵਾਨੀਗੜ੍ਹ ਨਾਮ ਦਾ ਕਸਬਾ ਹੈ, ਏਸ ਜਗ੍ਹਾ ਵੀ ਸੰਤ ਜੀ ਨੇ ਕਈ ਵਾਰ ਨਾਮ ਅੰਮ੍ਰਿਤ ਦੀ ਬਰਖਾ ਕੀਤੀ। ਪਹਿਲਾਂ ਏਥੋਂ ਦੇ ਰਹਿਣ ਵਾਲਾ ਡਾਕਟਰ ਪ੍ਰੇਮ ਸਿੰਘ ਸੰਤ ਜੀ ਮਹਾਰਾਜ ਦਾ ਅਤਿਅੰਤ ਪ੍ਰੇਮੀ ਸੀ। ਸਾਧੂ ਸਿੰਘ ਮਿਸਤਰੀ ਦੇ ਘਰ ਵੀ ਕਈ ਵਾਰ ਚਰਨ ਪਾਏ। ਇਹ ਵੀ ਸੰਤ ਜੀ ਮਹਾਰਾਜ ਦਾ ਅਤਿਅੰਤ ਸ਼ਰਧਾਲੂ ਹੈ। ਦੀਵਾਨਾਂ ਵਾਸਤੇ ਅਰਜ਼ ਕੀਤੀ ਤਾਂ ਮੇਹਰਬਾਨ ਨੇ ੭-੩-੬੮ ਨੂੰ ਪੰਜ ਦੀਵਾਨ ਬਖ਼ਸ਼ਸ਼ ਦਿੱਤੇ। ਇਨ੍ਹਾਂ ਨੇ ਬੜੀ ਭਾਵਨਾਂ ਨਾਲ ਅਤੁੱਟ ਲੰਗਰ ਚਲਾਇਆ ਜੋ ਸ. ਸਾਧੂ ਸਿੰਘ ਦੇ ਕਾਰਖਾਨੇ ਸੜਕ ਦੇ ਉੱਪਰ ਹੀ ਲੱਗਾ ਸੀ। ਆਖ਼ਰੀ ਦਿਨ ਬਹੁਤ ਸਾਰੇ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕੀਤਾ। ਦੂਜੀ ਵਾਰ ੭-੨-੭੨ ਨੂੰ ੬ ਦੀਵਾਨਾਂ ਦੀ ਬਖ਼ਸ਼ਿਸ਼ ਕੀਤੀ। ਏਸ ਦਫ਼ਾ ਵੀ ਬਹੁਤ ਸਾਰੇ ਪ੍ਰੇਮੀ ਅੰਮ੍ਰਿਤ ਪਾਨ ਕਰ ਕੇ ਸਿੰਘ ਸਜੇ। ਤੀਜੀ ਵਾਰ ੧੪-੩-੭੫ ਨੂੰ ਚਾਰ ਦੀਵਾਨ ਫੇਰ ਬਖ਼ਸ਼ੇ। ਆਖ਼ਰੀ ਦਿਨ ਅੰਮ੍ਰਿਤ ਪਾਨ ਕਰ ੯੦ ਪ੍ਰੇਮੀ ਗੁਰੂ ਕੇ ਜਹਾਜ਼ੇ ਚੜ੍ਹੇ। ਫੇਰ ਤਾਂ ਹੋਰ ਵੀ ਇਲਾਕੇ ਦੇ ਸੱਜਣ ਤੇ ਸ਼ਰਧਾਲੂ ਬਣ ਗਏ।

ਸ਼ੰਕਰਪੁਰ

ਪਿੰਡ ਸ਼ੰਕਰਪੁਰ (ਜ਼ਿਲ੍ਹਾ ਪਟਿਆਲਾ) ਕੌਲੀ ਸਟੇਸ਼ਨ ਤੇ ਡੇਢ ਮੀਲ ਗੁਰਸਿੱਖਾਂ ਦਾ ਨਗਰ ਹੈ। ੧੯੪੭ ਦੀ ਵੰਡ ਤੋਂ ਬਾਅਦ ਏਥੋਂ ਦੇ ਵਸਨੀਕ ਸਾਰੇ ਗੁੱਜਰਾਂਵਾਲੇ ਜ਼ਿਲੇ 'ਚੋਂ ਆਏ ਹਨ। ਸਭ ਤੋਂ ਪਹਿਲਾਂ ਏਥੋਂ ਦਾ ਸ. ਅਨੂਪ ਸਿੰਘ ਮਹਾਂਪੁਰਸ਼ਾਂ ਦੇ ਪਾਸ ਆਇਆ। ਫੇਰ ਹੋਰ ਪ੍ਰੇਮੀਆਂ ਨੇ ੧੯੬੩ ਈ. ਦੇ ਚੇਤਰ ਮਹੀਨੇ ਧਭਲਾਨ ਕੁਰਸੀ ਤੇ ਹਜ਼ੂਰ ਦੇ ਦਰਸ਼ਨ ਕੀਤੇ। ਅਰਸ਼ੀ ਪ੍ਰੀਤਮ ਦੀ ਨਿਗ੍ਹਾ ਦਾ ਇਕੇ ਹੀ ਤੀਰ ਘਾਇਲ ਕਰ ਗਿਆ। ਫੇਰ ਜੇਠ ਮਹੀਨੇ ਦੀ ਦਸਵੀਂ ਨੂੰ ਰਾਤ ਦਾ ਦੀਵਾਨ ਸੁਣਿਆ, ਜਿਸ ਨੇ ਮਸਤੀ ਹੀ ਚਾੜ੍ਹ ਦਿੱਤੀ। ਉਪਰੰਤ ਹਰੇਕ ਦਸਵੀਂ ਦੇ ਜੋੜ ਮੇਲੇ ਤੇ ਆਉਣ ਲੱਗ ਪਏ। ਨਗਰ ਦੇ ਪ੍ਰੇਮੀਆਂ ਨੂੰ ਪ੍ਰੇਰਿਆ ਪਰ ਭਾਗਾਂ ਵਾਲਿਆਂ ਨੇ ਹੀ ਬਚਨ ਮੰਨਿਆ।

ਫਰਵਰੀ ੧੯੭੦ ਨੂੰ ਸੰਤ ਆਸ਼ਰਮ ਪਹੁੰਚ ਕੇ ਅੰਮ੍ਰਿਤ ਪਾਨ ਕੀਤਾ। ਮੇਹਰਬਾਨ ਤੋਂ ਨਾਮ ਸਿਮਰਨ ਦੀ ਦਾਤ ਪ੍ਰਾਪਤ ਕਰ ਕੇ ਹੋਰ ਹੀ ਰੰਗ ਚੜ੍ਹ ਗਿਆ। ਭੋਥਿਆਂ ਨੂੰ ਲਾਹ ਕੇ ਕਛਹਿਰੇ ਪਹਿਨ ਲਏ। ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਤੋਂ ਬਾਅਦ, ਦੱਸਿਆ ਹੋਇਆ ਨਿੱਤਨੇਮ ਕਰਦੇ। ਮਾਸ ਸ਼ਰਾਬ ਦਾ ਤਿਆਗ, ਬ਼ਗ਼ੈਰ ਸਾਜਾਂ ਤੋਂ ਸਿੱਧੀਆਂ ਧਾਰਨਾ ਨਾਲ ਸ਼ਬਦ ਪੜ੍ਹਦੇ। ਹਰ ਸਮੇਂ ਮਸਤੀ ਹੀ ਚੜ੍ਹੀ ਰਹਿੰਦੀ। ਹੌਲੀ ਹੌਲੀ 'ਰੰਗ ਲਾਗਤ ਲਾਗਤ ਲਾਗਤ ਹੈ' ਦੀ ਕਹਾਵਤ ਅਨੁਸਾਰ ਦੀਵਾਨਾਂ ਦੀ ਮੰਗ ਕੀਤੀ ਪਰ ਇਨ੍ਹਾਂ ਦਾ ਪਹਿਲਾਂ ਪਹਿਰਾਵਾ ਦੇਖ ਕੇ ਮਹਾਂਪੁਰਸ਼ਾਂ ਦੇ ਕੋਈ ਨੇੜੇ ਨਾ ਆਉਣ ਦੇਵੇ। ਪਰ ਧੰਨ ਹਨ ਸੱਚੀਆਂ ਪ੍ਰੀਤਾਂ ਦੇ ਪਾਰਖੂ। ਪੂਰੇ ਦੋ ਸਾਲ ਕਸਵੱਟੀ ਲਾਈ। ਇਹ ਵੀ ਹਰੇਕ ਦਸਵੀਂ ਦੇ ਜੋੜ ਮੇਲੇ ਤੇ ਆ ਕੇ ਦੀਵਾਨ ਸੁਣਦੇ। ਲੰਗਰ ਵਿੱਚ ਹੱਥੀਂ ਸੇਵਾ ਕਰਦੇ। ਮਨ ਵਿੱਚੋਂ ਰੰਚਕ ਮਾਤਰ ਵੀ ਸ਼ਰਧਾ ਨਹੀਂ ਘਟੀ। ਆਪਣੇ ਵਿੱਚ ਹੀ ਕੋਈ ਔਗੁਣ ਸਮਝਦੇ ਰਹੇ। ਇਉਂ ਇਸ ਤਾਓ ਤੇ ਪੂਰਨ ਉੱਤਰੇ ਜਾਣ ਕੇ ਅਰਸ਼ੀ ਪ੍ਰੀਤਮ ਦੀ ਪਾਰਖੂ ਅੱਖ ਨੇ ਅਸਲੀ ਸ਼ਰਧਾਲੂ ਤੱਕ ੧੯੭੧ ਈ. ਦੀ ਫਰਵਰੀ ਨੂੰ ਪੰਜ ਦੀਵਾਨ ਬਖ਼ਸ਼ਸ਼ ਦਿੱਤੇ। ਇਨ੍ਹਾਂ ਨੇ ਵੀ ਬੜੀ ਵੱਧ ਚੜ੍ਹ ਕੇ ਸੇਵਾ ਕੀਤੀ। ਲੰਗਰ ਵੀ ਅਤੁੱਟ ਚਲਾਇਆ। ਆਖ਼ਰੀ ਦਿਨ ੧੨੫ ਪ੍ਰੇਮੀ ਅੰਮ੍ਰਿਤ ਪਾਨ ਕਰ ਗੁਰੂ ਕੇ ਜਹਾਜ਼ ਚੜ੍ਹੇ। ਫੇਰ ਤਾਂ ਦਾਤੇ ਨੇ ਇਨ੍ਹਾਂ ਦੀ ਸੇਵਾ ਤੇ ਪ੍ਰਸੰਨ ਹੋ ਅਗਲੇ ਸਾਲ ੧੯੭੧ ਦੇ ਦਸੰਬਰ ਨੂੰ ਫੇਰ ਪੰਜ ਦੀਵਾਨ ਬਖ਼ਸ਼ ਦਿੱਤੇ। ਸੌ ਪਰੇਮੀ ਨੇ ਅੰਮ੍ਰਿਤ ਪਾਨ ਕੀਤਾ। ਪਹਿਲੀ ਵਾਰ ਵਾਂਗ ਸੰਗਤ ਵਲੋਂ ਭਾਈ ਰਤਨ ਸਿੰਘ ਦੇ ਖੇਤ ਵਿੱਚ ਉਸ ਦੇ ਘਰ ਲੰਗਰ ਰੱਖਿਆ। ਹੁਣ ਇਸ ਜਗ੍ਹਾ ਸੰਤ ਬਾਬਾ ਸੁਖਦੇਵ ਸਿੰਘ ਜੀ ਅਲਹੌਰਾਂ ਵਾਲਿਆਂ ਨੇ ਡੇਰਾ ਬਣਾਇਆ ਹੈ।

ਆਪ ਜੀ ਨੇ ਏਥੇ ਸਿਮਰਨ ਕਰਨ ਦੀ ਮਹਿਮਾ ਕਹੀ।

ਸਿਮਰਨ

ਜ਼ਿੰਦਗ਼ੀ ਦੀ ਉਹੋ ਘੜੀ ਸਫ਼ਲੀ ਹੈ ਜੋ ਸਿਮਰਨ ਵਿੱਚ ਲੱਗ ਜਾਏ।
ਉਮਰ ਓਹਾ ਵਿੱਚ ਲੇਖੇ ਦੇ ਜੋ ਯਾਦ ਸਾਂਈ ਵਿੱਚ ਗ਼ੁਜ਼ਰੇ ਪੈਦੀ ਮੁਜਰੇ।
ਨਹੀਂ ਤਾਂ ਸਾਨੂੰ ਹਾਸਲ ਕੀ ਹੈ ਵਿੱਚ ਇਸ ਨੀਲੇ ਹੁਜ਼ਰੇ ਸੰਞ ਤੇ ਫਜ਼ਰੇ।

ਖਾਕਾਨੀ ਨੇ ਕਿਹਾ ਹੈ ਕਿ ਮੈਂ ਤੀਸ ਬਰਸ ਮੁਰਸ਼ਦ ਦੀ ਖਿਦਮਤ ਕਰਨ ਦੇ ਬਾਦ ਇੱਕੋ ਗੱਲ ਜਾਣੀ ਹੈ ਕਿ ਇੱਕ ਦਮ ਭਰ ਪ੍ਰਮੇਸ਼ਰ ਪ੍ਰਾਇਨ ਹੋਣਾ ਸੁਲੇਮਾਨ ਦੇ ਤਖ਼ਤ ਤੋਂ ਹੱਛਾ ਹੈ।

ਯਥਾ: ਪਸ ਅਜ ਸੀ ਸਾਲ ਬਾ ਮੁਰਸ਼ਦ ਮਹਕੱਕ ਸ਼ੁਦ ਬ ਖਾਕਾਨੀ।
ਕਿ ਯਕ ਦਮ ਬਾ ਖ਼ੁਦਾ ਬੂਦਨ ਬੇ ਅਜ਼ ਤਖ਼ਤੇ ਸੁਲੇਮਾਨੀ।

ਹੋਵੇ ਵੀ ਕਿਉਂ ਨਾ? ਰਾਜ ਮਦ ਜਿਊਦਿਆਂ ਕਿਸੇ ਸੈਨਾਪਤੀ ਕੋਲੋਂ ਹਾਰ ਖਾ ਕੇ ਖੁਹਾਣਾ, ਯਾ ਮਰਨ ਸਮੇਂ ਹਉਕੇ ਲੈਂਦਿਆਂ ਛੱਡ ਜਾਣਾ ਪੈਂਦਾ ਹੈ। ਪਰ ਸਿਮਰਨ ਦੀ ਸ਼ਕਤੀ ਕਰ ਕੇ ਪ੍ਰਭੂ ਦੀ ਕ੍ਰਿਪਾ ਸਹਿਤ ਅਬਿਨਾਸ਼ੀ ਰਾਜ ਮਿਲਦਾ ਹੈ।

ਨਾਮ ਜਪਣ ਦੇ ਵੀ ਕਈ ਤਰੀਕੇ ਹਨ। ਰਸਨਾ ਦੁਆਰਾ, ਸੁਰਤੀ ਨਾਲ, ਸਵਾਸਾਂ ਦੇ ਔਣ ਜਾਣ ਨਾਲ। ਅੱਗੇ ਰੋਮ ਰੋਮ ਦੀ ਅਵਸਥਾ ਆ ਜਾਂਦੀ ਹੈ। ਫੇਰ ਤਤਾਂ ਚੋਂ ਹੀ ਨਾਮ ਦੀ ਧੁਨੀ ਸੁਣਨ ਲੱਗ ਜਾਂਦੀ ਹੈ। ਬਾਣੀਆਂ ਦੇ ਵੀ ਭੇਦ ਹਨ। ਪਰਾ ਬਾਣੀ ਦੁਆਰਾ ਫੁਰਨੇ ਨਾਲ ਭਜਨ ਕੀਤਾ ਜਾਂਦਾ ਹੈ। ਪਸੰਤੀ ਬਾਣੀ ਦੁਵਾਰਾ ਹਿਰਦੇ ਵਿਖੇ ਭਜਨ ਹੁੰਦਾ ਹੈ। ਮਧਮਾ ਬਾਣੀ ਦੁਆਰਾ, ਜਿੱਥੇ ਬੁੱਲ੍ਹ ਨ ਹਿਲਣ ਕੇਵਲ ਖ਼ਿਆਲ ਹੀ ਕੰਮ ਕਰੇ। ਪਰ ਬੈਖਰੀ ਬਾਣੀ ਭਾਵ ਰਸਨਾ ਦੁਆਰਾ ਸਿਮਰਨ ਕਰਨ ਲਈ ਜਗਿਆਸੂ ਵਾਸਤੇ ਪਹਿਲੀ ਸਟੇਜ ਹੈ। ਸਤਿਗੁਰਾਂ ਦਾ ਮਹਾਵਾਕ ਹੈ:

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ (ਗੂਜਰੀ ਵਾਰ-੨ ਮਃ ੫ - ੫੧੭)

ਕਿ ਮਨ ਅੰਦਰ ਮਹਿਬੂਬ ਦੀ ਆਰਾਧਨਾ ਕਰ ਤੇ ਨਾਲ ਹੀ ਜਿਹਵਾ ਤੋਂ ਉਸ ਦਾ ਨਾਮ ਜਪ। ਸੂਫੀ ਫ਼ਕੀਰਾਂ ਨੇ ਤਾਂ ਇਸੇ ਗੱਲ ਤੇ ਬਹੁਤਾ ਜ਼ੋਰ ਦਿੱਤਾ ਹੈ। ਇੱਕ ਨੇ ਕਿਹਾ ਹੈ ਕਿ ਮੇਰੇ ਦਿਲ ਦੇ ਆਈਨੇ ਵਿੱਚ ਹੀ ਯਾਰ ਦੀ ਤਸਵੀਰ ਹੈ ਜਦੋਂ ਜ਼ਰਾ ਗਰਦਨ ਝੁਕਾਂਦਾ ਹਾਂ ਦੇਖ ਲੈਂਦਾ ਹਾਂ।

ਦਿਲ ਕੇ ਆਈਨੇ ਮੈਂ ਹੈ ਤਸਵੀਰੇ ਯਾਰ। ਜਸ ਜ਼ਰਾ ਗਰਦਨ ਝੁਕਾਏਂ ਦੇਖਲੀ।

ਬੇਸ਼ਕ ਪਹਿਲੇ ਪਹਿਲ ਜਿਤਨਾ ਚਿਰ ਸੁਭਾਅ ਪੱਕਿਆ ਨਹੀਂ ਅਤੇ ਅੰਦਰ ਨਾਮ ਨਹੀਂ ਚੱਲਿਆ ਮਨ ਨੂੰ ਕੰਟਰੋਲ ਵਿੱਚ ਰੱਖਣ ਵਾਸਤੇ ਮਾਲਾ ਫੇਰਨ ਦੀ ਗਿਣਤੀ ਮਿਣਤੀ ਵਿੱਚ ਪਾਇਆ ਜਾਂਦਾ ਹੈ। ਪਰ ਜਦੋਂ ਅੰਦਰ ਚਸ਼ਮੇ ਦੇ ਪਾਣੀ ਵਾਂਗ ਨਾਮ ਦੀ ਰੌ ਜਾਰੀ ਹੋ ਗਈ ਫੇਰ ਮਾਲਾ ਜਾਂ ਤਸਬੀ ਦੀ ਲੋੜ ਨਹੀਂ ਰਹਿੰਦੀ।

ਉਸ ਅਵਸਥਾ ਵਿੱਚ ਪੁੱਜ ਕੇ ਸ਼ੇਖ ਸ਼ਾਅਦੀ ਨੇ ਤਾਂ ਏਥੋ ਤੱਕ ਲਿਖਿਆ ਹੈ ਕਿ ਜ਼ਾਹਦ ਦਾ ਹੱਥ ਤਸਬੀ ਤੇ, ਤੇ ਆਮ ਲੋਕਾਂ ਦਾ ਮਾਲ ਤੇ ਰਹਿੰਦਾ ਹੈ। ਕਾਫਰ ਤਾਂ ਕਾਫਰ ਸਨ ਹੀ ਪਰ ਇਹ ਮੋਮਨ ਦੇ ਰੂਪ ਵਿੱਚ ਕਾਫਰ ਦੇਖਿਆ ਹੈ।

ਯਥਾ: ਤਸਬੀ ਬਦਸਤੇ ਜਹਾਦ ਚਸ਼ਮ ਬ ਮਾਲੇ ਮਰਦਮ। ਈਂ ਕਾਫਰ ਮੁਸਲਮਾਂ ਦੀਦਮ ਨਾ ਦੀਦਾ ਬੂਦਮ।

ਸਿਮਰਨ ਅਭਿਆਸ ਦੀ ਆਖ਼ਰੀ ਸਟੇਜ ਤਾਲਬ ਮਤਲੂਬ ਦਾ ਇੱਕ ਹੋ ਜਾਣਾ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਸਿਮਰਨ ਦਾ ਫ਼ਲ ਰੂਪ ਮਾਨੁਖ ਜੋਤ ਪਰਮਜੋਤ ਵਿੱਚ ਇਸ ਤਰ੍ਹਾਂ ਮਿਲ ਜਾਂਦੀ ਹੈ ਕਿ ਕਿਸੇ ਨੂੰ ਉਨ੍ਹਾਂ ਨੇ ਕਦੀ ਅੱਡੋ ਅੱਡ ਹੋਣ ਦਾ ਖ਼ਿਆਲ ਹੀ ਨਹੀਂ ਹੁੰਦਾ।

ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥ (ਗਉੜੀ ਭਗਤ ਕਬੀਰ ਜੀ - ੩੩੫)

ਪਰ ਇਸ ਵਿਚਾਰ ਤੇ ਆਪਣੇ ਤਜਰਬੇ ਬਗ਼ੈਰ ਲਿਖਣਾ ਅਤੇ ਪੜ੍ਹਨਾ ਬਹੁਤ ਕੰਮ ਨਹੀਂ ਦੇ ਸਕਦੇ ਇਹ ਤਾਂ ਕਰਨ ਨਾਲ ਹੀ ਤਾਅੱਲੁਕ ਰਖਦਾ ਹੈ।

ਯਥਾ: ***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ ॥੧੨੧॥*** (ਸਲੋਕ ਭਗਤ ਕਬੀਰ ਜੀ - ੧੩੭੦)

ਹਾਫਜ਼ ਕਹਿੰਦਾ ਹੈ, ਸਿਮਰਨ ਦਾ ਸ਼ੌਕ ਇੱਕ ਨਸ਼ਤਰ ਹੈ, ਜਿਸ ਦੀ ਚੋਭ ਦਾ ਰਸ ਬ੍ਰਿਹੋਂ ਵਿਯੋਗੀ ਮਨ ਮਾਣਦਾ ਹੈ। ਕਰਮ ਕਾਂਡੀ ਦੀਆਂ ਮੋਈਆਂ ਹੋਈਆਂ ਰਗਾਂ ਨੂੰ ਉਸ ਦਾ ਸੁਆਦ ਕੀ?

ਤਪੀਦਨ ਤਾਂ ਚਿ ਮੇ ਦਾਨਦ ਦਿਲੇ ਅਫਸੁਰਦਾ ਏ ਜਾਹਿਦ।

ਅਦਾਏ ਕਾਬਜ਼ੇ ਨਸ਼ਤਰ ਰਖੇ ਬੇ ਖ਼ੂਨ ਚਿ ਮੀ ਦਾਨਦ।

ਸੋ ਸਿਮਰਨ ਦਾ ਸਮਝਣ ਨਾਲੋਂ ਕਰਨ ਨਾਲ ਹੀ ਸਹੀ ਸਰੂਪ ਦੇਖਿਆ ਜਾ ਸਕਦਾ ਹੈ; ਆਦਿ।

ਹਜ਼ੂਰ ਦੇ ਬਚਨਾਂ ਨਾਲ ਸ. ਸੁਬੇਗ ਸਿੰਘ ਦੇ ਪੰਜ ਲੜਕੀਆਂ ਤੋਂ ਬਾਅਦ ੨੫ ਮਈ ੧੯੭੪ ਨੂੰ ਲੜਕੇ ਦਾ ਜਨਮ ਹੋਇਆ।

ਭਾਦਸੋ ਕੋਲ ਚਹਿਲ ਕਸਬੇ ਤੋਂ ਅੱਧ ਮੀਲ ਤੇ ਦੱਖਣ ਵੱਲ ਦੁਰਗਾਪੁਰ ਨਾਮ ਦਾ ਛੋਟਾ ਜੇਹਾ ਨਗਰ ਹੈ। ਏਥੋਂ ਦੇ ਸਾਰੇ ਪ੍ਰੇਮੀ ਸੰਤ ਸੇਵੀ ਤੇ ਗੁਰਮੁਖ ਹਨ। ਏਸ ਪਿੰਡ ਦਾ ਸ. ਗੁਰਮੇਲ ਸਿੰਘ ਪਟਵਾਰੀ ਸ. ਤਾਰਾ ਸਿੰਘ ਤੋਂ (ਜੋ ਸੰਤ ਜੀ ਦਾ ਪਰਮ ਪ੍ਰੀਤਵਾਨ ਸੀ) ਹਜ਼ੂਰ ਦਾ ਜਸ ਸੁਣ ਕੇ ੧੯੬੮ ਈ. ਨੂੰ ਦਸਵੀਂ ਦੇ ਦੀਵਾਨ ਤੇ ਉਸ ਦੇ ਨਾਲ ਧਭਲਾਨ ਪੁੱਜਾ। ਉਪਰੰਤ ਹੋਰ ਸੱਜਣਾਂ ਦੇ ਪ੍ਰੇਰਿਆਂ ੧੯੭੪ ਈ. ਦੀ ਫਰਵਰੀ ਵਿੱਚ ਦੀਵਾਨਾਂ ਦੀ ਮੰਗ ਕੀਤੀ। ਸੰਤ ਜੀ ਮਹਾਰਾਜ ਨੇ ਭਾਵਨਾ ਤੱਕ ਕੇ ਅਰਜ਼ ਮਨਜ਼ੂਰ ਕਰ ਕੇ ਤਿੰਨ ਦੀਵਾਨ ਬਖ਼ਸ਼ ਦਿੱਤੇ। ਘੁੰਡਰਪੁਰ ਦੇ ਭੀ ਬਹੁਤ ਸੱਜਣ ਪ੍ਰੇਮੀ ਹਨ, ਜਿਨ੍ਹਾਂ ਵਿੱਚ ਸ. ਬਲਵੰਤ ਸਿੰਘ ਵੀ ਅਤੁੱਟ ਸ਼ਰਧਾ ਰੱਖਦਾ ਹੈ।

ਆਪ ਜੀ ਨੇ ਇਹ ਪਵਿੱਤਰ ਉਪਦੇਸ਼ ਬਖਸ਼ਿਆ ਕਿ ਗ੍ਰੰਥਾਂ, ਪੋਥੀਆਂ, ਵੇਦਾਂ, ਸ਼ਾਸਤ੍ਰਾਂ ਵਿੱਚ ਸਤਪੁਰਸ਼ਾਂ ਨੇ ਗੁਰ ਸ਼ਬਦ ਤੇ ਨਾਮ ਦੀ ਮਹਿਮਾ ਕਥਨ ਕੀਤੀ ਹੈ। ਪਰ ਇਨ੍ਹਾਂ ਨੂੰ ਪੜ੍ਹਨ ਮਾਤਰ ਨਾਲ ਸਾਨੂੰ ਸਮਝ ਨਹੀਂ ਆਉਂਦੀ ਕਿ ਨਾਮ ਕੀ ਹੈ? ਉਸ ਦੀ ਕਿਵੇਂ ਕਮਾਈ ਕਰਣੀ ਹੈ ਅਤੇ ਕਿਉਂ ਕਰਣੀ ਹੈ? ਗ੍ਰੰਥਾਂ ਵਿੱਚ ਤਾਂ ਨਾਮ ਦੀ ਮਹਿਮਾ ਤੇ ਪ੍ਰਾਪਤੀ ਦਾ ਉਪਦੇਸ਼ ਅਤੇ ਸਾਧਨ ਹੀ ਲਿਖਿਆ ਹੈ। ਉਹ ਨਾਮ ਆਪ ਇਨ੍ਹਾਂ ਵਿੱਚ ਨਹੀਂ। ਇਨ੍ਹਾਂ ਨੂੰ ਪੜ੍ਹਨ ਨਾਲ ਮੁਕਤੀ ਵੀ ਨਹੀਂ ਮਿਲਦੀ। ਜਿਸ ਤਰ੍ਹਾਂ ਡਾਕਟਰੀ ਦੀਆਂ ਪੁਸਤਕਾਂ ਵਿੱਚ ਨੁਸਖੇ ਜਾਂ ਰੋਗਾਂ ਦੇ ਇਲਾਜ ਦਾ ਢੰਗ ਤਾਂ ਦੱਸਿਆ ਹੁੰਦਾ ਹੈ, ਪਰ ਦਵਾਈਆਂ ਨਹੀਂ ਹੁੰਦੀਆਂ। ਉਹ ਤਾਂ ਡਾਕਟਰ ਕੋਲੋਂ ਹੀ ਮਿਲਦੀਆਂ ਹਨ। ਜੇਕਰ ਕੋਈ ਰੋਗੀ ਸਾਰਾ ਦਿਨ ਹਿਕਮਤ ਦੀਆਂ ਕਿਤਾਬਾਂ ਪੜ੍ਹਦਾ ਰਹੇ ਦਵਾਈ ਵਰਤੇ ਨਾ, ਉਹ ਕਦੇ ਵੀ ਤੰਦਰੁਸਤ ਨਹੀਂ ਹੋ ਸਕਦਾ। ਅਰਾਮ ਤਾਂ ਜੋ ਕੁੱਝ ਉਨ੍ਹਾਂ ਵਿੱਚ ਲਿਖਿਆ ਹੈ, ਉਸ ਉੱਤੇ ਅਮਲ ਕਰਨ ਨਾਲ ਤੇ ਡਕਾਟਰ ਦੀ ਦਿੱਤੀ ਦਵਾਈ ਦੀ ਵਰਤੋਂ ਨਾਲ ਹੀ ਹੋ ਸਕਦਾ ਹੈ। ਦਵਾਈ ਕੋਈ ਹੋਰ ਚੀਜ਼ ਹੈ ਤੇ ਕਿਤਾਬ ਵਿੱਚ ਲਿਖਿਆ ਦਵਾਈ ਨੁਸਖਾ ਹੋਰ ਸੈਅ ਹੈ।

ਇਸੇ ਤਰ੍ਹਾਂ ਜੇ ਕੋਈ ਖਾਣਾ ਬਨਾਉਣ ਦੀਆਂ ਕਿਤਾਬਾਂ (ਜਿਨ੍ਹਾਂ ਵਿੱਚ ਖਾਣੇ ਬਨਾਉਣ ਦੇ ਢੰਗ ਲਿਖੇ ਹੋਣ) ਪੜ੍ਹਦਾ ਰਹੇ ਕਿ ਅਮਕਾ ਖਾਣਾ ਕਿਵੇਂ ਬਣਦਾ ਹੈ ਤਾਂ ਸਿਰਫ ਪੜ੍ਹਨ ਨਾਲ ਖਾਣੇ ਦਾ ਨਾ ਕਦੀ ਸਵਾਦ ਆ ਸਕਦਾ ਹੈ, ਨਾ ਪੇਟ ਹੀ ਭਰਦਾ ਹੈ ਜਿਤਨਾ ਚਿਰ ਖਾਣਾ ਖਾ ਨਾ ਲਵੇ।

ਇਸੇ ਤਰ੍ਹਾਂ ਜੇ ਕਿਸੇ ਨੇ ਰੇਲ ਗੱਡੀ ਦਾ ਸਫ਼ਰ ਕਰਨਾ ਹੋਵੇ ਤਾਂ ਪਹਿਲਾਂ ਰੇਲ ਦੇ ਟਾਈਮ ਟੇਬਲ (ਸਮਾਂ ਸੂਚੀ)

ਦੀ ਚੰਗੀ ਤਰ੍ਹਾਂ ਘੋਖ ਕਰਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਮੈਂ ਜਿੱਥੇ ਜਾਣਾ ਹੈ, ਉਹ ਕਿਤਨਾਂ ਲੰਬਾ ਸਫ਼ਰ ਹੈ। ਰਾਹ ਵਿੱਚ ਕਿਹੜੇ ਕਿਹੜੇ ਸਟੇਸ਼ਨ ਆਉਂਦੇ ਹਨ। ਕਿਤਨਾ ਭਾੜਾ ਲੱਗਦਾ ਹੈ ਅਤੇ ਕਿਤਨੇ ਵਜੇ ਸਟੇਸ਼ਨ ਤੋਂ ਗੱਡੀ ਚਲੇਗੀ। ਪਰ ਕੇਵਲ ਸਮਾਂ ਸੂਚੀ ਪੜ੍ਹਨ ਨਾਲ ਹੀ ਅਸੀਂ ਆਪਣੇ ਮਿਥੇ ਅਸਥਾਨ ਤੇ ਨਹੀਂ ਪੁੱਜ ਸਕਦੇ। ਹਾਂ ਜੇਕਰ ਸਟੇਸ਼ਨ ਤੇ ਜਾ ਕੇ ਟਿਕਟ ਲੈ ਕੇ ਗੱਡੀ ਵਿੱਚ ਜਾ ਬੈਠੀਏ, ਤਾਂ ਹੀ ਮਿਥੇ ਟਿਕਾਣੇ ਤੇ ਪੁੱਜਣ ਦੇ ਅਧਿਕਾਰੀ ਹੋ ਸਕਦੇ ਹਾਂ।

ਜੋ ਲੋਕ ਕਿਸੇ ਸਤਪੁਰਸ਼ ਦੀ ਸੰਗਤ ਬ਼ਗ਼ੈਰ ਕੇਵਲ ਗ੍ਰੰਥਾਂ ਪੋਥੀਆਂ ਨੂੰ ਪੜ੍ਹ ਕੇ ਹੀ ਮੁਕਤੀ ਪਾਉਣਾ ਚਾਹੁੰਦੇ ਹਨ, ਉਹ ਗਲਤੀ ਤੇ ਹਨ। ਸਤਪੁਰਸ਼ਾਂ ਦੀ ਸੰਗਤ ਤੋਂ ਬ਼ਗ਼ੈਰ ਅੱਜ ਤੱਕ ਕਿਸੇ ਨੂੰ ਵੀ ਮੋਖਸ਼ ਨਹੀਂ ਮਿਲੀ, ਬਲਕਿ ਵੇਦਾਂ ਸ਼ਾਸ਼ਤਰਾਂ ਦੀ ਵਿੱਦਿਆ ਹੰਕਾਰ ਦਾ ਕਾਰਣ ਬਣ ਕੇ ਅਧੋਗਤੀ ਨੂੰ ਲਿਜਾਂਦੀ ਹੈ। ੧੯੭੪ ਨੂੰ ਛੋਟੇ ਸੰਤ ਜੀ ਮਹਾਰਾਜ ਨੇ ਵੀ ਦਰਸ਼ਨ ਬਖ਼ਸ਼ੇ ਸਨ ਤੇ ਪ੍ਰੇਮੀਆਂ ਦੇ ਘਰੀਂ ਚਰਨ ਪਾਏ ਸਨ।

ਅਮਲੋਹ

ਨਾਭੇ ਸ਼ਹਿਰ ਤੋਂ ਗੋਬਿੰਦਗੜ੍ਹ ਤੇ ਖੰਨੇ ਨੂੰ ਆਉਣ ਵਾਲੀ ਪੱਕੀ ਸੜਕ ਤੇ ਅਮਲੋਹ ਨਾਮ ਦਾ ਕਸਬਾ ਆਉਂਦਾ ਹੈ। ਇਸ ਜਗ੍ਹਾ ਵੀ ਦੋ ਵਾਰ ਹਜ਼ੂਰ ਦੇ ਦੀਵਾਨ ਲੱਗੇ ਜੋ ਗੁਰੂ ਘਰ ਦੇ ਪਰਮ ਪ੍ਰੀਤਵਾਨ ਚਾਨਣ ਰਾਮ ਮਿਸਤ੍ਰੀ ਨੇ ਲਗਵਾਏ ਸਨ।

ਦਾਤੇ ਨੇ ਭਾਵਨਾ ਦੇਖੀ ਤੇ ਰਾਤ ਦੇ ਸਮੇਂ ਤਿੰਨ ਦੀਵਾਨ ਬਖ਼ਸ਼ਸ਼ ਦਿੱਤੇ ਅਤੇ ਇਹ ਉਪਦੇਸ਼ ਕੀਤਾ:

ਸੰਸਾਰ ਸਰਾਂ ਰੂਪ ਹੈ।

ਜਦ ਕੋਈ ਮੁਸਾਫ਼ਰਾਂ ਦਾ ਵਹੀਰ ਤੁਰਦਾ ਹੋਇਆ ਸ਼ਾਮ ਨੂੰ ਰਾਤ ਕੱਟਣ ਵਾਸਤੇ ਕਿਸੇ ਸਰਾਂ ਵਿੱਚ ਠਹਿਰਦਾ ਹੈ ਤਾਂ ਉਹ ਉਸ ਜਗ੍ਹਾ ਸਰੀਰਕ ਨਿਰਵਾਹ ਵਾਸਤੇ ਚੁੱਲ੍ਹੇ ਬਣਾਉਂਦੇ ਅੰਨ ਪਕਾਉਂਦੇ ਤੇ ਮੰਜੇ ਡਾਹਕੇ ਸੌਂਦੇ ਵੀ ਦੇਖੇ ਜਾਂਦੇ ਹਨ। ਪਰ ਉਹ ਕਿਸੇ ਨਾਲ ਝਗੜਾ ਝਾਂਜਾ ਤੇ ਰੌਲਾ ਗੌਲਾ ਨਹੀਂ ਕਰਦੇ। ਜੇ ਕੋਈ ਤੇਜ਼ ਸੁਭਾਅ ਵਾਲਾ ਥੋੜ੍ਹਾ ਬਹੁਤਾ ਬੋਲਦਾ ਵੀ ਹੈ, ਤਾਂ ਉਸ ਦੇ ਨਾਲ ਦੇ ਸਾਥੀ ਰੋਕ ਦਿੰਦੇ ਹਨ ਕਿ ਭਲਿਆ ਲੋਕਾ! ਕਿਉਂ ਝਗੜਦਾ ਹੈਂ ਏਥੋਂ ਕਿਸੇ ਨੇ ਕੁੱਝ ਨਾਲ ਨਹੀਂ ਚੱਕ ਲਿਜਾਣਾ। ਏਹ ਸਮੱਗਰੀ ਤਾਂ ਏਥੇ ਹੀ ਰਹਿ ਜਾਣੀ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਬੜੇ ਕਰੋਧੀ ਪੁਰਸ਼ ਵੀ ਸ਼ਾਂਤ ਹੋ ਜਾਂਦੇ ਹਨ ਅਤੇ ਝਗੜਾ ਛੱਡ ਅਗਾਹਾਂ ਤੁਰਨ ਦੇ ਫ਼ਿਕਰ ਵਿੱਚ ਲੱਗ ਜਾਂਦੇ ਹਨ।

ਇਸੇ ਤਰ੍ਹਾਂ ਸੰਸਾਰ ਭੀ ਇੱਕ ਸਰਾਂ ਹੈ। ਹਰ ਇੱਕ ਮਨੁੱਖ ਆਪਣੀ ਉਮਰ ਰੂਪੀ ਰਾਤ ਕੱਟਣ ਆਇਆ ਹੈ।

ਛਾਡਿ ਵਿਡਾਣੀ ਤਾਤਿ ਮੂੜੇ ॥ ਈਹਾ ਬਸਨਾ ਰਾਤਿ ਮੂੜੇ ॥ (ਰਾਮਕਲੀ ਮਃ ੫ - ੮੮੯)

ਬਾਲਕ ਤੋਂ ਲੈ ਕੇ ਬੁੱਢਾ, ਮੂਰਖ ਤੋਂ ਲੈ ਕੇ ਪੰਡਤ, ਕੰਗਾਲ ਤੋਂ ਲੈ ਕੇ ਬਾਦਸ਼ਾਹ ਤੱਕ ਸਭ ਇਸ ਗੱਲ ਤੋਂ ਜਾਣੂ ਹਨ ਕਿ ਅਸੀਂ ਇੱਕ ਦਿਨ ਏਥੋਂ ਚਲੇ ਜਾਣਾ ਹੈ। ਇਹ ਸਮੱਗਰੀ ਏਥੇ ਹੀ ਪਈ ਰਹਿਣੀ ਹੈ। ਸਾਡੇ ਦੇਖਦਿਆਂ ਕਈ ਚੱਲ ਗਏ ਤੇ ਕਈ ਚਲੇ ਜਾ ਰਹੇ ਹਨ। ਜਦੋਂ ਸਾਡੇ ਪਿਓ ਦਾਦੇ ਭੀ ਏਥੇ ਨਹੀਂ ਰਹੇ, ਤਾਂ ਅਸੀਂ ਕਿੱਥੇ ਰਹਿਣਾ ਹੈ?

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ (ਵਾਰ-ਆਸਾ ਮਃ ੧ - ੪੭੪)

ਪਰ ਇਹ ਕੁਛ ਦੇਖਦਾ ਹੋਇਆ ਭੀ ਮਾਇਆ ਮਦ ਮੱਤਾ ਮਨੁੱਖ ਇਸ ਸਰਾਂ ਵਿੱਚ ਝਗੜਾ ਸ਼ੁਰੂ ਕਰ ਦਿੰਦਾ ਹੈ। ਕਦੀ ਕਹਿੰਦਾ ਹੈ, ਇਹ ਘਰ ਮੇਰਾ ਹੈ। ਇਹ ਸ਼ਹਿਰ ਮੇਰਾ ਹੈ। ਮੈਂ ਫਲਾਨੀ ਜਾਤ ਦਾ, ਮੈਂ ਅਮੁੱਕੇ ਖ਼ਾਨਦਾਨ ਦਾ, ਮੈਂ ਲੋਕਾਂ ਨਾਲੋਂ ਉੱਚਾ, ਚਤੁਰ ਧਨੀ ਤੇ ਗੁਣੀ ਹਾਂ। ਇਸੇ ਮੈਂ ਮੇਰੀ ਦੇ ਰੌਲੇ ਗੌਲੇ ਵਿਰ ਸਫ਼ਰ ਤਿਆਰੀ ਦਾ ਖ਼ਿਆਲ ਵੀ ਲਾਂਭੇ ਰਹਿ ਜਾਂਦਾ ਹੈ ਅਤੇ ਨਾ ਕੁੱਝ ਰਸਤੇ ਦੇ ਖ਼ਰਚ ਦਾ ਉੱਪਰਾਲਾ ਹੀ ਬਣ ਸਕਦਾ ਹੈ। ਜਦ ਉਮਰ ਦੀ ਰਾਤ ਗੁਜ਼ਰੀ, ਕਾਲ ਰੂਪ ਸੂਰਜ ਚੜ੍ਹਿਆ, ਤਿਆਰੀ ਦਾ ਡੰਕਾ ਵੱਜਾ, ਫਿਰ ਪਛੁਤਾਣ ਲੱਗਿਆ।

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ (ਬਾਰਹ ਮਾਹਾ ਮਾਝ ਮਃ ੫ - ੧੩੪)

ਫੇਰ ਉਸ ਅਲਬੇਲੀ ਕੰਨਿਆਂ ਵਾਂਗ ਜਿਸ ਦੇ ਆਪਣੇ ਪੇਕੇ ਘਰ ਦੇ ਦਿਹਾੜੇ ਗੁੱਡੀਆਂ ਪਟੋਲਿਆਂ ਦੀ ਖੇਡ ਵਿੱਚ ਲੰਘਾ ਦਿੱਤੇ, ਸਹੁਰੇ ਜਾਣ ਲਈ ਨਾ ਦਾਜ ਦਹੇਜ ਤੇ ਨਾ ਸ਼ੁਭ ਗੁਣਾਂ ਦੀ ਤਿਆਰੀ ਕੀਤੀ। ਫੇਰ ਪਸ਼ਚਾਤਾਪ ਹੀ ਪੱਲੇ ਰਹਿ ਗਿਆ। ਹੁਣ ਨਾ ਤਾਂ ਜੋੜਿਆ ਹੋਇਆ ਮਾਲ ਧਨ ਹੀ ਸਹਾਈ ਹੋਇਆ ਅਤੇ ਨਾ ਹੀ ਉੱਚੀ ਕੁੱਲ ਦੇ ਅਭਿਮਾਨ ਨੇ ਕੁੱਝ ਮਦਦ ਕੀਤੀ। ਉੱਥੇ ਤਾਂ ਸ਼ੁਭ ਗੁਣਾਂ ਦੀ ਲੋੜ ਸੀ, ਜਾਤ ਬੇਜਾਤ ਦਾ ਕੋਈ ਸਵਾਲ ਨਹੀਂ।

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

(ਵਾਰ-ਆਸਾ ਮਃ ੧ - ੪੬੯)

ਪਰ ਜਿਨ੍ਹਾਂ ਨੇ ਜਗਤ ਰੂਪੀ ਸਰਾਂ ਦੀ ਅਸਲੀਅਤ ਨੂੰ ਸਮਝਿਆ ਅਤੇ ਚੱਲਣ ਦੀ ਤਿਆਰੀ ਵਿੱਚ ਰਹੇ, ਉਨ੍ਹਾਂ ਨੇ

ਏਥੇ ਕਦੇ ਦਾਹਵੇ ਨਹੀਂ ਬੰਨੇ। ਉਹੋ ਹੀ ਅਸਲੀ ਗੁਰਮੁਖ ਮਹਾਂਪੁਰਸ਼ ਤੇ ਗੁਰਸਿੱਖ ਹਨ ਜੋ ਪ੍ਰਲੋਕ ਦਾ ਤੋਸਾ ਜਮਾਂ ਕਰਦੇ ਹਨ ਤੇ ਗੁਰੂ ਦੇ ਸਨਮੁਖ ਸੁਰਖਰੂ ਹੋ ਕੇ ਆਪਣੇ ਅਸਲੀ ਘਰ ਨੂੰ ਜਾਂਦੇ ਹਨ।

ਸ. ਨਛੱਤਰ ਸਿੰਘ ਰੌਣੀ ਤੇ ਬਖ਼ਸ਼ਿਸ਼

ਜਿਸ ਸਮੇਂ ੯-੧੦-੫੮ ਨੂੰ ਹਜ਼ੂਰ ਕੋਕਾ ਕੋਲਾ ਵਾਲੇ ਸ. ਮੋਹਨ ਸਿੰਘ ਦੀ ਕੋਠੀ ਹਨੂੰਮਾਨ ਰੋਡ ਸਵੇਰ ਦੇ ਵਕਤ ਕੁਰਸੀ ਤੇ ਸਜੇ ਆਮ ਸੰਗਤ ਨੂੰ ਦਰਸ਼ਨ ਬਖ਼ਸ਼ ਰਹੇ ਸਨ, ਉਸ ਵਕਤ ਸ. ਨਛੱਤਰ ਸਿੰਘ ਰੌਣੀ ਦੀ ਵੱਡੀ ਲੜਕੀ ਸਵਿੰਦਰ ਕੌਰ ਕਿਸੇ ਦੇ ਬੱਚੇ ਨੂੰ ਆਪਣੀ ਗੋਦ ਵਿੱਚ ਚੁੱਕੀ ਹਜ਼ੂਰ ਦੇ ਸਾਹਮਣੇ ਖੜੀ ਸੀ। ਦਾਤੇ ਨੇ ਮੁਸਕਰਾ ਕੇ ਆਖਿਆ ਇਹ ਨਿਰੰਜਨ ਕੌਰ ਦਾ ਕਾਕਾ ਹੈ? ਉਸ ਨੇ ਅਰਜ਼ ਕੀਤੀ ਨਹੀਂ ਹਜ਼ੂਰ! ਇਹ ਤਾਂ ਕਿਸੇ ਹੋਰ ਦਾ ਬੱਚਾ ਹੈ। ਉਸ ਸਮੇਂ ਮੇਹਰਬਾਨ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਬਚਨ ਕੀਤਾ ਭਾਈ! ਕਰਤਾਰ ਤੁਹਾਡੇ ਘਰ ਵੀ ਲੜਕਾ ਦੇਵੇਗਾ। ਠੀਕ ਉਸ ਦਿਨ ਤੋਂ ਇੱਕ ਸਾਲ ਬਾਅਦ ੯-੧੦-੫੯ ਨੂੰ ਬੱਚੇ ਦਾ ਜਨਮ ਹੋਇਆ। ਨਾਮ ਵੀ ਦਾਤੇ ਨੇ ਕੋਕਾ ਕੋਲਾ ਵਾਲੇ ਸ. ਮੋਹਨ ਸਿੰਘ ਦੀ ਕੋਠੀ ਬੈਠਿਆਂ (ਜਦੋਂ ਕਿ ਇਹ ਛੇ ਮਹੀਨਿਆਂ ਦਾ ਸੀ) ਬ੍ਰਹਮ ਦਿਆਲ ਸਿੰਘ ਰੱਖਿਆ।

ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀ ਮੰਜੀ ਸਾਹਿਬ ਦਾ ਨੀਂਹ ਪੱਥਰ ਰੱਖਣਾ

ਜਦੋਂ ਸ੍ਰੀ ਦਮਦਮੇ ਸਾਹਿਬ ਗੁਰੂ ਕੀ ਕਾਂਸ਼ੀਂ ਬਿਹੰਗਮ ਸੰਗਤ ਨੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ੯ ਦੀ ਸਰੋਵਰ ਦੇ ਕੰਢੇ ੧੬-੧੧-੫੮ ਮੁਤਾਬਕ ੧ ਮੱਘਰ ੨੦੧੫ ਬਿਕ੍ਰਮੀ ਸੰਮਤ ਦਿਨ ਐਤਵਾਰ ਨੂੰ ਨੀਂਹ ਰੱਖੀ ਤਾਂ ਉਸ ਸਮੇਂ ਆਪ ਜੀ ਨੂੰ ਪੰਜ ਪਿਆਰਿਆਂ ਵਿੱਚ ਸ਼ਾਮਲ ਹੋਣ ਵਾਸਤੇ ਬਿਨੈ ਪਤ੍ਰਕਾ ਲਿਖ ਸਮੂਹ ਸੰਗਤ ਵੱਲੋਂ ਇੱਕ ਸਿੰਘ ਭੇਜਿਆ। ਆਪ ਜੀ ਨੇ ਗੁਰ ਸੰਗਤ ਦੀ ਬੇਨਤੀ ਪ੍ਰਵਾਨ ਕਰ ਕੁੱਝ ਕੁ ਪ੍ਰੇਮੀਆਂ ਸਮੇਤ ਸਟੇਸ਼ਨ ਵੈਗਨ ਗੱਡੀ ਵਿੱਚ ਗੁਰੂ ਕਾਂਸ਼ੀ ਨੂੰ ਚਾਲੇ ਪਾ ਦਿੱਤੇ। ਇਸ ਤੋਂ ਪਹਿਲਾਂ ੧੯੨੬ ਈ. ਦੀ ਵੈਸਾਖੀ ਨੂੰ ਸੰਤ ਬਾਬਾ ਅਤਰ ਸਿੰਘ ਜੀ ਨਾਲ ਸੰਤ ਮਸਤੂਆਣੇ ਵਾਲਿਆਂ ਦੇ ਸਰੀਰ ਸਮੇਂ ਆਏ ਸਨ। ਤੀਹ ਸਾਲਾਂ ਬਾਅਦ ਫੇਰ ਆਏ।

ਬਿਹੰਗਮ ਸੰਗਤ ਨੇ ਬੜਾ ਸਤਿਕਾਰ ਕੀਤਾ। ਕਾਫ਼ੀ ਮਾਇਆ ਆਪ ਜੀ ਨੇ ਆਪਣੇ ਕਰ ਕਮਲਾਂ ਨਾਲ ਪੰਜਾਂ ਪਿਆਰਿਆ ਵਿੱਚ ਸ਼ਾਮਲ ਹੋ ਕੇ ਪੰਜ ਇੱਟਾਂ ਰੱਖ ਸੇਵਾ ਵਾਸਤੇ ਦਿੱਤੀ। ਰਾਤ ਦੇ ਸਮੇਂ ਡੇਢ ਘੰਟਾ ਕੀਰਤਨ ਕੀਤਾ। ਦੂਸਰੇ ਦਿਨ ਸਵੇਰੇ ਇਸ਼ਨਾਨ ਆਦਿ ਕ੍ਰਿਆ ਤੋਂ ਬਾਅਦ ਜਲ ਪਾਣੀ ਛਕ ਚਾਲੇ ਪਾ ਦਿੱਤੇ। ਰਸਤੇ ਵਿੱਚ ਸੰਤ ਤੇਜਾ ਸਿੰਘ ਜੀ ਡਬਲ ਐਮ. ਏ. ਨੇ ਚੀਮੇ ਨਗਰ ਰੋਕ ਲਏ। ਉਸ ਜਗ੍ਹਾ ਚਾਹ ਪਾਣੀ ਛਕ ਕੇ ਸ਼ਾਮੀ ਧਭਲਾਨ ਪੁੱਜੇ। ਕੁੱਝ ਕੁ ਸਾਲਾਂ ਤੋਂ ਬਾਅਦ ਸੰਤ ਸਮਾਜ ਵੱਲੋਂ ਰੱਖੀ ਗਈ ਮੀਟਿੰਗ ਤੇ (ਜਿਸ ਦੇ ਆਪ ਸਮੁਚੇ ਸੰਤ ਸਮਾਜ ਵਲੋਂ ਪ੍ਰਧਾਨ ਸਨ) ਦਮਦਮੇ ਸਾਹਿਬ ਗਏ ਸਨ।

ਪਟਿਆਲੇ ਦੇ ਦੀਵਾਨ

ਡਾਕਟਰ ਬੀਬੀ ਦਲੀਪ ਕੌਰ ਪਟਿਆਲਾ ਦੀ ਬੇਨਤੀ ਮੰਨ ਦਿੱਲੀ ਨੂੰ ਜਾਂਦਿਆਂ ੧੯੬੦ ਵਿੱਚ ਸੰਤ ਜੀ ਮਹਾਰਾਜ ਨੇ ਇਸ ਦੀ ਕੋਠੀ ਚਰਨ ਪਾਏ। ਇਨ੍ਹਾਂ ਨੇ ਦੀਵਾਨਾਂ ਵਾਸਤੇ ਅਰਜ਼ ਕੀਤੀ। ਮੇਹਰਬਾਨ ਨੇ ਕ੍ਰਿਪਾ ਕੀਤੀ। ਸਭ ਤੋਂ ਪਹਿਲਾਂ ਜਨਵਰੀ ੧੯੬੦ ਵਿੱਚ ੨੧ ਦੀਵਾਨ ਬਖ਼ਸ਼ੇ, ਜੋ ਕੋਠੀ ਦੇ ਨਾਲ ਦੇ ਪਲਾਟ ਵਿੱਚ ਸਾਇਬਾਨ ਲਗਾ ਕੇ ਸ਼ੁਰੂ ਕੀਤੇ। ਕਾਫ਼ੀ ਇਕੱਠ ਜੁੜਦਾ ਰਿਹਾ। ਅੰਮ੍ਰਿਤ ਪ੍ਰਚਾਰ ਵੀ ਕੀਤਾ। ਅਗਲੇ ਸਾਲ ਦੂਜੀ ਵਾਰ ਫੇਰ ੧੮ ਦੀਵਾਨ ਬਖ਼ਸ਼ੇ ਪਰ ਇਨ੍ਹਾਂ ਵਿੱਚੋਂ ਕੁੱਝ ਉਸੇ ਪਲਾਟ ਵਿੱਚ ਤੇ ਕੁੱਝ ਸਿੰਘ ਸਭਾ ਗੁਰਦੁਆਰੇ ਸਜਾਏ। ੧੯੬੨ ਵਿੱਚ ਫੇਰ ਦਸ ਦੀਵਾਨ ਬਖ਼ਸ਼ੇ ਜਿਨ੍ਹਾਂ ਨੂੰ ਸੁਣ ਕੇ ਕਈ ਕੁ ਸੱਜਣ ਤਾਂ ਖ਼ਾਸ ਹੀ ਪੇਰ੍ਮੀ ਬਣ ਗਏ।

ਸੰਤ ਜੀ ਮਹਾਰਾਜ ਨੇ ਦੀਵਾਨ ਵਿਖੇ ਨਿਮਨ ਲਿਖਤ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਸੂਰਜ ਦੀ ਚਾਲ ਕਰ ਕੇ ਜੋ ਰੁੱਤਾਂ ਦਾ ਚੱਕਰ ਫਿਰਦਾ ਹੈ ਉਸ ਨਾਲ ਸਾਡੇ ਦੇਸ਼ ਦੀ ਗਰਮੀ ਖ਼ਾਸ ਤੌਰ ਤੇ ਬਹੁਤ ਤੇਜ਼ ਹੋ ਜਾਂਦੀ ਹੈ। ਗ਼ਰੀਬ ਤੇ ਅਮੀਰ ਆਪੋ ਆਪਣੀ ਹੈਸੀਅਤ ਅਨੁਸਾਰ ਇਸ ਤੋਂ ਬਚਨ ਦਾ ਯਤਨ ਕਰਦੇ ਹਨ। ਕਿਸੇ ਦਾ ਜ਼ੋਰ ਪੱਖੇ ਤੇ ਹੈ, ਕੋਈ ਬ੍ਰਿਛ ਹੇਠਾਂ ਬੈਠਦਾ ਹੈ। ਕਿਸੇ ਨੇ ਗੁਫ਼ਾ ਵਿੱਚ ਆਸਨ ਲਾਇਆ ਹੈ ਤੇ ਕਈ ਪਹਾੜੀ ਇਲਾਕਿਆਂ ਵਿੱਚ ਚਲੇ ਜਾਂਦੇ ਹਨ। ਇੱਕ ਨੇ ਮੱਥੇ ਤੇ ਚੰਦਨ ਲਾਯਾ ਹੈ ਤੇ ਦੂਸਰਾ ਚਾਂਦਨੀ ਰਾਤ ਵਿੱਚ ਚੰਦਰਮਾ ਦੀਆਂ ਕਿਰਨਾਂ ਦੀ ਠੰਢੀ ਰੌਸ਼ਨੀ ਨਾਲ ਆਪਣੇ ਨੈਣ ਕਟੋਰੇ ਭਰ ਰਿਹਾ ਹੈ। ਗੱਲ ਕੀ ਤਰ੍ਹਾਂ ਤਰ੍ਹਾਂ ਦੇ ਯਤਨ ਕਰ ਕੇ ਮਨੁੱਖ ਇਸ ਮਾਦੀ ਗ਼ਰਮੀ ਤੋਂ ਬਚਣ ਦੇ ਉਪਾਵਾਂ ਵਿੱਚ ਲੱਗੇ ਹਨ। ਪਰ ਬਹੁਤ ਵਿਰਲੇ ਉਹ ਹਨ ਜਿਨ੍ਹਾਂ ਨੇ ਉਸ ਅੰਦਰਲੀ ਗ਼ਰਮੀ ਤੋਂ ਬਚਣ ਦਾ ਵੀ ਯਤਨ ਕੀਤਾ ਹੈ, ਜੇਹੜੀ ਕਿ ਇਸ ਸਰੀਰਕ ਗ਼ਰਮੀ ਨਾਲੋਂ ਬਹੁਤ ਪ੍ਰਬਲ ਹੈ। ਜਿਸ ਤੋਂ ਅਫਰੀਕਾ ਦੇ ਗ਼ਰਮ ਰੇਗਿਸਤਾਨ ਵਿੱਚ ਖਜ਼ੂਰ ਥੱਲੇ ਬੈਠਾ ਹੋਇਆ ਹਬਸ਼ੀ ਵੀ ਜਿਸ ਤਰ੍ਹਾਂ ਦੁੱਖ ਪਾ ਰਿਹਾ ਹੈ ਉਸੇ ਤਰ੍ਹਾਂ ਹੀ ਇੰਦਰ

ਲੋਕ ਵਿੱਚ ਬੈਠਾ ਹੋਇਆ ਅਪਛਰਾਂ ਦੇ ਨਾਚ ਨੂੰ ਵੇਖਦਾ ਤੇ ਗੰਧਰਬਾਂ ਦੇ ਗਾਇਨ ਸੁਣਦਾ ਹੋਇਆ ਇੱਕ ਦੇਵਤਾ ਵੀ ਦੁਖੀ ਹੈ। ਉਹ ਮਾਨਸਕਿ ਤਪਸ਼ ਹੈ। ਜਿਸ ਨੇ ਸਵਾਏ ਰਬੀ ਬੰਦੇ ਨਾਮ ਰਸੀਏ ਮਹਾਂਪੁਰਸ਼ਾਂ ਤੋਂ ਹੋਰ ਤਿੰਨਾਂ ਲੋਕਾਂ ਦੇ ਜੀਵਾਂ ਜੰਤਾਂ ਨੂੰ ਗ੍ਰਸਿਆ ਹੈ। ਉਹ ਘਾਮ ਦਾ ਅਸਰ ਵੀ ਬਹੁਤ ਤੇਜ਼ ਹੈ, ਜੋ ਕਿਸੇ ਸੰਸਾਰਕ ਯਤਨ ਦੇ ਕੀਤਿਆਂ ਉਸ ਨਾਲ ਨਹੀਂ ਘਟਦਾ।

ਯਥਾ: ***ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ ॥*** (ਵਾਰ-ਜੈਤਸਰੀ ਮਃ ੫ - ੭੦੯)

ਪਰ ਉਹ ਗ਼ਰਮੀ ਸੂਰਜ ਦੀ ਚਾਲ ਤੇ ਰੁੱਤਾਂ ਦੇ ਭੇਦ ਨਾਲ ਨਹੀਂ ਪੈਦਾ ਹੁੰਦੀ, ਸਗੋਂ ਉਹ ਮਾਨਸਿਕ ਚੱਕਰਾਂ ਨਾਲ ਹੀ ਪੈਦਾ ਹੁੰਦੀ ਹੈ। ਜਦ ਸੁਰਤ ਆਪੇ ਤੋਂ ਟੁੱਟ ਬਾਹਰ ਨਿਕਲੀ ਤਾਂ ਵਿਕਾਰਾਂ ਦੇ ਦਗ ਦਗ ਕਰ ਕੇ ਅੰਗਾਰਾਂ ਨੂੰ ਲਾਲ ਸਮਝ ਫੜਨ ਲੱਗੀ। ਜਦੋਂ ਤੋਂ ਇਹ ਦਾਵਾਨਲ ਪ੍ਰਜ੍ਵਲਤ ਹੋਈ, ਤਦ ਤੋਂ ਇਹ ਸੇਕ ਔਣ ਲੱਗਾ। ਮਾਨਸਿਕ ਰੁੱਤਾਂ ਦਾ ਬਿਆਨ ਕਰਦਿਆਂ ਸਤਿਗੁਰਾਂ ਨੇ ਫੁਰਮਾਇਆ ਹੈ:

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ (ਬਾਰਹ ਮਾਹਾ ਮਾਝ ਮਃ ੫ - ੧੩੪)

ਸੋ ਇਹ ਅਗਨੀ ਕੇਵਲ ਮਨੁੱਖਾਂ ਨੂੰ ਹੀ ਨਹੀਂ ਜਲਾ ਰਹੀ ਬਲਕਿ ਗੰਧਰਬ, ਦੇਵਤਿਆਂ ਨੂੰ ਵੀ ਦਾਹ ਕਰ ਰਹੀ ਹੈ।

ਜਿਹ ਪਾਵਕ ਸੁਰਿ ਨਰ ਹੈ ਜਾਰੇ ॥ ਰਾਮ ਉਦਕਿ ਜਨ ਜਲਤ ਉਬਾਰੇ ॥੨॥

(ਗਉੜੀ ਗੁਆਰੇਰੀ ਭਗਤ ਕਬੀਰ ਜੀ - ੩੨੩)

ਸੋ ਇਸ ਦਾ ਰੋਕ ਤੇ ਇਲਾਜ ਹੈ, ਪ੍ਰਭੂ ਭਗਤੀ।

ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥ (ਵਾਰ-ਜੈਤਸਰੀ ਮਃ ੫ - ੭੦੯)

ਅਤੇ ਸਤਪੁਰਸ਼ਾਂ ਦੀ ਸੰਗਤ, ਜੋ ਇਸ ਅਗਨੀ ਤੋਂ ਬਚੇ ਹਨ:

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥ (ਆਸਾ ਮਃ ੫ - ੩੮੪)

ਫੇਰ ਆਪ ਜੀ ਪਾਸੋਂ ਕਿਲ੍ਹਾ ਮੁਬਾਰਕ ਵਿੱਚ ਪੰਜ ਦੀਵਾਨਾਂ ਦਾ ਸਮਾਂ ਲੈ ਗਏ। ਕਿਲ੍ਹੇ ਦੀ ਡਿਓਢੀ ਦੇ ਅੰਦਰ ਸੁੰਦਰ ਸਟੇਜ ਬਣਾਈ ਸੀ। ਏਥੇ ਸ਼ਹਿਰ ਦੀ ਸੰਗਤ ਕਾਫ਼ੀ ਜੁੜਦੀ। ਫੇਰ ਤਾਂ ਹਰੇਕ ਸਾਲ ਹੀ ਪਟਿਆਲੇ ਦੀ ਸੰਗਤ ਨੂੰ ਦੀਵਾਨਾਂ ਦਾ ਸਮਾਂ ਮਿਲ ਜਾਂਦਾ ਰਿਹਾ। ਇੱਕ ਸਾਲ ਮੋਦੀ ਕਾਲਜ ਵਾਲੀ ਜਗ੍ਹਾ ਲਗੇ, ਫੇਰ ਕਈ ਸਾਲ ਅਮਰ ਆਸ਼ਰਮ ਵਿੱਚ ਲੱਗਦੇ ਰਹੇ, ਜਿਨ੍ਹਾਂ ਵਿੱਚ ਸ਼ਹਿਰ ਦੀ ਸੰਗਤ ਨਾਲ ਮਿਲ ਕੇ ਸ. ਕਰਨੈਲ ਸਿੰਘ ਜ਼ੁੰਮੇਂਵਾਰੀ ਸੰਭਾਲਦਾ ਸੀ। ਬਾਅਦ ਵਿੱਚ ਖੁਦ ਆਪ ਹੀ ਰੇਲਵੇ ਸਟੇਸ਼ਨ ਕੋਲ ਰਾਜਪੁਰਾ ਕਾਲੋਨੀ ਵਿਖੇ ਹਜ਼ੂਰ ਦਾ ਕੀਰਤਨ ਕਰਵਾਉਂਦਾ ਰਿਹਾ। ਹੋਰ ਵੀ ਸ਼ਹਿਰ ਦੇ ਪ੍ਰੇਮੀ ਨਾਲ ਮਿਲ ਜਾਂਦੇ। ਰਾਮਗੜ੍ਹੀਏ ਸੱਜਣਾਂ ਦੀ ਸੇਵਾ, ਅਜ਼ਾਦ ਸੇਵਾ ਦਲ, ਸ. ਭਗਤ ਸਿੰਘ ਤੇ ਹੋਰ ਸੰਤ ਜੀ ਮਹਾਰਾਜ ਦੇ ਅਨਿੰਨ ਸੇਵਕ ਜਿਨ੍ਹਾਂ ਵਿੱਚੋਂ ਕਈ ਹਮਜਮਾਤੀ; ਜੇਹਾ ਕਿ ਸ. ਜਸਵੰਤ ਸਿੰਘ ਕਰਨਲ, ਸ. ਗੁਰਨਾਮ ਸਿੰਘ ਇਤਿਆਦਿਕ ਹੋਰ ਵੀ ਹੁੰਦੇ, ਪਰ ਸਨ ਪੂਰਨ ਸ਼ਰਧਾਲੂ। ਆਮ ਸ਼ਹਿਰ ਦੀ ਸੰਗਤ ਤੇ ਨਗਰਾਂ ਵਿੱਚੋਂ ਪ੍ਰੇਮੀ ਵੀ ਪੁੱਜ ਦੇ। ਹਰੇਕ ਦੀਵਾਨ ਸਮੇਂ ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਤੇ ਗੁਰੂ ਕਾ ਅਤੁੱਟ ਲੰਗਰ ਚੱਲਦਾ। ਪ੍ਰੇਮੀਆਂ ਦੇ ਘਰਾਂ ਵਿੱਚ ਚਰਨ ਪਾਉਂਦੇ।

ਸ. ਗਜਨ ਸਿੰਘ ਖੇੜੀ ੧੯੪੭ ਈ. ਵਿੱਚ ਪਟਿਆਲੇ ੨੨ ਨੰ: ਫਾਟਕ ਦੇ ਕੋਲ ਆਪਣੀ ਕੋਠੀ ਵਿੱਚ ਆ ਗਿਆ ਤੇ ਉੱਥੇ ਦਾਤੇ ਦੇ ਚਰਨ ਪਵਾਏ ਹਨ। ਸ. ਗਜਨ ਸਿੰਘ ਨੇ ਸਭ ਤੋਂ ਪਹਿਲਾਂ ਪਟਿਆਲੇ ਬੀਬੀ ਦਲੀਪ ਕੌਰ ਦੀ ਕੋਠੀ ਦੀਵਾਨ ਸੁਣੇ ਸਨ। ਉਸ ਸਮੇਂ ਬੜੀ ਸ਼ਰਧਾ ਆਈ। ੧੯੬੨ ਈ. ਫਰਵਰੀ ਨੂੰ ਉਸ ਦਾ ਅੰਤ ਸਮਾਂ ਆ ਗਿਆ। ੧੯੬੨ ਦੀ ਮਾਰਚ ਨੂੰ ਸ. ਗੁਰਬਖਸ਼ ਸਿੰਘ ਨੇ ਫੀਅਟ ਗੱਡੀ ਦੀ ਅਰਦਾਸ ਕਰਵਾਈ। ਸ. ਗੁਰਬਖਸ਼ ਸਿੰਘ, ਬੀਬੀ ਗੋਬਿੰਦ ਕੌਰ, ਮਾਤਾ ਸ਼ਾਮ ਕੌਰ ਤੇ ਕਾਕਾ ਹਿੰਮਤ ਸਿੰਘ ਜੀ ਸੰਤ ਜੀ ਮਹਾਰਾਜ ਤੇ ਅਤੁੱਟ ਭਾਵਨਾ ਰੱਖਣ ਵਾਲੇ ਗੁਰਮੁਖ ਹਨ।

ਸ. ਭਗਤ ਸਿੰਘ ਪਟਿਆਲਾ

੧੯੫੪ ਈ. ਨੂੰ ਇਨ੍ਹਾਂ ਦੀ ਕੋਠੀ ਵਿਖੇ ਕਈ ਵਾਰ ਹਜ਼ੂਰ ਦੇ ਪਵਿੱਤਰ ਚਰਨ ਪਏ ਹਨ। ਸ. ਭਗਤ ਸਿੰਘ ਜੀ ਅਤੇ ਇਨ੍ਹਾਂ ਦੇ ਘਰੋਂ ਬੀਬੀ ਮਹਿੰਦਰ ਕੌਰ ਗੁਰੂ ਘਰ ਦੇ ਨਿਰਮਾਨ ਸੇਵਾਦਾਰ ਹਨ। ਸੰਤ ਜੀ ਮਹਾਰਾਜ ਦਾ ਪਹਿਲੀ ਵਾਰ ੧੯੫੨ ਈ. ਵਿੱਚ ਰਾਜਪੁਰਾ ਕਾਲੋਨੀ ਪਟਿਆਲੇ ਦੀਵਾਨ ਸੁਣਿਆ।

੧੯੬੪ ਈ. ਦੇ ਵੈਸਾਖ ਮਹੀਨੇ ਦੀ ਦਸਵੀਂ ਦੇ ਪੁਰਬ ਤੇ ਧਭਲਾਨ ਜਾਣ ਲਈ ਹਜ਼ੂਰ ਨੇ ਕਰਮਸਰ ਦੀ ਪਾਵਨ

ਧਰਤੀ ਤੋਂ ਆਪਣੀ ਤਿਆਰੀ ਕੀਤੀ। ਜਿਸ ਵਕਤ ਸੰਤ ਜੀ ਮਹਾਰਾਜ ਦੇ ਮੁਬਾਰਕ ਚਰਨਾਂ ਦੀ ਛੂਹ ਜੜ੍ਹ ਗੱਡੀ ਨੂੰ ਪ੍ਰਾਪਤ ਹੋਈ ਉਹ ਵੀ ਆਪਣੇ ਪ੍ਰੀਤਮ ਦੇ ਦੀਦਾਰ ਦੀ ਉਡੀਕ ਵਿੱਚ ਖੜੀ ਚੇਤਨਤਾ ਵਿਖੇ ਆ ਗਈ। ਗੱਡੀ ਦੇ ਡਰਾਈਵਰ ਸਮੇਤ ਹੋਰ ਵੀ ਨਾਲ ਦੇ ਸਾਥੀ ਸਿੰਘ ਸੰਤ ਜੀ ਮਹਾਰਾਜ ਨੂੰ ਨਮਸ਼ਕਾਰ ਕਰ ਕੇ ਗੱਡੀ ਵਿੱਚ ਆਪੋ ਆਪਣੀ ਜਗ੍ਹਾ ਤੇ ਆ ਸਜੇ। ਭਾਈ ਹਜ਼ੂਰਾ ਸਿੰਘ ਡਰਾਇਵਰ ਨੇ ਕਾਰ ਦਾ ਹੌਰਨ ਦਬਾਇਆ ਉਹ ਬੇ ਜ਼ੁਬਾਨ ਗੱਡੀ ਇੱਕ ਦਮ ਅਵਾਜ਼ ਦੇ ਕੇ ਪਛੜੇ ਹੋਏ ਪ੍ਰੇਮੀਆਂ ਨੂੰ ਸੱਦਣ ਲੱਗੀ। ਓਸ ਸਮੇਂ ਹਜ਼ੂਰ ਦੇ ਚਰਨਾਂ ਦਾ ਨਿਕਟਵਰਤੀ ਸੇਵਕ ਬਾਬੂ ਰਲਾ ਸਿੰਘ ਨੇ (ਜੋ ਭੋਰੇ ਅੰਦਰ ਹੀ ਸਮਾਨ ਦੀ ਸੇਵਾ ਸੰਭਾਲ ਵਿੱਚ ਲੱਗਾ ਸੀ) ਹੌਰਨ ਦੀ ਅਵਾਜ਼ ਵੱਲ ਧਿਆਨ ਨਾ ਦਿੱਤਾ। ਬੇਪ੍ਰਵਾਹ ਦਾਤੇ ਨੇ ਹੌਰਨ ਦੀ ਤੀਸਰੀ ਆਵਾਜ਼ ਨਾਲ ਗੱਡੀ ਨੂੰ ਤੋਰ ਲੈਣ ਦਾ ਇਸ਼ਾਰਾ ਕੀਤਾ। ਉਹ ਆਪਣੇ ਮਾਲਕ ਦਾ ਹੁਕਮ ਮੰਨ ਕੇ ਭਗਵਾਨ ਰਾਮਚੰਦ੍ਰ ਜੀ ਦੇ ਅਕਾਸ਼ ਚਾਰੀ ਪੁਸ਼ਪ ਬਿਬਾਨ ਦੇ ਸਮਾਨ ਹਵਾ ਨੂੰ ਪਿੱਛੇ ਛੱਡਦੀ ਹੋਈ ਅਤੇ ਆਪਣੇ ਚੱਕਿਆਂ ਨਾਲ ਫਰਸ਼ ਦੀ ਧਰਤੀ ਨੂੰ ਮਿਣਦੀ ਹੋਈ ਨਹਿਰ ਦੇ ਕੰਢੇ ਜਾ ਚੜ੍ਹੀ। ਪਤਾ ਨਹੀਂ ਕਦੋਂ ਪਾਇਲ, ਖੰਨਾ, ਸਰਹੰਦ ਤੇ ਰਾਜਪੁਰਾ ਲੰਘ ਕੇ ਜੀ. ਟੀ. ਰੋਡ ਦੀ ਛਾਤੀ ਨੂੰ ਚੀਰਦੀ ਬਹਾਦਰਗੜ੍ਹ ਕਿਲ੍ਹੇ ਦੇ ਕੋਲ ਦੀ ਪਟਿਆਲੇ ਦੇ ਰੇਲਵੇ ਸਟੇਸ਼ਨ ਮੂਹਰੇ ਚਲੀ ਗਈ। ਤਾਂ ਉਸ ਸਮੇਂ ਅਚਾਨਕ ਹੀ ਡਰਾਈਵਰ ਦਾ ਚੱਲ ਰਹੀ ਗੱਡੀ ਦੇ ਤੇਲ ਦੱਸਣ ਵਾਲੀ ਸੂਈ ਵੱਲ ਧਿਆਨ ਗਿਆ, ਜੋ ਇਤਨਾ ਸਫ਼ਰ ਮੁਕਾ ਕੇ ਮੰਜ਼ਲ ਤੇ ਪਹੁੰਚਣ ਲਈ ਆਪਣੀ ਖ਼ੁਰਾਕ ਮੰਗਦੀ ਸੀ। ਇਸ ਤੋਂ ਸਾਫ਼ ਪ੍ਰਤੀਤ ਹੁੰਦਾ ਹੈ ਕਿ ਮਨੁੱਖੀ ਸੁਭਾਓ ਵਾਂਗੂ ਇਸ ਨੂੰ ਵੀ ਭੁੱਖ ਪਿਆਸ ਲੱਗਦੀ ਹੈ। ਇਸ ਦਾ ਪੇਟ ਖਾਲੀ ਜਾਣ ਕੇ ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕੀਤੀ, "ਗ਼ਰੀਬ ਨਿਵਾਜ਼। ਗੱਡੀ ਵਿੱਚ ਤੇਲ ਪਵਾਉਣਾ ਸੀ ਪਰ ਬਾਬੂ ਜੀ ਨਾਲ ਨਹੀਂ ਆਏ ਕੀ ਹੁਕਮ ਹੈ?" ਮੇਰੇ ਅਰਸ਼ੀ ਦਾਤਾ ਕਿਸੇ ਲਈ ਬਖ਼ਸ਼ਿਸ਼ ਦੇ ਬੂਹੇ ਖੋਲ੍ਹਦੇ ਹੋਏ ਮੁਸਕਰਾ ਕੇ ਬੋਲੇ, "ਕੋਈ ਗੱਲ ਨਹੀਂ ਟੈਂਕੀ ਫ਼ੁੱਲ ਕਰਵਾ ਲੈ। ਪੈਸੇ ਆ ਕੇ ਦੇ ਜਾਂਵੀ।" ਬੇਨਤੀ ਕਰਨ ਲੱਗਿਆ ਇਹ ਵੀ ਖ਼ਿਆਲ ਨਾ ਕਰਿਆ ਕਿ ਭੰਡਾਰਿਆਂ ਦਾ ਮਾਲਕ ਤਾਂ ਸੱਜੇ ਪਾਸੇ ਨਾਲ ਬੈਠਾ ਹੈ ਹੋਰ ਕਿਸ ਦੀ ਉਡੀਕ ਤੇ ਲੋੜ ਹੈ? ਸ. ਭਗਤ ਸਿੰਘ ਦੇ ਪਟਰੌਲ ਪੰਪ (ਸਰਵਿਸ ਸਟੇਸ਼ਨ) ਮਾਲ ਰੋਡ ਦੇ ਸਾਹਮਣੇ ਗੱਡੀ ਰੁਕੀ। ਸ. ਭਗਤ ਸਿੰਘ ਅਤੇ ਉਸ ਦਾ ਵੱਡਾ ਕਾਕਾ ਸਾਹਮਣੇ ਆਏ। ਗੱਡੀ 'ਚ ਬੈਠੇ ਪ੍ਰੀਤਮ ਦਾ ਦੀਦਾਰ ਕੀਤਾ। ਪਾਵਨ ਚਰਨਾਂ ਦੀ ਛੂਹ ਪ੍ਰਾਪਤ ਹੋਈ। ਭਾਵੇਂ ਦਰਸ਼ਨ ਤਾਂ ਕਈ ਵਾਰ ਅੱਗੇ ਵੀ ਹੋਏ ਸਨ ਪਰ ਅੱਜ ਪਹਿਲਾ ਦਿਨ ਹੈ ਖਬਰੇ ਕਿਸ ਪੁੰਨਾਂ ਦਾ ਫ਼ਲ! ਇਨ੍ਹਾਂ ਦੇ ਮਨ ਵਿੱਚ ਇਤਨਾ ਅਸਰ ਹੋਇਆ, ਅਮਿੱਟ ਖ਼ੁਸ਼ੀ ਦੇ ਕਾਰਣ ਦਾ ਪਤਾ ਨਾ ਲੱਗੇ। ਤੇਲ ਨਾਲ ਪੇਟ ਭਰਕੇ ਗੱਡੀ ਨੇ ਸੰਗਰੂਰ ਰੋਡ ਵਲ ਮੂੰਹ ਕੀਤਾ ਅਤੇ ਧਭਲਾਨ ਪਹੁੰਚ ਗਈ। ਇਨ੍ਹਾਂ ਨੂੰ ਉਸ ਦਿਨ ਕਾਫ਼ੀ ਮਾਇਆ ਦੀ ਲੋੜ ਸੀ ਪਰ ਕਿਤੋਂ ਮਿਲ ਨਹੀਂ ਸੀ ਰਹੀ। ਪਰ ਜਦੋਂ ਸੰਤ ਜੀ ਮਹਾਰਾਜ ਦੀ ਗੱਡੀ ਵਿੱਚ ਤੇਲ ਪਾਇਆ ਉਸ ਤੋਂ ਪੰਦਰਾਂ ਮਿੰਟ ਬਾਅਦ ਇੱਕ ਦਮ ਰੁਕੀ ਹੋਈ (ਬਲਕਿ ਜੇਕਰ ਮਰੀ ਹੋਈ ਆਖੀ ਜਾਵੇ, ਇਹ ਵੀ ਗੱਲ ਠੀਕ ਹੋਵੇਗੀ) ਮਾਇਆ ਜਿਸ ਦੇ ਮਿਲਣ ਦੀ ਕੋਈ ਆਸ ਉਮੀਦ ਨਹੀਂ ਸੀ, ਇੱਕ ਲੱਖ ਅੱਸੀ ਹਜ਼ਾਰ ਰੁਪਿਆ ਆਪਣੇ ਆਪ ਹੀ ਆ ਕੇ ਦੇ ਗਏ। ਬਸ! ਫੇਰ ਤਾਂ ਲਹਿਰ ਬਹਿਰ ਲੱਗ ਗਈ ਅਤੇ ਦਾਤੇ ਦੇ ਚਰਨਾਂ ਤੇ ਮਨ ਵਿੱਚ ਪੂਰਨ ਨਿਸ਼ਚਾ ਹੋ ਗਿਆ ਕਿ ਇਹ ਤਾਂ ਸਾਰੀ ਕ੍ਰਿਪਾ ਤੇ ਬਖ਼ਸ਼ਿਸ਼ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਅਤੇ ਸੇਵਾ ਕਰਨ ਦੀ ਹੀ ਹੈ।

ਉਸੇ ਦਿਨ ਸ਼ਾਮ ਨੂੰ ਭਾਈ ਹਜ਼ੂਰਾ ਸਿੰਘ ਕਿਸੇ ਹੋਰ ਕੰਮ ਲਈ ਪਟਿਆਲੇ ਆਇਆ। ਜਦੋਂ ਇਨ੍ਹਾਂ ਨੂੰ ਤੇਲ ਦੇ ਪੈਸੇ ਦੇਣ ਲੱਗਾ ਤਾਂ ਇਨ੍ਹਾਂ ਨੇ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਆਖਿਆ, "ਜਾਂਦੇ ਹੋਏ ਸੰਤ ਜੀ ਮਹਾਰਾਜ ਦੇ ਗਏ ਸਨ।" ਭਾਈ ਹਜ਼ੂਰਾ ਸਿੰਘ ਬੋਲਿਆ, "ਉਨ੍ਹਾਂ ਕੋਲੋਂ ਤਾਂ ਹੁਣ ਮੈਂ ਲੈ ਕੇ ਆਇਆ ਹਾਂ। ਜੇਕਰ ਉਹ ਦੇ ਗਏ ਹੁੰਦੇ ਤਾਂ ਮੈਨੂੰ ਕਾਹਨੂੰ ਕਹਿੰਦੇ ਕਿ ਆਹ ਤੇਲ ਵਾਲੇ ਪਾਸੇ ਦੇ ਆਵੀਂ।" ਉਨ੍ਹਾਂ ਨੇ ਕਿਹਾ, "ਬੱਸ ਸਾਨੂੰ ਤਾਂ ਇੱਕੋ ਵਾਰੀ ਸਦਾ ਵਾਸਤੇ ਪੈਸੇ ਦੇ ਗਏ ਹਨ। ਹੁਣ ਜਿਤਨੇ ਤੇਲ ਦੀ ਲੋੜ ਪਏ, ਗੱਡੀਆਂ ਦੀ ਸਰਵਿਸ ਜਾਂ ਠੀਕ ਕਰਵਾਉਣੀਆਂ ਹੋਵਣ, ਬਿਨਾਂ ਸੰਕੋਚ ਤੋਂ ਆ ਜਾਇਆ ਕਰੋ। ਅਸੀਂ ਸਭ ਕੁੱਝ ਸੇਵਾ ਵਿੱਚ ਮੁਫ਼ਤ ਹੀ ਕਰਿਆ ਕਰਾਂਗੇ।" ਧੰਨ ਹਨ ਦੀਨ ਦੁਨੀਆਂ ਦੇ ਵਾਲੀ ਸੰਤ ਜੀ।

ਗੁਰੂ ਕ੍ਰਿਪਾ ਬਿਨਾਂ ਅਗਿਆਨ ਨਹੀਂ ਮਿਟਦਾ

ਸੰਤ ਜੀ ਮਹਾਰਾਜ ਨੇ ਪ੍ਰੇਮੀਆਂ ਦਾ ਪ੍ਰੇਮ ਦੇਖ ਕੇ ਇੱਕ ਦੀਵਾਨ ਵਿੱਚ ਇਹ ਉਪਦੇਸ਼ ਕੀਤਾ।

ਮਨੁੱਖ ਵਿੱਚ ਜਿੱਥੇ ਹੋਰ ਬਹੁਤ ਸਾਰੀਆਂ ਕਮਜ਼ੋਰੀਆਂ ਹਨ ਉੱਥੇ ਇੱਕ ਇਹ ਵੀ ਬਹੁਤ ਵੱਡਾ ਭਾਰੀ ਔਗੁਣ ਹੈ ਜੋ ਇਹ ਕੱਚ ਨੂੰ ਹੀਰਾ, ਮਲੰਮੇ ਨੂੰ ਸੋਨਾ, ਬਿਖ ਨੂੰ ਅੰਮ੍ਰਿਤ ਅਤੇ ਅੰਮ੍ਰਿਤ ਨੂੰ ਵਿਹੁ ਕਰ ਕੇ ਮੰਨਦਾ ਹੈ। ਤਿਆਗਣ ਵਾਲੀ ਵਸਤੂ ਦਾ ਗ੍ਰਹਿਣ ਤੇ ਗ੍ਰਹਿਣ ਕਰਨ ਵਾਲੀਆਂ ਚੀਜ਼ਾ ਦਾ ਤਿਆਗ ਇਸ ਦਾ ਵਿਹਾਰ ਹੀ ਬਣ ਚੁੱਕਾ ਹੈ। ਜਿਸ ਦੀ ਸੁੰਦਰਤਾ ਤੇ ਰੀਝ ਪਵੇ ਉਸ ਨੂੰ ਨਸ਼ਟ ਕਰ ਛੱਡਣਾ ਹੈ। ਕੋਮਲ ਹੁਨਰਾਂ ਦਾ ਵੈਰੀ ਹੈ। ਇਸੇ ਕਰ ਕੇ ਗ਼ੁਲਾਬ ਦੇ ਫ਼ੁੱਲ ਦੀ ਟਾਹਣੀ ਨਾਲ ਤਿੱਖੇ ਕੰਡਿਆਂ ਦਾ ਹੋਣਾ ਭੌਰੇ ਦੀ ਭੂੰ ਭੂੰ ਤੋਂ ਫ਼ੁੱਲ ਨੂੰ ਬਚਾਉਣ ਦਾ ਸਾਧਨ ਹੈ। ਬੱਤੀ ਦੇ ਉਦਾਲੇ ਫਨੂਸ ਦਾ

ਮਤਲਬ ਉਸ ਨੂੰ ਪਤੰਗਿਆਂ ਦੀ ਛੇੜ ਛਾੜ ਤੋਂ ਹਟਾਉਣ ਦਾ ਹੈ। ਸੁੰਦਰਤਾ ਤੇ ਬਾਂਕਾਪਨ ਨੂੰ ਪੜਦਾ ਰਸੀਆਂ ਅਤੇ ਲੋਭੀਆਂ ਦੀ ਨਜ਼ਰਾਂ ਤੋਂ ਬਚਾਣ ਲਈ ਹੈ। ਸੰਸਾਰ ਵਿੱਚ ਇਹ ਇੱਕ ਅਨਿਆ ਹੈ ਜੋ ਮਨੁੱਖ ਕਿਸੇ ਚੀਜ਼ ਦੇ ਮੰਗਣ ਤੋਂ ਪਹਿਲਾਂ ਇਹ ਨਹੀਂ ਸੋਚਦੇ ਕਿ ਮੈਂ ਇਸ ਚੀਜ਼ ਦੇ ਲੈਣ ਦਾ ਅਧਿਕਾਰ ਵੀ ਰਖਦਾ ਹਾਂ ਕਿ ਨਹੀਂ? ਪੱਲੇ ਭਾਵੇਂ ਚਾਰ ਕੌਡੀਆਂ ਨਾ ਹੋਣ ਲਾਲਾਂ ਦੇ ਵਪਾਰ ਨੂੰ ਉੱਠ ਭਜਦੇ ਹਨ। ਪਾਸ ਮੂਲ ਨਾ ਹੋਣ ਕਰ ਕੇ ਜਦ ਦੁਨੀਆਂ ਦੇ ਬਾਜ਼ਾਰ ਵਿੱਚੋਂ ਲੋੜੀਂਦੀ ਵਸਤੂ ਨਹੀਂ ਮਿਲਦੀ ਤਾਂ ਖਿੱਝ ਜਾਂਦੇ ਹਨ ਅਤੇ ਚੋਰੀਆਂ ਡਕੈਤੀਆਂ ਤੇ ਉੱਤਰ ਆਉਂਦੇ ਹਨ। ਵੱਡਮੁਲੀਆਂ ਦੁਕਾਨਾਂ ਅੱਗੇ ਪਹਿਰੇ, ਸੁੰਦਰ ਤੇ ਕੋਮਲ ਵਸਤੂਆਂ ਲਾਲਚੀਆਂ ਦੇ ਭੈ ਤੋਂ ਛੁਪਾ ਕੇ ਰੱਖੀਆਂ ਜਾਂਦੀਆਂ ਹਨ। ਪਰ ਇਤਨਾ ਵੱਡਾ ਸੁੰਦਰ ਮਨ ਮੋਹਣਾ ਸੰਸਾਰ ਦੀ ਸਾਰੀ ਸੁੰਦਰਤਾਈ ਦਾ ਕਰਤਾ ਕਿਵੇਂ ਬਿਨਾਂ ਪੜਦੇ ਤੋਂ ਰਹਿ ਸਕਦਾ ਹੈ। ਪਰ ਉਹ ਆਪ ਜੋ ਸਾਰੇ ਵਿਆਪਕ ਹੈ, ਛੁਪ ਵੀ ਨਹੀਂ ਸਕਦਾ। ਇਹ ਵੀ ਮੁਸ਼ਕਲ ਹੈ ਜੋ ਆਪਣੀ ਸੁੰਦਰਤਾ ਅਤੇ ਬਾਂਕਾਪਨ ਹਰੇਕ ਅੱਗੇ ਪ੍ਰਗਟ ਕਰ ਦੇਵੇ, ਪਰ ਇਸ ਦਾ ਇੱਕ ਹੋਰ ਵਸੀਲਾ ਸੋਚ ਕੇ ਕੱਚੇ ਤੇ ਲੋਭੀਆਂ ਦੀ ਅੱਖ ਤੇ ਪੜਦਾ ਪਾ ਦਿੱਤਾ। ਉਹ ਨਾਲ ਰਹਿੰਦਾ ਵੀ ਉਸ ਨੂੰ ਦੇਖ ਨਹੀਂ ਸਕਦਾ।

ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਊ ਨ ਜਾਣੈ ਮੂੜਾ ॥ (ਰਾਮਕਲੀ ਮਃ ੫ - ੯੨੪)

ਉਸ ਅਵਿੱਦਿਆ ਜਾਂ ਅਗਿਆਨ ਦੇ ਪੜਦੇ ਨੂੰ ਦੂਰ ਕਰਨ ਵਾਸਤੇ ਗੁਰੂ ਸ਼ਰਨ ਹੈ:

ਗਿਆਨ ਸੁਲਾਕਾ ਦੇ ਬੁਧ ਲੋਚਨ। ਕਰਹੈ ਤਮ ਅਗਿਆਨ ਬਿਮੋਚਨ।

ਜਦ ਗੁਰਾਂ ਨੇ ਬੁੱਧੀ ਰੂਪੀ ਨੇਤਰਾਂ ਵਿੱਚ ਜੁਗਤੀ ਦੀਆਂ ਸਲਾਹੀਆਂ ਨਾਲ ਗਿਆਨ ਦਾ ਸੁਰਮਾ ਪਾਇਆ ਫੇਰ ਇਸ ਮਿੱਟੀ ਦੀ ਮੜੋਲੀ (ਦੇਹ ਵਿੱਚ) ਅਗਿਆਨ ਦੇ ਛੋਂਡ ਕੱਟ ਕੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ; ਆਦਿ।

ਖੰਨੇ ਪਾਸ ਪਿੰਡ ਨਸਰਾਲੀ ਦੇ ਇੱਕ ਪ੍ਰੇਮੀ ਸ. ਕਰਨੈਲ ਸਿੰਘ ਨੂੰ ਸੰਤ ਮਹਾਰਾਜ ਜੀ ਦੀ ਹੌਲੀ ਹੌਲੀ ਕਾਫ਼ੀ ਨੇੜਤਾ ਪ੍ਰਾਪਤ ਹੋ ਗਈ। ਆਪ ਜੀ ਨੇ ਰਾਜਪੁਰਾ ਰੋਡ ਕਾਲੋਨੀ ਪਟਿਆਲਾ ਵਿੱਚ ੧੯੭੩, ੧੯੭੪, ੧੯੭੫ ਵਿੱਚ ਮਹਾਂਪੁਰਸ਼ਾਂ ਦੇ ਦੀਵਾਨ ਲਗਵਾ ਸੰਗਤਾਂ ਨੂੰ ਰੂਹਾਨੀ ਸੂਝ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਤੋਂ ਜਾਣੂ ਕਰਵਾਇਆ।

ਸਭਨਾ ਜੀਆ ਕਾ ਇੱਕ ਦਾਤਾ

ਇੱਕ ਪ੍ਰੇਮੀ ਦੇ ਪ੍ਰਸ਼ਨ ਕਰਨ ਤੇ ਮਹਾਂਪੁਰਸ਼ਾਂ ਫੁਰਮਾਇਆ: ਸੰਸਾਰ ਵਿੱਚ ਹਰ ਇੱਕ ਪੁਰਸ਼ ਦੀ ਵਡਿਆਈ ਕਿਸੇ ਦੂਸਰੇ ਦੇ ਮੁਕਾਬਲੇ ਕਰ ਕੇ ਹੀ ਹੈ। ਜੇ ਇੱਕ ਦੂਜੇ ਪਾਸੋਂ ਵੱਡਾ ਹੈ ਤਾਂ ਤੀਜੇ ਕੋਲੋਂ ਛੋਟਾ ਹੈ। ਜੋ ਪੁਰਸ਼ ਏਸ ਨਾਲੋਂ ਛੋਟਾ ਹੈ ਉਹ ਕਿਸੇ ਹੋਰ ਤੋਂ ਵੱਡਾ ਹੈ। ਏਸ ਲਈ ਸਾਰਿਆਂ ਦੇ ਦਿਲ ਵਿੱਚ ਤਾਂਘ ਬਣੀ ਰਹਿੰਦੀ ਹੈ। ਹਰੇਕ ਮਨੁੱਖ ਆਪਣੇ ਨਾਲੋਂ ਬਹੁਤੇ ਸਰੀਰਕ ਬਲੀ ਤੇ ਅਧਿਕ ਧਨੀ ਦੇ ਅੱਗੇ ਝੁਕਿਆ ਰਹਿੰਦਾ ਹੈ। ਜੇ ਚਪੜਾਸੀ ਤਹਿਸੀਲਦਾਰ ਅੱਗੇ ਹੱਥ ਅੱਡਦਾ ਹੈ ਤਾਂ ਤਹਿਸੀਲਦਾਰ ਜ਼ਿਲ੍ਹੇ ਦੇ ਅਫਸਰਾਂ ਅੱਗੇ ਤੇ ਉਹ ਸੂਬੇ ਦੇ ਹਾਕਮ ਅੱਗੇ ਤੇ ਫਿਰ ਪ੍ਰਧਾਨ ਮੰਤ੍ਰੀ, ਉਪਰੰਤ ਰਾਸ਼ਟਰਪਤੀ ਪਾਸ। ਪਰ ਰਾਸ਼ਟਰਪਤੀ ਆਪਣੀ ਹਕੂਮਤ ਨੂੰ ਮਜ਼ਬੂਤ ਰੱਖਣ ਲਈ ਪਰਜਾ ਦੀਆਂ ਖ਼ੁਸ਼ੀਆਂ ਦਾ ਸਦਾ ਯਾਚਕ ਰਹਿੰਦਾ ਹੈ। ਭਾਵ ਕੀ? ਮਾਇਆ ਨੇ ਇੱਕ ਅਜੀਬ ਜੇਹਾ ਚੱਕਰ ਚਲਾਇਆ ਹੋਇਆ ਹੈ ਅਤੇ ਹਰ ਇੱਕ ਮਨੁਖ ਪਦਾਰਥਾਂ ਦੇ ਭੋਗ ਪ੍ਰਾਪਤ ਕਰਨ ਲਈ ਕਿਸੇ ਨਾ ਕਿਸੇ ਅੱਗੇ ਹੱਥ ਅੱਡਦਾ ਹੀ ਰਹਿੰਦਾ ਹੈ। ਪਰ ਜਿਸ ਨੂੰ ਉਹ ਦਾਤਾ ਸਮਝਦਾ ਹੈ ਉਹ ਅੱਗੇ ਕਿਸੇ ਹੋਰ ਦਾ ਮੰਗਤਾ ਹੈ। ਗੱਲ ਕੀ ਮੰਗਤਿਆਂ ਦਾ ਮੰਗਤਾ ਹੋ ਕੇ ਪਰਮ ਅਧੋਗਤੀ ਅਤੇ ਲੱਜਿਆ ਨੂੰ ਪ੍ਰਾਪਤ ਹੁੰਦਾ ਹੈ।

ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ।

(ਭਾ. ਗੁਰਦਾਸ ਜੀ: ਵਾਰ ੧੫ ਪਉੜੀ ੪)

ਪਰ ਜਿਨ੍ਹਾਂ ਨੂੰ ਸਾਧ ਸੰਗਤ ਦੁਆਰਾ ਏਹ ਸਮਝ ਆ ਗਈ ਕਿ ਕਿਰਪਨ ਸਭ ਮੰਗਤੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਸੁਤੰਤਰ ਦਾਤਾ ਨਹੀਂ। ਉਹ ਦੁਨੀਆਂ ਅੱਗੇ ਹੱਥ ਪਸਾਰਨੋਂ ਰੁਕ ਗਏ। ਉਨ੍ਹਾਂ ਨੇ ਕਰਤਾ ਪੁਰਖ ਨੂੰ ਸਰਬ ਦਾ ਦਾਤਾ ਸਮਝ ਕੇ ਆਪਣਾ ਸ਼ਾਹ ਬਣਾ ਲਿਆ।

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥ (ਸਲੋਕ ਮਃ ੯ - ੧੪੨੮)

ਕਿਉਂਕਿ ਉਹੋ ਹੀ ਸੁਤੰਤਰ ਦਾਤਾ ਹੈ:

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥ (ਵਾਰ-ਮਾਝ ਮਃ ੧ - ੧੩੭)

ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥ (ਧਨਾਸਰੀ ਮਃ ੩ - ੬੬੬)

ਹੁਣ ਉਹ ਜਗਤ ਦੇ ਸਵਾਲੀ ਨਹੀਂ ਰਹੇ। ਸਚੇ ਸ਼ਾਹ ਦੇ ਦਰਬਾਰ ਵਿੱਚ ਗ਼ਰੀਬੀ ਦਾ ਪਾਤਰ ਪਕੜ ਨਾਮ ਦੀ

ਭਿਖਿਆ ਮੰਗਦੇ ਹਨ। ਭਾਵੇਂ ਉਹ ਦੇਖਣ ਵਿੱਚ ਬਾਹਰੋਂ ਗ਼ਰੀਬ ਜਾਪਦੇ ਹਨ, ਪਰ ਉਨ੍ਹਾਂ ਦੇ ਹਿਰਦੇ ਆਤਮ ਧਨ ਨਾਲ ਅਜਿਹੇ ਭਰਪੂਰ ਹਨ ਜੋ ਜਗਤ ਵਿੱਚ ਵੱਡੀ ਤੋਂ ਵੱਡੀ ਬਿਭੂਤੀ ਰੱਖਣ ਵਾਲੇ ਵੀ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਉਹ ਆਪ ਸ਼ਾਹਾਂ ਦੇ ਸ਼ਾਹ ਹਨ।

ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥

(ਜਪੁ ਮਃ ੧ - ੫)

ਅਥਵਾ: *ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*

(ਸੂਹੀ ਮਃ ੫ - ੭੪੯)

ਫੇਰ ਉਹ ਸੂਮ ਸ਼ਾਹ ਨਹੀਂ ਸਖੀ ਦਾਤੇ ਹਨ।

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥
ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥ (ਸੋਰਠਿ ਮਃ ੫ - ੬੧੦)

ਹਰੀ ਕ੍ਰਿਸ਼ਨ ਸਿੰਘ

ਇਸ ਨੇ ਪਹਿਲਾਂ ੧੯੬੭ ਨੂੰ ਅਮਰ ਆਸ਼ਰਮ ਵਿੱਚ ਕੀਰਤਨ ਸੁਣਿਆ ਫੇਰ ਧਭਲਾਨ ਦਸਵੀਂ ਤੇ ਗਿਆ। ਉਪਰੰਤ ਪੱਕਾ ਸ਼ਰਧਾਲੂ ਤੇ ਪੂਰਨ ਪ੍ਰੇਮੀ ਬਣ ਕੇ ਸਹਿਜਧਾਰੀ ਤੋਂ ਅੰਮ੍ਰਿਤ ਪਾਨ ਕਰ ਕੇ ਪ੍ਰਵਾਰ ਸਮੇਤ ਸਿੰਘ ਸਜ ਗਿਆ।

ਭਾਈ ਗੁਰਦੇਵ ਸਿੰਘ

ਇਸ ਦਾ ਤਾਇਆ ਬਾਬਾ ਰਾਮ ਸਿੰਘ ਜੀ ਗੁੱਜਰਵਾਲ (ਕਈ ਸਿੰਘ ਬਾਬਾ 'ਅਖੰਡ ਪਾਠੀ' ਵੀ ਕਹਿ ਕੇ ਬੁਲਾਉਂਦੇ ਹਨ) ਸੰਤ ਜੀ ਮਹਾਰਾਜ ਦਾ ਪ੍ਰੀਤਵਾਨ ਸੀ। ਜਿਸ ਨੇ ਅੰਤਮ ਸਵਾਸਾਂ ਤੱਕ ਗੁਰੂ ਚਰਨਾਂ ਵਿੱਚ ਲੰਘਾ ਦਿੱਤੀ। ਉਸ ਤੋਂ ਛੋਟੇ ਭਰਾ ਰਾਮ ਰੱਖਾ ਸਿੰਘ ਦੇ ਘਰ ਅੱਠ ਬੱਚੇ ਹੋ ਕੇ (ਪੰਜ ਲੜਕੇ ਤੇ ਤਿੰਨ ਲੜਕੀਆਂ) ਗ਼ੁਜ਼ਰ ਚੁੱਕੇ ਸਨ। ਬਾਬਾ ਰਾਮ ਸਿੰਘ ਨੇ ਹਜ਼ੂਰ ਦੇ ਪਾਸ ਅਰਜ਼ ਕੀਤੀ। ਆਪ ਜੀ ਨੇ ਆਪਣੇ ਕਰ ਕਮਲਾਂ ਦੀ ਛੂਹ ਵਾਲਾ ਬਸਤਰ ਬਖ਼ਸ਼ ਕੇ ਬਚਨ ਕੀਤਾ, "ਹੋਣ ਵਾਲੇ ਬੱਚੇ ਦੇ ਗਲ ਇਸ ਦਾ ਕਮੀਜ ਸਿਉਂ ਕੇ ਪਾ ਦਿਉ। ਗੁਰੂ ਭਲੀ ਕਰੇਗਾ।" ਦਾਤੇ ਦੀ ਬਖ਼ਸ਼ਿਸ਼ ਨਾਲ ੧੯੩੮ ਈ. ਨੂੰ ਭਾਈ ਗੁਰਦੇਵ ਸਿੰਘ ਦਾ ਜਨਮ ਹੋਇਆ। ਮੇਹਰਬਾਨ ਨੇ ਨਾਮ ਵੀ ਆਪ ਰੱਖਿਆ। ਸ਼ੁਰੂ ਤੋਂ ਦਰਸ਼ਨ ਤੇ ਸੰਗਤ ਕਰਦਾ ਹੈ। ੧੯੬੯ ਵਿੱਚ ਪਟਿਆਲੇ ਮਕਾਨ ਬਣਾ ਕੇ ਰਿਹਾਇਸ਼ ਕਰ ਲਈ ਹੈ।

ਸੰਗਰੂਰ ਜ਼ਿਲੇ ਵਿੱਚ ਅਮਰਗੜ੍ਹ ਦੇ ਨੇੜੇ ਲਾਂਗੜੀਆਂ ਪਿੰਡ ਹੈ ਇਸ ਪਿੰਡ ਦੇ ਸ. ਦਲੀਪ ਸਿੰਘ ਰਾਮਗੜ੍ਹੀਆ ਸੰਤ ਮਹਾਰਾਜ ਜੀ ਦੇ ਸ਼ਰਧਾਲੂ ਸਨ। ੧੯੫੪ ਵਿੱਚ ਮਹਾਂਪੁਰਸ਼ਾਂ ਨੇ ਇਨ੍ਹਾਂ ਦੇ ਘਰ ਚਰਨ ਪਾਏ ਤਾਂ ਇਨ੍ਹਾਂ ਆਪਣੇ ਪੁੱਤਰ ਅਮਰੀਕ ਸਿੰਘ ਲਈ ਸਿਖੀ ਸਿਦਕ ਦਾ ਵਰਦਾਨ ਮੰਗਿਆ ਆਪ ਨੇ ਅਸੀਸ ਦਿੱਤੀ। ਭਾਈ ਅਮਰੀਕ ਸਿੰਘ ਜਵਾਨ ਹੋ ਕੇ ਧਭਲਾਨ ਆਸ਼ਰਮ ਆ ਕੇ ਸੇਵਾ ਵਿੱਚ ਹਾਜ਼ਰ ਹੋਇਆ। ਇਹ ਮਹਾਰਾਜ ਜੀ ਦੇ ਹਜ਼ੂਰੀ ਕੀਰਤਨੀਏ ਭੀ ਰਹੇ।

ਮਹਾਂਪੁਰ ਸਿਰਥਲੇ ਦੇ ਨੇੜੇ ਹੀ ਇੱਕ ਪਿੰਡ ਹੈ। ਇਸ ਪਿੰਡ ਦੇ ਭਾਈ ਕੇਹਰ ਸਿੰਘ ਸੰਤ ਮਹਾਰਾਜ ਜੀ ਦੇ ਸ਼ਰਧਾਵਾਨ ਪ੍ਰੇਮੀ ਸਨ। ਬਹੁਤ ਸਾਲ ਵਿਆਹ ਹੋਇਆਂ ਹੋ ਚੁੱਕੇ ਸਨ। ਹਜ਼ੂਰ ਪਾਸੋਂ ਇੱਕ ਪੁਤਰ ਦੀ ਦਾਤ ਮੰਗੀ। ਸੰਤ ਮਹਾਰਾਜ ਜੀ ਦੇ ਬਚਨਾਂ ਨਾਲ ਸ. ਨਿਰਭੈ ਸਿੰਘ ਦਾ ਜਨਮ ਹੋਇਆ। ਇਸ ਪ੍ਰਵਾਰ ਦੀ ਅਤੁੱਟ ਸ਼ਰਧਾ ਹੈ। ਭੇਵੇ ਕੋਲ ਜੁਰਾਸੀ ਪਿੰਡ ਦੇ ਸੰਤ ਮਾਨ ਸਿੰਘ ਜੀ ਉੱਪਰ ਵੀ ਪਟਿਆਲਾ ਕਾਲਜ ਵਿੱਚ ਪੜ੍ਹਦਿਆਂ ਹੀ ਹਜ਼ੂਰ ਦੀ ਬਖ਼ਸ਼ਿਸ਼ ਹੋਈ। ਚੰਗੇ ਮਹਾਂਪੁਰਸ਼ ਹਨ। ਜੁਰਾਸੀ ਤੇ ਰੋਪੜ ਡੇਰਾ ਬਣਿਆ ਹੈ। ਵਿਚਰ ਕੇ ਵੀ ਗੁਰਮਤਿ ਦਾ ਪ੍ਰਚਾਰ ਕਰਦੇ ਹਨ। ਕੀਰਤਨ ਦੀ ਬੜੀ ਮੰਗ ਹੈ।

ਅਲੂਨੇ ਪਿੰਡ ਦੇ ਸ. ਗੁਰਮੁਖ ਸਿੰਘ ਦਾ ਪਿਤਾ ਸ. ਰਾਮ ਸਿੰਘ ਬਹਾਦਰਗੜ੍ਹ ਫੈਕਟਰੀ ਦਾ ਬਿਜਲੀ ਮਕੈਨਿਕ ਸੀ। ੧੯੪੮ ਈ. ਵਿੱਚ ਬਿਜਲੀ ਦੇ ਕਰੰਟ ਲੱਗਣ ਨਾਲ ਚੜ੍ਹਾਈ ਕਰ ਗਿਆ ਪਰ ਉਸ ਦੀ ਕਲਿਆਣ ਨਾ ਹੋ ਸਕੀ। ਰੂਹ ਘਰ ਦੇ ਉਦਾਲੇ ਹੀ ਭਟਕਦੀ ਰਹੀ। ਕਈ ਵਾਰ ਘਰ ਦੇ ਮੈਂਬਰਾਂ ਨੂੰ ਦਿਖਾਈ ਵੀ ਦਿੱਤੀ ਅਤੇ ਸੁਪਨੇ ਵਿੱਚ ਬੀਬੀ ਪ੍ਰੀਤਮ ਕੌਰ ਨੂੰ ਤਾਂ ਇਹ ਵੀ ਆਖਿਆ ਕਿ ਮੈਂ ਬੜਾ ਦੁਖੀ ਹਾਂ। ਮੇਰੇ ਵਲੋਂ ਸੰਤ ਜੀ ਮਹਾਰਾਜ ਨੂੰ ਬੇਨਤੀ ਕਰੋ ਤਾਂ ਕਿ ਉਹ ਕ੍ਰਿਪਾ ਕਰਨ ਅਤੇ ਮੇਰੀ ਕਲਿਆਣ ਹੋ ਜਾਵੇ। ਇਸ ਬੀਬੀ ਨੇ ਪਹਿਲਾਂ ਤਾ ਕੋਈ ਖ਼ਿਆਲ ਨਾ ਕੀਤਾ। ਫੇਰ ਆਪਣੇ ਪਿਤਾ ਨੂੰ ਨਾਲ ਲੈ ਕੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਅਰਜ਼ ਕੀਤੀ। ਮੇਹਰਬਾਨ ਨੇ ਬਚਨ ਕੀਤਾ ਬਿਧੀ ਸੰਯੁਕਤ ਸਹਿਜ

ਸਪਤਾਹ ਪਾਠ ਕਰੋ ਅਰਸ਼ੀ ਹੁਕਮ ਹੈ:

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥

(ਗੂਜਰੀ ਮਃ ੫ - ੪੯੬)

ਸਤਿਗੁਰੂ ਜੀ ਭਲੀ ਕਰਨਗੇ। ਇਨ੍ਹਾਂ ਨੇ ਦਾਤੇ ਦਾ ਬਚਨ ਮੰਨ ਕੇ ਪਾਠ ਆਰੰਭ ਕੀਤਾ। ਸਮਾਪਤੀ ਉਪਰੰਤ ਆਪ ਜੀ ਦੇ ਵੀ ਘਰ ਵਿੱਚ ਚਰਨ ਪਵਾ ਕੇ ਸੰਗਤ ਨੂੰ ਦਰਸ਼ਨ ਕਰਵਾਏ। ਉਸੇ ਰਾਤ ਫੇਰ ਉਹਨੇ ਚਿੱਟੀ ਪੁਸ਼ਾਕ ਅਰਥਾਤ ਸ਼ਹੀਦੀ ਬਾਣੇ ਵਿੱਚ ਦਰਸ਼ਨ ਦੇ ਕੇ ਆਖਿਆ, "ਹੁਣ ਮੇਰੀ ਗਤੀ ਹੋ ਗਈ ਹੈ।"

ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥

(ਬਿਲਾਵਲੁ ਮਃ ੫ - ੮੦੨)

ਵਾਯੂ ਮੰਡਲ ਤੇ ਚਰਨ ਧੂੜ

ਜਿਸ ਤਰ੍ਹਾਂ ਮੰਦਰ ਦੇ ਦਰਵਾਜ਼ੇ ਦਹਿਲੀਜ ਤੋਂ ਆਰ ਪਾਰ ਲੰਘਣ ਵਾਲੇ ਲੋਕਾਂ ਦੇ ਪੈਰਾਂ ਦੀ ਘਾਸ ਨਾਲ ਉਸ ਜਗ੍ਹਾ ਦੀ ਮਿੱਟੀ ਬਰੀਕ ਹੋ ਜਾਂਦੀ ਹੈ ਅਤੇ ਉਸ ਨੂੰ ਪਵਿੱਤਰ ਜਾਣ ਕੇ ਸ਼ਰਧਾਲੂ ਆਪਣੇ ਮਸਤੱਕ ਤੇ ਲਗਾਉਂਦੇ ਹਨ। ਉਨ੍ਹਾਂ ਵਿੱਚੋਂ ਕਈ ਆਪਣੇ ਪੱਲੇ ਬੰਨ੍ਹ ਕੇ ਘਰਾਂ ਨੂੰ ਲੈ ਜਾਂਦੇ ਹਨ, ਜੋ ਰੋਗੀ ਦੇ ਰੋਗ ਦੂਰ ਕਰਨ ਲਈ ਔਸ਼ਧੀ ਦਾ ਕੰਮ ਕਰਦੀ ਹੈ। ਇਸ ਦਾ ਕਾਰਣ ਕੇਵਲ ਏਹੋ ਹੈ ਕਿ ਉਸ ਥਾਂ ਤੇ ਔਣ ਵਾਲੇ ਲੋਕਾਂ ਦੀ ਮੱਤ ਪ੍ਰਮੇਸ਼ਰ ਪ੍ਰਾਇਣ ਤੇ ਭਾਵਨਾ ਸ਼ੁਭ ਹੁੰਦੀ ਹੈ। ਉਨ੍ਹਾਂ ਦੀਆਂ ਮੰਗਲਮਈ ਕਾਮਨਾ ਤੇ ਚੰਗੇ ਖ਼ਿਆਲਾਂ ਦਾ ਪ੍ਰਭਾਵ ਉਸ ਥਾਂ ਵਿੱਚ ਇਕੱਠਾ ਹੋ ਜਾਂਦਾ ਹੈ। ਜਿਸ ਤਰ੍ਹਾਂ ਮਾਦੀ ਮੰਡਲ ਵਿੱਚ ਕੁਚੀਲ ਪੁਰਸ਼ ਦਾ ਇਕੱਠ ਉਸ ਥਾਂ ਨੂੰ ਮੈਲਾ ਤੇ ਉੱਦਮੀਆਂ ਦੀ ਸੰਗਤ ਕਿਸੇ ਥਾਂ ਨੂੰ ਸਾਫ਼ ਰੱਖਦੀ ਹੈ। ਉਸੇ ਤਰ੍ਹਾਂ ਹੀ ਮਾਨਸਕ ਮੰਡਲ ਦੀ ਗੱਲ ਹੈ। ਜਿਸ ਥਾਂ ਤੇ ਚੋਰ, ਯਾਰ, ਸ਼ਰਾਬੀ, ਜੂਏਬਾਜ਼ ਤੇ ਹੋਰ ਭੈੜੇ ਸੰਕਲਪਾਂ ਵਾਲੇ ਆਦਮੀ ਇਕੱਠੇ ਹੋਣ ਉਹ ਆਪਣੇ ਮਨ ਦੇ ਸੰਕਲਪਾਂ ਨਾਲ ਉਸ ਜਗ੍ਹਾ ਦੇ (ਆਕਾਸ਼) ਪੁਲਾੜ ਵਿੱਚ ਇੱਕ ਖੋਟਾ ਚੱਕਰ ਪੈਦਾ ਕਰ ਦੇਣਗੇ। ਜਿਸ ਦਾ ਅਸਰ ਉੱਥੇ ਦੇ ਪੌਣ ਪਾਣੀ ਅਤੇ ਹੋਰ ਤੱਤਾਂ ਤੇ ਪਵੇਗਾ। ਡਾਕਟਰੀ ਖ਼ਿਆਲਾਂ ਅਨੁਸਾਰ ਵੀ ਇਉਂ ਦਸਦੇ ਹਨ ਕਿ ਜਿਸ ਮਕਾਨ ਵਿੱਚ ਕੋਈ ਮਲੇਰੀਏ ਦਾ ਮਰੀਜ਼ ਠਹਿਰ ਜਾਵੇ, ਉਹ ਇੱਕ ਹਫਤੇ ਵਾਸਤੇ ਉਸ ਜਗ੍ਹਾ ਮਲੇਰੀਏ ਦੇ ਕੀਟਾਣੂ ਛੱਡ ਜਾਂਦਾ ਹੈ। ਨਿਰੋਗ ਪੁਰਸ਼ ਨੂੰ ਉਸ ਜਗ੍ਹਾ ਜਾ ਕੇ ਮਲੇਰੀਏ ਦੇ ਬੁਖਾਰ ਦਾ ਡਰ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਸ ਜਗ੍ਹਾ ਟਾਈਫਾਈਡ ਵਾਲਾ ਮਰੀਜ਼ ਠਹਿਰ ਜਾਵੇ, ਉਹ ਦੋ ਹਫਤਿਆਂ ਵਾਸਤੇ ਉਸ ਦੇ ਜਰਮਜ਼ ਛੱਡ ਜਾਂਦਾ ਹੈ। ਟੀ. ਬੀ. ਦੇ ਮਰੀਜ਼ ਵਾਲੀ ਜਗ੍ਹਾ ਤੇ ਛੇ ਮਹੀਨੇ ਤੱਕ ਟੀ. ਬੀ. ਦੇ ਜਰਮਜ਼ ਬਣੇ ਰਹਿੰਦੇ ਹਨ। ਡਾਕਟਰ ਲੋਕ ਉਸ ਜਗ੍ਹਾ ਤੇ ਦਵਾਈਆਂ ਛਿੜਕ ਕੇ ਉਨ੍ਹਾਂ ਦਾ ਅਸਰ ਦੂਰ ਕਰਦੇ ਹਨ। ਏਸੇ ਤਰ੍ਹਾਂ ਭਜਨ ਸਿਮਰਨ ਕਰਨ ਵਾਲੇ ਗੁਰਮੁਖ ਗੁਰਸਿਖ ਮਹਾਂਪੁਰਖ ਕੀਰਤਨ ਦੀ ਧੁਨੀ ਲਗਾਉਂਦੇ ਹਨ, ਉਸ ਥਾਂ ਨੂੰ ਆਪਣੇ ਸ਼ੁਭ ਭਾਵਾਂ ਨਾਲ ਪਵਿੱਤਰ ਕਰ ਦਿੰਦੇ ਹਨ। ਉਹ ਪਵਿੱਤਰਤਾ ਉਸ ਅਸਥਾਨ ਵਿੱਚ ਪਏ ਹੋਏ ਮਨੁੱਖ ਮਾਤ੍ਰ ਤੋਂ ਬਿਨਾਂ ਉਥੋਂ ਦੇ ਪ੍ਰਕਿਰਤੱਕ ਤੱਤਾਂ ਤੇ ਵੀ ਅਸਰ ਕਰਦੀ ਹੈ। ਤਦੇ ਹੀ ਦੇਵ ਅਸਥਾਨਾਂ ਅਤੇ ਧਰਮ ਮੰਦਰਾਂ ਦੀ ਧੂੜੀ ਤੇ ਜਲ ਲਿਜਾ ਕੇ ਸ਼ਰਧਾਲੂ ਲੋਕ ਆਪਣੇ ਸ਼ੁਭ ਮਨੋਰਥ ਪੂਰੇ ਕਰ ਲੈਂਦੇ ਹਨ। ਉਨ੍ਹਾਂ ਵਿੱਚੋਂ ਚਰਨ ਧੂੜ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ, ਕਿਉਂਕਿ ਉਹ ਨੀਵੇਂ ਥਾਂ ਤੇ ਪਈ ਹੋਈ ਨਿੰਮਰਤਾ ਅਤੇ ਗ਼ਰੀਬੀ ਦਾ ਉਪਦੇਸ਼ ਕਰਦੀ ਹੈ।

ਯਥਾ: *ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥*

(ਗਉੜੀ ਵਾਰ-੨ ਮਃ ੫ - ੩੨੨)

ਨਾਭੇ ਸ਼ਹਿਰ ਦਾ ਪ੍ਰੇਮੀ ਸ. ਸ਼ਮਸ਼ੇਰ ਸਿੰਘ ਕੈਪਟਨ ਵੀ ਸੰਤ ਜੀ ਮਹਾਰਾਜ ਤੇ ਪੂਰਨ ਭਾਵਨਾ ਰੱਖਣ ਵਾਲਾ ਗੁਰਮੁਖ ਹੈ। ਨਾਭੇ ਤੋਂ ਆ ਕੇ ਪਟਿਆਲੇ ਵਾਲੇ ਸੰਤ ਨੰਦ ਸਿੰਘ ਜੀ ਦੁਸਹਿਰਾ ਬਾਗ਼ ਵਾਲਿਆਂ ਦੀ ਸੰਗਤ ਕਰਿਆ ਕਰਦੇ। ਜਦੋਂ ੧੯੫੭ ਈ. ਵਿੱਚ ਸੰਤ ਨੰਦ ਸਿੰਘ ਜੀ ਧਭਲਾਨ ਆਏ ਤਾਂ ਉਸ ਸਮੇਂ ਇਹ ਵੀ ਦੋਵੇਂ ਜੀ ਨਾਲ ਸਨ। ਜਦੋਂ ਦੋਵਾਂ ਵਿਅਕਤੀਆਂ ਨੇ ਆਪਸ ਵਿੱਚ ਨਮਸ਼ਕਾਰ ਕਰ ਬੜਾ ਨਿੱਘਾ ਤੇ ਮਿੱਠਾ ਪਿਆਰ ਭਰਿਆ ਮਿਲਾਪ ਕੀਤਾ। ਵਿਦੈਗੀ ਸਮੇਂ ਨਿੰਮ੍ਰਤਾ ਦੇ ਪੁੰਜ ਸੰਤ ਜੀ ਮਹਾਰਾਜ ਨੇ ਬਾਬਾ ਨੰਦ ਸਿੰਘ ਜੀ ਨੂੰ ਵਡੇਰੀ ਉਮਰ ਦਾ ਬਜ਼ੁਰਗ ਜਾਣ ਕੇ ਨਿੰਮ੍ਰਤਾ ਨਾਲ ਬੇਨਤੀ ਕੀਤੀ, "ਮਹਾਂਪੁਰਸ਼ੋ। ਤੁਸੀਂ ਆਪਣੇ ਬੱਚਿਆਂ ਦੇ ਸਿਰ ਤੇ ਹੱਥ ਰੱਖੋ।" ਉਨ੍ਹਾਂ ਨੇ ਬੁੱਕਲ ਵਿੱਚ ਲੈ ਕੇ ਬੜਾ ਪਿਆਰ ਕਰਦਿਆਂ ਆਖਿਆ, "ਮਹਾਰਾਜ ! ਆਪ ਤਾਂ ਪੂਰਨ ਪੁਰਖ ਦੁਨੀਆਂ ਦੇ ਭਲੇ ਵਾਸਤੇ ਧੁਰ ਦਰਗਾਹੋਂ ਆਏ ਹੋ, ਤੁਹਾਡੀ ਸੰਗਤ ਨੇ ਤਾਂ ਸੰਸਾਰ ਨੂੰ ਤਾਰਨਾ ਹੈ। ਅਵਗਤ ਰੂਹਾਂ ਵੀ ਤੁਹਾਡੇ ਚਰਨਾਂ ਦੀ ਛੂਹ ਨਾਲ ਛੁਟਕਾਰਾਂ ਪੌਣਗੀਆਂ।"

ਉਸ ਸਮੇਂ ਸੰਤ ਨੰਦ ਸਿੰਘ ਜੀ ਨੇ ਬੀਬੀ ਬਚਨ ਕੌਰ ਨੂੰ ਆਖਿਆ, "ਬੱਚੂ! ਤੁਸੀਂ ਵੀ ਅੱਜ ਤੋਂ ਇਨ੍ਹਾਂ ਮਹਾਂਪੁਰਸ਼ਾਂ

ਦਾ ਲੜ ਨਹੀਂ ਛੱਡਣਾ। ਚਰਨੀਂ ਲੱਗੇ ਰਹੋ। ਫੇਰ ਕਿਸੇ ਗੱਲ ਦਾ ਘਾਟਾ ਨਹੀਂ ਰਹਿਣਾ।" ਓਹਨਾਂ ਮਹਾਂਪੁਰਸ਼ਾਂ ਦੇ ਇਸ ਪ੍ਰਕਾਰ ਦੇ ਬਚਨ ਸੁਣ ਕੇ ਅਤੇ ਦਾਤੇ ਦਾ ਦੀਦਾਰ ਕਰ ਕੇ ਇਨ੍ਹਾਂ ਦੇ ਮਨ ਵਿੱਚ ਉਸ ਸਮੇਂ ਹੀ ਪੂਰਨ ਸ਼ਰਧਾ ਹੋ ਗਈ। ਵਕਤੇ ਵਾਲੇ ਚੌਂਦਾਂ ਗੁਣ ਸਹੀ ਘਟਦੇ ਸਨ, ਜੋ ਇਸ ਪ੍ਰਕਾਰ ਹਨ:

ਵਕਤੇ ਦੇ ਚੌਦਾਂ ਗੁਣ

੧ ਵਾਗ - ਰਸੀਲੀ ਤੇ ਸੁਰ ਨਾਲ ਬੋਲਣ ਵਾਲੀ ਮਿੱਠੀ ਬਾਣੀ

੨ ਵਯਾਸ - ਸ੍ਰੋਤਿਆਂ ਦੀ ਰੁਚੀ ਅਨੁਸਾਰ ਵਿਸਥਾਰ ਕਰ ਕੇ ਸਮਝਾ ਸਕਣਾ

੩ ਸਮਾਸਵਤ੍ਰ - ਲੋੜ ਅਨੁਸਾਰ ਪ੍ਰਸੰਗ ਨੂੰ ਸੰਖੇਪ ਕਰ ਸਕਣਾ

੪ ਪ੍ਰਿਅ ਕਥਾ ਪ੍ਰਸਤਾਵ - ਦਿਲ ਲੁਭਾਉਣ ਵਾਲੇ ਪ੍ਰਸੰਗਾਂ ਨੂੰ ਕਥਾ ਵਿੱਚ ਕਹਿਣਾ

੫ ਸਪਸ਼ਟ ਵਾਕ - ਸਾਫ਼ ਬੋਲਣਾ ਭਾਵ ਸਪਸ਼ਟ ਕਰ ਕੇ ਸਮਝਾ ਸਕਣਾ

੬ ਸੰਦੇਹ ਛੇਦਕ - ਸੰਸਿਆਂ ਨੂੰ ਦੂਰ ਕਰਨ ਦੀ ਸਮਰੱਥਾ ਰੱਖਣ ਵਾਲਾ ਹੋਣਾ

੭ ਅਸੇਖ ਸ਼ਾਸਤ੍ਰ ਕੁਸਲ - ਸਾਰੇ ਸ਼ਾਸਤਰਾਂ ਦਾ ਜਾਣਕਾਰੀ ਹੋਣਾ

੮ ਨੱਖਯਾਦ ਵਿਖੇਪਵਿਤ - ਕਥਾ ਦੇ ਪ੍ਰਸੰਗ ਵਿੱਚ ਪ੍ਰਸੰਗ ਤੋਂ ਉਲਟੇ ਹੋਰ ਪ੍ਰਮਾਣ ਨਾ ਦੇਣੇ

੯ ਅਵਯੰਗੋ - ਸੋਹਣੀ ਤਰ੍ਹਾਂ ਸਿੱਧਾ ਬੈਠਣਾ

੧੦ ਜਨਰੰਜਕੋ - ਸ੍ਰੋਤਿਆਂ ਦੇ ਦਿਲਾਂ ਨੂੰ ਪ੍ਰਸੰਨ ਕਰਨਾ

੧੧ ਜਿੱਤ ਸਭੋ - ਸਭਾ ਨੂੰ ਜਿੱਤਣਾ, ਭਾਵ ਮੋਹਤ ਕਰਨ ਦੀ ਸਮਰੱਥਾ ਹੋਣੀ

੧੨ ਨਾ ਹੰਤੋ - ਹੰਕਾਰ ਰਹਿਤ ਹੋਣਾ

੧੩ ਧਾਰਮਿਕੂ - ਧਾਰਮਿਕ ਖ਼ਿਆਲਾਂ ਵਾਲਾ ਹੋਣਾ, ਭਾਵ ਕਹਿਣੀ ਵਿੱਚ ਪੂਰਨ ਹੋਣਾ ਜੋ ਮੁਖੋਂ ਕਹਿਣਾ ਉਹ ਆਪ ਵੀ ਕਮਾਉਣਾ

੧੪ ਸੰਤੋਖੀ - ਪੂਰਨ ਸੰਤੋਖੀ ਹੋਣਾ

ਜਿਵੇਂ ਸਤਿਗੁਰਾਂ ਪਾਸ ਪ੍ਰੇਮੀ ਗੁਰਸਿੱਖਾਂ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਕਈ ਪ੍ਰੇਮੀ ਸਿੱਖਾਂ ਤੋਂ ਕਥਾ ਕੀਰਤਨ ਸੁਣ ਕੇ ਮਨ ਪਿਘਲ ਜਾਂਦਾ ਹੈ। ਇਕਨਾਂ ਦਾ ਕਿਹਾ ਬਚਨ ਮਨ ਕੇ ਨੇੜੇ ਨਹੀਂ ਜਾਂਦਾ। ਇਸ ਦਾ ਕੀ ਕਾਰਣ ਹੈ?" ਤਾਂ ਸਤਿਗੁਰਾਂ ਨੇ ਉੱਤਰ ਦਿੱਤਾ:

ਸ੍ਰੀ ਮੁੱਖ ਤੇ ਸੁਣ ਜੁਗਤਿ ਵਖਾਨੀ। ਹੀਰਾ ਫਟਕ ਦੁ ਏਕ ਸਮਾਨੀ।
ਹੀਰਾ ਨਿਜ ਪ੍ਰਕਾਸ਼ ਦਿਖਰਾਵੈ। ਸਰਬ ਰੰਗ ਕੇ ਊਪਰ ਛਾਵੈ।
ਫਟਕ ਪ੍ਰਕਾਸ਼ ਪਰੈ ਨਹਿ ਕਾਹੂੰ। ਅੰਤਰ ਇਤੋ ਦੁਹਿਨ ਦੇ ਮਾਹੂ।
ਤਿਮ ਗੁਰਮੁਖ ਕੀ ਕਰਹੁ ਪਛਾਨ। ਜਿਸ ਸੰਗਤ ਮਹਿ ਕਰਹਿ ਵਖਾਨ।

ਭਾਵ ਨਾਮਰਸੀਏ ਗੁਰਮੁਖ ਦੀ ਇਹ ਪਛਾਣ ਹੈ ਕਿ ਉਸ ਦੇ ਬਚਨਾਂ ਦਾ ਸਾਰਿਆਂ ਦੇ ਉੱਪਰ ਅਸਰ ਪੈ ਜਾਂਦਾ ਹੈ। ਜੋ ਹੌਲੇ ਤੇ ਝੂਠੇ ਹਨ ਕੇਵਲ ਕਥਨੀ ਹੈ ਕਰਣੀ ਨਹੀਂ, ਓਹ ਕੁਸੰਗਤ ਵਿੱਚ ਹੀ ਵੱਡੇ ਬਣਦੇ ਹਨ ਸ੍ਰੇਸ਼ਟ ਪੁਰਸ਼ਾਂ ਤੇ ਉਨ੍ਹਾਂ ਦਾ ਅਸਰ ਨਹੀਂ ਪੈਂਦਾ; ਆਦਿ।

ਉਸ ਦਿਨ ਤੋਂ ਬਾਅਦ ਹਰੇਕ ਦਸਵੀਂ ਦੇ ਜੋੜ ਮੇਲੇ ਤੇ ਧਭਲਾਨ ਦਰਸ਼ਨ ਕਰਨ ਲੱਗ ਪਏ। ਏਥੇ ਇੱਕ ਕਮਰਾ ਬਨਵੌਣ ਦੀ ਭੀ ਸੇਵਾ ਕੀਤੀ। ਫੇਰ ਗ਼ਰੀਬ ਨਿਵਾਜ਼ ਨੇ ਨਾਮ ਦੀ ਦਾਤ ਦੇ ਕੇ ਹੋਰ ਬਖ਼ਸ਼ਿਸ਼ ਕਰ ਦਿੱਤੀ। ਹੁਣ ਸਾਰਾ ਪ੍ਰਵਾਰ ਸੰਤ ਜੀ ਮਹਾਰਾਜ ਦਾ ਪੂਰਨ ਸ਼ਰਧਾਲੂ ਹੈ।

ਇਸ ਤਰ੍ਹਾਂ ਸ. ਸਾਉਣ ਸਿੰਘ ਨੇ ਸਭ ਤੋਂ ਪਹਿਲਾਂ ਹਜ਼ੂਰ ਦੀ ਉਸਤਤੀ ਸੁਣ ਕੇ ੧੯੬੧ ਈ. ਵਿੱਚ ਸੰਤ ਆਸ਼ਰਮ ਧਭਲਾਨ ਸੰਤ ਜੀ ਮਹਾਰਾਜ ਦਾ ਪਾਵਨ ਦੀਦਾਰ ਕੀਤਾ। ਉਸ ਸਮੇਂ ਇਸ ਨੂੰ ਗਦੂਦ ਦਾ ਭੈੜਾ ਰੋਗ ਲੱਗਾ ਸੀ। ਡਾਕਟਰਾਂ ਨੇ ਕਿਹਾ ਇਸ ਦਾ ਆਪ੍ਰੇਸ਼ਨ ਤੋਂ ਬ਼ਗ਼ੈਰ ਹੋਰ ਕੋਈ ਇਲਾਜ ਨਹੀਂ। ਇਹ ਦੁਖੀ ਤਾਂ ਬੜਾ ਸੀ ਪਰ ਆਪ੍ਰੇਸ਼ਨ ਤੋਂ ਝਿਜਕਦਾ ਸੀ। ਦਾਤੇ ਦਾ ਦਰਸ਼ਨ ਕਰ ਕੇ ਰੋਗ ਦੀ ਨਵਿਰਤੀ ਵਾਸਤੇ ਅਰਜ਼ ਕੀਤੀ। ਆਪ ਜੀ ਮੁਸਕਰਾਏ ਤੇ ਕਿਹਾ, "ਅਸੀਂ ਕੋਈ ਡਾਕਟਰ ਹਕੀਮ ਤਾਂ ਨਹੀਂ। ਹਾਂ! ਸਾਡੇ ਪਾਸ ਤਾਂ ਨਾਮ ਦੀ ਦਾਰੂ ਹੈ ਜੋ ਸਾਰੇ ਰੋਗਾਂ ਦੀ ਔਸ਼ਧੀ ਹੈ। ਨਿਸਚੇ ਨਾਲ ਜਪੋ, ਸਰੀਰ ਠੀਕ ਹੋ ਜਾਵੇਗਾ।" ਫੇਰ ਆਪ ਜੀ ਨੇ ਗੁਰਬਾਣੀ ਦਾ ਸ਼ਬਦ ਬਖਸ਼ਿਆ ਓਸਦਾ ਜਿਵੇਂ ਦੱਸਿਆ ਘਰ ਆ ਕੇ ਬਿਧੀ ਪੂਰਬਕ ਪਾਠ ਕੀਤਾ ਤੇ ਸਮਾਂ ਪਾ ਕੇ ਰੋਗ ਹਟ ਗਿਆ। ਫੇਰ ਤਾਂ ਸਾਰੇ ਪ੍ਰਵਾਰ ਨੂੰ ਸ਼ਰਧਾ ਹੋ ਆਈ। ੧੯੬੫ ਵਿੱਚ ਪ੍ਰਵਾਰ ਨੇ ਮਾਸ ਸ਼ਰਾਬ ਦਾ ਤਿਆਗ ਕਰ ਕੇ ਅੰਮ੍ਰਿਤ ਪਾਨ ਕਰ ਨਾਮ ਦੀ ਦਾਤ ਪ੍ਰਪਾਤ ਕੀਤੀ। ੧੯੬੧-

੬੭ ਵਿੱਚ ਫੇਰ ਘਰ ਚਰਨ ਪਾਏ। ਸ. ਸਾਉਣ ਸਿੰਘ ਵੱਡੇ ਲੜਕੇ ਸ. ਜੀਤ ਸਿੰਘ ਦੇ ਘਰ ਸੱਤ ਲੜਕੀਆਂ ਸਨ। ਲੜਕਾ ਕੋਈ ਨਹੀਂ ਸੀ। ਫੇਰ ਦੂਜੀ ਸ਼ਾਦੀ ਕਰਵਾਈ। ਉਸ ਦੇ ਵੀ ਦੋ ਲੜਕੀਆਂ ਹੀ ਹੋਈਆਂ। ਅਖ਼ੀਰ ਨੂੰ ਸ. ਜੀਤ ਸਿੰਘ ਨੇ ਹਜ਼ੂਰ ਪਾਸ ਅਰਜ਼ ਕੀਤੀ ਗ਼ਰੀਬ ਨਿਵਾਜ਼! ਕ੍ਰਿਪਾ ਕਰੋ ਜਾਂ ਸੰਤੋਖ ਬਖ਼ਸ਼ੋ ਤਾਂ ਕਿ ਲੜਕੇ ਦਾ ਫੁਰਨਾ ਮਿਟ ਜਾਵੇ ਜਾਂ ਮੇਹਰ ਕਰ ਦੇਵੋ। ਆਪ ਜੀ ਬੋਲੇ, "ਗੁਰੂ ਘਰ ਦੀ ਸ਼ਰਧਾ ਨਾਲ ਸੇਵਾ ਕਰੀ ਚਲੋ। ਮਨ ਦੀ ਮੁਰਾਦ ਪੂਰੀ ਹੋ ਜਾਵੇਗੀ। ਸੇਵਾ ਨਾਲ ਭਾਗ ਬਦਲ ਜਾਂਦੇ ਹਨ।" ਹਜ਼ੂਰ ਦੇ ਪਾਵਨ ਬਚਨਾਂ ਦੇ ਸਦਕਾ ਇਸ ਦੇ ਘਰ ਨੌਂ ਲੜਕੀਆਂ ਤੋਂ ਬਾਅਦ ੫-੫-੭੩ ਨੂੰ ਲੜਕੇ ਦਾ ਜਨਮ ਹੋਇਆ। ਮਹਾਰਾਜ ਜੀ ਨੇ ਰਾਮਦੇਵ ਸਿੰਘ ਨਾਮ ਰੱਖਿਆ ਤੇ ਬਖ਼ਸ਼ਿਸ਼ ਕਰੀ।

ਬੀਬੀ ਕ੍ਰਿਪਾਲ ਕੌਰ ਨੇ ਜਦੋਂ ਸੰਤ ਜੀ ਮਹਾਰਾਜ ੧੯੫੬ ਈ. ਵਿੱਚ ਨਾਭੇ ਆਏ ਸ. ਗੁਰਦਿਆਲ ਸਿੰਘ ਦੇ ਘਰ ਅਖੰਡ ਪਾਠ ਕੀਤਾ ਅਤੇ ਤਿੰਨ ਦੀਵਾਨ ਸਜਾਏ। ਉਸ ਸਮੇਂ ਪਹਿਲੀ ਵਾਰੀ ਦਾਤੇ ਦਾ ਦਰਸ਼ਨ ਕੀਤਾ। ਚਰਨਾਂ ਵਿੱਚ ਅਰਜ਼ ਕਰ ਕੇ ਆਪਣੇ ਘਰ ਵਿੱਚ ਅਖੰਡ ਪਾਠ ਦੀ ਤਾਰੀਖ਼ ਲੈ ਲਈ। ਭੋਗ ਦੇ ਸਮੇਂ ਕੀਰਤਨ ਵੀ ਹੋਇਆ। ਭਜਨ ਸਿਮਰਨ ਦੀ ਜੁਗਤੀ ਪੁੱਛੀ।

ਸੰਤ ਜੀ ਮਹਾਰਾਜ ਦੇ ਲਾਂਗਰੀ ਨੂੰ ਹਜ਼ੂਰ ਦੇ ਛਕਣ ਵਾਸਤੇ ਜੋ ਦਲੀਆ ਆਦਿਕ ਹਲਕਾ ਭੋਜਨ ਛਕਦੇ ਸਨ ਬੜੀ ਭਾਵਨਾ ਨਾਲ ਆਪ ਤਿਆਰ ਕਰ ਕੇ ਹੱਥੀਂ ਪੀਹ ਕੇ ਭੇਜਦੀ ਸੀ। ਹੋਰ ਵੀ ਬੇਅੰਤ ਸੇਵਾ ਦਾ ਲਾਭ ਪ੍ਰਾਪਤ ਕੀਤਾ।

ਨਾਭੇ ਦੇ ਦੀਵਾਨਾਂ ਸਮੇਂ ਗ਼ਰੀਬ ਨਿਵਾਜ਼ ਨੇ ਸ. ਭਗਤ ਸਿੰਘ ਥਾਣੇਦਾਰ ਦੀ ਕੋਠੀ ਵੀ ਚਰਨ ਪਾਏ। ਸੰਗਰੂਰ ਸ਼ਹਿਰ ਕਰਨਲ ਗੁਰਚਰਨ ਸਿੰਘ ਦੇ ਘਰ ਅਖੰਡ ਪਾਠ ਕੀਤਾ। ਦੋ ਦੀਵਾਨ ਨਾਨਕ ਪੁਰਾ ਗੁਰਦੁਆਰੇ ਸਜੇ।

ਸੰਗਰੂਰ ਦੇ ਦੀਵਾਨਾਂ ਸਮੇਂ ਸ. ਮਹਿੰਦਰ ਸਿੰਘ ਨੇ ਆਪ ਜੀ ਪਾਸ ਬੇਨਤੀ ਕੀਤੀ, "ਮਹਾਰਾਜ! ਮਨ ਦੀ ਦੌੜ ਕਿਵੇਂ ਰੁਕੇ?" ਆਪ ਜੀ ਨੇ ਫੁਰਮਾਇਆ ਕਿ ਭਾਈ! ਗੁਰਬਾਣੀ ਦਾ ਸਦਾ ਆਸਰਾ ਲਓ। ਇਹ ਅਸਲੀ ਪਵਿਤ੍ਰ ਨਦੀ ਹੈ।

ਯਥਾ - ਗੁਰਬਾਣੀ ਰੂਪੀ ਨਦੀ

ਜਿਸ ਤਰ੍ਹਾਂ ਸਮੁੰਦਰ ਵਿੱਚੋਂ ਗ਼ਰਮ ਪਾਣੀ ਦੀਆਂ ਹਵਾੜਾਂ (ਭਾਫਾਂ) ਉੱਠ ਕੇ ਹਿਮਾਲਾ ਪਹਾੜ ਤੱਕ ਆ ਕੇ ਉਸ ਦੇ ਟਕਰਾ ਕੇ ਵਰਖਾ ਕਰਦੀਆਂ ਹਨ ਅਤੇ ਉਹ ਪਹਾੜਾਂ ਵਿੱਚ ਵਰਸਿਆ ਹੋਇਆ ਪਾਣੀ ਨਦੀ ਬਣ ਜਾਂਦਾ ਹੈ। ਨਦੀ ਵਹਿੰਦੀ ਵਹਿੰਦੀ ਫਿਰ ਉਸੇ ਸਮੁੰਦਰ ਵਿੱਚ ਜਾ ਮਿਲਦੀ ਹੈ।

ਇਸੇ ਤਰ੍ਹਾਂ ਸਤਿਗੁਰੂ ਨਾਨਕ ਦੇਵ ਜੀ ਹਿਮਾਲਾ ਪਹਾੜ ਦੇ ਸਦਰਸ਼ ਸੀਤਲਤਾ ਦੇ ਦਾਤੇ ਹਨ। ਉਨ੍ਹਾਂ ਦਾ ਚਿੱਤ ਸੋਮੇਂ ਦੇ ਸਮਾਨ ਹੈ। ਜਿੱਥੋਂ ਗੁਰਬਾਣੀ ਰੂਪ ਨਦੀ ਪ੍ਰਗਟ ਹੁੰਦੀ ਹੈ। ਗੁਰਬਾਣੀ ਦਾ ਉਚਾਰਨਾਂ ਇਹ ਇਸ ਨਦੀ ਦਾ ਪ੍ਰਵਾਹ ਹੈ। ਇਹ ਨਦੀ ਭਰਮ ਤੇ ਬੇਮੁਖਤਾ ਰੂਪੀ ਦੋਹਾਂ ਕਿਨਾਰਿਆਂ ਨੂੰ ਢੋਂਹਦੀ ਹੋਈ ਅਨੇਕ ਪ੍ਰਕਾਰ ਦੇ ਪਾਪਾਂ ਅਤੇ ਪਖੰਡਾਂ ਰੂਪੀ ਬ੍ਰਿਛਾਂ ਨੂੰ ਜੜ੍ਹੋਂ ਪੁੱਟਦੀ ਹੋਈ ਬ੍ਰਹਮ ਰੂਪੀ ਸਮੁੰਦਰ ਦੇ ਸਨਮੁਖ ਜਾ ਰਹੀ ਹੈ। ਇਸ ਵਿੱਚ ਸ਼ਾਂਤੀ ਰੂਪ ਸੀਤਲਤਾ ਅਤੇ ਨਾਮ ਰੂਪੀ ਮਿਠਾਸ ਹੈ। ਸਿਧਾਂਤ ਰੂਪੀ ਗਹਿਰਾਈ ਹੈ। ਤ੍ਰਿਸ਼ਨਾਂ ਦੀ ਤ੍ਰੇਹ ਬੁਝਾਉਣ ਵਾਲੀ ਹੈ। ਨੀਵਾਂ ਮਨ ਇਸ ਦੇ ਵਹਿਣ ਦੀ ਥਾਂ ਹੈ। ਜੋ ਗੁਰਮੁਖ ਜਨ ਇਸ ਦੇ ਪ੍ਰਵਾਹ ਵਿੱਚ ਪੈ ਜਾਣ ਭਾਵ ਬਾਣੀ ਨੂੰ ਸ਼ਰਧਾ ਨਾਲ ਪੜ੍ਹਣ ਸੁਨਣ ਵਾਲੇ ਜੋ ਗੁਰਮੁਖ ਹਨ, ਉਹ ਬ੍ਰਹਮ ਰੂਪੀ ਸਮੁੰਦਰ ਵਿੱਚ ਅਭੇਦ ਹੋਏ ਬਿਨਾਂ ਉਰੇ ਕਿਤੇ ਨਹੀਂ ਠਹਿਰਦੇ; ਫਿਰ ਜਿੱਥੇ ਗਿਆਂ ਮੌਤ ਰੂਪੀ ਧੁੱਪ ਦੀ ਤਪਸ਼ ਨਹੀਂ ਸਤਾਉਂਦੀ।

ਅੰਮ੍ਰਿਤ ਬਚਨ ਸਾਧ ਕੀ ਬਾਣੀ ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ ਰਹਾਉ ॥

(ਸੂਹੀ ਮਃ ੫ - ੭੪੪)

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥

(ਸੂਹੀ ਮਃ ੫ - ੭੫੪)

ਸੋ ਪ੍ਰਭੂ ਪ੍ਰਾਪਤੀ ਲਈ ਸਾਧੂ ਦੀ ਸੰਗਤ ਤੇ ਗੁਰਬਾਣੀ ਦਾ ਪਾਠ ਸਰੇਸ਼ਟ ਸਾਧਨ ਹੈ।

ਮਿਲਣਾ ਚਾਹੇ ਸਿੰਧ ਕਉ, ਕਰ ਸਲਿਤਾ ਸਿਉ ਸੰਗ।
ਪਰਸਰਾਮ ਹਰਿ ਮਿਲਨ ਕਉ, ਮਾਰਗ ਹੈ ਸਤਸੰਗ।

ਸੋ ਭਾਈ! ਹਰ ਸਮੇਂ, ਸੰਗਤ ਦੇ ਕਿਲ੍ਹੇ ਵਿੱਚ ਰਿਹਾ ਕਰੋ। ਹੌਲੀ ਹੌਲੀ ਸੇਵਾ, ਸਿਮਰਨ ਕਰਦਿਆਂ ਮਨ ਦੀ ਦੌੜ ਰੁਕ ਜਾਵੇਗੀ। ਇਸੇ ਤਰ੍ਹਾ ੧੯੬੦ ਈ. ਜੁਲਾਈ ਮਹੀਨੇ ਮਾਨਸ਼ਾਹੀ ਸ. ਤੇਜਾ ਸਿੰਘ ਨੇ ਅਰਜ਼ ਕਰ ਕੇ (ਜਿਸ ਦੀ

ਆਪਣੀ ਐਲਨ ਡੇਲ ਕੋਠੀ ਸੀ) ਕਸੌਲੀ ਵੀ ਗ਼ਰੀਬ ਨਿਵਾਜ਼ ਦੇ ਚਰਨ ਪਵਾਏ। ਆਪ ਜੀ ਇਨ੍ਹਾਂ ਦੇ ਪ੍ਰੇਮ ਵਸੀਕਾਰ ਹੋ ਬਾਬੂ ਰਲਾ ਸਿੰਘ (ਸ੍ਰੀਮਾਨ) ਤੇ ਇੱਕ ਦੋ ਹੋਰ ਪ੍ਰੇਮੀਆਂ ਦੇ ਸਮੇਤ ਗਏ। ਕਈ ਦਿਨ ਰਿਹਾਇਸ਼ ਰੱਖੀ। ਬੀਬੀ ਜਸਵੰਤ ਕੌਰ, ਬੀਬੀ ਅਵਤਾਰ ਕੌਰ ਤੇ ਸ. ਤੇਜਾ ਸਿੰਘ ਵੱਲੋਂ ਬੜੇ ਪ੍ਰੇਮ ਨਾਲ ਸਾਰੀ ਸੇਵਾ ਹੁੰਦੀ ਰਹੀ। ਇਉਂ ਦਾਤੇ ਦੀਆਂ ਖ਼ੁਸ਼ੀਆਂ ਦੇ ਪਾਤਰ ਬਣੇ। ਹੁਣ ਵੀ ਉਸੇ ਤਰਾਂ ਅਸਥਾਨ ਤੇ ਭਾਵਨਾ ਰੱਖ ਕੇ ਯਾਤਰਾ ਕਰਦੇ ਹਨ।

ਕਾਂਡ ੨੨

ਚੰਡੀਗੜ੍ਹ ਦੇ ਦੀਵਾਨ ਤੇ ਬਚਿੱਤਰ ਗਾਥਾਵਾਂ

(ਸ. ਵਰਿਆਮ ਸਿੰਘ ਗਿੱਲ ਦੀ ਜ਼ਬਾਨੀ)

ਮਹਾਰਾਜ ਜੀ ਤੋਂ ਵਰੋਸਾਈ ਹੋਈ ਪਟਿਆਲੇ ਵਾਲੀ ਸੰਗਤ, ਜਲੰਧਰ, ਸ਼ਿਮਲੇ ਆਦਿ ਤੋਂ ਫਿਰ ਚੰਡੀਗੜ੍ਹ ਇਕੱਠੀ ਹੋ ਗਈ। ਉੱਦਮ ਕਰ ਕੇ ਸੈਕਟਰ ੧੯ ਵਿੱਚ ਗੁਰਦਵਾਰੇ ਲਈ ਪਲਾਟ ਲੈ ਕੇ ਕੰਮ ਸਾਰਨ ਜੋਗਾ ਅਸਥਾਨ ਬਣਾ ਲਿਆ। ਸੰਗਤ ਦੇ ਮਨ ਵਿੱਚ ਫੁਰਨਾ ਹੋਇਆ ਕਿ ਇੱਕ ਬਹੁਤ ਸੁੰਦਰ ਅਸਥਾਨ ਬਣਾਇਆ ਜਾਵੇ। ਸੂਝਵਾਨ ਇੰਜਨੀਅਰਾਂ ਨੇ ਨਕਸ਼ਾ ਬਣਾ ਦਿਤਾ ਅਤੇ ਸੰਗਤ ਨੇ ਫ਼ੈਸਲਾ ਕੀਤਾ ਕਿ ਗੁਰਦੁਵਾਰਾ ਸਾਹਿਬ ਦੀ ਨੀਂਹ ਪੱਥਰ ਸੰਤ ਮਹਾਰਾਜ ਜੀ ਦੇ ਪਾਵਨ ਹਸਤ ਕਮਲਾਂ ਰਾਹੀਂ ਰਖਾਇਆ ਜਾਵੇ। ਮਹਾਰਾਜ ਜੀ ਨੇ ਬੇਨਤੀ ਮੰਨ ਕੇ ੧੯੬੦ ਦੀ ਵੈਸਾਖੀ ਨੂੰ ਨੀਂਹ ਪੱਥਰ ਰੱਖਿਆ। ਅੱਜ ਚੰਡੀਗੜ੍ਹ ਦੀ ਸ਼ਾਨ ਦੇ ਮੁਤਾਬਿਕ ਗੁਰਦੁਵਾਰਾ ਸਾਹਿਬ ਦੀ ਸੁੰਦਰ ਇਮਾਰਤ ਦਰਸ਼ਕਾਂ ਨੂੰ ਖਿਚਦੀ ਤੇ ਮਹਾਂਪੁਰਸ਼ਾਂ ਦੀ ਯਾਦ ਜਗਿਆਸੂਆਂ ਦੇ ਮਨਾਂ ਵਿੱਚ ਤਾਜ਼ਾ ਕਰਦੀ ਹੈ।

ਮਹਾਰਾਜ ਜੀ ਨੇ ਸਾਰੀ ਸੰਗਤ ਤੋਂ ਇੱਕ ਸ਼ਬਦ ਪੜ੍ਹਾਇਆ:

ਸਭ ਤੇਰੀ ਵਡਿਆਈ ਜੀ, ਕੋਈ ਨਾਉ ਨਾ ਜਾਣੈ ਮੇਰਾ।

ਇਸੇ ਸਾਲ ਹੀ ੨੯ ਅਪਰੈਲ ਤੋਂ ੫ ਮਈ ਤੱਕ ਦੀਵਾਨਾਂ ਦਾ ਸਮਾਂ ਬਖ਼ਸ਼ ਦਿੱਤਾ। ਹਜ਼ਾਰਾਂ ਪ੍ਰੇਮੀ ਸ਼ਰਧਾਲੂ ਹੋ ਕੇ ਸੰਤ ਮਹਾਰਾਜ ਜੀ ਦੇ ਚਰਨਾਂ ਵਿੱਚ ਹਰ ਸਾਲ ਸਮੇਂ ਦੀ ਮੰਗ ਕਰਦੇ ਰਹੇ ਅਤੇ ਦੀਵਾਨ ੧੯ ਸੈਕਟਰ ਲੱਗਦੇ ਰਹੇ। ਜਦੋਂ ਤਾਈਂ ਵਰਿਆਮ ਸਿੰਘ ਚੰਡੀਗੜ੍ਹ ਰਿਹਾ ਓਦੋਂ ਤੱਕ ਮਹਾਰਾਜ ਹਰ ਸਾਲ ਚੰਡੀਗੜ੍ਹ ਅਤੇ ਕਾਲਕਾ ਨੂੰ ਸਮਾਂ ਬਖ਼ਸ਼ ਕੇ ਅੰਮ੍ਰਿਤ ਛਕਾ ਗੁਰੂ ਨਾਨਕ ਦੇਵ ਜੀ ਦੇ ਲੜ ਲਾਉਂਦੇ ਰਹੇ। ਵਰਿਆਮ ਸਿੰਘ ਦੇ ਯੂ. ਪੀ. ਵਿੱਚ ਤਸੀਲ ਬਿਲਾਸਪੁਰ, ਫੈਜ਼ਗੰਜ ਫਾਰਮ ਵਿੱਚ ਚਲੇ ਜਾਣ ਪਿੱਛੋਂ ਵੀ ਸਮਾਂ ਬਖਸ਼ਿਆ।

੧ ਮਈ ੧੯੬੧ ਤੋਂ ੧੨ ਮਈ ਤਾਈਂ ਦੂਜੇ ਸਾਲ ਦੇ ਦੀਵਾਨਾਂ ਸਮੇਂ ਰਿਹਾਇਸ਼ ਸ. ਅਜਮੇਰ ਸਿੰਘ ਜੀ (ਉਸ ਸਮੇਂ ਦੇ ਮਾਲ ਮੰਤਰੀ) ਦੀ ਕੋਠੀ ਰੱਖੀ। ਤੀਜੀ ਵਾਰ ੧੪ ਮਈ ਤੋਂ ੨੪ ਮਈ ੧੯੬੨ ਦੇ ਦੀਵਾਨਾਂ ਸਮੇਂ ਭੀ ਰਿਹਾਇਸ਼ ਇਸੇ ਕੋਠੀ ਵਿੱਚ ਰੱਖੀ। ੧੯੬੪ ਤੇ ੧੯੬੫ ਦੇ ਦੀਵਾਨਾਂ ਸਮੇਂ ਰਿਹਾਇਸ਼ ਡਾਕਟਰ ਪ੍ਰੀਤਮ ਸਿੰਘ ਜੀ ਦੀ ਕੋਠੀ ਸੈਕਟਰ ੩ ਵਿੱਚ ਰੱਖੀ। ੧੯੬੪ ਦੇ ਦੀਵਾਨਾਂ ਸਮੇਂ ੨੫-੩-੬੪ ਤੋਂ ੧੫-੪-੬੪ ਤਾਈਂ ੧੯੬੫ ਵਿੱਚ ੧੬-੪-੬੫ ਤੋਂ ੨੫-੪-੬੫ ਤਾਈਂ ਸਮਾਂ ਬਖ਼ਸ਼ ਕੇ ਹਜ਼ਾਰਾਂ ਪ੍ਰੇਮੀ ਗੁਰੂ ਨਾਨਕ ਦੇ ਲੜ ਲਾਏ।

ਵਿਸ਼ੇਸ਼ਤਾ ਦੀ ਗੱਲ ਇਹ ਸੀ ਕਿ ਮਹਾਰਾਜ ਜੀ ਚੰਡੀਗੜ੍ਹ ਦੇ ਦੀਵਾਨਾਂ ਸਮੇਂ ਸਾਰੀ ਭੇਟਾ, ਤੇ ਕੁੱਝ ਮਾਇਆ ਹੋਰ ਆਪਣੇ ਪਾਸੋਂ ਪਾ ਕੇ ਹਰ ਸਾਲ ਗੁਰਦਵਾਰੇ ਦੀ ਸਹਾਇਤਾ ਵਜੋਂ ਦਿੰਦੇ ਰਹੇ।

ਚੰਡੀਗੜ੍ਹ ਦੀਆਂ ਗਾਥਾਵਾਂ

ਜਦੋਂ ਮਹਾਰਾਜ ਜੀ ੧੯੬੦ ਵਿੱਚ ਪਹਿਲੀ ਵਾਰੀ ਚੰਡੀਗੜ੍ਹ ਗਏ ਤਾਂ ਉਸ ਥਾਂ ਸਾਰੇ ਪੱਛਮੀ ਪੰਜਾਬ, ਹਰਿਆਣੇ ਆਦਿ ਤੋਂ ਆਏ ਪ੍ਰਾਣੀਆਂ ਦੀਆਂ ਕੋਠੀਆਂ ਸਨ। ਕੁੱਝ ਲਾਹੌਰ ਤੋਂ ਆ ਕੇ ਸਰਕਾਰੀ ਕਰਮਚਾਰੀ ਆਬਾਦ ਹੋਏ ਸਨ। ਅਜੇ ਸੰਤ ਮਹਾਰਾਜ ਜੀ ਦੀ ਗਿਆਤ ਕਾਫ਼ੀ ਬੰਦਿਆਂ ਨੂੰ ਨਹੀਂ ਹੋਈ ਸੀ। ਪਹਿਲਾ ਦੀਵਾਨ ਲੱਗਿਆ ਹਾਜ਼ਰੀ ਕੁੱਝ ਘੱਟ ਸੀ। ਦੀਵਾਨ ਤੋਂ ਵਾਪਸ ਆ ਕੇ ਵਰਿਆਮ ਸਿੰਘ ਕੁੱਝ ਉਦਾਸ ਹੋ ਗਿਆ ਅਤੇ ਮਹਾਰਾਜ ਪਾਸ ਆ ਕੇ ਰੁਮਾਲ ਨਾਲ ਹੰਝੂ ਪੂੰਝੇ। ਮਹਾਰਾਜ ਜੀ ਨੇ ਮੁਸਕਰਾ ਕੇ ਕਿਹਾ, "ਕੀ ਗੱਲ ਹੈ?" ਉਸ ਨੇ ਉੱਤਰ ਦਿੱਤਾ, "ਗ਼ਰੀਬ ਨਿਵਾਜ਼ ਜੀ! ਅਸੀਂ ਪੂਰੀ ਤਰ੍ਹਾਂ ਪਬਲਿਸਟੀ ਨਹੀਂ ਕਰ ਸਕੇ। ਦਫ਼ਤਰਾਂ ਵਿੱਚ ਕੰਮ ਜ਼ਿਆਦਾ ਹੋਣ ਕਰ ਕੇ ਦੂਰ ਤਾਈਂ ਦੀਵਾਨਾਂ ਦੀ ਖਬਰ ਨਹੀਂ ਦੇ ਸਕੇ। ਹੁਣ ਆਪ ਕ੍ਰਿਪਾ ਕਰੋ। ਆਪ ਦਾ ਸਰੂਪ ਨਿਰਾਕਾਰ ਹੈ ਅਤੇ ਆਪ ਜੀ ਕੱਲ੍ਹ ਸਾਰੇ ਹਿਰਦਿਆਂ ਵਿੱਚ ਪ੍ਰੇਰਨਾ ਕਰੋ, ਦੀਵਾਨ ਦੀ ਹਾਜ਼ਰੀ ਕਾਫ਼ੀ ਹੋ ਜਾਵੇ।" ਮਹਾਰਾਜ ਜੀ ਮੁਸਕਰਾ ਪਏ ਤੇ ਕਹਿਣ ਲੱਗੇ, "ਤੂੰ ਉਦਾਸ ਨਾ ਹੋ। ਜਿਸ ਦਾ ਕੰਮ ਹੈ ਉਸ ਨੇ ਆਪ ਕਰਨਾ ਹੈ। ਤੂੰ ਤਾਂ ਐਵੇਂ ਵਿੱਚ ਖੜ੍ਹਾ ਕੀਤਾ ਹੋਇਆ ਹੈਂ।" ਦੂਜੇ ਦਿਨ ਸੰਗਤ ਹੁੰਮ ਹੁਮਾ ਕੇ ਪੁੱਜ ਗਈ। ਦਰੀਆਂ ਹੋਰ ਲਿਆਂਦੀਆਂ। ਕਨਾਤਾਂ ਖੋਹਲ ਦਿੱਤੀਆਂ, ਸੰਗਤ ਦੀ ਹਾਜ਼ਰੀ ਐਨੀ ਵੱਧੀ ਕਿ ਸੜਕੋਂ ਪਾਰ, ਸਾਹਮਣੇ ਸਕੂਲ ਦੇ ਗਰਾਊਂਡ ਵਿੱਚ ਜਿੱਧਰ ਵੇਖੋ ਸੰਗਤ ਹੀ ਸੰਗਤ ਸੀ। ਦੀਵਾਨ ਦੀ ਸਮਾਪਤੀ ਪਿੱਛੋਂ ਮਹਾਰਾਜ ਜੀ ਰਿਹਾਇਸ਼ ਅਸਥਾਨ ਤੇ ਪੁੱਜ ਕੇ ਕਹਿਣ ਲੱਗੇ, "ਕਿਉਂ ਭਾਈ। ਹੁਣ ਤਾਂ ਖੁਸ਼ ਹੈਂ? ਅੱਜ ਤੁਹਾਡਾ ਸਮਾਂ ਤਾਂ ਦਰੀਆਂ ਵਿਛਾਉਂਦਿਆਂ ਦਾ ਹੀ ਲੰਘ ਗਿਆ।"

ਅਣਪੁੱਛੇ ਸ਼ੰਕਿਆਂ ਦੀ ਨਵ੍ਰਿਤੀ

ਦੀਵਾਨ ਲੱਗਿਆ ਹੋਇਆ ਸੀ, ਸੰਗਤਾਂ ਹੁੰਮ ਹੁਮਾ ਕੇ ਪੁੱਜ ਰਹੀਆਂ ਸਨ। ਸ. ਗੁਰਦੇਵ ਸਿੰਘ ਜੀ ਲਲਤੋਂ ਵਾਲੇ (ਜਿਨ੍ਹਾਂ ਨੂੰ 'ਗਹਿਗੱਡ' ਭੀ ਆਖਦੇ ਸਨ) ਆਏ ਹੋਏ ਭਾਈ ਵਰਿਆਮ ਸਿੰਘ ਨਾਲ ਦੀਵਾਨ ਵਿੱਚ ਫਿਰਦੇ ਸਪੀਕਰ ਦੀ ਅਵਾਜ਼ ਤੇ ਇੰਤਜ਼ਾਮ ਸੁਣ ਅਤੇ ਵੇਖ ਰਹੇ ਸਨ। ਇੱਕ ਪ੍ਰੇਮੀ (ਜੋ ਦਿੱਲੀ ਵਾਲੇ ਨਿਰੰਕਾਰੀ ਨੂੰ ਗੁਰੂ ਮੰਨਣ ਵਾਲਾ ਸੀ) ਉੱਠ ਕੇ ਆਇਆ ਅਤੇ ਕਹਿਣ ਲੱਗਿਆ ਕਿ ਆਹ ਚਿੱਠੀ ਮਹਾਰਾਜ ਜੀ ਨੂੰ ਦੇ ਦੇਵੋ। ਚਿੱਠੀ ਖੋਹਲ ਕੇ ਉਨ੍ਹਾਂ ਨੇ ਪੜ੍ਹੀ। ਉਸ ਵਿੱਚ ਲਿਖਿਆ ਸੀ ਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੋਣ ਸੀ? ਭਾਈ ਵਰਿਆਮ ਸਿੰਘ ਕਹਿਣ ਲੱਗਿਆ ਕਿ ਜ਼ਰਾ ਇੰਤਜਾਰ ਕਰ ਉੱਤਰ ਦੀਵਾਨ ਵਿੱਚ ਹੀ ਆ ਜਾਵੇਗਾ। ਉਸੇ ਸਮੇਂ ਜਦੋਂ ਇਹ ਗੱਲਬਾਤ ਹੋ ਰਹੀ ਸੀ। ਸੰਤ ਮਹਾਰਾਜ ਜੀ ਵਿਆਖਿਆ ਕਰਦੇ ਕਰਦੇ ਇੱਕ ਦਮ ਵਿਸ਼ਾ ਬਦਲ ਕੇ ਕਹਿਣ ਲੱਗੇ, ਕਿ ਕਈ ਸ਼ੰਕਾ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਕੌਣ ਸੀ? ਗੁਰੂ ਮਹਾਰਾਜ ਜੀ ਨੇ ਆਪ ਦੱਸਿਆ ਹੈ ਕਿ ਅਸਾਡਾ ਗੁਰੂ ਆਪ ਨਿਰੰਕਾਰ ਹੈ।

ਅਪਰੰਪਰ ਪਾਰਬ੍ਰਹਮੁ ਪਰਮੇਸ਼ਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥ (ਸੋਰਠਿ ਮਃ ੧ - ੫੯੯)

ਦਸ਼ਮੇਸ਼ ਜੀ ਕਹਿੰਦੇ ਹਨ:

ਆਦਿ ਅੰਤੁ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਅਹੁ ਹਮਾਰਾ ॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਵਰਿਆਮ ਸਿੰਘ ਉਸ ਨਿਰੰਕਾਰੀ ਪ੍ਰੇਮੀ ਨੂੰ ਕਹਿਣ ਲੱਗਾ, "ਭਾਈ! ਸੁਣ ਲਿਆ। ਹੋ ਗਿਆ ਸ਼ੰਕਾ ਨਵਿਰਤ?"

ਡਾਕਟਰ ਬੀਬੀ ਸੰਤ ਕੌਰ ਤੇ ਕ੍ਰਿਪਾ

੧੯੬੧ ਵਿੱਚ ਮਈ ਦੇ ਮਹੀਨੇ ਦੀਵਾਨ ਚੰਡੀਗੜ੍ਹ ਲੱਗ ਰਹੇ ਸਨ। ਮਹਾਰਾਜ ਜੀ ੧੦ ਸੈਕਟਰ ਵਿੱਚ ਸ. ਅਜਮੇਰ ਸਿੰਘ ਜੀ ਦੀ ਕੋਠੀ ਵਿੱਚ ਰਿਹਾਇਸ਼ ਰੱਖ ਰਹੇ ਸਨ। ਕੀਰਤਨ ਦਾ ਹੋਰ ਸੰਗਤਾਂ ਸਮੇਤ ਡਾਕਟਰ ਬੀਬੀ ਸੰਤ ਕੌਰ (ਜੋ ਮੁੱਖ ਮੰਤਰੀ ਸ. ਗੁਰਨਾਮ ਸਿੰਘ ਜੀ ਦੀ ਪਤਨੀ ਸਨ) ਤੇ ਵਿਸ਼ੇਸ਼ ਅਸਰ ਪਿਆ। ਬੀਬੀ ਜੀ ਬਹੁਤ ਗੁਰਮੁਖ ਸਨ। ਹਰ ਮਹੀਨੇ ਆਪ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਕੇ ਭੋਗ ਪਾਉਂਦੇ ਸਨ ਪਰ ਨਾਮ ਦੀ ਜਾਗ ਨਹੀਂ ਲੱਗੀ ਸੀ। ਉਹ ਅੰਮ੍ਰਿਤ ਵੇਲੇ ਤਿੰਨ ਵਜੇ ਆ ਕੇ ਲੰਗਰ ਦੇ ਬਰਤਨ ਸਾਫ਼ ਕਰਦੇ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਚਲੇ ਜਾਂਦੇ। ਮਹਾਰਾਜ ਜੀ ਦੇ ਬਸਤਰ ਗੁਪਤ ਤੌਰ ਤੇ ਭਾਈ ਵਰਿਆਮ ਸਿੰਘ ਹੋਰਾਂ ਤੋਂ ਲੈ ਜਾਂਦੇ ਅਤੇ ਗੁਪਤ ਤੌਰ ਤੇ ਹੀ ਧੋ ਕੇ ਦੇ ਜਾਂਦੇ। ਕਾਫ਼ੀ ਦਿਨਾਂ ਪਿੱਛੋਂ ਬੀਬੀ ਨੇ ਮਹਾਰਾਜ ਜੀ ਦੇ ਇਕਾਂਤ ਦਰਸ਼ਨ ਕਰਨ ਲਈ ਸਮਾਂ ਮੰਗਿਆ। ਪਰ ਮਹਾਰਾਜ ਜੀ ਨੇ "ਅਜੇ ਠਹਿਰੋ" ਕਹਿ ਕੇ ਸਮਾਂ ਨਾ ਦਿੱਤਾ। ਜਦੋਂ ਬਰਤਨਾਂ ਦੀ ਲਿਸ਼ਕ ਮਾਰਦੀ ਸਫ਼ਾਈ ਨਾਲ ਬੀਬੀ ਜੀ ਦਾ ਹਿਰਦਾ ਭੀ ਚਮਕ ਉੱਠਿਆ ਤਾਂ ਮਹਾਰਾਜ ਜੀ ਨੇ ਸਮਾਂ ਦੇ ਦਿੱਤਾ ਤੇ ਨਾਮ ਜਪਣ ਦੀ ਜੁਗਤਿ ਦੱਸਣ ਦੀ ਮੇਹਰ ਕੀਤੀ। ਨਾਮ ਦੀ ਜਾਗ ਲੱਗਦੇ ਹੀ ਬੀਬੀ ਜੀ ਦੀ ਕਾਇਆਂ ਕਲਪ ਹੋ ਗਈ ਅਤੇ ਬਾਕੀ ਰਹਿੰਦੀ ਉਮਰ ਤਾਈਂ ਉਨ੍ਹਾਂ ਨਾਮ ਦੀ ਅਤੁੱਟ ਕਮਾਈ ਕੀਤੀ।

ਸਰਦੀਆਂ ਦੇ ਦਿਨਾਂ ਵਿੱਚ ਫਤੇਗੜ੍ਹ ਸਾਹਿਬ ਮਹਾਰਾਜ ਜੀ ਦੇ ਦੀਵਾਨ ਲੱਗੇ ਹੋਏ ਸਨ, ਤਾਂ ਭਾਈ ਵਰਿਆਮ ਸਿੰਘ ਦੇ ਪ੍ਰਵਾਰ ਸਮੇਤ ਉਹ ਫਤੇਗੜ੍ਹ ਸਾਹਿਬ ਦਰਸ਼ਨ ਕਰਨ ਗਈ। ਰਸਤੇ ਵਿੱਚ ਟਰੈਫਿਕ ਜਾਮ ਹੋਣ ਕਰ ਕੇ ੧੦ ਮਿੰਟ ਲੇਟ ਹੋ ਗਈ।

ਬੀਬੀ ਜੀ ਬਹੁਤ ਉਦਾਸ ਹੋ ਗਏ ਅਤੇ ਕਾਰ ਵਿੱਚ ਵਾਰ ਵਾਰ ਅਰਦਾਸ ਕਰਨ ਕਿ ਮਹਾਰਾਜ ਜੀ! ਜ਼ਰੂਰ ਦਰਸ਼ਨ ਦਿਓ, ਬੇਨਤੀ ਕਰਨੀ ਹੈ। ਦੀਵਾਨ ਅਸਥਾਨ ਤੇ ਪੁੱਜ ਕੇ ਪਤਾ ਲੱਗਿਆ ਕਿ ਮਹਾਰਾਜ ਜੀ ਦੀਵਾਨ ਵਿੱਚ ਜਾਣ ਦੀ ਥਾਂ ਸਰੋਵਰ ਵੱਲ ਨੂੰ ਚਲੇ ਗਏ ਹਨ, ਜਿਵੇਂ ਕਿਸੇ ਦੀ ਇੰਤਜ਼ਾਰ ਵਿੱਚ ਹਨ। ਡਾਕਟਰ ਬੀਬੀ ਪੁੱਜੀ ਹੀ ਸੀ ਕਿ ਮਹਾਰਾਜ ਜੀ ਆ ਗਏ। ਬੇਅੰਤ ਸੰਗਤ ਦੀ ਭੀੜ ਵਿੱਚ ਬੀਬੀ ਨੇ ਨਮਸ਼ਕਾਰ ਕੀਤੀ। ਉਸ ਦੇ ਮਨ ਦੀ ਪੀੜਾ ਪਛਾਣ ਕੇ ਕਹਿਣ ਲੱਗੇ, "ਤੁਸੀਂ ਜੱਜ ਸਾਹਿਬ ਦਾ ਫ਼ਿਕਰ ਕਿਉਂ ਕਰਦੇ ਹੋ, ਓਹ ਆਪੇ ਠੀਕ ਹੋ ਜਾਵਣਗੇ (ਕਿਉਂਕਿ ਉਸ ਸਮੇਂ ਉਨ੍ਹਾਂ ਦਾ ਮਨ ਘਰ ਵਲੋਂ ਕੁੱਝ ਉਪਰਾਮ ਜੇਹਾ ਸੀ) ਤੁਸੀਂ ਆਪਣੀ ਤਿਆਰੀ ਤੇ ਤੋਸ਼ਾ ਬੰਨੋ। ਕੀ ਭਰੋਸਾ ਹੈ, ਤੁਸੀਂ ਉਨ੍ਹਾਂ ਤੋਂ ਪਹਿਲਾਂ ਹੀ ਚਲੇ ਜਾਵੋ।" ਬੀਬੀ ਜੀ ਦਾ ਗੁਪਤ ਸੰਸਾ ਨਿਵਿਰਤ ਹੋ ਚੁੱਕਿਆ ਸੀ, ਪਰ ਆਪਣਾ ਛੇਤੀ ਸੰਸਾਰ ਤੋਂ ਜਾਣਾ ਸੁਣ ਕੇ ਕੁੱਝ ਨਿਰਾਸ਼ ਹੋ ਗਈ। ਛੇਤੀ ਹੀ ੧੯੬੬ ਵਿੱਚ ਉਹ ਬੀਮਾਰ ਹੋ ਗਏ ਅਤੇ ਅੰਤਲੇ ਸੁਆਸਾਂ ਤਾਈਂ ਗੁਰੂ ਗੁਰੂ ਜਪਦੇ ਅੰਤਮ ਸਮੇਂ ਸੰਤ ਮਹਾਰਾਜ ਦੇ ਧਿਆਨ ਵਿੱਚ ਗੁਰ ਫਤਹਿ ਬੁਲਾਉਂਦੇ ਗੁਰੂ ਗੋਦ ਵਿੱਚ ਜਾ ਬਿਰਾਜੇ।

ਆਓ ਰਾਗਾ ਸਿੰਘ ਜੀ

ਗਿ. ਕੁਲਦੀਪ ਸਿੰਘ ਜੀ ਜੋ ਅੱਜ ਕੱਲ੍ਹ ਚੰਡੀਗੜ੍ਹ ਰਹਿੰਦੇ ਹਨ ਕੁੱਝ ਸਰੀਰ ਦੇ ਭਾਰੇ ਸਨ। ਜਦੋਂ ਦੀ ਇਹ ਵਾਰਤਾ ਹੈ ਓਸ ਸਮੇਂ ਸਾਧਾਰਨ ਜੇਹੇ ਗ੍ਰਹਿਸਤੀ ਸਨ। ਕਈ ਕੁ ਸੱਜਣ ਪੂਰਨਮਾਸ਼ੀ ਦੇ ਮਾਹਵਾਰੀ ਦੀਵਾਨ ਤੇ ਰਾੜੇ ਸਾਹਿਬ ਮੋਟਰ ਸਾਈਕਲਾਂ ਤੇ ਜਾ ਰਹੇ ਸਨ। ਰਸਤੇ ਵਿੱਚ ਐਕਸੀਡੈਂਟ ਹੋ ਗਿਆ। ਕੁਲਦੀਪ ਸਿੰਘ ਦਾ ਮੋਢਾ ਉੱਤਰ ਗਿਆ। ਸ਼ਾਮ ਨੂੰ ਰਾੜੇ ਸਾਹਿਬ ਪੁੱਜ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਭੋਰੇ ਵਿੱਚ ਹੀ ਕੀਤੇ। ਜਦੋਂ ਕੁਲਦੀਪ ਸਿੰਘ ਨਮਸ਼ਕਾਰ ਕਰਨ ਲੱਗਿਆ ਤਾਂ ਸਹਿਜ ਸੁਭਾਵ ਹੀ ਮਹਾਰਾਜ ਜੀ ਨੇ ਕਿਹਾ, "ਆਉ ਰਾਗਾ ਸਿੰਘ ਜੀ!" ਨਾਲ ਦਿਆਂ ਨੇ ਕਿਹਾ, "ਪਾਤਸ਼ਾਹ! ਏਹਨੂੰ ਤਾਂ ਏਹ ਭੀ ਨਹੀਂ ਪਤਾ ਕਿ ਵਾਜੇ ਦੀਆਂ ਸੁਰਾਂ ਖੱਬੇ ਹੱਥ ਲਾਲ ਦਬੀਦੀਆਂ ਹਨ ਜਾਂ ਸੱਜੇ ਨਾਲ।" ਮਹਾਰਾਜ ਜੀ ਮੁਸਕਰਾ ਪਏ ਅਤੇ ਕਹਿਣ ਲੱਗੇ ਜੇ ਨਹੀਂ ਪਤਾ ਤਾਂ ਹੁਣ ਜਾਣ ਜਾਵੇਗਾ ਤੇ ਰਸੀਲਾ ਕੀਰਤਨ ਕਰਿਆ ਕਰੇਗਾ। ਇਹ ਬਖ਼ਸ਼ਿਸ਼ ਤੇ ਸਭ ਹੈਰਾਨ ਸਨ। ਫਿਰ ਉਸ ਦੇ ਮਨ ਦਾ ਫੁਰਨਾ ਜਾਣ ਹਿਲੇ ਹੋਏ ਮੋਢੇ ਤੇ ਹੱਥ ਧਰਿਆ ਅਤੇ ਘਿਉ ਪਾ ਕੇ ਗ਼ਰਮ ਦੁੱਧ ਪਿਲਾਇਆ। ਏਹ ਬਚਨ ਏਨਾ ਸਤ ਹੋਇਆ ਕਿ ਕੁਲਦੀਪ ਸਿੰਘ ਦਾ ਰਸੀਲਾ ਕੀਰਤਨ ਸੁਣਨ ਲਈ ਹਰ ਕਿਸੇ ਦਾ ਮਨ ਲੋਚਣ ਲੱਗ ਜਾਂਦਾ ਹੈ। ਇਸ ਦੀ ਹੱਦ ਦਰਜੇ ਦੀ ਗ਼ਰੀਬੀ ਦੂਰ ਕਰਨ ਲਈ ਭੀ ਬਚਨ ਕਰ ਦਿੱਤਾ। ਇਸ ਪਾਸ ਹੁਣ ਅੰਬਾਲੇ ਸ਼ਹਿਰ ਤੇ ਛਾਉਣੀ ਦੀ ਕੋਕੇ ਕੋਲੇ ਦੀ ਏਜੰਸੀ ਹੈ ਅਤੇ ਪਦਾਰਥ ਦੀ ਭੁੱਖ ਉੱਕਾ ਹੀ ਖ਼ਤਮ ਹੋ ਗਈ ਹੈ।

ਚੰਡੀਗੜ੍ਹ ਦੇ ਦੀਵਾਨਾਂ ਸਮੇਂ ਵਿਸ਼ੇਸ਼ ਪ੍ਰਬੰਧ ਭਾਈ ਵਰਿਆਮ ਸਿੰਘ ਦੇ ਜ਼ਿੰਮੇਂ ਸੀ। ਇਹ ੨੧-੪-੬੨ ਨੂੰ ਆਪਣੇ ਫਾਰਮ ਯੂ. ਪੀ. ਤੋਂ ਚੱਲੇ ਤਾਂ ਰਸਤੇ ਵਿੱਚ ਉਨ੍ਹਾਂ ਦੀ ਪਤਨੀ ਬੀਬੀ ਰਣਜੀਤ ਕੌਰ ਬਹੁਤ ਸਖ਼ਤ ਬੀਮਾਰ ਹੋ ਗਈ। ਟਰੇਨ ਵਿੱਚ ਬੈਠੀਆਂ ਸਵਾਰੀਆਂ ਨੇ ਸਲਾਹ ਦਿੱਤੀ ਕਿ ਰਸਤੇ ਵਿੱਚ ਉੱਤਰ ਜਾਵੋ ਅਤੇ ਇਸ ਦਾ ਇਲਾਜ ਕਰਾਵੋ। ਪਰ ਦੂਜੇ ਦਿਨ ਹੀ ਮਹਾਰਾਜ ਦੇ ਦੀਵਾਨ ਸ਼ੁਰੂ ਹੋ ਰਹੇ ਸਨ। ਆਖ਼ਿਰ ਵਾਹਿਗੁਰੂ ਜੀ ਦੀ ਓਟ ਲੈ ਕੇ ਚੰਡੀਗੜ੍ਹ ਤਾਈਂ ਪੁੱਜਣ ਦੀ ਅਰਦਾਸ ਕੀਤੀ।

ਅਰਦਾਸ ਸ਼ਬਦ ਫ਼ਾਰਸੀ ਦੇ ਦੋ ਸ਼ਬਦਾਂ ਅਰਜ਼ ਅਤੇ ਦਾਸ਼ਤ ਤੋਂ ਉਤਪੰਨ ਹੋਇਆ ਹੈ। ਅਰਜ਼ ਤੋਂ ਭਾਵ ਹੈ ਬੇਨਤੀ ਅਤੇ ਦਾਸ਼ਤ ਦਾ ਅਰਥ ਹੈ ਰੱਖਣਾ ਜਾਂ ਕਰਨਾ। ਸੋ ਅਰਦਾਸ ਦਾ ਭਾਵ ਹੈ ਬੇਨਤੀ ਕਰਨਾ। ਹਰ ਇੱਕ ਮਨੁੱਖ ਦਾ ਪਰਮ ਧਰਮ ਹੈ ਕਿ ਉਹ ਹਰ ਵੱਡਾ ਜਾਂ ਛੋਟਾ ਕਾਰਜ ਆਰੰਭ ਕਰਨ ਤੋਂ ਪਹਿਲਾਂ ਸਤਿਗੁਰੂ ਅੱਗੇ ਅਰਦਾਸ ਕਰੇ। ਅਕਾਲ ਪੁਰਖ ਸੱਚੇ ਦਿਲੋਂ ਕੀਤੀ ਅਰਦਾਸ ਪ੍ਰਵਾਨ ਕਰਦਾ ਹੈ। ਸੋ ਇਨ੍ਹਾਂ ਦੀ ਦਾਤੇ ਦੇ ਦਰ ਵਿੱਚ ਕੀਤੀ ਅਰਦਾਸ ਮਨਜ਼ੂਰ ਹੋ ਗਈ।

ਖ਼ੁਦਾ ਮਨਜ਼ੂਰ ਕਰਤਾ ਹੈ ਦੁਆ ਜਬ ਦਿਲ ਸੇ ਹੋਤੀ ਹੈ। ਮੁਸ਼ਕਲ ਤੋਂ ਯੇਹ ਹੈ ਕਿ ਬੜੀ ਮੁਸ਼ਕਲ ਸੇ ਹੋਤੀ ਹੈ।

ਬੀਮਾਰੀ ਕੁੱਝ ਥੰਮ ਗਈ ਤੇ ਚੰਡੀਗੜ੍ਹ ਪੁੱਜ ਕੇ ਬੀਮਾਰੀ ਫਿਰ ਜਾਗ ਪਈ ਪਰ ਬੀਮਾਰ ਹਾਲਤ ਵਿੱਚ ਹੀ ਲੰਗਰ ਦੇ ਨਾਲ ਮੰਜਾ ਡਾਹ ਦਿੱਤਾ। ਅਚਾਨਕ ਮਹਾਰਾਜ ਜੀ ਆ ਗਏ ਪਰ ਸੇਵਾ ਕਰਨ ਲਈ ਬੀਬੀਆਂ ਨਾ ਆ ਸਕੀਆਂ। ਮਹਾਰਾਜ ਜੀ ਦਾ ਐਸਾ ਕੌਤੱਕ ਵਰਤਿਆ ਕਿ ੨੬ ਦਿਨ ਬੀਬੀ ਰਣਜੀਤ ਕੌਰ ਬਹੁਤ ਘੱਟ ਸਮਾਂ ਆਰਾਮ ਕਰ ਕੇ ਹਰ ਰੋਜ਼ ਲੰਗਰ ਦੀ ਸੇਵਾ ਵਿੱਚ ਤਤਪਰ ਰਹੀ। ਸਤਾਈਵੇਂ ਦਿਨ ਜਦੋਂ ਸੰਤ ਮਹਾਰਾਜ ਜੀ ਰਾੜੇ ਸਾਹਿਬ ਆ ਗਏ ਤਾਂ ਬੀਬੀ ਉਸੇ ਬੀਮਾਰੀ ਨਾਲ ਫਿਰ ਮੰਜੇ ਤੇ ਪੈ ਗਈ ਅਤੇ ਕਾਫ਼ੀ ਸਮੇਂ ਪਿੱਛੋਂ ਦਵਾਈ ਖਾ ਕੇ ਤੰਦਰੁਸਤ ਹੋਈ। ਇਸ ਪ੍ਰਕਾਰ ਇੱਕ ਬੀਮਾਰ ਤੋਂ ਆਪਣਾ ਕਾਰਜ ਆਪ ਕਰਾ ਲਿਆ।

ਕੈਰੋਂ ਸਾਹਿਬ ਨੂੰ ਨਾਮ ਦਾਤ

੧੯੬੨ ਵਿੱਚ ਚੰਡੀਗੜ੍ਹ ਦੇ ਦੀਵਾਨ ਸਮੇਂ ਸ. ਪ੍ਰਤਾਪ ਸਿੰਘ ਕੈਰੋਂ ਨੇ (ਜੋ ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸਨ) ਸੰਤ ਮਹਾਰਾਜ ਜੀ ਪਾਸ ਸ. ਬਾਬੂ ਸਿੰਘ ਜੀ ਪਬਲਿਕ ਰੀਲੇਸ਼ਨ ਆਫੀਸਰ ਨੂੰ ਦਰਸ਼ਨ ਕਰਨ ਲਈ ਸਮਾਂ ਮੰਗਣ ਵਾਸਤੇ ਭੇਜਿਆ। ਸੰਤ ਮਹਾਰਾਜ ਜੀ ਨੇ ਉਸ ਦਿਨ ਤਾਂ ਸਮਾਂ ਨਾ ਦਿੱਤਾ ਪਰ ਕਈ ਦਿਨਾਂ ਪਿੱਛੋਂ ਭਾਈ ਵਰਿਆਮ ਸਿੰਘ ਨੂੰ ਹੁਕਮ ਕੀਤਾ ਕਿ ਮੁੱਖ ਮੰਤਰੀ ਅਸਾਨੂੰ ਰਾਜਿੰਦਰਾ ਪਾਰਕ ਚੰਡੀਗੜ੍ਹ ਵਿੱਚ ਸਵੇਰੇ ਸੈਰ ਸਮੇਂ ੬ ਵਜੇ ਮਿਲ ਸਕਦਾ ਹੈ। ਉਸ ਨੇ ਸੁਨੇਹਾ ਭੇਜ ਦਿੱਤਾ ਪਰ ਸੰਦੇਸ਼ਾ ਦੇਣ ਵਾਲੇ ਨੇ ਸਮਾਂ ਅੰਮ੍ਰਿਤ ਵੇਲੇ ਦੀ ਥਾਂ ਸ਼ਾਮ ਦਾ ਦੇ ਦਿੱਤਾ। ਕੈਰੋਂ ਸਾਹਿਬ ਅਸੈਂਬਲੀ ਵਿੱਚੋਂ ਉੱਠ ਕੇ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਕੇ ਆਪਣੀ ਤਪਸ਼ ਦੂਰ ਕਰਨ ਲਈ ਪੁੱਜੇ। ਬੜੀ ਸ਼ਰਧਾ ਨਾਲ ਦਰਸ਼ਨ ਹਿੱਤ ਆਈਆਂ ਸੰਗਤਾਂ ਦੀ ਲਾਈਨ ਵਿੱਚ ਆਪਣੇ ਨੰਬਰ ਤੇ ਖੜੋ ਗਏ। ਕੈਰੋਂ ਸਾਹਿਬ ਦਾ ਚੌਧਵਾਂ ਨੰਬਰ ਸੀ। ਉਹ ਲਾਈਨ ਵਿੱਚ ਖੜੇ ਕੁੱਝ ਵਿਸ਼ੇਸ਼ ਆਨੰਦ ਪ੍ਰਾਪਤ ਕਰ ਰਹੇ ਸਨ। ਵਾਰੀ ਸਿਰ ਅੰਦਰ ਜਾ ਕੇ ਮਹਾਂਪੁਰਸ਼ਾਂ ਨੂੰ ਬਹੁਤ

ਸ਼ਰਧਾ ਪੂਰਬਕ ਨਮਸ਼ਕਾਰ ਕਰ ਕੇ ਕੁਰਸੀ ਨਾਲ ਲੱਗ ਕੇ ਫਰਸ਼ ਤੇ ਬੈਠ ਗਏ। ਮਹਾਂਪੁਰਸ਼ਾਂ ਨੇ ਨਿਆਂਕਾਰੀ ਰਾਜ ਕਰਨ ਦੀ ਪ੍ਰੇਰਨਾ ਦਿੰਦਿਆਂ ਉਪਦੇਸ਼ ਕੀਤਾ ਅਤੇ ਕਿਹਾ ਅਤੇ ਪਬਲਿਕ ਦੀ ਸੇਵਾ ਕਰਨਾ ਹੀ ਭਗਤੀ ਹੈ। ਅੰਤ ਵਿੱਚ ਸਿਮਰਨ ਦੀ ਜੁਗਤੀ ਦੱਸ ਕੇ ਇੱਕ ਸਿਮਰਨਾ ਬਖਸ਼ਿਆ। ਕੈਰੋਂ ਸਾਹਿਬ ਅੰਤਲੇ ਸੁਆਸਾਂ ਤਾਈਂ ਸਿਮਰਨ ਕਰਦੇ ਰਹੇ।

ਉਸੇ ਸਾਲ ਕੈਰੋਂ ਸਾਹਿਬ ਕਾਲਕਾ ਮਹਾਰਾਜ ਜੀ ਦਾ ਦੀਵਾਨ ਸੁਣਨ ਗਏ। ਸ. ਅਜਮੇਰ ਸਿੰਘ ਮਾਲ ਮੰਤਰੀ ਭੀ ਸਾਥ ਸਨ। ਦੀਵਾਨ ਵਿੱਚ ਸ. ਗੁਰਨਾਮ ਸਿੰਘ ਭੂਤਕਾਲ ਮੁੱਖ ਮੰਤਰੀ (ਜੋ ਉਸ ਸਮੇਂ ਚੀਫ ਜਸਟਸ ਸਨ) ਭੀ ਹਾਜ਼ਰ ਸਨ। ਕੈਰੋਂ ਸਾਹਿਬ ਤੇ ਬਹੁਤ ਪ੍ਰਭਾਵ ਪਿਆ ਤੇ ਉਨ੍ਹਾਂ ਆਪਣੀ ਤੱਕਰੀਰ ਵਿੱਚ ਕਿਹਾ ਕਿ ਅੱਜ ਪਹਿਲਾ ਦਿਨ ਹੈ ਜੋ ਮੈਨੂੰ ਮਹਿਸੂਸ ਹੋਇਆ ਕਿ ਰੂਹਾਨੀ ਸ਼ਾਂਤੀ ਕੀ ਹੁੰਦੀ ਹੈ। ਸੰਤ ਮਹਾਰਾਜ ਜੀ ਦੇ ਮਿੱਠੇ ਤੇ ਰਸ ਭਰੇ ਕੀਰਤਨ ਨੇ ਮੇਰੇ ਮਨ ਵਿੱਚੋਂ ਸਮੇਂ ਦਾ ਅਭਾਵ ਕਰ ਦਿੱਤਾ ਤੇ ਪਤਾ ਉਸ ਸਮੇਂ ਲੱਗਿਆ ਜਦੋਂ ਦੋ ਘੰਟੇ ਪੂਰੇ ਹੋ ਗਏ ਹੋਣ ਤੇ ਦੀਵਾਨ ਸਮਾਪਤ ਹੋਇਆ। ਮੇਰੇ ਗੋਡਿਆਂ ਨੂੰ ਸੀਮੈਂਟ ਕਰ ਦਿੱਤਾ ਮੈਂ ਸਮਾਂ ਭੁੱਲ ਗਿਆ। ਮੈਂ ਸਿਰਫ ੧੫ ਮਿੰਟਾਂ ਲਈ ਆਇਆ ਸਾਂ। ਉਸ ਨੇ ਇਹ ਭੀ ਦੱਸਿਆ ਕਿ ਮੈਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਲਈ ੧੯੪੮ ਤੋਂ ਲੋਚਦਾ ਸਾਂ, ਪਰ ਸਮਾਂ ਹੁਣ ਹੀ ਆਇਆ। ਉਸ ਤੋਂ ਤੀਜੇ ਸਾਲ ੧੯੬੪ ਵਿੱਚ ਬੀਬੀ ਰਾਮ ਕੌਰ ਪਤਨੀ ਸ. ਪ੍ਰਤਾਪ ਸਿੰਘ ਕੈਰੋਂ ਦੇ ਨਾਮ ਦੀ ਜੁਗਤਿ ਪ੍ਰਾਪਤ ਕਰ ਕੇ ਸ਼ਾਂਤੀ ਪ੍ਰਾਪਤ ਕੀਤੀ, ਜਿਨ੍ਹਾਂ ਨੇ ਸੰਤ ਮਹਾਰਾਜ ਜੀ ਦੇ ਦਰਸ਼ਨ ਡਾਕਟਰ ਪ੍ਰੀਤਮ ਸਿੰਘ ਦੀ ਕੋਠੀ ਕੀਤੇ। ਕੈਰੋਂ ਸਾਹਿਬ ਕਈ ਵਾਰੀ ਧਭਲਾਨ, ਰਾੜੇ ਸਾਹਿਬ ਸਮੇਂ ਸਮੇਂ ਸਿਰ ਦੀਵਾਨ ਸਰਵਣ ਕਰ ਕੇ ਅਨੰਦ ਪ੍ਰਾਪਤ ਕਰਦੇ ਰਹੇ। ਅੰਤ ਸਮੇਂ ਭੀ ਉਨ੍ਹਾਂ ਦਾ ਇੱਕ ਹੱਥ ਸਿਮਰਨੇ ਤੇ ਪ੍ਰਭੂ ਦੀ ਯਾਦ ਨਾਲ ਜੁੜਿਆ ਹੋਇਆ ਸੀ।

ਹੋਰ ਵੀ ਜਿਤਨੇ ਪੰਜਾਬ ਦੇ ਮੁੱਖ ਮੰਤਰੀ ਬਣੇ, ਸਭਨਾਂ ਨੇ ਸੰਤ ਜੀ ਮਹਾਰਾਜ ਦੇ ਪਾਵਨ ਦਰਸ਼ਨ ਕਰੇ। ਕੀਰਤਨ ਸੁਣ ਕੇ ਰੂਹਾਨੀ ਸ਼ਾਂਤੀ ਪ੍ਰਾਪਤ ਕੀਤੀ ਜੇਹਾ ਕਿ ਰਾਮ ਕਿਸ਼ਨ ਕਾਮਰੇਡ, ਸ. ਲਛਮਣ ਸਿੰਘ ਗਿੱਲ, ਸ. ਗੁਰਨਾਮ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ, ਸ. ਦਰਬਾਰਾ ਸਿੰਘ ਤੇ ਗਿਆਨੀ ਜ਼ੈਲ ਸਿੰਘ ਜੀ, ਸ. ਬੇਅੰਤ ਸਿੰਘ ਆਦਿ।

ਗ਼ਰੀਬਾਂ ਨਾਲ ਪਿਆਰ

ਸੰਤ ਜੀ ਮਹਾਰਾਜ ਨੂੰ ਗ਼ਰੀਬਾਂ ਨਾਲ ਹਦੋਂ ਵੱਧ ਪਿਆਰ ਸੀ। ਗ਼ਰੀਬ ਉੱਤੇ ਹੱਦੋਂ ਵਧੀਕ ਪਸੀਜ ਜਾਂਦੇ ਸਨ ਅਤੇ ਗ਼ਰੀਬ ਕਿਰਤੀ ਨੂੰ ਮਿਲ ਕੇ ਬਹਤੁ ਪ੍ਰਸੰਨ ਹੁੰਦੇ ਸਨ। ਚੰਡੀਗੜ੍ਹ ੧੯੬੪ ਦੇ ਦੀਵਾਨਾਂ ਸਮੇਂ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਗ਼ਰੀਬ ਨਿਵਾਜ਼ ਜੀ! ਸੰਗਤਾਂ ਆਪਣੇ ਘਰਾਂ ਵਿੱਚ ਚਰਣ ਪੁਆਉਣ ਲਈ ਬਹੁਤ ਬੇਨਤੀਆਂ ਕਰ ਰਹੀਆਂ ਹਨ। ਆਪ ਕ੍ਰਿਪਾ ਕਰ ਕੇ ਸਮਾਂ ਬਖ਼ਸ਼ੋ। ਮਹਾਰਾਜ ਜੀ ਨੇ ਸਮਾਂ ਬਖ਼ਸ਼ ਦਿੱਤਾ। ਦੀਵਾਨ ਅਸਥਾਨ ਤੇ ਪੁੱਜਣ ਤੋਂ ਪਹਿਲਾਂ ਥੋੜਾ ਥੋੜਾ ਸਮਾਂ ਸਾਰਿਆ ਨੂੰ ਦਿੱਤਾ ਜਾਂਦਾ। ਭਾਈ ਵਰਿਆਮ ਸਿੰਘ ਸਮੇਂ ਦੀ ਵੰਡ ਕਰ ਕੇ ਕੋਸ਼ਿਸ਼ ਕਰਦੇ ਕਿ ਥੋੜ੍ਹਾ ਥੋੜ੍ਹਾ ਸਮਾਂ ਸਭ ਨੂੰ ਮਿਲ ਜਾਵੇ।

ਇੱਕ ਦਿਨ ਜਦੋਂ ਸਮੇਂ ਦੀ ਵੰਡ ਹੋ ਰਹੀ ਸੀ ਤਾਂ ਕੁਦਰਤੀ ਵੱਡੀਆਂ-ਵੱਡੀਆਂ ਕੋਠੀਆਂ ਵਿੱਚ ਮਹਾਰਾਜ ਜੀ ਦੇ ਚਰਨ ਪੈਣੇ ਸਨ। ਸ. ਗਿਆਨ ਸਿੰਘ ਰਾੜੇ ਵਾਲੇ (ਜੋ ਉਸ ਸਮੇਂ ਪੰਜਾਬ ਸਰਕਾਰ ਦੇ ਮੰਤਰੀ ਸਨ) ਦੀ ਕੋਠੀ 'ਚੋਂ ਹੁੰਦੇ ਹੋਏ ਕਈ ਵੱਡੀਆਂ-ਵੱਡੀਆਂ ਕੋਠੀਆਂ ਵਿੱਚ ਗਏ। ਕੋਠੀਆਂ ਏਅਰ ਕਡੀਸ਼ਨਡ ਸਨ ਅਤੇ ਗ਼ਰਮੀ ਬਹੁਤ ਹੋਣ ਕਰ ਕੇ ਮਹਾਰਾਜ ਜੀ ਦੇ ਸਰੀਰ ਨੂੰ ਕਾਫ਼ੀ ਆਰਾਮ ਪ੍ਰਾਪਤ ਹੋ ਰਿਹਾ ਸੀ। ਉਸ ਦਿਨ ਇੱਕ ਛੱਜੂ ਨਾਮੀ ਮਾਲੀ ਨੇ ਭੀ ਬੇਨਤੀ ਕਰ ਰੱਖੀ ਸੀ। ਪਰ ਭਾਈ ਵਰਿਆਮ ਸਿੰਘ ਦੇ ਮਨ ਵਿੱਚ ਆਈ ਕਿ ਏਨੇ ਠੰਢੇ ਥਾਵਾਂ ਤੋਂ ਮਾਲੀ ਦੇ ਨਿੱਕੇ ਜੇਹੇ ਗ਼ਰਮ ਕੁਆਟਰ ਵਿੱਚ ਮਹਾਰਾਜ ਨੂੰ ਤਕਲੀਫ਼ ਹੋਵੇਗੀ। ਸੋ ਉਸ ਨੇ ਸੋਚਿਆ ਕਿ ਮਾਲੀ ਨੂੰ ਫੇਰ ਸਮਾਂ ਦੇ ਦੇਵਾਂਗੇ ਅਤੇ ਨਹੀਂ ਜਾਣਾ। ਜਦੋਂ ੧੯ ਸੈਕਟਰ ਨੂੰ ਕਾਰ ਜਾ ਰਹੀ ਸੀ ਤਾਂ ਮਹਾਰਾਜ ਜੀ ਨੇ ਵਰਿਆਮ ਸਿੰਘ ਤੋਂ ਪੁੱਛਿਆ ਕਿ ਕੋਈ ਰਹਿ ਤਾਂ ਨਹੀਂ ਗਿਆ? ਉਹ ਚੁੱਪ ਹੋ ਗਿਆ। ਤਾਂ ਮਹਾਰਾਜ ਜੀ ਜੋ ਸਭ ਕੁੱਝ ਜਾਣਦੇ ਸਨ ਕਹਿਣ ਲੱਗੇ "ਬੋਲਦਾ ਨਹੀਂ? ਕੋਈ ਗ਼ਰੀਬ ਰਹਿ ਗਿਆ ਹੋਣੈ?" ਉਸ ਨੇ ਕਿਹਾ ਕਿ ਮਹਾਰਾਜ ਜੀ ਇੱਕ ਮਾਲੀ ਰਹਿ ਗਿਆ ਹੈ। ਹੁਣ ਦੀਵਾਨ ਦਾ ਸਮਾਂ ਹੋ ਚੁੱਕਿਆ ਹੈ, ਸਮਾਂ ਨਹੀਂ ਰਿਹਾ। ਮਹਾਰਾਜ ਜੀ ਕਹਿਣ ਲੱਗੇ ਕਿ ਅਸੀਂ ਤਾਂ ਉਸ ਦੇ ਘਰ ਜ਼ਰੂਰ ਜਾਣਾ ਹੈ। ਕਿਸੇ ਅਮੀਰ ਦਾ ਸਮਾਂ ਕਿਉਂ ਨਾ ਕੱਟਿਆ? ਅਸੀਂ ਦੀਵਾਨ ਵਿੱਚ ਨਹੀਂ ਜਾਣਾ, ਛੱਜੂ ਦੇ ਜਾਵਾਂਗੇ। ਭਾਈ ਵਰਿਆਮ ਸਿੰਘ ਹੈਰਾਨ ਸੀ ਕਿ ਹੁਣ ਕੀ ਕਰਾਂ? ਘਰ ਦਾ ਪਤਾ ਨਹੀਂ ਪੁੱਛਿਆ ਸੀ। ਏਨੇ ਨੂੰ ਮਹਾਰਾਜ ਜੀ ਦੀ ਇੰਤਜ਼ਾਰ ਕਰ ਰਹੇ ਇੱਕ ਸਾਈਕਲ ਸਵਾਰ ਤੇ ਨਿਗ੍ਹਾਹ ਪਈ ਤੇ ਕਹਿਣ ਲੱਗੇ, "ਵੇਖ ਔਹ ਬੰਦਾ ਤਾਂ ਨਹੀਂ?" ਉਹ ਛੱਜੂ ਹੀ ਸੀ, ਜੋ ਕਾਰ ਵੇਖਦੇ ਹੀ ਆਪਣਾ ਘਰ ਦੱਸਣ ਲਈ ਵੱਡੀ ਸੜਕ ਤੇ ਖੜਾ ਉਡੀਕ ਕਰ ਰਿਹਾ ਸੀ। ਉਸ ਦੇ ਘਰ ਪੁੱਜ ਕੇ ਵੇਖਿਆ ਕਿ ਕੋਈ ੧੫੦ ਦੇ ਕਰੀਬ ਸੰਗਤ ਇੰਤਜ਼ਾਰ ਕਰਦੀ ਛੱਜੂ ਨੂੰ ਕਹਿ ਰਹੀ ਸੀ ਕਿ ਛੱਜੂ! ਤੂੰ ਗ਼ਰੀਬ ਹੈਂ ਤੇਰੇ ਘਰ ਐਡੇ ਵੱਡੇ ਮਹਾਂਪੁਰਸ਼ ਨਹੀਂ ਆ ਸਕਦੇ ਅਤੇ ਉਸ ਨੇ ਪੂਰੇ ਨਿਸਚੇ ਨਾਲ ਕਿਹਾ, "ਸੰਤ ਮਹਾਰਾਜ ਜ਼ਰੂਰ ਆਉਣਗੇ। ਇਹ ਮੇਰਾ ਦਿਲ ਸ਼ਾਹਦੀ ਦਿੰਦਾ

ਹੈ।" "ਜੇ ਭਲਾ ਨਾ ਆਏ?" ਸੰਗਤ ਨੇ ਕਿਹਾ। ਛੱਜੂ ਕਹਿਣ ਲੱਗਾ, "ਮੈਂ ਖੂਹ ਵਿੱਚ ਛਾਲ ਮਾਰ ਕੇ ਮਰ ਜਾਵਾਂਗਾ।"

ਭਾਈ ਵਰਿਆਮ ਸਿੰਘ ਨੇ ਦੱਸਿਆ ਕਿ ਛੱਜੂ ਨੇ ਫੁੱਲਾਂ ਨਾਲ ਇੱਕ ਤਖ਼ਤ ਮਹਾਰਾਜ ਜੀ ਦੇ ਬੈਠਣ ਲਈ ਬਣਾਇਆ ਹੋਇਆ ਸੀ। ਮਹਾਰਾਜ ਜੀ ਐਨੇ ਖ਼ੁਸ਼ ਸਨ ਜਿਵੇਂ ਕਿ ਆਪਣੇ ਅਤਿ ਪਿਆਰੇ ਪੁੱਤਰ ਦੇ ਘਰ ਬੈਠੇ ਹੋਣ। ਪਿਆਰ ਦੇ ਬਚਨ ਕਰ ਕੇ ਛੱਜੂ ਨੂੰ ਨਿਹਾਲ ਕਰ ਰਹੇ ਸਨ। ਛੱਜੂ ਦਾ ਪੈਰ ਧਰਤੀ ਤੇ ਨਹੀਂ ਲੱਗਦਾ ਸੀ ਤੇ ਉਹ ਦ੍ਰਿੜਤਾ ਨਾਲ ਸੰਗਤ ਨੂੰ ਕਹਿ ਰਿਹਾ ਸੀ, "ਦੇਖਿਆ! ਸੰਤ ਮੇਰੇ ਘਰ ਆ ਗਏ ਨਾ!" ਸਾਰੀ ਸੰਗਤ ਦੇ ਸਰੀਰ ਉਸ ਦੀ ਸ਼ਰਧਾ ਵੇਖ ਕੇ ਆਪਣੇ ਆਪ ਵਿੱਚ ਝਾਤੀ ਮਾਰ ਕੇ ਆਪਣੇ ਆਪ ਨੂੰ ਪਰਖ ਰਹੇ ਸਨ। ਧੰਨ ਮਹਾਰਾਜ! ਗ਼ਰੀਬਾਂ ਨਾਲ ਪਿਆਰ ਕਰਨ ਵਾਲੇ!

ਕਿ ਗ਼ਰੀਬੁਲ ਨਿਵਾਜ਼ ਹੈਂ ॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਆਵਾਜ਼ ਵਿੱਚ ਚੁੰਬਕ ਖਿੱਚ ਅਤੇ ਚੁੰਬਕ ਲਹਿਰਾਂ

ਸੰਤ ਮਹਾਰਾਜ ਜੀ ਦੀ ਰਸੀਲੀ ਆਵਾਜ਼ ਸੁਣਨ ਵਾਲੇ ਨੂੰ ਝਰਨਾਹਟ ਦਿੰਦੀ ਸੀ। ਸੰਗਤਾਂ ਸ਼ਬਦ ਸੁਣਦੀਆਂ ਸਾਰ ਇੱਕ ਦੂਜੇ ਤੋਂ ਮੂਹਰੇ ਹੋ ਕੇ ਭੱਜ ਕੇ ਦੀਵਾਨ ਅਸਥਾਨ ਵਿੱਚ ਪੁੱਜਣ ਲਈ ਤਤਪਰ ਹੋ ਜਾਂਦੀਆ ਸਨ। ੧੯੬੪ ਵਿੱਚ ਦੀਵਾਨ ਚੰਡੀਗੜ੍ਹ ਲੱਗੇ ਹੋਏ ਸਨ। ਹੁਸ਼ਿਆਰਪੁਰ ਦੇ ਇੱਕ ਵਿਦਵਾਨ ਪੰਡਤ (ਜੋ ਜੋਤਸ਼ੀ ਵੀ ਸੀ) ਵੱਡੀ ਸੜਕ ਤੇ ਆਪਣੇ ਕੁੱਝ ਸੂਝਵਾਨ ਸਾਥੀਆਂ ਸਮੇਤ ਜਾ ਰਹੇ ਸਨ। ਉਨ੍ਹਾਂ ਲਾਊਡ ਸਪੀਕਰ ਰਾਹੀਂ ਸੰਤ ਮਹਾਰਾਜ ਜੀ ਦਾ ਰਸੀਲਾ ਸ਼ਬਦ ਸੁਣਿਆਂ, ਸਾਥੀਆਂ ਨੂੰ ਕਹਿਣ ਲੱਗਿਆ, "ਇਹ ਆਵਾਜ਼ ਕਿੱਥੋਂ ਆਉਂਦੀ ਹੈ? ਇਸ ਵਿੱਚ ਚੁੰਬਕ ਹੈ। ਤੇ ਮੈਂ ਆਪਣੇ ਮਹਾਂਪੁਰਸ਼ਾਂ ਤੋਂ ਸੁਣਿਆ ਹੈ ਕਿ ਇਹ ਖਿੱਚ ਜਨਮਾਂ ਜਨਮਾਤਰਾਂ ਦੀ ਕਮਾਈ ਪਿੱਛੋਂ ਕਿਸੇ ਵਿਰਲੇ ਮਹਾਂਪੁਰਸ਼ਾਂ ਵਿੱਚ ਪੈਦਾ ਹੁੰਦੀ ਹੈ।" ਚੁੰਬਕ ਆਵਾਜ਼ ਪੰਡਤ ਜੀ ਨੂੰ ਸੜਕੋਂ ਖਿੱਚ ਕੇ ਦੀਵਾਨ ਅਸਥਾਨ ਤੇ ਲੈ ਆਈ ਅਤੇ ਇਹ ਦੀਵਾਨ ਸੁਣ ਕੇ ਨਿਹਾਲ ਹੋਇਆ। ਦੂਜੇ ਦਿਨ ਕੁਰਸੀ ਦੇ ਸਮੇਂ ਉਸ ਨੇ ਆ ਕੇ ਸਾਰੀ ਵਾਰਤਾ ਸੰਗਤ ਨੂੰ ਸੁਣਾਈ ਅਤੇ ਇੱਕ ਭੇਦ ਭਰਿਆ ਸਵਾਲ ਮਹਾਂਪੁਰਸ਼ਾਂ ਤੇ ਕੀਤਾ, "ਆਵਾਜ਼ ਆਉਂਦੀ ਹੈ ਫੇਰ ਦੂਰ ਕਿਉਂ ਚਲੀ ਜਾਂਦੀ ਹੈ? ਪ੍ਰਕਾਸ਼ ਦਿਸਦਾ ਹੈ ਪਰ ਫੇਰ ਬੰਦ ਹੋ ਜਾਂਦਾ ਹੈ। ਅਤੇ ਕਦੇ ਕਦੇ ਅੰਦਰੋਂ ਪ੍ਰਕਾਸ਼ ਦੀ ਝਲਕ ਵੀ ਪੈ ਜਾਂਦੀ ਹੈ ਪਰ ਉਹ ਬਹੁਤ ਮੱਧਮ ਤੇ ਛੇਤੀ ਹਟ ਜਾਂਦੀ ਹੈ ਇਸ ਦਾ ਕੀ ਕਾਰਣ ਹੈ? ਆਪ ਕ੍ਰਿਪਾ ਕਰ ਕੇ ਦੱਸੋ।"

ਮਹਾਂਪੁਰਸ਼ਾਂ ਨੇ ਇੱਕੋ ਸ਼ਬਦ ਵਿੱਚ ਉੱਤਰ ਦਿੱਤਾ, "ਸਾਧਨਾਂ ਦੀ ਕਮੀ ਕਰ ਕੇ।" ਪੰਡਤ ਜੀ ਨੇ ਨਮਸ਼ਕਾਰ ਕਰ ਕੇ ਵਿਦਾ ਲੀਤੀ।

ਇਸੇ ਤਰ੍ਹਾਂ ਇੱਕ ਰਾਮਚੰਦ੍ਰ ਨਾਮ ਦਾ ਕਰਮਚਾਰੀ ਸੈਕਟਰੀਏਟ ਵਿੱਚ ਕੰਮ ਕਰਦਾ ਸੀ। ਉਹ ਆਪਣੇ ਸਾਥੀਆਂ ਨੂੰ ਕਹਿਣ ਲੱਗਿਆ ਕਿ ੧੯ ਸੈਕਟਰ ਵਿਖੇ ਸੰਤ ਕੀਰਤਨ ਕਰਦੇ ਹਨ। ਰਾਤ ਅਸੀਂ ੨੦ ਸੈਕਟਰ ਤੋਂ ਸੁਣਿਆ ਅਤੇ ਮੈਂ ਆਪਣੀ ਅੰਨ੍ਹੀ ਮਾਂ ਸਮੇਤ ਆਵਾਜ਼ ਦਾ ਖਿੱਚਿਆ ਉਨ੍ਹਾਂ ਦੇ ਕੀਰਤਨ ਵਿੱਚ ਚਲਿਆ ਗਿਆ। ਉਸ ਸਮੇਂ ਸੰਤ ਜੀ ਸ਼ਬਦ ਪੜ੍ਹਦੇ ਸਨ 'ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ ਕ੍ਰਿਪਾ ਕਰ ਕੇ ਮੇਲ ਲੈ ਗੁਰਾ' ਕਹਿਣ ਲੱਗਿਆ ਸ਼ਬਦ ਦਾ ਬਾਣ ਅਸਾਡੇ ਹਿਰਦੇ ਤੇ ਅਜੇਹਾ ਲੱਗਿਆ ਕਿ ਮੈਂ ਤੇ ਮੇਰੀ ਮਾਂ ਗੁਰਦਵਾਰੇ ਸਾਹਮਣੇ ਸਕੂਲ ਦੇ ਗਰਾਊਂਡ ਵਿੱਚ ਬੈਠੇ ਰੋਣ ਲੱਗ ਪਏ।

ਤੀਜੇ ਪ੍ਰੇਮੀ ਮਹਾਸ਼ਾ ਸਰੂਪ ਲਾਲ ਜੀ ਨੇ (ਜੋ ਪੰਜਾਬੀ ਸਕੱਤਰੇਤ ਵਿੱਚ ਕੰਮ ਕਰਦੇ ਸਨ) ਦੱਸਿਆ ਕਿ ਮੇਰੇ ਮੁਰਸ਼ਿਦ (ਜੋ ਮਥਰਾ ਵਿੱਚ ਰਹਿੰਦੇ ਹਨ) ਕਿਹਾ ਕਰਦੇ ਹਨ ਕਿ ਕਿਸੇ ਮਹਾਂਪੁਰਸ਼ ਦੇ ਬੋਲ ਵਿੱਚ ਚੁੰਬਕ ਖਿੱਚ ਹੁੰਦੀ ਹੈ ਅਤੇ ਸਰੀਰ ਵਿੱਚ ਝਰਨਾਹਟ ਛੇੜੀ ਰੱਖਦੀ ਹੈ। ਇਹ ਬਹੁਤ ਰੂਹਾਨੀ ਸਾਧਨਾਂ ਕਰ ਕੇ ਪੈਦਾ ਹੁੰਦੀ ਹੈ। ਇਹ ਖਿੱਚ ਮੈਂ ਸੰਤ ਰਾੜੇ ਸਾਹਿਬ ਵਾਲਿਆਂ ਦੇ ਬੋਲ ਵਿੱਚ ਪਰਤੱਖ ਦੇਖੀ ਹੈ ਅਤੇ ਇਸ ਖਿੱਚ ਦੇ ਬੱਧੇ ਅਸੀਂ ਸੈਂਕੜੇ ਹਿੰਦੂ ਸਕੂਲ ਦੇ ਗਰਾਊਂਡ ਵਿੱਚ ਬੈਠ ਕੇ ਉਨ੍ਹਾਂ ਦਾ ਕੀਰਤਨ ਸੁਣਦੇ ਹੁੰਦੇ ਹਾਂ।

ਮਹਾਰਾਜ ਜੀ ਦੀ ਚੁੰਬਕ ਰਸੀਲੀ ਆਵਾਜ਼ ਲੱਖਾਂ ਬੰਦਿਆਂ ਨੂੰ ਖਿੱਚ ਕੇ ਦੀਵਾਨ ਅਸਥਾਨ ਵਿੱਚ ਲੈ ਆਉਂਦੀ ਸੀ। ਚੰਡੀਗੜ੍ਹ ਦੇ ਦੀਵਾਨ ਸਮੇਂ ੧੯੭੧ ਈ. ਵਿੱਚ ਆਪ ਜੀ ਨੇ ਪੰਜ ਦਿਨ ਅਜੀਤ ਸਿੰਘ ਸੱਗੂ ਦੀ ਕੋਠੀ ਰਹਾਇਸ਼ ਰੱਖੀ। ਬੜੀ ਭਾਵਨਾ ਨਾਲ ਸੇਵਾ ਕਰੀ। ਇਸੇ ਤਰ੍ਹਾਂ ਸ. ਸਰਵਣ ਸਿੰਘ ਥਾਣੇਦਾਰ ਭੀ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਹੈ।

ਅੰਤਰਜਾਮਤਾ

ਅੰਤਰਜਾਮਤਾ ਇੱਕ ਸਿੱਧੀ ਹੈ ਜੋ ਖ਼ਾਸ ਸਾਧਨ ਕਰਿਆਂ ਕੁੰਡਲਨੀ ਸ਼ਕਤੀ ਜਾਗਰਤ ਕਰ ਕੇ ਪ੍ਰਾਣ ਸਹੰਸਰ

ਦਲ ਕਮਲ ਵਿੱਚ ਇਸਥਿਤ ਕੀਤਿਆਂ ਪ੍ਰਾਪਤ ਹੁੰਦੀ ਹੈ ਪਰ ਬ੍ਰਹਮਗਿਆਨੀਆਂ ਨੂੰ ਸੁਤੇ ਸਿਧ ਹੀ ਸਭ ਸ਼ਕਤੀਆਂ ਤੇ ਬਰਕਤਾਂ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਅਫੁਰ ਹੀ ਉਨ੍ਹਾਂ ਸ਼ਕਤੀਆਂ ਦਾ ਪ੍ਰਗਟਾਵਾ ਹੋ ਜਾਂਦਾ ਹੈ, ਜੋ ਜੋਗੀ ਜਨ ਫੁਰਨੇ ਤੇ ਜ਼ੋਰ ਦੇ ਕੇ ਕਰਦੇ ਹਨ। ਸੰਤ ਮਹਾਰਾਜ ਜੀ ਦੇ ਜੀਵਾਨ ਵਿੱਚ ਸ਼ਕਤੀਆਂ ਦਾ ਸਮੂੰਹ ਸੁਤੇ ਸਿਧ ਹੀ ਸੀ। ਅਨੇਕ ਘਟਨਾਵਾਂ ਵਿੱਚੋਂ ਕੁੱਝ ਕੁ ਮਹਾਰਾਜ ਜੀ ਦੇ ਜੀਵਨ ਵਿੱਚੋਂ ਵਰਨਣ ਕੀਤੀਆਂ ਜਾਂਦੀਆਂ ਹਨ।

ਚੰਡੀਗੜ੍ਹ ਦੇ ਪ੍ਰੇਮੀਆਂ ਵਿੱਚੋਂ ੧੯੬੨ ਵਿੱਚ ਵਰਿਆਮ ਸਿੰਘ ਦੇ ਨਾਲ ਇੱਕ ਦਿਨ ੧੧ ਪ੍ਰੇਮੀ ਦਰਸ਼ਨਾਂ ਲਈ ਚੱਲੇ। ਉਨ੍ਹਾਂ ਵਿੱਚੋਂ ਸ. ਵਰਿਆਮ ਸਿੰਘ, ਸਾਧੂ ਸਿੰਘ ਸਕੱਤਰ ਮਾਲ ਮੰਤਰੀ, ਸ. ਤੀਰਥ ਸਿੰਘ ਨਾਮਧਾਰੀ ਪਬਲਿਕ ਰੀਲੇਸ਼ਨ ਆਫੀਸਰ, ਜਥੇਦਾਰ ਪ੍ਰੀਤਮ ਸਿੰਘ ਜੀ ਸਕੱਤਰ ਪੰਥਕ ਅਸੈਂਬਲੀ ਪਾਰਟੀ, ਸ. ਜੋਗਿੰਦਰ ਸਿੰਘ ਜੀ, ਸ. ਜਸਵੰਤ ਸਿੰਘ ਜੀ ਆਦਿ ਸਵੇਰੇ ਹੀ ਸਾਈਕਲਾਂ ਤੇ ਰਵਾਨਾ ਹੋ ਕੇ ਭੱਠਾ ਸਾਹਿਬ ਤੋਂ ਦਰਸ਼ਨ ਕਰ ਕੇ ਚਮਕੌਰ ਸਾਹਿਬ, ਝਾੜ ਸਾਹਿਬ, ਕਟਾਣਾ ਸਾਹਿਬ, ਰੇਰੂ ਸਾਹਿਬ ਤੋਂ ਹੁੰਦੇ ਹੋਏ ਰਾਤ ਨੂੰ ਪੂਰਨਮਾਸ਼ੀ ਦੇ ਦੀਵਾਨ ਸਮੇਂ ਕਰਮਸਰ ਪਹੁੰਚੇ। ਥੱਕੇ ਹੋਏ ਹੋਣ ਕਰ ਕੇ ਉਨ੍ਹਾਂ ਵਿੱਚੋਂ ਕਈਆਂ ਨੇ ਫੁਰਨੇ ਕੀਤੇ ਕਿ ਗ਼ਰਮ ਜਲ ਸਰੋਂ ਦਾ ਤੇਲ ਪਾ ਕੇ ਹੱਥ ਪੈਰ ਧੋਣ ਲਈ, ਗ਼ਰਮ ਦੁੱਧ ਪੀਣ ਲਈ, ਗਦੈਲੇ ਸੌਣ ਲਈ ਮਿਲ ਜਾਣ ਤਾਂ ਠੀਕ ਹੋਵੇ। ਰਸਤੇ ਵਿੱਚ ਹਰ ਇੱਕ ਨੇ ਇੱਕ ਇੱਕ ਸਵਾਲ ਲਿਖ ਕੇ ਲਿਸਟ ਬਣਾ ਲਈ। ਸਰਦਾਰ ਕੁਲਦੀਪ ਸਿੰਘ ਰਾਗੀ ਦੀ ਪਤਨੀ ਨੇ ਇੱਕ ਬਹੁਤ ਸੋਹਣਾ ਬੈਡ ਕਵਰ ਕੱਢਿਆ ਹੋਇਆ ਮਹਾਰਾਜ ਜੀ ਨੂੰ ਭੇਟਾ ਕਰਨ ਲਈ ਇਸ ਯਾਤਰੂ ਸੰਗ ਨੂੰ ਦੇ ਕੇ ਕਿਹਾ ਕਿ ਮਹਾਰਾਜ ਜੀ ਦੇ ਬਿਸਤਰੇ ਤੇ ਵਿਛਾ ਦੇਣਾ। ਰਾਤ ਦੇ ਨੌਂ ਵਜੇ ਸਮਾਂ ਮਿਲ ਗਿਆ ਅਤੇ ਦਰਸ਼ਨ ਕਰਨ ਲਈ ਸਾਰੀ ਪਾਰਟੀ ਭੋਰੇ ਵਿੱਚ ਪੁੱਜ ਗਈ। ਥੋੜ੍ਹਾ ਠਹਿਰਣ ਉਪਰੰਤ ਗ਼ਰਮ ਪਾਣੀ, ਸਰੋਂ ਦਾ ਤੇਲ, ਗ਼ਰਮ ਦੁੱਧ ਸਾਰਿਆਂ ਲਈ ਆ ਗਿਆ ਅਤੇ ਇੱਕ ਕਮਰੇ ਵਿੱਚ ਗਦੈਲੇ ਵਿਛਾ ਕੇ ਰਾਤ ਨੂੰ ਆਸਣ ਕਰਾਉਣ ਦਾ ਬੰਦੋਬਸਤ ਕੀਤਾ ਗਿਆ।

ਦੀਵਾਨ ਵਿੱਚ ਜਾਣ ਤੋਂ ਪਹਿਲਾਂ ਹੀ ਮਹਾਰਾਜ ਜੀ ਨੇ ਭੋਰੇ ਵਿੱਚ ਬੁਲਾ ਕੇ ਦਰਸ਼ਨ ਦਿੱਤੇ ਅਤੇ ਬਚਨ ਕਰਦਿਆਂ ਸਾਰਿਆਂ ਦੇ ਸ਼ੰਕੇ ਨਵਿਰਤ ਕਰ ਦਿੱਤੇ। ਵਰਿਆਮ ਸਿੰਘ ਨੇ ਲਿਸਟ ਕੱਢ ਕੇ ਵੇਖਣੀ ਚਾਹੀ ਉਹ ਕਾਗਜ਼ ਮਹਾਰਾਜ ਜੀ ਨੇ ਫੜ ਕੇ ਜਦੋਂ ਪੜ੍ਹਿਆ ਤੇ ਗਿਆਰਾਂ ਸਵਾਲਾਂ ਤੇ ਨਿਗ੍ਹਾਹ ਮਾਰੀ ਤਾਂ ਕਹਿਣ ਲੱਗੇ ਕਿ ਇਹ ਗੱਲਾਂ ਤਾਂ ਆਪਾਂ ਸਾਰੀਆਂ ਹੀ ਕਰ ਲਈਆਂ ਹਨ ਸਾਰਿਆਂ ਦੀ ਨਿਸ਼ਾ ਪਹਿਲਾਂ ਹੀ ਹੋ ਚੁੱਕੀ ਸੀ।

ਅਜੇ ਤਾਈਂ ਭਾਈ ਕੁਲਦੀਪ ਸਿੰਘ ਦੀ ਪਤਨੀ ਦੇ ਭੇਟਾ ਮਹਾਰਾਜ ਜੀ ਨੂੰ ਨਹੀਂ ਦਿੱਤੀ ਸੀ ਸਾਰੇ ਸ਼ਸ਼ੋਪੰਜ ਵਿੱਚ ਸਨ ਕਿ ਮਹਾਰਾਜ ਜੀ ਨੇ ਹੱਥ ਕੱਢਿਆ ਅਤੇ ਕੁਲਦੀਪ ਸਿੰਘ ਦਾ ਨਾਮ ਲਿਆ। ਸੋ ਯਾਤਰੂ ਪਾਰਟੀ ਨੇ ਚਾਦਰ ਕੱਢੀ ਤੇ ਮਹਾਰਾਜ ਜੀ ਨੇ ਬਿਸਤਰੇ ਤੇ ਵਿਛਾਉਣ ਦਾ ਹੁਕਮ ਦਿੱਤਾ। ਸਾਰੇ ਧੰਨ ਧੰਨ ਕਰਦੇ ਦੀਵਾਨ ਵਿੱਚ ਚਲੇ ਗਏ। ਕੱਟਿਆਂ ਵਾਲੀ ਪਿੰਡ ਦਾ (ਜੋ ਮਲੋਟ ਮੰਡੀ ਕੋਲ ਹੈ) ਸ. ਮੋਹਰ ਸਿੰਘ ਤੇ ਉਸ ਦੇ ਘਰੋਂ ਬੀਬੀ ਬਲਬੀਰ ਕੌਰ, ਕਾਕਾ ਦੇਵਿੰਦਰਪਾਲ ਸਿੰਘ ਇਹ ਪ੍ਰੇਮੀ ਚੰਡੀਗੜ੍ਹ ਰਹਿੰਦੇ ਹਨ ਅਤੇ ਸੰਤ ਜੀ ਮਹਾਰਾਜ ਦੇ ਪਰਮ ਸ਼ਰਧਾਲੂ ਹਨ। ਰਾੜਾ ਸਾਹਿਬ ਜਾ ਕੇ ਕਈ ਦਿਨ ਲੰਗਰ ਵਿੱਚ ਹੱਥੀਂ ਸੇਵਾ ਕਰਦੇ ਹਨ।

ਵਰਿਆਮ ਸਿੰਘ ਚੰਡੀਗੜ੍ਹ ਤੋਂ ਮਹਾਰਾਜ ਜੀ ਦੇ ਦਰਸ਼ਨ ਕਰਨ ਚੱਲਿਆ ਤਾਂ ਸ. ਗੁਰਬਚਨ ਸਿੰਘ ਕਾਹਲੋਂ ਦੀ ਪਤਨੀ (ਜੋ ਬਾਬਾ ਜੁਆਲਾ ਸਿੰਘ ਜੀ ਹਰਖੋਵਾਲ ਦੇ ਸੇਵਕ ਸਨ) ਕਹਿਣ ਲੱਗੇ, "ਭਾਅ ਜੀ! ਤੁਸੀਂ ਮਹਾਰਾਜ ਜੀ ਦਾ ਚੋਲਾ ਜੋ ਸ਼ਿਮਲੇ ਪਹਿਨਿਆਂ ਕਰਦੇ ਸਨ, ਕਦੇ ਵੇਖਿਆ ਹੈ?" ਉਸ ਨੇ ਕਿਹਾ, "ਮੈਂ ਨਹੀਂ ਵੇਖਿਆ।" ਬੀਬੀ ਕਹਿਣ ਲੱਗੀ, "ਹੁਣ ਜ਼ਰੂਰ ਵੇਖਣਾ।" ਇਸ ਫੁਰਨੇ ਨੂੰ ਮਨ ਵਿੱਚ ਦ੍ਰਿੜ ਕਰ ਕੇ ਉਹ ਰਾੜੇ ਸਾਹਿਬ ਨੂੰ ਤੁਰ ਪਿਆ। ਮਹਾਰਾਜ ਜੀ ਦੇ ਪਾਸ ਪਹੁੰਚ ਕੇ ਮਿਲਣ ਵਿੱਚ ੧੫ ਮਿੰਟ ਦੀ ਦੇਰ ਹੋ ਗਈ। ਮਾਸਟਰ ਜੀ (ਜੋ ਉਸ ਸਮੇਂ ਮਹਾਰਾਜ ਜੀ ਦੀ ਸੇਵਾ ਵਿੱਚ ਸਨ) ਕਹਿਣ ਲੱਗੇ ਕਿ ਮਹਾਰਾਜ ਜੀ ੧੯੪੮ ਵਿੱਚ ਸ਼ਿਮਲੇ ਪਹਿਨਿਆਂ ਚੋਲਾ ਮੰਗ ਰਹੇ ਹਨ, ਜੋ ਅਜੇ ਨਹੀਂ ਮਿਲ ਰਿਹਾ। ਥੋੜ੍ਹੀ ਦੇਰ ਬਾਅਦ ਵਰਿਆਮ ਸਿੰਘ ਨੂੰ ਆਗਿਆ ਮਿਲ ਗਈ। ਜਦੋਂ ਦਰਸ਼ਨ ਕੀਤੇ ਮਹਾਰਾਜ ਜੀ ਮੁਸਕਰਾ ਰਹੇ ਸਨ, ਕਹਿਣ ਲੱਗੇ ਕਿ ਅਸੀਂ ਇਹ ਚੋਲਾ ਸ਼ਿਮਲੇ ਪਹਿਨਿਆਂ ਕਰਦੇ ਸਾਂ। ਹੁਣ ਇਹ ਅਸਾਥੋਂ ਸੰਭਾਲ ਨਹੀਂ ਹੁੰਦਾ ਪੈਰਾਂ ਹੇਠ ਆਂ ਜਾਂਦਾ ਹੈ। ਵਰਿਆਮ ਸਿੰਘ ਇਹ ਗ਼ਰੀਬ ਨਿਵਾਜ਼ਸ ਵੇਖ ਕੇ ਹੱਦੋਂ ਵੱਧ ਪ੍ਰੇਮ ਮਹਿਸੂਸ ਕਰ ਰਿਹਾ ਸੀ।

੧੯੬੮ ਦੀ ਦੀਵਾਲੀ ਤੋਂ ਪਹਿਲਾਂ ਮਹਾਰਾਜ ਜੀ ਮੁਰਾਦਾਬਾਦ ਆਏ ਹੋਏ ਸਨ। ਗੁਰਦੁਆਰਾ ਨਾਨਕ ਮਤਾ ਕਮੇਟੀ ਨੇ ਫ਼ੈਸਲਾ ਕੀਤਾ ਕਿ ਦੀਵਾਲੀ ਦੇ ਸਮੇਂ ਮਹਾਰਾਜ ਜੀ ਦੇ ਦਰਸ਼ਨ ਸੰਗਤਾਂ ਨੂੰ ਕਰਾਏ ਜਾਣ। ਕਰਨਲ ਲਾਲ ਸਿੰਘ ਜੀ ਉਸ ਸਮੇਂ ਨਾਨਕ ਮਤੇ ਦੇ ਪ੍ਰਧਾਨ ਸਨ। ਉਨ੍ਹਾਂ ਨੇ ਬੇਨਤੀ ਕਰਨ ਲਈ ਆਪਣੇ ਨਾਲ ਵਰਿਆਮ ਸਿੰਘ ਨੂੰ ਲੈ ਲਿਆ। ਉਹ ਦੋਵੇਂ ਮਹਾਰਾਜ ਜੀ ਪਾਸ ਪਹਿਲਾਂ ਹਾਪੁੜ ਪੁੱਜੇ। ਫਿਰ ਦੂਜੀ ਵਾਰ ਮੁਰਾਦਾਬਾਦ ਪਹੁੰਚੇ। ਮਹਾਰਾਜ ਜੀ ਕੁਰਸੀ ਤੇ ਮਿਲੇ। ਮਹਾਰਾਜ ਜੀ ਦੇ ਹੱਥ ਵਿੱਚ ਇੱਕ ਬਹੁਤ ਸੋਹਣਾ ਸਿਮਰਨਾ ਸੀ। ਕਰਨਲ ਸਾਹਿਬ ਦੇ ਮਨ ਵਿੱਚ ਫੁਰਨਾ ਫੁਰਿਆ

ਕਿ ਸੰਤ ਮਹਾਰਾਜ ਜੀ ਸਿਮਰਨਾ ਬਖ਼ਸ਼ਸ਼ ਦੇਣ। ਮਹਾਰਾਜ ਜੀ ਨੇ ਫੁਰਨਾ ਫੁਰਦੇ ਹੀ ਇੱਕ ਦਮ ਕਰਨਲ ਸਾਹਿਬ ਵੱਲ ਤੱਕਿਆ ਪਰ ਕੁੱਝ ਰੁਕ ਜੇਹੇ ਗਏ। ਕੁਰਸੀ ਤੋਂ ਉੱਠ ਕੇ ਕਾਫ਼ੀ ਦੂਰ ਜਾ ਕੇ ਫਿਰ ਮੁੜ ਆਏ ਅਤੇ ਭੀੜ ਵਿੱਚ ਖੜੇ ਹੋ ਕਰਨਲ ਲਾਲ ਸਿੰਘ ਜੀ ਨੂੰ ਸਿਮਰਨਾ ਬਖ਼ਸ਼ੇ ਜਾਣ ਦੀ ਇੱਛਾ ਕੀਤੀ ਸੀ। ਵਰਿਆਮ ਸਿੰਘ ਨੇ ਕਿਹਾ ਕਿ ਨਾਲ ਹੀ ਇਹ ਪੁੱਛ ਲੈਣਾ ਸੀ ਕਿ ਸਿਮਰਨੇ ਨਾਲ ਕਿਸ ਸ਼ਬਦ ਦਾ ਜਾਪ ਕਰਾਂ।

ਇੱਕ ਦਿਨ ਮਹਾਰਾਜ ਜੀ ਕੁਰਸੀ ਤੇ ਬੈਠੇ ਅਚਾਨਕ ਹੱਸ ਪਏ ਅਤੇ ਕਹਿਣ ਲੱਗੇ ਕਿ ਤੁਸੀਂ ਚਾਹੁੰਦੇ ਹੋ ਮੈਂ ਮਦਾਰੀ ਬਣ ਕੇ ਨਾਟਕ ਚੇਟਕ ਦਾ ਕੁਕਾਜ ਕਰਾਂ? ਮਹਾਂਪੁਰਸ਼ ਕਿਸੇ ਖ਼ਾਸ ਦੀ ਸ਼ਰਧਾ ਵਧਾਉਣ ਲਈ ਕੋਈ ਕੌਤੱਕ ਸੁਤੇ ਹੀ ਕਰ ਦਿੰਦੇ ਹਨ। ਹੁਣ ਤੁਹਾਡੇ ਵਿੱਚੋਂ ਹੀ ਕਈ ਐਸੇ ਹਨ, ਜੋ ਕਹਿੰਦੇ ਹਨ ਕਿ ਮੇਰਾ ਨਾਮ ਲੈ ਕੇ ਪੁਕਾਰੋ, ਕੋਈ ਕਹਿੰਦਾ ਹੈ ਆਪਣੇ ਹੱਥੀਂ ਪ੍ਰਸ਼ਾਦਿ ਦੇਵੋ, ਕੋਈ ਕਹਿੰਦਾ ਹੈ ਮੈਨੂੰ ਬੁਲਾ ਕੇ ਨਾਮ ਦੇਵੋ। ਦਸੋ, ਕੀ ਮੈਂ ਇਹ ਕੰਮ ਕਰਾਂ? ਭੀੜ ਤਾਂ ਪਹਿਲਾਂ ਹੀ ਕਾਬੂ ਤੋਂ ਬਾਹਰ ਹੈ। ਅਸ਼ਰਧਕਾਂ ਨੂੰ ਦੂਰ ਰੱਖਣ ਲਈ ਤਾਂ ਅਸੀਂ ਪਹਿਲਾਂ ਹੀ ਕਈ ਕਰੜੇ ਪ੍ਰਬੰਧ ਕਰ ਰਖੇ ਨੇ। ਜੇ ਅਸੀਂ ਇਸ ਤਰ੍ਹਾਂ ਮਦਾਰੀ ਪੁਣਾ ਕਰਨ ਲੱਗ ਗਏ ਤਾਂ ਭੀੜ ਸੰਭਾਲਣੀ ਮੁਸ਼ਕਲ ਹੋ ਜਾਵੇਗੀ। ਤੁਸੀਂ ਸ਼ਰਧਾ ਨਾਲ ਸ਼ਬਦ ਦਾ ਜਾਪ ਕਰਿਆ ਕਰੋ ਅਤੇ ਨਿਰਇੱਛਤ ਹੋ ਕੇ ਭਜਨ ਕਰਿਆ ਕਰੋ। ਸੰਤਾਂ ਦੇ ਟੈਸਟ ਨਹੀਂ ਲਈਦੇ। ਜਿਸ ਨੇ ਟੈਸਟ ਲੈਣਾ ਹੈ, ਉਹ ਦੇਣ ਵਾਸਤੇ ਭੀ ਤਿਆਰ ਰਹੇ।

ਚੰਡੀਗੜ੍ਹ ਦੀਵਾਨਾਂ ਸਮੇਂ ਵਰਿਆਮ ਸਿੰਘ ਸੰਗਤਾਂ ਨੂੰ ਦਰਸ਼ਨ ਕਰਾ ਰਿਹਾ ਸੀ ਤਾਂ ਜਦੋਂ ਸਭ ਮਹਾਰਾਜ ਜੀ ਨੂੰ ਮਿਲ ਚੁੱਕੇ ਮਹਾਰਾਜ ਜੀ ਕਹਿਣ ਲੱਗੇ, "ਕੋਈ ਰਹਿ ਤਾਂ ਨਹੀਂ ਗਿਆ?" ਤਾਂ ਵਰਿਆਮ ਸਿੰਘ ਆਲੇ ਦੁਆਲੇ ਘੁੰਮ ਕੇ ਵੇਖਦਾ ਰਿਹਾ ਕੋਈ ਦਰਸ਼ਨ ਕਰਨ ਵਾਲਾ ਨਜ਼ਰ ਨਾ ਆਇਆ। ਦੋ ਵਾਰੀ ਅਜਿਹਾ ਕਰਨ ਤੇ ਮਹਾਰਾਜ ਜੀ ਨੇ ਕਿਹਾ ਕਿ ਕੋਠੀ ਦੇ ਪਿਛਲੇ ਪਾਸੇ ਜਾ ਕੇ ਥਮਲੇ ਵੱਲ ਮੂੰਹ ਕਰ ਕੇ ਬੈਠੇ ਪ੍ਰੇਮੀ ਨੂੰ ਲਿਆ। ਉਹ ਜਦੋਂ ਉਸ ਨੂੰ ਲਿਆਇਆ ਤਾਂ ਉਹ ਪ੍ਰੇਮੀ ਧਾਈ ਕਰ ਕੇ ਉੱਚੀ ਉੱਚੀ ਪ੍ਰੇਮ ਵਿੱਚ ਰੋਂਦਾ ਮਹਾਰਾਜ ਜੀ ਦੇ ਚਰਨਾਂ ਨੂੰ ਲਿਪਟ ਗਿਆ। (ਉਸ ਪ੍ਰੇਮੀ ਦਾ ਨਾਮ ਭਾਈ ਮਹਿੰਦਰ ਸਿੰਘ ਮਸਤਾਨਾ ਹੈ ਜੋ ਕਾਲਕਾ ਰੇਲਵੇ ਵਰਕਸ਼ਾਪ ਵਿੱਚ ਕੰਮ ਕਰਦਾ ਸੀ, ਲਾਹੌਰ ਵਾਲੇ ਸ. ਨਿਹਾਲ ਸਿੰਘ ਦਾ ਸਕਾ ਭਰਾ ਸੀ। ਉਹ ਮਹਾਰਾਜ ਜੀ ਦਾ ਅਤਿ ਪ੍ਰੇਮੀ ਸੀ) ਅਤੇ ਥਮਲੇ ਵੱਲ ਮੂੰਹ ਕਰ ਕੇ ਰੋ ਰੋ ਕੇ ਅਰਦਾਸ ਕਰ ਰਿਹਾ ਸੀ ਕਿ ਬੁਲਾ ਕੇ ਦਰਸ਼ਨ ਦੇਵੋ।

ਵਾਕ ਸੰਤਾਂ

ਇਹ ਸ਼ਕਤੀ ਮਹਾਰਾਜ ਜੀ ਦੀ ਸੇਵਾ ਵਿੱਚ ਹਰ ਸਮੇਂ ਤਤਪਰ ਰਹਿੰਦੀ ਸੀ। ਜੋ ਬਚਨ ਸੁਤੇ ਹੀ ਮਹਾਰਾਜ ਜੀ ਦੇ ਮੁੱਖ ਤੋਂ ਸਹਿਜ ਸੁਭਾ ਨਿਕਲਦਾ, ਉਹ ਪੂਰਾ ਹੋ ਜਾਂਦਾ। ਇਸੇ ਕਰ ਕੇ ਦੁਖੀਆਂ, ਅਨਾਥਾਂ, ਨਿਤਾਣਿਆਂ ਦੀ ਭੀੜ ਹਰ ਸਮੇਂ ਸੰਤ ਮਹਾਰਾਜ ਜੀ ਦੇ ਦੁਆਲੇ ਲੱਗੀ ਰਹਿੰਦੀ ਅਤੇ ਦਰਸ਼ਨ ਕਰ ਕੇ ਬਚਨ ਲੈਣ ਲਈ ਔਖੀ ਤੋਂ ਔਖੀ ਕਸਵਟੀ ਭੀ ਸਹਿਣ ਕਰ ਲੈਂਦੇ ਸਨ।

ਕਈ ਵਾਰੀ ਸੰਤ ਮਹਾਰਾਜ ਜੀ ਕਿਸੇ ਸੱਚੇ ਸ਼ਰਧਾਲੂ ਨੂੰ ਵੇਖ ਕੇ ਆਪ ਹੀ ਅਸੀਸ ਦੇ ਕੇ ਬਚਨ ਕਰ ਦਿੰਦੇ ਜਿਨ੍ਹਾਂ ਵਿੱਚੋਂ ਕੁੱਝ ਮਿਸਾਲਾਂ ਹੇਠ ਲਿਖਦੇ ਹਾਂ। ਯਥਾ:

੧੯੫੮-੫੯ ਦੇ ਅਕਤੂਬਰ ਮਹੀਨੇ ਸੰਤ ਮਹਾਰਾਜ ਜੀ ਮੁਰਾਦਾਬਾਦ ਸ. ਚੰਨਣ ਸਿੰਘ, ਸੁਰਜੀਤ ਸਿੰਘ ਖੇੜੇ ਵਾਲਿਆਂ ਦੀ ਬੇਨਤੀ ਮੰਨ ਕੇ ਮੁਰਾਦਾਬਾਦ ਆਏ ਹੋਏ ਸਨ। ਵਰਿਆਮ ਸਿੰਘ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਅਸਾਡਾ ਫਾਰਮ ਨੇੜੇ ਹੀ ਹੈ ਆਪ ਜੀ ਕ੍ਰਿਪਾ ਕਰ ਕੇ ਚਰਨ ਪਾਵੋ। ਮਹਾਰਾਜ ਜੀ ਨੇ ਪ੍ਰਵਾਨਗੀ ਦੇ ਦਿੱਤੀ। ਉਨ੍ਹਾਂ ਦਿਨਾਂ ਵਿੱਚ ਮੁਰਾਦਾਬਾਦ ਦਾ ਪੁਲ ਰੇਲ ਅਤੇ ਬੱਸਾਂ ਟਰੱਕਾਂ ਦੇ ਲੰਘਣ ਲਈ ਸਾਂਝਾ ਹੀ ਹੁੰਦਾ ਸੀ ਅਤੇ ਪੁਲ ਉੱਪਰ ਰਸਤਾ ਖੁਲ੍ਹਣ ਦੀ ਉਡੀਕ ਵਿੱਚ ਬੱਸਾਂ ਆਦਿ ਨੂੰ ਘੰਟਿਆਂ ਬੱਧੀ ਇੰਤਜ਼ਾਰ ਕਰਨਾ ਪੈਂਦਾ ਸੀ। ਸ. ਸੁਰਜੀਤ ਸਿੰਘ, ਕੰਵਰ ਰਾਮੇਸ਼ ਕੁਮਾਰ ਸ਼ਾਹੂ ਮੁਰਾਦਾਬਾਦ ਵਿੱਚ ਪ੍ਰਮੁੱਖ ਹਸਤੀਆਂ ਸਨ। ਇਨ੍ਹਾਂ ਦੇ ਪ੍ਰੇਮ ਦਾ ਸਦਕਾ ਪੁਲ ਦੇ ਇੰਚਾਰਜ ਬੰਗਾਲੀ ਬਾਬੂ ਭੀ ਮਹਾਰਾਜ ਜੀ ਦੇ ਬਹੁਤ ਸ਼ਰਧਾਲੂ ਹੋ ਗਏ। ਮਹਾਰਾਜ ਜੀ ਜਥੇ ਸਮੇਤ ਤਰਾਈ ਦੇ ਨਵੇਂ ਨਵੇਂ ਅਬਾਦ ਹੋ ਰਹੇ ਜੰਗਲਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਦਰਸ਼ਨ ਦੇਣ ਚਲੇ ਸਨ। ਉਸੇ ਸਮੇਂ ਹਾਵੜਾ ਐਕਸਪ੍ਰੈਸ ਨੇ ਪੁਲ ਤੋਂ ਲੰਘਣਾ ਸੀ ਪਰ ਰੇਲ ਬਾਬੂ ਦੀ ਸ਼ਰਧਾ ਸੀ ਕਿ ਪੁਲ ਤੋਂ ਪਹਿਲਾਂ ਮਹਾਰਾਜ ਜੀ ਦੀ ਗੱਡੀ ਲੰਘੇ। ਸੋ ਇਵੇਂ ਹੀ ਹੋਇਆ ਗੱਡੀ ਨੂੰ ਸਿਗਨਲ ਨਾ ਦਿਤਾ ਗਿਆ ਅਤੇ ਕਾਰਾਂ ਪਹਿਲਾਂ ਲੰਘਾ ਦਿੱਤੀਆਂ ਗਈਆਂ। ਮਹਾਰਾਜ ਜੀ ਦੇ ਸਦਕੇ ਕਈ ਹੋਰ ਕਾਰਾਂ ਵਾਲੇ ਜੋ ਘੰਟਿਆਂ ਤੋਂ ਪੁਲ ਖੁੱਲ੍ਹਣ ਦੀ ਆਸ ਵਿੱਚ ਰੁਕੇ ਹੋਏ ਸਨ ਮਹਾਰਾਜ ਜੀ ਪਿੱਛੇ ਹੀ ਸਾਥੀ ਬਣ ਕੇ ਲੰਘ ਗਏ।

ਫਾਰਮ ਵਿੱਚ ਪੁੱਜ ਕੇ ਵਰਿਆਮ ਸਿੰਘ ਦੇ ਘਰੋਂ ਪ੍ਰਸ਼ਾਦ ਛੱਕ ਕੇ ਜਦੋਂ ਵਾਪਸ ਜਾ ਰਹੇ ਸਨ ਤਾਂ ਉਸ ਦੇ ਫਾਰਮ ਪਾਸ ਆ ਗਏ। ਉਸ ਨੇ ਬੇਨਤੀ ਕੀਤੀ, "ਮਹਾਰਾਜ ਜੀ! ਦੋ ਏਕੜ ਉੱਚੀ ਜ਼ਮੀਨ ਪ੍ਰਵਾਨ ਕਰੋ ਅਤੇ ਆਪਣਾ ਅਸਥਾਨ

ਬਣਾਵੋ ਤਾਂ ਕਿ ਤਰਾਈ ਦੇ ਇਲਾਕੇ ਦਾ ਭਲਾ ਹੋ ਜਾਵੇ।" ਮਹਾਰਾਜ ਜੀ ਨੇ ਜ਼ਮੀਨ ਵੱਲ ਨਿਗ੍ਹਾ ਕੀਤੀ ਅਤੇ ਫੁਰਮਾਇਆ ਅਸਾਨੂੰ ਤਾਂ ਕਿਸੇ ਜ਼ਮੀਨ ਦੀ ਲੋੜ ਨਹੀਂ ਪਰ ਇਹ ਥਾਂ ਹੋਰ ਭੀ ਉੱਚੀ ਹੋ ਜਾਵੇਗੀ ਅਤੇ ਤਰਾਈ ਦੇ ਇਲਾਕੇ ਦੇ ਭਲੇ ਦਾ ਸਮਾਂ ਆ ਜਾਵੇਗਾ।" ਅੱਜ ਉਸ ਉਜਾੜ ਵਿੱਚ ਕੋਠੀਆਂ ਬਣੀਆਂ ਹੋਈਆਂ ਹਨ ਅਤੇ ਬਹੁਤ ਫਸਲਾਂ ਹੋ ਰਹੀਆ ਹਨ। ਤਰਾਈ ਦੇ ਭਲੇ ਦਾ ਸਮਾਂ ਭੀ ਆ ਚੁੱਕਿਆ ਹੈ। ਇਲਾਕੇ ਵਿੱਚ ਬਹੁਤ ਗੁਰਸਿੱਖੀ ਪ੍ਰਚਾਰ ਹੈ। ਹਰ ਸੰਪ੍ਰਦਾ ਦੇ ਸਾਧ ਮਹਾਤਮਾ, ਗੁਣੀ ਗਿਆਨੀ, ਪ੍ਰਚਾਰਕ ਪਚੁੰਚ ਰਹੇ ਹਨ। ੧੯੭੩ ਵਿੱਚ ਸੰਤ ਮਹਾਰਾਜ ਜੀ ਨੇ ਭੀ ੪੫ ਦਿਨਾਂ ਲਈ ੨੬ ਜਨਵਰੀ ਤੋਂ ਅੰਮ੍ਰਿਤ ਵਰਸਾ ਕਰ ਕੇ ਹਜ਼ਾਰਾਂ ਪ੍ਰੇਮੀਆਂ ਨੂੰ ਦਸਮੇਸ਼ ਜੀ ਦੇ ਲੜ ਲਾਇਆ।

ਸੰਨ ੧੯੬੫ ਵਿੱਚ ਸੰਤ ਮਹਾਰਾਜ ਜੀ ਭਾਈ ਵਰਿਆਮ ਸਿੰਘ ਦੀ ਬੇਨਤੀ ਮੰਨ ਕੇ ਚੰਡੀਗੜ੍ਹ ਅਤੇ ਕਾਲਕਾ ਵਿੱਚ ਦੀਵਾਨ ਲਾ ਰਹੇ ਸਨ। ਵਰਿਆਮ ਸਿੰਘ ਦੇ ਵੱਡੇ ਲੜਕੇ ਨੇ, ਜੋ ਉਸ ਸਮੇਂ ਗਿਆਰਵੀਂ ਜਮਾਤ ਵਿੱਚ ਪੜ੍ਹਦਾ ਸੀ, ਸਾਇੰਸ ਦੀ ਕਿਤਾਬ ਹੱਥ ਵਿੱਚ ਲਈ ਕੁਰਸੀ ਸਮੇਂ ਨਮਸ਼ਕਾਰ ਕੀਤੀ।

ਮਹਾਰਾਜ ਜੀ ਨੇ ਮੁਸਕਰਾਂਦਿਆਂ ਭੱਵਿਖ ਵਾਕ ਕਿਹਾ, "ਆ ਬਈ ਇੰਜਨੀਅਰ ਸਾਹਿਬ! ਪੜ੍ਹ ਕੇ ਇੰਜਨੀਅਰ ਬਣੀ ਅਤੇ ਅਮਰੀਕਾ ਵਿੱਚ ਸਰਵਿਸ ਕਰੀਂ। ਉੱਥੇ ਅੱਠ ਦਸ ਹਜ਼ਾਰ ਰੁਪੈ ਤਨਖਾਹ ਮਿਲ ਜਾਵੇਗੀ।" ਮਨਜੀਤ ਸਿੰਘ ਸੁਣ ਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ ਜੀ ਮੈਂ ਤਾਂ ਸਾਇੰਸਦਾਨ ਬਣਨਾ ਸੀ। ਆਪ ਨੇ ਇੰਜਨੀਅਰ ਬਣਾ ਦਿੱਤਾ। ਮਹਾਰਾਜ ਜੀ ਕਹਿਣ ਲੱਗੇ, "ਇੰਜਨੀਅਰ ਹੀ ਬਣੇਗਾ।" ਅੱਜ ਮਨਜੀਤ ਅਮਰੀਕਾ ਵਿੱਚ ਸ਼ਿਕਾਗੋ ਵਿੱਚ ਇੰਜਨੀਅਰ ਲੱਗਿਆ ਹੋਇਆ ਹੈ ਅਤੇ ਹੁਣ ੨੦,੦੦੦ ਡਾਲਰ ਸਾਲ ਦੀ ਤਨਖਾਹ ਲੈਂਦਾ ਹੈ ਅਤੇ ਉੱਥੇ ਉਸ ਦੀ ਆਪਣੀ ਕੋਠੀ ਹੈ।

੧੯੬੬ ਦੇ ਜੁਲਾਈ ਮਹੀਨੇ ਵਰਿਆਮ ਸਿੰਘ ਨੇ ਸਾਰੇ ਪ੍ਰਵਾਰ ਸਮੇਤ ਮਹਾਰਾਜ ਜੀ ਦੇ ਦਰਸ਼ਨ ਕੀਤੇ ਅਤੇ ਬੀਬੀ ਰਣਜੀਤ ਕੌਰ ਨੇ ਪ੍ਰਵਾਰਕ ਵਧੇ ਹੋਏ ਖ਼ਰਚੇ ਅਨੁਭਵ ਕਰ ਕੇ ਮਹਾਰਾਜ ਜੀ ਅੱਗੇ ਆਪਣੀ ਦੀਨ ਦਸ਼ਾ ਦਾ ਵਰਣਨ ਕੀਤਾ। ਮਹਾਰਾਜ ਜੀ ਸੁਣ ਕੇ ਗੰਭੀਰ ਹੋ ਗਏ ਅਤੇ ਕਹਿਣ ਲੱਗੇ, "ਸਰਵਿਸ ਛੱਡ ਕੇ ਫਾਰਮ ਵਿੱਚ ਚਲੇ ਜਾਓ, ਅਕਾਲ ਪੁਰਖ ਤੁਹਾਡੀ ਸਹਾਇਤਾ ਕਰੇਗਾ ਅਤੇ ਤੁਹਾਡੀ ਜ਼ਮੀਨ ਤੁਹਾਡੇ ਉੱਥੇ ਗਿਆ ਤੋਂ ਸੋਨਾ ਉਗਲੇਗੀ।" ਬੀਬੀ ਰਣਜੀਤ ਕੌਰ ਨੇ ਕਿਹਾ, "ਮਹਾਰਾਜ ਜੀ! ਅਸੀਂ ਤਾਂ ਖੇਤੀ ਕਦੇ ਭੀ ਨਹੀਂ ਕੀਤੀ।" ਕਹਿਣ ਲੱਗੇ, "ਆਪੇ ਹੀ ਆ ਜਾਵੇਗੀ।" ਫਿਰ ਦੂਜੀ ਬੇਨਤੀ ਕੀਤੀ, "ਦਾਤਾ ਜੀ! ਦੁੱਧ ਭੀ ਰਹੇਗਾ?" ਮਹਾਰਾਜ ਜੀ ਕਹਿਣ ਲੱਗੇ, "ਬੀਬੀ ਤੈਥੋਂ ਸੰਭਾਲਿਆ ਨਹੀਂ ਜਾਣਾ।"

ਬਚਨ ਮੰਨ ਕੇ ਦਫਤਰ ਅਰਜ਼ੀ ਦਿੱਤੀ। ਪੰਜ ਸਾਲ ਦੀ ਛੁੱਟੀ ਮਿਲ ਗਈ। ਫਾਰਮ ਵਿੱਚ ਆ ਕੇ ਕੰਮ ਕੀਤਾ। ਅੱਜ ਉਸ ਦਾ ਫਾਰਮ ਬੀਜ ਪੈਦਾ ਕਰਦਾ ਹੈ। ਕੋਠੀਆਂ ਪਾ ਲਈਆਂ ਹਨ, ਆਪਣੀ ਕਾਰ ਰੱਖੀ ਹੋਈ ਹੈ। ਇਲਾਕੇ ਵਿੱਚੋਂ ਚੁਣਵੇਂ ਕਿਸਾਨਾਂ ਚੋਂ ਉਸ ਦੀ ਫਸਲ ਦੀ ਉਪਜ ਬਾਰੇ ਗਿਣਤੀ ਹੈ ਅਤੇ ਦੁੱਧ ਕਦੇ ਭੀ ਖ਼ਤਮ ਨਹੀਂ ਹੋਇਆ। ਬੀਬੀ ਆਪ ਸ਼ਕਾਇਤ ਕਰਦੀ ਰਹਿੰਦੀ ਹੈ ਕਿ ਮੈਂ ਤਾਂ ਦੁੱਧ ਨੇ ਉਲਝਾ ਲਈ ਹਾਂ ਅਤੇ ਕਦੇ ਇੱਕ ਦਿਨ ਲਈ ਕਿਤੇ ਨਹੀਂ ਜਾ ਸਕਦੀ। ਦੁੱਧ ਸੰਭਾਲਦੀ ਹੀ ਥੱਕ ਜਾਂਦੀ ਹਾਂ।

ਵਰਿਆਮ ਸਿੰਘ ਨੇ ਸਤੰਬਰ ੧੯੬੮ ਵਿੱਚ ਬਹੁਤ ਉਦਾਸ ਹੋ ਕੇ ਮਹਾਰਾਜ ਪਾਸ ਬੇਨਤੀ ਕੀਤੀ, "ਮਹਾਰਾਜ ਜੀ! ਬਚਨ ਕਰੋ ਮੇਰੀ ਜ਼ਮੀਨ ਵਿਕ ਜਾਵੇ। ਤਰਾਈ ਦੇ ਇਲਾਕੇ ਵਿੱਚ ਸਿੱਖੀ ਦਾ ਨਾਮ ਨਿਸ਼ਾਨ ਨਹੀਂ। ਪ੍ਰਚਾਰਕ ਗ੍ਰੰਥੀ ਸਿੰਘ ਸ਼ਰਾਬ ਪੀ ਕੇ ਅਖੰਡ ਪਾਠ ਕਰਦੇ ਹਨ। ਅਖੰਡ ਪਾਠ ਕਰਾਉਣ ਵਾਲੇ ਇਸ ਸਮਾਗਮ ਸਮੇਂ ਸ਼ਰਾਬ ਮਾਸ ਰੱਜ ਰੱਜ ਪੀਂਦੇ ਖਾਂਦੇ ਹਨ। ਪਸ਼ੂਆਂ ਦੀ ਚੋਰੀ ਅਤੇ ਹੋਰ ਮਾਰ ਧਾੜ ਨੂੰ ਬੁਰਾ ਨਹੀਂ ਸਮਝਿਆ ਜਾਂਦਾ। ਮੈਨੂੰ ਤਾਂ ਇਉਂ ਲੱਗਣ ਲੱਗ ਪਿਆ ਹੈ ਕਿ ਮੈਂ ਇਕੱਲਾ ਮਕੱਲਾ ਹੀ ਹਾਂ।" ਮਹਾਰਾਜ ਜੀ ਨੇ ਬਹੁਤ ਧਿਆਨ ਨਾਲ ਸੁਣ ਕੇ ਨੇਤਰ ਬੰਦ ਕਰ ਲਏ ਅਤੇ ਕਿਹਾ, "ਤੂੰ ਜ਼ਮੀਨ ਨਾ ਵੇਚ। ਸੰਗਤ ਤਾਂ ਤੈਥੋਂ ਸੰਭਾਲੀ ਨਹੀਂ ਜਾਣੀ। ਅਸੀਂ ਭੀ ਕਿਸੇ ਸਮੇਂ ਤੁਹਾਡੇ ਵੱਲ ਦਰਸ਼ਨ ਮੇਲੇ ਕਰਾਂਗੇ।" ਭਾਈ ਵਰਿਆਮ ਸਿੰਘ ਦੱਸਦੇ ਹਨ ਕਿ ਇੱਕ ਮਹੀਨੇ ਪਿੱਛੋਂ ਹੀ ਗਿਆਨੀ ਹਰਿੰਦਰ ਸਿੰਘ, ਭਾਈ ਸਾਹਿਬ ਸੁਰਿੰਦਰ ਸਿੰਘ ਨੇ ਉਸ ਸਮੇਤ ਪ੍ਰੋਗਰਾਮ ਬਣਾਇਆ ਕਿ ਇਲਾਕੇ ਵਿੱਚ ਘਰ ਘਰ ਜਾ ਕੇ ਆਪ ਕੀਰਤਨ ਕੀਤਾ ਜਾਵੇ ਅਤੇ ਸਾਰਾ ਖ਼ਰਚਾ ਆਪਣੇ ਪੱਲਿਓਂ ਕੀਤਾ ਜਾਵੇ। ਆਪਣੇ ਟਰੈਕਟਰ ਟਰਾਲੀਆਂ ਵਿੱਚ ਸਵਾਰੀਆਂ ਨੂੰ ਲਜਾਇਆ ਜਾਵੇ ਅਤੇ ਹਰ ਹਫ਼ਤੇ ਐਤਵਾਰ ਨੂੰ ਦਿਨ ਵਿੱਚ ਸਤਸੰਗ ਕੀਤਾ ਜਾਵੇ। ਇਹ ਸਾਰੀ ਪ੍ਰੇਰਨਾ ਮਹਾਰਾਜ ਜੀ ਵਲੋਂ ਹੋ ਰਹੀ ਸੀ। ਸਤਸੰਗ ਦੀ ਲਹਿਰ ਚੱਲ ਪਈ ਅਤੇ ਕੀਰਤਨ ਦੀਆਂ ਝੜੀਆਂ ਲੱਗ ਗਈਆਂ। ਜੀਵਨ ਬਦਲਣੇ ਸ਼ੁਰੂ ਹੋ ਗਏ। ਸ਼ਰਾਬ ਮਾਸ ਛੱਡ ਛੱਡ ਲੋਕ ਇਸ ਸਤਸੰਗ ਲਹਿਰ ਵਿੱਚ ਸ਼ਾਮਲ ਹੋ ਗਏ ਅਤੇ ਹਰ ਐਤਵਾਰ ਨੂੰ ਵਹੀਰਾਂ ਘਤ ਕੇ ਪੰਦਰਾਂ ਪੰਦਰਾਂ, ਵੀਹ ਵੀਹ ਮੀਲ ਤੱਕ ਜਾ ਕੇ ਸਤਿਸੰਗ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਰਹੇ। ਸੰਗਤ ਸੰਭਾਲਣੀ ਔਖੀ ਹੋ ਗਈ ਅਤੇ ਜਦੋਂ ੧੯੭੩ ਦੀ ਜਨਵਰੀ ਵਿੱਚ ਸੰਤ ਮਹਾਰਾਜ ਜੀ ਤਰਾਈ ਦੇ ਇਲਾਕੇ ਵਿੱਚ ਗਏ ਤਾਂ ਸੰਗਤਾਂ ਹੁੰਮ ਹੁਮਾ ਕੇ

ਦੀਵਾਨ ਵਿੱਚ ਪੁੱਜ ਗਈਆਂ। ਮਹਾਰਾਜ ਜੀ ਨੇ ਜਦੋਂ ਬੀਬੀਆਂ ਤੇ ਭਾਈ ਸ਼ਬਦ ਵਿੱਚ ਗੱਜ ਵੱਜ ਕੇ ਬੋਲਦੇ ਵੇਖੇ ਤਾਂ ਕਿਹਾ ਕਿ ਇਹ ਤਾਂ ਭਈ ਨਵਾਂ ਪੰਜਾਬ ਹੈ ਅਤੇ ਰਾੜੇ ਸਹਿਬ ਵਾਂਗੂ ਹੀ ਸ਼ਬਦ ਵਿੱਚ ਬੋਲਦੇ ਹਨ।

ਮਹਾਰਾਜ ਜੀ ਜਦੋਂ ਹੀ ਪ੍ਰਸੰਨ ਹੋ ਕੇ ਬਚਨ ਕਰਦੇ, ਉਹ ਸਭ ਰੂਪਮਾਨ ਹੋ ਕੇ ਪ੍ਰਤੱਖ ਹੋ ਜਾਂਦੇ ਸਨ। ਸੈਂਕੜੇ ਪ੍ਰੇਮੀ ਹਨ, ਜਿਨ੍ਹਾਂ ਨੂੰ ਪੁੱਤਰਾਂ ਦੀ ਦਾਤ ਪ੍ਰਾਪਤ ਹੋਈ। ਹਜ਼ਾਰਾਂ ਹਨ ਜਿਨ੍ਹਾਂ ਨੂੰ ਅਸਾਧ ਰੋਗਾਂ ਤੋਂ ਛੁਟਕਾਰਾ ਮਿਲਿਆ। ਲੱਖਾਂ ਹਨ, ਜਿਨ੍ਹਾ ਦੇ ਕਾਰੋਬਾਰ ਸੰਤ ਬਚਨ ਕਰ ਕੇ ਸਿਖਰਾਂ ਨੂੰ ਛੋਹ ਰਹੇ ਹਨ। ਕਈ ਸੈਂਕੜੇ ਹਨ, ਜਿਨ੍ਹਾਂ ਤੇ ਝੂਠੇ ਮੁਕੱਦਮੇ ਕਾਇਮ ਕੀਤੇ ਗਏ ਪਰ ਮਹਾਰਾਜ ਜੀ ਦੇ ਰਹਿਮਤ ਭਰੇ ਬਚਨਾਂ ਕਰ ਕੇ ਬਰੀ ਹੋਏ। ਅਣਗਿਣਤ ਹਨ ਉਹ, ਜਿਨ੍ਹਾਂ ਦੀ ਰਾਖੀ ਆਪ ਨੇ ਕੀਤੀ। ਬੇਅੰਤ ਹਨ ਉਹ, ਜਿਨ੍ਹਾਂ ਦੀ ਧਿਰ ਆਪ ਸਨ ਅਤੇ ਲੱਖਾਂ ਜੀਵਨ ਉਨ੍ਹਾਂ ਦੀ ਰਹਿਮਤ ਦੇ ਸਦਕੇ ਰੂਹਾਨੀ ਮਾਰਗ ਤੇ ਚੱਲਦੇ ਸਨ। ਉਨ੍ਹਾਂ ਦਾ ਜੀਵਨ ਗੰਭੀਰ ਸਮੁੰਦਰ ਹੈ ਜੋ ਰਤਨਾਂ ਮਣੀਆਂ ਭਰਪੂਰ ਹੈ ਅਤੇ ਲਿਖਦੇ ਲਿਖਦੇ ਕਥਾਵਾਂ ਦੀ ਤੋਟ ਨਹੀਂ ਆ ਸਕਦੀ। ਆਪ ਹੀ ਸੰਕੋਚ ਕਰਨਾ ਪੈਂਦਾ ਹੈ।

ਸ. ਅਜੀਤ ਸਿੰਘ ਸੱਗੂ ਤੇ ਇਸ ਦੇ ਘਰੋਂ ਬੀਬੀ ਗੁਰਦੇਵ ਕੌਰ ਵੀ ਵੱਧ ਚੜ੍ਹ ਕੇ ਸੇਵਾ ਕਰਦੇ। ਇਸ ਦੀ ਭੈਣ ਬੀਬੀ ਜਸਵੰਤ ਕੌਰ ਦੇ ਸੱਤ ਲੜਕੀਆਂ ਸਨ, ਪਰ ਕੋਈ ਲੜਕਾ ਨਹੀਂ ਸੀ। ਗੁਰਦੇਵ ਕੌਰ ਦੇ ਚਾਰ ਲੜਕੇ ਤੇ ਦੋ ਲੜਕੀਆਂ ਸਨ। ਉਸ ਸਮੇਂ ਇਸ ਨੇ ਉਸ ਦੇ ਵੇਹੜੇ ਨੂੰ ਭਾਗ ਲਾਉਣ ਵਾਸਤੇ ਦਾਤੇ ਪਾਸ ਅਰਜ਼ ਕੀਤੀ ਕਿ ਮਹਾਰਾਜ! ਆਪ ਭੰਡਾਰਿਆਂ ਦੇ ਮਾਲਕ ਹੋ। ਉਸ ਵਿੱਚੋਂ ਇਸ ਨੂੰ ਵੀ ਕਿਣਕਾ ਬਖ਼ਸ਼ੋ। ਝੋਲੀ ਵਿੱਚ ਪੁੱਤਰ ਦੀ ਖੈਰ ਪਾਓ। ਹਜ਼ੂਰ ਮੁਸਕਰਾ ਕੇ ਬੋਲੇ, "ਗੁਰੂ ਘਰ ਵਿੱਚੋਂ ਸ਼ਰਧਾ ਵਾਲਿਆਂ ਨੂੰ ਕੋਈ ਘਾਟਾ ਨਹੀਂ। ਭਾਵਨਾ ਰੱਖੋ, ਪ੍ਰਮੇਸ਼ਰ ਭਲੀ ਕਰੇਗਾ।" ਇਸ ਤੇ ਮੇਹਰ ਹੋਈ, ਘਰ ਵਿੱਚ ਦੀਵਾ ਜਗ ਪਿਆ। ਮਹਾਰਾਜ ਜੀ ਦੀ ਪਾਵਨ ਰਸਨਾ ਤੋਂ ਗੁਰਪ੍ਰੀਤ ਸਿੰਘ ਨਾਮ ਰਖਵਾਇਆ।

ਕਰਨਲ ਪ੍ਰੀਤਮ ਸਿੰਘ ਸਿੱਧੂ

ਇਸ ਨੇ ੧੯੬੦ ਈ. ਵਿੱਚ ਧਭਲਾਨ ਅਸਥਾਨ ਤੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਦਸਵੀਂ ਦਾ ਦੀਵਾਨ ਸੁਣਿਆ। ਉਸ ਤੋਂ ਬਾਅਦ ਨਾਮ ਦੀ ਦਾਤ ਪ੍ਰਾਪਤ ਕਰ ਕੇ ਸਾਰਾ ਪ੍ਰਵਾਰ ਪ੍ਰੇਮੀ ਬਣ ਗਿਆ। ਇਨ੍ਹਾਂ ਦੇ ਘਰੋਂ ਬੀਬੀ ਕੁਲਦੀਪ ਕੌਰ ਸ਼ੁਰੂ ਤੋਂ ਸੰਤ ਜੀ ਮਹਾਰਾਜ ਤੇ ਸ਼ਰਧਾ ਰੱਖਦੀ ਸੀ। ੧੪-੩-੭੨ ਨੂੰ ਸੈਕਟਰ ੩੫ ਸੀ, ਚੰਡੀਗੜ੍ਹ ਵਿੱਚ ਸੰਤ ਜੀ ਮਹਾਰਾਜ ਨੇ ਇਨ੍ਹਾਂ ਦੀ ਕੋਠੀ ਦੀ ਨੀਂਹ ਰੱਖੀ। ਉਸ ਤੋਂ ਬਾਅਦ ੬-੬-੭੬ ਨੂੰ ਛੋਟੇ ਸੰਤ ਜੀ ਨੇ ਵੀ ਚਰਨ ਪਾਏ।

ਇਸੇ ਤਰ੍ਹਾ ਸ. ਜੋਗਿੰਦਰ ਸਿੰਘ ਬਰਗੇਡੀਅਰ ਵੀ ਹਜ਼ੂਰ ਦੇ ਚਰਨਾਂ ਦਾ ਪ੍ਰਵਾਰ ਸਮੇਤ ਪਰਮ ਪ੍ਰੀਤਵਾਨ ਹੈ।

ਸ. ਸੰਪੂਰਨ ਸਿੰਘ ਆਹਲੂਵਾਲੀਆ (ਜੋ ਡੇਹਲੋਂ ਦੇ ਥਾਣੇ ਵਿੱਚ ਵੱਡਾ ਥਾਣੇਦਾਰ ਸੀ) ਸ਼ਰਧਾਲੂ ਪ੍ਰੇਮੀਆਂ ਤੋਂ ਸੰਤ ਜੀ ਮਹਾਰਾਜ ਦਾ ਜਸ ਸੁਣ ਕੇ ਅਕਤੂਬਰ ੧੯੪੫ ਈ. ਵਿੱਚ ਦਰਸ਼ਨਾਂ ਨੂੰ ਆਇਆ। ਕੀਰਤਨ ਸੁਣ ਕੇ ਸ਼ਰਧਾਲੂ ਬਣ ਗਿਆ। ਨਾਮ ਦੀ ਦਾਤ ਪ੍ਰਾਪਤ ਕੀਤੀ। ਸ. ਪ੍ਰੀਤਮ ਸਿੰਘ ਬੈਰਾੜ ਜੋ ਬਾਅਦ ਵਿੱਚ ਡੀ. ਐਸ. ਪੀ. ਬਣਿਆ, ਇਹ ਵੀ ਸੰਤ ਜੀ ਦਾ ਪਰਮ ਪ੍ਰੀਤਵਾਨ ਹੈ।

ਸ. ਨਿਰੰਜਨ ਸਿੰਘ ਜਲੰਧਰ

ਸ. ਨਿਰੰਜਨ ਸਿੰਘ ਮਾਨ ਨੇ ਮਹਿੰਦਰਾ ਕਾਲਜ ਪਟਿਆਲਾ ਮੈਟ੍ਰਿਕ ਕੀਤੀ। ਫੇਰ ਨਾਇਬ ਤਹਿਸੀਲਦਾਰ ਤੇ ਮਾਲ ਅਫ਼ਸਰ ਭੀ ਰਹੇ। ੧੯੬੨ ਵਿੱਚ ਰਿਟਾਇਰ ਹੋਏ। ਅੱਜ ਕਲ੍ਹ ਜਲੰਧਰ ਰਿਹਾਇਸ਼ ਰੱਖੀ ਅਤੇ ਫਾਰਮ ਵਿੱਚ ਖੇਤੀਬਾੜੀ ਦਾ ਕੰਮ ਕਰਵਾ ਰਹੇ ਹਨ। ਇਨ੍ਹਾਂ ਨੇ ਕਈ ਵਾਰ ਸੰਤ ਹਰਨਾਮ ਸਿੰਘ ਜੀ ਨੁਸ਼ੈਹਰਾ ਮੱਝਾ ਸਿੰਘ ਅਤੇ ਸੰਤ ਸਾਧੂ ਸਿੰਘ ਜੀ ਚੱਕ ਯਾਕੂਬ ਪਿੰਡ ਵਾਲਿਆਂ ਦਾ ਵੀ ਦੀਦਾਰ ਕੀਤਾ। ਪਰ ਸੰਸਕਾਰਾਂ ਦਾ ਸਦਕਾ ਪ੍ਰਮਾਰਥ ਦੀ ਸ਼ੁਰੂ ਤੋਂ ਹੀ ਪੂਰਨ ਲਗਨ ਸੀ। ਸਰਵਿਸ ਦੇ ਸਮੇਂ ਵੀ ਆਪਣੀ ਡਿਊਟੀ ਤੋਂ ਵੇਹਲਿਆਂ ਹੋ ਕੇ ਧਾਰਮਿਕ ਪੁਸਤਕਾਂ ਦੀ ਵਿਚਾਰ ਤੇ ਗੁਰਬਾਣੀ ਦੇ ਪਾਠ ਕਰਨ ਵਿੱਚ ਹੀ ਲੱਗੇ ਰਹਿਣਾ। ਗੁਰਬਾਣੀ ਦੀ ਹਰੇਕ ਪੰਗਤੀ ਮਹਾਂਪੁਰਸ਼ਾਂ ਦੀ ਸੰਗਤ ਵੱਲ ਹੀ ਪ੍ਰੇਰਦੀ ਹੈ। ਉਸ ਨੂੰ ਸਮਝ ਸਮਝ ਕੇ ਵਿਚਾਰ ਸਹਿਤ ਪੜ੍ਹਨਾ। ਮਨ ਵਿੱਚ ਚਾਅ ਜਾਗਣਾ। ਕਈ ਸੰਤ ਪੁਰਸ਼ਾਂ ਦੀ ਸੰਗਤ ਵੀ ਕੀਤੀ ਪਰ ਮਨ ਵਿੱਚ ਪੂਰਾ ਨਿਸ਼ਚਾ ਨਾ ਬੱਝਾ। ਕਿਉਂਕਿ ਉਨ੍ਹਾਂ ਵਿੱਚ ਪ੍ਰਮਾਰਥੀ ਪਾਂਧੀ ਘੱਟ ਸਨ।

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥

ਵਾਲੀ ਗੱਲ ਸੀ ਅਤੇ ਉਹ:

ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਓ ॥ (ਸਵਈਏ ਮਹਲੇ ਤੀਜੇ ਕੇ ਭਿਖਾ - ੧੩੯੫)

ਕਈ ਪ੍ਰਮਾਰਥੀ ਪੰਧਾਊ ਮਹਾਂਪੁਰਸ਼ ਵੀ ਮਿਲੇ ਪਰ ਉਹ ਵੀ ਨੇੜੇ ਨੇੜੇ ਦੇ ਜਾਣੂ ਸਨ। ਰਸਨਾ ਦੇ ਜਾਪ ਤੋਂ ਅੱਗੇ ਕਿਸੇ ਦੀ ਸੁਰਤ ਨਹੀਂ ਸੀ ਲੰਘੀ। ਕੋਈ ਗੁਰਬਾਣੀ ਦੇ ਪਾਠ ਕਰਨ ਵੱਲ ਜੋੜਦਾ, ਪਰ ਸ਼ਬਦ ਸੁਰਤ ਦਾ ਮਿਲਾਪੀ ਧਿਆਤਾ, ਧਿਆਨ ਤੇ ਧੇਅ ਨੂੰ ਇੱਕ ਕਰਾਉਣ ਵਾਲਾ ਕੋਈ ਨਾ ਮਿਲਿਆ। ਇਨ੍ਹਾਂ ਨੂੰ ਪਾਠ ਕਰਨ ਸਮੇਂ ਜੋ ਜੋ ਵੀ ਇਸ਼ਾਰੇ ਗੁਰਬਾਣੀ ਵਿੱਚੋਂ ਮਿਲੇ, ਉਨ੍ਹਾਂ ਨੂੰ ਖੋਲ੍ਹ ਕੇ ਦੱਸਣ ਵਾਲਾ ਅਤੇ ਸ਼ਬਦ ਸੁਰਤ ਦੇ ਮਿਲਾਪ ਦੁਆਰਾ ਉੱਥੇ ਪੁਚਾਉਣ ਵਾਲਾ ਕੋਈ ਨਾ ਮਿਲਿਆ।

ਯਥਾ: *ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੁ ਮੁਖਿ ਮਚਾ ॥ (ਸਵਈਏ ਮਹਲੇ ਚੌਥੇ ਕੇ ਗਯੰਦ - ੧੪੦੨)*

ਅਥਵਾ: *ਅਗਮ ਦੁਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ ॥*

(ਭੈਰਉ ਭਗਤ ਕਬੀਰ ਜੀ - ੧੧੬੨)

ਤਥਾ: *ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲ੍ਹੈ ਤਾ ਮਨੁ ਖੀਵਾ ਭਾਈ ॥੩॥ (ਕੇਦਾਰਾ ਭਗਤ ਕਬੀਰ ਜੀ - ੧੧੨੩)*

ਤਥਾ: *ਊਹਾਂ ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ ਕਰੈ ਅਨੰਦ ॥੫॥ (ਭੈਰਉ ਭਗਤ ਕਬੀਰ ਜੀ - ੧੧੬੨)*

ਤਥਾ: *ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥* (ਗਉੜੀ ਗੁਆਰੇਰੀ ਮਃ ੧ - ੨੨੦)

ਤਥਾ: *ਮਨੁ ਨਿਰਮਲੁ ਨਹੀ ਦਸਵੈ ਦੁਆਰ ॥* (ਬਸੰਤੁ ਮਃ ੩ - ੧੧੬੯)

ਤਥਾ: *ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥* (ਰਾਮਕਲੀ ਵਾਰ-੧ ਮਃ ੩ - ੯੫੪)

ਇਹੋ ਜੇਹੀਆਂ ਗੁਹਜ ਪੰਗਤੀਆਂ ਪੜ੍ਹ ਕੇ ਆਪਣੇ ਆਪ ਸਮਝਣ ਤੇ ਜਾਨਣ ਦਾ ਖ਼ਿਆਲ ਸੀ। ਅਖ਼ੀਰ ਨੂੰ ਪਿਛਲੇ ਪੁੰਨਾਂ ਨੇ ਪ੍ਰੇਰ ਕੇ ੧੯੬੫ ਈ. ਨੂੰ ਪੂਰਨ ਮਹਾਂਪੁਰਸ਼ਾਂ ਦੇ ਚਰਨਾਂ ਨਾਲ ਲਿਆ ਜੋੜਿਆ।

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥

(ਵਾਰ-ਸਾਰੰਗ ਮਃ ੨ - ੧੨੩੭)

ਤਥਾ: *ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੁੰਜੀ ॥੨॥*

(ਰਾਮਕਲੀ ਮਃ ੫ - ੯੯੩)

ਅਗਿਆਨ ਦੇ ਜਿੰਦਰੇ ਨੂੰ ਖੋਲਣ ਵਾਸਤੇ ਕੁੰਜੀਆਂ ਦੇ ਮਾਲਕ ਪਾਸ ਲੈ ਆਂਦਾ। ਬੱਸ ਫੇਰ ਕੀ ਸੀ, ਪਹਿਲੀ ਝਲਕ ਨੇ ਮਨ ਸੀਤਲ ਕਰ ਦਿੱਤਾ। ਤੜਫਦੇ ਪਪੀਹੇ ਨੂੰ ਮਿਲ ਗਈ ਅਭੇਦ ਨਿਸ਼ਚੇ ਰੂਪੀ ਸ਼ਾਂਤੀ ਬੂੰਦ। ਹੋਰ ਕਿਤੇ ਜਾਣ ਦੀ ਭਟਕਣਾ ਮੁੱਕ ਗਈ। ਇੱਕ ਦਰ ਦੇ ਹੋ ਬੈਠੇ ਤੇ ਮਹਾਰਾਜ ਪਾਸ ਪ੍ਰਾਰਥਨਾ ਕੀਤੀ ਕਿ ਅੱਜ ਤੱਕ ਕਈ ਸੰਤ ਮਹਾਤਮਾ ਦੇ ਦਰਸ਼ਨ ਪ੍ਰਾਪਤ ਕੀਤੇ ਅਤੇ ਮਹਾਨ ਪ੍ਰਵਚਨ ਭੀ ਸੁਣਨ ਦਾ ਸਮਾਂ ਮਿਲਦਾ ਰਿਹਾ ਹੈ, ਪਰ ਕੋਈ ਐਸਾ ਮਹਾਂਪੁਰਸ਼ ਨਹੀਂ ਮਿਲ ਸਕਿਆ ਜੋ ਮਨਾਂ ਦੇ ਸੰਸੇ ਨਿਵਿਰਤ ਕਰ ਕੇ ਸਹੀ ਮਾਰਗ ਦਾ ਚਾਨਣਾ ਪਾਵੇ। ਮੇਰੇ ਅਹੋ ਭਾਗ ਹੋਣਗੇ, ਜੇਕਰ ਤੁਸੀਂ ਕ੍ਰਿਪਾ ਕਰ ਕੇ ਹਠ ਯੋਗ ਤੇ ਸਹਿਜਯੋਗ ਦੀ ਵਿਸਥਾਰ ਪੂਰਬਕ ਵਿਆਖਿਆ ਕਰ ਕੇ ਭਗਤ ਯੋਗ ਦੀ ਮਹੱਤਤਾ ਦਰਸਾਉਣ ਦੀ ਕ੍ਰਿਪਾ ਕਰੋ।

ਇਨ੍ਹਾਂ ਦੀ ਇਹ ਪ੍ਰਾਰਥਨਾ ਸੁਣ ਕੇ:

ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥
ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥੮॥ (ਸੂਹੀ ਮਃ ੩ - ੭੪੫)

ਦੇ ਭਾਵ ਅਨੁਸਾਰ:

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ (ਵਾਰ-ਸੋਰਠਿ ਮਃ ੩ - ੬੪੭)

ਦੇ ਸਿਧਾਂਤ ਅਨੁਸਾਰ ਸ੍ਰੀ ਸੰਤ ਜੀ ਮਹਾਰਾਜ ਨੇ ਇਸ ਪ੍ਰਕਾਰ ਬਚਨ ਕੀਤੇ ਕਿ ਲਓ ਸੁਣੋ ਹਠ ਯੋਗ ਦੇ ਅੱਠ

ਅੰਗ ਹਨ।

ਹਠ ਯੋਗ

ਯਮ, ਨੇਮ, ਇਕਾਂਤ ਦੇਸ, ਆਸਨ, ਪ੍ਰਾਣਾ ਯਾਮ, ਧਾਰਨਾ, ਧਿਆਨ, ਸਮਾਧੀ।

ੳ. ਯਮ

੧) ਯਮ ਦਸ ਪ੍ਰਕਾਰ ਦਾ ਹੈ, ਇਸ ਦਾ ਪਹਿਲਾ ਅੰਗ ਹੈ ਅਹਿੰਸਾ। ਅਹਿੰਸਾ ਵੀ ਮਨ ਬਾਣੀ ਸਰੀਰ ਕਰ ਕੇ ਤਿੰਨ ਤਰ੍ਹਾਂ ਦੀ ਹੈ (ੳ) ਜੋ ਮਨ ਅੰਦਰ ਦੂਸਰੇ ਦਾ ਬੁਰਾ ਚਿਤਵਨਾ ਹੈ, ਇਹ ਮਨ ਹੀ ਹਿੰਸਾ ਹੈ। (ਅ) ਜ਼ਬਾਨ ਨਾਲ ਕਿਸੇ ਨੂੰ ਕੌੜਾ ਤਿੱਖਾ ਜਾਂ ਦੁਖਦਾਈ ਬਚਨ ਆਖਣਾ, ਇਹ ਬਾਣੀ ਦੀ ਹਿੰਸਾ ਹੈ। (ੲ) ਸਰੀਰ ਨਾਲ ਜੀਵਾਂ ਨੂੰ ਮਾਰਨਾ ਇਹ ਤਨ ਦੀ ਹਿੰਸਾ ਹੈ।

੨) ਯਮ ਦਾ ਦੂਜਾ ਅੰਗ ਹੈ ਸਦਾ ਸੱਚ ਬੋਲਣਾ - ਅਰਥਾਤ ਕਦੇ ਵੀ ਝੂਠ ਨਾ ਬੋਲੇ।

੩) ਯਮ ਦਾ ਤੀਜਾ ਅੰਗ ਹੈ ਚੋਰੀ ਤੋਂ ਬਚਣਾ। ਇਹ ਵੀ ਦੋ ਤਰ੍ਹਾਂ ਦੀ ਹੈ ਇੱਕ ਮਨ ਦੀ ਦੂਜੀ ਤਨ ਦੀ (ੳ) ਮਨ ਵਿੱਚ ਖੋਟੇ ਸੰਕਲਪਾਂ ਨੂੰ ਕਰਨਾ, ਪਾਪ ਕਰ ਕੇ ਛੁਪਾ ਰੱਖਣਾ ਇਹ ਮਨ ਦੀ ਚੋਰੀ ਹੈ। (ਅ) ਸਰੀਰ ਕਰ ਕੇ ਕਿਸੇ ਦੀ ਚੀਜ਼ ਚੁੱਕ ਲੈਣੀ ਇਹ ਤਨ ਦੀ ਚੋਰੀ ਹੈ ਇਨ੍ਹਾਂ ਦੋਹਾਂ ਤੋਂ ਰਹਿਤ ਹੋਣਾ।

੪) ਯਮ ਦਾ ਚੌਥਾ ਅੰਗ ਹੈ ਬ੍ਰਹਮ ਚਰਜ ਧਾਰਨ ਕਰਨਾ। ਭਾਵ ਜੋ ਅੱਠ ਪ੍ਰਕਾਰ ਦਾ ਕਾਮ ਫੁਰਨਾ ਹੈ ਇਸ ਨੂੰ ਰੋਕਣ ਦਾ ਨਾਮ ਬ੍ਰਹਮਚਰਜ ਹੈ।

ਯਥਾ: ਸਰਵਣ, ਸਿਮਰਣ, ਕੀਰਤਨ, ਚਿਤਵਨ, ਬਾਤ ਇਕੰਤ।
ਦ੍ਰਿੜ੍ਹ ਸੰਕਲਪ, ਪ੍ਰਯਤਨ ਤਨ, ਪ੍ਰਾਪਤਿ ਅਸ਼ਟ ਕਹੰਤ। (ਵਿਚਾਰ ਮਾਲਾ)

੫) ਯਮ ਦਾ ਪੰਜਵਾਂ ਅੰਗ ਹੈ, ਧੀਰਜ ਨੂੰ ਧਾਰਨਾ। ਭਾਵ ਗ਼ਰੀਬੀ, ਅਮੀਰੀ, ਗ਼ਰਮੀ, ਸਰਦੀ ਤੇ ਭੁੱਖ ਪਿਆਸ ਵਿੱਚ ਬਿਆਕੁਲ ਨਾ ਹੋਣਾ।

੬) ਯਮ ਦਾ ਛੇਵਾਂ ਅੰਗ ਹੈ ਖਿਮਾ ਧਾਰਨ ਕਰਣਾ। ਆਪਣੇ ਅੰਦਰ ਕਦੇ ਵੀ ਕਿਸੇ ਤੇ ਕ੍ਰੋਧ ਨਾ ਕਰਣਾ, ਚਾਹੇ ਕੋਈ ਚੰਗਾ ਆਖੇ ਚਾਹੇ ਮਾੜਾ ਕਹੇ ਪਰ ਆਪ ਸਹਿਣਸ਼ੀਲਤਾ ਰੱਖਣੀ।

੭) ਯਮ ਦਾ ਸੱਤਵਾਂ ਅੰਗ ਹੈ ਦਇਆ। ਭਾਵ ਹਰੇਕ ਦੁਖੀ ਨੂੰ ਦੇਖ ਕੇ ਉਸ ਤੇ ਤਰਸ ਕਰਨਾ।

੮) ਯਮ ਦਾ ਅੱਠਵਾਂ ਅੰਗ ਹੈ ਆਪਣੇ ਚਿੱਤ ਨੂੰ ਕੋਮਲ ਰੱਖਣਾ। ਭਾਵ ਹਰੇਕ ਨੂੰ ਉਸ ਦੀ ਭਲਾਈ ਦਾ ਸ਼੍ਰੇਸ਼ਟ ਉਪਦੇਸ਼ ਹੀ ਦੇਣਾ। ਚਾਹੇ ਕੋਈ ਵੈਰੀ ਵੀ ਚੱਲ ਕੇ ਪਾਸ ਆ ਜਾਵੇ, ਉਸ ਦਾ ਵੀ ਬੁਰਾ ਨਹੀਂ ਮੰਗਣਾਂ।

੯) ਯਮ ਦਾ ਨੌਵਾਂ ਅੰਗ ਹੈ ਮਰਯਾਦਾ ਦਾ ਅਹਾਰ ਕਰਨਾ। ਅਰਥਾਤ ਜਾਇਜ਼ ਨਾਜਾਇਜ਼ ਦੇਖ ਕੇ ਕਿਸੇ ਹੱਕ ਦੀ ਕ੍ਰਿਤ ਕਰਨ ਵਾਲੇ ਤੇ ਭਜਨ ਸਿਮਰਨ ਵਾਲੇ ਚੰਗੇ ਘਰ ਦਾ ਭੋਜਨ ਅੰਗੀਕਾਰ ਕਰਨਾ ਅਤੇ ਆਪਣੀ ਭੁੱਖ ਤੋਂ ਚੌਥਾ ਹਿੱਸਾ ਘੱਟ ਛਕਣਾ।

੧੦) ਯਮ ਦਾ ਦਸਵਾਂ ਅੰਗ ਹੈ ਪਵਿਤ੍ਰਤਾ- ਅਰਥਾਤ ਬਾਹਰੋਂ ਸਰੀਰ ਦੀ ਸਫ਼ਾਈ ਹੋਣੀ ਤੇ ਬਸਤ੍ਰ ਵੀ ਸਾਫ਼ ਸੁਥਰੇ ਪਾਉਣੇ, ਅੰਦਰੋਂ ਰਾਗ ਦ੍ਵੈਖ ਦੀ ਮੈਲ ਤੋਂ ਰਹਿਤ ਹੋਣਾ।

ਅ. ਨੇਮ

ਹਠ ਯੋਗ ਦਾ ਦੂਸਰਾ ਅੰਗ ਹੈ ਨੇਮ: ਇਹ ਵੀ ਦਸ ਪ੍ਰਕਾਰ ਦਾ ਹੈ।

੧) ਨੇਮ ਦਾ ਪਹਿਲਾ ਅੰਗ ਹੈ ਤਪ। ਇਹ ਵੀ ਰਜੋ ਸਤੋ ਤਮੋ ਤਿੰਨ ਤਰ੍ਹਾਂ ਦਾ ਹੈ। (ੳ) ਜੋ ਸਰੀਰ ਨੂੰ ਭੁੱਖਾ ਤਿਹਾਇਆ ਰੱਖ ਕੇ ਗ਼ਰਮੀ ਸਰਦੀ ਸਹਾਰਣੀ, ਜਲ ਧਾਰੇ ਕਰਣੇ ਧੂਣੀਆਂ ਤਾਪਣੀਆਂ ਇਸ ਕਸ਼ਟ ਦੇਣ ਦਾ ਨਾਮ ਤਾਮਸੀ ਤਪ ਹੈ। ਇਸ ਤਪ ਦੇ ਕੀਤਿਆਂ ਕੁੱਝ ਕੁ ਪੁੰਨ ਜ਼ਰੂਰ ਮਿਲਦਾ ਹੈ, ਵਾਕ ਸਿੱਧੀ ਵੀ ਹੋ ਜਾਂਦੀ ਹੈ ਪਰ ਮਨ ਦੀ ਸ਼ਾਂਤੀ ਅਤੇ ਬ੍ਰਹਮਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ (ਅ) ਦੂਜਾ ਰਜੋਗੁਣੀ ਤਪ ਹੈ ਇਸ ਦੇ ਲੱਛਣ ਇਹ ਹਨ ਕਿ ਤਮਾਮ ਇੰਦ੍ਰੀਆਂ ਨੂੰ ਆਪੋ ਆਪਣੇ ਵਿਸ਼ਿਆਂ ਵਲੋਂ ਰੋਕ ਕੇ ਪ੍ਰਮੇਸ਼ਰ ਪਰਾਇਣ ਕਰਨਾ।

ਯਥਾ: ***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ (ਗੂਜਰੀ ਵਾਰ-੨ ਮਃ ੫ - ੫੧੭)
ਅਥਵਾ: ***ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥***
ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥

ਇਸ ਤਪ ਨਾਲ ਹਿਰਦਾ ਸ਼ੁੱਧ ਹੁੰਦਾ ਹੈ, (ਏ) ਤੀਜਾ ਸਤੋਗੁਣੀ ਤਪ ਹੈ। ਮਨ ਦੇ ਤਮਾਮ ਫੁਰਨਿਆਂ ਨੂੰ ਰੋਕ ਕੇ ਉਨ੍ਹਾਂ ਤੇ ਪੂਰਨ ਕਾਬੂ ਪਾਉਣਾ। ਇਸ ਤਪ ਨਾਲ ਬ੍ਰਹਮਗਿਆਨ ਦੀ ਪ੍ਰਾਪਤੀ ਹੁੰਦੀ ਹੈ।

੨) ਨੇਮ ਦਾ ਦੂਜਾ ਅੰਗ ਹੈ ਸੰਤੋਖ। ਇਹ ਵੀ ਬਾਹਜ ਤੇ ਅੰਤ੍ਰੀਵ ਦੋ ਤਰ੍ਹਾਂ ਦਾ ਹੈ। (ੳ) ਪਹਿਲਾ ਬਾਹਰਲਾ ਸੰਤੋਖ ਹੈ ਪਦਾਰਥ ਤਾਂ ਮਿਲਣਾ ਨਾ ਪਰ ਆਪਣੀ ਵਡਿਆਈ ਵਾਸਤੇ ਕਹਿਣਾ ਮੈਂ ਸੰਤੋਖੀ ਹਾਂ, ਕੋਈ ਚੀਜ਼ ਅੰਗੀਕਾਰ ਨਹੀਂ ਕਰਦਾ, ਇਹ ਹੈ ਬਾਹਰਲਾ ਤਿਆਗ। ਇਸ ਸੰਤੋਖ ਦੇ ਧਾਰਿਆਂ ਮਨ ਨੂੰ ਪ੍ਰਸੰਨਤਾ ਨਹੀਂ ਹੁੰਦੀ। (ਅ) ਦੂਜਾ ਅੰਦਰਲਾ ਸੰਤੋਖ ਹੈ। ਪ੍ਰਾਰਬਧ ਅਨੁਸਾਰ ਜੋ ਵੀ ਪਦਾਰਥ ਮਿਲ ਜਾਣਾ ਉਸੇ ਉੱਪਰ ਸੰਤੋਖ ਰੱਖਣਾ ਤੇ ਜੇ ਨਾ ਮਿਲੇ ਤਾਂ ਭੀ ਪ੍ਰਸੰਨ ਹੀ ਰਹਿਣਾ।

੩) ਨੇਮ ਦਾ ਤੀਸਰਾ ਅੰਗ ਹੈ ਆਸਤਕ ਭਾਵਨਾ ਵਾਲੀ ਬੁੱਧੀ ਹੋਣੀ- ਭਾਵ ਗੁਰੂ ਸ਼ਾਸਤ੍ਰ ਦੇ ਬਚਨਾ ਤੇ ਦ੍ਰਿੜ ਵਿਸ਼ਵਾਸ ਰੱਖਣਾ।

੪) ਨੇਮ ਦਾ ਚੌਥਾ ਅੰਗ ਹੈ 'ਦਾਨ'। ਇਹ ਵੀ ਤਮੋ ਰਜੋ ਸਤੋ ਤਿੰਨ ਪ੍ਰਕਾਰ ਦਾ ਹੈ (ੳ) ਜੋ ਕਿਸੇ ਨੂੰ ਲੜਾਈ ਕਰ ਕੇ ਜਾਂ ਗ਼ੁੱਸੇ ਨਾਲ ਝਿੜਕ ਕੇ ਅਥਵਾ ਬਿਨਾਂ ਸਮੇਂ ਦੀ ਵਿਚਾਰ ਤੇ ਕੀਤਿਆਂ ਦਾਨ ਕਰਨਾ ਇਹ ਤਮੋ ਗੁਣੀ ਦਾਨ ਹੈ। (ਅ) ਦੂਜਾ ਦਾਨ ਹੈ ਰਜੋ ਗੁਣੀ ਜੋ ਚੋਰੀ ਠੱਗੀ ਦੁਆਰਾ ਪੈਸਾ ਕਮਾ ਕੇ ਆਪਣੀ ਸੋਭਾ ਤੇ ਵਡਿਆਈ ਵਾਸਤੇ ਦਾਨ ਕਰ ਕੇ ਫੇਰ ਏਸ ਦਾ ਹੰਕਾਰ ਕਰਣਾਂ ਹੈ ਇਹ ਰਜੋ ਗੁਣੀ ਦਾਨ ਹੈ। (ਏ) ਤੀਸਰਾ ਸਾਂਤਕੀ ਦਾਨ ਹੈ, ਜੋ ਅਧਿਕਾਰੀ ਦੇਖ ਕੇ ਲੋੜਵੰਦ ਨੂੰ ਸਾਰੇ ਪਦਾਰਥ ਪ੍ਰਮੇਸ਼ਰ ਦੇ ਜਾਣ ਕੇ ਬੇਨਤੀ ਕਰ ਕੇ ਨਿੰਮ੍ਰਤਾ ਨਾਲ ਦਾਨ ਕਰਨਾ ਫੇਰ ਪ੍ਰਮੇਸ਼ਰ ਅੱਗੇ ਅਰਦਾਸ ਕਰਣੀ ਕਿ ਧੰਨ ਹੈ ਨਿਰੰਕਾਰ ਜਿਸ ਨੇ ਮੇਰੇ ਪਾਸੋਂ ਦਾਨ ਕਰਵਾਯਾ ਹੈ। ਚਾਹੇ ਧਨ ਦਾ ਦਾਨ ਹੈ ਚਾਹੇ ਵਿੱਦਿਆ ਦਾ ਦਾਨ ਹੈ। ਇਸ ਨੂੰ ਨਿੰਮ੍ਰਤਾ ਗ਼ਰੀਬੀ ਨਾਲ ਅੱਗੇ ਦੇਣਾ ਇਹ ਸਤੋਗੁਣੀ ਦਾਨ ਹੈ। ਇਸ ਦਾ ਬਹੁਤਾ ਫ਼ਲ ਹੈ।

੫) ਨੇਮ ਦਾ ਪੰਜਵਾਂ ਅੰਗ ਹੈ ਪੂਜਾ। ਜੋ ਗੁਰੂ ਪ੍ਰਮੇਸ਼ਰ ਵਿੱਚ ਸ਼ਰਧਾ ਭਾਵਨਾ ਦੁਆਰਾ ਮਨ ਕਰ ਕੇ ਪੂਜਾ ਕਰਣੀ, ਇਸ ਨੂੰ ਮਨੋਮਈ ਪੂਜਾ ਕਹਿੰਦੇ ਹਨ।

੬) ਨੇਮ ਦਾ ਛੇਵਾਂ ਅੰਗ ਹੈ ਗੁਰ ਸ਼ਬਦ ਦੇ ਅਨੁਸਾਰ ਹੋਣਾ। ਅਰਥਾਤ ਗੁਰ ਸ਼ਬਦ ਨੂੰ ਹੀ ਪੜ੍ਹਣਾ। ਉਸੇ ਨੂੰ ਸੁਣ ਕੇ ਵਿਚਾਰਣਾ, ਫੇਰ ਉਸੇ ਦਾ ਹੀ ਸਿਧਾਂਤ ਧਾਰਨ ਕਰਨਾ।

੭) ਨੇਮ ਦਾ ਸਤਵਾਂ ਅੰਗ ਹੈ ਆਪਣੇ ਆਪ ਨੂੰ ਗੁਰ ਸ਼ਬਦ ਦੇ ਸਿਧਾਂਤ ਅਨੁਸਾਰ ਚਲਾਉਣਾ।

੮) ਨੇਮ ਦਾ ਅੱਠਵਾਂ ਅੰਗ ਹੈ ਮਨ ਦੀ ਬ੍ਰਿਤੀ ਸਤੋਗੁਣੀ ਰੱਖਣੀ। ਭਾਵ ਮਨ ਅੰਦਰ ਵੀ ਨਿੰਮ੍ਰਤਾ ਰੱਖੇ, ਮੁੱਖੋਂ ਵੀ ਮਿੱਠੇ ਬਚਨਾਂ ਨੂੰ ਕਹੇ।

੯) ਨੇਮ ਦਾ ਨੌਵਾਂ ਅੰਗ ਹੈ ਨਿੱਤਨੇਮ। ਭਾਵ ਨਿੱਤਨੇਮ ਦੇ ਪਾਠ ਨੂੰ ਕਰਦਿਆਂ ਵਿਚਕਾਰ ਹੋਰ ਕਿਸੇ ਨਾਲ ਬਚਨਾਂ ਨੂੰ ਨਾ ਕਰਣਾ, ਆਪਣਾ ਨਿੱਤਨੇਮ ਪੂਰਾ ਕਰ ਕੇ ਹੀ ਬੋਲਣਾ।

੧੦) ਨੇਮ ਦਾ ਦਸਵਾਂ ਅੰਗ ਹੈ ਹਵਨ ਕਰਨਾ। ਇਹ ਵੀ ਤਿੰਨ ਤਰ੍ਹਾਂ ਦਾ ਹੈ। (ੳ) ਅਗਨੀ ਵਿੱਚ ਹਵਨ ਦੀ ਸਮੱਗ੍ਰੀ ਪਾਇਆਂ ਸਾਰੇ ਦੇਵਤੇ ਪ੍ਰਸੰਨ ਹੁੰਦੇ ਹਨ। (ਅ) ਦੂਜਾ ਹਵਨ ਹੈ ਕਿਸੇ ਨਾਮ ਜਪਨ ਵਾਲੇ ਗ਼ਰੀਬ ਸਿੱਖ ਅਭਿਆਗਤ ਲੋੜਵੰਦ ਨੂੰ ਰੋਟੀ ਖਵਾਉਣੀ। ਇਹ ਉਸ ਤੋਂ ਬਹੁਤ ਸ੍ਰੇਸ਼ਟ ਹੈ। ਇਸ ਨਾਲ ਬ੍ਰਹਮ ਪ੍ਰਸੰਨ ਹੁੰਦਾ ਹੈ। ਇਸ ਨੂੰ ਬ੍ਰਹਮ ਹੋਮ ਵੀ ਕਹਿੰਦੇ ਹਨ। ਕਲਗੀਆਂ ਵਾਲੇ ਪਾਤਸ਼ਾਹ ਨੇ ਰਹਿਤ ਨਾਮੇ ਵਿੱਚ ਲਿੱਖਿਆ ਹੈ ਭੁੱਖੇ ਗ਼ਰੀਬ ਸਿੱਖ ਦੇ ਮੁੱਖ ਨੂੰ ਗੁਰੂ ਕੀ ਗੋਲਕ ਜਾਣੇ (ਏ) ਤੀਜਾ ਹਵਨ ਹੈ ਹੰਕਾਰ ਦਾ ਤਿਆਗ ਕਰਨਾ। ਬ੍ਰਹਮ ਅਗਨੀ ਵਿੱਚ ਹੰਗਤਾ ਨੂੰ ਹਵਨ ਕਰ ਦੇਵੇ, ਇਹ ਗਿਆਨ ਰੂਪੀ ਹੋਮ ਹੈ।

ਏ. ਇਕਾਂਤ ਦੇਸ਼

ਹਠ ਜੋਗ ਦਾ ਤੀਜਾ ਅੰਗ ਹੈ ਇਕਾਂਤ ਦੇਸ਼। ਜਿਸ ਜਗ੍ਹਾ ਕਿਸੇ ਆਦਮੀ ਅਥਵਾ ਪਸ਼ੂ ਪੰਛੀ ਦੀ ਵੀ ਅਵਾਜ਼ ਨਾ ਸੁਣਾਈ ਦੇਵੇ, ਏਹੋ ਜੇਹੀ ਇਕਾਂਤ ਜਗ੍ਹਾ ਨਦੀ ਕਿਨਾਰੇ ਜਾਂ ਪਹਾੜ ਦੀ ਕੰਦਰਾਂ ਵਿੱਚ ਬੈਠੇ।

ਸ. ਆਸਨ

ਹਠ ਜੋਗ ਦਾ ਚੋਥਾ ਅੰਗ ਹੈ ਆਸਨ - ਜਿਤਨਾ ਚਿਰ ਇਹ ਚੰਗੀ ਤਰ੍ਹਾਂ ਆਸਨ ਨਾ ਲੱਗੇ ਉਤਨਾ ਚਿਰ ਮਨ ਦੀ ਬ੍ਰਿਤੀ ਵੀ ਇਕਾਗਰ ਨਹੀਂ ਹੁੰਦੀ। ਆਸਨ ਨੂੰ ਜਮਾ ਕੇ ਬੈਠਣਾ ਸਮਾਧੀ ਵਿੱਚ ਬਹੁਤ ਮਦਦ ਦਿੰਦਾ ਹੈ। ਭਾਵੇਂ ਅੱਡੋ ਅੱਡੀ ਬੈਠਣ ਦੇ ਬਹੁਤ ਸਾਰੇ ਆਪੋ ਆਪਣੇ ਆਸਨ ਹਨ ਪਰ ਉਨ੍ਹਾਂ ਸਾਰਿਆ ਵਿੱਚੋਂ ਦੋ ਆਸਨ ਸ੍ਰੇਸ਼ਟ ਮੰਨੇ ਹਨ ਜੋ

ਮਹਾਂਪੁਰਸ਼ਾਂ ਨੇ ਅੰਗੀਕਾਰ ਕੀਤੇ ਹਨ। ਇਹ ਹੈ 'ਸਿਧ ਆਸਨ' ਤੇ ਦੂਜਾਂ ਹੈ 'ਪਦਮ ਆਸਨ।' ਸਿਧ ਆਸਨ ਉਸ ਨੂੰ ਕਹਿੰਦੇ ਹਨ ਕਿ ਪਹਿਲਾਂ ਧਰਤੀ ਨੂੰ ਪੁੱਟ ਕੇ ਕੁੱਝ ਪੋਲੀ ਕਰ ਲਵੋ ਅਤੇ ਉਸ ਉੱਤੇ ਬ੍ਰਿਛਾਂ ਦੇ ਪੱਤੇ ਜਾਂ ਨਰਮ ਨਰਮ ਸੁੱਕਾ ਘਾਹ ਪਾ ਕੇ ਉੱਪਰ ਕੱਪੜੇ ਦਾ ਆਸਨ ਵਿਛਾ ਲਵੋ। ਉਪਰੰਤ ਆਪਣੇ ਅੰਗਾਂ ਨੂੰ ਅਡੋਲ ਕਰ ਕੇ ਉਸ ਤੇ ਚੌਂਕੜਾ ਮਾਰ ਕੇ ਬੈਠ ਜਾਵੇ। ਖੱਬੇ ਪੈਰ ਦੀ ਅੱਡੀ ਨਾਲ ਮੂਲ ਦੁਆਰੇ ਨੂੰ ਰੋਕ ਕੇ ਸੱਜਾ ਪੈਰ ਸ਼ਿਸ਼ਨ ਇੰਦਰੇ ਦਾ ਉੱਪਰ ਰੱਖੇ। ਕੰਗਰੋੜ ਦਾ ਕੁੱਬ ਕੱਢ ਕੇ ਸਿੱਧਾ ਹੋ ਕੇ ਧਿਆਨ ਭਰਵੱਟਿਆ ਵਿੱਚ ਜਾਂ ਨੱਕ ਦੀ ਕਰੂੰਬਲੀ ਵਿੱਚ ਜੋੜੋ। ਦੋਵੇਂ ਬਾਹਾਂ ਗੋਡਿਆਂ ਤੇ ਟਿਕਾਵੇ ਇਸ ਦਾ ਨਾਮ ਸਿੱਧ ਆਸਨ ਹੈ।

ਦੂਜਾ ਹੈ ਪਦਮ ਆਸਨ। ਚੌਂਕੜਾ ਮਾਰ ਕੇ ਸੱਜੇ ਪਟ ਤੇ ਆਪਣਾ ਖੱਬਾ ਪੈਰ ਰੱਖੇ। ਖੱਬੇ ਪੱਟ ਦਾ ਸੱਜਾ ਪੈਰ ਰੱਖੇ ਅਤੇ ਦੋਵੇਂ ਬਾਹਾਂ ਪਿੱਠ ਦੇ ਪਿੱਛੇ ਦੀ ਲਜਾ ਕੇ ਸੱਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਫੜੇ। ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜੇ। ਧਿਆਨ ਭਰਵੱਟਿਆਂ ਦੇ ਵਿਚਕਾਰ ਜਾਂ ਨਾਸਕਾ ਅੱਗੇ ਰੱਖੇ।

ਹ. ਪ੍ਰਾਣ ਯਾਮ

ਹਠ ਯੋਗ ਦਾ ਪੰਜਵਾਂ ਅੰਗ ਪ੍ਰਾਣਾਯਾਮ ਹੈ। ਇਹ ਪੂਰਕ ਕੁੰਭਕ ਰੇਚਕ ਤਿੰਨ ਤਰ੍ਹਾਂ ਦਾ ਹੈ (ੳ) ਬਾਹਜ ਪਦਾਰਥਾਂ ਤੋਂ ਮਨ ਦੀ ਬ੍ਰਿਤੀ ਦਾ ਸੰਕੋਚ ਕਰ ਕੇ ਅੰਤਰਮੁਖ ਕਰੇ ਅਤੇ ਸੱਜੀ ਸੁਰ ਤੋਂ ਸਹਿਜੇ ਸਹਿਜੇ ਪ੍ਰਾਨ ਉੱਪਰ ਨੂੰ ਖਿੱਚੇ। ਨਾਲ ਹੀ ਬਾਰਾਂ ਵਾਰੀ ਗੁਰ ਸ਼ਬਦ ਦਾ ਜਾਪ ਕਰੇ ਇਸ ਨੂੰ ਪੂਰਕ ਕਹਿੰਦੇ ਹਨ। (ਅ) ਪ੍ਰਾਣਾਂ ਨੂੰ ਉੱਪਰ ਰੋਕੇ। ਚੌਵੀ ਵਾਰ ਗੁਰ ਮੰਤਰ ਦਾ ਜਾਪ ਕਰੇ ਇਸ ਨੂੰ ਕੁੰਭਕ ਕਹਿੰਦੇ ਹਨ। (ੲ) ਇਸੇ ਤਰ੍ਹਾਂ ਬਾਰਾਂ ਵਾਰੀ ਗੁਰ ਮੰਤਰ ਦਾ ਜਾਪ ਕਰਦਿਆਂ ਖੱਬੀ ਸੁਰ ਦੁਆਰਾ ਪ੍ਰਾਣਾ ਨੂੰ ਹੇਠਾਂ ਉਤਾਰੇ, ਇਸ ਦਾ ਨਾਮ ਰੇਚਕ ਹੈ। ਫੇਰ ਖੱਬੀ ਨਾਸਕਾ ਤੋਂ ਪ੍ਰਾਣ ਚਾੜ੍ਹ ਕੇ ਸੱਜੀ ਦੁਆਰੇ ਉਤਾਰੇ ਅਤੇ ਉਸੇ ਤਰ੍ਹਾਂ ਗੁਰ ਸ਼ਬਦ ਦਾ ਅਭਿਆਸ ਵੀ ਕਰਦਾ ਰਹੇ। ਇਸੇ ਤਰ੍ਹਾ ਸ੍ਵਾਸਾਂ ਨੂੰ ਚੜਾਉਣ ਉਤਾਰਨ ਦੇ ਅਭਿਆਸ ਨਾਲ ਅੰਦਰ ਗ਼ਰਮੈਸ਼ ਵੱਧ ਜਾਂਦੀ ਹੈ, ਜਿਸ ਗ਼ਰਮੀ ਨਾਲ ਮੱਥੇ ਅੱਗੇ ਆਈ ਮਾਸ ਦੀ ਬੋਟੀ ਢਲ ਜਾਂਦੀ ਹੈ ਅਤੇ ਦਸਮ ਦੁਆਰ ਦਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ ਜਿੱਥੇ ਅਨਹਦ ਦੀ ਧੁਨ ਤੇ ਪਰਮ ਜੋਤੀ ਦਾ ਦਰਸ਼ਨ ਹੁੰਦਾ ਹੈ। ਹਠ ਜੋਗ ਪ੍ਰਦੀਪਕਾ ਨਾਮੇ ਗ੍ਰੰਥ ਵਿੱਚ ਲਿਖਿਆ ਹੈ ਕਿ ਹਠ ਜੋਗ, ਰਾਜ ਜੋਗ ਵਿੱਚ ਪ੍ਰਵੇਸ਼ ਹੋਣ ਵਾਸਤੇ ਹੀ ਸਾਧਿਆ ਜਾਂਦਾ ਹੈ। ਪਰ ਗੋਰਖ ਦੇ ਮਤ ਵਿੱਚ ਇਸ ਗੱਲ ਦਾ ਕੋਈ ਇਸ਼ਾਰਾ ਨਹੀਂ। ਹਠ ਜੋਗ ਪ੍ਰਦੀਪਕਾ ਵਿੱਚ ਇਸ ਦਾ ਕੁੱਝ ਨਿਰਨਾ ਕੀਤਾ ਗਿਆ ਹੈ ਕਿ ਗੰਗਾ 'ਇੜਾ' ਜਾਂ ਚੰਦਰਮਾ ਉਸ ਨਾੜੀ ਦਾ ਨਾਮ ਹੈ ਜੋ ਖੱਬੀ ਸੁਰ ਚਲਾਉਂਦੀ ਹੈ। ਜਮਨਾ 'ਪਿੰਗਲਾ' ਜਾਂ ਸੂਰਜ ਉਸ ਨਾੜੀ ਨੂੰ ਕਹਿੰਦੇ ਹਨ ਜਿਸ ਦੇ ਅਧਾਰ ਤੇ ਸੱਜੀ ਸੁਰ ਚਲਦੀ ਹੈ। ਤੀਜੀ ਦਾ ਨਾਮ ਹੈ 'ਸੁਖਮਨਾ।' ਇਸ ਸੁਖਮਨਾ ਨਾੜੀ ਦਾ ਇੱਕ ਸਿਰਾ ਤਾ ਮੂਲਾਧਾਰ ਚੱਕਰ ਵਿੱਚ ਹੈ ਅਤੇ ਦੂਜਾ ਬ੍ਰਹਮ ਰੰਧਰ ਜਾਂ ਦਸਮ ਦੁਆਰ ਵਿੱਚ ਹੈ। ਹਠ ਜੋਗ ਦੇ ਸਾਧਨ ਵਾਲੇ ਜੋਗੀ ਜਨ ਦਸਵੇਂ ਦੁਆਰ ਪ੍ਰਾਣਾਂ ਦੀ ਇਸਥਿਤੀ ਵਾਸਤੇ ਕਾਫ਼ੀ ਚਿਰ ਪਹਿਲਾਂ ਅੰਨ ਦਾ ਤਿਆਗ ਕਰ ਕੇ ਫੇਰ ਆਪਣੀਆਂ ਆਂਦਰਾਂ ਨੂੰ ਸਾਫ਼ ਕਰਦੇ ਹਨ ਜੋ ਇਸ ਤਰ੍ਹਾਂ ਕੀਤਾ ਜਾਂਦਾ ਹੈ:

ੳ) ਨੇਤੀ ਅ) ਧੋਤੀ ੲ) ਨਿਉਲੀ ਸ) ਵਸਤੀ ਹ) ਤ੍ਰਾਟਕ

ੳ) ਨੇਤੀ: ਇੱਕ ਗਿਠ ਲੰਬੀ ਬਰੀਕ ਰੇਸ਼ਮ ਦੀ ਡੋਰ ਦਾ ਇੱਕ ਸਿਰਾ ਨਾਸਕਾ ਦੁਆਰਾ ਉੱਪਰ ਚਾੜ੍ਹ ਕੇ ਅਤੇ ਪ੍ਰਾਣਾਂ ਦੇ ਬਲ ਨਾਲ ਉਸ ਨੂੰ ਦੂਸਰੀ ਨਾਸਕਾ ਦੁਆਰਾ ਬਾਹਰ ਕੱਢ ਕੇ ਜਾਂ ਮੁੱਖ ਰਾਹੀਂ ਬਾਹਰ ਕੱਢ ਕੇ ਉਸ ਧਾਗੇ ਨੂੰ ਚੰਗੀ ਤਰ੍ਹਾਂ ਫੇਰ ਕੇ ਉੱਪਰਲੇ ਹਿੱਸੇ ਭਾਵ ਨਾਸਕਾ ਤੇ ਕੰਠ ਦੀ ਸਫ਼ਾਈ ਕਰਦੇ ਹਨ। ਇਸ ਕ੍ਰਿਆ ਦਾ ਨਾਮ ਨੇਤੀ ਹੈ।

ਅ) ਧੋਤੀ: ਚਾਰ ਉਂਗਲ ਚੌੜੀ, ਸੋਲਾਂ ਹੱਥ ਲੰਬੀ, ਪਤਲੀ ਬਰੀਕ ਮਲਮਲ ਦੀ ਟਾਕੀ ਲੈ ਕੇ ਉਸ ਨੂੰ ਪਾਣੀ ਨਾਲ ਗਿੱਲੀ ਕਰ ਕੇ ਉਸ ਦਾ ਇੱਕ ਸਿਰਾ ਹੱਥ ਵਿੱਚ ਫੜ ਕੇ ਇੱਕ ਹੱਥ ਰੋਜ਼ ਅੰਦਰ ਨਿਘਾਰਣ ਦਾ ਅਭਿਆਸ ਕਰ ਕੇ ਹੌਲੀ ਹੌਲੀ ਸਾਰੀ ਅੰਦਰ ਨਿਘਾਰਦੇ ਹਨ ਫੇਰ ਉਸ ਨੂੰ ਅੰਦਰ ਘੁਮਾ ਕੇ ਬਾਹਰ ਕੱਢ ਕੇ ਧੋਂਦੇ ਹਨ। ਦੁਬਾਰਾ ਫੇਰ ਨਿਘਾਰਦੇ ਹਨ ਇਉਂ ਛਾਤੀ ਦੀ ਸਫ਼ਾਈ ਕਰਦੇ ਹਨ। ਇਸ ਕ੍ਰਿਆ ਨੂੰ ਧੋਤੀ ਕਿਹਾ ਜਾਂਦਾ ਹੈ।

ੲ) ਤੀਜਾ ਹੈ ਨਿਉਲੀ ਕਰਮ ਜੋ ਛੇਆਂ ਚੱਕਰਾਂ ਦੁਆਰਾ ਭੁਜੰਗਮਾ ਨਾੜੀ ਨੂੰ ਖੋਲ੍ਹਣਾ ਹੈ। ਉਹ ਛੇ ਚੱਕਰ ਇਸ ਪ੍ਰਕਾਰ ਹਨ:

ਛੇ ਚੱਕਰ

੧) ਮੂਲਾਧਾਰ ਚੱਕਰ: ਇਹ ਗੁਦਾ ਤੇ ਲਿੰਗ ਦੇ ਵਿਚਕਾਰ ਹੈ ਇਸ ਦੇ ਚਾਰ ਪੱਤੇ ਹਨ, ਲਾਲ ਰੰਗ ਹੈ, ਗਨੇਸ਼ ਦਾ ਵਾਸਾ ਹੈ।

੨) ਸੁਧਾਰਾਧਿਸ਼ਟਾਨ ਚੱਕਰ: ਇਹ ਲਿੰਗ ਦੇ ਮੂਲ ਵਿਚਕਾਰ ਹੈ, ੬ ਪੱਤੇ ਹਨ ਅਤੇ ਪੀਲਾ ਰੰਗ ਹੈ। ਬ੍ਰਹਮਾ ਦਾ

ਵਾਸਾ ਹੈ

੩) ਮਣੀਪੂਰਕ ਚੱਕਰ: ਇਹ ਨਾਭੀ ਵਿੱਚ ਹੈ, ਇਸ ਦੇ ੧੦ ਪੱਤੇ ਹਨ। ਨੀਲਾ ਰੰਗ ਹੈ। ਬਿਸ਼ਨੂੰ ਭਗਵਾਨ ਦਾ ਵਾਸਾ ਹੈ।

੪) ਅਨਾਹਤ ਚੱਕਰ: ਇਹ ਹਿਰਦੇ ਵਿੱਚ ਹੈ, ਇਸ ਦੇ ੧੨ ਪੱਤੇ ਹਨ, ਚਿੱਟਾ ਰੰਗ ਹੈ। ਸ਼ਿਵ ਜੀ ਦਾ ਵਾਸਾ ਹੈ।

੫) ਬਿਸੁੱਧ ਚੱਕਰ: ਇਹ ਕੰਠ ਵਿੱਚ ਹੈ। ਇਸ ਦੇ ੧੬ ਪੱਤੇ ਹਨ। ਚਿੱਟਾ ਪੀਲਾ ਰੰਗ ਤੇ ਜੀਵ ਆਤਮ ਦਾ ਵਾਸਾ ਹੈ।

੬) ਆਗਿਆ ਚੱਕਰ: ਇਹ ਤ੍ਰਿਕੁਟੀ ਵਿੱਚ ਹੈ। ਇਸ ਦੇ ਦੋ ਪੱਤੇ ਹਨ। ਲਾਲ ਗੂਹੜਾ ਚਹਿਚਹੂਆ ਰੰਗ ਹੈ। ਇਸ ਵਿੱਚ ਗੁਰੂ ਦਾ ਵਾਸਾ ਹੈ।

ਇਨ੍ਹਾਂ ਛੇਆਂ ਚੱਕਰਾਂ ਨੂੰ ਸ੍ਵਾਸਾਂ ਦੁਆਰਾ ਵਿੰਨ੍ਹ ਕੇ ਜੋਗੀ ਦਸਵੇਂ ਦੁਆਰ ਪ੍ਰਾਨ ਚੜਾਉਂਦੇ ਹਨ। ਸ੍ਵਾਸਾਂ ਨੂੰ ਉੱਪਰ ਚੜ੍ਹਾਉਣ ਉਤਾਰਣ ਅਤੇ ਰੋਕਣ ਨਾਲ ਕੁੰਡਲਨੀ ਖੁੱਲ੍ਹ ਜਾਂਦੀ ਹੈ। ਜਿਸ ਨੂੰ ਖੋਲ੍ਹਣ ਦਾ ਇੱਕ ਤਰੀਕਾ ਇਹ ਵੀ ਹੈ ਕਿ ਜੋਗੀਆਂ ਦਾ ਖ਼ਿਆਲ ਹੈ ਕਿ ਸਰੀਰ ਵਿੱਚ ਬਹੱਤਰ ਹਜ਼ਾਰ ਨਾੜੀਆਂ ਹਨ ਪਰ ਕੰਮ ਦੀ ਨਾੜੀ ਇੱਕੋ ਸੁਖਮਨਾ ਹੀ ਹੈ। ਇਸ ਨਾੜੀ ਦਾ ਹੇਠਲਾ ਸਿਰਾ ਕੁੰਡਲਨੀ ਦੁਆਰਾ ਬੰਦ ਹੈ। ਇਹ ਕੁੰਡਲਨੀ ਸੱਪ ਵਾਂਗ ਕੁੰਡਲ ਮਾਰੇ ਹੋਏ ਇੱਕ ਨਾੜੀ ਹੈ। ਜਿਸ ਦਾ ਅਕਾਰ ਜਿਸ ਤਰ੍ਹਾਂ ਸੱਪ ਨੇ ਆਪਣੀ ਪੂਛ ਮੂੰਹ ਵਿੱਚ ਲਈ ਹੋਵੇ। ਪ੍ਰਾਣਾਂ ਦੇ ਰੋਕਣ ਦਾ ਪਹਿਲਾ ਕੰਮ ਇਸ ਸੁਖਮਨਾ ਦੇ ਹੇਠਲੇ ਸਿਰੇ ਨੂੰ ਖੋਲ੍ਹਣਾ ਹੈ।

ਸ) ਵਸਤੀ: ਮੁੱਖ ਦੁਆਰਾ ਬਹੁਤ ਸਾਰਾ ਪਾਣੀ ਅੰਦਰ ਪਾ ਕੇ ਸ੍ਵਾਸਾਂ ਨਾਲ ਪੇਟ ਨੂੰ ਹਿਲਾ ਕੇ ਫੇਰ ਹੇਠਲੇ ਇੰਦਰੇ ਦੁਆਰਾ ਉਸ ਪਾਣੀ ਨੂੰ ਬਾਹਰ ਕੱਢਦੇ ਹਨ। ਜਾਂ ਅਨੀਮਾਂ ਕਰਨ ਵਾਲਿਆਂ ਵਾਂਗ ਨਾਭੀ ਤੱਕ ਸਿੱਧਾ ਪਾਣੀ ਵਿੱਚ ਬੈਠ ਦੋਵੇਂ ਮੋਢੇ ਨੀਵੇ ਕਰ ਪਿੱਠ ਦਾ ਵੱਲ ਕੱਢ ਕੇ ਛੇ ਉਂਗਲਾਂ ਲੰਬੀ, ਉਂਗਲ ਜਿਤਨੀ ਮੋਟੀ ਪੋਲੀ ਬਾਂਸ ਦੀ ਨਾਲੀ ਲੈ ਕੇ ਚਾਰ ਉਂਗਲਾਂ ਗੁਦਾ ਵਿੱਚ ਪਾ ਕੇ ਪ੍ਰਾਣਾਂ ਦੇ ਬਲ ਨਾਲ ਉਸ ਦੁਆਰਾ ਪਾਣੀ ਉੱਪਰ ਖਿੱਚ ਕੇ ਪੇਟ ਨੂੰ ਸੱਜੇ ਖੱਬੇ, ਉੱਪਰ, ਹੇਠਾਂ ਇਸ ਤਰ੍ਹਾਂ ਰਿੜਕਣਾ ਜਿਵੇਂ ਚਾਟੀ ਵਿੱਚ ਮਧਾਣੀ ਫਿਰਦੀ ਹੈ। ਫੇਰ ਉਸੇ ਰਸਤੇ ਪਾਣੀ ਨੂੰ ਬਾਹਰ ਕੱਢਦੇ ਹਨ। ਜਾਂ ਬਹੁਤ ਸਾਰਾ ਪਾਣੀ ਪੀ ਕੇ ਉਸ ਨੂੰ ਮੁੱਖ ਦੁਆਰਾ ਕੱਢਦੇ ਹਨ। ਇਉਂ ਪੇਟ ਦੀ ਪੂਰੀ ਸਫ਼ਾਈ ਹੋ ਜਾਂਦੀ ਹੈ। ਜੇਕਰ ਅੰਨ ਦੀ ਅੰਸ ਅੰਦਰ ਰਹਿ ਜਾਵੇ ਤਾਂ ਸਰੀਰ ਦੇ ਮੁਸ਼ਕ ਜਾਣ ਦਾ ਖ਼ਤਰਾ ਹੈ। ਇਸ ਕ੍ਰਿਆ ਦਾ ਨਾਮ ਵਸਤੀ ਹੈ।

ਹ) ਤ੍ਰਾਟਕ- ਨੇਤ੍ਰਾਂ ਦੀ ਟਿਕਟਿਕੀ ਕਿਸੇ ਖ਼ਾਸ ਚੀਜ਼ ਤੇ ਟਿਕਾ ਕੇ, ਅੱਖਾਂ ਨੂੰ ਬਿਨਾਂ ਝਮਕੇ ਤੋਂ ਜਿਤਨਾ ਚਿਰ ਅੱਖਾਂ 'ਚੋਂ ਪਾਣੀ ਨਾ ਨਿਕਲੇ ਇੱਕ ਰਸ ਤੱਕੀ ਜਾਣਾ ਇਸ ਦਾ ਨਾਮ ਤ੍ਰਾਟਕ ਹੈ। ਜੋ ਨੇਤ੍ਰਾਂ ਦੇ ਰੋਗਾਂ ਤੇ ਆਲਸ ਨੂੰ ਦੂਰ ਕਰਦਾ ਹੈ।

ਭਾਵੇਂ ਪ੍ਰਾਣਾਯਾਮ ਦੇ ਕਈ ਤਰੀਕੇ ਹਨ ਪਰ ਸਭ ਵਿੱਚ ਇਹੋ ਹੀ ਕੀਤਾ ਜਾਂਦਾ ਹੈ ਜੋ ਇੱਕ ਸੁਰ ਦੁਆਰਾ ਸ੍ਵਾਸ ਲੈਨਾ, ਫਿਰ ਸ੍ਵਾਸ ਨੂੰ ਰੋਕਣਾ, ਫਿਰ ਦੂਜੀ ਸੁਰ ਦੁਆਰਾ ਬਾਹਰ ਕੱਢਣਾ। ਇਨ੍ਹਾਂ ਤਿੰਨਾਂ ਅਭਿਆਸਾਂ ਦਾ ਨਾਮ ਪੂਰਕ, ਕੁੰਭਕ ਤੇ ਰੇਚਕ ਹੈ। ਫੇਰ ਇਸ ਪਿਛਲੀ ਸੁਰ ਦੁਆਰਾ ਸਾਹ ਲੈਣਾ, ਪ੍ਰਾਣਾਂ ਨੂੰ ਅੰਦਰ ਰੋਕਣਾ ਤੇ ਫੇਰ ਪਹਿਲੀ ਸੁਰ ਦੁਆਰਾ ਕੱਢ ਦੇਣਾ। ਕਈ ਪ੍ਰਾਣਾਂ ਨੂੰ ਅੰਦਰ ਰੋਕਣ ਦੀ ਥਾਂ ਬਾਹਰ ਰੋਕਦੇ ਹਨ। ਭਾਵ ਸਾਹ ਨੂੰ ਬਾਹਰ ਕੱਢ ਕੇ ਫੇਰ ਉਹ ਕਿਤਨਾ ਚਿਰ ਸਾਹ ਨਹੀਂ ਲੈਂਦੇ। ਇਸ ਤਰ੍ਹਾਂ ਕਰਨ ਨਾਲ ਕੁੰਡਲਣੀ ਖੁੱਲ੍ਹਦੀ ਹੈ ਤੇ ਦਸਮ ਦੁਆਰੇ ਵਿਖੇ ਜੋਗ ਰਸ ਝਰਦਾ ਹੈ।

ਸਮਾਧੀ

ਜਦੋਂ ਮਨ ਸਾਰੇ ਫੁਰਨਿਆਂ ਤੋਂ ਰਹਿਤ ਹੋ ਕੇ ਧਿਆਨ ਵਿੱਚ ਜੁੜ ਜਾਵੇ ਉਸ ਦਾ ਨਾਮ ਸਮਾਧੀ ਹੈ। ਇਹ ਵੀ 'ਸਾਵਿਕਲਪ' ਤੇ 'ਨਿਰਵਿਕਲਪ' ਦੋ ਤਰ੍ਹਾਂ ਦੀ ਹੈ। ਜਿਤਨਾ ਚਿਰ ਧਿਆਤਾ, ਧਿਆਨ, ਧੇਅ ਵੱਖ ਵੱਖ ਪ੍ਰਤੀਤ ਹੋਵਨ ਭਾਵ ਧਿਆਤਾ, (ਧਿਆਨ ਧਾਰਨ ਵਾਲਾ) ਧਿਆਨ (ਬ੍ਰਿਤੀ) ਤੇ ਧੇਅ (ਜਿਸ ਦਾ ਧਿਆਨ ਕਰਨਾ ਹੈ) ਇਹ ਅੱਡ ਅੱਡ ਭਾਸਨ; ਇਸ ਦਾ ਨਾਮ ਸਾਵਿਕਲਪ ਸਮਾਧੀ ਹੈ। ਜਿਸ ਸਮੇਂ ਇਸ ਤ੍ਰਿਪੁਟੀ ਦਾ ਅਭਾਵ ਹੋ ਜਾਵੇ ਅਰਥਾਤ ਧਿਆਤਾ ਤੇ ਧਿਆਨ ਲੀਨ ਹੋ ਕੇ ਕੇਵਲ ਧੇਅ ਹੀ ਬਾਕੀ ਰਹਿ ਜਾਵੇ, ਇਸ ਦਾ ਨਾਮ ਨਿਰਵਿਕਲਪ ਸਮਾਧੀ ਹੈ। ਇਸ ਅਵਸਥਾ ਦੇ ਆਇਆਂ ਨਾ ਤਾਂ ਸਮਾਂ ਲੰਘੇ ਦਾ ਹੀ ਪਤਾ ਲੱਗਦਾ ਹੈ ਨਾ ਫੇਰ ਭੁੱਖ ਪਿਆਸ ਦਾ ਖ਼ਿਆਲ ਹੁੰਦਾ ਹੈ। ਭਰਥਰੀ ਜੀ ਨੇ ਤਾਂ ਵੈਰਾਗ ਸ਼ਤੱਕ ਵਿੱਚ ਇਥੋਂ ਤੱਕ ਲਿਖਿਆ ਹੈ ਕਿ ਜੇਕਰ ਜੰਗਲ ਦੇ ਹਰਨ ਵੀ ਕੋਲ ਦੀ ਘਸਰ ਕੇ ਲੰਘ ਜਾਵਨ ਤਾਂ ਵੀ ਪਤਾ ਨਹੀਂ ਲੱਗਦਾ। ਇਸ ਦਾ ਨਾਮ ਹੀ ਅਸਲ ਸਮਾਧੀ ਹੈ। ਯਥਾ:

ਦੋਹਰਾ: ਨਿਜ ਵਖਾਣ ਕਰ ਹਰਣ ਕਬ ਸੰਘਰਸਹਿ ਮਮ ਦੇਹੇ।

ਮੋਹਿ ਖ਼ਬਰ ਨਹਿ ਹਰਨ ਹ੍ਵੈ, ਕਬ ਹੈ ਮਮ ਅਸ ਦੇਹੇ।

ਤਥਾ: ਜਠਰ ਕੁਰੰਗ ਕਰੇ ਸ੍ਰਿੰਗੋਂ ਸੰਗ ਕੰਡੂ ਮੋਹਿ, ਸੁਖ ਸੋ ਅਭੀਤ ਮੋ ਕੋ ਜਾਣੇ ਸਮ ਭੀਤ ਕੇ।

ਭਾਵ ਤਿਸ ਸਮਾਧੀ ਵਿੱਚ ਏਹੋ ਜੇਹਾ ਇਸਥਿਤ ਹੋਵਾਂ ਕਿ ਬੁੱਢੇ ਹਰਨ ਮੈਨੂੰ ਕੰਧ ਵਾਂਗ ਜਾਣ ਕੇ ਮੇਰੇ ਸਰੀਰ ਲਾਲ ਸੁਖ ਪੂਰਬਕ ਨਿਰਭੈ ਹੋ ਕੇ ਆਪਣੇ ਸਿੰਗਾਂ ਨਾਲ ਖੁਰਕ ਕਰਨ।

ਹਠ ਜੋਗ ਪ੍ਰਦੀਪਕਾ ਗ੍ਰੰਥ ਵਿੱਚ ਕਥਨ ਕੀਤਾ ਹੈ ਕਿ ਦੇਵਲ ਨਾਥ ਨੇ ਗੋਰਖ ਨਾਥ ਨੂੰ ਪ੍ਰਸ਼ਨ ਕੀਤੇ, ਜਿਨ੍ਹਾਂ ਪ੍ਰਸ਼ਨਾਂ ਦਾ ਉੱਤਰ ਉਸ ਨੇ ਇਸ ਪ੍ਰਕਾਰ ਦਿੱਤਾ ਹੈ।

ਸ਼ਬਦ ਏਕ ਪੂਛਿਬਾ, ਕਹੋ ਗੁਰ ਦਯਾਲੰ। ਵਿਰਿਧਿ ਥੈਂ ਕਯੂੰ ਕਰਿ ਹੋਇਬਾ ਬਾਲੰ।

ਫੁਲਯਾ ਫੂਲ ਕਲੀ ਕਯੂੰ ਹੋਈ। ਪੂਛੇ ਕਹ ਤੋ ਗੋਰਖ ਸੋਈ।

ਅਰਥ: ਹੇ ਦਿਆਲੂ ਗੁਰੋ! ਮੈਂ ਇੱਕ ਗੱਲ ਪੁੱਛਣਾ ਹਾਂ ਓਹ ਦੱਸੋ ਕਿ ਬੁੱਢੇ ਤੋਂ ਫਿਰ ਕਿਸ ਤਰ੍ਹਾਂ ਬਾਲ ਹੋ ਜਾਵੇ? ਫੁਲਿਆ ਹੋਇਆ ਫ਼ੁੱਲ ਮੁੜ ਕਲੀ ਕਿਸ ਤਰ੍ਹਾਂ ਬਣ ਜਾਵੇ? ਇਸ ਗੱਲ ਦਾ ਜੋ ਉੱਤਰ ਦੇਵੇ ਓਹੋ ਹੀ ਗੋਰਖ ਨਾਥ ਹੈ। ਉੱਤਰ ਗੋਰਖ ਨਾਥ ਦਾ ਜੋ ਹਠ ਜੋਗ ਪ੍ਰਦੀਪਕਾ ਵਿੱਚ ਲਿਖਿਆ ਹੈ:

ਸੁਣੋ ਹੇ ਦੇਵਲ ਤਜੋ ਜੰਜਾਲੰ। ਅਮਿਯ ਪੀਵਤ ਤਬ ਹੋਇਗਾ ਬਾਲੰ।

ਬ੍ਰਹਮ ਅਗਨਿ ਸੀਚਤ ਮੂਲੰ। ਫੂਲਿਆ ਫੂਲ ਕਲੀ ਫਿਰ ਫੂਲੰ।

ਅਰਥ: ਗੋਰਖ ਕਹਿਣ ਲੱਗਾ ਹੇ ਦੇਵਲ ਨਾਥ ਸੁਣੋ! ਸੰਸਾਰ ਦੇ ਸਾਰੇ ਜੰਜਾਲ ਛੱਡ ਦੇਹ! ਚੰਦ੍ਰਮਾ ਤੋਂ ਸਿੰਮਦਾ ਅੰਮ੍ਰਿਤ ਪੀਏ ਤਾਂ ਮੁੜ ਕੇ ਬਾਲ ਹੋ ਜਾਵੇਗਾ। ਬ੍ਰਹਮ ਅਗਨੀ ਲਯ ਨਾਮੇ ਸਾਧਨਾ ਹਠ ਜੋਗੀ ਦੱਸਦੇ ਹਨ। ਇਸ ਦੇ ਚਾਰ ਦਰਜੇ ਹਨ: (੧) ਅਰੰਭ (੨) ਘਟ। (੩) ਪਰਚਯ (੪) ਨਿਸ਼ਪੱਤਿ।

ਜਦੋਂ ਜੋਗੀ ਪ੍ਰਾਣਾਯਾਮ ਦੁਆਰਾ ਪ੍ਰਾਣ ਰੋਕ ਕੇ ਅਨਾਹਤ ਚੱਕਰ ਤੱਕ ਪੁੱਜ ਜਾਂਦੇ ਹਨ ਤੇ ਉਥੋਂ ਹੁੰਦੇ ਹੋਏ ਬ੍ਰਹਮ ਗ੍ਰੰਥੀ ਨੂੰ ਚੀਰ ਕੇ ਅਗਾਂਹ ਤੁਰਦੇ ਹਨ ਤਾਂ ਨਾਦ ਦਾ ਆਰੰਭ ਹੁੰਦਾ ਹੈ। ਇਹ ਪਹਿਲਾ ਦਰਜਾ ਹੈ। ਇੱਥੇ ਝਾਂਝਰਾਂ ਦੀ ਮਿੱਠੀ ਮਿੱਠੀ ਛਨਕਾਰ ਵਾਂਗ ਅਵਾਜ਼ ਸੁਣਾਈ ਦਿੰਦੀ ਹੈ। ਜਦੋਂ ਜੋਗੀ ਵਿਸ਼ੁਧ ਚੱਕਰ ਵਿੱਚ ਪੁੱਜ, ਵਿਸ਼ਨੂੰ ਗ੍ਰੰਥੀ ਨੂੰ ਚੀਰ, ਅਤੀ ਸੂਨਯ (ਅਰਥਾਤ ਸੰਘ ਵਿੱਚ ਦੇ ਪੁਲਾੜ) ਵਿੱਚ ਜਾਂਦਾ ਹੈ ਤਾਂ ਦੂਜਾ ਅਰਥਾਤ ਘਟ ਦਾ ਦਰਜਾ ਹਾਸਲ ਹੁੰਦਾ ਹੈ। ਇਹ ਅਸਥਾਨ ਮਾਇਆ ਰਹਿਤ ਹੈ। ਇੱਥੇ ਆਤਮਾ ਮਾਯਾ ਰਹਿਤ ਹੋ ਜਾਂਦੀ ਹੈ ਅਤੇ ਭੇਰੀ ਦੀ ਅਵਾਜ਼ ਸੁਣੀਦੀ ਹੈ। ਜਦੋਂ ਜੋਗੀ ਭਰਵੱਟਿਆਂ ਦੇ ਵਿਚਕਾਰ ਪੁੱਜਦਾ ਹੈ ਤਾਂ ਤੀਜਾ ਦਰਜਾ 'ਮਰਦਲ' ਦਾ ਹਾਸਲ ਹੁੰਦਾ ਹੈ। ਇਸ ਜਗ੍ਹਾ ਮਿੱਠੀ ਮਿੱਠੀ ਢੋਲ ਦੀ ਅਵਾਜ਼ ਸੁਣੀਦੀ ਹੈ। ਜਦੋਂ ਪ੍ਰਾਨ ਆਗਿਆ ਚੱਕਰ ਵਿੱਚ ਰੁੱਦ੍ਰ ਗ੍ਰੰਥੀ ਨੂੰ ਚੀਰ ਕੇ ਅਗਾਂਹ ਦੇਵ ਸਥਾਨ ਵਿੱਚ ਪੁੱਜਦੇ ਹਨ ਤਾਂ ਚੌਥਾ ਦਰਜਾ ਆ ਜਾਂਦਾ ਹੈ ਅਤੇ ਮਿੱਠੀ ਸੁਰ ਨਾਲ ਬੀਣਾ ਦੀ ਅਵਾਜ਼ ਸੁਣੀਦੀ ਹੈ।

ਤਤ ਤੰਤੀ ਵਿਤ ਚਰਮਕਾ, ਘਨ ਕਾਸੀ ਕੋ ਜਾਨ। ਨਾਦ ਸ਼ਬਦ ਘਟ ਕੋ ਕਹੇ ਸਵਾਸ ਸੁਖਰਿ ਪਹਿਚਾਨ।

ਸੰਸਾਰ ਦੇ ਸਮੂੰਹ ਰਾਗਾਂ ਦਾ ਮੂਲ ਇਹ ਪੰਜ ਸ਼ਬਦ ਹਨ:

੧. ਤਤ: ਤਾਰ ਦੇ ਤੰਤ ਤੋਂ ਨਿੱਕਲੀ ਧੁਨੀ।

੨. ਵਿਤ: ਚੰਮ ਨਾਲ ਮੜੇ ਹੋਏ ਢੋਲ ਆਦਿਕ ਦੀ ਧੁਨੀ।

੩. ਘਨ: ਧਾਤਾਂ ਦੇ ਘੰਟਾ ਛੈਣੇ ਆਦਿਕ ਦੀ ਅਵਾਜ਼।

੪. ਨਾਦ: ਪੁਲਾੜ ਦੇ ਘੜਾ ਆਦਿ ਦੀ ਅਵਾਜ਼।

੫. ਸੁਖਿਰ: ਫੂਕ ਨਾਲ ਵਜਾਉਣ ਵਾਲੇ ਮੁਰਲੀ ਆਦਿ।

ਨਾਮ ਰਸੀਆਂ ਦੇ ਦਸਮ ਦੁਆਰ ਵਿੱਚ ਇਹ ਪੰਜੇ ਧੁਨੀਆਂ ਆਪਣੇ ਆਪ ਵੱਜਦੀਆਂ ਰਹਿੰਦੀਆਂ ਹਨ।

ਯਥਾ: ਉਲਟਿਆ ਪਵਨ ਖਟ ਚੱਕਰ ਬੇਧਿਆ ਤਾਂਤੈ ਲੋਹੈ ਸੋਖਿਆ ਪਾਣੀ।

ਚੰਦ ਸੂਰਜ ਦੋਊ ਨਿਜ ਘਰ ਰਾਖਯਾ ਐਸਾ ਅਲਖ ਬਿਡਾਣੀ।

ਪ੍ਰਾਣਾਂ ਨੂੰ ਉਲਟਾ ਕੇ ਛੇ ਚੱਕਰ ਵਿੰਨ੍ਹੇ ਇਸ ਤਰ੍ਹਾਂ (ਲੋਹੈ) ਬ੍ਰਹਮਰੰਧਰ ਵਿੱਚ ਵੀਰਜ ਨੂੰ ਸੁਕਾ ਦਿੱਤਾ। ਸੱਜੀ ਖੱਬੀ ਸੁਰ ਸੁਖਮਨਾ (ਨਿਜ ਘਰ) ਵਿੱਚ ਮਿਲਾ ਦਿੱਤੀਆਂ ਤਾਂ ਵਿਗਿਆਨੀ ਅਲਖ ਦਾ ਰੂਪ ਹੋ ਗਿਆ।

ਘਟ ਅਵਸਥਾ ਦੇ ਲੱਛਣ

ਘਟ ਹੀ ਰਹਿਬਾ ਮਨ ਨ ਜਾਈ ਦੂਰ। ਅਹਿਨਿਸ ਪੀਵੈ ਜੋਗੀ ਵਾਰੁਣੀ ਸੂਰ।

ਸਵਾਦ ਬਿਸਾਦ ਬਾਈ ਨਾਲ ਛੀਨ। ਤਬ ਜਾਨਿਬਾ ਘਟ ਕਾ ਲਛੀਨ।

ਭਾਵ ਮਨ ਨੂੰ ਅੰਦਰ ਹੀ ਰੋਕ ਕੇ ਰੱਖੇ, ਬਾਹਰ ਨਾ ਜਾਣ ਦੇਵੇ। ਰਾਤ ਦਿਨ ਉਹ ਸੂਰਮਾ ਜੋਗੀ ਇਹੋ ਸ਼ਰਾਬ

ਪੀਂਦਾ ਰਹੇ। ਸਵਾਸਾਂ ਦੇ ਸਿਧ ਹੋਣ ਨਾਲ ਜਦੋਂ ਸਵਾਸ ਬੇਸਾਦ ਦੂਰ ਹੋ ਜਾਵਨ ਤਾਂ ਜਾਣੋ ਇਹ ਘਟ ਅਵਸਥਾ ਦੇ ਲੱਛਣ ਹਨ।

ਪਰਚਯ ਦੇ ਲੱਛਣ

ਪਰਚਿਯ ਜੋਗੀ ਉਨਮਨ ਖੇਲਾ। ਅਹਿਨਿਸ ਇਛੱਯ ਕਰੈ ਦੇਵਤਾ ਸੰਯੁ ਮੇਲਾ।

ਖਿਨ ਖਿਨ ਜੋਗੀ ਨਾਨਾ ਰੂਪ। ਤਬ ਜਾਨਿਬਾਂ ਜੋਗੀ ਪਰਚਯ ਸਰੂਪ।

ਪਰਚਯ ਅਵਸਥਾ ਵਿੱਚ ਜੋਗੀ ਉਨਮਨੀ ਚੌਥੀ ਅਵਸਥਾ ਵਿੱਚ ਖੇਡਦਾ ਹੈ। ਜਦੋਂ ਚਾਹੇ ਰਾਤ ਦਿਨ ਇੱਛਾ ਅਨੁਸਾਰ ਆਪਣੇ ਦੇਵਤਾ ਨਾਲ ਮੇਲ ਕਰਦਾ ਹੈ। ਖਿਨ ਖਿਨ ਉਹ ਸਿੱਧੀਆਂ ਦਵਾਰਾ ਕੋਈ ਰੂਪ ਧਾਰਨ ਕਰ ਸਕਦਾ ਹੈ ਤਾਂ ਜਾਣੋ ਜੋਗੀ ਪ੍ਰਚਯ ਸਰੂਪ ਹੋ ਗਿਆ।

ਨਿਸਪੱਤੀ ਦੇ ਲੱਛਣ

ਨਿਸਪਤੀ ਜੋਗੀ ਜਾਨਿਬਾ ਕੈਸਾ। ਅਗਨੀ ਪਾਨੀ ਲੋਹਾ ਮਾਨੈ ਜੈਸਾ।

ਰਾਜਾ ਪਰਜਾ ਸਮ ਕਰਿ ਦੇਖ। ਤਬ ਜਾਨਿਬਾ ਜੋਗੀ ਨਿਸਪਤੀ ਕਾ ਭੇਖ।

ਨਿਸ਼ਪੱਤੀ ਨੂੰ ਪੁੱਜਿਆ ਹੋਇਆ ਕਿਹੋ ਜਿਹਾ ਹੈ, ਜਿਸ ਤਰ੍ਹਾਂ ਅੱਗ ਤੇ ਪਾਣੀ ਵਿੱਚ ਪਾ ਪਾ ਕੇ ਲੋਹਾ ਸ਼ੁੱਧ ਹੋ ਜਾਂਦਾ ਹੈ। ਉਹ ਰਾਜਾ ਪ੍ਰਜਾ ਨੂੰ ਇੱਕੋ ਨਜ਼ਰ ਨਾਲ ਦੇਖਦਾ ਹੈ। ਤਾਂ ਜਾਣੋ ਜੋਗੀ ਨਿਸਪੱਤੀ ਨੂੰ ਪ੍ਰਾਪਤ ਹੋ ਗਿਆ।

ਕ. ਧਾਰਨਾ

ਹਠ ਜੋਗ ਦਾ ਛੇਵਾਂ ਅੰਗ ਧਾਰਨਾ ਹੈ। ਜੇ ਮਨ ਕਿਸੇ ਕਿਸਮ ਦਾ ਫੁਰਨਾ ਉਠਾਉਂਦਾ ਹੈ ਤਾਂ ਉਸ ਨੂੰ ਵਾਰੰਵਾਰ ਰੋਕ ਕੇ ਧਿਆਨ ਵਿੱਚ ਜੋੜਨਾ ਇਸ ਦਾ ਨਾਮ 'ਧਾਰਨਾ' ਹੈ। ਜਿਉਂ ਜਿਉਂ ਜੋਗੀ ਧਿਆਨ ਜੋੜਦਾ ਹੈ ਤਿਵੇਂ ਤਿਵੇਂ ਅਨਹਦ ਦੀ ਧੁਨੀ ਦਾ ਅਨੰਦ ਤੇ ਇਕਾਗਰਤਾ ਵਧਦੀ ਹੈ। ਇਹ ਧਾਰਨਾ ਹਠ ਜੋਗ ਦਾ ਛੇਵਾਂ ਅੰਗ ਹੈ।

ਖ. ਧਿਆਨ

ਹਠ ਯੋਗ ਦਾ ਸਤਵਾਂ ਅੰਗ ਧਿਆਨ ਹੈ। ਇਹ ਵੀ ਬਾਹਜ ਤੇ ਅੰਤ੍ਰੀਵ ਦੋ ਪ੍ਰਕਾਰ ਦਾ ਹੈ। ਜੋ ਆਪਣੇ ਇਸ਼ਟ ਦੇਵ ਜਾਂ ਨਖ ਸਿੱਖ ਤੋਂ ਲੈ ਕੇ ਹੂਬਹੂ ਅੰਗ ਪ੍ਰਤੰਗ ਗੁਰ ਸਰੂਪ ਦਾ ਧਿਆਨ ਧਾਰਣਾ ਹੈ, ਇਹ ਬਾਹਜ ਧਿਆਨ ਹੈ। ਜੋ ਗੁਰ ਸ਼ਬਦ ਦੇ ਅੱਖਰਾਂ ਵਿੱਚ ਮਨ ਦੀ ਬ੍ਰਿਤੀ ਜੋੜਨੀ ਹੈ, ਨਾਭੀ ਅਸਥਾਨ ਹਿਰਦੇ ਅਥਵਾ ਤ੍ਰਿਕੁਟੀ ਵਿਖੇ ਜਾਂ ਦਸਵੇਂ ਦੁਆਰ ਵਿੱਚ; ਇਹ ਅੰਤ੍ਰੀਵ ਧਿਆਨ ਹੈ।

ਕੁੰਡਲਣੀ ਖੋਲ੍ਹਣ ਦਾ ਤਰੀਕਾ

ਗੁਦਾ ਨੂੰ ਖੱਬੇ ਪਾਸੇ ਪੈਰ ਦੀ ਅੱਡੀ ਨਾਲ ਦਬਾਕੇ ਉਸ ਨੂੰ ਸੰਕੋਚ ਲਵੋ ਤੇ 'ਅਪਾਨ' ਅਰਥਾਤ ਹੇਠ ਦੀ ਆਉਂਦੇ ਪ੍ਰਾਣਾਂ ਨੂੰ ਉੱਪਰ ਵੱਲ ਖਿਚੋ ਇਸਦਾ ਨਾਮ ਮੂਲ-ਬੰਧ ਹੈ।

ਉੱਪਰਲੇ ਪਾਸੇ 'ਖੇਚਰੀ' ਮੁਦਰਾ[1] ਦੁਆਰਾ ਪ੍ਰਾਣ ਰੋਕੋ।

ਖੇਚਰੀ ਮੁਦਰਾ ਇਸ ਤਰ੍ਹਾਂ ਹੁੰਦੀ ਹੈ ਕਿ ਜੀਭ ਨੂੰ ਉਲਟਾ ਕੇ ਦਵਾਈਆਂ ਨਾਲ ਵਧਾ ਕੇ ਤਾਲੂਏ ਨੂੰ ਲਗਾਓ ਅਤੇ ਜੋ ਉੱਪਰੋਂ ਆਉਂਦੀ ਸੰਘ ਵਿਚਕਾਰ ਮੋਰੀ ਹੈ ਉਸ ਛੇਕ ਨੂੰ ਬੰਦ ਕਰੋ ਅਤੇ ਧਿਆਨ ਭਰਵੱਟਿਆਂ ਵਿੱਚ ਜੋੜੋ। ਇਸ ਤਰ੍ਹਾਂ ਕੀਤਿਆਂ ਪ੍ਰਾਣ ਤੇ ਅਪਾਨ ਮਿਲ ਜਾਵਣਗੇ, ਜਿਸ ਦੇ ਮਿਲਾਪ ਦੁਆਰਾ ਸਰੀਰ ਵਿੱਚ ਬੜੀ ਗ਼ਰਮੀ ਵਧ ਜਾਂਦੀ ਹੈ। ਜਿਸ ਗ਼ਰਮੀ ਨਾਲ ਤ੍ਰਿਕੁਟੀ ਦੇ ਮੂੰਹ ਅੱਗੇ ਆਈ ਮਾਸ ਦੀ ਬੋਟੀ ਢਲ ਜਾਂਦੀ ਹੈ ਅਤੇ ਕੁੰਡਲਨੀ ਸੁਲਝ ਜਾਵੇਗੀ। ਅਰਥਾਤ ਉਸ ਦਾ ਮੂੰਹ ਖੁੱਲ੍ਹ ਜਾਵੇਗਾ। ਭਾਵ ਉਸ ਦੇ ਮੂੰਹ ਵਿੱਚੋਂ ਪੂਛ ਨਿੱਕਲ ਕੇ ਪ੍ਰਾਣ ਸੁਖਮਣਾ ਵਿੱਚ ਚਲੇ ਜਾਣਗੇ। ਜਿਵੇਂ ਸੁੰਗੜੀ ਹੋਈ ਰਬੜ ਦੀ ਨਾਲੀ ਹਵਾ ਦੇ ਭਰਿਆਂ ਫ਼ੁੱਲ ਕੇ ਸਿੱਧੀ ਹੋ ਜਾਂਦੀ ਹੈ, ਏਸੇ ਤਰ੍ਹਾਂ ਪ੍ਰਾਣਾਂ ਦੇ ਰੋਕਿਆਂ ਛੇ ਚੱਕਰਾਂ ਨੂੰ ਵਿੰਨ੍ਹ ਕੇ:

ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੁ ਮੁਖਿ ਮਚਾ ॥ *(ਸਵਈਏ ਮਹਲੇ ਚਉਥੇ ਕੇ ਗਯੰਦ - ੧੪੦੨)*

ਭੁਜੰਗਮਾ ਨਾੜੀ ਖੁੱਲ੍ਹਦੀ ਹੈ। ਇਹ ਸੰਘ ਵਾਲੀ ਮੋਰੀ ਹੀ ਇੜਾ ਪਿੰਗਲਾ ਤੇ ਸੁਖਮਨਾ ਸੰਗਮ ਹੈ। ਪੱਛਮ

---

[1] ਜੋਗੀਆਂ ਦੇ ਮੱਤ ਵਿੱਚ ਪੰਜ ਮੁਦਰਾ ਇਹ ਮੰਨੀਆਂ ਹਨ: ੧. ਖੇਚਰੀ (ਜ਼ਬਾਨ ਨੂੰ ਖਿੱਚ ਕੇ ਉਸ ਨੂੰ ਵਧਾ ਕੇ ਤਾਲੂਏ ਨਾਲ ਲਾ ਕੇ ਜੋਗਾਨੰਦ ਦਾ ਰਸ ਲੈਣਾ) ੨. ਭੂਚਰੀ (ਸਵਾਸਾਂ ਦਾ ਠਹਿਰਾਉਣਾ) ੩. ਚਰਚਰੀ (ਸਵਾਸਾਂ ਦਾ ਉਤਾਰਨਾ) ੪. ਉਨਮਨੀ (ਭੌਂਹਾਂ ਨੂੰ ਉੱਪਰ ਵੱਲ ਖਿੱਚ ਕੇ ਨੱਕ ਦੀ ਨੋਕ ਦੇ ਅਗ੍ਰ ਭਾਗ ਨਜ਼ਰ ਟਿਕਾਉਣੀ) ੫. ਅਗੋਚਰੀ (ਤਮਾਮ ਇੰਦ੍ਰੀਆਂ ਦੇ ਵਿਸ਼ੇ ਤੋਂ ਰਹਿਤ ਹੋ ਕੇ ਸੁੰਨ ਅਫੁਰ ਅਵਸਥਾ ਵਿੱਚ ਰਹਿਣਾਂ)

ਦੁਆਰਾ ਏਥੇ ਹੀ ਹੈ।

ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥

(ਭੈਰਉ ਭਗਤ ਕਬੀਰ ਜੀ - ੧੧੫੯)

ਇਸ ਸੰਘ ਦੀ ਮੋਰੀ ਦੇ ਐਨ ਉੱਪਰ, ਮਗਜ਼ ਥੱਲੇ ਚੰਦ੍ਰਮਾ ਹੈ, ਜਿਸ ਵਿੱਚੋਂ ਮਿੱਠੀ ਕਫ ਅਰਥਾਤ ਅੰਮ੍ਰਿਤ ਝਰਦਾ ਮੰਨਦੇ ਹਨ। ਇਹ ਅੰਮ੍ਰਿਤ ਸੰਘ ਰਾਹੀਂ ਮੇਹਦੇ ਉੱਪਰ ਪੁੱਜ ਜਾਂਦਾ ਹੈ, ਜਿੱਥੇ ਸੂਰਜ ਅਰਥਾਤ ਜਠਰਾ ਅਗਨ ਇਸ ਨੂੰ ਦਗਧ ਕਰ ਦਿੰਦੀ ਹੈ। ਪਰ ਜਦੋਂ ਜੋਗੀ ਜੀਭ ਨੂੰ ਉਲਟਾ ਕੇ ਉਸ ਨਾਲ ਮੋਰੀ ਹੀ ਬੰਦ ਕਰ ਲੈਂਦਾ ਹੈ ਤਾਂ ਅੰਮ੍ਰਿਤ ਹੇਠਾਂ ਨਹੀਂ ਜਾ ਸਕਦਾ ਅਤੇ ਉਸ ਦੇ ਸਰੀਰ ਨੂੰ ਪੁਸ਼ਟ ਕਰਦਾ ਹੈ।

ਪ੍ਰਾਣਾਯਾਮ ਨਾਲ ਕੇਵਲ ਗਿਆਨ ਇੰਦ੍ਰੀਆਂ ਦੁਆਰਾ ਜੋ ਬਾਹਰੋਂ ਵਿਖੇਪ ਪੈਦਾ ਹੁੰਦਾ ਹੈ ਉਹ ਹੀ ਰੁਕਦਾ ਹੈ ਪਰ ਮਨ ਦੇ ਆਪਣੇ ਫੁਰਨੇ ਨਹੀਂ ਰੁਕਦੇ। ਉਸ ਲਈ ਨਾਦ ਦੁਆਰਾ ਮੂਲ ਨੂੰ ਸਿੰਜਣ ਨਾਲ ਫੁੱਲਿਆ ਫ਼ੁੱਲ ਫਿਰ ਕਲੀ ਹੋ ਜਾਵੇਗਾ।

ਜੋਗ ਦਾ ਫ਼ਲ

ਚਾਲਤ ਚੰਦਵਾ ਖਿਸ ਖਿਸ ਪੜੈ। ਬੈਠਾ ਬ੍ਰਹਮ ਅਗਨ ਪਰ ਜਲੈ।
ਆੜੈ ਆਸਨ ਗੁਟਕਾ ਬੰਧ। ਜਾਵਤ ਪ੍ਰਿਥਵੀ ਤਾਵਤ ਕੰਧ। (ਹਠ ਜੋਗ ਪ੍ਰਦੀਪਕਾ)

ਤੁਰਦਿਆਂ ਚੰਦ੍ਰਮਾ ਵਿੱਚੋਂ ਅੰਮ੍ਰਿਤ ਝਰਦਾ ਰਹਿੰਦਾ ਹੈ। ਬੈਠਿਆਂ ਬ੍ਰਹਮ ਅਗਨੀ ਪ੍ਰਚੰਡ ਹੁੰਦੀ ਹੈ। ਤੁਰਨ ਤੇ ਬੈਠਣ ਦੇ ਵਿਚਕਾਰ ਟੇਢੇ ਆਸਨ ਨਾਲ 'ਗੁਟਕਾ ਬੰਧ' ਹੋ ਜਾਂਦਾ ਹੈ ਫੇਰ ਜਦੋਂ ਤੱਕ ਪ੍ਰਿਥਵੀ ਹੈ ਤਦੋਂ ਤੱਕ ਸਰੀਰ ਰਹਿੰਦਾ ਹੈ। 'ਗੁਟਕਾ ਬੰਧ' ਮੰਤਰ ਪੜ੍ਹ ਕੇ ਜੋਗੀ ਇੱਕ ਗੋਲੀ ਮੂੰਹ ਵਿੱਚ ਰੱਖ ਲੈਂਦੇ ਹਨ ਫਿਰ ਜਦੋਂ ਚਾਹੁਣ ਉਹ ਅਦ੍ਰਿਸ਼ਯ ਹੋ ਜਾਂਦੇ ਹਨ।

ਆਪ ਤਾਂ ਗੋਰਖ ਨਾਥ ਇਸ ਭੇਖ ਅਤੇ ਮੂਰਤੀ ਪੂਜਾ ਦੇ ਵਿਰੁੱਧ ਸੀ ਜੇਹਾ ਕਿ ਇਨ੍ਹਾਂ ਸ਼ਬਦਾਂ ਤੋਂ ਸਿੱਧ ਹੁੰਦਾ ਹੈ।

ਪਾਵੜਿਯਾਂ ਪਗ ਫਿਸਲੈ ਅਵਧੂ ਲੋਹੈ ਛੀਜਤ ਕਾਯਾ।
ਨਾਗਾ ਮੋਨੀ ਦੁਧਾਧਾਰੀ ਏਤਾ ਜੋਗ ਨ ਪਾਯਾ।
ਦੁਧਾ ਧਾਰੀ ਪਰ ਘਰਿ ਚਿਤ! ਨਾਂਗਾ ਲਕੜੀ ਚਾਹੈ ਨਿਤ।
ਮੋਨੀ ਕਰੈ ਮਯੰਤ੍ਰ ਕੀ ਆਸ। ਬਿਨ ਗੁਰ ਗੁਦੜੀ ਨਹੀ ਬੇਸਾਸ।

ਭਾਵ ਖੜਾਵਾਂ ਪਹਿਨਣ ਨਾਲ ਕਦਮ ਤਿਲਕ ਜਾਂਦਾ ਹੈ ਅਤੇ ਲੋਹੇ ਦਾ ਜੰਜੀਰ ਬੰਨ੍ਹਿਆਂ ਸਰੀਰ ਕਮਜ਼ੋਰ ਹੋ ਜਾਂਦਾ ਹੈ। ਨਾਂਗੇ ਮੋਨੀ ਤੇ ਦੂਧਾ ਧਾਰੀ ਹੋਣ ਨਾਲ ਜੋਗ ਨਹੀਂ ਪ੍ਰਾਪਤ ਹੁੰਦਾ। ਦੂਧਾ ਧਾਰੀ ਦਾ ਚਿਤ ਪ੍ਰਾਏ ਘਰ ਰਹਿੰਦਾ ਹੈ ਕਿ ਅੱਜ ਦੁੱਧ ਕਿਸ ਦੇ ਘਰੋਂ ਆਵੇਗਾ। ਨਾਗਾ ਲੱਕੜੀ ਦੀ ਚਿੰਤਾ ਵਿੱਚ ਰਹਿੰਦਾ ਹੈ। ਮੋਨੀ (ਮਯੰਤ੍ਰ) ਮ੍ਰਿਤ ਦੀ ਸੋਚ ਵਿੱਚ ਲੱਗਾ ਰਹਿੰਦਾ ਹੈ ਜੇਹੜਾ ਉਸ ਦੇ ਇਸ਼ਾਰੇ ਨੂੰ ਸਮਝ ਕੇ ਉਸ ਦੀਆਂ ਗੱਲਾਂ ਦੂਜਿਆਂ ਤੱਕ ਪੁਚਾਵੇ। ਬਿਨਾਂ ਗੁਰੂ ਤੋਂ ਗੋਦੜੀ ਦੇ ਪਹਿਨਿਆਂ ਹੀ ਨਿਸ਼ਚਾ ਨਹੀਂ ਹੋ ਜਾਂਦਾ। ਇਸ ਕਰ ਕੇ ਗੁਰੂ ਸ਼ਰਨ ਵਿੱਚ ਪ੍ਰਾਪਤ ਹੋ ਕੇ ਪ੍ਰਮੇਸ਼ਰ ਦੀ ਭਗਤੀ ਹੀ ਕਰੇ। ਗੁਰੂ ਸਾਹਿਬ ਦਾ ਫੁਰਮਾਨ ਹੈ ਕਿ:

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ (ਸੋਰਠਿ ਮਃ ੫ - ੬੪੧)

ਤਥਾ: *ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥*
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥ (ਪ੍ਰਭਾਤੀ ਮਃ ੧ - ੧੩੪੩)

ਤਥਾ: *ਇਕਿ ਨਾਗੇ ਭੂਖੇ ਭਵਹਿ ਭਵਾਏ ॥ ਇਕਿ ਹਠੁ ਕਰਿ ਮਰਹਿ ਨ ਕੀਮਤ ਪਾਏ ॥*

(ਮਾਰੂ ਮਃ ੧ - ੧੦੩੫)

ਤਥਾ: *ਬਾਰਹ ਮਹ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥*
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ *(ਰਾਮਕਲੀ ਮਃ ੧ - ੯੪੧)*

ਤਥਾ: *ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥*
(ਰਾਮਕਲੀ ਮਃ ੧ - ੯੩੯)

ਹਠ ਜੋਗ ਦੇ ਕੀਤਿਆਂ ਅੰਦਰ ਹੰਗਤਾ ਵਧਦੀ ਹੈ।

ਯਥਾ: *ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥ (ਮਾਰੂ ਮਃ ੧ - ੧੦੪੩)*

ਤਥਾ: *ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥*
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥ (ਵਾਰ-ਮਲਾਰ ਮਃ ੧ - ੧੨੮੪)

ਭਗਤ ਜੋਗ

ਦੂਜਾ ਹੈ ਭਗਤ ਜੋਗ ਅਥਵਾ ਸਹਿਜ ਜੋਗ ਇਸ ਦੇ ਵੀ ਅੱਠ ਅੰਗ ਹਨ।

੧) ਯਮ: ਮਨ ਵਿੱਚ ਨਿੰਮ੍ਰਤਾ ਰੱਖਣੀ, ਆਪਣੇ ਗੁਣਾਂ ਦਾ, ਧਨ ਦਾ, ਵਿੱਦਿਆ ਅਥਵਾ ਕਿਸੇ ਹੋਰ ਹੁਨਰ ਦਾ ਮਾਣ ਨਾ ਕਰਨਾ।

੨) ਨੇਮ: ਹਰ ਰੋਜ਼ ਗੁਰਦੁਆਰੇ ਜਾ ਕੇ ਕਥਾ ਕੀਰਤਨ ਨੂੰ ਨਿਯਮ ਨਾਲ ਸੁਣਨਾ।

੩) ਏਕਾਂਤ ਦੇਸ਼: ਸਾਰਿਆਂ ਵਿੱਚ ਇੱਕ ਪ੍ਰਮੇਸ਼ਰ ਨੂੰ ਵਿਆਪਕ ਨਿਸ਼ਚੇ ਕਰਨਾ।

੪) ਆਸਨ: ਆਪਣੇ ਮਨ ਦੀ ਬ੍ਰਿਤੀ ਪ੍ਰਮੇਸ਼ਰ ਵਿਖੇ ਇਸਥਿਤ ਕਰਨੀ।

੫) ਪਾਣਾਯਾਮ: (ੳ) 'ਪੂਰਕ' ਸੰਗਤ ਵਿੱਚ ਜਾ ਕੇ ਸਤਿਗੁਰਾਂ ਦੇ ਬਚਨਾਂ ਨੂੰ ਸੁਣ ਕੇ ਧਾਰਨ ਕਰਨਾ। (ਅ) 'ਕੁੰਭਕ' ਗੁਰ ਸ਼ਬਦ ਦੇ ਸਿਧਾਂਤ ਨੂੰ ਅੰਦਰ ਵਸੌਣਾ। (ੲ) 'ਰੇਚਕ' ਜੋ ਗੁਰੂ ਦੇ ਬਚਨ ਮੰਦ ਕਰਮਾਂ ਦਾ ਤਿਆਗ ਕਰਨਾ ਦੱਸਦੇ ਹਨ ਉਨ੍ਹਾਂ ਨੂੰ ਛੱਡਣਾ।

੬) ਸਹਿਜ ਜੋਗ ਦਾ ਛੇਵਾਂ ਅੰਗ ਹੈ 'ਧਾਰਨਾ' ਜਦੋਂ ਗੁਰਬਾਣੀ ਦੇ ਪਾਠ ਨੂੰ ਪੜ੍ਹੇ ਅਥਵਾ ਸ੍ਰਵਣ ਕਰੇ ਤਦ ਮਨ ਦੀ ਬ੍ਰਿਤੀ ਸ਼ਬਦ ਦੇ ਸਿਧਾਂਤ ਵਿੱਚ ਜੋੜੇ ਅਰ ਹੋਰ ਕਿਸੇ ਸੰਕਲਪ ਵਿਕਲਪ ਨੂੰ ਨਾ ਫੁਰਨ ਦੇਵੇ।

੭) ਧਿਆਨ: ਜੇਕਰ ਮਨ ਵਿੱਚ ਕਿਸੇ ਚੀਜ਼ ਦਾ ਫੁਰਨਾ ਫੁਰੇ ਉਸਨੂੰ ਵਾਰ ਵਾਰ ਰੋਕਣ ਦਾ ਯਤਨ ਕਰੇ।

੮) ਸਮਾਧੀ: ਜਦੋਂ ਮਨ ਦੋ ਚਾਰ ਘੜੀਆਂ ਜਾਂ ਘੰਟਾ ਦੋ ਘੰਟੇ ਟਿਕਣ ਲੱਗ ਜਾਵੇ ਉਸ ਦਾ ਨਾਮ ਸਮਾਧੀ ਹੈ।

ਨੋਟ: ਇਹ ਭਗਤ ਜੋਗ ਬਹੁਤ ਸੌਖਾ ਹੈ। ਹਰੇਕ ਮਾਈ ਭਾਈ ਕਰ ਸਕਦਾ ਹੈ। ਕਸ਼ਟ ਜੋਗ ਹਰੇਕ ਤੋਂ ਹੋ ਨਹੀਂ ਸਕਦਾ।

ਵੈਰਾਗ ਦਾ ਜੋਗ

ਜਦੋਂ ਸ੍ਰੀ ਕਿਸ਼ਨ ਜੀ ਮਹਾਰਾਜ ਦੇ ਭੇਜੇ ਊਧਵ ਜੀ ਗੋਪੀਆਂ ਨੂੰ ਜੋਗ ਦਾ ਉਪਦੇਸ਼ ਕਰਨ ਲੱਗੇ ਤਾਂ ਗੋਪੀਆਂ ਨੇ ਕਿਹਾ, "ਊਧਵ ਜੀ! ਜੋਗੀ ਤੋਂ ਵਿਯੋਗੀ ਘਟ ਨਹੀਂ ਹਨ।"

ਕਬਿੱਤ: ਜੋਗੀ ਤਜੇ ਜਗਤ ਹਮ ਜੋਗ ਜਗਤ ਦੋਨੋ ਤਜੇ, ਜੋਗੀ ਲਾਵੇ ਛਾਰ ਹਮ ਛਾਰ ਹੂੰ ਕੇ ਮਟ ਹੈਂ।
ਜੋਗੀ ਬੇਧੇ ਕਾਨ ਹਮ ਕਾਨ ਪ੍ਰਾਣ ਦੋਨੋ ਬੇਧੇ, ਜੋਗੀ ਕਹੇ ਨਾਥ ਹਮ ਕ੍ਰਿਸ਼ਨ ਨਾਮ ਰਟ ਹੈਂ।
ਜੋਗੀ ਕਾਨ ਮੁੰਦ੍ਰਾ ਹਮ ਭੂਖਣ ਬਣਾਏ ਰਾਖੇ, ਹਮਰੇ ਸਿਰ ਕੇਸ ਵਹਾਂ ਜੋਗੀ ਸਿਰ ਜਟ ਹੈ।
ਜਾਨ ਕੇ ਅਜਾਨ ਤੁਮ ਕਾਹੇ ਭਏ ਊਧਵ ਜੀ, ਜੋਗ ਕੀ ਜੁਗਤਿ ਸੇ ਵਿਯੋਗੀ ਕਿਆ ਘਟ ਹੈ।

ਤਥਾ: ਪ੍ਰੇਮ ਹੀ ਕੀ ਸੇਲ੍ਹੀ ਪੜੀ ਧਿਆਨ ਕਾ ਆਸਾ ਕਰ, ਲਗਨ ਕੀ ਅਗਨਿ ਸੇ ਜੀਅਰਾ ਜਰਤ ਹੈ।
ਬਿਰਹ ਕੀ ਭਸਮ ਮਲੀ ਪ੍ਰਾਨਨ ਸੀ ਅਟਕੀ ਹੈ, ਛਿਨ ਹੂੰ ਘਨ ਸਯਾਮ ਬਿਨ ਕਲਾ ਨ ਪੜਤ ਹੈ।
ਲਾਜ ਗਈ ਧੀਰ ਗਈ ਆਪਾ ਬਿਸਰਾਨੋ ਸਭ, ਕਾਲ ਕਛੂ ਨਾਮ ਸੁਣ ਹਮਰੋ ਡਰਤ ਹੈ।
ਸਰਬ ਕਾ ਵਿਯੋਗ ਹੈ, ਏਹੀ ਸਚਾ ਜੋਗ ਹੈ, ਔਰ ਕਿਆ ਜੋਗੀ ਕਛੂ ਜ਼ਹਿਰ ਖਾਇ ਮਰਤ ਹੈ?

ਤੈਸੇ ਹੀ ਭਗਤ ਹਿਰਦਾ ਰਾਮ ਜੀ ਹਨੂੰਮਾਨ ਨਾਟਕ ਗ੍ਰੰਥ ਵਿੱਚ ਰਾਮਚੰਦ੍ਰ ਜੀ ਦੇ ਵਿਛੋੜੇ ਨੂੰ ਸਮੂਹ ਦੁਖਾਂ ਦੀ ਅਵਧੀ ਕਥਨ ਕਰਦੇ ਹਨ। ਯਥਾ:

ਕਬਿੱਤ: ਗਰੜ ਅਵਧ ਪੱਛ, ਤੈਸੇ ਹੀ ਸੁਹਾਗ ਲੱਛ, ਸੱਤ ਕੀ ਅਵਥ ਹਰਿਚੰਦ ਉਰ ਆਨੀਏ।
ਧਰਮ ਅਵਧ ਰਾਜਾ ਪੰਡੁ ਸੁਤ ਸੁਨਯੋ ਕਾਨ, ਜਲ ਕੀ ਅਵਧ ਸਾਤੋ ਸਮੁੰਦ ਬਖਾਨੀਏ।
ਪਾਨ ਕੀ ਪਿਯੂਮ ਪਾਠ ਤੇਜ ਕੀ ਅਵਧ ਭਾਨ, ਦੇਵ ਮਹਾਦੇਵ, ਠਕੁਰਾਈ ਹਰਿ ਠਾਨੀਏ।
ਰਾਮ ਕੇ ਵਿਛੋਹੇ ਤਾਤ ਮਾਤ ਦੁੱਖ ਪੋਹੇ ਜੈਸੇ, ਤਾਂ ਦੁੱਖ ਕੀ ਅਵਧ ਨ ਅਜ ਕਛੂ ਜਾਨੀਏ ।੭੩। (ਹਨੂੰਮਾਨ ਨਾਟਕ)

ਸੋ ਇਹ ਭਗਤ ਜੋਗ, ਵੈਰਾਗ ਜੋਗ ਸ੍ਰੇਸ਼ਟ ਹਨ। ਇਹ ਪਵਿਤ੍ਰ ਉਪਦੇਸ਼ ਸੁਣ ਕੇ ਉਸ ਦਾ ਮਨ ਬੜਾ ਪ੍ਰਸੰਨ

ਹੋਇਆ। ਦਾਤੇ ਦੀ ਸੰਗਤ ਦੁਆਰਾ ਹਰੇਕ ਜੋੜ ਮੇਲੇ ਤੇ ਪੁੱਜ ਕੇ ਅਗਲੀਆਂ ਸਟੇਜਾਂ ਦਾ ਜਾਣੂ ਹੋ ਕੇ ਸੋਹਣੀ ਅਵਸਥਾ ਪ੍ਰਾਪਤ ਕਰ ਲਈ।

ਭਾਈ ਮਨੀ ਸਿੰਘ ਸਾਰੋਬਾਦ

ਹੁਸ਼ਿਆਰਪੁਰ ਜ਼ਿਲੇ ਦੇ ਸਾਰੋਬਾਦ ਪਿੰਡ ਦਾ ਸ. ਮਨੀ ਸਿੰਘ, ਜੋ ਅੱਜ ਕੱਲ੍ਹ ਸ਼ਾਮਚੁਰਾਸੀ ਰਹਿੰਦਾ ਹੈ ਪ੍ਰਵਾਰ ਸਮੇਤ ਸੰਤ ਜੀ ਮਹਾਰਾਜ ਦਾ ਪ੍ਰੀਤਵਾਨ ਹੈ। ਸਭ ਤੋਂ ਪਹਿਲਾਂ ਭਾਈ ਮਨੀ ਸਿੰਘ ਨੇ ਹਜ਼ੂਰ ਦਾ ਦੀਦਾਰ ੧੯੫੨ ਈ. ਨੂੰ ਕਰਮਸਰ ਕੀਤਾ। ਫਿਰ ਦੂਜੀ ਵਾਰ ਕ੍ਰਿਸ਼ਨ ਪੁਰੇ ਤੇ ਸੰਤ ਸੋਹਣ ਸਿੰਘ ਨੂੰ ਨਾਲ ਲੈ ਕੇ ੧੯੫੪ ਵਿੱਚ ਕਰਮਸਰ ਪੁੱਜੇ । ਭੋਰੇ ਵਿੱਚ ਭਜਨ ਸਿਮਰਨ ਦੀ ਜੁਗਤੀ ਪੁੱਛੀ ਅਤੇ ਅੰਮ੍ਰਿਤ ਪਾਨ ਕੀਤਾ। ਆਪ ਜੀ ਨੇ ਅੰਮ੍ਰਿਤ ਵੇਲੇ ਦੀ ਸੰਭਾਲ ਦਾ ਉਪਦੇਸ਼ ਕੀਤਾ।

ਅੰਮ੍ਰਿਤ ਵੇਲਾ

ਚਮਕਦੀ ਰੈਣ ਵਿੱਚ ਜਦੋਂ ਸੂਰਜ ਦਾ ਦੀਵਾ ਬੁਝਣ ਕਰ ਕੇ ਆਪਣੀ ਧਰਤੀ ਦੇ ਵੇਹੜੇ ਵਿੱਚ ਹਨ੍ਹੇਰਾ ਹੋਣ ਨਾਲ ਤਾਰੇ ਰੋਸ਼ਨ ਦੀਪ ਦਿੱਸਦੇ ਪਏ ਹੋਣ, ਕੁਦਰਤ ਦੀਆਂ ਮਜਲਸਾਂ ਗ਼ਰਮ ਹੋਣ, ਗੁੰਚੇ ਖਿੜ ਕੇ ਫੁੱਲ ਬਨਣ ਦੀ ਤਿਆਰੀ ਕਰ ਰਹੇ ਹੋਣ, ਖਾਲਸਾ! ਰਸਕ ਸਿਪਾਹੀ! ਤੂੰ ਉਦੋਂ ਉੱਠ ਕੇ ਬੈਠ। ਤੂੰ ਜਦੋਂ ਤੋਂ ਆਤਮਕ ਜਨਮ ਲਿਆ ਹੈ, ਪਿੰਡੀ ਨਹੀਂ ਰਿਹਾ ਬ੍ਰਹਮੰਡੀ ਹੋ ਗਿਆ ਹੈਂ। ਦੇਖ! ਦੁਨੀਆਂ ਦੀ ਰੂਹਾਂ ਤੋਂ ਬਚ ਕੇ ਸ਼ੌਂਕ ਭਰਿਆ ਨਾਲ ਇੱਕ ਦੂਜੇ ਵਲ ਤੱਕਦੇ ਹੋਏ ਚਮਕਦੇ ਸਤਾਰੇ ਕੁੱਝ ਰਸ ਭਿੰਨੀਆਂ ਗੱਲਾਂ ਚੁੱਪ ਦੀ ਬੋਲੀ ਵਿੱਚ ਕਰ ਰਹੇ ਹਨ। ਉਹ ਡਲਕਦੇ ਨੈਣਾਂ ਨਾਲ ਤੇਰੀ ਵੱਲ ਤੱਕ ਰਹੇ ਨੇ। ਸਾਰੀ ਕੁਦਰਤ ਚੁੱਪ ਖੜੋਤੀ ਤੇਰੇ ਤੇ ਟਿਕ ਲਾਈ ਬੈਠੀ ਹੈ। ਹੁਣ ਤੂੰ ਆਪਣਾ ਇਲਾਹੀ ਨਗਮਾ ਛੇੜ। ਧੁਰ ਦੀ ਬਾਣੀ ਦਾ ਅਲਾਪ ਕਰ। ਪਰ ਕੋਈ ਨੀਂਦ ਦਾ ਝੂਟਾ ਨ ਆ ਜਾਵੇ। ਸੁਸਤੀ ਨਾ ਪਵੇ। ਪਹਿਲਾਂ ਇਸ਼ਨਾਨ ਕਰ ਲੈ। 'ਦਰਿਆਵਾਂ ਸਿਉਂ ਦੋਸਤੀ' ਆਸ਼ਕਾਂ ਦੀ ਨਿੱਤ ਕਾਰ ਧੁਰੋਂ ਚਲੀ ਆਈ ਹੈ। ਇਸ਼ਨਾਨ ਕਰ ਤੇ ਗਾਉਣ ਲੱਗ ਜਾ। ਰਸ ਲੈ ਤੇ ਕੁਦਰਤ ਨੂੰ ਰਸ ਦੇਹ। ਤਾਰਿਆਂ ਤੋਂ ਇੰਤਜਾਰ ਤੇ ਬਿਹਬਲਤਾ, ਦਰੱਖਤਾਂ ਪਹਾੜਾਂ ਤੋਂ ਟਿਕਾਉ, ਫੁੱਲਾਂ ਤੋਂ ਖੇੜੇ ਤੇ ਦਰਿਆਵਾਂ ਤੋਂ ਨਿਸ਼ਾਨੇ ਵੱਲ ਬਹਿਣਾ ਸਿੱਖ। ਉਨ੍ਹਾਂ ਤੋਂ ਫੈਜ਼ ਲੈ ਤੇ ਗੁਰੂ ਦੀ ਬਖ਼ਸ਼ੀ ਹੋਈ ਬਾਣੀ ਦਾ ਫੈਜ਼ ਉਨ੍ਹਾਂ ਨੂੰ ਦੇਹ। ਟਿਕਿਆ ਰਹੁ ਜਦ ਤੱਕ ਪਹੁ ਨ ਫੁਟੇ, ਕਿਰਨ ਨਾ ਚਮਕੇ ਤੇ ਚਿੜੀਆਂ ਰੌਲਾ ਨਾ ਪਾਉਣ।

ਸਿਸ਼੍ਟੀ ਦਾ ਜ਼ੱਰਾ ਜ਼ੱਰਾ ਤਰੱਕੀ ਯਾ ਵਾਧੇ ਲਈ ਯਤਨ ਕਰਦਾ ਨਜ਼ਰ ਆ ਰਿਹਾ ਹੈ ਤੇ ਹਰ ਇੱਕ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਵਿਤ ਅਨੁਸਾਰ ਕੀਮਤ ਅਦਾ ਕਰਨ ਲਈ ਤਤਪਰ ਦਿਸਦਾ ਹੈ। ਸਿੱਪੀਆਂ ਮੋਤੀ ਪੈਦਾ ਕਰਨ ਲਈ ਸਾਲਾਂ ਬਧੀ ਸੁਮੰਦਰ ਦੀਆਂ ਲਹਿਰਾਂ ਵਿੱਚ ਥਪੇੜੇ ਖਾਂਦੀਆਂ ਹਨ। ਕੰਘਾ ਤੇ ਕੰਘੀ ਸੁੰਦਰੀ ਦੀ ਜ਼ੁਲਫ ਵਿੱਚ ਫਿਰਨ ਲਈ ਤਨ ਚਿਰਵਾਂਦੇ ਤੇ ਮਹਿੰਦੀ ਰੰਗਲੀ ਹੋਣ ਲਈ ਆਪਾ ਪਿਸਾਂਦੀ ਚਲੀ ਆ ਰਹੀ ਹੈ। ਇਉਂ ਸਾਰੇ ਹੀ ਤਰੱਕੀ ਦਾ ਯਤਨ ਕਰਦੇ ਆ ਰਹੇ ਹਨ।

ਤੂੰ ਵੀ ਮਨੁੱਖਾ ਦੇਹ ਧਾਰਨ ਕੀਤੀ ਹੈ, ਜੋ ਚੌਰਾਸੀ ਲੱਖ ਜੂਨ ਦਾ ਬਾਦਸ਼ਾਹ ਹੈ। ਤਰੱਕੀ ਦੇ ਰਸਤੇ ਪਰ ਚੱਲ ਕੇ ਇਸ ਨੂੰ ਸਫ਼ਲਿਆਂ ਕਰਨ ਦਾ ਯਤਨ ਕਰ। ਆਦਿ।

ਫਿਰ ਜਦੋਂ ਧਭਲਾਨ ਦੀ ਧਰਤੀ ਨੂੰ ਭਾਗ ਲੱਗੇ ਤਾਂ ਲਗਾਤਾਰ ਕਈ ਸਾਲ ਦਰਸ਼ਨ ਕਰਦਾ ਤੇ ਉਪਦੇਸ਼ ਸੁਣਦਾ ਰਿਹਾ। ਏਸੇ ਦੌਰਾਨ ਤਿੰਨ ਵਾਰੀ ਚਾਲੀ-ਚਾਲੀ ਦਿਨਾਂ ਵਿੱਚ ਸਵਾ ੨ ਲੱਖ ਮੂਲ ਮੰਤਰ ਦਾ ਜਾਪ ਕੀਤਾ। ਆਰਥਿਕ ਹਾਲਤ ਕਮਜ਼ੋਰ ਸੀ। ਦਾਤੇ ਨੇ ਮਾਇਕੀ ਪਦਾਰਥ ਵੀ ਬਖ਼ਸ਼ ਦਿੱਤੇ ਅਤੇ ਸੰਤ ਜੀ ਮਹਾਰਾਜ ਦੀ ਕ੍ਰਿਪਾ ਨਾਲ ਦੋ ਲੜਕੀਆਂ ਤੋਂ ਬਾਅਦ ੮-੪-੫੬ ਨੂੰ ਲੜਕੇ ਦਾ ਜਨਮ ਹੋਇਆ। ਹਜ਼ੂਰ ਦੀ ਰਸਨਾ ਤੋਂ ਨਾਮ ਕੁਲਜੀਤ ਸਿੰਘ ਰਖਵਾਇਆ। ਹਰੇਕ ਜੋੜ ਮੇਲੇ ਤੇ ਕਰਮਸਰ ਜਾਣਾ ਤੇ ਦੀਵਾਨ ਸੁਣਨਾ। ਪਰਿਵਾਰ ਨੂੰ ਅੰਮ੍ਰਿਤ ਪਾਨ ਕਰਵਾ ਕੇ ਨਾਮ ਦਾਨ ਦਿਵਾਇਆ। ਮਾਸ, ਸ਼ਰਾਬ ਦੇ ਤਾਂ ਪਹਿਲਾਂ ਤੋਂ ਹੀ ਤਿਆਗੀ ਸਨ। ਇਨ੍ਹਾਂ ਦੁਆਰੇ ਹੋਰ ਵੀ ਬਹੁਤ ਸਾਰੇ ਦਾਤੇ ਦੇ ਪ੍ਰੇਮੀ ਬਣੇ। ਜੇਹਾ ਕਿ:

ਭਾਈ ਅਵਤਾਰ ਸਿੰਘ (ਸਾਰੋਬਾਦ)

ਸਾਰੋਬਾਦ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਦਾ ਸ. ਅਵਤਾਰ ਸਿੰਘ ਭੀ ਮਹਾਂਪੁਰਸ਼ਾਂ ਦਾ ਅਤਿਅੰਤ ਪ੍ਰੀਤਵਾਨ ਸੀ। ਇਸ ਨੇ ਸਭ ਤੋਂ ਪਹਿਲਾਂ ੧੯੬੬ ਈ. ਦੇ ਨਵੰਬਰ ਮਹੀਨੇ ਸਾਰਿਆਂ ਦੀ ਪ੍ਰੇਰਨਾ ਨਾਲ ਫਿਲੌਰ ਆ ਕੇ ਇੱਕ ਦੀਵਾਨ ਸੁਣਿਆ। ਦਰਸ਼ਨ ਕਰਨ ਸਾਰ ਅੰਦਰ ਧੂਹ ਪਈ। ਫੇਰ ਅਗਲੇ ਮਹੀਨੇ ੧੪ ਦਸੰਬਰ ਨੂੰ ਪ੍ਰਵਾਰ ਸਮੇਤ ਕਰਮਸਰ ਦਾ ਦਰਸ਼ਨ ਕੀਤਾ। ਭਾਈ ਮਨੀ ਸਿੰਘ, ਸ. ਅਵਤਾਰ ਸਿੰਘ, ਇਸ ਦੇ ਘਰੋਂ ਬੀਬੀ ਗੁਰਮੇਜ ਕੌਰ ਤੇ ਇਨ੍ਹਾਂ ਦੀ ਬੱਚੀ ਬੀਬੀ

ਇੰਦਰਪਾਲ ਕੌਰ ਤੇ ਦੁਆਬੇ ਦੇ ਬਹੁਤ ਸਾਰੇ ਪ੍ਰੇਮੀ ਭੋਰੇ ਦੀ ਸੀਮਾ ਅੰਦਰ ਹਜ਼ੂਰ ਦੇ ਚਰਨਾਂ ਵਿੱਚ ਹਾਜ਼ਰ ਹੋਏ।

ਸਾਰਿਆਂ ਨੇ ਭਾਈ ਅਵਤਾਰ ਸਿੰਘ ਦੀ ਜ਼ਿੰਦਗੀ ਤੇ ਤਰਸ ਕਰ ਕੇ ਦਾਤੇ ਦੇ ਪਾਸ ਅਰਜ਼ ਕੀਤੀ। ਘਰਵਾਲੀ ਨੇ ਕਿਹਾ, "ਮਹਾਰਾਜ! ਹਰ ਸਮੇਂ ਸ਼ਰਾਬ ਵਿੱਚ ਗੁੱਟ ਰਹਿੰਦੇ ਹਨ। ਇੱਕ ਮਹੀਨੇ ਵਿੱਚ ਪਤਾ ਨਹੀਂ ਕਿਤਨੇ ਹਜ਼ਾਰ ਰੁਪਿਆ ਇਸ ਕੌੜੇ ਪਾਣੀ ਤੇ ਪਾਣੀ ਵਾਂਗ ਰੋੜ੍ਹ ਦਿੰਦੇ ਹਨ। ਆਪਣੀ ਪਾਰਟੀ ਵਿੱਚ ਬੈਠੇ ਰਾਹਾਂ ਤੇ ਆਉਂਦੇ ਜਾਂਦੇ ਵਾਕਫ਼ ਨਾ-ਵਾਕਫ਼ ਨੂੰ ਅਵਾਜ਼ਾ ਮਾਰ ਕੇ ਪਿਲਾਈ ਜਾਂਦੇ ਹਨ।"

ਹਜ਼ੂਰ ਏਸ ਵੱਲ ਦੇਖ ਕੇ ਮੁਸਕਰਾ ਰਹੇ ਸਨ। ਸੰਤ ਜੀ ਬੋਲੋ, "ਕਿਉਂ ਬਈ ਅਵਤਾਰ ਸਿੰਘ! ਇਹ ਠੀਕ ਹੈ?" ਇਸ ਨੇ ਅਰਜ਼ ਕੀਤੀ, "ਹਾਂ ਮਹਾਰਾਜ! ਜੋ ਕੁੱਝ ਕਹਿ ਰਹੇ ਹਨ ਹੈ ਤਾਂ ਠੀਕ, ਪਰ ਨਾ ਚਾਹੁਣ ਦੇ ਬਾਵਜੂਦ ਵੀ ਛੁੱਟਦੀ ਨਹੀਂ। ਮੈਂ ਤਾਂ ਕੰਬਲੀ ਨੂੰ ਛੱਡਣਾ ਚਾਹੰਦਾ ਹਾਂ ਪਰ ਹੁਣ ਕੰਬਲੀ ਮੈਨੂੰ ਨਹੀਂ ਛੱਡਦੀ।" ਸੰਤ ਜੀ ਮਹਾਰਾਜ ਬੋਲੇ ਕਿ ਇਹ ਤਾਂ ਜੀਵ ਦੀਆਂ ਸੱਤਾਂ ਕੁਲਾਂ ਦਾ ਨਾਸ਼ ਕਰ ਦਿੰਦੀ ਹੈ।

ਦੋਹਿਰਾ: ਮਦਰਾ ਦਹਤਾ ਸਪਤ ਕੁਲ, ਭੰਗ ਦਹੈ ਤਨ ਏਕ। ਜਗਤ ਜੂਠ ਸਤ ਕੁਲ ਦਹੈ, ਨਿੰਦਾ ਦਹੈ ਅਨੇਕ।

ਭਾਵ ਇਸ ਦੇ ਪੀਣ ਸਮਾਨ ਹੋਰ ਕੋਈ ਵੱਡਾ ਪਾਪ ਨਹੀਂ ਅਤੇ ਇਸ ਤੋਂ ਦੂਰ ਰਹਿਣ ਦੇ ਤੁਲ ਕੋਈ ਪੁੰਨ ਨਹੀਂ।

ਯਥਾ: ਮਦ ਪਾਨ ਸਮਾਨ ਨ ਪਾਪ ਪਰੇ। ਨਹਿ ਭੂਤ ਭਵਿੱਖਤ ਮੈ ਉਚਰੇ।

ਮਦ ਤਯਾਗ ਸਮਾਨ ਨ ਪੁੰਨ ਕਹੂੰ। ਨਹਿ ਭੂਤ ਬਿਖੈ ਨ ਭਵਿੱਖਤ ਹੂੰ।

ਅਤੇ ਮਾਸ ਬਾਬਤ ਇਉਂ ਲਿਖਿਆ ਹੈ:

ਸਤ ਕਰਤਾ ਉਪਦੇਸ਼ਟਾ ਉਪਕਾਰੀ ਅਨੁਮੰਤ। ਘਾਤਮ ਸ੍ਵਾਦਕ ਖਸ਼ਟ ਇਹ ਅਘ ਸਭ ਭਾਗੀ ਜੰਤ।

ਭਾਵ ਮਾਸ ਨੂੰ ਮੰਗਵਾਉਣ ਵਾਸਤੇ ਪਹਿਲਾਂ ਸਲਾਹ ਦੇਣ ਵਾਲਾ ਕਿ ਅੱਜ ਬੜੀ ਠੰਢ ਹੈ, ਦੂਜਾ ਉਪਦੇਸ਼ ਕਰਦਾ ਹੈ ਮਾਸ ਖਾਈਏ, ਤੀਜਾ ਪੈਸੇ ਦੇਣ ਵਾਲਾ, ਚੌਥਾ ਲਿਆਉਣ ਵਾਲਾ, ਪੰਜਵਾਂ ਮਾਰਨ ਤੇ ਬਨਾਉਣ ਵਾਲਾ, ਛੇਵਾਂ ਸਵਾਦ ਦੇਖਣ ਵਾਲਾ; ਇਨ੍ਹਾਂ ਛੇਆਂ ਨੂੰ ਇੱਕੋ ਜਿਹਾ ਪਾਪ ਲੱਗਦਾ ਹੈ।

ਰਕਤ ਬਿੰਦ ਕਰ ਸੰਭਵੈ, ਜੋ ਨਰ ਭੁੰਚਿਤ ਮਾਸ।

ਨਰਕ ਪਰੇ ਨਿਕਸੇ ਨਹੀ, ਯਾਵਤ ਇੰਦ ਵਿਭਾਸ। (ਸਾਰਕੁਤਾਵਲੀ ਧਿ: ੧੨)

ਇਸ ਦਾ ਨਾਮ ਹੈ ਸ਼ਰਾਬ, ਜੋ ਫਾਰਸੀ ਦਾ ਲਫਜ਼ ਹੈ ਸ਼ਰ+ਆਬ ਭਾਗ ਸਰ=ਸ਼ਰਾਰਤ ਦਾ ਆਬ=ਪਾਨੀ। ਇਸ ਦੇ ਅੰਦਰ ਗਇਆਂ ਮਨੁੱਖ ਸੁਤੀਆਂ ਕਲਾਂ ਜਗਾ ਲੈਂਦਾ ਹੈ। ਪਿਓ ਪੁੱਤਰ ਨੂੰ ਮਾਰ ਦਿੰਦਾ ਹੈ। ਭਰਾ ਭਰਾ ਦਾ ਦੁਸ਼ਮਣ ਬਣ ਜਾਂਦਾ ਹੈ। ਜਿਸ ਦਾ ਨਤੀਜਾ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਸੋਹਣੀਆਂ ਜਵਾਨੀਆਂ ਗਾਲ ਲੈਂਦਾ ਹੈ।

ਗੁਰੂ ਨਾਨਕ ਜੀ ਪਾਸ ਬਾਬਰ ਬਾਦਸ਼ਾਹ ਵਲੋਂ ਬੇਨਤੀ।

ਯਥਾ: ਨ ਮੈਖਾਨੇ ਕੋ ਦੇਖਣਾ ਚਾਹੀਏ ਚਸ਼ਮ ਹਕਾਰਤ ਸੇ, ਕਿ ਹੋਤੀ ਹੈ ਯਹਾਂ ਸੇ ਬੇਖੁਦੀ ਕੀ ਇਬਤਦਾ ਬਾਬਾ!

ਅਰਥਾਤ ਸ਼ਰਾਬਖਾਨੇ ਨੂੰ ਘਿਰਨਾ ਨਹੀਂ ਕਰਣੀ ਚਾਹੀਦੀ ਕਿਉਂਕਿ ਮਸਤੀ ਏਥੋਂ ਹੀ ਜਨਮ ਲੈਂਦੀ ਹੈ।

ਗੁਰੂ ਸਾਹਿਬ ਜੀ ਦਾ ਉੱਤਰ:

ਮੁਨਾਸਬ ਹੈ ਯੇਹੀ ਤਰਕੇ ਮੈ ਅੰਗੂਰ ਕ ਸ਼ਾਹਾ। ਹਮਰੇ ਜਾਮ ਸੇ ਅਬ ਥੋੜ੍ਹੀ ਸੀ ਮਨਜ਼ੂਰ ਕਰ ਸ਼ਾਹਾ।

ਭਾਵ ਗੁਰੂ ਜੀ ਕਹਿੰਦੇ ਹਨ ਕਿ ਉਚਿਤ ਏਹੀ ਹੈ ਕਿ ਤੁਸੀਂ ਇਸ ਮੱਤ ਨਾਸੀ ਸ਼ਰਾਬ ਦਾ ਖਹਿੜਾ ਛੱਡ ਕੇ ਸਾਡੇ ਰੂਹਾਨੀ ਪਿਆਲੇ 'ਚੋਂ ਨਾਮ ਖੁਮਾਰੀ ਦੀਆਂ ਦੋ ਘੁੱਟਾਂ ਭਰ ਕੇ ਦੇਖੋ।

ਇਕ ਤਰਫ ਮੰਜ਼ਲ ਕੀ ਬੁਨਿਆਦ ਜ਼ਿਮੀ ਕੇ ਫਰਸ਼ ਪਰ।

ਇਕ ਤਰਫ ਇੱਕ ਮਰਦ ਕਮਾਲ ਕੀ ਨਗਾਹੇ ਅਰਸ਼ ਪਰ।

ਭਾਵ ਮੁਲਾਕਾਤ ਕਰਨ ਸਮੇਂ ਇੱਕ ਪਾਸੇ ਬਾਬਰ ਦੀ ਅਲਪ ਕਾਲਕ ਸਿਕੰਦਰੀ ਸ਼ਾਨ ਸੀ ਅਤੇ ਦੂਜੇ ਪਾਸੇ ਪੂਰਨ ਪੁਰਖ ਸਥਾਈ ਅੰਬਰੀ ਜਲਾਲ ਪ੍ਰਕਾਸ਼ਮਾਨ ਸੀ। ਨਾਮ ਖ਼ੁਮਾਰੀ ਦੇ ਆਸ਼ਕ ਗੁਰੂ ਜੀ ਬਾਬਰ ਦੇ ਸ਼ਾਹੀ ਮਨ ਦੀ ਸਕਰੀਨ ਤੇ ਅੰਗੂਰੀ ਪਾਣੀ ਦੀ ਹਕੀਕਤ ਪ੍ਰਕਾਸ਼ ਕਰਦੇ ਫੁਰਮਾਉਂਦੇ ਹਨ।

ਯਹ ਪਰੀ ਸ਼ੀਸੇ ਮੇ ਜ਼ਹਿਰੀ ਨਾਗ ਸੇ ਕੁਛ ਕਮ ਨਹੀਂ। ਸ਼ਕਲ ਪਾਣੀ ਕੀ ਹੈ ਲੇਕਨ ਆਗ ਸੇ ਕੁਛ ਕਮ ਨਹੀਂ।

ਨਾਲ ਹੀ ਗੁਰੂ ਜੀ ਨਾਮ ਖ਼ੁਮਾਰੀ ਦੀ ਮਸਤੀ ਦੱਸਦੇ ਹਨ। ਮੈਂ ਨੇ ਜੋ ਪੀ ਹੈ ਕਿਆਮਤ ਤੱਕ ਉੱਤਰ ਨਹੀਂ ਸਕਤੀ।

ਯਥਾ: ਪੋਸਤ ਭੰਗ ਅਫੀਮ ਮਦ ਉੱਤਰ ਜਾਏ ਪ੍ਰਭਾਤ। ਨਾਮ ਖੁਮਾਰੀ ਨਾਨਕ ਚੜ੍ਹੀ ਰਹੇ ਦਿਨ ਰਾਤ।

ਇਉਂ ਇਸ ਦੇ ਔਗੁਣ ਦੱਸ ਕੇ ਹਜ਼ੂਰ ਨੇ ਵੀ ਬਹੁਤ ਸਾਰੇ ਬਚਨ ਕਹੇ ਕਿ ਜੋ ਜਵਾਨੀ ਵਿੱਚ ਮਾੜੇ ਕੰਮ ਤੋਂ ਤੋਬਾ

ਕਰਦਾ ਹੈ ਉਹ ਪੈਗੰਬਰੀ ਦਾ ਰੁਤਬਾ ਪਾਉਂਦਾ ਹੈ। (ਵਕਤਿ ਪੀਰੀ) ਬੁੱਢਾ ਹੋ ਕੇ ਤਾਂ ਖੂੰਖਾਰ (ਗੁਰਗਿ) ਭੇੜੀਆ ਵੀ ਸਾਊ ਬਣ ਜਾਂਦਾ ਹੈ।

ਦਰ ਜਵਾਨੀ ਤੋਬਾ ਕਰਦਨ ਸਿਵਾਏ ਪੈਗ਼ੰਬਰੀ। ਵਕਤਿ ਪੀਰੀ ਗੁਰਗਿ ਜ਼ਾਲਮ ਮੇ ਸ਼ਬਦ ਪ੍ਰਹੇਜ਼ਗਾਰ।

ਪਰ ਇਸ ਦੇ ਪ੍ਰਪੱਕ ਸੰਸਕਾਰਾਂ ਨੇ ਮਨ ਵਿੱਚ ਅਸਰ ਨਹੀਂ ਹੋਣ ਦਿੱਤਾ। ਸੰਤ ਜੀ ਮਹਾਰਾਜ ਬੋਲੇ, "ਚੰਗਾ! ਅੱਜ ਤੋਂ ਇਸ ਦੇ ਨੇੜੇ ਨਾ ਜਾਵੀਂ। ਅਗਲੇ ਮਹੀਨੇ ਆ ਕੇ ਅੰਮ੍ਰਿਤ ਛਕ ਕੇ ਨਾਮ ਦੀ ਦਾਤ ਪ੍ਰਾਪਤ ਕਰ ਜਿਸ ਕਰ ਕੇ ਮਨੁੱਖਾ ਜਨਮ ਸਫ਼ਲਾ ਹੋਵੇ।" ਇਸ ਨੇ ਕੋਈ ਉੱਤਰ ਨਾ ਦਿੱਤਾ। ਬਚਨ ਦਾ ਬੱਧਾ ਸਿਰ ਝੁਕਾ ਕੇ ਬਿਨਾਂ ਬੋਲਿਆਂ ਸਾਥੀਆਂ ਸਮੇਤ ਬਾਹਰ ਆ ਗਿਆ ਅਤੇ ਮਨ ਬਣਾ ਲਿਆ ਕਿ ਇੱਕ ਮਹੀਨੇ ਨੂੰ ਅੰਮ੍ਰਿਤ ਛਕਣ ਦੀ ਆਗਿਆ ਹੋਈ ਹੈ। ਫੇਰ ਤਾਂ ਸਭ ਕੁੱਝ ਛੱਡਣਾ ਪਵੇਗਾ ਪਰ ਇਨ੍ਹਾਂ ਤੀਹਾਂ ਦਿਨਾਂ ਵਿੱਚ ਹੀ ਸਾਰੀ ਪਿਛਲੀ ਕਸਰ ਕੱਢ ਲਵਾਂ।

੧੫ ਦਸੰਬਰ ਵਾਲੇ ਦਿਨ ਪ੍ਰਵਾਰ ਨੂੰ ਜਲੰਧਰ ਛਾਉਣੀ ਤੋਂ ਪਿੰਡ ਭੇਜ ਦਿੱਤਾ। ਆਪ ਜਲੰਧਰ ਸ਼ਹਿਰ ਸਟੇਸ਼ਨ ਦੇ ਸਾਹਮਣੇ ਪੁਰਾਣੇ ਬੱਸ ਅੱਡੇ ਕੋਲ ਆਪਣੇ ਪੁਰਾਣੇ ਪੱਕੇ ਅੱਡੇ ਤੇ ਸਟੈਂਡਰਡ ਹੋਟਲ ਵਿੱਚ ਜਾ ਬੈਠਾ।

ਕਿਸੇ ਸਿਆਣੇ ਫ਼ਕੀਰ ਨੇ ਆਪਣੇ ਖ਼ਿਆਲ ਪ੍ਰਗਟ ਕੀਤੇ ਹਨ:

ਤਪਦਿਕ ਹੋ ਸਿਲ ਹੋ ਬੁਖ਼ਾਰ ਹੋ ਚਾਹੇ ਕਿਤਨੀ ਜਾਨ ਅਜਾਬ ਹੋ।

ਮਗਰ ਐ ਖ਼ੁਦਾਇ ਦੋ ਜਹਾਂ ਨਾ ਕਿਸੀ ਕੋ ਸ਼ੌਕਿ ਸ਼ਰਾਬ ਹੋ।

ਇਸ ਨੇ ਰਾਕਸ਼ੀ ਖਾਣਾ ਮੰਗਵਾਇਆ। ਜਦੋਂ ਬੋਤਲ ਦਾ ਕਾਕ ਖੁੱਲ੍ਹਿਆ ਅਜੇ ਗਲਾਸ ਵਿੱਚ ਨਹੀਂ ਸੀ ਪਾਈ ਤਾਂ ਦਰਵਾਜ਼ੇ ਵਿੱਚ ਹਨੇਰਾ ਜੇਹਾ ਪ੍ਰਤੀਤ ਹੋਇਆ। ਜਦੋਂ ਬੂਹੇ ਵੱਲ ਝਾਤ ਮਾਰੀ ਤਾਂ ਨੀਵੇਂ ਚੋਲੇ ਵਿੱਚ ਦਿੱਬ ਸਰੂਪ ਸੰਤ ਜੀ ਮਹਾਰਾਜ ਦਾ ਦਰਸ਼ਨ ਹੋਇਆ ਜੋ ਇਸ ਵੱਲ ਤੱਕ ਕੇ ਕੁੱਝ ਮੁਸਕਰਾਹਟ ਦੇ ਰੰਗ ਵਿੱਚ ਝਾੜਾ ਪਾ ਰਹੇ ਸਨ ਕਿ ਬੱਸ! ਅਜੇ ਤਾਂ ਬਚਨ ਕੀਤਿਆਂ ਅੱਠ ਪਹਿਰ ਵੀ ਨਹੀਂ ਹੋਏ। ਇਹ ਮੰਜਲ ਤਾਂ ਬੜੀ ਦੂਰ ਹੈ। ਕੱਲ੍ਹ ਪ੍ਰਣ ਕਰ ਕੇ ਆਇਆ ਸੈਂ ਪਰ ਆਹ ਕੀ ਕਰਤੂਤ ਕਰਨ ਲੱਗਾ ਹੈਂ? ਇਹ ਭੈ ਭੀਤ ਹੋਇਆ ਸ਼ਰਮ ਨਾਲ ਪਾਣੀ ਪਾਣੀ ਹੋ ਕੇ ਕੁਰਸੀ ਤੋਂ ਉੱਠਿਆ। ਜਦੋਂ ਦਰਵਾਜ਼ੇ ਵੱਲ ਗਿਆ ਓਥੇ ਕੁੱਝ ਵੀ ਨਾ ਡਿੱਠਾ। ਮਨ ਦਾ ਭਰਮ ਜਾਣ ਕੇ ਫੇਰ ਉਸੇ ਜਗ੍ਹਾ ਆ ਬੈਠਾ। ਗਲਾਸ ਵਿੱਚ ਪਾਉਣ ਸਮੇਂ ਓਹੋ ਸੀਨ ਫੇਰ ਦਿਸਿਆ ਤੇ ਫਿਟਕਾਰਾਂ ਸੁਣੀਆਂ। ਜਦੋਂ ਫੇਰ ਦੇਖਿਆ ਓਥੇ ਕੁੱਝ ਵੀ ਨਾ ਡਿੱਠਾ। ਤੀਜੀ ਵਾਰ ਕੁਰਸੀ ਤੇ ਬੈਠ ਪਹਿਲਾਂ ਵਾਂਗ ਫੇਰ ਬੋਤਲ ਦਾ ਕਾਕ ਖੁੱਲ੍ਹਿਆ ਤਾਂ ਫੇਰ ਓਹੀ ਸਰੂਪ ਸਾਹਮਣੇ ਵਿਅੰਗ ਹਾਸਾ ਤੇ ਉੱਚੀ ਆਵਾਜ਼ ਨਾਲ ਝਾੜਾਂ। ਫੇਰ ਤਾਂ ਇਸ ਨੂੰ ਕੁੱਝ ਭੈ ਵੀ ਲੱਗਿਆ ਤੇ ਉਸੇ ਸਮੇਂ ਆਪਣੀ ਕੀਤੀ ਤੇ ਪਸਚਾਤਾਪ ਕਰਦੇ ਨੇ ਸਭ ਕੁੱਝ ਮੋੜ ਦਿੱਤਾ। ਆਪ ਵੈਸ਼ਨੋ ਭੋਜਨ ਛਕ ਕੇ ਹੋਟਲ 'ਚੋਂ ਬਾਹਰ ਆਇਆ।

ਇੱਕ ਮਹੀਨੇ ਤੋਂ ਬਾਅਦ ਨੌਂ ਮਾਘ ਦੇ ਸਾਲਾਨਾ ਜੋੜ ਮੇਲੇ ਤੇ ਆਇਆ। ੨੫ ਜਨਵਰੀ ੧੯੬੭ ਈ. ਨੂੰ ਅੰਮ੍ਰਿਤ ਪਾਨ ਕਰ ਨਾਮ ਜਾਪ ਦੀ ਜੁਗਤੀ ਪੁੱਛੀ। ਫੇਰ ਤਾਂ ਹਰੇਕ ਸੰਗ੍ਰਾਦ ਨੂੰ ਹੀ ਪ੍ਰਵਾਰ ਸਮੇਤ ਦਰਸ਼ਨ ਕਰਦਾ ਰਿਹਾ। ਇੱਕ ਦੋ ਵਾਰ ਆਏ ਨੂੰ ਨਾਲ ਦੀ ਸੰਗਤ ਨੇ ਪ੍ਰੇਰਿਆ ਕਿ ਤੁਸੀਂ ਬੱਚੇ ਵਾਸਤੇ ਬੇਨਤੀ ਕਰੋ, ਪਰ ਇਨ੍ਹਾਂ ਨੇ ਇਹੋ ਜੇਹੀ ਤੁੱਛ ਮੰਗ ਆਪਣੇ ਵਾਸਤੇ ਚੰਗੀ ਨਾ ਸਮਝੀ। ਘਰ ਵਾਲੀ ਨੇ ਆਪਣੀ ਲੜਕੀ ਤੋਂ ਅਰਜ਼ ਕਰਵਾਈ ਤਾਂ ਹਜ਼ੂਰ ਦੇ ਬਚਨਾਂ ਦੁਆਰਾ ੨੭ ਦਸੰਬਰ, ੧੯੬੭ ਨੂੰ ਬੀਬੀ ਇੰਦਰਪਾਲ ਕੌਰ ਦੇ ਘਰ ਲੜਕੇ ਦਾ ਜਨਮ ਹੋਇਆ ਇਸ ਦਾ ਸਾਰਾ ਪ੍ਰਵਾਰ ਸੰਤ ਜੀ ਦਾ ਸ਼ਰਧਾਲੂ ਹੈ। ਹਜ਼ੂਰ ਦੀ ਰਸਨਾ ਤੋਂ ਜਗਦੀਪ ਸਿੰਘ ਨਾਮ ਰੱਖਵਾਇਆ।

ਪਿੱਛੇ ਬੀਤ ਚੁੱਕੀ ਦਾ ਪਛਤਾਵਾ ਕਰਦਿਆਂ ਦੇਖ ਆਪ ਜੀ ਬੋਲੇ, "ਰਹਿੰਦੀ ਦਾ ਫ਼ਿਕਰ ਕਰ। ਇਹ ਸਮਾਂ ਬੜਾ ਕੀਮਤੀ ਹੈ।"

ਦੁਰਲੱਭ ਸਮਾਂ

ਭਾਦਰੋਂ ਦਾ ਮਹੀਨਾ ਸੀ - ਦਰਯਾ ਕਾਂਗ ਆਈ ਤੇ ਕੱਪਰ ਪੈ ਰਹੇ ਸਨ। ਮਲਾਹ ਨੇ ਮਾਲ ਦੀ ਭਰੀ ਹੋਈ ਬੇੜੀ ਵਿੱਚ ਠੇਲ੍ਹ ਦਿੱਤੀ। ਪਾਣੀ ਦਾ ਜ਼ੋਰ ਪਿਆ ਵੰਝ ਦੀ ਕੋਈ ਪੇਸ਼ ਨਾ ਗਈ, ਚਪੂ ਚੁੱਪ ਹੋ ਗਏ। ਕਪਰਾਂ ਨੇ ਕਿਸ਼ਤੀ ਉਲਟਾ ਦਿੱਤੀ। ਬੇੜੀ ਡੋਬ ਮਹਾਣਾ ਤਰ ਕੇ ਪਾਰ ਜਾ ਲੱਗਾ। ਪਰ ਜਾਂਦੇ ਜਾਂਦੇ ਹੱਥੀਂ ਇੱਕ ਆਏ ਦੀ ਭਰੀ ਹੋਈ ਖਲੜੀ ਲੱਗ ਗਈ, ਜਿਸ ਨੂੰ ਨਾਲ ਖਿੱਚ ਕੰਧੀ ਤੇ ਲੈ ਅਪੜਿਆ। ਜਿਹੜਾ ਕਿਸ਼ਤੀ ਡੁੱਬੀ ਦੀ ਗੱਲ ਸੁਣੇ ਅਫ਼ਸੋਸ ਕਰੇ ਪਰ ਰੋਟੀ ਪੱਕਦੀ ਤੱਕ ਆਏ ਦੀ ਭਰੀ ਖਲੜੀ ਦੀ ਬਚ ਜਾਣ ਦੀ ਵਧਾਈ ਵੀ ਮਲਾਹ ਨੂੰ ਦੇਵੇ।

ਜੇਠ ਹਾੜ ਦੀਆਂ ਗ਼ਰਮੀਆਂ ਕੋਠਿਆਂ ਤੇ ਮੰਜੀਆਂ, ਅੱਧੀ ਰਾਤ ਮਗਰੋਂ ਕਿਤੇ ਦੂਰ ਕਣੀਆਂ ਪੈਣ ਕਰ ਕੇ ਠੱਢੀ ਹਵਾ ਦੇ ਬੁੱਲੇ ਆਏ। ਸਾਧ ਸੌਂ ਗਏ ਤੇ ਚੋਰ ਜਾਗ ਉੱਠੇ। ਕਿਤੇ ਸੰਨ੍ਹ ਲੱਗੀ ਤੇ ਕਿਸੇ ਕਿਸਾਨ ਦੇ ਸਾਰੇ ਪਸ਼ੂ ਨਿੱਕਲ ਗਏ ਪਰ ਪਿੱਛੇ ਰਹਿ ਗਈ ਕੱਟੀ ਦੇ ਪਿਆਰ ਵਿੱਚ ਅੜਿੰਗਦੀ ਹੋਈ ਇੱਕ ਮੱਝ, ਜਾਗ ਕੇ ਮਾਲਕਾਂ ਨੇ ਛੁਡਾ ਲਈ। ਲੋਕੀਂ ਭਾਵੇਂ

ਗਏ ਮਾਲ ਦਾ ਅਫ਼ਸੋਸ ਤਾਂ ਕਰਨ ਪਰ ਬਚ ਰਹੀ ਮੱਝ ਨੂੰ ਵੀ ਗ਼ਨੀਮਤ ਜਾਣ ਰੱਬ ਦਾ ਸ਼ੁਕਰ ਕਰਨ।

ਦੀਵਾਲੀ ਤੇ ਆਈ ਆਤਸ਼ਬਾਜ਼ੀ ਚਲਾਉਂਦਿਆਂ ਹੋਇਆ ਕਿਸੇ ਪਹਾੜੀਏ ਦੇ ਮਾਸੂਮ ਬੱਚੇ ਨੇ ਹਵਾਈ ਉਤਾਂਹ ਨੂੰ ਸੁੱਟੀ ਉਹ ਛੱਪਰ ਵਿੱਚ ਜਾ ਵੱਜੀ, ਫੂਸ ਨੂੰ ਅੱਗ ਲੱਗ ਗਈ ਲੋਕਾਂ ਦੇ ਪਾਣੀ ਲੈ ਪਹੁੰਚਣ ਤੋਂ ਪਹਿਲਾਂ ਹਵਾ ਦੀ ਭੜਕਾਈ ਹੋਈ ਅੱਗ ਨੇ ਲੱਕੜ ਦਾ ਸਾਰਾ ਘਰ ਫੂਕ ਸੁੱਟਿਆ। ਪਰ ਸੁਆਣੀਆਂ ਨੇ ਇੰਨੇ ਨੂੰ ਕੁੱਝ ਭਾਂਡੇ ਟੀਂਡੇ ਤੇ ਲੀੜੇ ਤਾਂ ਬਚਾ ਲਏ। ਏਸੇ ਤਰ੍ਹਾਂ ਦੀ ਗ਼ੁਨਾਹ ਵਿੱਚ ਬੀਤ ਚੁੱਕੀ ਉਮਰ ਦੇ ਆਖ਼ਰੀ ਸੁਆਸਾਂ ਨੂੰ ਪ੍ਰਭੂ ਦੀ ਚਰਨ ਸ਼ਰਨ ਵਿੱਚ ਸਫ਼ਲ ਕਰ ਲੈਣ ਦੀ ਤਾਕੀਦ ਭਾਈ ਗੁਰਦਾਸ ਜੀ ਵੀ ਕਰਦੇ ਹਨ। ਜੈਸੇ ਕਿ:

ਜੈਸੇ ਨਾਉ ਬੂਡਤ ਸੈ ਜੋਈ ਨਿਕਸੈ ਸੋਈ ਭਲੋ, ਬੂਡਿ ਗਏ ਪਾਛੇ ਪਛਤਾਇਓ ਰਹਿ ਜਾਤ ਹੈ।
ਜੈਸੇ ਘਰ ਲਾਗੇ ਆਗਿ ਜੋਈ ਬਚੈ ਸੋਈ ਭਲੋ, ਜਰਿ ਬੁਝੇ ਪਾਛੇ ਕਛੁ ਬਸੁ ਨ ਬਸਾਤ ਹੈ।
ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ, ਸੋਇ ਗਏ ਰੀਤੋ ਘਰ ਦੇਖੈ ਉਠਿ ਪ੍ਰਾਤ ਹੈ।
ਤੈਸੇ ਅੰਤ ਕਾਲ ਗੁਰ ਚਰਨ ਸਰਨਿ ਆਵੈ, ਪਾਵੈ ਮੋਖ ਪਦਵੀ ਨਾਤਰ ਬਿਲਲਾਤ ਹੈ ॥੬੯॥

ਤੋਬਾ ਸਿਦਕ ਦਿਲੋਂ ਹੋਵੇ ਬਾਰ ਬਾਰ ਨ ਟੁੱਟੇ। ਬਦਲੀ ਦੇਖ ਬਦਲਨ ਵਾਲੀ ਨੀਅਤ ਨਾ ਹੋਵੇ। ਮਨ ਵਿੱਚ ਕਪਟ ਰੱਖ ਅੱਖਾਂ ਤੋਂ ਵਗਾਏ ਹੋਏ ਹੰਝੂ ਮਨੁੱਖ ਨੂੰ ਤਾਂ ਭਰਮਾ ਸਕਦੇ ਹਨ ਪਰ ਮਾਲਕ ਅੱਗੇ ਕੁੱਝ ਪੇਸ਼ ਨਹੀਂ ਜਾਂਦੀ। ਸੋ ਜਿਤਨੀ ਜ਼ਿੰਦਗ਼ੀ ਪਿੱਛੇ ਬੀਤ ਚੁੱਕੀ ਹੈ ਉਸ ਨੂੰ ਪਛਤੌਣ ਦੀ ਲੋੜ ਨਹੀਂ ਅਗਲੀ ਨੂੰ ਸੰਭਾਲ ਲਵੋ ਏਹੋ ਹੀ ਗ਼ਨੀਮਤ ਹੈ ਅਤੇ ਸਾਫ਼ ਹਿਰਦੇ ਨਾਲ ਗੁਰੂ ਪ੍ਰਮੇਸ਼ਰ ਦਾ ਭਜਨ ਕਰੋ।

ਫੇਰ ਗ਼ਰੀਬ ਨਿਵਾਜ਼ ਦੇ ਪਾਸ ਅਰਜ਼ ਕਰ ਕੇ ੧੯੬੮ ਦੀ ਅਪ੍ਰੈਲ ਨੂੰ ਸ਼ਾਮਚੁਰਾਸੀ ਦੀਵਾਨ ਲਗਵਾਏ। ਦੂਜੀ ਵਾਰ ਮਾਰਚ ੧੯੭੦ ਨੂੰ ਫੇਰ ਪੰਜ ਦੀਵਾਨ ਮਿਲ ਗਏ, ਰਿਹਾਇਸ਼ ਜਲੰਧਰ ਛਾਉਣੀ ਕਰਨਲ ਹਰਪਾਲ ਸਿੰਘ ਦੀ ਕੋਠੀ ਵਿੱਚ ਰੱਖੀ। ਦੀਵਾਨ ਇਸ ਨੇ ਪਿੰਡੋਂ ਬਾਹਰ ਆਪਣੀ ਜ਼ਮੀਨ ਵਿੱਚ ਲੱਗਵਾਏ ਜਿਸ ਦੀ ਬਾਅਦ ਵਿੱਚ ਅਰਦਾਸ ਕਰਵਾ ਕੇ ਸੰਤ ਜੀ ਮਹਾਰਾਜ ਦੇ ਨਾਮ ਰਜਿਸਟਰੀ ਕਰਵਾ ਦਿੱਤੀ ਜੋ ਢਾਈ ਏਕੜ ਹੈ ਏਸ ਵਿੱਚ ਆਲੂਆਂ ਦੀ ਫਸਲ ਕਣਕ ਜਾਂ ਹੁਣ ਏਥੇ ਭੋਰਾ ਤੇ ਕੁੱਝ ਕਮਰੇ ਬਣ ਗਏ ਹਨ, ਭਗਤ ਤੀਰਥ ਸਿੰਘ ਤੇ ਹੋਰ ਪ੍ਰੇਮੀ ਰਹਿੰਦੇ ਹਨ, ਛੋਟੇ ਸੰਤ ਜੀ ਵੀ ਹੋ ਆਏ ਹਨ।

ਇਉਂ ਇਸ ਗੁਰਮੁਖ ਭਾਈ ਅਵਤਾਰ ਸਿੰਘ ਦੇ ਰਾਹੀਂ ਮਾਸ ਸ਼ਰਾਬ ਛੱਡ ਕੇ ਬੇਅੰਤ ਪ੍ਰੇਮੀਆਂ ਦੀ ਜ਼ਿੰਦਗ਼ੀ ਪਲਟ ਗਈ। ਏਸੇ ਤਰ੍ਹਾਂ ਭਾਈ ਮਨੀ ਸਿੰਘ ਭਰਾਵਾਂ ਸਮੇਤ ਸ਼ਰਧਾ ਨਾਲ ਦੀਵਾਨ ਸੁਣਦੇ ਤੇ ਹੱਥੀਂ ਸੇਵਾ ਕਰਦੇ ਹਨ। ਘਰ ਵਿੱਚ ਚਰਨ ਵੀ ਪਵਾਏ। ਪੰਜੇ ਬੱਚੀਆਂ ਤੇ ਲੜਕਾ ਅੰਮ੍ਰਿਤ ਧਾਰੀ ਹੈ। ਬਾਣੀ ਦੇ ਨਿੱਤਨੇਮੀ ਤੇ ਨਾਮ ਜਪਦੇ ਹਨ।

ਇਸੇ ਤਰ੍ਹਾਂ ਸਾਰੋਬਾਦ ਨਗਰ ਦੀ ਬੀਬੀ ਰੇਸ਼ਮ ਕੌਰ ਦੇ ਘਰ ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ਲੜਕੇ ਦਾ ਜਨਮ ਹੋਇਆ। ਇਨ੍ਹਾਂ ਦੇ ਘਰ ਹਜ਼ੂਰ ਨੇ ਚਰਨ ਵੀ ਪਾਏ ਸਨ। ਏਥੋਂ ਦੇ ਹੋਰ ਵੀ ਬਹੁਤ ਪ੍ਰੇਮੀ ਮਹਾਂਪੁਰਸ਼ਾਂ ਦੇ ਪੂਰਨ ਸ਼ਰਧਾਲੂ ਹਨ ਇਨ੍ਹਾਂ ਨੇ ਭੀ ਦਾਤੇ ਦੀ ਚਰਨ ਛੁਹ ਦੁਆਰਾ ਆਪਣੇ ਘਰ ਪਵਿਤ੍ਰ ਕਰਵਾਏ।

ਸਾਰੋਬਾਦ ਦੇ ਕੋਲ ਮਾਹਦੀਪੁਰ ਨਾਮ ਦਾ ਨਗਰ ਹੈ। ਏਥੋਂ ਦੇ ਕੁੰਦਨ ਸਿੰਘ ਦੀ ਲੜਕੀ ਦੇ ਘਰ ਸੰਤ ਜੀ ਮਹਾਰਾਜ ਦੇ ਬਚਨਾਂ ਅਨੁਸਾਰ ਲੜਕਾ ਹੋਇਆ। ਇਉਂ ਇਸ ਇਲਾਕੇ ਵਿੱਚ ਬੇਅੰਤ ਹੀ ਪ੍ਰੇਮੀਆਂ ਤੇ ਬਖ਼ਸ਼ਿਸ਼ ਦੇ ਘਰ ਨੇ ਬਖ਼ਸ਼ਿਸ਼ ਕੀਤੀ।

ਡਾਕਟਰ ਕੁਲਵੰਤ ਸਿੰਘ ਸ਼ਾਮ ਚੌਰਾਸੀ

ਡਾਕਟਰ ਕੁਲਵੰਤ ਸਿੰਘ ਸ਼ਾਮ ਚੌਰਾਸੀ ਭੀ ਸੰਤ ਜੀ ਮਹਾਰਾਜ ਦਾ ਪੂਰਨ ਪ੍ਰੀਤਵਾਨ ਹੈ। ਇਸ ਦੇ ਘਰ ਭੀ ਚਰਨ ਪਾਏ। ਜਦੋਂ ੧੯੬੮ ਈ. ਨੂੰ ਪਹਿਲੀ ਵਾਰ ਹਜ਼ੂਰ ਨੇ ਸ਼ਾਮ ਚੌਰਾਸੀ ਨੂੰ ਦੀਵਾਨਾਂ ਦਾ ਸਮਾਂ ਬਖਸ਼ਿਆ। ਅਤੇ ਸਨਾਤਨ ਧਰਮ ਹਾਇਰ ਸੈਕੰਡਰੀ ਸਕੂਲ ਵਿੱਚ ਦੀਵਾਨ ਸਜੇ ਫੇਰ ਤਾਂ ਅੱਗੇ ਹੋ ਕੇ ਸੇਵਾ ਵਿੱਚ ਪੂਰਾ ਹਿੱਸਾ ਲਿਆ। ਦੀਵਾਨ ਸੁਣੇ ਉਪਰੰਤ ਪ੍ਰਵਾਰ ਸਮੇਤ ਅੰਮ੍ਰਿਤ ਪਾਨ ਕੀਤਾ। ਨਾਮ ਦੀ ਦਾਤ ਪ੍ਰਾਪਤ ਕਰੀ ਤੇ ਫੇਰ ਤਾਂ ਕਈ ਵਾਰ ਕਰਮਸਰ ਜਾ ਕੇ ਵੀ ਦਰਸ਼ਨ ਕੀਤੇ ਤੇ ਦੀਵਾਨ ਸੁਣੇ।

ਸ. ਨਾਜਰ ਸਿੰਘ

ਸ਼ਾਮ ਚੌਰਾਸੀ ਕੋਲ ਕਾਠੇ ਅਧਿਕਾਰੇ ਪਿੰਡ ਦੇ ਸ. ਨਾਜਰ ਸਿੰਘ ਤੇ ਭੀ ਦਾਤੇ ਦੀ ਬਖ਼ਸ਼ਿਸ਼ ਹੋਈ। ਸ਼ੁਰੂ ਤੋਂ ਸ਼ਾਦੀ ਨਹੀਂ ਸੀ ਹੋਈ। ਜੋ ਥੋੜ੍ਹੀ ਬਹੁਤੀ ਜ਼ਮੀਨ ਸੀ ਉਹ ਠੇਕੇ ਬਟਾਈ ਤੇ ਦੇ ਦਿੰਦਾ ਤੇ ਆਪ ਅੱਠੇ ਪਹਿਰ ਸ਼ਰਾਬ ਵਿੱਚ ਗੁਟ ਰਹਿੰਦਾ। ਕਈ ਹੋਰ ਵੀ ਖਾਣ ਪੀਣ ਦੇ ਦੋਸਤ ਨਵਾਲੇ ਪਿਆਲੇ ਦੇ ਯਾਰ ਕੋਲ ਬੈਠੇ ਰਹਿੰਦੇ। ਉਸ ਨੇ ਲੇਖਕ ਨੂੰ ਦੱਸਿਆ

ਕਿ ਮੈਂ ਲਗਾਤਾਰ ਤੀਹ ਸਾਲ ਪੰਜ ਪੰਜ ਬੋਤਲਾਂ ਰੋਜ਼ ਦੀਆਂ ਪੀਤੀਆਂ ਹਨ ਜੋ ਹੋਰਨਾਂ ਨੂੰ ਪਿਆਉਂਦਾ ਸੀ, ਉਹ ਵੱਖ ਸਨ। ਹਰ ਸਮੇਂ ਘਰ ਵਿੱਚ ਡੇਢ ਦੋ ਸੌ ਬੋਤਲ ਪਈ ਰਹਿੰਦੀ। ਨਾਲ ਹੀ ਮੀਟ ਦੇ ਦੇਗੇ ਚੜ੍ਹੇ ਰਹਿੰਦੇ। ਪਰ ਇਤਨੇ ਵੱਡੇ ਸ਼ਰਾਬੀ ਕਬਾਬੀ ਦੇ ਇੱਕੋ ਹੀ ਨਦਰ ਨਾਲ ਦਾਤੇ ਨੇ ਬੇੜੇ ਪਾਰ ਕਰ ਦਿੱਤੇ। ਇਹ ਚੰਗੀ ਘੜੀ ਦੀ ਨਿਸ਼ਾਨੀ ਹੈ।

ਚੰਗੀ ਘੜੀ

ਸ਼ੈਆਂ ਮੂਰਖਾਂ ਦੀ ਸੌ ਝਿੜਕ ਨਾਲੋਂ ਇੱਕ ਸਿਆਣੇ ਉਸਤਾਦ ਦੀ ਤੜੀ ਚੰਗੀ।
ਕੋਝੇ ਕਿੱਸਿਆਂ ਦੇ ਗੰਦੇ ਗੀਤਾਂ ਨਾਲੋਂ ਸੁਣ ਲੈਣੀ ਇਤਿਹਾਸ ਦੀ ਲੜੀ ਚੰਗੀ।
ਸ਼ੈਆਂ ਜੇਠ ਦੇ ਤਪਦੇ ਦੁਪਹਰਿਆਂ ਤੋਂ ਲੱਗੀ ਸਾਉਣ ਵਿੱਚ ਪਹਿਰ ਦੀ ਝੜੀ ਚੰਗੀ।
ਲੱਖਾਂ ਲੂਣਾ ਕਕੇਈ ਮਤਰੇਈ ਨਾਲੋਂ ਮਾਂ ਇੱਛਰਾ ਜੇਹੀ ਇੱਕੋ ਬੜੀ ਚੰਗੀ।
ਭੈੜੇ ਨਾਟਕਾਂ ਕਿੱਸੇ ਕਹਾਣੀਆਂ ਤੋਂ ਲਾਈਨ ਇੱਕੋ ਗੁਰਬਾਣੀ ਦੀ ਪੜ੍ਹੀ ਚੰਗੀ।
ਚੌਵੀ ਘੰਟੇ ਉਦਾਸੀ ਦੇ ਜੀਵਨ ਨਾਲੋਂ ਪੰਛੀ ਇੱਕੋ ਸਤ ਸੰਗ ਦੀ ਘੜੀ ਚੰਗੀ।

ਸੰਤ ਜੀ ਮਹਾਰਾਜ ਦੇ ਦਰਸ਼ਨਾਂ ਦਾ ਕਾਰਣ ਇਹ ਹੋਇਆ ਕਿ ੧੯੬੮ ਈ. ਵਿੱਚ ਇਸ ਤੇ ਕਤਲ ਦਾ ਕੇਸ ਬਣ ਗਿਆ। ਸ਼ਾਮ ਚੌਰਾਸੀ ਵਾਲੇ ਅਵਤਾਰ ਸਿੰਘ ਦਾ ਸਬੰਧੀ ਲੁਧਿਆਣੇ ਸ਼ਹਿਰ ਵੱਡਾ ਅਫ਼ਸਰ ਲੱਗਾ ਸੀ। ਉਸ ਦੀ ਸਿਫਾਰਸ਼ ਵਾਸਤੇ ਅਵਤਾਰ ਸਿੰਘ ਦੇ ਨਾਲ ਲੁਧਿਆਣੇ ਆਇਆ ਪਰ ਉਹ ਅਫ਼ਸਰ ਛੁੱਟੀ ਤੇ ਸੀ। ਰਾਤ ਨੂੰ ਦਾਤੇ ਦਾ ਦੀਵਾਨ ਸੁਣਿਆ ਜੋ ਲੁਧਿਆਣੇ ਲੱਗਿਆ ਸੀ ਬਸ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ (ਸਲੋਕ ਭਗਤ ਕਬੀਰ ਜੀ - ੧੩੭੪)

ਸੁਨਾਰ ਦੀ ਠੱਕ ਠੱਕ ਲੁਹਾਰ ਦੀ ਇੱਕੋ ਸੱਟ ਵਾਲੀ ਗੱਲ। ਦੱਮਾਂ ਬਾਝ ਗ਼ੁਲਾਮ ਬਣ ਗਿਆ। ਦੂਜੇ ਦਿਨ ਸਵੇਰੇ ਕਰਮਸਰ ਪੁੱਜਾ। ਪਹਿਲੀ ਵਾਰ ਕੁਰਸੀ ਤੇ ਦੀਦਾਰ ਕੀਤਾ। ਅੱਗੇ ਹੋ ਕੇ ਨਮਸ਼ਕਾਰ ਕਰ ਨਾਮ ਦੀ ਦਾਤ ਵਾਸਤੇ ਬੇਨਤੀ ਕੀਤੀ। ਹੁਕਮ ਹੋਇਆ, "ਮਾਸ ਸ਼ਰਾਬ ਨਾ ਵਰਤੀਂ, ਨਾਮ ਠਹਿਰ ਕੇ ਦੇਵਾਂਗੇ।' ਹੁਕਮ ਤਾਂ ਮੰਨ ਲਿਆ ਪਰ ਕਿਹਾ, "ਜੀ! ਮੇਰੇ ਵੱਸ ਦੀ ਗੱਲ ਨਹੀਂ ਆਪ ਹੀ ਕ੍ਰਿਪਾ ਕਰ ਕੇ ਰੋਕੋ, ਮੈਥੋਂ ਰਿਹਾ ਨਹੀਂ ਜਾਣਾ।"

ਯੂੰ ਤਾਂ ਬਰਸੋਂ ਨਾ ਪੀਊਂ ਅਗਰ ਨਾ ਪਿਲਾਏ ਕੋਈ।
ਮਗਰ ਬਦਲੀ ਕੋ ਦੇਖ ਕਰ ਬਦਲ ਜਾਤੀ ਹੈ ਨੀਅਤ ਮੇਰੀ।

ਬਚਨ ਕੀਤਾ, "ਚੰਗਾ! ਜੇ ਨਾ ਰੁਕ ਸਕਿਆ ਤਾਂ ਫੇਰ ਅਸੀਂ ਰੋਕ ਦੇਵਾਂਗੇ।"

ਘਰ ਚਲਾ ਗਿਆ ਰੋਜ਼ ਦਾ ਸੁਭਾਉ ਅਨੁਸਾਰ ਰੱਜ ਕੇ ਪੀਤੀ। ਨਾਲ ਹੀ ਅੰਦਰੋਂ ਆਵਾਜ਼ ਆਵੇ ਤੇਰੇ ਵਾਸਤੇ ਇਹ ਗੱਲ ਠੀਕ ਨਹੀਂ। ਗੁਰੂ ਦਰਬਾਰ ਵਿੱਚ ਬਚਨ ਕਰ ਕੇ ਆਇਆ ਹੈਂ ਪਰ ਇਸ ਨੇ ਉਸ ਆਵਾਜ਼ ਦੀ ਕੋਈ ਪ੍ਰਵਾਹ ਨਹੀਂ ਕੀਤੀ। ਸ਼ਾਮ ਚੌਰਾਸੀ ਜਲੰਧਰ ਤੇ ਹੁਸ਼ਿਆਰਪੁਰ ਦੀਵਾਨ ਸੁਣੇ। ਹੱਥੀਂ ਤੇ ਮਾਇਆ ਦੀ ਸੇਵਾ ਕੀਤੀ। ਅਵਤਾਰ ਸਿੰਘ ਦੇ ਨਾਲ ਰਾੜੇ ਸਾਹਿਬ ਆਇਆ। ਹਜ਼ੂਰ ਦਾ ਕੁਰਸੀ ਦੇ ਸਮੇਂ ਦੀਦਾਰ ਕੀਤਾ। ਮੇਹਰਬਾਨ ਨੇ ਮੇਹਰ ਕੀਤੀ ਤੇ ਮੁਸਕਰਾ ਕੇ ਪੁੱਛਿਆ, "ਕੀ ਅਜੇ ਰਜਿਆ ਨਹੀਂ ਕੌੜਾ ਪਾਣੀ ਪੀ ਪੀ ਕੇ? ਬੱਸ ਕਰ, ਬੜਾ ਸਮਾਂ ਹੋ ਗਿਆ। ਥੋੜ੍ਹੀ ਜੇਹੀ ਬਾਕੀ ਰਹਿ ਗਈ। ਹੁਣ ਇਸ ਨੂੰ ਤਾਂ ਸੰਵਾਰ ਲੈ।" ਇਸ ਨੇ ਕਿਹਾ, "ਜੀ। ਫੇਰ ਆਪ ਹੀ ਕ੍ਰਿਪਾ ਕਰੋ।" ਬਚਨ ਕੀਤਾ ਚੰਗਾ, "ਨੇੜੇ ਆ।" ਜਦੋਂ ਪਾਸ ਪੁੱਜਾ ਸੱਜੇ ਹੱਥ ਦੇ ਪਾਵਨ ਅਗੂੰਠੇ ਨੂੰ ਮਸਤਕ ਤੇ ਫੇਰ ਕੇ ਆਖਿਆ, "ਜਾਹ ਹੁਣ ਤੇਰਾ ਏਸ ਪਾਸੇ ਦਾ ਲੇਖ ਮਿਟ ਗਿਆ। ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਜਾਹ ਤੇ ਨਾਲ ਇਹ ਵੀ ਸਿੱਖਿਆ ਦਿੱਤੀ ਕਿ ਇਸ ਨਾਮ ਰੂਪ ਸ਼ਰਾਬ ਨੂੰ ਪੀਣਾ ਕਰ ਜਿਸ ਦਾ ਕਿਆਮਤ ਤੱਕ ਨਸ਼ਾ ਨਹੀਂ ਉੱਤਰੇਗਾ।

ਅੱਜ ਹੀ ਪੀ ਤੇ ਹੁਣ ਹੀ ਪੀ ਤੇ ਪੀਂਦਾ ਪੀਂਦਾ ਜਾਈਂ।
ਪਿਰਮ ਰਸਾਂ ਦੇ ਪਿਆਲੇ ਨਾਲੋਂ ਲਾਏ ਬੁੱਲ੍ਹੇ ਨਾ ਚਾਈ।
ਹਰ ਦਮ ਪੀ ਤੇ ਖੀਵਾ ਹੋ ਰਹੁ ਇਹ ਮਸਤੀ ਨਾ ਉੱਤਰੇ।
ਕਲ੍ਹ ਨੂੰ ਖ਼ਬਰੇ ਕਾਲ ਆਇਕੇ ਦੇਵੇ ਖਾਕ ਰੁਲਾਈ।

ਇਸ ਨੇ ਵੀ ੧੩ ਅਪ੍ਰੈਲ ੧੯੭੦ ਦੀ ਵੈਸਾਖੀ ਵਾਲੇ ਦਿਨ ਅੰਮ੍ਰਿਤ ਪਾਨ ਦੀ ਦਾਤ ਪ੍ਰਾਪਤ ਕੀਤੀ।

ਹਿਰਦੇ ਦੀ ਸ਼ੁੱਧੀ

ਮਹਾਰਾਜ ਜੀ ਨੇ ਇਸ ਪ੍ਰਤੀ ਇਹ ਉੱਤਮ ਉਪਦੇਸ਼ ਬਖਸ਼ਿਆ ਕਿ ਜਿਸ ਨੇ ਮਾਮੂਲੀ ਅਫ਼ਸਰ ਨਾਲ ਮੁਲਾਕਾਤ

ਕਰਣੀ ਹੋਵੇ ਉਸ ਨੂੰ ਵੀ ਤਿਆਰੀ ਵਾਸਤੇ ਬੜਾ ਸਮਾਂ ਖਰਚ ਕਰਨਾ ਪੈਂਦਾ ਹੈ। ਜਿਸ ਸ਼ਹਿਰ ਵਿੱਚ ਰਾਜ ਪੁੱਤਰ ਨੇ ਆਉਣਾ ਹੋਵੇ ਉਥੋਂ ਦੇ ਬਜ਼ਾਰਾਂ ਤੇ ਗਲੀਆਂ ਦੀ ਸਫ਼ਾਈ ਵਾਸਤੇ ਮਹੀਨੇ ਲੱਗ ਜਾਂਦੇ ਹਨ ਪਰ ਜਿਸ ਨੇ ਕੋਟ ਬ੍ਰਹਿਮੰਡਾਂ ਦੇ ਮਾਲਕ ਪ੍ਰਮੇਸ਼ਰ ਨੂੰ ਮਿਲਣਾ ਹੋਵੇ ਉਸ ਨੂੰ ਆਪਣੇ ਹਿਰਦੇ ਤਖ਼ਤ ਦੀ ਸਫ਼ਾਈ ਤੋਂ ਇਤਨੀ ਫੁਰਸਤ ਕਿੱਥੇ ਕਿ ਵਿਹਲੇ ਕੰਮਾਂ ਤੇ ਵਕਤ ਜਾਇਆ ਕਰੋ। ਅਸਲੀਅਤ ਤਾਂ ਇਹ ਹੈ ਜੋ ਜੀਵ ਆਪਣੇ ਕਰਤੱਵ ਤੋਂ ਗਾਫ਼ਲ ਹੋ ਰਿਹਾ ਹੈ। ਜਿਵੇਂ ਜੋ ਲੜਕਾ ਸਕੂਲ ਹਾਜ਼ਰੀ ਤੋਂ ਥੋੜ੍ਹਾ ਸਮਾਂ ਭੀ ਪਛੜ ਜਾਵੇ ਉਹ ਸੁਸਤੀ ਦੇ ਫ਼ਲ ਭੋਗਣ ਤੋਂ ਡਰਦਾ ਹੋਇਆ ਸਾਰਾ ਦਿਨ ਸਕੂਲ ਨਹੀਂ ਜਾਂਦਾ। ਇਸੇ ਤਰ੍ਹਾਂ ਇਹ ਜਗਿਆਸੂ ਵੀ ਆਪਣੇ ਨੁਕਤੇ ਤੋਂ ਖੁੰਝਿਆ ਏਧਰ ਉੱਧਰ ਫਿਰ ਕੇ ਅਜਾਈਂ ਸਮਾਂ ਗਵਾ ਰਿਹਾ ਹੈ। ਅੱਵਲ ਤਾਂ ਇਹ ਸਿਮਰਨ ਵਿੱਚ ਜੁੜਦਾ ਹੀ ਨਹੀਂ ਪਰ ਜੇ ਜੁੜਨ ਦਾ ਯਤਨ ਵੀ ਕਰੇ ਤਾਂ ਮਨ ਨਹੀਂ ਲੱਗਦਾ। ਆਪਣੇ ਆਪ ਹੀ ਅੰਦਰੋਂ ਭਿਆਨਕ ਅਵਾਜ਼ਾਂ ਆਉਣ ਲੱਗ ਪੈਂਦੀਆਂ ਹਨ। ਇਹ ਕਾਇਦਾ ਹੀ ਹੈ ਉਜੜਿਆ ਹੋਇਆ ਮਹੱਲ ਚਾਹੇ ਬਾਦਸ਼ਾਹ ਦਾ ਵੀ ਕਿਉਂ ਨਾ ਹੋਵੇ, ਉਸ ਦੇ ਵਿੱਚ ਉੱਲੂ ਚਮਗਿਦੜ ਚਾਮਚੜਿਕਾਂ ਤੇ ਗਿੱਦੜ ਆਦਿਕ ਜਾਨਵਰ ਆਪਣੇ ਘੁਰਨੇ ਬਣਾ ਲੈਂਦੇ ਹਨ। ਉੱਥੇ ਸਾਜਾਂ ਤੇ ਗੀਤਾਂ ਦੀ ਥਾਂ ਡਰਾਵਣੀਆਂ ਚੀਕਾਂ ਤੇ ਸੁਗੰਧੀ ਦੀ ਥਾਂ ਬਦਬੂ ਆਉਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਇਹ ਮਨੁੱਖ ਹਿਰਦਾ ਪ੍ਰਮੇਸ਼ਰ ਦੇ ਵਸਣ ਦਾ ਅਸਥਾਨ ਹੈ। ਪਰ ਉਸ ਦੇ ਉੱਠ ਜਾਣ ਪਿੱਛੋਂ ਇਸ ਰਾਜ ਮਹਿਲ ਵਿੱਚ ਕਾਮ ਦੇ ਉੱਲੂ , ਕ੍ਰੋਧ ਦੀਆਂ ਡਾਇਣਾਂ ਤੇ ਲੋਭ, ਮੋਹ, ਹੰਕਾਰ ਦੇ ਗਿੱਦੜ ਹਵਾਂਕਦੇ ਹਨ। ਪ੍ਰਭੂ ਦੇ ਮਿਲਾਪ ਵਾਸਤੇ ਤਿਆਰੀ ਦੀ ਲੋੜ ਹੈ। ਉੱਥੇ ਤਾਂ:

ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ ॥

(ਆਸਾ ਮਃ ੫ - ੪੦੦)

ਵਾਲੀ ਵਾਰਤਾ ਹੈ। ਜਿੱਥੇ ਇਹ ਸੇਜਾ ਵਿਛੀ ਹੈ, ਉੱਥੇ ਪ੍ਰਮੇਸ਼ਰ ਮਿਲਾਪ ਦੀ ਸੁਹਾਗ ਰਾਤ ਬੜੀ ਸੁਆਦਲੀ ਲੰਘਦੀ ਹੈ। ਜਦ ਤੱਕ ਅੰਦਰੋਂ ਮੈਂ ਮੇਰੀ ਦੀ ਗਰਦ ਨਹੀਂ ਬੈਠਦੀ ਤੇ ਹੰਝੂਆਂ ਨਾਲ ਪ੍ਰੇਮ ਦਾ ਜਲ ਛਿਣਕਾ ਨਹੀਂ ਕਰਦਾ ਤੇ ਗੁਰ ਸ਼ਬਦ ਦਾ ਪ੍ਰਕਾਸ਼ ਨਹੀਂ ਹੁੰਦਾ, ਉਤਨਾ ਚਿਰ ਪ੍ਰੀਤਮ ਦਾ ਨਿਵਾਸ ਕਿੱਥੇ? ਤਾਂ ਤੇ ਸਭ ਤੋ ਪਹਿਲਾਂ ਉਸ ਦੀ ਉਡੀਕ ਵਾਸਤੇ ਮਨ ਮੰਦਰ ਦੀ ਸਫ਼ਾਈ ਕਰੀਏ। ਕੂੜ ਦਾ ਕੂੜਾ ਦੂਰ ਕਰ ਕੇ ਵਿਕਾਰਾਂ ਦੀ ਦੁਰਗੰਧੀ ਧੋ ਸੁਟੇ। ਸ਼ਰਧਾ ਦੇ ਫੁੱਲ ਭੇਟਾ ਕਰ ਕੇ ਉਸ ਦੇ ਮਿਲਾਪ ਦਾ ਅਨੰਦ ਮਾਣੀਦਾ ਹੈ; ਆਦਿ।

ਇਸ ਪਵਿੱਤਰ ਉਪਦੇਸ਼ ਨੂੰ ਸੁਣ ਕੇ ਇਸ ਦਾ ਮਨ ਗਦ ਗਦ ਹੋ ਗਿਆ। ਫੇਰ ਤਾਂ ਮਾਸ ਸ਼ਰਾਬ ਤੋਂ ਇਤਨੀ ਨਫ਼ਰਤ ਹੋਈ ਕਿ ਨਾਮ ਸੁਣਨਾ ਵੀ ਪਸੰਦ ਨਾ ਕਰੇ।

ਇਸੇ ਸਮੇਂ ਪੰਜ ਦੀਵਾਨ ਹੁਸ਼ਿਆਰਪੁਰ ਸ਼ਹਿਰ ਲੱਗੇ ਅਤੇ ਸੇਵਾ ਪੰਥੀ ਮਹਾਂਪੁਰਸ਼ਾਂ ਦੇ ਡੇਰੇ ਭੀ ਪੁੱਜੇ। ਇਨ੍ਹਾਂ ਨੇ ਬੜਾ ਸਤਿਕਾਰ ਕੀਤਾ। ਮਾਇਆ ਤੇ ਦਸਤਾਰ ਭੇਟਾ ਕੀਤੀ। ਹਜ਼ੂਰ ਨੇ ਮਹਾਂਪੁਰਸ਼ਾਂ ਦੇ ਅਸਥਾਨ ਦਾ ਪ੍ਰਸ਼ਾਦ ਜਾਣ ਕੇ ਕੇਵਲ ਸਿਰੋਪਾਓ ਹੀ ਪ੍ਰਵਾਨ ਕੀਤਾ ਮਾਇਆ ਵਾਪਸ ਕਰ ਦਿੱਤੀ। ਇਸ ਪ੍ਰੋਗਰਾਮ ਵਿੱਚ ਸ਼ਾਮ ਚੌਰਾਸੀ ਵਾਲੇ ਸੱਜਣਾਂ ਨੇ ਹਰ ਪ੍ਰਕਾਰ ਦਾ ਸਹਿਯੋਗ ਦੇ ਕੇ ਪੂਰਨ ਹਿੱਸਾ ਪਾਇਆ।

ਕਾਂਡ ੨੩

ਮੁਜ਼ਾਰੇ ਪਿੰਡ ਦੇ ਪ੍ਰੇਮੀ ਹਾਪੜ

ਗੁਰਦੁਆਰਾ ਰੇਰੂ ਸਾਹਿਬ ਤੋਂ ਤਿੰਨ ਕੁ ਮੀਲਾਂ ਦੇ ਇੱਕ ਮੁਜ਼ਾਰੇ ਨਾਮ ਦਾ ਨਗਰ ਹੈ। ਇਥੋਂ ਦੇ ਪ੍ਰੇਮੀ ਸੰਤ ਮਹਾਰਾਜ ਰੇਰੂ ਸਾਹਿਬ ਵਾਲੇ ਬਾਬਾ ਅਤਰ ਸਿੰਘ ਜੀ ਮਹਾਰਾਜ ਦੇ ਚੰਗੇ ਸ਼ਰਧਾਲੂ ਹਨ। ਬਾਬਾ ਜੀ ਨੇ ਕਈ ਵਾਰੀ ਇਸ ਨਗਰ ਵਿੱਚ ਅਕਾਲੀ ਹਰੀ ਸਿੰਘ ਤੇ ਹੋਰ ਪ੍ਰੇਮੀਆਂ ਦੇ ਘਰੀਂ ਅਖੰਡ ਪਾਠਾਂ ਦੇ ਭੋਗ ਸਮੇਂ ਆਪਣੇ ਪਵਿੱਤਰ ਚਰਨ ਪਾਏ। ਜਦੋਂ ੧੯੨੬ ਈ. ਨੂੰ ਆਖ਼ਰੀ ਵਾਰ ਗ਼ਰਮੀ ਦੇ ਮੌਸਮ ਵਿੱਚ ਬਾਬਾ ਜੀ ਆਏ ਤਾਂ ਉਸ ਸਮੇਂ ਸੰਤ ਜੀ ਮਹਾਰਾਜ ਰਾੜੇ ਸਾਹਿਬ ਵਾਲੇ ਹਜ਼ੂਰੀਏ ਗੜਵਈ ਵੀ ਨਾਲ ਸਨ।

ਪਿਛਲੇ ਸੰਸਕਾਰਾਂ ਅਨੁਸਾਰ ਕਈ ਕੁ ਪ੍ਰੇਮੀਆਂ ਨੇ ਇਨ੍ਹਾਂ ਦੀ ਕਠਨ ਤਪੱਸਿਆ ਵੱਲ ਤੱਕ ਕੇ ਪੂਰਨ ਸ਼ਰਧਾ ਲੈ ਆਂਦੀ ਸੀ। ਜਦੋਂ ਰਾੜੇ ਦੀ ਢੱਕੀ ਨੂੰ ਇਨ੍ਹਾਂ ਦੇ ਚਰਨਾਂ ਦੀ ਛੂਹ ਪ੍ਰਾਪਤ ਹੋਈ ਫੇਰ ਮੁਜ਼ਾਰੇ ਦੀ ਸੰਗਤ ਏਥੇ ਵੀ ਦਰਸ਼ਨਾਂ ਨੂੰ ਆਉਣ ਲੱਗ ਪਈ, ਜਿਨ੍ਹਾਂ ਵਿੱਚੋਂ ਸ. ਦੌਲਤ ਸਿੰਘ ਮਿਸਤਰੀ ਤਾਂ ਸਮੇਤ ਪ੍ਰਵਾਰ ਦੇ ਸੰਤ ਜੀ ਮਹਾਰਾਜ ਤੋਂ ਉਪਦੇਸ਼ ਲੈ ਕੇ ਪੂਰਨ ਸ਼ਰਧਾਲੂ ਬਣ ਗਿਆ। ਕਈ ਵਾਰ ਬੇਨਤੀਆਂ ਕਰ ਕੇ ਆਪਣੇ ਘਰ ਚਰਨ ਪਵਾਏ। ਉਸ ਸਮੇਂ ਇਨ੍ਹਾਂ ਦਾ ਬਹੁਤ ਵੱਡਾ ਕੰਮ ਚੱਲਦਾ ਸੀ।

੧੯੩੮ ਈ. ਤੋਂ ੧੯੪੪ ਈਸਵੀ ਤੱਕ ਕਈ ਵੇਰ ਸੰਤ ਜੀ ਮਹਾਰਾਜ ਮੁਜ਼ਾਰੇ ਪਿੰਡ ਆਏ। ਇਨ੍ਹਾਂ ਤੋਂ ਇਲਾਵਾ ਹਰੀ ਸਿੰਘ ਅਕਾਲੀ ਤੇ ਕਾਕਾ ਸਿੰਘ ਦੇ ਘਰ ਵੀ ਅਖੰਡ ਪਾਠ ਤੇ ਦੀਵਾਨ ਕੀਤੇ। ਨਾਮ ਅੰਮ੍ਰਿਤ ਤੇ ਖੰਡੇ ਦੀ ਦਾਤ ਬਖ਼ਸ਼ੀ। ਫੇਰ ਦੌਲਤ ਸਿੰਘ ਦਾ ਪ੍ਰਵਾਰ ਸ. ਕੁਲਵੰਤ ਸਿੰਘ ਤੇ ਸ. ਜਸਵੰਤ ਸਿੰਘ ਯੂ. ਪੀ. ਦੇ ਇਲਾਕੇ ਹਾਪੜ ਵਿੱਚ ਆ ਗਏ। ਏਥੇ ਭੀ ਇਨ੍ਹਾਂ ਦੇ ਘਰ ਸੰਤ ਜੀ ਨੇ ਬਹੁਤ ਵਾਰੀ ਚਰਨ ਪਾਏ, ਵਰ ਦਿੱਤੇ।

ਉਸ ਤੋਂ ਬਾਅਦ ਸੰਤ ਜੀ ਮਹਾਰਾਜ ਪ੍ਰੇਮੀਆਂ ਦਾ ਪ੍ਰੇਮ ਦੇਖ ਕੇ ਹਰੇਕ ਸਾਲ ਦੋ ਜਾਂ ਤਿੰਨ ਮਹੀਨੇ ਏਥੇ ਰਿਹਾਇਸ਼ ਰੱਖ ਕੇ ਗਾਜ਼ੀਆਬਾਦ, ਮੋਦੀ ਨਗਰ, ਮੇਰਠ, ਸੰਭੋਲੀ, ਬੁਲੰਦ ਸ਼ਹਿਰ, ਗਜਰੌਲਾ ਆਦਿਕ ਥਾਵਾਂ ਨੂੰ ਦੀਵਾਨ ਬਖ਼ਸ਼ਦੇ ਸਨ। ਇਉਂ ਇਹ ਹਾਪੜ ਸ਼ਹਿਰ ਯੂ. ਪੀ. ਵਿੱਚ ਗੁਰਸਿੱਖੀ ਪ੍ਰਚਾਰ ਤੇ ਆਤਮ ਉਪਦੇਸ਼ ਦਾ ਕੇਂਦਰ ਬਣ ਗਿਆ। ਇਹ ਗੁਰਮੁਖ ਪ੍ਰਵਾਰ ਭੀ ਭਾਵਨਾ ਅਨੁਸਾਰ ਸੇਵਾ ਕਰ ਬਖ਼ਸ਼ਿਸ਼ ਦਾ ਪਾਤਰ ਬਣ ਗਿਆ।

ਪਾਰਸ ਰੂਪ ਹਜ਼ੂਰ ਦੇ ਚਰਨ ਜਿਸ ਚੀਜ਼ ਨੂੰ ਛੋਹ ਜਾਣ ਸੋਨਾ ਬਣਾ ਦਿੰਦੇ ਹਨ ਜਿਨ੍ਹਾਂ ਦਾ ਸਦਕਾ ਸਾਰੀਆਂ ਬਰਕਤਾਂ ਨੇ ਆ ਡੇਰੇ ਲਾਏ। ਸ. ਘਨੱਈਆ ਸਿੰਘ ਦੇ ਲੜਕੇ ਚਾਰੇ ਭਰਾਵਾਂ ਦੀਆਂ ਵੱਖੋ ਵੱਖ ਸੁੰਦਰ ਕੋਠੀਆਂ ਪਾਸ ਚੰਗੀਆਂ ਕਾਰਾਂ ਸਕੂਟਰ ਤੇ ਘਰਾਂ ਵਿੱਚ ਨੌਕਰ ਕੰਮ ਕਰਦੇ ਹਨ। ਗਊਆਂ ਮੱਝੀਆਂ ਘਰ ਦਾ ਦੁੱਧ ਲੱਸੀ ਤੇ ਮੱਖਣ ਜੋ ਆਮ ਲੋਕਾਂ ਵਾਸਤੇ ਦੁਰਲੱਭ ਹੈ। ਉਹ ਇਨ੍ਹਾਂ ਦੇ ਘਰ ਵਿੱਚ ਨਦੀ ਦੇ ਪ੍ਰਵਾਹ ਵਾਂਗ ਚੱਲਦਾ ਹੈ ਤੇ ਆਏ ਗਏ ਸੱਜਣਾਂ ਦੀ ਬੜੀ ਸੇਵਾ ਹੁੰਦੀ ਰਹਿੰਦੀ ਹੈ। ਗੁਰਬਾਣੀ ਦਾ ਪੂਰਨ ਪ੍ਰੇਮ ਹੈ ਤੇ ਜੋ ਹਰੇਕ ਘਰ ਵਿੱਚ ਵੱਖਰਾ ਕਮਰਾ ਬਣਾ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਦੇ ਹਨ:

ਸਾਧਨਾਂ ਦਰਸ਼ਨੰ ਪੁਨਯੰ ਤੀਰਥ ਭੂਤਾ ਹੀ ਸਾਧਵਃ।

ਕਾਲੇਨ ਫਲਤੀ ਤੀਰਥਃ ਸਦਯਃ ਸਾਧੂ ਸਮਾਗਮਃ।

ਭਾਵ ਸੰਤਾਂ ਦਾ ਦਰਸ਼ਨ ਪੁੰਨੀ ਪੁਰਸ਼ਾਂ ਨੂੰ ਹੁੰਦਾ ਹੈ ਪਾਪੀਆਂ ਨੂੰ ਨਹੀਂ ਹੁੰਦਾ। ਜਿਤਨੇ ਵੀ ਭੂਤਕਾਲ ਦੇ ਤੀਰਥ ਹਨ, ਉਨ੍ਹਾਂ ਸਭਨਾਂ ਨੂੰ ਸੰਤਾਂ ਨੇ ਹੀ ਪ੍ਰਗਟ ਕੀਤਾ ਹੈ। ਅਥਵਾ ਸੰਤ ਜਨ ਖੁਦ ਤੀਰਥ ਰੂਪ ਹਨ।

ਤੀਰਥ ਤਾਂ ਕਾਲੇਨ ਕਾਲ- ਭਾਵ ਸਮਾਂ ਪਾ ਕੇ ਪੁਰਬ ਲੱਗੇ ਤੋਂ ਇਸ਼ਨਾਨ ਕੀਤੀਆਂ ਫ਼ਲ ਦਿੰਦਾ ਹੈ ਪਰ ਸਾਧੂ ਦਾ ਦਰਸ਼ਨ, ਸਾਧੂ ਦਾ (ਸਮਾਗਮ) ਸੰਗ ਤੁਰਤ ਹੀ ਫ਼ਲ ਦਿੰਦਾ ਹੈ।

ਪੁਤੀਂ ਗੰਢ ਪਵੈ ਸੰਸਾਰ

ਰੇਲਵੇ ਫਾਟਕ ਮੇਰਠ ਰੋਡ ਤੇ ਸ੍ਰਦਾਰ ਇੰਡਸਟਰੀ ਦੇ ਪਾਸ ਸ. ਜੁਗਿੰਦਰ ਸਿੰਘ ਮਿਸਤਰੀ ਦਾ ਬਾਗ਼ ਹੈ। ਕਈ ਸਾਲਾਂ ਤੋਂ ਇਸ ਜੁਗਿੰਦਰ ਸਿੰਘ ਦੇ ਬਾਗ਼ ਵਿੱਚ ਇੱਕ ਰਵਿਦਾਸ ਭਗਤ ਦੀ ਬਾੜੀ ਵਿੱਚੋਂ ਪ੍ਰੇਮੀ ਰਹਿੰਦਾ ਸੀ। ਇਹ ਭੈਸੋਂਖੁਰ ਪਿੰਡ ਦਾ (ਜੋ ਹਾਪੜ ਤੋਂ ਸੱਤ ਅੱਠ ਮੀਲਾਂ ਦੇ ਫਾਸਲੇ ਤੇ ਹੈ) ਗ਼ਰੀਬ ਚਮਾਰ ਬੁਧਨ ਤੇ ਇਸ ਦੇ ਘਰ ਵਾਲੀ ਸੁਰਜਨ ਦੇਵੀ ਮੇਹਨਤ ਮਜ਼ੂਰੀ ਦੇ ਕੰਮ ਕਰ ਕੇ ਆਪਣਾ ਪੇਟ ਭਰਦੇ ਸਨ। ਇਸ ਦੇ ਘਰ ਵਿੱਚ ਸੱਤ ਲੜਕੀਆਂ ਸਨ। ਕੀ ਗ਼ਰੀਬ, ਕੀ ਅਮੀਰ, ਪੁੱਤਰ ਦੀ ਮਿੱਠੀ ਦਾਤ ਤਾਂ ਹਰ ਇੱਕ ਨੂੰ ਹੀ ਚੰਗੀ ਲੱਗਦੀ ਹੈ। ਗ੍ਰਿਹਸਤ ਮਾਰਗ ਵਿੱਚ ਔਣ ਵਾਲੇ ਸੱਜਣ ਦੀ

ਦੁਨੀਆਂ ਵਿੱਚ ਸਾਂਝ ਪੁੱਤਰ ਨਾਲ ਹੀ ਪੈਂਦੀ ਹੈ। ਕਈ ਸਾਲਾਂ ਤੋਂ ਹਾਪੜ ਸ਼ਹਿਰ ਵਿੱਚ ਹਜ਼ੂਰ ਦੇ ਪਾਵਨ ਚਰਨ ਪੈਂਦੇ ਸਨ, ਬੇਅੰਤ ਹੀ ਪ੍ਰੇਮੀ ਮਨੋਕਾਮਨਾ ਪੂਰਨ ਕਰਵਾ ਕੇ ਜਸ ਕਰਦੇ ਸਨ। ਇਨ੍ਹਾਂ ਦੇ ਮਨ ਵਿੱਚ ਭੀ ਖ਼ਿਆਲ ਆਉਂਦਾ ਅਸੀਂ ਭੀ ਸੰਤਾਂ ਪਾਸ ਜਾ ਕੇ ਦਰਸ਼ਨ ਕਰੀਏ, ਸ਼ਾਇਦ ਸਾਡੀ ਵੀ ਤਕਦੀਰ ਪਲਟਾ ਖਾ ਜਾਵੇ। ਪਰ ਸਰੀਰਕ ਕ੍ਰਿਆ ਤੇ ਆਪਣੀ ਨੀਵੀਂ ਜਾਤੀ ਦਾ ਅਹਿਸਾਸ ਮਨ ਅੰਦਰ ਰੋਕਾਂ ਪਾਈ ਜਾਂਦਾ ਸੀ। ਗੁਰੂ ਨਾਨਕ ਦਾ ਦਰ ਤਾਂ ਬਾਦਸ਼ਾਹ ਕੰਗਾਲ ਵਾਸਤੇ ਇੱਕੋ ਜਿਹਾ ਹੈ।

ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ ।

(ਭਾ. ਗੁਰਦਾਸ ਜੀ: ਵਾਰ ੧ ਪਉੜੀ ੨੩)

੧੯੬੮ ਈ. ਦੇ ਗਿਆਰ੍ਹਵੇਂ ਮਹੀਨੇ ਦੀ ਛੇ ਤਰੀਕ ਨੂੰ ਹਜ਼ੂਰ ਪੰਜਾਬ ਵਾਪਸ ਆ ਰਹੇ ਸਨ ਤਾਂ ਸੁਰਜਨ ਦੇਵੀ ਨੂੰ ਪਤਾ ਲੱਗਾ। ਸਾਰੇ ਬੱਚੇ ਨਾਲ ਲੈ ਕੇ ਘਰੋਂ ਚੱਲੀ ਮਨ ਵਿੱਚ ਹੌਂਸਲਾ ਕੀਤਾ ਰਸਤੇ ਤੇ ਆ ਖੜ੍ਹੀ। ਗੱਡੀ ਰੋਕ ਲਈ। ਅੱਗੇ ਹੋ ਕੇ ਝੋਲੀ ਅੱਡੀ ਅਤੇ ਘਿਘਿਆ ਕੇ ਅਰਜ਼ ਕੀਤੀ, "ਦਾਤਾ! ਕ੍ਰਿਪਾ ਕਰੋ ਜੀਉਂਦੇ ਜੀਅ ਪੁੱਤਰ ਦਾ ਮੂੰਹ ਦੇਖ ਲਵਾਂ।" ਭੈਣਾਂ ਨੇ ਵੀਰ ਲਈ ਤਰਲੇ ਕੀਤੇ। ਦੇਖਣ ਵਾਲਿਆਂ ਦੇ ਮਨ ਵੀ ਦ੍ਰਵੀਭੂਤ ਹੋ ਆਏ ਕਈਆਂ ਦੇ ਨੇਤਰ ਸਜਲ ਹੋ ਗਏ। ਹਜ਼ੂਰ ਨੇ ਗ਼ਰੀਬ ਪ੍ਰਵਾਰ ਦੇ ਹੰਝੂ ਤੱਕੇ। ਮੁਸਕਰਾ ਕੇ ਧੀਰਜ ਬਖਸ਼ਿਆ ਤੇ ਪਿਆਰ ਨਾਲ ਕਿਹਾ, "ਕਰਤਾਰ ਭਲੀ ਕਰੇਗਾ, ਚਿੰਤਾ ਨਾ ਕਰੋ, ਗੁਰੂ ਨਾਨਕ ਦਾ ਖਜ਼ਾਨਾ ਅਤੁੱਟ ਹੈ।" ਬਸ! ਪੁੱਠੇ ਲੇਖਾਂ ਨੂੰ ਸਿੱਧੇ ਕਰਨ ਵਾਲਾ ਮਾਰ ਗਿਆ ਰੇਖ ਵਿੱਚ ਮੇਖ। ਹੋ ਗਈ ਮੇਹਰਾਂ ਤੇ ਦਾਤੇ ਦੀ ਰਹਿਮਤ। ਖੋਲ੍ਹ ਦਿੱਤੇ ਰੱਬੀ ਬਖ਼ਸ਼ਿਸ਼ਾਂ ਦੇ ਬੂਹੇ। ਭਰ ਦਿੱਤੇ ਸੱਖਣੇ ਪਿਆਲੇ। ਕਰ ਗਿਆ ਸੁੱਕਿਆਂ ਨੂੰ ਹਰੇ ਭਰੇ। ਇੱਕ ਸਾਲ ਤੋਂ ਬਾਅਦ ੧੯੬੯ ਈ. ਦੇ ਨੌਵੇਂ ਮਹੀਨੇ ਹਾਪੜ ਦੀ ਧਰਤੀ ਨੂੰ ਫੇਰ ਭਾਗ ਲੱਗੇ। ਇਨ੍ਹਾਂ ਦੇ ਵੇਹੜੇ ਵਿੱਚ ਵੀ ਖ਼ੁਸ਼ੀਆਂ ਨੇ ਫੇਰਾ ਪਾਇਆ।

ਜਿਵੇਂ ਕਿ ਆਗਰੇ ਵਾਸੀ ਬੀਬੀ ਭਾਗਨ ਵਾਂਗੂ ਜਿਸ ਨੇ ਅਨੰਦਪੁਰ ਦੀ ਪਾਵਨ ਧਰਤੀ ਵਿਖੇ ਕਲਗੀਆਂ ਵਾਲੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਅਰਜ਼ ਕੀਤੀ ਸੀ ਕਿ ਮਹਾਰਾਜ! ਮੈਂ ਅਜੇ ਤੱਕ ਕਦੇ ਵੀ ਕਿਸੇ ਮਰਦ ਦਾ ਮੂੰਹ ਨਹੀਂ ਫਿਟਕਾਰਿਆ ਕਿਉਂਕਿ ਅਸੀਂ ਆਪਣੇ ਪਿਤਾ ਦੇ ਘਰ (ਜੋ ਬਾਦਸ਼ਾਹ ਦਾ ਦੀਵਾਨ ਸੀ) ਸੱਤ ਭੈਣਾਂ ਸਾਂ। ਮੇਰੇ ਪਿਤਾ ਦੇ ਮਰਨ ਤੋਂ ਬਾਅਦ ਸਰਕਾਰ ਨੇ ਸਾਡੇ ਸੱਤਾਂ 'ਚੋਂ ਕਿਸੇ ਦਾ ਲਿਹਾਜ ਨਹੀਂ ਕੀਤਾ। ਸਾਰੀ ਜਾਇਦਾਦ ਨੂੰ ਸੀਲ ਮੋਹਰ ਕਰ ਕੇ ਸੰਤਰੀ ਪਹਿਰੇ ਤੇ ਬਿਠਾ ਦਿੱਤੇ। ਜਦੋਂ ਗਰਭ ਵਾਲਾ ਅੱਠਵਾਂ ਬੱਚਾ ਸਾਡਾ ਭਰਾ ਆਇਆ ਤਾਂ ਉਸੇ ਸਮੇਂ ਤਾਲੇ ਤੋੜ ਕੇ ਸਾਨੂੰ ਓਹੋ ਹੀ ਪਹਿਲਾਂ ਵਾਲੀਆਂ ਸਹੂਲਤਾਂ ਮਿਲ ਗਈਆਂ।

ਉਸ ਸਮੇਂ ਇਹ ਨਿਸ਼ਚਾ ਹੋ ਗਿਆ ਕਿ ਔਰਤ ਦੇ ਮੁਕਾਬਲੇ ਤੇ ਮਰਦ ਦੀ ਜ਼ਿੰਦਗੀ ਕਿੰਨੀ ਕੀਮਤੀ ਹੈ?

ਯਥਾ: ਜਨਮਤਿ ਮਰਦ ਸੁ ਬੰਦ ਖਲਾਸੀ[1]। ਹਮ ਜ਼ਨਾਨੀਆਂ ਸਪਤ ਪ੍ਰਕਾਸ਼ੀ।
ਨਹਿੰ ਮੁਲਾਹਜਾ ਕਿਨਹਿੰ ਉਬਾਚੀ। ਯਾਂ ਤੇ ਧੰਨ ਸ਼ਮਸ਼ ਹੈ ਸਾਚੀ ॥੨੨॥

ਤਥਾ: ਜ਼ਨ ਜ਼ੁਲਮ ਜੰਮਹਿ ਲਾਨਤੁਹਿ ਸ਼ਬਹਿ ਰੋਜ਼ ਹਰਦੋ ਮਾਂਹਿ[2*]।
ਮਰਦਹਿ ਜੰਮਹਿ ਦਰ ਗੋਸ਼ ਖ਼ੈਰ ਕਰਦਮਹਿ[3]।
ਦਾੜ੍ਹੀ ਬੰਦਗੀ ਐਨ ਖ਼ੁਦਾਇ ਦੀਦਾਰ ਸ਼ੁਮਾਰਹਿ[4]।
ਬ਼ਗ਼ੈਰ ਦਾੜ੍ਹੀ ਸ਼ੈਤਾਨ ਬਿਸਾਹਸ ਨ ਕਰਦਮਹਿ[5] ॥੨੩॥ (ਸ੍ਰੀ ਗੁ.ਪ੍ਰ.ਸੂ. ਰੁਤਿ ੪ ਅੰਸੂ ੬)

ਭਾਵ ਔਰਤ ਦਾ ਉਤਪਤਿ ਹੋਣਾ ਹੀ ਜ਼ੁਲਮ ਹੈ। ਦਿਨ ਰਾਤ ਦੋ ਵੇਲਿਆਂ ਵਿੱਚ ਲਾਹਨਤ ਹੀ ਲਾਹਨਤ ਮਿਲਦੀ ਹੈ। ਆਦਮੀ ਉਤਪੰਨ ਹੋਵੇ ਤਾਂ ਗੋਸ਼ ਕੰਨਾਂ ਦੇ ਅੰਦਰ ਖੈਰ ਪੈਂਦੀ ਹੈ। ਦਾੜ੍ਹੀ ਰੱਖਣੀ ਖ਼ੁਦਾ ਦੀ ਬੰਦਗੀ ਤੁਲ ਹੈ। ਦਾਹੜੀ ਵਾਲੇ ਦਾ ਦੀਦਾਰ ਖ਼ੁਦਾ ਦਾ ਹੂ-ਬ-ਹੂ ਦੀਦਾਰ ਗਿਣਿਆ ਜਾਂਦਾ ਹੈ। ਜੋ ਦਾਹੜੀ ਸੇ ਬ਼ਗ਼ੈਰ ਉਹ ਸ਼ੈਤਾਨ ਹੈ। ਉਸ ਦਾ ਵਿਸਾਹ ਨਹੀਂ ਕਰਨਾ ਚਾਹੀਦਾ।

ਇਸੇ ਤਰ੍ਹਾਂ ਸੱਤ ਭੈਣਾਂ ਤੋਂ ਪਿੱਛੋਂ ਇਨ੍ਹਾਂ ਦੇ ਘਰ ਅੱਠਵਾਂ ਵੀਰ ਪੈਦਾ ਹੋਇਆ। ਤਦ ਇਹ ਪਰਵਾਰ ਦੇ ਸਾਰੇ

---

[1] ਬੰਧਨ ਤੋਂ ਛੁਟਕਾਰਾ ਹੋਯਾ।

[2] ਇਸਤ੍ਰੀ ਦਾ ਜੰਮਣਾ ਜ਼ੁਲਮ (ਉਤਰਨਾ ਹੈ), ਦਿਨ ਰਾਤ ਦੁਇ ਵੇਲਿਆਂ ਵਿਚ ਲਾਨਤ ਮਿਲਦੀ ਹੈ।

[*] ਪਾ: ਜ਼ਨ ਜੁਮਲ ਜੰਮਹਿ ਲਾਨਤੁਹਿ ਜ਼ਦਹ ਰੋਜ਼ ਹਰਦੁ ਮਾਹਿ।

[3] ਮਰਦ ਜੰਮੇ ਤਾਂ ਕੰਨਾਂ ਵਿਚ (ਵਧਾਈ ਦੀ ਸੋ ਪੈਂਦੀ ਹੈ ਤਾਂ ਸਾਰੇ ਆਖਦੇ ਹਨ) ਭਲਾ ਕੀਤਾ ਹੈ (ਰੱਬ ਨੇ)।

[4] (ਦਾੜੀ ਰੱਖਣੀ ਖ਼ੁਦਾ ਦੀ) ਬੰਦਗੀ (ਤੁੱਲ ਹੈ, ਦਾੜੀ ਵਾਲੇ ਦਾ ਦੀਦਾਰ) ਖ਼ੁਦਾ ਦਾ ਹੂਬਹੂ ਦੀਦਾਰ ਗਿਣਿਆ ਜਾਂਦਾ ਹੈ।

[5] (ਜੋ) ਬਿਨਾਂ ਦਾੜੀ ਦੇ ਹੈ (ਉਹ) ਸ਼ੈਤਾਨ ਹੈ ਉਸ ਦਾ ਵਿਸਾਹ ਨਹੀਂ ਕਰਨਾ ਚਾਹੀਏ।

ਮੈਂਬਰ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਲਈ ਉਤਾਵਲੇ ਹੋਏ ਨਿਤਾਪ੍ਰਤੀ ਰਾਹ ਤੱਕਦੇ ਸਨ। ਕਈ ਵਾਰੀ ਰਾਤ ਨੂੰ ਸੁੱਤਿਆਂ ਪਿਆਂ ਗੱਡੀ ਦੇ ਹਾਰਨ ਦੀ ਅਵਾਜ਼ ਉਭੜ ਵਾਹਿਆਂ ਉਠਾ ਬਿਠਾਉਂਦੀ। ਸਿੱਕਾ ਸਿੱਕਦਿਆਂ ਨੂੰ ਆ ਗਿਆ ਭਾਗਾਂ ਭਰਿਆ ਦਿਹਾੜਾ। ਨਿਰਧਨਾਂ ਦੀ ਪੂੰਜੀ, ਭੋਗ ਮੋਖ ਦਾ ਦਾਤਾ, ਪ੍ਰੇਮੀਆਂ ਦੇ ਪ੍ਰੇਮ ਦਾ ਬੱਝਾ ਗੱਡੀ ਵਿੱਚ ਅਸਵਾਰ ਹੋਇਆ ਆ ਰਿਹਾ ਹੈ। ਇਨ੍ਹਾਂ ਨੇ ਗੱਡੀ ਦੀ ਧੂੜ ਤੱਕੀ ਜੋ ਸਵਰਗੀ ਹਵਾ ਭਖਦੀ ਅਕਾਸ਼ ਚਾਰੀ ਬਿਬਾਨ, ਜਾਂ ਵਿਸ਼ਨੂੰ ਜੀ ਦੇ ਬਾਹਨ ਗਰੜ ਸਮਾਨ ਆ ਰਹੀ ਸੀ। ਇਸ ਨੇ ਰਸਤੇ ਵਿੱਚ ਪੱਲਾ ਵਿਛਾ ਦਿੱਤਾ। ਬੱਚਿਆਂ ਨੇ ਹੱਥ ਜੋੜੇ, ਸੂਝਵਾਨ ਡ੍ਰਾਈਵਰ ਨੇ ਰਸਤਾ ਰੁਕਿਆ ਜਾਣ ਕੇ ਗੱਡੀ ਨੂੰ ਬਰੇਕ ਮਾਰੇ। ਉਹ ਆਪਣੇ ਮਾਲਕ ਦੀ ਰਜ਼ਾ ਵਿਖੇ ਚਲਣ ਦਾ ਪ੍ਰਣ ਕਰ ਚੁਕਣ ਵਾਲੀ ਇੱਕ ਦਮ ਰੁਕ ਗਈ। ਗੱਡੀ ਦੀ ਅਵਾਜ਼ ਬੰਦ ਹੋਣ ਨਾਲ ਬੱਚਿਆਂ ਦੀ ਅਵਾਜ਼ ਗੂੰਜੀ। ਭੈਣਾਂ ਕਹਿਣ, "ਸਾਡਾ ਵੀਰ ਆ ਗਿਆ।" ਮਾਂ ਬੋਲੀ, "ਦਾਤਾ! ਜਗਤ ਵਿੱਚ ਸਾਂਝ ਰੱਖ ਦਿੱਤੀ।" ਇਤਨੇ ਨੂੰ ਹੋਰ ਲੋਕ ਆ ਇਕੱਠੇ ਹੋਏ। ਸਭਨਾਂ ਨੇ ਦਰਸ਼ਨ ਕੀਤਾ, ਮੱਥਾ ਟੇਕਿਆ। ਇਨ੍ਹਾਂ ਦੀਆਂ ਖ਼ੁਸ਼ੀਆਂ ਭਰੀਆਂ ਅਵਾਜ਼ਾਂ ਹੋਰ ਕਿਸੇ ਦੀ ਗੱਲ ਹੀ ਨਾ ਸੁਣਨ ਦੇਂਦੀਆਂ। ਹਜ਼ੂਰ ਨੇ ਕਿਹਾ ਬਸ, ਚੁੱਪ ਕਰੋ। ਕਿਸੇ ਨੂੰ ਅੱਗੇ ਨਹੀਂ ਦੱਸਣਾ। ਗੁਰੂ ਨਾਨਕ ਦੀ ਮੇਹਰ ਹੋਈ ਹੈ। ਉਹ ਸਦਾ ਹੀ ਨੀਵਿਆਂ ਨੂੰ ਉੱਚਿਆਂ ਚੁੱਕਣ ਵਾਲਾ ਮੇਹਰਾਂ ਦਾ ਖ਼ਜ਼ਾਨਾ ਬਖ਼ਸ਼ਿਸ਼ਾਂ ਦਾ ਭੰਡਾਰ ਹੈ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ *(ਸਿਰੀਰਾਗੁ ਮਃ ੧ - ੧੫)*

ਇਸ ਨੇ ਕਿਹਾ, "ਮਹਾਰਾਜ! ਆਪ ਕਹਿੰਦੇ ਹੋ, ਅੱਗੇ ਨਾ ਦੱਸੀਂ, ਮੈਂ ਤਾਂ ਸਾਰੇ ਹਾਪੜ ਵਿੱਚ ਰੌਲਾ ਪਾ ਚੁੱਕੀ ਹਾਂ। ਹੁਣ ਵੀ ਕੋਠੇ ਤੇ ਚੜ੍ਹ ਕੇ ਕੂਕਾਂਗੀ ਕਿ ਸੰਤਾਂ ਨੇ ਕ੍ਰਿਪਾ ਕੀਤੀ ਹੈ। ਹੋਰ ਭੀ ਕਿਸੇ ਦਾ ਭਲਾ ਹੋ ਜਾਵੇ।" ਇਤਨੇ ਨੂੰ ਧਰਤੀ ਤੇ ਲਾਠੀ ਟੇਕਦਾ ਬਿਰਧ ਉਮਰ ਵਿੱਚ ਬੱਚਿਆਂ ਦਾ ਨਾਨਾ ਅੱਗੇ ਵਧਿਆ। ਨਮਸ਼ਕਾਰ ਕਰ ਕੇ ਅਰਜ਼ ਕੀਤੀ, "ਮਹਾਰਾਜ! ਮੇਰੀ ਧੀ ਵੱਸਦੀ ਰੱਖ ਦਿੱਤੀ। ਸਾਰਾ ਟੱਬਰ ਰੋਜ਼ ਮੇਹਣੇ ਮਾਰਦਾ ਸੀ ਕਿ ਤੂੰ ਤਾਂ ਜਹਾਨ ਤੋਂ ਔਤਰਿਆਂ ਹੀ ਜਾਣਾ ਹੈ। ਪਰ ਆਪ ਨੇ ਮੇਰੀ ਧੀ ਸੌਤਰੀ ਬਣਾ ਦਿੱਤੀ।" ਉਸ ਨੇ ਏਹੋ ਜੇਹੇ ਸ਼ਰਧਾ ਭਰੇ ਹੋਰ ਵੀ ਬਹੁਤ ਸਾਰੇ ਬਚਨ ਕਹੇ ਪਰ ਮਾਨ ਅਪਮਾਨ ਤੋਂ ਪਰੇਡੇ ਰਹਿਣ ਦਾ ਉਪਦੇਸ਼ ਕਰਨ ਵਾਲਿਆਂ ਦੇ ਮਨ ਵਿੱਚ ਇਨ੍ਹਾਂ ਗੱਲਾਂ ਦਾ ਕੀ ਅਸਰ ਹੋ ਸਕਦਾ ਸੀ, ਉਹ ਸਦੀਵੀ ਏਹੋ ਹੀ ਕਹਿੰਦੇ ਹਨ।

ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥੪॥੧੦॥੪੯॥

(ਆਸਾ ਮਃ ੫ - ੩੮੩)

ਸੰਤ ਜੀ ਮਹਾਰਾਜ ਨੇ ਡ੍ਰਾਈਵਰ ਨੂੰ ਇਸ਼ਾਰਾ ਕੀਤਾ। ਉਸ ਦੇ ਹੁਕਮ ਵਿੱਚ ਗੱਡੀ ਅੱਗੇ ਚੱਲ ਪਈ ਅਤੇ ਆਪਣੀ ਨੀਅਤ ਥਾਂ ਹਜ਼ੂਰ ਦੇ ਭੋਰੇ ਅੱਗੇ ਜਾ ਖੜੀ ਹੋਈ, ਜਿੱਥੇ ਪਹਿਲਾਂ ਹੀ ਬੇਅੰਤ ਦਰਸ਼ਨਾਲੂਆਂ ਦੀ ਭੀੜ ਜੁੜੀ ਸੀ। ਆਪ ਜੀ ਨੇ ਦਰਸ਼ਨ ਦੇ ਕੇ ਸਭਨਾਂ ਦੀ ਮਨੋਕਾਮਨਾ ਪੂਰੀ ਕੀਤੀ। ਉਪਰੰਤ ਵਿਸ਼ਨੂੰ ਭਗਵਾਨ ਵਾਂਗ (ਬੈਕੁੰਠ ਭਵਰ) ਭੋਰੇ ਵਿੱਚ ਚਲੇ ਗਏ।

ਵਿਦਵਾਨ ਪੰਡਤ ਨੂੰ ਉਪਦੇਸ਼

ਸੰਤ ਜੀ ਮਹਾਰਾਜ ਦੀ ਹਾਪੜ ਰਿਹਾਇਸ਼ ਸੀ। ਹਜ਼ੂਰ ਦਾ ਪਾਵਨ ਜਸ ਸੁਣ ਕੇ ਇੱਕ ਵਿੱਦਿਆ ਅਭਿਮਾਨੀ ਪੰਡਤ ਆਇਆ ਤੇ ਨਮਸ਼ਕਾਰ ਕਰ ਪਾਸ ਬੈਠ ਗਿਆ। ਸੰਤ ਜੀ ਨੇ ਉਸ ਦਾ ਬੜਾ ਆਦਰ ਕੀਤਾ ਪਰ ਉਸ ਦੇ ਅੰਦਰ ਤਾਂ ਸ਼ਰਧਾ ਨਹੀਂ ਸੀ। ਹੁੱਜਤ ਕਰਨ ਵਾਸਤੇ ਆਇਆ ਸੀ। ਦਾਤੇ ਤੋਂ ਵੇਦਾਂਤ ਦੇ ਪ੍ਰਸ਼ਨ ਕਰ ਜੀਵ ਬ੍ਰਹਮ ਦੀ ਏਕਤਾ ਬਾਰੇ ਪੁੱਛਿਆ। ਉਸ ਦੇ ਪਾਸ ਤਾਂ ਕਿਤਾਬੀ ਗਿਆਨ ਸੀ। ਆਪ ਜੀ ਨੇ ਤਜਰਬੇ ਵਿੱਚ ਆਈ ਪ੍ਰੈਕਟੀਕਲ ਸਿੱਖਿਆ ਦੁਆਰਾ ਉਪਦੇਸ਼ ਕਰ ਸ਼ੰਕਾ ਨਵਿਰਤ ਕਰੀ। ਕੁੱਝ ਕੁ ਸ਼ਰਧਾ ਹੋ ਆਈ। ਫੇਰ ਉੱਤਮ ਸਿੱਖਿਆ ਦੇਣ ਵਾਸਤੇ ਆਪ ਜੀ ਨੇ ਉਸ ਪੰਡਿਤ ਤੋਂ ਪੁੱਛਿਆ, "ਤੁਸੀਂ ਕਿੱਥੇ ਰਹਿੰਦੇ ਹੋ? ਅਤੇ ਕੀ ਕਰਦੇ ਹੋ?" ਉਸ ਨੇ ਉੱਤਰ ਦਿੱਤਾ, "ਜੀ! ਮੈਂ ਪਹਿਲਾਂ ਹਰਿਦੁਆਰ ਤੇ ਬਨਾਰਸ ਰਹਿ ਕੇ ਪੰਝੀ ਤੀਹ ਸਾਲ ਸੰਸਕ੍ਰਿਤ ਵਿੱਦਿਆ ਨੂੰ ਪੜ੍ਹਦਾ ਰਿਹਾ। ਹੁਣ ਯੂ. ਪੀ. ਦੇ ਇਲਾਕੇ ਕਿਸੇ ਮੰਦਰ ਵਿੱਚ ਠਹਿਰਿਆ ਹੋਇਆ ਹਾਂ। ਦੋ ਸਮੇਂ ਭਗਤ ਲੋਕ ਆਉਂਦੇ ਹਨ, ਕਥਾ ਕਰਦਾ ਹਾਂ। ਭਜਨ ਸੁਣਾਉਂਦਾ ਹਾਂ, ਹੋਰ ਮੰਦਰ ਵਿੱਚ ਮੂਰਤੀ ਦੀ ਪੂਜਾ ਪ੍ਰਤਿਸ਼ਟਾ ਕਰਦਾ ਹਾਂ।" ਸੰਤ ਜੀ ਬੋਲੇ ਤੇ ਭੋਜਨ? ਉਸ ਨੇ ਕਿਹਾ, "ਉਨ ਭਗਤੋਂ ਕੇ ਘਰੋਂ ਸੇ ਭੋਜਨ ਮਾਂਗ ਕਰ ਖਾ ਲੇਤਾ ਹੂੰ।"

ਸੰਤ ਜੀ ਮੁਸਕਰਾ ਪਏ ਅਤੇ ਆਖਣ ਲੱਗੇ ਕਿ ਇਹ ਤਾਂ ਬੜੀ ਘਾਟੇ ਵਾਲੀ ਗੱਲ ਹੈ। ਕੰਮ ਕਰਨਾ ਰੱਬ ਦਾ (ਕਥਾ ਕੀਰਤਨ ਤੇ ਪੂਜਾ ਪ੍ਰਤਿਸ਼ਟਾ) ਰੋਟੀ ਮੰਗਣੀ ਲੋਕਾਂ ਤੋਂ। ਹਾ ਹਾ! ਕੀ ਤੁਹਾਨੂੰ ਆਪਣੀ ਪ੍ਰਾਰਬੱਧ ਤੇ ਇਤਨਾ ਵੀ

ਨਿਸ਼ਚਾ ਨਹੀਂ ਕਿ ਮੈਂ ਜਿਸ ਪ੍ਰਮੇਸ਼ਰ ਦਾ ਭਜਨ ਸਿਮਰਨ, ਕਥਾ ਕੀਰਤਨ ਤੇ ਹੋਰ ਪੂਜਾ ਪਤ੍ਰਿਸ਼ਟਾ ਆਦਿ ਕੰਮ ਕਰਦਾ ਹਾਂ, ਉਹ ਮੈਨੂੰ ਬੈਠੇ ਨੂੰ ਰੋਟੀ ਵੀ ਨਹੀਂ ਪੁਚਾ ਸਕੇਗਾ? ਇਹ ਤਾਂ ਹਰ ਇੱਕ ਜੀਵ ਨੂੰ ਜਿੱਥੇ ਵੀ ਕੋਈ ਬੈਠਾ ਹੈ ਰੋਜ਼ੀ ਨੂੰ ਪੁਚਾਉਣੀ ਉਸ ਦੀ ਡਿਊਟੀ ਹੈ।

ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ ॥ *(ਸਾਰੰਗ ਮਃ ੫ - ੧੨੩੫)*

ਮਨੁੱਖ ਦਾ ਫ਼ਰਜ਼ ਹੈ ਉਸ ਦਾ ਸ਼ੁਕਰਾਨਾ ਕਰਨਾ। ਇਹ ਤਾਂ ਗੱਲ ਹੀ ਉਲਟ ਹੈ, ਉਸ ਦਾ ਸ਼ੁਕਰਾਨਾ ਛੱਡ ਕੇ ਉਸ ਦੀ ਡਿਊਟੀ ਆਪ ਕਰਦੇ ਹੋ। ਫਿਰ ਉਹ ਤੁਹਾਡੀ ਪਾਲਣਾ ਪੋਸਣਾ ਦੀ ਚਿੰਤਾ ਕਿਉਂ ਕਰੇ? ਤੁਸੀਂ ਤਾਂ ਰੋਜ਼ ਆਪ ਸੁਣਾਉਂਦੇ ਹੋ:

ਮੁਰਦੇ ਕੋ ਪ੍ਰਭ ਦੇਤ ਹੈ ਲੱਕੜੀ ਕਪੜਾ ਆਗ। ਜੋ ਜੀਵਤ ਚਿੰਤਾ ਕਰੇ ਤਾਕੋ ਬਡੋ ਅਭਾਗ।

ਤਥਾ: ਅਜਗਰ ਕਰੇ ਨ ਚਾਕਰੀ ਪੰਛੀ ਕਰੇ ਨ ਕਾਮ। ਦਾਸ ਮਲੂਕਾ ਇਉਂ ਕਹੇ ਸਭ ਕਾ ਦਾਤਾ ਰਾਮ।

ਜੇ ਰੱਬ ਤੇ ਭਰੋਸਾ ਨਹੀਂ ਕਰਦਾ ਤਦੇ ਹੀ ਮਨੁੱਖ ਦੁਖੀ ਹੋ ਰਿਹਾ ਹੈ। ਜੇਕਰ ਇਸ ਨੂੰ ਆਪਣੀ ਪ੍ਰਾਰਬੱਧ ਉੱਪਰ ਹੀ ਨਿਸ਼ਚਾ ਨਹੀਂ, ਫਿਰ ਤਾਂ ਇਸ ਦਾ ਪੜ੍ਹਨਾ ਸੁਣਨਾ ਹੀ ਨਿਸਫ਼ਲ ਹੈ। ਇਹ ਬਚਨ ਸੁਣ ਕੇ ਉਹ ਪੰਡਿਤ ਬੜਾ ਸ਼ਰਮਿੰਦਾ ਹੋਇਆ। ਆਪ ਜੀ ਕਹਿਣ ਲੱਗੇ, "ਪੰਡਿਤ ਜੀ! ਪ੍ਰਮਾਰਥੀ ਪਾਂਧੀ ਦਾ ਇਹ ਨਿਸ਼ਚਾ ਹੋਣਾ ਚਾਹੀਦਾ ਹੈ ਕਿ ਜਿਸ ਸਿਰਜਨਹਾਰ ਪ੍ਰਮੇਸ਼ਰ ਨੇ ਜੀਵ ਸਿਰਜੇ ਹਨ ਉਨ੍ਹਾਂ ਦੀ ਪਾਲਣਾ ਦਾ ਫ਼ਿਕਰ ਵੀ ਉਸ ਨੂੰ ਆਪ ਹੀ ਹੈ। ਦੇਖੋ ਬੱਚਾ ਜੰਮਦਾ ਪਿੱਛੋਂ ਹੈ ਪਰ ਉਸ ਦੀ ਮਾਤਾ ਦੇ ਅਸਥਾਨਾਂ ਵਿੱਚ ਦੁੱਧ ਪਹਿਲੇ ਭਰ ਜਾਂਦਾ ਹੈ। ਆਪ ਤਾਂ ਰੋਜ਼ ਕਥਾ ਵਾਰਤਾ ਸੁਣਾਉਂਦੇ ਹੋ।"

ਦਸਮ ਪਾਤਿਸ਼ਾਹ ਜੀ ਦੇ ਅਨਿੰਨ ਸੇਵਕ, ਪੂਰਨ ਬ੍ਰਹਮਗਿਆਨੀ ਭਾਈ ਘਨ੍ਹਈਆ ਸਾਹਿਬ ਜੀ ਹੋਏ ਹਨ ਜੋ ਆਪਣੇ ਪਰਮ ਪ੍ਰੀਤਵਾਨ ਆਗਿਆ ਪਾਲਕ ਸੇਵਕ ਭਾਈ ਸੇਵਾ ਰਾਮ ਜੀ ਨੂੰ ਆਖਿਆ ਕਰਦੇ ਸਨ ਕਿ ਭਾਈ! ਹੱਥ ਕਰਕੇ, ਸੈਨਤ ਦੁਆਰਾ ਜਾਂ ਬੋਲ ਕੇ ਕਿਸੇ ਪਾਸੋਂ ਕੁੱਝ ਮੰਗਣਾ ਹੈ, ਇਹ ਪ੍ਰਮੇਸ਼ਰ ਦੇ ਦਾਤਾ ਹੋਣ ਪਰ ਬੇ ਯਕੀਨੀ ਕਰਨਾ ਹੈ। ਜੇਕਰ ਅਵੱਸ਼ ਮੰਗਣਾ ਬਣ ਜਾਏ ਤਾਂ ਪ੍ਰਮੇਸ਼ਰ ਤੋਂ ਮੰਗੋ ਜੋ ਸਭ ਨੂੰ ਦਿੰਦਾ ਹੈ।

ਸਾਧੂ ਦੀ ਤਾਂ ਅਸਲ ਅਵਸਥਾ ਹੀ ਇਹ ਹੈ ਕਿ ਜੇ ਕੋਈ ਉਸ ਤੋਂ ਪੁੱਛੇ ਕਿ ਭੋਜਨ ਪਾਓਗੇ? ਤਾਂ ਕਹਿ ਦੇਵੋ ਕਿ ਪਾਇਆ ਹੈ। ਕਿਉਂਕਿ ਹੁਣ ਤੱਕ ਛਕਦਿਆਂ ਹੀ ਇਤਨਾ ਵੱਡਾ ਸਰੀਰ ਹੋਇਆ ਹੈ। ਹਾਂ! ਜੇ ਕੋਈ ਸਾਹਮਣੇ ਲਿਆ ਰੱਖੇ ਕਿ ਖਾਓ ਤਾਂ ਬੇਸ਼ਕ ਛਕ ਲਵੋ ਪਰ ਇਹ ਨਾ ਵੇਖੋ ਕਿ ਇਹ ਮਿੱਠਾ ਹੈ ਜਾਂ ਸਲੂਣਾ ਹੈ, ਖ਼ੁਸ਼ਕ ਹੈ ਜਾਂ ਕੌੜਾ ਹੈ। ਉਸ ਸਮੇਂ ਇਹ ਨਾ ਚਾਹੋ ਕਿ ਭੋਜਨ ਤੁਹਾਡੀ ਜੀਭ ਦੇ ਅਨੁਕੂਲ ਹੋਵੇ। ਜੀਭ ਨੂੰ ਭੋਜਨ ਦੇ ਅਨੁਸਾਰ ਬਣਾ ਲਵੋ।

ਜਿਵੇਂ ਉਨ੍ਹਾਂ ਦੇ ਜੀਵਨ ਵਿੱਚ ਪ੍ਰਸੰਗ ਆਉਂਦਾ ਹੈ ਕਿ ਇੱਕ ਵਾਰੀ ਭਾਈ ਘਨ੍ਹਈਆ ਸਾਹਿਬ ਜੀ ਅਤੇ ਉਨ੍ਹਾਂ ਦੇ ਸੇਵਕ ਭਾਈ ਸੇਵਾ ਰਾਮ ਜੀ ਇਕੱਠੇ ਕਿਸੇ ਥਾਂ ਗਏ। ਇੱਕ ਪ੍ਰੇਮੀ ਨੇ ਭੋਜਨ ਵਾਸਤੇ ਬੇਨਤੀ ਕੀਤੀ। ਆਪ ਮੰਨ ਗਏ। ਜਦੋਂ ਉਸ ਦੇ ਘਰ ਗਏ ਤਾਂ ਉਸ ਨੇ ਬੜੇ ਸਤਿਕਾਰ ਨਾਲ ਬਿਠਾਇਆ। ਘਰ ਵਾਲੀ ਨੇ ਥਾਲਾਂ ਵਿੱਚ ਖੀਰ ਪ੍ਰੋਸ ਰੱਖੀ ਸੀ ਅਤੇ ਭੁਲੇਖੇ ਨਾਲ, ਪੀਸੀ ਖੰਡ ਦੀ ਥਾਂ ਇੱਕ ਮੁੱਠੀ ਲੂਣ ਦੀ ਉੱਪਰ ਧੂੜ ਦਿੱਤੀ, ਕਿਉਂਕਿ ਦੋਵੇਂ ਬਰਤਨ ਇੱਕੋ ਥਾਂ ਪਏ ਸਨ। ਥਾਲ ਲਿਆਂਦੇ ਗਏ, ਅਤਿ ਦਾ ਲੂਣ ਪਿਆ ਹੋਣ ਕਰਕੇ ਖੀਰ ਕੌੜੀ ਹੋ ਚੁੱਕੀ ਸੀ ਪਰ ਭਾਈ ਸਾਹਿਬ ਬਿਨਾਂ ਵਿਚਾਰ ਕੀਤਿਆਂ ਥਾਲੀ ਵਿੱਚ ਪਈ ਸਾਰੀ ਖੀਰ ਖਾ ਗਏ। ਕੁੱਝ ਨਹੀਂ ਜਣਾਇਆ ਅਤੇ ਚੁਲਾ ਪੜ੍ਹ ਕੇ ਘਰੋਂ ਚੱਲ ਪਏ। ਜਦੋਂ ਘਰ ਵਾਲੇ ਪ੍ਰੇਮੀ ਆਪ ਖੀਰ ਖਾਣ ਲੱਗੇ ਤਾਂ ਹੋਈ ਗ਼ਲਤੀ ਦੀ ਸੋਝੀ ਪਈ। ਦੋਵੇਂ ਜੀਅ ਬੜਾ ਪਛਤਾਵਾ ਕਰਨ ਲੱਗੇ ਕਿ ਦੇਖੋ ਕਿਤਨੀ ਵੱਡੀ ਭੁੱਲ ਹੋ ਗਈ, ਭੋਜਨ ਵਿੱਚੇ ਛੱਡ ਕੇ ਭਾਈ ਸਾਹਿਬ ਦੇ ਮਗਰ ਭੱਜੇ ਅਤੇ ਚਰਨਾਂ ਤੇ ਡਿੱਗ ਨੇਤਰਾਂ ਦੇ ਹੰਝੂਆਂ ਨਾਲ ਚਰਨ ਗਿੱਲੇ ਕਰ ਦਿੱਤੇ ਅਤੇ ਲੱਗੇ ਪਸ਼ਚਾਤਾਪ ਕਰਣ।

ਭਾਈ ਘਨ੍ਹਈਆ ਸਾਹਿਬ ਜੀ ਬੋਲੇ, ਇਸ ਵਿੱਚ ਪਛਤਾਉਣ ਦੀ ਕਿਹੜੀ ਗੱਲ ਹੈ, ਕਿਉਂਕਿ ਤੁਹਾਡੀ ਭਾਵਨਾ ਖੰਡ ਪਾ ਕੇ ਖੀਰ ਖੁਆਉਣ ਦੀ ਸੀ ਅਤੇ ਤੁਸਾਂ ਵੀ ਖੰਡ ਜਾਣ ਕੇ ਹੀ ਉੱਪਰ ਪਾਇਆ ਸੀ। ਜੇਕਰ ਉਹ ਖੰਡ ਦਾ ਲੂਣ ਬਣ ਗਿਆ ਇਸ ਵਿੱਚ ਤੁਹਾਡਾ ਕੀ ਦੋਸ਼? ਸਾਡੀ ਪ੍ਰਾਰਬੱਧ ਹੀ ਲੂਣ ਖਾਣ ਦੀ ਸੀ, ਅਸੀਂ ਫਿਰ ਖੰਡ ਕਿਵੇਂ ਖਾਂਦੇ।

ਤਾਂ ਉਸ ਪ੍ਰੇਮੀ ਨੇ ਕਿਹਾ, "ਮਹਾਰਾਜ! ਤੁਸਾਂ ਉਸ ਸਮੇਂ ਕਿਉਂ ਨਾ ਦੱਸਿਆ ਕਿ ਖੀਰ ਕੌੜੀ ਹੈ?" ਭਾਈ ਸਾਹਿਬ ਜੀ ਬੋਲੇ ਤੁਸਾਂ ਜੋ ਅਲੂਣਾ ਸਲੂਣਾ ਸਾਹਮਣੇ ਰੱਖਿਆ ਉਹ ਅੰਗੀਕਾਰ ਕਰਨਾ ਸਾਡਾ ਧਰਮ ਸੀ। ਉਹੋ ਸਾਡੇ ਵਾਸਤੇ ਪ੍ਰਸ਼ਾਦ ਸੀ। ਜੇਕਰ ਅਸੀਂ ਆਪਣੀ ਜੀਭ ਦੇ ਰਸ ਮਗਰ ਲੱਗ ਕੇ ਤੁਹਾਨੂੰ ਕਹਿੰਦੇ, "ਇਹ ਤਾਂ ਕੌੜੀ ਹੈ, ਇਸ ਵਿੱਚ ਖੰਡ ਪਾਓ। ਫਿਰ ਇਹ ਪ੍ਰਸ਼ਾਦ ਨਾ ਰਹਿੰਦਾ, ਸਵੈ-ਇੱਛਤ ਭੋਜਨ ਬਣ ਜਾਂਦਾ। ਫਿਰ ਪ੍ਰਮੇਸ਼ਰ ਸਾਨੂੰ ਨਿਤਾਪ੍ਰਤੀ ਸੁਆਦੀ ਭੋਜਨ

ਖੁਆਉਂਦਾ ਹੈ। ਜੇਕਰ ਇੱਕ ਦਿਨ ਕੌੜਾ ਖੁਆ ਦਿੱਤਾ ਤਾਂ ਫਿਰ ਕੀ ਹੋ ਗਿਆ। ਜੇ ਅਸੀਂ ਇੱਕ ਦਿਨ ਕੌੜੇ ਖਾਣ ਦਾ ਬੁਰਾ ਮਨਾਈਏ ਤਾਂ ਸਾਡੇ ਲਈ ਇਸ ਤੋਂ ਵੱਡਾ ਨਾ ਸ਼ੁਕਰਾਨਾ ਕੀ ਹੁੰਦਾ। ਸੋ ਤੇਰੀ ਸੇਵਾ ਪ੍ਰਵਾਨ ਹੋ ਗਈ, ਤੂੰ ਕੋਈ ਚਿੰਤਾ ਨਾ ਕਰ।" ਉਹ ਪ੍ਰੇਮੀ ਭਾਈ ਜੀ ਨਮਸ਼ਕਾਰ ਕਰ ਕੇ ਵਾਪਸ ਆਪਣੇ ਘਰ ਆ ਗਿਆ। ਧੰਨ ਹਨ ਇਹੋ ਜਿਹੇ ਤਿਆਗੀ ਵੈਰਾਗੀ ਮਹਾਂਪੁਰਸ਼।

ਸਾਧੂ ਦੀ ਤਾਂ ਏਥੋਂ ਤੱਕ ਨਿਮਰਤਾ ਹੁੰਦੀ ਹੈ ਕਿ ਕਿਸੇ ਮਹਾਂਪੁਰਸ਼ ਦੇ ਪਾਸ (ਜੋ ਬੜੀ ਨਿਮਰਤਾ ਗ਼ਰੀਬੀ ਧਾਰਨ ਕਰ ਨੀਵੇਂ ਨੇੜ੍ਹੀ ਦਾਨ ਕਰ ਰਿਹਾ ਸੀ) ਅਤੇ ਅੱਠੇ ਪਹਿਰ ਅੰਨ ਦਾ ਛੇਤਰ ਚੱਲਦਾ ਸੀ, ਇੱਕ ਪ੍ਰੇਮੀ ਸਿੱਖ ਨੇ ਬੇਨਤੀ ਕੀਤੀ:

ਚਾਰੋਂ ਦਰ ਮੇਂ ਦੇਤ ਹੋ, ਕਰ ਕੇ ਨੀਚੇ ਨੈਣ। ਕਹੁ ਕਾਹੂੰ ਤੇ ਸੀਖਿਓ, ਯਾ ਬਿਧ ਕੋ ਜੋ ਦੇਣ?

ਤਾਂ ਉਨ੍ਹਾਂ ਨੇ ਉੱਤਰ ਦਿੱਤਾ:

ਸਾਂਈ ਸਭ ਕੋ ਦੇਤ ਹੈ ਪੋਖਤ ਦਿਨ ਸਭ ਰੈਣ। ਲੋਕ ਨਾਮ ਮੇਰੋ ਕਹੈ ਯਾ ਤੇ ਨੀਚੇ ਨੈਣ।

ਇਹ ਹੈ ਅਸਲੀ ਪੂਰਨ ਮਹਾਂਪੁਰਸ਼ਾਂ ਦੀ ਨਿਸ਼ਾਨੀ ਕਿ ਕਰ ਕੇ ਕੁੱਝ ਬਣਨਾ ਨਹੀਂ। ਦਾਨ ਕਰ ਕੇ ਜਨੌਣਾ ਨਹੀਂ। ਸੋ ਸੰਤੋ! ਤੁਹਾਨੂੰ ਵੀ ਪ੍ਰਮੇਸ਼ਰ ਦੇ ਹੁਕਮ ਵਿੱਚ ਰਹਿਣਾ ਚਾਹੀਦਾ ਹੈ ਕਿਉਂਕਿ ਜੋ ਕੁੱਝ ਵਰਤਦਾ ਹੈ ਉਹ ਉਸ ਦੀ ਰਜ਼ਾ ਤੇ ਹੁਕਮ ਵਿੱਚ ਵਰਤ ਰਿਹਾ ਹੈ। ਸੋ ਸਾਧੂ ਨੂੰ ਚਾਹੀਦਾ ਹੈ ਕਿ ਉਸ ਦੇ ਹੁਕਮ ਅੱਗੇ ਸਿਰ ਝੁਕਾਵੇ।

ਮਹਾਂਪੁਰਸ਼ਾਂ ਦੀ ਅਮਲੋਕ ਰਸਨਾ ਤੋਂ ਇਸ ਪ੍ਰਕਾਰ ਦੇ ਸਾਰ ਰੂਪ ਬਚਨ ਸੁਣ ਕੇ ਉਸ ਪੰਡਿਤ ਦਾ ਹਿਰਦਾ ਗਦ ਗਦ ਹੋ ਗਿਆ। ਉਪਰੰਤ ਸੰਤ ਜੀ ਮਹਾਰਾਜ ਨੇ ਫੇਰ ਬਚਨ ਕੀਤਾ ਕਿ ਪੰਡਿਤ ਜੀ! ਤੁਲਸੀ ਦਾਸ ਜੀ ਵੀ ਮੰਗਣ ਨੂੰ ਮਾੜਾ ਹੀ ਦੱਸਦੇ ਹਨ।

ਯਥਾ: ਤੁਲਸੀ ਕਰ ਪਰ ਕਰ ਕਰੋ, ਕਰ ਤਰ ਕਰ ਨਾ ਕਰੋ।

ਜਾ ਦਿਨ ਕਰ ਤਰ ਕਰ ਕਰੋ, ਤਾਂ ਦਿਨ ਮਰਨ ਕਰੋ।

ਭਾਵ ਦੂਜੇ ਨੂੰ ਦਾਨ ਦੇਣ ਵਾਸਤੇ ਉਸ ਦੇ ਹੱਥ ਉੱਪਰ ਆਪਣੇ ਹੱਥ ਉੱਚਾ ਰੱਖੋ। ਜਿਸ ਦਿਨ ਦੂਜੇ ਤੋਂ ਮੰਗਣ ਵਾਸਤੇ ਉਸ ਦੇ ਹੱਥਾਂ ਹੇਠਾਂ ਆਪਣੇ ਹੱਥ ਅੱਡਣੇ ਹਨ, ਉਸ ਨਾਲੋਂ ਤਾਂ ਮਰਣਾ ਹੀ ਚੰਗਾ ਹੈ। ਇਹ ਬਚਨ ਸੁਣ ਕੇ ਉਸ ਸੰਤ ਦੇ ਮਨ ਤੇ ਬੜਾ ਅਸਰ ਹੋਇਆ ਅੱਗੇ ਵਾਸਤੇ ਪ੍ਰਾਰਬੱਧ ਤੇ ਨਿਸਚਾ ਕਰਨ ਲੱਗਾ। ਅਤੇ ਪਾਵਨ ਚਰਨਾਂ ਤੇ ਸੀਸ ਰੱਖ ਨਮਸ਼ਕਾਰ ਕੀਤੀ ਕੁੱਝ ਕੁ ਸਮਾਂ ਠਹਿਰ ਉਪਰੰਤ ਜਸ ਕਰਦਾ ਵਾਪਸ ਚਲਾ ਗਿਆ।

ਸੰਭਾਲਕਾ

ਇਕਲਾਹੀ ਪਿੰਡ ਦਾ (ਜੋ ਖੰਨੇ ਕੋਲ ਹੈ) ਸ. ਰਾਮ ਸਿੰਘ ਤੇ ਉਸ ਦਾ ਛੋਟਾ ਭਰਾ ਸ. ਛੱਜੂ ਸਿੰਘ ਸੰਤ ਜੀ ਮਹਾਰਾਜ ਦੇ ਪ੍ਰੇਮੀ ਸਨ। ਪਹਿਲਾਂ ਇਹ ਗ਼ਰੀਬੀ ਦੀ ਹਾਲਤ ਵਿੱਚ ਦਿਹਾੜੀਆਂ ਕਰਦੇ, ਹਲਟਾਂ ਦੀਆਂ ਟਿੰਡਾਂ ਬਣਾਉਂਦੇ, ਪਿੰਡੋਂ ਨਿੱਕਲੇ। ਕਟਾਹਰੀ ਵਾਲੇ ਸ. ਘਨੱਈਆ ਸਿੰਘ ਤੇ ਹਰੀ ਸਿੰਘ ਰਾਮਗੜ੍ਹੀਏ ਨਾਲ ਬਟਾਲੇ ਸਾਂਝਾ ਕੰਮ ਕਰਨ ਲੱਗ ਪਏ। ਫੇਰ ੧੯੪੦ ਈ. ਦੇ ਕਰੀਬ ਸੰਭਾਲਕੇ ਆ ਕੇ ਪੱਕੀ ਰਿਹਾਇਸ਼ ਕਰ ਲਈ ਏਥੇ ਵੀ ਉਹੋ ਹੀ ਕੰਮ ਸ਼ੁਰੂ ਕਰ ਲਿਆ।

ਸੰਭਾਲਕੇ ਵਾਲੇ ਸ. ਰਾਮ ਸਿੰਘ ਦੇ ਦੋ ਲੜਕੇ ਸਨ ਅਤੇ ਮਹਿੰਦਰ ਕੌਰ ਇੱਕ ਲੜਕੀ ਸੀ ਜੋ ਹਾਪੜ ਵਾਲੇ ਸ. ਮਲਕੀਤ ਸਿੰਘ ਨੂੰ ਵਿਆਹ ਦਿੱਤੀ। ਇਸ ਬੀਬੀ ਦੀ ਸੰਗਤ ਤੇ ਪ੍ਰੇਰਨਾ ਦੁਆਰਾ ਹੀ ਸੰਭਾਲਕੇ ਵਾਲੇ ੧੯੬੫ ਈ. ਵਿੱਚ ਹਜ਼ੂਰ ਦੇ ਦਰਸ਼ਨ ਕਰ ਕੇ ਸਾਰਾ ਪ੍ਰਵਾਰ ਪ੍ਰੇਮੀ ਬਣ ਗਿਆ। ਨਾਮ ਦੀ ਦਾਤ ਪ੍ਰਾਪਤ ਕਰੀ। ਅੰਮ੍ਰਿਤ ਛਕਿਆ। ਪੂਰਨ ਭਾਵਨਾ ਰੱਖਣ ਲੱਗ ਪਏ। ਸੰਤ ਜੀ ਮਹਾਰਾਜ ਵੀ ਜਦੋਂ ਪੰਜਾਬ ਤੋਂ ਦਿੱਲੀ ਜਾਂ ਹਾਪੜ ਵੱਲ ਔਣ ਤਾਂ ਇਨ੍ਹਾਂ ਨੂੰ ਪਹਿਲਾਂ ਪਤਾ ਲੱਗ ਜਾਂਦਾ ਔਂਦਿਆਂ ਜਾਂ ਜਾਂਦਿਆਂ ਇੱਕ ਵਾਰੀ ਹਜ਼ੂਰ ਦੇ ਜਥੇ ਸਮੇਤ ਘਰ ਵਿੱਚ ਚਰਨ ਪੁਆ ਸੇਵਾ ਕਰਣੀ। ਕੰਮ ਵੀ ਵਧਣ ਲੱਗ ਪਿਆ। ਟੋਕਾ ਕੱਟਣ ਵਾਲੀਆਂ ਨਵੀਆਂ ਮਸ਼ੀਨਾਂ ਤਿਆਰ ਕਰਦੇ ਹਨ। ਬੜੀ ਸੇਲ ਹੈ, ਘਰ ਦੇ ਮਕਾਨ ਬਣਾ ਲਏ।

ਗਜਰੌਲਾ

ਗੁਰਦੁਆਰਾ 'ਸਾਧ ਸੰਗਤ ਅਲੀਪੁਰ ਚੌਪਾਲਾ, ਗਜਰੌਲਾ' (ਜ਼ਿਲ੍ਹਾ ਮੁਰਾਦਾਬਾਦ) ਇਸ ਪਾਵਨ ਅਸਥਾਨ ਦੀ ਨੀਂਹ ੧੧-੩-੭੩ ਨੂੰ ਸੰਤ ਮਹਾਰਾਜ ਨੇ ਆਪਣੇ ਕਰ ਕਮਲਾਂ ਦੁਆਰਾ ਰੱਖੀ। ਜਿਸ ਅਸਥਾਨ ਦੀ ਦੂਸਰੇ ਹੀ ਦਿਨ ੧੨-੩-੭੩ ਨੂੰ ਕਮੇਟੀ ਬਣ ਗਈ ਅਤੇ ਸਰਬ ਸੰਮਤੀ ਨਾਲ ਚੁਣੇ ਹੋਏ ਸੱਜਣ ਹਾਪੜ ਪਹੁੰਚ ਕੇ ਮਹਾਰਾਜ ਨੂੰ ਮਿਲੇ ਅਤੇ

ਨਿਸ਼ਕਾਮ ਸੇਵਾ ਕਰਨ ਵਾਸਤੇ ਅਸ਼ੀਰਵਾਦ ਲਈ।

ਇਸ ਸੇਵਾ ਵਿੱਚ ੧੧੦੧ ਰੁਪੈ ਸੰਤ ਜੀ ਮਹਾਰਾਜ ਵੱਲੋਂ ਭੇਟਾ ਕੀਤੇ ਗਏ ਅਤੇ ਇੱਕ ਕਮਰੇ, ਪਾਲਕੀ ਅਤੇ ਪੱਖੇ ਦੀ ਸੇਵਾ ਸਹਾਰਾ ਮਸ਼ੀਨ ਦੇ ਮਾਲਕ ਸ. ਇੰਡਸਟਰੀ ਹਾਪੜ ਵਲੋਂ ਹੋਈ ਜੋ ੧੧੦੦੦ ਦੇ ਲਗਭਗ ਖ਼ਰਚ ਆ ਗਿਆ। ਬਾਕੀ ਦੋ ਕਮਰੇ ਅਤੇ ਦੋ ਦੁਕਾਨਾਂ ਦੀ ਸੇਵਾ ਸਰਬਤ ਸੰਗਤ ਵੱਲੋਂ ਹੋਈ। ਇਸ ਸੇਵਾ ਵਿੱਚ ਸੰਤ ਜੀ ਮਹਾਰਾਜ ਦੇ ਸਤਿਸੰਗੀ ਖ਼ਾਸ ਕਰ ਮੇਰਠ, ਹਾਪੜ ਤੇ ਮੁਰਾਦਾਬਾਦ ਵਾਲਿਆਂ ਨੇ ਹਿੱਸਾ ਪਾਇਆ।

ਸ. ਸੁਰਮੁਖ ਸਿੰਘ ਦੀ ਰਿਹਾਇਸ਼ ਵੀ ਗੁਰਦੁਆਰੇ ਦੇ ਨਜਦੀਕ ਗਰੇਵਾਲ ਫਾਰਮ ਵਿੱਚ ਸੀ ਜਿੱਥੇ ਸੰਤ ਜੀ ਮਹਾਰਾਜ ਨੇ ਹਾਪੜ ਤੇ ਮੁਰਾਦਾਬਾਦ ਨੂੰ ਜਾਂਦਿਆਂ ਕਈ ਵਾਰ ਚਰਨ ਪਾਏ। ਇਸ ਨਗਰ ਵਿੱਚ ਸ. ਬਲਵੰਤ ਸਿੰਘ ਭਗਤ, ਈਸਨਪੁਰ ਰਹਿੰਦੇ ਸਨ। ਇਸ ਦੇ ਘਰ ਕਈ ਲੜਕੀਆਂ ਤੋਂ ਬਾਅਦ ਹਜ਼ੂਰ ਦੇ ਬਚਨਾਂ ਨਾਲ ਧੰਨਾ ਸਿੰਘ ਦਾ ਜਨਮ ਹੋਇਆ।

ਸ. ਚੰਨਣ ਸਿੰਘ ਇਕਲਾਹੀ ਅਤੇ ਸ. ਭਾਨ ਸਿੰਘ ਨੰਗਲ ਦੇ ਘਰ ਵੀ ਚਰਨ ਪਾਏ। ਸੇਠ ਰਾਮ ਸ਼ਰਨ ਦੀ ਬੇਨਤੀ ਮੰਨ ਕੇ ਉਸ ਦੇ ਘਰ ਨੂੰ ਵੀ ਪਵਿੱਤਰ ਕੀਤਾ।

ਧੀਰ ਸਿੰਘ ਵਕੀਲ ਤੇ ਮਹਿੰਦਰ ਸਿੰਘ ਨੂੰ ਬਖ਼ਸ਼ਿਸ਼

ਦੌਰਾਲੇ ਨਗਰ ਤੋਂ ਸਿਰਫ ਇੱਕ ਮੀਲ ਤੇ ਮਟੌੜ ਨਾਮ ਦਾ ਪਿੰਡ ਹੈ, ਇਥੋਂ ਦਾ ਇੱਕ ਵਕੀਲ ਧੀਰ ਸਿੰਘ ਚੌਹਾਨ ਵੀ ਸੰਤ ਜੀ ਮਹਾਰਾਜ ਦਾ ਸ਼ਰਧਾਲੂ ਬਣਿਆ। ੧੯੬੮ ਈ. ਵਿੱਚ ਕ੍ਰਿਪਾ ਨਿਧਾਨ ਦੇ ਚਰਨਾਂ ਵਿੱਚ ਪੁੱਜਿਆ ਤੇ ਅਰਜ਼ ਕਰੀ, "ਦਾਤਾ! ਘਰ ਵਿੱਚ ਅੱਠ ਲੜਕੀਆਂ ਹੀ ਹਨ। ਲੜਕੇ ਦਾ ਮੂੰਹ ਦੇਖਣ ਲਈ ਤਰਸਦਾ ਹਾਂ।" ਹਜ਼ੂਰ ਨੇ ਇਸ ਦੇ ਹੰਝੂ ਤੱਕੇ, ਧੀਰਜ ਬਖ਼ਸ਼ਿਆ ਤੇ ਕਿਹਾ, "ਪ੍ਰੇਮੀਆਂ! ਚਿੰਤਾ ਨਾ ਕਰ, ਗੁਰੂ ਭਲੀ ਕਰੇਗਾ, ਗੁਰੂ ਨਾਨਕ ਦਾ ਭੰਡਾਰਾ ਬਹੁਤਾ ਵੱਡਾ ਹੈ।" ਆਪਣੇ ਹੱਥੀਂ ਫ਼ਲਾਂ ਦਾ ਪ੍ਰਸ਼ਾਦ ਦੇ ਕੇ ਕਿਹਾ, "ਜਾਹ ਘਰ ਵਾਲੀ ਨੂੰ ਛਕਾ ਦੇਵੀਂ। ਦੋਵੇਂ ਜੀਅ ਸਵੇਰੇ ਇਸ਼ਨਾਨ ਪਾਣੀ ਕਰ ਕੇ ਸੁਚੇ ਮੂੰਹ ਮੂਲ ਮੰਤ੍ਰ ਦੀਆਂ ਛੇ ਛੇ ਮਾਲਾ ਕਰ ਕੇ ਹਰ ਰੋਜ਼ ਅਰਦਾਸ ਕਰਿਆ ਕਰੋ।"

ਅਰਦਾਸ

ਭਗਤ ਤਾਂ ਹਰੇਕ ਮਨੁੱਖ ਹੋ ਨਹੀਂ ਸਕਦਾ ਪਰ ਭਗਤ ਵਛਲ ਤੇ ਆਸ ਰੱਖੇ। ਸਿੱਖ ਦਾ ਭਰੋਸਾ ਤਾਂ ਪਤਿਤ ਪਾਵਨ ਤੇ ਹੀ ਹੈ। ਕਿਉਂਕਿ ਬੇਨਤੀਆਂ ਦੀ ਰਾਸ, ਅਰਜ਼ੋਈਆਂ ਦੀ ਪੂੰਜੀ, ਅਰਦਾਸਾਂ ਦਾ ਧਨ ਹੀ ਗ਼ੁਨਾਹਗਾਰ ਗ਼ਰੀਬਾਂ ਦੀ ਦੌਲਤ ਹੁੰਦੀ ਹੈ, ਜਿਸ ਤੋਂ ਉਹ ਰਹਿਮਤ ਵਟਾਂਦੇ ਹਨ। ਦੁਆ ਦਾ ਕਾਸਾ ਹੱਥ ਵਿੱਚ ਫੜ ਕੇ ਦਾਤੇ ਦੇ ਦਰੋਂ ਦਇਆ ਦੀ ਖੈਰ ਮੰਗੀਦੀ ਹੈ। ਇਹ ਦੁਆਵਾਂ, ਅਰਦਾਸਾਂ ਤੇ ਜੋਦੜੀਆਂ ਹੰਝੂਆਂ ਦੇ ਪਾਣੀ ਨਾਲ ਭਿੱਜੀਆਂ ਹੋਈਆਂ ਹੁੰਦੀਆਂ ਹਨ। ਪਛਤਾਵੇ ਸਮੇਂ ਅੱਖਾਂ ਵਿੱਚ ਆਇਆ ਹੋਇਆ ਪਾਣੀ ਸਹੀ ਰੂਪ ਵਿੱਚ ਦ੍ਰਵਿਆ ਹੋਇਆ ਦਿਲ ਹੁੰਦਾ ਹੈ। ਜਿਉਂ ਜਿਉਂ ਵਹਿੰਦਾ ਹੈ, ਪਾਪ ਦੀ ਮੈਲ ਧੁਪਦੀ ਹੈ। ਓੜਕ ਜੀਵਨ ਨਿੱਖਰ ਆਉਂਦਾ ਹੈ ਤੇ ਆਸਾਂ ਦੀਆਂ ਟਾਹਣੀਆਂ ਨੂੰ ਮੁਰਾਦ ਦੇ ਫ਼ਲ ਲੱਗਦੇ ਹਨ।

ਭਾਈ ਬਿਧੀ ਚੰਦ ਵਰਗਾ ਚੋਰ 'ਛੀਨਾ' ਇਸੇ ਚੀਜ਼ ਨੇ ਹੀ 'ਗੁਰੂ ਕਾ ਸੀਨਾ' ਬਣਾਇਆ ਸੀ। ਮੇਹਰੂ ਤੇ ਮੇਹਰਾਂ ਏਸੇ ਗੱਲ ਨੇ ਕਰਵਾਈਆਂ ਸਨ। ਤੋਬਾ ਦੇ ਦਰਵਾਜ਼ੇ ਰਾਹੀਂ ਗ਼ੁਨਾਹੀ ਬਖ਼ਸ਼ਿਸ਼ਾਂ ਦੇ ਬਹਿਸ਼ਤ ਵਿੱਚ ਦਾਖ਼ਿਲ ਹੁੰਦੇ ਹਨ। ਬੁਰਿਆਈਆਂ ਤੋਂ ਤੋਬਾ ਕਰ ਕੇ ਵੀ ਮਨੁੱਖ ਦਾ ਮਨ ਫੇਰ ਕੁਸੰਗਤ ਦੇ ਅਸਰ ਨਾਲ ਆਪਣੇ ਕੀਤੇ ਬਚਨਾਂ ਨੂੰ ਭੁੱਲ ਜਾਂਦਾ ਹੈ ਤਾਂ ਇਉਂ ਬੇਨਤੀਆਂ ਕਰੇ:

ਲਾਖੋਂ ਦਫੇ ਤੋਬਾ ਕੀ ਪਰ ਨਾ ਨਿਬਾਹੀ ਤੋਬਾ। ਮੈਂ ਵਹੁ ਹੂੰ ਤੋਬਾ ਸ਼ਿਕਨ ਕਿ ਇਲਾਹੀ ਤੋਬਾ।

ਤਥਾ: ਕਾਲਾ ਦਾਗ ਜਿਵੇਂ ਵਿੱਚ ਚੰਨ ਦੇ ਜਿਉਂ ਬੇੜੀ ਸੰਗ ਲੋਹਾ।

ਤਥਾ: ਨਿਰਗੁਣ ਆਣ ਲੱਗੀ ਲੜ ਤੇਰੇ ਲੱਗੀਆਂ ਦੀ ਤੋੜ ਨਿਭਾਈਂ।

ਅਥਵਾ: ਨਿਸ ਬਾਸਰ ਔਗੁਣ ਕਰਤ ਹੀ ਬਤੀਤ ਜਾਤ,
ਗੁਨ ਤੋ ਨਾ ਮੂਲ ਹਿਤ ਚਿੱਤ ਸਿਉਂ ਬਸਾਰੇ ਹੈਂ।
ਬਿਘਨ ਭਰੇ ਹੈਂ ਬਹੁ ਬਾਧਾ ਮੇ ਪਰੇ ਹੈ,
ਮਾਇਆ ਮੋਹਣੀ ਕੇ ਸੰਗ ਸਦ ਗਤਿ ਮਿਤ ਹਾਰੇ ਹੈਂ।
ਕਹਿਤ ਰਸ ਰੰਗ ਕਾਹੂੰ ਕਾਮ ਕੇ ਨ ਕਾਜ ਕੇ ਹੈਂ,
ਸ਼ਰਨ ਤਿਹਾਰੀ ਪਾਨ ਪਲਵ ਪਸਾਰੇ ਹੈਂ।

ਕਾਰਨ ਕਰਨ ਨਾਥ, ਨਾਥ ਹੈ ਤਿਹਾਰੇ ਹਾਥ,
ਤਾਰੋ ਤੋ ਤਿਹਾਰੇ ਹੈਂ ਨਾ ਤਾਰੋ ਤੋ ਤਿਹਾਰੇ ਹੈਂ।

ਸੰਤ ਜੀ ਮਹਾਰਾਜ ਦਾ ਇਹ ਬਚਨ ਸੁਣ ਕੇ ਮੁਰਝਾਏ ਮਨ ਤੇ ਮੇਹਰਾਂ ਦੀ ਬਾਰਸ਼ ਹੋਈ ਚੇਹਰਾ ਖ਼ੁਸ਼ੀ ਨਾਲ ਟਹਿਕ ਗਿਆ। ਮੱਥਾ ਟੇਕ ਕੇ ਘਰ ਆ ਗਿਆ। ਸਾਲ ਤੋਂ ਬਾਅਦ ਇਸ ਦੇ ਘਰ ਬੱਚੇ ਦਾ ਜਨਮ ਹੋਇਆ ਫੇਰ ਤਾਂ ਹੋਰ ਵੀ ਸ਼ਰਧਾ ਹੋ ਆਈ।

ਇਸੇ ਤਰ੍ਹਾਂ ਇਸ ਤੇ ਕ੍ਰਿਪਾ ਹੋਈ ਜਾਣ ਕੇ ਮਹਿਮਦਪੁਰ ਪਿੰਡ ਦਾ (ਜੋ ਦੌਰਾਲੇ ਤੋਂ ਸਿਰਫ ਅੱਧ ਮੀਲ ਦੇ ਫਾਸਲੇ ਤੇ ਹੈ) ਸ. ਮਹਿੰਦਰ ਸਿੰਘ ਵੀ ਸੰਤ ਜੀ ਦੇ ਚਰਨਾਂ ਵਿੱਚ ਆ ਹਾਜ਼ਰ ਹੋਇਆ ਤੇ ਅਰਜ਼ ਕੀਤੀ ਗ਼ਰੀਬ ਨਿਵਾਜ਼! ਪਹਿਲੀ ਸ਼ਾਦੀ 'ਚੋਂ ਦੋ ਲੜਕੀਆਂ ਹੋਈਆਂ। ਪੁੱਤਰ ਪ੍ਰਾਪਤੀ ਵਾਸਤੇ ਦੂਜਾ ਵਿਆਹ ਕਰਵਾ ਲਿਆ ਪਰ ਫੇਰ ਵੀ ਇੱਛਾ ਪੂਰੀ ਨਹੀਂ ਹੋਈ। ਸੰਤ ਜੀ ਮਹਾਰਾਜ ਮੁਸਕਰਾਏ ਤੇ ਕਿਹਾ ਗੁਰੂ ਨਾਨਕ ਦੇ ਘਰ ਕਿਸੇ ਵਸਤੂ ਦਾ ਘਾਟਾ ਨਹੀਂ ਕੇਵਲ ਸ਼ਰਧਾ ਦੀ ਲੋੜ ਹੈ। ਆਪਣੇ ਪਾਵਨ ਹੱਥਾਂ ਨਾਲ ਇੱਕ ਫ਼ਲ ਬਖ਼ਸ਼ਸ਼ ਕੇ ਪਿੱਠ ਤੇ ਥਾਪੜਾ ਦਿੱਤਾ। ੧੯੬੯ ਈ. ਵਿੱਚ ਇਸ ਦੇ ਘਰ ਲੜਕੇ ਦਾ ਜਨਮ ਹੋਇਆ।

ਜੋ ਇਛੈ ਸੋਈ ਫਲੁ ਪਾਵੈ ॥ ਸਾਧ ਕੈ ਸੰਗਿ ਨ ਬਿਰਥਾ ਜਾਵੈ ॥ *(ਗਉੜੀ ਮਃ ੫ - ੨੭੨)*

ਮੁਜ਼ੱਫਰ ਨਗਰ ਵਿਖੇ ਨਾਮ ਅੰਮ੍ਰਿਤ ਦੀ ਵਰਖਾ

ਮੁਜ਼ੱਫਰ ਨਗਰ ਦਾ ਸ. ਗੁਰਦੇਵ ਸਿੰਘ ਪ੍ਰਵਾਰ ਸਮੇਤ ਕਿਲਾ ਰਾਏਪੁਰ ਵਾਲੇ ਸੰਤ ਦੇਵੀ ਪੁਰੀ ਜੀ ਦੇ ਪਾਸ ਜਾਇਆ ਕਰਦਾ ਸੀ। ਬਾਅਦ ਵਿੱਚ ਉਨ੍ਹਾਂ ਤੋਂ ਵਰੋਸਾਏ ਸੰਤ ਬਿਸ਼ਨਪੁਰੀ ਜੰਡਾਲੀ ਵਾਲਿਆਂ ਦੀ ਕਾਫ਼ੀ ਸੇਵਾ ਤੇ ਸੰਗਤ ਕੀਤੀ। ਇਉਂ ਇਹ ਚੰਗੀ ਅਵਸਥਾ ਵਾਲੇ ਗੁਰਮੁਖ ਭਗਤ ਹਨ। ਪ੍ਰਵਾਰ ਦੇ ਮਨ ਤੇ ਵੀ ਇਨ੍ਹਾਂ ਦੀ ਸੰਗਤ ਦੇ ਚੰਗੇ ਸੰਸਕਾਰਾਂ ਦਾ ਅਸਰ ਪੈ ਗਿਆ ਜਿਸ ਕਰ ਕੇ ਸ਼ੁਰੂ ਤੋਂ ਹੀ ਮਾਸ ਸ਼ਰਾਬ ਦੇ ਤਿਆਗੀ ਵੈਸ਼ਨਵ ਖ਼ਿਆਲਾਂ ਦੇ ਪੂਰਨ ਆਸਤਕ ਹਨ। ਇੱਕ ਦੋ ਰਾਤਾਂ ਛੋਟੇ ਸੰਤ ਜੀ ਦੀ ਕੀਤੀ ਸੰਗਤ ਨੇ ਸ. ਗੁਰਦੇਵ ਸਿੰਘ ਦੇ ਵੱਡੇ ਸਪੁੱਤਰ ਸ. ਭਜਨ ਸਿੰਘ ਦੀ ਜ਼ਿੰਦਗੀ ਵਿੱਚ ਤਬਾਦਲਾ ਲੈ ਆਂਦਾ। ਛੋਟੇ ਸੰਤ ਜੀ ਰਾੜੇ ਸਾਹਿਬ ਦੇ ਲੰਗਰ ਵਾਸਤੇ ਮਿੱਠਾ ਲੈਣ ਜਾਂਦੇ ਅਤੇ ਇਨ੍ਹਾਂ ਦੇ ਕੋਲ ਠਹਿਰਦੇ ਸਨ। ਮੇਰਠ ਨਿਵਾਸੀ ਸ. ਉਜਾਗਰ ਸਿੰਘ ਤੋਂ ਵੱਡੇ ਸੰਤ ਜੀ ਮਹਾਰਾਜ ਦਾ ਜਸ ਸੁਣ ਕੇ ਸ. ਹਰਭਜਨ ਸਿੰਘ ਮੇਰਠ ਦੀਵਾਨ ਸੁਣਨ ਗਿਆ। ਜਦੋਂ ਇਸ ਨੌਜਵਾਨ ਨੇ ਪਹਿਲੀ ਵਾਰ ਸੰਤ ਜੀ ਦੀ ਪਾਵਨ ਰਸਨਾ ਤੋਂ ਸਿੱਧੀਆਂ ਧਾਰਨਾ ਵਿੱਚ ਅੰਮ੍ਰਿਤਮਈ ਕੀਰਤਨ ਸੁਣਿਆ, ਤਦੋਂ ਹੀ ਜ਼ਿੰਦਗੀ ਪਲਟ ਗਈ। ਦੂਸਰੇ ਦਿਨ ਉਸੇ ਨਾਲ ਕਾਰ ਵਿੱਚ ਬੈਠ ਕੇ ਸੰਤ ਜੀ ਮਹਾਰਾਜ ਦੇ ਪਾਸ ਹਾਪੜ ਪੁੱਜਾ। ਰਸਤੇ ਵਿੱਚ ਸ. ਉਜਾਗਰ ਸਿੰਘ ਨੂੰ ਸ. ਭਜਨ ਸਿੰਘ ਨੇ ਕਿਹਾ, "ਜਿਵੇਂ ਤੁਸੀਂ ਆਪਣੇ ਘਰੀਂ ਮਹਾਂਪੁਰਸ਼ਾਂ ਦੇ ਚਰਨ ਪਵਾਉਂਦੇ ਹੋ, ਕੀ ਮੇਰੇ ਤੇ ਭੀ ਇਸੇ ਤਰ੍ਹਾਂ ਕ੍ਰਿਪਾ ਹੋ ਸਕਦੀ ਹੈ?" ਉਸ ਨੇ ਕਿਹਾ, "ਕਿਉਂ ਨਹੀਂ? ਸ਼ਰਧਾ ਦੀ ਲੋੜ ਹੈ। ਫੇਰ ਕਿਸੇ ਵਸਤੂ ਦਾ ਘਾਟਾ ਨਹੀਂ ਚਲੋ ਅਰਜ਼ ਕਰਦੇ ਹਾਂ। ਜਿਵੇਂ ਦਾਤੇ ਨੂੰ ਭਾਵੇ।"

ਕੁਰਸੀ ਦੇ ਸਮੇਂ ਸੰਤ ਜੀ ਦਾ ਦੀਦਾਰ ਕੀਤਾ।

ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥ *(ਭਿਲੰਗ ਮਃ ੪ - ੭੨੬)*

ਤੋਂ ਰੂਹਾਨੀ ਖ਼ੁਰਾਕ ਮਿਲੀ। ਫੇਰ ਤਾਂ ਭਜਨ ਸਿੰਘ ਦਾ ਮਨ ਹੋਰ ਵੀ ਅਗਾਹਾਂ ਵੱਧਿਆ। ਕਹਿੰਦਾ, "ਭਾਈ ਉਜਾਗਰ ਸਿੰਘ ਜੀ! ਹੁਣ ਖ਼ਾਲੀ ਚਰਨ ਨਹੀਂ ਪਵਾਉਣੇ। ਦੀਵਾਨਾਂ ਵਾਸਤੇ ਵੀ ਅਰਜ਼ ਕਰੀਏ।" ਇਉਂ ਵਿਚਾਰਾਂ ਕਰਦੇ ਹੋਏ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਵਾਸਤੇ ਆਪਣੀ ਵਾਰੀ ਅਨੁਸਾਰ ਅੱਗੇ ਵਧੇ। ਪਾਵਨ ਚਰਨਾਂ ਤੇ ਭਾਵਨਾ ਨਾਲ ਮੱਥਾ ਟੇਕਿਆ। ਦਿਲਾਂ ਦੀ ਜਾਨਣਹਾਰ ਨੇ ਪਾਸ ਹੀ ਬਿਠਾ ਲਏ। ਸ. ਉਜਾਗਰ ਸਿੰਘ ਨੂੰ ਪੁੱਛਿਆ, "ਇਹ ਪ੍ਰੇਮੀ ਕਿਥੋਂ ਹੈ?" ਉਸ ਨੇ ਕਿਹਾ, "ਗ਼ਰੀਬ ਨਿਵਾਜ਼! ਮੁਜ਼ੱਫਰ ਨਗਰ ਤੋ ਆਇਆ ਹੈ।" ਹਜ਼ੂਰ ਕਹਿੰਦੇ ਕੀ ਕੰਮ ਕਰਦੇ ਹੋ? ਭਜਨ ਸਿੰਘ ਨੇ ਅਰਜ਼ ਕੀਤੀ, "ਮਹਾਰਾਜ! ਆਪ ਜੀ ਦੀਆਂ ਬਖ਼ਸ਼ੀਆਂ ਗੱਡੀਆਂ ਹਨ।" ਸੰਤ ਜੀ ਨੇ ਪੁੱਛਿਆ, "ਪਿੱਛੇ ਪੰਜਾਬ ਵਿੱਚ ਕਿਹੜਾ ਪਿੰਡ ਹੈ?" ਬੇਨਤੀ ਕੀਤੀ, "ਹਜ਼ੂਰ ਦੇ ਚਰਨਾਂ ਕੋਲ ਬੁਆਣੀ ਪਿੰਡ ਹੈ।" "ਹੱਛਾ ਬਈ! ਡ੍ਰਾਈਵਰ ਮਹਿਕਮਾ ਖਾਣ ਪੀਣ ਨੂੰ ਜ਼ਰਾ ਖੁੱਲ੍ਹਾ ਹੁੰਦਾ ਹੈ, ਤਕੜੇ ਰਿਹਾ ਕਰੋ। ਮਦਰਾ ਮਾਸ ਦਾ ਸੰਕੋਚ ਰੱਖਿਆਂ ਹੀ ਜੀਵ ਦਾ ਭਲਾ ਹੈ।" ਦਾਤੇ ਦੀ ਪਾਵਨ ਰਸਨਾ ਤੋਂ ਇਹ ਅਮੋਲਕ ਬਚਨ ਸੁਣ ਕੇ ਇਸ ਨੇ ਅਰਜ਼ ਕੀਤੀ, "ਮਹਾਰਾਜ! ਮੈਂ ਤਾਂ ਦੀਵਾਨਾਂ ਵਾਸਤੇ ਬੇਨਤੀ ਕਰਨ ਆਇਆ ਹਾਂ ਕ੍ਰਿਪਾ ਕਰ ਕੇ ਗੁਰਮੱਤ ਤੋਂ ਪਿੱਛੇ ਰਹੇ ਉਸ ਪਛੜੇ ਇਲਾਕੇ ਨੂੰ ਵੀ ਭਾਗ ਲਾਓ।"

ਸੰਤ ਜੀ ਮਹਾਰਾਜ ਮੁਸਕਰਾਏ ਤੇ ਕਿਹਾ, "ਬਈ ਪ੍ਰੇਮੀਆਂ! ਹੁਣ ਤਾਂ ਏਸ ਇਲਾਕੇ ਦਾ ਸਾਰਾ ਪ੍ਰੋਗਰਾਮ ਸਮਾਪਤ ਹੋ ਚੁੱਕਾ ਹੈ। ਸਿਰਫ ਅੱਜ ਦਾ ਦੀਵਾਨ ਮੇਰਠ ਲਾ ਕੇ ਕੱਲ੍ਹ ਦਿਨੇ 'ਸਿੰਘਾਂ ਦੇ ਬਡਲੇ' ਪਿੰਡ ਦਾ ਦੀਵਾਨ ਹੈ ਫੇਰ ਪਰਸੋਂ ਪੰਜਾਬ ਨੂੰ ਵਾਪਸ ਜਾ ਰਹੇ ਹਾਂ।"

ਇਹ ਬਚਨ ਸੁਣ ਕੇ ਇਸ ਦੇ ਮਨ ਤੇ ਕੁੱਝ ਠੇਸ ਲੱਗੀ। ਚੇਹਰੇ ਤੇ ਇੱਕ ਦਮ ਉਦਾਸੀ ਛਾ ਗਈ। ਹਿਰਦਾ ਮੁਰਝਾ ਗਿਆ। ਧੀਮੀ ਅਵਾਜ਼ ਵਿੱਚ ਅਰਜ਼ ਕੀਤੀ, "ਮਹਾਰਾਜ! ਫੇਰ ਸਾਨੂੰ ਵੀ ਆਪਣੇ ਚਰਨਾਂ ਵਿੱਚ ਹੀ ਰੱਖ ਲਓ। ਖ਼ਾਲੀ ਜਾ ਕੇ ਕੀ ਕਰਾਂਗੇ।"

ਸੰਤ ਜੀ ਨੇ ਇਸ ਦੇ ਚੇਹਰੇ ਦੀ ਬਦਲੀ ਹੋਈ ਰੰਗਤ ਤੱਕੀ, ਨੇਤਰ ਸਜਲ ਦੇਖ ਕੇ ਆਖਿਆ, "ਬਈ ਨੌਜਵਾਨ! ਇਸ ਤਰ੍ਹਾਂ ਹਠ ਨਹੀਂ ਕਰੀਦਾ। ਸਮਾਂ ਹੈ ਨਹੀਂ। ਜੇ ਹੁੰਦਾ ਸ਼ਾਇਦ ਤੁਹਾਨੂੰ ਮਿਲ ਹੀ ਜਾਂਦਾ।" ਇਸ ਨੇ ਕਿਹਾ, "ਮਹਾਰਾਜ! ਕੱਲ੍ਹ ਦੀ ਰਾਤ ਹੀ ਬਖ਼ਸ਼ ਦੇਵੋ।" ਸੰਤ ਜੀ ਮਹਾਰਾਜ ਬੋਲੇ, "ਸਰੀਰ ਰੂਪੀ ਗੱਡੀ ਪੁਰਾਣੀ ਹੋ ਗਈ ਹੈ। ਇਤਨੀ ਖੇਚਲ ਵੀ ਝੱਲ ਨਹੀਂ ਸਕਦੀ ਹੁਣ ਤਾਂ ਏਸ ਤੋਂ ਸਹਿਜੇ ਸਹਿਜੇ ਕੰਮ ਲਈਦਾ ਹੈ। ਸਫ਼ਰ ਲੰਮਾ ਹੈ। ਕੱਲ੍ਹ ਦਿਨੇ ਵੀ ਦੀਵਾਨ ਕਰਨਾ ਹੈ, ਰਾਤ ਨੂੰ ਦੁਬਾਰਾ ਮੁਸ਼ਕਲ ਹੋ ਜਾਵੇਗਾ।" ਇਹ ਉਸੇ ਤਰ੍ਹਾਂ ਹੀ ਹੱਥ ਜੋੜੀ ਸਾਹਮਣੇ ਬੈਠਾ ਰਿਹਾ। ਕੁੱਝ ਕੁ ਸਮਾਂ ਸੋਚ ਕੇ ਸੰਤ ਜੀ ਨੇ ਉੱਤਰ ਦਿੱਤਾ, "ਜੇਕਰ ਤੁਹਾਨੂੰ ਕੱਲ੍ਹ ਰਾਤ ਦਾ ਦੀਵਾਨ ਮਿਲ ਜਾਵੇ ਤਾਂ ਤੁਸੀਂ ਅੱਜ ਜਾ ਕੇ ਤਿਆਰੀ ਕਰ ਸਕਦੇ ਹੋ?" ਸੰਤ ਜੀ ਮਹਾਰਾਜ ਦੀ ਰਸਨਾ ਤੋਂ ਇਹ ਬਚਨ ਸੁਣ ਕੇ ਇਸ ਦਾ ਚੇਹਰਾ ਖ਼ੁਸ਼ੀ ਵਿੱਚ ਟਹਿਕ ਪਿਆ। ਉਸ ਸਮੇਂ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ, "ਹਾਂ ਮਹਾਰਾਜ! ਤਿਆਰੀ ਕਰ ਲਵਾਂਗੇ।" ਤਾਂ ਹਜ਼ੂਰ ਨੇ ਪ੍ਰਵਾਨਗੀ ਦੇ ਕੇ ਆਖਿਆ ਜਾਓ, ਕੱਲ੍ਹ ਰਾਤ ਦਾ ਦੀਵਾਨ ਤੁਹਾਡੇ ਸ਼ਹਿਰ ਹੋਵੇਗਾ। ਪਰਸੋਂ ਪੰਜਾਬ ਨੂੰ ਜਾਵਾਂਗੇ। ਇਸ ਨੇ ਉਸੇ ਸਮੇਂ ਮੱਥਾ ਟੇਕਿਆ ਤੇ ਗੱਡੀ ਵਿੱਚ ਬੈਠ ਕੇ ਸ. ਉਜਾਗਰ ਸਿੰਘ ਨੂੰ ਵੀ ਆਪਣੇ ਨਾਲ ਹੀ ਲੈ ਲਿਆ ਕਿ ਸਾਨੂੰ ਤਾਂ ਕੋਈ ਪਤਾ ਨਹੀਂ ਤੁਸੀਂ ਜਿਵੇਂ ਕਹੋਗੇ ਅਸੀਂ ਉਸੇ ਤਰ੍ਹਾਂ ਸਾਰਾ ਇੰਤਜ਼ਾਮ ਕਰ ਲਵਾਂਗੇ।

ਜਦੋਂ ਘਰ ਪੁੱਜ ਕੇ ਇਹ ਖੁਸ਼ਖ਼ਬਰੀ ਦੱਸੀ ਤਾਂ ਸਾਰੇ ਪ੍ਰਵਾਰ ਨੂੰ ਚਾਅ ਚੜ੍ਹ ਗਿਆ। ਟਾਊਨ ਹਾਲ ਵਿੱਚ ਦੀਵਾਨ ਦੀ ਤਿਆਰੀ ਕੀਤੀ ਗਈ। ਸਪੀਕਰਾਂ ਨਾਲ ਸ਼ਹਿਰ ਵਿੱਚ ਅਨਾਊਸਮੈਂਟ ਹੋ ਗਈ, ਜਿਸ ਨੂੰ ਸੁਣ ਕੇ ਹਰੇਕ ਪ੍ਰੇਮੀ ਦਾ ਮਨ ਬੜਾ ਪ੍ਰਸੰਨ ਹੁੰਦਾ। ਇਹ ਸਾਰਾ ਪ੍ਰਬੰਧ ਸ. ਉਜਾਗਰ ਸਿੰਘ ਨੇ ਦੱਸ ਕੇ ਆਪ ਕਰਵਾਇਆ। ਦੂਸਰੇ ਦਿਨ ਸ਼ਾਮ ਨੂੰ ਇੱਕ ਘੰਟਾ ਪਹਿਲਾਂ ਜੱਥਾ ਆ ਗਿਆ ਤੇ ਉਨ੍ਹਾਂ ਨੂੰ ਜਲ ਪਾਣੀ ਛਕਾਇਆ। ਪੰਡਾਲ ਵਿੱਚ ਦੀਵਾਨ ਸ਼ੁਰੂ ਹੋ ਗਿਆ। ਇਤਨੇ ਨੂੰ ਸੰਤ ਜੀ ਮਹਾਰਾਜ ਵੀ ਆ ਪੁੱਜੇ। ਇਨ੍ਹਾਂ ਨੇ ਚਾਅ ਨਾਲ ਆਪਣੇ ਤੇ ਹੋਰ ਵੀ ਕਈ ਘਰੀਂ ਹਜ਼ੂਰ ਦੇ ਚਰਨ ਪਵਾਏ। ਉਸ ਸਮੇਂ ਜਿਸ ਜਿਸ ਵੀ ਸੱਜਣ ਨੇ ਬੇਨਤੀ ਕੀਤੀ ਸਭਨਾਂ ਦੇ ਘਰ ਚਰਨ ਪਾਏ। ਇਹ ਪ੍ਰੇਮੀ ਇਤਨੇ ਮਸਤ ਹੋਏ ਕਿ ਦੀਵਾਨ ਦੇ ਸਮੇਂ ਦਾ ਵੀ ਚੇਤਾ ਨਾ ਰਿਹਾ। ਤੰਗ ਗਲੀਆਂ ਵਿੱਚ ਸੰਤ ਜੀ ਮਹਾਰਾਜ ਦੀ ਵੱਡੀ ਗੱਡੀ ਜਾ ਨਹੀਂ ਸੀ ਸਕਦੀ। ਆਪਣੀ ਛੋਟੀ ਗੱਡੀ ਵਿੱਚ ਸੰਤ ਜੀ ਮਹਾਰਾਜ ਨੂੰ ਬਿਠਾ ਲਿਆ ਸੀ। ਜਦੋਂ ਸੰਤ ਜੀ ਮਹਾਰਾਜ ਨੇ ਆਪਣੀ ਜੇਬ ਵਾਲੀ ਘੜੀ ਦੇਖੀ (ਜੋ ਸਮੇਂ ਦੇ ਬੜੇ ਪਾਬੰਧ ਸਨ) ਦੀਵਾਨ ਦਾ ਟਾਈਮ ਹੋ ਚੁੱਕਾ ਸੀ। ਪਰ ਚਰਨ ਪਵਾਉਣ ਵਾਲੇ ਬਹੁਤ ਪ੍ਰੇਮੀ ਬੇਨਤੀਆਂ ਕਰ ਰਹੇ ਸਨ। ਹਜ਼ੂਰ ਨੇ ਕਿਹਾ ਇੱਕੋ ਹੀ ਕੰਮ ਹੋਵੇਗਾ ਜਾਂ ਦੀਵਾਨ ਲਵਾ ਲਓ, ਜਾਂ ਸਾਨੂੰ ਇਉਂ ਘਰਾਂ ਵਿੱਚ ਫੇਰ ਲਵੋ। ਤੁਹਾਡੀ ਮਰਜ਼ੀ ਹੈ। ਇਨ੍ਹਾਂ ਨੇ ਹੱਥ ਜੋੜ ਕੇ ਅਰਜ਼ ਕੀਤੀ ਮਹਾਰਾਜ! ਅਸੀਂ ਤਾਂ ਹਜ਼ੂਰ ਦੀ ਰਜ਼ਾ ਵਿੱਚ ਪ੍ਰਸੰਨ ਹਾਂ। ਹੁਕਮ ਹੋਇਆ, "ਤਾਂ ਫੇਰ ਚਲੋ! ਇਹੀ ਗੱਡੀ ਸਿੱਧੀ ਪੰਡਾਲ ਵਿੱਚ ਲੈ ਚਲੋ। ਵੱਡੀ ਗੱਡੀ ਆਪੇ ਹੀ ਆ ਜਾਵੇਗੀ।" ਇਉਂ ਆਪ ਜੀ ਸਿੱਧੇ ਪੰਡਾਲ ਵਿੱਚ ਆ ਗਏ ਤੇ ਸੰਗਤਾਂ ਨੂੰ ਨਾਮ ਅੰਮ੍ਰਿਤ ਦੀ ਵਰਖਾ ਦੁਆਰਾ ਨਿਹਾਲ ਕਰ ਕੇ ਤਪਦੇ ਮਨਾਂ ਨੂੰ ਸ਼ਾਂਤ ਬਖ਼ਸ਼ੀ।

ਦੀਵਾਨ ਉਪਰੰਤ ਸੰਗਤ ਨੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਇਸ ਨੂੰ ਸਫ਼ਲਿਆਂ ਕਰਨ ਦਾ ਕੇਹੜਾ ਤਰੀਕਾ ਹੈ?" ਉੱਤਰ ਬਖ਼ਸ਼ਿਆ, "ਪ੍ਰਮੇਸ਼ਰ ਦੀ ਬੰਦਗ਼ੀ ਹੀ ਸਾਰੇ ਸਾਧਨਾਂ ਦਾ ਮੂਲ ਹੈ। ਕਲਯੁਗ ਵਿੱਚ ਇਸ ਦੇ ਸਮਾਨ ਹੋਰ ਕੋਈ ਵੀ ਪੁੰਨ ਨਹੀਂ।"

ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ *(ਰਾਮਕਲੀ ਵਾਰ-੨ ਮਃ ੫ - ੯੬੨)*

ਪ੍ਰਮੇਸ਼ਰ ਦਾ ਨਾਮ ਹੀ ਸਾਰੇ ਪਾਪਾਂ ਦੇ ਨਾਸ ਕਰਨ ਵਾਲਾ ਹੈ।

ਤਥਾ: ਹਰਿ: ਹਰਤਿ ਪਾਪਾਨਿ ਦੁਸ਼ਟ ਚਿਤੈ ਰਪਿ ਸਿਮ੍ਰਿ:। ਅਨ ਇਛਯਾ ਪਿ ਸੰਸਪ੍ਰਸਟੋ ਦਹਤੇ ਵਹਿ ਪਾਵਕ:।

ਜਿਵੇਂ ਸ਼ਿਵ ਪੁਰਾਣ ਵਿੱਚ ਇੱਕ ਸਲੋਕ ਆਉਂਦਾ ਹੈ:

ਯਾਵਤੀ ਸ਼ਕਤੀ ਪਾਪ ਨਿਰਹਰਣੇ ਹਰੇ। ਤਾਵਤ ਕਰਤੋ ਨਹਿ ਸਕਨੇਤੀ ਪਾਤਕੀ ਜਨ:।

ਇਸ ਦਾ ਭਾਵ ਇਹ ਹੈ ਕਿ ਪ੍ਰਮੇਸ਼ਰ ਦੇ ਨਾਮ ਵਿੱਚ ਜਿਤਨੀ ਪਾਪ ਨਾਸ ਕਰਨ ਦੀ ਸ਼ਕਤੀ ਹੈ ਉਤਨੀ ਪਾਪੀਆਂ ਵਿੱਚ ਪਾਪ ਕਰਨ ਦੀ ਵੀ ਤਾਕਤ ਨਹੀਂ ਹੈ।

ਉਲਟਾ ਨਾਮ ਜਪਤ ਜਗ ਜਾਨਾ। ਬਾਲਮੀਕ ਭਏ ਬ੍ਰਹਮ ਸਮਾਨਾ। (ਤੁਲਸੀ ਰਮਾਇਣ)

ਸੋ ਪ੍ਰੇਮੀਓ ਪ੍ਰਮੇਸ਼ਰ ਦੇ ਨਾਮ ਕੀ ਮਹਿਮਾ ਅਕਥਨੀਯ ਹੈ ਅਤੇ ਇਹ ਮਨੁੱਖਾ ਜਨਮ ਮਿਲਿਆ ਹੀ ਵਾਹਿਗੁਰੂ ਦੀ ਭਗਤੀ ਵਾਸਤੇ ਹੈ? ਉਸ ਦੁਆਰਾ ਇਸ ਨੂੰ ਸਫ਼ਲਾ ਕਰੋ।

ਉਪਰੰਤ ਕੀਰਤਨ ਤੋਂ ਬਾਅਦ ਵਾਪਸ ਆ ਗਏ ਇਹ ੧੯੬੭ ਵਾਲਾ ਪਹਿਲਾ ਸਾਲ ਸੀ। ਫੇਰ ਤਾਂ ਪੂਰਨ ਸ਼ਰਧਾਲੂ ਬਣ ਗਏ। ਦੂਜੇ ਸਾਲ ੧੯੬੮ ਈ. ਵਿੱਚ ਸੰਤ ਮਹਾਰਾਜ ਦੇ ਆਉਣ ਸਮੇਂ ਇਹ ਪਹਿਲਾਂ ਹੀ ਹਾਪੜ ਆ ਪੁੱਜੇ। ਦੀਵਾਨਾਂ ਵਾਸਤੇ ਅਰਜ਼ ਕੀਤੀ। ਹਜ਼ੂਰ ਨੇ ਇਨ੍ਹਾਂ ਦਾ ਪ੍ਰੇਮ ਦੇਖ ਕੇ ਪੰਜ ਦੀਵਾਨਾਂ ਦੀ ਬਖ਼ਸ਼ਿਸ਼ ਕਰ ਦਿੱਤੀ ਪਰ ਰਿਹਾਇਸ਼ ਦਾ ਇੰਤਜ਼ਾਮ ਨਾ ਹੋਣ ਕਰ ਕੇ ਜਾਂਦੇ ਰੋਜ਼ ਹਾਪੜ ਤੋਂ ਹੀ ਰਹੇ। ਉਪਰੰਤ ਸਾਲ ਦੇ ਸਾਲ ਸਮਾਂ ਮਿਲਣਾ ਨੀਯਤ ਹੋ ਗਿਆ। ੧੯੬੯ ਤੇ ੧੯੭੦ ਈ. ਨੂੰ ਦੋ ਸਾਲ ਨਹਿਰੂ ਗਾਰਡਨ ਦੇ ਕੋਲ ਰਤਨ ਚੰਦ ਸੇਠ ਦੀ ਕੋਠੀ ਠਹਿਰੇ। ਸੰਤਾਂ ਦੇ ਬਚਨਾਂ ਨਾਲ ਅਗਲੇ ਸਾਲ ਚਿਰਾਂ ਤੋਂ ਬਾਅਦ ਰਤਨ ਚੰਦ ਸੇਠ ਤੇ ਇਸ ਦੇ ਭ੍ਰਾਈਵਰ ਦੋਹਾਂ ਦੇ ਘਰ ਵਿੱਚ ਲੜਕਿਆਂ ਦਾ ਜਨਮ ਹੋਇਆ। ਉਪਰੰਤ ੧੯੭੧ ਈਸਵੀ ਨੂੰ ਮਨਸੂਰਪੁਰ ਰਿਹਾਇਸ਼ ਰੱਖੀ। ਇਹ ਲੇਖਕ ਹਮੇਸ਼ਾ ਨਾਲ ਹੁੰਦਾ ਸੀ।

ਇਸੇ ਤਰ੍ਹਾਂ ਆਪ ਜੀ ਤਿੰਨ ਵਾਰ ਮੁਜ਼ੱਫਰ ਨਗਰ ਤੋਂ ਆ ਕੇ ਖਤੌਲੀ ਸ਼ਹਿਰ ਵੀ ਕੀਰਤਨ ਕਰਦੇ ਰਹੇ। ਏਥੇ ਮੌੜ ਪਿੰਡ (ਜ਼ਿਲ੍ਹਾ ਬਠਿੰਡਾ) ਦਾ ਸ. ਮੁਖਤਿਆਰ ਸਿੰਘ ਮਾਨ ਰਹਿੰਦਾ ਹੈ। ਹਜ਼ੂਰ ਤੇ ਬਚਨਾਂ ਨਾਲ ਇਸ ਦੇ ਘਰ ਲੜਕੇ ਦਾ ਜਨਮ ਹੋਇਆ। ਦਾਤੇ ਦੇ ਘਰ ਵਿੱਚ ਚਰਨ ਪੁਵਾਏ। ਕੀਰਤਨ ਦਾ ਪ੍ਰੋਗਰਾਮ ਬਣਾਇਆ।

ਮੁਰਾਦਾਬਾਦ ਨੈਨੀਤਾਲ ਤੇ ਭੀਮਤਾਲ

ਮੁਰਾਦਾਬਾਦ ਵਾਲੇ ਸੱਜਣਾਂ ਦੀ ਬੇਨਤੀ ਮੰਨ ਕੇ ਕੁੱਝ ਕੁ ਪ੍ਰੇਮੀਆਂ ਨਾਲ ੧੯੫੯ ਈਸਵੀ ਦੇ ਜੁਲਾਈ ਮਹੀਨੇ ਡੇਰੇ ਤੋਂ ਚਲੇ ਤੇ ਮੁਰਾਦਾਬਾਦ ਪੁੱਜੇ। ਸ. ਚੰਨਣ ਸਿੰਘ ਦੇ ਘਰ ਚਰਨ ਪਾਏ। ਸੰਗਤ ਨੂੰ ਦਰਸ਼ਨ ਦਿੱਤੇ। ਇੱਕ ਰਾਤ ਦਾ ਸਮਾਂ ਠਹਿਰੇ। ਦੂਸਰੇ ਦਿਨ ਇਸ ਨੂੰ ਵੀ ਨਾਲ ਲੈ ਲਿਆ ਅਤੇ ਸਵਖਤੇ ਹੀ ਚੱਲ ਪਏ। ਦੁਪਹਿਰ ਦਾ ਪ੍ਰਸ਼ਾਦਾ ਰਾਮਪੁਰ ਨਗਰ ਦੇ ਕਪਤਾਨ ਸਦਾ ਸਿੰਘ ਦੇ ਪ੍ਰਵਾਰ ਪਾਸ (ਜੋ ਯੂ. ਪੀ. ਦੇ ਇਲਾਕੇ ਰਾਮੁਪਰ ਜ਼ਿਲ੍ਹਾ, ਬਿਲਾਸਪੁਰ ਤਹਿਸੀਲ ਦੇ ਪੈਕੰਬਰ ਪੁਰ ਪਿੰਡ ਰਹਿੰਦਾ ਹੈ) ਛਕਿਆ ਤੇ ਹੋਰ ਵੀ ਪ੍ਰੇਮੀਆਂ ਦੇ ਘਰ ਚਰਨ ਪਾਏ। ਉਪਰੰਤ ਨੈਨੀਤਾਲ ਪੁੱਜ ਕੇ ਝੀਲ ਦੇ ਪਾਸ ਹੀ ਇੱਕ ਕੋਠੀ ਵਿੱਚ ਰਿਹਾਇਸ਼ ਰੱਖ ਲਈ। ਇਸੇ ਮੌਕੇ ਤੇ ਸੰਤ ਜੀ ਮਹਾਰਾਜ ਦੇ ਅਨਿੰਨ ਸੇਵਕ ਸੰਤ ਸੰਪੂਰਨ ਸਿੰਘ ਜੀ ਮੋਹੀ ਵਾਲੇ ਵੀ ਕੁੱਝ ਕੁ ਦਿਨਾਂ ਤੋਂ ਏਥੇ ਆਏ ਹੋਏ ਸਨ ਅਤੇ ਬੁਆਣੀ ਪਿੰਡ ਦੇ ਸ. ਸਵਰਨ ਸਿੰਘ ਸੂਬੇਦਾਰ ਦੀ ਕੋਠੀ ਠਹਿਰੇ ਹੋਏ ਸਨ। ਜਦੋਂ ਇਨ੍ਹਾਂ ਨੂੰ ਸੰਤ ਜੀ ਮਹਾਰਾਜ ਦੇ ਆਉਣ ਦਾ ਪਤਾ ਲੱਗਾ ਇਨ੍ਹਾਂ ਨੇ ਬੜੀ ਭਾਵਨਾ ਨਾਲ ਆ ਕੇ ਚਰਨ ਪਰਸੇ ਤੇ ਦਰਸ਼ਨ ਕੀਤੇ। ਸੂਬੇਦਾਰ ਤੋਂ ਬੇਨਤੀ ਕਰਵਾ ਕੇ ਉਸ ਦੀ ਕੋਠੀ ਵਿੱਚ ਚਰਨ ਪਵਾਏ। ਫੇਰ ਆਪ ਸੰਤ ਜੀ ਨਿਕਟਵਰਤੀ ਸੱਜਣਾਂ ਦੀ ਬੇਨਤੀ ਮੰਨ ਕੇ ਦੂਸਰੇ ਦਿਨ ਭੀਮਤਾਲ ਦੀ ਸੈਰ ਨੂੰ ਚਲੇ ਗਏ। ਜਦੋਂ ਸ਼ਾਮੀ ਵਾਪਸ ਆਏ ਤਾਂ ਕਿਸੇ ਖ਼ਾਸ ਕਾਰਨ ਕਰ ਕੇ ਆਪ ਜੀ ਨੂੰ ਲੈ ਜਾਣ ਵਾਸਤੇ ਭਾਈ ਨਰਿੰਜਨ ਸਿੰਘ (ਦੁਆਬੀਆ) ਕਰਮਸਰ ਤੋਂ ਆਇਆ ਬੈਠਾ ਸੀ। ਇਸ ਦੇ ਨਾਲ ਮੁਰਾਦਾਬਾਦ ਤੋਂ ਰੌਣੀ ਵਾਲਾ ਨਛੱਤਰ ਸਿੰਘ ਰਲ ਗਿਆ। ਜਦੋਂ ਖ਼ਾਸ ਕਾਰਣ ਦਾ ਪਤਾ ਲੱਗਾ ਤਾਂ ਆਪ ਜੀ ਨੈਨੀਤਾਲ ਤੋਂ ਚੱਲ ਕੇ ਦੂਸਰੇ ਦਿਨ ਹੀ ਸ਼ਾਮ ਨੂੰ ਮੁਰਾਦਾਬਾਦ ਆ ਗਏ। ਸ. ਚੰਨਣ ਸਿੰਘ ਦੇ ਘਰ ਪ੍ਰਸ਼ਾਦਿ ਛਕ ਕੇ ਰਾਤ ਨੂੰ ਅਰਾਮ ਕੀਤਾ।

ਜਦੋਂ ਆਪ ਇਸੇ ਸਾਲ ਸਤੰਬਰ ਦੇ ਮਹੀਨੇ ਹਾਪੜ ਆਏ ਤਾਂ ਸ. ਚੰਨਣ ਸਿੰਘ ਨੇ ਮੁਰਾਦਾਬਾਦ ਚਰਨ ਪਾਉਣ ਵਾਸਤੇ ਅਰਜ਼ ਕੀਤੀ। ਅੰਤਰਯਾਮੀ ਦਾਤੇ ਨੇ ਸੰਗਤ ਦਾ ਪ੍ਰੇਮ ਤੱਕ ਕੇ ਉੱਥੋਂ ਹੀ ਸਮਾਂ ਬਖ਼ਸ਼ ਦਿੱਤਾ। ਦੀਵਾਨ ਸਜੇ, ਉਪਦੇਸ਼ ਦਿੱਤਾ, ਅੰਮ੍ਰਿਤ ਪ੍ਰਚਾਰ ਹੋਇਆ।

ਇਉਂ ਲਗਾਤਾਰ ਅੱਠ ਨੌਂ ਸਾਲ ਜਾਂਦੇ ਰਹੇ। ਬੇਅੰਤ ਹੀ ਪ੍ਰੇਮੀ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜੇ। ਹਜ਼ਾਰਾਂ ਨੇ ਨਾਮ ਦੀ ਦਾਤ ਪ੍ਰਾਪਤ ਕੀਤੀ। ਨੈਨੀਤਾਲ, ਭੀਮਤਾਲ ਤੇ ਮੁਰਾਦਾਬਾਦ ਦੇ ਦੀਵਾਨਾਂ ਦੇ ਖਰਚੇ ਦੀ ਸੇਵਾ ਸਾਰੀ ਖੇੜਾ ਟਰਾਂਸਪੋਰਟ ਵਲੋਂ ਹੁੰਦੀ ਰਹੀ।

ਕੇਸਾਂ ਦੀ ਮਹੱਤਤਾ

ਆਪ ਜੀ ਨੇ ਏਥੇ ਇਹ ਉਪਦੇਸ਼ ਦਿੱਤਾ ਕਿ:

ਸਿੱਖ ਮੱਤ ਵਿੱਚ ਕੇਸ ਮਨੁੱਖੀ ਸਰੀਰ ਦਾ ਅਨਿੱਖੜਵਾਂ ਅੰਗ ਹਨ। ਇਹ ਕਲਗੀਆਂ ਵਾਲੇ ਦੀ ਮੋਹਰ ਹਨ, ਜਿਸ

ਨਾਲ ਸਿੱਖ ਸੈਂਕੜਿਆਂ ਤੇ ਹਜ਼ਾਰਾਂ ਵਿੱਚੋਂ ਬਖੂਬੀ ਪਛਾਣਿਆਂ ਜਾਂਦਾ ਹੈ। ਕੇਸਾਂ ਤੋਂ ਬਿਨਾਂ ਸਿੱਖ ਨਹੀਂ ਅਖਵਾ ਸਕਦਾ ਪਰ ਵਰਤਮਾਨ ਸਮੇਂ ਵਿੱਚ ਸਿਵਾਏ ਗੁਰੂ ਕੇ ਸਿੱਖਾਂ ਤੋਂ ਸਾਰੇ ਹੀ ਕੇਸ ਰਹਿਤ ਹਨ। ਕੇਸਾਧਾਰੀਆਂ ਨੂੰ ਓਪਰੀ ਨਜ਼ਰ ਵੇਖਿਆ ਜਾਂਦਾ ਹੈ। ਹੋਰਨਾਂ ਧਰਮਾਂ ਦੇ ਅਧਿਐਨ ਤੋਂ ਅਨੁਭਵ ਹੁੰਦਾ ਹੈ ਕਿ ਸਾਰੇ ਪੀਰ ਪੈਕੰਬਰ, ਵਲੀ, ਔਲੀਏ, ਰਿਸ਼ੀ, ਮੁਨੀ, ਦੇਵਤੇ, ਅਵਤਾਰ ਅਤੇ ਉਨ੍ਹਾਂ ਦੇ ਪੈਰੋਕਾਰ ਕੇਸਾਧਾਰੀ ਸਨ।

ਭਾਰਤ ਵਿੱਚ ਸਭ ਤੋਂ ਪੁਰਾਤਨ ਹਿੰਦੂ ਸੰਸਕ੍ਰਿਤੀ ਮੰਨੀ ਜਾਂਦੀ ਹੈ। ਇਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਅਵਤਾਰਾਂ ਵਿੱਚੋਂ ਰਾਮ ਚੰਦਰ, ਭਗਵਾਨ ਕ੍ਰਿਸ਼ਨ, ਕਪਲ, ਬੁੱਧ ਆਦਿ ਸਭ ਕੇਸਾਧਾਰੀ ਸਨ। ਰਿਸ਼ੀਆਂ ਵਿੱਚੋਂ ਕਸ਼ਪ, ਵਸ਼ਿਸ਼ਟ, ਵਿਸ਼ਵਾਮਿੱਤਰ, ਦੁਰਬਾਸਾ, ਬਾਲਮੀਕ ਤੇ ਵੇਦ ਵਿਆਸ ਆਦਿ ਸਭ ਜਟਾ ਜੂਟ ਸਨ। ਮੰਦਰਾਂ ਵਿੱਚ ਵੀ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਵਿੱਚੋਂ ਕਿਸੇ ਦੇ ਸਿਰ ਦੇ ਅੱਗੇ ਜੂੜਾ, ਕਿਸੇ ਦੇ ਵਿਚਕਾਰ ਜੂੜਾ ਅਤੇ ਕਿਸੇ ਦੇ ਕੇਸ ਖੁੱਲ੍ਹੇ ਹਨ। ਸ਼ਿਵ ਜੀ ਮਹਾਰਾਜ ਦੇ ਕੇਸ ਸ਼ਸ਼ੋਭਤ ਹਨ ਤੇ ਉਨ੍ਹਾਂ ਵਿੱਚੋਂ ਗੰਗਾ ਉੱਤਰੀ ਦਿਖਾਈ ਹੈ। 'ਜਟਾ ਜੂਟ ਸਿਰ ਗੰਗ ਬਿਰਾਜੇ।' ਇਸ ਤੋਂ ਇਲਾਵਾ ਵੇਦਾਂ ਵਿੱਚ ਭੀ ਬਹੁਤ ਸਾਰੇ ਹਵਾਲੇ ਮਿਲਦੇ ਹਨ ਜਿਨ੍ਹਾਂ ਵਿੱਚ ਕੇਸਾਂ ਦੀ ਪ੍ਰੋੜਤਾ ਕੀਤੀ ਹੈ। ਯਜੁਰ ਵੇਦ ਵਿੱਚ ਕੇਸ ਰੱਖਣ ਦੇ ਅਭਿਲਾਸ਼ੀਆਂ ਨੂੰ ਸਦਾ ਆਪਣੇ ਕੇਸਾਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ।

ਮਸ਼ਕਾਣ ਕੇਸ਼ੇ ਰਿੰਦ੍ਰੰਸ ਸਵਪਸਾ ਬਹੇਨ। (ਅਧਿ. ੨੫ ਮੰਤਰ ੩)

ਅਥਰਵਣ ਵੇਦ ਵਿੱਚ ਜਿੱਥੇ ਕੇਸ ਰੱਖਣ ਸਬੰਧੀ ਅਨੇਕਾ ਉਦਾਹਰਣ ਮਿਲਦੇ ਹਨ, ਉੱਥੇ ਇਨ੍ਹਾਂ ਦੀ ਹਰ ਤਰ੍ਹਾਂ ਨਾਲ ਸੰਭਾਲ ਬਾਰੇ ਵੀ ਹਵਾਲੇ ਮਿਲਦੇ ਹਨ।

ਯਸਤੇ ਕੇਸ਼ ਵਪਧਤੇ ਸਮਾਲੋ ਯਸ਼ਚ ਵ੍ਰਸ਼ਚਤੇ। ਇੰਦ ਤੰ ਵਿਸ਼ਵ ਮੇਯ ਜਯਾਮਿ ਸ਼ਿਜਯੋਮਿ ਵੀਰੁਘਾ।

(ਕਾਂਡ ੬ ਸੂਤਰ ੧੩੬ ਤੰਤਰ ੩)

ਵਿਸ਼ਨੂੰ ਪੁਰਾਨ, ਰਾਮ ਚਰਿਤੁ ਮਾਨਸ, ਹਨੂੰਮਾਨ ਨਾਟਕ ਵਿੱਚ ਜਿੱਥੇ ਸੰਨਿਆਸ ਧਾਰਨ ਕਰਨ ਵਾਲੇ ਕੇਸਾਂ ਦੀਆਂ ਜਟਾਵਾਂ ਬਣਾ ਕੇ ਰੱਖਣ ਸਬੰਧੀ ਹਵਾਲੇ ਦਿੱਤੇ ਹਨ; ਉੱਥੇ ਗ੍ਰਹਿਸਥੀ ਨੂੰ ਸੁੰਦਰ, ਮੁਲਾਇਮ ਤੇ ਸਾਫ਼ ਰੱਖਣ ਸਬੰਧੀ ਵੀ ਅਦੇਸ਼ ਹੈ। ਸੋ ਸੁਆਮੀ ਤੁਲਸੀ ਦਾਸ ਜੀ ਰਮਾਇਣ ਦੇ ਬਾਲ ਕਾਂਡ ਵਿੱਚ ਸ੍ਰੀ ਰਾਮਚੰਦ੍ਰ ਜੀ ਦੇ ਸੁੰਦਰ ਕੇਸਾਂ ਦੀ ਇਉਂ ਉਪਮਾ ਕਰਦੇ ਹਨ:

ਚਿਕਨੇ ਕਚ ਕੁੰਚਤ ਗਭੁਆਰੇ। ਬਹੁ ਪ੍ਰਕਾਰ ਰਚ ਮਾਤ ਸਵਾਰੇ।

ਜਦੋਂ ਰਾਮਚੰਦ੍ਰ ਜੀ ਬਨੋਵਾਸ ਤੋਂ ਵਾਪਸ ਆ ਕੇ ਸਿੰਘਾਸਣ ਤੇ ਬਿਰਾਜਦੇ ਹਨ ਤਾਂ ਉਹ ਜਟਾਵਾਂ ਨੂੰ ਸੁਲਝਾ ਕੇ ਕੇਸਾਂ ਵਿੱਚ ਪ੍ਰੀਵਰਤਨ ਕਰਦੇ ਹਨ ਜਿਸ ਦਾ ਵਰਨਣ ਤੁਸਲੀ ਦਾਸ ਜੀ ਇਸ ਪ੍ਰਕਾਰ ਕਰਦੇ ਹਨ:

ਪੁਨਿ ਨਿਜ ਜਟਾ ਰਾਮ ਬਿਬਰਾਏ। ਗੁਰੂ ਅਨੁਸਾਸਨ ਮਾਂਗ ਨਹਾਏ।

ਇਸੇ ਤਰ੍ਹਾਂ ਭਗਵਾਨ ਕ੍ਰਿਸ਼ਨ ਜੀ ਦੇ ਕੇਸਾਂ ਨੂੰ 'ਕਾਰੀ ਕਾਰੀ ਅਲਕੇ' ਅਤੇ 'ਨਾਗਨ ਕੋ ਛੋਨਾ' ਆਦਿ ਕਹਿ ਕੇ ਉਪਮਾ ਦਿੱਤੀ ਹੈ। ਕ੍ਰਿਸ਼ਨ ਜੀ ਰੋਜ਼ ਆਪਣੀ ਮਾਤਾ ਨੂੰ ਚੋਟੀ (ਕੇਸ਼) ਲੰਮੀ ਹੋਣ ਦਾ ਸਾਧਨ ਪੁੱਛਦੇ ਹਨ ਅਤੇ ਉਹ ਉਨ੍ਹਾਂ ਨੂੰ ਕਾਲੀ ਗਊ ਦਾ ਦੁੱਧ ਪੀਣ ਲਈ ਆਖਦੇ ਹਨ। ਪਰ ਜਦ ਕੇਸ ਲੰਮੇ ਨਾ ਹੋਏ ਤਾਂ ਆਪ ਆਖਦੇ ਹਨ।

ਮਈਆ ਮੋਰੀ ਕਬ ਬਾਢੇਗੀ ਚੋਟੀ। ਕਿਤੀ ਬਾਰ ਮੁਹਿ ਦੁੱਧ ਪਿਆਏ ਵਹੁ ਅਜਹੂ ਹੈ ਛੋਟੀ।

ਅਸਲ ਵਿੱਚ ਕੇਸ ਕਟਵਾਉਣੇ ਕਾਇਰਤਾ ਅਤੇ ਬੁਜ਼ਦਿਲੀ ਦੀ ਨਿਸ਼ਾਨੀ ਹੈ। ਰਮਾਇਣ ਵਿੱਚ ਇੱਕ ਪ੍ਰਸੰਗ ਆਉਂਦਾ ਹੈ ਕਿ ਜਦੋਂ ਪਰਸ ਰਾਮ ਦੇ ਪਿਤਾ ਜਮਦਗਨ ਰਿਸ਼ੀ ਨੂੰ ਸਹੰਸਰ ਬਾਹੂ ਨਾਮ ਕਰ ਕੇ ਛੱਤ੍ਰੀ ਨੇ ਮਾਰ ਦਿੱਤਾ ਤਾਂ ਪਰਸ ਰਾਮ ਨੇ ਪਿਤਾ ਦੇ ਬਦਲੇ ਲਈ ਪ੍ਰਣ ਕੀਤਾ ਅਤੇ ਸਵਾ ਮਣ ਦਾ ਕੁਹਾੜਾ ਬਣਾਇਆ। ਉਸ ਸਮੇਂ ਸਾਰੇ ਛੱਤਰੀ ਕੇਸਾਧਾਰੀ ਹੁੰਦੇ ਸਨ ਤੇ ਕੇਸ ਬਹਾਦਰੀ ਦਾ ਚਿੰਨ੍ਹ ਸਨ। ਕੇਸਾਂ ਕਰ ਕੇ ਹੀ ਛਤ੍ਰੀ ਦੂਰੋਂ ਪਛਾਣੇ ਜਾਂਦੇ ਸਨ। ਪਰਸ ਰਾਮ ਦੇ ਇਸ ਪ੍ਰਣ ਨੂੰ ਸੁਣ ਕੇ ਸਾਰੇ ਛੱਤ੍ਰੀ ਡਰਦੇ ਜਾਨਾਂ ਬਚਾ ਕੇ ਕੇਸ ਕਟਵਾ ਲਏ। ਉਨ੍ਹਾਂ ਨੇ ਆਪਣੇ ਬੱਚਿਆਂ ਦੇ ਭੀ ਮੁੰਡਨ ਕਰਵਾ ਦਿੱਤੇ। ਇਸ ਤੋਂ ਅੱਗੇ ਫੇਰ ਮੁੰਡਨ ਦੀ ਇੱਕ ਪਰੰਪਰਾ ਬਣ ਗਈ। ਇਸੇ ਤਰ੍ਹਾਂ ਇਸਲਾਮ ਧਰਮ ਦੇ ਪੁਸਤਕਾਂ ਵਿੱਚ ਭੀ ਕੇਸਾਂ ਦੇ ਹੱਕ ਵਿੱਚ ਪ੍ਰਮਾਣ ਮਿਲਦੇ ਹਨ। ਕੁਰਾਨ ਸ਼ਰੀਫ ਵਿੱਚ ਹਜਰਤ ਸਾਹਿਬ ਦੇ ਚਾਚਾ ਅਬਉਲਜਹਿਲ ਤੇ ਸੁਪਤਨੀ ਆਇਸ਼ਾ ਸੰਬਧੀ ਕਈ ਐਸੀਆਂ ਆਇਤਾਂ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਵੇਲੇ ਲੋਕ ਕੇਸਾਧਾਰੀ ਸਨ। ਹਜ਼ਰਤ ਸਾਹਿਬ ਕੇਸ ਕਟਵਾਉਣ ਵਾਲਿਆਂ ਨੂੰ ਸੰਬੋਧਨ ਕਰ ਕੇ ਆਖਦੇ ਹਨ ਕਿ ਉਨ੍ਹਾਂ ਚਿਰ ਤੁਹਾਡੀ ਹੱਜ ਯਾਤਰਾ ਵੀ ਸਵੀਕਾਰ ਨਹੀਂ ਹੋ ਸਕਦੀ, ਜਦ ਤੱਕ ਤੁਸੀਂ ਕੇਸ ਨਹੀਂ ਰੱਖਦੇ। ਉਹ ਕੇਸ ਕਟਾਉਣਾ ਸ਼ੋਕ ਦਾ ਪ੍ਰਤੀਕ ਮੰਨਦੇ ਹਨ। ਜਿਵੇਂ ਕਿ ਕੁਰਾਨ ਵਿੱਚ ਲਿਖਿਆ ਹੈ: 'ਵਾ ਸਤਿਮੁਲ ਹੱਜਾ ਓਮਰਤਾ ਲਿਲਾਹ ਫਾਇਨ ਕਿ ਓਹ ਸਿਰ ਤੁਮ ਫਮਸ ਮਿਲਲ ਹਦਯ ਵਾ ਲਾ ਤਾਹਲੇ ਕੂ ਰਊਸਾ ਕੁਮ।' (ਕੁਰਾਸਨ ਸਿਪਾਰਾ ੨ ਸੂਰਤ ਬਕਰ, ਰਕੂ ੨੪

ਅ: ੧੯੫)

ਸ਼ਾਇਦ ਇਹੀ ਕਾਰਣ ਹੈ ਕਿ ਮੁਸਲਮਾਨ ਅੱਜ ਵੀ ਹੱਜ ਤੇ ਜਾਣ ਸਮੇਂ ਰੋਜ਼ੇ ਰੱਖਣ ਵਾਲੇ ਹਜਾਮਤ ਨਹੀਂ ਕਰਵਾਉਂਦੇ। ਪਰ ਪਿੱਛੋਂ ਫਿਰ ਹਜ਼ਰਤ ਸਾਹਿਬ ਦੇ ਫੁਰਮਾਨ ਨੂੰ ਨਾ-ਫੁਰਮਾਨੀ ਕਰ ਕੇ ਘੋਨ ਮੋਨ ਹੋ ਜਾਂਦੇ ਹਨ।

ਇਸੇ ਤਰ੍ਹਾਂ ਈਸਾਈ ਮੱਤ ਦੇ ਬਾਨੀ ਈਸਾ ਜੀ ਆਪ ਕੇਸਾਧਾਰੀ ਸਨ। ਬਾਈਬਲ ਵਿੱਚ ਆਇਆ ਹੈ ਕਿ ਜਦੋਂ ਹਜ਼ਰਤ ਈਸਾ ਨੂੰ ਰਾਜ ਵਿਦਰੋਹੀ ਕਰਾਰ ਦੇ ਕੇ ਬਾਦਸ਼ਾਹ ਨੇ ਇਨ੍ਹਾਂ ਤੇ ਮੁਕੱਦਮਾ ਚਲਾਇਆ ਤਾਂ ਜੱਜ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਇਸ ਦੀ ਦਾੜੀ ਤੇ ਕੇਸ ਇਸ ਦੀ ਮਹਾਨਤਾ ਨੂੰ ਪ੍ਰਗਟ ਕਰਦੇ ਹਨ ਪਰ ਮੈਂ ਸਮਾਜਿਕ ਬੰਧਨਾਂ ਦਾ ਬੰਨ੍ਹਿਆ ਇਸ ਨੂੰ ਸਜ਼ਾ ਦੇ ਰਿਹਾ ਹਾਂ। ਗੁਰਮਤ ਵਿੱਚ ਕੇਸਾਂ ਦੀ ਬਹੁਤ ਮਹੱਤਤਾ ਹੈ।

ਨਿਸ਼ਾਨੇ ਸਿਖੀ ਅਸਤ ਈਂ ਪੰਜ ਹਰਫ ਕਾਫ। ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ।

ਕੜਾ, ਕਾਰਦੋ, ਕਛ, ਕੰਘਾ, ਬਿਦਾ। ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾ।

ਸਤਿਗੁਰੂ ਜੀ ਗੁਰਬਾਣੀ ਵਿੱਚ ਫੁਰਮਾਉਂਦੇ ਹਨ ਕਿ ਪ੍ਰਮੇਸ਼ਰ ਦਾ ਸੁੰਦਰ ਨੱਕ ਤੇ ਚਮਕਦਾਰ ਲੰਮੜੇ ਵਾਲ ਸੁਭਾਇਮਾਨ ਹਨ।

ਯਥਾ: *ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥*
ਸੋਹਣੇ ਨਕ ਜਿਨ ਲੰਮੜੇ ਵਾਲਾ ॥ *(ਵਡਹੰਸੁ ਮਃ ੧ - ੫੬੭)*

ਗੁਰਸਿੱਖ ਵਾਸਤੇ ਸਾਬਤ ਸੂਰਤ ਰਹਿਣਾ ਤੇ ਸਿਰ ਤੇ ਦਸਤਾਰ ਰੱਖਣੀ ਅਵਸ਼ਕ ਹੈ।

ਯਥਾ: *ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥*
(ਮਾਰੂ ਮਃ ੫ - ੧੦੮੪)

ਸਤਿਗੁਰਾਂ ਨੇ ਫੁਰਮਾਇਆ ਹੈ ਕਿ ਪ੍ਰਭੂ ਦੀ ਰਜ਼ਾ ਨੂੰ ਮੰਨਣ ਤੋਂ ਪਹਿਲਾਂ ਆਪਣੇ ਮਨ ਨੂੰ ਨਿਮਰਤਾ ਦੇ ਸਾਂਚੇ ਵਿੱਚ ਢਾਲਣਾ ਹੈ। ਉਸ ਦੇ ਦੀਦਾਰ ਲਈ ਜੋ ਜੀਵ ਨੂੰ ਆਪਣੇ ਕੇਸਾਂ ਦਾ ਚਵਰ ਢੁਲਾਕੇ ਵੀ ਉਸ ਦੀ ਚਰਨ ਧੂੜ ਪ੍ਰਾਪਤ ਕਰਨੀ ਪਵੇ ਤਾਂ ਵੀ ਪਿਛਾਹਾਂ ਮੁਹਡੜਾ ਨਹੀਂ ਫੇਰਨਾ ਚਾਹੀਦਾ।

ਯਥਾ: *ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥*
(ਸੂਹੀ ਮਃ ੫ - ੭੪੯)

ਤਥਾ: *ਮੇਰਾ ਮਨੁ ਸਾਧੂ ਧੂਰਿ ਰਵਾਲ ॥*
ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ ॥੧॥ ਰਹਾਉ ॥

(ਪ੍ਰਭਾਤੀ ਮਃ ੪ - ੧੩੩੫)

ਤਥਾ: *ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥੧॥*
(ਗੂਜਰੀ ਮਃ ੫ - ੫੦੦)

ਤਥਾ: *ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥*
(ਬਿਲਾਵਲ ਮਃ ੫ - ੮੧੦)

ਤਥਾ: *ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥*
(ਸੂਹੀ ਮਃ ੫ - ੭੪੫)

ਇਸੇ ਤਰ੍ਹਾਂ ਕੇਸਧਾਰੀ ਹੋਣ ਦੇ ਵੀ ਗੁਰਬਾਣੀ ਵਿੱਚ ਅਨੇਕਾਂ ਪ੍ਰਮਾਣ ਮਿਲਦੇ ਹਨ।

ਯਥਾ: *ਕੇਸ ਜਲੇ ਜੈਸੇ ਘਾਸ ਕਾ ਪੂਲਾ ॥੨॥* *(ਗੌਂਡ ਭਗਤ ਕਬੀਰ ਜੀ - ੮੭੦)*

ਤਥਾ: *ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥*
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥ *(ਸਲੋਕ ਸੇਖ ਫਰੀਦ ਜੀ - ੧੩੮੦)*

ਸੋ ਸਿੱਖ ਨੂੰ ਕੇਸ ਰੱਖ ਕੇ ਅੰਮ੍ਰਿਤ ਪਾਨ ਕਰਨਾ ਜ਼ਰੂਰੀ ਹੈ। ਕਲਗੀਆਂ ਵਾਲੇ ਪਾਤਸ਼ਾਹ ਜੀ ਦਾ ਵਾਕ ਹੈ:

ਧਰੇ ਕੇਸ ਪਾਹਲੁ ਬਿਨਾ ਭੇਖੀ ਮੂਰਖ ਸਿਖ। ਮੇਰਾ ਦਰਸ਼ਨ ਨਾਹਿ ਤਿਸ ਜੇ ਨਾ ਤਿਆਗੇ ਬਿਖ।

ਸੂਫੀ ਫ਼ਕੀਰ ਦਾ ਦਰਸ਼ਨਾਂ ਵਾਸਤੇ ਆਉਣਾ

ਸਵੇਰੇ ਨੌਂ ਤੋਂ ਦਸ ਵਜੇ ਤੱਕ ਜੋ ਇੱਕ ਘੰਟਾ ਦਰਸ਼ਨ ਮੇਲੇ ਵਾਸਤੇ ਹਜ਼ੂਰ ਨੇ ਰੋਜ਼ ਦਾ ਸਮਾਂ ਨੀਅਤ ਕੀਤਾ ਹੋਇਆ ਸੀ। ਏਸ ਸਮੇਂ ਜੋ ਜੋ ਵੀ ਕਿਸੇ ਪ੍ਰੇਮੀ ਨੇ ਆ ਕੇ ਭਜਨ ਸਿਮਰਨ ਦੀ ਜੁਗਤੀ ਪੁੱਛਣੀ ਜਾਂ ਪ੍ਰਮਾਰਥੀ ਰਸਤੇ ਵਿੱਚ

ਪਈਆਂ ਰੁਕਾਵਟਾਂ ਦੂਰ ਕਰਨ ਵਾਸਤੇ ਬੇਨਤੀ ਕਰਣੀ, ਉਸ ਨੂੰ ਬੜੀ ਵਿਸ਼ਾਲ ਦਿਲੀ ਨਾਲ ਉੱਤਰ ਬਖ਼ਸ਼ ਕੇ ਪੂਰਨ ਤਸੱਲੀ ਕਰਵਾਈ ਜਾਂਦੀ ਸੀ।

ਜਦੋਂ ਵੀ ਮੁਰਾਦਾਬਾਦ ਵਿਖੇ ਸਾਹੂ ਸਾਹਿਬ ਦੀ ਕੋਠੀ ਸੰਤ ਜੀ ਮਹਾਰਾਜ ਕੁਰਸੀ ਦੇ ਸਮੇਂ ਖੁੱਲ੍ਹਾ ਦਰਸ਼ਨ ਬਖ਼ਸ਼ ਕੇ ਨਾਮ ਬਾਣੀ ਦਾ ਉਪਦੇਸ਼ ਕਰ ਰਹੇ ਸਨ, (ਰਮੇਸ਼ ਕੁਮਾਰ ਸਾਹੂ ਸਾਹਿਬ ਦੇ ਘਰ ਸੰਤਾਂ ਦੇ ਬਚਨਾਂ ਨਾਲ ਪੁੱਤਰ ਦਾ ਜਨਮ ਹੋਇਆ) ਸਮਾਂ ਹੋਣੇ ਪਰ ਸੰਗਤਾਂ ਆਪੋ ਆਪਣੀ ਘਰੀਂ ਚਲੀਆਂ ਗਈਆਂ ਤੇ ਹਜ਼ੂਰ ਵੀ ਆਪਣੇ ਰਿਹਾਇਸ਼ੀ ਅਸਥਾਨ ਤੇ ਪੁੱਜੇ। ਪ੍ਰਸ਼ਾਦਿ ਛਕ ਕੇ ਆਰਾਮ ਕਰਨ ਲਈ ਤਿਆਰ ਹੋਏ। ਉਸ ਸਮੇਂ ਕਿਸੇ ਖ਼ਾਸ ਪ੍ਰੇਮੀ ਨੇ ਸੇਵਾਦਾਰਾਂ ਪਾਸ ਆਪਣੀ ਦਿਲੀ ਸ਼ਰਧਾ ਪ੍ਰਗਟ ਕਰਦਿਆਂ ਦਰਸ਼ਨਾਂ ਦੀ ਮੰਗ ਕੀਤੀ। ਇਹ ਬਾਹਜ ਪਹਿਰਾਵੇ ਤੋਂ ਸੂਫੀ ਫ਼ਕੀਰ ਪ੍ਰਤੀਤ ਹੁੰਦਾ ਸੀ। ਜਿਸ ਨੇ ਸਿਰ ਦੇ ਵਾਲ ਪਿੱਛੇ ਸੁੱਟ ਕੇ ਉੱਪਰ ਚਿੱਟਾ ਰੁਮਾਲ ਬੰਨ੍ਹਿਆ ਹੋਇਆ ਸੀ। ਗਲ੍ਹ ਵਿੱਚ ਵੀ ਚਿੱਟੇ ਰੰਗ ਦਾ ਪੈਰਾ ਤੱਕ ਨੀਵਾਂ ਚੋਲਾ, ਤੇੜ ਚਿੱਟਾ ਤਹਿਮਤ, ਹੱਥ ਵਿੱਚ ਤਸਬੀ ਪਕੜੀ ਤੇ ਕਿਸੇ ਮਸਤੀ ਵਿੱਚ ਨੇਤਰ ਬੰਦ ਕਰ ਕੇ ਬੁੱਲ੍ਹ ਹਿਲਾ ਰਿਹਾ ਸੀ। ਸਿੱਧਾ ਤੇ ਲੰਮਾ ਦਾਹੜਾ ਜਿਸ ਵਿੱਚ ਕਿਤੇ ਕਿਤੇ ਚਿੱਟੇ ਰੋਮਾਂ ਦੀ ਵੀ ਝਲਕ ਪੈਂਦੀ ਸੀ। ਉਮਰ ਚਾਲੀ ਸਾਲ ਦੇ ਲਗਭਗ ਸੀ।

ਸਮੇਂ ਦੇ ਪਾਬੰਦ ਮਹਾਂਪੁਰਸ਼ਾਂ ਦੇ ਨਿਕਟਵਰਤੀ ਸੇਵਕਾਂ ਨੇ ਅਰਜ਼ ਕੀਤੀ ਕਿ ਫ਼ਕੀਰ ਸਾਂਈ ਜੀ! ਹੁਣ ਦਰਸ਼ਨ ਹੋਣਾ ਮੁਸ਼ਕਲ ਹੈ। ਤੁਸੀਂ ਕੱਲ੍ਹ ਸਵੇਰੇ ਨੌਂ ਵਜੇ ਕੁਰਸੀ ਦੇ ਟਾਈਮ ਆ ਕੇ ਦਰਸ਼ਨ ਕਰ ਲੈਣੇ। ਪਰ ਉਸ ਨੇ ਅੱਜ ਹੀ ਦਰਸ਼ਨ ਕਰ ਕੇ ਜਾਣ ਦਾ ਕੁੱਝ ਹਠ ਕੀਤਾ। ਸੇਵਾਦਾਰਾਂ ਨੇ ਫੇਰ ਨਿੰਮ੍ਰਤਾ ਸਹਿਤ ਕਿਹਾ, "ਮਹਾਂਪੁਰਸ਼ੋ! ਕੱਲ੍ਹ ਕ੍ਰਿਪਾ ਕਰ ਕੇ ਦੀਦਾਰ ਬਖ਼ਸ਼ਣੇ ਅੱਜ ਸਮਾਂ ਨਹੀਂ। ਜੇਕਰ ਪਹਿਲਾਂ ਆ ਜਾਂਦੇ ਤਾਂ ਤੁਹਾਨੂੰ ਜ਼ਰੂਰ ਹੀ ਦਰਸ਼ਨ ਕਰਵਾਏ ਜਾਣੇ ਸਨ। ਹੁਣ ਪੀਰ ਜੀ ਆਰਾਮ ਕਰ ਰਹੇ ਹਨ।" ਉਸ ਨੇ ਬੇਪ੍ਰਵਾਹੀ ਨਾਲ ਉੱਤਰ ਦਿੱਤਾ, "ਮੈਂ ਅੱਜ ਹੀ ਦਰਸ਼ਨ ਕਰ ਕੇ ਜਾਣਾ ਹੈ, ਕੱਲ੍ਹ ਮੈਂ ਵੀ ਨਹੀਂ ਆਉਣਾ।" ਇਹ ਵਕਤ ਦੀ ਪਾਬੰਦੀ ਤਾਂ ਆਮ ਦੁਨੀਆਂਦਾਰਾਂ ਵਾਸਤੇ ਹੁੰਦੀ ਹੈ ਪਰ ਫ਼ਕੀਰ ਕਿਸੇ ਸਮੇਂ ਦੇ ਬੰਧਨਾਂ ਵਿੱਚ ਨਹੀਂ ਆਉਂਦਾ। ਮੇਰਾ ਨਿਸ਼ਚਾ ਕਿ ਜੇਕਰ ਮੇਰੀ ਸ਼ਰਧਾ ਪੂਰਨ ਹੋਈ ਤਾਂ ਮੇਰਾ ਖ਼ੁਦਾ ਮੈਨੂੰ ਜ਼ਰੂਰ ਹੀ ਦਰਸ਼ਨ ਦੇਵੇਗਾ।

ਮਾਨਾ ਕਿ ਤੇਰੀ ਦੀਦ ਦੇ ਕਾਬਲ ਨਹੀਂ ਹੂੰ ਮੈਂ, ਫਿਰ ਤੂੰ ਮੇਰਾ ਸ਼ੌਕ ਦੇਖ ਇੰਤਜ਼ਾਰ ਦੇਖ।

ਇਹ ਸਿਦਕ ਭਰੇ ਬਚਨ ਸੁਣ ਕੇ ਬਾਹਰਲੇ ਗੇਟ ਅੱਗੇ ਖੜ੍ਹੇ ਸੇਵਾਦਾਰ ਬੋਲੇ, "ਫ਼ਕੀਰ ਸਾਂਈ! ਸਾਡੇ ਵੱਲੋਂ ਕੋਈ ਰੋਕ ਨਹੀਂ ਪਰ ਅੱਗੇ ਦਰਵਾਜ਼ਾ ਬੰਦ ਹੈ। ਸੰਤ ਜੀ ਮਹਾਰਾਜ ਪ੍ਰਸ਼ਾਦ ਛੱਕ ਕੇ ਬਿਰਾਜ ਗਏ ਹਨ।" ਉਸ ਨੇ ਕਿਹਾ ਮੇਰੇ ਵਾਸਤੇ ਸਾਰੇ ਦਰਵਾਜ਼ੇ ਖੁੱਲ੍ਹੇ ਹਨ, ਅਤੇ ਸੇਵਾਦਾਰਾਂ ਨੂੰ ਵਧੇਰੇ ਨਿਸਚਾ ਕਰਾਉਣ ਵਾਸਤੇ ਬੋਲਿਆ, "ਮੈਂ ਬਾਬਾ ਫਰੀਦ ਜੀ ਦੀ ਬਿੰਦੀ ਬੰਸ ਵਿੱਚੋਂ ਹਾਂ। ਆਹ ਵੇਖੋ ਮੇਰੀ ਖੱਬੀ ਅੱਖ ਛੋਟੀ ਹੈ। ਮੇਰਾ ਮਾਲਕ ਮੈਨੂੰ ਜ਼ਰੂਰ ਹੀ ਦਰਸ਼ਨ ਦੇਵੇਗਾ।" ਉਸ ਸਮੇਂ ਹਜ਼ੂਰ ਦੇ ਨਿਕਟਵਰਤੀ ਕਹਿਣ ਲੱਗੇ ਚੰਗਾ ਫ਼ਕੀਰ ਸਾਂਈ। ਜੇਕਰ ਤੁਹਾਡਾ ਇਤਨਾ ਭਰੋਸਾ ਹੈ ਤਾਂ ਅੱਗੇ ਲੰਘ ਜਾਓ। ਇਹ ਅੰਦਰ ਚਲਾ ਗਿਆ।

ਸੰਤ ਜੀ ਮਹਾਰਾਜ (ਜਿਨ੍ਹਾਂ ਦਾ ਸਾਰਾ ਸਮਾਂ ਹੀ ਕ੍ਰਮਵਾਰ ਵੰਡਿਆ ਹੋਇਆ ਸੀ) ਆਪਣੇ ਆਰਾਮ ਕਰਨ ਤੋਂ ਪੌਣਾ ਘੰਟਾ ਲੇਟ ਹੋਏ, ਦਰਵਾਜ਼ਾ ਖੋਲ੍ਹ ਕੇ ਅੰਦਰ ਇਉਂ ਟਹਿਲ ਰਹੇ ਸਨ ਜਿਵੇਂ ਕਿਸੇ ਸ਼ਰਧਾਲੂ ਦੀ ਭਾਵਨਾ ਪੂਰੀ ਕਰਨ ਵਾਸਤੇ ਉਸ ਨੂੰ ਉਡੀਕ ਰਹੇ ਹੋਵਣ। ਇਹ ਅੱਗੇ ਵਧਿਆ, ਹਜ਼ੂਰ ਦਲੀਜ਼ਾਂ ਦੇ ਅੰਦਰ ਆਪਣੇ ਪਲੰਘੇ ਪਾਸ ਇਸ ਦੇ ਸਾਹਮਣੇ ਖੜੋ ਗਏ। ਇਸ ਨੇ ਦਲੀਜ਼ਾਂ ਤੋਂ ਬਾਹਰ ਹੀ ਐਨ ਸਾਹਮਣੇ ਖੜੋ ਕੇ ਦਾਤੇ ਦੇ ਨੇਤ੍ਰਾ ਵਿੱਚ ਨੇਤ੍ਰ ਪਾ ਲਏ। ਮਾਨੋ ਦੀਦਾਰ ਰੂਪੀ ਅੰਮ੍ਰਿਤ ਨੂੰ ਨੇਤ੍ਰਾਂ ਦੁਆਰੇ ਪਾਨ ਕਰ ਕੇ ਮਨ ਦੇ ਗੁਪਤ ਪ੍ਰਸ਼ਨਾ ਦਾ ਨੇਤ੍ਰਾਂ ਰਾਹੀਂ ਉੱਤਰ ਪਾ ਰਿਹਾ ਹੈ। ਏਧਰ ਇਸ ਦੇ ਪ੍ਰੇਮ ਦੇ ਬੱਝੇ ਸੰਤ ਜੀ ਮਹਾਰਾਜ ਵੀ ਇਸ ਦੇ ਨੇਤ੍ਰਾਂ ਵਿੱਚ ਨੇਤ੍ਰ ਪਾ ਕੇ ਲਗਾਤਾਰ ਉਸੇ ਜਗ੍ਹਾ ਦਸ ਮਿੰਟ ਖੜ੍ਹੇ ਰਹੇ। ਇਸ ਨੇ ਵੀ ਅੱਖ ਨਹੀਂ ਝਮਕੀ।

ਨੈਣਾ ਝਾਤ ਨੈਣਾ ਨੂੰ ਮਾਰੀ ਨੈਣਾ 'ਚ ਪੈ ਗਏ ਨੈਣ।
ਨੈਣ ਨੈਣਾ ਨੂੰ ਮੁੜ ਮੁੜ ਤੱਕਣ ਨੈਣ ਨੈਣਾ ਨੂੰ ਕਹਿਣ।
ਨੈਣ ਨੈਣਾ ਦੇ ਬਰਦੇ ਬਣ ਗਏ ਨੈਣ ਨੈਣਾ ਵਿੱਚ ਰਹਿਣ।
ਨੈਣ ਨੈਣਾ ਨਾਲ ਹੱਸਣ ਖੇਡਣ ਨੈਣ ਨੈਣਾ ਦੀਆਂ ਸਹਿਣ।
ਨੈਣ ਨੈਣਾ ਤੋਂ ਦੂਰ ਜੇ ਹੋਵਣ ਰੈਣ ਨਾ ਲੱਗਦੇ ਨੈਣ।
ਨੈਣ ਸਬਰ ਤਦ ਕਰਦੇ 'ਦਿਲਾਵਰ' ਜੇ ਨੈਣਾ ਵਿੱਚ ਪੈਣ।

ਅਖ਼ੀਰ ਨੂੰ ਤੇਜ਼ਪ੍ਰਤਾਪੀ ਦਾਤੇ ਅੱਗੇ ਇਸ ਦੇ ਨੇਤ੍ਰ ਨੀਵੇਂ ਹੋ ਗਏ। ਇਹ ਵੀ ਆਪਣੇ ਮਨ ਦੀ ਭਾਵਨਾ ਪੂਰੀ ਹੋਈ

ਜਾਣ ਕੇ ਦਲੀਜ਼ਾਂ ਤੋਂ ਬਾਹਰ ਹੀ ਖੜਾ ਦਾੜ ਦੇ ਕੇ ਚਰਨਾਂ ਤੇ ਡਿੱਗ ਪਿਆ। ਡੰਡਵਤ ਲੰਮਾ ਪੈ ਕੇ ਅਸ਼ਟਾਂਗ ਡੰਡਉਤ ਕੀਤੀ ਅਤੇ ਪੰਜ ਮਿੰਟ ਉਸੇ ਤਰ੍ਹਾਂ ਲੰਮਾ ਪਿਆ ਆਪਣੇ ਮੂੰਹ ਵਿੱਚ ਕੁੱਝ ਪੜ੍ਹਦਾ ਰਿਹਾ। ਆਪ ਜੀ ਭੀ ਪ੍ਰੇਮ ਦੇ ਬੱਧੇ ਉਸੇ ਤਰ੍ਹਾਂ ਖੜ੍ਹੇ ਰਹੇ। ਉਪਰੰਤ ਇਹ ਸਾਵਧਾਨ ਹੋ ਕੇ ਉੱਠਿਆ। ਹਜ਼ੂਰ ਨੇ ਇਸ ਦਾ ਸੱਚਾ ਪ੍ਰੇਮ ਦੇਖ ਕੇ ਬਚਨ ਕੀਤਾ ਕਿ ਸਾਧੂ ਨੂੰ ਹਰ ਸਮੇਂ ਅਤੇ ਹਰੇਕ ਪ੍ਰਾਣੀ ਤੇ ਪ੍ਰਸੰਨ ਰਹਿਣਾ ਚਾਹੀਦਾ ਹੈ।

ਆਪਨੜੇ ਗਿਰੀਵਾਨ ਮਹਿ

ਇਸ ਗਹਿਬਰ ਘੋਰ ਬਨ ਦੀਆਂ ਮਜ਼ਬੂਰੀਆਂ ਤੋਂ ਮਾਨੁਖ ਨੂੰ ਠੋਕਰ ਖਾਂਦਿਆਂ ਤੇ ਮੁਸ਼ਕਲਾਂ ਵਿੱਚ ਫਸਦਾ ਦੇਖ ਸੰਤ ਉਸ ਦਾ ਮਜ਼ਾਕ ਨਹੀਂ ਉੜਾਂਦੇ, ਠਠੇ ਨਹੀਂ ਮਾਰਦੇ, ਗਿਲਾਨੀ ਨਹੀਂ ਕਰਦੇ, ਤਾਹਨੇ ਨਹੀਂ ਦੇਂਦੇ ਤਰਕ ਨਹੀਂ ਉਠਾਂਦੇ, ਸਗੋਂ ਹਮਦਰਦੀ ਕਰਦੇ ਹਨ। ਮਾਹੀ ਨਾਲ ਮੇਲਣ ਦੇ ਉਪਾਓ ਸੋਚਦੇ ਹਨ। ਜੇ ਕੋਈ ਗ਼ੁਨਾਹਗਾਰ ਨੂੰ ਦੇਖ ਕੇ ਹੱਸ ਰਿਹਾ ਹੋਵੇ ਤਾਂ ਉਸ ਨੂੰ ਵੀ ਰੋਕਦੇ ਤੇ ਸਮਝਾਂਦੇ ਹਨ। ਹੇ ਲਤੀਫ ਅਕਲ ਵਾਲੇ! ਜੇ ਕੁੱਝ ਸਮਝ ਰੱਖਦਾ ਏਂ ਤਾਂ ਲੋਕਾਂ ਦੇ ਐਬ ਨਾ ਚੁਣ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥ *(ਸਲੋਕ ਸੇਖ ਫਰੀਦ ਜੀ - ੧੩੭੮)*

ਤਰੁੱਟੀਆਂ ਨ ਤੱਕ, ਭੁੱਲਾਂ ਦੀ ਫਰਿਸਤ ਨਾ ਬਣਾ। ਸ਼ਾਇਦ ਅਜੇ ਤੇਰੀਆਂ ਆਪਣੀਆਂ ਕਈ ਹੋਣ। ਜੇ ਫੁਰਸਤ ਹੈ ਤਾਂ ਇਨ੍ਹਾਂ ਨੂੰ ਤੱਕ ਤੇ ਸੋਧ, ਤੇ ਹਕੀਕਤ ਹੈ ਵੀ ਏਹੋ ਹੀ ਹੈ। ਜਦ ਤੱਕ ਬੰਦਾ ਆਪਣੇ ਮਨ ਦੀ ਪੱਟੀ ਨੂੰ ਨਹੀਂ ਪੜ੍ਹਦਾ, ਉਤਨਾ ਚਿਰ ਹੀ ਲੋਕਾਂ ਦੇ ਐਬ ਛਾਂਟਦਾ ਹੈ। ਪਰ ਜਦ ਆਪਣੇ ਅੰਦਰਲੇ ਵੱਲ ਝਾਤ ਮਾਰੇ ਤਾਂ ਉਸ ਨੂੰ ਸ਼ਾਇਦ ਜਗਤ ਵਿੱਚ ਬੁਰਾ ਦਿਸੇ ਹੀ ਨਾ।

ਯਥਾ: ਨਾ ਥਾ ਹਾਲ ਕੀ ਜਬ ਹਮੇ ਆਪਦੀ ਖਬਰ। ਰਹੇ ਔਰੋਂ ਕੇ ਦੇਖਤੇ ਐਬੋ ਹੁਨਰ।

ਪੜ੍ਹੀ ਅਪਨੇ ਜਾਨੂੰ ਪੈ ਜਬ ਕਿ ਨਿਗਾਹ। ਫਿਰ ਕੋਈ ਦੂਸਰਾ ਬੁਰਾ ਨਾ ਰਹਾ।

ਸੰਤ ਇਸ ਵਿਚਾਰ ਕਰ ਕੇ ਹੀ ਗ਼ੁਨਾਹੀਆਂ ਨਾਲ ਗੁੱਸੇ ਨਹੀਂ ਹੁੰਦੇ ਸਗੋਂ ਪਿਆਰ ਕਰਦੇ ਹੋਏ ਸਿੱਧੇ ਰਾਹ ਤੁਰਨ ਲਈ ਪ੍ਰੇਰਦੇ ਹਨ। ਕੌਡੇ ਰਾਖਸ਼ ਤੇ ਸੱਜਣ ਠੱਗ ਕੋਲ ਸਤਿਗੁਰੂ ਜੀ ਆਪ ਤੁਰ ਕੇ ਗਏ ਸਨ। ਜੋਗਾ ਸਿੰਘ ਡਿੱਗੇ ਨੂੰ ਉਠਾਣ ਲਈ ਕਲਗੀਆਂ ਵਾਲੇ ਆਪ ਸੰਤਰੀ ਬਣ ਕੇ ਸਾਰੀ ਰਾਤ ਗਨਿਕਾ ਦੇ ਦੁਆਰੇ ਖਲੋਤੇ ਰਹੇ ਸਨ। ਯਥਾ:

ਆਵਾਜਾਈ ਵਿੱਚ ਰਾਮ ਗੁਜਾਰੀ ਹੋਇਆ ਤੜਕ ਸਾਰ ਸੀ।
ਓਟ ਕੋਟ ਬ੍ਰਹਮੰਡਾਂ ਦਾ ਮਾਲਕ ਬਣਿਆ ਆਪ ਪਹਿਰੇਦਾਰ ਸੀ।

ਇਹ ਦੀਨਾ ਤੇ ਦਇਆ ਕਰਨੀ ਹੀ ਵਡਿਆਂ ਦੀ ਵਡਿਆਈ ਹੈ। ਭਲੇ ਨਾਲ ਭਲਿਆਈ ਮਨੁੱਖਤਾ ਹੈ ਪਰ ਬੁਰੇ ਨਾਲ ਭਲਿਆਈ ਫਰਿਸਤਾ ਪਨ ਹੈ।

ਸਰ ਕੇ ਕਟ ਜਾਣੇ ਕਾ ਕਾਤਲ ਗ਼ਮ ਨਹੀਂ ਖਮ ਨ ਆ ਜਾਏ ਤੇਰੀ ਤਲਵਾਰ ਮੇਂ।

ਉਪਰੰਤ ਇਹ ਦੋਵੇਂ ਹੱਥ ਜੋੜ ਕੇ ਬੋਲਿਆ ਅੱਜ ਮੈਨੂੰ ਮੇਰੇ ਖ਼ੁਦਾ ਦਾ ਪ੍ਰਤੱਖ ਦਰਸ਼ਨ ਹੋ ਗਿਆ। ਮੈਂ ਅੱਜ ਆਪਣੀ ਜ਼ਿੰਦਗ਼ੀ ਵਿੱਚ ਕੀਤੇ ਸਾਰੇ ਜਪ ਤਪ ਸਫ਼ਲੇ ਕਰ ਲਏ। ਇਉਂ ਬੇਨਤੀਆਂ ਕਰਦਾ ਤੇ ਪਿਛਲੇ ਪੈਰੀਂ ਹਟਦਾ ਹੋਇਆ ਦਰਵਾਜੇ ਤੋਂ ਬਾਹਰ ਆਇਆ। ਚੇਹਰਾ ਖ਼ੁਸ਼ੀ ਨਾਲ ਭਰਿਆ ਮੁਸਕਰਾ ਰਿਹਾ ਸੀ। ਡਿਊਟੀ ਤੇ ਖੜ੍ਹੇ ਸਿੰਘਾਂ ਨੇ ਨਿੰਮ੍ਰਤਾ ਨਾਲ ਹੱਥ ਜੋੜੇ, ਜਲ ਪਾਣੀ ਤੇ ਪ੍ਰਸ਼ਾਦ ਪੁੱਛਿਆ ਪਰ ਇਸ ਨੇ ਦੂਰੋਂ ਹੀ ਹੱਥ ਜੋੜ ਕੇ ਏਹੋ ਆਖਿਆ, "ਮੈਂ ਸਦੀਵੀਂ ਤ੍ਰਿਪਤ ਹੋ ਗਿਆ ਹਾਂ।" ਇਉਂ ਕਹਿੰਦਾ ਹੋਇਆ ਵਾਪਸ ਚਲਾ ਗਿਆ ਅਤੇ ਕੁੱਝ ਕੁ ਕਦਮਾਂ ਤੇ ਜਾ ਕੇ ਅਲੋਪ ਹੋ ਗਿਆ।

ਰਾਜੋਆਣੇ ਪਿੰਡ ਦਾ (ਜੋ ਰਾਏਕੋਟ ਕੋਲ ਹੈ) ਭਾਈ ਸ਼ੇਰ ਸਿੰਘ ਵੀ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਹੈ। ੧੯੬੧ ਈ. ਨੂੰ ਸ. ਸੁਰਜੀਤ ਸਿੰਘ ਦੇ ਨਾਲ ਦਿੱਲੀ ਕੋਕਾ ਕੋਲਾ ਵਾਲਿਆਂ ਦੀ ਕੋਠੀ ਵਿੱਚ ਪਹਿਲੀ ਵਾਰ ਦਰਸ਼ਨ ਕੀਤੇ, ਮਨ ਖਿਚਿਆ ਗਿਆ। ਪ੍ਰਵਾਰ ਸਮੇਤ ਅੰਮ੍ਰਿਤ ਪਾਨ ਕਰ ਨਾਮ ਦੀ ਦਾਤ ਪ੍ਰਾਪਤ ਕੀਤੀ। ਮਾਸ ਸ਼ਰਾਬ ਦੀ ਵਰਤੋਂ ਨਹੀਂ ਕਰਦੇ। ਫੇਰ ਛੋਟੇ ਸੰਤ ਜੀ ਮਹਾਰਾਜ ਨੇ ਵੀ ਘਰ ਵਿੱਚ ਚਰਨ ਪਾਏ ਹਨ।

ਅਰਦਾਸ ਦੀ ਮਹੱਤਤਾ

ਜਦੋਂ ੧੯੫੯ ਦੀ ਅਗਸਤ ਨੂੰ ਸੰਤ ਜੀ ਮਹਾਰਾਜ ਨੈਨੀਤਾਲ ਗਏ, ਤਾਂ ਇਹ ਸਿੰਘ ਉਸ ਸਮੇਂ ਹਜ਼ੂਰ ਦੇ ਨਾਲ

ਸਨ: ਬਾਬੂ ਰਲਾ ਸਿੰਘ ਗੜਵਈ, ਬਹਾਦਰ ਸਿੰਘ ਡ੍ਰਾਈਵਰ, ਅਰਜਨ ਸਿੰਘ ਪੋਹੀੜ, ਬਲਵੰਤ ਸਿੰਘ ਆਹਲੂਵਾਲੀਆ, ਭਜਨ ਸਿੰਘ ਲਲਤੋਂ, ਭਾਈ ਤੇਜਾ ਸਿੰਘ ਲਾਂਗਰੀ। ਕਿਰਾਏ ਤੇ ਕੋਠੀ ਲਈ ਰਾਸ਼ਨ ਤੇ ਹੋਰ ਖ਼ਰਚ ਮੁਰਾਦਾਬਾਦ ਵਾਲਿਆਂ ਨੇ ਕੀਤਾ। ਪਰ ਉਸ ਸਮੇਂ ਸੰਤ ਜੀ ਛੇਤੀ ਵਾਪਸ ਆ ਗਏ। ਫੇਰ ਅਗਲੇ ਸਾਲ ਅਕਤੂਬਰ 'ਚ ਭੀਮ ਤਾਲ ਗਏ। ੨੫ ਦਿਨ ਠਹਿਰੇ, ਕਿਰਾਏ ਤੇ ਕੋਠੀ ਲਈ। ਸੇਵਾ ਹਰ ਪ੍ਰਕਾਰ ਦੀ ਮੁਰਾਦਾਬਾਦ ਵਾਲਿਆਂ ਵੱਲੋਂ ਹੋਈ।

ਇਸ ਸਮੇਂ ਨਾਲ ਗਏ ਸਾਥੀ ਪ੍ਰੇਮੀਆਂ ਨੂੰ ਸੰਤ ਜੀ ਮਹਾਰਾਜ ਨੇ ਇਸ ਪ੍ਰਕਾਰ ਪ੍ਰਵਚਨਾਂ ਦੀ ਬਖ਼ਸ਼ਿਸ਼ ਕੀਤੀ ਕਿ ਗੁਰਸਿੱਖ ਨੂੰ ਹਮੇਸ਼ਾਂ ਸਤਿਗੁਰਾਂ ਪਾਸ ਅਰਦਾਸ ਕਰਣੀ ਚਾਹੀਦੀ ਹੈ। ਕੰਨਾਂ ਨਾਲ ਉਸ ਦਾ ਜਸ ਸੁਨਣਾ, ਜਿਹਬਾ ਨਾਲ ਗਾਇਨ ਕਰਨਾ, ਸੁਰਤ ਰਾਹੀਂ ਉਸ ਨੂੰ ਸਾਰੇ ਵਿਆਪਕ ਨਿਸਚੇ ਕਰਨਾ, ਚਿੱਤ ਰਾਹੀਂ ਸਿਮਰਨਾ, ਹਿਰਦੇ ਰਾਹੀਂ ਪ੍ਰੇਮ ਕਰ ਆਪਾ ਭਾਵ ਤਿਆਗ ਨਿੰਮ੍ਰਤਾ ਨਾਲ ਅਰਦਾਸ ਕਰਨੀ। ਅਰਦਾਸ ਉਪਾਸਨਾ ਬੰਦਨ ਜਾਂ ਬੇਨਤੀ ਕਰਣੀ ਜੋ ਨਾਮ ਸਿਮਰਨ ਦਾ ਜ਼ਰੂਰੀ ਅੰਗ ਹੈ। ਅਰਦਾਸ ਵਿੱਚ ਨਿੰਮ੍ਰਤਾ ਤੇ ਤਰਲਾ ਹੁੰਦਾ ਹੈ, ਜਿਸ ਰਾਹੀਂ ਪ੍ਰਭੂ ਨਾਲ ਇੱਕ ਸੁਰ ਹੁੰਦਾ ਹੈ। ਜਿਵੇਂ ਕਿ ਪੰਛੀ ਨੂੰ ਉਡਾਰੀ ਲਈ ਜਿਸ ਤਰ੍ਹਾਂ ਖੰਭਾਂ ਦੀ, ਖਾਲ ਨੂੰ ਵਗਣ ਹਿਤ ਖੁੱਲ੍ਹੇ ਮੋਘੇ ਦੀ, ਬਿਰਖ ਨੂੰ ਮੌਲਣ ਲਈ ਜਿਵੇਂ ਜੜਾਂ ਦੀ ਜ਼ਰੂਰਤ ਹੈ। ਪੰਛੀ ਕਿਤਨਾ ਵੀ ਮੋਟਾ ਤਾਜ਼ਾ ਤੇ ਸੋਹਣਾ ਕਿਉਂ ਨਾ ਹੋਵੇ, ਜੇ ਉਸ ਦੇ ਖੰਭ ਕੱਟ ਦਿੱਤੇ ਜਾਣ ਤਾਂ ਉਹ ਗਗਨ ਵਿੱਚ ਉਡਾਰੀ ਨਹੀਂ ਮਾਰ ਸਕਦਾ। ਖਾਲ ਕਿਤਨਾ ਵੀ ਗਹਿਰਾ ਤੇ ਪੱਧਰਾ ਕਿਉਂ ਨ ਖੋਦਿਆ ਹੋਵੇ ਜੇ ਮੋਘਾ ਗਾਰ ਇੱਟਾ ਜਾਂ ਫੱਟੀ ਨਾਲ ਬੰਦ ਹੋ ਜਾਵੇ ਤਾਂ ਪਾਣੀ ਨਾਲ ਭਰ ਕੇ ਵਗ ਨਹੀਂ ਸਕਦਾ। ਲੰਬਾ ਉੱਚਾ ਤੇ ਫਲਿਆ ਫੁਲਿਆ ਦਰੱਖਤ ਜੜ੍ਹਾਂ ਦੇ ਸੁੱਕ ਜਾਣ ਨਾਲ ਦਿਨਾਂ ਵਿੱਚ ਰੁੰਡ ਮੁੰਡ ਹੋ ਕੇ ਜ਼ਮੀਨ ਤੇ ਆ ਪੈਂਦਾ ਹੈ। ਇਹੋ ਹੀ ਹਾਲਤ ਮਨੁੱਖ ਜੀਵਨ ਦੀ ਹੈ। ਜੀਵਨ ਦੀ ਜਿਸਮਾਨੀ ਮਾਨਸਕ ਤੇ ਰੂਹਾਨੀ ਪ੍ਰਫੁੱਲਤਾ ਅਰਦਾਸ ਦੇ ਹੀ ਬਲ ਤੇ ਕਾਇਮ ਰਹਿੰਦੀ ਹੈ। ਜੇ ਅਭਾਗ ਵੱਸ ਮਨੁੱਖ ਅਰਦਾਸ ਨੂੰ ਛੱਡ ਬਹੇ ਤਾਂ ਜੀਵਨ ਦਾ ਬਣਿਆ ਬ੍ਰਿਖ ਸੁੱਕ ਕੇ ਢਹਿ ਢੇਰੀ ਹੋ ਜਾਂਦਾ ਹੈ। ਇਹ ਇੱਕ ਜਗਤ ਪ੍ਰਸਿੱਧ ਸਚਾਈ ਹੈ ਕਿ ਜਿਸ ਦੀ ਗਵਾਹੀ ਸੰਸਾਰ ਦੀ ਕਾਮਯਾਬ ਜ਼ਿੰਦਗੀ ਦੇ ਇਤਿਹਾਸ ਦੇ ਹਰ ਪਹਿਲੂ ਤੋਂ ਮਿਲਦੀ ਹੈ।

ਗੁਰਮਤ ਨੇ ਅਰਦਾਸ ਨੂੰ ਮਨੁੱਖ ਜ਼ਿੰਦਗੀ ਲਈ ਸੰਜੀਵਨੀ ਬੂਟੀ ਕਰਾਰ ਦਿੱਤਾ ਹੈ। ਪਰ ਸ਼ਰਧਾ, ਨਿਰਮਾਣਤਾ ਤੇ ਚਿੱਤ ਦੀ ਇਕਾਗਰਤਾ ਨਾਲ ਕੀਤੀ ਅਰਦਾਸ ਹੀ ਸਫ਼ਲੀ ਅਤੇ ਫ਼ਲੀ ਭੂਤ ਹੈ। ਸਿਦਕਹੀਨ ਮਨ ਹੀ ਕੋਝੀਆਂ ਮੰਗਾਂ ਦਾ ਨਾਮ ਅਰਦਾਸ ਰੱਖਦੇ ਹਨ। ਪਰ ਸਾਦਕ ਨਹੀਂ।

ਮੰਗੀ ਜਾਵਾਂ ਮੰਗੀ ਜਾਵਾਂ ਰੱਖ ਤੁਧ ਉੱਪਰ ਮਾਣਾ। ਲੋਭ ਲਹਿਰ ਦਾ ਮੈਂ ਹਲਕਾਇਆ ਹੱਕ ਨਹੱਕ ਨ ਜਾਣਾ।

ਕੁੱਝ ਦੇਵੋ ਕੁਛ ਰੱਦ ਕਰ ਦੇਵੋ ਵਾਹ ਮੇਰੇ ਦਾਨੇ ਸਾਂਈ। ਕਰ ਇਨਕਾਰ ਰਖਦੋਂ ਤ੍ਰਿਸ਼ਨਾ ਹੈਸੀ ਮਰ ਮੁਕਾਣਾ।

ਦੋ ਚਾਰ ਨੇਕ ਬੱਚੀਆਂ ਬਜ਼ਾਰ ਵਿੱਚ ਦੀ ਲੰਘੀਆਂ ਲਲਾਰੀ ਦੀ ਦੁਕਾਨ ਦੇ ਰੰਗੇ ਹੋਏ ਦੁਪੱਟੇ ਸੁਕਦੇ ਦੇਖ ਕੇ ਇਨ੍ਹਾਂ ਦੇ ਮਨ ਵਿੱਚ ਚਾਅ ਜਾਗਿਆ ਕਿ ਅਸੀਂ ਵੀ ਰੰਗਾ ਲਵੀਏ। ਪਰ ਸਿਰ ਦੇ ਉੱਪਰ ਤਾਂ ਇੱਕੋ ਇੱਕ ਦੁਪੱਟਾ ਸੀ ਲਲਾਰੀ ਪਾਸ ਆ ਕੇ ਕਿਹਾ, "ਵੀਰਾ! ਮੇਰਾ ਵੀ ਦੁਪੱਟਾ ਰੰਗ ਦੇ।" ਉਸ ਨੇ ਕਿਹਾ, "ਭੈਣ! ਮੇਰਾ ਤਾਂ ਕੰਮ ਏਹੋ ਹੈ। ਲਿਆ ਸਿਰ ਤੋਂ ਲਾਹ ਤੇ ਦੇਖਾਂ।" ਉਸ ਨੇ ਕਿਹਾ, "ਵੀਰਾ ਇਉਂ ਨਹੀਂ ਹੋ ਸਕਦਾ।"

ਸਿਰ ਦਾ ਚੀਰ ਉਤਾਰ ਖਲੋਵਾਂ ਥੀਵਾ ਨੰਗੀ ਵਿੱਚ ਬਜਾਰਾਂ।

ਸੌਹਰੇ ਪੇਕੇ ਮਿਲੇ ਨ ਢੋਈ ਤੇ ਹਾਸੀ ਕਰਨ ਗਵਾਰਾਂ।

ਚੁੰਨੀਆਂ ਰੰਗੌਣ ਦੇ ਚਾਅ ਤੇ ਗਵਾਰ ਜ਼ਨਾਨੀਆਂ ਤੋਂ ਤਾਹਨੇ ਮਿਲਣ ਦੇ ਭੈ ਨੇ ਭੋਲੀ ਕੁੜੀ ਨੂੰ ਬੁੰਦਲਾ ਜੇਹਾ ਰੱਖਿਆ। ਤਾਂ ਅੱਗੋਂ ਲਲਾਰੀ ਬੋਲਿਆ:

ਹੱਸ ਕੇ ਕਿਹਾ ਲਿਲਾਰੀ ਅੱਗੋ ਨ ਕੁੱਝ ਭੈਣੇ ਵਸ ਮੇਰੇ। ਮੱਟੀ ਵਿੱਚ ਪਾ ਕੇ ਕੀ ਰੰਗਾਂ ਜੇ ਚੀਰ ਰਿਹਾ ਸਿਰ ਤੇਰੇ।

ਸੋ ਅਰਦਾਸ ਵਿੱਚ ਆਪਣੇ ਆਪ ਨੂੰ ਪ੍ਰਭੂ ਦੇ ਸਪੁਰਦ ਕਰਨਾ ਪਵੇਗਾ। ਤਦੇ ਹੀ ਗੁਰੂ ਲਲਾਰੀ ਸੰਗਤ ਰੂਪ ਮੱਟੀ 'ਚ ਮਨ ਬਸਤ੍ਰ ਨੂੰ ਰੰਗੇਗਾ। ਇਤਿਆਦਿਕ ਹੋਰ ਵੀ ਬਹੁਤ ਸਾਰਾ ਉਪਦੇਸ਼ ਬਖ਼ਸ਼ਿਆ।

ਸ. ਗੁਰਦਿਆਲ ਸਿੰਘ

ਸ. ਗੁਰਦਿਆਲ ਸਿੰਘ ਖੇੜੇ ਦਾ ਲੜਕਾ ਭਾਈ ਮੋਹਨ ਸਿੰਘ (ਜੋ ਮੁਰਾਦਾਬਾਦ ਟਰੱਕ ਚਲਾਉਂਦਾ ਸੀ) ੩-੭-੬੭ ਨੂੰ ਦਿੱਲੀ ਜਾਂਦਿਆਂ ਐਕਸੀਡੈਂਟ ਹੋ ਗਿਆ। ਜੋਤਸ਼ੀਆਂ ਦੇ ਕਥਨ ਅਨੁਸਾਰ ਇਸ ਦੀ ਆਯੂ ਉਸ ਦਿਨ ਖਤਮ ਹੋ ਚੁੱਕੀ ਸੀ ਪਰ ਛੋਟੇ ਸੰਤ ਜੀ ਮਹਾਰਾਜ ਨੇ ਕ੍ਰਿਪਾ ਕੀਤੀ, ਹੱਥ ਦੇ ਕੇ ਜ਼ਿੰਦਗੀ ਰੱਖ ਲਈ। ਉਸ ਸਮੇਂ ਸੰਤ ਜੀ ਦਾ ਇਸ ਨੂੰ ਪ੍ਰਤੱਖ ਦੀਦਾਰ ਹੋਇਆ ਤੇ ਬਚਨ ਵੀ ਸੁਣਾਈ ਦਿੱਤੇ ਕਿ ਹੁਣ ਤੇਰਾ ਕਸ਼ਟ ਕੱਟਿਆ ਗਿਆ ਹੈ। ਉਮਰ ਵੱਧ ਗਈ ਹੈ, ਫ਼ਿਕਰ ਨਾ ਕਰ। ਗੁਰੂ ਘਰ ਤੇ ਸ਼ਰਧਾ ਰੱਖੀਂ, ਭਾਵਨਾ ਨਾਲ ਸੇਵਾ ਕਰੀਂ। ਸ. ਗੁਰਦਿਆਲ ਸਿੰਘ ਵੀ ਅਸਥਾਨ ਤੇ ਰਹਿ ਕੇ ਬਸਤਰ ਸੀਵਣ ਦੀ ਪ੍ਰੇਮ ਨਾਲ ਸੇਵਾ ਕਰਦਾ ਹੈ। ਇਸੇ ਤਰ੍ਹਾਂ 'ਬੁੱਧ ਬਾਜ਼ਾਰ, ਮੁਰਾਦਾਬਾਦ' ਵਿੱਚ ਜਿਸ ਦਾ ਹੋਟਲ ਹੈ

ਸ. ਪਿਆਰਾ ਸਿੰਘ ਭੀ ਪ੍ਰਵਾਰ ਸਮੇਤ ਗੁਰੂ ਘਰ ਦਾ ਪ੍ਰੇਮੀ ਤੇ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਹੈ।

ਮੋਦੀ ਨਗਰ

ਸਭ ਤੋਂ ਪਹਿਲਾਂ ੧੯੬੪ ਵਿੱਚ ਚਾਰ ਦੀਵਾਨ ਬਖ਼ਸ਼ੇ। ਗੁਰਦੁਆਰਾ ਸਿੰਘ ਸਭਾ ਵਿੱਚ ਕੀਰਤਨ ਕੀਤਾ। ਦਰਸ਼ਨ ਕਰ ਕੇ ਤੇ ਨਿਰੋਲ ਪ੍ਰੇਮਾ ਭਗਤੀ ਦੇ ਬਚਨ ਸੁਣ ਕੇ ਸਰੋਤਿਆਂ ਦੇ ਮਨ ਤੇ ਬੜਾ ਅਸਰ ਪਿਆ। ਦੂਸਰੇ ਸਾਲ ੧੯੬੫ ਵਿੱਚ ਫੇਰ ਚਾਰ ਸੱਜਣ ਆਏ ਦਸੌਂਧਾ ਸਿੰਘ ਤੇ ਪ੍ਰੀਤਮ ਸਿੰਘ, ਜੰਗੀਰ ਸਿੰਘ ਤੇ ਰਛਪਾਲ ਸਿੰਘ, ਦੀਵਾਨਾਂ ਵਾਸਤੇ ਅਰਜ਼ ਕੀਤੀ। ਸੰਤ ਜੀ ਮਹਾਰਾਜ ਨੇ ਰਾਤ ਦੇ ਚਾਰ ਦੀਵਾਨ ਫੇਰ ਬਖ਼ਸ਼ ਦਿੱਤੇ ਜੋ ਗੁਰਦੁਆਰੇ ਸਾਹਿਬ ਹੀ ਕੀਤੇ। ੧੯੬੬ ਈ. ਵਿੱਚ ਪ੍ਰੇਮੀਆਂ ਦੇ ਅਰਜ਼ ਕਰਨ ਤੋਂ ਤਿਨ ਦੀਵਾਨ ਫੇਰ ਦੇ ਦਿੱਤੇ।

੧੯੬੮ ਤੇ ੧੯੬੯ ਈ. ਵਿੱਚ ਦੋਵੇਂ ਵਾਰੀ ਦੋ ਦੋ ਦੀਵਾਨ ਬਖ਼ਸ਼ੇ। ਫੇਰ ੧੯੭੦ ਨੂੰ ਚਾਰ ਦੀਵਾਨ ਰਾਤ ਦੇ ਸਮੇਂ ਮੰਦਰ ਦੇ ਹਾਤੇ ਵਿੱਚ ਲੱਗੇ। ਫੇਰ ੧੯੭੧ ਈਸਵੀ ਵਿੱਚ ਚਾਰ ਦੀਵਾਨ ਰਜਵਨ ਦੇਵੀ ਯੂਨੀਅਰ ਹਾਈ ਸਕੂਲ ਸਟੀਲ ਕਾਲੋਨੀ ਦੇ ਗਰਾਊਂਡ ਵਿੱਚ ਹੋਏ। ਫੇਰ ੧੯੭੨ਈ. ਵਿੱਚ ਤਿੰਨ ਦੀਵਾਨ ਫੇਰ ਏਥੇ ਹੀ ਲੱਗੇ। ਪ੍ਰੇਮੀਆਂ ਨੇ ਅੰਮ੍ਰਿਤ ਪਾਨ ਭੀ ਕੀਤਾ।

ਸਿੰਘਾਂ ਦਾ ਵਡਲਾ ਨਗਰ

ਹਾਪੜ ਦੇ ਪਾਸ ਸਿੰਘਾਂ ਦਾ ਵਡਲਾ ਨਾਮ ਕਰ ਕੇ ਮਸ਼ਹੂਰ ਨਗਰ ਹੈ। ਏਥੇ ਜ਼ਿਆਦਾਤਰ ਗੁਰਸਿੱਖਾਂ ਦੀ ਵਸੋਂ ਹੈ। ਏਥੋਂ ਦਾ ਵਸਨੀਕ ਪਿਆਰਾ ਸਿੰਘ ਤਕਰੀਬਨ ਵੀਹ ਕੁ ਸਾਲਾਂ ਤੋਂ ਹਾਪੜ ਗੁਰਦੁਆਰਾ ਸਿੰਘ ਸਭਾ ਦਾ ਗ੍ਰੰਥੀ ਰਿਹਾ ਸੀ।

ਇਨ੍ਹਾਂ ਨੇ ਸੰਤ ਜੀ ਪਾਸ ਦੀਵਾਨ ਵਾਸਤੇ ਅਰਜ਼ ਕੀਤੀ। ਸੰਤ ਜੀ ਮਹਾਰਾਜ ਨੇ ਇਨ੍ਹਾਂ ਦੀ ਸ਼ਰਧਾ ਤੱਕ ਕੇ ੧੯੬੭ ਈ. ਵਿੱਚ ਰਾਤ ਦੇ ਸਮੇਂ ਇੱਕ ਦੀਵਾਨ ਬਖ਼ਸ਼ ਦਿੱਤਾ ਜੋ ਸ਼ਾਮੀਂ ਸੱਤ ਤੋਂ ਦਸ ਵਜੇ ਤੱਕ ਲੱਗਿਆ ਕਰਦਾ ਸੀ। ਫੇਰ ਆਪ ੧੯੬੮ ਈ. ਵਿੱਚ ਹਾਪੜ ਤੋਂ ਚੱਲ ਕੇ ਦਿਨ ਦੇ ਸਮੇਂ ਦੋ ਤੋਂ ਪੰਜ ਤੱਕ ਦੋ ਦੂਸਰੇ ਸਾਲ ਦੀਵਾਨ ਕਰ ਆਏ। ਤੀਜੀ ਵਾਰ ਤਾਂ ਹਾਪੜ ਆਉਣ ਤੋਂ ਪਹਿਲਾਂ ਹੀ ਪ੍ਰੇਮੀ ਉਤਾਵਲੇ ਹੋ ਗਏ, ਆਉਂਦਿਆਂ ਅਰਜ਼ ਕਰ ਦਿੱਤੀ ਅਤੇ ਸਮਾਂ ਲੈ ਕੇ ਨਗਰ ਵਿੱਚ ਚਰਨ ਪਵਾ ਕੀਰਤਨ ਕਰਵਾਇਆ।

ਸੰਤ ਜੀ ਮਹਾਰਾਜ ਨੇ ਕਿਹਾ, "ਪ੍ਰੇਮੀਓ! ਇਹ ਗੁਰਸਿੱਖਾਂ ਦਾ ਨਗਰ ਹੈ ਪਰ ਅਜੇ ਤੱਕ ਤੁਸੀਂ ਏਥੇ ਗੁਰ ਅਸਥਾਨ ਨਹੀਂ ਬਨਾਯਾ। ਸਭ ਤੋਂ ਪਹਿਲਾਂ ਗੁਰੂ ਮਹਾਰਾਜ ਦੀ ਰਿਹਾਇਸ਼ ਵਾਸਤੇ ਸੁੰਦਰ ਕਮਰਾ ਬਣਾਓ, ਦੋ ਸਮੇਂ ਕਥਾ ਕੀਰਤਨ ਤੇ ਗੁਰੂ ਕਾ ਲੰਗਰ ਜਾਰੀ ਕਰੋ, ਗੁਰਬਾਣੀ ਦਾ ਨਿੱਤਨੇਮ ਤੇ ਗੁਰ ਸ਼ਬਦ ਦਾ ਅਭਿਆਸ ਕਰਿਆ ਕਰੋ। ਹੱਕ ਦੀ ਕਿਰਤ ਕਰ ਕੇ ਵੰਡ ਛਕੋ। ਏਸੇ ਵਿੱਚ ਤੁਹਾਡਾ ਭਲਾ ਹੋ ਜਾਵੇਗਾ ਅਤੇ ਬੱਚਿਆਂ ਨੂੰ ਸਾਬਤ ਸੂਰਤ ਰੱਖੋ। ਸਿਰ ਦੇ ਕੇਸ ਗੁਰੂ ਕੀ ਮੋਹਰ ਹਨ। ਇਸ ਅਮੁਲੜੀ ਦਾਤ ਨੂੰ ਪੁਰਾਤਨ ਸਿੱਖਾਂ ਨੇ ਕਿਸੇ ਕੀਮਤ ਤੇ ਨਹੀਂ ਛੱਡਿਆ। ਤੁਸੀ ਵੀ ਉਨ੍ਹਾਂ ਦੇ ਪੁੱਤਰ ਪੋਤਰੇ ਹੋ। ਆਪਣੇ ਬਜ਼ੁਰਗਾਂ ਵੱਲ ਤੱਕੋ, ਕਿਵੇਂ ਸਿੱਖੀ ਨੂੰ ਕੇਸਾਂ ਸੁਵਾਸਾਂ ਨਾਲ ਨਿਭਾਯਾ ਸੀ।"

ਸਿੱਖ ਤੇ ਸਰਦਾਰੀ

ਕਦੀ ਸਮਾਂ ਸੀ ਜਦੋਂ ਸਿੱਖਾਂ ਨੂੰ ਸਰਦਾਰ ਜੀ! ਕਹਿ ਕੇ ਬੁਲਾਇਆ ਜਾਂਦਾ ਸੀ। ਸਿੱਖਾਂ ਦੀ ਥਾਂ ਥਾਂ ਤੇ ਇੱਜ਼ਤ ਸੀ। ਕੇਵਲ ਸਿੱਖ ਰਾਜ ਦੇ ਸਮੇਂ ਹੀ ਨਹੀਂ ਬਲਕਿ ਸਿੱਖ ਰਾਜ ਦੇ ਜਾਣ ਤੋਂ ਮਗਰੋਂ ਵੀ ਜਦੋਂ ਅੰਗਰੇਜ਼ ਦਾ ਰਾਜ ਹੋ ਗਿਆ, ਫੇਰ ਵੀ ਪੰਜਾਬ ਵਿੱਚ ਸਿੱਖਾਂ ਦੀ ਸ਼ਾਨ ਉੱਚੀ ਸੀ! ਫੌਜ ਵਿੱਚ ਸਿੱਖ ਸ੍ਰਦਾਰਾਂ ਦਾ ਖ਼ਾਸ ਸਨਮਾਨ ਕੀਤਾ ਜਾਂਦਾ ਸੀ।

ਵਾਇਸਰਾਏ ਦੇ ਅੰਗ ਰੱਖਿਅਕ ਖ਼ਾਸ ਕਰ ਕੇ ਸਿੱਖ ਹੀ ਹੋਇਆ ਕਰਦੇ ਸਨ। ਅੰਗਰੇਜ਼ ਭਾਵੇਂ ਕਿਸੇ ਤਰ੍ਹਾਂ ਵੀ ਸਨ ਪਰ ਉਹ ਸਿੱਖਾਂ ਦੀ ਪੂਰੀ ਇੱਜ਼ਤ ਕਰਦੇ ਸਨ ਅਤੇ ਦੁਨੀਆਂ ਦੀ ਪਹਿਲੀ ਵੱਡੀ ਲੜਾਈ ਵਿੱਚ ਜਿੱਤ ਪ੍ਰਾਪਤ ਕਰਨ ਕਰ ਕੇ ਉਹ ਸਿੱਖ ਕੌਮ ਦੇ ਅਹਿਸਾਨਮੰਦ ਸਨ। ਸਰਕਾਰੀ ਕਾਗ਼ਜ਼ਾਂ ਵਿੱਚ ਸਿੱਖ ਦੇ ਨਾਮ ਨਾਲ ਸਰਦਾਰ ਲਿਖਿਆ ਜਾਂਦਾ ਸੀ। ਹੋਰ ਸਾਰੇ ਲੋਕ ਦੁਕਾਨਦਾਰ, ਆੜ੍ਹਤੀਏ, ਸੇਠ, ਅਫ਼ਸਰ ਜਾਂ ਹੋਰ ਮਜ਼ਦੂਰ ਤੇ ਕਾਮੇ ਆਮ ਤੌਰ ਤੇ ਸਿੱਖਾਂ ਨੂੰ ਸੱਦਣ ਵੇਲੇ ਸ੍ਰਦਾਰ ਜੀ! ਕਹਿ ਕੇ ਬੁਲਾਉਂਦੇ ਸਨ। ਸਿੱਖ ਦੇ ਨਾਮ ਨਾਲ ਸਰਦਾਰ ਜ਼ਰੂਰ ਲੱਗਦਾ ਸੀ।

ਇਹ ਸਰਦਾਰੀ ਦੀ ਬਖ਼ਸ਼ਿਸ਼ ਸਾਨੂੰ ਬਾਜਾਂ ਵਾਲੇ ਗੁਰੂ ਨੇ ਬਖ਼ਸ਼ੀ। ਸਿੱਖ ਸਰਦਾਰਾਂ ਦੀ ਅਨੋਖੀ ਸ਼ਾਨ ਸੀ। ਪੰਜ ਕਕਾਰਾਂ ਦੇ ਧਾਰਨੀ, ਬਾਣੀ ਦੇ ਨਿੱਤਨੇਮੀ, ਲੰਮੇ ਕੱਦ, ਸਿੱਧੇ ਦਾੜੇ, ਸੁੰਦਰ ਕੇਸ, ਦਰਸ਼ਨੀ ਜਲਾਲ ਚਮਕ ਦਮਕ ਹਰੇਕ ਇਨਸਾਨ ਤੇ ਮਲੋਮਲੀ ਆਪਣਾ ਰੋਹਬ ਦਾਬ ਪਾਉਂਦੀ ਸੀ। ਪਰ ਏਹ ਸਰਦਾਰੀ ਤਾਂ ਕੇਸਾਂ ਦਾਹੜੇ ਤੇ ਰਹਿਤ ਨਾਲ ਹੀ ਹੈ। ਜਦੋਂ ਹੁਣ ਸਾਡੇ ਨੌਜਵਾਨ ਬਰਖ਼ੁਦਾਰਾਂ ਨੇ ਆਪਣੇ ਹੱਥੀਂ ਸਿੱਖ ਸਰਦਾਰੀਆਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ। ਫੇਰ

ਸਰਦਾਰੀ ਕਿੱਥੇ ਰਹੀ। ਪਤਿਤ ਸਿੱਖ ਸਰਦਾਰੀ ਦੇ ਕਾਤਲ ਹਨ। ਕੇਸਾਂ ਦੀ ਸ਼ਾਨ ਸਰਦਾਰੀ ਦੀ ਸ਼ਾਨ ਹੈ। ਜਦ ਉਨ੍ਹਾਂ ਦੀ ਬੇਅਦਬੀ ਹੋਈ ਹੋਵੇ ਫੇਰ ਸ਼ਾਨ ਕਿਵੇਂ ਰਹਿ ਸਕਦੀ ਹੈ। ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ, ਇਹ ਦੁੱਖ ਦੀ ਗੱਲ ਹੈ ਕਿ ਸਿੱਖ ਬੱਚੇ ਸਿਰ ਦੇ ਕੇਸ ਕਟਵਾ ਦੂਸਰੇ ਮੁਲਕਾਂ ਦੀ ਨਕਲ ਕਰ ਉਨ੍ਹਾਂ ਦੇ ਪਹਿਰਾਵੇ ਤੇ ਖਾਣੇ ਤੇ ਪ੍ਰਸੰਨ ਹੁੰਦੇ ਹਨ। ਆਪਣੇ ਬਜ਼ੁਰਗਾਂ ਦੀਆਂ ਕਰਣੀਆਂ ਨੂੰ ਭੁਲਾ ਬੈਠੇ। ਭਾਈ ਤਾਰੂ ਸਿੰਘ ਨੇ ਕਿਹਾ, "ਮੇਰੇ ਕੇਸ ਗੁਰੂ ਕੀ ਮੋਹਰ ਹਨ। ਇਨ੍ਹਾਂ ਨੂੰ ਕੋਈ ਉਤਾਰ ਨਹੀਂ ਸਕਦਾ। ਕੇਸਾਂ ਸਮੇਤ ਸਿਰ ਦੀ ਖੋਪਰੀ ਭਾਵੇਂ ਉਤਾਰ ਲਵੋ।" ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਜ਼ਰਾ ਵਿਚਾਰ ਕਰੋ। ਤੁਹਾਨੂੰ ਸਤਿਗੁਰਾਂ ਨੇ ਸਰਦਾਰੀਆਂ ਬਖ਼ਸ਼ੀਆਂ ਹਨ। ਇਸ ਨੂੰ ਸੰਭਾਲ ਕੇ ਰੱਖੋ। ਮਾਸ, ਸ਼ਰਾਬ ਤੇ ਹੋਰ ਕੁਕਰਮਾਂ ਤੋਂ ਬਚ ਕੇ ਨਾਮ ਜਪੋ, ਬਾਣੀ ਪੜੋ, ਰਹਿਤ ਰੱਖੋ। ਸੰਗਤ ਕਰਿਆ ਕਰੋ, ਹੱਕ ਦੀ ਕਿਰਤ ਕਰ ਕੇ ਗ਼ਰੀਬ ਦੀ ਰੱਖਿਆ ਕਰੋ ਫੇਰ ਤੁਹਾਨੂੰ ਕਿਸੇ ਪ੍ਰਕਾਰ ਦਾ ਕੋਟੀ ਘਾਟਾ ਨਹੀਂ ਹੋ ਸਕਦਾ।

ਸੰਤ ਜੀ ਮਹਾਰਾਜ ਦੇ ਇਨ੍ਹਾਂ ਬਚਨਾਂ ਦਾ ਉਨ੍ਹਾਂ ਦੇ ਮਨ ਤੇ ਬੜਾ ਅਸਰ ਹੋਇਆ। ਕੁੱਝ ਕੁ ਸਮੇਂ ਤੋਂ ਬਾਅਦ ਹਜ਼ੂਰ ਦੇ ਪਾਸ ਅਰਜ਼ ਕਰ ਕੇ ਗੁਰਦੁਆਰੇ ਸਾਹਿਬ ਦੀ ਨੀਂਹ ਰੱਖਵਾਈ। ਆਪ ਜੀ ਨੇ ਆਪਣੇ ਵੱਲੋਂ ਵੀ ਮਾਇਆ ਦਿੱਤੀ ਅਤੇ ਹੋਰ ਸੰਗਤ ਨੇ ਵੀ ਸੇਵਾ ਵਿੱਚ ਹਿੱਸਾ ਪਾਇਆ। ਥੋੜ੍ਹੇ ਚਿਰ 'ਚ ਸੁੰਦਰ ਗੁਰ ਅਸਥਾਨ, ਰਿਹਾਇਸ਼ੀ ਕਮਰੇ ਤੇ ਲੰਗਰ ਦਾ ਹਾਲ ਤਿਆਰ ਹੋ ਗਿਆ। ਜਿੱਥੇ ਦੋ ਸਮੇਂ ਕਥਾ ਕੀਰਤਨ ਦਾ ਪ੍ਰਵਾਹ ਤੇ ਗੁਰੂ ਕਾ ਲੰਗਰ ਚੱਲਦਾ ਹੈ।

ਇਸੇ ਤਰ੍ਹਾਂ ਬੁਲੰਦ ਸ਼ਹਿਰ ਭੀ ਆਪ ਜੀ ਨੇ ਸ. ਗੁਰਨਾਮ ਸਿੰਘ ਦੇ ਪ੍ਰਵਾਰ ਤੇ ਬਖ਼ਸ਼ਿਸ਼ ਕੀਤੀ। ਹਰੇਕ ਸਾਲ ਹਾਪੜ ਆ ਕੇ ਹਜ਼ੂਰ ਦੇ ਦਰਸ਼ਨ ਕਰਦੇ ਤੇ ਭੇਟਾ ਅਰਪਦੇ। ਫੇਰ ਇਨ੍ਹਾਂ ਨੇ ਹਾਪੜ ਵਾਲਿਆਂ ਦੇ ਰਾਹੀਂ ਆਪ ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕਰ ਕੇ ੧੯੬੮ ਈ. ਵਿੱਚ ਰਾਤ ਦੇ ਸਮੇਂ ਤਿੰਨ ਦੀਵਾਨ ਲੈ ਲਏ। ਕੀਰਤਨ ਗੁਰਦੁਆਰੇ ਸਾਹਿਬ ਹੋਇਆ। ਰਿਹਾਇਸ਼ ਹਾਪੜ ਰੱਖੀ। ਇਨ੍ਹਾਂ ਦੇ ਘਰ ਤੇ ਦੁਕਾਨ ਵਿੱਚ ਚਰਨ ਪਾਏ। ਫੇਰ ਦੂਜੀ ਵਾਰ ੧੯੬੯ ਈ. ਵਿੱਚ ਬੇਨਤੀ ਕਰ ਕੇ ਹਜ਼ੂਰ ਦੇ ਚਰਨ ਪਵਾਏ। ਜਦੋਂ ੧੯੭੦ ਵਿੱਚ ਆਪਣਾ ਨਵਾਂ ਮਕਾਨ ਬਣਾ ਕੇ ਉਸ ਦੀ ਚੱਠ ਕਰਨ ਸਮੇਂ ਘਰ ਵਿੱਚ ਅਖੰਡ ਪਾਠ ਰਖਵਾਇਆ ਤਾਂ ਭੋਗ ਦੇ ਵਕਤ ਜਥੇ ਸਮੇਤ ਸੰਤ ਜੀ ਮਹਾਰਾਜ ਪੁੱਜੇ। ੧੯੭੧ ਈ. ਵਿੱਚ ਫੇਰ ਹਜ਼ੂਰ ਨੇ ਦਰਸ਼ਨ ਬਖ਼ਸ਼ੇ।

ਇਸੇ ਤਰ੍ਹਾਂ ਸ. ਸੁਰਜੀਤ ਸਿੰਘ ਤੇ ਬੀਬੀ ਹਰਭਜਨ ਕੌਰ ਜੋ ਲੁਧਿਆਣੇ ਜ਼ਿਲੇ ਘੁੰਘਰਾਣੇ ਪਿੰਡ ਦਾ ਏਥੇ ਰਹਿੰਦਾ ਸੀ। ਘੁੰਘਰਾਣੇ ਪਿੰਡ ਵੀ ਆਪਣੇ ਕਾਰਖਾਨੇ (ਬਾਂਸਲ ਇੰਜੀ: ਕੰਪਨੀ) ਜਿੱਥੇ ਰਿਹਾਇਸ਼ ਸੀ, ਦਾਤੇ ਦੇ ਚਰਨ ਪਵਾਏ। ਉਸ ਸਮੇਂ ਸੁਰਜੀਤ ਸਿੰਘ ਨੇ ਪਹਿਲੀ ਵਾਰ ਹੀ ਹਜ਼ੂਰ ਦਾ ਦਰਸ਼ਨ ਕੀਤਾ ਸੀ, ਪਰ ਮਨ ਮਿਕਨਾਤੀਸ ਵਾਂਗ ਖਿੱਚਿਆ ਗਿਆ ਪੂਰਨ ਸ਼ਰਧਾ ਹੋ ਆਈ। ਫੇਰ ਤਾਂ ਰਾੜਾ ਸਾਹਿਬ ਆ ਕੇ ਪ੍ਰਵਾਰ ਸਮੇਤ ਅੰਮ੍ਰਿਤ ਪਾਨ ਕਰ ਨਾਮ ਦੀ ਦਾਤ ਲੈ ਸੰਤ ਜੀ ਦੇ ਚਰਨਾਂ ਦਾ ਸਾਦਕ ਬਣ ਗਿਆ। ਸਾਲ ਵਿੱਚ ਕਈ ਵਾਰ ਕਰਮਸਰ ਦੀ ਯਾਤਰਾ ਨੂੰ ਆਉਂਦੇ ਹਨ। ਇਸ ਦਾ ਵੱਡਾ ਭਰਾ ਸ. ਤਿਰਲੋਚਨ ਸਿੰਘ ਵੀ ਪਰਵਾਰ ਸਮੇਤ ਸੰਤ ਜੀ ਮਹਾਰਾਜ ਦਾ ਉਪਦੇਸ਼ੀ ਹੈ। ਅੰਮ੍ਰਿਤ ਪਾਨ ਕਰ ਕੇ ਰਹਿਤ ਰੱਖਦਾ ਤੇ ਪੂਰਨ ਵੈਸ਼ਨਵ ਖ਼ਿਆਲੀ ਹੈ। ਇਸੇ ਤਰ੍ਹਾਂ ਸ. ਬੰਤਾ ਸਿੰਘ ਕਈ ਕਈ ਮਹੀਨੇ ਕਰਮਸਰ ਠਹਿਰ ਕੇ ਗੁਰੂ ਕੇ ਲੰਗਰ ਦੀ ਸੇਵਾ ਵਿੱਚ ਸਮਾਂ ਸਫ਼ਲਾ ਕਰਦਾ ਹੈ। ਪਰ ਰਿਹਾਇਸ਼ ਬਬੀਨੇ ਸ਼ਹਿਰ ਰੱਖੀ ਹੈ।

ਸੰਗਰੂਰ ਅਤੇ ਖੇੜੀ ਵਾਲੇ ਗੁਰਮੁਖ ਪ੍ਰਵਾਰ ਦੀ ਸੰਗਤ ਨਾਲ ਹੀ ਸੰਭੋਲੀ ਵਾਲਾ ਸਰਦਾਰ ਘਰਾਣਾ ਸੰਤ ਜੀ ਮਹਾਰਾਜ ਦਾ ਪ੍ਰੇਮੀ ਬਣਿਆ। ਇਨ੍ਹਾਂ ਦੀ ਸ਼ਰਧਾ ਤੱਕ ਕੇ ਯੂ. ਪੀ. ਦੇ ਦੌਰੇ ਸਮੇਂ ਤਿੰਨ ਵਾਰੀ ਸੰਭੋਲੀ ਮਿੱਲ ਵਿੱਚ ਸੰਤ ਜੀ ਮਹਾਰਾਜ ਦੇ ਚਰਨ ਪਏ। ਦੋ ਵਾਰ ਤਾਂ ਇਨ੍ਹਾਂ ਦੀ ਕੋਠੀ ਵਿੱਚ ਚਰਨ ਪਾ ਕੇ ਹਾਪੜ ਹੀ ਵਾਪਸ ਆ ਜਾਂਦੇ ਸਨ। ਤੀਜੀ ਵਾਰ ਰਾਤ ਦੇ ਸਮੇਂ ਮਿੱਲ ਵਿੱਚ ਤਿੰਨ ਦੀਵਾਨ ਬਖ਼ਸ਼ ਦਿੱਤੇ। ਕੀਰਤਨ ਸ਼ੂਗਰ ਮਿੱਲ ਵਿੱਚ ਹੁੰਦਾ ਸੀ। ਰਿਹਾਇਸ਼ ਹਾਪੜ ਹੀ ਰੱਖੀ। ਸ. ਹਰਜੀਤ ਸਿੰਘ ਅਕੋਈ ਸੰਗਰੂਰ ਵਾਲੇ ਦੀ ਲੜਕੀ ਏਥੇ ਰਹਿੰਦੀ ਹੈ।

ਮੇਰਠ ਸ਼ਹਿਰ ਵਿਖੇ ਨਾਮ ਅੰਮ੍ਰਿਤ ਦੀ ਬਰਖਾ

ਛੋਟੀ ਲਲਤੋਂ ਦਾ ਦਫੇਦਾਰ ਰਤਨ ਸਿੰਘ ਜੋ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ ਸੇਵਕ ਤੇ ਹੌਲਦਾਰੀ ਪੈਨਸ਼ਨਰ ਸੀ, ਇਨ੍ਹਾਂ ਦੇ ਸਪੁੱਤਰ ਸ. ਗੁਰਮੁਖ ਸਿੰਘ ਯੂ. ਪੀ. ਦੇ ਇਲਾਕੇ (ਜ਼ਿਲ੍ਹਾ ਮੇਰਠ ਵਿੱਚ) ਪੁਲੀਸ ਇਨਸਪੈਕਟਰ ਸਨ।

ਇਸ ਨੇ ੧੯੫੯ ਈ. ਵਿੱਚ ਸੰਤ ਜੀ ਮਹਾਰਾਜ ਤੋਂ ਉਪਦੇਸ਼ ਲਿਆ ਉਸ ਸਮੇਂ ਤੋਂ ਹੀ ਪੂਰਨ ਸਾਦਕ ਬਣ ਗਿਆ। ਬੜੀ ਨਿਮਰਤਾ ਨਾਲ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਨਿਰੰਕਾਰ ਨੇ ਹਜ਼ੂਰ ਨੂੰ ਮਾਤ ਲੋਕ ਦੀ ਧਰਤੀ ਤੇ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਸਤੇ ਭੇਜਿਆ ਹੈ। ਪਰ ਆਪ ਜੀ ਨੇ ਇਸ ਅੰਮ੍ਰਿਤ ਨੂੰ ਕੁੱਝ ਇਲਾਕੇ ਵਿੱਚ ਹੀ ਸੀਮਤ ਰੱਖਿਆ ਹੈ। ਇਸ ਗੁਰੂ ਨਾਨਕ ਦੇ ਭੰਡਾਰੇ ਨੂੰ ਖੁੱਲ੍ਹਾ ਵਰਤਾਓ।" ਤਾਂ ਸੰਤ ਜੀ ਮਹਾਰਾਜ ਮੁਸਕਰਾਏ ਤੇ ਕਿਹਾ, "ਜਿਵੇਂ

ਮੇਰੇ ਪ੍ਰੀਤਮ ਨੂੰ ਭਾਵੇ।" ਇਸ ਨੇ ਫੇਰ ਅਰਜ਼ ਕੀਤੀ, "ਜੇਕਰ ਆਪ ਜੀ ਆਗਿਆ ਬਖ਼ਸ਼ੋ ਤਾਂ ਮੈਂ ਮੇਰਠ ਸ਼ਹਿਰ ਰਹਿੰਦਾ ਹਾਂ। ਆਪ ਜੀ ਨੇ ਦਾਸ ਦੇ ਘਰ ਚਰਣ ਪੌਣੇ ਤੇ ਉਸ ਜਗ੍ਹਾ ਗੁਰਦੁਆਰੇ ਸਾਹਿਬ ਸੰਗਤਾਂ ਨੂੰ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਨਾ।

ਭਾਵੇਂ ਸੰਤ ਜੀ ਮਹਾਰਾਜ ਨੂੰ ਯੂ. ਪੀ. ਦੇ ਇਲਾਕੇ ਖ਼ਾਸ ਕਰ ਕੇ ਹਾਪੜ ਆਉਂਦਿਆਂ ਕਈ ਸਾਲ ਹੋ ਗਏ ਸਨ। ਇਸ ਤੋਂ ਪਹਿਲਾਂ ਵੀ ਕਈ ਵਾਰ ਪ੍ਰੇਮੀ ਗੁਰਮੁਖਾਂ ਵੱਲੋਂ ਬੇਨਤੀਆਂ ਹੋਈਆ ਸਨ ਆਪ ਚੁੱਪ ਰਹਿੰਦੇ, ਪਰ ਅੱਜ ਅਗੰਮੀ ਹੁਕਮ ਹੋਇਆ ਜਾਣ ਕੇ ਪ੍ਰਵਾਨਗੀ ਬਖ਼ਸ਼ ਦਿੱਤੀ।

ਪਹਿਲੇ ਸਾਲ ੧੯੬੯ ਈ. ਸਤੰਬਰ ਦੇ ਮਹੀਨੇ ਗੁਰਦੁਆਰੇ ਸਾਹਿਬ ਦੀਵਾਨ ਸਜਿਆ। ਜੱਥੇ ਦੇ ਸਿੰਘਾਂ ਲਈ ਚਾਹ ਪ੍ਰਸ਼ਾਦਾ ਇਨਸਪੈਕਟਰ ਗੁਰਮੁਖ ਸਿੰਘ ਹੀ ਛਕਾਉਂਦਾ ਰਿਹਾ। ਸੰਤ ਜੀ ਮਹਾਰਾਜ ਨੇ ਵੀ ਇਸ ਦੀ ਬੇਨਤੀ ਸੁਣ ਕੇ ਘਰ ਵਿੱਚ ਚਰਨ ਪਾਏ। ਏਥੇ ਰਾਮਪੁਰ ਨਗਰ ਦੇ ਬਹੁਤ ਸਾਰੇ ਪ੍ਰੇਮੀ ਟਰੱਕਾਂ ਤੇ ਹੋਰ ਵਰਕਸ਼ਾਪਾਂ ਵਿੱਚ ਆਪੋ ਆਪਣਾ ਕਾਰੋਬਾਰ ਕਰਦੇ ਹਨ। ਚੰਦਨ ਦੀ ਖੁਸ਼ਬੂ ਵਾਂਗ ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਹਜ਼ੂਰ ਦਾ ਜਸ ਮਹਿਕ ਰਿਹਾ ਸੀ। ਫੇਰ ਇਤਨੇ ਨੇੜੇ ਦੇ, ਜੋ ਰਾਮੁਪਰ ਨਗਰ ਰੇਰੂ ਸਾਹਿਬ ਗੁਰਦੁਆਰੇ ਤੋਂ ਕੇਵਲ ਅੱਧ ਫਰਲਾਂਗ ਦੇ ਫਾਸਲੇ ਤੇ ਹੈ। ਉਸ ਸਮੇਂ ਰੇਰੂ ਸਾਹਿਬ ਆ ਕੇ ਵੱਡੇ ਸੰਤਾਂ ਦੇ ਅਤੇ ਇਸ ਮਨ ਤੇ ਫਤਹਿ ਪਾਉਣ ਵਾਲੇ ਮਹਾਨ ਯੋਧੇ 'ਸੂਰਬੀਰ ਬਚਨ ਕੇ ਬਲੀ' ਰਾਜੇ ਜੋਗੀ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਵੀ ਦਰਸ਼ਨ ਕਰਦੇ ਪਰ ਉਸ ਸਮੇਂ ਇਨ੍ਹਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਜੋ ਮਹਾਂਪੁਰਖ ਇਸ ਤਤਖਿਆ ਰੂਪ ਕੁਠਾਲੀ 'ਚ ਪਾ ਕੇ ਆਪਣੇ ਸਰੀਰ ਨੂੰ ਬਾਰਾਂ ਵੰਨੀ ਦਾ ਕੁੰਦਨ ਬਣਾ ਰਿਹਾ ਹੈ ਉਹ ਕਿਸੇ ਸਮੇਂ ਸਾਡੀ ਕਿਸਮਤ ਦਾ ਸਿਤਾਰਾ ਚਮਕੇਗਾ। ਅੱਜ ਚਿਰਾਂ ਬਾਅਦ ਮੇਰਠ ਦੇ ਦੀਵਾਨਾਂ ਵਿੱਚ ਦਰਸ਼ਨ ਕੀਤਾ। ਇੱਕੋ ਧਾਰਨਾ ਸੁਣੀ ਤੇ ਉਸ ਸਮੇਂ ਤਕਦੀਰਾਂ ਪਲਟ ਗਈਆਂ। ਪੂਰਨ ਸ਼ਰਧਾਲੂ ਬਣ ਗਏ। ਜਿਨ੍ਹਾਂ ਵਿੱਚੋਂ ਸ. ਉਜਾਗਰ ਸਿੰਘ, ਸ. ਚੰਨਣ ਸਿੰਘ ਸ. ਸੁਰਜੀਤ ਸਿੰਘ ਅਤੇ ਧਰਮ ਸਿੰਘ ਮਿਸਤਰੀ ਆਦਿਕ ਬਹੁਤ ਸਾਰੇ ਪ੍ਰੇਮੀ ਖ਼ਾਸ ਗਿਣਤੀ ਦੇ ਸ਼ਰਧਾਲੂਆਂ 'ਚੋਂ ਗਿਣੇ ਜਾਂਦੇ ਹਨ। ਇਨ੍ਹਾਂ ਪ੍ਰਤੀ ਆਪ ਜੀ ਨੇ ਇਹ ਪਵਿੱਤਰ ਉਪਦੇਸ਼ ਬਖ਼ਸ਼ਿਆ।

ਅੰਮ੍ਰਿਤ ਕਿੱਥੇ ਹੈ?

ਗੁਰਸਿੱਖਾਂ ਦੇ ਅੰਦਰ ਗੁਰੂ ਪ੍ਰਮੇਸ਼ਰ ਵੱਲ ਉੱਛਲਨ ਦੀ ਅਜਿਹੀ ਤਾਂਘ ਕੁਦਰਤੀ ਹੈ, ਜਿਵੇਂ ਨਦੀਆਂ ਦਾ ਸਾਗਰ ਵੱਲ ਵਹਿਣ ਤੇ ਲੋਹੇ ਦਾ ਚੁੰਬਕ ਪੱਥਰ ਵੱਲ ਖਿਚਿਆ ਜਾਣਾ ਸੁਭਾਵਕ ਹੈ। ਜਦ ਆਪੇ ਤੋਂ ਵਿਛੋੜਾ ਊਨਤਾਈਆਂ ਤੇ ਕਲੇਸ਼ ਪੈਦਾ ਕਰਦਾ ਤੇ ਤਦ ਮਿਲਾਪ ਦੀ ਤਾਂਘ ਹੋਰ ਭੀ ਤੀਬਰ ਹੋ ਜਾਂਦੀ ਹੈ।

ਦੁਖ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ *(ਵਾਰ-ਆਸਾ ਮਃ ੧ - ੪੬੯)*

ਬਿਹਬਲ ਹੋਇਆ ਜਗਿਆਸੂ ਜਦ ਪ੍ਰਮਾਰਥ ਦੀ ਮੰਡੀ ਵਿੱਚ ਉਸ ਮਣੀ ਨੂੰ ਵਿਹਾਜਨ ਵਾਸਤੇ ਨਿੱਕਲਿਆ ਜਿਸ ਦੀ ਰੌਸ਼ਨੀ ਵਿੱਚ ਖ਼ੁਸ਼ੀ ਨੇ ਨਾਚ ਨੱਚਣਾ ਸੀ, ਪਰ ਬਾਜ਼ਾਰ ਵਿੱਚ ਕਈ ਠੱਗ ਦੁਕਾਨਦਾਰ ਮਿਲ ਪਏ ਜੋ ਵੇਚਦੇ ਕੱਚ, ਪਰ ਦੱਸਦੇ ਲਾਲ ਸਨ। ਚਮਕਾਇਆ ਤੇ ਨਿਕਲ ਕੀਤਾ ਹੋਇਆ ਵੀ ਸੀ। ਅੱਖਾਂ ਵੇਖ ਕੇ ਚੁੰਧਿਆ ਗਈਆਂ। ਮਨ ਲਲਚਾਇਆ ਤੇ ਖਰੀਦ ਵੀ ਲਿਆ। ਪਰ ਮਗਰੋਂ ਪਾਣੀ ਨਾਲ ਭਿੱਜਦੇ ਸਾਰ ਹੀ ਉੱਪਰਲੀ ਸਾਰੀ ਚਮਕ ਲਹਿ ਗਈ ਅਤੇ ਵਿੱਚੋਂ ਕਾਲਾ ਸ਼ਾਹ ਨਿਕਲ ਆਇਆ:

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ *(ਸੂਹੀ ਮਃ ੧ - ੭੨੯)*

ਇਹ ਨਕਲੀ ਲਾਲ, ਮਜ਼ਬੂਤੀ ਦੁਕਾਨਦਾਰਾਂ ਤੇ ਕਰਮਕਾਂਡੀ, ਅਚਾਰਯਾਂ, ਕਰਣੀ ਤੋਂ ਹੀਣੇ ਕੱਚੇ ਗੁਰੂਆਂ ਦਾ ਦੱਸਿਆ ਹੋਇਆ ਮੱਤ ਸੀ। ਕਿਸੇ ਨੇ ਕਿਹਾ, ਕੰਨ ਪੜਾਓ। ਕੋਈ ਬੋਲਿਆਂ ਮੁੰਡ ਮੁਡਾਓ ਤੇ ਸਿਰ ਸਵਾਹ ਪਾਓ। ਕਿਸੇ ਦਾ ਬਚਨ ਸੀ ਗ੍ਰਿਹ ਤਜ ਬਨਵਾਸੀ ਬਣੋ। ਕਿਸੇ ਦਾ ਇਸ਼ਾਰਾ ਸੀ ਮਾਲ ਧਨ ਸਾਰਾ ਮੈਨੂੰ ਅਰਪ ਦੇਵੋ। ਯਥਾ:

ਜੌ ਜੁਗੀਆਨ ਕੈ ਜਾਇ ਕਹੈ, ਸਭ ਜੋਗਨ ਕੋ ਗ੍ਰਹ ਮਾਲ ਉਠੈ ਦੈ।
ਜੌ ਪਰੋ ਭਾਜ ਸੰਨਿਆਸਨ ਕੈ, ਕਹੈ ਦੱਤ ਕੇ ਨਾਮ ਪੈ ਧਾਮ ਲੁਟੈ ਦੈ।
ਜੌ ਕਹਿ ਕੁਊ ਮਸੰਦਨ ਸੋ, ਕਹੈ ਸਰਬ ਦਰਬ ਲੈ ਮੋਹਿ ਅਬੈ ਦੈ।
ਲੇਉ ਹੀ ਲੇਉ ਕਹੈ ਸਭ ਕੋ ਨਰੁ, ਕੋਈ ਨ ਬ੍ਰਹਮ ਬਤਾਇ ਹਮੈ ਦੈ।

ਇਹ ਸਭ ਕਰਮ ਕਾਂਡ ਵੀ ਕੀਤੇ ਤਾਂ ਅੰਦਰ ਕਾਲ ਦਾ ਭੈ ਬਣਿਆ ਰਿਹਾ। ਛਿਨ ਛਿਨ ਤਨ ਛਿਜਦਾ ਗਿਆ। ਬਚਪਨ ਤੋਂ ਜਵਾਨੀ ਤੇ ਫੇਰ ਬੁਢੇਪਾ ਆਇਆ। ਆਪਣੇ ਸਖੇ ਮਿੱਤਰਾਂ ਨੂੰ ਕੋਲੋਂ ਤੁਰਦਿਆਂ ਦੇਖ ਕੇ ਜਦ ਕਾਲ ਦਾ ਭੈ

ਵਾਪਰਿਆ ਤਾਂ ਤ੍ਰਭਕ ਉੱਠੇ। ਹਾਇ! ਕਿੱਥੇ ਜਾਈਏ ਜੋ ਜਮਰਾਜ ਦਾ ਟਾਕਰਾ ਨਾ ਹੋ ਸਕੇ। ਤਾਂ ਕਈਆਂ ਆਖਿਆ, "ਅੰਮ੍ਰਿਤ ਪੀਵੋ ਅਮਰ ਹੋ ਜਾਵੋਗੇ।" ਜਦ ਪੁੱਛਿਆ, "ਉਹ ਕਿੱਥੇ ਹੈ?" ਕਈ ਕਹਿੰਦੇ ਖੀਰ ਸਮੁੰਦਰ ਵਿੱਚ ਹੈ। ਕੋਈ ਸੱਪਾਂ ਕੋਲ ਪਤਾਲ ਵਿੱਚ ਕਹਿਣ ਲੱਗਾ। ਕਿਸੇ ਨੇ ਚੰਦਰਮਾ ਦੀਆਂ ਕਿਰਨਾਂ ਤੇ ਕਾਂਤਾ ਦੇ ਹੋਠਾਂ ਵਾਲਾ ਅੰਮ੍ਰਿਤ ਕਿਹਾ। ਕੋਈ ਬੈਹਰਿ ਜਲਮਾਤ ਵਿੱਚ ਆਖਣ ਲੱਗਾ। ਕਈ ਕਹਿਣ, ਦੇਵ ਲੋਕ ਵਿੱਚ ਅੰਮ੍ਰਿਤ ਦਾ ਕੁੰਡ ਹੈ। ਪਰ ਇਹ ਸਾਰੇ ਹੀ ਅੰਮ੍ਰਿਤ ਝੂਠੇ ਦੇਖੇ। ਮੌਤ ਦੇ ਦੁੱਖੋਂ ਕੋਈ ਵੀ ਛੁਡਾ ਨਾ ਸਕਿਆ। ਜਦ ਗੁਰਦੇਵ ਦੀ ਸ਼ਰਨ ਲਈ ਤਾਂ ਪਤਾ ਲੱਗਾ:

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥ *(ਰਾਮਕਲੀ ਮਃ ੩ - ੯੧੮)*

ਅਥਵਾ: *ਅੰਮ੍ਰਿਤ ਨਾਮ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥*

(ਮੁੰਦਾਵਣੀ ਮਃ ੫ - ੧੪੨੯)

ਨਾਮ ਹੀ ਅਸਲੀ ਅੰਮ੍ਰਿਤ ਹੈ। ਇਤਿਆਦਕ ਉਪਦੇਸ਼ ਸੁਣ ਕੇ ਪ੍ਰੇਮੀਆਂ ਦੇ ਹਿਰਦੇ ਗਦ ਗਦ ਹੋ ਗਏ।

ਲਗਾਤਾਰ ਤਿੰਨ ਸਾਲ ਗੁਰਦੁਆਰੇ ਸਾਹਿਬ ਦੀਵਾਨ ਸਜਦੇ ਰਹੇ। ਉਪਰੰਤ ਸੰਗਤਾਂ ਦਾ ਬਹੁਤਾ ਇਕੱਠ ਦੇਖ ਕੇ ਖੁੱਲ੍ਹੇ ਪੰਡਾਲ ਬੰਸਾਰੀ ਗਰਾਉਂਡ ਵਿੱਚ ਇੰਤਜਾਮ ਕਰ ਲਿਆ। ਇਨ੍ਹਾਂ ਦੇ ਪ੍ਰੇਮ ਨੂੰ ਵੇਖ ਕੇ ਸਾਲ ਦੇ ਸਾਲ ਦਸ ਬਾਰਾਂ ਦਿਨ ਮਿਲ ਜਾਂਦੇ ਸਨ। ਤਿੰਨ ਦੀਵਾਨ ਹਰੇਕ ਸਾਲ ਸਿੱਖ ਸੈਂਟਰ, ਪੰਜਾਬ ਸੈਂਟਰ, ਸਿੱਖ ਲੈਟਰਨ ਛਾਉਣੀ ਵਿੱਚ ਹੁੰਦੇ ਸਨ। ਅੱਠ ਦੀਵਾਨ ਬੰਸਾਲੀ ਗਰਾਊਂਡ ਵਿੱਚ ਹੁੰਦੇ ਸਨ। ਸ. ਚੰਨਣ ਸਿੰਘ ਦੇ ਘਰ ੧੮ ਸਾਲਾਂ ਤੋਂ ਬਾਅਦ ਜੋ ਪਹਿਲਾਂ ਇੱਕੋ ਹੀ ਲੜਕੀ ਸੀ, ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ੨੭-੫-੬੯ ਅਤੇ ੫-੮-੭੦ ਨੂੰ ਦੋ ਲੜਕਿਆਂ ਦਾ ਜਨਮ ਹੋਇਆ।

ਗੁਰੂ ਤੇ ਸੰਗਤ

ਦੀਵਾਨਾਂ ਦੇ ਸਮੇਂ ਸੰਤ ਜੀ ਮਹਾਰਾਜ ਨੇ ਇਸ ਪ੍ਰਕਾਰ ਉਪਦੇਸ਼ ਦੀ ਵਰਖਾ ਕੀਤੀ: ਧਾਰਮਿਕ ਗ੍ਰੰਥਾਂ ਤੇ ਸਤਪੁਰਸ਼ਾਂ ਦਾ ਖ਼ਿਆਲ ਹੈ ਕਿ ਜੇਕਰ ਮਨੁੱਖ ਦੀਆਂ ਤਿੰਨ ਅਵਸਥਾ ਦੀਆਂ ਬਿਰਤੀਆਂ ਕਾਇਮ ਰਹਿਣ ਤਾਂ ਫੇਰ ਓਹ ਜੀਵਨ ਮੁਕਤ ਹੈ। ਜਿਨ੍ਹਾਂ ਵਿੱਚੋਂ ਪਹਿਲੀ ਉਹ ਸੰਤੁਸ਼ਟ ਅਵਸਥਾ ਦੀ ਬਿਰਤੀ ਹੈ। ਜਦ ਮਨੁੱਖ ਪ੍ਰਸ਼ਾਦ ਛਕ ਚੁੱਕਦਾ ਹੈ, ਤ੍ਰਿਪਤ ਹੋਣ ਪਿੱਛੋਂ ਭਾਵੇਂ ਕਿਤਨਾ ਵੀ ਸੁਆਦਲਾ ਪਦਾਰਥ ਹੋਵੇ ਫੇਰ ਉਸ ਦੀ ਰੁਚੀ ਓਧਰ ਨਹੀਂ ਹੁੰਦੀ।

ਦੂਸਰਾ ਸਪਰਸ਼ ਕਾਲ ਦੇ ਪਿੱਛੋਂ, ਤੇ ਤੀਸਰੀ ਕਿਸੇ ਪ੍ਰਾਣੀ ਦੇ ਦਿਹਾਂਤ ਸਮੇਂ ਜੋ ਦੇਖਣ ਵਾਲੇ ਪੁਰਸ਼ ਦੀ ਵੈਰਾਗਮਈ ਬਿਰਤੀ ਹੁੰਦੀ ਹੈ, ਉਹ ਸਭ ਤੋਂ ਪ੍ਰਤੱਖ ਤੇ ਵੈਰਾਗ ਵਾਲੀ ਮੰਨੀ ਗਈ ਹੈ। ਸਾਹਮਣੇ ਪਏ ਪ੍ਰਾਣੀ ਦੀ ਮੁਰਦਾ ਦੇਹ ਨੂੰ ਦੇਖ ਕੇ ਉਸ ਦੇ ਜੀਵਨ ਦੇ ਸਾਰੇ ਨਕਸ਼ੇ ਅੱਖਾਂ ਅੱਗੇ ਆ ਜਾਂਦੇ ਹਨ ਅਤੇ ਚਾਤਰਤਾ, ਧਨ, ਜੋਬਨ ਤੇ ਪ੍ਰਭਤਾ ਦਾ ਇਸ ਪ੍ਰਕਾਰ ਅੰਤ ਹੁੰਦਾ ਦੇਖ ਕੇ ਪੁਰਸ਼ ਬੜਾ ਹੀ ਵੈਰਾਗ ਵਾਨ ਹੋ ਜਾਂਦਾ ਹੈ।

ਯਥਾ: *ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥*

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥ *(ਸਲੋਕ ਸੇਖ ਫਰੀਦ ਜੀ - ੧੩੭੮)*

ਪ੍ਰੰਤੂ ਮੋਹ ਮਾਇਆ ਦਾ ਜਾਲ ਐਸਾ ਪ੍ਰਬਲ ਹੈ ਜੋ ਮਨੁੱਖ ਨੂੰ ਉਸ ਸੁਆਦਲੀ ਅਵਸਥਾ ਵਿੱਚੋਂ ਝਟ ਹੀ ਥੱਲੇ ਖਿੱਚ ਲੈਂਦਾ ਹੈ ਅਤੇ ਫੇਰ ਅਸਥਿਰ ਪਦਾਰਥਾਂ ਦੀ ਤਾਂਘ ਵਿੱਚ ਦਰ ਦਰ ਭਤ੍ਰਕਾਨਾ ਸ਼ੁਰੂ ਕਰ ਦਿੰਦਾ ਹੈ। ਪਰ ਮਨੁੱਖ ਇਹ ਨਹੀਂ ਸੋਚਦਾ ਕਿ ਮੇਰੀ ਆਯੂ ਤਾਂ ਸਵਾਸ ਸਵਾਸ ਘਟ ਰਹੀ ਹੈ। ਬਚਪਨ ਤੋਂ ਜੁਆਨੀ ਤੇ ਜੁਆਨੀ ਤੋਂ ਬੁਢੇਪਾ ਆ ਰਿਹਾ ਹੈ। ਦਿਨ ਪਿੱਛੋਂ ਰਾਤ ਦੇ ਬਹਾਰ ਪਿੱਛੋਂ ਪਤਝੜ ਚਲੀ ਆ ਰਹੀ ਹੈ ਤੇ ਮੈਂ ਇਸ ਚਾਰ ਦਿਨ ਤੇ ਰੈਣ ਬਸੇਰੇ ਨੂੰ ਕਿਸੇ ਲਾਭਵੰਦੇ ਪਾਸੇ ਖ਼ਰਚ ਲਵਾਂ ਕਿਉਂਕਿ ਅੱਗੇ ਪਿਛੇ ਇਸ ਸਮੇਂ ਨੇ ਤਾਂ ਪੂਰਾ ਹੋ ਹੀ ਜਾਣਾ ਹੈ। ਸੂਰਜ ਨੇ ਆਪਣੀ ਚਾਲ ਬੰਦ ਨਹੀਂ ਕਰਣੀ। ਸਵਾਸਾਂ ਦੀ ਤੇਜ ਰਫਤਾਰ ਨੇ ਆਪਣੀ ਗਿਣਤੀ ਸਮਾਪਤ ਕਰ ਦੇਣੀ ਹੈ।

ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥

ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥ *(ਸਿਰੀਰਾਗੁ ਮਃ ੪ - ੪੧)*

ਪ੍ਰਮਾਰਥ ਵੱਲ ਬਿਰਤੀ ਨੂੰ ਜੋੜਨ ਦੇ ਯਤਨ ਪ੍ਰੰਤੂ ਆਸੁਰੀ ਸੰਪਦਾ ਦੇ ਜ਼ੋਰਦਾਰ ਹੱਲਿਆਂ ਅੱਗੇ ਕੁੱਝ ਪੇਸ਼ ਹੀ ਨਹੀਂ ਜਾਂਦੀ, ਅਖ਼ੀਰ ਨੂੰ ਇਸ ਨੂੰ ਮੈਦਾਨ ਵਿੱਚ ਭਾਜ ਖਾ ਜਾਂਦਾ ਹੈ। ਇਨ੍ਹਾਂ ਮਹਾਬਲੀਆਂ ਤੋਂ ਜਿੱਤ ਪਾਉਣਾ ਬੜਾ ਔਖਾ ਹੈ।

ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥

ਜਨ ਗਰੀਬ ਕੌ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥ *(ਭੈਰਉ ਭਗਤ ਕਬੀਰ ਜੀ - ੧੧੬੧)*

ਇਨ੍ਹਾਂ ਤੀਖਣ ਬਾਣਾਂ ਦੀ ਲੜੀ ਤੋਂ ਬਚਣ ਵਾਸਤੇ ਇੱਕੋ ਹੀ ਕਿਲ੍ਹਾ ਹੈ ਅਤੇ ਇੱਕੋ ਹੀ ਸੂਰਮਾ ਇਨ੍ਹਾਂ ਤੋਂ ਪਨਾਹ ਦੇ ਕੇ ਬਚਾਉਂਦਾ ਹੈ। ਕਿਲ੍ਹਾ ਹੈ ਸਾਧ ਸੰਗਤ। ਸ਼ਰਨ ਹੈ ਪੂਰੇ ਗੁਰੂ ਦੀ ਜਿਨ੍ਹਾਂ ਨੂੰ ਆਪਣੀ ਜੀਵਨ ਦੀ ਪੂੰਜੀ ਸੌਂਪ ਦੇਵੇ, ਫੇਰ ਉਹ ਇਸ ਦੇ ਆਪ ਰਖਿਅਕ ਬਣ ਜਾਂਦੇ ਹਨ ਅਤੇ ਚਾਰ ਦਿਹਾੜੇ ਦੇ ਜੀਵਨ ਦਾ ਕੋਈ ਸ੍ਵਾਦ ਆ ਸਕਦਾ ਹੈ; ਆਦਿ।

ਡੇਹਰਾਦੂਨ ਵਿੱਚ ਕੀਰਤਨ ਦਾ ਪ੍ਰਵਾਹ

ਬੀਬੀ ਹਰਬੰਸ ਕੌਰ ਨੇ ਆਪਣੀ ਬੱਚੀ ਨੂੰ ਮਨਸੂਰੀ ਪੜ੍ਹਨੇ ਪਾ ਦਿੱਤਾ। ਗ਼ਰਮੀ ਦੇ ਮੌਸਮ ਵਿੱਚ ਆਪ ਵੀ ਉਸ ਦੇ ਪਾਸ ਹੀ ਚਲੀ ਜਾਇਆ ਕਰੇ। ੧੯੫੩ ਦੀ ਅਪ੍ਰੈਲ ਵਿੱਚ ਮਨਸੂਰੀ ਨੂੰ ਜਾਣ ਲੱਗਿਆਂ ਇਹ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਰਾੜੇ ਸਾਹਿਬ ਪੁੱਜੀ। ਬੜੀ ਭਾਵਨਾ ਨਾਲ ਨਮਸ਼ਕਾਰ ਕਰ ਕੇ ਹਜ਼ੂਰ ਨੂੰ ਮਨਸੂਰੀ ਚਰਨ ਪਾਉਣ ਵਾਸਤੇ ਬੇਨਤੀ ਕੀਤੀ। ਅਰਸ਼ੀ ਦਾਤੇ ਨੇ ਸ਼ਰਧਾ ਤੇ ਪ੍ਰੇਮ ਤੱਕ ਕੇ ਪ੍ਰਵਾਨਗੀ ਦੇ ਦਿੱਤੀ। ਉਪਰੰਤ ਆਪ ਜੁਲਾਈ ਦੇ ਮਹੀਨੇ ਦੇ ਅਖ਼ੀਰ ਕੁੱਝ ਕੁ ਸਾਥੀ ਸੱਜਣਾਂ ਸਮੇਤ ਮਨਸੂਰੀ ਪੁੱਜੇ। ਰਿਹਾਇਸ਼ ਕਹਿਕਸ਼ਾ ਕੋਠੀ ਰੱਖੀ। ਆਪ ਏਥੇ ਇੱਕ ਮਹੀਨਾ ਠਹਿਰੇ ਤੇ ਕਿਸੇ ਨੂੰ ਪਤਾ ਨਾ ਕੀਤਾ। ਸੁਬ੍ਹਾ ਸ਼ਾਮ ਬਾਹਰ ਸੈਰ ਨੂੰ ਜਾਂਦਿਆਂ ਕਿਸੇ ਕਿਸੇ ਵਡਭਾਗੀ ਨੂੰ ਹੀ ਦਰਸ਼ਨ ਹੁੰਦੇ।

੧੯੬੯ ਈ. ਅਕਤੂਬਰ ਸੰਤ ਜੀ ਹਾਪੜ ਆਏ ਉਸੇ ਦਿਨ ਹਰਿਦੁਆਰ ਤੋਂ ਸੰਤ ਅਰਜਨ ਸਿੰਘ ਜੀ ਮੁਨੀ ਵੀ ਆ ਪੁੱਜੇ। ਇਨ੍ਹਾਂ ਨੇ ਵੀ ਸੰਤ ਜੀ ਮਹਾਰਾਜ ਦੇ ਪਾਸ ਹਰਿਦੁਵਾਰ ਵਾਸਤੇ ਦੀਵਾਨਾਂ ਦੀ ਮੰਗ ਕੀਤੀ। ਸ. ਭਾਗ ਸਿੰਘ ਰਿਖੀਕੇਸ਼ ਤੋਂ ਦੀਵਾਨਾਂ ਵਾਸਤੇ ਆਇਆ ਸੀ। ਦੋਹਾਂ ਨੇ ਅਰਜ਼ ਕੀਤੀ। ਹਜ਼ੂਰ ਨੇ ਕਿਹਾ ਪਹਿਲਾਂ ਸੰਗਤ ਦੀ ਰਿਹਾਇਸ਼ ਵਾਸਤੇ ਜਗ੍ਹਾ ਦਾ ਇੰਤਜਾਮ ਕਰ ਆਵੋ ਫੇਰ ਵਿਚਾਰ ਕਰ ਲਵਾਂਗੇ। ਇਨ੍ਹਾਂ ਨੇ ਵਿਚਾਰ ਕੀਤੀ ਡੇਹਰਾਦੂਨ ਸਰਕਾਰੀ ਬੰਗਲੇ ਵਿੱਚ ਮਹਾਰਾਜ ਜੀ ਦੀ ਜਥੇ ਸਮੇਤ ਰਹਾਇਸ਼ ਕਰਵਾ ਦੇਵਾਂਗੇ।

ਸ. ਦਲੀਪ ਸਿੰਘ ਬੀਜੇ ਕੋਲ ਕੋਟਾਂ ਨਗਰ ਦਾ ਡੇਹਰਾਦੂਨ ਰਹਿੰਦਾ ਸੀ ਪਰ ਸੰਤ ਜੀ ਮਹਾਰਾਜ ਦੇ ਦਰਸ਼ਨ ਨਹੀਂ ਸਨ ਕੀਤੇ। ਦਰਸ਼ਨ ਦੀ ਤੀਬਰ ਇੱਛਾ ਵੀ ਸੀ। ਇਸ ਨੇ ਕਿਹਾ ਸਰਕਾਰੀ ਬੰਗਲੇ ਨਾਲੋਂ ਸਹਾਰਨਪੁਰ ਰੋਡ ਤੇ ਕਲੈਮਨ ਟਾਊਨ ਸ. ਪ੍ਰਤਾਪ ਸਿੰਘ ਠੇਕੇਦਾਰ ਦੀ ਕੋਹਨੂਰ ਕੋਠੀ ਹੈ। ਉਹ ਦੇਖ ਆਵੋ ਅਤੇ ਆਪਣਾ ਆਦਮੀ ਭੇਜ ਦਿੱਤਾ।

ਉਸੇ ਦੀ ਕਾਰ ਤੇ ਕਲੈਮਨ ਟਾਊਨ ਆ ਕੇ ਜਦੋਂ ਸ. ਪ੍ਰਤਾਪ ਸਿੰਘ ਨੂੰ ਮਿਲੇ, ਉਪਰੰਤ ਸੰਤ ਜੀ ਮਹਾਰਾਜ ਦੇ ਆਉਣ ਦੀ ਖੁਸ਼ਖ਼ਬਰੀ ਦੱਸੀ ਤਾਂ ਸ. ਪ੍ਰਤਾਪ ਸਿੰਘ ਬੜੇ ਪ੍ਰਸੰਨ ਹੋਏ। ਕਿਉਂਕਿ ਇਹ ਪਹਿਲਾਂ ਹੀ ਸਮੇਤ ਪ੍ਰਵਾਰ ਗੁਰੂ ਘਰ ਦੇ ਪ੍ਰੇਮੀ ਸੰਤ ਸੇਵੀ ਅਤੇ ਆਸਤਕ ਖ਼ਿਆਲੀ ਗੁਰਮੁਖ ਸਨ। ਪ੍ਰਤਾਪ ਸਿੰਘ ਜੀ ਤੋਂ ਮਹਾਂਪੁਰਸ਼ਾਂ ਦੀ ਰਿਹਾਇਸ਼ ਵਾਸਤੇ ਜਗ੍ਹਾ ਪੁੱਛੀ ਅਤੇ ਹਜ਼ੂਰ ਦੀ ਸਖਸ਼ੀਅਤ ਤੋਂ ਜਾਣੂ ਕਰਵਾਇਆ ਤਾਂ ਉਸ ਨੇ ਬੜੇ ਉਤਸ਼ਾਹ ਨਾਲ ਆਪਣੀ ਰਿਹਾਇਸ਼ ਵਾਲਾ ਸੁੰਦਰ ਕਮਰਾ ਖ਼ਾਲੀ ਕਰਾਉਣ ਵਾਸਤੇ ਆਖਿਆ। ਜਦੋਂ ਇਨ੍ਹਾਂ ਨੇ ਅੰਦਰ ਜਾ ਕੇ ਜਗ੍ਹਾ ਦੇਖੀ ਤਾ ਸਭਨਾਂ ਦਾ ਮਨ ਪ੍ਰਸੰਨ ਹੋ ਗਿਆ। ਹਾਪੜ ਜਾ ਕੇ ਮੇਹਰਬਾਨ ਦੇ ਪਾਸ ਅਰਜ਼ ਕਰ ਦਿੱਤੀ। ਜਾਣੀ ਜਾਣ ਦਾਤੇ ਨੇ ਬੇਨਤੀ ਪ੍ਰਵਾਨ ਕਰ ਲਈ। ਮਾਨੋ ਏਸ ਬਹਾਨੇ ਡੇਹਰਾਦੂਨ ਦੀ ਸੰਗਤ ਦੇ ਸੁੱਤੇ ਭਾਗਾਂ ਨੂੰ ਜਗਾ ਦਿੱਤਾ ਅਤੇ ਇਨ੍ਹਾਂ ਦੀ ਪ੍ਰਾਰਬਧ ਨੇ ਸੰਤ ਜੀ ਨੂੰ ਜਥੇ ਸਮੇਤ ਡੇਹਰਾਦੂਨ ਲੈ ਆਂਦਾ। ਸ਼ਹਿਰ ਦੇ ਸਿੱਖੀ ਅਬਾਦੀ ਵਾਲੇ ਹਿੱਸੇ ਵਿੱਚੋਂ ਘੰਟਾ ਘਰ ਦੇ ਪਾਸ ਪੰਜ ਦੀਵਾਨ ਲੱਗੇ।

ਭਾਵੇਂ ਏਸ ਸ਼ਹਿਰ ਵਿੱਚ ਹਜ਼ੂਰ ਦੇ ਪਹਿਲੀ ਵਾਰੀ ਦੀਵਾਨ ਹੋਣ ਕਰ ਕੇ ਅਤੇ ਸਮਾਂ ਥੋੜ੍ਹਾ ਹੋਣ ਦੇ ਕਾਰਣ ਪ੍ਰਬੰਧਕਾਂ ਵਲੋਂ ਅਨਾਊਸਮੈਂਟ ਵੀ ਨਾ ਕੀਤੇ ਜਾਣ ਕਾਰਣ ਸੰਗਤਾਂ ਦਾ ਬਹੁਤਾ ਇਕੱਠ ਨ ਹੋ ਸਕਿਆ ਪਰ ਫੇਰ ਵੀ ਪ੍ਰਬੰਧਕਾਂ ਦੀ ਆਸ ਤੋਂ ਵੱਧ ਸੰਗਤ ਪੁੱਜ ਗਈ ਅਤੇ ਪਹਿਲੀ ਧਾਰਨਾ ਨਾਲ ਹੀ ਸ੍ਰੋਤੇ ਵਜਦ ਵਿੱਚ ਝੂਮਣ ਲੱਗੇ ਤੇ ਸਭਨਾਂ ਦੀਆਂ ਸੁਰਤਾਂ ਜੁੜ ਗਈਆਂ। ਇਸ ਅਗੰਮੀ ਰਸ ਨੂੰ (ਜੋ ਰਸਨਾ ਦੁਆਰਾ ਕਥਨ ਕਰ ਕੇ ਕਲਮ ਨਾਲ ਅੰਕਤ ਨਹੀਂ ਕੀਤਾ ਜਾ ਸਕਦਾ) ਨਿਤਾਪ੍ਰਤੀ ਦੀਵਾਨ ਸੁਣਨ ਵਾਲੇ ਸਰੋਤੇ ਵੀ ਅਨੁਭਵ ਕਰ ਸਕਦੇ ਹਨ ਪਰ ਅੱਗੇ ਦਸ ਨਹੀਂ ਸਕਦੇ।

ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥ (ਮਾਝ ਮਃ ੫ - ੧੦੬)

ਕਿਉਂਕਿ ਇਹ ਅਕਹਿ ਅਵਸਥਾ ਹੈ।

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੭॥੫੧॥

(ਗਉੜੀ ਭਗਤ ਕਬੀਰ ਜੀ - ਅੰਗ ੩੩੪)

ਗੂੰਗੇ ਦੀ ਮਿਠਿਆਈ ਸਮਾਨ ਹੈ। ਆਪ ਜੀ ਨੇ ਏਥੇ ਇਹ ਉਪਦੇਸ਼ ਦਿੱਤਾ:

ਮਾਇਆ

ਸਤਿਗੁਰਾਂ ਦਾ ਮਹਾਂਵਾਕ ਹੈ ਕਿ ਜਦੋਂ ਮਨੁੱਖ ਮਾਤਾ ਦੇ ਗਰਭ ਵਿੱਚ ਪਿਆ ਪੁੱਠਾ ਲਟਕ ਰਿਹਾ ਸੀ, ਤਾਂ ਇਸ ਦਾ ਸਿਰ ਹੇਠਾਂ ਤੇ ਪੈਰ ਉਤਾਹਾਂ ਨੂੰ ਸਨ। ਏਹੋ ਜੇਹੀ ਸੰਗੀਨ ਕੋਠੜੀ ਤੇ ਅਪਵਿੱਤ੍ਰ ਜਗ੍ਹਾ ਵਿੱਚ ਰਹਿੰਦਾ ਹੋਇਆ ਨਿਰੰਕਾਰ ਅੱਗੇ ਬੇਨਤੀਆਂ ਕਰਦਾ ਸੀ ਕਿ ਮੈਨੂੰ ਏਸ ਨਰਕ 'ਚੋਂ ਬਾਰ ਕੱਢੋ ਮੈਂ ਤੁਹਾਡਾ ਸਵਾਸ ਸਵਾਸ ਸਿਮਰਨ ਕਰਾਂਗਾ।

ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥
ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ ॥੨॥

(ਵਾਰ-ਜੈਤਸਰੀ ਮਃ ੫ - ੭੦੬)

ਸੋ ਇਸ ਦੀਆਂ ਅਰਜੋਈਆਂ ਸੁਣ ਦਾਤੇ ਨੇ ਤਰਸ ਖਾਧਾ, ਮੇਹਰ ਕੀਤੀ ਤੇ ਗਰਭ ਕੁੰਡਲ ਵਿੱਚੋਂ ਕੱਢ ਸੰਸਾਰ ਤੇ ਲਿਆਂਦਾ। ਮਾਪਿਆਂ ਦਾ ਪਿਆਰ, ਸਬੰਧੀਆਂ ਦਾ ਹਿਤ, ਗਵਾਂਢੀਆਂ ਦਾ ਸਤਿਕਾਰ, ਖਾਣ ਪਾਣ ਦੇ ਪਦਾਰਥਾਂ ਦੇ ਭੋਗ ਇਸ ਨੂੰ ਪ੍ਰਾਪਤ ਹੋਏ ਤਾਂ ਇਸ ਤਮਾਸ਼ੇ ਦੀ ਭੀੜ ਨੂੰ ਦੇਖ ਕੇ ਕੁੱਝ ਅਜੇਹਾ ਰੁੱਝਿਆ ਜੋ ਆਪਣਾ ਕੀਤਾ ਹੋਇਆ ਇਕਰਾਰ ਹੀ ਭੁੱਲ ਗਿਆ। ਮਾਇਆ ਦੇ ਹਾਵ ਭਾਵ ਤੇ ਨਖਰਿਆਂ ਨੇ ਇਸ ਦੀ ਰੁਚੀ ਨੂੰ ਆਪਣੇ ਵੱਲ ਅਜੇਹਾ ਖਿਚਿਆ ਜੋ ਆਪਣੇ ਮੇਹਰਬਾਨ ਦਾ ਧਿਆਨ ਹੀ ਛੱਡ ਬੈਠਾ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
(ਰਾਮਕਲੀ ਮਃ ੩ - ੯੨੧)

ਜਿਸ ਤਰ੍ਹਾਂ ਕੋਰੇ ਕਾਗ਼ਜ਼ ਜਾਂ ਪੱਟੀ ਤੇ ਲਿਖੇ ਹੋਏ ਪੂਰਨੇ ਉੱਘੜ ਕੇ ਓਹਨੂੰ ਹੋਰ ਕਿਸੇ ਲਿਖਤ ਦੇ ਯੋਗ ਨਹੀਂ ਛੱਡਦੇ, ਇਸੇ ਤਰ੍ਹਾਂ ਹੀ ਮਾਇਆ ਦੇ ਪੂਰਨਿਆਂ ਨੇ ਹਿਰਦੇ ਰੂਪੀ ਪੱਟੀ ਨੂੰ ਮੈਲਾ ਕਰ ਦਿੱਤਾ ਅਤੇ ਹੁਣ ਉਸ ਦੇ ਗਿਆਨ ਦਾ ਲੇਖ ਲਿਖਣਾ ਕਠਨ ਹੋ ਗਿਆ। ਜਿਸ ਤਰ੍ਹਾਂ ਕਾਂਟੇ ਤੋਂ ਖੁੰਝਿਆ ਹੋਇਆ ਰੇਲ ਦਾ ਇੰਜਨ ਜਿਤਨੀ ਤੇਜੀ ਨਾਲ ਚੱਲੇ, ਉਤਨਾ ਹੀ ਮੰਜ਼ਲ ਤੋਂ ਦੂਰ ਚਲਾ ਜਾਏਗਾ। ਇਸੇ ਤਰ੍ਹਾਂ ਇਹ ਵੀ ਆਪਣੇ ਨਿੱਜੀ ਸਰੂਪ ਤੋਂ ਪਰੇ ਜਾ ਪਿਆ। ਕਰਦਾ ਭੀ ਕੀ, ਕੁਸੰਗਤ ਜੋ ਮਾਇਆ ਦੀ ਹੋਈ ਸੀ। ਜਿਉਂ ਜਿਉਂ ਤ੍ਰਿਸਨਾ ਦੇ ਖੰਭਾਂ ਨਾਲ ਉਡਿਆ, ਵੈਰਾਨ ਤੇ ਸੁੰਞੇ ਉਜਾੜ ਵਿੱਚ ਚਲਾ ਗਿਆ।

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੬੬॥

(ਸਲੋਕ ਭਗਤ ਕਬੀਰ ਜੀ - ੧੩੬੯)

ਕੁੱਝ ਚਿਰ ਤਾਂ ਗ਼ੁਜ਼ਰਿਆ। ਓੜਕ ਨੂੰ ਪਤਾ ਲੱਗਾ ਜੋ ਮਾਇਆ ਦੀਆਂ ਚਮਕਾਂ-ਦਮਕਾਂ, ਕੱਚ ਤੇ ਮੁਲੰਮੇ ਵਤ ਸਨ, ਜੇਹੜੀਆਂ ਛੇਤੀ ਹੀ ਮਾਤ ਪੈ ਗਈਆਂ। ਉਹ ਲਾਲ ਨਹੀਂ, ਅੰਗਾਰ ਸਨ ਜੋ ਫੜਦਿਆਂ ਹੀ ਹੱਥ ਨੂੰ ਜਲਾ ਗਏ। ਉਹ ਅੰਮ੍ਰਿਤ ਨਹੀਂ, ਹਲਾਹਲ ਸੀ ਜਿਸ ਦੇ ਪੀਤਿਆਂ ਮੌਤ ਆ ਗਈ। ਤਾਂ ਘਾਬਰਿਆ, ਹੈਂ! ਇਹ ਕੀ ਹੋਇਆ? ਮੈਂ ਤਾਂ ਏਸ ਨੂੰ ਤਮਾਸ਼ਾ ਸਮਝ ਪ੍ਰਵਿਰਤ ਹੋਇਆ ਸਾਂ। ਜੋ ਗੀਤ ਸਮਝਦਾ ਸਾਂ, ਇਹ ਤਾਂ ਮਾਤਮੀ ਮਜਲਸ ਨਿੱਕਲੀ। ਜਿੱਥੋਂ ਦਿਨ ਰਾਤ 'ਹਾਇ ਹਾਇ' ਦੀਆ ਅਵਾਜ਼ਾਂ ਆ ਰਹੀਆਂ ਹਨ। ਏਥੇ ਤਾਂ ਚੌਹਾਂ ਪਾਸਿਆਂ ਤੋਂ ਸੇਕ ਆਉਣਾ ਸ਼ੁਰੂ ਹੋ ਗਿਆ। ਜਿਸ ਕਲੇਸ਼ ਵਿੱਚੋਂ ਨਿੱਕਲਿਆ ਸੀ, ਉਹੀ ਫੇਰ ਆ ਵਾਪਰਿਆ। ਤੇ ਹੁੰਦਾ ਵੀ ਕਿਉਂ ਨਾ ਉਹ ਮਨੁੱਖ ਮਾਇਆ ਦਾ ਪੇਟ ਸੀ, ਇਹ ਧਰਤ ਮਾਇਆ ਦਾ ਪੇਟ ਹੈ। ਉੱਥੇ ਜਠਰਾਗਨ ਸੀ, ਏਥੇ ਦਾਵਾ ਅਗਨ ਹੈ।

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥

(ਰਾਮਕਲੀ ਮਃ ੩ - ੯੨੧)

ਹੁਣ ਜਦ ਚਾਰੇ ਬੰਨੇ ਤੱਕਿਆ ਕਿ ਕਿਤੇ ਸੁੱਖ ਸਾਧਨ ਵੀ ਪ੍ਰਾਪਤ ਹੋ ਸਕਦਾ ਹੈ? ਕਿਸੇ ਬ੍ਰਿਛ ਦੀ ਛਾਂ ਹੇਠ ਠੰਢ ਵੀ ਪੈ ਸਕਦੀ ਹੈ? ਕਿਸੇ ਅੰਮ੍ਰਿਤ ਦੇ ਸੋਮੇ ਵਿੱਚੋਂ ਘੁੱਟ ਪੀਤਿਆਂ ਤ੍ਰਿਸ਼ਨਾ ਭੀ ਬੁਝ ਸਕਦੀ ਹੈ? ਤਾਂ ਪਤਾ ਲੱਗਾ ਉਹ ਸਿਰਫ ਇੱਕ ਹੀ ਮਜਲਸ ਹੈ, ਜਿੱਥੇ ਰਾਤ ਦਿਨ ਮੰਗਲਚਾਰ ਗਾਇਆ ਜਾਂਦਾ ਹੈ। ਜਿੱਥੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਹਨ। ਸ਼ੋਕ ਤੇ ਦ੍ਵੈਤ ਦਾ ਨਾਮੋ ਨਿਸ਼ਾਨ ਨਹੀਂ।

ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥

(ਗਉੜੀ ਮਃ ੫ - ੧੮੬)

ਓਹ ਇੱਕੋ ਹੀ ਅੰਮ੍ਰਿਤ ਦਾ ਸੋਮਾ ਹੈ, ਜਿੱਥੋਂ ਬੁਕ ਭਰ ਭਰ ਪੀਤਿਆਂ ਜਨਮਾਂ ਜਨਮਾਤਰਾਂ ਦੀ ਤ੍ਰਿਸ਼ਨਾ ਰੂਪ ਤੇਹ ਮਿਟਦੀ ਹੈ। ਉਸ ਦਾ ਨਾਮ ਹੈ ਗੁਰ ਸੰਗਤ।

ਯਥਾ: *ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥*
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥

(ਸਵਈਏ ਮਹਲੇ ਚਉਥੇ ਕੇ ਬਲੁ - ਅੰਗ ੧੪੦੬)

ਜਦ ਉੱਧਰ ਨੂੰ ਝੁਕੇ ਤੇ ਸ਼ਬਦ ਸੁਣਨੇ ਲੋੜਿਆ ਤਾਂ ਪਤਾ ਲੱਗਾ ਕਿ ਕੰਨ ਤਾਂ ਬੋਲੇ ਹੋ ਚੁੱਕੇ ਹਨ। ਜਦ ਦਰਸ਼ਨਾਂ ਨੂੰ ਤਾਂਘਿਆਂ ਤਾਂ ਨੇਤ੍ਰ ਅੰਧੇ ਨਿਕਲੇ ਕਿਉਂਕਿ ਸਾਰੀਆਂ ਗਿਆਨ ਇੰਦ੍ਰੀਆਂ ਤੇ ਮਾਇਆ ਦਾ ਕਬਜ਼ਾ ਹੋ ਚੁੱਕਾ ਸੀ ਅਤੇ ਉਸ ਦੇ ਗ਼ੁਬਾਰ ਕਰ ਕੇ ਕੁੱਝ ਸੁਝਦਾ ਨਹੀਂ ਸੀ।

ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥

(ਗਉੜੀ ਵਾਰ-੧ ਮਃ ੩ - ੩੧੩)

ਲਗਨ ਤਾਂ ਲੱਗੀ ਹੈ, ਅੰਦਰ ਤਾਂਘ ਵੀ ਉੱਠ ਰਹੀ ਹੈ, ਉਛਾਲੇ ਆਉਂਦੇ ਹਨ ਪ੍ਰੰਤੂ ਮਾਇਆ ਦਾ ਦਬਾਅ ਕੁੱਝ ਬਣਨ ਨਹੀਂ ਦੇਂਦਾ। ਜਦ ਕੋਈ ਪੇਸ਼ ਨਾ ਗਈ ਤਾਂ ਓੜਕ ਬਿਹਬਲ ਹੋ ਕੇ ਬੇਨਤੀ ਕੀਤੀ:

ਇਨ੍ਹ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥੧॥ ਰਹਾਉ ॥

(ਬਿਲਾਵਲੁ ਭਗਤ ਕਬੀਰ ਜੀ - ੮੫੭)

ਇਉਂ ਗੁਰੂ ਅੱਗੇ ਪੁਕਾਰ ਸ਼ੁਰੂ ਕਰ ਦਿੱਤੀ, "ਹੇ ਕ੍ਰਿਪਾ ਨਿਧਾਨ! ਮੈਂ ਤੇਰੇ ਦਰ ਆਉਣਾ ਲੋੜਦਾ ਹਾਂ ਪਰ ਮਾਇਆ ਮੇਰੀ ਪੇਸ਼ ਨਹੀ ਜਾਣ ਦਿੰਦੀ। ਦਰਸ਼ਨ ਕਰਨ ਵਾਸਤੇ ਅੱਖ ਨਹੀਂ ਉੱਘੜਨ ਦਿੰਦੀ। ਸ਼ਬਦ ਨੂੰ ਸੁਨਣ ਵਾਸਤੇ ਤਾਂਘਦਾ ਹਾਂ, ਪਰ ਕੰਨ ਬੋਲੇ ਕਰ ਦਿੱਤੇ ਹਨ। ਸੋ ਹੁਣ ਤੁਸੀਂ ਹੀ ਦਇਆ ਕਰੋ ਅਤੇ ਇਸ ਮਾਇਆ ਜਾਲ ਨੂੰ ਤੋੜੇ ਅਤੇ ਇਸ ਦੇ ਫੰਧਿਆਂ ਤੋਂ ਬਚਾ ਲਵੋ।" ਇਉਂ ਜਦੋਂ ਸਾਰੇ ਆਸਰੇ ਛੱਡ ਕੇ ਇਸ ਪ੍ਰਮੇਸ਼ਰ ਦੇ ਬਣ ਗਏ, ਫੇਰ ਉਸ ਮੇਹਰਬਾਨ ਭਗਤ ਵਛਲ ਕਿਰਪਾਲੂ ਨੂੰ ਆਪਣੇ ਦਰ ਤੇ ਡਿੱਗਿਆਂ ਦੀ ਲਾਜ ਪੈ ਗਈ।

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥

(ਬਾਰਹਮਾਹਾ ਮਾਝ ਮਃ ੫ - ੧੩੫)

ਆਪਣੇ ਦਰੋਂ ਬਖ਼ਸ਼ੇ ਹੋਏ ਪੂਰਨ ਸਾਧੂ ਦੀ ਸੰਗਤ ਵਿੱਚ ਮੇਲ ਦਿੱਤਾ, ਜਿੱਥੇ ਮਾਇਆ ਦਾ ਬਲ ਨਹੀਂ ਪੈਂਦਾ। ਉੱਥੇ ਤਾਂ ਮਾਇਆ ਆਪ ਦਾਸੀ ਬਣ ਕੇ ਰਹਿੰਦੀ ਹੈ।

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ ॥

(ਗਉੜੀ ਮਃ ੩ - ੨੩੧)

ਤਥਾ: *ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨਾ ਆਵਾ ॥*

(ਆਸਾ ਮਃ ੫ - ੩੭੦)

ਇਉਂ ਇਹ ਜੀਵ ਮਾਇਆ ਦੀਆਂ ਫਾਹੀਆਂ ਤੋਂ ਮੁਕਤ ਹੋ ਜਾਂਦਾ ਹੈ।

ਪੰਜ ਦਿਨਾਂ ਦਾ ਸਮਾਂ ਇੱਕ ਛਿਨ ਕਾਲ ਵਿੱਚ ਬਤੀਤ ਹੋ ਗਿਆ। ਘਰ ਵਾਲੇ ਪ੍ਰੇਮੀਆਂ ਨੇ ਬੜੇ ਚਾਅ ਨਾਲ ਤਨ, ਮਨ, ਧਨ ਦੁਆਰਾ ਸੇਵਾ ਕੀਤੀ। ਜਥੇ ਦੇ ਸਰੀਰਾਂ ਤੋਂ ਇਲਾਵਾ ਨਿਤਾਪ੍ਰਤੀ ਹੋਰ ਵੀ ਸੰਗਤ ਦਰਸ਼ਨਾਂ ਨੂੰ ਆਉਂਦੀ ਹੈ। ਸਵੇਰ ਨੌਂ ਤੋਂ ਦਸ ਵਜੇ ਤੱਕ ਇੱਕ ਘੰਟਾ ਕੁਰਸੀ ਲੱਗਦੀ। ਕੋਠੀ ਵਿੱਚ ਹੀ ਪ੍ਰੇਮੀ ਪੁੱਜਦੇ ਪ੍ਰਮਾਰਥੀ ਬਚਨ ਕਰਦੇ, ਭਜਨ ਪੁੱਛਦੇ। ਲੰਗਰ ਛਕਦੇ ਜੋ ਅੱਠੇ ਪਹਿਰ ਹੀ ਖੁੱਲ੍ਹਾ ਵਰਤਦਾ। ਦੀਵਾਨ ਦੀ ਸਮਾਪਤੀ ਵਾਲੇ ਦਿਨ ਪੰਜਾਂ ਪਿਆਰਿਆਂ ਦੁਆਰਾ ਅਭਿਲਾਖੀ ਸੱਜਣਾਂ ਨੂੰ ਖੰਡੇ ਦਾ ਅੰਮ੍ਰਿਤ ਪਾਨ ਕਰਾਇਆ। ਜਿਸ ਵਿੱਚ ਪ੍ਰਵਾਰ ਸਮੇਤ ਸ. ਦਲੀਪ ਸਿੰਘ, ਘਰ ਵਾਲੇ ਪ੍ਰੇਮੀ ਤੇ ਹੋਰ ਸੰਗਤ ਵੀ ਸ਼ਾਮਲ ਸੀ। ਵਿਦਾਇਗੀ ਸਮੇਂ ਸ਼ਹਿਰ ਦੀ ਸੰਗਤ ਜੁੜੀ। ਆਪਣੀਆਂ ਕਾਰਾਂ, ਸਕੂਟਰਾਂ ਅਤੇ ਟਰੱਕਾਂ ਤੇ ਚਾਰ ਪੰਜ ਮੀਲ ਬਾਹਰ ਨਾਲ ਆਏ। ਸੇਵਾ ਵਿੱਚ ਹੋਈਆਂ ਭੁੱਲਾਂ ਦੀ ਮਾਫੀ ਮੰਗੀ। ਵਿਛੜਣ ਸਮੇਂ ਸੱਜਲ ਨੇਤ੍ਰੀ ਫੇਰ ਆਉਣ ਵਾਸਤੇ ਬੇਨਤੀ ਕੀਤੀ। ਇਨ੍ਹਾਂ ਦੀ ਦਿਲੀ ਸ਼ਰਧਾ ਤੱਕ ਕੇ ਸੰਤ ਜੀ ਮਹਾਰਾਜ ਨੇ ਏਸੇ ਮਹੀਨੇ ਅਗਲੇ ਸਾਲ ਆਉਣ ਦਾ ਫੇਰ ਬਚਨ ਦੇ ਦਿੱਤਾ।

ਇਸ ਸਮਾਗਮ ਵਿੱਚ ਸ. ਪ੍ਰਤਾਪ ਸਿੰਘ ਠੇਕੇਦਾਰ ਦੇ ਲੜਕੇ ਸ. ਅਜਮੇਰ ਸਿੰਘ, ਸ. ਜਸਮੇਰ ਸਿੰਘ ਨੇ ਸਮੇਤ ਪ੍ਰਵਾਰ ਦੇ ਸੇਵਾ ਕੀਤੀ। ਸ. ਦਲੀਪ ਸਿੰਘ ਕੋਟਾਂ, ਸ. ਚੰਨਣ ਸਿੰਘ ਠੇਕੇਦਾਰ, ਹਰਬੰਸ ਲਾਲ ਠੇਕੇਦਾਰ ਇਨ੍ਹਾਂ ਮੁੱਖੀ ਸੱਜਣਾਂ ਤੋਂ ਇਲਾਵਾ ਹੋਰ ਵੀ ਸ਼ਹਿਰ ਦੀ ਸੰਗਤ ਨੇ ਸੇਵਾ ਵਿੱਚ ਪੂਰਨ ਹਿੱਸਾ ਲਿਆ। ਫੇਰ ਭੀ ਕਈ ਸਾਲ ਲਗਾਤਾਰ ਆਉਂਦੇ ਰਹੇ। ਬਹੁਤ ਪ੍ਰੇਮੀਆਂ ਨੇ ਦੁਨਿਆਵੀ ਮੰਗਾਂ ਦੀ ਮੰਗ ਕਰੀ। ਪ੍ਰਮਾਰਥੀ ਬਚਨਾਂ ਤੋਂ ਇਲਾਵਾ ਕਾਫ਼ੀ ਸੱਜਣਾਂ ਨੇ ਅੰਮ੍ਰਿਤ ਪਾਨ ਕਰਿਆ। ਘਰ ਵਾਲੇ ਪ੍ਰੇਮੀਆਂ ਨੇ ਪਹਿਲਾਂ ਨਾਲੋਂ ਬਹੁਤ ਪ੍ਰੇਮ ਦਿਖਾਇਆ। ਹਰ ਪ੍ਰਕਾਰ ਦੀ ਵੱਧ ਚੜ੍ਹ ਕੇ ਸੇਵਾ ਕਰਦੇ ਰਹੇ। ਬੇਅੰਤ ਸੱਜਣਾਂ ਨੂੰ ਨਾਮ ਦੀ ਦਾਤ ਪ੍ਰਦਾਨ ਕੀਤੀ। ਆਪ ਜੀ ਨੇ ਏਥੇ ਨਿਸ਼ਕਾਮ ਭਗਤੀ ਤੇ ਰਜ਼ਾ ਵਿੱਚ ਚੱਲਣ ਦੀ ਮਹਿਮਾ ਵਰਨਣ ਕੀਤੀ। ਲੇਖਕ ਭੀ ਨਾਲ ਹੁੰਦਾ।

ਨਿਸ਼ਕਾਮ ਭਗਤੀ

ਅੰਮ੍ਰਿਤ ਵੇਲੇ ਜਦ ਗੁਰਦੁਆਰੇ ਧੌਂਸਾ ਗੂੰਜਦਾ, ਠਾਕੁਰ ਦੁਆਰੇ ਵਿੱਚ ਸੰਖ ਵੱਜਦਾ, ਮਸੀਤੇ ਬਾਂਗ ਮਿਲਦੀ ਤੇ ਗਿਰਜੇ ਵਿੱਚ ਘੰਟਾ ਖੜਕਦਾ ਹੈ, ਤਦ ਮਨੁੱਖ ਇਸਤਰੀਆਂ ਦੀਆਂ ਟੋਲੀਆਂ ਦੀਆਂ ਟੋਲੀਆਂ ਧਰਮ ਮੰਦਰਾਂ ਵੱਲ ਜਾਂਦੀਆਂ ਨਜ਼ਰ ਆਉਂਦੀਆਂ ਹਨ। ਪੂਜਾ, ਸੰਧਿਆ, ਪਾਠ ਦੀਆਂ ਧੁਨਾਂ ਨਿੱਕਲਦੀਆਂ ਹਨ। ਦੇਖਿਆਂ ਇਉਂ ਪ੍ਰਤੀਤ ਹੁੰਦਾ ਹੈ, ਮਾਨੋ ਸਤਿਜੁਗ ਹੀ ਵਰਤ ਰਿਹਾ ਹੈ। ਏਥੇ ਤਾਂ ਧਰਮ ਦਾ ਹੀ ਰਾਜ ਹੋਵੇਗਾ। ਝੂਠ ਕਪਟ ਤੇ ਠੱਗੀ ਦਾ ਕਿਤੇ ਨਾਮ ਨਹੀਂ ਲੱਭੇਗਾ। ਪਰ ਜਦ ਲੋਕਾਂ ਦੇ ਵਰਤੋਂ ਬਿਵਹਾਰ ਵੱਲ ਨਜ਼ਰ ਜਾਂਦੀ ਹੈ, ਤਾਂ ਨਤੀਜਾ ਬਿਲਕੁਲ ਇਸ ਦੇ ਉਲਟ ਦਿਸਦਾ ਹੈ। ਸ਼ਾਂਤੀ ਤੇ ਪਿਆਰ ਦਾ ਕਿਤੇ ਨਾਮ ਤੱਕ ਨਹੀਂ। ਲੋਕਾਂ ਦੇ ਅਚਾਰ ਗਿਰੇ ਹੋਏ ਤੇ ਹਿਰਦੇ ਕਪਟ ਨਾਲ ਭਰੇ ਹੋਏ ਹਨ। ਕੂੜ ਦੀ ਅਮਾਵਸ ਹੈ। ਸਚ ਦਾ ਚੰਦਰਮਾ ਕਿਤੇ ਨਜ਼ਰ ਨਹੀਂ ਆਉਂਦਾ। ਰਾਜਾ ਤੇ ਪਰਜਾ ਦੋਵੇਂ ਹੀ ਮਿਲ ਕੇ ਚੀਕ ਪੁਕਾਰ ਕਰ ਰਹੇ ਹਨ।

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥

(ਗਉੜੀ ਕਬੀਰ ਜੀ - ੩੨੫)

ਇਹ ਪਾਣੀ ਵਿੱਚ ਅੱਗ ਕਿਉਂ? ਐ ਗੁਰੂ ਕੇ ਸਿੱਖ! ਰਾਮ ਦੇ ਉਪਾਸ਼ਕ! ਮੁਹੰਮਦ ਦੇ ਮੁਰੀਦ! ਤੇ ਈਸਾ ਦੇ ਚੇਲੇ! ਇਸ ਤਰ੍ਹਾਂ ਧਰਮ ਮੰਦਰਾਂ ਵਿੱਚ ਪ੍ਰੇਮ ਸ਼ਰਧਾ ਤੇ ਵਿਸ਼ਵਾਸ ਸੰਯੁਕਤ ਭਜਨ, ਪਾਠ, ਨਮਾਜ਼, ਪ੍ਰਾਰਥਨਾ ਕਰਨ ਦੇ ਬਾਅਦ ਇਹੋ ਜੇਹਾ ਆਚਾਰ ਤੇ ਬਿਵਹਾਰ ਕਿਉਂ ਰੱਖਦੇ ਹੋ?

ਇਹ ਦੇਖ ਕੇ ਬੜੀ ਹੈਰਾਨਗੀ ਹੁੰਦੀ ਹੈ ਕਿ ਇਨ੍ਹਾਂ ਨੂੰ ਧਰਮ ਮੰਦਰਾਂ ਵਿੱਚੋਂ ਵੀ ਸ਼ਾਂਤੀ ਪ੍ਰਾਪਤ ਨਹੀਂ ਹੋਈ। ਜੇਕਰ ਔਸ਼ਧਾਲਯ ਵਿੱਚੋਂ ਵੀ ਤੰਦਰੁਸਤੀ ਨਹੀਂ ਲੱਭੀ ਤੇ ਫੇਰ ਇਸ ਦਾ ਕਾਰਨ ਕੀ ਹੈ? ਵੈਦ ਸੁਜਾਨ ਨਹੀਂ? ਦਵਾਈ ਕੋਲ ਨਹੀਂ? ਜਾਂ ਬੀਮਾਰ ਪੱਥ ਨਹੀਂ ਰੱਖਦਾ। ਜਦੋਂ ਵੀਚਾਰ ਨਾਲ ਦੇਖਿਆ, ਤਾਂ ਤੀਜੀ ਗੱਲ ਹੀ ਨਿੱਕਲੀ। ਰੂਹਾਨੀ ਵੈਦ (ਸਤਪੁਰਸ਼) ਬੜੇ ਸਿਆਣੇ ਹਨ। ਮਰਜ਼ ਨੂੰ ਵੀ ਬੁੱਝਦੇ ਹਨ ਅਤੇ ਧਾਰਮਿਕ ਗ੍ਰੰਥਾਂ ਵਿੱਚੋਂ ਉਸ ਦੇ ਰੋਗ ਅਨੁਸਾਰ ਕਰਮ, ਉਪਾਸ਼ਨਾ, ਗਿਆਨ ਭਾਵ ਸੇਵਾ ਭਜਨ ਦੀ ਔਸ਼ਧੀ ਵੀ ਬੜੀ ਪੂਰੀ ਦਿੰਦੇ ਹਨ ਪਰ ਮਰੀਜ਼ ਦੀ ਬਦਪ੍ਰਹੇਜੀ ਕੁੱਝ ਪੇਸ਼ ਨਹੀਂ ਜਾਣ ਦਿੰਦੀ। ਹਰ ਇੱਕ ਮੱਤ ਮਤਾਂਤ੍ਰ ਕਹਿੰਦਾ ਹੈ ਜਿਉਂਦਾ ਮਰੇ, ਤ੍ਰਿਸ਼ਨਾ ਤਿਆਗੇ, ਵਿਕਾਰਾਂ ਦਾ ਰਸ ਛੱਡੇ ਤਾਂ ਪ੍ਰਮਾਰਥ ਦਾ ਲਾਭ ਪੁੱਜਦਾ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥

(ਮਾਰੂ ਵਾਰ-੨ ਮਃ ੫ - ੧੧੦੨)

ਕਿਸੇ ਕਵੀ ਨੇ ਠੀਕ ਕਿਹਾ ਹੈ, ਜੋ ਮੈਂ ਕੀ ਗਾਉਂਦਾ ਹਾਂ ਤੇ ਮੇਰਾ ਤੰਬੂਰਾ ਕੀ ਗਾਉਂਦਾ ਹੈ। ਗੁਰੂ ਪੀਰ ਤਾਂ ਨਿਸ਼ਕਾਮਨਾ ਦੀ ਦੁਹਾਈ ਦਿੰਦੇ ਹਨ ਪਰ ਮੁਰੀਦ ਸਕਾਮੀ ਕਾਮਨਾਵਾਂ ਦੀ ਗਠੜੀ ਬੰਨ੍ਹ ਕੇ ਦਰਵਾਜੇ ਤੇ ਜਾ ਹਾਜ਼ਰ ਹੁੰਦੇ ਹਨ। ਇਸ ਗੱਲ ਦੀ ਕੋਈ ਵਿਚਾਰ ਨਹੀਂ ਕਿ ਉਹ ਸ਼ੁਭ ਹਨ ਜਾਂ ਅਸ਼ੁਭ। ਕਿਸੇ ਦਾ ਪ੍ਰਯੋਜਨ ਹੈ ਚੋਰੀ ਵਿੱਚ ਸਫ਼ਲਤਾ ਹੋਵੇ, ਕਿਸੇ ਦਾ ਪ੍ਰਯੋਜਨ ਹੈ ਮੈਂ ਘਟ ਤੋਲਾਂ ਪਰ ਗਾਹਕ ਦੇਖ ਨਾ ਸਕੇ, ਕਿਸੇ ਦੀ ਇੱਛਾ ਹੁੰਦੀ ਹੈ ਕਿ ਰਿਸ਼ਵਤ ਲਵਾਂ ਪਰ ਅਫ਼ਸਰ ਨੂੰ ਪਤਾ ਨਾ ਲੱਗੇ। ਕੋਈ ਕਹਿੰਦਾ ਹੈ ਸ਼ਰੀਕ ਮਰਨ ਤੇ ਜਾਇਦਾਦ ਦੇ ਮਾਲਕ ਮੇਰੇ ਪੁੱਤਰ ਬਣਨ। ਕਿਸੇ ਦੀ ਕੋਈ ਸੁੱਖਣਾ ਤੇ ਕਿਸੇ ਦੀ ਕੋਈ ਮੰਗ ਹੁੰਦੀ ਹੈ। ਇਉਂ ਜੇਹੋ ਜਿਹੇ ਕਿਸ ਦੇ ਅੰਦਰਲੇ ਸੰਸਕਾਰ ਓਹਨਾਂ ਅਨੁਸਾਰ ਚੰਗੇ ਮੰਦੇ ਸੰਕਲਪ ਧਾਰ ਕੇ ਧਰਮ ਮੰਦਰਾਂ ਅੱਗੇ ਜਾਂ ਖੜੋਂਦੇ ਹਨ। ਓਥੋਂ ਹੁਕਮ ਆਉਂਦਾ ਹੈ:

ਗੁਰੁ ਪੀਰੁ ਹਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

(ਵਾਰ-ਮਾਝ ਮਃ ੧ - ੧੪੧)

ਫੇਰ ਦੱਸੋ! ਅਮਨ ਤੇ ਸ਼ਾਂਤੀ ਕਿੱਥੋਂ ਹੁੰਦੀ? ਸੁੱਖ ਕਿਸ ਤਰ੍ਹਾਂ ਮਿਲਦਾ? ਸੱਚ ਨਾਲ ਕਿਵੇਂ ਪਰਚਾ ਪੈਂਦਾ? ਓਹ ਤਾਂ ਸਾਰੇ ਸਕਾਮ ਭਗਤ ਸਨ, ਸਕਾਮਤਾ ਵਿੱਚ ਨਾਮ ਰਸ ਕਿੱਥੇ? ਉਹ ਤਾਂ ਨਿਸ਼ਕਾਮਨਾ ਵਿੱਚ ਹੈ ਜਿੱਥੇ ਆਪਾ ਤਿਆਗ ਕੇ ਹੋਰ ਕੁਛ ਮੰਗਿਆ ਵੀ ਨਹੀਂ ਜਾਂਦਾ।

ਸਕਾਮ ਭਗਤੀ ਵਿੱਚ ਇੱਕ ਹੋਰ ਵੀ ਕਮੀ ਹੈ, ਓਥੇ ਸੌਦੇ ਬਾਜ਼ੀ ਹੈ! ਇਹ ਕੁਦਰਤ ਦਾ ਨਿਯਮ ਹੈ ਜੇ ਇੱਕ ਪਾਸੇ ਵਾਧਾ ਹੈ ਤਾਂ ਦੂਜੇ ਪਾਸੇ ਘਾਟਾ ਹੁੰਦਾ ਹੈ। ਜਦ ਇਸ ਦੇ ਕਰਮਾਂ ਅਨੁਸਾਰ ਕਾਮਨਾ ਨ ਪੂਰੀ ਹੋਈ ਤਦ ਸਕਾਮ ਭਗਤ ਸ਼ਕਾਇਤ ਕਰਨੀ ਸ਼ੁਰੂ ਕਰ ਦਿੰਦੇ ਹਨ ਅਤੇ ਕਈ ਵੇਰਾਂ ਨਿਰਾਸ ਹੋ ਕੇ ਨਾਸਤਕਤਾ ਤੱਕ ਪੁੱਜ ਜਾਂਦੇ ਹਨ ਪਰ ਨਿਸ਼ਕਾਮ ਭਗਤੀ ਵਿੱਚ ਇਹ ਗੱਲ ਨਹੀਂ। ਸਕਾਮ ਭਗਤੀ ਆਮ ਕਰ ਕੇ ਹੁੰਦੀ ਵੀ ਮਨੋਰਥ ਸਿੱਧੀ ਵਾਸਤੇ ਹੈ 'ਨੈ ਲੰਘੀ ਖ੍ਵਾਜਾ ਵਿਸਰਿਆ' ਪਰ ਨਿਸ਼ਕਾਮੀ ਸੇਵਕ ਜੀਵਨ ਪਦ ਵਾਸਤੇ ਭਗਤੀ ਕਰਦਾ ਹੈ। ਓਥੇ ਗਿਲੇ ਨਹੀਂ, ਸ਼ਿਕਵੇ ਨਹੀਂ। ਤਾਂ ਹੀ ਕਿਹਾ ਹੈ ਕਿ ਅਸੀਂ ਪ੍ਰਵਾਨੇ ਦੀ ਤਰ੍ਹਾਂ ਜਿੰਦ ਤਾਂ ਦਿੰਦੇ ਹਾਂ, ਪਰ ਬੁਲਬੁਲ ਵਾਂਗ ਸ਼ੋਰ ਨਹੀਂ ਕਰਦੇ ਕਿਉਂਕਿ ਉਹ ਸਦਾ ਜੁਦਾਈ ਦੇ ਗਿਲੇ ਵਿੱਚ ਰੋਂਦੀ ਰਹਿੰਦੀ ਹੈ। ਸੋ ਨਿਸ਼ਕਾਮ ਭਗਤ ਹੀ ਈਸ਼ਰ ਨੂੰ ਪਿਆਰੇ ਹਨ। ਉਨ੍ਹਾਂ ਦਾ ਮਨ ਸਦਾ ਸ਼ਾਂਤ ਰਹਿੰਦਾ ਹੈ। ਪ੍ਰਮੇਸਰ ਨੂੰ ਮਿੱਤਰ ਸਮਝ ਕੇ ਰਜ਼ਾ ਵਿੱਚ ਰਾਜੀ ਹਨ।

ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥

(ਗਉੜੀ ਮਃ ੫ - ੧੮੭)

ਵਾਪਸੀ ਸਮੇਂ ਪਹਿਲਾਂ ਵਾਂਗੂ ਹੀ ਸ਼ਹਿਰ ਦੇ ਪ੍ਰੇਮੀ ਕਈ ਮੀਲ ਬਾਹਰ ਆਏ। ਨਮਸ਼ਕਾਰ ਕਰਨ ਉਪਰੰਤ ਫੇਰ ਏਹੋ ਹੀ ਮੰਗ ਸੀ, "ਗ਼ਰੀਬ ਨਿਵਾਜ਼! ਜੇ ਲੜ ਪਕੜਾਇਆ ਹੈ, ਤਾਂ ਕ੍ਰਿਪਾ ਕਰ ਕੇ ਹੁਣ ਆਪਣੇ ਬਣਾਈ ਰੱਖੋ। ਸਾਨੂੰ ਭੁਲਾ ਨਾ ਦੇਣਾ। ਅਗਲੇ ਸਾਲ ਫੇਰ ਬਖ਼ਸ਼ਿਸ਼ ਕਰਣੀ।" ਸੰਤ ਜੀ ਮਹਾਰਾਜ ਨੇ ਮੇਹਰਾਂ ਦੇ ਘਰ ਵਿੱਚ ਆ ਕੇ ਫੇਰ ਬਚਨ ਕਰ ਦਿੱਤਾ। ਹੁਣ ਤਾਂ ਇਨ੍ਹਾਂ ਨੂੰ ਰਾੜੇ ਸਾਹਿਬ ਦੀ ਧਰਤੀ ਦੀਨ ਇਸਲਾਮ ਦੇ ਪੁਜਾਰੀਆਂ ਵਾਂਗੂ ਮੱਕੇ ਦੀ ਜਿਆਰਤ ਸਮ ਜਾਪਣ ਲੱਗੀ। ਸਾਲ ਵਿੱਚ ਕਈ ਵਾਰੀ ਆਏ। ਦਰਸ਼ਨ ਕੀਤੇ, ਬਚਨ ਸੁਣੇ। ਉਪਰੰਤ ੧੯੭੦ ਨੂੰ ਹਜ਼ੂਰ ਦੇ ਪਾਸ ਹਾਪੜ ਪੁੱਜ ਕੇ ਫੇਰ ਅਰਜ਼ ਕਰੀ। ਅਕਤੂਬਰ ਮਹੀਨੇ ਦੇ ਸਤ ਦਿਨ ਮਿਲ ਗਏ। ਹਜ਼ੂਰ ਜਥੇ ਸਮੇਤ ਪੁੱਜੇ। ਪ੍ਰੇਮੀਆਂ ਨੇ ਬਾਹਰ ਆ ਕੇ ਖ਼ੁਸ਼ੀ ਦਾ ਸੂਚਕ ਬੰਦੂਕਾਂ ਦੀ ਸਲਕ ਨਾਲ ਸੁਆਗਤ ਕੀਤਾ। ਕੋਹਨੂਰ ਕੋਠੀ ਰਿਹਾਇਸ਼ ਰੱਖੀ। ਪਹਿਲੀ ਜਗ੍ਹਾ ਹੀ ਦੀਵਾਨ ਸਜੇ। ਸ਼ਰਧਾਵਾਨ ਪ੍ਰੇਮੀਆਂ ਨੂੰ ਨਾਮ ਦੀ ਦਾਤ ਤੇ ਖੰਡੇ ਦਾ ਅੰਮ੍ਰਿਤ ਦਿਤਾ ਗਿਆ। ਆਖ਼ਰੀ ਦਿਨ ਕੁਰਸੀ ਦੇ ਸਮੇਂ ਜਿੱਥੇ ਸੰਤ ਜੀ ਮਹਾਰਾਜ ਹਰ ਰੋਜ਼ ਸਵੇਰ ਦੇ ਸਮੇਂ ੯ ਤੋਂ ੧੦ ਵਜੇ ਤੱਕ ਇੱਕ ਘੰਟਾ ਏਸੇ ਥਾਂ ਕੋਠੀ ਵਿੱਚ ਕੁਰਸੀ ਤੇ ਸਜ ਕੇ ਜਗਿਆਸੂਆਂ ਨੂੰ ਪ੍ਰਮਾਰਥੀ ਬਚਨ ਤੇ ਖੁੱਲ੍ਹੇ ਦਰਸ਼ਨ ਬਖ਼ਸ਼ਦੇ। ਏਸ ਲੇਖਕ ਦੇ ਦੇਖਦਿਆਂ ਹੋਰ ਸੰਗਤਾਂ ਸਮੇਤ ਇਨ੍ਹਾਂ ਦੀ ਸ਼ਰਧਾ ਅਤੇ ਸੇਵਾ ਦੇ ਕਾਇਲ ਹੋ ਕੇ ਜਦੋਂ ਹੋਰ ਪ੍ਰੇਮੀਆਂ ਨੇ ਪ੍ਰੇਰਿਆ ਤਾਂ ਜਿੱਥੇ ਆਪੋ ਆਪਣੀਆਂ ਮੰਗਾਂ ਲਈ ਹਜ਼ੂਰ ਦੇ ਚਰਨਾ ਵਿੱਚ ਸੰਗਤ ਬੇਨਤੀ ਕਰਦੀ ਸੀ, ਓਥੇ ਸੰਕੋਚਵੇਂ ਮਨ ਨਾਲ ਸ. ਜਸਮੇਰ ਸਿੰਘ ਤੇ ਇਸ ਦੇ ਘਰੋਂ ਬੀਬੀ ਕੁਲਦੀਪ ਕੌਰ ਵੀ ਪਾਸ ਜਾ ਬੈਠੇ। ਭਾਵਨਾ ਨਾਲ ਫ਼ਲਾਂ ਦੀ ਟੋਕਰੀ ਅੱਗੇ ਰੱਖ ਕੇ ਮੱਥਾ ਟੇਕਿਆ। ਮਨ ਦੀ ਸੱਧਰ ਤੇ ਜ਼ਬਾਨ ਦਾ ਬੰਦ ਰਹਿਣਾ ਦੋਹਾਂ ਦਾ ਕਾਫ਼ੀ ਸਮੇਂ ਅੰਦਰ ਘੋਲ ਹੁੰਦਾ ਰਿਹਾ। ਕਦੇ ਮਨ ਕਹੇ, ਇਨ੍ਹਾਂ ਦੇ ਦਰੋਂ ਕਦੇ ਕੋਈ ਨਿਰਾਸਾ ਨਹੀਂ ਮੁੜਿਆ। ਤੂੰ ਵੀ ਮਾਤਾ ਸੁਲਖਣੀ ਵਾਂਗੂ ਅੱਗੇ ਹੋ ਕੇ ਝੋਲੀ ਅੱਡ ਤੇ ਮੰਗ ਪੁੱਤਰ ਦੀ ਭਿਖਿਆ। ਕਦੇ ਅੰਦਰੋਂ ਹੀ ਅਵਾਜ਼ ਉੱਠੇ, ਹਿਰਦੇ ਦੀ ਜਾਣਦੇ ਹਨ। ਆਪੇ ਹੀ ਰੀਝ ਦੇ ਬਚਨ ਕਰ ਦੇਣਗੇ। ਮਹਾਂਪੁਰਸ਼ਾਂ ਪਾਸੋਂ ਦੁਨਿਆਵੀ ਮੰਗਾਂ ਲਈ ਨਹੀਂ ਜਾਚਨਾ ਕਰਣੀ ਚਾਹੀਦੀ। ਇਉਂ ਸੋਚਾਂ ਵਿੱਚ ਸੁਭਾਗ ਜੋੜਾ ਨੀਵੀਂ ਪਾਈ ਸੰਗਤ ਵਿੱਚ ਬੈਠਾ ਸੀ। ਜਦੋਂ ਸਾਰੇ ਪ੍ਰੇਮੀ ਸਮੇਂ ਅਨੁਸਾਰ ਆਪਣੀਆਂ ਅਰਜ਼ਾਂ ਕਰ ਕੇ ਚਲੇ ਗਏ ਅਤੇ ਸੰਤ ਜੀ ਮਹਾਰਾਜ ਦੇ ਵੀ ਪ੍ਰਸ਼ਾਦ ਛਕਣ ਦਾ ਟਾਈਮ ਹੋ ਗਿਆ ਤਾਂ ਕੁਰਸੀ ਤੋਂ ਉੱਠਣ ਲੱਗਿਆਂ ਹਜ਼ੂਰ ਨੇ ਸੇਵਾਦਾਰ ਨੂੰ ਪੁੱਛਿਆ ਕੀ ਗੱਲ ਹੈ? ਉਸ ਸਮੇਂ ਬਾਬਾ ਹੀਰਾ ਸਿੰਘ ਨੇ ਅਰਜ਼ ਕੀਤੀ, "ਮਹਾਰਾਜ ਜੀ! ਆਪ ਅੰਤਰਯਾਮੀ ਹੋ। ਇਸ ਦੇ ਘਰ ਤਿੰਨ ਬੱਚੀਆਂ ਦਾ ਜਨਮ ਹੋਇਆ ਹੈ ਲੜਕਾ ਕੋਈ ਨਹੀਂ, ਹੁਣ ਛੋਟੀ ਗੁਡੀ ਵੀ ੧੨ ਸਾਲਾਂ ਦੀ ਹੋਣ ਵਾਲੀ ਹੈ। ਆਪ ਕ੍ਰਿਪਾ ਕਰੋ, ਇਨ੍ਹਾਂ ਤਿੰਨਾਂ ਭੈਣਾ ਨੂੰ ਜੋ ਵੀਰ ਦੀ ਅਣਹੋਂਦ ਦੁਖੀ ਕਰ ਰਹੀ ਹੈ, ਪੁੱਤਰ ਦੀ ਦਾਤ ਬਖ਼ਸ਼ ਕੇ ਆਪ ਇਸ ਨੂੰ ਦੂਰ ਕਰ ਦੇਵੋ।" ਸੰਤ ਜੀ ਮਹਾਰਾਜ ਮੁਸਕਰਾਏ ਅਤੇ ਆਖਿਆ, "ਇਹ ਤਾਂ ਇਤਨੀ ਭਾਵਨਾ ਨਾਲ ਸੰਗਤ ਦੀ ਸੇਵਾ ਕਰ ਰਹੇ ਹਨ। ਕੀ ਗੁਰੂ ਨਾਨਕ ਦੇ ਭੰਡਾਰੇ ਵਿੱਚੋਂ ਇਹ ਤੁਛ ਜੇਹੀ ਮੰਗ ਪੂਰੀ ਹੋਣੀ ਔਖੀ ਹੈ? ਗੁਰੂ ਭਲੀ ਕਰੇਗਾ।" ਇਤਨਾ ਬਚਨ ਆਖ ਕੇ ਆਪਣੇ ਹੱਥੀਂ ਪਾਸ ਪਈ ਫ਼ਲਾਂ ਦੀ ਟੋਕਰੀ 'ਚੋਂ ਸਿਉਆਂ ਦਾ ਪਰਸ਼ਾਦ ਦਿੱਤਾ ਤੇ ਆਖਿਆ, "ਗੁਰੂ ਘਰ ਤੇ ਏਸੇ ਤਰ੍ਹਾਂ ਸ਼ਰਧਾ ਰੱਖੋ। ਗੁਰੂ ਨਾਨਕ ਦਾ ਦਰ ਸਾਰੇ ਪਦਾਰਥਾਂ ਦਾ ਦਾਤਾ ਹੈ।"

ਹਜ਼ੂਰ ਦੀ ਪਾਵਨ ਰਸਨਾ ਤੋਂ ਇਹ ਮੇਹਰਾਂ ਭਰੇ ਬਚਨ ਸੁਣ ਕੇ ਜੋ ਖ਼ੁਸ਼ਕ ਮਨ ਤੇ ਅੰਮ੍ਰਿਤ ਦੀ ਵਰਖਾ ਦਾ ਕੰਮ ਕਰਨ ਵਾਲੇ ਸਨ, ਭਾਵਨਾ ਨਾਲ ਨਮਸ਼ਕਾਰ ਕੀਤੀ ਬੜੀ ਸ਼ਰਧਾ ਨਾਲ ਦਿੱਤਾ ਹੋਇਆ ਪ੍ਰਸ਼ਾਦ ਛਕਿਆ। ਉਪਰੰਤ ਆਪ ਜੀ ਨੇ ਪੰਜਾਬ ਨੂੰ ਵਾਪਸ ਆਉਣ ਦੀ ਤਿਆਰੀ ਕਰ ਲਈ। ਸੰਗਤ ਨੇ ਬੇਨਤੀ ਕਰ ਕੇ ਅੱਗੇ ਲਈ ਚਰਨ ਪਾਉਣ ਵਾਸਤੇ ਪ੍ਰਵਾਨਗੀ ਲੈ ਲਈ। ਜੈਕਾਰਿਆਂ ਦੀ ਅਵਾਜ਼ ਤੇ ਬੰਦੂਕਾਂ ਦੀ ਸ਼ਲਕ ਦੁਆਰਾ ਕਈ ਮੀਲ ਨਾਲ ਆਏ ਪ੍ਰੇਮੀਆਂ ਨੇ ਆਪਣੇ ਪਿਆਰ ਦਾ ਸਬੂਤ ਜਣਾਇਆ। ਆਪ ਜੀ ਨੇ ਕਰਮਸਰ ਦੀ ਧਰਤੀ ਨੂੰ ਸ਼ਸ਼ੋਭਤ ਕੀਤਾ।

ਏਧਰੋਂ 'ਸਾਧ ਬਚਨ ਅਟਲਾਧਾ' ਦੇ ਮਹਾਂਵਾਕ ਅਨੁਸਾਰ ਸ. ਜਸਮੇਰ ਸਿੰਘ ਦੇ ਘਰ ੭-੭-੭੧ ਨੂੰ ਬੱਚੇ ਦਾ ਜਨਮ ਹੋਇਆ। ਜਨਮ ਸਮੇਂ ਤੋਂ ਹੀ ਇਸ ਦੇ ਮਸਤੱਕ ਵਿੱਚ ਤਿਲਕ ਦਾ ਨਿਸ਼ਾਨ ਤੇ ਇੱਕ ਕੰਨ ਵਿੱਚ ਮੁੰਦਰਾਂ ਦਾ ਚਿੰਨ੍ਹ ਹੈ। ਇਉਂ ਕਿਸੇ ਪਰਮ ਜੋਗੀ ਨੂੰ ਤਪਸਿਆ ਕਰਦਿਆਂ ਸੰਸਾਰੀ ਪਦਾਰਥਾਂ ਦੀ ਇੱਛਾ ਮੇਟਣ ਵਾਸਤੇ ਇਨ੍ਹਾਂ ਦੇ ਘਰ ਭੇਜਿਆ। ਬੜੀਆਂ ਖ਼ੁਸ਼ੀਆਂ ਮਨਾਈਆਂ। ਪਾਠ ਦਾ ਭੋਗ ਪਾ ਕੇ ਖੁੱਲ੍ਹਾ ਲੰਗਰ ਤੇ ਦਾਨ ਪੁੰਨ ਕੀਤਾ ਫੇਰ ਤਾਂ ਸਾਰੇ ਸ਼ਹਿਰ ਵਾਸੀਆਂ ਨੂੰ ਅਤਿਅੰਤ ਸ਼ਰਧਾ ਹੋ ਗਈ। ਘਰ ਵਾਲੇ ਪ੍ਰੇਮੀ ਤੇ ਹੋਰ ਸੰਗਤ ਕਈ ਵਾਰ ਸੰਤ ਆਸ਼ਰਮ ਧਭਲਾਨ ਤੇ ਰਾੜੇ ਸਾਹਿਬ ਆਏ। ੯-੧੦-੭੧ ਨੂੰ ਚੌਥੀ ਵਾਰ ਸੰਤ ਜੀ ਮਹਾਰਾਜ ਨੇ ਡੇਹਰਾਦੂਨ ਦੀ ਸੰਗਤ ਤੇ ਕ੍ਰਿਪਾ ਕੀਤੀ ਅਤੇ ਦੀਵਾਨ ਬਖ਼ਸ਼ੇ। ਕੋਹਨੂਰ ਕੋਠੀ ਰਿਹਾਇਸ਼ ਰੱਖੀ। ਬਹੁਤ ਸਾਰੇ ਪ੍ਰੇਮੀਆਂ ਨੇ ਖੰਡੇ ਦਾ ਅੰਮ੍ਰਿਤ ਛਕਿਆ, ਜਿਸ ਦੀ ਸੇਵਾ ਪੰਜ ਪਿਆਰਿਆਂ ਵਿੱਚ ਸ਼ਾਮਲ ਹੋ ਕੇ ਲੇਖਕ ਨੂੰ ਪ੍ਰਾਪਤ ਹੋਈ। ਉਸੇ ਸਮੇਂ ਇਨ੍ਹਾਂ ਨੇ ਸੰਤ ਜੀ ਮਹਾਰਾਜ ਦੇ ਹੁੰਦਿਆਂ ੧੬-੧੦-੭੧ ਨੂੰ ਰੱਖੇ ਹੋਏ ਸਹਿਜ ਪਾਠ ਦਾ ਭੋਗ ਪਵਾ ਕੇ ਹਜ਼ੂਰ ਦੇ ਆਏ ਮਹਾਂਵਾਕ ਦੇ ਪਹਿਲੇ ਅੱਖਰ ਤੋਂ ਸੰਤ ਜੀ ਮਹਾਰਾਜ ਦੀ ਰਸਨਾ ਤੋਂ ਬੱਚੇ ਦਾ ਨਾਮ ਜਗਦੇਵ ਸਿੰਘ ਰਖਵਾਇਆ। ਇਸ ਪ੍ਰਕਾਰ ਇਨ੍ਹਾਂ ਦੀ ਸੇਵਾ ਤੇ ਸ਼ਰਧਾ ਨੂੰ ਫ਼ਲ ਲੱਗਿਆ। ਜਿਸ ਨੂੰ ਦੇਖ ਕੇ ਹੋਰ ਵੀ ਬੇਅੰਤ ਸੱਜਣ ਗੁਰੂ ਘਰ ਦੇ ਸ਼ਰਧਾਲੂ ਤੇ ਪ੍ਰੇਮੀ ਬਣੇ।

ਭਾਗ ਚੌਥਾ

ਕਾਂਡ ੨੪

ਸੰਤ ਜੀ ਮਹਾਰਾਜ ਜੀ ਦੀ ਯੂ. ਪੀ. ਦੇ ਤਰਾਈ ਇਲਾਕੇ ਤੇ ਬਖ਼ਸ਼ਿਸ਼

ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਨੈਨੀਤਾਲ ਦਾ ਪਹਾੜ ਨਾਲ ਲੱਗਦਾ ਇਲਾਕਾ; ਜਿਸ ਵਿੱਚ ਰਾਮ ਨਗਰ, ਕਾਸੀਪੁਰ, ਬਾਜਪੁਰ, ਹਲਦਵਾਨੀ, ਰੁਦਰਪੁਰ, ਕਿਛਾ, ਗਦਰਪੁਰ, ਸਤਾਰਗੰਜ, ਨਾਨਕ ਮਤਾ, ਖਟੀਮਾ ਆਦਿ ਤੇ ਜ਼ਿਲ੍ਹਾ ਰਾਮਪੁਰ ਦੀ ਤਹਿਸੀਲ ਬਿਲਾਸਪੁਰ, ਸਵਾਰ; ਜ਼ਿਲ੍ਹਾ ਪੀਲੀ ਭੀਤ ਦੇ ਇਲਾਕੇ ਮਡੋਲਾ, ਪੂਰਨਪੁਰ ਆਦਿ ਦੇ ਇਲਾਕਿਆਂ ਨੂੰ ਆਮ ਤੌਰ ਤੇ ਤਰਾਈ ਦਾ ਇਲਾਕਾ ਕਿਹਾ ਜਾਂਦਾ ਹੈ। ਇਸ ਇਲਾਕੇ ਵਿੱਚ ਕਦੀਮੀ ਸਮਿਆਂ ਤੋਂ ਆਮ ਤੌਰ ਤੇ ਸਹਿਬਰ ਬਨ, ਲੰਮੇ ਘਾਹ, ਕਟੀ ਫਟੀ ਜ਼ਮੀਨ ਸੀ। ਜੰਗਲੀ ਜਾਨਵਰ ਸ਼ੇਰ, ਚੀਤੇ, ਹਾਥੀ, ਲਗੜਬਗੇ, ਹਰਨ, ਰੋਝ ਆਦਿ ਦੇ ਝੁੰਡਾਂ ਦੇ ਝੁੰਡ ਫਿਰਦੇ ਸਨ। ਸਰਾਲਾਂ, ਨਾਗ, ਅਨੇਕ ਕਿਸਮਾਂ ਦੇ ਸੱਪ, ਬਿਸ਼ ਭਰੇ ਨਿਧੜਕ ਫਿਰਦੇ ਸਨ। ਮੱਛਰ ਦਾ ਪ੍ਰਭਾਵ ਐਨਾ ਸੀ ਕਿ ਜੇ ਇੱਕ ਵਾਰੀ ਜੇ ਕੋਈ ਬੰਦਾ ਤਰਾਈ ਦੇ ਘੋਰ ਜੰਗਲਾਂ 'ਚੋਂ ਕੁੱਝ ਸਮੇਂ ਲਈ ਲੰਘ ਜਾਂਦਾ ਤਾਂ ਮਹੀਨਿਆਂ ਤੀਕਰ ਪੀਲਾ ਬੁਖ਼ਾਰ ਉਸ ਦਾ ਖਹਿੜਾ ਨਾ ਛੱਡਦਾ। ਕਈ ਤਾਂ ਸੰਸਾਰ ਤੋਂ ਹੀ ਕੂਚ ਕਰ ਜਾਂਦੇ। ਜੰਗਲਾਂ ਦੀ ਬਹੁਲਤਾ ਹੋਣ ਕਰ ਕੇ ਅਤੇ ਜੰਗਲੀ ਜੜੀ ਬੂਟੀਆਂ ਕਰ ਕੇ ਧਰਤੀ ਵਿਚਲਾ ਪਾਣੀ ਵੀ ਜ਼ਹਿਰੀਲਾ ਤੇ ਅਪੱਚ ਸੀ। ਪਾਣੀ ਪੀਣ ਨਾਲ ਪੇਟ ਵਿੱਚ ਕੀੜੇ ਪੈ ਜਾਣ ਅਤੇ ਗਲ ਵਿੱਚ ਗਿਲ੍ਹੜ ਪੈਦਾ ਹੋਣ ਦੇ ਰੋਗ ਆਮ ਸਨ। ਜ਼ਮੀਨ ਸਰਕਾਰ ਅਤੇ ਠੇਕੇਦਾਰਾਂ ਦੀ ਸੀ। ਸਰਕਾਰ ਨੇ ਕਈ ਵਾਰੀ ਯਤਨ ਕੀਤੇ ਪਰ ਇਹ ਜ਼ਮੀਨ ਅਬਾਦ ਨਾ ਹੋ ਸਕੀ। ਸੈਂਕੜੇ ਮਨੁੱਖ ਸ਼ੇਰਾਂ ਦਾ ਸ਼ਿਕਾਰ ਬਣੇ ਅਤੇ ਕਾਲੇ ਨਾਗਾਂ ਨੇ ਡੰਗ ਕੇ ਖ਼ਤਮ ਕਰ ਦਿੱਤੇ। ਰਹਿੰਦੇ ਬੁਖ਼ਾਰ ਨੇ ਆ ਘੇਰੇ ਤੇ ਇਨ੍ਹਾਂ ਆਫ਼ਤਾਂ ਕਾਰਨ ਬੰਦੇ ਦਾ ਸਾਹਸ ਖ਼ਤਮ ਹੋ ਜਾਂਦਾ ਰਿਹਾ। ਅਬਾਦੀ ਮੂਲੋਂ ਨਾ ਹੋਣ ਦੇ ਬਰਾਬਰ ਸੀ। ਇਸੇ ਇਲਾਕੇ ਵਿੱਚ ਨਾਨਕ ਮਤੇ, ਰੀਠਾ ਸਾਹਿਬ ਦੇ ਅਸਥਾਨ ਤੇ ਸਿਧਾਂ ਨਾਲ ਰੂਹਾਨੀ ਚਰਚਾ ਹੋਣ ਕਾਰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਵਿੱਤਰ ਅਸਥਾਨ ਸਨ।

ਖਾਰੂ, ਜਾਦਵ ਅਤੇ ਮੁਸਲਮਾਨਾਂ ਦੀਆਂ ਕਿਤੇ ਕਿਤੇ ਛੱਪਰਾਂ ਦੀਆਂ ਬਸਤੀਆਂ ਸਨ ਜੋ ਹਰ ਸਾਲ ਅਚਾਨਕ ਅੱਗ ਲੱਗਣ ਕਰ ਕੇ ਸੁਆਹ ਬਣ ਜਾਂਦੀਆਂ ਸਨ। ਇਨ੍ਹਾਂ ਲੋਕਾਂ ਦੀ ਆਰਥਕ ਹਾਲਤ ਹੱਦੋਂ ਗਿਰੀ ਹੋਈ ਸੀ। ਸਰਕਾਰ ਵੱਲੋਂ ਕੋਈ ਵੀ ਸਹੂਲਤ ਇਨ੍ਹਾਂ ਜੰਗਲਾਂ ਵਿੱਚ ਵੱਸਦੇ ਬੰਦਿਆਂ ਲਈ ਨਹੀਂ ਸੀ। ਇਨ੍ਹਾਂ ਦਾ ਰਹਿਣ ਸਹਿਣ ਪਸ਼ੂਆਂ ਤੋਂ ਥੋੜ੍ਹਾ ਹੀ ਉੱਚੇਰਾ ਸੀ।

੧੯੪੭ ਵਿੱਚ ਜਦੋਂ ਪੰਜਾਬ ਦੀ ਵੰਡ ਹੋ ਕੇ ਪੱਛਮੀ ਪੰਜਾਬ ਦੇ ਲੋਕ ਆਪਣੇ ਘਰਾਂ ਤੋਂ ਸਦਾ ਲਈ ਵਿਛੋੜੇ ਗਏ ਅਤੇ ਭਾਰਤ ਵਿੱਚ ਕਿਸੇ ਟਿਕਾਣੇ ਦੀ ਭਾਲ ਵਿੱਚ ਮਾਰੇ ਮਾਰੇ ਫਿਰਦੇ ਸਨ ਤਾਂ ਕਈ ਦਲੇਰ ਹਿੰਮਤੀ ਗੁਰਸਿੱਖਾਂ ਨੇ ਆਪਣੇ ਵਡੇਰਿਆਂ ਤੋਂ ਪ੍ਰੇਰਤ ਹੋ ਕੇ ਤਰਾਈ ਦੇ ਜੰਗਲਾਂ ਦਾ ਰੁਖ ਕੀਤਾ ਅਤੇ ਜਿੱਥੇ ਕਿਸੇ ਨੂੰ ਹਲ ਵਾਹੁਣ ਲਈ ਥਾਂ ਮਿਲਿਆ ਉਸੇ ਜੰਗਲ ਵਿੱਚ ਸ਼ੇਰਾਂ, ਸੱਪਾਂ, ਹਾਥੀਆਂ ਵਿਚਾਲੇ ਗੁਰੂ ਦੇ ਸਿੰਘਾਂ ਨੇ ਡੇਰੇ ਮੱਲ ਲਏ ਅਤੇ ਜੰਗਲਾਂ ਨੂੰ ਹੱਥੀਂ ਪੁੱਟ ਕੇ ਆਬਾਦ ਕਰਨ ਦੇ ਦ੍ਰਿੜ ਇਰਾਦੇ ਨਾਲ ਪ੍ਰਵਾਰਾਂ ਦੇ ਪ੍ਰਵਾਰ ਜੁਟ ਪਏ। ਇਨ੍ਹਾਂ ਵਿੱਚ ਪੂਰਬੀ ਪੰਜਾਬ ਦੇ ਕਿਸਾਨ ਭੀ ਸ਼ਾਮਲ ਹੋ ਗਏ। ਕੁੱਝ ਜ਼ਮੀਨਾਂ ਫੌਜੀ ਅਫ਼ਸਰਾਂ ਨੂੰ ਅਲਾਟ ਕੀਤੀਆਂ ਗਈਆਂ। ਇਸ ਤਰ੍ਹਾਂ ਕੁੱਝ ਹੀ ਸਾਲਾਂ ਵਿੱਚ ਇਹ ਤਰਾਈ ਦਾ ਇਲਾਕਾ ਲਖੀਮਪੁਰ ਖੀਰੀ, ਸ਼ਾਹਜਹਾਨ ਪੁਰ ਆਦਿ ਦੇਸ਼ ਦਾ ਸਭ ਤੋਂ ਚੰਗਾ ਉਪਜਾਊ ਇਲਾਕਾ ਬਣ ਗਿਆ ਪਰ ਇਸ ਆਪਾ ਵਾਰੂ ਘੋਲ ਵਿੱਚ ਇੱਕ ਪੁਸ਼ਤ ਦਾ ਤਾਣ ਹਾਰ ਗਿਆ। ਦੂਜੀ ਪੁਸ਼ਤ ਜੰਗਲਾਂ ਵਿੱਚ ਪੈਦਾ ਹੋਈ ਅਤੇ ਜੰਗਲੀ ਹਾਲਤਾਂ ਅਧੀਨ ਜੀਵਨ ਆਪਹੁਦਰਾ, ਧਰਮ ਤੋਂ ਕੋਰਾ, ਸ਼ਰਾਬ, ਮਾਸ ਦਾ ਪ੍ਰਯੋਗੀ ਹੋ ਗਿਆ। ਧਰਮ ਨੂੰ ਚਲਾਉਣ ਵਾਲੇ ਪਾਠੀ, ਪ੍ਰਚਾਰਕ ਨਸ਼ਿਆਂ ਨੂੰ ਹਟਾਉਣ ਦੀ ਥਾਂ ਆਪ ਸ਼ਰਾਬਾਂ ਕਬਾਬਾਂ ਵਿੱਚ ਗ੍ਰੱਸੇ ਗਏ ਅਤੇ ਧਰਮ ਦੇ ਗਾਡੀ ਰਾਹ ਵਿੱਚ ਧੁੰਧ ਛਾ ਗਈ। ਗੁਰਮਤਿ ਦੇ ਗਿਆਨ ਦੀ ਥਾਂ ਭਰਮ, ਵਹਿਮ ਨੇ ਲੈ ਲਈ ਅਤੇ ਤਰਾਈ ਦਾ ਨਵਾਂ ਆਬਾਦਕਾਰ ਧਰਮ ਦੇ ਗਾਡੀ ਰਾਹ ਤੋਂ ਭਟਕ ਗਿਆ। ਸ਼ਰਾਬ ਪ੍ਰਧਾਨ ਨਸ਼ਾ ਹੋ ਗਿਆ। ਸਮਾਜ ਵਿੱਚ ਬੇ-ਵਫ਼ਾਈ ਬੇ-ਵਿਸ਼ਵਾਸੀ ਵਰਤ ਗਈ। ਕੋਈ ਹਰਾ ਬੂਟ ਰਹਿ ਗਿਆ। ਉਨ੍ਹਾਂ ਦੀ ਚੁੱਪ ਪੁਕਾਰ ਦਰਗਾਹੇ ਪੁੱਜੀ ਅਤੇ ਅਕਾਲ ਪੁਰਖ ਦੀ ਰਹਿਮਤ ਸਦਕਾ ਸੰਤ ਮਹਾਰਾਜ ਜੀ ਦਾ ਧਿਆਨ ਤਰਾਈ ਦੇ ਇਲਾਕੇ ਵਸਦੇ ਗੁਰਸਿੱਖਾਂ ਵੱਲ ਹੋ ਗਿਆ।

ਆਪ ਜੀ ਮੁਰਾਦਾਬਾਦ ਤੀਕਰ ਦੀਵਾਨ ਲਾਇਆ ਕਰਦੇ ਸਨ। ਸ. ਚੰਨਣ ਸਿੰਘ, ਹਰੀ ਸਿੰਘ, ਸੁਰਜੀਤ ਸਿੰਘ ਜੀ ਖੇੜਾ ਟਰਾਂਸਪੋਰਟ ਵਾਲੇ ਤਨ, ਮਨ, ਧਨ ਦੁਆਰਾ ਅਥਾਹ ਸੇਵਾ ਕਰ ਕੇ ਮਹਾਂਪੁਰਸ਼ਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਰਹਿੰਦੇ ਸਨ। ਮਹਾਂਪੁਰਸ਼ਾਂ ਦੇ ਪ੍ਰੀਤਵਾਨ ਵਰਿਆਮ ਸਿੰਘ ਗਿੱਲ (ਜੋ ਉਸ ਸਮੇਂ ਪਟਿਆਲਾ ਰਿਆਸਤ ਦੇ

ਆਰਮੀ ਹੈੱਡ ਕੁਆਟਰ ਵਿੱਚ ਸਰਵਿਸ ਕਰਦੇ ਸਨ) ਨੇ ਭੀ ਅਨਵਰੀਆਂ, ਫੈਜ਼ਗੰਜ (ਤਸੀਲ ਬਿਲਾਸਪੁਰ, ਜ਼ਿਲ੍ਹਾ ਰਾਮੁਪਰ) ਵਿੱਚ ਕੋ-ਆਪਰੇਟਿਵ ਸੁਸਾਇਟੀ ਬਣਾ ਕੇ ਜ਼ਮੀਨ ਲੈ ਲਈ। ਉਹ ਮਹਾਰਾਜ ਜੀ ਨੂੰ ਤਰਾਈ ਦੇ ਕਿਸਾਨਾਂ ਦੀ ਆਰਥਕ, ਧਾਰਮਿਕ, ਸਮਾਜਕ ਤੇ ਰਾਜਸੀ ਹਾਲਤ ਬਾਰੇ ਗੱਲਬਾਤ ਕਰਦੇ ਰਹਿੰਦੇ ਅਤੇ ਮਹਾਰਾਜ ਜੀ ਨੂੰ ਤਰਾਈ ਦੇ ਇਲਾਕੇ ਵਿੱਚ ਆਪਣਾ ਰੂਹਾਨੀ ਸੰਦੇਸ਼ ਸੁਣਾਉਣ ਦੀ ਬੇਨਤੀ ਕਰਦੇ ਰਹਿੰਦੇ।

ਬਿਲਾਸਪੁਰ ਪਹਿਲੀ ਫੇਰੀ

ਮੁਰਾਦਾਬਾਦੋਂ ਮਹਾਰਾਜ ਜੀ ਬਿਲਾਸਪੁਰ ਆਏ ਅਤੇ ਇੱਕ ਗ਼ਰੀਬ ਕਿਰਤੀ ਰਾਮਗੜ੍ਹੀਆ ਸਿੱਖ ਭਾਈ ਭਾਨ ਸਿੰਘ ਭੈਰੋਂਮੁਨੇ ਵਾਲਿਆਂ ਦੇ ਘਰ ਚਰਨ ਪਾਏ। ਇਥੋਂ ਸ਼ਹਿਰ ਦੇ ਸਿੰਘਾਂ ਨੂੰ ਸਤਿ ਉਪਦੇਸ਼ ਦਿੰਦੇ ਕਪਤਾਨ ਸੱਦਾ ਸਿੰਘ ਜੀ (ਰਾਮੁਪਰ ਵਾਲੇ) ਦੀ ਬੇਨਤੀ ਪ੍ਰਵਾਨ ਕਰ ਕੇ ਉਨ੍ਹਾਂ ਦੇ ਫਾਰਮ ਪੈਗੰਬਰ ਪੁਰ ਗਏ ਜਿੱਥੇ ਗਿਆਨੀ ਹਰਿੰਦਰ ਸਿੰਘ ਜੀ ਦੇ ਸਮੁੱਚੇ ਪਰਵਾਰ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਮਹਾਰਾਜ ਜੀ ਰਾਮਪੁਰ ਨਿਵਾਸੀਆਂ ਨਾਲ ਬਾਲ ਸਖਾਈਆਂ ਵਾਂਗੂ ਪਿਆਰ ਕਰਦੇ ਮਹਾਨ ਖ਼ੁਸ਼ੀ ਅਨੁਭਵ ਕਰਦੇ ਸਨ।

ਦੂਜੀ ਫੇਰੀ

ਦੂਜੀ ਵਾਰ ਅਕਤੂਬਰ ਮਹੀਨੇ ਮਹਾਰਾਜ ਜੀ ਦੇ ਦੀਵਾਨ ਮੁਰਾਦਾਬਾਦ ਲੱਗ ਰਹੇ ਸਨ। ਵਰਿਆਮ ਸਿੰਘ ਗਿੱਲ ਧਮੋਟ ਵਾਲਿਆਂ ਦੀ ਬੇਨਤੀ ਮੰਨ ਕੇ ਅਨਵਰੀਆ ਫਾਰਮ ਚਰਨ ਪਾਏ ਅਤੇ ਬੇਅੰਤ ਸੰਗਤਾਂ ਨੂੰ ਨਾਮ ਜਪਣ ਦੀ ਜੁਗਤੀ ਦੱਸ ਕੇ ਮਨ ਦੀ ਇਕਾਗਰਤਾ, ਨਿਸ਼ਕਾਮ ਕਰਮ, ਪ੍ਰੇਮਾ ਭਗਤੀ ਤੇ ਪਰਾ ਭਗਤੀ ਦੇ ਭੇਦ ਸਮਝਾ ਕੇ ਵਾਪਸ ਮੁਰਾਦਾਬਾਦ ਪੁੱਜੇ। ਵਾਪਸੀ ਵਿੱਚ ਵਰਿਆਮ ਸਿੰਘ ਨਾਲ ਸੀ ਅਤੇ ਉਨ੍ਹਾਂ ਦੇ ਫਾਰਮ ਫੈਜ਼ਗੰਜ ਵਿੱਚੋਂ ਲੰਘ ਰਹੇ ਸਨ ਤਾਂ ਵਰਿਆਮ ਸਿੰਘ ਨੇ ਇੱਕ ਉੱਚੀ ਥਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਮਹਾਰਾਜ ਜੀ ਆਹ ਥਾਂ ਉੱਚੀ ਹੈ। ਦੋ ਏਕੜ ਜ਼ਮੀਨ ਲੈ ਕੇ ਆਸ਼ਰਮ ਬਨਾਉਣ ਦੀ ਕ੍ਰਿਪਾ ਕਰੋ। ਮਹਾਰਾਜ ਜੀ ਫੁਰਮਾਉਣ ਲੱਗੇ ਸਮਾਂ ਆਵੇਗਾ ਜਦੋਂ ਇਹ ਥਾਂ ਹੋਰ ਵੀ ਉੱਚੀ ਹੋ ਜਾਵੇਗੀ। ਬਚਨ ਅਗੰਮ ਦੇ ਸਨ, ਅੱਜ ੧੯੭੬ ਵਿੱਚ ਉਸੇ ਥਾਂ ਦੋਹਾਂ ਭਰਾਵਾਂ ਦੀਆਂ ਰੰਗ ਬਰੰਗੀਆਂ ਕੋਠੀਆਂ ਹਨ ਅਤੇ ਸਾਧੂ ਮਹਾਤਮਾ ਉਸ ਥਾਂ ਪ੍ਰੇਮ ਨਾਲ ਫੇਰਾ ਪਾਉਂਦੇ ਰਹਿੰਦੇ ਹਨ। ਸੰਗਤ ਜੁੜਦੀ ਹੈ। ਮਹਾਰਾਜ ਜੀ ਦੇ ਭੀ ਚਰਨ ੧੯੭੩ ਵਿੱਚ ਪੈ ਚੁੱਕੇ ਹਨ ਤੇ ਤਿੰਨ ਟਿਊਬਵੈਲ ਉਸ ਰਮਣੀਕ ਥਾਂ ਚੱਲ ਰਹੇ ਹਨ।

ਸੰਤਨ ਦੁੱਖ ਪਾਏ ਤੇ ਦੁਖੀ

ਸਤੰਬਰ ੧੯੬੭ ਵਿੱਚ ਮਹਾਰਾਜ ਜੀ ਹਾਪੜ, ਮੇਰਠ ਆਦਿਕ ਸ਼ਹਿਰਾਂ ਵਿੱਚ ਦੀਵਾਨ ਲਾ ਕੇ ਸੰਗਤਾਂ ਤਾਰ ਰਹੇ ਸਨ। ਇਨ੍ਹਾਂ ਹੀ ਦਿਨਾਂ ਵਿੱਚ ਨਾਨਕ ਸਾਗਰ ਦਾ ਬੰਧ ਨਾਨਕ ਮਤਾ ਗੁਰਦੁਆਰਾ ਸਾਹਿਬ ਦੇ ਨੇੜਿਉਂ ਟੁੱਟ ਗਿਆ ਅਤੇ ਦਸ ਪੰਦਰਾਂ ਫੁੱਟ ਉੱਚਾ ਪਾਣੀ ਰਾਤ ਦੇ ਅਨੇਰੇ ਵਿੱਚ ਸੁੱਤੇ ਪਏ ਲੋਕਾਂ ਉੱਪਰ ਹੀ ਲੰਘ ਗਿਆ। ਸੈਂਕੜੇ ਪ੍ਰਵਾਰ ਇਸ ਹੜ ਦੀ ਮਾਰ ਹੇਠ ਆ ਕੇ ਬਰਬਾਦ ਹੋ ਗਏ। ਘਰ ਘਾਟ, ਪਸ਼ੂ, ਸਾਮਾਨ ਸਭ ਕੁੱਝ ਰੁੜ੍ਹ ਗਿਆ। ਜੋ ਬੰਦੇ ਸਮੇਂ ਸਿਰ ਜਾਗ ਆ ਜਾਣ ਕਰ ਕੇ ਬਚ ਗਏ, ਉਹ ਬਿਨਾਂ ਸਾਮਾਨ ਤੋਂ ਸਨ। ਦੁਖੀਆਂ ਦੀ ਪੁਕਾਰ ਦਰਗਾਹੇ ਪੁੱਜੀ। ਸਰਕਾਰ ਨੇ ਭੀ ਯਥਾ ਸ਼ਕਤ ਮਦਦ ਦਿੱਤੀ ਪਰ ਬਹੁਤੀ ਮਦਦ ਰਸੂਖ ਵਾਲੇ ਬੰਦਿਆਂ ਤੀਕਰ ਹੀ ਪਹੁੰਚੀ। ਕਾਨ੍ਹਪੁਰ ਵਾਲੇ ਸੰਤਾਂ ਨੇ ਕੱਪੜੇ ਭੇਜੇ। ਪਰ ਮਹਾਰਾਜ ਇਨ੍ਹਾਂ ਹੜ੍ਹ ਪੀੜਤਾਂ ਦੀ ਮਦਦ ਲਈ ਬਹੁਤ ਕਹਿ ਰਹੇ ਸਨ। ਦੁਖੀ ਸੱਜਣ ਰੋ ਰੋ ਮਹਾਰਾਜ ਜੀ ਪਾਸ ਹਾਪੜ ਪੁੱਜ ਕੇ ਆਪਣੇ ਦੁੱਖਾਂ ਦੀਆਂ ਕਹਾਣੀਆਂ ਸੁਣਾ ਰਹੇ ਸਨ। ਮਹਾਰਾਜ ਹਰ ਰੋਜ਼ ਇਨ੍ਹਾਂ ਪੀੜਤਾਂ ਦਾ ਜ਼ਿਕਰ ਕਰਦੇ ਰਹਿੰਦੇ ਸਨ। ਮਹਾਰਾਜ ਜੀ ਨੇ ਭਾਈ ਮਲਕੀਤ ਸਿੰਘ ਜੀ ਹਾਪੜ ਵਾਲਿਆਂ ਦੀ ਸਪੁਰਦਗੀ ਵਿੱਚ ਸੈਂਕੜੇ ਰਜਾਈਆਂ, ਵਿਛੌਣੇ ਤੇ ਬਹੁਤ ਵਧੀਆ ਕੰਬਲ ਭੇਜ ਕੇ ਹੁਕਮ ਕੀਤਾ ਕਿ ਵਰਿਆਮ ਸਿੰਘ ਨੂੰ ਫਾਰਮ ਤੋਂ ਨਾਲ ਲੈ ਕੇ ਆਪ ਘਰ ਘਰ ਜਾ ਕੇ ਹੜ ਪੀੜਤਾਂ ਦੀ ਹਾਲਤ ਵੇਖ ਕੇ ਰਜਾਈਆਂ, ਕੰਬਲ ਆਦਿ ਵੰਡਣੇ। ਇਹ ਦੋਵੇਂ ਸੱਜਣ ਨਾਨਕ ਮਤਾ ਸਾਹਿਬ ਦੇ ਮੈਨੇਜਰ ਨੂੰ ਨਾਲ ਲੈ ਕੇ ਘਰ ਘਰ ਜਾ ਕੇ ਕੰਬਲ ਆਦਿ ਵੰਡਦੇ ਰਹੇ। ਮਹਾਂਪੁਰਸ਼ਾਂ ਨੇ ਸ. ਚੰਨਣ ਸਿੰਘ 'ਖੇੜਾ' ਨੂੰ ਆਖ ਕੇ ਸੈਂਕੜੇ ਭਾਂਡੇ, ਥਾਲੀਆਂ, ਕੌਲੀਆਂ, ਗਲਾਸ ਭੀ ਪੀੜਤ ਪ੍ਰਵਾਰਾਂ ਲਈ ਮੁਰਾਦਾਬਾਦ ਤੋਂ ਭਿਜਵਾਏ। ਉਨ੍ਹਾਂ ਦਾ ਦਿਲ ਕਿਸੇ ਦੁਖੀ ਦਾ ਦੁੱਖ ਵੇਖ ਕੇ ਇੱਕ ਦਮ ਦ੍ਰਵ ਜਾਂਦਾ ਸੀ ਅਤੇ ਆਪਣਾ ਸਾਰਾ ਤਾਣ ਦੁਖੀ ਦਾ ਦੁੱਖ ਦੂਰ ਕਰਨ ਲਈ ਲਾਉਂਦੇ ਰਹਿੰਦੇ ਸਨ।

ਤੀਜੀ ਵਾਰੀ

ਅਕਤੂਬਰ ੧੯੬੭ ਵਿੱਚ ਮਹਾਰਾਜ ਜੀ ਹਾਪੜ ਸਨ। ਦਰਸ਼ਨ ਕਰਨ ਲਈ ਵਰਿਆਮ ਸਿੰਘ ਧਮੋਟ ਵਾਲੇ

ਪੁੱਜੇ। ਉਨ੍ਹਾਂ ਨਾਲ ਬਾਰਾਂਦਰੀ ਫਾਰਮ ਵਾਲੇ ਕਰਨਲ ਲਾਲ ਸਿੰਘ ਜੀ ਭੀ ਸਨ ਜੋ ਸੰਤ ਮਹਾਰਾਜ ਜੀ ਤੋਂ ਗੁਰਦੁਆਰਾ ਨਾਨਕ ਮਤਾ ਵਿਖੇ ਦੀਵਾਲੀ ਸਮੇਂ ਦੀਵਾਨਾਂ ਲਈ ਸਮਾਂ ਮੰਗਣ ਆਏ ਸਨ। ਉਸ ਸਮੇਂ ਵਰਿਆਮ ਸਿੰਘ ਜੀ ਦੀ ਲੰਮੀ ਵਾਰਤਾਲਾਪ ਸੁਲੇਮਾਨ ਪ੍ਰੇਤ ਨਾਲ ਭਾਈ ਮਨਮੋਹਨ ਸਿੰਘ ਦੇ ਸਰੀਰ ਰਾਹੀਂ ਹੋਈ। ਦੂਜੀ ਵਾਰੀ ਵਰਿਆਮ ਸਿੰਘ ਜੀ ਕਰਨਲ ਲਾਲ ਸਿੰਘ ਜੀ ਸਮੇਤ ਮੁਰਾਦਾਬਾਦ ਮਹਾਰਾਜ ਜੀ ਤੋਂ ਸਮਾਂ ਲੈਣ ਪੁੱਜੇ। ਕੁਰਸੀ ਤੇ ਬਹੁਤ ਅਮੋਲਕ ਬਚਨਾਂ ਵਿੱਚ ਮਹਾਰਾਜ ਜੀ ਨੇ ਮਾਨਸ ਜਨਮ ਦੀ ਸਫ਼ਲਤਾ ਲਈ ਗੁਰੂ ਵਾਲਾ ਬਣਨਾ ਜ਼ਰੂਰੀ ਦੱਸਿਆ ਅਤੇ ਨਾਲ ਹੀ ਕਿਹਾ ਕਿ ਗੁਰੂ ਘਰ ਦੇ ਸੰਤ ਆਪਣੀ ਹਉਂ ਨੂੰ ਗੁਰੂ ਵਿੱਚ ਲੀਨ ਕਰ ਕੇ ਗੁਰੂ ਦੇ ਹੁਕਮ ਵਿੱਚ ਕਾਰ ਕਰਦੇ ਹਨ। ਰੂਹਾਨੀ ਭੇਤਾਂ ਤੋਂ ਜਾਣੂ ਹੋਣ ਲਈ ਅਤੇ ਪਰਮਪਦ ਦੀ ਪਰਾਪਤੀ ਵਾਸਤੇ ਸੰਤ ਮਹਾਂਪੁਰਸ਼ਾਂ ਗੁਰਸਿੱਖਾਂ ਦੀ ਸੰਗਤ ਕਰਨੀ ਅਤੀ ਜ਼ਰੂਰੀ ਹੈ।

ਦੀਵਾਲੀ ਤੋਂ ਦੂਜੇ ਦਿਨ ਮਹਾਰਾਜ ਜੀ ਮੁਰਾਦਾਬਾਦੋਂ ਨਾਨਕ ਮਤਾ ਸਾਹਿਬ ਵਾਸਤੇ ਚਲੇ ਅਤੇ ਉੱਥੇ ੧੧ ਵਜੇ ਸਵੇਰ ਦੀਵਾਨ ਲਾਇਆ। ਮਹਾਰਾਜ ਜੀ ਨੇ ਰੂਹਾਨੀ ਪ੍ਰੇਮ ਦੀ ਅਣਹੋਂਦ ਅਨੁਭਵ ਕਰ ਕੇ ਸ਼ਬਦ ਪੜ੍ਹਿਆ, 'ਦਿਸਦਾ ਉਜਾੜ ਐ, ਰਾਮ ਦੇ ਪਿਆਰੇ ਬਾਝੋਂ' ਹੋਰ ਵੈਰਾਗ ਦੇ ਸ਼ਬਦ ਪੜ੍ਹੇ। ਚਿਰਾਂ ਤੋਂ ਥੱਰਾਏ ਹਿਰਦਿਆਂ ਦਾ ਕੜ ਟੁੱਟ ਗਿਆ ਅਤੇ ਬਹੁਤ ਸਰੋਤਿਆਂ ਦੇ ਨੈਣ ਹੰਝੂਆਂ ਨਾਲ ਗਿੱਲੇ ਹੋ ਰਹੇ ਸਨ ਅਤੇ ਸੰਤ ਮਹਾਰਾਜ ਜੀ ਦੀ ਯਾਦ ਦੀ ਛਾਪ ਜਗਿਆਸੂ ਹਿਰਦਿਆਂ ਤੇ ਲੱਗ ਗਈ। ਵਾਪਸੀ ਵਿੱਚ ਮਹਾਰਾਜ ਜੀ ਨੇ ਕਿਛਾ ਡਾਕ ਬੰਗਲੇ ਵਿੱਚ ਪ੍ਰਸ਼ਾਦ ਛਕਿਆ ਅਤੇ ਬਾਰਾਂਦਰੀ ਫਾਰਮ ਵਿੱਚ ਚਰਨ ਪਾਏ।

ਕਰਨਲ ਸਾਹਿਬ ਦੇ ਵੱਡੇ ਲੜਕੇ ਹਰਮਿੰਦਰ ਸਿੰਘ (ਜੋ ਹਵਾਈ ਸੈਨਾ ਵਿੱਚ ਵੱਡੇ ਅਫ਼ਸਰ ਹਨ) ਅਤੇ ਉਨ੍ਹਾਂ ਦੇ ਘਰੋਂ ਬੀਬੀ ਦੇ ਮਨ ਤੇ ਅਜਿਹਾ ਅਸਰ ਸੀ ਕਿ ਉਨ੍ਹਾਂ ਦੀ ਪ੍ਰੇਮ ਮਸਤੀ ਚੇਹਰੇ ਤੋਂ ਪਰਗਟ ਦਿਸ ਰਹੀ ਸੀ।

ਚੌਥੀ ਵਾਰੀ

ਸੰਨ ੧੯੭੨ ਵਿੱਚ ਵਰਿਆਮ ਸਿੰਘ ਗਿੱਲ ਧਮੋਟ ਵਾਲਿਆਂ ਨੇ ਮਹਾਰਾਜ ਜੀ ਪਾਸ ਤਰਾਈ ਲਈ ਸਰਦੀਆਂ ਵਿੱਚ ਸਮਾਂ ਦੇਣ ਦੀ ਮੰਗ ਕੀਤੀ। ਮਹਾਰਾਜ ਜੀ ਨੇ ਕ੍ਰਿਪਾ ਕਰ ਕੇ ਜਨਵਰੀ ਫਰਵਰੀ ਤੇ ਮਾਰਚ ਦਾ ਸਮਾਂ ਬਖ਼ਸ਼ ਦਿੱਤਾ। ਬਲਵੰਤ ਫਾਰਮ ਵਿੱਚ ਕੋਠੀ ਮਹਾਰਾਜ ਜੀ ਵਾਸਤੇ ਲੈ ਲਈ ਗਈ ਅਤੇ ਜਥੇ ਦੀ ਰਿਹਾਇਸ਼ ਦਾ ਪਰਬੰਧ ਕਰਨਲ ਲਾਲ ਸਿੰਘ ਜੀ ਦੇ ਬਾਰਾਂਦਰੀ ਫਾਰਮ ਵਿੱਚ ਕੀਤਾ ਗਿਆ। ਥਾਂ ਬਹੁਤ ਰਮਣੀਕ ਤੇ ਇਕਾਂਤ ਵਾਲੀ ਸੀ। ਮਹਾਰਾਜ ਜੀ ਨੂੰ ਇਹ ਜਗ੍ਹਾ ਬਹੁਤ ਪੰਸਦ ਆਈ। ਸ. ਵਰਿਆਮ ਸਿੰਘ ਗਿੱਲ ਤੇ ਉਨ੍ਹਾਂ ਦੇ ਪਰਮ ਸਾਥੀ ਗਿਆਨੀ ਹਰਿੰਦਰ ਸਿੰਘ ਜੀ ਨੇ ਸਮੇਤ ਪ੍ਰਵਾਰਾਂ ਦੇ ਹਾਜ਼ਰ ਹੋ ਕੇ ਸੇਵਾ ਸੰਭਾਲ ਲਈ। ਕਰਨਲ ਸਾਹਿਬ ਨੇ ਅਤਿ ਰੁਝੇਵਿਆਂ ਦੇ ਹੁੰਦਿਆਂ ਭੀ ਆਪਣਾ ਪੂਰਾ ਸਾਥ ਦਿੱਤਾ।

ਮਹਾਰਾਜ ਜੀ ਦੇ ੨੫-੧-੭੩ ਤੋਂ ੧੨-੨-੭੩ ਤਾਈਂ ੧੬ ਦੀਵਾਨ ਬਿਲਾਸਪੁਰ ਵਾਲੀ ਸੰਗਤ ਨੂੰ ਦਿੱਤੇ, ਦੀਵਾਨ ਗੰਨਾ ਸੁਸਾਇਟੀ ਦੇ ਖੁੱਲ੍ਹੇ ਮੈਦਾਨ ਵਿੱਚ ਲੱਗਦੇ ਸਨ। ਚਿਰਾਂ ਦੇ ਪਿਆਸੇ ਜਗਿਆਸੂ ਟਰੈਕਟਰ, ਟਰਾਲੀਆਂ, ਟਰੱਕਾਂ ਤੇ ਪੁੱਜ ਕੇ ਆਪਣੀ ਪਿਆਸ ਬੁਝਾ ਰਹੇ ਸਨ। ਤਰਾਈ ਦੇ ਜੀਵਨ ਵਿੱਚ ਇਹ ਬਸੰਤ ਰੁੱਤ ਸੀ। ਮੁਰਝਾਏ ਹਿਰਦਿਆਂ ਵਿੱਚ ਭਗਤੀ ਦਾ ਅੰਕੁਰ ਪ੍ਰਗਟ ਹੋ ਕੇ ਨਵਾਂ ਜੀਵਨ ਦੇ ਰਿਹਾ ਸੀ।

ਸ. ਭਗਵਾਨ ਸਿੰਘ

ਬਿਲਾਸਪੁਰ ਤਹਿਸੀਲ ਦਾ ਸ. ਭਗਵਾਨ ਸਿੰਘ ਮਿਸਤ੍ਰੀ ੧੯੩੫ ਈ. ਵਿੱਚ ਆਪਣੇ ਪਿੰਡ ਭੈਰੋਮੁੰਨੇ ਤੋਂ ਏਥੇ ਆਇਆ। ਤਹਿਸੀਲ ਰੋਡ ਤੇ (ਭਗਵਾਨ ਸਿੰਘ ਐਂਡ ਸੰਨਜ਼) ਦੁਕਾਨ ਪਾ ਕੇ ਨਾਲ ਮਕਾਨ ਬਣਾ ਲਿਆ। ਇਨ੍ਹਾਂ ਦੇ ਘਰ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲੇ ਵੀ ਆਏ ਅਤੇ ਚਾਰ ਵਾਰ ਸੰਤ ਜੀ ਨੇ ਚਰਨ ਪਾਏ ਸਨ।

੧੩ ਅਤੇ ੧੪ ਫਰਵਰੀ ਦੇ ਦੀਵਾਨ ਨਵਾਬ ਗੰਜ ਗੁਰਦਵਾਰੇ ਸਾਹਮਣੇ ਲੱਗੇ। ਭਾਈ ਮੁਕੰਦ ਸਿੰਘ ਘੁਡਾਣੀ ਵਾਲੇ, ਦਲੀਪ ਸਿੰਘ ਜਸੋਵਾਲ ਵਾਲੇ ਅਤੇ ਹੋਰ ਸੰਗਤ ਦੀ ਬੇਨਤੀ ਮੰਨ ਕੇ ਮਹਾਰਾਜ ਜੀ ਨੇ ੧੫-੨-੭੩ ਤੋਂ ੧੯-੨-੭੩ ਤਾਈਂ ਸਰਕੜੇ ਦੀਵਾਨ ਕੀਤੇ। ਸ. ਹਰਚਰਨ ਸਿੰਘ ਜੀ ਬਰਾੜ, ਸ. ਸੁਰਜੀਤ ਸਿੰਘ ਜੀ ਨਾਰੰਗਵਾਲ ਵਾਲਿਆਂ ਦੀ ਬੇਨਤੀ ਪ੍ਰਵਾਨ ਕਰ ਕੇ ੨੦-੨-੭੩ ਤੋਂ ੨੪-੨-੭੩ ਤਾਈਂ ਬਾਜਪੁਰ ਦੀਵਾਨ ਕੀਤੇ ਅਤੇ ੨੭-੨-੭੩ ਤੋਂ ੧-੩-੭੩ ਤਾਈਂ ਪੰਜ ਦੀਵਾਨ ਕਾਸ਼ੀਪੁਰ ਵਾਲਿਆਂ ਨੂੰ ਦਿੱਤੇ ਅਤੇ ਅੰਤ ਵਿੱਚ ੨-੩-੭੩ ਤੋਂ ੮-੩-੭੩ ਤਾਈਂ ਸ੍ਰੀ ਨਾਨਕ ਮਤਾ ਦੇ ਪਾਵਨ ਅਸਥਾਨ ਤੇ ਦੀਵਾਨ ਲੱਗਦੇ ਰਹੇ। ਸਾਰਿਆਂ ਦੀਵਾਨਾਂ ਵਿੱਚ ਲਗਭਗ ੧੪੦੦ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਸ਼ਰਾਬ ਮਾਸ ਦੀ ਵਰਤੋਂ ਛੱਡ ਕੇ ਨਾਮ ਦੀ ਦਾਤ ਪ੍ਰਾਪਤ ਕੀਤੀ।

ਤਰਾਈ ਤੇ ਬਖ਼ਸ਼ਿਸ਼ਾਂ

ਬਲਵੰਤ ਫਾਰਮ ਵਿੱਚ ਮਹਾਰਾਜ ਜੀ ਦੀ ਕੁਰਸੀ ਤੇ ਜਗਿਆਸੂਆਂ ਦੀ ਬਹੁਤ ਜ਼ਿਆਦਾ ਭੀੜ ਹੁੰਦੀ ਸੀ। ਬਲਵੰਤ ਫਾਰਮ ਰੁਦਰਪੁਰ ਦੇ ਨੇੜੇ ਨੈਨੀਤਾਲ ਰੋਡ ਤੇ ਇੱਕ ਨਿਵੇਕਲੀ ਥਾਂ ਹੈ। ਬਿਲਾਸਪੁਰੋਂ ੬ ਮੀਲ ਦੂਰ ਹੈ। ਪਰ ਸੰਗਤ ਟਰਾਲੀਆਂ ਟਰੈਕਟਰਾਂ ਤੇ ਵੀਹ ਪੱਚੀ ਮੀਲ ਦੇ ਪੰਧ ਕੱਟ ਕੇ ਨਾਮ ਦੀ ਜੁਗਤੀ ਪ੍ਰਾਪਤ ਕਰਨ ਲਈ ਪੁੱਜ ਜਾਂਦੀ ਸੀ। ਅਥਾਹ ਪ੍ਰੇਮ ਸੀ। ਪ੍ਰਬੰਧ ਨੂੰ ਸੁਖਾਲਾ ਬਨਾਉਣ ਲਈ ਮਹਾਰਾਜ ਜੀ ਦਾ ਸਮਾਂ ਲੈਣ ਲਈ ਇਲਾਕਿਆਂ ਦੀ ਵੰਡ ਕੀਤੀ ਜਾਂਦੀ ਸੀ। ਹਰ ਰੋਜ਼ ੧੫੦ ਤੋਂ ੨੦੦ ਜਗਿਆਸੂ ਨਾਮ ਅਭਿਆਸ ਵਿੱਚ ਦ੍ਰਿੜ ਹੁੰਦਾ ਸੀ। ਬੀਮਾਰ ਤੇ ਅਸਾਧ ਰੋਗੀ ਭੀ ਆਪਣੀ ਪੁਕਾਰ ਰੂਹਾਨੀ ਦਰਬਾਰ ਵਿੱਚ ਕਰਦੇ ਸਨ। ਮਹਾਰਾਜ ਜੀ ਆਪਣੀ ਅਸ਼ੀਰਵਾਦ ਦਿੰਦੇ। ਹਰ ਲੋੜਵੰਦ ਨੂੰ ਨਾਮ ਦਾਰੂ ਵਰਤਣ ਦੀ ਹੀ ਪ੍ਰੇਰਨਾ ਦਿੰਦੇ ਸਨ ਅਤੇ ਮਾਸ, ਸ਼ਰਾਬ, ਚੋਰੀ, ਝੂਠ, ਨਿੰਦਾ ਤਿਆਗਣ ਦਾ ਪਥ ਭੀ ਦੱਸਦੇ ਸਨ। ਨਾਮ ਜਪਣ ਦੀ ਪ੍ਰੇਰਨਾ ਐਨੀ ਪਰਬਲ ਸੀ ਕਿ ਲੋਕਲ ਦੁਕਾਨਾਂ ਤੋਂ ਮਾਲਾ ਖ਼ਤਮ ਹੋ ਗਈਆਂ। ਸਿਮਰਨਿਆਂ ਦਾ ਮੁੱਲ ਵੱਧ ਗਿਆ। ਇੱਕ ਵਰਗ ਦੁਖੀ ਭੀ ਹੋਇਆ। ਉਹ ਸਨ ਸ਼ਰਾਬ ਦੇ ਠੇਕੇਦਾਰ। ਦੀਵਾਨਾਂ ਦੇ ਦਿਨਾਂ ਵਿੱਚ ਠੇਕਿਆਂ ਤੋਂ ਸੁੰਨ ਵਰਤੀ ਰਹਿੰਦੀ ਸੀ। ਪੁਲੀਸ ਵਾਲੇ ਬਹੁਤ ਸੁਖੀ ਸਨ। ਕੋਈ ਵਾਰਦਾਤ ਨਹੀਂ ਹੁੰਦੀ ਸੀ। ਰਾਮੁਪਰ ਦੇ ਐਸ. ਡੀ. ਓ. ਦਰਸ਼ਨ ਕਰਨ ਆਏ ਅਤੇ ਡੀ. ਆਈ. ਜੀ. ਬਰੇਲੀ ਨੇ ਇਸ ਗੱਲ ਦਾ ਜ਼ਿਕਰ ਆਪਣੀ ਇੱਕ ਮੀਟਿੰਗ ਵਿੱਚ ਕੀਤਾ ਕਿ ਸਤਸੰਗਾਂ ਨੇ ਪੰਜਾਬੀਆਂ ਵਿੱਚੋਂ ਜੁਰਮ ਘਟਾ ਦਿੱਤੇ ਹਨ।

ਸਮੁੱਚੀ ਤਰਾਈ ਦੇ ਦੀਵਾਨਾਂ ਦਾ ਪ੍ਰਬੰਧ ਵਰਿਆਮ ਸਿੰਘ ਗਿੱਲ, ਗਿਆਨੀ ਹਰਿੰਦਰ ਸਿੰਘ, ਕਰਨਲ ਲਾਲ ਸਿੰਘ ਜੀ, ਸ. ਸੁਰਜੀਤ ਸਿੰਘ ਜੀ ਬਾਜਪੁਰ, ਸਰਦਾਰ ਹਰਚੰਦਰ ਸਿੰਘ ਗਰੇਵਾਲ ਕਾਸ਼ੀਪੁਰ, ਸ. ਹਰਚਰਨ ਸਿੰਘ ਬਰਾੜ ਬਾਜਪੁਰ ਦੇ ਪਰਸਪਰ ਵੀਚਾਰ ਵਟਾਂਦਰੇ ਅਨੁਸਾਰ ਹੁੰਦਾ ਸੀ। ਵਰਿਆਮ ਸਿੰਘ ਤੇ ਹਰਿੰਦਰ ਸਿੰਘ ਤਾਂ ਇਸ ਸਮੇਂ ਦਿਨ ਰਾਤ ਹਾਜ਼ਰ ਰਹੇ ਅਤੇ ਫਾਰਮਾਂ ਦੇ ਪ੍ਰਬੰਧ ਨੂੰ ਗੁਰੂ ਲੇਖੇ ਹੀ ਛੱਡ ਰੱਖਿਆ।

ਮਹਾਰਾਜ ਜੀ ਦੀ ਕਾਰ ਬਹੁਤ ਨਾਜ਼ੁਕ ਸੀ। ਤਰਾਈ ਦੀਆਂ ਸੜਕਾਂ ਉੱਖੜੀਆਂ ਪਈਆਂ ਸਨ। ਰੋੜੀ ਦੇ ਢੇਰਾਂ, ਕੱਚੇ ਰਾਹਾਂ, ਉੱਚੇ ਨੀਵੇਂ ਥਾਵਾਂ, ਅਨ੍ਹੇਰੀ ਵਰਗੀ ਗਰਦਾਂ ਵਿੱਚੋਂ ਲੰਘ ਕੇ ਮਹਾਰਾਜ ਜੀ ਆਪਣੇ ਪ੍ਰੋਗਰਾਮਾਂ ਤੇ ਪੁੱਜਦੇ ਰਹੇ ਅਤੇ ਰਸਤੇ ਵਿੱਚ ਆਪਣੇ ਕਾਰ ਡਰਾਈਵਰ ਭਾਈ ਹਜ਼ੂਰਾ ਸਿੰਘ ਜੀ ਨੂੰ ਕਹਿੰਦੇ ਰਹਿੰਦੇ ਸਨ, "ਹਜ਼ੂਰਾ ਸਿੰਘ! ਹੁਣ ਪਤਾ ਲੱਗੂ ਤੇਰੀ ਕਾਰ ਦੀ ਤਾਕਤ ਦਾ।" ਫਾਰਮਾਂ ਵਿੱਚ ਚਰਨ ਪਾਉਣ ਜਾਣ ਲਈ ਰਾਹ ਧੂੜਾਂ ਅਟੇ ਸਨ, ਪਰ ਮਹਾਰਾਜ ਜੀ ਕਿਸੇ ਅਗੰਮੀ ਹੁਕਮ ਦੀ ਪਾਲਣਾ ਵਿੱਚ ਬਖ਼ਸ਼ਿਸ਼ਾਂ ਕਰਦੇ ਫਾਰਮਾਂ ਨੂੰ ਪਵਿੱਤਰ ਕਰਦੇ ਰਹੇ ਅਤੇ ਪ੍ਰਵਾਰਾਂ ਨੂੰ ਨਾਮ ਬਾਣੀ ਤੇ ਗੁਰੂ ਗ੍ਰੰਥ ਜੀ ਦੇ ਲੜ ਲਾਉਂਦੇ ਰਹੇ। ਸਰਕੜੇ ਮਹਾਰਾਜ ਜੀ ਨੇ ਸ. ਮੁਕੰਦ ਸਿੰਘ ਜੀ ਘੁਡਾਣੀ ਕਲਾਂ ਵਾਲਿਆਂ ਦੇ, ਦਲੀਪ ਸਿੰਘ ਜੀ ਜਸੋਵਾਲ ਆਦਿ ਦੇ ਘਰੀਂ ਚਰਨ ਪਾਏ। ਬਾਜਪੁਰ ਹਰ ਰੋਜ਼ ਸਰਦਾਰ ਹਰਚਰਨ ਸਿੰਘ ਬਰਾੜ (ਜੋ ਸ. ਪ੍ਰਕਾਸ਼ ਸਿੰਘ ਜੀ ਬਾਦਲ ਅਤੇ ਬਾਬਾ ਹੀਰਾ ਸਿੰਘ ਜੀ ਦੇ ਰਿਸ਼ਤੇਦਾਰ ਹਨ) ਦੇ ਘਰ ਜਾਂਦੇ ਰਹੇ ਅਤੇ ਇਸ ਪ੍ਰਵਾਰ ਦੀ ਅਮਿੱਤ ਖ਼ੁਸ਼ੀ ਦੀ ਬਖ਼ਸ਼ਿਸ਼ ਕੀਤੀ। ਮਿੱਤਰ ਫਾਰਮ ਵਿੱਚ ਕਾਕਾ ਹਰਗੁਰਮੀਤ ਸਿੰਘ, ਨਾਭੇ ਵਾਲੀ ਬੀਬੀ ਜੀ ਦੇ ਘਰ ਬਾਜਪੁਰ ਦੇ ਦੀਵਾਨਾਂ ਸਮੇਂ ਚਰਨ ਪਾਏ ਅਤੇ ਸ. ਹਰਚੰਦ ਸਿੰਘ ਜੀ ਬਗਹਾ ਫਾਰਮ ਵਿੱਚ ਪਹਿਲੀ ਵਾਰੀ ਚਰਨ ਪਾਏ। ਦੂਜੀ ਵਾਰੀ ਬੀਬੀਆਂ ਨੇ ਅਖੰਡ ਪਾਠ ਕੀਤਾ ਅਤੇ ਭੋਗ ਸਮੇਂ ਮਹਾਰਾਜ ਜੀ ਉੱਥੇ ਪੁੱਜੇ ਅਤੇ ਸਾਰੇ ਪ੍ਰਵਾਰ ਨੂੰ ਸ਼ਰਾਬ ਮਾਸ ਦੀ ਵਰਤੋਂ ਤੋਂ ਹਟਾਇਆ। ਬਾਜਪੁਰ ਵਿੱਚ ਸ. ਹਰਚਰਨ ਸਿੰਘ ਆੜ੍ਹਤੀ, ਸਿਹੌੜੇ ਵਾਲਿਆਂ ਦੀ ਵਰਕਸ਼ਾਪ ਵਿੱਚ, ਗਿਆਨੀ ਅਵਤਾਰ ਸਿੰਘ ਜੀ ਬੰਨਾਖੇੜਾ, ਸ. ਸੁਰਜੀਤ ਸਿੰਘ ਜੀ ਗਰੇਵਾਲ, ਅਮਰ ਸਿੰਘ ਜੀ ਦੇ ਕਰਸ਼ਰ ਤੇ ਕਾਸ਼ੀਪੁਰ ਵਾਲੀ ਸੜਕ ਤੇ ਸ. ਇੰਦਰਜੀਤ ਸਿੰਘ ਜੀ ਗਰੇਵਾਲ ਰਾਏਪੁਰ ਵਾਲੇ, ਸ. ਹਰਮੇਲ ਸਿੰਘ ਜੀ ਹਰਿਉਂ ਵਾਲੇ, ਕਾਸ਼ੀਪੁਰ ਸ. ਹਰਚਰਨ ਸਿੰਘ ਗਰੇਵਾਲ ਢੁਡਾ ਨਿਵਾਸੀ, ਮੋਹਨ ਸਿੰਘ ਜੀ ਅਤੇ ਇੱਕ ਚੇਤੀ ਫਾਰਮ ਵਿੱਚ ਡਰਾਈਵਰ ਦੇ ਘਰ ਚਰਨ ਪਾ ਕੇ ਕਿਰਤਾਰਥ ਕੀਤਾ।

ਬਿਲਾਸਪੁਰ ਵਿੱਚ ਬਹੁਤ ਜੋਸ਼ ਸੀ। ਹਰ ਪ੍ਰਾਣੀ ਮਹਾਰਾਜ ਜੀ ਨੂੰ ਆਪਣੇ ਗ੍ਰਹਿ ਲਿਜਾਣਾ ਲੋਚਦਾ ਸੀ। ਮਹਾਰਾਜ ਜੀ ਟੁੱਟੇ ਫੁੱਟੇ ਛੱਪਰਾਂ ਵਿੱਚ ਜਾ ਕੇ ਇਉਂ ਬੈਠ ਜਾਂਦੇ ਜਿਵੇਂ ਸ਼ੀਸ਼ ਮਹਿਲ ਦਾ ਅਨੰਦ ਮਾਣ ਰਹੇ ਹੁੰਦੇ ਹਨ। ਵਰਿਆਮ ਸਿੰਘ ਨੂੰ ਕਹਿੰਦੇ ਰਹਿੰਦੇ, "ਅਸਾਨੂੰ ਇਨ੍ਹਾਂ ਛੱਪਰਾਂ ਵਿੱਚੋਂ ਸੱਚੇ ਪਿਆਰ ਦੀ ਸੁਗੰਧੀ ਆਉਂਦੀ ਹੈ।" ਸਰਦਾਰ ਹਰਿੰਦਰ ਸਿੰਘ ਸ਼ਮਸ਼ੇਰ ਸਿੰਘ ਜੀ ਫਾਰਮ ਪੈਗੰਬਰਪੁਰ, ਸ. ਨਸੀਬ ਸਿੰਘ ਜੀ ਨਵਾਬ ਨਗਰ ਦੀਆਂ ਆਲੀਸ਼ਾਨ ਕੋਠੀਆਂ ਵਿੱਚ ਭੀ ਚਰਨ ਪਾਏ। ਮਹਾਰਾਜ ਜੀ ਦਾ ਸੁਆਗਤ ਝੰਡੀਆਂ ਲਾ ਕੇ ਕੀਤਾ ਗਿਆ। ਅਨਵਰੀਆ ਸ. ਜੋਗਿੰਦਰ ਸਿੰਘ ਜੀ, ਗੁਰਨਾਮ ਸਿੰਘ ਦੇ ਘਰ ਚਰਨ ਪਾਏ ਤੇ ਨਾਮ ਦਾਨ ਦੀ ਬਖ਼ਸ਼ਿਸ਼ ਕੀਤੀ। ੧੦-੩-੭੩ ਨੂੰ ਫੈਜ਼ਗੰਜ ਫਾਰਮ ਵਿੱਚ ਵਰਿਆਮ ਸਿੰਘ ਦੀ ਕੋਠੀ ਵਿੱਚ ਮਾਨੋ ਸਾਰਾ ਇਲਾਕਾ ਹੀ ਦਰਸ਼ਨਾਂ ਲਈ ਇਕੱਠਾ ਹੋ ਗਿਆ। ਨਮਸ਼ਕਾਰ ਕਰਨ

ਵਾਲਿਆਂ ਦੀ ਐਨੀ ਭੀੜ ਸੀ ਕਿ ਸਾਰਾ ਸਮਾਂ ਇਸੇ ਕੰਮ ਵਿੱਚ ਮੁੱਕਦਾ ਨਜ਼ਰ ਆਉਂਦਾ ਸੀ।

ਮਹਾਰਾਜ ਜੀ ਇੱਕ ਸੱਚੇ ਪਿਤਾ ਪਿਤਾਮਾ ਵਾਂਗ ਬਖ਼ਸ਼ਿਸ਼ਾਂ ਦੇ ਘਰ ਆਏ ਇਸ ਪਰਵਾਰ ਵਿੱਚ ਸ਼ਸ਼ੋਭਤ ਸਨ ਅਤੇ ਸਾਰਾ ਪਰਵਾਰ ਵਿਛੋੜਾ ਅਨੁਭਵ ਕਰ ਕੇ ਹੰਝੂ ਧਾਰਾ ਵਹਾ ਰਿਹਾ ਸੀ। ਬੀਬੀ ਰਣਜੀਤ ਕੌਰ ਨੇ ਮਹਾਰਾਜ ਜੀ ਦੇ ਚਰਨ ਫੜ ਬੇਨਤੀ ਕੀਤੀ, "ਮਹਾਰਾਜ ਜੀ! ਤੁਹਾਡੇ ਪਾਵਨ ਚਰਨ ਸਦੀਵ ਅਸਾਡੇ ਹਿਰਦਿਆਂ ਵਿੱਚ ਵੱਸਦੇ ਰਹਿਣ ਅਤੇ ਅਸੀਂ ਅੰਤ ਸਮੇਂ ਇਨ੍ਹਾਂ ਚਰਨਾਂ ਸਦਕੇ ਤੁਹਾਡੇ ਮੰਡਲ ਵਿੱਚ ਪੁੱਜੀਏ।" ਵਰਿਆਮ ਸਿੰਘ ਦੇ ਕਾਕੇ ਨਿਰਪਜੀਤ ਨੂੰ ਪੜ੍ਹਾਈ ਦਾ ਵਰਦਾਨ ਦਿੱਤਾ।

ਸੰਗਤ ਦੀ ਅਰਦਾਸ

ਮਹਾਰਾਜ ਜੀ ਆਖ਼ਰੀ ਦਿਨ ਪੰਜਾਬ ਵਾਪਸ ਜਾਣ ਲਈ ਤਿਆਰ ਹੋ ਗਏ। ਸੰਗਤਾਂ ਅਸਹਿ ਵਿਛੋੜੇ ਨੂੰ ਅਨੁਭਵ ਕਰ ਕੇ ਚੁੱਪ ਹੰਝੂ ਭਰੇ ਨੇਤਰ ਰੁਮਾਲਾਂ ਨਾਲ ਵਾਰ ਵਾਰ ਪੂੰਝ ਰਹੀਆਂ ਸਨ। ਮਹਾਰਾਜ ਜੀ ਇਸ ਪੀੜਾ ਨੂੰ ਅਨੁਭਵ ਕਰ ਕੇ ਬਖ਼ਸ਼ਿਸ਼ਾਂ ਦੇ ਮੰਡਲ ਵਿੱਚੋਂ ਰੂਹਾਨੀ ਫੁਹਾਰਾਂ ਦੀ ਮਰਹਮ ਬ੍ਰਿਹੋਂ ਪੀੜਤ ਹਿਰਦਿਆਂ ਤੇ ਲਾ ਕੇ ਸ਼ਾਂਤੀ ਪ੍ਰਦਾਨ ਕਰ ਰਹੇ ਸਨ। ਸੰਗਤ ਅਚਾਨਕ ਉੱਠ ਕੇ ਖੜੀ ਹੋ ਕੇ ਅਰਦਾਸ ਵਿੱਚ ਜੁੜ ਗਈ ਅਤੇ ਬੇਨਤੀ ਕੀਤੀ ਕਿ ਮਹਾਰਾਜ ਜੀ! ਵਰਿਆਮ ਸਿੰਘ ਹੋਰਾਂ ਨੂੰ ਹੁਕਮ ਕਰੋ ਕਿ ਆਪਣੇ ਹਫ਼ਤਾਵਾਰੀ ਸਤਸੰਗ ਬੰਦ ਨਾ ਕਰਨ ਅਤੇ ਸੰਗਤ ਦੇ ਲਾਭ ਲਈ ਜਾਰੀ ਰੱਖਣ (ਪਹਿਲਾਂ ਇਨ੍ਹਾਂ ਨੇ ਬੰਦ ਕਰ ਦਿੱਤੇ ਸਨ) ਮਹਾਰਾਜ ਜੀ ਨੇ ਭਾਈ ਵਰਿਆਮ ਸਿੰਘ ਹੋਰਾਂ ਨੂੰ ਆਗਿਆ ਕੀਤੀ ਕਿ ਸਤਸੰਗ ਨਿਸ਼ਕਾਮ ਤੇ ਹਉਂ ਰਹਿਤ ਹੋ ਕੇ ਹੁਕਮ ਵਿੱਚ ਜਾਰੀ ਰੱਖੋ ਅਕਾਲ ਪੁਰਖ ਦੀ ਕਲਾ ਵਰਤਦੀ ਰਹੇਗੀ। ਉਹ ਸਤਸੰਗ ਇਸ ਪੁਸਤਕ ਦੇ ਪਹਿਲੀ ਵਾਰ ਛਪਣ ਤਾਈਂ ਪੂਰੀ ਸ਼ਰਧਾ ਸਹਿਤ ਜਾਰੀ ਹਨ ਅਤੇ ਸੈਂਕੜੇ ਪ੍ਰਾਣੀ ਮਹਾਰਾਜ ਜੀ ਦੇ ਉਪਦੇਸ਼ ਦੇ ਧਾਰਨੀ ਹੋ ਕੇ ਲਾਭ ਪ੍ਰਾਪਤ ਕਰ ਰਹੇ ਹਨ। ਸਤਸੰਗ ਦੂਰ ਦੂਰ ਦੇ ਪਿੰਡਾਂ ਵਿੱਚ ਵਾਰੀ ਸਿਰ ਹੁੰਦੇ ਰਹਿੰਦੇ ਹਨ। ਹੁਣ ਉਹ ਫਾਰਮ ਵੇਚ ਕੇ ਮੁਹਾਲੀ ਕੋਠੀ ਵਿੱਚ ਰਹਿੰਦੇ ਹਨ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਬਣਾ ਕੇ ਰੋਪੜ, ਪਟਿਆਲਾ ਵਿੱਚ ੨੫੦੦੦ ਤੋਂ ਵੱਧ ਪ੍ਰੇਮੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ ਹੈ ਅਤੇ ਜ਼ਰਦੇ, ਸ਼ਰਾਬ, ਮਾਸ ਤੋਂ ਪ੍ਰੇਮੀਆਂ ਨੂੰ ਬਚਾਇਆ ਹੈ। ਦੋ ਅਸਥਾਨ ਉਸ ਇਲਾਕੇ ਵਿੱਚ ਭੀ ਚੱਲ ਰਹੇ ਹਨ।

ਮਾਈ ਦੀ ਅਰਦਾਸ

ਇਕ ਮਾਈ ਦਾ ਫਾਰਮ ਰਤਨਪੁਰਾ ਬਿਲਾਸਪੁਰ ਦੇ ਨੇੜੇ ਹੈ। ਉਸ ਨੇ ਮਹਾਂਪੁਰਸ਼ਾਂ ਦੀ ਸੋਭਾ ਸੁਣ ਕੇ ਬਲਵੰਤ ਫਾਰਮ ਵਿੱਚ ਕੁਰਸੀ ਸਮੇਂ ਹਾਜ਼ਰ ਹੋ ਕੇ ਬੀਬੀ ਰਣਜੀਤ ਕੌਰ ਪਤਨੀ ਸ. ਵਰਿਆਮ ਸਿੰਘ ਗਿੱਲ ਰਾਹੀਂ ਮਹਾਂਪੁਰਸ਼ਾਂ ਦੇ ਪਾਸ ਅਰਜ਼ ਕਰਨ ਦਾ ਸਮਾਂ ਲੈ ਲਿਆ। ਬੀਬੀ ਨੇ ਕਿਹਾ, "ਮਹਾਰਾਜ ਜੀ! ਇਸ ਮਾਈ ਦਾ ਇੱਕ ਪੁੱਤਰ ਪੰਜ ਸਾਲਾਂ ਤੋਂ ਲਾਪਤਾ ਹੈ ਅਤੇ ਇੱਕ ਤਿੰਨ ਮਹੀਨੇ ਤੋਂ ਲਾਪਤਾ ਹੈ। ਮਾਈ ਪੁੱਤਰ ਵਿਯੋਗ ਵਿੱਚ ਪੀੜਤ ਹੋਈ ਮਹਾਂਪੁਰਸ਼ਾਂ ਦੀ ਦਰਗਾਹ ਵਿੱਚ ਹਾਜ਼ਰ ਹੋ ਕੇ ਬੇਨਤੀ ਕਰਦੀ ਹੈ ਕਿ ਪੁੱਤਰਾਂ ਦਾ ਮਿਲਾਪ ਹੋ ਜਾਵੇ।" ਮਹਾਰਾਜ ਜੀ ਦਯਾ ਦੇ ਘਰ ਆ ਕੇ ਬੋਲੇ, "ਮਾਈ! ਸਤਸੰਗ ਵਿੱਚ ਜਾਇਆ ਕਰ ਅਤੇ ਅਰਦਾਸ ਕਰ ਤੇਰੇ ਪੁੱਤਰ ਵਾਪਸ ਆ ਜਾਣਗੇ।" ਤੀਸਰੇ ਦਿਨ ਦੋਨੋਂ ਪੁੱਤਰ ਇੱਕੋ ਸਮੇਂ ਬਿਸਤਰੇ ਸਿਰਾਂ ਤੇ ਚੁੱਕੀ ਘਰ ਵਾਪਸ ਆ ਗਏ। ਮਾਈ ਤੋਂ ਖ਼ੁਸ਼ੀ ਸੰਭਾਲੀ ਨਾ ਜਾਵੇ ਅਤੇ ਮਹਾਂਪੁਰਸ਼ਾਂ ਦਾ ਜਸ ਕਰਦੀ ਰਹੀ। ਫੇਰ ੧੯੭੫ ਦੀਆਂ ਗ਼ਰਮੀਆਂ ਵਿੱਚ ਵਰਿਆਮ ਸਿੰਘ ਹੋਰਾਂ ਤੋਂ ਇਸੇ ਖ਼ੁਸ਼ੀ ਵਿੱਚ ਆਪਣੇ ਘਰ ਸਤਸੰਗ ਕਰਾਇਆ ਤੇ ਸਾਰੀਆਂ ਸੰਗਤਾਂ ਵਿੱਚ ਆਪਣੀ ਜ਼ਬਾਨੀ ਵਡਿਆਈ ਪ੍ਰਗਟ ਕੀਤੀ।

ਮਹਾਰਾਜ ਜੀ ਦੀ ਕ੍ਰਿਪਾ ਨਾਲ ਸੈਂਕੜੇ ਅਸਾਧ ਰੋਗੀ ਨਾਮ ਦਾਰੂ ਵਰਤ ਕੇ ਠੀਕ ਹੋਏ। ਇੱਕ ਲੜਕਾ ਬਹੁਤ ਬੀਮਾਰ ਸੀ। ਡਾਕਟਰਾਂ ਨੇ ਜਵਾਬ ਦੇ ਦਿੱਤਾ। ਉਸ ਦਾ ਪਿਤਾ ਨਿਰਾਸ਼ ਹੋ ਕੇ ਮਹਾਰਾਜ ਜੀ ਦੇ ਚਰਨਾ ਵਿੱਚ ਹਾਜ਼ਰ ਹੋਇਆ। ਮਹਾਂਪੁਰਸ਼ਾਂ ਨੇ ਨਾਮ ਦਾਰੂ ਦੇ ਕੇ ਪਥ ਦਸ ਦਿੱਤਾ ਕਿ ਸ਼ਰਾਬ ਨਹੀਂ ਪੀਣੀ। ਉਹ ਲੜਕਾ ਜੋ ਸਹੌਰ ਪਿੰਡ ਬਿਲਾਸਪੁਰ ਤਹਿਸੀਲ ਦਾ ਹੈ, ਛੇਤੀ ਹੀ ਰਾਜੀ ਹੋ ਕੇ ਆਪਣੀ ਹੱਡ-ਬੀਤੀ ਲੋਕਾਂ ਨੂੰ ਦੱਸਦਾ ਰਹਿੰਦਾ ਹੈ ਅਤੇ ਜੋ ਰੂਹਾਨੀ ਮੇਹਰ ਦੀ ਮੂੰਹ ਬੋਲਦੀ ਤਸਵੀਰ ਹੈ।

ਪੁੱਤਰ ਦਾਤਾਂ

ਬਹੁਤ ਗੋਦਾਂ ਮਹਾਰਾਜ ਜੀ ਦੇ ਬਚਨਾ ਸਦਕੇ ਹਰੀਆਂ ਹੋਈਆਂ। ਪਰ ਇੱਕ ਘਟਨਾ ਅਜੇਹੀ ਵਰਤੀ ਕਿ ਇੱਕ ਮਾਈ ਬਿਬਰਾ ਫਾਰਮ ਬਿਲਾਸਪੁਰ ਤਹਿਸੀਲ ਦੀ ਆਪਣੀ ਨੂੰਹ ਨੂੰ ਲੈ ਕੇ ਹਾਜ਼ਰ ਹੋ ਕੇ ਬੀਬੀ ਰਣਜੀਤ ਕੌਰ ਦੀ ਮਾਰਫਤ ਅਰਦਾਸ ਕਰਨ ਲੱਗੀ, "ਮਹਾਰਾਜ ਜੀ ਇਸ ਬੀਬੀ ਦੇ ਕੁਛੜ ਬਾਲ ਨਹੀਂ ਲੱਗਦਾ। ਉੱਤਰ ਜਾਂਦਾ ਹੈ।" (ਭਾਵ ਮਰ ਜਾਂਦਾ ਹੈ) ਮਹਾਰਾਜ ਜੀ! ਕਹਿਣ ਲੱਗੇ, "ਭਾਈ ਤੁਹਾਡੀ ਕਿਰਤ ਕੀ ਹੈ?" ਮਾਈ ਨੇ ਸਾਫ਼ ਸਾਫ਼ ਦੱਸ ਦਿੱਤਾ ਕਿ

ਮਹਾਰਾਜ ਜੀ ਅਸਾਡੇ ਮਨੁੱਖ ਡੰਗਰਾਂ ਦੀ ਚੋਰੀ ਕਰਦੇ ਹਨ ਅਤੇ ਅਸਾਡੇ ਰੋਕੇ ਰੁਕਦੇ ਨਹੀਂ। ਮਹਾਰਾਜ ਜੀ ਨੇ ਕਿਹਾ, "ਤੁਸੀਂ ਚੋਰੀ ਦੀਆਂ ਮੱਝਾਂ ਦਾ ਦੁੱਧ ਨਹੀਂ ਪੀਣਾ ਅਤੇ ਮੂਲਮੰਤ੍ਰ ਦਾ ਪਾਠ ਕਰਦੇ ਰਹਿਣਾ। ਮਾਸ ਸ਼ਰਾਬ ਨਹੀਂ ਛੂਹਣਾ। ਮਹਾਰਾਜ ਕ੍ਰਿਪਾ ਕਰਨਗੇ।" ਉਸ ਬੀਬੀ ਦੀ ਕੁੱਖ ਨੂੰ ਭਾਗ ਲੱਗਾ ਤੇ ਸੋਹਣਾ ਸੁੰਦਰ ਬੱਚਾ ਪ੍ਰਾਪਤ ਹੋਇਆ।

ਸ. ਸ਼ਮਸ਼ੇਰ ਸਿੰਘ ਜੀ ਜੋ ਗਿਆਨੀ ਹਰਿੰਦਰ ਸਿੰਘ ਜੀ ਦੇ ਛੋਟੇ ਭਰਾ ਹਨ। ਉਨ੍ਹਾਂ ਦੀਆਂ ਤਿੰਨ ਲੜਕੀਆਂ ਸਨ, ਲੜਕਾ ਕੋਈ ਨਹੀਂ ਸੀ। ਬੀਬੀ ਹਰਵੀਰ ਕੌਰ ਬੀਬੀ ਰਣਜੀਤ ਕੌਰ ਦੀ ਮਾਰਫਤ ਮਹਾਰਾਜ ਜੀ ਦੇ ਕਈ ਵਾਰ ਪੇਸ਼ ਹੋਈ। ਅੰਤ ਮਹਾਂਪੁਰਸ਼ਾਂ ਨੇ ਸ਼ਬਦ ਦਾ ਪਾਠ ਦੇ ਕੇ ਅਸ਼ੀਰਵਾਦ ਦਿਤੀ। ਬੀਬੀ ਹਰਵੀਰ ਕੌਰ ਨੇ ਬਹੁਤ ਸ਼ਰਧਾ ਨਾਲ ਪਾਠ ਕੀਤੇ, ਦਸਾਂ ਮਹੀਨਿਆਂ ਪਿਛੋ ਇੱਕ ਲੜਕੇ 'ਅਨੂਪ' ਨੇ ਜਨਮ ਲਿਆ।

ਦੁੱਧ ਦੀ ਵਾਰਤਾ

ਜਿਸ ਸਮੇਂ ਕਾਸ਼ੀ ਪੁਰ ਦੀਵਾਨ ਲੱਗਦੇ ਸਨ ਤਾਂ ਸੰਗਤਾਂ ਲੰਗਰ ਲਈ ਦੁੱਧ ਲਿਆਉਂਦੀਆਂ। ਇੱਕ ਮਾਈ ਜੋ ਮੁਰਾਦਾਬਾਦ ਵਾਲੀ ਸੜਕ ਵੱਲੋਂ ਆਪਣੇ ਪਤੀ ਸ. ਭਜਨ ਸਿੰਘ ਸਮੇਤ ਦੀਵਾਨ ਤੇ ਪੁੱਜਦੀ ਸੀ, ਉਹ ਸੰਗਤਾਂ ਨੂੰ ਦੁੱਧ ਡਰੰਮ ਵਿੱਚ ਪਾਉਂਦਿਆਂ ਵੇਖ ਕੇ ਸੱਜਲ ਨੇਤਰ ਹੋ ਅਰਦਾਸ ਕਰਨੀ ਲੱਗੀ ਕਿ ਹੇ ਗੁਰੂ ਨਾਨਕ ਜੀ! ਜੇ ਮੇਰੀਆਂ ਮੱਝਾ ਅੱਜ ਦੁੱਧੋਂ ਨਾ ਹਟਦੀਆਂ ਤਾਂ ਮੈ ਭੀ ਲੰਗਰ ਲਈ ਦੁੱਧ ਲੈ ਕੇ ਆਇਆ ਕਰਦੀ। ਦੀਵਾਨਾਂ ਤੋਂ ਕੁੱਝ ਹੀ ਦਿਨ ਪਹਿਲਾਂ ਉਸ ਦੀਆਂ ਤਿੰਨ ਮੱਝਾਂ ਦੁੱਧੋ ਹਟੀਆਂ ਸਨ। ਮਨ ਹੀ ਮਨ ਵਿੱਚ ਕਹੀ ਜਾਵੇ, "ਸੰਤ ਮਹਾਰਾਜ ਜੀ! ਤੁਸੀਂ ਗੁਰੂ ਨਾਨਕ ਦੇ ਪਿਆਰੇ ਹੋ, ਕ੍ਰਿਪਾ ਕਰੋ।" ਦੀਵਾਨ ਸੁਣ ਕੇ ਜਦੋਂ ਘਰ ਗਈ ਤਾਂ ਤਿੰਨੇ ਮੱਝਾ ਉਸ ਨੂੰ ਵੇਖ ਕੇ ਰਿੰਗਣ ਲੱਗ ਗਈਆਂ। ਸਰਦਾਰ ਭਜਨ ਸਿੰਘ ਦੇ ਨੌਕਰਾਂ ਨੇ ਕਿਹਾ, "ਬੀਬੀ ਜੀ! ਅਸੀਂ ਪੱਠੇ ਪਾ ਚੁੱਕੇ ਹਾਂ, ਪਰ ਮੱਝਾਂ ਦੇ ਰਿੰਗਣ ਦੀ ਗੱਲ ਅਸਾਡੀ ਸਮਝ ਤੋਂ ਪਰੇ ਹੈ।" ਮਾਈ ਨੇ ਆਪਣੀ ਰੋ ਰੋ ਕੇ ਕੀਤੀ ਅਰਦਾਸ ਚੇਤੇ ਆ ਗਈ ਭਰੋਸਾ ਕਰ ਕੇ ਥਾਪੀ ਦੇ ਕੇ ਇੱਕ ਮੱਝ ਹੇਠ ਬੈਠ ਗਈ। ਥਣਾਂ ਨੂੰ ਹੱਥ ਲਾਇਆ ਮੱਝ ਪਸਮ ਪਈ ਤੇ ਦੁੱਧ ਦੇ ਦਿੱਤਾ। ਇਸੇ ਤਰ੍ਹਾਂ ਬਾਕੀ ਦੋਹਾਂ ਨੇ ਭੀ ਦੇ ਦਿੱਤਾ। ਮਾਈਂ ਤੋਂ ਇਹ ਖ਼ੁਸ਼ੀ ਸੰਭਾਲੀ ਨਾ ਜਾਵੇ। ਸੰਤ ਜੀ ਮਹਾਰਾਜ ਦੀ ਸਰਬਗਤਾ ਦਾ ਪਿੰਡ ਵਿੱਚ ਇੱਕ ਤਰ੍ਹਾਂ ਦਾ ਹੋਕਾ ਦਿੰਦੀ ਹੀ ਫਿਰੇ। ਦੂਜੇ ਦਿਨ ਜਦੋਂ ਦੁੱਧ ਲੈ ਕੇ ਦੀਵਾਨ ਵਿੱਚ ਆਈ ਤਾਂ ਸ. ਹਰਚਰਨ ਸਿੰਘ ਜੀ ਗਰੇਵਾਲ ਢੁਡੇ ਫਾਰਮ ਵਾਲੇ ਤੇ ਹੋਰ ਪ੍ਰਬੰਧਕਾਂ ਨੂੰ ਨਾਲ ਲੈ ਕੇ ਵਰਿਆਮ ਸਿੰਘ ਹੋਰਾਂ ਪਾਸ ਆਈ ਅਤੇ ਸਾਰੀ ਵਾਰਤਾ ਦੱਸ ਕੇ ਕਹਿਣ ਲੱਗੀ ਕਿ ਇਹ ਵਾਰਤਾ ਸੰਗਤ ਨੂੰ ਦੀਵਾਨ ਪਿੱਛੋਂ ਜ਼ਰੂਰ ਹੀ ਸੁਣਾ ਦੇਵੋ। ਪਰ ਵਰਿਆਮ ਸਿੰਘ ਹੋਰੀਂ ਕਹਿਣ ਲੱਗੇ, "ਭੈਣ ਜੀ! ਇੱਥੇ ਤਾਂ ਹਰ ਰੋਜ਼ ਹੀ ਅਜੀਬ ਤੇ ਅਨੋਖੀਆਂ ਘਟਨਾਵਾਂ, ਬਖ਼ਸ਼ਿਸ਼ਾਂ ਮੈਨੂੰ ਲੋਕ ਦੱਸਦੇ ਹਨ, ਕਿਸ ਕਿਸ ਦੀ ਸੁਣਾਵਾਂ।" ਅਜਿਹੀਆਂ ਗੱਲਾਂ ਦਾ ਪ੍ਰਗਟਾਵਾ ਸੰਤ ਮਹਾਰਾਜ ਜੀ ਪਸੰਦ ਨਹੀਂ ਕਰਦੇ। ਜਦੋਂ ਸੰਤ ਮਹਾਰਾਜ ਜੀ ਦੀਵਾਨ ਵਿੱਚੋਂ ਵਾਪਸ ਬਿਲਾਸਪੁਰ ਨੂੰ ਚਲੇ ਗਏ ਤਾਂ ਸ. ਹਰਚਰਨ ਸਿੰਘ ਗਰੇਵਾਲ ਨੇ ਇਹ ਵਾਰਤਾ ਸੰਗਤ ਪ੍ਰਤੀ ਸੁਣਾ ਹੀ ਦਿੱਤੀ।

ਭਾਈ ਬੇਲਾ ਸਿੰਘ ਤੇ ਬਖ਼ਸ਼ਿਸ਼

ਬਿਲਾਸਪੁਰ ਦੇ ਨੇੜੇ ਮਖਣ ਸ਼ਾਹ ਲੁਬਾਣਾ ਫਾਰਮ ਦਾ ਇੱਕ ਪ੍ਰੇਮੀ ਭਾਈ ਬੇਲਾ ਸਿੰਘ ਜੀ ਸਮੇਤ ਪਰਵਾਰ ਬਲਵੰਤ ਫਾਰਮ ਵਿੱਚ ਹਾਜ਼ਰ ਹੋ ਕੇ ਬੇਨਤੀ ਕਰਨ ਲੱਗਾ, "ਮਹਾਰਾਜ ਜੀ! ਮੈਨੂੰ ਬਚਨ ਦੇਵੋ ਮੈਂ ਮੱਝਾਂ ਵੇਚ ਦੇਵਾਂ।" ਮਹਾਰਾਜ ਜੀ ਨੇ ਕਿਹਾ, "ਕਿਉਂ ਭਾਈ?" ਤਾਂ ਦੋਵੇਂ ਜੀਅ ਕਹਿਣ ਲੱਗੇ ਅਸਾਡੇ ਘਰ ਬਾਲਟੀ ਭਰ ਕੇ ਦੇਣ ਵਾਲੀ ਮੱਝ ਭੀ ਜਦੋਂ ਪੈਰ ਪਾਉਂਦੀ ਹੈ, ਤਾਂ ਦੁੱਧ ਖ਼ਤਮ ਹੋ ਜਾਂਦਾ ਹੈ। ਬਹੁਤ ਪੈਸਾ ਬਰਬਾਦ ਕਰ ਚੁੱਕੇ ਹਾਂ। ਹੁਣ ਆਪ ਜੀ ਦੀ ਸ਼ਰਨ ਆਏ ਹਾਂ। ਕ੍ਰਿਪਾ ਕਰੋ ਬਚਨ ਕਰੋ।" ਮਹਾਰਾਜ ਜੀ ਕਹਿਣ ਲੱਗੇ ਕਿ ਭਾਈ! ਅਸਾਡੇ ਪਾਸ ਤਾਂ ਸਾਰੇ ਰੋਗਾਂ ਵਿਘਨਾਂ, ਗ੍ਰੈਹਾਂ ਦਾ ਇੱਕ ਇਲਾਜ ਵਾਹਿਗੁਰੂ ਜੀ ਦਾ ਨਾਮ ਹੈ। ਤੁਸੀਂ ਨਾਮ ਜਪਿਆ ਕਰੋ। ਅੰਮ੍ਰਿਤ ਛਕ ਕੇ ਸਾਰਾ ਪਰਵਾਰ ਸਿੰਘ ਸਜੋ। ਮਾਸ, ਸ਼ਰਾਬ, ਨਸ਼ਿਆਂ ਦਾ ਸੇਵਨ ਛੱਡ ਕੇ ਸਤੋਗੁਣੀ ਭੋਜਨ ਖਾਇਆ ਕਰੋ ਅਤੇ ਹਫ਼ਤੇਵਾਰੀ ਸਤਸੰਗ ਕਰਿਆ ਕਰੋ। ਤੁਹਾਡੇ ਘਰੋਂ ਦੁੱਧ ਨਹੀਂ ਜਾਵੇਗਾ। ਭਾਈ ਬੇਲਾ ਸਿੰਘ ਜੀ ਦੇ ਘਰ ਅੱਜ ਦੁੱਧ ਦਿੰਦੀਆਂ ਕਈ ਮੱਝਾਂ ਹਨ ਅਤੇ ਉਹ ਆਪਣੀ ਵਾਰਤਾ ਲੋਕਾਂ ਨੂੰ ਦੱਸ ਕੇ ਸਤਸੰਗਤ ਵੱਲ ਪ੍ਰੇਰਦਾ ਰਹਿੰਦਾ ਹੈ।

ਤਰਾਈ ਦੇ ਪ੍ਰੇਮੀ

ਕਰਨਲ ਲਾਲ ਸਿੰਘ ਜੀ

ਆਪ ਪਟਿਆਲਾ ਫੌਜ ਵਿੱਚ ਕਰਨਲ ਸਨ। ਰੁਦਰਪੁਰ ਦੇ ਨੇੜੇ ੬੮੫ ਏਕੜ ਦਾ ਫਾਰਮ ਬਾਰਾਂਦਰੀ ਫਾਰਮ ਦੇ

ਨਾਮ ਤੇ ਇਨ੍ਹਾਂ ਦਾ ਫਾਰਮ ਹੈ। ਆਪ ਬੜੇ ਦਾਨੀ ਸਨ। ਰੀਠਾ ਸਾਹਿਬ ਲਈ ਸਾਰੀ ਜ਼ਮੀਨ ਆਪ ਨੇ ਖਰੀਦ ਕੇ ਦਾਨ ਕੀਤੀ ਸੀ। ਇਹ ਸੰਤ ਮਹਾਰਾਜ ਜੀ ਤੇ ਪੂਰੀ ਸ਼ਰਧਾ ਰੱਖਦੇ ਸਨ। ਮਹਾਰਾਜ ਜੀ ਇਨ੍ਹਾਂ ਦੀ ਸਚਾਈ, ਸੇਵਾ, ਨਿਰਮਾਣਤਾ ਦੀ ਬਹੁਤ ਕਦਰ ਕਰਦੇ ਸਨ। ਇਨ੍ਹਾਂ ਦੇ ਦੋ ਲੜਕੇ ਫੌਜ ਵਿੱਚ ਬਹੁਤ ਵੱਡੇ ਔਹਦਿਆਂ ਤੇ ਹਨ ਅਤੇ ਕਰਨਲ ਸਾਹਿਬ ਵਾਂਗੂ ਬਹੁਤ ਨਿੰਮਰਤਾ ਸੁਭਾਵ ਦੇ ਮੇਲ ਮਿਲਾਪੜੇ ਹਨ। ਸੰਤ ਮਹਾਰਾਜ ਜੀ ਦੇ ਦੀਵਾਨਾਂ ਪਿੱਛੋਂ ਉਹ ਜੂਨ ਵਿੱਚ ਦਿਲ ਫੇਹਲ ਹੋ ਜਾਣ ਕਰ ਕੇ ਸਦੀਵੀ ਵਿਛੋੜਾ ਦੇ ਗਏ। ਮਹਾਰਾਜ ਜੀ ਨੇ ਉਨ੍ਹਾਂ ਦੇ ਜਾਣ ਤੇ ਕੌਮ ਨੂੰ ਪਿਆ ਘਾਟਾ ਮਹਿਸੂਸ ਕਰ ਕੇ ਵਰਿਆਮ ਸਿੰਘ ਪਾਸ ਬਹੁਤ ਅਫ਼ਸੋਸ ਪਰਗਟ ਕੀਤਾ।

ਗਿਆਨੀ ਹਰਿੰਦਰ ਸਿੰਘ ਜੀ

ਇਨ੍ਹਾਂ ਦਾ ਪਿਛਲਾ ਪਿੰਡ ਰਾਮਪੁਰ ਹੈ ਅਤੇ ਇਨ੍ਹਾਂ ਸਾਰੇ ਭਰਾਵਾਂ ਦਾ ਜਨਮ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਦੇ ਬਚਨਾਂ ਨਾਲ ਹੋਇਆ ਸੀ। ਕਪਤਾਨ ਸੱਦਾ ਸਿੰਘ, ਇਨ੍ਹਾਂ ਦੇ ਪਿਤਾ ਜੀ ਭੀ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਸੇਵਕ ਸਨ। ਇਹ ਸੱਤ ਭਰਾ ਹਨ ਪਰ ਸਾਰੇ ਹੀ ਸਿੱਖੀ ਨਾਲ ਅਤੁੱਟ ਪਿਆਰ ਰੱਖਦੇ ਹਨ। ਇਨ੍ਹਾਂ ਤੇ ਭੀ ਗੁਰੂ ਮਹਾਰਾਜ ਜੀ ਦੀ ਬਹੁਤ ਬਖ਼ਸ਼ਿਸ਼ ਹੈ। ਜ਼ਮੀਨ ਤੇ ਮਾਇਆ ਦੇ ਗੱਫੇ ਖੁੱਲ੍ਹੇ ਦਿੱਤੇ ਹਨ। ਆਏ ਸਾਧੂ ਸੰਤ ਦੀ ਸੇਵਾ ਲਈ ਪੂਰਾ ਤਾਣ ਲਾਉਂਦੇ ਹਨ। ਗਿਆਨੀ ਹਰਿੰਦਰ ਸਿੰਘ ਜੀ ਧਾਰਮਿਕ ਰੁਚੀਆਂ ਦੇ ਸਿੰਘ ਹਨ ਅਤੇ ਗੁਰਸਿੱਖੀ ਦਾ ਪ੍ਰਚਾਰ ਕਰਨ ਲਈ ਬਹੁਤ ਉਤਸ਼ਾਹ ਰੱਖਦੇ ਸਨ।

ਵਰਿਆਮ ਸਿੰਘ ਹੋਰਾਂ ਦੇ ਬਹੁਤ ਹੀ ਨੇੜੇ ਦੇ ਮਿੱਤਰ ਹੋਣ ਕਰ ਕੇ ਸੰਤ ਮਹਾਰਾਜ ਜੀ ਦੇ ਸ਼ਰਧਾਲੂ ਬਣੇ ਅਤੇ ਮਹਾਰਾਜ ਜੀ ਦੇ ਤਰਾਈ ਦੇ ਦੌਰਿਆਂ ਸਮੇਂ ਸਾਰਾ ਸਮਾਂ ਮਹਾਰਾਜ ਜੀ ਦੀ ਸੇਵਾ ਵਿੱਚ ਹਾਜ਼ਰ ਰਹੇ ਅਤੇ ਆਪਣੀਆਂ ਕਾਰਾਂ, ਟਰੈਕਟਰ ਟਰਾਲੀਆਂ ਸੇਵਾ ਲਈ ਹਾਜ਼ਰ ਕਰਦੇ ਰਹੇ। ਵਰਿਆਮ ਸਿੰਘ ਹੋਰਾਂ ਨਾਲ ਮਿਲ ਕੇ ਮਹਾਰਾਜ ਜੀ ਦੇ ਹੁਕਮ ਅਨੁਸਾਰ ਤਰਾਈ ਸਿੱਖ ਮਿਸ਼ਨ ਦੇ ਪਰਧਾਨ ਪਦ ਤੇ ਸੇਵਾ ਕਰਦੇ ਰਹੇ। ਮਹਾਰਾਜ ਜੀ ਦੇ ਸਦੀਵੀ ਵਿਛੋੜੇ ਸਮੇਂ ਸੰਗਤਾਂ ਸਮੇਤ ਰਾੜੇ ਸਾਹਿਬ ਹਾਜ਼ਰੀ ਭਰਦੇ ਰਹੇ।

ਭਾਈ ਵਰਿਆਮ ਸਿੰਘ ਗਿੱਲ

ਇਹਨਾਂ ਦੀ ਜਾਣ ਪਛਾਣ ਵੇਰਵੇ ਸਹਿਤ ਪਹਿਲੇ ਆ ਚੁੱਕੀ ਹੈ। ਇਹ ਮਹਾਰਾਜ ਜੀ ਦੇ ਪਰਮ ਸ਼ਰਧਾਲੂਆਂ ਵਿੱਚੋਂ ਹਨ। ਸੰਤ ਮਹਾਰਾਜ ਜੀ ਪਟਿਆਲੇ ਰਾਜਪੁਰਾ ਕਾਲੋਨੀ ਦੇ ਦੀਵਾਨ, ਚੰਡੀਗੜ੍ਹ ਦੇ ਦੀਵਾਨ ਇਨ੍ਹਾਂ ਦੀ ਬੇਨਤੀ ਤੇ ਦਿੰਦੇ ਰਹੇ ਸਨ। ਸੰਤ ਮਹਾਰਾਜ ਦੇ ਬਚਨਾਂ ਅਨੁਸਾਰ ਇਹ ਪੰਜਾਬ ਸਿਵਲ ਸੈਕਟਰੀਏਟ ਦੀ ਸਰਵਿਸ ਛੱਡ ਕੇ ਆਪਣੇ ਫਾਰਮ ਫੈਜ਼ਗੰਜ ਤਹਸੀਲ ਬਿਲਾਸਪੁਰ ਵਿੱਚ ਚਲੇ ਗਏ। ਆਪਣੇ ਫਾਰਮ ਦੇ ਕੰਮਾਂ ਤੋਂ ਵੇਹਲੇ ਹੋ ਕੇ ਇਹ ਐਤਵਾਰ ਦੇ ਦੀਵਾਨ ਦੂਰ ਦੂਰ ਪਿੰਡਾਂ ਵਿੱਚ ਕਰਦੇ ਹਨ। ਸਾਰੇ ਧਰਮਾਂ ਤੇ ਸੰਪਰਦਾਵਾਂ ਦੇ ਧਾਰਣੀ ਸਤਸੰਗਾਂ ਵਿੱਚ ਹਾਜ਼ਰ ਹੁੰਦੇ ਹਨ। ਇਨ੍ਹਾਂ ਦੇ ਘਰੋਂ ਬੀਬੀ ਰਣਜੀਤ ਕੌਰ ਬਹੁਤ ਸੰਤ ਸੇਵੀ ਤੇ ਮਹਾਰਾਜ ਜੀ ਦੇ ਵਿਸ਼ਵਾਸ਼ ਰੱਖਣ ਵਾਲੇ ਹਨ। ਵੱਡਾ ਲੜਕਾ ਮਨਜੀਤ ਸਿੰਘ ਅਮਰੀਕਾ ਵਿੱਚ ਇੰਜੀਨੀਅਰ ਹੈ। ਸੰਤ ਮਹਾਰਾਜ ਜੀ ਦੀ ਇਸ ਪਰਵਾਰ ਤੇ ਅਪਾਰ ਬਖ਼ਸ਼ਿਸ਼ ਹੈ। ਤਰਾਈ ਦੇ ਦੌਰੇ ਇਸ ਪਰਵਾਰ ਦੇ ਉੱਦਮ ਕਰ ਕੇ ਹੋਏ ਹਨ ਜਿਸ ਤੋਂ ਬਹੁਤ ਸਾਰੇ ਪ੍ਰੇਮੀਆਂ ਦਾ ਭਲਾ ਹੋਇਆ। ਸੰਤ ਮਹਾਰਾਜ ਜੀ ਦੇ ਪ੍ਰੇਮੀ, ਮਹਾਰਾਜ ਜੀ ਦੇ ਸੰਸਾਰ ਤੋਂ ਚਲੇ ਜਾਣ ਪਿੱਛੋਂ, ਭਾਈ ਵਰਿਆਮ ਸਿੰਘ ਦੁਆਲੇ ਸਤਸੰਗ ਕਰ ਕੇ ਮਹਾਰਾਜ ਜੀ ਦੇ ਪਰਮ ਸਤ ਉਪਦੇਸ਼ਾਂ ਨਾਲ ਜੁੜ ਕੇ ਆਪਣੀ ਜੀਵਨ ਯਾਤਰਾ ਸਤਸੰਗ ਮੰਡਲ ਦੇ ਸਹਾਰੇ ਬਿਤਾ ਰਹੇ ਹਨ।

ਗਿਆਨੀ ਸਾਧੂ ਸਿੰਘ ਜੀ ਹਾਂਸ

ਇਨ੍ਹਾਂ ਦਾ ਫਾਰਮ ਨਝੌਲਾ, ਜ਼ਿਲ੍ਹਾ ਪੀਲੀਭੀਤ ਦੇ ਨੇੜੇ ਹੈ। ਇਹ ਬਚਪਨ ਵਿੱਚ ਮਹਾਰਾਜ ਜੀ ਦੇ ਜਥੇ ਵਿੱਚ ਸ਼ਾਮਲ ਰਹੇ ਸਨ। ਹੁਣ ਚੰਗਾ ਫਾਰਮ ਚਲਾਉਂਦੇ ਹਨ ਤੇ ਗੁਰਸਿੱਖੀ ਦੇ ਧਾਰਨੀ ਹਨ। ਇਨ੍ਹਾਂ ਦਾ ਪਿਛਲਾ ਪਿੰਡ ਹਾਂਸ, ਜ਼ਿਲ੍ਹਾ ਲੁਧਿਆਣਾ ਹੈ।

ਸ. ਹਰਚੰਦ ਸਿੰਘ ਜੀ ਬਰਾੜ ਬਾਜਪੁਰ

ਇਹ ਬਹੁਤ ਹੀ ਸ਼ਰੀਫ ਕਿਸਮ ਦੇ ਗੁਰਸਿੱਖ ਹਨ ਅਤੇ ਬਹੁਤ ਵੱਡਾ ਫਾਰਮ ਰਣਜੀਤ ਫਾਰਮ ਦੇ ਨਾਮ ਤੇ ਬਾਜਪੁਰ ਦੇ ਨਾਲ ਲੱਗਦਾ ਹੈ। ਮਹਾਰਾਜ ਜੀ ਦੇ ਤਰਾਈ ਦੌਰਿਆਂ ਸਮੇਂ ਆਪ ਬਾਜਪੁਰ, ਕਾਸ਼ੀਪੁਰ ਦੀਵਾਨਾਂ ਵਿੱਚ ਹਾਜ਼ਰ ਹੁੰਦੇ ਰਹੇ। ਇਹ ਸ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਚੀਫ ਮਨਿਸਟਰ ਪੰਜਾਬ ਦੇ ਰਿਸ਼ਤੇਦਾਰ ਹਨ।

ਭਾਈ ਅੱਲਾ ਰੱਖਾ

ਇਹ ਗ਼ਰੀਬ ਮੁਸਲਮਾਨ ਬਲਵੰਤ ਫਾਰਮ ਵਿੱਚ ਮਹਾਰਾਜ ਜੀ ਦਾ ਮੁਰੀਦ ਬਣਿਆ। ਇਸ ਨੂੰ ਮਹਾਰਾਜ ਜੀ ਤੇ ਅਪਾਰ ਸ਼ਰਧਾ ਹੈ। ਫੇਰ ਇਹ ਸ. ਸੰਤੋਖ ਸਿੰਘ ਰੰਧਾਵਾ ਰਾਜ ਮੰਤਰੀ ਪੰਜਾਬ ਦਾ ਨੌਕਰ ਹੋ ਗਿਆ ਹੈ। ਸੰਤ ਮਹਾਰਾਜ ਜੀ ਜੋਤੀ ਜੋਤ ਸਮਾਉਣ ਸਮੇਂ ਇਸ ਨੂੰ ਸੁਪਨੇ ਵਿੱਚ ਮਿਲ ਕੇ ਕਹਿਣ ਲੱਗੇ, "ਰੱਖਿਆ। ਅਸੀਂ ਜਾ ਰਹੇ ਹਾਂ ਤੂੰ ਸੇਵਾ ਕਰ ਲੈ।" ਇਹ ਚਰਨ ਘੁੱਟਦਾ ਦੇਰ ਤੀਕਰ ਨਾ ਜਾਗਿਆ। ਬੀਬੀ ਮਨਜੀਤ ਕੌਰ ਪਤਨੀ ਰੰਧਾਵਾ ਸਾਹਿਬ ਨੇ ਆ ਕੇ ਇਸ ਨੂੰ ਜਗਾਇਆ ਏਸ ਨੇ ਕਿਹਾ ਬੀਬੀ ਜੀ ਮੇਰੇ ਮੁਰਸ਼ਦ ਰਾੜੇ ਵਾਲੇ ਬਾਬੇ ਆਏ ਹੋਏ ਸਨ। ਤੁਸੀਂ ਮੈਨੂੰ ਜਗਾ ਕੇ ਚੰਗਾ ਨਹੀਂ ਕੀਤਾ। ਇੰਨੇ ਨੂੰ ਇਸ ਨੂੰ ਪਤਾ ਲੱਗਾ ਕਿ ਬਾਬਾ ਜੀ ਤਾਂ ਇੰਗਲੈਂਡ ਵਿੱਚ ਜੋਤੀ ਜੋਤ ਸਮਾ ਗਏ ਹਨ। ਇਹ ਨਿਆਸਰਾ ਗ਼ਰੀਬ ਧਾਹਾਂ ਮਾਰਦਾ ਰਾੜੇ ਸਾਹਿਬ ਨੂੰ ਭੱਜਾ ਆਇਆ ਅਤੇ ਮਹਾਰਾਜ ਜੀ ਦੀ ਤਸਵੀਰ ਅੱਗੇ ਲਿਲਕੜੀਆਂ ਲੈਂਦਾ ਬੈਠਾ ਰੋਂਦਾ ਰਿਹਾ। ਇਹ ਹੈ ਅਸਲੀ ਪਿਆਰ ਦੀ ਨਿਸ਼ਾਨੀ ਜੋ ਵਾਹਿਗੁਰੂ ਮਿਲਾਪ ਦਾ ਰਸਤਾ ਹੈ।

ਪ੍ਰੇਮਾ ਭਗਤੀ

ਇਹ ਇੱਕ ਜੁਗਤ ਪ੍ਰਸਿੱਧ ਸਚਾਈ ਹੈ ਦ੍ਰਿਸ਼ਟਮਾਨ ਜਗਤ ਦੇ ਨਿਜ਼ਾਮ ਨੂੰ ਕੋਈ ਅਦ੍ਰਿਸ਼ਟ ਸੱਤਾ ਚਲਾ ਰਹੀ ਹੈ। ਇਸ ਦੀ ਅਨੇਕਤਾ ਦੀ ਮਾਲਾ ਦੇ ਮਣਕੇ ਕਿਸੇ ਏਕਤਾ ਦੇ ਧਾਗੇ ਵਿੱਚ ਪਰੋਏ ਹੋਏ ਹਨ। ਇਸ ਦੇ ਅਣਗਿਣਤ ਰੰਗ ਕਿਸੇ ਬੇਰੰਗ ਝਲਕ ਤੋਂ ਪੈਦਾ ਹੋ ਰਹੇ ਹਨ। ਇਸ ਦਾ ਚੱਲ ਰਿਹਾ ਪ੍ਰਵਾਹ ਕਿਸੇ ਸ਼ਾਂਤ (ਸਕੂਨਤ) ਦੇ ਆਸਰੇ ਹੈ। ਇਹ ਖੋਜ ਪੈਰੋ ਪੈਰ ਡੂੰਘੇਰੀ ਹੁੰਦੀ ਗਈ ਤੇ ਓੜਕ ਖੋਜੀ ਕਿਸੇ ਰੰਗ ਵਿੱਚ ਮਸਤ ਹੋ ਚੁੱਪ ਹੋ ਗਏ। ਜਿਨ੍ਹਾਂ ਨੂੰ ਨਾ ਲੱਭਾ, ਉਨ੍ਹਾਂ ਮੰਨਣੋਂ; ਤੇ ਜਿਹਨਾਂ ਨੂੰ ਲੱਭ ਪਿਆ, ਉਨ੍ਹਾਂ ਕੁੱਝ ਕਹਿਣੋਂ ਇਨਕਾਰ ਕਰ ਦਿੱਤਾ। ਅਰਸਤੂ ਜੈਸੇ ਫਿਲਾਸਫ਼ਰ ਅੱਕ ਕੇ ਇਨਕਾਰੀ ਹੋ ਗਏ ਤੇ ਕਬੀਰ ਜਿਹੇ ਰਸਕਾਂ ਨੇ ਕੁੱਝ ਕਹਿਣ ਤੋਂ ਅਸਮਰਥਾ ਪ੍ਰਗਟ ਕੀਤੀ। ਇਸ ਕਸ਼ਮਕਸ ਦੀ ਦੁਨੀਆਂ ਨੇ ਕਈ ਫਲਸਫ਼ੇ, ਮਜ਼ਹਬ, ਸ਼ਰੀਅਤਾਂ ਤੇ ਪੰਥ ਖੜ੍ਹੇ ਕੀਤੇ। ਇਨਾਂ ਦੀ ਸਮਝ ਆਪੋ ਆਪਣੀ, ਤਰੀਕੇ ਅੱਡੋ ਅੱਡ ਤੇ ਨਿਸਚੇ ਵੱਖੋ ਵੱਖਰੇ ਸਨ, ਪਰ ਨਿਸ਼ਚਾ ਅਦ੍ਰਿਸ਼ਟ ਦੀ ਢੂੰਡ ਦੀ ਸੀ ਜਿਸ ਕਰ ਕੇ ਸਭਨਾਂ ਦੇ ਮੂੰਹੋਂ ਇੱਕ ਸਦ ਨਿੱਕਲੀ ਕਿ ਉਹ ਭਗਤੀ ਬਿਨਾਂ ਨਹੀਂ ਪਾਇਆ ਜਾਂਦਾ ਤੇ ਭਗਤੀ ਪ੍ਰੇਮ ਬਿਨਾਂ ਨਹੀਂ ਹੁੰਦੀ।

ਯਥਾ: ***ਸਾਚ ਕਹੌ ਸੁਨਿ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ ॥***

(ਸ੍ਰੀ ਦਸਮ ਗ੍ਰੰਥ ਵਿੱਚੋਂ)

ਹੋਰ ਭੀ ਬੇਅੰਤ ਸੱਜਣ ਤਰਾਈ ਵਿੱਚ ਹਨ ਇਨ੍ਹਾਂ ਵਿੱਚੋਂ ਸ. ਨਸੀਬ ਸਿੰਘ ਜੀ ਨਵਾਬਨਗਰ ਫਾਰਮ ਵਾਲੇ ਉਪਦੇਸ਼ ਲੈ ਕੇ ਸਾਧੂ ਹੀ ਬਣ ਗਏ ਹਨ। ਹਰ ਸਮੇਂ ਬੁੱਲ੍ਹ ਹਿੱਲਦੇ ਰਹਿੰਦੇ ਹਨ। ਆਪਣੀਆਂ ਟਰੈਕਟਰ, ਟਰਾਲੀਆਂ, ਟਰੱਕ, ਕਾਰ, ਸਤਸੰਗਤ ਸੇਵਾ ਲਈ ਹਾਜ਼ਰ ਰੱਖਦੇ ਹਨ, ਸੰਗਤਾਂ ਨੂੰ ਧਰਮ ਅਸਥਾਨ ਤੇ ਲਿਜਾਣ ਲਈ ਖ਼ਰਚ ਆਪਣੇ ਪਾਸੋਂ ਕਰਦੇ ਹਨ। ਮਹਾਰਾਜ ਜੀ ਦੇ ਪੂਰਨ ਸ਼ਰਧਾਲੂ ਹਨ।

ਸਿੱਖ ਬੱਚੀ ਦੇ ਦਿਲੀ ਵਲਵਲੇ

ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥
ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਉ ॥੧੬॥ (ਤਿਲੰਗ ਮਃ ੪ - ੭੨੬)

ਪਾਰਸ ਦਾ ਇਹ ਗੁਣ ਹੈ ਕਿ ਅੱਠਾਂ ਧਾਤਾਂ ਵਿੱਚੋਂ ਜਿਸ ਨਾਲ ਵੀ ਛੋਂਹਦਾ ਹੈ ਉਸ ਨੂੰ ਸੋਨਾ ਬਣਾ ਦਿੰਦਾ ਹੈ। ਮਹਿਕ ਅਤੇ ਸੁਗੰਧੀ ਨਾਲ ਭਰਪੂਰ ਰਹਿਣ ਵਾਲਾ ਚੰਦਨ ਦਾ ਬ੍ਰਿਛ ਆਪਣੇ ਚੌਗਿਰਦੇ ਨੂੰ ਸੁਗੰਧਤ ਕਰ ਦਿੰਦਾ ਹੈ। ਇਸੇ ਤਰ੍ਹਾਂ ਪੂਰਨ ਸਾਧੂ, ਮਹਾਂਪੁਰਖ ਅਥਵਾ ਪੂਰਨ ਸਤਿਗੁਰੂ ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਦੀ ਸ਼ਰਨ ਵਿੱਚ ਕੈਸਾ ਵੀ ਮਲੀਨ, ਵਿਕਾਰੀ, ਪਾਪੀ ਜਾਂ ਕਠੋਰ ਪੁਰਸ਼ ਆ ਜਾਵੇ ਉਸ ਦੇ ਬੇੜੇ ਪਾਰ ਕਰ ਦਿੰਦੇ ਹਨ। ਜਦੋਂ ਪੂਰਬ ਜਨਮ ਦੇ ਪੁੰਨ ਕਰਮਾਂ ਦਾ ਉਦੈ ਹੁੰਦਾ ਹੈ ਅਤੇ ਅਕਾਲ ਪੁਰਖ ਦੀ ਇਸ ਜੀਵ ਤੇ ਵਿਸ਼ੇਸ਼ ਮਿਹਰ ਹੁੰਦੀ ਹੈ ਤਾਂ ਇਸ ਪ੍ਰਾਣੀ ਨੂੰ ਪੂਰਨ ਗੁਰੂ ਦੀ ਸ਼ਰਧਾ ਨਸੀਬ ਹੁੰਦੀ ਹੈ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ ***(ਗਉੜੀ ਮਃ ੫ - ੨੦੪)***

ਦਸੰਬਰ-ਜਨਵਰੀ ੧੯੬੫ ਨੂੰ ਵਾਹਿਗੁਰੂ ਦੀ ਕ੍ਰਿਪਾ ਹੋਈ। ਕਾਲਜ ਵਿੱਚ ਛੁੱਟੀਆਂ ਹੋਈਆਂ, ਜਿਨ੍ਹਾਂ ਨੂੰ ਮਨਾਉਣ ਲਈ ਅਸੀਂ ਆਪਣੇ ਭਾਈ ਸਾਹਿਬ ਪਾਸ ਮਲੇਰਕੋਟਲੇ ਤੋਂ ਸੰਗਰੂਰ ਜਾਣ ਵਾਲੀ ਸੜਕ ਤੇ ਅਸਥਿਤ 'ਧੂਰੀ' ਸ਼ਹਿਰ ਪਹੁੰਚੇ। ਆਉਂਦਿਆਂ ਹੀ ਪਤਾ ਲੱਗਾ ਕਿ ਸਰਬ ਉਪਮਾਯੋਗ, ਗੁਰਬਾਣੀ ਦੇ ਮਹਾਨ ਰਸੀਏ 'ਸੰਤ ਈਸ਼ਰ ਸਿੰਘ ਜੀ ਮਹਾਰਾਜ' ਰਾੜੇ ਸਾਹਿਬ ਵਾਲਿਆਂ ਦੇ ਦੀਵਾਨ ਹਨ।

ਆਪ ਜੀ ਦੇ ਦੀਵਾਨ ਰੇਲਵੇ ਸਟੇਸ਼ਨ ਦੇ ਸਾਹਮਣੇ ਜੋ ਖੰਡ ਦਾ ਕਾਰਖਾਨਾ ਹੈ, ਉਸ ਦੇ ਅੱਗੇ ਖੁੱਲ੍ਹੇ ਚੌੜੇ ਮੈਦਾਨ

ਵਿੱਚ ਸਜ ਰਹੇ ਸਨ। ਚਹੁੰ ਕੁੰਟਾਂ ਤੋਂ ਸੰਗਤ ਬੱਸਾਂ ਗੱਡੀਆਂ ਰਾਹੀਂ ਅਤੇ ਪੈਦਲ ਇਸ ਮਿੱਠ ਬੋਲੜੇ ਪ੍ਰੀਤਮ ਦੇ ਦਰਸ਼ਨ ਕਰਨ ਦੀ ਸਿੱਕ ਅਤੇ ਅੰਮ੍ਰਿਤ ਬਚਨ ਸੁਣਨ ਦੀ ਚਾਹ ਦਿਲਾਂ ਵਿੱਚ ਲੈ ਕੇ ਉਸ ਪਾਸੇ ਖੁੱਲ੍ਹੇ ਪੰਡਾਲ ਵੱਲ (ਜਿੱਥੇ ਦੂਰ ਦੂਰ ਤੱਕ ਸ਼ਾਮਿਆਨੇ ਕਨਾਤਾਂ ਲੱਗੀਆਂ ਹੋਈਆਂ ਸਨ) ਵਹੀਰਾਂ ਘੱਤੀ ਜਾ ਰਹੀਆਂ ਸਨ। ਇਹ ਕੀਟ ਵੀ ਕਿਸੇ ਗੁਪਤ ਮਿਹਰ ਦਾ ਪ੍ਰੇਰਿਆ ਹੋਇਆ ਉਸ ਰੂਹਾਨੀ ਦਰਬਾਰ ਵਿੱਚ ਜਾ ਪਹੁੰਚਿਆ ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਇੱਕ ਰਸ ਬੈਠੀਆਂ ਗੁਰਬਾਣੀ ਦਾ ਅਨੰਦ ਮਾਣ ਰਹੀਆਂ ਸਨ। ਕੁੱਝ ਕੁ ਮਿੰਟਾਂ ਬਾਅਦ ਹੀ ਕਾਰ ਦਾ ਹੌਰਨ ਸੁਣਾਈ ਦਿੱਤਾ। ਕੋਨੇ ਕੋਨੇ ਵਿੱਚੋਂ ਅਵਾਜ਼ ਆਉਣ ਲੱਗੀ, "ਬਾਬਾ ਜੀ ਆ ਗਏ, ਸੰਤ ਜੀ ਆ ਗਏ।" ਦੋ ਚਾਰ ਮਿੰਟਾਂ ਬਾਅਦ ਹੀ ਸਾਧੂਆਂ ਦੇ ਸਿਰਤਾਜ ਮਹਾਨ ਤੇਜਸਵੀ ਤੇ ਹੰਸੂ ਹੰਸੂ ਕਰਦੇ ਮੁਖੜੇ ਵਾਲੇ ਦਾਤਾਰ ਨੇ ਪੰਡਾਲ ਵਿਖੇ ਆਪਣੇ ਮੁਬਾਰਿਕ ਚਰਨ ਪਾਏ ਅਤੇ ਦਸਾਂ ਗੁਰੂ ਸਾਹਿਬਾਨ ਦੇ ਪ੍ਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸ਼ਕਾਰ ਕਰਨ ਤੋਂ ਬਾਅਦ ਖੱਬੇ ਪਾਸੇ ਸਾਧ ਸਭਾ ਵਿੱਚ ਸਜ ਗਏ। ਅਕਾਸ਼ ਵਿੱਚ ਭਾਵੇਂ ਲੱਖਾਂ ਤਾਰੇ ਟਿਮਟਿਮਾਉਂਦੇ ਰਹਿਣ ਪਰ ਇੱਕ ਚੰਦ੍ਰਮਾ ਦੇ ਨਿਕਲਣ ਨਾਲ ਅਕਾਸ਼ ਅਤੇ ਤਾਰਿਆਂ ਦਾ ਨੂਰ ਹੋਰ ਦਾ ਹੋਰ ਹੋ ਜਾਂਦਾ ਹੈ। ਇਸੇ ਤਰ੍ਹਾਂ ਆਪ ਜੀ ਦੇ ਸੰਗਤ ਵਿਖੇ ਪ੍ਰਵੇਸ਼ ਕਰਨ ਨਾਲ ਪੰਡਾਲ ਦੀ ਸੋਭਾ ਦੂਣ ਸਵਾਈ ਹੋ ਗਈ। ਹਰ ਆਸਤਕ ਨਾਸਤਕ ਪ੍ਰਾਣੀ ਦਾ ਮਨ ਇਸ ਨੂਰਾਨੀ ਮੁਖੜੇ ਵਾਲੇ ਦਾਤਾਰ ਦੇ ਚਰਨਾਂ ਵਿੱਚ ਆਪਣੇ ਆਪ ਝੁਕ ਰਿਹਾ ਸੀ। ਕੁੱਝ ਸਮੇਂ ਬਾਅਦ ਜਦੋਂ ਆਪ ਜੀ ਨੇ ਪਾਵਨ ਹੱਥਾਂ ਨਾਲ ਵਾਜੇ ਦੀਆਂ ਸੁਰਾਂ ਦੱਬੀਆਂ ਤੇ ਸਹਿਜੇ ਹੀ ਮਿੱਠੀ ਧੁਨ ਵਿੱਚ ਸ਼ਬਦ ਦਾ ਉਚਾਰਨ ਕੀਤਾ ਤਾਂ ਮਾਨੋ ਅੰਮ੍ਰਿਤ ਦੇ ਝਰਨੇ ਹੀ ਝਰਨ ਲੱਗ ਪਏ।

ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ (ਗਉੜੀ ਵਾਰ-੨ ਮਃ ੫ - ੩੨੦)

ਆਪ ਜੀ ਨੇ ਗੁਰੂ ਸ਼ਰਨ ਵਿੱਚ ਚੱਲ ਕੇ ਆਉਣ, ਗੁਰੂ ਨੂੰ ਨਮਸ਼ਕਾਰ ਕਰਨ ਅਤੇ ਗੁਰਬਾਣੀ ਪੜ੍ਹਨ ਸੁਣਨ ਦੇ ਵਿਸ਼ੇਸ਼ ਫ਼ਲਾਂ ਦਾ ਵਰਨਣ ਕੀਤਾ ਅਤੇ ਨਾਲ ਹੀ ਨਿਗੁਰੇ ਰਹਿਣ ਦੇ ਦੋਸ਼ਾਂ ਦਾ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਉਚਾਰਣ ਕੀਤਾ ਜਿਨ੍ਹਾਂ ਵਿੱਚੋਂ ਇੱਕ ਧਾਰਨਾ ਜੋ ਅਜੇ ਵੀ ਐਟਮ ਦੇ ਧਮਾਕੇ ਵਾਂਗ ਕੰਨਾਂ ਵਿੱਚ ਗੂੰਜ ਰਹੀ ਹੈ ਉਹ ਇਹ ਸੀ:

ਕਾਵਾਂ ਕੁੱਤਿਆਂ ਗਧਿਆਂ ਦੀ ਜੂਨੀ ਪੈਣਗੇ, ਜਿਨ੍ਹਾਂ ਨੇ ਗੁਰੂ ਨਹੀਓਂ ਧਾਰਿਆ।

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥ *(ਸਹਸਕ੍ਰਿਤੀ ਮਃ ੫ - ੧੩੫੬)*

ਭਾਰੀ ਤਪੱਸਿਆ ਅਤੇ ਭਾਰੀ ਕਮਾਈ ਦੀ ਕੁਠਾਲੀ ਵਿੱਚੋਂ ਰੱਤੇ ਆਏ ਇਸ ਸ਼ਬਦ ਨੇ ਕਾਇਆਂ ਹੀ ਪਲਟ ਦਿੱਤੀ। ਸਕੂਲ ਕਾਲਜ ਵਿੱਚ ਬਿਤਾਏ ਚੌਦਾਂ ਪੰਦਰਾਂ ਸਾਲ ਦੇ ਲੰਬੇ ਅਰਸੇ ਤੇ ਨਜ਼ਰ ਮਾਰੀ ਕੋਈ ਸਮਾਂ ਐਸਾ ਨਾ ਦਿਸਿਆ ਜਦੋਂ ਕਿਸੇ ਕਾਮਲ ਤੋਂ ਵੀ ਕਾਮਲ ਉਸਤਾਦ ਨੇ ਅਜਿਹਾ ਉਪਦੇਸ਼ ਸੁਣਾਇਆ ਹੋਵੇ ਪਰ ਰਾਜੇ ਜਨਕ ਦੇ ਭੁਲੇਖੇ ਵਾਂਗ ਮਨ ਸਾਰਾ ਦਿਨ ਇਸੇ ਦੁਬਿਧਾ ਵਿੱਚ ਰਿਹਾ ਕਿ ਇਹ ਸੱਚਾ ਕਿ ਉਹ ਸੱਚਾ। ਇਹ ਵਿੱਦਿਆ ਸੱਚੀ ਕਿ ਉਹ ਸੱਚੀ। ਪ੍ਰੰਤੂ ਦੂਸਰੇ ਦਿਨ ਹੀ ਅੰਤਰਯਾਮੀ ਦਾਤਾਰ ਨੇ ਦੀਵਾਨ ਵਿੱਚ ਇਸ ਸ਼ੰਕੇ ਦੀ ਨਵਿਰਤੀ ਕਰ ਦਿੱਤੀ ਅਤੇ ਗੁਰਮਤਿ ਨੂੰ ਹਿਰਦੇ ਵਿੱਚ ਦ੍ਰਿੜ ਕਰਨ ਦਾ ਉਪਦੇਸ਼ ਦਿੰਦੇ ਹੋਏ ਸ਼ਬਦ ਦੀ ਧਾਰਨਾ ਪੜ੍ਹੀ:

ਡਗਮਗ ਡਗਮਗ ਡਗਮਗ ਓਏ, ਛਡ ਦੇ ਮਨਾਂ ਤੂੰ ਡਗਮਗ ਓਏ।

ਯਥਾ: ***ਡਗਮਗ ਛਾਡਿ ਰੇ ਮਨ ਬਉਰਾ ॥***

ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥

(ਗਉੜੀ ਭਗਤ ਕਬੀਰ ਜੀ - ੩੩੯)

ਤਥਾ: ***ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ ॥***

ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਉ ॥੩॥ *(ਸਲੋਕ ਭਗਤ ਕਬੀਰ ਜੀ - ੧੩੬੪)*

ਹੁਣ ਦੁਨਿਆਵੀ ਵਿੱਦਿਆ ਥੋਥੀ ਤੇ ਬੇ-ਰਸੀ ਪ੍ਰਤੀਤ ਹੋਣ ਲੱਗੀ। ਆਪ ਜੀ ਦੇ ਪਾਵਨ ਉਪਦੇਸ਼ ਅਤੇ ਬਚਿੱਤਰ ਸ਼ਖਸੀਅਤ ਦਾ ਜੋ ਅਸਰ ਮਨ ਤੇ ਪਿਆ ਉਸ ਲਈ ਇਤਨਾ ਹੀ ਦੱਸ ਦੇਣਾ ਕਾਫ਼ੀ ਹੈ ਕਿ ਅਸੀਂ ਆਪ ਜੀ ਦੇ ਸਾਰੇ ਦੀਵਾਨ ਸੁਣੇ ਬਗ਼ੈਰ ਵਾਪਿਸ ਕਾਲਜ ਨ ਜਾ ਸਕੇ ਅਤੇ ਇਮਤਿਹਾਨ ਵਿੱਚ ਬਚਦੇ ਦੋ ਚਾਰ ਮਹੀਨੇ ਚਹੁੰ ਜੁਗਾਂ ਸਮਾਨ ਪ੍ਰਤੀਤ ਹੋਣ ਲੱਗੇ। ਕਾਲਜ ਹੋਸਟਲ ਤੋਂ ਵਾਪਿਸ ਘਰ ਆਉਂਦਿਆਂ ਹੀ ਆਪਣੇ ਨਗਰ ਦੇ ਨਜ਼ਦੀਕ ਸਥਿਤ ਗੁਰਦਵਾਰੇ ਬਾਲੇਵਾਲ ਵਿਖੇ, ਬਾਬਾ ਬਿਸ਼ਨ ਸਿੰਘ ਜੀ ਕਾਂਝਲੇ ਵਾਲਿਆਂ ਦੀ ਬਰਸੀ ਤੇ ਪ੍ਰਕਾਸ਼ ਕੀਤੇ ਗਏ ਅਖੰਡ ਪਾਠ ਦੇ ਭੋਗ ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਸੁਬਹ ਸ਼ਾਮ ਬਾਣੀ ਪੜ੍ਹਨ ਦਾ ਅਭਿਆਸ ਪਰਪੱਕ ਕੀਤਾ। ਸਾਲ ਛੇ ਮਹੀਨੇ ਗ਼ੁਜ਼ਰ

ਗਏ ਪਰ ਮਨ ਸ਼ਾਂਤ ਅਤੇ ਸਥਿਰ ਨ ਹੋਇਆ। ਮੌਤ, ਨਰਕ, ਜਮਾਂ ਦਾ ਭੈ ਦਿਨ ਬਦਿਨ ਮਨ ਅੰਦਰ ਵਧਦਾ ਜਾ ਰਿਹਾ ਸੀ। ਇੱਕ ਦਿਨ ਅਚਾਨਕ ਹੀ ਹਜ਼ੂਰ ਦੀ ਸ਼ਰਨ ਵਿੱਚੋਂ ਵਰੋਸਾਈਆਂ ਇੱਕ ਦੋ ਬੀਬੀਆਂ ਦਾ ਕਿਸੇ ਕਾਰਣ ਕਰ ਕੇ ਘਰ ਆਉਣਾ ਹੋ ਗਿਆ। ਉਨ੍ਹਾਂ ਨੇ ਅਚਾਨਕ ਹੀ ਪ੍ਰਸ਼ਨ ਕੀਤਾ, "ਕੀ ਤੁਸੀਂ ਗੁਰਸ਼ਬਦ ਲਿਆ ਹੋਇਆ ਹੈ?" ਨਾ ਵਿੱਚ ਉੱਤਰ ਸੁਣ ਕੇ ਉਨ੍ਹਾਂ ਨੇ ਦੱਸਿਆ ਕਿ ਤੁਸੀਂ ਰਾੜੇ ਸਾਹਿਬ ਜਾ ਕੇ ਮਹਾਂਪੁਰਖਾਂ ਪਾਸੋਂ ਭਜਨ ਦੀ ਦਾਤ ਮੰਗੋ। ਨਾਲ ਹੀ ਇਹ ਵੀ ਦੱਸਿਆ ਕਿ ਮਹਾਂਪੁਰਖ ਹਰ ਰੋਜ਼ ਘੰਟਾ ਡੇਢ ਘੰਟਾ ਪ੍ਰਮਾਰਥਕ ਬਚਨਾਂ ਲਈ ਇਕੱਲੇ ਇਕੱਲੇ ਪ੍ਰਾਣੀ ਨੂੰ ਸਮਾਂ ਬਖ਼ਸ਼ਦੇ ਹਨ। ਸੁਣ ਕੇ ਹੈਰਾਨੀ ਦੀ ਹੱਦ ਨ ਰਹੀ। ਆਪ ਜੀ ਦੇ ਦਰਸ਼ਨ ਤੋਂ ਉਪਰੰਤ ਸੁਪਨੇ ਵਿੱਚ ਵੀ ਇਹ ਨਹੀਂ ਸੀ ਸੋਚਿਆ ਕਿ ਆਕਾਸ਼ੀ ਮੰਡਲਾਂ ਵਿੱਚ ਵਿਚਰਨ ਵਾਲਾ, ਸਦਾ ਹੀ ਨਾਮ ਦੀ ਖ਼ੁਮਾਰੀ ਵਿੱਚ ਮਖਮੂਰ ਰਹਿਣ ਵਾਲਾ ਉਹ ਬੇਪ੍ਰਵਾਹ ਪ੍ਰੀਤਮ ਕਦੇ ਫਰਸ਼ੀ ਜੀਵਾਂ ਨਾਲ ਭੀ ਬਚਨ ਕਰਦਾ ਹੋਵੇਗਾ। ਇਹ ਨਹੀਂ ਸੀ ਪਤਾ ਕਿ ਉਹ ਪਰਉਪਕਾਰੀ ਦਾਤਾ ਦਿਨ ਰਾਤ ਹੀ ਕਲਯੁਗੀ ਜੀਵਾਂ ਦੇ ਲੋਕ ਪ੍ਰਲੋਕ ਸੰਵਾਰਨ ਖ਼ਾਤਰ ਨਾਮ ਦੇ ਖੁੱਲ੍ਹੇ ਭੰਡਾਰੇ ਵਰਤਾ ਰਿਹਾ ਹੈ।

ਸੋ ਜਲਦੀ ਹੀ ਅਥਾਹ ਪ੍ਰੇਮ ਅਤੇ ਚਾਉ ਸੰਯੁਕਤ ਦਰਸ਼ਨ ਦੀ ਚਾਹ ਅਤੇ ਨਾਮ ਪ੍ਰਾਪਤ ਕਰਨ ਦੀ ਤੀਬਰ ਇੱਛਾ ਮਨ ਵਿੱਚ ਲੈ ਕੇ ਹਜ਼ੂਰ ਦੇ ਪਾਵਨ ਅਸਥਾਨ, ਤਪੱਸਿਆ ਦੇ ਭਾਰੀ ਕੇਂਦਰ ਅਤੇ ਸਾਖਸ਼ਾਤ ਬੈਕੁੰਠ ਰੂਪ ਗੁਰਦਵਾਰਾ ਰਾੜਾ ਸਾਹਿਬ ਵਿਖੇ ਪਹੁੰਚੇ। ਜਿੱਥੇ ਦਰੱਖਤ ਹੈ ਉੱਥੇ ਛਾਂ ਜ਼ਰੂਰ ਹੈ। ਜਿੱਥੇ ਫ਼ੁੱਲ ਹੈ ਉੱਥੇ ਖੁਸ਼ਬੋ ਅਵੱਸ਼ ਹੈ। ਉੱਥੇ ਭੌਰੇ ਆਪ ਹੀ ਆ ਜਾਂਦੇ ਹਨ। ਜਿੱਥੇ ਮਾਨ ਸਰੋਵਰ ਹੈ ਉੱਥੇ ਹੰਸ ਪੁੱਜ ਜਾਂਦੇ ਹਨ। ਤਿਵੇਂ ਹੀ ੮ ਮਾਘ ੧੯੬੬ ਦਾ ਪਵਿੱਤਰ ਦਿਹਾੜਾ ਹੈ। ਗੁਰੂ ਦਰਬਾਰ ਰੂਪੀ ਮਾਨ ਸਰੋਵਰ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤ ਰੂਪੀ ਹੰਸ ਬਾਣੀ ਰੂਪੀ ਮੋਤੀ ਚੁਗਣ ਲਈ ਪਹੁੰਚੇ ਹੋਏ ਹਨ। ਕੀ ਦੇਸ਼, ਕੀ ਬਦੇਸ਼ ਤੋਂ ਸੰਗਤਾਂ ਸੱਚਖੰਡ ਨਿਵਾਸੀ ਵੱਡੇ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਦੇ ਚਰਨਾਂ ਵਿੱਚ ਹਾਜ਼ਰੀਆਂ ਲਗਵਾਉਣ ਲਈ ਪਹੁੰਚੀਆਂ ਹੋਈਆਂ ਹਨ। ਦੂਸਰੇ ਦਿਨ ਸਾਢੇ ਗਿਆਰ੍ਹਾਂ ਵਜੇ ਦੇ ਲਗਭਗ ਗੁਰਸਿੱਖਾਂ ਦੇ ਕਮਰਿਆਂ ਦੇ ਪਿਛਵਾੜੇ, ਜੋ ਭੋਰੇ ਸਾਹਿਬ ਦੇ ਨਜ਼ਦੀਕ ਖੁੱਲ੍ਹਾ ਵਿਹੜਾ ਹੈ, ਉੱਥੇ ਹਜ਼ੂਰ ਨੇ ਕੁਰਸੀ ਤੇ ਦੀਦਾਰ ਬਖ਼ਸ਼ੇ। ਸੂਰਜ ਦੇ ਨਿੱਕਲਦਿਆਂ ਹੀ ਜਿਵੇਂ ਅੰਧਕਾਰ ਦਾ ਨਾਸ਼ ਹੋ ਜਾਂਦਾ ਹੈ, ਦਰਸ਼ਨ ਕਰਦਿਆਂ ਹੀ ਮਨ ਦੇ ਕਲਹ ਕਲੇਸ਼ ਮਿਟ ਗਏ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਪਾਵਨ ਚਰਨ ਪਰਸੇ ਅਤੇ ਆਪਣੀਆਂ ਭੇਟਾ ਅਰਪਣ ਕੀਤੀਆਂ। ਲਗਭਗ ਦੋ ਘੰਟੇ ਬਾਅਦ ਵੀਹ ਪੰਝੀ ਪ੍ਰਾਣੀਆਂ ਤੋਂ ਇਲਾਵਾ ਬਾਕੀ ਸਰਬ ਸੰਗਤ ਨੂੰ ਵਿਹੜੇ ਤੋਂ ਬਾਹਰ ਜਾਣ ਦੀ ਆਗਿਆ ਦਿੱਤੀ ਗਈ। ਪੁੱਛਣ ਤੋਂ ਪਤਾ ਲੱਗਾ ਕਿ ਉਹ ਅੰਦਰਲੀ ਸੰਗਤ ਵਾਲੇ ਪ੍ਰੇਮੀ ਬਹੁਤ ਦੂਰ ਦੂਰ ਸ਼ਹਿਰਾਂ ਤੋਂ ਆਏ ਹਨ ਅਤੇ ਉਨ੍ਹਾਂ ਨੂੰ ਪ੍ਰਮਾਰਥ ਬਚਨਾਂ ਲਈ ਸਮਾਂ ਦਿੱਤਾ ਗਿਆ ਹੈ। ਭਾਵੇਂ ਸਮੇਂ ਦੀ ਤੰਗੀ ਸੀ ਪਰ ਫੇਰ ਵੀ ਬਾਹਰ ਖੜੋਤੀ ਸੰਗਤ ਵਿੱਚੋਂ ਬੇਅੰਤ ਪ੍ਰਾਣੀ 'ਇੱਛਾ-ਪੂਰਕ' ਦਾਤੇ ਦੇ ਚਰਨਾਂ ਵਿੱਚੋਂ ਮਨੋਂ ਕਾਮਨਾਵਾਂ ਪੂਰੀਆਂ ਕਰਨ ਲਈ ਸਮੇਂ ਦੀ ਜਾਚਨਾ ਕਰ ਰਹੇ ਸਨ। ਬਾਹਰ ਖੜੋਤੀ ਸੰਗਤ ਵਿੱਚ ਇਹ ਕੁਚਲ ਕੁਚੀਲ ਨੀਚ ਕੀਟ ਕਿਹੜਾ ਘਿਰਣਾਤਮਕ ਸ਼ਬਦ ਹੈ ਜੋ ਗੁਰਬਾਣੀ ਵਿੱਚ ਮੇਰੇ ਜੈਸੇ ਨਾਮ ਤੋਂ ਹੀਣੇ ਜੀਵ ਲਈ ਨਹੀਂ ਵਰਤਿਆ ਗਿਆ। ਹਾਂ-ਇਹੋ ਜਿਹਾ ਕਰਮਹੀਣ ਪ੍ਰਾਣੀ ਗੁਰੂ ਨਾਨਕ ਦੇ ਦਰ ਦੀ ਅਮੋਲਕ ਵਸਤੂ 'ਨਾਮ' ਦੀ ਦਾਤ ਪ੍ਰਾਪਤ ਕਰਨ ਲਈ ਮਨ ਰੂਪੀ ਪੱਲਾ ਅੱਡੀ ਖੜ੍ਹਾ ਸੀ। ਮੁਖੀ ਸੇਵਾਦਾਰ ਨੂੰ ਬੇਨਤੀ ਕੀਤੀ ਪਰੰਤੂ ਜਵਾਬ ਮਿਲਿਆ, "ਬੀਬੀ! ਅੱਜ ਸੰਗਤ ਬਹੁਤ ਹੈ। ਸੋ ਅੱਜ ਬਚਨ ਕਰਨ ਦਾ ਸਮਾਂ ਨਹੀਂ ਮਿਲੇਗਾ।"

ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ *(ਬਾਰਹਮਾਹਾ ਮਾਝ ਮਃ ੫ - ੧੩੪)*

ਮਨ ਤਾਂ ਚਾਹੁੰਦਾ ਸੀ ਕਿ ਜਲਦੀ ਤੋਂ ਜਲਦੀ ਉਹ ਸੁਲੱਖਣੀ ਘੜੀ ਆਵੇ ਜਦੋਂ ਮਹਾਂਪੁਰਸ਼ਾਂ ਦੇ ਚਰਨਾਂ ਵਿੱਚੋਂ ਨਾਮ ਦੀ ਜਾਚਨਾ ਕਰੀਏ ਪਰੰਤੂ ਜਿਤਨੀ ਵਸਤੂ ਕੀਮਤੀ, ਉਤਨੀ ਹੀ ਦੁਰਲੱਭ ਪ੍ਰਾਪਤੀ। ਮਨ ਕੱਲਰ ਦੀ ਕੰਧ ਵਾਂਗ ਢਹਿ ਢੇਰੀ ਹੁੰਦਾ ਜਾ ਰਿਹਾ ਸੀ। ਮਨ ਨੂੰ ਹੌਸਲਾ ਦੇ ਕੇ ਸੰਗਤ ਦੀ ਭੀੜ ਵਿੱਚੋਂ ਅੱਗੇ ਵਧਦੇ ਹੋਏ ਸੇਵਾਦਾਰ ਦੇ ਚਰਨਾਂ ਵਿੱਚ ਇੱਕ ਵਾਰ ਫੇਰ ਬੇਨਤੀ ਕੀਤੀ, "ਬਾਬਾ ਜੀ! ਅਸੀਂ ਅੱਜ ਪਹਿਲੀ ਵਾਰ ਹੀ ਬਚਨ ਕਰਨੇ ਹਨ, ਜੇ ਦੋ ਚਾਰ ਮਿੰਟ ਬਖ਼ਸ਼ ਦੇਵੋ ਤਾਂ ਬੜੀ ਕ੍ਰਿਪਾ ਹੋਵੇ।" "ਬੀਬੀ! ਤੁਹਾਨੂੰ ਕਿਹੈ, ਅੱਜ ਸਮਾਂ ਨਹੀਂ ਮਿਲੇਗਾ। ਅੱਗੇ ਸੰਗਤ ਨੂੰ ਨਮਸ਼ਕਾਰ ਕਰਨ ਨੂੰ ਬਹੁਤ ਸਮਾਂ ਲੱਗ ਗਿਆ। ਕੁੱਝ ਦਿਨ ਠਹਿਰ ਕੇ ਆ ਜਾਣਾ ਫੇਰ ਸਮਾਂ ਮਿਲ ਜਾਵੇਗਾ। ਹੁਣ ਮਹਾਰਾਜ ਜੀ ਦੇ ਬੈਠਣ ਦਾ ਵਕਤ ਪੂਰਾ ਹੋਣ ਵਾਲਾ ਹੈ।"

ਕੁੱਝ ਦਿਨ ਕੀ, ਸੰਗਤ ਦੇ ਇਕੱਠ ਨੂੰ ਦੇਖ ਕੇ ਤਾਂ ਇੰਝ ਪ੍ਰਤੀਤ ਹੋ ਰਿਹਾ ਸੀ ਕਿ ੧੦੦ ਸਾਲ ਤੋਂ ਬਾਅਦ ਆ ਕੇ ਵੀ ਉਨ੍ਹਾਂ ਦੇ ਪਾਵਨ ਚਰਨਾਂ ਤੇ ਨਮਸ਼ਕਾਰ ਕਰਨ ਅਤੇ ਨਾਮ ਦੀ ਦਾਤ ਮੰਗਣ ਦਾ ਸੁਭਾਗ ਪ੍ਰਾਪਤ ਨਹੀਂ ਹੋ ਸਕਦਾ। ਮਨ ਬਹੁਤ ਹੀ ਉਦਾਸ ਹੋਇਆ। ਜਿਸ ਵਸਤੂ ਦੀ ਇੱਛਾ ਪ੍ਰਬਲ ਹੋਵੇ, ਉਹ ਯਤਨ ਕੀਤੇ ਤੋਂ ਭੀ ਨ ਮਿਲੇ ਤਾਂ ਉਸ ਦੇ ਦੁੱਖ ਨੂੰ

ਉਹ ਹੀ ਜਾਣਦਾ ਹੈ। ਭਾਵੇਂ ਮਨ ਅਤਿਅੰਤ ਨਿਰਾਸ਼ਾ ਦੇ ਵਹਿਣਾਂ ਵਿੱਚ ਵਹਿੰਦਾ ਜਾ ਰਿਹਾ ਸੀ ਪਰ ਨਾਲ ਹੀ ਮਾਨੋ ਗੁਪਤ ਅਵਾਜ਼ ਆ ਰਹੀ ਸੀ, 'ਦਲਗੀਰ ਨਾ ਹੋਵੋ ਇਹ ਉਹ ਦਰਬਾਰ ਹੈ ਜਿੱਥੋਂ ਕੁੱਝ ਮੰਗੀਏ ਪ੍ਰਾਪਤ ਹੁੰਦਾ ਹੈ। ਇਹ ਉਸ ਗੁਰੂ ਨਾਨਕ ਦਾ ਦਰ ਹੈ, ਜਿਸ ਦਰ ਤੋਂ ਅੱਜ ਤੱਕ ਕਦੇ ਕੋਈ ਖ਼ਾਲੀ ਨਹੀਂ ਗਿਆ।' ਇੰਝ ਮਨ ਸੰਕਲਪਾਂ ਵਿਕਲਪਾਂ ਦੇ ਚੱਕਰ ਵਿੱਚ ਪਿਆ ਹੋਇਆ ਫੇਰ ਦ੍ਰਿੜ੍ਹਤਾ ਦੇ ਘਰ ਵਿੱਚ ਆ ਕੇ ਨਾਮ ਦੀ ਦਾਤ ਪ੍ਰਾਪਤ ਕਰਨ ਲਈ ਅੰਦਰੋ ਅੰਦਰੀ ਅਰਜ਼ੋਈਆਂ ਸ਼ੁਰੂ ਕਰ ਦਿੰਦਾ।

ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥ *(ਗੌਂਡ ਮਃ ੪ - ੮੬੧)*

ਦੇ ਵਾਕ ਅਨੁਸਾਰ ਉਹ ਘਟ ਘਟ ਕੀ ਜਾਨਣਹਾਰ, ਅੰਤਰਜਾਮੀ ਦਾਤਾਰ ਤੋਂ ਬਿਨਾਂ ਇਸ ਹਿਰਦੇ ਦੀ ਪੁਕਾਰ ਕੌਣ ਸੁਣੇ। ਸੋ ਸਰਬ ਸ਼ਕਤੀਆਂ ਦੇ ਦਾਤਾ ਅਤੇ ਲੱਖਾਂ ਹਿਰਦਿਆਂ ਦੀ ਧੜਕਣਾਂ ਦੇ ਮਾਲਕ ਪਤਿਤ ਪਾਵਨ ਦਾਤਾਰ, ਗ਼ਰੀਬ ਨਿਵਾਜ਼ ਨੇ ਹੀ ਇਸ ਗ਼ਰੀਬ ਦੀ ਅਰਜੋਈ ਅੰਤ ਸੁਣੀ। ਚੰਦ ਮਿੰਟਾਂ ਬਾਅਦ ਹੀ ਹਜ਼ੂਰੀਏ ਸੇਵਾਦਾਰ ਨੇ ਵਿਹੜੇ ਦੇ ਮੇਨ ਗੇਟ ਵਿੱਚ ਆ ਕੇ ਪੁੱਛਿਆ, "ਭਾਈ! ਤੁਹਾਡੇ ਵਿੱਚੋਂ ਫ਼ਲਾਂ ਨਗਰ ਤੋਂ ਕਿਹੜੀ ਬੀਬੀ ਹੈ?" ਝਟਪਟ ਹੀ ਅੱਗੇ ਵਧ ਕੇ ਆਪਣੇ ਆਪ ਹਾਜ਼ਰ ਕੀਤਾ। "ਆਉ ਭਾਈ! ਅੰਦਰ ਆ ਜਾਓ। ਤੁਹਾਨੂੰ ਮਹਾਰਾਜ ਜੀ ਬੁਲਾ ਰਹੇ ਹਨ।" ਸੇਵਾਦਾਰ ਨੇ ਕਿਹਾ। ਇਹ ਸੁਣਦਿਆਂ ਹੀ ਪ੍ਰਸੰਨਤਾ ਦੀ ਲਹਿਰ ਸਰੀਰ ਦੇ ਰੋਮ ਰੋਮ ਵਿੱਚ ਦੌੜ ਗਈ। ਚਰਨ ਪਰਸਦਿਆਂ ਹੀ ਮਨ ਗੜੇ ਵਾਂਗ ਠੰਢਾ ਹੋ ਗਿਆ ਤੇ ਹਿਰਦੇ ਤੋਂ ਸ਼ਬਦ ਨਿੱਕਲੇ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ *(ਮਾਰੂ ਭਗਤ ਰਵਿਦਾਸ ਜੀ - ੧੧੦੬)*

ਮੱਥੇ ਤੇ ਡਲ੍ਹਕਦਾ ਨੂਰ ਨੈਣਾਂ ਵਿੱਚ ਅਜਬ ਖ਼ੁਮਾਰੀ ਸਾਖਸ਼ਾਤ ਈਸ਼ਵਰ ਸਰੂਪ ਸਾਹਿਬ ਨੇ ਸਭ ਕੁੱਝ ਜਾਣਦੇ ਹੋਏ ਵੀ ਆਪਣੀ ਅੰਤਰਜਾਮਤਾ ਅਤੇ ਸਰਬੱਗਤਾ ਨੂੰ ਪੂਰਨ ਤੌਰ ਤੇ ਛੁਪਾਉਂਦੇ ਹੋਏ ਪੁੱਛਿਆ, "ਆਓ ਭਾਈ ਕਿਥੋਂ ਆਏ ਹੋ? ਕੀ ਗੱਲ ਹੈ?"

ਪਿੰਡ ਦਾ ਨਾਮ ਦੱਸਿਆ ਅਤੇ ਨਾਲ ਹੀ ਹੱਥ ਜੋੜ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਭਜਨ ਲੈਣਾ ਹੈ।" ਹਜ਼ੂਰ ਮੁਸਕਰਾਏ ਅਤੇ ਬੋਲੇ, "ਹੁਣ ਤੱਕ ਕੀ ਕਰਦੇ ਹੁੰਦੇ ਹੋ?" "ਸੱਚੇ ਪਾਤਸ਼ਾਹ! ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਹਾਂ। ਕਦੇ ਕਦਾਈ ਸੁਖਮਨੀ ਸਾਹਿਬ ਦਾ ਪਾਠ ਵੀ ਕਰ ਲਈਦਾ ਹੈ।" "ਹਾਂ ਭਾਈ! ਬਾਣੀ ਮਨ ਨੂੰ ਸ਼ੁੱਧ ਕਰਦੀ ਹੈ। ਪ੍ਰਭੂ ਪ੍ਰਾਪਤੀ ਦਾ ਮਾਰਗ ਦੱਸਦੀ ਹੈ। ਗੁਰਬਾਣੀ ਦਾ ਪਾਠ ਸਮਝ ਕੇ ਵਿਚਾਰ ਕੇ ਕਰਿਆ ਕਰੋ। ਇਉਂ ਮਨ ਬਾਣੀ ਦੇ ਅਰਥਾਂ ਵਿੱਚ ਪਰਚਦਾ ਹੈ ਅਤੇ ਇਕਾਗਰਤਾ ਦੇ ਘਰ ਵਿੱਚ ਆਉਂਦਾ ਹੈ। ਇਕਾਗਰਤਾ ਹੀ ਅਨੰਦ ਦਾ ਵਿਸ਼ੇਸ਼ ਸੋਮਾ ਹੈ। ਜਿੱਥੇ ਗੁਰਬਾਣੀ ਦਾ ਪਾਠ ਸੁਭਹ ਸ਼ਾਮ ਕਰਦੇ ਹੋ, ਉੱਥੇ ਪ੍ਰਮੇਸ਼ਰ ਦੇ ਨਾਮ ਦਾ ਸਿਮਰਨ ਵੀ ਕਰਿਆ ਕਰੋ।

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥ *(ਗਉੜੀ ਸੁਖਮਨੀ ਮਃ ੫ - ੨੬੩)*

ਸਿਮਰਨ ਸਾਰ ਵਸਤੂ ਹੈ। ਮੂਲ ਤੱਤ ਹੈ। ਦੁੱਧ ਵਿੱਚ ਮੱਖਣ ਦੀ ਨਿਆਈ ਹੈ। ਲਿਵ ਤਾਰ ਲਗਾ ਕੇ ਪਿਆਰ ਨਾਲ ਗੁਰਬਾਣੀ ਦਾ ਵਿਚਾਰ ਕੇ ਪਾਠ ਕੀਤਿਆਂ ਵਿਸ਼ੇਸ਼ ਅਨੰਦ ਆਉਂਦਾ ਹੈ। ਜਿਵੇਂ ਮੱਛੀ ਦਾ ਪਾਣੀ ਜੀਵਨ ਹੈ, ਇਸੇ ਤਰ੍ਹਾਂ ਗੁਰਬਾਣੀ ਸਿੱਖ ਦਾ ਜੀਵਨ ਹੈ।"

ਧੰਨ ਮੇਰੇ ਦਾਤਾਰ! ਮੇਰਾ ਗੁਣ ਅਵਗੁਣ ਨਹੀਂ ਬੀਚਾਰਿਆ। ਪਾਪ ਪੁੰਨ ਨਹੀਂ ਦੇਖੇ। ਪਲ ਵਿੱਚ ਹੀ ਮਿਹਰ ਦੇ ਘਰ ਵਿੱਚ ਕਰੋੜਾ ਵੇਦਾਂ ਸ਼ਾਸਤਰਾਂ ਦਾ ਸਾਰ ਤੱਤ ਬਖ਼ਸ਼ ਦਿੱਤਾ ਜਿਸ ਦਾ ਪੂਰਨ ਮਿਹਰ ਤੋਂ ਬਿਨਾਂ ਨਸੀਬ ਹੋਣਾ ਮੁਸ਼ਕਿਲ ਹੀ ਨਹੀਂ ਬਲਕਿ ਨਾ ਮੁਮਕਿਨ ਹੈ।

ਯਥਾ: *ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥*
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥ *(ਰਾਮਕਲੀ ਮਃ ੩ - ੯੨੦)*

ਤੀਬਰ ਇੱਛਾਵਾਨ ਪਪੀਹੇ ਨੂੰ ਸਵਾਂਤਿ ਬੂੰਦ ਪ੍ਰਦਾਨ ਕਰਨ ਵਾਲੇ ਦਾਤਾਰ ਨੇ ਯੋਗ ਸਮਾਂ ਵਿਚਾਰ ਕੇ ਇਸ ਪ੍ਰਕਾਰ ਉਪਦੇਸ਼ ਰੂਪੀ ਘਨਘੋਰ ਅੰਮ੍ਰਿਤ ਬਰਸ਼ਾ ਕਰ ਕੇ ਗਦ ਗਦ ਕਰਨ ਦੀ ਕ੍ਰਿਪਾਲਤਾ ਪ੍ਰਦਾਨ ਕੀਤੀ:

ਪ੍ਰਕਿਰਤਕ ਸਰੀਰ ਕਰ ਕੇ ਜੋ ਪਵਨ ਦਾ ਦੌਰਾ ਚਲਦਾ ਹੈ, ਉਸ ਨਾਲ ਜੁੜੇ ਹੋਏ ਸਵਾਸਾਂ ਦੇ ਗੇੜ ਨੂੰ ਸੰਸਾਰਕ ਬੋਲੀ ਵਿੱਚ ਜੀਵਨ ਆਖਦੇ ਹਨ ਤੇ ਸਵਾਸਾਂ ਦੇ ਰੁਕ ਜਾਣ ਨੂੰ ਮੌਤ। ਜਿਸ ਤਰ੍ਹਾ ਮਾਦੀ ਮੰਡਲ ਵਿੱਚ 'ਹਰਕਤ' ਜੀਵਨ ਹੈ, ਇਸੇ ਤਰ੍ਹਾਂ ਪ੍ਰੀਤ ਮੰਡਲ ਵਿੱਚ 'ਲਿਵ' ਜੀਵਨ ਹੈ। ਜਦ ਤੱਕ ਲਿਵ ਦੀ ਤਾਰ ਬਝੀ ਰਹੇ ਸਰੀਰ ਵਿੱਚ ਹਰਕਤ ਰਹੇ ਜਾਂ ਨਾ

ਰਹੇ, ਪ੍ਰੇਮ ਜ਼ਿੰਦਾ ਹੈ। ਮੱਛੀ ਦੇ ਸ਼ਿਕਾਰੀ ਨੇ ਮੱਛੀ ਫੜਨ ਲਈ ਕੁੰਡੀ ਨੂੰ ਆਟਾ ਲਾਇਆ ਤੇ ਪਾਣੀ ਵਿੱਚ ਸੁੱਟੀ। ਤਦ ਪਾਣੀ ਦੀ ਪ੍ਰੀਤਵਾਨ ਮੱਛੀ ਪੇਟ ਭਰਨ ਦੇ ਲਾਲਚ ਕਰ ਕੇ ਆਟੇ ਨੂੰ ਖਾਣ ਲੱਗੀ। ਕੁੰਡੀ ਵਿੱਚ ਅੜੀ ਡੋਰ ਢਿੱਲੀ ਹੋ ਗਈ ਤਾਂ ਸ਼ਿਕਾਰੀ ਨੇ ਖਿੱਚ ਕੇ ਬਾਹਰ ਬਰੇਤੀ ਤੇ ਸੁੱਟ ਦਿੱਤੀ। ਕੁੱਝ ਚਿਰ ਹਿੱਲੀ। ਫਟਕੀ ਤੇ ਫਿਰ ਠੰਢੀ ਹੋ ਗਈ। ਫੰਧਕ ਦੀ ਜਾਚੇ ਹੁਣ ਉਹ ਮਰ ਚੁੱਕੀ ਸੀ। ਉਸ ਨੇ ਚੁੱਕ ਕੇ ਪਟਾਰੀ ਵਿੱਚ ਪਾ ਲਈ ਤੇ ਮਾਰਕੀਟ ਵਿੱਚ ਜਾ ਕੇ ਬੇਜਾਨ ਚੀਜ਼ਾਂ ਦੇ ਸਮਾਨ ਤੋਲ ਕੇ ਵੇਚੀ। ਗਾਹਕ ਖਰੀਦ ਕੇ ਘਰ ਲੈ ਗਿਆ। ਬਵਰਚੀ ਨੂੰ ਕਿਹਾ ਹੁਸ਼ਿਆਰੀ ਨਾਲ ਬਣਾਵੋ। ਬਣਾਉਨ ਦੀ ਹੁਸ਼ਿਆਰੀ ਵਿੱਚ ਉੱਤੋਂ ਛਿਲ ਲਾਹੁਣਾ ਤੇ ਹੱਡੀਆਂ ਲਾਂਭੇ ਕਰਨਾ ਸੀ। ਹੁਣ ਬਚਦੇ ਮਾਸ ਦੇ ਕੋਵਤੇ ਤਿਹਾਰ ਕੀਤੇ ਗਏ। ਅੱਗ ਤੇ ਧਰ ਖੂਬ ਪਾਣੀ ਦੇ ਛਿਟੇ ਮਾਰ ਮਾਰ ਭੁੰਨੇ ਗਏ। ਖਾਣ ਵਾਲੇ ਨੇ ਖ਼ੂਬ ਚਿੱਥ ਚਿੱਥ ਕੇ ਖਾਧੇ। ਪਰ ਜਦ ਰਾਤ ਨੂੰ ਮੰਜੀ ਤੇ ਪਿਆ ਤਦ ਪਿਆਸ ਲੱਗੀ। ਨੌਕਰ ਕੋਲੋਂ ਪਾਣੀ ਮੰਗਿਆ। ਮਿਲਿਆ ਤੇ ਪੀਤਾ ਪਰ ਘੜੀ ਪਿੱਛੋਂ ਫੇਰ ਪਿਆਸ। ਫੇਰ ਪੀਤਾ ਤੇ ਤਾਂ ਵੀ ਪਿਆਸ। ਹਾਰ ਕੇ ਨੌਕਰ ਨੇ ਪੁੱਛਿਆ, "ਅੱਜ ਅੰਦਰ ਕੀ ਗਿਆ ਹੈ ਜੋ ਬਾਰ ਬਾਰ ਪਾਣੀ ਮੰਗਦੇ ਤੇ ਪੀਂਦੇ ਹੋ?" ਤਾਂ ਉੱਤਰ ਦਿੱਤਾ, "ਮੱਛੀ।" "ਹੈਂ ਇਹ ਕੀ? ਮੱਛੀ ਤਾਂ ਮਰ ਗਈ ਸੀ। ਫੇਰ ਛਿੱਲੀ, ਟੁਕੜੇ ਟੁਕੜੇ ਕੀਤੀ ਗਈ। ਅੱਗ ਤੇ ਰੱਖ ਭੁੰਨੀ। ਅਜੇ ਵੀ ਉਹਦੇ ਅੰਦਰੋਂ ਪਾਣੀ ਦਾ ਖ਼ਿਆਲ ਨਹੀਂ ਗਿਆ? ਸਰੀਰ ਦੀ ਬਣਤਰ ਟੁੱਟਣ ਕਰ ਕੇ ਭਾਵੇਂ ਸਵਾਸਾਂ ਦੀ ਹਰਕਤ ਤਾਂ ਥੰਮ ਗਈ, ਪਰ ਲਿਵ ਦੀ ਤਾਰ ਉਸੇ ਤਰ੍ਹਾਂ ਜੁੜੀ ਰਹੀ। ਦੇਹ ਬਿਨਸੀ ਤੇ ਪ੍ਰੀਤ ਕਾਇਮ ਰਹੀ ਕਿਉਂਕਿ ਤਨ ਬਿਨਾਸੀ ਤੇ ਪ੍ਰੀਤ ਅਬਿਨਾਸ਼ੀ ਹੈ।

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੌ ਤਊ ਨ ਬਿਸਰਿਓ ਪਾਨੀ ॥੨॥ *(ਸੋਰਠਿ ਭਗਤ ਰਵਿਦਾਸ ਜੀ - ੬੫੯)*

ਇਹ ਸੁਵਾਦ ਸੀ ਤੇ ਬਿਨਸਨਹਾਰ ਸ਼ੈ ਦੀ ਪ੍ਰੀਤ ਸੀ। ਤਾਂ ਭੀ ਸਰੀਰ ਦੇ ਬਿਨਸਨ ਕਰ ਕੇ ਨ ਬਿਨਸੀ। ਪਰ ਜੋ ਪ੍ਰੀਤ ਅਕਾਲ ਪੁਰਖ ਅਬਿਨਾਸੀ ਨਾਲ ਲਗਾਈ ਜਾਂਦੀ ਹੈ, ਉਸ ਦੀ ਉਮਰ ਸਮੇਂ ਦੀ ਉਮਰ ਨਾਲੋਂ ਵੀ ਵਡੇਰੀ ਹੈ ਤੇ ਉਸ ਦੀ ਤਾਰ ਸਿਮਰਨ ਕਰ ਬੱਝਦੀ ਹੈ। ਪ੍ਰੇਮੀ ਸਿਮਰਨ ਕਰ ਜਿਊਂਦੇ ਹਨ ਤੇ ਬਿਸਰਨ ਤੇ ਸਰੀਰ ਧਾਰੀ ਹੁੰਦਿਆਂ ਹੋਇਆਂ ਵੀ ਮੁਰਦਿਆਂ ਸਮਾਨ ਹਨ।

ਆਖਾ ਜੀਵਾ ਵਿਸਰੈ ਮਰਿ ਜਾਉ ॥ *(ਆਸਾ ਮਃ ੧ - ੯)*

ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ ॥
ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ ॥ *(ਕੇਦਾਰਾ ਮਃ ੫ - ੧੧੨੨)*

ਤਾਂ ਤੇ ਸਿਮਰਨ ਹੀ ਉਹ ਜ਼ਿੰਦਗੀ ਹੈ, ਜਿਸ ਨੂੰ ਕਾਲ ਦਾ ਭੈ ਨਹੀਂ। ਇਸ ਵਾਸਤੇ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਨਾਮ ਵਿੱਚੋਂ ਹੀ ਅਸਲੀ ਜੀਵਨ ਪ੍ਰਾਪਤ ਹੋਇਆ ਹੈ। ਕਿਉਂਕਿ ਉਹ ਸਦਾ ਸਿਫ਼ਤ ਸਲਾਹ ਵਿੱਚ ਜੁੜੇ ਰਹਿੰਦੇ ਹਨ। ਉਹ ਵਾਹਿਗੁਰੂ ਦੇ ਦਰਸ਼ਨ ਦੀ ਤਾਂਘ ਵਿੱਚ ਸਿਮਰਨ ਤੋਂ ਬਿਨਾਂ ਹੋਰ ਕੋਈ ਕਰਮ ਕਾਂਡ ਨਹੀਂ ਕਰਦੇ। ਭਾਵੇਂ ਉਹ ਕਰਮ ਕਾਂਡੀਆਂ ਦੀ ਨਿਗਾਹ ਵਿੱਚ ਪਤਿਤ ਹੀ ਕਿਉਂ ਨਾ ਸਮਝੇ ਜਾਣ ਪਰ ਉਹ ਉਨ੍ਹਾਂ ਦੇ ਲਗਾਏ ਹੋਏ ਦੂਸ਼ਨਾਂ ਦੀ ਕੁੱਝ ਪ੍ਰਵਾਹ ਨਹੀਂ ਕਰਦੇ। ਉਹ ਨਾ ਤਾਂ ਝੂਠੀ ਉਸਤਤ ਦੇ ਚਾਹਵਾਨ ਹਨ ਤੇ ਮਿਥਿਆ ਨਿੰਦਿਆ ਤੋਂ ਡਰਦੇ ਹਨ। ਉਨ੍ਹਾਂ ਦੇ ਨੇਤਰ ਹਮੇਸ਼ਾਂ ਆਪਣੇ ਸਿਰਜਣਹਾਰ ਲਈ ਛਮ ਛਮ ਬਰਸਦੇ ਹਨ। ਉਹ ਆਪਣਾ ਤਨ ਮਨ ਉਸ ਦੇ ਰਾਹ ਤੋਂ ਵਾਰਨਾ ਕਰੀ ਬੈਠੇ ਹਨ। ਜੇ ਪ੍ਰੀਤਮ ਹੀ ਉਨ੍ਹਾਂ ਦੀ ਖ਼ਬਰ ਆਣ ਕੇ ਪੁੱਛੇ, ਤਦ ਹੀ ਉਨ੍ਹਾਂ ਦੇ ਦਿਲ ਨੂੰ ਤਸੱਲੀ ਆ ਸਕਦੀ ਹੈ। ਉਸ ਦੀ ਯਾਦ ਹੀ ਸੱਚਾ ਜੀਵਨ ਹੈ ਜਿਸ ਦੇ ਆਸਰੇ ਉਹ ਜਿਊਂਦੇ ਹਨ।

ਇਤਿਆਦਿ ਅੰਮ੍ਰਿਤ ਬਚਨਾਂ ਨੂੰ ਜਾਰੀ ਰੱਖਦਿਆਂ ਮਹਾਰਾਜ ਨੇ ਫੁਰਮਾਨ ਕੀਤਾ, "ਭਾਈ! ਇਹ ਸੰਸਾਰ ਆਵਣ ਜਾਣਾ ਹੈ।

ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥

(ਸੂਹੀ ਮਃ ੫ - ੭੪੦)

ਰਾਜਾ ਰਾਣਾ, ਪੁੰਨੀ ਪਾਪੀ , ਧਰਮੀ ਅਧਰਮੀ, ਅਮੀਰ, ਗ਼ਰੀਬ, ਪੀਰ ਅਵਤਾਰ ਸਭ ਨੇ ਏਥੋਂ ਚਲੇ ਜਾਣਾ ਹੈ।

ਕਿਉਂਕਿ ਅੱਜ ਉਹ ਦਿਹਾੜਾ ਸੀ ਜਿਸ ਦਿਨ ਵੱਡੇ ਬਾਬਾ ਜੀ ਈਸ਼ਵਰ ਦੀ ਮਰਯਾਦਾ ਨੂੰ ਕਾਇਮ ਰੱਖਣ ਲਈ ਪੰਜ ਭੂਤਕ ਚੋਲੇ ਦਾ ਤਿਆਗ ਕਰ ਕੇ ਆਪਣੇ ਆਪ ਨੂੰ ਨਿਰੰਕਾਰ ਨਾਲ ਅਭੇਦ ਕੀਤਾ ਸੀ। ਜੋ ਸਾਹਿਬ ਖੁਦ ਵੀ ਵਿਸ਼ੇਸ਼ ਵੈਰਾਗ ਦੇ ਘਰ ਵਿੱਚ ਆਏ ਹੋਏ ਸਨ ਤੇ ਏਸ ਨਾਸ਼ਵੰਤ ਸੰਸਾਰ ਤੋਂ ਉੱਚਾ ਉੱਠਣ ਦਾ ਉਪਦੇਸ਼ ਦੇ ਰਹੇ ਸਨ। ਆਪ ਜੀ

ਨੇ ਦੱਸਿਆ ਕਿ ਇਹ ਸਰੀਰ ਮਿੱਟੀ ਦੀ ਮੜੋਲੀ ਹੈ, ਸਦਾ ਰਹਿਣ ਵਾਲਾ ਨਹੀਂ। ਸਦਾ ਰਹਿਣ ਵਾਲੀ ਅਤੇ ਪ੍ਰਾਣੀ ਦੇ ਨਾਲ ਜਾਣ ਵਾਲੀ ਵਸਤੂ ਕੇਵਲ ਪ੍ਰਮੇਸ਼ਰ ਦਾ ਨਾਮ ਹੈ। ਸੋ ਬਹਿੰਦੇ ਉੱਠਦੇ ਪ੍ਰਮੇਸ਼ਰ ਦਾ ਨਾਮ ਜਪਿਆ ਕਰੋ। ਨਾਲ ਹੀ ਸਵਾਸ ਸਵਾਸ ਨਾਮ ਜਪਣ ਦੀ ਜੁਗਤੀ ਦੱਸੀ ਅਤੇ ਫੁਰਮਾਨ ਕੀਤਾ ਕਿ ਜਿਤਨਾ ਸਮਾਂ ਬੈਠਣ ਲਈ ਮਿਲੇ ਬੈਠ ਕੇ ਬਾਕੀ ਕੰਮ ਕਾਰ ਦੇ ਦੌਰਾਨ ਤੁਰਦੇ ਫਰਦੇ ਨਾਮ ਦੀ ਕਮਾਈ ਕਰੋ। ਮਨ ਨੂੰ ਕੰਮ ਵਿੱਚ ਖੱਚਤ ਨਾ ਕਰੋ। ਮਾਤਾ ਬੱਚੇ ਨੂੰ ਖਿਡਾਉਂਦੀ ਹੈ, ਲੋਰੀਆਂ ਦਿੰਦੀ ਹੈ। ਬੱਚੇ ਦੇ ਪਿਆਰ ਵਿੱਚ ਆਪਾ ਭੁੱਲ ਜਾਂਦੀ ਹੈ। ਪ੍ਰੰਤੂ ਦੂਸਰੇ ਪਾਸੇ ਉਸੇ ਬੱਚੇ ਨੂੰ ਨੌਕਰਾਣੀ ਖਿਡਾਉਂਦੀ ਤਾਂ ਹੈ, ਪਰ ਉਹ ਉੱਪਰੋਂ ਉੱਪਰੋਂ ਹੀ ਲੋਰੀਆਂ ਦਿੰਦੀ ਹੈ। ਇਸੇ ਤਰ੍ਹਾਂ ਮਨਮੁਖ ਕੰਮ ਕਾਰ ਵਿੱਚ ਆਪਣੇ ਆਪ ਨੂੰ ਮਾਤਾ ਦੀ ਤਰ੍ਹਾਂ ਪੂਰਨ ਤੌਰ ਖੱਚਤ ਕਰ ਲੈਂਦਾ ਹੈ। ਪਰ ਗੁਰਮੁਖ ਨੌਕਰਾਣੀ ਦੀ ਤਰ੍ਹਾਂ ਕੰਮ ਕਾਰ ਕਰਦਾ ਹੋਇਆ ਵੀ ਆਪਣਾ ਵਾਸਤਵਿਕ ਧਿਆਨ ਪ੍ਰਮੇਸ਼ਰ ਦੇ ਨਾਮ ਵੱਲ ਰੱਖਦਾ ਹੈ। ਸੋ ਗੁਰਮੁਖਾਂ ਦੀ ਤਰ੍ਹਾਂ ਨਾਮ ਜਪਣ ਦੀ ਜਾਚ ਸਿੱਖੋ।

ਇਉਂ ਹਜ਼ੂਰ ਨੇ ਪਹਿਲੀ ਵਾਰ ਨਾਮ ਦੀ ਦਾਤ ਬਖ਼ਸ਼ ਕੇ ਇਸ ਕੀਟ ਨੂੰ ਨਿਵਾਜ਼ਿਆ। ਸਤਪੁਰਸ਼ਾਂ ਦੇ ਹਰ ਕਥਨ, ਹਰ ਬਚਨ, ਹਰ ਅੱਖਰ ਦੇ ਪਿਛੇ ਕੋਈ ਵਿਸ਼ੇਸ਼ ਫ਼ਿਲਾਸਫੀ ਹੈ, ਜੋ ਰਹਿੰਦੀ ਦੁਨੀਆਂ ਤੱਕ ਜੀਵਾਂ ਨੂੰ ਚਾਨਣ ਮੁਨਾਰੇ ਦਾ ਕੰਮ ਦਿੰਦੀ ਹੈ।

ਯਥਾ: *ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ ॥* *(ਗਉੜੀ ਸੁਖਮਨੀ ਮਃ ੫ - ੨੯੫)*

ਉਪਰੋਕਤ ਸਮੇਂ ਤੋਂ ਦੋ ਢਾਈ ਸਾਲ ਬਾਅਦ ਅਚਾਨਕ ਹੀ ਆਪ ਜੀ ਦੇ ਚਰਨਾਂ ਵਿੱਚ ਬਚਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਆਪ ਜੀ ਨੇ ਸੁਭਾਵਿਕ ਹੀ ਇਸ ਮੂਰਖ ਨੂੰ ਪ੍ਰਮੇਸ਼ਰ ਦੀ ਹੋਂਦ ਅਤੇ ਸਰਬਵਿਆਪਕਤਾ ਦ੍ਰਿੜ ਕਰਵਾਉਣ ਲਈ ਪ੍ਰਸ਼ਨ ਕੀਤਾ, "ਤੁਹਾਡਾ ਨਾਮ ਕੀ ਹੈ?" ਪਤਾ ਸੀ ਹਜ਼ੂਰ ਤਾਂ ਭਲੀ ਭਾਂਤ ਵਾਕਫ਼ ਸਨ ਪਰ ਇਹ ਜਾਣ ਕੇ ਕਿ:

ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥
ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥੮॥ *(ਸੂਹੀ ਮਃ ੩ - ੭੫੫)*

ਤਥਾ: ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥
(ਵਾਰ-ਸੋਰਠਿ ਮਃ ੩ - ੬੪੭)

"ਭਾਈ! ਜਦੋਂ ਤੁਹਾਨੂੰ ਨਾਮ ਲੈ ਕੇ ਕੋਈ ਬੁਲਾਵੇ ਤਾਂ ਕੀ ਜਵਾਬ ਵਿੱਚ ਬੋਲਦੇ ਹੋ?" ਹਜ਼ੂਰ ਨੇ ਫੇਰ ਪੁੱਛਿਆ। "ਹਾਂ ਮਹਾਰਾਜ! ਸੰਸਾਰ ਦੇ ਹਰ ਪ੍ਰਾਣੀ ਨੂੰ ਜਦੋਂ ਕੋਈ ਨਾਮ ਲੈ ਕੇ ਪੁਕਾਰਦਾ ਹੈ ਤਾਂ ਉਹ ਅਵੱਸ਼ ਬੋਲਦਾ ਹੈ।" "ਉਸ ਪ੍ਰਮੇਸ਼ਰ ਦਾ ਨਾਮ ਕੀ ਹੈ?" ਮਿੱਠ ਬੋਲੜੇ ਪ੍ਰੀਤਮ ਨੇ ਕਿਹਾ। ਇਸ ਪ੍ਰਸ਼ਨ ਦਾ ਉੱਤਰ ਦੇਣ ਨੂੰ ਮੈਂ ਤੁੱਛ ਬੁੱਧੀ ਵਾਲਾ ਜੀਵ ਸਮਰਥ ਨਹੀਂ ਸੀ ਪਰ ਜਿਵੇਂ ਆਪ ਜੀ ਨੇ ਬੁਲਾਇਆ ਤਿਵੇਂ ਜਵਾਬ ਦਿੱਤਾ, "ਗ਼ਰੀਬ ਨਿਵਾਜ਼! ਪ੍ਰਮੇਸ਼ਰ ਦੇ ਅਨੰਤ ਨਾਮ ਹਨ। ਪ੍ਰੰਤੂ ਸਾਨੂੰ ਇੱਕ ਨਾਮ ਜੋ ਆਪ ਜੀ ਨੇ ਬਖ਼ਸ਼ਿਆ ਹੈ ਉਸ ਦਾ ਹੀ ਪਤਾ ਹੈ ਉਹ ਹੈ 'ਸਤਿਨਾਮ ਵਾਹਿਗੁਰੂ।"

ਸੱਚੇ ਪਾਤਸ਼ਾਹ ਬੋਲੇ, "ਭਾਈ ਜਦੋਂ ਦੁਨੀਆਂ ਦੇ ਆਮ ਲੋਕਾਂ ਨੂੰ ਉਨ੍ਹਾਂ ਦਾ ਨਾਮ ਲੈ ਕੇ ਪੁਕਾਰਿਆ ਜਾਂਦਾ ਹੈ, ਉਹ ਬੋਲਦੇ ਹਨ। ਤਾਂ ਕੀ ਹਾਜ਼ਰਾ ਹਜ਼ੂਰ ਜ਼ਾਹਰਾ ਜ਼ਹੂਰ ਸਰਬ ਵਿਆਪਕ ਪਰੀਪੂਰਨ ਪ੍ਰਮੇਸ਼ਰ ਨੂੰ ਜੋ ਕੋਈ ਉਸ ਦਾ ਨਾਮ ਲੈ ਕੇ ਬੁਲਾਵੇਗਾ, ਤਾਂ ਕੀ ਉਹ ਨਹੀਂ ਬੋਲੇਗਾ? ਅਵੱਸ਼ ਬੋਲੇਗਾ। ਲੋੜ ਹੈ ਉਸ ਨੂੰ ਸ਼ਰਧਾ, ਸਿਦਕ, ਵਿਸ਼ਵਾਸ ਅਤੇ ਪ੍ਰੇਮ ਨਾਲ ਬੁਲਾਉਣ ਦੀ।"

ਸੱਚਮੁਚ ਹੀ ਜਦੋਂ ਅਸਲ ਦੀ ਕਸਵੱਟੀ ਤੇ ਪਰਖਿਆ ਤਾਂ ਜਦੋਂ ਵੀ ਆਪ ਜੀ ਨੂੰ ਯਾਦ ਕੀਤਾ, ਤਦੋਂ ਹੀ ਮਿਹਰ ਕੀਤੀ ਅਤੇ ਜੋ ਮੰਗਿਆ ਸੋ ਬਖ਼ਸ਼ਿਆ। ਧੰਨ ਦਾਤਾਰ! ਜਿਤਨੀਆਂ ਸਾਡੇ ਕਲਯੁਗੀ ਜੀਵਾਂ ਦੀਆਂ ਮੋਟੀਆਂ ਬੁੱਧੀਆਂ, ਉਤਲੇ ਹੀ ਸਰਲ ਅਤੇ ਸੌਖੇ ਢੰਗਾਂ ਨਾਲ ਆਪ ਜੀ ਨੇ ਸਾਨੂੰ ਜਗਤ ਦੇ ਅਧਾਰ ਪ੍ਰਮੇਸ਼ਰ ਦੀ ਹੋਂਦ ਸਰਬ ਵਿਆਪਕਤਾ ਅਤੇ ਨਾਮ ਦੀ ਮਹਿਮਾ ਤੋਂ ਜਾਣੂੰ ਕਰਵਾਇਆ। ਦੱਸਿਆ ਕਿ ਪ੍ਰਾਣੀ ਦੇ ਵਾਰ-ਵਾਰ ਜੰਮਣ ਮਰਨ ਦੇ ਚੱਕਰ ਵਿੱਚ ਪੈਣ ਦਾ ਮੂਲ ਕਾਰਨ ਮੋਹ, ਵਾਸ਼ਨਾ ਅਤੇ ਅਗਿਆਨ ਹੈ। ਦੁਰਲੱਭ ਮਨੁੱਖਾ ਦੇਹੀ ਨੂੰ ਮੁਕਤ ਕਰਨ ਦੇ ਮੁੱਖ ਸਾਧਨ ਸ੍ਰੇਸ਼ਟ ਕਰਮ, ਉਪਾਸ਼ਨਾ, ਸਤਸੰਗ, ਨਿਸ਼ਕਾਮ ਸੇਵਾ, ਹਰੀ ਕੀਰਤਨ ਆਦਿ ਦੱਸੇ।

ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥ *(ਵਾਰ-ਸੂਹੀ ਮਃ ੩ - ੭੯੨)*

ਆਪ ਜੀ ਦੀ ਅਗਮ ਅਗਾਧ ਮਹਿਮਾ ਦਾ ਵਰਨਣ ਕਰਨਾ ਅਕਾਸ਼ ਨੂੰ ਗ਼ਜ਼ਾਂ ਨਾਲ ਮਿਨਣ ਵਾਲੀ ਗੱਲ ਹੈ ਜਿਸ ਨੂੰ ਇਹ ਅਲਪੱਗ ਜੀਵ ਕਿਵੇਂ ਪ੍ਰਗਟ ਕਰ ਸਕਦਾ ਹੈ। ਇਹ ਤਾਂ ਕੇਵਲ ਹਜ਼ੂਰ ਦੀ ਹੀ ਬਖ਼ਸ਼ੀ ਤੁੱਛ ਬੁੱਧੀ ਅਨੁਸਾਰ ਉਸ

ਵਿਸ਼ਾਲ ਅਤੇ ਅਥਾਹ ਸਮੁੰਦਰ ਵਿੱਚੋਂ ਬੂੰਦ ਭਰ ਪਾਣੀ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰ ਕੇ:

ਮਨ ਮੇਰੇ ਗੁਰੁ ਪੂਰਾ ਸਾਲਾਹਿ ॥

ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ॥੧॥ ਰਹਾਉ ॥ (ਮਲਾਰ ਮਃ ੪ - ੧੨੭੧)

ਵਾਲਾ ਵਲਵਲਾ ਤੇ ਚਾਉ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੇ ਮਿਹਰਾਂ ਦੇ ਸਾਈਂ! ਆਪ ਦੇ ਚਰਨਾਂ ਵਿੱਚ ਇਹੀ ਪ੍ਰਾਰਥਨਾ ਹੈ ਕਿ ਜਿਵੇਂ ਅਤਿ ਮਿਹਰ ਦੇ ਘਰ ਵਿੱਚ ਆ ਕੇ ਪਵਿੱਤਰ ਨਾਮ ਦੀ ਦਾਤ ਬਖ਼ਸ਼ੀ ਹੈ ਤਿਵੇਂ ਹੀ ਇਸ ਦਾਤ ਨੂੰ ਅੰਤਮ ਸਵਾਸ ਤੱਕ ਸੰਭਾਲਣ ਦੀ ਅਥਾਹ ਤਾਕਤ ਬਖ਼ਸ਼ ਕੇ ਸੰਸਾਰ ਤੋਂ ਤਾਰੋ।

(ਵਲੋਂ: ਬੀਬੀ ਗੁਰਦੇਵ ਕੌਰ, ਪਿੰਡ ਭੋਗੀਵਾਲ, ਜ਼ਿਲ੍ਹਾ ਸੰਗਰੂਰ)

ਪ੍ਰਤਾਪੀ ਥੇ

ਪਾਵਨ ਪਰਮ ਪੁਰਖ ਪੂਰਨ ਪ੍ਰਬੀਨ ਪ੍ਰਭੂ, ਪਾਵਨ ਪਖੰਡਨ ਕੋ ਤਾਪ ਰੂਪ ਤਾਪੀ ਥੇ।

ਮਾਧਵ ਮਹਾਨ ਜੋਤ ਮਧੁ ਸਮ ਮੀਠੇ ਵਾਕ, ਮਾਨ ਮੁਕੰਦ ਮਹਾਂ ਮਾਨਨ ਕੋ ਖਾਪੀ ਥੇ।

ਮੋਹ ਮਦ ਮਤਸਰ ਮਲਨ ਮਲੀਨ ਮਨ, ਮਲਨ ਹਰਤ ਰੂਪ ਕੂਪ ਥੇ ਕਿ ਬਾਪੀ ਥੇ।

ਪੂਰਨ ਪਾਰਬ੍ਰਹਮ ਪੂਰਨ ਪ੍ਰੀਤਵਾਨ, ਮਹਾਰਾਜ ਈਸ਼ਰ ਸਿੰਘ ਅਮੋਲਕ ਪ੍ਰਤਾਪੀ ਥੇ।

(ਵਲੋਂ: ਗਿਆਨੀ ਲਾਭ ਸਿੰਘ ਜੀ ਨਾਭਾ)

ਕਾਂਡ ੨੫

ਅਗਲੇ ਸੰਸਾਰ ਦੀ ਇੱਕ ਤਸਵੀਰ

ਖਾਓ ਪੀਓ ਮੌਜ ਕਰੋ (Eat Drink and be Merry) ਆਦਿਕ ਪੱਛਮੀ ਵਿੱਦਿਆ ਦੇ ਪ੍ਰਭਾਵ ਹੇਠ ਸਾਡੇ ਸਮਾਜ ਦੇ ਵਰਤਮਾਨ ਵਿਅਕਤੀ ਦੀ ਵੀ ਇਹ ਇੱਕ ਆਮ ਕਹਾਵਤ ਬਣ ਚੁੱਕੀ ਹੈ ਕਿ 'ਆਹ ਜਗ ਮਿੱਠਾ ਤੇ ਅਗਲਾ ਕਿਨ ਡਿੱਠਾ।' ਗੁਰੂ ਸਾਹਿਬਾਨ ਨੇ ਸਾਨੂੰ ਭਟਕਦੇ ਹੋਏ ਕਲਯੁਗੀ ਜੀਵਾਂ ਨੂੰ ਅਜਿਹੇ ਅੰਧ ਵਿਸ਼ਵਾਸ਼ਾਂ ਤੋਂ ਬਚਾਉਣ ਲਈ ਹੀ ਸਾਡੇ ਲੋਕ ਪ੍ਰਲੋਕ ਸੰਵਾਰਨ ਵਾਲੀ ਅੰਮ੍ਰਿਤਮਈ ਦਰਗਾਹੀ ਬਾਣੀ ਦੀ ਰਚਨਾ ਕੀਤੀ ਸੀ। ਜਿਸ ਵਿੱਚ ਗੁਰੂ ਜੀ ਨੇ ਸਾਨੂੰ ਇਹ ਪ੍ਰਾਪਤ ਹੋਈ ਮਨੁੱਖੀ ਦੇਹੀ ਨੂੰ ਅਤਿਅੰਤ ਦੁਰਲੱਭ ਅਤੇ ਕੀਮਤੀ ਦੱਸਿਆ ਹੈ।

ਦ੍ਰਿਸ਼ਟਮਾਨ ਸੰਸਾਰ ਦਾ ਮੋਹ, ਅਨੇਕ ਕਿਸਮ ਦੀਆਂ ਵਾਸ਼ਨਾਵਾਂ ਅਤੇ ਅਗਿਆਨਤਾ ਸਾਡੇ ਵਾਰ ਵਾਰ ਜੰਮਣ ਅਤੇ ਮਰਨ ਅਤੇ ਨਖਿਧ ਜੂਨੀਆਂ ਵਿੱਚ ਭਟਕਣ ਦੇ ਕਾਰਣ ਦੱਸ ਕੇ, ਪ੍ਰਭੂ ਪ੍ਰਾਪਤੀ ਇਸ ਦਾ ਮੁੱਖ ਉਦੇਸ਼, ਸੇਵਾ, ਸਿਮਰਨ, ਕੀਰਤਨ, ਸਤਸੰਗ ਇਸ ਦੁਰਲੱਭ ਦੇਹੀ ਨੂੰ ਸਫ਼ਲ ਕਰਨ ਦੇ ਸਾਧਨ ਦੱਸੇ। ਨਾਲ ਹੀ ਇਹ ਵਿਸ਼ੇਸ਼ ਰੂਪ ਵਿੱਚ ਸੂਚਿਤ ਕੀਤਾ ਹੈ ਕਿ ਇਸ ਮਾਤ ਲੋਕ ਰੂਪੀ ਕਰਮ ਭੂਮੀ ਵਿੱਚ ਜੇਹਾ ਕੋਈ ਬੀਜ ਬੀਜੇਗਾ ਤੇਹਾ ਹੀ ਅੱਗੇ ਵੱਢੇਗਾ।

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਬਾਰਹਮਾਹਾ ਮਾਝ ਮਃ ੫ - ੧੩੪)

ਪਿਆਰਿਓ! ਇਹ ਕਿਸੇ ਸਾਧਾਰਣ ਮਨੁੱਖ ਦਾ ਕਥਨ ਨਹੀਂ। ਗੁਰਬਾਣੀ ਕਿਸੇ ਆਮ ਵਿਅਕਤੀਆਂ ਦੀ ਰਚਨਾ ਨਹੀਂ। ਇਹ ਰੱਬੀ ਸੁਪਰੀਮ ਕੋਰਟ ਦੇ ਅਟੱਲ ਫ਼ੈਸਲੇ ਹਨ। ਤਦੇ ਹੀ ਗੁਰੂ ਜੀ ਨੇ ਸਾਨੂੰ ਵਾਰ ਵਾਰ ਗੁਰਬਾਣੀ ਨੂੰ ਸੱਤ ਮੰਨਣ ਦੀ ਪ੍ਰੇਰਨਾ ਕੀਤੀ ਹੈ।

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥

(ਗਉੜੀ ਵਾਰ-੧ ਮਃ ੪ - ੩੦੮)

ਨਾਮ ਤੋਂ ਬਿਨਾਂ ਜੀਵ ਅੱਗੇ ਜਾ ਕੇ ਅਨੇਕਾਂ ਦੁਖਾਂ ਤੱਕਲੀਫ਼ਾਂ ਦਾ ਸ਼ਿਕਾਰ ਹੋ ਕੇ ਸਦੀਆਂ ਤੱਕ ਨਖਿੱਧ ਜੂਨੀਆਂ ਵਿੱਚ ਭਟਕਦਾ ਹੈ। ਸਾਨੂੰ ਕਲਯੁਗੀ ਜੀਵਾਂ ਨੂੰ ਹੋਰ ਨਿਸ਼ਚੇ ਕਰਵਾਉਣ ਵਾਸਤੇ ਮੁਰਾਦਾਬਾਦ ਵਿਖੇ ਗੁਰੂ ਨਾਨਕ ਸਾਹਿਬ ਨੇ ਅਗਲੇ ਸੰਸਾਰ ਦਾ ਇੱਕ ਅਜੇਹਾ ਚਿਤਰ ਪ੍ਰਗਟ ਕੀਤਾ ਜਿਸ ਤੋਂ ਉਪਰੋਕਤ ਕਥਨ ਪ੍ਰਤੱਖ ਸਿੱਧ ਹੁੰਦਾ ਹੈ।

ਸ. ਚੰਨਣ ਸਿੰਘ ਖੇੜਾ ਟ੍ਰਾਂਸਪੋਰਟ ਦੀ ਭੈਣ ਸੁਰਜੀਤ ਕੌਰ ਕਾਫ਼ੀ ਸਮੇਂ ਤੋਂ ਬੀਮਾਰ ਸੀ ਉਸ ਨੂੰ ਕਿਸੇ ਭਟਕਦੀ ਰੂਹ ਨੇ ਤੰਗ ਕੀਤਾ ਸੀ। ਘਰ ਵਿੱਚ ਜਾਨੀ ਤੇ ਮਾਲੀ ਨੁਕਸਾਨ ਭੀ ਕੀਤਾ। ਉਸ ਦੇ ਭਲੇ ਵਾਸਤੇ ੧੯੭੪ ਵਿੱਚ ਸੰਤ ਜੀ ਨੇ ਬਿਧੀ ਨਾਲ ਸਪਤਾਹ ਪਾਠ ਕਰਵਾ ਕੇ ਉਸ ਦਾ ਭਲਾ ਕੀਤਾ ਜਿਸ ਦਾ ਨਾਮ ਬਿਸ਼ਨ ਸਿੰਘ ਸੀ ਇਨ੍ਹਾਂ ਦਾ ਚਾਚਾ ਲੱਗਦਾ ਸੀ। ਇਸ ਤੋਂ ਇਲਾਵਾ ਜੋ ਵਿਸ਼ੇਸ਼ ਸਿੱਖਿਆਪ੍ਰਦ ਘਟਨਾ ਵਾਪਰੀ ਉਹ ਇਹ ਹੈ ਕਿ ਕਈ ਸੌ ਗ੍ਰੰਥੀਆਂ ਅਥਵਾ ਰਾਗੀਆਂ ਪ੍ਰਚਾਰਕਾਂ ਦੀਆਂ ਰੂਹਾਂ ਦਾ ਇੱਕ ਸਮੂੰਹ ਹੀ ਹਾਜ਼ਰ ਹੋਇਆ ਜਿਨ੍ਹਾਂ ਵਿੱਚੋਂ ਮੁੱਖ ਗ੍ਰੰਥੀ ਕੁੱਝ ਸਾਲ ਮੁਰਾਦਾਬਾਦ ਦੇ ਹੀ ਸਥਾਨਕ ਗੁਰਦੁਆਰੇ ਵਿਖੇ ਗ੍ਰੰਥੀ ਰਿਹਾ ਸੀ। ਗੁਰੂ ਸੰਗਤ ਨੇ ਪੁੱਛਿਆ ਕਿ ਇਹੋ ਜਿਹੇ ਸ਼ੁਭ ਕਰਮ ਕਰਦੇ ਹੋਏ ਵੀ ਇਸ ਦੁਰਗਤੀ ਨੂੰ ਪ੍ਰਾਪਤ ਕਿਵੇਂ ਹੋ ਗਏ? ਉਨ੍ਹਾਂ ਨੇ ਦੱਸਿਆ ਕਿ ਅਸੀਂ ਗੁਰਬਾਣੀ ਤੇ ਅਮਲ ਕਰਨ ਦੀ ਬਜਾਏ ਗੁਰੂ ਜੀ ਦੇ ਪਾਵਨ ਹੁਕਮਾਂ ਦਾ ਉਲੰਘਣ ਕੀਤਾ। ਆਪਣੇ ਜੀਵਨ ਵਿੱਚ ਗ੍ਰੰਥੀ ਹੁੰਦੇ ਹੋਏ ਵੀ ਮਾਸ ਸ਼ਰਾਬ ਦੀ ਰੱਜ ਰੱਜ ਵਰਤੋਂ ਕੀਤੀ। ਗੁਰੂ ਮਹਾਰਾਜ ਦੇ ਸਤਿਕਾਰ ਤੋਂ ਦੂਰ ਰਹੇ। ਸਹਿਜ ਪਾਠ ਕਰਨ ਦੀ ਬਜਾਏ ਬਿਨਾਂ ਕੀਤਿਆਂ ਹੀ ਪੱਤਰੇ ਪਲਟ ਦੇਣੇ ਜਾਂ ਬਿਨਾਂ ਕੀਤਿਆਂ ਹੀ ਭੋਗ ਪਾ ਦੇਣੇ। ਘਰ ਵਾਲੇ ਪ੍ਰੇਮੀ ਤੋਂ ਪੈਸੇ ਲੈ ਕੇ ਬਿਭਚਾਰ ਆਦਿ ਬੁਰੇ ਕੰਮਾਂ ਵਿੱਚ ਖ਼ਰਚਨੇ। ਅਖੰਡ ਪਾਠ ਦੀਆਂ ਕਈ ਕਈ ਡਿਊਟੀਆਂ ਰੱਖ ਕੇ ਗੁਰੂ ਮਹਾਰਾਜ ਦੇ ਤਾਬੇ ਸੁਤਿਆਂ ਰਹਿਣਾ। ਨਾ ਕਦੀ ਡਿਊਟੀ ਸਮੇਂ ਇਸ਼ਨਾਨ ਕਰਨਾ। ਹੁਣ ਆਪਣੇ ਕੀਤੇ ਕਰਮਾਂ ਦਾ ਫ਼ਲ ਪ੍ਰੇਤ ਜੋਨੀ ਅਥਵਾ ਹੋਰ ਟੇਢੀਆਂ ਜੂਨਾਂ ਵਿੱਚ ਪੈ ਕੇ ਦੁਖੀ ਹੋ ਕੇ ਭੋਗ ਰਹੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਚਰਨਾਂ ਵਿੱਚ ਰੋ ਰੋ ਕੇ ਆਪਣੇ ਗ਼ੁਨਾਹ ਬਖ਼ਸ਼ਾਉਣ ਲਈ ਅਰਦਾਸਾਂ ਕੀਤੀਆਂ। ਇਸ ਤਰ੍ਹਾਂ ਮੁਖਤਲਿਫ ਇਲਾਕੇ ਬਠਿੰਡਾ, ਦਮਦਮਾ ਸਾਹਿਬ, ਕਾਸ਼ੀਪੁਰ, ਅੰਮ੍ਰਿਤਸਰ ਆਦਿਕ ਇਲਾਕਿਆਂ ਵਿੱਚੋਂ ਆ ਕੇ ਹਾਜ਼ਰ ਹੋਏ।

ਭੋਗ ਦੀ ਸਮਾਪਤੀ ਅਤੇ ਅਰਦਾਸ ਤੋਂ ਉਪਰੰਤ ਬਦਰੂਹਾਂ ਨੇ ਗੁਰਬਾਣੀ ਤੇ ਸ੍ਰੀ ਸੰਤ ਜੀ ਮਹਾਰਾਜ ਦਾ ਪਰਉਪਕਾਰੀ ਸਾਈਂ ਮੁਕਤੀ ਦਾਤਾ ਨਿਰੰਕਾਰੀ ਜੋਤ ਆਦਿਕ ਸ਼ਬਦਾਂ ਨਾਲ ਜਸ ਕੀਤਾ ਅਤੇ ਸੰਗਤ ਨੂੰ ਸੰਬੋਧਨ ਕਰ ਕੇ ਉਨ੍ਹਾਂ ਤੋਂ ਨਾਮ ਦੀ ਦਾਤ ਪ੍ਰਾਪਤ ਕਰ ਕੇ ਜੀਵਨ ਸਫ਼ਲਾ ਕਰਨ ਦੀ ਵਾਰ ਵਾਰ ਪ੍ਰੇਰਨਾ ਕੀਤੀ। ਇਉਂ ਗੁਰਬਾਣੀ ਦਾ ਪਾਠ

ਸਰਵਣ ਕਰ ਕੇ ਸਭਨਾਂ ਦਾ ਪ੍ਰੇਤ ਜੂਨੀ ਤੋਂ ਛੁਟਕਾਰਾ ਹੋਇਆ। ਕੂਕਾਂ ਮਾਰਦੇ ਹਨ ਵੇਦ, ਚੀਕਾਂ ਮਾਰਦੇ ਹਨ ਸ਼ਾਸਤਰ, ਮੱਤ ਦਿੰਦੇ ਹਨ ਸੰਤ ਮਹਾਤਮਾ ਪ੍ਰੰਤੂ ਇਹ ਸ਼ੈਤਾਨ ਬਾਂਦਰ ਰੂਪ ਸਾਡਾ ਚੰਚਲ ਮਨ ਮੰਨਣ ਵਿੱਚ ਹੀ ਨਹੀਂ ਆਉਂਦਾ।

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥ (ਸਲੋਕ ਸੇਖ ਫਰੀਦ ਜੀ - ੧੩੭੯)

ਅਗਰ ਸਾਡੀਆਂ ਵਾਸ਼ਨਾਵਾਂ ਅਤੇ ਨਾਮ ਤੋਂ ਹੀਣੇ ਜੀਵਨ ਦਾ ਨਤੀਜਾ ਅੱਗੇ ਜਾ ਕੇ ਸਦੀਆਂ ਤੱਕ ਦੁੱਖਦਾਈ ਨਖਿਧ ਜੂਨੀਆਂ ਵਿੱਚ ਭਟਕਣਾ ਹੀ ਹੈ? ਤਾਂ ਆਓ ਇਸ ਅਮੋਲਕ ਦੇਹੀ ਨੂੰ ਕਾਲ ਰੂਪੀ ਬਿੱਲੇ ਦੇ ਝਪਟਾ ਮਾਰਨ ਤੋਂ ਪਹਿਲਾਂ ਅਸੀਂ ਆਪਣੇ ਮਹਾਨ ਸਤਿਕਾਰ ਯੋਗ ਗੁਰੂ ਸਰੂਪ ਗੁਰਬਾਣੀ ਦੇ ਪਿਆਰ ਭਰੇ ਹੁਕਮ:

ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥

(ਗਉੜੀ ਗੁਆਰੇਰੀ ਮਃ ੩ - ੧੬੨)

ਅਥਵਾ: *ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ ॥*

(ਸਿਰੀਰਾਗੁ ਮਃ ੩ - ੩੬)

ਦੀ ਪਾਲਣਾ ਕਰੀਏ। ਜਿਸ ਅਮੋਲਕ ਨਾਮ ਦੇ ਇੱਕ ਘੜੀ ਦੇ ਜਾਪ ਨਾਲ ਨਰਕਾਂ ਦੇ ਕੁੰਡ ਖ਼ਾਲੀ ਹੋ ਗਏ ਸਨ ਅਤੇ ਜਿਸ ਪਵਿੱਤ੍ਰ ਗੁਰਬਾਣੀ ਦੇ ਕੇਵਲ ਸਰਵਣ ਕਰਨ ਨਾਲ ਹੀ ਇਤਨੀਆਂ ਬਦਰੂਹਾਂ ਦੁੱਖਾਂ ਪਾਪਾਂ ਤੋਂ ਮੁਕਤ ਹੋ ਕੇ ਸਦਗਤੀ ਨੂੰ ਪ੍ਰਾਪਤ ਹੋ ਗਈਆਂ, ਉਸ ਗੁਰਬਾਣੀ ਨੂੰ ਨਿਤਾਪ੍ਰਤੀ ਪ੍ਰੇਮ ਨਾਲ ਪੜ੍ਹੀਏ ਅਤੇ ਸਰਵਣ ਕਰੀਏ। ਸ੍ਰੀ ਦਸਮੇਸ਼ ਕਲਗੀਧਰ ਮਹਾਰਾਜ ਦੇ ਖੰਡੇ ਦਾ ਅੰਮ੍ਰਿਤ ਛਕ ਕੇ ਉਨ੍ਹਾਂ ਦੇ ਪਾਵਨ ਹੁਕਮ:

ਪ੍ਰਾਨੀ ਪਰਮ ਪੁਰਖ ਪਗ ਲਾਗੋ ॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਅਨੁਸਾਰ ਭਗਤੀ ਦੇ ਭੰਡਾਰੇ ਦਾਤਾਰ ਕੋਲੋਂ ਨਾਮ ਰੂਪੀ ਅਮੋਲਕ ਦਾਤ ਦੀ ਜਾਚਨਾ ਕਰ ਕੇ ਉਸ ਦਾਤ ਨੂੰ ਸੰਭਾਲਣ ਲਈ ਵਿਸ਼ੇਸ਼ ਕ੍ਰਿਪਾ ਕਰਨ ਵਾਸਤੇ ਵਾਰ ਵਾਰ ਇਹ ਅਰਦਾਸ ਕਰੀਏ। ਹੇ ਪ੍ਰਭੂ!

ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥੧॥ (ਧਨਾਸਰੀ ਮਃ ੩ - ੬੬੬)

ਜਦੋਂ ਸੰਤ ਜੀ ਮਹਾਰਾਜ ਨੂੰ ਪਾਠੀਆਂ ਦੀ ਅਣਗਹਿਲੀ ਦਾ ਪਤਾ ਲੱਗਾ ਤਾਂ ਹਜ਼ੂਰ ਕਹਿਣ ਲੱਗੇ, ਮਹਾਰਾਜ ਨੇ ਗੁਰਬਾਣੀ ਤਾਂ ਮੁਕਤੀ ਵਾਸਤੇ ਉਚਾਰਨ ਕੀਤੀ ਸੀ ਪਰ ਇਨ੍ਹਾਂ ਪਾਠੀਆਂ ਨੇ ਬਿਜ਼ਨਸ ਬਣਾ ਕੇ ਵਪਾਰ ਸ਼ੁਰੂ ਕਰ ਲਿਆ। ਇਸ ਪਰ ਆਪ ਜੀ ਨੇ ਇੱਕ ਦ੍ਰਿਸ਼ਟਾਂਤ ਸੁਣਾਇਆ।

ਇੱਕ ਚੱਕ੍ਰਵਰਤੀ ਬਾਦਸ਼ਾਹ ਸੀ ਉਸ ਨੇ ਆਪਣੇ ਦੇਸ਼ ਵਿੱਚ ਪਰਜਾ ਦੇ ਸੁੱਖ ਵਾਸਤੇ ਬਹੁਤ ਸਾਰੇ ਨਿਯਮ ਕਾਇਮ ਕਰ ਕੇ ਉਨ੍ਹਾਂ ਉੱਪਰ ਚੱਲਣ ਦੀ ਆਗਿਆ ਕੀਤੀ। ਹੋਰ ਤਾਂ ਸਾਰੇ ਲੋਕ ਮੰਨ ਗਏ ਪਰ ਬਾਦਸ਼ਾਹ ਦੇ ਨਿਕਟਵਰਤੀ ਅਹਿਲਕਾਰ ਤੇ ਭਰਾਵਾਂ ਨੇ ਉਨ੍ਹਾਂ ਨੂੰ ਨਾ ਮੰਨਿਆ। ਬਾਦਸ਼ਾਹ ਨੇ ਨਰਾਜ਼ ਹੋ ਕੇ ਪਹਿਲਾਂ ਤਾਂ ਉਨ੍ਹਾਂ ਨੂੰ ਦੇਸ ਨਿਕਾਲਾ ਦੇ ਦਿੱਤਾ ਫੇਰ ਕੁੱਝ ਕੁ ਸਮੇਂ ਤੋ ਬਾਅਦ ਤਰਸ ਕਰ ਕੇ ਉਨ੍ਹਾਂ ਦੀ ਰਿਹਾਇਸ਼ ਵਾਸਤੇ ਇੱਕ ਬਹੁਤ ਵੱਡਾ ਬਾਗ਼ (ਜਿਸ ਵਿੱਚ ਅਨੇਕ ਪ੍ਰਕਾਰ ਦੇ ਬੂਟੇ ਤੇ ਕਮਰੇ ਬਣੇ ਸਨ) ਦੇ ਦਿੱਤਾ ਕਿ ਇਸ ਦੇ ਆਸਰੇ ਆਪਣਾ ਗੁਜ਼ਾਰਾ ਕਰੀ ਜਾਣਗੇ। ਉਸ ਬਾਗ਼ ਵਿੱਚ ਰਿਹਾਇਸ਼ ਰੱਖ ਕੇ ਕਈਆਂ ਨੇ ਹੱਥ ਪੈਰ ਹੀ ਨਾ ਹਿਲਾਏ ਜਿਸ ਕਰ ਕੇ ਕੰਮ-ਕਾਰ ਤੋਂ ਬਗ਼ੈਰ ਭੁੱਖੇ ਮਰਨ ਲੱਗੇ ਅਤੇ ਥੋਹੜੇ ਸਮੇਂ ਤੋਂ ਬਾਅਦ ਪ੍ਰਾਣ ਤਿਆਗ ਦਿੱਤੇ। ਬਹੁਤ ਸਾਰਿਆਂ ਨੇ ਲਕੜਾਂ ਕੱਟ ਕੇ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਇਉਂ ਆਪਣਾ ਗੁਜ਼ਾਰਾ ਕਰਨ ਲੱਗੇ। ਕਈਆਂ ਨੇ ਉਸ ਵਿੱਚੋਂ ਚੰਦਨ ਦੇ ਬੂਟੇ ਲੱਭ ਲਏ। ਉਨ੍ਹਾਂ ਦੁਆਰਾ ਸ਼ਾਹੂਕਾਰ ਬਣ ਗਏ। ਕਿਸੇ ਨੂੰ ਉਸ ਵਿੱਚੋਂ ਪਾਰਸ ਦੀ ਵੱਟੀ ਮਿਲ ਗਈ, ਉਹ ਸੋਨਾ ਬਨਾਉਣ ਲੱਗ ਪਿਆ। ਕਈਆਂ ਨੇ ਫਿਰ ਤੁਰ ਕੇ ਚਿੰਤਾਮਣੀ ਪ੍ਰਾਪਤ ਕਰ ਲਈ। ਉਸ ਤੋਂ ਜੋ ਮੰਗਣ ਸੋ ਮਿਲ ਜਾਵੇ। ਇਉਂ ਸਭਨਾ ਦੇ ਮਨ ਦੀ ਮੁਰਾਦ ਪੂਰੀ ਹੋ ਗਈ। ਬਾਦਸ਼ਾਹ ਨੇ ਸਾਰਿਆਂ ਨੂੰ ਆਪਣੇ ਕੋਲ ਸੱਦਿਆ। ਜਿਸ ਦੇ ਪਾਸ ਚਿੰਤਾਮਣੀ ਸੀ, ਉਸ ਨੂੰ ਆਪਣਾ ਤਖ਼ਤ ਦੇ ਦਿੱਤਾ। ਪਾਰਸ ਵਾਲੇ ਨੂੰ ਉਸ ਦਾ ਵਜ਼ੀਰ ਬਣਾ ਦਿੱਤਾ। ਚੰਦਨ ਦੇ ਬੂਟੇ ਵਾਲਿਆਂ ਨੂੰ ਸ਼ਾਹੂਕਾਰ ਬਣਾਇਆ।ਇਉਂ ਸਭਨਾਂ ਨੂੰ ਆਪੋ ਆਪਣਾ ਹੱਕ ਦੇ ਕੇ ਆਪ ਤਪੱਸਿਆ ਕਰਨ ਵਾਸਤੇ ਜੰਗਲ ਨੂੰ ਚਲਾ ਗਿਆ। ਇਸੇ ਤਰ੍ਹਾਂ ਅਕਾਲ ਪੁਰਖ ਪ੍ਰਮੇਸ਼ਰ ਸਭਨਾਂ ਦਾ ਮਾਲਕ ਬਾਦਸ਼ਾਹ ਹੈ। ਸਾਰੇ ਜੀਵ ਚੇਤਨ ਦੀ ਅੰਸ਼ ਹੋਣ ਕਰ ਕੇ ਉਸ ਦੇ ਭਰਾ ਤੇ ਸਬੰਧੀ ਹਨ। ਜੀਵਾਂ ਦੇ ਭਲੇ ਵਾਸਤੇ ਪ੍ਰਮੇਸ਼ਰ ਨੇ ਧਾਰਮਿਕ ਗ੍ਰੰਥਾ ਦੁਆਰਾ ਰੱਬੀ ਕਾਨੂੰਨ ਬਣਾਏ। ਜਿਨ੍ਹਾਂ ਨੇ ਉਨ੍ਹਾਂ ਨੂੰ ਨਾ ਮੰਨਿਆ ਉਨ੍ਹਾਂ ਨੂੰ ਚੁਰਾਸੀ ਲੱਖ ਜੂਨ ਦੇ ਜੰਗਲ ਵਿੱਚ ਦੇਸ ਨਿਕਾਲਾ ਦੇ ਦਿੱਤਾ। ਕੁੱਝ ਕੁ ਸਮੇਂ ਤੋਂ ਬਾਅਦ ਤਰਸ ਕਰ ਕੇ ਮਨੁੱਖਾ ਜਨਮ ਸ਼ਹਿਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਗ਼ ਬਖ਼ਸ਼ਿਆ। ਜਿਨ੍ਹਾਂ ਨੇ ਬਾਣੀ ਉੱਕੀ ਹੀ ਨਾ ਪੜ੍ਹੀ ਉਹ ਭੁੱਖੇ ਮਰਨ ਵਾਲਿਆਂ

ਵਾਂਗ ਬੜੇ ਦੁਖੀ ਹੋ ਕੇ ਚੁਰਾਸੀ ਲੱਖ ਦੇ ਚੱਕਰ ਵਿੱਚ ਜਾ ਪਏ। ਜੋ ਪਾਠ ਪੜ੍ਹ ਪੜ੍ਹ ਕੇ ਗ਼ੁਜਾਰਾ ਕਰਨ ਲੱਗੇ, ਉਹ ਲੱਕੜਾ ਵੇਚਣ ਵਾਲਿਆਂ ਦੀ ਨਿਆਈਂ ਹਨ। ਜਿਨ੍ਹਾਂ ਨੇ ਗੁਰਬਾਣੀ ਪੜ੍ਹ ਕੇ ਵੈਰਾਗ ਧਾਰਨ ਕਰ ਲਿਆ, ਉਹ ਚੰਦਨ ਵਾਲਿਆਂ ਵਾਂਗ (ਸ਼ਾਹੂਕਾਰ) ਸੰਤ ਬਣ ਗਏ। ਜਿਨ੍ਹਾਂ ਨੇ ਭਗਤੀ ਰੂਪੀ ਪਾਰਸ ਦੀ ਵੱਟੀ ਪ੍ਰਾਪਤ ਕਰ ਲਈ ਉਹ ਪ੍ਰਮੇਸ਼ਰ ਦੇ ਵਜ਼ੀਰ ਨਿਕਟਵਰਤੀ ਸਲੋਕ ਸਮੀਪ ਮੁਕਤੀ ਵਾਲੇ ਸਰੂਪ ਰੂਪੀ ਤਖ਼ਤ ਦੇ ਮਾਲਕ ਬਾਦਸ਼ਾਹ ਹੋ ਗਏ।

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ (ਗਉੜੀ ਸੁਖਮਨੀ ਮਃ ੫ - ੨੭੩)

ਤਥਾ: *ਨਾਨਕ ਸਾਧ ਪ੍ਰਭ ਭੇਦੁ ਨਾ ਭਾਈ ॥੮॥੭॥* (ਗਉੜੀ ਸੁਖਮਨੀ ਮਃ ੫ - ੨੭੨)

ਅਥਵਾ: *ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥*
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥੪॥੫॥

(ਸੂਹੀ ਲਲਿਤ ਭਗਤ ਕਬੀਰ ਜੀ - ੭੯੩)

ਇਸੇ ਤਰ੍ਹਾ ਇਨ੍ਹਾਂ ਪਾਠ ਕਰਨ ਵਾਲੇ ਪਾਠੀਆਂ ਦੀ ਹਾਲਤ ਹੈ। ਜਿਨ੍ਹਾਂ ਨੇ ਗੁਰਬਾਣੀ ਨੂੰ ਮੁਕਤੀ ਦੀ ਥਾਂ ਬਿਜ਼ਨਸ ਬਣਾ ਲਿਆ। ਪਹਿਲਾਂ ਤਾਂ ਇਹ ਪਾਠੀ ਸੰਥਾ ਨਾਲ ਕਿਸੇ ਕੋਲੋਂ ਪਾਠ ਹੀ ਸ਼ੁੱਧ ਨਹੀਂ ਕਰਦੇ। ਜੇ ਸੰਥਾ ਕਰਵਾ ਵੀ ਲੈਣ, ਤਾਂ ਮਿਹਨਤ ਨਹੀਂ ਕਰਦੇ। ਫਿਰ ਪੂਰਾ ਅਦਬ ਸਤਿਕਾਰ ਨਹੀਂ ਕਰਦੇ। ਤਾਬਿਆ ਜਾਣ ਲੱਗੇ ਨਾ ਇਸ਼ਨਾਨ ਕਰਨਾ, ਨਾ ਸਾਫ਼ ਬਸਤਰ ਹੀ ਪਹਿਨਣੇ, ਨਾ ਗਲ ਵਿੱਚ ਪਰਨਾ ਪਾਉਣਾ, ਨਾ ਪੈਰ ਹੀ ਧੋਣੇ, ਜੋੜਿਆਂ ਵਾਲੀਆਂ ਜੁਰਾਬਾਂ ਸਣੇ ਤਾਬੇ ਜਾ ਬੈਠਣਾ, ਨਾ ਰਹਿਤ ਮਰਯਾਦਾ ਵਿੱਚ ਤਿਆਰ ਬਰ ਤਿਆਰ। ਨਿੱਤਨੇਮ ਤਾਂ ਕੀ ਕਰਨਾ ਸੀ, ਉਬਾਸੀ ਲੈਣ ਸਮੇਂ ਮੂੰਹ ਅੱਗੇ ਕੱਪੜਾ ਨਹੀਂ ਕਰਨਾ। ਨਿੱਛ ਅਤੇ ਖੰਘ ਆਵੇ ਕੋਈ ਪ੍ਰਵਾਹ ਨਹੀਂ। ਬੱਸ ਇੱਕ ਮਾਇਆ ਹੀ ਮੁੱਖ ਰੱਖੀ ਹੈ। ਫਿਰ ਇਹੋ ਜਿਹੇ ਪਾਠੀਆਂ ਦਾ ਪਾਠ ਕਰਿਆਂ ਗ੍ਰਹਿਸਤੀ ਭਗਤ ਦਾ ਕਾਰਜ ਕਿਵੇਂ ਠੀਕ ਹੋਵੇ। ਉਨ੍ਹਾਂ ਦੀ ਤਾਂ ਇਨ੍ਹਾਂ ਦੀ ਕਿਰਿਆ ਦੇਖ ਕੇ ਹੀ ਸ਼ਰਧਾ ਉੱਡ ਜਾਂਦੀ ਹੈ ਤੇ ਪਾਠੀਆਂ ਨੂੰ ਨੌਕਰਾਂ ਤੇ ਦਿਹਾੜੀਦਾਰਾਂ ਵਾਂਗੂੰ ਸਮਝਦੇ ਹਨ।

ਇੱਧਰੋਂ ਇਹ ਪਾਠੀ ਕਹਿੰਦੇ ਹਨ ਅਸੀਂ ਮਿਹਨਤ ਕਰ ਕੇ ਮਾਇਆ ਲੈਂਦੇ ਹਾਂ। ਕਿਸੇ ਦਾ ਕਾਰਜ ਪੂਰਾ ਹੋਵੇ ਚਾਹੇ ਨਾ ਹੋਵੇ ਸਾਨੂੰ ਕੀ? ਇਹ ਤਾਂ ਕਿਸੇ ਪੁਰਸ਼ ਨੂੰ ਹੀ ਜਿਸ ਦੀ ਗੁਰਬਾਣੀ ਤੇ ਪੂਰਨ ਭਾਵਨਾ ਹੈ, ਲਾਜ ਹੁੰਦੀ ਹੈ ਕਿ ਇਸ ਦਾ ਕੰਮ ਜ਼ਰੂਰ ਹੋ ਜਾਵੇ। ਜੇ ਰਹਿਤਵਾਨ ਪਾਠੀ ਸਿੰਘ ਸ਼ਰਧਾ ਨਾਲ ਪੂਰਨ ਮਰਯਾਦਾ ਅਨੁਸਾਰ ਪਾਠ ਕਰਨ, ਫਿਰ ਉਹ ਕਿਹੜਾ ਕੰਮ ਹੈ ਜੋ ਪੂਰਾ ਨਾ ਹੋ ਸਕੇ? ਹੁਣ ਤਾਂ ਇਕੋਤਰੀਆਂ ਨੇ ਹਰ ਇੱਕ ਦੇ ਅੰਦਰੋਂ ਬਿਲਕੁਲ ਹੀ ਸਤਿਕਾਰ ਉਡਾ ਦਿੱਤਾ। ਕਰਾਉਣ ਵਾਲਿਆਂ ਨੇ ਪਾਠੀਆਂ ਨਾਲ ਤਨਖਾਹ ਮੁਕੱਰਰ ਕੀਤੀ ਹੁੰਦੀ ਹੈ। ਪ੍ਰਸ਼ਾਦਾ ਚਾਹ ਵੀ ਨਹੀਂ ਦਿੰਦੇ। ਉਹ ਰੌਲ ਤੋਂ ਦੋ ਮਿੰਟ ਪਹਿਲਾਂ ਰਾਤ ਨੂੰ ਸੁੱਤੇ ਉੱਠ ਕੇ ਇਸ਼ਨਾਨ ਕੀਤੇ ਬਿਨਾਂ ਜਾ ਬੈਠਦੇ ਹਨ। ਦੱਸੋ ਇਸ ਵਿੱਚ ਘਰ ਵਾਲੇ ਪ੍ਰੇਮੀ ਦਾ ਕੀ ਦੋਸ਼? ਇਹ ਤਾਂ ਪਾਪਾਂ ਦੇ ਭਾਗੀ ਪਾਠੀ ਹੀ ਹਨ। ਸੋ ਪਾਠੀ ਸਿੰਘਾਂ ਨੂੰ ਇਨ੍ਹਾਂ ਨਿਯਮਾਂ ਤੇ ਪੱਕੇ ਰਹਿਣਾ ਚਾਹੀਦਾ ਹੈ:

ਮਨ ਕੋ ਬੰਧੇਜ ਬਾਂਧ ਆਸਨ ਕੋ ਸਾਧ ਬੇਸ, ਗਾਤ ਕੋ ਅਲੋਲ ਸੁੱਧ ਏਕ ਚਾਲ ਲੀਜੀਏ।
ਚੀਤ ਕੋ ਨਿਰੋਧ ਕੈ ਪ੍ਰਬੋਧ ਕੈ ਪ੍ਰਕਾਸ਼ ਪ੍ਰੇਮ, ਗਾਦੀ ਨਾ ਵਿਛਾਏ ਨਾ ਪ੍ਰਯੰਕ ਹਾਥ ਦੀਜੀਏ।
ਖ਼ਾਸੀ ਕ੍ਰੋਧ ਵਾਰਤਾ ਜੰਭਾਈ ਡਕਾਰ ਛੀਕ, ਨਾਕ ਮੈਲ ਮੰਦ ਪੌਣ ਥੂਕ ਨਾਹੀ ਕੀਜੀਏ।
ਸਾਂਤੀ ਸੁਭਾਉ ਧਰ ਅਕਲ ਸਿਉਂ ਲਗਾਵੇ ਧਿਆਨ, ਗ੍ਰੰਥ ਜੀ ਕੋ ਪਾਠ ਪਿਆਰੇ ਐਸ ਬਿਧ ਕੀਜੀਏ।

ਇਉਂ ਸੰਤ ਜੀ ਮਹਾਰਾਜ ਨੇ ਹੋਰ ਵੀ ਬਹੁਤ ਸਾਰੇ ਅਮੋਲਕ ਬਚਨ ਬਿਲਾਸ ਕੀਤੇ ਜਿਨ੍ਹਾਂ ਦਾ ਸਰੋਤਿਆਂ ਦੇ ਮਨ ਤੇ ਪੂਰਾ ਅਸਰ ਹੋਇਆ ਪਰ ਧਾਰਨ ਕੀਤੇ ਕਿਸੇ ਭਾਗਾਂ ਵਾਲੇ ਨੇ ਹੀ, ਜਿਨ੍ਹਾਂ ਤੇ ਨਿਰੰਕਾਰ ਦੀ ਬਖ਼ਸ਼ਿਸ਼ ਹੁੰਦੀ ਹੈ।

ਸ. ਗੁਰਦੇਵ ਸਿੰਘ ਗਰੇਵਾਲ (ਗਹਿਗੱਡ)

ਸ. ਗੁਰਦੇਵ ਸਿੰਘ ਗਰੇਵਾਲ ਲਲਤੋਂ 'ਗਹਿਗੱਡ' ਦਾ ਜਨਮ ਲੁਧਿਆਣੇ ਜ਼ਿਲ੍ਹੇ ਵਿੱਚ ਛੋਟੀ ਲਲਤੋਂ ੧੯੩੫ ਈ. ਵਿੱਚ ਸ. ਮਿਸ਼ਰਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਤੋਂ ਹੋਇਆ। ਅੱਠਵੀਂ ਜਮਾਤ ਤੱਕ ਪਿੰਡ ਦੇ ਸਕੂਲ ਵਿੱਚ ਪੜ੍ਹਾਈ ਕੀਤੀ। ੧੯੫੦ ਈ. ਵਿੱਚ ਸੰਤ ਗਿ. ਗੁਰਦਿਆਲ ਸਿੰਘ ਠੱਕਰਵਾਲ ਤੋਂ ਅੰਮ੍ਰਿਤ ਛਕਿਆ। ਪਹਿਲੀ ਵਾਰ ਕਰਮਸਰ ਦਾ ਦੀਦਾਰ ਕੀਤਾ, ਜਦੋਂ ਸੰਤ ਜੀ ਮਹਾਰਾਜ ਨੇ ਲਲਤੋਂ ਖੁਰਦ ਸ. ਜਗਨ ਸਿੰਘ ਦੇ ਘਰ ਦੋ ਅਖੰਡ ਪਾਠ ਕੀਤੇ। ਦੀਵਾਨ ਸਜੇ ਤਾਂ ਉਸ ਸਮੇਂ ਪਹਿਲੀ ਵਾਰ ਦਰਸ਼ਨ ਦੀਦਾਰ ਤੇ ਕੀਰਤਨ ਸੁਣਿਆ। ੨੦-੮-੬੦ ਨੂੰ ਦਿੱਲੀ ਸ. ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦੀ ਕੋਠੀ ਹਜ਼ੂਰ ਨੇ ਨਾਮ ਦੀ ਦਾਤ ਬਖ਼ਸ਼ੀ ਅਤੇ ਮਾਲੀ ਹਾਲਤ ਚੰਗੀ ਕਰਨ ਹਿੱਤ ਭੋਗ ਮੋਖ ਦੇ ਦਾਤੇ ਨੇ ਘਰ ਵਿੱਚ ਰੱਖਣ ਵਾਸਤੇ ਇੱਕ ਚਾਂਦੀ ਦਾ ਰੁਪਿਆ ਦਿੱਤਾ ਕਿ ਇਸ ਨੂੰ ਸੰਭਾਲ ਕੇ ਰੱਖੀਂ ਕਿਸੇ ਪਦਾਰਥ ਦਾ ਘਾਟਾ ਨਹੀਂ ਰਹੇਗਾ। ਸੋ ਲਗਾਤਾਰ ਨੌਂ ਸਾਲ ਸੰਤ ਜੀ ਮਹਾਰਾਜ ਦੇ ਕੀਰਤਨ ਸਮੇਂ ਹਜ਼ੂਰ ਦੇ ਪ੍ਰੋਗਰਾਮਾਂ ਨੂੰ ਦੱਸਣ ਵਾਸਤੇ ਸਟੇਜਾਂ ਤੇ

ਬੋਲਦਾ ਰਿਹਾ। ਮੁਰਾਦਾਬਾਦ, ਹਾਪੜ, ਡੇਹਰਾਦੂਨ, ਦਿੱਲੀ ਤੇ ਹੋਰ ਯੂ. ਪੀ. ਦੇ ਸ਼ਹਿਰਾਂ 'ਚ ਦਰਸ਼ਨਾਂ ਨੂੰ ਜਾਂਦੇ ਰਹੇ। ਸੰਤ ਸਮਾਜ ਦੀਆਂ ਮੀਟਿੰਗਾਂ ਸਮੇਂ ਜੇਹਾ ਕਿ ਭਿੰਡਰੀ ੨੬-੮-੫੮ ਨੂੰ, ਫੇਰ ਨਾਨਕਸਰ ਕਲੇਰਾਂ, ਤਿੰਨ ਵਾਰ ਕਰਮਸਰ ਰਾੜਾ ਸਾਹਿਬ, ਰਾਮਪੁਰ ਤੇ ਬੰਗੇ ਹੋਈ; ਸੇਵਾ ਵਿੱਚ ਹਾਜ਼ਰ ਸਨ। ਦਮਦਮੇ ਸਾਹਿਬ ਗੁਰਦੁਆਰਾ ਪਾਤਸ਼ਾਹੀ ੯ ਦੇ ਮੰਜੀ ਸਾਹਿਬ ਦਾ ਨੀਂਹ ਪੱਥਰ ਰੱਖਣ ਸਮੇਂ ਵੀ ਸੰਤ ਜੀ ਮਹਾਰਾਜ ਦੇ ਨਾਲ ਗਏ ਸਨ।

ਜਦੋਂ ਜਲੰਧਰ ਸ਼ਹਿਰ ਅੱਡਾ ਬਸਤੀਆਂ ਸ. ਨਿਹਾਲ ਸਿੰਘ ਰਾਮਗੜੀਆ ਲਾਹੌਰ ਵਾਲਿਆਂ ਦੇ ਘਰ ਅਖੰਡ ਪਾਠ ਕੀਤਾ ਤਾਂ ਸੰਤ ਜੀ ਮਹਾਰਾਜ ਜੈਨ ਗਏ ਜੋ ਬਾਬਾ ਹਰਨਾਮ ਸਿੰਘ ਜੀ ਦਾ ਪਵਿੱਤਰ ਅਸਥਾਨ ਹੈ। ਉੱਥੇ ਸੇਵਾਦਾਰਾਂ ਨੇ ਪੰਜ ਸੌ ਰੁਪਿਆ ਤੇ ਸਿਰੋਪਾਓ ਭੇਟਾ ਕੀਤਾ ਪਰ ਆਪ ਜੀ ਨੇ ਕੇਵਲ ਸਿਰੋਪਾਓ ਹੀ ਸਵੀਕਾਰ ਕੀਤਾ। ਰਸਤੇ ਵਿੱਚ ਹਜ਼ਾਰੇ ਪਿੰਡ ਜਸਵੰਤ ਸਿੰਘ ਅਵਧੂਤ ਤੇ ਪਾਸ ਰਾਤ ਠਹਿਰੇ। ਉਸ ਸਮੇਂ ਵੀ ਗੁਰਦੇਵ ਸਿੰਘ ਨਾਲ ਸੀ।

ਸੁਲੇਮਾਨ ਕਾਜ਼ੀ ਦੀ ਪ੍ਰੇਤ ਜੂਨੀ ਤੋਂ ਕਲਿਆਣ

ਆਪ ਜੀ ਹਰੇਕ ਸਾਲ ਯੂ. ਪੀ. ਦੇ ਇਲਾਕੇ ਨੂੰ ਤਿੰਨ ਮਹੀਨਿਆਂ ਦਾ ਸਮਾਂ ਬਖ਼ਸ਼ਦੇ। ਰਿਹਾਇਸ਼ ਆਪਣੇ ਪਰਮ ਪ੍ਰੀਤਵਾਨ ਗੁਰਮੁਖਾਂ ਦੇ ਬਣਾਏ ਭੋਰੇ ਵਿੱਚ ਹਾਪੜ ਰੱਖਦੇ। ਸਮਾਂ ਸਾਰੇ ਸ਼ਹਿਰਾਂ ਨੂੰ ਵੰਡ ਕੇ ਦਿੰਦੇ। ਮੇਰਠ, ਮੁਜ਼ੱਫਰਨਗਰ, ਗਾਜ਼ੀਆਬਾਦ, ਦੌਰਾਲੇ, ਮੁਰਾਦਾਬਾਦ, ਬੁਲੰਦ ਸ਼ਹਿਰ, ਖਤੌਲੀ ਆਦਿਕ ਥਾਵਾਂ ਤੇ ਕੀਰਤਨ ਕਰਦੇ। ਇੱਕ ਦਫ਼ਾ ਆਪ ਜੀ ਹਾਪੜ ਠਹਿਰੇ ਸਨ। ੧੭-੧੦-੬੭ ਨੂੰ ਸਵੇਰੇ ਕੁਰਸੀ ਦੇ ਸਮੇਂ; ਜੋ ਕਿ ਅੱਠ ਤੋਂ ਨੌਂ ਵਜੇ ਤੱਕ ਹਰ ਰੋਜ਼ ਪਰਮਾਰਥਕ ਬਚਨਾਂ ਵਾਸਤੇ ਇੱਕ ਘੰਟਾ ਖੁੱਲ੍ਹਾ ਦਰਸ਼ਨ ਬਖ਼ਸ਼ਦੇ, ੨੬ ਸਾਲ ਦੀ ਉਮਰ ਦਾ ਇੱਕ ਨੌਜਵਾਨ ਸਾਹਮਣੇ ਬੈਠਾ ਸਿਰ ਦੇ ਵਾਲ ਕੱਟੇ, ਦਾੜ੍ਹੀ ਵੀ ਸਫਾ, ਮੌਲਵੀ ਟਾਈਪ ਦੀਆਂ ਮੁੱਛਾਂ, ਫਟੇ ਪੁਰਾਣੇ ਤੇ ਮੈਲ ਦੇ ਭਰੇ ਹੋਏ ਖੱਦਰ ਤੇ ਬਸਤ੍ਰ, ਉਸ ਦੇ ਵਿੱਚ ਪਾਉਣ ਆਈ ਤੇ ਹਜ਼ੂਰ ਦੇ ਸਾਹਮਣੇ ਸਿਰ ਹਿਲਾ ਕੇ ਖੇਡਣ ਲੱਗਾ ਅਤੇ ਉਰਦੂ ਵਿੱਚ ਬੋਲਣ ਲੱਗ ਪਿਆ। ਆਪ ਜੀ ਨੇ ਕਿਹਾ, "ਕਿਉਂ ਬਈ! ਕੀ ਗੱਲ ਹੈ? ਤੂੰ ਕੌਣ ਹੈ?" ਉਸ ਨੇ ਅਰਜ਼ ਕੀਤੀ ਕਿ ਮੇਰੀ ਬੇਨਤੀ ਅਲੱਗ ਹੋ ਕੇ ਸੁਣੋ। ਹੁਕਮ ਕੀਤਾ, "ਅੱਜ ਤਾਂ ਕੁਰਸੀ ਤੋਂ ਉੱਠਣ ਦਾ ਸਮਾਂ ਹੋ ਗਿਆ ਹੈ। ਹੁਣ ਕਲ੍ਹ ਸੁਣਾਂਗੇ।" ਦੂਸਰੇ ਦਿਨ ੧੮-੧੦-੬੭ ਨੂੰ ਕੁੱਝ ਕੁ ਖ਼ਾਸ ਪ੍ਰੇਮੀਆਂ ਦੇ ਸਾਹਮਣੇ ਆਪਣੇ ਪਾਸ ਭੋਰੇ ਵਿੱਚ ਬੁਲਾ ਲਿਆ ਅਤੇ ਆਖਿਆ, "ਦਸ ਬਈ! ਕੀ ਗੱਲ ਹੈ?" ਤਾਂ ਉਸ ਰੂਹ ਨੇ ਫੇਰ ਉਸ ਆਦਮੀ ਵਿੱਚ ਪ੍ਰਵੇਸ਼ ਹੋ ਕੇ ਸਿਰ ਮਾਰਦਿਆਂ ਉਰਦੂ ਵਿੱਚ ਬਚਨ ਕੀਤੇ ਕਿ ਮਹਾਰਾਜ! ਮੈਂ ਸੁਲੇਮਾਨ ਨਾਮ ਦਾ ਸ਼ਾਹੀ ਕਾਜ਼ੀ ਸਾਂ, ਜੋ ਹੁਣ ਪ੍ਰੇਤ ਜੂਨੀ ਵਿੱਚ ਦੁੱਖ ਭੋਗ ਰਿਹਾ ਹਾਂ। ਅੱਜ ਤੋਂ ਹਜ਼ਾਰ ਸਾਲ ਪਹਿਲਾਂ ਈਰਾਨ ਤੋਂ ਮਹਿਮੂਦ ਗਜ਼ਨਵੀ ਦੇ ਪਹਿਲੇ ਹੱਲੇ ਸਮੇਂ ਉਸ ਦੇ ਨਾਲ ਹਿੰਦੁਸਤਾਨ ਵਿੱਚ ਆਇਆ ਸੀ। ਉਹ ਤਾਂ ਦੇਸ਼ ਦਾ ਹੁਸਨ ਤੇ ਦੌਲਤ ਲੁੱਟ ਕੇ ਵਾਪਸ ਮੁੜ ਗਿਆ। ਮੈਂ ਸਹਾਰਨਪੁਰ ਦੇ ਪਾਸ ਮੁਗ਼ਲ ਖੇੜੇ ਪਿੰਡ ਵਿੱਚ ਠਹਿਰ ਗਿਆ। ਮੇਰੀਆਂ ਤਿੰਨ ਬੇਗਮਾਂ ਤੇ ਇੱਕ ਸੁੰਦਰ ਲੜਕੀ ਸੀ। ਇਹ ਲੜਕਾ ਜਿਸ ਦੇ ਵਿੱਚ ਮੈਂ ਪ੍ਰਵੇਸ਼ ਹਾਂ, ਉਸ ਸਮੇਂ ਹਿੰਦੂ ਪਟਵਾਰੀ ਸੀ। ਮੇਰੀ ਲੜਕੀ ਨੂੰ ਲੁਭਾਇਮਾਨ ਕਰ ਕੇ ਲੈ ਗਿਆ। ਮੈਂ ਲਭਦਾ ਰਿਹਾ ਪਰ ਮਿਲਿਆ ਨਾ। ਭੂਤ ਵਿੱਦਿਆ ਦਾ ਜਾਣੂ ਸਾਂ। ਐਵੇਂ ਹੀ ਕਿਸੇ ਮਗਰ ਭੂਤ ਛੱਡ ਕੇ ਉਸ ਤੋਂ ਪੈਸੇ ਲੈ ਕੇ ਕੱਢਣੇ। ਤੁਅੱਸਬ ਵਿੱਚ ਬੇਅੰਤ ਬੇ-ਗ਼ੁਨਾਹ ਹਿੰਦੂ ਕਤਲ ਕਰਵਾਏ। ਨਿਮਾਜ਼ਾਂ ਵੀ ਪੜ੍ਹਦਾ ਰੋਜੇ ਵੀ ਰਖਦਾ, ਪਰ ਦਿਖਾਵੇ ਵਾਸਤੇ। ਸੀ ਨਿਗੁਰਾ ਬੇਪੀਰਾ। ਸੱਤਰ ਸਾਲ ਦੀ ਉਮਰ ਵਿੱਚ ਮੇਰੀ ਮੌਤ ਹੋ ਗਈ। ਉਸੇ ਪਿੰਡ ਮੇਰੀ ਕਬਰ ਬਣੀ ਹੈ, ਜਿਸ ਨੂੰ ਭੁੱਲੜ ਕਹੋ ਜਾਂ ਸ਼ਰਧਾਲੂ ਲੋਕ ਅੱਜ ਤੱਕ ਪੂਜਦੇ ਹਨ। ਜਦੋਂ ਮੈਨੂੰ ਧਰਮਰਾਜਾ ਦੇ ਦੂਤਾਂ ਨੇ ਮਾਰਦਿਆਂ ਕੁੱਟਦਿਆਂ ਬੁਰੀ ਹਾਲਤ ਵਿੱਚ ਧਰਮਰਾਜਾ ਦੇ ਪੇਸ਼ ਕੀਤਾ, ਅਗਨੀ ਨਾਲ ਤਾਏ, ਲਾਲ ਤਾਂਬੇ ਵਾਂਗ ਭਖਦਾ ਚੇਹਰਾ ਦੁੱਧ ਚਿਟਾ ਦਾਹੜਾ ਸੋਲਾਂ ਕੋਹਾਂ ਵਿੱਚ ਉਸ ਦਾ ਸਿੰਘਾਸਣ ਦੇਖ ਮੈਂ ਕੰਬਣ ਲੱਗ ਪਿਆ। ਉਸ ਨੇ ਮੇਰੇ ਗ਼ੁਨਾਹਾਂ ਵਲ ਤੱਕਿਆ। ਨਿਗੁਰਾ ਹੋਣ ਦੀ ਵਜ਼ਾ ਨਾਲ ਇੱਕ ਹਜ਼ਾਰ ਵਰ੍ਹਾ ਪ੍ਰੇਤ ਜੂਨੀ ਵਿੱਚ ਰਹਿਣ ਦੀ ਸਜ਼ਾ ਦੇ ਦਿੱਤੀ। ਮੈਂ ਧਾਹਾਂ ਮਾਰ ਕੇ ਅਰਜ਼ ਕੀਤੀ ਮੇਰਾ ਭਲਾ ਕਿਵੇਂ ਹੋਵੇਗਾ? ਉਸ ਨੇ ਕਿਹਾ ਸਜ਼ਾ ਦਾ ਸਮਾਂ ਖ਼ਤਮ ਹੋਣ ਤੋਂ ਕਿਸੇ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਦੁਆਰਾ ਤੈਨੂੰ ਪ੍ਰੇਤ ਜੂਨੀ ਤੋਂ ਛੁਟਕਾਰਾ ਮਿਲੇਗਾ।

ਮੈਂ ਬੜਾ ਸੜਦਾ ਬਲਦਾ ਤੇ ਤੜਫਦਾ ਦੁਖੀ ਹੁੰਦਾ ਬਦਰੂਹ ਵਿੱਚ ਭਟਕ ਰਿਹਾ ਹਾਂ। ਪ੍ਰੇਤ ਜੂਨ ਦੋ ਤੱਤਾਂ ਦੇ ਸੂਖਮ ਸਰੀਰ ਵਾਲੀ ਹੁੰਦੀ ਹੈ ਅੱਗ ਤੇ ਹਵਾ। ਹੱਡੀਆਂ ਕੋਇਲੇ ਤੇ ਗੰਦਗੀ ਖਾਣ ਨੂੰ ਮਿਲਦੀ ਹੈ। ਸਵਾ ਮਣ ਦੀ ਭੁੱਖ ਤੇ ਸੂਈ ਦੇ ਨੱਕੇ ਜਿਤਨਾ ਮੁੱਖ ਹੁੰਦਾ ਹੈ। ਸਦੀਵੀ ਭਟਕਦਾ ਤੇ ਦੁਖੀ ਹੁੰਦਾ ਫਿਰਦਾ ਹਾਂ। ਕਿਤੇ ਵੀ ਟਿਕਾਓ ਤੇ ਸ਼ਾਂਤੀ ਨਹੀਂ। ਇੱਕ ਮਿੰਟ ਵਿੱਚ ਸਾਰੀ ਦੁਨੀਆਂ ਦਾ ਚੱਕਰ ਕੱਟ ਸਕਦਾ ਹਾਂ। ਆਪ ਮੇਰੇ ਤੇ ਤਰਸ ਕਰੋ। ਉਹ ਸਮਾਂ ਵੀ ਆ ਗਿਆ ਤੇ ਪੂਰਨ ਪੁਰਸ਼ ਵੀ ਮਿਲ ਪਏ।

ਤਬਦੀਲੀ ਤੋਂ ਬਾਅਦ ਇਸ ਲੜਕੇ ਦੇ ਪਿਤਾ (ਜਿਸ ਵਿੱਚ ਮੈਂ ਪ੍ਰਵੇਸ਼ ਹਾਂ) ਡਾਕਟਰ ਸ਼ੇਰ ਸਿੰਘ ਨੂੰ ਉਸੇ ਪਿੰਡ ਮੁਗ਼ਲ ਖੇੜੇ ਜ਼ਮੀਨ ਅਲਾਟ ਹੋ ਗਈ। ਅੱਜ ਤੋਂ ਸੱਤ ਸਾਲ ਪਹਿਲਾਂ ਜਦੋਂ ਇਹ ਉਨੀਵੇਂ ਸਾਲ ਨੌਵੀਂ ਜਮਾਤ ਵਿੱਚ ਪੜ੍ਹਦਾ

ਸੀ, ਇਸ ਨੇ ਮੇਰੀ ਕਬਰ ਤੇ ਪਿਸ਼ਾਬ ਕਰ ਦਿੱਤਾ। ਮੈਂ ਇਸ ਨੂੰ ਇਕੱਠਾ ਕਰ ਕੇ ਗ੍ਰਸ ਲਿਆ। ਚਾਰ ਸਾਲ ਬੋਲਣ ਹੀ ਨਹੀਂ ਦਿੱਤਾ। ਕਈ ਥਾਵਾਂ ਤੇ ਲੈ ਕੇ ਗਏ ਪਰ ਕਾਮਯਾਬ ਨਾ ਹੋਏ। ਫੇਰ ਜਦੋਂ ਡੇਰਾ ਵਡਭਾਗ ਸਿੰਘ ਇਸ ਨੂੰ ਲੈ ਕੇ ਗਏ, ਧੌਲੀਧਾਰ ਹੇਠਾਂ ਸਿਰ ਕੀਤਾ, ਜਦੋਂ ਉੱਪਰੋਂ ਪਾਣੀ ਪਿਆ ਤਾਂ ਮੈਂ ਬੋਲਿਆ ਕਿ ਮੇਰਾ ਨਾਮ ਸੁਲੇਮਾਨ ਸੀ ਤੇ ਸ਼ਾਹੀ ਕਾਜੀ ਸਾਂ। ਹੁਣ ਪ੍ਰੇਤ ਬਣ ਕੇ ਇਸ ਮੋਹਨ ਸਿੰਘ ਦੇ ਅੰਦਰ ਪ੍ਰਵੇਸ਼ ਹੋਇਆ ਹਾਂ। ਪਰ ਮੇਰਾ ਹਿੰਦੁਸਤਾਨ ਭਰ ਵਿੱਚ ਚੈਲੰਜ ਹੈ ਕਿ ਇਸ ਦੇ ਅੰਦਰੋਂ ਕੋਈ ਵੀ ਮੈਨੂੰ ਕੱਢ ਨਹੀਂ ਸਕਦਾ। ਇਸ ਦਾ ਪਿਤਾ ਕਈ ਮਾਂਦਰੀਆਂ ਕੋਲ ਲੈ ਕੇ ਗਿਆ। ਜੋ ਮੰਤਰ ਉਹ ਬੋਲਦੇ, ਮੈਂ ਨਾਲ ਹੀ ਪੜ੍ਹ ਕੇ ਉਨ੍ਹਾਂ ਦਾ ਮੰਤਰ ਕੱਟ ਦਿੰਦਾ ਅਤੇ ਇਹ ਵੀ ਕਹਿੰਦਾ ਜੇਕਰ ਆਪਣੀ ਸੁੱਖ ਚਾਹੁੰਦੇ ਹੋ ਇਸ ਨੂੰ ਰਾਜ਼ੀ ਕਰਨ ਦਾ ਖ਼ਿਆਲ ਛੱਡ ਦੇਵੋ। ਇਹ ਸੁਣ ਕੇ ਉਹ ਡਰ ਜਾਂਦੇ। ਜਦੋਂ ਕਿਸੇ ਦੇ ਮੰਤਰ ਦਾ ਅਸਰ ਨਾ ਹੋਇਆ ਤਾਂ ਇਹ ਕਈ ਮਹਾਂਪੁਰਸ਼ਾਂ ਪਾਸ ਵੀ ਲੈ ਕੇ ਗਏ। ਪਰ ਮੈਂ ਉਨ੍ਹਾਂ ਤੋਂ ਵੀ ਕਾਬੂ ਨ ਆਇਆ ਕਿਉਂਕਿ ਮੈਂ ਤਾਂ (ਨਜਾਤ) ਮੁਕਤੀ ਚਾਹੁੰਦਾ ਸਾਂ। ਉਹ ਕਿਸੇ ਪਾਸ ਹੈ ਨਹੀਂ ਸੀ। ਸੋ ਗ਼ਰੀਬ ਨਿਵਾਜ਼! ਆਪ ਹੁਣ ਮੇਰੇ ਤੇ ਕ੍ਰਿਪਾ ਕਰੋ ਪ੍ਰੇਤ ਜੂਨੀ ਤੋਂ ਛਡਾਓ ਮੈਂ ਬੜਾ ਦੁਖੀ ਹਾਂ।

ਹਜ਼ੂਰ ਨੇ ਬਚਨ ਕੀਤਾ, "ਮੁਕਤੀ ਜੁਗਤੀ ਨਾਲ ਮਿਲਦੀ ਹੈ ਧੱਕੇ ਨਾਲ ਨਹੀਂ। ਤੈਨੂੰ ਪ੍ਰੇਤ ਜੂਨ ਤੋਂ ਮੁਕਤ ਕਰ ਕੇ ਮਨੁੱਖਾ ਜਨਮ ਦੇ ਦਿੰਦੇ ਹਾਂ। ਫੇਰ ਭਜਨ ਸਿਮਰਨ ਦੁਆਰਾ ਮੁਕਤੀ ਪਾ ਲਵੀਂ।" ਮਹਾਂਪੁਰਸ਼ ਪ੍ਰਮੇਸ਼ਰ ਦੀ ਮਰਯਾਦਾ ਨੂੰ ਬਿਗਾੜਦੇ ਨਹੀਂ। ਉਹ ਤਾਂ ਕਾਇਮ ਕਰਨ ਵਾਸਤੇ ਆਉਂਦੇ ਹਨ। ਉਹ ਮੋਹਨ ਸਿੰਘ ਤਾਂ ਮਾਮੂਲੀ ਅੰਗਰੇਜ਼ੀ ਤੇ ਪੰਜਾਬੀ ਦਾ ਜਾਣੂ ਸੀ ਅਤੇ ਉਹ ਸੁਲੇਮਾਨ ਤਾਂ ਫ਼ਾਰਸੀ ਦਾ ਆਲਮ ਉਰਦੂ ਵਿੱਚ ਬੋਲਦਾ ਸੀ। ਕੁਰਾਨ ਦੀਆਂ ਆਇਤਾਂ ਦਾ ਬੜਾ ਸੁੰਦਰ ਪਾਠ ਬੋਲ ਕੇ ਅਰਥ ਕਰਦਾ ਸੀ। ਲੇਖਕ ਨੇ ਆਪ ਵੀ ਉਸ ਨਾਲ ਬਚਨ ਕੀਤੇ ਸਨ ਅਤੇ ਪ੍ਰੇਮੀਆਂ ਨੇ ਉਹ ਬਚਨ ਟੇਪ ਰਿਕਾਰਡ ਵੀ ਕੀਤੇ ਹਨ, ਜੋ ਹੁਣ ਵੀ ਸੁਣੇ ਜਾ ਸਕਦੇ ਹਨ। ਗੁਰਬਾਣੀ ਵਿੱਚ ਵੀ ਭੂਤਾਂ ਪ੍ਰੇਤਾਂ ਦੀਆਂ ਜੂਨਾਂ ਲਿਖੀਆਂ ਹਨ।

ਯਥਾ: *ਕਈ ਕੋਟਿ ਜਖ੍ਹ ਕਿੰਨਰ ਪਿਸਾਚ ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥*

(ਗਉੜੀ ਸੁਖਮਨੀ ਮਃ ੫ - ੨੭੬)

ਤਥਾ: *ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥*

(ਮਾਰੂ ਮਃ ੧ - ੧੦੨੯)

ਤਥਾ: *ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥ (ਗੂਜਰੀ ਭਗਤ ਤ੍ਰਿਲੋਚਨ ਜੀ - ੫੨੬)

ਅਤੇ ਗੁਰ ਇਤਿਹਾਸ ਦੀ ਪੜਚੋਲ ਕੀਤਿਆਂ ਭੀ ਇਹ ਭੂਤ ਪ੍ਰੇਤ ਜੂਨਾਂ ਸਿੱਧ ਹੁੰਦੀਆਂ ਹਨ। ਜੈਸਾ ਕਿ ਤੀਸਰੇ ਪਾਤਸ਼ਾਹ ਜੀ ਨੇ ਸਤਿਗੁਰੂ ਅੰਗਦ ਦੇਵ ਜੀ ਦੀ ਆਗਿਆ ਪਾ ਕੇ ਭੂਤਾਂ ਪ੍ਰੇਤਾਂ ਦੀ ਉਜਾੜ ਕੀਤੀ ਧਰਤੀ ਗੋਇੰਦਵਾਲ ਨੂੰ ਵਸਾਇਆ ਅਤੇ ਉਹ ਸਾਰੀਆਂ ਗੁਪਤ ਰੂਹਾਂ ਡਲੇ ਵਾਸੀ ਭਾਈ ਲਾਲੋ ਸਿੱਖ ਦੀ ਸੇਵਾ ਵਿੱਚ ਦੇ ਦਿੱਤੀਆ। ਫੇਰ ਪੰਚਮ ਪਾਤਸ਼ਾਹ ਜੀ ਨੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਸਮੇਂ ਭਾਈ ਬਹਿਲੋ ਦੀ ਸੇਵਾ ਤੇ ਪ੍ਰਸੰਨ ਹੋ ਕੇ ਉਹੋ ਹੀ ਬਦਰੂਹਾਂ ਉਸ ਦੇ ਅਧੀਨ ਕਰ ਦਿੱਤੀਆਂ। ਭਾਈ ਬਹਿਲੋ ਦੇ ਪੋਤਰੇ ਭਾਈ ਭਗਤੇ ਨੇ ਭਗਤਾ ਨਾਮ ਦਾ ਨਗਰ ਵਸਾਇਆ। ਜੋ ਉਸ ਪਿੰਡ ਵਿੱਚ ਭੂਤਾਂ ਦਾ ਖੂਹ ਮਸ਼ਹੂਰ ਹੈ। ਫੇਰ ਦਸਮ ਪਾਤਸ਼ਹ ਜੀ ਨੇ ਬਠਿੰਡੇ ਦੇ ਕਿਲ੍ਹੇ ਵਿੱਚੋਂ ਸੰਢੇ ਦੀ ਬਲੀ ਦੇ ਕੇ ਕਾਣਾ ਦਿਉ ਕੱਢ ਸਰਹੰਦ ਭੇਜਿਆ। ਦਿੱਲੀ ਪ੍ਰੇਤ ਵਾਲੀ ਹਵੇਲੀ ਵਿੱਚ ਸਤਿਗੁਰਾਂ ਦੀ ਔਰੰਗਜ਼ੇਬ ਨੇ ਸ਼ਕਤੀ ਦੇਖਣ ਵਾਸਤੇ ਰਿਹਾਇਸ਼ ਕਰਵਾਈ। ਨੌਵੇਂ ਪਾਤਸ਼ਾਹ ਜੀ ਦੇ ਜੂਠੇ ਛਿੱਲੜ ਚੁਪ ਕੇ ਉਸ ਬਦਰੂਹ ਦਾ ਭਲਾ ਹੋ ਗਿਆ ਅਤੇ ਅਨੰਦਪੁਰ ਆਬਾਦ ਕਰਨ ਸਮੇਂ ਮਾਖੋ ਦੈਂਤ ਦਾ ਭਲਾ ਕੀਤਾ। ਇਤਿਆਦਿਕ ਹੋਰ ਵੀ ਅਨੇਕਾਂ ਇਤਿਹਾਸਕ ਘਟਨਾਵਾਂ ਹਨ।

ਇਸ ਦੀ ਬੇਨਤੀ ਸੁਣ ਕੇ ਦਾਤੇ ਨੇ ਬਚਨ ਕੀਤਾ, "ਦਸ! ਤੈਨੂੰ ਅਮੀਰ ਦੇ ਘਰ ਭੇਜੀਏ ਕਿ ਗ਼ਰੀਬ ਦੇ?" ਇਸ ਨੇ ਕਿਹਾ, "ਮਹਾਰਾਜ! ਤੁਹਾਡਾ ਸਤਿਸੰਗੀ ਹੋਵੇ। ਚਾਹੇ ਗ਼ਰੀਬ ਹੋਵੇ ਚਾਹੇ ਅਮੀਰ। ਮੈਂ ਤਾਂ ਮੁਕਤੀ ਚਾਂਹੁਦਾ ਹਾਂ ਪਦਾਰਥ ਨਹੀਂ।" ਉਸ ਸਮੇਂ ਛੋਟੀ ਲਲਤੋਂ ਪਿੰਡ ਦਾ ਸ. ਗੁਰਦੇਵ ਸਿੰਘ ਗਰੇਵਾਲ (ਜਿਸ ਨੂੰ ਗਹਿਗੱਡ ਵੀ ਕਹਿਦੇ ਸਨ) ਪਾਸ ਬੈਠਾ ਸਾਰੀ ਵਾਰਤਾਲਾਪ ਸੁਣ ਰਿਹਾ ਸੀ। ਜਿਸ ਦੇ ਕਾਫ਼ੀ ਸਮਾਂ ਸ਼ਾਦੀ ਹੋਣ ਤੋਂ ਬਾਅਦ ਇੱਕ ਲੜਕੀ ਹੋ ਕੇ ਫੇਰ ਕੋਈ ਬੱਚਾ ਨਹੀਂ ਸੀ ਹੋਇਆ। ਬੜੇ ਇਲਾਜ ਕਰਵਾ ਚੁੱਕਿਆ ਸੀ। ਦਾਤੇ ਪਾਸ ਵੀ ਕਈ ਵਾਰ ਬੇਨਤੀ ਕੀਤੀ ਸੀ। ਹਜ਼ੂਰ ਸੁਣ ਕੇ ਮੁਸਕਰਾ ਛੱਡਦੇ। ਅੱਜ ਕਹਿਣ ਲੱਗੇ, "ਇਸ ਦੇ ਘਰ ਭੇਜ ਦੇਈਏ?" ਉਸ ਨੇ ਕਿਹਾ, "ਜੀ! ਭੇਜ ਦੇਵੋ। ਫੇਰ ਗੁਰਦੇਵ ਸਿੰਘ ਨੂੰ ਪੁੱਛਿਆ, "ਕਿਉਂ ਬਈ! ਤੇਰੇ ਪਾਸ ਭੇਜ ਦੇਈਏ?" ਉਸ ਨੇ ਅਰਜ਼ ਕੀਤੀ, "ਮਹਾਰਾਜ! ਕਰ ਦਿਓ ਕ੍ਰਿਪਾ!" ਤਾਂ ਆਪਣੇ ਪਾਵਨ ਹੱਥਾਂ ਨਾਲ ਸਿਉ ਦਾ ਪ੍ਰਸ਼ਾਦ ਦੇ ਕੇ ਕਿਹਾ, "ਘਰ ਵਾਲੀ ਨੂੰ ਛਕਾ ਦੇ। ਗੁਰੂ ਭਲੀ ਕਰੇਗਾ।"

ਦਾਤੇ ਦੀ ਬਖ਼ਸ਼ਿਸ਼ ਦਾ ਸਦਕਾ ੫-੮-੬੮ ਮੁਤਾਬਕ ੨੧ ਸਾਵਨ ਨੂੰ ਉਸ ਦੇ ਘਰ ਲੜਕੇ ਦਾ ਜਨਮ ਹੋਇਆ। ਪਰ ਪ੍ਰੇਤ ਦੀ ਰੂਹ ਜਨਮ ਸਮੇਂ ਤੱਕ ਉਸ ਮੋਹਨ ਸਿੰਘ ਦੇ ਅੰਦਰ ਹੀ ਬੋਲਦੀ ਰਹੀ। ਜਨਮ ਲੈਣ ਤੋਂ ਇੱਕ ਘੰਟਾ ਪਹਿਲੇ ਸੰਤ ਜੀ ਮਹਾਰਾਜ ਤੋਂ ਆਗਿਆ ਲੈ ਕੇ ਚਲਾ ਗਿਆ। ਹੁਣ ਉਸੇ ਸਮੇਂ ਤੋਂ ਉਹ ਲੜਕਾ ਮੋਹਨ ਸਿੰਘ ਬਿਲਕੁਲ ਠੀਕ ਹੈ। ਜਦੋਂ ਸੰਤ ਜੀ ਮਹਾਰਾਜ ਨੇ ਕਹਿਣਾ, "ਤੂੰ ਇਸ ਨੂੰ ਛੱਡ ਕੇ ਚਲਾ ਜਾਹ" ਤਾਂ ਉਸ ਨੇ ਹਜ਼ੂਰ ਦੇ ਚਰਨ ਫੜ ਕੇ ਅਰਜ਼ ਕਰਨੀ, "ਦਾਤਾ! ਸਿੱਧਾ ਹੀ ਭੇਜ ਦਿਓ। ਗਰਭ ਦਾ ਕਸ਼ਟ ਨਾ ਦਿਖਾਓ।" ਆਪ ਜੀ ਨੇ ਕਿਹਾ, "ਮਰਯਾਦਾ ਵੀ ਕੋਈ ਚੀਜ਼ ਹੁੰਦੀ ਹੈ।" ਇਸ ਨੇ ਕਹਿਣਾ, "ਮਰਯਾਦਾ ਵੀ ਤੁਸਾਂ ਨੇ ਹੀ ਕਾਇਮ ਕੀਤੀ ਹੈ। ਇਸੇ ਤਰ੍ਹਾਂ ਚਰਨਾਂ ਵਿੱਚ ਹੀ ਰੱਖੋ।" ਫੇਰ ਸਿੰਘਾਂ ਨੂੰ ਕਹਿਣਾ, "ਮੇਰੇ ਨਾਮ ਦਾ 'ਗੱਗਾ' ਅੱਖਰ ਆਵੇਗਾ ਨਾਮ 'ਗੁਰਬਖਸ਼ੀਸ਼ ਸਿੰਘ' ਰੱਖਣਾ। ਸੋ ਉਸੇ ਤਰ੍ਹਾਂ ਹੀ ਹੋਇਆ। ਜਦੋਂ ੮-੧-੭੪ ਨੂੰ ਕਨੇਚ ਦੀ ਖੂਹੀ ਤੇ ਅਤਰਸਰ ਪੂਰਨਮਾਸ਼ੀ ਦੇ ਪੁਰਬ ਤੇ ਹੁਕਮਨਾਮਾ ਲਿਆ ਤਾਂ ਇਹ ਵਾਕ ਆਇਆ:

ਗੁਰੁ ਪਰਮੇਸਰੁ ਕਰਣੈਹਾਰੁ ॥ ਸਗਲ ਸ੍ਰਿਸਟਿ ਕਉ ਦੇ ਆਧਾਰੁ ॥੧॥ (ਸੂਹੀ ਮਃ ੫ - ੭੪੧)

ਇਸ ਦਾ ਨਾਮ ਗੁਰਬਖਸ਼ੀਸ਼ ਸਿੰਘ ਰੱਖਿਆ। (ਧੰਨ ਸੰਤ ਜੀ ਮਹਾਰਾਜ)

ਨੋਟ: ਹਿੰਦੁਸਤਾਨ ਦੇ ਸਾਰੇ ਅਖਬਾਰ ਨਵੀਸਾਂ ਨੇ ਉਸ ਪ੍ਰੇਤ ਦੇ ਜਨਮ ਲੈਣ ਤੋਂ ਇਹ ਖਬਰ ਛਾਪੀ ਸੀ।

ਹੋਰ ਬਖ਼ਸ਼ਿਸ਼ਾਂ

ਬਾਬਾ ਜੀ ਹਾਪੜ (ਯੂ. ਪੀ.) ਬਿਰਾਜਮਾਨ ਹਨ। ਬੇਅੰਤ ਸੰਗਤਾਂ ਦੂਰੋਂ ਨੇੜਿਉਂ ਆ ਕੇ ਲਾਭ ਉਠਾਉਂਦੀਆਂ ਸਨ। ਜਿਵੇਂ ਡਾਕਟਰ ਦੇ ਪਾਸ ਮਰੀਜ਼ ਆਉਂਦੇ ਹਨ, ਤਿਵੇਂ ਹੀ ਬਾਬਾ ਜੀ ਪਾਸ ਹਰ ਤਰ੍ਹਾਂ ਦੇ ਰੋਗੀ ਆ ਆ ਕੇ ਅਰੋਗਤਾ ਪ੍ਰਾਪਤ ਕਰਦੇ ਹਨ। ਕੋਈ ਮਨ ਕਰ ਕੇ ਰੋਗੀ ਹੈ ਕੋਈ ਤਨ ਕਰ ਕੇ ਰੋਗੀ ਹੈ।

ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ (ਭੈਰਉ ਮਃ ੫ - ੧੧੪੦)

ਸੋ ਗੁਰੂ ਨਾਨਕ ਦੇ ਦਰੋਂ ਵਰੋਸਾਏ ਬਾਬਾ ਜੀ ਰਾਜੇ ਜੋਗੀ ਦੇ ਪਾਸ ਜਿਹੋ ਜਿਹੀ ਕੋਈ ਇੱਛਾ ਧਾਰ ਕੇ ਆਉਂਦਾ ਹੈ ਉਸ ਨੂੰ ਉਹੋ ਜਿਹਾ ਹੀ ਫ਼ਲ ਪ੍ਰਾਪਤ ਹੁੰਦਾ ਹੈ। ਪੰਜਾਬ ਤੋਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗਿੱਲ ਦੀ ਇੱਕ ਬੀਬੀ ਸ਼ਮਸ਼ੇਰ ਕੌਰ ਹਜ਼ੂਰ ਦੇ ਚਰਨਾ ਵਿੱਚ ਪਹੁੰਚੀ। ਨਮਸ਼ਕਾਰ ਕਰ ਕੇ ਫੁੱਟ ਫੁੱਟ ਰੋਣ ਲੱਗੀ। ਮਿਹਰਾਂ ਦੇ ਸਾਈਂ ਦੁਖੀਆਂ ਦੇ ਦਰਦੀ ਦਾਤਾਰ ਨੇ ਉਸ ਦਾ ਦੁੱਖ ਪੁੱਛਿਆ। ਦੱਸਿਆ ਕਿ ਅਨੇਕਾ ਬਦਰੂਹਾਂ ਉਸ ਨੂੰ ਤੰਗ ਕਰ ਰਹੀਆਂ ਸਨ। 'ਸਰਬ ਰੋਗ ਕਾ ਅਉਖਧ ਨਾਮੁ' ਅਨੁਸਾਰ ਸੱਚੇ ਪਾਤਸ਼ਾਹ ਨੇ ਘਰ ਸਹਿਜ ਸਪਤਾਹਕ ਪਾਠ ਪ੍ਰਕਾਸ਼ ਕਰਵਾਉਣ ਲਈ ਕਿਹਾ ਅਤੇ ਨਾਲ ਹੀ ਹੁਕਮ ਕੀਤਾ ਕਿ ਪਾਠ ਆਦਿ ਤੋਂ ਅੰਤ ਤੱਕ ਬੈਠ ਕੇ ਸੁਣਨਾ। ਜਿਵੇਂ ਆਦਿ ਗੁਰੂ ਨਾਨਕ ਨੇ ਸਮਾਜਿਕ ਤੇ ਪ੍ਰਮਾਰਥਕ ਖੇਤਰ ਵਿੱਚ ਇਸਤਰੀ ਨੂੰ ਪੁਰਸ਼ ਦੇ ਬਰਾਬਰ ਅਧਿਕਾਰ ਦੇ ਕੇ ਨਿਵਾਜਿਆ ਤਿਵੇਂ ਹੀ ਹਜ਼ੂਰ ਨੇ ਬੇਅੰਤ ਬੀਬੀਆਂ ਨੂੰ ਨਾਮ, ਦਾਨ, ਇਸ਼ਨਾਨ ਦੀ ਦਾਤ ਬਖ਼ਸ਼ ਕੇ ਨਰਕੀ ਜੀਵਨ ਤੋਂ ਬਚਾ ਕੇ ਉਚਾ ਸੁੱਚਾ ਜੀਵਨ ਬਖ਼ਸ਼ਿਆ। ਆਪ ਜੀ ਅਕਸਰ ਦੱਸਿਆ ਹੀ ਕਰਦੇ ਸਨ ਕਿ ਜਿਵੇਂ ਮਰਦਾਂ ਨੂੰ ਬੰਦਗੀ ਕਰਨ ਦਾ ਅਧਿਕਾਰ ਹੈ, ਤਿਵੇਂ ਹੀ ਬੀਬੀਆਂ ਨੂੰ ਭੀ ਹੈ। ਸੋ ਆਪ ਜੀ ਨੇ ਬੀਬੀਆਂ ਨੂੰ ਹੀ ਇਹ ਸਪਤਾਹਕ ਪਾਠ ਕਰਨ ਦੀ ਸੇਵਾ ਦਾ ਹੁਕਮ ਦਿੱਤਾ ਤੇ ਪਾਠ ਕਰਨ ਦੀ ਪੂਰੀ ਪੂਰੀ ਵਿਧੀ ਦੱਸੀ। ਹੁਕਮ ਅਨੁਸਾਰ ੨੦ ਅਕਤੂਬਰ ੧੯੭੨ ਨੂੰ ਪਾਠ ਆਰੰਭ ਕੀਤਾ ਗਿਆ। ਪਾਠ ਅੰਮ੍ਰਿਤ ਵੇਲੇ ਆਰੰਭ ਕੀਤਾ ਜਾਂਦਾ ਹੈ ਦੁਪਹਿਰ ਨੂੰ ਭੋਗ ਪਾ ਦਿੱਤਾ ਜਾਂਦਾ ਹੈ। ਦੋਨੋਂ ਵਕਤ ਕੀਰਤਨ ਹੁੰਦਾ ਹੈ। ਅਨੇਕਾਂ ਬਦਰੂਹਾਂ ਰੋ ਰੋ ਕੇ ਆਪਣੇ ਮੰਦ ਕਰਮ ਬਖ਼ਸ਼ਾਉਂਦੀਆ ਤੇ ਡੰਡਉਤਾਂ ਕਰਦੀਆਂ ਹਨ ਪਰ ਕਈ ਸ਼ੈਤਾਨ ਰੂਹਾਂ ਅਨੇਕਾਂ ਕਿਸਮ ਦੇ ਵਿਘਨ ਪਾਉਣ ਦੇ ਯਤਨ ਕਰਦੀਆਂ ਹਨ। ਪ੍ਰੰਤੂ ਜਿਵੇਂ ਕਿਸੇ ਸਮੇਂ ਕਲਗੀਧਰ ਨੇ ਭਾਈ ਜੋਗੇ ਦੇ ਪਹਿਰੇਦਾਰ ਬਣ ਕੇ ਪਹਿਰਾ ਦਿੱਤਾ ਤਿਵੇਂ ਆਪ ਭੀ ਸੱਚੇ ਸੰਤ ਜੀ ਨੇ, ਪਾਠ ਕਰਨ ਵਾਲੇ ਕਮਰੇ ਦੇ ਦਰਵਾਜ਼ੇ ਅੱਗੇ ਖੜ੍ਹੇ ਦਿਖਾਈ ਦਿੰਦੇ ਤੇ ਅਨੇਕਾਂ ਬਿਘਨਾਂ ਨੂੰ ਆਪਣੀ ਕ੍ਰਿਪਾ ਦੁਆਰਾ ਨਵਿਰਤ ਕਰਦੇ। ਪਾਠ ਦਾ ਪੰਜਵਾਂ ਦਿਨ ਆਇਆ। ਬੀਬੀ ਦੀ ਹਾਲਤ ਬੜੀ ਖ਼ਰਾਬ ਹੋਈ, ਕੇਸ ਖੁੱਲ੍ਹੇ, ਕੰਧਾਂ ਨਾਲ ਟੱਕਰਾਂ ਮਾਰਦੀ ਹੈ। ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਰੱਸੇ ਪਾਈ ਉਸ ਨੂੰ ਘਸੀਟ ਰਿਹਾ ਹੁੰਦਾ ਹੈ।

ਅਖ਼ੀਰ ਜਿਸ ਸ਼ੈਤਾਨ ਰੂਹ ਦੀ ਕਾਰਵਾਈ ਸੀ ਉਹ ਬੁਲੰਦ ਅਵਾਜ਼ ਵਿੱਚ ਬੋਲਿਆ। "ਯਾ ਅੱਲਾ! ਯਾ ਖ਼ੁਦਾ! ਮੈਂ ਸਿਆਣਾ ਹਾਂ। ਮੈਂ ਕਾਲਾ ਇਲਮ ਪੜ੍ਹਿਆ ਹੋਇਆ ਹਾਂ। ਮੈਂ ਕਲਮੇ ਪੜ੍ਹਿਆ ਹੋਇਆ ਹਾਂ ਅੱਜ ਦੇਖਾਂਗਾ, ਕਿਵੇਂ ਦੇਗ ਤੇਗ ਦੀ ਫਤਹਿ ਹੁੰਦੀ ਹੈ। ਅੱਜ ਮੇਰੀ ਤੇ ਰਾੜੇ ਵਾਲੇ ਸੰਤਾਂ ਦੀ ਟੱਕਰ ਹੈ। ਸਿਰ ਧੜ ਦੀ ਬਾਜ਼ੀ ਹੈ।" ਇਉਂ ਬਕਵਾਸ ਕਰਦਾ ਰਿਹਾ ਅਤੇ ਕਹਿਣ ਲੱਗਾ, "ਮੈਂ ਕੋਈ ਰੂਹ ਮੁਕਤ ਨਹੀਂ ਹੋਣ ਦੇਣੀ। ਸਭ ਨੂੰ ਇੱਥੋਂ ਲੈ ਜਾਵਾਂਗਾ।" ਭੋਗ ਦਾ ਵਕਤ ਹੋ ਗਿਆ। ਸੰਗਤ ਨੇ ਇੱਕ ਮਨ ਹੋ ਕੇ ਅਰਦਾਸ ਕੀਤੀ, "ਹੇ ਪ੍ਰਭੂ! ਜੋ ਦੁਸ਼ਟ ਆਪ ਅੱਗੇ ਅੜੇ, ਸੋ ਝੜੇ। ਸ਼ਰਨ ਪਰੇ ਸੋ

ਤਰੇ।" ਭੋਗ ਪੈ ਗਿਆ। ਬੀਬੀ ਸ਼ਾਂਤੀ ਦੇ ਘਰ ਵਿੱਚ ਆਈ। ਅਗਲੇ ਦਿਨ ਪਾਠ ਆਰੰਭ ਹੁੰਦਿਆਂ ਹੀ ਉਹ ਰੂਹ ਫੇਰ ਪ੍ਰਗਟ ਹੋਈ। ਆਉਂਦਿਆਂ ਹੀ ਡੰਡਉਤ ਕੀਤੀ ਅਤੇ ਫਤਹਿ ਬੁਲਾਈ, "ਹੇ ਗੁਰੂ ਨਾਨਕ! ਹੇ ਸੰਤ ਰਾੜੇ ਵਾਲੇ! ਅਤੇ ਸਾਧ ਸੰਗਤ! ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਮੈਂ ਆਇਆਂ ਤਾਂ ਬੁਰੀ ਕਰਨ ਵਾਸਤੇ ਸੀ, ਪਰ ਪੂਰੇ ਸਤਿਗੁਰਾਂ ਨੇ ਮੇਰਾ ਵੀ ਭਲਾ ਕਰ ਦਿੱਤਾ।" ਇਉਂ ਕਹਿ ਕੇ ਸ਼ਾਂਤ ਹੋ ਗਿਆ। ਸੱਤਵੇਂ ਦਿਨ ਬੀਬੀ ਅੰਮ੍ਰਿਤ ਵੇਲੇ ਤੋਂ ਲੈ ਕੇ ਅੰਤ ਤੱਕ ਅਰੋਗ ਪੁਰਸ਼ ਦੀ ਤਰ੍ਹਾਂ ਸਹਿਜ ਅਵਸਥਾ ਵਿੱਚ ਪਾਠ ਸੁਣਦੀ ਰਹੀ। ਜਿਵੇਂ ਬਨ ਨੂੰ ਅੱਗ ਲਗਦਿਆਂ ਹੀ ਤਮਾਮ ਜਾਨਵਰ ਭੱਜ ਜਾਂਦੇ ਹਨ, ਤਿਵੇਂ ਹੀ ਦਰਗਾਹੀ ਬਾਣੀ ਸਰਵਨ ਕਰਦਿਆਂ ਹੀ ਤਮਾਮ ਰੂਹਾਂ ਅਲੋਪ ਹੋ ਗਈਆ। ਬੀਬੀ ਅਰੋਗ ਹੋ ਕੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚੀ ਤੇ ਸਤਿਗੁਰਾਂ ਦੇ ਗੁਣ ਗਾਉਣ ਲੱਗੀ।

ਇਸੇ ਤਰ੍ਹਾਂ ਭਾਨ ਸਿੰਘ ਮਿਸਤਰੀ ਦੇ ਘਰੋਂ ਪਿੰਡ ਝੰਮਟ ਦੀ ਇੱਕ ਮਾਈ ਜਾਗੀਰ ਕੌਰ ਜੋ ਬਾਬਾ ਜੀ ਦੇ ਚਰਨਾਂ ਦੀ ਸ਼ਰਧਾਲੂ ਹੈ; ਤਨ, ਮਨ, ਧਨ ਕਰ ਕੇ ਸੇਵਾ ਵੀ ਕਰਦੀ ਹੈ; ਸਰੀਰ ਕਰ ਕੇ ਕੁੱਝ ਰੋਗੀ ਰਹਿੰਦੀ ਸੀ। ਇਹ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੀ, "ਗ਼ਰੀਬ ਨਿਵਾਜ਼! ਆਪ ਤਿੰਨਾਂ ਤਾਪਾਂ ਦੇ ਨਿਵਾਰਣਹਾਰੇ ਹੋ! ਕ੍ਰਿਪਾ ਕਰ ਕੇ ਮੈਨੂੰ ਦੇਹ ਅਰੋਗਤਾ ਬਖ਼ਸ਼ੋ ਤਾਂ ਕਿ ਮੈਂ ਆਪਣੇ ਮਨ ਨੂੰ ਆਪ ਜੀ ਦੇ ਚਰਨਾਂ ਨਾਲ ਇਕਾਗਰ ਕਰ ਕੇ ਜੋੜ ਸਕਾਂ।" ਮਿਹਰਾਂ ਦੇ ਸਾਈਂ ਮਿਹਰਾਂ ਦੇ ਘਰ ਵਿੱਚ ਆਏ ਤੇ ਸਪਤਾਹਿਕ ਪਾਠ ਕਰਵਾਉਣ ਦੀ ਆਗਿਆ ਦੇ ਦਿੱਤੀ ਨਾਲ ਹੀ ਉਪਦੇਸ਼ ਦਿੱਤਾ ਕਿ ਪ੍ਰੇਮ ਨਾਲ ਸਾਰਾ ਪਾਠ ਸੁਣਨਾ ਤੇ ਹੱਥੀਂ ਸੇਵਾ ਕਰਨੀ। ਪਹਿਲੀ ਫਰਵਰੀ ੧੯੭੨ ਨੂੰ ਪਾਠ ਅਰੰਭ ਕੀਤਾ ਗਿਆ। ਮਾਈ ਹਜ਼ੂਰ ਦੇ ਬਚਨਾਂ ਅਨੁਸਾਰ ਪਾਠ ਵੀ ਸ੍ਰਵਣ ਕਰਦੀ ਰਹੀ। ਬਾਕੀ ਸਮੇਂ ਵਿੱਚ ਟਹਿਲ ਸੇਵਾ ਵੀ ਕਰਦੀ ਸੀ। ੭ ਫਰਵਰੀ ਨੂੰ ਭੋਗ ਦਾ ਸਮਾਂ ਆਇਆ ਉੱਚੀ ਉੱਚੀ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਮਾਈ ਅੱਜ ਅਜੀਬ ਮਸਤੀ ਵਿੱਚ ਹੈ। ਕੀਰਤਨ ਦਾ ਭੋਗ ਪਿਆ, ਸੰਗਤ ਨੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕੀਤੀ "ਹੇ ਦੁੱਖ ਭੰਜਨ ਸਵਾਮੀ! ਮਾਈ ਨੂੰ ਜਿਸ ਬਦਰੂਹ ਕਰ ਕੇ ਸਰੀਰਕ ਕਸ਼ਟ ਹੈ ਉਸ ਨੂੰ ਮੁਕਤ ਕਰੋ, ਮਾਈ ਨੂੰ ਦੇਹ ਅਰੋਗਤਾ ਬਖ਼ਸ਼ੋ।" ਜਦੋਂ ਸਭ ਸੰਗਤ ਨੇ "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਕਾ ਭਲਾ" ਕਹਿ ਕੇ ਗੁਰੂ ਚਰਨਾਂ ਵਿੱਚ ਮੱਥਾ ਟੇਕਿਆ ਤਾਂ ਮਾਈ ਧੜੰਮ ਕਰ ਕੇ ਫਰਸ਼ ਤੇ ਡਿੱਗੀ ਤੇ ਨਾਲ ਹੀ ਉੱਚੀ ਅਵਾਜ਼ ਆਈ "ਖਾਲਸਾ ਜੀ ਮੈਂ ਚੱਲਿਆ।" ਇਉਂ ਬਾਬਾ ਜੀ ਨੇ ਉਸ ਮਾਈ ਨੂੰ ਪ੍ਰੇਤ ਦੇ ਪੰਜੇ ਵਿੱਚੋਂ ਮੁਕਤ ਕੀਤਾ ਤੇ ਪ੍ਰੇਤ ਦਾ ਉਧਾਰ ਕੀਤਾ। 'ਤਾਰੇ ਗਨੇ ਜਾਤ ਹੈ ਨ ਤਾਰੇ ਗਨੇ ਜਾਤ ਹੈ' ਅਕਾਸ਼ ਵਿੱਚ ਤਾਰੇ ਗਿਣੇ ਜਾ ਸਕਦੇ ਹਨ ਪਰ ਜਿਤਨੇ ਅਧਮ ਜੀਵ ਬਾਬਾ ਜੀ ਨੇ ਤਾਰੇ ਉਨ੍ਹਾਂ ਦੀ ਗਿਣਤੀ ਹੋਣੀ ਬਹੁਤ ਮੁਸ਼ਕਲ ਹੈ।

ਜਿੱਥੇ ਭਾਈ ਲੋਕ ਆਪ ਜੀ ਦੇ ਚਰਨਾਂ ਵਿੱਚੋਂ ਵਰੋਸਾਉਂਦੇ ਹਨ, ਉੱਥੇ ਬੀਬੀਆਂ ਵੀ ਆਪ ਜੀ ਦੀ ਬਖ਼ਸ਼ੀ ਬੁੱਧ ਦਵਾਰਾ ਸੇਵਾ ਭਗਤੀ ਕਰ ਕੇ ਆਪਣਾ ਜੀਵਨ ਸਫ਼ਲਾ ਕਰਦੀਆ ਹਨ। ਇਨ੍ਹਾਂ ਵਿੱਚੋਂ ਇੱਕ ਬੀਬੀ ਮਹਿੰਦਰ ਕੌਰ ਧਮੋਟ ਪਿੰਡ ਤੋਂ ਹੈ। ਜਿਸ ਤੇ ਹਜ਼ੂਰ ਦੀ ਵਿਸ਼ੇਸ਼ ਮਿਹਰ ਹੈ। ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਆਪ ਜੀ ਦੀ ਸ਼ਰਨ ਪ੍ਰਾਪਤ ਹੋ ਗਈ। ਇਹ ਪ੍ਰਵਾਰ ਨੂੰ ਨਮਸ਼ਕਾਰ ਕਰਾਉਣ ਦੇ ਮਨੋਰਥ ਨੂੰ ਮੁੱਖ ਰੱਖ ਕੇ ਪ੍ਰਵਾਰ ਦੇ ਕੁੱਝ ਕੁ ਮੈਂਬਰਾਂ ਸਮੇਤ ਗੁਰ ਚਰਨਾਂ ਵਿੱਚ ਪਹੁੰਚੀ। ਨਮਸ਼ਕਾਰ ਕੀਤੀ। ਹਜ਼ੂਰ ਨੇ ਪ੍ਰਵਾਰ ਵਿੱਚ ਦੋ ਬੀਬੀਆਂ ਵੱਲ ਇਸ਼ਾਰਾ ਕਰ ਕੇ ਬੀਬੀ ਨੂੰ ਪੁੱਛਿਆ, "ਇਹ ਬੀਬੀਆਂ ਕੌਣ ਹਨ?" "ਗ਼ਰੀਬ ਨਿਵਾਜ਼! ਇਹ ਦੋਨੋਂ ਭਰਜਾਈਆ ਹਨ।" ਕੋਲ ਬੈਠੇ ਬੱਚਿਆਂ ਵੱਲ ਇਸ਼ਾਰਾ ਕਰ ਕੇ ਹਜ਼ੂਰ ਫੇਰ ਬੋਲੇ, "ਕੀ ਇਹ ਬੱਚੇ ਇਨ੍ਹਾਂ ਦੇ ਹਨ?" "ਗ਼ਰੀਬ ਨਿਵਾਜ਼! ਵੱਡੀ ਭਰਜਾਈ ਦੇ ਤਾਂ ਕੋਈ ਬੱਚਾ ਨਹੀਂ। ਇਹ ਛੋਟੀ ਦੀਆਂ ਚਾਰ ਲੜਕੀਆਂ ਹਨ, ਲੜਕਾ ਕੋਈ ਨਹੀਂ।" "ਅੱਛਾ ਭਾਈ! ਗੁਰੂ ਮਿਹਰ ਕਰੇਗਾ! ਲੜਕਾ ਵੀ ਹੋ ਜਾਏਗਾ।" ਸੁਤੇ ਸਿੱਧ ਹੀ ਪਵਿੱਤਰ ਮੁਖਾਰਬਿੰਦ ਤੋਂ ਬਚਨ ਕਰ ਦਿੱਤਾ। 'ਸਾਧ ਬਚਨ ਅਟਲਾਧਾ' ਅਨੁਸਾਰ ਸਮਾਂ ਪਾ ਕੇ ਛੋਟੀ ਭਰਜਾਈ ਦੇ ਤਿੰਨ ਲੜਕੇ ਹੋਏ ਅਤੇ ਵੱਡੀ ਭਰਜਾਈ; ਜਿਸ ਦੀ ਸ਼ਾਦੀ ਹੋਇਆਂ ਤੀਹ ਸਾਲ ਦੇ ਲਗਭਗ ਹੋ ਗਏ ਸਨ ਪਰ ਕੋਈ ਬੱਚਾ ਨਹੀਂ ਸੀ, ਉਸ ਦੇ ਘਰ ੧੪-੭-੭੫ ਨੂੰ ਲੜਕੇ ਦਾ ਜਨਮ ਹੋਇਆ। ਇਉਂ ਮੇਹਰਬਾਨ ਜੀ ਨਿਤਾਪ੍ਰਤੀ ਸ਼ਰਧਾ ਅਨੁਸਾਰ ਪ੍ਰੇਮੀਆਂ ਦੀਆਂ ਸਰਬ ਇੱਛਾ ਪੂਰੀਆਂ ਕਰਦੇ ਸਨ।

ਪਿੰਡਾਂ ਵਾਲੇ ਪ੍ਰੇਮੀਆਂ ਤੇ ਕ੍ਰਿਪਾ

ਪਿੱਛੇ ਦੱਸ ਆਏ ਹਾਂ ਕਿ ਸੰਤ ਜੀ ਮਹਾਰਾਜ ਦੇ ਏਸ ਇਲਾਕੇ ਨੂੰ ਦਰਸ਼ਨ ਕਰਵਾਉਣ ਦੀ ਪਾਵਨ ਸੇਵਾ ਕਟਾਹਰੀ ਪਿੰਡ ਦੇ ਸ. ਨੰਦ ਸਿੰਘ ਦੇ ਪ੍ਰਵਾਰ ਨੂੰ ਮਿਲੀ, ਜਿਨ੍ਹਾਂ ਨੇ ਆਪਣੀ ਜ਼ਮੀਨ ਅਰਦਾਸ ਕਰਵਾ ਕੇ ਦਰਗਾਹ ਵਿੱਚ ਗਾਹ (ਜਗ੍ਹਾ) ਬਣਾ ਲਈ। ਅੱਗੇ ਇਸ ਦੇ ਪੁੱਤਰਾਂ ਨੇ ਵੀ ਬੜੀ ਤਨੋ ਮਨੋ ਸੇਵਾ ਕੀਤੀ। ਇਨ੍ਹਾਂ ਤਿੰਨਾਂ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਦਾ ਨਾਮ ਸ. ਜੀਵਾ ਸਿੰਘ ਸੀ। ਇਸ ਦੇ ਪੁੱਤਰ ਸ. ਧਰਮ ਸਿੰਘ ਦੇ ਘਰ ਪੰਜ ਬੱਚਿਆਂ ਤੋਂ ਬਾਅਦ (ਜੋ ਚਾਰ ਲੜਕੀਆਂ ਅਤੇ ਇੱਕ ਲੜਕਾ ਗ਼ੁਜ਼ਰ ਚੁੱਕੇ ਸਨ) ਸੰਤ ਜੀ ਮਹਾਰਾਜ ਦੇ ਬਚਨਾਂ ਨਾਲ ੨੭-੭-੪੯ ਨੂੰ ਲੜਕੇ ਦਾ ਜਨਮ

ਹੋਇਆ। ਸ. ਧਰਮ ਸਿੰਘ ਦੇ ਘਰੋਂ ਬੀਬੀ ਸੁਰਜੀਤ ਕੋਰ ਨੂੰ ਵੀ ਗੁਰਸਿੱਖੀ ਪੇਕਿਆਂ ਘਰੋਂ ਪ੍ਰਾਪਤ ਹੋਈ ਦਾਤ ਸੀ, ਕਟਾਹਰੀ ਪਿੰਡ ਆ ਕੇ ਸੰਤ ਜੀ ਮਹਾਰਾਜ ਦਾ ਦਰਸ਼ਨ ਕੀਤਾ ਪਾਵਨ ਰਸਨਾ ਤੋਂ ਬਚਨ ਸੁਣੇ।

ਬਾਬਾ ਗੁਰਿੰਦਰ ਸਿੰਘ

ਸੰਤ ਜੀ ਮਹਾਰਾਜ ਨੇ ਇਸ ਦੇ ਬੱਚੇ ਦਾ ਨਾਮ ਗੁਰਿੰਦਰ ਸਿੰਘ ਰੱਖਿਆ। ਇਹ ਸਵਾ ਮਹੀਨੇ ਦਾ ਹੋ ਕੇ ਬੀਮਾਰ ਹੋ ਗਿਆ। ਪਹਿਲੇ ਬੱਚਿਆਂ ਦਾ ਖ਼ਿਆਲ ਕਰ ਕੇ ਜੋ ਮਰ ਚੁੱਕੇ ਸਨ ਮਾਂ ਨੂੰ ਬੜੀ ਚਿੰਤਾ ਲੱਗੀ। ਬੀਮਾਰ ਬੱਚਾ ਗੁਰ ਚਰਨਾਂ ਤੇ ਲਿਆ ਰੱਖਿਆ ਤੇ ਅਰਜ਼ ਕੀਤੀ, "ਮਹਾਰਾਜ! ਇਹ ਹੁਣ ਤੁਹਾਡਾ ਹੈ ਜਿਵੇਂ ਮਰਜ਼ੀ ਹੈ ਕਰੋ। ਚਾਹੇ ਮਾਰੋ ਚਾਹੇ ਰੱਖੋ। ਇਸ ਵਿੱਚ ਮੇਰੀ ਕੋਈ ਅਪਣੱਤ ਨਹੀਂ।" ਇਉਂ ਬੀਮਾਰ ਬੱਚੇ ਦੀ ਅਰਦਾਸ ਕਰਵਾ ਦਿੱਤੀ। ਸੰਤ ਜੀ ਹੱਸੇ ਤੇ ਮਾਂ ਨੂੰ ਧੀਰਜ ਦਿੱਤਾ ਤੇ ਕਿਹਾ, "ਘਰ ਲੈ ਜਾ! ਲੰਮੇਰੀ ਉਮਰ ਵਾਲਾ ਹੋਵੇਗਾ। ਮਰ ਜਾਣੇ ਤੋਂ ਮਰਦਾਨਾ ਬਨਾਉਣ ਵਾਲਾ ਇਹ ਗੁਰੂ ਨਾਨਕ ਦਾ ਦਰ ਹੈ। ਏਥੇ ਟੁੱਟੀਆਂ ਗੰਢੀਦੀਆਂ ਹਨ।" ਹਜ਼ੂਰ ਦੀ ਆਗਿਆ ਪਾ ਕੇ ਬੀਮਾਰ ਬੱਚੇ ਨੂੰ ਮਾਂ ਘਰ ਲੈ ਆਈ ਤੇ ਬੱਚਾ ਰਾਜ਼ੀ ਹੋ ਗਿਆ। ਮਾਂ ਨਾਲ ਰੋਜ਼ ਸੰਤਾਂ ਦੇ ਦਰਸ਼ਨ ਕਰਨ ਆਉਂਦਾ। ਅਖ਼ੀਰ ਨੂੰ ਸਕੂਲ ਵਿੱਚ ਦਸ ਜਮਾਤਾਂ ਪਾਸ ਕਰਵਾ ਕੇ ਸਤਾਰ੍ਹਵੇਂ ਸਾਲ ਦੀ ਉਮਰ ਵਿੱਚ ਮੁੜ ੧੯੬੬ ਨੂੰ ਲਿਆ ਗੁਰ ਚਰਨਾਂ ਵਿਖੇ ਭੇਟਾ ਕੀਤਾ ਕਿ ਮਹਾਰਾਜ ਆਪਣੀ ਅਮਾਨਤ ਆਪ ਸੰਭਾਲੋ। ਹੁਣ ਉਹ ਕਰਮਸਰ ਗੁਰਦੁਆਰੇ ਦੀ ਖੇਤੀ ਦਾ ਜਥੇਦਾਰ ਅਤੇ ਅਸਥਾਨ ਤੇ ਜੋੜ ਮੇਲਿਆਂ ਨੂੰ ਕੀਰਤਨ ਦੀ ਡਿਊਟੀ ਕਰਦਾ ਹੈ। ਬਾਹਰ ਭੀ ਜਾਂਦੇ ਹਨ। ਉਸ ਦਿਨ ਤੋਂ ਬਾਅਦ ਬੀਬੀ ਸੁਰਜੀਤ ਕੌਰ ਨੂੰ ਹੋਰ ਵੀ ਵਧੇਰੇ ਸ਼ਰਧਾ ਜਾਗ ਆਈ। ਇਸ ਦੀ ਪ੍ਰੇਰਨਾ ਨਾਲ ਹੋਰ ਵੀ ਬਹੁਤ ਸਾਰੇ ਪ੍ਰੇਮੀਆਂ ਤੇ ਸੰਤ ਜੀ ਮਹਾਰਾਜ ਦੀ ਬਖ਼ਸ਼ਿਸ਼ ਹੋਈ।

ਜੈਸਾ ਕਿ ਕਟਾਹਰੀ ਪਿੰਡ ਦਾ ਦੇਸ ਰਾਜ (ਜਰਗਰ) ਇਸ ਦੇ ਘਰ ਵਿੱਚ ਵੀ ਕੋਈ ਬੱਚਾ ਨਹੀਂ ਸੀ ਬਚਦਾ। ਦੋ ਲੜਕੇ ਅਤੇ ਤਿੰਨ ਲੜਕੀਆਂ ਗ਼ੁਜ਼ਰ ਚੁੱਕੀਆ ਸਨ। ਇਨ੍ਹਾਂ ਨੇ ਬੀਬੀ ਸੁਰਜੀਤ ਕੌਰ ਦੇ ਨਾਲ ਆ ਕੇ ਹਜ਼ੂਰ ਨੂੰ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਘਰ ਵਿੱਚ ਅਖੰਡ ਪਾਠ ਕਰਾਉਣ ਵਾਸਤੇ ਆਖਿਆ ਅਤੇ ਨਾਲ ਇਹ ਵੀ ਤਾਕੀਦ ਕੀਤੀ ਕਿ ਅਰੰਭ ਦੀ ਅਰਦਾਸ ਤੋਂ ਲੈ ਕੇ ਭੋਗ ਪੈਣ ਤੱਕ ਸੋਲ੍ਹਾਂ ਪਹਿਰ ਸਪੀਕਰ ਬੰਦ ਨਹੀਂ ਕਰਨਾ। ਸਾਰਾ ਪਾਠ ਆਪ ਸੁਣੋ ਤੇ ਹੋਰਾਂ ਨੂੰ ਵੀ ਸੁਣਾਓ ਗੁਰੂ ਭਲਾ ਕਰੇਗਾ। ਇਨ੍ਹਾਂ ਨੇ ਇਸੇ ਤਰ੍ਹਾਂ ਹੀ ਕੀਤਾ। ਭੋਗ ਸਮੇਂ ਦਾਤੇ ਨੇ ਆਪ ਦਰਸ਼ਨ ਦਿੱਤੇ। ਸ਼ਰਧਾ ਨੂੰ ਫ਼ਲ ਲੱਗਿਆ, ੧-੧-੬੫ ਨੂੰ ਲੜਕੇ ਦਾ ਜਨਮ ਹੋਇਆ। ਹਜ਼ੂਰ ਦੀ ਰਸਨਾ ਤੋਂ ਗੁਰਦੀਪ ਸਿੰਘ ਨਾਮ ਰਖਵਾਇਆ। ਫੇਰ ਦੋ ਸਾਲ ਬਾਅਦ ਦੂਜਾ ਲੜਕਾ ਸੁਖਦੇਵ ਸਿੰਘ ਜਨਮਿਆਂ। ਇਸੇ ਤਰ੍ਹਾਂ ਕਟਾਹਰੀ ਪਿੰਡ ਦੇ ਸ. ਚੰਦਾ ਸਿੰਘ ਅਤੇ ਮੁਨਸ਼ੀ ਸੁਨਾਰ ਦੇ ਘਰ ਵੀ ਸੰਤਾਂ ਦੇ ਬਚਨਾਂ ਨਾਲ ਲੜਕਿਆਂ ਦਾ ਜਨਮ ਹੋਇਆ।

ਮਾਨੂੰਪੁਰ ਗੋਸਲਾਂ ਦਾ ਸ. ਵੀਰ ਸਿੰਘ ਭੀ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਹੈ। ਇਸ ਦੇ ਪੁੱਤਰ ਪ੍ਰੇਮ ਸਿੰਘ ਦੇ ਘਰ ਦੋ ਤਿੰਨ ਬੱਚੇ ਹੋ ਕੇ ਮਰ ਚੁੱਕੇ ਸਨ। ਪਹਿਲਾਂ ਘਰ ਵਿੱਚ ਅਚਾਨਕ ਅੱਗ ਵੀ ਲੱਗ ਜਾਣੀ। ਇਸ ਦੀ ਇੱਕ ਲੜਕੀ ਸ. ਸੰਤੋਖ ਸਿੰਘ ਦੇ ਲੜਕੇ ਸ. ਹਰਚੰਦ ਸਿੰਘ ਨੂੰ ਮੋਮਨਾਬਾਦ ਵਿਆਹੀ ਹੈ। ਸ. ਸੰਤੋਖ ਸਿੰਘ ਤੇ ਬੀਬੀ ਸੁਰਜੀਤ ਕੌਰ ਨੂੰ ਨਾਲ ਲੈ ਕੇ ਸ. ਵੀਰ ਸਿੰਘ ਹਜ਼ੂਰ ਦੇ ਚਰਨਾਂ ਵਿੱਚ ਪੁੱਜਾ, ਭਾਵਨਾ ਨਾਲ ਮੱਥਾ ਟੇਕ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਕ੍ਰਿਪਾ ਕਰੋ ਪੁੱਤਰ ਦੀ ਦਾਤ ਵੀ ਬਖ਼ਸ਼ੋ। ਘਰ ਵਿੱਚ ਡੰਗਰ ਪਸ਼ੂ ਦਾ ਨੁਕਸਾਨ ਹੋਣਾ ਅਤੇ ਅੱਗ ਲੱਗਣੀ ਵੀ ਬੰਦ ਕਰੋ।" ਸੰਤ ਜੀ ਮਹਾਰਾਜ ਨੇ ਮੇਹਰਾਂ ਦੇ ਘਰ ਵਿੱਚ ਆ ਕੇ ਗੁਰੂ ਮਹਾਰਾਜ ਦਾ ਸਪਤਾਹਕ ਪਾਠ ਕਰਾਉਣ ਵਾਸਤੇ ਆਖਿਆ। ਇਨ੍ਹਾਂ ਨੇ ਬਚਨ ਮੰਨ ਲਿਆ ਉਸ ਦਿਨ ਤੋਂ ਪਸ਼ੂ ਮਰਨੋ ਹਟ ਗਏ। ਅੱਗ ਲੱਗਣੋਂ ਬੰਦ ਹੋ ਗਈ ਅਤੇ ੩੧-੭-੬੭ ਨੂੰ ਲੜਕੇ ਦਾ ਜਨਮ ਹੋਇਆ। ਨਾਮ ਹਜ਼ੂਰ ਨੇ ਰੱਖਿਆ।

ਪੰਡਤ ਪੂਰਨ ਚੰਦ

ਪੂਰਨ ਚੰਦ ਪੰਡਤ (ਜੋ ਫੌਜੀ ਪੈਨਸ਼ਨਰ ਸੀ) ਚੰਗਾ ਵੈਸ਼ਨੋ ਖ਼ਿਆਲੀ ਤੇ ਪ੍ਰਭੂ ਭਗਤ ਸੀ। ਇਸ ਨੇ ਜਦੋਂ ੧੯੫੫ ਈ. ਨੂੰ ਪਹਿਲੀ ਵਾਰ ਸੰਤ ਜੀ ਮਹਾਰਾਜ ਦਾ ਆਪਣੇ ਪਿੰਡ ਰੰਗੂਵਾਲ ਦੀਵਾਨ ਦੇ ਸਮੇਂ ਦਰਸ਼ਨ ਕੀਤਾ, ਦੇਸ਼ ਕਾਲ ਭੁੱਲ ਗਿਆ। ਨੂਰਾਨੀ ਚੇਹਰਾ, ਚੌੜਾ ਮਸਤਕ, ਕਟਾਰਿਆਂ ਵਰਗੇ ਸੁੰਦਰ ਨੇਤਰ, ਚਿਕੱਨਤਾ ਸਹਿਤ ਸੀਸ ਤੇ ਘੁੰਘਰਾਲੇ ਕੇਸ, ਲੰਮੀਆਂ ਭੁਜਾਂ ਤੇ ਸਰੀਰ ਦਾ ਕੱਦ ਹੂਬਹੂ ਪਿਛਲੇ ਸਮੇਂ ਦੇ ਹੋ ਗ਼ੁਜ਼ਰੇ ਅਵਤਾਰਾਂ ਤੇ ਪੈਗੰਬਰਾਂ ਦੀਆਂ ਪ੍ਰਤੱਖ ਨਿਸ਼ਾਨੀਆਂ ਦਰਸਾ ਰਿਹਾ ਸੀ। ਜਦੋਂ ਕੀਰਤਨ ਸੁਣਿਆ ਫੇਰ ਤਾਂ ਏਸ ਨੂੰ ਮਸਤੀ ਹੀ ਚੜ੍ਹ ਗਈ। ਬਸ! ਪਹਿਲੀ ਧਾਰਨਾ ਪੜ੍ਹਨ ਨਾਲ ਹੀ ਝੂਮਣ ਲੱਗ ਪਿਆ। ਇਸ ਮਸਤੀ ਵਿੱਚ ਨੇਤਰ ਬੰਦ ਹੋ ਗਏ। ਆਪਣੇ ਇਸ਼ਟ ਭਗਵਾਨ ਰਾਮਚੰਦ੍ਰ ਜੀ ਦਾ ਧਿਆਨ ਧਾਰਨ ਕਰ ਲਿਆ। ਕੀਰਤਨ ਹੁੰਦਾ ਰਿਹਾ। ਸਾਜ ਸੁਣਦੇ ਰਹੇ। ਜਦੋਂ ਇਸ ਨੇ ਨੇਤਰ ਖੋਹਲੇ ਤਾਂ ਸਾਹਮਣੇ ਵਾਜੇ ਦੀਆਂ ਸੁਰਾਂ ਤੇ ਵੀ ਉਹੋ ਧਨੁਸ਼ ਧਾਰੀ ਰਾਮਚੰਦ੍ਰ ਜੀ ਆਪਣੀਆਂ ਕੋਮਲ ਤੇ ਲੰਮੀਆਂ ਉਂਗਲਾਂ ਫੇਰਦੇ ਦ੍ਰਿਸ਼ਟੀ ਆਏ। ਜਿਨ੍ਹਾਂ ਨੇ ਸੱਜੇ ਹੱਥ ਵਿੱਚ ਧਨੁਸ਼ ਦੇ ਖਿੱਚਣ ਨਾਲ ਪ੍ਰਤੱਖ ਅੱਟਨ ਪਏ ਦਿਸ ਰਹੇ ਸਨ। ਇਸ ਨੇ ਹੈਰਾਨਗੀ ਨਾਲ ਫੇਰ ਨੇਤਰ ਬੰਦ

ਕਰ ਲਏ ਅਤੇ ਮੁਰਲੀ ਮਨੋਹਰ ਬੰਸਰੀ ਵਾਲੇ ਦੇ ਧਿਆਨ ਵਿੱਚ ਮਗਨ ਹੋ ਗਿਆ। ਵਾਜੇ ਦੀਆਂ ਮਿਠੀਆਂ ਸੁਰਾਂ ਕਾਨ੍ਹ ਦੀ ਬੰਸਰੀ ਨੂੰ ਮਾਤ ਪਾਉਂਦੀਆਂ ਸਨ, ਜਿਸ ਨੂੰ ਸੁਣ ਕੇ ਵਿਰੋਧੀ ਜਾਨਵਰ ਵੀ ਆਪਣਾ ਵੈਰ ਭਾਵ ਤਿਆਗ ਕੇ ਉਦਾਲੇ ਆ ਖੜੋਂਦੇ। ਜਦੋਂ ਇਸ ਨੇ ਫੇਰ ਸਾਹਮਣੇ ਪਾਸੇ ਤੱਕਿਆ ਤਾਂ ਪ੍ਰਤੱਖ ਹੀ ਸਾਹਮਣੇ ਪੀਤ ਬਸਨ, ਕੁੰਦ ਦਸਨ ਮੋਰ ਮੁਕਟ ਧਾਰੀ ਕ੍ਰਿਸ਼ਨ ਮਹਾਰਾਜ ਹੀ ਕੀਰਤਨ ਕਰਦੇ ਦਿਸੇ। ਬੜਾ ਹੈਰਾਨ ਹੋਇਆ। ਸੋਚਦਾ ਹੈ ਇਹ ਕੀ ਕਾਰਣ? ਅਖ਼ੀਰ ਨੂੰ ਪ੍ਰਤੱਖ ਨਿਸਚਾ ਹੋ ਗਿਆ ਕਿ ਮੇਰਾ ਪ੍ਰਭੂ ਹੀ ਭਗਤ ਵਤਸਲ ਇਸ ਰੂਪ ਵਿੱਚ ਜੀਵਾਂ ਦੀ ਕਲਿਆਣ ਕਰ ਰਿਹਾ ਹੈ।

ਇਸ ਜਗ੍ਹਾ ਕਈ ਦੀਵਾਨ ਸਜੇ, ਰੋਜ਼ ਹੀ ਏਸੇ ਤਰ੍ਹਾਂ ਦਰਸ਼ਨ ਹੁੰਦੇ। ਅਖ਼ੀਰ ਨੂੰ ਪੂਰਨ ਸ਼ਰਧਾਵਾਨ ਹੋ ਕੇ ਕਰਮਸਰ ਦੀ ਪਾਵਨ ਧਰਤੀ ਦਾ ਦੀਦਾਰ ਕੀਤਾ। ਹਜ਼ੂਰ ਦੇ ਪਾਵਨ ਚਰਨਾਂ ਤੇ ਡੰਡਵਤ ਲੰਮੇ ਪੈ ਕੇ ਨਮਸ਼ਕਾਰ ਕੀਤੀ। ਉਸ ਸਮੇਂ ਵੀ ਉਹੋ ਹੀ ਇਸ਼ਟ ਦੇ ਦਰਸ਼ਨਾਂ ਦੀ ਝਲਕ ਪਈ। ਚਰਨਾਂ ਤੋਂ ਸਿਰ ਨਾ ਚੁੱਕਿਆ। ਮਹਾਂਪੁਰਸ਼ਾਂ ਨੇ ਆਪ ਆਪਣੇ ਕਰ ਕਮਲਾਂ ਨਾਲ ਸਿਰ ਉੱਚਾ ਕੀਤਾ। ਸੁੱਖ ਅਨੰਦ ਪੁਛੀ। ਪਿਆਰ ਨਾਲ ਬਿਠਾਇਆ। ਉਸ ਸਮੇਂ ਇਸ ਨੇ ਆਪਣੇ ਹੱਥਾਂ ਨਾਲ ਲਿਖੀ ਬਹੁਤ ਲੰਮੇਰੀ ਪੱਤ੍ਰਕਾ ਅੱਗੇ ਰੱਖੀ, ਜਿਸ ਵਿੱਚ ਜੋ ਜੋ ਵੀ ਇਸ ਨੂੰ ਦ੍ਰਿਸ਼ ਹੋਏ ਸਨ, ਉਨ੍ਹਾਂ ਦਾ ਖੋਲ੍ਹ ਕੇ ਜ਼ਿਕਰ ਕੀਤਾ ਸੀ ਅਤੇ ਆਪਣੇ ਹਿਰਦੇ ਦੀ ਭਾਵਨਾ ਵੀ ਇਸ਼ਟ ਰੂਪ ਵਿੱਚ ਵਰਨਣ ਕੀਤੀ ਸੀ। ਨਾਲ ਇਹ ਵੀ ਅਰਜ਼ ਕੀਤੀ, "ਦੀਨ ਦਿਆਲ ਜੀ! ਇਹ ਕੀ ਕਾਰਣ ਹੈ? ਆਪ ਇਤਨੀ ਵਿਸ਼ਾਲ ਹਸਤੀ ਦੁਨੀਆਂ ਦੇ ਰਹਿਬਰ ਹੋ ਕੇ ਵੀ ਗੁਪਤ ਰੂਪ ਰਹਿ ਕੇ ਸੰਸਾਰ ਦਾ ਭਲਾ ਕਰ ਰਹੇ ਹੋ?" ਸੰਤ ਜੀ ਮਹਾਰਾਜ ਮੁਸਕਰਾਏ ਤੇ ਕਹਿਣ ਲੱਗੇ, "ਪੰਡਤ ਜੀ! ਬੇਦ ਸ਼ਾਸਤ੍ਰ ਤੇ ਹੋਰ ਸਾਰੇ ਧਾਰਮਿਕ ਗ੍ਰੰਥਾਂ ਨੇ ਪ੍ਰਮੇਸ਼ਰ ਦਾ ਸਰੂਪ ਰੂਪ ਰੇਖ ਤੋਂ ਰਹਿਤ ਨਿਰਾਕਾਰ ਵਰਣਨ ਕੀਤਾ ਹੈ। ਉਸ ਦੀ ਸ਼ਰਧਾ ਮੁਤਾਬਕ ਦੀਦਾਰ ਬਖ਼ਸ਼ਦਾ ਹੈ। ਮੁਲਸਮਾਨੀ ਮੱਤ ਦੇ ਸੂਫੀ ਫ਼ਕੀਰਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਰੂਪ ਵਿੱਚ ਦਰਸ਼ਨ ਹੁੰਦਾ ਹੈ। ਉਹੋ ਹੀ ਈਸਾਈ ਮੱਤ ਦੇ ਪੈਰੋਕਾਰਾਂ ਨੂੰ ਈਸਾ ਮਸੀਹ ਹੋ ਕੇ ਮਿਲਦਾ ਹੈ। ਸਨਾਤਨ ਖ਼ਿਆਲੀ ਵੈਸ਼ਨਵ ਭਗਤ ਭਗਵਾਨ ਨੂੰ ਕ੍ਰਿਸ਼ਨ ਜੀ ਤੇ ਰਾਮਚੰਦ੍ਰ ਜੀ ਦੇ ਸਰੂਪ ਵਿੱਚ ਦੇਖਦੇ ਹਨ। ਪ੍ਰਮਾਤਮਾ ਇੱਕੋ ਹੈ ਉਸ ਦਾ ਨਾਮਦੇਵ ਨੂੰ ਅਨੇਕਾਂ ਅਕਾਰਾਂ ਵਿੱਚ ਦੀਦਾਰ ਹੋਇਆ। ਇਸੇ ਤਰ੍ਹਾਂ ਭਗਤ ਧੰਨੇ ਦੀ ਭਾਵਨਾ ਤੇ ਹਠ ਦੇਖ ਕੇ ਪੱਥਰ ਦੇ ਵੱਟੇ ਵਿੱਚੋਂ ਪ੍ਰਗਟ ਹੋਇਆ। ਪ੍ਰਹਿਲਾਦ ਭਗਤ ਨੂੰ ਤੱਤਿਆਂ ਥੰਮਾਂ 'ਚੋਂ ਬਹੁੜਿਆ। ਇਉਂ ਇਤਿਹਾਸ ਤੇ ਭਗਤਾਂ ਦੀ ਜੀਵਨੀ ਵਿੱਚ ਅਨੇਕਾਂ ਪ੍ਰਸੰਗ ਆਉਂਦੇ ਹਨ। ਸੋ ਨਿਰਗੁਣ ਨਿਰੰਕਾਰ ਪ੍ਰਭੂ ਪ੍ਰੇਮਾ ਭਗਤੀ ਦੇ ਅਧੀਨ ਹੈ। ਉਸੇ ਤਰ੍ਹਾਂ ਤੁਹਾਡੀ ਭਾਵਨਾ ਅਨੁਸਾਰ ਤੁਹਾਨੂੰ ਦਰਸ਼ਨ ਹੋਏ।" ਇਹ ਪਵਿਤ੍ਰ ਬਚਨ ਸੁਣ ਕੇ ਪੰਡਤ ਦਾ ਮਨ ਗਦ ਗਦ ਹੋ ਗਿਆ। ਅਸ਼ਟਾਂਗ ਡੰਡਵਤ ਕਰ ਪ੍ਰਸੰਨ ਚਿੱਤ ਵਾਪਸ ਘਰ ਮੁੜਿਆ। ਬਾਅਦ ਵਿੱਚ ਵੀ ਉਸ ਦੀ ਇਤਨੀ ਸ਼ਰਧਾ ਦੇਖਣ ਵਿੱਚ ਆਈ ਕਿ ਕਈ ਵਾਰੀ ਵੈਰਾਗ ਵਿੱਚ ਆਇਆਂ ਹਜ਼ੂਰ ਦੀ ਗੱਡੀ ਹੇਠਾਂ ਆ ਕੇ ਆਪਣੇ ਪ੍ਰਾਣ ਤਿਆਗਨ ਦੀ ਕੋਸ਼ਿਸ਼ ਕੀਤੀ। ਲੋਕਾਂ ਦੇ ਰੋਕਣ ਤੇ ਆਖਣਾ ਕਿ ਇਸ ਪ੍ਰਕਾਰ ਦੀ ਮੌਤ ਤਾਂ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ।

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥

(ਸਲੋਕ ਭਗਤ ਕਬੀਰ ਜੀ - ੧੩੬੭)

ਜੇਕਰ ਅੰਤ ਸਮੇਂ ਇਸ ਮਿੱਟੀ ਦੀ ਢੇਰੀ ਤੇ ਆਪਣੇ ਪ੍ਰੀਤਮ ਦੀ ਨਿਗ੍ਹਾ ਪੈ ਜਾਵੇ ਤਾਂ ਸਦਾ ਲਈ ਬੈਕੁੰਠ ਦੇ ਬੂਹੇ ਖੁੱਲ੍ਹ ਜਾਵਣਗੇ। ਧੰਨ ਹਨ ਏਹੋ ਜਿਹੇ ਗੁਰਮਖ ਭਗਤ ਜਨ! ਉਸ ਦੇ ਮਨ ਦੀ ਸ਼ਰਧਾ ਤੇ ਭਾਵਨਾ ਅੰਤ ਸਮੇਂ ਤੱਕ ਪੂਰਨ ਨਿਭੀ ਰਹੀ। ਅਤੇ ਇਉਂ ਆਪਣੇ ਨਾਮ ਪੂਰਨ ਚੰਦ ਨੂੰ ਸਕਾਰਥ ਕਰ ਕੇ ਪੂਰਨ ਪਦਵੀ ਦਾ ਅਧਿਕਾਰੀ ਬਣ ਗਿਆ।

ਸ. ਸਰਵਨ ਸਿੰਘ ਪਿੰਡ ਨੰਗਲ

ਨੰਗਲਾਂ ਪਿੰਡ ਦਾ ਸ. ਸਰਵਨ ਸਿੰਘ ਵੀ ਪ੍ਰਵਾਰ ਸਮੇਤ ਸੰਤ ਜੀ ਮਹਾਰਾਜ ਤੇ ਪੂਰਨ ਭਾਵਨਾ ਰੱਖਣ ਵਾਲਾ ਗੁਰਮੁਖ ਹੈ। ਸਭ ਤੋਂ ਪਹਿਲਾਂ ੧੯੪੨ ਈ. ਵਿੱਚ ਇਸ ਨੇ ਆਪਣੇ ਨਗਰ ਗਇਆਂ ਦਾਤੇ ਦਾ ਦੀਦਾਰ ਕੀਤਾ। ਦੀਵਾਨ ਸੁਣ ਕੇ ਸ਼ਰਧਾ ਵੱਧੀ। ਅਸਥਾਨ ਤੇ ਪੁੱਜ ਅੰਮ੍ਰਿਤ ਪਾਨ ਕਰ ਨਾਮ ਦੀ ਦਾਤ ਲਈ। ਉਸ ਸਮੇਂ ਸੰਤ ਜੀ ਮਹਾਰਾਜ ਆਪ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋਏ। ਗਲੀ ਨੰ: ੨ ਵਿੱਚ ਲੁਧਿਆਣੇ ਆਪਣੀ ਜ਼ਮੀਨ ਖਰੀਦ ਕੇ 'ਗੁਰੂ ਮਕੈਨੀਕਲ ਵਰਕਸ' ਵਰਕਸ਼ਾਪ ਲਗਾ ਲਈ। ੨੧-੧੧-੭੩ ਨੂੰ ਗੁਰਦੁਆਰਾ ਰਾਮਗੜ੍ਹੀਆ ਅਕਾਲਸਰ (ਪ੍ਰਤਾਪ ਨਗਰ) ਦੀ ਨੀਂਹ ਰੱਖਣ ਸਮੇਂ ਸੰਤ ਜੀ ਮਹਾਰਾਜ ਨੇ ਇਨ੍ਹਾਂ ਦੀ ਕੋਠੀ ਤੇ ਵਰਕਸ਼ਾਪ ਵਿੱਚ ਚਰਨ ਪਾਏ ਸਨ। ਸ. ਸਰਵਨ ਸਿੰਘ ਤੇ ਛੋਟਾ ਭਾਈ ਭਜਨ ਸਿੰਘ ਤਾਂ ਜਗਰਾਵੀਂ ਰਹਿੰਦਾ ਹੈ। ਦਲੀਪ ਸਿੰਘ ਪਿੰਡ ਕੰਮ ਕਰਦਾ ਹੈ। ਇਹ ਵੀ ਪ੍ਰਵਾਰ ਸਮੇਤ ਸੰਤ ਜੀ ਦੇ ਪ੍ਰੇਮੀ ਤੇ ਪੂਰਨ ਸ਼ਰਧਾਲੂ ਹਨ। ਸ. ਸਰਵਣ ਸਿੰਘ ਦਾ ਲੁਧਿਆਣੇ ਬੜਾ ਚੰਗਾ ਕੰਮ ਚੱਲਦਾ ਹੈ। ਕੋਲ ਦੋ ਗੱਡੀਆਂ ਹਨ।

ਹਰੇਕ ਮਹੀਨੇ ਗੁਰੂ ਕੇ ਲੰਗਰ ਵਾਸਤੇ ਦਸਵੰਧ ਦੀ ਮਾਇਆ 'ਚੋਂ ਖੰਡ ਦੀ ਬੋਰੀ, ਘਿਓ ਦਾ ਟੀਨ, ਆਟਾ ਤੇ ਦਾਲ ਆਦਿਕ ਭੇਜਦੇ ਹਨ। ਹੋਰ ਵੀ ਸੇਵਾ ਕਰਦੇ ਰਹਿੰਦੇ ਹਨ। ਰਾਮਗੜ੍ਹੀਆ ਗੁਰਦੁਆਰੇ ਦੇ ਖ਼ਜ਼ਾਨਚੀ ਹਨ। ਸ੍ਰੀ ਹਜ਼ੂਰ ਨੇ ਇਨ੍ਹਾਂ ਪ੍ਰਤੀ ਇਹ ਉੱਤਮ ਉਪਦੇਸ਼ ਬਖ਼ਸ਼ਿਆ:

ਮਾਨੁੱਖਾ ਜਨਮ ਦਾ ਵਾਧਾ

ਧਾਰਮਿਕ ਗ੍ਰੰਥਾਂ ਵਿੱਚ ਇਸ ਗੱਲ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਕਿ ਮਨੁੱਖ ਜਨਮ ਕੁੱਲ ਜੀਆ ਜੰਤ ਤੋਂ ਸ੍ਰੇਸ਼ਟ ਹੈ। ਕੀ ਪਰਿੰਦ ਕੀ ਚਰਿੰਦ, ਕੀ ਘਾਸਖੋਰ ਤੇ ਕੀ ਮਾਸਾਹਾਰੀ ਸਾਰੇ ਇਸ ਤੋਂ ਥੱਲੇ ਬਣਾਏ ਗਏ ਹਨ। ਜੰਗਲ ਦਾ ਬਾਦਸ਼ਾਹ ਸ਼ੇਰ ਭਾਵੇਂ ਕਿਤਨਾ ਬਲਵਾਨ ਤੇ ਜਬ੍ਹੇ ਵਾਲਾ ਹੁੰਦਾ ਹੈ ਫਿਰ ਵੀ ਉਸ ਦੀ ਖਲ ਦਾ ਮ੍ਰਿਗਾਨ ਜੋਗੀਆਂ ਤੇ ਸੰਨਿਆਸੀਆਂ ਦੇ ਥੱਲੇ ਵਿਛਦਾ ਹੈ। ਕਦਾਵਾਰ ਹਾਥੀ ਮੁਹਾਵਤ ਦੇ ਛੋਟੇ ਬੱਚੇ ਦੇ ਹੱਥ ਵਾਲੇ ਅੰਕਸ ਦੇ ਇਸ਼ਾਰੇ ਤੇ ਚੱਲਦਾ ਹੈ ਗੈਂਡੇ ਦੀ ਖੱਲ ਤੋਂ ਹੈਂਟਰ ਤੇ ਵੇਲ ਮੱਛੀ ਦੀਆਂ ਹੱਡੀਆਂ ਦੇ ਦਰਵਾਜ਼ੇ ਮਨੁੱਖ ਲਈ ਐਸ਼ ਦਾ ਸਾਮਾਨ ਹਨ।

ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ (ਆਸਾ ਮਃ ੫ - ੩੭੪)

ਭੂਮੰਡਲ ਦੇ ਵਾਸੀ ਤਾਂ ਕੀ ਦੇਵਤੇ ਵੀ ਇਸ ਦੇਹੀ ਨੂੰ ਤਰਸਦੇ ਹਨ।

ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥੧॥

(ਭੈਰਉ ਭਗਤ ਕਬੀਰ ਜੀ - ੧੧੫੯)

ਜਦੋਂ ਡੂੰਘੀ ਖੋਜ ਕੀਤੀ ਜਾਵੇ ਤਾਂ ਇਸ ਨਤੀਜੇ ਤੇ ਪੁੱਜਦਾ ਹੈ ਕਿ ਇਹ ਜਨਮ ਤਾਂ ਮਿਲਿਆ ਹੀ ਪ੍ਰਮੇਸ਼ਰ ਪ੍ਰਾਪਤੀ ਵਾਸਤੇ ਹੈ। ਭਾਵੇਂ ਅੱਡੋ ਅੱਡ ਮਜ਼ਹਬਾਂ ਵਾਲੇ ਆਪੋ ਆਪਣੀ ਖਿੱਚ ਕਰਦੇ ਹਨ। ਮੁੱਲਾਂ ਕਹਿੰਦਾ ਹੈ, ਮਨੁੱਖ ਖ਼ੁਦਾ ਦੀ ਸ਼ਕਲ ਤੋਂ ਬਣਾਯਾ ਗਿਆ ਹੈ। ਪੰਡਤ ਜੀ ਦੱਸਦੇ ਹਨ ਕਿ ਇਹ ਆਵਾਗੌਣ ਦੀ ਆਖ਼ਰੀ ਪੌੜੀ ਹੈ। ਭਾਵੇਂ ਇਨ੍ਹਾਂ ਦੀਆਂ ਗੱਲਾਂ ਵਿੱਚ ਮੱਤ ਭੇਦ ਹੈ ਪਰ ਸਿਧਾਂਤ ਦੋਹਾਂ ਦਾ ਇੱਕੋ ਹੈ। ਗਊ ਦੇ ਰੰਗ ਨਾਲ ਕੀ? ਕਾਲੀ ਹੋਵੇ ਜਾਂ ਗੋਰੀ, ਦੁੱਧ ਨਾਲ ਤਾਅੱਲੁਕ ਹੈ। ਭਾਵੇਂ ਕੁਛ ਕਹਿਣ ਪਰ ਸਾਰੇ ਬਿਆਨ ਪ੍ਰਮੇਸ਼ਰ ਪ੍ਰਾਪਤੀ ਦੇ ਹਨ। ਗੁਰਬਾਣੀ ਵਿੱਚ ਦੱਸਿਆ ਹੈ:

ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥

(ਗਉੜੀ ਗੁਆਰੇਰੀ ਮਃ ੫ - ੧੭੬)

ਜਦੋਂ ਇਸ ਦੇ ਜੁੰਮੇ ਇਤਨਾ ਵੱਡਾ ਕੰਮ ਹੈ ਤਾਂ ਫੇਰ ਇਸ ਦਾ ਇੱਕ ਇੱਕ ਮਿੰਟ ਵਡਮੁੱਲਾ ਹੋਵੇਗਾ ਅਤੇ ਕੋਈ ਸਵਾਸ ਭੀ ਅਜਾਂਈ ਗਵਾਉਣ ਵਾਲਾ ਨਹੀਂ। ਪਰ ਜਦੋਂ ਮਨੁੱਖਾਂ ਵੱਲ ਨਿਗ੍ਹਾਹ ਮਾਰੀਦੀ ਹੈ, ਤਾਂ ਉਹ ਆਪਣਾ ਸਾਰਾ ਸਮਾਂ ਨਿਸਫ਼ਲ ਗਵਾਉਂਦੇ ਦੇਖੇ ਜਾਂਦੇ ਹਨ। ਜਿਨ੍ਹਾਂ ਵਿੱਚੋਂ ਕਈ ਮੋਹ ਮਾਇਆ ਦੇ ਜਾਲ ਵਿੱਚ ਫਸੇ ਪੇਟ ਦਾ ਧੰਦਾ ਸਾਰ ਰਹੇ ਹਨ। ਬਹੁਤ ਸਾਰੇ ਫਾਲਤੂ ਨਿਕੰਮੇ ਕਮਾਂ ਤੇ ਵਕਤ ਗਵਾ ਰਹੇ ਹਨ। ਕਈ ਵਾਰੀ ਮਨੁੱਖ ਬਜ਼ਾਰ ਵਿੱਚ ਦੀ ਲੰਘਦਾ ਇਹ ਪੁੱਛਦਾ ਹੈ, ਕਿਸੇ ਪਾਸ ਤਾਸ਼ ਨਹੀਂ ਇੱਕ ਦੋ ਬਾਜ਼ੀਆਂ ਹੀ ਲਾ ਲਈਏ। ਵੇਹਲਿਆਂ ਦਾ ਸਮਾਂ ਨਹੀਂ ਲੰਘਦਾ। ਪਰ ਹੈਰਾਨਗੀ ਦੀ ਗੱਲ ਹੈ, ਸਮਝ ਨਹੀਂ ਪੈਂਦੀ ਮਨੁੱਖ ਕੀ ਤੇ ਵੇਹਲਾ ਕੀ? ਇਹ ਤਾਂ ਇੱਕ ਇੱਕ ਸਵਾਸ ਹੀਰੇ ਜਵਾਹਰਾਤਾਂ ਤੋਂ ਵੀ ਅਮੋਲਕ ਹੈ, ਜਿਸ ਨੂੰ ਇਹ ਅਣਜਾਣਪੁਣੇ ਵਿੱਚ ਲੱਗ ਕੱਚ ਦੇ ਸਮਾਨ ਬਿਅਰਥ ਗਵਾ ਰਿਹਾ ਹੈ। ਪਰ ਗੁਰੂ ਕੇ ਸਿੱਖ ਇਸ ਅਮੋਲਕ ਸਮੇਂ ਨੂੰ ਇਉਂ ਨਹੀਂ ਬਰਬਾਦ ਕਰਦੇ। ਉਹ ਤਾਂ ਪ੍ਰਮੇਸ਼ਰ ਦੀ ਬੰਦਗੀ ਦੁਆਰਾ ਸਫ਼ਲਾ ਕਰਦੇ ਹਨ। ਇਨ੍ਹਾਂ ਪਵਿੱਤ੍ਰ ਬਚਨਾਂ ਦਾ ਇਨ੍ਹਾਂ ਦੇ ਮਨ ਤੇ ਬੜਾ ਅਸਰ ਹੋਇਆ ਅਤੇ ਸਮੇਂ ਦੀ ਕਦਰ ਕਰਨ ਲੱਗ ਪਏ।

ਗੁੰਗਾਪਨ ਤੇ ਬੋਲਾਪਨ ਦੂਰ ਹੋਇਆ

ਦਬੁਰਜੀ ਪਿੰਡ ਦਾ ਦਰਜੀ ਉਜਾਗਰ ਸਿੰਘ 'ਬੱਟੂ' ਮੁੱਢ ਤੋਂ ਹੀ ਪਿੰਡ ਰਹਿੰਦਿਆਂ ਸੰਤ ਜੀ ਮਹਾਰਾਜ ਦਾ ਅਤਿਅੰਤ ਪ੍ਰੇਮੀ ਹੈ। ਸਮੇਤ ਪ੍ਰਵਾਰ ਅੰਮ੍ਰਿਤ ਪਾਨ ਕੀਤਾ। ਨਾਮ ਦਾ ਉਪਦੇਸ਼ ਲਿਆ ਇਸ ਦੀ ਲੜਕੀ ਸੁਰਿੰਦਰ ਕੌਰ ਦੀ ਜ਼ੁਬਾਨ ਬੰਦ ਹੋ ਗਈ ਨ ਕੁੱਝ ਬੋਲੇ ਨ ਕੁੱਝ ਸੁਣੇ। ਸਾਵਣ ਸੁਦੀ ਦਸਵੀਂ ਦੇ ਜੋੜ ਮੇਲੇ ਤੇ ਧਭਲਾਨ ਆਏ। ਕੁਰਸੀ ਦੇ ਸਮੇਂ ਸ. ਕਰਨੈਲ ਸਿੰਘ ਪਟਿਆਲਾ ਤੇ ਭਾਨ ਸਿੰਘ (ਭਗਤ ਜੀ) ਦਬੁਰਜੀ ਦੇ ਰਾਹੀਂ ਸਮੇਂ ਵਾਸਤੇ ਬੇਨਤੀ ਕੀਤੀ। ਆਗਿਆ ਪਾ ਕੇ ਅੱਗੇ ਗਏ। ਹਜ਼ੂਰ ਦੇ ਦਰਸ਼ਨਾਂ ਸਮੇਂ ਪਿਉ ਧੀ ਨੇ ਸੱਜਾ ਤੇ ਖੱਬਾ ਚਰਨ ਫੜ ਕੇ ਛੱਡਿਆ ਹੀ ਨਾ। ਇਤਨਾ ਵੈਰਾਗ ਛੁਟਿਆ, ਹੰਝੂਆਂ ਨਾਲ ਚਰਨ ਗਿੱਲੇ ਕਰ ਦਿੱਤੇ। ਸੰਤ ਜੀ ਮਹਾਰਾਜ ਬਾਰ ਬਾਰ ਧੀਰਜ ਦੇਣ ਤੇ ਕਹਿਣ, "ਗੁਰੂ ਪਿਆਰਿਓ! ਉੱਠੋ, ਹੌਂਸਲਾ ਕਰੋ। ਪ੍ਰਮੇਸ਼ਰ ਭਲੀ ਕਰੇਗਾ। ਸ. ਕਰਲੈਲ ਸਿੰਘ ਪਟਿਆਲਾ ਸੇਵਾਦਾਰ ਨੇ ਜੋ ਜ਼ਰਾ ਦੂਰ ਖੜਾ ਸੀ ਕਾਹਲੇ ਪੈ ਕੇ ਆਖਿਆ, "ਬੀਬੀ! ਉੱਠੋ ਚਰਨ ਛੱਡੋ। ਹੋਰਨਾਂ ਨੇ ਵੀ ਤਾਂ ਦਰਸ਼ਨ ਕਰਨੇ ਹਨ।" ਤਾਂ ਸੰਤ ਜੀ

ਮਹਾਰਾਜ ਬੋਲੇ, "ਇਹ ਤਾਂ ਗੂੰਗੀ ਤੇ ਬੋਲੀ ਹੈ। ਇਸ ਨੂੰ ਕੀ ਕਹਿੰਦਾ ਹੈਂ ਕੇਹੜਾ ਸੁਣਦੀ ਹੈ।" ਅਤੇ ਨਾਲ ਹੀ ਸਿਰ ਤੇ ਹੱਥ ਰੱਖ ਕੇ ਇਸ਼ਾਰਾ ਕੀਤਾ, "ਬਾਬਾ! ਗੁਰੂ ਭਲੀ ਕਰੇਗਾ।" ਉਸ ਸਮੇਂ ਹਜ਼ੂਰ ਦੇ ਬਚਨ ਸਦਕਾ:

ਜੋ ਬਾਤ ਦਵਾ ਨਾ ਕਰ ਸਕੇ, ਸੋ ਬਾਤ ਦੁਆ ਸੇ ਹੋਤੀ ਹੈ।
ਮੁਰਸ਼ਦ ਕਾਮਲ ਜਬ ਮਿਲੇ, ਤਬ ਬਾਤ ਖ਼ੁਦਾ ਸੇ ਹੋਤੀ ਹੈ।

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥

(ਵਾਰ-ਆਸਾ ਮਃ੧ - ੪੭੩)

ਅਥਵਾ: ਸਮਰਥ ਗੁਰੂ ਸਿਰਿ ਹਥੁ ਧਰ੍ਹਿਉ ॥
ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਹਿਉ ॥

(ਸਵਈਏ ਮਹਲੇ ਚਉਥੇ ਕੇ ਨਲ੍ਹ - ੧੪੦੦)

ਕੰਨ ਤਾਂ ਤੜੱਕ ਦੇ ਕੇ ਖੁੱਲ੍ਹ ਗਏ ਪਰ ਜ਼ਬਾਨ ਅਜੇ ਬੰਦ ਹੈ। ਉਹ ਆਪਣੇ ਦੋਨੋਂ ਕੰਨਾਂ ਤੇ ਹੱਥ ਰੱਖ ਕੇ ਦੱਸੇ ਕਿ ਹੁਣ ਮੈਨੂੰ ਸੁਨਣ ਲੱਗ ਪਿਆ ਤਾਂ ਜਾਣੀ ਜਾਣ ਦਾਤੇ ਨੇ ਕਿਹਾ, "ਮੂਲਮੰਤ੍ਰ ਦਾ ਪਾਠ ਕਰ।" ਪਹਿਲਾਂ ਤਾਂ ਉਸ ਦੀ ਜ਼ਬਾਨ ਚਲੇ ਹੀ ਨਾ। ਫੇਰ ਹੌਲੀ ਹੌਲੀ ਬੋਲਿਆ ਕੋਈ ਸਮਝ ਨਾ ਪਵੇ। ਸੰਤ ਜੀ ਮਹਾਰਾਜ ਆਪ ਅੱਗੇ ਅੱਗੇ ਬੋਲਣ ਲੱਗੇ ਕਿ ਇਉਂ ਆਖ। ਬਸ ਫੇਰ ਕੀ ਸੀ ਬਿਜਲੀ ਦੇ ਕਰੰਟ ਵਾਂਗੂ ਜ਼ਬਾਨ ਵੀ ਇੱਕ ਦਮ ਖੁੱਲ੍ਹ ਗਈ। ਇਉਂ ਬੋਲਣ ਲੱਗ ਪਈ ਜਿਵੇਂ ਕਿਸੇ ਚੀਜ਼ ਨੇ ਅੰਦਰੋਂ ਪਕੜੀ ਹੋਈ ਜ਼ਬਾਨ ਛੱਡ ਦਿੱਤੀ ਹੋਵੇ ਤਾਂ ਫੇਰ ਤਾਂ ਸਾਰੀ ਸੰਗਤ ਵਿੱਚ ਉੱਚੀ ਉੱਚੀ ਗੁਰਬਾਣੀ ਦੇ ਸ਼ਬਦਾਂ ਨੂੰ ਬੋਲਣ ਲੱਗ ਪਈ। ਪਹਿਲਾਂ ਵੀ ਹਰ ਰੋਜ਼ ਸੁਖਮਨੀ ਸਾਹਿਬ ਸਮੇਤ ਪੰਜਾਂ ਬਾਣੀਆਂ ਦਾ (ਜੋ ਇਸ ਦੇ ਕੰਠ ਸਨ) ਨਿੱਤਨੇਮ ਕਰਦੀ। ਇਹ ਪ੍ਰਤੱਖ ਨਜ਼ਾਰਾ ਦੇਖ ਕੇ ਸਾਰੀ ਸੰਗਤ ਹੈਰਾਨ ਹੋ ਗਈ। ਇਨ੍ਹਾਂ ਦੇ ਅਤੇ ਹੋਰ ਪ੍ਰੇਮੀਆਂ ਦੇ ਅੰਦਰ ਵਧੇਰੇ ਸ਼ਰਧਾ ਹੋ ਆਈ।

ਜੋ ਕੂਕਰ ਦਰ ਦਰ ਫਿਰੈ ਦੁਰ ਦੁਰ ਕਰੈ ਸਭ ਕੋਇ।
ਜੋ ਏਕ ਦਰ ਕਾ ਹੋ ਰਹੇ ਦੁਰ ਦੁਰ ਕਰੇ ਨ ਕੋਇ।

ਇਸ ਉਪਰੰਤ ਦਿਆਲ ਜੀ, ਭਾਈ ਕਰਤਾਰ ਸਿੰਘ ਜੀ ਰਵਦਾਸੀਆ ਸਿੰਘ ਦੇ ਅੰਨਿਨ ਪਿਆਰ ਭਰੀ ਖਿੱਚ ਦੇ ਵਸ ਕੀਤੇ ਉਸ ਦੇ ਘਰ ਭੀ ਚਰਨ ਪਾਏ। ਇਸ ਦਾ ਲੜਕਾ ਕਰਨੈਨ ਸਿੰਘ, ਉਮਰ ਪੰਜ ਸਾਲ ਬੋਲਦਾ ਨਹੀਂ ਸੀ। ਅਰਜ਼ ਕੀਤੀ ਗਈ। ਕੁੱਝ ਦੇਰ ਆਪ ਅੰਤਰਮੁਖ ਹੋਏ। ਫਿਰ ਪੰਜ ਇਲਾਚੀਆਂ ਇਸ ਨੂੰ ਦਿੱਤੀਆਂ। ਇਸ ਨੇ ਇੱਕੋ ਵਾਰ ਮੁਖ 'ਚ ਪਾ ਲਈਆਂ। ਉਸ ਸਮੇਂ ਜ਼ਬਾਨ ਖੁੱਲ੍ਹ ਗਈ।

ਦਾਤਾਂ ਦੇ ਭੰਡਾਰੇ

ਅਨੇਕਾਂ ਕਥਾਵਾਂ ਮਹਾਂਪੁਰਸ਼ਾਂ ਦੀਆਂ ਹਨ। ਦਾਤਾਂ ਦੇ ਭੰਡਾਰੇ ਸੁਤੇ ਸ਼ਰਧਾਲੂ ਦੀਆਂ ਝੋਲੀਆਂ ਭਰ ਰਹੇ ਸਨ। ਕਿਸੇ ਨੂੰ ਪੁੱਤਰ ਦੀ ਦਾਤ, ਕਿਸੇ ਦੀ ਰੋਗ ਤੋਂ ਖੁਲਾਸੀ। ਗਿਣਤੀ ਨਹੀਂ ਕੀਤੀ ਜਾਂਦੀ। ਡਾਕਟਰ ਪ੍ਰੀਤਮ ਸਿੰਘ ਜੀ ਦੇ ਘਰ ਪੋਤਰੇ ਦੀ ਦਾਤ, ਮਾਸਟਰ ਦਰਸ਼ਨ ਸਿੰਘ ਧਰੌੜਾਂ ਦੇ ਘਰ ਛੋਟੇ ਸੰਤ ਮਹਾਰਾਜ ਦੇ ਬਚਨ ਨਾਲ ਪੁੱਤਰ ਦੀ ਦਾਤ, ਘਵੱਦੀ ਦੇ ਅਲਵੇਲ ਸਿੰਘ ਦੇ ਘਰ ਲੜਕੇ ਦੀ ਦਾਤ, ਹੋਰ ਅਨੇਕਾਂ ਪ੍ਰੇਮੀਆਂ ਦੀਆਂ ਝੋਲੀਆਂ ਭਰੀਆ ਗਈਆਂ।

ਸਾਧੂ ਸਿੰਘ M.A.B.T.

ਸ੍ਰੀ ਹਜ਼ੂਰ ਤੇ ਬਹੁਤ ਹੀ ਸ਼ਰਧਾ ਹੋਣ ਕਰ ਕੇ ਅੰਮ੍ਰਿਤ ਪਾਨ ਕਰ ਕੇ ਗੁਰਮੰਤਰ ਦੇ ਜਾਪ ਦੀ ਜੁਗਤੀ ਔਰ ਉਪਦੇਸ਼ ਪ੍ਰਾਪਤ ਕੀਤਾ ਸੀ। ਸ੍ਰੀ ਹਜ਼ੂਰ ਨੇ ਪ੍ਰਸੰਨ ਹੋ ਕੇ ਇੱਕ ਸਿਮਰਨਾ ਇੱਕ ਆਪਣੀ ਫੋਟੋ ਔਰ ਗੁਰ ਸ਼ਬਦ ਦੀ ਦਾਤ ਬਖ਼ਸ਼ਿਸ਼ ਕੀਤੀ। ਨੌਕਰੀ ਕਰਦਿਆਂ ੨੦-੩੦ ਮੀਲ ਤੱਕ ਹਜ਼ੂਰ ਦੇ ਦੀਵਾਨਾਂ ਦੀਆਂ ਹਾਜ਼ਰੀਆਂ ਭਰਦੇ ਰਹੇ।

ਹਜ਼ੂਰ ਦੀ ਖਿੱਚ ਦਾ ਸਦਕਾ ੧੦ ਸਾਲ ਪਹਿਲਾਂ ਹੀ ਨੌਕਰੀ ਤੋਂ ਛੁੱਟੀ ਲੈ ਕੇ ਸੱਚੀ ਸਰਕਾਰ ਦੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਸੰਤ ਮਹਾਰਾਜ ਜੀ ਦੇ ਨਾਉਂ ਤੇ (ਸੰਤ ਈਸ਼ਰ ਭਵਨ) ਸੋਹੀਆ ਰੋਡ ਸੰਗਰੂਰ ਵਿਖੇ ਅਸਥਾਨ ਬਣਾਇਆ ਜਿਸ ਦਾ ਨੀਂਹ ਪੱਥਰ ਜਥੇਦਾਰ ਬਾਬਾ ਮਹਿੰਦਰ ਸਿੰਘ ਜੀ ਪਾਸੋਂ ਰਖਵਾਇਆ। ਇੱਕ ਗੁਰਦੁਆਰਾ ਤੇ ਕਾਲਜ ਛਾਹੜ ਪਿੰਡ ਬਣਾਇਆ ਹੈ। ਸ੍ਰੀ ਸੰਤ ਜੀ ਮਹਾਰਾਜ ਜੀ ਦੀ ਬਰਸੀ ਨੂੰ ਹਰ ਸਾਲ ੨੯-੩੦-੩੧ ਅਗਸਤ ਨੂੰ ਭਾਰੀ ਜੋੜ ਮੇਲਾ ਹੁੰਦਾ ਹੈ।

ਸੇਵਾ ਤੋਂ ਮਿਲਦਾ ਮੇਵਾ

ਭਾਈ ਦਲੀਪ ਸਿੰਘ ਬਿਲਾਸਪੁਰ ਪਿੰਡ ਤੋਂ ਛੋਟੀ ਉਮਰੇ ਹੀ ਭੋਰੇ ਅੰਦਰ ਫੁੱਲਵਾੜੀ ਦੀ ਸੇਵਾ ਕਰਦਾ ਰਿਹਾ। ੧੯੬੩ ਵਿੱਚ ਮਹਾਰਾਜ ਜੀ ਨਾਲ ਦਿੱਲੀ ਚਲਾ ਗਿਆ। ਉੱਥੇ ਬਸਤਰ ਧੋਣ, ਪ੍ਰੈਸ ਕਰਨ ਦੀ ਸੇਵਾ ਕਰਦਾ ਰਿਹਾ। ਗੱਡੀ ਚਲਾਉਣ ਦਾ ਲਾਈਸੈਂਸ ਬਣਵਾ ਕੇ ਜਥੇ ਵਾਲੀ ਜੀਪ ਚਲਾਉਣ ਲੱਗ ਪਿਆ। ਸੇਵਾ ਤੋਂ ਮਿਲਦਾ ਮੇਵਾ ਅਨੁਸਾਰ ਇਸ ਦੇ ਮਿਠਬੋਲੇ ਮਿਲਣਸਾਰ ਸੁਭਾਵ ਕਾਰਨ ਕੋਕਾ ਕੋਲਾ ਵਾਲਿਆਂ ਨੇ ਬਰਨਾਲੇ ਕੋਕੇ ਕੋਲੇ ਦੀ ਏਜੈਂਸੀ ਦੇ ਦਿੱਤੀ। ਮਹਾਂਪੁਰਸ਼ਾਂ ਦੇ ਦੀਵਾਨ ਸਮੇਂ ਇਸ ਨੇ ਬਹੁਤ ਸ਼ਰਧਾ ਨਾਲ ਸੇਵਾ ਕੀਤੀ। ਕਰਤਾਰ ਨੇ ਇਸ ਨੂੰ ਦੋ ਭੁਜੰਗੀਆਂ ਦੀ ਦਾਤ ਭੀ ਬਖ਼ਸ਼ ਦਿੱਤੀ। ਏਹ ਦਾਤਾਂ ਨਾਲੋਂ ਵੱਧ ਦਾਤਾਰ ਨਾਲ ਪਿਆਰ ਕਰ ਕੇ ਆਪਣਾ ਸਮਾਂ ਬਿਤਾਉਂਦਾ ਰਿਹਾ।

ਤੈਸਾ ਰੰਕ ਤੈਸਾ ਰਾਜਾਨ

੧੯੫੩ ਵਿੱਚ ਬਿਲਾਸਪੁਰ ਪਿੰਡ ਅੱਠ ਦੀਵਾਨ ਕਰ ਕੇ ਪ੍ਰੇਮੀਆਂ ਨੇ ਘਰ ਘਰ ਚਰਨ ਪਵਾਏ। ਸਾਰੇ ਪਿੰਡ ਵਿੱਚ ਚਰਨ ਪਾਏ ਤਾਂ ਗ਼ਰੀਬ ਨਿਵਾਜ਼ ਨੂੰ ਕੁੱਝ ਪ੍ਰੇਮ ਤਰੰਗਾ ਖਿੱਚ ਪਾ ਰਹੀਆਂ ਸਨ, ਆਪ ਨੇ ਪੁੱਛਿਆ ਕਿ ਕੋਈ ਹੋਰ ਤਾਂ ਨਹੀਂ ਰਿਹਾ। ਸਭ ਆਪੋ ਆਪਣੇ ਘਰੀਂ ਚਰਨ ਪਵਾ ਕੇ ਮਸਤ ਸਨ ਕਿਸੇ ਦੇ ਚਿਤ ਚੇਤੇ ਭੀ ਨਹੀਂ ਸੀ ਕਿ ਕੋਈ ਹੈ ਜੋ ਇੰਤਜ਼ਾਰ ਕਰਦਾ ਹੋਵੇ। ਇੱਕ ਪ੍ਰੇਮੀ ਅੱਗੇ ਵਧਿਆ ਤੇ ਬੇਨਤੀ ਕੀਤੀ, "ਗ਼ਰੀਬ ਨਿਵਾਜ਼ ਜੀ! ਧੰਨ ਹੋ ਮਹਾਰਾਜ! ਬਾਜੀਗਰ ਆਪ ਜੀ ਦਾ ਆਪਣੀਆਂ ਝੌਂਪੜੀਆਂ ਵਿੱਚ ਇੰਤਜਾਰ ਕਰ ਰਹੇ ਸਨ। ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਆਪਣੇ ਆਪ ਹੀ ਬਜੀਰੇ ਦੀ ਛੱਪਰੀ ਅੰਦਰ ਚਲੇ ਗਏ। ਛੱਪਰੀ ਦਾ ਦਰ ਛੋਟਾ ਸੀ। ਹਜ਼ੂਰ ਨੂੰ ਸਿਰ ਨਵਾਉਣਾ ਪਿਆ, ਨਾਲ ਇਹ ਵੀ ਬਚਨ ਕੀਤਾ ਬਜੀਰਿਆ! ਤੇਰੀ ਛੱਪਰੀ ਤਾਂ ਭਾਗਾਂ ਵਾਲੀ ਹੈ ਤੇ ਇਹ ਤੁਕ ਪੜ੍ਹੀ:

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ (ਸੂਹੀ ਮਃ ੫ - ੭੪੫)

ਤਥਾ: *ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ ॥*
ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ ॥੧੫॥ (ਸਲੋਕ ਭਗਤ ਕਬੀਰ ਜੀ - ੧੩੬੫)

ਏਥੇ ਮਨ ਨੂੰ ਸ਼ਾਤੀ ਮਿਲਦੀ ਹੈ।

ਸਕੂਨਿ ਕਲਬ ਆਖ਼ਿਰ ਮੈਨੇ ਝੋਪੜੋਂ ਮੇਂ ਪਾਇਆ ਹੈ।

ਮਿਲਤਾ ਹੈ ਕਮ ਯਹਿ ਈਬਾਨੋ ਕੀ ਦੁਨੀਆਂ ਮੇ।

ਅੰਦਰ ਮੰਜੇ ਤੇ ਜਾ ਬੈਠੇ ਜੋ ਉਨ੍ਹਾਂ ਨੇ ਪ੍ਰੀਤਮ ਦੀ ਉਡੀਕ ਵਿੱਚ ਪਹਿਲਾਂ ਹੀ ਵਿਛਾ ਰੱਖਿਆ ਸੀ। ਇਨ੍ਹਾਂ ਦਾ ਪ੍ਰੇਮ ਦੇਖ ਕੇ ਫੇਰ ਬਚਨ ਕੀਤਾ, "ਗੁਰਮੁਖੋ ਨਿਹਾਲ ਹੋ ਗਏ। ਗੁਰੂ ਘਰ ਤੇ ਸ਼ਰਧਾ ਰੱਖੋ। ਕਿਸੇ ਚੀਜ਼ ਦਾ ਘਾਟਾ ਨਹੀਂ ਰਹੇਗਾ।" ਹੋਰ ਕੁਲੀਆਂ ਵਾਲਿਆਂ ਨੇ ਅਰਜ਼ ਕੀਤੀ। ਚਰਨ ਪਾ ਕੇ ਸਾਰਿਆਂ ਦੀ ਭਾਵਨਾ ਪੂਰੀ ਕੀਤੀ।

ਪਹਿਲਾਂ ਹਰੇਕ ਸਾਲ ਇਨ੍ਹਾਂ ਦੀਆਂ ਕੁਲੀਆਂ ਨੂੰ ਅਚਾਨਕ ਅੱਗ ਲੱਗ ਜਾਂਦੀ। ਜਿਤਨਾ ਸਾਮਾਨ ਅੰਦਰ ਹੁੰਦਾ ਉਹ ਸੜ ਕੇ ਸਵਾਹ ਦੀ ਢੇਰੀ ਬਣ ਜਾਂਦਾ। ਪਿੰਡ ਵਾਲਿਆਂ ਨੇ ਫੇਰ ਉਗਰਾਹੀ ਕਰ ਕੇ ਕੁੱਲੀਆਂ ਬਣਾਉਣ ਵਾਸਤੇ ਸਮਾਨ ਦੇਣਾ। ਫੇਰ ਹੋਰ ਤਿਆਰ ਕਰਨੀਆਂ ਇਉਂ ਕਈ ਸਾਲਾਂ ਤੋਂ ਅੱਗ ਸਾੜ ਜਾਂਦੀ ਸੀ। ਇਨ੍ਹਾਂ ਨੇ ਦਾਤੇ ਪਾਸ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਕ੍ਰਿਪਾ ਕਰੋ ਅੱਗ ਨ ਲੱਗੇ।" ਮੇਹਰਬਾਨ ਨੇ ਬਚਨ ਕੀਤਾ ਅੱਜ ਤੋਂ ਅੱਗ ਨਹੀਂ ਲੱਗੇਗੀ। ਤੁਸੀਂ ਵੀ ਗੁਰ ਅਸਥਾਨ ਤੇ ਜਾ ਕੇ ਜੇਹੋ ਜਹੀ ਹੋ ਸਕੇ, ਹੱਥੀਂ ਸੇਵਾ ਕਰਿਆ ਕਰੋ। ਸੰਗਰਾਂਦ ਪੂਰਨਮਾਸ਼ੀ ਦੇ ਜੋੜ ਮੇਲੇ ਤੇ ਸੰਗਤ ਦੇ ਜੋੜੇ ਸੰਭਾਲਨ ਦੀ ਡਿਊਟੀ ਕਰਿਆ ਕਰੋ। ਅੱਗ ਨਹੀਂ ਲੱਗੇਗੀ।" ਇਨ੍ਹਾਂ ਨੇ 'ਸਤ ਬਚਨ' ਕਿਹਾ। ਆਪ ਜੀ ਬਾਹਰ ਆ ਗਏ ਫੇਰ ਮੁੜ ਕੇ ਕਦੀ ਵੀ ਅੱਗ ਨਹੀਂ ਲੱਗੀ। ਇਹ ਵੀ ਭਾਵਨਾ ਅਨੁਸਾਰ ਉਸੇ ਬਚਨ ਦੀ ਪਾਲਣਾ ਕਰਦੇ ਹੋਏ ਅਸਥਾਨ ਤੇ ਸੇਵਾ ਕਰਦੇ ਹਨ।

ਕਾਂਡ ੨੬

ਭਾਈ ਹਰਚੰਦ ਸਿੰਘ ਮੂਲੋਵਾਲ

ਸੁੱਤੇ ਜਦੋਂ ਭਾਗ ਜਾਗਦੇ

ਮੂਲੋਵਾਲ ਦਾ ਨੌਜਵਾਨ ਹਰਚੰਦ ਸਿੰਘ ਤੇਰਾਂ ਸਾਲ ਦੀ ਉਮਰ ਵਿੱਚ ਪੂਰੀ ਤਰ੍ਹਾਂ ਕੁਸੰਗ ਨੇ ਘੇਰ ਲਿਆ। ਦਸ ਨੰਬਰੀਆ ਬਣ ਪੁਲੀਸ ਤੋਂ ਪ੍ਰੇਸ਼ਾਨ ਹੁੰਦਾ ਰਿਹਾ। ਸੁੱਤੇ ਭਾਗ ਉਦੇ ਹੋਏ। ੧੯੬੪ ਵਿੱਚ ਮਾਰਚ ਮਹੀਨੇ, ਖੇੜੀ ਚਹਿਲਾਂ ਵਿੱਚ ਮਹਾਂਪੁਰਸ਼ਾਂ ਦੇ ਦੀਵਾਨ ਵਿੱਚ ਪੂਰਬਲੇ ਸੰਸਕਾਰ ਦੀਵਾਨ ਵਿੱਚ ਲੈ ਗਏ। ਮਹਾਂਪੁਰਸ਼ਾਂ ਨੇ ਸ਼ਬਦ ਦਾ ਬਾਣ ਸਿੰਨ ਕੇ ਮਾਰਿਆ ਤੇ ਧਾਰਨਾ ਪੜ੍ਹੀ:

ਲੇਖਾ ਦੇਣਾ ਪੈਜੁਗਾ ਰਜ ਰਜ ਪਾਪ ਕਮਾਉਨੈ।
ਲੇਖਾ ਮੰਗੁਗਾ ਧਰਮਰਾਜਾ ਬਾਣੀਆ ਨਿਮਾਣੀ ਤੇਰੀ ਜਿੰਦੜੀ ਤੋਂ।

ਯਥਾ: *ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥ ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥* (ਮਾਰੂ ਮਃ ੫ - ੧੦੧੯)

ਤਥਾ: *ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥ ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥*

(ਬਿਹਾਗੜਾ ਮਃ ੫ - ੫੪੬)

ਤਥਾ: *ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*

(ਰਾਮਕਲੀ ਵਾਰ-੧ ਮਃ ੧ - ੯੫੩)

ਇਉਂ ਸੂਰਮੇ ਮਹਾਂਪੁਰਸ਼ ਦੀ ਇੱਕੋ ਧਾਰਨਾ ਘਾਇਲ ਕਰ ਗਈ। ਉਸੇ ਜਗ੍ਹਾ ਬੈਠਿਆਂ ਪ੍ਰਣ ਕਰ ਲਿਆ, ਅੱਜ ਤੋਂ ਕੋਈ ਮਾੜਾ ਕੰਮ ਨਹੀਂ ਕਰਨਾ। ਮਾਸ ਸ਼ਰਾਬ ਨੂੰ ਹੱਥ ਨਹੀਂ ਲਾਉਣਾ। ਫੇਰ ਘਰ ਆ ਕੇ ਚਾਲੀ ਦਿਨ ਵਿੱਚ ਸਵਾ ਲੱਖ ਮੂਲਮੰਤ੍ਰ ਦਾ ਪਾਠ ਕੀਤਾ।

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ (ਬਾਰਹਮਾਹਾ ਮਾਝ ਮਃ ੫ - ੧੩੯)

ਦੇ ਮਹਾਂਵਾਕ ਅਨੁਸਾਰ ਦਸ ਨੰਬਰੀਆ 'ਚੋਂ ਵੀ ਨਾਮ ਕੱਟਿਆ ਗਿਆ। ਸਾਰੇ ਲੋਕ ਸਤਿਕਾਰ ਕਰਨ ਲੱਗ ਪਏ। ਫੇਰ ਧਭਲਾਨ ਦਸਵੀਂ ਦੇ ਜੋੜ ਮੇਲੇ ਸਮੇਂ ਦਾਤੇ ਦਾ ਇਕਾਂਤ ਵਿੱਚ ਦੀਦਾਰ ਕੀਤਾ। ਬੇਨਤੀ ਕੀਤੀ, "ਮਹਾਰਾਜ! ਮੇਰੇ ਤੇ ਕ੍ਰਿਪਾ ਕਰੋ।" ਆਪ ਜੀ ਬੋਲੇ, "ਪਹਿਲਾਂ ਕੰਮ ਕੀ ਕਰਦਾ ਰਿਹਾ ਹੈ?" ਇਸ ਨੇ ਨਿਝੱਕ ਹੋ ਕੇ ਕਿਹਾ, "ਜੋ ਤੁਸੀਂ ਦੀਵਾਨ ਵਿੱਚ ਮਾੜੇ ਦਸਦੇ ਹੋ, ਉਹ ਸਾਰੇ ਹੀ ਕਰਦਾ ਰਿਹਾ ਹਾਂ।" ਫੇਰ ਬਚਨ ਕੀਤਾ, "ਇਹ ਤਾਂ ਭਾਈ ਹੁਣ ਹੋਣੇ ਨਹੀਂ।" ਇਸ ਨੇ ਕਿਹਾ, "ਜੀ! ਸਤ ਬਚਨ। ਹੁਣ ਤਾਂ ਸਭ ਕੁੱਝ ਛੱਡ ਕੇ ਤੁਹਾਡੇ ਚਰਨਾਂ ਵਿੱਚ ਹਾਜ਼ਰ ਹੋਇਆ ਹਾਂ। ਆਪ ਕ੍ਰਿਪਾ ਕਰ ਕੇ ਦੱਸੋ ਕਿ ਜੀਵ ਹਿੰਸਾ ਕਿਸ ਨੂੰ ਕਹਿੰਦੇ ਹਨ।" ਹਜ਼ੂਰ ਬੋਲੇ:

ਹਿੰਸਾ ਤੇ ਅਹਿੰਸਾ

ਸ਼ਾਸਤ੍ਰਾਂ ਵਿੱਚ ਮਨ ਬਾਣੀ ਸਰੀਰ ਕਰ ਕੇ ਤਿੰਨ ਪ੍ਰਕਾਰ ਦੀ ਹਿੰਸਾ ਮੰਨੀ ਹੈ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿੱਚੋਂ ਕੋਈ ਵੀ ਸਬੂਤ ਨਹੀਂ ਮਿਲਦਾ ਕਿ ਉਨ੍ਹਾਂ ਨੇ ਮਨ ਬਾਣੀ ਕਰ ਕੇ ਆਪਣੇ ਪਰਵਾਰਕ ਹਿੱਤਾਂ ਲਈ ਕਿਸੇ ਦੀ ਬੁਰਿਆਈ ਚਿਤਵੀ, ਜਾਂ ਕੌੜਾ ਬੋਲ ਕੇ ਕਿਸੇ ਦਾ ਦਿਲ ਦੁਖਾਯਾ ਹੋਵੇ। ਅਗਰ ਤਲਵਾਰ ਚਲਾਈ ਹੈ ਤਾਂ ਏਸ ਲਈ ਕਿ ਦੇਸ਼ ਦੀ ਕੌਮੀਅਤ ਅੰਦਰ ਜੋ ਮੁਗ਼ਲ ਰਾਜ ਦੀ ਦੁਸ਼ਟਤਾ ਦਾ ਨਾਸੂਰ ਵੱਧ ਗਿਆ ਸੀ, ਉਹ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਾਂਤਮਈ ਸ਼ਹੀਦੀਆਂ ਦੇ ਪਲਸਤ੍ਰਾਂ ਨਾਲ ਠੀਕ ਨਹੀਂ ਸੀ ਹੋਇਆ। ਤਾਂ ਸਾਰੇ ਹੀਲੇ ਵਰਤਣ ਪਿੱਛੋਂ ਲਾਚਾਰ ਹੋ ਕੇ ਤਲਵਾਰ ਦੇ ਚੀਰੇ ਨਾਲ ਦੁੱਸ਼ਟਤਾ ਦੇ ਗੰਦ ਨੂੰ ਕੱਢਣਾ ਤੇ ਦੇਸ਼ ਸੰਸਕ੍ਰਿਤੀ ਨੂੰ ਬਚਾਉਣਾ ਜ਼ਰੂਰੀ ਜਾਣਿਆ। ਗੁਰੂ ਜੀ ਨੇ ਤਲਵਾਰ ਚਲਾਉਣ ਦੀ ਹਿੰਸਾ ਦਾ ਇਤਨਾ ਹੀ ਮੰਤਵ ਸੀ। ਸੋ ਇਹ ਹਿੰਸਾ ਨਹੀਂ, ਸਗੋਂ ਜ਼ਾਲਮਾਂ ਹੱਥੋਂ ਲੱਖਾਂ ਨਿਤਾਣਿਆਂ ਨੂੰ ਹਿੰਸਾ ਦਾ ਸ਼ਿਕਾਰ ਹੋ ਜਾਣ ਤੋਂ ਬਚਾ ਲੈਣਾ ਅਤੇ 'ਅਹਿੰਸਾ ਪਰਮੋ ਧਰਮ' ਦਾ ਸ਼ੁੱਧ ਸਰੂਪ ਤੇ

ਉੱਤਮ ਕਰਤੱਵ ਹੈ। ਜਿਵੇਂ ਮਿਸਾਲ ਦੇ ਤੌਰ ਜੇਕਰ ਆਪਣਾ ਹੀ ਪਾਲਤੂ ਕੁੱਤਾ ਜਦੋਂ ਹਲਕ ਕੇ ਘਰ ਵਾਲਿਆਂ ਨੂੰ ਹੀ ਕੱਟਣਾ ਸ਼ੁਰੂ ਕਰ ਦੇਵੇ, ਤਾਂ ਸਾਰੇ ਪ੍ਰਵਾਰ ਦੇ ਦੂਜੇ ਲੋਕਾਂ ਦੇ ਬਚਾਓ ਵਾਸਤੇ ਉਸ ਨੂੰ ਮਾਰ ਦੇਣਾ ਹਿੰਸਾ ਜਾਂ ਤਸ਼ੱਦਦ ਨਹੀਂ ਬਲਕਿ ਸਾਰਿਆਂ ਦਾ ਭਲਾ ਤੇ ਉਪਕਾਰ ਹੈ। ਸਰਕਸ ਦਾ ਜਮਾਂਦਰੂ ਤੇ ਪਾਲਤੂ ਸ਼ੇਰ ਜਦੋਂ ਭੜਕ ਕੇ ਆਪੇ ਤੋਂ ਬਾਹਰ ਹੋ ਕੇ ਤਮਾਸ਼ਾ ਦੇਖਣ ਵਾਲਿਆਂ ਦੀ ਜਾਨ ਦਾ ਵੈਰੀ ਬਣ ਜਾਂਦਾ ਹੈ ਤਾਂ ਉਹ ਲੋਕ (ਸਰਕਸ ਵਾਲੇ) ਉਸ ਨੂੰ ਗੋਲੀ ਮਾਰ ਕੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਕੋਈ ਹਿੰਸਾ ਨਹੀਂ। ਇਸੇ ਤਰ੍ਹਾਂ ਮਸਤ ਹੋ ਚੁੱਕੇ ਹਾਥੀਆਂ ਨੂੰ ਜਾਂ ਪਾਗ਼ਲ ਹੋ ਚੁੱਕੇ ਬੰਦਿਆਂ ਨੂੰ ਦੂਜਿਆਂ ਦੇ ਬਚਾਓ ਵਾਸਤੇ ਮਾਰ ਦੇਣਾ ਕੋਈ ਪਾਪ ਨਹੀਂ। ਤਾਂ ਰਾਜਮਦ ਵਿੱਚ ਮਸਤ ਹੋ ਚੁੱਕੀਆਂ ਹਕੂਮਤਾਂ ਵੀ ਜਦ ਪਰਜਾ ਦੇ ਦੁੱਖਾਂ ਨੂੰ ਦੂਰ ਕਰਨ ਦੀ ਬਜਾਏ ਦੁਸ਼ਟਤਾਈ ਕਰਦੀਆਂ ਹਨ, ਅਤੇ 'ਰਾਜੇ ਸ਼ੀਂਹ ਮੁਕੱਦਮ ਕੁੱਤਿਆਂ' ਨੂੰ ਦੁਸ਼ਟਤਾ ਦਾ ਹਲਕਾਓ ਵੱਧ ਜਾਂਦਾ ਹੈ ਅਤੇ ਉਹ ਪਰਜਾ ਰੂਪੀ ਪੁੱਤਰਾਂ ਨੂੰ ਵੱਢ ਵੱਢ ਖਾਂਦੇ ਹਨ, ਤਾਂ ਉਸ ਵੇਲੇ ਉਨ੍ਹਾਂ ਨੂੰ ਮਾਰ ਮੁਕਾਣਾਂ ਹਿੰਸਕ ਕਾਰਵਾਈ ਨਹੀਂ ਹੈ। ਫ਼ਾਰਸੀ ਦਾ ਮਸ਼ਹੂਰ ਕਵੀ ਸ਼ੇਖ ਸ਼ਾਅਦੀ ਲਿਖਦਾ ਹੈ ਕਿ ਇੱਕ ਬਘਿਆੜ ਨੂੰ ਮਾਰ ਦੇਣਾ ਸੌ ਭੇਡਾਂ ਬੱਕਰੀਆਂ ਦੇ ਬਚਾਣ ਜਿਤਨਾ ਪੁੰਨ ਰੱਖਦਾ ਹੈ ਅਤੇ ਇੱਕ ਅੰਗਰੇਜ਼ ਫ਼ਿਲਾਸਫ਼ਰ ਜਿਸ ਦਾ ਨਾਮ 'ਲਾਕ' ਹੈ ਲਿਖਦਾ ਹੈ ਕਿ ਸੱਪ ਨੂੰ ਮਾਰ ਦੇਣਾ ਚੰਗਾ ਹੈ। ਇਸ ਦਾ ਕੋਈ ਪਾਪ ਨਹੀਂ।

ਫੇਰ ਅਰਜ਼ ਕੀਤੀ ਮਹਾਰਾਜ! ਕ੍ਰਿਪਾ ਕਰ ਕੇ ਇਨ੍ਹਾਂ ਵਿਕਾਰਾਂ ਦਾ ਭਿੰਨ ਭਿੰਨ ਸਰੂਪ ਦੱਸੋ ਅਤੇ ਇਨ੍ਹਾਂ ਤੋਂ ਬਚਣ ਦਾ ਤਰੀਕਾ ਦੱਸਣ ਦੀ ਭੀ ਕ੍ਰਿਪਾਲਤਾ ਕਰੋ, ਤਾਂ ਕਿ ਆਪ ਜੀ ਦੇ ਪਵਿੱਤਰ ਬਚਨਾਂ ਦੁਆਰਾ ਵਿਕਾਰਾਂ ਦਾ ਤਿਆਗ ਕਰ ਕੇ ਜੀਵਨ ਤਰੱਕੀ ਕਰ ਸਕੇ। ਤਾਂ ਆਪ ਜੀ ਨੇ ਦਸਮ ਗ੍ਰੰਥ 'ਚੋਂ ਪਾਰਸ ਨਾਥ ਦਾ ਪ੍ਰਸੰਗ ਸੁਣਾਯਾ:

ਪਾਰਸ ਨਾਥ - ਅਬਿਬੇਕ ਦੀ ਸੈਨਾ

ਪਾਰਸ ਨਾਥ ਰੁਦਰ ਦਾ ਅਵਤਾਰ ਸੀ। ਦੱਤ ਰਿਖੀ ਦੀ ਮੌਤ ਪਿੱਛੋਂ ਇਹ ਰੋਹ ਨਾਮੇ ਦੇਸ਼ ਵਿੱਚ ਪੈਦਾ ਹੋਇਆ। ਇਹ ਬੜਾ ਤੇਜ਼ ਪ੍ਰਤਾਪ ਵਾਲਾ ਬਾਲਕ ਸੀ। ਇਸ ਦਾ ਜਲਾਲ ਬਾਰ੍ਹਾਂ ਸੂਰਜਾਂ ਜਿਤਨਾ ਸੀ। ਜਦੋਂ ਰਾਜੇ ਤੱਕ ਇਸ ਦੀ ਸੁੰਦਰਤਾ ਦੀ ਚਰਚਾ ਹੋਈ ਤਾਂ ਉਸ ਨੇ ਇਸ ਨੂੰ ਬੁਲਾ ਕੇ ਇਸ ਨਾਲ ਆਪਣੀ ਲੜਕੀ ਦੀ ਸ਼ਾਦੀ ਕਰ ਦਿੱਤੀ। ਇਸ ਨੂੰ ਦੋ ਮਹੀਨੇ ਤੇ ਅੱਠ ਦਿਨ ਦੇਵੀ ਦੀ ਪੂਜਾ ਕਰਦਿਆਂ ਹੋ ਗਏ ਤਾਂ ਉਸ ਸਮੇਂ ਆਦਿ ਸ਼ਕਤੀ ਪ੍ਰਗਟ ਹੋਈ ਅਤੇ ਕਿਹਾ ਕਿ ਵਰ ਮੰਗ। ਪਾਰਸ ਨਾਥ ਨੇ ਮੰਗ ਕੀਤੀ, "ਮੈਂ ਸਾਰੇ ਵੇਦ ਤੇ ਸ਼ਾਸਤਰ ਪੜ੍ਹ ਜਾਵਾਂ। ਹਰ ਪ੍ਰਕਾਰ ਦੇ ਅਸਤਰ ਤੇ ਸ਼ਸਤਰ ਸਿੱਖ ਜਾਵਾਂ। ਸਾਰੇ ਦੇਸ਼ਾਂ ਦੇ ਰਾਜੇ ਆਪਣੇ ਅਧੀਨ ਕਰ ਲਵਾਂ। ਸੰਸਾਰ ਨੂੰ ਆਪਣੀ ਮਰਜ਼ੀ ਵਿੱਚ ਤੋਰਾਂ।" ਦੇਵੀ ਨੇ ਤਥਾ ਅਸਤੂ ਆਖਿਆ। ਉਸ ਸਮੇਂ ਅਹੰਕਾਰ ਵਿੱਚ ਆ ਕੇ ਸਾਰੇ ਦੇਸ਼ਾਂ ਦੇਸ਼ਾਂਤਰਾਂ ਦੇ ਰਾਜੇ ਮਹਾਰਾਜੇ ਤੇ ਸਿੱਧ ਜੋਗੀ ਇਸ ਨੇ ਆਪਣੇ ਪਾਸ ਬੁਲਾਏ। ਰਾਜੇ ਮਹਾਰਾਜੇ ਸ਼ਾਹੀ ਦਰਬਾਰ ਵਿੱਚ ਭੇਟਾ ਲੈ ਕੇ ਮਿਲੇ ਅਤੇ ਇਸ ਦੀ ਈਨ ਮੰਨ ਲਈ। ਫਿਰ ਇਸ ਨੇ ਜੋਗੀਆਂ ਨੂੰ ਬੁਲਾ ਕੇ ਆਖਿਆ, "ਹੇ ਜੜਾਵਾਂ ਵਾਲੇ ਜੋਗੀਓ! ਜਾਂ ਤਾਂ ਮੈਨੂੰ ਆਪਣੀ ਕਰਾਮਾਤ ਦੱਸੋ। ਨਹੀਂ ਤਾਂ ਐਵੇਂ ਘਰ ਘਰ ਨਾ ਮੰਗਦੇ ਫਿਰੋ। ਜੜਾਵਾਂ ਮੁੰਨ ਦਿਓ। ਗ੍ਰਿਹਸਤ ਮਾਰਗ ਧਾਰਨ ਕਰੋ। ਭੇਖਾਂ ਨਾਲ ਪ੍ਰਭੂ ਨਹੀਂ ਮਿਲਦਾ।" ਉਨ੍ਹਾ ਕਿਹਾ, "ਸਾਨੂੰ ਕੋਈ ਪਤਾ ਨਹੀਂ। ਜਿਵੇਂ ਸਾਡੇ ਬਜ਼ੁਰਗਾਂ ਨੇ ਸਿੱਖਿਆ ਦਿੱਤੀ ਹੈ, ਅਸੀਂ ਤਾਂ ਉਸੇ ਤਰ੍ਹਾਂ ਕਰ ਰਹੇ ਹਾਂ।" ਇਉਂ ਕਾਫ਼ੀ ਝਗੜਾ ਵੱਧ ਗਿਆ। ਬਹੁਤ ਵੱਡੀ ਲੜਾਈ ਹੋਈ ਜਿਸ ਵਿੱਚ ਸਾਰੇ ਜੋਗੀ ਅਤੇ ਸੰਨਿਆਸੀ ਬੁਰੀ ਤਰ੍ਹਾਂ ਹਾਰ ਗਏ। ਉਸ ਨੇ ਸੰਸਾਰ ਭਰ ਦੇ ਸਾਰੇ ਰਾਜੇ ਜਿੱਤ ਲਏ ਤਾਂ ਪਾਰਸ ਨਾਥ ਨੇ ਕਿਹਾ, "ਦੱਸੋ ਹੋਰ ਕੋਈ ਰਾਜਾ ਹੈ, ਜਿਸ ਨੂੰ ਮੈਂ ਨਾ ਜਿੱਤ ਸਕਿਆ ਹੋਵਾਂ?" ਤਾਂ ਉਸ ਸਮੇਂ ਇੱਕ ਰਾਜਾ ਕਹਿਣ ਲੱਗਾ ਕਿ ਮਛਿੰਦਰ ਨਾਮ ਦਾ ਇੱਕ ਮੁਨੀ ਮੱਛ ਦੇ ਪੇਟ ਵਿੱਚ ਰਹਿੰਦਾ ਹੈ। ਉਹ ਦੱਤ ਦਾ ਪੁੱਤਰ ਹੈ। ਉਹ ਤੁਹਾਨੂੰ ਦੱਸ ਸਕਦਾ ਹੈ। ਸੱਤ ਸਾਗਰਾਂ ਵਿੱਚੋਂ ਲੱਭਦਿਆਂ ਲੱਭਦਿਆਂ ਖੀਰ ਸਾਗਰ ਵਿੱਚ ਗਿਆਨ ਦੇ ਜਾਲ ਨਾਲ ਫੜਿਆ ਗਿਆ। ਜਦੋਂ ਮੱਛ ਦਾ ਪੇਟ ਪਾੜਨ ਲੱਗੇ ਤਾਂ ਸਾਰੀਆਂ ਛੁਰੀਆਂ ਖੁੰਡੀਆਂ ਹੋ ਗਈਆਂ। ਉਪਰੰਤ ਬਿਬੇਕ ਦਾ ਛੁਰਾ ਹੱਥ ਵਿੱਚ ਲੈ ਕੇ ਪੇਟ ਚਾਕ ਕੀਤਾ।

ਉਸ ਵਿੱਚੋਂ ਸਮਾਧੀ ਵਿੱਚ ਜੁੜਿਆ ਇੱਕ ਜੋਗੀ ਨਿੱਕਲਿਆ। ਸੱਤ ਧਾਤਾਂ ਦਾ ਬੁੱਤ ਬਣਾ ਕੇ ਉਸ ਦੀਆਂ ਅੱਖਾਂ ਦੀ ਸੇਧ ਹੇਠ ਖੜ੍ਹਾ ਕਰ ਦਿੱਤਾ। ਜਦੋਂ ਜੋਗੀ ਦੀ ਸਮਾਧੀ ਟੁੱਟੀ ਅਤੇ ਉਸ ਨੇ ਗੁੱਸੇ ਨਾਲ ਉਸ ਧਾਤਾਂ ਦੇ ਬੁੱਤ ਵੱਲ ਦੇਖਿਆ ਤਾਂ ਉਹ ਸਾਰਾ ਭਸਮ ਹੋ ਗਿਆ। ਜਦੋਂ ਮਛਿੰਦਰ ਸ਼ਾਂਤ ਹੋ ਗਿਆ ਤਾਂ ਪਾਰਸ ਨੇ ਪੁੱਛਿਆ ਕਿ ਕੀ ਸੰਸਾਰ ਉੱਪਰ ਕੋਈ ਹੋਰ ਅਜਿੱਤ ਰਾਜਾ ਹੈ? ਮਛਿੰਦਰ ਬੋਲਿਆ:

ਕਹਾ ਭਯੋ ਜੋ ਸਭ ਹੀ ਜਗ ਜੀਤਿ ਸੁ ਲੋਗਨ ਕੌ ਬਹੁ ਤ੍ਰਾਸ ਦਿਖਾਯੋ ॥
ਅਉਰ ਕਹਾ ਜੁ ਪੈ ਦੇਸ ਬਿਦੇਸਨ ਮਾਹਿ ਭਲੇ ਗਜ ਗਾਹਿ ਬਧਾਯੋ ॥
ਜੌ ਮਨੁ ਜੀਤਤ ਹੈ ਸਭ ਦੇਸ ਵਹੈ ਤੁਮਰੈ ਨ੍ਰਿਪ ਹਾਥਿ ਨ ਆਯੋ ॥
ਲਾਜ ਗਈ ਕਛੁ ਕਾਜ ਸਰਜੋ ਨਹੀ ਲੋਕ ਗਯੋ ਪਰਲੋਕ ਨ ਪਾਯੋ ॥੧੫੯॥

(ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚੋਂ)

ਹੇ ਪਾਰਸ ਨਾਥ! ਇਹ ਕਿਹੜੀ ਵੱਡੀ ਤੇ ਅਨੋਖੀ ਗੱਲ ਹੋ ਗਈ ਹੈ, ਜੇ ਤੂੰ ਸੰਸਾਰ ਨੂੰ ਜਿੱਤ ਲਿਆ ਹੈ। ਤੇਰੀ ਇਸ ਜਿੱਤ ਨੇ ਤੇਰਾ ਰੂਪ ਅਤੇ ਨਾਮ ਡਰਾਉਣਾ ਬਣਾ ਦਿੱਤਾ ਹੈ। ਲੋਕੀਂ ਤੈਥੋਂ ਅਤੇ ਤੇਰੇ ਨਾਮ ਤੋਂ ਡਰਦੇ ਤ੍ਰਾਹ ਤ੍ਰਾਹ ਕਰਦੇ ਹਨ। ਇਹ ਕੋਈ ਮਾਣ ਤੇ ਫ਼ਖਰ ਵਾਲੀ ਗੱਲ ਨਹੀਂ, ਜੇ ਤੂੰ ਆਪਣੇ ਜਲੂਸ ਕਢਵਾਉਣ ਲਈ ਦੇਸ਼ ਵਿਦੇਸ਼ ਵਿੱਚ ਕਮਾਲ ਦੇ ਹਾਥੀ ਕਾਬੂ ਕਰ ਰੱਖੇ ਹੋਏ ਹਨ। ਹੇ ਜੇਤੂ ਰਾਜਾ! ਜਿਹੜਾ ਮਨ ਤਿਰਲੋਕੀ ਨੂੰ ਜਿੱਤਣ ਵਾਲਾ ਹੈ, ਉਹ ਤਾਂ ਹੁਣ ਤੱਕ ਤੇਰੇ ਕਾਬੂ ਵਿੱਚ ਨਹੀਂ ਆਇਆ। ਇਸ ਮਨ ਨੇ ਤੇਰੀ ਸ਼ਰਮ ਹਯਾ ਗਵਾ ਛੱਡੀ ਹੈ। ਸੱਚ ਪੁੱਛੋ ਤਾ ਤੇਰੀ ਜਿੱਤ ਨਾਲ, ਤੇਰੇ ਹਾਥੀਆਂ ਨਾਲ ਕੋਈ ਵੀ ਕੰਮ ਨਹੀਂ ਸਰਿਆ। ਜਿਨ੍ਹਾਂ ਲੋਕਾਂ ਨੂੰ ਤੂੰ ਜਿੱਤਾਂ ਜਿੱਤ ਕੇ ਆਪਣੇ ਅਧੀਨ ਕੀਤਾ ਹੈ, ਉਹ ਤੈਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਨਫ਼ਰਤ ਕਰਦੇ ਹਨ। ਇਸ ਕਰ ਕੇ ਤੇਰਾ ਇਹ ਲੋਕ ਘ੍ਰਿਣਤ ਹੋ ਗਿਆ ਅਤੇ ਪਰਜਾ ਤੇ ਜ਼ੁਲਮ ਢਾਹ ਕੇ ਤੂੰ ਆਪਣਾ ਪ੍ਰਲੋਕ ਵੀ ਗਵਾ ਲਿਆ। ਜੇਹੜਾ ਮਨ ਸਾਰੀ ਦੁਨੀਆਂ ਨੂੰ ਜਿੱਤ ਕੇ ਸਭ ਨੂੰ ਘੜੀਸੀ ਫਿਰਦਾ ਹੈ, ਉਸ ਨੂੰ ਤੂੰ ਹੁਣ ਤੱਕ ਕਾਬੂ ਨਹੀਂ ਕਰ ਸਕਿਆ। ਜ਼ਮੀਨ ਤੇ ਕਬਜ਼ਾ ਕਰਨ ਨਾਲ ਕੀ ਹੁੰਦਾ ਹੈ। ਅੰਤ ਸਮੇਂ ਇਹ ਨਾਲ ਨਹੀਂ ਜਾਂਦੀ। ਇਹ ਧਰਤੀ ਠੱਗਣੀ ਹੈ, ਨਾ ਤਾਂ ਪਿੱਛੇ ਹੀ ਕਿਸੇ ਦੀ ਬਣੀ ਹੈ ਅਤੇ ਨਾ ਹੀ ਅੱਗੇ ਤੋਂ ਇਸ ਨੇ ਕਿਸੇ ਨਾਲ ਵਫ਼ਾ ਪਾਲਣੀ ਹੈ। ਇਹ ਦੌਲਤਾਂ ਵੀ ਏਥੇ ਹੀ ਰਹਿ ਜਾਣੀਆਂ ਹਨ। ਹੋਰ ਵਾਧੂ ਗੱਲਾਂ ਕਰਨ ਦਾ ਕੀ ਲਾਭ ਹੈ। ਨਾਲ ਆਇਆ ਸਰੀਰ ਵੀ ਅੰਤ ਨੂੰ ਸਾਥ ਨਹੀਂ ਦਿੰਦਾ।

ਪਾਰਸ ਨਾਥ ਬੋਲਿਆ, "ਮੁਨੀ ਜੀ! ਮੈਨੂੰ ਦੱਸੋ ਉਹ ਰਾਜੇ ਦਾ ਨਾਮ ਕੀ ਹੈ ਅਤੇ ਉਹ ਕਿਥੇ ਰਹਿੰਦਾ ਹੈ? ਜਦੋਂ ਉਸ ਨੂੰ ਜਿੱਤਾਂਗਾ ਤਦੋਂ ਹੀ ਮੈਂ ਆਪਣੇ ਆਪ ਨੂੰ ਚੱਕਰਵਰਤੀ ਰਾਜਾ ਅਖਵਾਵਾਂਗਾ। ਮੈਨੂੰ ਉਸ ਰਾਜੇ ਦਾ ਅਤੇ ਸਾਰੀ ਸੈਨਾ ਦਾ ਪਤਾ ਦੱਸੋ।" ਮਛਿੰਦਰ ਬੋਲਿਆ, "ਹੇ ਰਾਜਨ! ਉਸ ਦਾ ਨਾਮ ਅਬਿਬੇਕ ਹੈ ਅਤੇ ਉਹ ਤੇਰੇ ਹਿਰਦੇ ਵਿੱਚ ਵਸਦਾ ਹੈ। ਇਸ ਨੇ ਬਲ ਰਾਜੇ ਨੂੰ ਧੋਖਾ ਦਿੱਤਾ। ਇਸ ਨੇ ਬ੍ਰਹਮਾ ਨੂੰ ਆਪਣੇ ਕਾਬੂ ਕੀਤਾ। ਇਸ ਨੇ ਰਾਵਨ ਨੂੰ ਹਰਾਇਆ। ਸੁੰਭ ਨਿਸੁੰਭ ਮਹਿਖ਼ਾਸੁਰ ਤੇ ਮਧੂਕੀਟਵ ਦੇ ਟੁਕੜੇ ਟੁਕੜੇ ਕੀਤੇ। ਇਸ ਨੇ ਕੈਰਵਾਂ ਦਾ ਨਾਸ ਕਰਿਆ। ਵੇਖ ਰਾਜਨ! ਅਬਿਬੇਕ ਦਾ ਰੰਗ ਕਾਲਾ ਹੈ। ਇਸ ਦੀ ਪੁਸ਼ਾਕ ਕਾਲੀ ਹੈ ਪਰ ਫਿਰ ਵੀ ਇਸ ਨੂੰ ਵੇਖਿਆਂ ਮਰਦ ਤੇ ਇਸਤਰੀ ਮੋਹੇ ਜਾਂਦੇ ਹਨ। ਇਸ ਦਾ ਕੋਚਵਾਨ ਕਾਲਾ, ਇਸ ਦੇ ਗਹਿਣੇ ਕਾਲੇ, ਰੱਥ ਦਾ ਸਾਜ਼ੋ ਸਮਾਨ ਵੀ ਕਾਲਾ, ਧਨੁੱਖ ਕਾਲਾ ਤੇ ਝੂਲਣ ਵਾਲਾ ਝੰਡਾ ਵੀ ਕਾਲਾ ਹੈ। ਅਜਿਹੀ ਸੁੰਦਰਤਾ ਹੈ ਅਬਿਬੇਕ ਰਾਜੇ ਦੀ ਜਿਸ ਨੇ ਸਾਰੇ ਸੰਸਾਰ ਨੂੰ ਜਿੱਤਿਆ ਹੈ ਅਤੇ ਆਪ ਉਹ ਅਜਿੱਤ ਹੈ।

ਕਾਮਦੇਵ: ਹੇ ਰਾਜਨ ਉਸ ਦਾ ਵਜ਼ੀਰ ਕਾਮਦੇਵ ਹੈ ਜਿਸ ਦਾ ਫੁੱਲਾਂ ਦਾ ਧਨੁੱਖ ਅਤੇ ਭੌਰਿਆਂ ਦਾ ਕਿਲ੍ਹਾ ਹੈ। ਜਿਸ ਦਾ ਮੱਛੀ ਦੇ ਨਿਸ਼ਾਨ ਵਾਲਾ ਝੰਡਾ ਹੈ। ਉਸ ਦੇ ਚਾਰ-ਚੁਫੇਰੇ ਸੰਗੀਤ ਹੁੰਦਾ ਰੰਹਿਦਾ ਹੈ। ਉਸ ਦੇ ਨਾਲ ਸੁੰਦਰ ਇਸਤਰੀਆਂ ਦੀ ਸੈਨਾ ਹੁੰਦੀ ਹੈ ਜੋ ਦੇਵਤਿਆਂ ਤੋਂ ਵੀ ਪਾਣੀ ਭਰਾਉਣ ਵਾਲੀ ਹੁੰਦੀ ਹੈ। ਜਿਸ ਦਿਨ ਇਹ ਕਾਮ ਵਜ਼ੀਰ ਗ਼ੁੱਸੇ ਵਿੱਚ ਆ ਕੇ ਹਮਲਾ ਕਰਦਾ ਹੈ, ਉਸ ਦੇ ਸਾਹਮਣੇ ਬਿਬੇਕ ਤੋਂ ਬਿਨਾਂ ਕੋਈ ਖੰਘ ਨਹੀਂ ਸਕਦਾ।

ਬਸੰਤ: ਕਾਮ ਦੇ ਇੱਕ ਪੁੱਤਰ ਦਾ ਨਾ ਬਸੰਤ ਹੈ। ਇਹ ਜਦੋਂ ਆਉਂਦਾ ਹੈ ਤਾਂ ਫ਼ਲ ਫੁੱਲ, ਜੀਵ ਜੰਤੂ ਅਤੇ ਧਰਤੀ ਦੇ ਕਣ ਕਣ ਵਿੱਚ ਕਾਮ ਜਾਗ ਪੈਂਦਾ ਹੈ। ਇਹ ਬੜਾ ਡਾਢਾ ਹੈ। ਜਿਧਰ ਜਾਂਦਾ ਹੈ ਤਬਾਹੀ ਮਚਾਈ ਜਾਂਦਾ ਹੈ। ਇਸ ਨਾਲ ਕੇਵਲ ਬਿਬੇਕ ਹੀ ਦੋ ਹੱਥ ਕਰ ਸਕਦਾ ਹੈ।

ਹੁਲਾਸ: ਕਾਮਦੇਵ ਦਾ ਦੂਜਾ ਪੁੱਤਰ ਹੁਲਾਸ ਹੈ। ਇਹ ਜਦੋਂ ਆਉਂਦਾ ਹੈ ਤਾਂ ਇਸ ਦੇ ਨਾਲ ਹੀ ਕਾਲੀਆਂ ਘਟਾ ਚੜ੍ਹਦੀਆਂ ਹਨ। ਬਿਜਲੀਆਂ ਕੜਕਦੀਆਂ ਹਨ। ਡੱਡੂ ਅਤੇ ਮੋਰ ਬੋਲਦੇ ਹਨ। ਇਹ ਭਿੰਨ ਭਿੰਨ ਆਵਾਜ਼ਾਂ ਕਾਮ ਨੂੰ ਜਗਾਉਂਦੀਆਂ ਹਨ। ਇਸ ਪ੍ਰਭਾਵਸ਼ਾਲੀ ਵਾਤਾਵਰਨ ਤੋਂ ਕੇਵਲ ਬਿਬੇਕ ਹੀ ਬਚਾ ਸਕਦਾ ਹੈ।

ਅਨੰਦ: ਕਾਮਦੇਵ ਦਾ ਤੀਜਾ ਪੁੱਤਰ ਅਨੰਦ ਹੈ। ਇਹ ਅਜਿੱਤ ਸੂਰਮਾ ਹੈ। ਸਾਰਿਆਂ ਨੂੰ ਪਲ ਵਿੱਚ ਕਾਬੂ ਕਰ ਲੈਂਦਾ ਹੈ। ਕੇਵਲ ਧੀਰਜ ਹੀ ਇਸ ਦਾ ਟਾਕਰਾ ਕਰ ਸਕਦੀ ਹੈ।

ਭਰਮ: ਕਾਮਦੇਵ ਦਾ ਚੌਥਾ ਪੁੱਤਰ ਭਰਮ ਹੈ। ਇਹ ਧੂੰਏਂ ਰੰਗਾ ਹੈ, ਇਸ ਦਾ ਰਥਵਾਹੀ, ਰਥ ਅਤੇ ਤਿੱਖੇ ਘੋੜੇ ਵੀ ਧੂੰਏਂ ਰੰਗੇ ਹਨ। ਇਸ ਦੇ ਨੈਣ ਵੀ ਧੂੰਏਂ ਦੇ, ਇਸ ਦਾ ਸਰੀਰ ਵੀ ਧੂੰਏਂ ਦਾ ਅਤੇ ਇਸ ਦੇ ਜ਼ੇਵਰ ਵੀ ਧੂੰਏਂ ਦੇ ਹਨ। ਇਸ ਦਾ ਮੂੰਹ ਧੂੰਏਂ ਦੀਆਂ ਕੈਆਂ ਕਰਦਾ ਹੈ। ਜਦੋਂ ਇਹ ਗੁੱਸੇ ਨਾਲ ਹਮਲਾ ਕਰਦਾ ਹੈ ਤਾਂ ਵੈਰੀ ਦੀ ਸਾਰੀ ਸੈਨਾ ਟੁਕੜੇ ਟੁਕੜੇ ਹੋ ਜਾਂਦੀ ਹੈ।

ਕਲਹਿ: ਇੱਕ ਹੋਰ ਛਨਾਰ ਇਸਤਰੀ ਹੈ ਜਿਸ ਦਾ ਨਾਮ 'ਕਲਹਿ' ਹੈ। ਇਹ ਮੌਤ ਨਾਲੋਂ ਵੀ ਭਿਆਨਕ ਹੈ। ਚੌਦਾਂ ਲੋਕਾਂ ਵਿੱਚ ਇਸ ਦਾ ਸਿੱਕਾ ਚੱਲਦਾ ਹੈ। ਇਹ ਦੁਨੀਆਂ ਭਰ ਦੇ ਸਾਰੇ ਹਥਿਆਰ ਬੜੀ ਪੂਰਨਤਾ ਨਾਲ ਚਲਾ ਸਕਦੀ ਹੈ।

ਵੱਡੇ ਵੱਡੇ ਦੇਸ਼ਾਂ ਦੇ ਰਾਜੇ ਇਸ ਦਾ ਨਾਮ ਸੁਣ ਕੇ ਕੰਬਣ ਲੱਗ ਪੈਂਦੇ ਹਨ।

ਵੈਰ: ਇੱਕ ਹੋਰ ਵੈਰ ਨਾਮ ਦਾ ਸੂਰਮਾ ਹੈ। ਇਹ ਅਜਿੱਤ ਹੈ ਅਤੇ ਇਸ ਨੇ ਕਦੇ ਵੀ ਕਿਸੇ ਨੂੰ ਕੰਡ ਨਹੀਂ ਵਿਖਾਈ। ਇਸ ਦੀਆਂ ਲਹੂ ਨੁਚੜ੍ਹਦੀਆਂ ਅੱਖਾਂ ਅਤੇ ਲਾਲ ਹੀ ਕੱਪੜੇ ਹਨ। ਸਾਰੇ ਹਥਿਆਰ ਅਤੇ ਅੰਗ ਲਹੂ ਵਰਗੇ ਲਾਲ ਹਨ। ਇਸ ਦਾ ਝੰਡਾ ਚੜ੍ਹਦੇ ਸੂਰਜ ਵਰਗਾ ਲਾਲ ਹੈ। ਇਸ ਨਾਲ ਕੇਵਲ ਸ਼ਾਂਤੀ ਸੁਭਾਓ ਦਾ ਸੂਰਮਾ ਹੀ ਦੋ ਹੱਥ ਕਰ ਸਕਦਾ ਹੈ।

ਆਲਸ: ਧੂੰਏਂ ਦਾ ਰਥ, ਧੂੰਏਂ ਦਾ ਝੰਡਾ ਅਤੇ ਧੂੰਏਂ ਦਾ ਹੀ ਰਥਵਾਹੀ ਹੈ। ਧੂੰਏਂ ਦੇ ਹੀ ਕੱਪੜੇ ਪਾਏ ਹੋਏ ਹਨ, ਜਿਸ ਨਾਲ ਧੂੰਆਂ ਵੀ ਸ਼ਰਮਿੰਦਾ ਹੋ ਜਾਂਦਾ ਹੈ। ਧੂੰਏਂ ਦਾ ਧਨੁੱਖ ਹੈ ਅਤੇ ਧੂੰਏਂ ਦਾ ਵਿੱਚ ਤੀਰ ਖਿਚਿਆ ਹੋਇਆ ਹੈ। ਜਦੋਂ ਅਜਿਹੇ ਰੂਪ ਵਿੱਚ ਆਲਸ ਹਮਲਾ ਕਰਦਾ ਹੈ ਤਾਂ ਉਸ ਸਮੇਂ ਉੱਦਮ ਤੋਂ ਬਿਨਾਂ ਉਸ ਦੇ ਸਾਹਮਣੇ ਕੋਈ ਖੜਾ ਨਹੀਂ ਹੁੰਦਾ।

ਮਦ: ਹਰਾ ਝੰਡਾ, ਹਰਾ ਧਨੁੱਖ ਅਤੇ ਹਰੇ ਰੰਗ ਦੇ ਘੋੜੇ ਸ਼ੋਭਾ ਦੇ ਰਹੇ ਹਨ। ਉਸ ਦਾ ਰਥ ਹਵਾ ਦੀ ਚਾਲ ਨਾਲ ਚੱਲਦਾ ਹੈ, ਜਿਸ ਨੂੰ ਵੇਖ ਕੇ ਵਾਵਰੋਲੇ ਵੀ ਸ਼ਰਮਿੰਦੇ ਹੋ ਜਾਂਦੇ ਹਨ। ਜਿਸ ਦਿਨ ਆਪਣਾ ਘੋੜਾ ਨਚਾ ਕੇ 'ਮਦ' ਨਾਮ ਸੂਰਮਾ ਅੱਗੇ ਵਧੇਗਾ ਬਿਬੇਕ ਤੋਂ ਬਿਨਾਂ ਉਸ ਦੇ ਸਾਹਮਣੇ ਕੋਈ ਠਹਿਰ ਨਹੀਂ ਸਕੇਗਾ।

ਕੁਵ੍ਰਿਤਿ: ਇੱਕ ਹੋਰ ਹਰਾਮਖੋਰ ਕੁਵ੍ਰਿਤ ਉਸ ਦਾ ਜੋਧਾ ਹੈ। ਉਸ ਦਾ ਕਾਲਾ ਝੰਡਾ, ਕਾਲਾ ਕੋਚਵਾਨ, ਕਾਲੇ ਕੱਪੜੇ ਤੇ ਕਾਲੇ ਘੋੜੇ ਹਨ। ਉਸ ਨੇ ਕਾਲੇ ਰੰਗ ਦੀ ਸੰਜ਼ੋਅ ਪਾਈ ਹੋਈ ਹੈ। ਉਸ ਦੀ ਕਾਲੀ ਸ਼ਕਲ ਹੈ ਅਤੇ ਕਾਲੇ ਨੈਣ ਦੁੱਖ ਰੂਪ ਕਰਨ ਵਾਲੇ ਹਨ। ਕਾਲੇ ਰੰਗ ਦੀਆਂ ਮਣੀਆਂ ਦੇ ਗਹਿਣੇ ਹਨ। ਇਹ ਵਿਹਲੜ ਅਤੇ ਹਰਾਮਖੋਰ ਸੂਰਮਾ ਜਦੋਂ ਲੜਨ ਲਈ ਮੈਦਾਨ ਵਿੱਚ ਆ ਜਾਵੇ ਤਾਂ ਧੀਰਜ ਤੋਂ ਬਿਨਾਂ ਬਾਕੀ ਦੀ ਸਾਰੀ ਦੀ ਸਾਰੀ ਸੈਨਾ ਸਿਰ ਤੇ ਪੈਰ ਰੱਖ ਕੇ ਦੌੜ ਜਾਂਦੀ ਹੈ।

ਗੁਮਾਨ: ਇੱਕ ਹੋਰ ਗੁਮਾਨ ਨਾਮ ਦਾ ਸੂਰਮਾ ਹੈ। ਇਸ ਨੇ ਚਮੜੇ ਦੀ ਸੰਜੋਅ ਪਹਿਨੀ ਹੋਈ ਹੈ। ਇਸ ਦਾ ਟਾਕਰਾ ਕੇਵਲ ਸੀਲ ਨਾਮ ਦਾ ਸੈਨਿਕ ਹੀ ਕਰ ਸਕਦਾ ਹੈ।

ਅਭਿਮਾਨ: ਇਹ ਭਾਦਰੋਂ ਦੇ ਮਹੀਨੇ ਦੇ ਬੱਦਲ ਵਾਂਗ ਗੱਜਦਾ ਹੈ ਅਤੇ ਬਿਜਲੀ ਵਾਂਗ ਕੜਕੇ ਕੇ ਤਲਵਾਰ ਕੱਢਦਾ ਹੈ। ਜਦੋਂ ਅਭਿਮਾਨ ਨਾਮੇ ਸੂਰਮਾ ਅੱਗੇ ਵਧਦਾ ਹੈ ਅਤੇ ਉਸ ਦਾ ਮੁਕਾਬਲਾ ਵੀ ਸੀਲ ਹੀ ਕਰਦਾ ਹੈ।

ਅਨਰਥ: ਧਨੁੱਖ ਵਾਂਗ ਗੋਲ ਸ਼ਕਲ ਹੋ ਕੇ ਜਦੋਂ ਲੜਦਾ ਹੈ ਤਾਂ ਉਸ ਦੇ ਸਾਹਮਣੇ ਕੋਈ ਤੱਕ ਨਹੀਂ ਸਕਦਾ, ਡਰ ਕੇ ਪਹਿਲਾਂ ਹੀ ਦੌੜ ਜਾਂਦੇ ਹਨ। ਇਸ ਤਰ੍ਹਾਂ ਜਦੋਂ ਅਨਰਥ ਨਾਮੇ ਜੋਧਾ ਘੋੜਾ ਨਚਾ ਕੇ ਅੱਗੇ ਆਉਂਦਾ ਹੈ ਤਾਂ ਕੇਵਲ ਧੀਰਜ ਹੀ ਉਸ ਦਾ ਟਾਕਰਾ ਕਰਦੀ ਹੈ। ਪੀਲੇ ਕੱਪੜੇ, ਪੀਲੀ ਪੁਸ਼ਾਕ ਅਤੇ ਪੀਲੇ ਰਥ ਵਾਲਾ, ਪੀਲੇ ਧਨੁੱਖ ਨੂੰ ਵੇਖ ਕੇ ਕਾਮਦੇਵ ਵੀ ਸ਼ਰਮਿੰਦਾ ਹੋ ਜਾਂਦਾ ਹੈ। ਪੀਲੇ ਤੀਰ ਲੈ ਕੇ ਉਹ ਮੈਦਾਨ ਵਿੱਚ ਨਿੱਕਲਦਾ ਹੈ, ਉਸ ਦਾ ਟਾਕਰਾ ਕੇਵਲ ਗਿਆਨ ਹੀ ਸਾਵਧਾਨ ਹੋ ਕੇ ਕਰ ਸਕਦਾ ਹੈ।

ਨਿੰਦਿਆ: ਕੁਚੀਲ ਕੱਪੜੇ ਅਤੇ ਲਿਬੜੇ ਗਹਿਣੇ ਪਾ ਕੇ ਸਿਰ ਉੱਪਰ ਗੰਦਾ ਤਾਜ ਪਾ ਕੇ ਗੰਦੇ ਰਥਵਾਹੀ ਨੂੰ ਲੈ ਕੇ ਜਦੋਂ ਨਿੰਦਿਆ ਕੁਲਹਿਣੀ ਮੈਦਾਨ ਵਿੱਚ ਉੱਤਰਦੀ ਹੈ ਤਾਂ ਕੇਵਲ ਉਸ ਨਾਲ ਧੀਰਜ ਹੀ ਟਾਕਰਾ ਕਰਦਾ ਹੈ।

ਭੁੱਖ ਤੇ ਪਿਆਸ: ਜਿਸ ਦਿਨ ਭੁੱਖ ਤੇ ਪਿਆਸ ਦਾ ਸੂਰਮਾ ਅੱਗੇ ਵਧਦਾ ਹੈ ਇਹ ਸ਼ਸਤਰਾਂ ਅਤੇ ਸ਼ਾਸਤਰਾਂ ਦੋਹਾਂ ਵਿੱਚ ਨਿਪੁੰਨ ਹੈ ਅਤੇ ਇਸ ਦੇ ਨੈਨ ਅਤੇ ਕੱਪੜੇ ਬੜੇ ਲਾਲ ਹੁੰਦੇ ਹਨ। ਇਹ ਬੜੇ ਟੇਢੇ ਵਾਕਾਂ ਵਾਲਾ ਅਤੇ ਬੜਾ ਹੀ ਅਭਿਮਾਨੀ ਹੈ। ਇਸ ਦਾ ਮੈਦਾਨ ਵਿੱਚ (ਨਿਗ੍ਰਹੁ) ਸੰਜਮ ਹੀ ਟਾਕਰਾ ਕਰ ਸਕਦਾ ਹੈ।

ਲਾਲਚ: ਚੰਚਲ ਅੱਖਾਂ ਅਤੇ ਚੰਚਲ ਪ੍ਰਭਾਵ ਵਾਲਾ ਲਾਲਚ ਜਦੋਂ ਅੱਗੇ ਆਉਂਦਾ ਹੈ ਤਾਂ ਦੇਵਤੇ ਵੀ ਮੋਹੇ ਜਾਂਦੇ ਹਨ। ਜਿਸ ਤਰ੍ਹਾਂ ਤੇਜ਼ ਹਵਾ ਸਾਰੇ ਬੱਦਲਾਂ ਨੂੰ ਉਡਾ ਦੇਂਦੀ ਹੈ, ਇਸ ਤਰ੍ਹਾਂ ਲਾਲਚ ਸਾਰੇ ਸ਼ੁਭ ਗੁਣਾਂ ਨੂੰ ਦੂਰ ਕਰ ਦਿੰਦਾ ਹੈ।

ਮੋਹ: ਬਿਜਲੀ ਦੀ ਚਮਕ ਜੇਡਾ ਜਿਸ ਦਾ ਝੰਡਾ ਹੈ। ਜਿਸ ਦੀਆ ਬਾਹਾਂ ਬੜੀਆਂ ਮਜ਼ਬੂਤ ਤੇ ਸੁੰਦਰ ਹਨ। ਜਿਸ ਦਾ ਰਥ ਬਹੁਤ ਤੇਜ ਚੱਲਦਾ ਹੈ, ਜਿਸ ਦਾ ਰੂਪ ਸੋਹਣਾ ਹੈ। ਜਿਸ ਦਾ ਬਲ ਨਹੀਂ ਮਿਣਿਆ ਜਾ ਸਕਦਾ। ਜਿਸ ਦਿਨ ਇਸ ਮੋਹ ਨਾਮੇ ਸੂਰਮੇ ਨੇ ਹਮਲਾ ਕੀਤਾ ਤਾਂ ਕੇਵਲ ਵੀਚਾਰ ਹੀ ਉਸ ਦਾ ਟਾਕਰਾ ਕਰ ਸਕੇਗੀ।

ਕਰੋਧ: ਇੱਕ ਹੋਰ ਕ੍ਰੋਧ ਨਾਮ ਦਾ ਬਲੀ ਹੈ। ਉਸ ਦਾ ਰੱਥ ਵੀ ਹਵਾ ਦੇ ਵਾਂਗ ਚੱਲਦਾ ਹੈ। ਉਸ ਨੂੰ ਸਾਰੇ ਸਿਆਣੇ ਜਾਣਦੇ ਹਨ। ਉਹ ਬੜਾ ਪ੍ਰਤਾਪੀ, ਅਜਿੱਤ ਅਤੇ ਅਣਗਿਣਵੇਂ ਬਲ ਵਾਲਾ ਹੈ। ਉਹ ਸਾਰੀ ਫੌਜ ਦਾ ਕਿਲ੍ਹਾ ਹੈ। ਉਹ ਜਦੋਂ ਸੰਜੋਅ ਪਾ ਕੇ, ਧਨੁੱਖ ਲੈ ਕੇ ਤੇ ਘੋੜਾ ਛੇੜ ਕੇ ਅੱਗੇ ਆਉਂਦਾ ਹੈ, ਤਾਂ ਸ਼ਾਤੀ ਤੋਂ ਬਿਨਾਂ ਹੋਰ ਕਿਸੇ ਦੇ ਪੈਰ ਨਹੀਂ ਜੰਮਦੇ।

ਹੰਕਾਰ: ਸ਼ਰਾਬੀ ਹਾਥੀ ਵਾਂਗ ਮਸਤ ਹੈ ਜਿਸ ਦੇ ਹੱਥ ਵਿੱਚ ਭਿਆਨਕ ਤਲਵਾਰ ਫੜੀ ਹੋਈ ਹੈ। ਸਿਆਮ ਰੰਗ ਦੇ ਗਹਿਣੇ ਪਾਏ ਹੋਏ ਹਨ, ਉਨ੍ਹਾਂ ਵਿੱਚ ਨੀਲੀਆਂ ਮਣੀਆਂ ਜੜੀਆਂ ਹੋਈਆਂ ਹਨ। ਉਸ ਨੇ ਆਪਣੀ ਕਮਰ ਨਾਲ ਸੋਨੇ

ਦੀ ਤੜਾਗੀ ਬੰਨੀ ਹੋਈ ਹੈ। ਉਹ ਵੇਖਣ ਵਿੱਚ ਅਰਾਵਤ ਹਾਥੀ ਵਾਂਗ ਪ੍ਰਤੀਤ ਹੁੰਦਾ ਹੈ। ਅਜਿਹਾ ਬਹਾਦਰ ਤੇ ਸੋਹਣਾ ਹੰਕਾਰ ਨਾਮੇ ਸੂਰਮਾ ਹੈ। ਇਸ ਨੇ ਸਾਰੇ ਜੱਗ ਦੇ ਜੀਵਾਂ ਨੂੰ ਜਿੱਤ ਲਿਆ ਹੈ ਪਰ ਆਪ ਅਜਿੱਤ ਹੈ।

ਧ੍ਰੋਹ: ਚਿੱਟੇ ਹਾਥੀ ਤੇ ਅਸਵਾਰ ਤੇ ਉਸ ਦੇ ਚੁਫੇਰੇ ਚਿੱਟੇ ਚੌਰ ਝੁਲਾਏ ਜਾਂਦੇ ਹਨ। ਸੋਨੇ ਦੀ ਮੇਖਲੀ ਵੇਖ ਕੇ ਸਭ ਦਾ ਮਨ ਮੋਹਿਆ ਜਾਂਦਾ ਹੈ। ਸੁੰਦਰ ਅਤੇ ਕੋਮਲ ਹੱਥਾਂ ਵਿੱਚ ਬਰਛੀ ਫੜੀ ਹੋਈ ਹੈ। ਉਸ ਦੀ ਚਮਕ ਦਮਕ ਵੇਖ ਕੇ ਲਿਛਕਦੀ ਬਿਜਲੀ ਵੀ ਸ਼ਰਮਿੰਦੀ ਹੋ ਜਾਂਦੀ ਹੈ। ਅਜੇਹੇ ਪ੍ਰਭਾਵ ਵਾਲਾ ਧ੍ਰੋਹ ਨਾਮੇ ਸੂਰਮਾ ਹੈ ਤੇ ਜਲਾਂ ਥਲਾਂ ਅਤੇ ਦੇਸਾਂ ਪ੍ਰਦੇਸ਼ਾਂ ਦੇ ਸਾਰੇ ਰਾਜੇ ਉਸ ਦੀ ਈਨ ਮੰਨਦੇ ਹਨ।

ਭਰਮ: ਜ਼ੋਰ ਜ਼ੋਰ ਨਾਲ ਨਗਾਰਾ ਵਜਾਉਂਦਾ ਘੁੰਘਰਾਲੇ ਵਾਲਾਂ ਉੱਪਰ ਸੁੰਦਰ ਕਲਗੀ ਸਜਾ ਕੇ ਸੋਭਾ ਪਾਉਂਦਾ ਹੈ। ਲੱਕ ਨਾਲ ਦੋ ਕ੍ਰਿਪਾਨਾਂ ਕੱਸੀਆਂ ਹੋਈਆਂ ਤੇ ਆਪਣੇ ਘੋੜੇ ਤੇ ਵੀ ਸੰਜੋਅ ਪਾਈ ਹੋਈ ਹੈ। ਉਹ ਤੇਜਵੰਤ ਅਤੇ ਅਤੀ ਬਲਵਾਨ ਹੈ। ਉਹ ਸੁੰਦਰ ਅਤੇ ਵੱਡੀਆਂ ਬਾਹਾਂ ਵਾਲਾ ਹੈ। ਉਸ ਨੂੰ ਨਾ ਕੋਈ ਤਲਵਾਰ ਕੱਟ ਸਕਦੀ ਹੈ ਅਤੇ ਨਾ ਹੀ ਤਿੱਖਾ ਨੇਜ਼ਾ ਵਿੰਨ੍ਹ ਸਕਦਾ ਹੈ। ਅਜਿਹਾ ਭਰਮ ਨਾਮ ਦਾ ਸੂਰਮਾ ਜਿਸ ਦਿਨ ਕ੍ਰੋਧ ਵਿੱਚ ਆ ਗਿਆ ਉਸ ਦਿਨ ਵੀਚਾਰ ਤੋਂ ਬਿਨਾਂ ਹੋਰ ਕੋਈ ਬਚਾ ਨਹੀਂ ਸਕਦਾ।

ਬ੍ਰਹਮ ਦੋਖ: ਸੋਹਣੇ ਹੀਰਿਆਂ ਦੀ ਮਾਲਾ ਪਰੋਤੀ ਹੋਈ, ਪੱਗ ਦੇ ਪੇਚਾਂ ਵਿੱਚ ਵੀ ਹੀਰੇ ਸਜਾਏ ਹੋਏ ਹਨ। ਬੜਾ ਬਲਵਾਨ, ਅਕੱਟ, ਅਜਿੱਤ ਤੇ ਜੋਧਿਆਂ ਵਿੱਚੋਂ ਸਿਰੇ ਦਾ ਸੂਰਮਾ ਹੈ। ਕਮਰ ਨਾਲ ਕ੍ਰਿਪਾਨ ਕੱਸੀ ਹੋਈ ਹੈ, ਹੱਥਾਂ ਨਾਲ ਤੀਰਾਂ ਦੀ ਬਾਰਸ਼ ਕਰਦਾ ਹੈ। ਉਸ ਦੇ ਹਾਸੇ ਨੂੰ ਵੇਖ ਕੇ ਕੜਕਦੀ ਬਿਜਲੀ ਲਾਜ ਦੀ ਮਾਰੀ ਪਹਾੜਾਂ ਵਿੱਚ ਲੁਕ ਜਾਂਦੀ ਹੈ, ਅਜਿਹਾ ਸੂਰਮਾ ਹੈ ਬ੍ਰਹਮ ਦੋਖ। ਵੈਰੀ ਨੂੰ ਕੁਚਲ ਦੇਣ ਵਾਲਾ ਅਤੇ ਅਬਿਬੇਕ ਰਾਜੇ ਨੂੰ ਖੁਸ਼ ਕਰਨ ਵਾਲਾ ਹੈ।

ਝੂਠ: ਮੋਰ ਰੰਗਾ ਰੱਥ ਤੇ ਮੋਰ ਰੰਗੇ ਘੋੜਿਆਂ ਵਾਲਾ, ਜਿਸ ਨੂੰ ਦੇਖ ਕੇ ਸੂਰਮੇ ਥਰ ਥਰ ਕੰਬਣ ਲੱਗ ਪੈਂਦੇ ਹਨ। ਉਹ ਅਲੌਕਿਕ ਅਤੇ ਤੇਜ਼ ਦਾ ਪੁੰਜ ਹੈ। ਉਸ ਦੀਆਂ ਗੋਡਿਆਂ ਤੱਕ ਲੰਮੀਆਂ ਬਾਹਾਂ ਹਨ। ਹੇ ਰਾਜਨ! ਜਿਸ ਦਿਨ ਅਜਿਹਾ ਝੂਠ ਦਾ ਯੋਧਾ ਲੜਨ ਲਈ ਘੋੜਾ ਨਚਾਵੇਗਾ, ਸੱਚ ਤੋਂ ਬਿਨਾਂ ਉਸ ਨੂੰ ਹੋਰ ਕੋਈ ਠੱਲ੍ਹ ਨਹੀਂ ਪਾ ਸਕਦਾ।

ਮਿਥਿਆ: ਜਿਸ ਦਾ ਰੱਥ ਅਤੇ ਘੋੜੇ ਭੀ ਡੱਬ ਖੜੱਬੇ ਹਨ। ਝੰਡਾ ਵੀ ਡੱਬ ਖੜੱਬਾ ਹੈ। ਉਸ ਦੇ ਕੱਪੜੇ ਵੀ ਕਾਲੇ ਤੇ ਚਿੱਟੇ ਹਨ, ਜਿਨ੍ਹਾਂ ਨੂੰ ਵੇਖ ਕੇ ਸੁਰ ਨਰ ਅਤੇ ਮੁਨੀ ਸ਼ਰਮਾ ਜਾਂਦੇ ਹਨ। ਚਿਟਕਬਰਾ ਰੱਥਵਾਹੀ ਉਸ ਨੇ ਚਿਟਕਬਰੇ ਕੱਪੜੇ ਪਾਏ ਹੋਏ ਹਨ। ਸੋਨੇ ਦੀ ਜ਼ੰਜੀਰ ਨਾਲ ਕੇਸ ਸਜਾਏ ਹੋਏ ਹਨ। ਇਸ ਤਰ੍ਹਾਂ ਜਾਂਦਾ ਹੈ ਜਿਵੇਂ ਰਾਜਾ ਇੰਦ੍ਰ ਹੋਵੇ। ਹੇ ਰਾਜਨ! ਅਜੇਹਾ ਬਲਵਾਨ ਅਤੇ ਸੂਰਮਾ ਮਿਥਿਆ ਨਾਮ ਦਾ ਹੈ। ਜਿਤਨੇ ਹੀ ਸਾਰੇ ਸੰਸਾਰ ਵਿੱਚ ਜੀਵ ਹਨ, ਸਭ ਇਸ ਨੇ ਜਿੱਤ ਕੇ ਆਪਣੇ ਅਧੀਨ ਕੀਤੇ ਹੋਏ ਹਨ।

ਚਿੰਤਾ: ਉਸ ਦੇ ਸੁੰਦਰ ਨੈਣ ਵੇਖ ਕੇ ਬਸੰਤ ਰਾਜਾ ਵੀ ਨਮਸ਼ਕਾਰ ਕਰਦਾ ਹੈ। ਹੇ ਪਾਰਸ ਨਾਥ! ਅਜਿਹਾ ਲੰਮੀਆਂ ਬਾਹਾਂ ਵਾਲਾ ਅਤੇ ਅਤੀ ਔਖਾਂ ਜਿੱਤੇ ਜਾਣ ਵਾਲਾ ਚਿੰਤਾ ਨਾਮ ਦਾ ਸੂਰਮਾ ਹੈ। ਇਸ ਦਾ ਸਰੀਰ ਕਦੇ ਨਾਸ਼ ਨਹੀਂ ਹੁੰਦਾ। ਇਹ ਨਿਰਭੈ, ਬਹਾਦਰ ਤੇ ਬੜਾ ਤੇਜਵਾਨ ਹੈ।

ਦਲਿਦ੍ਰ: ਲਾਲ ਹੀਰਿਆਂ ਦੇ ਜਿਸ ਨੇ ਸਿਰ ਉੱਪਰ ਹਾਰ ਸਜਾਏ ਹੋਏ ਹਨ। ਜਿਸ ਦਾ ਪਹਾੜ ਜੇਡਾ ਹਾਥੀ ਸੋਨੇ ਦੇ ਸੰਗਲਾਂ ਨਾਲ ਬੱਧਾ ਅਤੇ ਸਜਾਇਆ ਹੋਇਆ ਹੈ। ਹੇ ਰਾਜਨ! ਇਸ ਸੂਰਮੇ ਦਾ ਨਾਮ ਦਲਿਦ੍ਰ ਹੈ। ਉਸ ਦੇ ਸਾਹਮਣੇ ਆ ਕੇ ਅੱਜ ਤੱਕ ਕੋਈ ਉਸ ਨੂੰ ਜਿੱਤ ਨਹੀਂ ਸਕਿਆ।

ਸ਼ੰਕਾ: ਜਿਸ ਨੇ ਸਿਲਮੇ ਸਿਤਾਰੇ ਨਾਲ ਕੱਢੇ ਹੋਏ ਕੱਪੜੇ ਪਾਏ ਹੋਏ ਹਨ ਅਤੇ ਬੜੇ ਹੀ ਵੱਡੇ ਸੁੰਦਰ ਘੋੜੇ ਉੱਪਰ ਸਵਾਰ ਹੈ। ਉਸ ਦੀ ਸੁੰਦਰਤਾ ਝੱਲੀ ਨਹੀਂ ਜਾਂਦੀ ਅਤੇ ਉਸ ਦਾ ਸਰੀਰ ਪਵਿੱਤ੍ਰ ਅਤੇ ਕੁਆਰਾ ਹੈ। ਉਹ ਮਹਾਂ ਸੂਰਮਾ ਹੈ ਅਤੇ ਉਸ ਦੀਆਂ ਨਾੜਾਂ ਵਿੱਚ ਬਹਾਦਰਾਂ ਖਤ੍ਰੀਆਂ ਦਾ ਲਹੂ ਹੈ। ਉਸ ਨੂੰ ਆਪਣੇ ਬਹਾਦਰ ਘਰਾਣੇ ਉੱਪਰ ਮਾਣ ਹੈ। ਇਸ ਨੂੰ ਵੀ ਫ਼ਿਕਰ ਹੈ ਕਿ ਮੇਰੀ ਕਿਸੇ ਕਮਜ਼ੋਰੀ ਕਰ ਕੇ ਸਾਰਾ ਖ਼ਾਨਦਾਨ ਨਾ ਬਰਬਾਦ ਹੋ ਜਾਵੇ। ਹੇ ਰਾਜਨ! ਇਹ ਸ਼ੰਕਾ ਨਾਮ ਦਾ ਸਭ ਤੋਂ ਵੱਡਾ ਯੋਧਾ ਹੈ।

ਅਸੋਭ: ਭੂਰੇ ਰੰਗ ਦੇ ਰੱਥ ਅੱਗੇ ਘੋੜੇ ਜੋੜੇ ਹੋਏ ਹਨ। ਕਦੇ ਨਾ ਜ਼ਖਮ ਖਾਣ ਵਾਲਾ ਅਤੇ ਕਦੇ ਨਾ ਘੋੜੇ ਤੋਂ ਡਿੱਗਣ ਵਾਲਾ ਪੂਰਾ ਸਵਾਰ ਹੈ। ਵੈਰੀ ਦੀ ਮੌਤ ਦਾ ਉਸ ਨੇ ਰੂਪ ਧਾਰਿਆ ਹੋਇਆ ਹੈ। ਉਸ ਦਾ ਸਰੀਰ ਪ੍ਰਕਾਸ਼ ਸਰੂਪ ਹੈ। ਹੇ ਰਾਜਨ! ਇਸ ਸੂਰਮੇ ਦਾ ਨਾਮ ਅਸੋਭ ਹੈ ਅਤੇ ਇਸ ਨੂੰ ਸਾਰੀ ਤ੍ਰਿਲੋਕੀ ਜਾਣਦੀ ਹੈ। ਹੇ ਰਾਜਨ! ਵਿਚਾਰਾ ਬਿਬੇਕ ਕੀ ਹੈ ਜੋ ਇਸ ਦਾ ਡਰ ਨਾ ਮੰਨੇ?

ਅਸੰਤੁਸ਼ਟ: ਜਿਸ ਦੇ ਰੱਥ ਅੱਗੇ ਕਾਲੇ ਘੋੜੇ ਸ਼ੋਭਾ ਪਾ ਰਹੇ ਹਨ, ਉਹ ਬੜਾ ਬਲਵਾਨ ਅਤੇ ਅਜਿੱਤ ਸੂਰਮਾ ਹੈ। ਹੇ ਰਾਜਨ! ਉਸ ਦਾ ਨਾਮ ਅਸੰਤੁਸ਼ਟ ਹੈ। ਰਾਜਨ! ਤਿੰਨਾਂ ਲੋਕਾਂ ਵਿੱਚ ਇਸ ਦਾ ਸਹਿਮ ਛਾਯਾ ਹੋਇਆ ਹੈ।

ਅਨਾਸ ਊਚ: ਮੱਖੀ ਨਾ ਬੈਠਣ ਦੇਣ ਵਾਲੇ ਘੋੜੇ ਉੱਪਰ ਸਵਾਰ ਹੈ। ਸਿਰ ਉੱਪਰ ਅਜਿੱਤ ਅਤੇ ਅਛੁਕ ਕਲਗੀ ਸਜੀ ਹੋਈ ਹੈ। ਇਸ ਦੇ ਸਿਰ ਉੱਪਰ ਜਿੱਤ ਸ਼ੋਭਦੀ ਵੇਖ ਕੇ ਚੰਦ ਈਰਖਾ ਨਾਲ ਸੜਦਾ ਹੈ। ਹੇ ਰਾਜਨ! ਇਸ ਯੋਧੇ ਦਾ ਨਾਮ 'ਅਨਾਸ ਊਚ' ਹੈ। ਇਹ ਵੀ ਛਤਰਧਾਰੀ ਹੈ।

ਹਿੰਸਾ: ਚਿੱਟੇ ਰੱਥ ਅਤੇ ਚਿੱਟੇ ਘੋੜਿਆਂ ਵਾਲਾ ਤੇ ਜਿਸ ਦੇ ਸਿਰ ਉੱਪਰ ਅਜਿੱਤ ਹੋਣ ਦੀ ਕਲਗੀ ਸ਼ੋਭ ਰਹੀ ਹੈ। ਜੇ ਇੰਦ੍ਰ ਦੇ ਘੋੜੇ ਇਸ ਦੇ ਘੋੜਿਆਂ ਨੂੰ ਵੇਖ ਲੈਣ ਤਾਂ ਹੀਣ ਭਾਵ ਅਨੁਭਵ ਕਰ ਕੇ ਉਹ ਵੀ ਆਪਣੀਆਂ ਨਜ਼ਰਾਂ ਨੀਵੀਆਂ ਕਰ ਲੈਣ। ਹੇ ਰਾਜਨ! ਇਸ ਹਠੀਲੇ ਤੇ ਦ੍ਰਿੜ੍ਹ ਸੂਰਮੇ ਦਾ ਨਾਮ ਹਿੰਸਾ ਹੈ। ਇਹ ਭਾਰੇ ਜੰਗਾਂ ਵਿੱਚ ਲੜਨ ਵਾਲਾ ਅਜਿੱਤ ਸੂਰਮਾ ਹੈ।

ਕੁਮੰਤ: ਇਹ ਮਹਾਂ ਬਲਵਾਨ ਯੋਧਾ ਸਾਰੇ ਜਲਾਂ ਥਲਾਂ ਨੂੰ ਜਿੱਤਣ ਵਾਲਾ ਕੁਮੰਤ ਹੈ।

ਅਲੱਜਾ: ਕਬੂਤਰ ਰੰਗੇ ਘੋੜੇ ਉੱਤੇ ਸਵਾਰ ਉਸ ਨੇ ਵੱਡੀ ਸੰਜੋਅ ਪਹਿਨੀ ਅਤੇ ਢਾਲ ਫੜੀ ਹੋਈ ਹੈ। ਹੇ ਰਾਜਨ! ਇਹ ਅਲੱਜਾ ਨਾਮ ਦਾ ਸੂਰਮਾ ਹੈ।

ਚੋਰੀ: ਫਟੇ ਅਤੇ ਗੰਦਿਆਂ ਕੱਪੜਿਆਂ ਵਾਲਾ ਇੱਕ ਦਲਿਦ੍ਰੀ ਹੈ। ਉਸ ਦੀ ਉਪੱਦ੍ਰਵੀ ਨੇ ਝੰਡਾ ਵੀ ਫੜਿਆ ਹੋਇਆ ਹੈ। ਇਹ ਮਹਾਨ ਤੇ ਭਿਆਨਕ ਸੂਰਮਾ ਚੋਰੀ ਹੈ। ਇਸ ਦਾ ਪ੍ਰਤਾਪ ਇਤਨਾ ਬਹੁਤਾ ਹੈ ਕਿ ਉਸ ਨੂੰ ਵੇਖ ਕੇ ਖੁਰਕ ਖਾਧਾ ਕੁੱਤਾ ਵੀ ਸ਼ਰਮ ਮਹਿਸੂਸ ਕਰਦਾ ਹੈ।

ਬਿਭਚਾਰ: ਇੱਕ ਹੋਰ ਲੀਰਾਂ ਦੇ ਬੁੱਕ ਪਹਿਣ ਵਾਲਾ ਯੋਧਾ ਹੈ। ਸਿਰ ਉੱਪਰ ਅੱਧ ਸੜੀ ਤੇ ਅੱਧ ਝੁਲਸੀ ਪੱਗ ਬੱਧੀ ਹੋਈ ਹੈ। ਹੇ ਰਾਜਨ! ਇਹ ਮਹਾਨ ਯੋਧਾ ਮਾਰੂ ਸਾਨ੍ਹ ਉੱਪਰ ਸਵਾਰ ਹੈ ਅਤੇ ਇਸ ਦਾ ਨਾਮ ਬਿਭਚਾਰ ਹੈ। ਇਹ ਕਾਲਾ ਧੂਤ ਹੈ। ਕੇਵਲ ਇਸ ਦਾ ਸਿਰ ਹੀ ਚਿੱਟਾ ਹੈ। ਇਸ ਦਾ ਇੱਕ ਰੱਥ ਹੈ ਪਰ ਉਸ ਅੱਗੇ ਅਨੇਕਾਂ ਖੋਤੇ ਜੋੜੇ ਹੋਏ ਹਨ। ਇਸ ਦਾ ਝੰਡਾ ਕਾਲਾ ਹੈ, ਇਸ ਦੀਆਂ ਬਾਹਾਂ ਭਿਆਨਕ ਹਨ। ਉਸ ਦੇ ਹੱਥ ਵਾਲਾ ਤੀਰ ਇੱਕ ਨਾ ਸੁੱਕਣ ਵਾਲਾ ਲਹੂ ਦਾ ਖੂਹ ਹੈ।

ਅਕ੍ਰਿਤਘਣ: ਸਵਾਮੀ ਘਾਤ ਅਤੇ ਅਕ੍ਰਿਤਘਣ ਨਾਮ ਦੇ ਦੋ ਹੋਰ ਸੂਰਮੇ ਹਨ। ਦੁਸ਼ਮਣ ਦੇ ਸੈਨਿਕਾਂ ਨੂੰ ਬਰਬਾਦ ਕਰਨ ਵਾਲਾ ਕਿਹੜਾ ਹੈ ਮਾਂ ਦਾ ਲਾਲ, ਜਿਸ ਨੇ ਦੋ ਦੁੱਧੀਆਂ ਦਾ ਦੁੱਧ ਚੁੰਘਿਆ ਹੋਵੇ ਅਤੇ ਫੇਰ ਇਨ੍ਹਾਂ ਦਾ ਮਾਣ ਸਤਿਕਾਰ ਨਾ ਕਰੇ। ਇਨ੍ਹਾਂ ਦਾ ਪ੍ਰਤਾਪ ਵੇਖ ਕੇ ਸੂਰਮੇ ਉਦਾਸ ਹੋ ਕੇ ਦੌੜ ਜਾਂਦੇ ਹਨ।

ਮਿਤ੍ਰ ਦੋਖ ਅਤੇ ਰਾਜ ਦੋਖ: ਇਹ ਦੋਵੇਂ ਸਕੇ ਭਰਾ ਹਨ। ਇਹ ਇੱਕੋ ਹੀ ਖ਼ਾਨਦਾਨ ਦੇ ਨੌਨਿਹਾਲ ਹਨ ਅਤੇ ਇਨ੍ਹਾਂ ਦੀ ਮਾਂ ਵੀ ਇੱਕੋ ਹੈ। ਇਹ ਪੂਰੇ ਖੱਤ੍ਰੀ ਹਨ। ਜਿਧਰ ਵੀ ਜਾਂਦੇ ਹਨ, ਇਹ ਝਟਕਾ ਮਾਰ ਕੇ ਵੈਰੀ ਨੂੰ ਜਿੱਤ ਲੈਂਦੇ ਹਨ।

ਈਰਖਾ ਅਤੇ ਉਚਾਟ: ਇਹ ਹੋਰ ਦੋ ਜੰਗੀ ਸੂਰਮੇ ਹਨ। ਇਨ੍ਹਾਂ ਨੂੰ ਵੇਖ ਕੇ ਵੈਰੀ ਦੌੜ ਜਾਂਦੇ ਹਨ ਤੇ ਇਨ੍ਹਾਂ ਦੀ ਸੁੰਦਰਤਾ ਦੇਖ ਕੇ ਅਪੱਛਰਾਂ ਵੀ ਲਟੂ ਹੋ ਜਾਂਦੀਆ ਹਨ। ਇਨ੍ਹਾਂ ਦੇ ਸਾਹਮਣੇ ਕੋਈ ਨਹੀਂ ਠਹਿਰ ਸਕਦਾ। ਵੱਡੇ ਵੱਡੇ ਸੂਰਮੇ ਮੂੰਹ ਵਿੱਚ ਘਾਹ ਲੈ ਕੇ ਦੌੜ ਜਾਂਦੇ ਹਨ।

ਘਾਤ ਅਤੇ ਵਸੀਕਰਨ: ਦੋ ਹੋਰ ਯੋਧੇ ਹਨ, ਭਿਆਨਕ ਕਰਮਾਂ ਦਾ ਕੁਹਾੜਾ ਇਨ੍ਹਾਂ ਦੇ ਹੱਥ ਵਿੱਚ ਫੜਿਆ ਹੋਇਆ ਹੈ। ਜ਼ੋਰਾਵਰੀ ਅਤੇ ਵਧੀਕੀ ਇਨ੍ਹਾਂ ਦੀਆਂ ਭਿਆਨਕ ਦਾੜ੍ਹਾਂ ਹਨ।

ਅਪਦਾ, ਝੂਠਤਾ ਅਤੇ ਬੰਸ ਕੁਮਾਰ: ਤਿੰਨ ਹੋਰ ਯੋਧੇ ਹਨ। ਇਹ ਤਿੰਨੇ ਨੰਗ ਮੁਨੰਗੇ ਹਨ। ਕੇਵਲ ਭੋਜ ਪੱਤਰ ਦੇ ਕੱਪੜੇ ਪਾਏ ਹੋਏ ਹਨ। ਦੁਸ਼ਟਤਾ ਦਾ ਇਹ ਰੂਪ ਹਨ। ਦਲਿਦ੍ਰਤਾ ਦੀ ਇਨ੍ਹਾਂ ਕੋਲ ਫਾਹੀ ਹੈ।

ਬੇਯੋਗ ਅਪ੍ਰਾਧ: ਦੋ ਹੋਰ ਸੂਰਮੇ ਹਨ। ਹੇ ਰਾਜਨ! ਇਨ੍ਹਾਂ ਦੇ ਸਾਹਮਣੇ ਭਾਵੇਂ ਤੇਰੇ ਕਿਤਨੇ ਸੂਰਮੇ ਹੋਣ ਅਤੇ ਉਨ੍ਹਾਂ ਕੋਲ ਭਾਵੇਂ ਹਰ ਕਿਸਮ ਦੇ ਹਥਿਆਰ ਹੋਣ ਪਰ ਉਹ ਡਰਦੇ ਮਾਰੇ ਏਡੀ ਛੇਤੀ ਦੌੜਣਗੇ ਕਿ ਉਨ੍ਹਾਂ ਭੱਜਦਿਆਂ ਦੀ ਕੋਈ ਮਸਾਲ ਦੇਣੀ ਔਖੀ ਹੈ।

ਜਦੋਂ ਉਹ ਸੂਰਮੇ ਸੂਰਜ ਵਾਗ ਚੜ੍ਹਨਗੇ, ਸੂਰਜ ਦੀਆਂ ਕਿਰਣਾਂ ਵਾਂਗ ਰਣ ਤੱਤੇ ਨੂੰ ਪਾਉਣਗੇ, ਫੇਰ ਉਨ੍ਹਾਂ ਅੱਗੇ ਕਿਹੜਾ ਮਾਈ ਦਾ ਲਾਲ ਖੜ੍ਹਾ ਹੋਵੇਗਾ? ਤੇਰੇ ਸੈਨਿਕ ਅਤੇ ਸੈਨਾ ਨਾਇਕ ਉੱਥੇ ਹੀ ਹਥਿਆਰ ਸੁੱਟ ਕੇ, ਬਰਦੀਆਂ ਪਾੜ ਕੇ ਸੰਜੋਆਂ ਕੱਟ ਕੇ ਸੁੱਟ ਪਾਉਣਗੇ ਅਤੇ ਆਪਣੇ ਘੋੜਿਆਂ ਉੱਪਰ ਚੜ੍ਹ ਕੇ ਭੱਜਣ ਦੀ ਵੀ ਸੁੱਧ ਬੁੱਧ ਨਹੀਂ ਰਹਿ ਜਾਵੇਗੀ।

ਇਸ ਨੇ ਅਰਜ਼ ਕੀਤੀ, "ਮੇਹਰਵਾਨ ਜੀ! ਇਨ੍ਹਾਂ ਤੋਂ ਬਚਣ ਵਾਸਤੇ ਕਿਸ ਸਾਧਨ ਅਥਵਾ ਸ਼ਸਤ੍ਰ ਦੀ ਲੋੜ ਹੈ, ਜਿਸ ਕਰ ਕੇ ਇਨ੍ਹਾਂ ਵਿਕਾਰਾਂ ਦਾ ਬਲ ਨਾ ਪੈ ਸਕੇ।"

ਆਪ ਜੀ ਬੋਲੇ ਠੀਕ ਹੈ ਸਤਿਗੁਰਾਂ ਦਾ ਭੀ ਏਹੋ ਹੀ ਫੁਰਮਾਨ ਹੈ ਜੋ ਭਗਤ ਕਬੀਰ ਜੀ ਦੀ ਰਸਨਾ ਦੁਆਰਾ ਦੱਸਦੇ ਹਨ। ਅਸਥੂਲ ਸਰੀਰ ਕਿਲ੍ਹੇ ਦੇ ਅਨੇਕ ਪ੍ਰਕਾਰ ਦੀ ਜੋ ਕਾਮਨਾ ਹੈ, ਇਹ ਤਖ਼ਤੇ ਲੱਗੇ ਹੋਏ ਹਨ। ਦੁੱਖ ਤੇ ਸੁੱਖ

ਇਹਦੇ ਦਰਵਾਨਚੀ ਹਨ ਜਿਹੜੇ ਜੀਵ ਨੂੰ ਅੱਗੇ ਲੰਘਣ ਨਹੀਂ ਦੇਂਦੇ। ਪਾਪ ਤੇ ਪੁੰਨ ਇਹ ਦਰਵਾਜ਼ੇ ਹਨ। ਤਿਸ ਅਸਥੂਲ ਦੇਹ ਰੂਪ ਕਿਲ੍ਹੇ ਵਿੱਚ ਮਨ ਵੱਡਾ ਆਕੀ ਰਾਜਾ ਹੈ। ਜੋ ਬੜਾ ਡੰਡ ਰੌਲਾ ਪਾਉਣ ਵਾਲਾ ਕਰੋਧ ਹੈ, ਇਸ ਉਸ ਮਨ ਰੂਪ ਰਾਜੇ ਦਾ ਸ਼ਰੋਮਣੀ ਵਜ਼ੀਰ ਹੈ। ਇਸ ਮਨ ਰੂਪ ਰਾਜੇ ਨੇ ਬਿਬੇਕ ਰੂਪ ਰਾਜਾ ਦੇ ਸ਼ਸਤਰਾਂ ਦੇ ਬਚਾਓ ਤੋਂ ਵਿਸ਼ੇ ਸਵਾਦਾਂ ਰੂਪੀ ਸੰਜੋਅ ਪਹਿਨੀ ਹੋਈ ਹੈ ਅਤੇ ਮਮਤਾ ਰੂਪੀ ਟੋਪ ਸਿਰ ਤੇ ਰੱਖਿਆ ਹੋਇਆ ਹੈ। ਖੋਟੀ ਬੁੱਧੀ ਰੂਪ ਕਮਾਨ ਚੜ੍ਹਾਈ ਹੈ। ਰਿਦੇ ਰੂਪ ਭਥੇ ਵਿੱਚ ਤ੍ਰਿਸ਼ਨਾ ਰੂਪ ਤੀਰ ਭਰੇ ਹਨ। ਇਸੇ ਕਰ ਕੇ ਸਰੀਰ ਰੂਪ ਵਾ ਅਗਿਆਨ ਰੂਪ ਕਿਲ੍ਹਾ ਜਿੱਤਿਆ ਨਹੀਂ ਜਾਂਦਾ।

ਯਥਾ: *ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥*

ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥

(ਭੈਰਉ ਭਗਤ ਕਬੀਰ ਜੀ - ੧੧੬੧)

ਜਦੋਂ ਇਸ ਨੂੰ ਜਿੱਤਣ ਵਾਸਤੇ ਸਰੇਸ਼ਟ ਬੁੱਧੀ ਰੂਪੀ ਤੋਪ ਵਿੱਚ ਪ੍ਰੇਮ ਦਾ ਪਲੀਤਾ ਤੇ ਸਰੇਸ਼ਟ ਗਿਆਤ ਰੂਪੀ ਹਵਾਈ ਕਰ ਕੇ ਗਯਾਨ ਦਾ ਗੋਲਾ ਚਲਾਇਆ, ਤਾਂ ਸਤਿਗੁਰਾਂ ਨੇ ਸਰੇਸ਼ਟ ਗਿਆਤ ਬਖ਼ਸ਼ੀ ਇਹੀ (ਹਵਾਈ) ਤੋਪ ਹੈ ਪ੍ਰਮੇਸ਼ਰ ਦਾ ਪ੍ਰੇਮ ਪਲੀਤਾ ਹੈ। ਜਦੋਂ ਇਸ ਨਾਲ ਬ੍ਰਹਮ ਗਯਾਨ ਰੂਪ ਗੋਲਾ ਚਲਾਇਆ, ਸਹਿਜੇ ਹੀ ਬ੍ਰਹਮ ਦ੍ਰਿਸ਼ਟੀ ਰੂਪ ਅਗਨੀ (ਪਰ) ਭਲੀ ਪ੍ਰਕਾਰ ਪ੍ਰਜੁਲਤ ਕੀਤਾ ਤਾਂ ਇੱਕੋ ਹੀ ਚੋਟ ਨਾਲ ਸਰੀਰ ਦਾ ਅਗਿਆਨ ਰੂਪ ਕਿਲ੍ਹਾ ਸਿਝ ਆਇਆ ਭਾਵ ਫਤਹ ਹੋ ਗਿਆ। ਦੈਵੀ ਸੰਪਤਾ ਦੀ ਫੌਜ ਵਿੱਚੋਂ ਸਤ, ਸੰਤੋਖ, ਧਰਮ, ਧੀਰਜ ਤੇ ਵਸਤੂ ਵਿਚਾਰ ਰੂਪੀ ਸੂਰਮਿਆਂ ਨੂੰ ਨਾਲ ਲੈ ਕੇ ਕਾਮ ਆਦਿਕ ਸ਼ਤਰੂਆਂ ਨਾਲ ਲੜਨ ਲੱਗਾ। ਭਾਵ ਵਸਤੂ ਵਿਚਾਰ ਨੇ ਕਾਮ ਨੂੰ, ਖਿਮਾ ਨੇ ਕ੍ਰੋਧ ਨੂੰ, ਸੰਤੋਖ ਨੇ ਲੋਭ ਨੂੰ ਜਿੱਤਿਆ। ਵਿਵੇਕ ਨੇ ਮੋਹ ਨੂੰ ਮਾਰਿਆ। ਨਿੰਮਰਤਾ ਨੇ ਹੰਕਾਰ ਨੂੰ ਤੇ ਸੰਪਤਾ ਨੇ ਈਰਖਾ ਨੂੰ ਫਤਹ ਕੀਤਾ ਅਤੇ ਪਾਪ ਪੁੰਨ ਰੂਪ ਦੋਹਾਂ ਦਰਵਾਜ਼ਿਆਂ ਨੂੰ ਤੋੜ ਦਿੱਤਾ ਭਾਵ ਪ੍ਰਾਰਬਧ ਕਰਮ ਭੋਗਣ ਕਰ ਕੇ ਨਾਸ ਹੋ ਗਏ। ਕ੍ਰਿਆਮਾਨ ਕਰਮਾਂ ਦੀ ਹੰਗਤਾ ਨਾ ਰਹੀ ਅਤੇ ਸੰਚਤ ਕਰਮ ਬ੍ਰਹਮਗਿਆਨ ਨੇ ਨਸ਼ਟ ਕਰ ਦਿੱਤੇ।

ਇਉਂ ਸਾਧ ਸੰਗਤ ਅਤੇ ਪੂਰੇ ਗੁਰਾਂ ਦੀ ਕ੍ਰਿਪਾ ਦੇ ਨਾਲ ਸਰੀਰ ਰੂਪੀ ਕਿਲ੍ਹੇ ਦਾ ਮਨ ਰੂਪੀ ਰਾਜਾ ਪਕੜ ਮੈਂ (ਭੀਰਿ) ਕਾਇਰ ਨੇ ਵਾ ਸਾਧ ਸੰਗਤ ਦੀ ਭੀੜ ਭਾਵ ਇਕੱਠ ਵਿੱਚੋਂ ਭਗਵੰਤ ਦੇ ਸਿਮਰਨ ਦੀ ਸ਼ਕਤੀ ਕਰ ਕੇ ਭੈਦਾਇਕ ਕਾਲ ਦੀ ਹੰਗਤਾ ਰੂਪ ਫਾਹੀ ਕੱਟ ਦਿੱਤੀ। ਕਬੀਰ ਜੀ ਕਥਨ ਕਰਦੇ ਹਨ, ਮੈਂ ਦਾਸ ਨੇ ਇਸ ਤਰ੍ਹਾਂ ਸਰੀਰ ਵਾ ਅਗਿਆਨ ਰੂਪ ਕਿਲ੍ਹੇ ਉੱਤੇ ਚੜ੍ਹ ਕੇ ਭਾਵ ਉਪਰਾਮ ਹੋ ਕੇ ਅਬਿਨਾਸੀ ਪਦ ਪ੍ਰਾਪਤ ਕਰ ਲਿਆ।

ਯਥਾ: *ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥*
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥

(ਭੈਰਉ ਭਗਤ ਕਬੀਰ ਜੀ - ੧੧੬੧)

ਇਸ ਪਵਿੱਤਰ ਉਪਦੇਸ਼ ਨੂੰ ਸੁਣ ਕੇ ਉਸ ਦਾ ਮਨ ਗਦ ਗਦ ਹੋ ਗਿਆ ਤੇ ਪਾਵਨ ਚਰਨਾਂ ਤੇ ਸਿਰ ਰੱਖ ਕੇ ਨਮਸ਼ਕਾਰ ਕੀਤੀ।

ਸੰਤ ਜੀ ਦੀ ਸੰਗਤ ਦਾ ਅਸਰ

ਮਨੁੱਖ ਵੀ ਉੱਚੇਰੀ ਸੰਗਤ ਕਰ ਕੇ ਉੱਚਾ ਹੁੰਦਾ ਗਿਆ। ਜੀਵਨ ਦੇ ਇਸ ਸੁਭਾਉ ਨੂੰ ਕਿਸੇ ਕਵੀ ਨੇ ਵੇਲ ਵਾਂਗ

ਕਥਨ ਕੀਤਾ ਹੈ। ਯਥਾ:

ਬੈਠੀਏ ਪਾਸ ਬਡਨ ਕੇ ਹੋਤ ਬਡਨ ਸਿਉਂ ਮੇਲ। ਸਭਿ ਜਾਨਤ ਕੇ ਬੜਤ ਹੈ ਬਿਰਖ ਬਰਾਬਰ ਬੇਲ।

ਭਗਤ ਕਬੀਰ ਜੀ ਕਥਨ ਕਰਦੇ ਹਨ, ਜਿਵੇਂ ਚੰਦਨ ਦੇ ਨਾਲ ਰਲਕੇ ਆਮ ਲਕੜੀਆਂ ਖ਼ੁਸ਼ਬੂਦਾਰ ਹੋ ਜਾਂਦੀਆਂ ਹਨ ਅਤੇ ਗੰਗਾ ਦੇ ਨਾਲ ਰਲ ਕੇ ਹੋਰ ਨਦੀਆਂ ਪਵਿੱਤਰ ਹੋ ਜਾਂਦੀਆ ਹਨ ਤੇ ਪਾਰਸ ਨਾਲ ਲੱਗ ਕੇ ਅੱਠੇ ਧਾਤਾਂ ਸੋਨਾ ਬਣ ਜਾਂਦੀਆਂ ਹਨ, ਉਸੇ ਤਰ੍ਹਾਂ ਹੀ ਸੰਤਾਂ ਦੀ ਸੰਗਤ ਕਰ ਮੈਂ ਕਬੀਰ ਰਾਮ ਦਾ ਰੂਪ ਹੋ ਗਿਆ। ਯਥਾ:

ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥
ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥
ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥
ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥
ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥

(ਭੈਰਉ ਭਗਤ ਕਬੀਰ ਜੀ - ੧੧੫੮)

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਬਨਾਸਪਤੀ ਚੰਦਨ ਦੀ ਵਾਸ ਲੈ ਚੰਦਨ ਹੋ ਜਾਂਦੀ ਹੈ। ਪਾਰਸ ਨਾਲ ਮਿਲ ਕੇ ਅੱਠੇ ਧਾਤਾਂ ਸੋਨਾ ਬਣ ਜਾਂਦੀਆ ਹਨ। ਨਦੀਆਂ ਨਾਲੇ ਗੰਗਾ ਨਾਲ ਮਿਲ ਕੇ ਪਵਿੱਤਰ ਹੋ ਜਾਂਦੇ ਹਨ। ਇਸੇ ਤਰ੍ਹਾਂ ਪਤਿਤਾਂ ਨੂੰ ਤਾਰਨ ਵਾਲੀ ਸਾਧੂਆਂ ਦੀ ਸੰਗਤ ਪਾਪਾਂ ਦੀ ਮੈਲ ਧੋ ਧੋ ਬਾਹਰ ਕੱਢ ਦਿੰਦੀ ਹੈ। ਯਥਾ:

ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ।
ਅਸਟ ਧਾਤੁ ਇਕ ਧਾਤੁ ਹੋਇ ਸੰਗਿ ਪਾਰਸਿ ਢੋਵੈ।
ਨਦੀਆ ਨਾਲੇ ਵਾਹੜੈ ਮਿਲਿ ਗੰਗ ਗੰਗੋਵੈ।
ਪਤਿਤ ਉਧਾਰਣੁ ਸਾਧੁ ਸੰਗ ਪਾਪਾਂ ਮਲੁ ਧੋਵੈ।
ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ।
ਆਪੇ ਆਪਿ ਵਰਤਦਾ ਗੁਰਮੁਖਿ ਅਲੋਵੈ ॥੧੬॥ *(ਭਾ. ਗੁਰਦਾਸ ਜੀ: ਵਾਰ ੨ ਪਉੜੀ ੧੬)*

ਸੰਗਤ ਕਈ ਵੇਰ ਸੁਪਨੇ ਵਿੱਚ ਭੀ ਕੀਤੀ ਹੋਈ ਫ਼ਲ ਦੇ ਜਾਂਦੀ ਹੈ। ਈਸਾਈਆਂ ਦੇ ਮਸ਼ਹੂਰ ਸੰਤ ਸੈਂਟ ਪਾਲ ਨੂੰ ਈਸਾ ਜੀ ਦੀ ਸੰਗਤ ਸੁਪਨੇ ਵਿੱਚ ਹੋਈ। ਜਦੋਂ ਕੱਟੜ ਮਜ਼ਹਬੀ ਯਹੂਦੀ 'ਸਾਲ' ਆਪਣੇ ਘਰੋਂ ਈਸਾਈਆਂ ਨੂੰ ਮੁਕਾਉਣ ਦੇ ਖ਼ਿਆਲ ਨਾਲ ਨਿੱਕਲਿਆ ਤੇ ਕਈ ਮਾਸੂਮਾਂ ਨੂੰ ਪਕੜ ਪਕੜ ਕੇ ਕਤਲ ਕਰ ਚੁੱਕਿਆ ਤਾਂ 'ਮਸੀਹ' ਉਸ ਨੂੰ ਸੁਪਨੇ ਵਿੱਚ ਮਿਲੇ ਤੇ ਉਨ੍ਹਾਂ ਨੇ ਅਜੇਹਾ ਪਲਟਾ ਦਿੱਤਾ ਤੇ ਕਾਤਲ 'ਸਾਲ' 'ਸੈਂਟ ਪਾਲ' ਬਣ ਗਿਆ।

ਸੁਪਨੇ ਤੋਂ ਬਗ਼ੈਰ ਖ਼ਿਆਲਾਂ ਦੀ ਸੰਗਤ ਵੀ ਬੜੀ ਮਹਾਨਤਾ ਰੱਖਦੀ ਹੈ। ਭਾਵੇਂ ਸੰਗਤ ਲਈ ਆਮ ਤੌਰ ਤੇ ਬਹੁਤ ਸਮਾਂ ਲੱਗਣ ਦਾ ਖ਼ਿਆਲ ਕੀਤਾ ਜਾਂਦਾ ਹੈ। ਪਰ ਕਈ ਵੇਰ ਭਾਗ ਅਜੇਹੇ ਉੱਚੇ ਸੰਤ ਪੁਰਸ਼ਾਂ ਦੀ ਸੰਗਤ ਨਾਲ ਮੇਲ ਦਿੰਦੇ ਹਨ ਜੋ ਸਮੇਂ ਦੀ ਲੰਬਾਈ ਨੂੰ ਕੱਟ ਦਿੰਦੇ ਹਨ । ਸੰਗਤ ਭਾਵੇਂ ਸਖਸ਼ੀ ਕੀਤੀ ਜਾਵੇ ਭਾਵੇਂ ਸੁਪਨੇ ਵਿੱਚ ਤੇ ਭਾਵੇਂ ਖ਼ਿਆਲਾਂ ਨਾਲ ਮਨ ਜੋੜਿਆ ਜਾਏ, ਬਹੁਤ ਹੀ ਲਾਭ ਦਿੰਦੀ ਹੈ।

ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ, ਭਾਗਾਂ ਵਾਲੀ ਹੈ ਸੰਗਤ ਜੋ ਮਿੱਟੀ ਤੋਂ ਅਕਸੀਰ ਕਰਦੀ ਹੈ। ਇੱਕ ਨਿਮਾਣੇ ਨੂੰ ਵੀ ਪਤਵੰਤਾ ਬਣਾ ਦੇਂਦੀ ਹੈ:

ਐ ਜਹੇ ਸੋਬਤ ਕਿ ਖਾਕ ਅਕਸੀਰ ਦਰਦ।
ਨਾ ਕਸੇ ਰਾ ਸਾਹਿਬੇ ਤਦਬੀਰ ਕਰਦ।

ਫੇਰ ਪੁੱਛਿਆ, "ਅੰਮ੍ਰਿਤ ਛਕਿਆ ਹੈ?" ਅਰਜ਼ ਕਰੀ, "ਜੀ! ਛਕਿਆ ਸੀ, ਪਰ ਰਿਹਾ ਨਹੀਂ। ਨਿੱਤਨੇਮ ਵੀ ਕਰਦਾ ਹਾਂ, ਪਰ ਉੱਪਰੋਂ ਉੱਪਰੋਂ। ਬਾਣੀ ਵਿੱਚ ਮਨ ਜੁੜਦਾ ਨਹੀਂ।" ਹਜ਼ੂਰ ਬੋਲੇ, "ਹੁਣ ਇਉਂ ਕਰ ਕਿ ਤਿੰਨ ਮਹੀਨੇ ਲਗਾਤਾਰ ਦੋ ਵਜੇ ਉੱਠ ਕੇ ੬ ਮਾਲਾ ਮੂਲਮੰਤ੍ਰ ਦੀਆਂ ਕਰ ਕੇ ਫੇਰ ਨਿੱਤਨੇਮ ਦਾ ਪਾਠ ਕਰ ਕੇ ਜਲ ਪਾਣੀ ਛਕਣਾ। ਅੱਗੇ ਫੇਰ ਦੱਸਾਂਗੇ।" ਇਸ ਪ੍ਰਕਾਰ ਬਚਨ ਦੀ ਪਾਲਣਾ ਕਰਦਿਆਂ ਅੱਗੇ ਤਰੱਕੀ ਕੀਤੀ।

ਗੁਰਮੁਖਿ ਕੋਟਿ ਉਧਾਰਦਾ

ਗਿ. ਜੋਗਿੰਦਰ ਸਿੰਘ ਜੀ ਗ੍ਰੰਥੀ ਆਪ ਭੀ ਕੁੱਝ ਸੱਜਣਾਂ ਸਮੇਤ ਦਾਤੇ ਦੇ ਚਰਨਾਂ ਵਿੱਚ ਹਾਜ਼ਰ ਹੋਏ ਦੀਵਾਨ ਮੰਗੇ।

ਮੇਹਰਬਾਨ ਨੇ ੧੯੬੩ ਈ. ਨੂੰ ਨੌਂ ਦੀਵਾਨ ਬਖ਼ਸ਼ ਦਿੱਤੇ। ਸਾਰੇ ਦਿਨ ਬੜਾ ਸੋਹਣਾ ਲੰਗਰ ਚਲਾਯਾ। ਇਕੱਠ ਵੀ ਬਹੁਤ ਸੀ। ਆਖ਼ਰੀ ਦਿਨ ਚਾਰ ਸੌ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕੀਤਾ। ਇਲਾਕੇ ਤੇ ਨਗਰ ਨੇ ਵੱਧ ਚੜ੍ਹ ਕੇ ਟਰੈਕਟਰਾਂ ਤੇ ਹੋਰ ਲੰਗਰ ਦੇ ਰਾਸ਼ਨ ਦੀ ਸੇਵਾ ਕੀਤੀ। ਬਾਅਦ ਵਿੱਚ ਬਹੁਤ ਸਾਰਾ ਲੰਗਰ ਦਾ ਰਾਸ਼ਨ ਕਰਮਸਰ ਛੱਡ ਆਏ। ਇਸ ਸਾਰੇ ਉੱਦਮ ਦਾ ਸਿਹਰਾ ਗਿ. ਜੁਗਿੰਦਰ ਸਿੰਘ ਤੇ ਨਗਰ ਖੇੜੀ ਚਹਿਲਾਂ ਦੇ ਸਿਰ ਤੇ ਹੈ। ਅੱਗੇ ਲਿਖੀ ਕਵਿਤਾ ਆਖ਼ਰੀ ਦੀਵਾਨ ਸਮੇਂ ਭਰਪੂਰ ਸੰਗਤਾਂ ਵਿੱਚ ਪੜੀ ਗਈ:

ਸਮਾਂ ਸੁਭਾਗਾ ਆਇਆ

ਕਈ ਜਨਮ ਤਪ ਕਰਦੇ ਆਏ, ਕਰੀ ਨਰਿੱਛਤ ਭਗਤੀ।
ਸਿਰਜਨ ਹਾਰ ਅਕਾਲ ਪੁਰਖ ਨੇ, ਬਖ਼ਸ਼ੀ ਪੂਰਨ ਸ਼ਕਤੀ।
ਲੈ ਕੇ ਭਵ ਜਦ ਭਵ ਤੇ ਆਏ, ਕਰਨ ਦੇਵਤੇ ਬੰਦਨ।
ਮਿਲ ਜੁਲ ਕੇ ਸਭ ਕਰਨ ਆਰਤੀ, ਚਰਚਤ ਕੇਸਰ ਚੰਦਨ।
ਜਗ ਮਗ ਜੋਤ ਜਗੇ ਜਗ ਅੰਦਰ, ਹਰਦਮ ਹਰ ਜਸ ਗਾਵਨ।
ਸ਼ਰਧਾ ਕਰ ਜੋ ਦਰਸ਼ਨ ਕਰਦੇ ਮਨੋ ਕਾਮਨਾ ਪਾਵਨ।
ਸੇਵਾ ਸਿੱਖ ਪ੍ਰੇਮੀ ਜਿਹੜੇ, ਸੰਤ ਚਰਨ ਅਨੁਰਾਗੀ।
ਕਦੋਂ ਮਿਲਣ ਕਦ ਦਰਸ਼ਨ ਕਰੀਏ, ਰਹੇ ਲਗਨ ਨਿੱਤ ਲਾਗੀ।
ਸੰਤ ਜੁਗਿੰਦਰ ਸਿੰਘ ਗਿਆਨੀ, ਸ੍ਰੀ ਸਤਗੁਰੂ ਪਯਾਰੇ।
ਖੇੜੀ ਚਹਿਲ ਕਲਾਂ ਵਿੱਚ ਰਹਿੰਦੇ, ਗ੍ਰੰਥੀ ਗੁਰੂਦਵਾਰੇ।
ਇਰਦ ਗਿਰਦ ਦੀ ਸੰਗਤ ਲੈ ਕੇ, ਸੰਤਾਂ ਪਾਸ ਸਿਧਾਏ।
ਕਰ ਜੋੜੇ ਗਲ ਪਾਏ ਪੱਲੂ, ਚਰਨੀ ਸੀਸ ਨਿਵਾਏ।
ਕਰੋ ਦੀਵਾਨ ਅਸਾਡੇ ਬਾਬਾ! ਹੈ ਚਿਰ ਦੀ ਅਭਿਲਾਸ਼ਾ।
ਹਰ ਜਸ ਕੀਰਤਨ ਬਾਣੀ ਦੁਵਾਰਾ, ਕੱਟੋ ਸਿਲਕ ਜਮ ਫਾਸਾ।
ਲੈ ਮਨਜ਼ੂਰੀ ਬਾਬਾ ਜੀ ਤੋਂ, ਗਦ ਗਦ ਹੋਏ ਸਾਰੇ।
ਪਿੰਡਾਂ ਦੇ ਵਿੱਚ ਖ਼ਬਰ ਕਰੀ ਜਦ, ਚੜ੍ਹੇ ਹੌਸਲੇ ਭਾਰੇ।
ਇਰਦ ਗਿਰਦ ਦੇ ਨਗਰ ਜੇੜ੍ਹੇ, ਪ੍ਰੇਮ ਜਿਨ੍ਹਾ ਮਨ ਭਾਏ।
ਰਸਤ ਰਸਤ ਸਭ ਕੀਤੀ ਕੱਠੀ, ਸਭ ਨੇ ਹਿੱਸੇ ਪਾਏ।
ਦਿਨ ਗ਼ਜ਼ਰੇ ਤੇ ਬੀਤੀਆਂ ਰਾਤਾਂ, ਸਮਾਂ ਸੁਭਾਗਾ ਆਇਆ।
ਵਿਛ ਗਏ ਫਰਸ਼ ਚੰਦੋਏ ਤਾਣੇ, ਖ਼ੂਬ ਪੰਡਾਲ ਸਜਾਇਆ।
ਝਾਲਰ ਝੰਡੀਆਂ ਜਾਲ ਬਲੌਰੀ, ਲਾਟੂ ਰੰਗ ਬਰੰਗੇ।
ਯਥਾ ਯੋਗ ਤਰਤੀਬ ਨਾਲ ਨਾਲ ਸਭ, ਥਾਂ ਪਰ ਥਾਂਈ ਟੰਗੇ।
ਅਤੀ ਅਨੂਪਮ ਸੁੰਦਰ ਸੋਹਣਾ, ਬਣਿਆ ਠੀਕ ਸਿੰਘਾਸਣ।
ਮਾਤ ਲੋਕ ਮੇ ਕਿਤੇ ਨਾ ਐਸਾ, ਮਾਤ ਪਿਆ ਇੰਦ੍ਰਾਸਣ।
ਆਏ ਸੰਤ ਜੀ ਚੜ੍ਹੀਆਂ ਖ਼ੁਸ਼ੀਆਂ, ਛੱਡੇ ਪੰਜ ਜੈਕਾਰੇ।
ਚਰਨ ਕੰਵਲ ਰਜ, ਰੱਜ ਰੱਜ ਲਾਵਣ, ਸੇਵਕ ਭਵਰ ਪਿਆਰੇ।
ਭਏ ਅਨੰਦ ਮਿਟੀ ਸਭ ਦੁਬਿਧਾ, ਠਰ ਗਏ ਤਪਦੇ ਹਿਰਦੇ।
ਸਜੇ ਅਡੋਲ ਸਿੰਘਾਸਣ ਉਤੇ, ਸਭ ਸੰਗਤ ਚਉਗਿਰਦੇ।
ਜੁਗਲ ਮਾਈਕ ਫਿੱਟ ਕੀਤੇ ਝਟ ਪਟ, ਵਾਜਾ ਅੱਗੇ ਧਰਿਆ।
ਹਸਤ ਕਵਲ ਵਾਜੇ ਪਰ ਧਰ ਕੇ, ਸ਼ੁਰੂ ਲੈਹਰੀਆ ਕਰਿਆ।
ਤਾਲ ਮੇਲ ਕੇ ਸਾਜ ਵੱਜੇ ਜਦ, ਮਸਤ ਕਰਨ ਸੋ ਧੁਨੀਆਂ।
ਸਭ ਸੰਗਤ ਦੀ ਲੱਗੀ ਸਮਾਧੀ, ਜੈਸੇ ਰਿਸ਼ੀਆਂ ਮੁਨੀਆਂ।
ਹਰ ਜਸ ਕੀਰਤਨ ਕੀਤਾ ਬਾਬਿਆਂ, ਸਰਲ ਧਾਰਨਾ ਪੜ੍ਹੀਆਂ।
ਤਿੰਨ ਹਿੱਸਿਆਂ ਵਿੱਚ ਬੋਲੇ ਸੰਗਤ, ਲੱਗੀਆਂ ਅੰਮ੍ਰਿਤ ਝੜੀਆਂ।

ਅਰਸ਼ ਕੁਰਸ਼ ਵਿੱਚ ਖਿਲਰੀਆਂ ਸੋਅਂ, ਲਿਖਾਂ ਕੀ ਵਰਨਣ ਕਰ ਕਰ।
ਹਾਜ਼ਰ ਹੋਈਆਂ ਰਿੱਧੀਆਂ ਸਿੱਧੀਆਂ, ਰੂਪ ਵੱਖੋ ਵੱਖ ਧਰ ਧਰ।
ਸ਼ਕਲ ਵਟਾ ਕੇ ਦੇਵ ਲੋਕ 'ਚੋਂ, ਪਰੀਆਂ ਨੇ ਚੱਲ ਆਈਆਂ।
ਗੁਰੂ ਬਾਬਿਆਂ ਦੇ ਮੰਗਲ ਗਾਵਣ, ਲੱਖ ਲੱਖ ਦੇਣ ਵਧਾਈਆਂ।
ਬੱਸਾਂ ਟਰੈਕਟਰ ਭੀੜ ਭੜੱਕਾ, ਫਿਰਦੀਆਂ ਕਿਧਰੇ ਕਾਰਾਂ।
ਚਾਰ ਚੁਫੇਰਿਓਂ ਔਣ ਸੰਗਤਾਂ, ਬੰਨ੍ਹ ਬੰਨ੍ਹ ਰੋਜ਼ ਕਤਾਰਾਂ।
ਸ਼ਰਧਾ ਨਾਲ ਸਰੋਤੇ ਬਣ ਕੇ, ਨਿੱਤ ਸੁਨਣ ਗੁਰਬਾਣੀ।
ਲੋਕ ਸੁਖੀ ਪ੍ਰਲੋਕ ਸੁਹੇਲੇ, ਕਰਦੇ ਜਾਣ ਪਰਾਣੀ।
ਕਲਜੁਗ ਦੇ ਵਿੱਚ ਬਾਬੇ ਕਹਿੰਦੇ, ਕੀਰਤਨ ਹੈ ਪਰਧਾਨਾ।
ਹੀਰੇ ਰਤਨ ਜਵਾਹਰ ਮੋਤੀ, ਬਾਣੀ ਅਮਰ ਖਜ਼ਾਨਾ।
ਨਿਸਚਾ ਕਰ ਕੇ ਜੋ ਸ਼ਰਧਾਲੂ, ਦਰਸ਼ਨ ਨਿੱਤ ਹਨ ਕਰਦੇ।
ਬਖ਼ਸ਼ ਲਏ ਸੋ ਏਸੇ ਵਾਰੀ, ਭਵ ਸਾਗਰ ਤੋਂ ਤਰਦੇ।
ਅੰਮ੍ਰਿਤ ਪਾਨ ਬਹੁਤਿਆਂ ਕਰਿਆ, ਸੇ ਅਭਿਲਾਖੀ ਜੇਹੜੇ।
ਨਾਮ ਜਪਣ ਦੀ ਜੁਗਤੀ ਲੈ ਕੇ, ਚੜ੍ਹੇ ਨਾਮ ਦੇ ਬੇੜੇ।
ਨੌ ਦੀਵਾਨ ਸਜੇ ਵਧ ਵਧ ਕੇ, ਰਹਿੰਦੀ ਗਹਿਮਾ ਗਹਿਮਾ।
ਧੰਨ ਗੁਰ ਬਾਬਾ! ਧੰਨ ਗੁਰ ਬਾਬਾ! ਥਾਂ ਥਾਂ ਗਾਵਣ ਮਹਿਮਾ।
ਅਨੰਤ ਕਲਾ ਲੈ ਠਾਕੁਰ ਚੜ੍ਹਿਆ, ਸੰਤ ਰੂਪ ਤਨ ਧਰ ਜੀ।
ਇਸ ਮੇਂ ਰੰਚਕ ਭੇਦ ਨ ਜਾਣੋ, ਕਹਿ ਨਰਿੰਜਨ ਹਰਿ ਜੀ। ਵਲੋ: ਗਿ. ਨਰਿੰਜਨ ਸਿੰਘ ਕੌਰੀਆਂ

ਦੀਵਾਨ ਦੇ ਅੰਤਲੇ ਦਿਨ ਚਾਰ ਸੌ ਪ੍ਰੇਮੀ ਜਨ ਗੁਰੂ ਕੇ ਜਹਾਜ਼ੇ ਚੜ੍ਹੇ, ਜਿਨਾਂ ਵਿੱਚੋਂ ਸਵਾ ਸੌ ਗੁਰਮੁਖ ਮਾਈ ਭਾਈ ਛੋਟੀ ਖੇੜੀ ਦੇ ਸਨ। ਆਪਣੇ ਘਰਾਂ 'ਚੋਂ ਰਸਤਾਂ ਇਕੱਠੀਆਂ ਕਰ ਪਿੰਡ ਦੇ ਗੁਰਦੁਆਰੇ ਸਾਹਿਬ ਦੇਗ ਸਜਾ ਗੱਡੇ ਨੂੰ ਇਸ਼ਨਾਨ ਕਰਵਾ ਕੇ ਦੋ ਕੜਾਹੇ ਉੱਪਰ ਰੱਖ ਅੱਗੇ ਜਲ ਛਿੜਕਦੇ ਇੱਕ ਮੀਲ ਤੱਕ ਸ਼ਬਦ ਪੜ੍ਹਦੇ ਨਗਾਰਾ ਵਜਾਉਂਦੇ ਆਪਣੇ ਹੱਥੀਂ ਖਿੱਚ ਕੇ ਲਿਆਏ ਸਨ। ਇਨ੍ਹਾਂ ਸ਼ਰਧਾਲੂਆਂ ਦਾ ਸਾਰੀ ਸੰਗਤ ਤੇ ਬੜਾ ਪ੍ਰਭਾਵ ਪਿਆ।

੧੯੬੬ ਈ. ਨੂੰ ਸ਼ੇਰਪੁਰ ਨਗਰ ਦੇ ਪ੍ਰੇਮੀਆਂ ਨੇ ਬੇਨਤੀ ਕੀਤੀ, ਜਿਨ੍ਹਾਂ ਵਿੱਚ ਮਾਸਟਰ ਗਿ. ਬਚਨ ਸਿੰਘ ਧਾਲੀਵਾਲ ਤੇ ਗਿ. ਜੁਗਿੰਦਰ ਸਿੰਘ ਖੇੜੀ ਚਹਿਲਾਂ ਵੀ ਸ਼ਾਮਲ ਸਨ। ਹੋਰ ਵੀ ਕਾਫ਼ੀ ਸੰਗਤ ਨੇ ਆ ਕੇ ਅਰਜ਼ ਕੀਤੀ। ਦਾਤੇ ਨੇ ਇਲਾਕੇ ਦਾ ਪ੍ਰੇਮ ਦੇਖ ਕੇ ਦੀਵਾਨ ਬਖ਼ਸ਼ ਦਿੱਤੇ। ੨੪ ਦਸਬੰਰ ਤੱਕ ਗੌਰਮਿੰਟ ਹਾਈ ਸਕੂਲ ਵਿੱਚ ਕੀਰਤਨ ਹੋਇਆ। ਏਥੇ ਵੀ ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ਲੇਖਕ ਰਾਹੀਂ ਮੰਗਵਾ ਕੇ ੫੦੦ ਰੁਪੈ ਦੀਆਂ ਲਾਇਬਰੇਰੀ ਨੂੰ ਪੁਸਤਕਾਂ ਦਿੱਤੀਆਂ। ਇਸੇ ਤਰ੍ਹਾਂ ੧੯੬੮ ਈ. ਵਿੱਚ ਅਲੀਪੁਰ ਖਾਲਸਾ ਦੇ ਪ੍ਰੇਮੀ; ਜਿਨ੍ਹਾਂ ਵਿੱਚ ਸ. ਗਿਆਨ ਸਿੰਘ, ਸ. ਨਰੈਣ ਸਿੰਘ, ਤਾਰਾ ਸਿੰਘ, ਬਲਵੰਤ ਸਿੰਘ ਤੇ ਸੰਤੋਖ ਸਿੰਘ ਵੀ ਸ਼ਾਮਲ ਸਨ, ਦੀਵਾਨਾਂ ਵਾਸਤੇ ਬੇਨਤੀ ਕੀਤੀ। ਹਜ਼ੂਰ ਨੇ ੨੬ ਫਰਵਰੀ ਤੋਂ ਇੱਕ ਮਾਰਚ ਤੱਕ ਕੀਰਤਨ ਦਾ ਸਮਾਂ ਬਖ਼ਸ਼ਿਆ। ਆਖ਼ਰੀ ਦਿਨ ਪ੍ਰਚਾਰ ਹੋਇਆ। ਅਤੁੱਟ ਲੰਗਰ ਚੱਲਿਆ। ੧੯੭੧ ਤੇ ੧੯੭੨ ਵਿੱਚ ਘਨੌਰੀ ਕਲਾਂ ਦੇ ਪ੍ਰੇਮੀ ਹਜ਼ੂਰ ਦੇ ਚਰਨਾਂ ਵਿੱਚ ਆਏ ਜਿਨ੍ਹਾਂ ਵਿੱਚ ਸ. ਤੇਜਿੰਦਰ ਸਿੰਘ ਸਾਬਕਾ ਸਰਪੰਚ ਸ. ਸਮਸ਼ੇਰ ਸਿੰਘ, ਅਜੀਤ ਸਿੰਘ ਫੌਜੀ, ਨਰਿੰਜਨ ਸਿੰਘ, ਸ. ਜ਼ੋਰਾ ਸਿੰਘ, ਸਾਧੂ ਸਿੰਘ ਤੇ ਹੋਰ ਮੁੱਖੀ ਸੱਜਣ ਵੀ ਸ਼ਾਮਲ ਸਨ। ਦੀਵਾਨਾਂ ਵਾਸਤੇ ਅਰਜ਼ ਕੀਤੀ। ਦਾਤੇ ਨੇ ਇਲਾਕੇ ਦਾ ਪਿਆਰ ਦੇਖ ਕੇ ੨੭ ਜਨਵਰੀ ਤੋਂ ੩੧ ਜਨਵਰੀ ਤੱਕ ਸਮਾਂ ਬਖ਼ਸ਼ ਦਿੱਤਾ। ਬੜੀ ਸੰਗਤ ਜੁੜੀ। ਅਤੁੱਟ ਲੰਗਰ ਚੱਲਿਆ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਵੀ ਹੋਇਆ। ਕਈ ਵਾਰ ਫੇਰ ਵੀ ਦੀਵਾਨ ਲੱਗੇ। ਕਾਤਰੋਂ ਪਿੰਡ ਭੀ ਪੰਜ ਦੀਵਾਨ ਦਿੱਤੇ।

ਭਲਵਾਨ ਪਿੰਡ ਤੇ ਬਖ਼ਸ਼ਿਸ਼

ਉਸ ਤੋਂ ਬਾਅਦ ਆਪ ਜੀ ਦੇ ਚਰਨਾਂ ਵਿੱਚ ਭੀਖੀ ਪਿੰਡ ਦਾ ਭਾਈ ਮਹਿੰਦਰ ਸਿੰਘ ਹਾਜ਼ਰ ਹੋਇਆ। ਇਹ ਉਸ ਸਮੇਂ ਧੂਰੀ ਕੋਲ ਭਲਵਾਨ ਪਿੰਡ ਦੇ ਗੁਰਦੁਆਰੇ ਸਾਹਿਬ ਸੇਵਾ ਕਰਵਾਉਂਦਾ ਸੀ। ਦੀਵਾਨ ਵਾਸਤੇ ਅਰਜ਼ ਕੀਤੀ। ਹਜ਼ੂਰ ਨੇ ਪਿਆਰ ਤੱਕਿਆ। ਇਸ ਦੇ ਨਾਲ ਸ. ਨਛੱਤਰ ਸਿੰਘ; ਜੋ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਸੀ ਤੇ ਹੋਰ ਨਗਰ ਨਿਵਾਸੀ ਆਏ ਸਨ। ਦਾਤੇ ਨੇ ਦੀਵਾਨਾਂ ਦੀ ਬਖ਼ਸ਼ਿਸ਼ ਕਰ ਦਿੱਤੀ। ਇਨ੍ਹਾਂ ਨੇ ਬੜੀ ਵੱਧ ਚੜ੍ਹ ਕੇ ਸੇਵਾ ਕੀਤੀ। ਬੜਾ ਇਕੱਠ ਜੁੜਦਾ, ਅਤੁੱਟ ਲੰਗਰ ਚੱਲਿਆ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ਹੁਣ ਭੀ ਹਰੇਕ ਸਾਲ ਰਾੜਾ

ਸਾਹਿਬ ਵਾਲਿਆਂ ਦੇ ਦੀਵਾਨ ਸਜਦੇ ਹਨ।

ਤਿਥੈ ਹਰਿ ਮਿਤਿ ਸਹਾਈ

ਸ. ਹਰਬੰਸ ਸਿੰਘ ਲਤਾਲਾ (ਜੋ ਦਿੱਲੀ ਰਹਿੰਦਾ) ਇਸ ਦੇ ਕਈ ਸਾਲ ਤੋਂ ਲੜਕਾ ਨਹੀਂ ਸੀ। ਕੇਵਲ ਇੱਕੋ ਬੱਚੀ ਸੀ। ੧੯੭੫ ਈ ੨੭ ਅਪ੍ਰੈਲ ਨੂੰ ਕੋਕਾ ਕੋਲਾ ਵਾਲਿਆਂ ਦੀ ਕੋਠੀ ਦਿੱਲੀ ਅਰਜ਼ ਕੀਤੀ। ਸਰਹੰਦ ਵਾਲੀ ਮਾਈ ਨੇ ਵੀ ਇਨ੍ਹਾਂ ਵਲੋਂ ਬੇਨਤੀ ਕੀਤੀ ਕਿ ਗ਼ਰੀਬ ਨਿਵਾਜ਼! ਇਸ ਉੱਤੇ ਕ੍ਰਿਪਾ ਕਰੋ। ਆਪ ਜੀ ਬੋਲੇ, "ਇਹ ਤਾਂ ਪ੍ਰਵਾਰ ਸਮੇਤ ਗੁਰੂ ਘਰ ਦੀ ਬਹੁਤ ਸੇਵਾ ਕਰਦੇ ਹਨ। ਸੇਵਾ ਕਰਨ ਵਾਲਿਆਂ ਨੂੰ ਕਿਸੇ ਵੀ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਗੁਰੂ ਭਲੀ ਕਰੇਗਾ।" ੧੪-੧-੭੬ ਮਾਘੀ ਵਾਲੇ ਦਿਨ ਸਧਾਰ ਦੇ ਪ੍ਰਾਈਵੇਟ ਹਸਪਤਾਲ ਵਿੱਚ (ਜਿੱਥੇ ਕਈ ਦਿਨ ਪਹਿਲਾਂ ਬੀਬੀ ਕਮਲਜੀਤ ਕੌਰ ਨੂੰ ਦਾਖ਼ਿਲ ਕਰਵਾਯਾ ਗਿਆ) ਬੱਚਾ ਹੋਣ ਸਮੇਂ ਇਸ ਨੂੰ ਬਹੁਤ ਤੱਕਲੀਫ ਹੋਣ ਲੱਗੀ ਤਾਂ ਵੱਡੀ ਨਰਸ ਨੇ ਆਪਰੇਸ਼ਨ ਕਰਨਾ ਚਾਹਿਆ। ਔਜਾਰ ਗ਼ਰਮ ਕਰਨ ਵਾਸਤੇ ਪਾਣੀ ਵਿੱਚ ਰੱਖੇ ਪਰ ਜਦੋਂ ਉਨ੍ਹਾਂ ਨੂੰ ਚੁੱਕਣ ਵਾਸਤੇ ਹੱਥ ਪਾਵੇ ਤਾਂ ਇਹ ਆਵਾਜ਼ ਆਵੇ ਕਿ ਆਪਰੇਸ਼ਨ ਨਹੀਂ ਕਰਨਾ। ਅਜੇ ਬੱਚੇ ਦੇ ਜਨਮ ਦਾ ਸਮਾਂ ਨਹੀਂ ਹੋਇਆ। ਜਦੋਂ ਸਮਾਂ ਹੋਵੇਗਾ ਆਪੇ ਹੀ ਬੱਚੇ ਦਾ ਜਨਮ ਹੋ ਜਾਵੇਗਾ। ਇਉਂ ਤਿੰਨ ਵਾਰ ਔਜ਼ਾਰ ਚੁੱਕਣ ਆਈ। ਤਿੰਨੇ ਵਾਰੀ ਬਾਂਹ ਨੂੰ ਝਟਕਾ ਲੱਗਾ ਕਿ ਔਜ਼ਾਰ ਨਾ ਚੁੱਕ, ਆਪ੍ਰੇਸ਼ਨ ਨਹੀਂ ਕਰਨਾ। ਉੱਧਰ ਬੀਬੀ ਨੂੰ ਵੀ ਕਾਫ਼ੀ ਤਕਲੀਫ਼ ਸੀ। ਹਜ਼ੂਰ ਨੂੰ ਚੇਤੇ ਕੀਤਾ, ਉਸ ਨੂੰ ਦਰਸ਼ਨਾਂ ਦੀ ਝਲਕ ਪਈ ਤੇ ਕਿਹਾ, "ਬੱਚੂ! ਘਾਬਰ ਨਾ। ਗੁਰੂ ਸਭ ਠੀਕ ਕਰੇਗਾ।" ਸੋ ਸਮੇਂ ਹੋਏ ਲੜਕੇ ਦਾ ਜਨਮ ਹੋ ਗਿਆ।

ਸ. ਦਲੀਪ ਸਿੰਘ ਕਿਲ੍ਹਾ ਰਾਏਪੁਰ

ਇਹ ਪਹਿਲਾਂ ਰਸਾਲੇ ਵਿੱਚ ਨੌਕਰੀ ਕਰਦੇ ਸਨ। ਸੱਟ ਲੱਗਣ ਦੇ ਕਾਰਣ ਰਸਾਲੇ ਵਿੱਚੋਂ ਘਰ ਆ ਗਏ। ਬਾਅਦ ਵਿੱਚ ੧੯੨੩ ਈ. ਨੂੰ ਕਲਕੱਤੇ ਚਲੇ ਗਏ। ਉੱਥੇ ਇਹ ੧੭ ਸਾਲ ਗੁਰਦੁਆਰਾ ਬੜੀ ਸਿੱਖ ਸੰਗਤ ਦੇ ਪ੍ਰਧਾਨ ਰਹੇ। ਉਸ ਅਸਥਾਨ ਦਾ ਨੀਂਹ ਪੱਥਰ ਸੰਤ ਜੀ ਮਹਾਰਾਜ ਨੇ ਰੱਖਿਆ। ਇਨ੍ਹਾਂ ਨੇ ਖੰਨੇ ਵਾਲੀ ਕੋਠੀ ਵਿੱਚ ੨੯-੫-੭੩ ਨੂੰ ਅਖੰਡ ਪਾਠ ਦੇ ਭੋਗ ਸਮੇਂ ਮਹਾਰਾਜ ਜੀ ਦੇ ਚਰਨ ਪਵਾਏ। ਇਸੇ ਤਰ੍ਹਾਂ ਸੰਗਤਪੁਰੇ ਦਾ (ਜੋ ਸਮਰਾਲੇ ਕੋਲ ਹੈ) ਭਾਈ ਸੁਰਜੀਤ ਸਿੰਘ ਵੀ ਸੰਤ ਜੀ ਮਹਾਰਾਜ ਦਾ ਸ਼ਰਧਾਲੂ ਪ੍ਰੇਮੀ ਹੈ।

ਭਾਈ ਦਲੀਪ ਸਿੰਘ ਸੇਖਾ

ਇਨ੍ਹਾਂ ਨੇ ੧੯੬੭ ਈ ਵਿੱਚ ਪਹਿਲੀ ਵਾਰ ਸੰਤ ਜੀ ਮਹਾਰਾਜ ਦਾ ਕਰਮਸਰ ਆ ਕੇ ਦੀਦਾਰ ਕੀਤਾ। ਅੰਮ੍ਰਿਤ ਪਾਨ ਕਰ ਭਜਨ ਦੀ ਦਾਤ ਪ੍ਰਾਪਤ ਕੀਤੀ। ਉਸ ਤੋਂ ਬਾਅਦ ਹਰੇਕ ਜੋੜ ਮੇਲੇ ਤੇ ਪੁੱਜਦੇ। ਸੰਤ ਆਸ਼ਰਮ ਧਭਲਾਨ ਭੀ ਦਸਵੀਂ ਦੇ ਮਾਹਵਾਰੀ ਦੀਵਾਨ ਤੇ ਆਉਂਦੇ। 'ਅਜ਼ਾਦ ਸੇਵਾ ਦਲ ਪਟਿਆਲਾ' ਨਾਲ ਮਿਲ ਕੇ ਜੋੜ ਮੇਲੇ ਤੇ ਸਾਈਕਲਾਂ ਦੀ ਸੇਵਾ ਕਰਦੇ। ਫੇਰ ਬਰਨਾਲੇ ਦੇ ਦੀਵਾਨਾਂ ਸਮੇਂ ਆਪਣਾ 'ਆਜ਼ਾਦ ਸੇਵਾ ਦਲ ਬਰਨਾਲਾ' ਕਾਇਮ ਕਰ ਲਿਆ। ਸ. ਬੰਤਾ ਸਿੰਘ ਤੇ ਇਸ ਦਾ ਭਰਾ ਹਾਕਮ ਸਿੰਘ ਪਿੰਡ ਸੇਖਾ ਹਜ਼ੂਰ ਦੇ ਪਰਮ ਪ੍ਰੀਤਵਾਨ ਹਨ। ਹੋਰ ਵੀ ਬਹੁਤ ਸਾਰੇ ਪ੍ਰੇਮੀ ਇਸ ਸੇਵਾ ਵਿੱਚ ਹਿੱਸਾ ਲੈਂਦੇ ਹਨ ਅਤੇ ਦਲੀਪ ਸਿੰਘ ਦੇ ਘਰ ਸੰਤ ਜੀ ਦੇ ਬਚਨਾਂ ਦੁਆਰਾ ਪੁੱਤਰ ਦੀ ਦਾਤ ਪ੍ਰਾਪਤ ਹੋਈ।

ਗਿ. ਇੰਦਰ ਸਿੰਘ ਪਟਿਆਲਾ ਨੇ ਸੰਤ ਆਸ਼ਰਮ ਧਭਲਾਨ ਆ ਕੇ ਭਜਨ ਸਿਮਰਨ ਦੀ ਜੁਗਤੀ ਪੁੱਛੀ। ਫੇਰ ਤਾਂ ਪੱਕੇ ਪ੍ਰੇਮੀ ਬਣ ਗਏ। ਕਈ ਸਾਲ ਮੋਤੀ ਬਾਗ਼ ਗ੍ਰੰਥੀ ਰਹੇ। ਫੇਰ ਕਿਲ੍ਹੇ ਵਿੱਚ ਬੁਰਜ ਆਲਾ ਸਿੰਘ ਬਦਲ ਗਏ। ੧੯੬੩ ਈ. ਵਿੱਚ ਇਨ੍ਹਾਂ ਦੇ ਉਦਮ ਨਾਲ ਹੀ ਕਿਲ੍ਹੇ ਵਿੱਚ ਪੰਜ ਦੀਵਾਨ ਲੱਗੇ ਸਨ।

ਸੋਟੀਪੁਰ ਨਗਰ

ਸੋਟੀਪੁਰ ਦੇ ਪ੍ਰੇਮੀ ਸ. ਕਰਤਾਬ ਸਿੰਘ ਅਤੇ ਸ. ਅਮਰ ਸਿੰਘ ਪ੍ਰਵਾਰ ਸਮੇਤ ਸੰਤ ਜੀ ਮਹਾਰਾਜ ਦੇ ਪੂਰਨ ਸ਼ਰਧਾਲੂ ਹਨ। ਸ. ਅਮਰ ਸਿੰਘ ਨੇ ੧੯੬੭ ਵਿੱਚ ਪ੍ਰਵਾਰ ਸਮੇਤ ਘਰੋਂ ਬੀਬੀ ਸੁਰਜੀਤ ਕੌਰ ਦੇਵਿੰਦਰ ਸਿੰਘ ਤੇ ਸੁਰਿੰਦਰ ਸਿੰਘ ਦੋਵੇਂ ਲੜਕੇ ਤੇ ਰਾਜਿੰਦਰ ਕੌਰ ਲੜਕੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਮਹਾਰਾਜ ਜੀ ਤੋਂ ਭਜਨ ਲਿਆ ਅਤੇ ਮਹਾਰਾਜ ਜੀ ਨੇ ਬਚਨ ਕੀਤਾ ਕਿ ਭਾਈ! ਘਰ ਨੂੰ ਸਵਰਗ ਬਣਾ ਲਉ। ੨੪ ਨਵੰਬਰ ੧੯੭੪ ਨੂੰ ਸ੍ਰੀ ਸਹਿਜ ਪਾਠ ਦਾ ਭੋਗ ਪਵਾਇਆ ਤੇ ਛੋਟੇ ਮਹਾਰਾਜ ਜੀ ਨੇ ਘਰ ਚਰਨ ਪਾਏ।

ਭਾਈ ਸਾਹਿਬ ਭਾਈ ਸੁਰਜੀਤ ਸਿੰਘ ਜੀ ਦਿੱਲੀ

ਰਾਵਲ ਪਿੰਡੀ ਜ਼ਿਲੇ ਦੀ ਗੁਜਰਖਾਨ ਤਹਿਸੀਲ ਵਿੱਚ ਛੋਟਾ ਜੇਹਾ ਨਗਰ ਖਾਸਲਾ ਅੰਦਾਨ ਕਰ ਕੇ ਮਸ਼ਹੂਰ ਹੈ।

ਏਥੇ ਸਭਰਵਾਲ ਜਾਤੀ ਦੇ ਖਤ੍ਰੀਆਂ ਦੀ ਵਸੋਂ ਹੈ, ਜੋ ਗੁਰੂ ਘਰ ਦੇ ਅਤਿਅੰਤ ਪ੍ਰੇਮੀ ਹਨ। ਏਸ ਖ਼ਾਸਲਾ ਅੰਦਾਨ ਦੇ ਵਾਸੀ ਸਤਿਗੁਰਾਂ ਤੋਂ ਵਰੋਸਾਏ ਭਾਈ ਗੁਰਦਾਸ ਜੀ ਦੇ ਖ਼ਾਨਦਾਨ ਤੇ ਨਾਦੀ ਸੰਪ੍ਰਦਾਈ ਵਿੱਚੋਂ ਹਨ। ਇਨ੍ਹਾਂ ਦੀ ਬਹੁਤ ਦੂਰ ਤੱਕ ਸਿੱਖੀ ਸੇਵਕੀ ਇਨ੍ਹਾਂ ਨੂੰ ਮੰਨਣ ਪੂਜਣ ਵਾਲੀ ਦਸਵੰਧ ਦੀ ਮਾਇਆ ਅਰਪ ਮਨੋਕਾਮਨਾ ਪੂਰੀਆਂ ਕਰਵਾਉਂਦੀ ਹੈ। ਇਹ ਭਾਈ ਕੇ ਖ਼ਾਨਦਾਨ ਨਾਮ ਨਾਲ ਪ੍ਰਸਿੱਧ ਹਨ। ਜਿਨ੍ਹਾਂ ਵਿੱਚ ਭਾਈ ਮਈਆ ਦਾਸ ਚੰਗੀ ਕਰਨੀ ਵਾਲੇ ਬਜ਼ੁਰਗ ਹੋਏ ਹਨ, ਜੋ ਆਪਣੇ ਸਮੇਂ ਆਲ ਇੰਡੀਆ ਸਹਿਜਧਾਰੀਆਂ ਦੇ ਪ੍ਰਧਾਨ ਵੀ ਸਨ। ਇਸ ਪਿੰਡ ਵਿੱਚ ਇਨ੍ਹਾਂ ਦੀ ਸਮਾਧੀ ਬਣੀ ਹੈ ਜਿਸ ਦੀ ਲੋਕ ਸੁੱਖਣਾ ਸੁੱਖ ਸੰਸਾਰਕ ਪਦਾਰਥ ਪ੍ਰਾਪਤ ਕਰਦੇ ਹਨ।

ਇਨ੍ਹਾਂ ਦਾ ਭਰਾ ਭਾਈ ਸੁੰਦਰ ਦਾਸ ੧੯੪੭ ਦੀ ਵੰਡ ਸਮੇਂ ਦਿੱਲੀ ਆ ਗਿਆ। ਸ. ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦਾ ਪਰਮ ਮਿੱਤ੍ਰ ਤੇ ਇਮਾਰਤੀ ਬਿਲਡਿੰਗਾਂ ਦਾ ਠੇਕੇਦਾਰ ਸੀ। ਵੈਸ਼ਨੋ ਖ਼ਿਆਲਾਂ ਦਾ ਹੋਣ ਕਰ ਕੇ ਸ. ਮੋਹਨ ਸਿੰਘ ਜੀ ਦੇ ਨਾਲ ਵਿਦੇਸ਼ਾਂ ਵਿੱਚ ਜਾਣ ਸਮੇਂ ਇੱਕੋ ਜਗ੍ਹਾ ਠਹਿਰਣਾ ਕਿਉਂਕਿ ਦੋਵੇਂ ਸੱਜਣ ਖੁੱਲ੍ਹੇ ਤੇ ਆਮ ਹੋਟਲਾਂ ਦੇ ਖਾਣੇ ਨਹੀਂ ਵਰਤਦੇ ਸਨ। ਭਾਈ ਸੁੰਦਰ ਦਾਸ ਦੇ ਅੱਗੇ ਪੰਜ ਪੁੱਤਰ ਸਨ। ਜਿਨ੍ਹਾਂ ਵਿੱਚੋਂ ਭਾਈ ਸੁਰਜੀਤ ਸਿੰਘ ਵੀ ਠੇਕੇਦਾਰੀ ਦਾ ਕੰਮ ਕਰਦਾ ਹੈ। ਦਿੱਲੀ ਆਪਣੀ ਸੁੰਦਰ ਕੋਠੀ ਤੇ ਪਾਸ ਕਾਰ ਹੈ। ਸਾਰੇ ਹੀ ਭਰਾਵਾਂ ਦਾ ਵੱਖੋ ਵੱਖਰਾ ਕੰਮ ਹੈ। ਇਸ ਦੀ ਬੱਚੀ ਬੀਬੀ ਪਰਬੀਨ ਕੌਰ ਬੀ. ਏ. ਗੁਰੂ ਘਰ ਦੀ ਸਾਦਕ, ਗੁਰਬਾਣੀ ਦੀ ਨਿੱਤਨੇਮਣ, ਵੈਸ਼ਨਵ ਖ਼ਿਆਲੀ, ਰੋਜ਼ ਗੁਰੂ ਦਰਬਾਰ ਨੂੰ ਨਮਸ਼ਕਾਰ ਕਰ ਜਲ ਪਾਣੀ ਛਕਣ ਵਾਲੀ ਸੁਭਾਗਨ ਦੀ ਸ਼ਾਦੀ ਸ. ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦੇ ਵੱਡੇ ਪੋਤਰੇ ਸ. ਦਲਜੀਤ ਸਿੰਘ ਦੇ ਸਪੁੱਤਰ ਸ. ਅਜੀਤ ਸਿੰਘ (ਬੌਬੀ)ਨਾਲ ਹੋਈ। ਦਿੱਲੀ ਦੇ ਦੀਵਾਨਾਂ ਸਮੇਂ ਜਥੇ ਦੀ ਭਾਵਨਾ ਨਾਲ ਹੱਥੀਂ ਸੇਵਾ ਕਰਨੀ।

ਕਰਮਸਰ ਅਸਥਾਨ ਦੀ ਰਚਨਾ (ਵੱਡਾ ਹਾਲ ਕਮਰਾ)

ਰਾੜੇ ਪਿੰਡ ਵਲ ਜੋ ਵੱਡਾ ਛੱਪਰ ਸੀ ਇਸ ਦੀ ਜਗ੍ਹਾ ਤੇ ੧੯੬੩ ਈ. ਵਿੱਚ ਹਾਲ ਕਮਰਾ ਬਣਾ ਦਿੱਤਾ ਜਿਸ ਦੀ ਅੰਦਰੋਂ ਲੰਬਾਈ ੧੦੮ ਫੁੱਟ ਅਤੇ ਚੌੜਾਈ ੩੩ ਫੁੱਟ ਹੈ। ਤਿੰਨ ਪਾਸੇ ੧੦ ਫੁੱਟ ਚੌੜਾ ਬਰਾਂਡਾ ਹੈ। ਇਸ ਜਗ੍ਹਾ ਸਿਆਲੇ ਦੀ ਮੌਸਮ ਵਿੱਚ ਅਤੇ ਬਾਰਸ਼ਾਂ ਦੇ ਸਮੇਂ ਜੋੜ ਮੇਲੇ ਨੂੰ ਪਹਿਲਾਂ ਦੀਵਾਨ ਸਜਦਾ ਸੀ। ਆਮ ਦਿਨਾਂ ਵਿੱਚ ਆਈ ਗਈ ਸੰਗਤ ਆਰਾਮ ਕਰਦੀ ਹੈ।

ਗੈਰਜ

ਇਸੇ ਸਾਲ ਸੰਤ ਜੀ ਮਹਾਰਾਜ ਦੀ ਗੱਡੀ ਵਾਸਤੇ ੧੫ ਫੁੱਟ ਚੌੜਾ ਤੇ ੨੭ ਫੁੱਟ ਲੰਮਾ ਗੈਰਜ ਤਿਆਰ ਕੀਤਾ। ਨਾਲ ਜਥੇ ਦੇ ਸਿੰਘਾਂ ਦੀ ਗੱਡੀ ਵਾਸਤੇ ਵੀ ਇਤਨਾ ਵੱਡਾ ਹੋਰ ਗੈਰਜ ਬਣਾਇਆ। ਇੱਕ ਹੋਰ ਗੈਰਜ ਬਣਿਆ ਜਿੱਥੇ ਹਜ਼ੂਰ ਦੇ ਹਜ਼ੂਰੀਏ ਡ੍ਰਾਈਵਰ ਭਾਈ ਹਜ਼ੂਰਾ ਸਿੰਘ ਦੀ ਰਿਹਾਇਸ਼ ਹੈ। ਇਸ ਵਿੱਚ ਜੀਪ ਖੜੋਂਦੀ ਸੀ। ਇਹ ੨੧ ਫੁੱਟ ਚੌੜਾ ਤੇ ੨੭ ਫੁੱਟ ਲੰਮਾ ਹੈ।

ਗੁਰਦੁਆਰਾ ਸਾਹਿਬ

ਇਸ ਕੰਮ ਦੀ ਸਮਾਪਤੀ ਤੋਂ ਬਾਅਦ ਦਿਨ ਬਦਿਨ ਸੰਗਤਾਂ ਦਾ ਇਕੱਠ ਬਹੁਤ ਵਧਦਾ ਜਾਣ ਕੇ ਜੋ ਪਹਿਲੇ ਗੁਰਦੁਆਰੇ ਸਾਹਿਬ ਵਿੱਚ ਜਗ੍ਹਾ ਥੋੜ੍ਹੀ ਹੋਣ ਕਰ ਕੇ ਨਹੀਂ ਸੀ ਬੈਠ ਸਕਦੀ, ਉਸ ਜਗ੍ਹਾ ਵੱਡਾ ਦਰਬਾਰ ਸਾਹਿਬ ਬਨਾਉਣ ਦਾ ਵਿਚਾਰ ਕੀਤਾ। ਗੁਰੂ ਮਹਾਰਾਜ ਦਾ ਪ੍ਰਕਾਸ਼ ਵੱਡੇ ਹਾਲ ਕਮਰੇ ਵਿੱਚ ਕਰ ਕੇ ੧੯੬੭ ਨੂੰ ਪਹਿਲਾਂ ਦਰਬਾਰ ਸਾਹਿਬ ਦਾ ਅਸਥਾਨ ਸਮਾਪਤ ਕਰ ਕੇ ਵੱਡਾ ਗੁਰ ਅਸਥਾਨ ਬਨਾਉਣ ਦੀ ਨੀਂਹ ਰੱਖੀ। ਇਸ ਸੇਵਾ ਤੇ ਜੋ ਢਾਈ ਸਾਲ ਚੱਲਦੀ ਰਹੀ, ਸੱਤ ਲੱਖ ਰੁਪਿਆ ਖ਼ਰਚ ਆ ਗਿਆ। ਇਹ ਅੰਦਰੋਂ ੭੪ ਫੁੱਟ ਲੰਮਾ ਤੇ ੫੪ ਫੁੱਟ ਚੌੜਾ ਹੈ। ਇਸ ਦੇ ਵੀ ਤਿੰਨੇ ਪਾਸੇ ੮ ਫੁੱਟ ਚੌੜਾ ਬਰਾਂਡਾ ਹੈ। ਉੱਪਰ ਚਾਰੇ ਨੁਕਰਾਂ ਤੇ ਛੇ ਫੁੱਟ ਮੁਰੱਬਾ ਚਾਰ ਬੁਰਜ ਹਨ। ਪੰਜਵਾਂ ਵਿਚਕਾਰਲਾ ਬੁਰਜ ਦਸ ਫੁੱਟ ਮੁਰੱਬਾ ਹੈ। ਚੌਹਾਂ ਨੁਕਰਾਂ ਵਾਲੇ ਬੁਰਜਾਂ ਦੇ ਉੱਪਰ ਵੀ ਗੁੰਬਜ ਹਨ। ਪੰਜਵੇਂ ਉੱਪਰ ਵੀ ਵੱਡਾ ਗੁੰਬਜ਼ ਹੈ। ਸਾਰਿਆਂ ਉੱਪਰ ਸੁਨਿਹਿਰੀ ਕਲਸ ਚੜੇ ਪ੍ਰਕਾਸ਼ ਰਹੇ ਹਨ। ਨਾਲ ਹੀ ਨਿਸ਼ਾਨ ਸਾਹਿਬ ਲਹਿਰਾਉਂਦਾ ਭੁੱਖੇ ਪਿਆਸੇ ਮੁਸਾਫ਼ਰਾਂ ਨੂੰ ਸੱਦਾ ਮਾਰਦਾ ਹੈ ਕਿ ਆਉ ਏਥੇ ਲੰਗਰ ਛਕੋ, ਆਰਾਮ ਕਰੋ, ਕਥਾ ਕੀਰਤਨ ਸੁਣੋ, ਮਨੁੱਖਾ ਜਨਮ ਸਫ਼ਲਾ ਕਰੋ। ਇਹ ਗੁਰੂ ਨਾਨਕ ਦਾ ਦਰਬਾਰ ਹੈ ਜੋ ਸਾਰਿਆਂ ਦਾ ਸਾਂਝਾ ਰਹਿਬਰ ਹੈ। ਏਥੇ ਕਿਸੇ ਨੂੰ ਆਉਣ ਜਾਣ ਦੀ ਰੋਕ ਨਹੀਂ। ਸਭਨਾਂ ਵਾਸਤੇ ਖੁੱਲ੍ਹਾ ਦਰਵਾਜਾ ਹੈ।

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥ *(ਆਝ ਮਃ ੫ - ੯੭)*

ਇਸੇ ਤਰ੍ਹਾਂ ੧੯੬੯ ਈ. ਵਿੱਚ ਰਾੜੇ ਪਿੰਡ ਦੇ ਪਾਸੇ ਵੱਡੇ ਹਾਲ ਵਾਲੀ ਲਾਈਨ ਵਿੱਚ ਗੈਰਜ ਦੇ ਕੋਲ ਅੱਠ ਕਮਰੇ ਵੀਹ ਫੁੱਟ ਲੰਮੇ, ਬਾਰਾਂ ਫੁੱਟ ਚੌੜੇ ਹੋਰ ਤਿਆਰ ਕੀਤੇ। ਮਗਰ ਅੱਠ ਫੁੱਟ ਚੌੜੇ ਬਾਰਾਂ ਫੁੱਟ ਲੰਮੇ ਫ਼ਲੱਸ਼ਾਂ ਸਮੇਤ ਗ਼ੁਸਲਖ਼ਾਨੇ ਹਨ। ਸਾਰਿਆਂ ਅੱਗੇ ਦਸ ਫੁੱਟ ਚੌੜਾ ਬਰਾਂਡਾ ਹੈ।

ਪਿੰਗਲਵਾੜਾ

੧੯੭੦ ਈ. ਵਿੱਚ ਬੁੱਢਿਆਂ ਦੀ ਰਿਹਇਸ਼ ਵਾਸਤੇ ਜਿਨ੍ਹਾਂ ਨੂੰ ਘਰਾਂ ਤੋਂ ਪੁੱਤਰ ਪੋਤਰਿਆਂ ਵਲੋਂ ਤ੍ਰਿਸਕਾਰਿਆ ਜਾਂਦਾ ਹੈ, ਉਹ ਏਥੇ ਆ ਕੇ ਨਿਵਾਸ ਰੱਖਦੇ ਹਨ। ਰੋਟੀ, ਕੱਪੜਾ, ਚਾਹ, ਦੁੱਧ ਤੇ ਅਰਾਮ ਦੀ ਸਹੂਲਤ ਹੈ। ਨਾਲ ਹੀ ਸੇਵਾਦਾਰ ਦਿੱਤੇ ਹਨ। ਇਹ ੯ ਫੁੱਟ ਲੰਮੇ ਦਸ ਫੁੱਟ ਚੌੜੇ ਤੀਹ ਕਮਰੇ ਬਣੇ ਹਨ। ਸਾਰਿਆਂ ਅੱਗੇ ੮ ਫੁੱਟ ਦਾ ਬਰਾਂਡਾ ਬਣਿਆ ਹੈ।

ਇਨ੍ਹਾਂ ਦੇ ਨਾਲ ਇੱਕ ਹੋਰ ਕਮਰਾ ਲਤਾਲੇ ਪਿੰਡ ਦੇ ਬਾਬਾ ਫੁੰਮਨ ਸਿੰਘ ਨੇ ਆਪਣੀ ਰਿਹਾਇਸ਼ ਵਾਸਤੇ ਬਣਾਇਆ। ਇੱਕ ੧੨ ਫੁੱਟ ਚੌੜਾ ੨੪ ਫੁੱਟ ਲੰਮਾ ਮਿਸਤ੍ਰੀਆਂ ਦੇ ਕੰਮ ਕਰਨ ਵਾਸਤੇ ਕਾਰਖਾਨਾ ਹੈ, ਜਿਸ ਵਿੱਚ ਲੋੜ ਅਨੁਸਾਰ ਹਰੇਕ ਸੰਦ ਮੌਜੂਦ ਹੈ। ਡੇਰੇ ਦੀ ਫ੍ਰੀ ਸੇਵਾ ਕਰਨ ਵਾਲੇ ਰਾਮਗੜ੍ਹੀਏ ਬਿਹੰਗਮ ਸਾਧੂ ਰਹਿੰਦੇ ਹਨ।

ਇਸੇ ਤਰ੍ਹਾਂ ਅੰਦਰਲੇ ਖੂਹ ਤੇ ੧੯੬੯ ਈ. ਵਿੱਚ ੨੨ ਫੁੱਟ ਲੰਮਾ ਤੇ ਦਸ ਫੁੱਟ ਚੌੜਾ ਕਮਰਾ ਤਿਆਰ ਕੀਤਾ ਹੈ। ਜਿਸ ਦੇ ਹੇਠਾਂ ਗੱਡੀ ਖੜੀ ਕਰਨ ਵਾਸਤੇ ਗੈਰਜ, ਤੇ ਉੱਪਰ ਸੇਵਾਦਾਰ ਵਾਸਤੇ ਚੁਬਾਰਾ ਹੈ। ਇਸ ਤੋਂ ਪਹਿਲਾਂ ੧੯੪੪ ਈ. ਨੂੰ ਜਦੋਂ ਏਸੇ ਖੂਹ ਵਿੱਚ ਬਿਜਲੀ ਵਾਸਤੇ ਇੰਜਨ ਲੱਗਿਆ ਸੀ ਜੋ ਨਾਲ ਬਾਗ਼ ਨੂੰ ਪਾਣੀ ਦਿੰਦਾ ਸੀ। ਉਸ ਮੋਟਰ ਵਾਸਤੇ ਬਾਰਾਂ ਫੁੱਟ ਮੁਰੱਬਾ ਕਮਰਾ ਬਣਾਇਆ। ਇੱਕ ਹੋਰ ੧੨ ਫੁੱਟ ਚੌੜਾ ਤੇ ਵੀਹ ਫੁੱਟ ਲੰਮਾ ਸਟੋਰ ਤਿਆਰ ਕੀਤਾ।

ਇਸੇ ਤਰ੍ਹਾਂ ਲੰਗਰ ਦੇ ਨਾਲ ਵੀ ੧੯੬੪ ਵਿੱਚ ੧੧ ਫੁੱਟ ਮੁਰੱਬਾ ਚਾਰ ਕਮਰੇ ਬਣਾਏ ਉਨ੍ਹਾਂ ਅੱਗੇ ਸੱਤ ਫੁੱਟ ਦਾ ਬਰਾਂਡਾ ਤਿਆਰ ਕੀਤਾ। ਫੇਰ ਏਥੇ ੧੯੭੬ ਈ. ਨੂੰ ਹੋਰ ੧੧ ਫੁੱਟ ਮੁਰੱਬਾ ਤਿੰਨ ਕਮਰੇ ਬਣੇ। ਇੱਕ ਕਮਰਾ ੯ ਫੁੱਟ ਚੌੜਾ ਤੇ ੧੧ ਫੁੱਟ ਲੰਮਾ ਸਟੋਰ ਵਾਸਤੇ ਹੋਰ ਬਣਾਇਆ। ਸਾਰਿਆਂ ਅੱਗੇ ਅੱਠ ਫੁੱਟ ਚੌੜਾ ਬਰਾਂਡਾ ਤੇ ਗੁਸਲਖਾਨਾ ਵੱਖਰਾ ਹੈ। ਚਾਰੇ ਪਾਸੇ ਉੱਚੀ ਚਾਰ ਦੀਵਾਰੀ ਕੀਤੀ ਹੈ।

੧੯੭੨ ਈ. ਵਿੱਚ ਨਹਿਰ ਵਾਲੇ ਪਾਸੇ ਮਸਤਾਨੀ ਮਾਈ ਵੱਲੋਂ ਹੋਈ ਸੇਵਾ ਦੇ ਹਾਲ ਕਮਰੇ ਨਾਲ ਇੱਕ ਹੋਰ ਵੱਡਾ ਹਾਲ ਕਮਰਾ ਤਿਆਰ ਕੀਤਾ, ਜਿਸ ਦੀ ਲੰਬਾਈ ੧੧੦ ਫੁੱਟ ਤੇ ਚੌੜਾਈ ੨੨ ਫੁੱਟ ਹੈ। ਇਸ ਦੀ ਸੇਵਾ ਵਿੱਚ ਸ. ਮੇਹਰ ਸਿੰਘ ਜਹਾਜ਼ਾਂ ਵਾਲੇ ਪਟਿਆਲਾ ਦੇ ਘਰੋਂ ਬੀਬੀ ਦਲਜੀਤ ਕੌਰ ਥਾਂਧੀ ਨੇ ਪੰਜਾਹ ਹਜ਼ਾਰ ਰੁਪਿਆ ਦਿੱਤਾ। ਇਸ ਦੇ ਸਾਹਮਣੇ ੧੯੭੫ ਈ. ਵਿੱਚ ਲਕੜੀ ਦੇ ਫੱਟੇ ਤੇ ਹੋਰ ਇਮਾਰਤੀ ਸਮਾਨ ਰੱਖਣ ਦਾ (ਸਟੋਰ) ਵੱਡਾ ਹਾਲ ਕਮਰਾ ਬਣਾਇਆ ਜੋ ਅੰਦਰੋਂ ੭੨ ਫੁੱਟ ਲੰਮਾ ਤੇ ੨੪ ਫੁੱਟ ਚੌੜਾ ਹੈ। ਇਸ ਦੇ ਨਾਲ ਹੀ ੧੯੭੫ ਈ. ਵਿੱਚ ਤੀਹ ਫੁੱਟ ਲੰਮੇ ੨੨ ਫੁੱਟ ਚੌੜੇ ਦਰਸ਼ਨੀ ਡਿਊੜੀ ਦੇ ਸੱਜੇ ਖੱਬੇ ਦੋ ਕਮਰੇ ਜੋੜ ਮੇਲਿਆਂ ਦੋ ਸਮੇਂ ਜੋੜਿਆਂ ਵਾਸਤੇ ਬਣਾਏ।

ਦਰਸ਼ਨੀ ਡਿਊਢੀ ਅਤੇ ਘੰਟਾ ਘਰ

ਨਹਿਰ ਵਾਲੇ ਪਾਸੇ ਬਾਹਰਲੇ ਗੇਟ ਦੇ ਉੱਪਰ ਦਰਸ਼ਨੀ ਡਿਊਢੀ ਬਨਾਉਣ ਵਾਸਤੇ ੧੪ ਫੁੱਟ ਚੌੜਾ ਗੇਟ ਰੱਖ ਕੇ ਉਸ ਉੱਪਰ ੧੪ ਫੁੱਟ ਚੌੜਾ ੨੦ ਫੁੱਟ ਲੰਮਾ ਕਮਰਾ ਬਣਾਇਆ ਜਿਸ ਦੇ ਉੱਪਰ ੧੦੫ ਫੁੱਟ ਤੇ ਗੁੰਬਜ਼ ਲਗਾ ਕੇ ਘੰਟਾ ਘਰ ਬਣਾਇਆ।

ਲੰਗਰ ਦੀ ਸੇਵਾ

ਸੰਗਤਾਂ ਦੀ ਆਵਾਜਾਈ ਵਧਣ ਦੇ ਕਾਰਨ ਲੰਗਰ ਦਾ ਖ਼ਰਚਾ ਵੀ ਵੱਧ ਗਿਆ ਨਾਲ ਹੀ ਲੋਹਾਂ ਤੇ ਦੇਗਿਆਂ ਦੀਆਂ ਭੱਠੀਆਂ ਵਾਸਤੇ ਹੋਰ ਖੁੱਲ੍ਹੀ ਜਗ੍ਹਾ ਬਣਾਉਣੀ ਪਈ। ਕਿਉਂਕਿ ਸਮਾਨ ਰੱਖਣ ਵਾਸਤੇ ਪ੍ਰਸ਼ਾਦੇ ਪਕਾਉਣ ਵਾਸਤੇ ਜਗ੍ਹਾ ਬਹੁਤ ਥੋੜ੍ਹੀ ਸੀ ਅਤੇ ਪ੍ਰਸ਼ਾਦਾ ਛੱਕਣ ਸਮੇਂ ਵੀ ਸੰਗਤ ਦੇ ਬੈਠਣ ਦੀ ਦਿੱਕਤ ਮਹਿਸੂਸ ਕਰ ਦਿਆਲੂ ਮਹਾਂਪੁਰਸ਼ਾਂ ਨੇ ਲੰਗਰ ਦੀ ਬਿਲਡਿੰਗ ਨੂੰ ਹੋਰ ਵਧੇਰੇ ਖੁੱਲ੍ਹਿਆਂ ਕੀਤਾ। ਲੰਗਰ ਤਿਆਰ ਕਰਨ ਵਾਸਤੇ ਲੋਹਾਂ ਤੇ ਭੱਠੀਆਂ ਵਾਲਾ ਵੱਡਾ ਕਮਰਾ ੧੨੫ ਫੁੱਟ ਲੰਮਾ ਤੇ ੨੨ ਫੁੱਟ ਚੌੜਾ ਹੈ। ਪੰਜਾਹ ਪੰਜਾਹ ਪ੍ਰਸ਼ਾਦੇ ਇੱਕੋ ਵਾਰੀ ਪੈ ਜਾਣ ਵਾਲੀਆਂ ਤੇਰਾਂ ਲੋਹਾਂ ਹਨ ਜੋ ਜੋੜ ਮੇਲਿਆਂ ਨੂੰ ਤਪਦੀਆਂ ਹਨ। ਦਾਲਿਆਂ ਦੇ ਦੇਗਿਆਂ ਵਾਸਤੇ ਕਈ ਭੱਠੀਆਂ ਹਨ, ਵੱਡੇ ਵੱਡੇ ਦੇਗੇ ਵੀ ਕਈ ਹਨ ਜਿਨ੍ਹਾਂ ਵਿੱਚ ਇੱਕ ਪੰਜ ਫੁੱਟ ਉੱਚਾ ਵੱਡਾ ਦੇਗਾ ਖੁੱਲ੍ਹੇ ਘੇਰੇ ਵਾਲਾ ਹੈ ਜਿਸ ਦੇ ਖ਼ਾਲੀ ਦਾ ਵਜਨ ਹੀ ਕੁਇੰਟਲ ਹੋਵੇਗਾ। ਮੋਟੀ ਚਾਦਰ ਲਾਈ ਹੈ ਜਗ੍ਹਾ ਤੇ ਪਏ ਨੂੰ ਹੀ ਸਾਫ਼ ਕਰਦੇ ਹਨ। ਇੱਕੋ ਵਾਰ ਕੁਇੰਟਲ ਦਾਲ ਰਿਝ ਜਾਂਦੀ ਹੈ। ੪੨ ਪੀਪੇ ਪਾਣੀ ਪੈਂਦਾ ਹੈ। ੧੫ ਪੀਪਿਆਂ ਵਾਲੇ ਚਾਰ ਦੇਗੇ ਹੋਰ ਹਨ। ਇਸ ਤੋਂ ਛੋਟਿਆਂ ਦੀ ਗਿਣਤੀ ਨਹੀਂ ਕੀਤੀ। ਇਸ ਲੰਗਰ ਦੇ ਇੱਕ

ਪਾਸੇ ੧੨ ਫੁੱਟ ਚੌੜਾ ਬਰਾਂਡਾ ਹੈ। ਧੂੰਆਂ ਨਿਕਲਣ ਵਾਸਤੇ ਇਸ ਦੀ ਛੱਤ ਵੀਹ ਫੁੱਟ ਉਚੀ ਰੱਖੀ ਹੈ। ਇਹ ਸੇਵਾ ੧੯੭੩ ਈ. ਵਿੱਚ ਹੋਈ। ਇਸ ਦੇ ਨਾਲ ਹੀ ੧੯੭੬ ਈ. ਵਿੱਚ ਲਾਂਗਰੀ ਸਿੰਘਾਂ ਨੇ ਇਸ਼ਨਾਨ ਵਾਸਤੇ ੧੨ ਫੁੱਟ ਲੰਮਾ ੭ ਫੁੱਟ ਚੌੜਾ ਗ਼ੁਸਲਖਾਨਾ ਤਿਆਰ ਕੀਤਾ ਹੈ। ਪਾਣੀ ਦੀ ਮੋਟਰ ਵਾਲਾ ੧੨ ਫੁੱਟ ਮੁਰੱਬਾ ਵੱਖਰਾ ਹੈ। ਪਸ਼ੂਆਂ ਵਾਲੇ ਕਮਰਿਆਂ ਉੱਪਰ ਸੰਤ ਬਾਬਾ ਭਜਨ ਸਿੰਘ ਜੀ ਮੁਫ਼ਤ ਦਵਾਈ ਬੂਟੀ ਕਰਦੇ, ਪਾਠ ਤੇ ਕੀਰਤਨ ਦੀ ਸਿਖਲਾਈ ਬੜੇ ਪਿਆਰ ਨਾਲ ਕਰਾਉਂਦੇ ਹਨ। ਬਾਬਾ ਅਮਰ ਸਿੰਘ ਜੀ ਭੀ ਬਾਬਾ ਭਜਨ ਸਿੰਘ ਦੇ ਪਾਸ ਰਹਿ ਕੇ ਵਿੱਦਿਆ ਤੇ ਹਿਕਮਤ ਸਿਖੇ। ਲੇਖਕ ਤੋਂ ਪੜ੍ਹੇ। ਅੱਗੇ ਵਿੱਦਿਆ ਪੜ੍ਹਾਉਂਦੇ, ਸਾਜ ਸਿਖਾਉਂਦੇ, ਨਿਰਛਤ ਅਸਥਾਨ ਦੀ ਸੇਵਾ ਤੇ ਦਵਾਈ ਬੂਟੀ ਕਰਦੇ ਹਨ। ਲੇਖਕ ਦੀ ਗੈਰਹਾਜ਼ਰੀ ਵਿੱਚ ਕਥਾ ਭੀ ਕਰਦੇ ਹਨ। ਪੰਜਾਬ ਐਂਡ ਸਿੰਧ ਬੈਂਕ ਤੇ ਇੱਕ ਹੋਰ ਬੈਂਕ ਤੇ ਡਾਕਖਾਨਾ ਭੀ ਪਾਸ ਹੈ।

ਪਸ਼ੂਆਂ ਵਾਸਤੇ ਹਾਲ ਕਮਰਾ

੧੯੬੦ ਈ. ਵਿੱਚ ਗੁਰੂ ਘਰ ਦੇ ਪਸ਼ੂਆਂ ਵਾਸਤੇ ੨੨ ਫੁੱਟ ਚੌੜਾ ਤੇ ੧੦੦ ਫੁੱਟ ਲੰਮਾ ਹਵਾ ਵਾਸਤੇ ਬਾਰੀਆਂ ਰੱਖ ਕੇ ਪੱਕਾ ਹਾਲ ਕਮਰਾ ਤਿਆਰ ਕੀਤਾ। ਉੱਪਰ ਸੇਵਾਦਾਰਾਂ ਦੀ ਰਿਹਾਇਸ਼ ਵਾਸਤੇ ੨੨ ਫੁੱਟ ਮਰੱਬਾ ਚੁਬਾਰਾ ਹੈ। ੫੦ ਫੁੱਟ ਲੰਮਾ ਤੇ ੨੨ ਫੁੱਟ ਚੌੜਾ ਤੂੜੀ ਵਾਸਤੇ ਕਮਰਾ ਬਣਾਇਆ ਹੈ। ਇਸ ਦੇ ਉੱਪਰ ਦੀ ਪੌੜੀ ਲਾ ਕੇ ਤੂੜੀ ਪਾਉਂਦੇ ਹਨ ਹੇਠਾਂ ਦੀ ਕੱਢਦੇ ਹਨ। ਪਸ਼ੂਆਂ ਦੀ ਰਿਹਾਇਸ਼ ਵਾਲੇ ਕਮਰੇ ਵਿੱਚ ਪਾਣੀ ਦੀ ਟੂਟੀ ਹੇਠਾ ਪੱਕਾ ਫਰਸ਼ ਤੇ ਪਸ਼ੂਆਂ ਦਾ ਪਿਸ਼ਾਬ ਨਿਕਲਣ ਵਾਸਤੇ ਪਿੱਛੇ ਪੱਕੀ ਨਾਲੀ ਹੈ।

ਇਸ ਤਰ੍ਹਾਂ ਦੱਖਣ ਦੀ ਬਾਹੀ ਦੇ ਫਾਟਕ ਕੋਲ ੧੯੭੦ ਈ. ਵਿੱਚ ਦਸ ਫੁੱਟ ਮੁਰੱਬੇ ਦੇ ਦੋਹੀਂ ਪਾਸੀਂ ਕਮਰੇ ਬਣਾ ਕੇ ਉੱਪਰ ਚੁਬਾਰੇ ਪਾ ਦਿੱਤੇ। ੫੨ ਬੈੱਡ ਵਾਲਾ ਹਸਪਤਾਲ ਬਣਿਆ ਹੈ ਜੋ ਤਿੰਨ ਮੰਜ਼ਲਾ ਲਿਫਟ ਸਿਸਟਮ ਵਾਲਾ ਹੈ। ਐਕਸਰੇ ਤੇ ਆਪ੍ਰੇਸ਼ਨ ਦਾ ਖ਼ਾਸ ਪ੍ਰਬੰਧ ਹੈ। ਸੂਝਵਾਨ ਡਾਕਟਰ ਤੇ ਸਟਾਫ ਭਾਵਨਾ ਨਾਲ ਸੇਵਾ ਕਰਦਾ ਹੈ। ਨਹਿਰ ਦੇ ਵੱਡੇ ਪੁਲ ਕੋਲ ਜਿੱਥੇ ਬੱਸ ਸਟੈਂਡ ਹੈ ਅੱਡ ਅੱਡ ਰੂਟਾਂ ਤੇ ਜਾਣ ਵਾਲੀਆਂ ਸ਼ਾਮ ਨੂੰ ੧੧ ਬੱਸਾਂ ਆ ਕੇ ਖੜਦੀਆਂ ਹਨ। ਅਸਥਾਨ ਦੀ ਹਦੂਦ ਅੰਦਰ ਦਸ ਫੁੱਟ ਚੌੜੀਆਂ ਵੀਹ ਫੁੱਟ ਲੰਮੀਆਂ ਸੱਤ ਦੁਕਾਨਾਂ ਬਣਾ ਦਿੱਤੀਆਂ, ਜਿੱਥੇ ਚਾਹ ਦੁੱਧ, ਕੱਪੜਾ, ਕਰਿਆਨਾ ਤੇ ਹੋਰ ਮੁਨਿਆਰੀ ਦਾ ਸਾਰਾ ਸਾਮਾਨ ਮਿਲਦਾ ਹੈ। ਪਟਰੌਲ ਪੰਪ ਤੇ ਸਕੂਟਰਾਂ ਸਾਈਕਲਾਂ ਤੇ ਟਰੈਕਟਰਾਂ ਦੀ ਮੁਰੰਮਤ ਵੀ ਹੁੰਦੀ ਹੈ। ਇਨ੍ਹਾਂ ਦੁਕਾਨਾਂ ਤੇ ਗੁਰਮਤ ਤੋਂ ਵਿਰੁੱਧ ਨਸ਼ਿਆਂ ਦੀ ਵਰਤੋਂ ਕਰਨੀ, ਵੇਚਨਾ ਜਾਂ ਕੋਲ ਲੈ ਕੇ ਜਾਣ ਦੀ ਸਖ਼ਤ ਮਨਾਹੀ ਹੈ। ਇਸ ਤੋਂ ਪਰੇ ਘਣਗਸ ਪਿੰਡ ਦੀਆਂ ਹੋਰ ਦੁਕਾਨਾਂ ਹਨ ਇਉਂ ਸ਼ਹਿਰ ਵਾਂਗ ਦੁਕਾਨਾਂ ਦਾ ਬਾਜ਼ਾਰ ਹੈ ਤੇ ਫ਼ਸਲ ਸਮੇਂ ਦਾਣਾ ਮੰਡੀ ਵੀ ਹੈ।

ਹੋਰ ਰਚਨਾ

ਨਹਿਰ ਵਲੋਂ ਅਸਥਾਨ ਦੇ ਅੰਦਰ ਆਉਣ ਸਮੇਂ ਦਰਸ਼ਨੀ ਡਿਉੜੀ ਤੋਂ ਖੱਬੇ ਪਾਸੇ ਛੋਟੇ ਸੰਤ ਜੀ ਮਹਾਰਾਜ ਦੇ ਕਮਰੇ ਵੱਲ ੧੦ ਫੁੱਟ ਚੌੜੇ ੨੨ ਫੁੱਟ ਲੰਮੇ ਚਾਰ ਕਮਰੇ ਬਣੇ ਹਨ। ਇੱਕ ੧੮ ਫੁੱਟ ਚੌੜਾ ੨੨ ਫੁੱਟ ਲੰਮਾ ਸਟੋਰ ਹੈ ਇੱਕ ੨੦ ਫੁੱਟ ਮਰੱਬਾ ਭੋਰੇ ਸਮੇਤ ਛੋਟੇ ਮਹਾਰਾਜ ਜੀ ਦਾ ਕਮਰਾ ਬਣਿਆ ਹੈ। ਸਭਨਾਂ ਦੇ ਅੱਗੇ ਦਸ ਫੁੱਟ ਚੋੜਾ ਬਰਾਂਡਾ ਹੈ। ਇਹ ਸਾਰੇ ਕਮਰੇ ਡਬਲ ਸਟੋਰੀ ਹਨ ਉੱਪਰ ਵੀ ਇਸੇ ਤਰ੍ਹਾਂ ਬਰਾਂਡਾ ਹੈ।

ਇਨ੍ਹਾਂ ਤੋਂ ਅੱਗੇ ਜਿੱਥੇ ਛੋਟੇ ਸੰਤ ਜੀ ਮਹਾਰਾਜ ਦੀ ਰਿਹਾਇਸ਼ ਹੈ, ਇਹ ੨੦ ਫੁੱਟ ਚੌੜਾ ਤੇ ਤੀਹ ਫੁੱਟ ਲੰਮਾ ਕਮਰਾ ਹੈ। ਉੱਪਰ ਵੀ ਇਤਨਾ ਹੀ ਹੈ। ਇਸ ਤੋਂ ਅੱਗੇ ੧੦ ਫੁੱਟ ਚੌੜਾ ੨੨ ਫੁੱਟ ਲੰਮਾ ਇੱਕ ਹੋਰ ਕਮਰਾ ਹੈ, ਜਿਸ ਨੂੰ ਸ. ਵਰਿਆਮ ਸਿੰਘ ਦਿੱਲੀ ਵਾਲੇ ਨੇ ਆਪਣੀ ਰਿਹਾਇਸ਼ ਵਾਸਤੇ ਬਣਾਇਆ। ਇਸ ਤੋਂ ਅੱਗੇ ਦਿੱਲੀ ਵਾਲੇ ਸ. ਮੋਹਨ ਸਿੰਘ ਜੀ ਕੋਕਾ ਕੋਲਾ ਵਾਲਿਆਂ ਦੇ ਪ੍ਰਵਾਰ ਨੇ ਆਪਣੀ ਰਿਹਾਇਸ਼ ਵਾਸਤੇ ੨੪ ਫੁੱਟ ਲੰਮਾ ੨੨ ਫੁੱਟ ਚੌੜਾ ਕਮਰਾ ਬਣਾਇਆ ਹੈ। ਇਸ ਤੋਂ ਅੱਗੇ ੧੨ ਫੁੱਟ ਮਰੱਬਾ ਬਸਤਰਾਂ ਦਾ ਸਟੋਰ ਹੈ। ਉਸ ਤੋਂ ਅੱਗੇ ਆਏ ਗਏ ਦੀ ਰਿਹਾਇਸ਼ ਵਾਸਤੇ ਇੱਕ ਹੋਰ ੨੦ ਫੁੱਟ ਚੌੜਾ ਤੇ ੨੨ ਫੁੱਟ ਲੰਮਾ ਕਮਰਾ ਹੈ। ਨਾਲ ਹੀ ਸੱਤ ਫੁੱਟ ਮੁਰੱਬਾ ਰਸੋਈ ਤੇ ਇਤਨਾ ਹੀ ਸਟੋਰ ਹੈ। ਇਹਨਾ ਸਾਰਿਆਂ ਕਮਰਿਆਂ ਦੇ ਉੱਪਰ ਵੀ ਇਸੇ ਸਾਈਜ਼ ਦੇ ਕਮਰੇ ਬਣੇ ਹਨ। ਹੇਠ ਉੱਪਰ ਸਾਰਿਆਂ ਦਾ ਬਰਾਂਡਾ ਤੇ ਹਰੇਕ ਕਮਰੇ ਅੰਦਰ ਗ਼ੁਸਲਖਾਨਾ ਤੇ ਫ਼ਲੱਸ਼ ਸਿਸਟਮ ਹੈ। ਇਹ ਸਾਰੀ ਰਚਨਾ ੧੯੫੦ ਤੋਂ ਬਾਅਦ ਹੋਈ।

ਨੋਟ: ਇਹ ਸਾਰੀ ਸੇਵਾ ਛੋਟੇ ਸੰਤ ਜੀ ਮਹਾਰਾਜ ਜੀ ਦੀ ਛਤਰ ਛਾਇਆ ਹੇਠ ਹੋਈ (ਕਿਉਂਕਿ ਹਰ ਪ੍ਰਕਾਰ ਦੇ ਮਾਲਕ ਛੋਟੇ ਸੰਤ ਜੀ ਮਹਾਰਾਜ ਜੀ ਸਨ) ਖਟੜਿਆਂ ਵਾਲੇ ਪ੍ਰੇਮੀ ਸ. ਅਰੂੜ ਸਿੰਘ ਅਤੇ ਸ. ਪ੍ਰਤਾਪ ਸਿੰਘ ਦੇ ਪ੍ਰਵਾਰ ਨੇ ਕੀਤੀ ਅਤੇ ਘਣਗਸਾਂ ਵਾਲੇ ਮਿਸਤਰੀ ਝੱਮਟ ਵਾਲੇ ਪ੍ਰੇਮੀ ਹੋਰ ਥਾਵਾਂ ਤੇ ਸੱਜਣਾਂ ਨੇ ਲੱਕੜੀ ਦਾ ਕੰਮ ਕੀਤਾ।

ਸਕੂਲ ਤੋਂ ਹਾਇਰ ਸੈਕੰਡਰੀ ਤੇ ਫਿਰ ਕਾਲਜ

ਸਕੂਲ ਦੀ ਬਿਲਡਿੰਗ ਨੂੰ ਪੱਕਿਆਂ ਕਰਨ ਸਮੇਂ ਜਾਣੀ ਜਾਣ ਦਾਤੇ ਨੇ ਪਹਿਲਾਂ ਹੀ ਕਾਲਜ ਦੀ ਸਕੀਮ ਦੇ ਕਮਰੇ ਬਣਾਏ। ਪਹਿਲਾਂ ਇਹ ੧-੪-੬੨ ਵਿੱਚ ਹਾਇਰ ਸੈਕੰਡਰੀ ਮਨਜ਼ੂਰ ਹੋ ਗਿਆ, ਜੋ ਫੇਰ ਪੱਕੀ ਮਨਜ਼ੂਰੀ ੧-੮-੬੭ ਨੂੰ ਹੋਈ। ਪਰ ਕਲਾਸਾਂ ਪਹਿਲਾਂ ਹੀ ਲੱਗਦੀਆਂ ਸਨ। ਫੇਰ ਸ. ਗੁਰਨਾਮ ਸਿੰਘ ਦੀ ਮਨਿਸਟਰੀ ਸਮੇਂ ੧੯੬੯ ਵਿੱਚ ਕਾਲਜ ਬਣ ਕੇ ਚਾਲੂ ਹੋ ਗਿਆ।

ਜਦੋਂ ਚੀਫ ਮਨਿਸਟਰ ਸ. ਗੁਰਨਾਮ ਸਿੰਘ ਨੇ ਪਵਿੱਤਰ ਅਸਥਾਨ ਤੇ ਆ ਕੇ ਦਾਤੇ ਦੇ ਚਰਨ ਪਰਸੇ, ਦਰਸ਼ਨ ਕਰੇ, ਬਚਨ ਸੁਣ ਕੇ ਮਨ ਪੂਰਾ ਖਿੱਚਿਆ ਗਿਆ। ਉਸ ਨੇ ਬੜੇ ਵਜਦ ਵਿੱਚ ਆ ਕੇ ਗ਼ਰੀਬ ਨਿਵਾਜ਼ ਦੇ ਪਾਸ ਅਰਜ਼ ਕੀਤੀ, "ਹਜ਼ੂਰ! ਮੈਨੂੰ ਕੋਈ ਸੇਵਾ ਬਖ਼ਸ਼ੋ।" ਆਪ ਜੀ ਨੇ ਉੱਤਰ ਦਿੱਤਾ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਹੋਵੇ ਰੱਬ ਦਾ ਫ਼ਕੀਰ, ਮੰਗੇ ਦੁਨੀਆਂ ਤੋਂ, ਬੜੀ ਅਫ਼ਸੋਸ ਦੀ ਗੱਲ ਹੈ। ਅਸੀਂ ਤਾਂ ਇੱਕੋ ਦਾਤਾ ਮੰਗਿਆ ਹੈ ਜਿਸ ਨੇ ਸਦਾ ਲਈ ਅਮੰਗ ਕਰ ਦਿੱਤੇ ਹਾਂ। ਹੁਣ ਉਸੇ ਨੂੰ ਫ਼ਿਕਰ ਹੈ। ਸਾਡਾ ਤਾਂ ਕਿਸੇ ਕੰਮ ਵਿੱਚ ਕੋਈ ਫੁਰਨਾ ਵੀ ਨਹੀਂ। ਆਪੇ ਹੀ ਸੁਤੇ ਸਿਧ ਹੋਈ ਜਾਂਦੇ ਹਨ। ਅਸੀਂ ਤਾਂ ਰੱਬੀ ਰਜ਼ਾ ਵਿੱਚ ਰਾਜ਼ੀ ਹਾਂ। ਯਥਾ:

ਅਚਿੰਤ ਕੰਮ ਕਰਹਿ ਪ੍ਰਭੁ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥ *(ਸੋਰਠਿ ਮਃ ੩ - ੬੩੮)*

ਤਥਾ: *ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥* *(ਵਾਰ-ਵਡਹੰਸੁ ਮਃ ੪ - ੫੮੫)*

ਸਾਡੀ ਤਾਂ ਅਕਾਸ਼ੀ ਬਿਰਤੀ ਹੈ। ਸੰਗ੍ਰਹਿ ਕੁੱਝ ਕਰਦੇ ਨਹੀਂ। ਤੋਟਾ ਆਇਆ ਨਹੀਂ। ਜਿਵੇਂ ਜੀਵਾਂ ਦੀ ਪ੍ਰਾਰਬਧ ਅਨੁਸਾਰ ਪਦਾਰਥ ਆਉਂਦਾ ਹੈ, ਉਸ ਨੂੰ ਅੱਗੇ ਵਰਤਾ ਦਿੰਦੇ ਹਾਂ।

ਉਸ ਨੇ ਫੇਰ ਅਰਜ਼ ਕੀਤੀ, "ਮਹਾਰਾਜ! ਆਪ ਨੂੰ ਤਾਂ ਕੋਈ ਲੋੜ ਨਹੀਂ, ਪਰ ਸਾਨੂੰ ਤਾਂ ਲੋੜ ਹੈ। ਅਸੀਂ ਤੁਹਾਡੀ ਸੇਵਾ ਕਰ ਕੇ ਆਪਣਾ ਭਲਾ ਚਾਹੁੰਦੇ ਹਾਂ। ਸਾਡਾ ਭਲਾ ਕਿਵੇਂ ਹੋਵੇ? ਜੇਕਰ ਤੁਹਾਨੂੰ ਇੱਛਾ ਨਹੀਂ ਤਾਂ ਪਰਉਪਕਾਰ ਨੂੰ ਮੁੱਖ ਰੱਖ ਕੇ ਕਿਸੇ ਸਾਂਝੇ ਕੰਮ ਦੀ ਸੇਵਾ ਬਖ਼ਸ਼ ਦੇਵੋ, ਜਿਸ ਨਾਲ ਲੋਕ ਭਲਿਆਈ ਤੇ ਮੇਰਾ ਵੀ ਭਲਾ ਹੋ ਜਾਵੇ।" ਤਾਂ ਆਪ ਜੀ ਨੇ ਉੱਤਰ ਦਿੱਤਾ ਕਿ ਪ੍ਰੇਮੀਆਂ! ਸਭ ਤੋਂ ਵੱਡੀ ਤਾਂ ਲਾਭ ਵਾਲੀ ਗੱਲ ਇਹ ਹੈ ਕਿ:

ਜਿਸ ਕੀ ਤਿਸ ਕੀ ਕਰਿ ਮਾਨੁ ॥ ਆਪਨ ਲਾਹਿ ਗੁਮਾਨੁ ॥ *(ਰਾਮਕਲੀ ਮਃ ੫ - ੮੯੬)*

ਜੇ ਪ੍ਰਮੇਸ਼ਰ ਨੇ ਹਕੂਮਤ ਦਿੱਤੀ ਹੈ ਤਾਂ ਰਿਸ਼ਵਤ ਤੋਂ ਸੰਕੋਚ ਕਰ, ਨਾਮ ਜਪਿਆ ਕਰ, ਗ਼ਰੀਬਾਂ ਦਾ ਕੰਮ ਪਹਿਲਾਂ ਤੇ ਮਾਇਆਧਾਰੀ ਅਮੀਰਾਂ ਦਾ ਪਿੱਛੋਂ ਕਰਿਆ ਕਰ। ਜੇਕਰ ਤੇਰੇ ਮਨ ਵਿੱਚ ਕਿਸੇ ਸਾਂਝੇ ਕੰਮ ਲਈ ਸੇਵਾ ਕਰਨ ਦੀ ਇੱਛਾ ਹੈ, ਸਾਨੂੰ ਤਾਂ ਕਿਸੇ ਹੋਰ ਚੀਜ਼ ਦੀ ਲੋੜ ਨਹੀਂ ਪਰ ਇਸ ਇਲਾਕੇ ਦੇ ਗ਼ਰੀਬ ਬੱਚਿਆਂ ਤੇ ਤਰਸ ਕਰ ਕੇ ਇਸ ਹਾਇਰ ਸੈਕੰਡਰੀ ਸਕੂਲ ਨੂੰ ਕਾਲਜ ਬਣਾ ਦੇ। ਕਿਉਂਕਿ ਗ਼ਰੀਬ ਦੇ ਬੱਚੇ ਦੂਰ ਪੜ੍ਹਨ ਨਹੀਂ ਜਾ ਸਕਦੇ ਅਤੇ ਨਾ ਹੀ ਬੋਰਡਿੰਗ ਦਾ ਖ਼ਰਚਾ ਹੀ ਦੇ ਸਕਦੇ ਹਨ। ਦਿਨੇ ਦਿਨੇ ਏਥੇ ਪੜ੍ਹ ਕੇ ਸ਼ਾਮ ਨੂੰ ਘਰ ਚਲੇ ਜਾਇਆ ਕਰਣਗੇ। ਨਾਲੇ ਪੜ੍ਹਾਈ ਵੀ ਹੋ ਜਾਵੇਗੀ, ਨਾਲੇ ਘਰ ਜਾ ਕੇ ਮਾਤਾ ਪਿਤਾ ਨੂੰ ਘਰ ਦੇ ਕੰਮਾਂ ਵਿੱਚ ਸੁੱਖ ਦਿਆ ਕਰਣਗੇ। ਏਥੇ ਗੁਰੂ ਕੇ ਲੰਗਰੋਂ ਵੀ ਗ਼ਰੀਬ ਬੱਚੇ ਪ੍ਰਸ਼ਾਦ ਛਕ ਸਕਦੇ ਹਨ। ਇਹ ਹੈ ਇਲਾਕੇ ਦੀ ਗ਼ਰੀਬ ਅਮੀਰ ਦੀ ਸਾਂਝੀ ਤੇ ਅਮੋਲਕ ਸੇਵਾ। ਵਿੱਦਿਆ ਦਾਨ ਸਮ ਹੋਰ ਕੋਈ ਵੱਡਾ ਦਾਨ ਨਹੀਂ।

ਮਹਾਂਪੁਰਸ਼ਾਂ ਦਾ ਇਹ ਬਚਨ ਸੁਣ ਕੇ ਸ. ਗੁਰਨਾਮ ਸਿੰਘ ਬੜਾ ਪ੍ਰਸੰਨ ਹੋਇਆ। ਉਸ ਨੇ ਦਾਤੇ ਦੇ ਚਰਨਾਂ ਵਿੱਚ ਅਰਜ਼ ਕੀਤੀ, "ਮਹਾਰਾਜ! ਇਹ ਬੜੀ ਪਵਿੱਤਰ ਤੇ ਮਹਾਨ ਉਪਕਾਰ ਵਾਲੀ ਲੋਕ ਭਲਿਆਈ ਦੀ ਸਾਂਝੀ ਸੇਵਾ ਹੈ। ਇਸ ਨੂੰ ਮੈਂ ਬਹੁਤ ਛੇਤੀ ਕਰਾਂਗਾ। ਨਹਿਰ ਦਾ ਕੰਢਾ, ਕਈ ਪਿੰਡਾਂ ਦੇ ਵਿਚਕਾਰ ਰਮਣੀਕ ਸੁੰਦਰ ਜਗ੍ਹਾ, ਖੁੱਲ੍ਹੀ ਹਵਾ। ਸ਼ਹਿਰਾਂ ਦੀ ਰਹਿਣੀ ਬਹਿਣੀ ਨਾਲੋਂ ਤਾਂ ਵੀ ਉਂਝ ਹੀ ਏਥੇ ਪੜ੍ਹਨ ਵਾਲੇ ਬੱਚਿਆਂ ਦੇ ਦਿਮਾਗ਼ ਖਿੜਦੇ ਹਨ ਅਤੇ ਸ਼ਹਿਰਾਂ ਵਿੱਚ ਰਹਿਣ ਸਹਿਣ ਕਰ ਕੇ ਰਾਤਾਂ ਦਾ ਸਮਾਂ ਬੱਚੇ ਸਿਨਮਿਆਂ ਵਿੱਚ ਬਤੀਤ ਕਰਦੇ ਹਨ। ਫੇਰ, ਦਿਨੇ ਕਲਾਸ ਵਿੱਚ ਪੜ੍ਹਾਈ ਕਿਵੇਂ ਕਰ ਸਕਦੇ ਹਨ? ਜਿਸ ਕਰ ਕੇ ਆਮ ਕਾਲਜਾਂ ਦਾ ਨਤੀਜਾ ਚੰਗਾ ਨਹੀਂ ਨਿੱਕਲਦਾ। ਇਹ ਆਪ ਜੀ ਦਾ ਗ਼ਰੀਬ ਬੱਚਿਆਂ 'ਤੇ ਮਹਾਨ ਪਰਉਪਕਾਰ ਹੈ। ਫੇਰ ਸ. ਗੁਰਨਾਮ ਸਿੰਘ ਨੇ ਵਿੱਦਿਆ ਮੰਤਰੀ ਨੂੰ ਕਹਿ ਕੇ ੧-੪-੬੯ ਨੂੰ ਕਾਲਜ ਮਨਜ਼ੂਰ ਕੀਤਾ ਅਤੇ ਜੁਲਾਈ ੧੯੬੯ ਵਿੱਚ ਚਾਲੂ ਹੋ ਗਿਆ।

ਨੋਟ: ਹਾਇਰ ਸੈਕੰਡਰੀ ਸਕੂਲ ਸਮੇਂ ਸ. ਉੱਜਲ ਸਿੰਘ ਗਵਰਨਰ ਪੰਜਾਬ ਸਕੂਲ ਵਿੱਚ ਤੇ ਕਰਮਸਰ ਅਸਥਾਨ ਤੇ ਆਇਆ ਸੀ।

ਕਾਲਜ ਸਰਕਾਰ ਦੇ ਸਪੁਰਦ

ਜਦੋਂ ਕਾਲਜ ਦੀ ਮਨਜ਼ੂਰੀ ਹੋ ਗਈ ਤਾਂ ਛੋਟੇ ਸੰਤ ਜੀ ਮਹਾਰਾਜ ਨੇ ਸੋਚਿਆ, ਹੁਣ ਇਹ ਕਾਲਜ ਤਾਂ ਬਣ ਗਿਆ ਪਰ ਕੰਮ ਬਹੁਤ ਵੱਧ ਗਿਆ। ਪ੍ਰੋਫੈਸਰ ਤੇ ਪ੍ਰਿੰਸੀਪਲ ਵਗੈਰਾ ਨਵਾਂ ਸਟਾਫ ਆਵੇਗਾ। ਅਸਥਾਨ ਦੀ ਜਿੰਮੇਵਾਰੀ ਹੀ ਕਾਫ਼ੀ ਹੈ। ਸਭਨਾਂ ਦੀ ਸੰਭਾਲ ਤੇ ਦੇਖ ਭਾਲ ਦਾ ਕੰਮ ਬੜਾ ਮੁਸ਼ਕਲ ਹੈ। ਇਉਂ ਵਿਚਾਰ ਕੇ ਫੇਰ ਸਰਕਾਰੀ ਅਫਸਰਾਂ ਤੇ ਚੀਫ ਮਨਿਸਟਰ ਨੂੰ ਕਹਿ ਕੇ ਕਾਲਜ ਭੀ ਗੌਰਮਿੰਟ ਨੂੰ ਦਾਨ ਦਿੱਤਾ। ਸਰਕਾਰੀ ਇੰਜਨੀਅਰਾਂ ਨੇ ਦਸ ਲੱਖ ਰੁਪਿਆ ਸਮਾਨ ਸਹਿਤ ਸਾਰੀ ਬਿਲਡਿੰਗ ਦਾ ਮੁੱਲ ਪਾਇਆ। ਚਾਰ ਲੱਖ ਰੁਪਿਆ ਸਾਰੀ ਜ਼ਮੀਨ ਦੀ ਕੀਮਤ ਪਾਈ। ਇੱਕ ਲੱਖ ਰੁਪਿਆ ਵੱਡੇ ਸੰਤ ਜੀ ਮਹਾਰਾਜ ਨੇ ਨਕਦ ਦਿੱਤਾ। ਇਉਂ ਕੁਲ ਪੰਦਰਾਂ ਲੱਖ ਰੁਪਿਆ ਦਾਨ ਕਰਵਾ ਕਾਲਜ ਗੌਰਮਿੰਟ ਨੇ ਆਪਣੇ ਹੱਥ ਵਿੱਚ ਲੈ ਲਿਆ। ਹੁਣ ਸਰਕਾਰ ਹੀ ਚਲਾਉਂਦੀ ਤੇ ਸਟਾਫ ਨੂੰ ਤਨਖਾਹਾਂ ਦਿੰਦੀ ਹੈ। ਸਾਲਾਨਾ ਨਤੀਜਾ ਚੰਗਾ ਨਿੱਕਲਦਾ ਹੈ। ਇਸ ਦਾ ਨਾਮ ਹੈ 'ਗੌਰਮਿੰਟ ਕਾਲਜ ਕਰਮਸਰ' ਨਾਲ ਹੀ ਪੰਜਾਬ ਐਂਡ ਸਿੰਧ ਬੈਂਕ, ਦੁੱਧ ਕੇਂਦਰ ਤੇ ਗੁਰੂ ਨਾਨਕ ਭਵਨ ਬਣਿਆ ਹੈ। ਬੈਂਕ ਹੁਣ ਅੱਡੇ ਤੇ ਆ ਗਿਆ।

ਗੁਰੂ ਨਾਨਕ ਭਵਨ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਅਵਤਾਰ ਗੁਰਪੁਰਬ ਸਮੇਂ ਸੈਂਟਰਲ ਗੌਰਮਿੰਟ ਨੇ ਹਰੇਕ ਸੂਬੇ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਯਾਦਗਾਰ ਵਿਖੇ ਗੁਰੂ ਨਾਨਕ ਭਵਨ ਲਾਇਬਰੇਰੀ ਬਣਾਉਣ ਵਾਸਤੇ ਤਿੰਨ ਲੱਖ ਅੱਸੀ ਹਜ਼ਾਰ ਰੁਪੈ ਮਨਜੂਰ ਕੀਤੇ ਸਨ। ਨਾਲ ਇਹ ਸ਼ਰਤ ਸੀ ਕਿ ਜੋ ਇਲਾਕਾ ਆਪਣੇ ਵੱਲੋਂ ਜ਼ਮੀਨ ਦੇ ਕੇ ਇਸ ਕੰਮ ਲਈ ਉਤਸ਼ਾਹ ਰੱਖਦਾ ਹੋਵੇ, ਉਸ ਦਾ ਵਾਤਾਵਰਨ, ਜ਼ਮੀਨ ਅਤੇ ਸਾਰੀਆਂ ਗੱਲਾਂ ਨੂੰ ਦੇਖ ਕੇ ਉਸ ਜਗ੍ਹਾ ਗੁਰੂ ਨਾਨਕ ਭਵਨ ਬਣਾ ਦਿੱਤਾ ਜਾਵੇ। ਸ. ਸੁਰਜੀਤ ਸਿੰਘ ਬਰਨਾਲਾ ਨੇ ਕਰਮਸਰ ਦੇ ਦਰਸ਼ਨ ਕੀਤੇ ਸਨ। ਨਹਿਰ ਦਾ ਰਮਣੀਕ ਕਿਨਾਰਾ, ਅਸਥਾਨ ਦੀ ਤਰੱਕੀ, ਇਲਾਕੇ ਦੀ ਵਧੇਰੇ ਖਿੱਚ ਤੇ ਸੰਤ ਜੀ ਮਹਾਰਾਜ ਦਾ ਵਿੱਦਿਆ ਨਾਲ ਅਥਾਹ ਪਿਆਰ ਦੇਖ ਏਸ ਇਲਾਕੇ ਵਿੱਚ ਕਾਲਜ ਦੇ ਨਾਲ ਗੁਰੂ ਨਾਨਕ ਭਵਨ ਬਣਾ ਦਿੱਤਾ। ਭਾਵੇਂ ਪੱਟੀ ਦੇ ਇਲਾਕੇ ਤੇ ਅੰਮ੍ਰਿਤਸਰ ਵਾਲਿਆਂ ਨੇ ਆਪਣੀ ਤਿਆਰੀ ਕਰ ਪਹਿਲਾਂ ਮਨਜ਼ੂਰੀ ਲੈ ਰੱਖੀ ਸੀ। ਪਰ ਵਿੱਦਿਆ ਮੰਤਰੀ ਦੀ ਸ਼ਰਧਾ ਤੇ ਸ. ਬਲਜੀਤ ਸਿੰਘ ਇਆਲੀ ਕਲਾਂ ਦੇ ਉੱਦਮ ਨਾਲ ਉਹ ਥਾਵਾਂ ਕੈਂਸਲ ਕਰ ਏਥੇ ਗੁਰੂ ਨਾਨਕ ਭਵਨ ਬਣਾਇਆ ਗਿਆ।

ਦਸਵੀਂ ਤੱਕ ਹੋਰ ਨਵਾਂ ਸਕੂਲ

ਜਦੋਂ ਸੰਤ ਜੀ ਮਹਾਰਾਜ ਨੇ ਹਾਇਰ ਸੈਕੰਡਰੀ ਸਕੂਲ ਫੇਰ ਉਸ ਦਾ ਕਾਲਜ ਬਣਾ ਕੇ ਗੌਰਮਿੰਟ ਨੂੰ ਦਾਨ ਕਰ ਦਿੱਤਾ ਫੇਰ ਇਲਾਕੇ ਵਿੱਚ ਛੋਟੀਆਂ ਕਲਾਸਾਂ ਵਾਲੇ ਬੱਚਿਆਂ ਨੂੰ ਬੜਾ ਮੁਸ਼ਕਲ ਹੋ ਗਿਆ। ਉਨ੍ਹਾਂ ਦੇ ਮਾਪੇ ਸੰਤ ਜੀ ਮਹਾਰਾਜ ਪਾਸ ਆਏ। ਇਲਾਕੇ ਦੀਆਂ ਪੰਚਾਇਤਾਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹੁਣ ਸਾਡੇ ਬੱਚੇ ਕਿਥੇ ਪੜ੍ਹਨ ਜਾਇਆ ਕਰਨ? ਕ੍ਰਿਪਾ ਕਰ ਕੇ ਸਾਡੇ ਬੱਚਿਆਂ ਦੀ ਪੜ੍ਹਾਈ ਵਾਸਤੇ ਇੱਕ ਸਕੂਲ ਵੀ ਬਣਾ ਦੇਵੋ।" ਵੱਡੇ ਮਹਾਰਾਜ ਨੇ ਛੋਟੇ ਸੰਤਾਂ ਪਾਸ ਭੇਜ ਦਿੱਤੇ, "ਇਹ ਕੰਮ ਉਹ ਕਰਨਗੇ। ਅੱਗੇ ਵੀ ਉਨ੍ਹਾਂ ਨੇ ਹੀ ਕੀਤਾ ਹੈ। ਹੁਣ ਵੀ ਸਾਰੇ ਪ੍ਰਬੰਧ ਦੇ ਉਹੋ ਹੀ ਜ਼ੰਮੇਵਾਰ ਹਨ। ਸਾਡੀ ਤਾਂ ਭਜਨ ਸਿਮਰਨ ਕਰਨ ਕਰਾਉਣ ਤੇ ਕੀਰਤਨ ਦੀ ਡਿਊਟੀ ਹੀ ਕਾਫ਼ੀ ਹੈ।" ਫੇਰ ਸਾਰੇ ਪ੍ਰੇਮੀ ਛੋਟੇ ਸੰਤ ਜੀ ਪਾਸ ਆਏ ਤੇ ਏਹੋ ਅਰਜ਼ ਉਨ੍ਹਾਂ ਪਾਸ ਕੀਤੀ। ਆਪ ਜੀ ਨੇ ਕਿਹਾ, "ਇਹ ਬੜੀ ਖੇਚਲ ਦਾ ਕੰਮ ਹੈ। ਸਾਡੀ ਤਾਂ ਪਹਿਲਾਂ ਹੀ ਅਸਥਾਨ ਤੇ ਲੰਗਰ ਦੀ ਬਹੁਤ ਜ਼ੁੰਮੇਂਵਾਰੀ ਹੈ। ਹੁਣ ਤੁਸੀਂ ਆਪ ਬਣਾ ਲਵੋ। ਅਸੀਂ ਜਿਤਨੀ ਕਹੋ, ਤੁਹਾਨੂੰ ਮਾਇਆ ਦੀ ਮਦਦ ਦੇ ਦੇਵਾਂਗੇ।" ਉਨ੍ਹਾਂ ਨੇ ਫੇਰ ਅਰਜ਼ ਕੀਤੀ, "ਜੀ! ਪਿੰਡਾਂ ਦੇ ਲੋਕਾਂ ਦਾ ਇਤਫਾਕ ਨਹੀਂ ਹੁੰਦਾ। ਨਾ ਇੱਕ ਦੂਜੇ ਤੇ ਭਰੋਸਾ ਹੀ ਕਰਦੇ ਹਨ। ਨਾ ਹੀ ਅੱਜ ਕੱਲ੍ਹ ਦੇ ਸਮੇਂ ਕੋਈ ਇਮਾਨਦਾਰ ਹੀ ਮਿਲਦਾ ਹੈ। ਸੱਚਾ ਬੰਦਾ ਤਾਂ ਪਿੱਛੇ ਰਹਿ ਕੇ ਖੁਸ਼ ਰਹਿੰਦਾ ਹੈ। ਖਾਣ ਪੀਣ ਵਾਲੇ ਅੱਗੇ ਆਗੂ ਬਣਿਆ ਚਾਹੁੰਦੇ ਹਨ। ਫੇਰ ਸੱਚੇ ਬੰਦੇ ਨੂੰ ਨਜਾਇਜ਼ ਦੋਸ਼ ਅਰੋਪ ਦਿੰਦੇ ਹਨ ਕਿ ਇਹ ਮਾਯਾ ਖਾ ਗਿਆ ਸੋ ਆਪ ਹੀ ਕ੍ਰਿਪਾ ਕਰੋ।" ਹਜ਼ੂਰ ਕਹਿਣ ਲੱਗੇ, "ਕੰਮ ਤਾਂ ਪਰਉਪਕਾਰ ਦਾ ਹੈ। ਬਚਨ ਤੁਹਾਡਾ ਵੀ ਠੀਕ ਹੈ ਪਰ ਹੁਣ ਸਾਡਾ ਸਰੀਰ ਵੀ ਬਹੁਤੀ ਖੇਚਲ ਨਹੀਂ ਬਰਦਾਸ਼ਤ ਕਰ ਸਕਦਾ। ਅਸੀਂ ਤੁਹਾਡਾ ਸਕੂਲ ਬਣਾ ਦਿੰਦੇ ਹਾਂ। ਪਰ ਚਲਾ ਤੁਸੀਂ ਆਪ ਲਓ।" ਉਹ ਕਹਿੰਦੇ, "ਜੀ! ਇਹ ਤੁਹਾਡੀ ਮਰਜ਼ੀ ਹੈ। ਮਾਲਕ ਆਪ ਹੋ। ਅਸੀਂ ਤੁਹਾਡੇ ਮਗਰ ਹਾਂ। ਜ਼ਮੀਨ ਵੀ ਸਾਡੀ, ਮਾਇਆ ਜਿਤਨੀ ਕਹੋ, ਉਹ ਵੀ ਇਕੱਠੀ ਕਰ ਦਿਆਂਗੇ ਪਰ ਅਸੀ ਚਲਾ ਨਹੀਂ ਸਕਦੇ ਤੁਸੀਂ ਹੀ ਸੰਭਾਲੋਗੇ। ਜੇ ਬਹੁਤੀ ਖੇਚਲ ਹੋਈ, ਫੇਰ ਇਹ ਵੀ ਕਾਲਜ ਵਾਂਗੂ ਸਰਕਾਰ ਨੂੰ ਹੀ ਦੇ ਦਿਉ। ਅਸੀਂ ਤਾਂ ਸਾਰੇ ਤੁਹਾਡੇ ਅਨੁਸਾਰ ਹਾਂ। ਜਿਵੇਂ ਮਰਜ਼ੀ ਹੈ ਕਰਿਓ। ਆਪ ਮਾਲਕ ਹੋ।" ਸੰਤ ਜੀ ਬੋਲੇ, "ਚੰਗਾ। ਫੇਰ ਪਹਿਲਾਂ ਜ਼ਮੀਨ ਦਿਓ। ਹੋਵੇ ਪੰਚਾਇਤ ਦੀ ਸਾਂਝੀ। ਇੱਕ ਬੰਦੇ ਤੇ ਬਹੁਤਾ ਭਾਰ ਨਹੀਂ ਪਾਉਣਾ ਅਤੇ ਹੋਵੇ ਵੀ ਨਜ਼ਦੀਕ।" ਖਟੜੇ ਪਿੰਡ ਦੀ ਪੰਚਾਇਤ ਨੇ ਖਟੜਿਆਂ ਦੇ ਪੁਲ ਕੋਲ ਸ਼ਾਮਲਾਟ ੩੪ ਬਿਘੇ ਜ਼ਮੀਨ ਦੇ ਦਿੱਤੀ,

ਜਿਸ ਦੀ ਰਜਿਸਟਰੀ ਹਜ਼ੂਰ ਨੇ ਸਕੂਲ ਦੇ ਨਾਮ ਕਰਵਾਈ।

ਫੇਰ ਮਾਇਆ ਵਾਸਤੇ ਵੀ ਬਹੁਤੀ ਅਪੀਲ ਨਹੀਂ ਕਰਨੀ ਪਈ। ਆਪੇ ਹੀ ਆਪੋ ਆਪਣੇ ਪਿੰਡਾਂ 'ਚੋਂ ਪ੍ਰੇਮੀ ਇਕੱਠੀ ਕਰ ਕੇ ਲੈ ਆਏ। ਵੱਡੇ ਤੇ ਛੋਟੇ ਸੰਤ ਜੀ ਮਹਾਰਾਜ ਨੇ ਅਸਥਾਨ ਵੱਲੋਂ ਮਾਇਆ ਦਿੱਤੀ। ਜ਼ੁੰਮੇਵਾਰੀ ਛੋਟੇ ਸੰਤਾਂ ਦੀ ਸੀ। ਖ਼ਜ਼ਾਨਚੀ ਵੀ ਤੇ ਮੈਨੇਜਰ ਵੀ ਆਪ ਹੀ ਸਨ। ਥੋੜ੍ਹੇ ਚਿਰ ਵਿੱਚ ਸਕੂਲ ਦੀ ਬਿਲਡਿੰਗ ਮੁਕੰਮਲ ਹੋ ਗਈ। ਕੁੱਲ ਵੀਹ ਕਮਰੇ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: ਵੱਡੇ ਬਾਰ੍ਹਾਂ ਕਮਰੇ ਕਲਾਸਾਂ ਲੱਗਣ ਵਾਸਤੇ ਰੱਖ ਲਏ। ਦੋ ਵੱਡੇ ਏਸੇ 24x22 ਸਾਈਜ਼ ਦੇ ਸਾਇੰਸ ਰੂਮ, ਇੱਕ ਵੱਡਾ ਕਮਰਾ ਡਰਾਇੰਗ ਰੂਮ, ਇੱਕ ਵੱਡਾ ਸਟੋਰ ਵਾਸਤੇ; ਇਉਂ ਸੋਲਾਂ ਹੋ ਗਏ। ਇੱਕ ਵੱਡੇ ਕਮਰੇ ਵਿੱਚ ਪਾਰਟੀਸ਼ਨ ਕਰ ਕੇ ਦੋ ਬਣਾ ਲਏ। ਛੋਟਾ ਡਾਕਖਾਨੇ ਵਾਸਤੇ ਵੱਡਾ ਦਫ਼ਤਰ ਵਾਸਤੇ ਰੱਖ ਲਿਆ। ਇਸੇ ਤਰ੍ਹਾਂ ਇੱਕ ਹੋਰ ਵੱਡਿਆਂ ਦੇ ਦੋ ਬਣਾ ਕੇ ਇੱਕ ਹੈੱਡ ਮਾਸਟਰ ਦਾ ਦਫ਼ਤਰ ਤੇ ਇੱਕ ਛੋਟਾ ਚੌਕੀਦਾਰ ਨੂੰ ਦੇ ਦਿੱਤਾ। ਵੱਡਿਆਂ ਦੇ ਦੋ ਫੇਰ ਵਿਚਕਾਰ ਕੰਧ ਪਾ ਕੇ ਚਾਰ ਬਣਾਏ ਇੱਕ ਮਾਸਟਰ ਸਟਾਫ ਲਈ ਅਤੇ ਇੱਕ ਔਰਤ ਸਟਾਫ ਲਈ ਬਣਾ ਲਿਆ। ਬਾਕੀ ਦੋਨਾਂ ਵਿੱਚ ਇੱਕ ਡਿਸਪੈਂਸਰੀ ਤੇ ਇੱਕ ਲਾਇਬਰੇਰੀ ਵਾਸਤੇ ਰੱਖਿਆ। ਸਾਰਿਆਂ ਦੇ ਅੱਗੇ ੮ ਫੁੱਟ ਚੌੜਾ ਬਰਾਂਡਾ ਹੈ। ਸਾਰਿਆਂ ਵਿੱਚ ਬਿਜਲੀ ਫਿਟ ਕੀਤੀ ਹੈ। ਇੱਕ ਟਿਊਬਵੈੱਲ, ਸੱਤ-ਅੱਠ ਨਲਕੇ ਹਨ। ਬਾਥਰੂਮ ਤੇ ਕਨਟੀਨ ਵੱਖਰੇ ਹਨ। ਵੀਹ ਰਾਜ ਤੇ ਚਾਲੀ ਮਜ਼ਦੂਰ ਕੰਮ ਕਰਦੇ ਸਨ। ਛੋਟੇ ਸੰਤ ਜੀ ਮਹਾਰਾਜ ਹਰ ਸਮੇਂ ਪਾਸ ਖੜ੍ਹੇ ਰਹਿੰਦੇ ਤਿਆਰੀ ਸਮੇਤ ਚਾਰ ਮਹੀਨਿਆਂ ਵਿੱਚ ਮੁਕੰਮਲ ਹੋ ਕੇ ਕਲਾਸਾਂ ਲੱਗਣ ਲੱਗ ਪਈਆਂ। ਧੰਨ ਸੰਤ ਜੀ ਮਹਾਰਾਜ!

ਹਾਈ ਸਕੂਲ ਕਰਮਸਰ ਦੀ ਇਮਾਰਤ ਵਾਸਤੇ ਦਾਨੀ ਸੱਜਣਾਂ ਦੇ ਨਾਮ

ਦਾਨੀ ਸੱਜਣ	ਰੁਪਏ
ਪਰਮਪੂਜਯ ੧੧੧ ਸ੍ਰੀਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ	੩੦੦੦੦
ਸ੍ਰੀਮਾਨ ੧੦੮ ਸੰਤ ਕਿਸ਼ਨ ਸਿੰਘ ਜੀ ਮਹਾਰਾਜ	
ਗੁਰਦੁਆਰਾ ਕਰਮਸਰ (ਰਾੜਾ ਸਾਹਿਬ ਜੀ) ਵੱਲੋਂ	੨੮੩੪੫
ਸਕੂਲ ਸਟਾਫ ਤੇ ਵਿਦਿਆਰਥੀਆਂ ਵੱਲੋਂ	੧੬੮੩੨
ਸੇਵਾ ਕਰਵਾਈ ਸ. ਸੰਪੂਰਨ ਸਿੰਘ (ਖਟੜਾ)	੩੦੦੦੦
ਸੇਵਾ ਕਰਵਾਈ ਸ. ਮੱਲ ਸਿੰਘ (ਖਟੜਾ)	੨੦੦੦੦
ਸੇਵਾ ਕਰਵਾਈ ਸ. ਸੰਤਾ ਸਿੰਘ ਲੋਟੇ (ਖਟੜਾ)	੨੦੦੦੦
ਸੇਵਾ ਕਰਵਾਈ ਸ. ਕਿਸ਼ਨ ਸਿੰਘ ਖਟੜਾ	੧੦੦੦੦
ਸੇਵਾ ਕਰਵਾਈ ਸ੍ਰੀਮਤੀ ਪ੍ਰੇਮ ਕੌਰ ਸਪੁਤਨੀ ਸ. ਚੰਨਣ ਸਿੰਘ ਖਟੜਾ	੧੦੦੦੦
ਸੇਵਾ ਕਰਵਾਈ ਸ. ਕਰਤਾਰ ਸਿੰਘ ਭੀਖੀ (ਪਿੰਡ ਜਟਾਣਾ)	੧੦੦੦੦
ਸੇਵਾ ਕਰਵਾਈ ਸ. ਰਾਮ ਸਿੰਘ ਪਟਵਾਰੀ (ਬੁਟਾਹਰੀ)	੧੦੦੦੦
ਸ਼ਰਧਾਲੂ ਦਾਨੀਆਂ ਵਲੋਂ ਸੇਵਾ	੭੪੧੮
ਸੇਵਾ ਕਰਵਾਈ ਸ. ਸਿਮਰ ਸਿੰਘ (ਖਟੜਾ)	੫੦੦੦
ਸੇਵਾ ਕਰਵਾਈ ਸ. ਰਣਜੀਤ ਸਿੰਘ ਜੀ ਸ੍ਰਦਾਰਨੀ ਦਿੱਲੀ ਵਾਲੇ	੫੦੦੦
ਸੇਵਾ ਕਰਵਾਈ ਮਿਸਤ੍ਰੀ ਸੁਖਦੇਵ ਸਿੰਘ (ਕਲਕੱਤਾ)	੩੦੦੦
ਕੁੱਲ ਜੋੜ	੨੦੫੮੯੫

ਕੁੱਲ ਖ਼ਰਚ ਜੋ ਸਕੂਲ ਬਿਲਡਿੰਗ ਤੇ ਹੋਇਆ

ਚੀਜਾਂ ਦਾ ਵੇਰਵਾ	ਰੁਪੈ
ਇੱਟਾਂ	੪੩੯੮੪
ਸੀਮਿੰਟ	੧੬੩੦੯
ਲੋਹਾ	੫੯੮੫੩
ਲੱਕੜੀ	੨੦੭੬੪
ਲੇਬਰ	੪੪੦੩੯
ਰੰਗ ਸਫ਼ੈਦੀ ਆਦਿ	੧੧੫੬

ਹੋਰ ਫੁਟਕਲ ਖ਼ਰਚਾ	੨੨੪੬
ਕਬਜੇ ਬਰੰਜੀਆਂ ਆਦਿ	੧੭੩੫
ਬਿਜਲੀ ਦਾ ਖ਼ਰਚਾ	੫੮੦੭
ਕੁੱਲ ਜੋੜ	੨੦੫੮੯੫

ਪਹਿਲਾਂ ਕੁੱਝ ਸਮਾਂ ਕਾਲਜ ਤੋਂ ਕਮਰੇ ਲੈ ਕੇ ਉੱਥੇ ਕਲਾਸਾਂ ਲੱਗਦੀਆਂ ਸਨ ਫੇਰ ੧-੪-੭੦ ਨੂੰ ਏਥੇ ਆ ਗਏ। ਉਸ ਸਮੇਂ ਕੁੱਲ ਖ਼ਰਚ ਢਾਈ ਲੱਖ ਰੁਪਿਆ ਆਇਆ। ਜਦੋਂ ਸਕੂਲ ਮੁਕੰਮਲ ਹੋ ਕੇ ਚੰਗੀ ਤਰ੍ਹਾਂ ਚੱਲਣ ਲੱਗ ਪਿਆ ਫੇਰ ਛੋਟੇ ਸੰਤ ਜੀ ਮਹਾਰਾਜ ਨੇ (ਜਿਨ੍ਹਾਂ ਦੀ ਖੁਦ ਜ਼ੁੰਮੇਂਵਾਰੀ ਸੀ) ਇਸ ਕੰਮ ਨੂੰ ਬਹੁਤੀ ਖੇਚਲ ਤੇ ਵਿਖਸ਼ੇਪਤਾ ਵਾਲਾ ਜਾਣ ਕੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਸੱਦ ਕੇ ਆਖਿਆ, "ਅਸੀਂ ਤੁਹਾਡਾ ਸਕੂਲ ਬਣਾ ਦਿੱਤਾ। ਹੁਣ ਇਸ ਨੂੰ ਤੁਸੀਂ ਸੰਭਾਲੋ।" ਉਨ੍ਹਾਂ 'ਚੋ ਮੁਖੀਆਂ ਨੇ ਅਰਜ਼ ਕੀਤੀ, "ਮਹਾਰਾਜ! ਅਸੀਂ ਨਹੀਂ ਇਸ ਨੂੰ ਚਲਾ ਸਕਦੇ। ਸਾਨੂੰ ਤਾਂ ਆਪਣੇ ਘਰ ਦੇ ਧੰਧਿਆਂ ਵਿੱਚੋਂ ਹੀ ਵੇਹਲ ਨਹੀਂ ਮਿਲਦੀ। ਹੁਣ ਤਾਂ ਜਿਵੇਂ ਤੁਹਾਡੀ ਮਰਜ਼ੀ ਹੈ ਕਰੋ। ਜੇਕਰ ਆਪ ਜੀ ਖੇਚਲਾ ਕਰ ਕੇ ਸੰਕੋਚ ਕਰਦੇ ਹੋ ਤਾਂ ਫੇਰ ਇਹ ਸਰਕਾਰ ਨੂੰ ਦੇ ਦੇਵੋ। ਅਸੀਂ ਤਾਂ ਆਪ ਜੀ ਦੀ ਰਜ਼ਾ ਵਿੱਚ ਪ੍ਰਸੰਨ ਹਾਂ, ਆਪ ਮਾਲਕ ਹੋ। ਪਰ ਅਸੀਂ ਨਹੀਂ ਸੰਭਾਲ ਸਕਦੇ। ਫੇਰ ਆਪ ਜੀ ਨੇ ੧੬-੪-੭੪ ਨੂੰ ਇਹ ਸਕੂਲ ਸਰਕਾਰ ਦੇ ਹਵਾਲੇ ਕਰ ਦਿੱਤਾ। ਸਰਕਾਰੀ ਇੰਜੀਨੀਅਰਾਂ ਨੇ ੩੪ ਬਿਘੇ ਜ਼ਮੀਨ ਸਮੇਤ ਜਿਸ ਦੇ ਸੋਲਾਂ ਬਿਘਿਆਂ ਵਿੱਚ ਤਾਂ ਸਕੂਲ ਦੀ ਇਮਾਰਤ ਤੇ ਗਰਾਊਂਡ ਹੈ, ਬਾਕੀ ਅਠਾਰਾਂ ਬਿਘੇ ਹੋਰ ਹੈ; ਸਾਰੀ ਬਿਲਡਿੰਗ ਦਾ ਪੰਜ ਲੱਖ ਰੁਪਿਆ ਮੁੱਲ ਪਾਇਆ ਜੋ ਆਪ ਜੀ ਨੇ ਸਰਕਾਰ ਨੂੰ ਬਤੌਰੇ ਦਾਨ ਦੇ ਦਿੱਤਾ।

ਨੋਟ: ਸਕੂਲ ਅਜੇ ਸੰਤ ਜੀ ਮਹਾਰਾਜ ਆਪ ਹੀ ਚਲਾਉਂਦੇ ਸਨ। ੧੯੭੩ ਈ. ਵਿੱਚ ਮਹਿੰਦਰ ਮੋਹਨ ਚੌਧਰੀ ਗਵਰਨਰ ਪੰਜਾਬ, ਕਾਲਜ ਦੇਖ ਕੇ ਮਨ ਵਿੱਚ ਬੜਾ ਪ੍ਰਸੰਨ ਹੋਇਆ। ਨਹਿਰ ਦਾ ਕੰਢਾ, ਇਕਾਂਤ ਅਸਥਾਨ, ਸ਼ੁੱਧ ਵਾਤਾਵਰਨ ਤੱਕ ਫੇਰ ਅਸਥਾਨ ਤੇ ਆ ਕੇ ਰਮਣੀਕ ਜਗਾ, ਖਿੜੀ ਫੁੱਲਵਾੜੀ, ਡਸਿਪਲਿਨ, ਸਾਫ਼ ਸੁਥਰੇ ਕਮਰੇ, ਲੰਗਰ ਦਾ ਪ੍ਰਬੰਧ ਦੇਖ ਕੇ ਅਸ਼-ਅਸ਼ ਕਰਨ ਲੱਗਾ। ਭਾਵੇਂ ਉਨ੍ਹਾਂ ਵਾਸਤੇ ਵੱਖਰੇ ਕਮਰੇ ਵਿੱਚ ਕੁਰਸੀ ਮੇਜ਼ਾਂ ਤੇ ਖਾਣੇ ਦਾ ਪ੍ਰਬੰਧ ਕੀਤਾ ਸੀ। ਪਰ ਤੀਜੇ ਪਾਤਸ਼ਾਹ ਜੀ ਦੀ ਹਜ਼ੂਰੀ ਵਿੱਚ ਅਕਬਰ ਬਾਦਸ਼ਾਹ ਦੀ ਤਰ੍ਹਾਂ ਰਾਣਾ ਰੰਕ ਬਰਾਬਰੀ ਦੇ ਬਚਨਾਂ ਅਨੁਸਾਰ ਕਾਲਜ ਦੇ ਪੰਦਰਾਂ ਸੌ ਲੜਕਿਆਂ ਤੇ ਅਧਿਆਪਕਾਂ ਨਾਲ ਇੱਕੋ ਪੰਗਤ ਵਿੱਚ ਇਕੱਠੇ ਬੈਠ ਕੇ ਹਾਲ ਵਿੱਚ ਲੰਗਰ ਦਾ ਪ੍ਰਸ਼ਾਦਾ ਛਕਿਆ।

ਨਹਿਰ ਦਾ ਵੱਡਾ ਪੁਲ ਤੇ ਪੱਕੀ ਸੜਕ

ਪਹਿਲਾਂ ਚਾਵੇ ਦੇ ਅੱਡੇ ਤੋਂ ਥਾਣਾ ਤੇ ਤਹਿਸੀਲ ਹੋਣ ਦੇ ਕਾਰਣ ਪਾਇਲ ਤੱਕ ਪੱਕੀ ਸੜਕ ਬਣੀ ਸੀ। ਜਿਸ ਉੱਪਰ ਕੋਈ ਕੋਈ ਬੱਸ ਤੇ ਆਮ ਟਾਂਗੇ ਚੱਲੇ ਦੇ ਸਨ। ਫੇਰ ਪਾਇਲ ਤੋਂ ਰਾੜਾ ਸਾਹਿਬ ਤੱਕ ਬਣ ਗਈ। ਉਪਰੰਤ ੧੯੬੪ ਈ. ਵਿੱਚ ਜਗੇੜੇ ਦੇ ਪੁਲ ਤੋਂ ਰਾੜਾ ਸਾਹਿਬ ਨੂੰ ਮਿਲਾ ਦਿੱਤੀ। ਹੁਣ ਇਸ ਰਸਤੇ ਖੰਨੇ ਵਿੱਚ ਦੀ ਅਹਿਮਦਗੜ੍ਹ ਤੋਂ ਸਰਹੰਦ ਬੱਸੀ ਨੂੰ ਆਮ ਬੱਸਾਂ ਜਾਂਦੀਆਂ ਹਨ। ਕਈ ਟਾਈਮ ਚੰਡੀਗੜ੍ਹ, ਰੋਪੜ ਤੇ ਅਨੰਦਪੁਰ ਦੇ ਵੀ ਹਨ। ਬਾਅਦ ਵਿੱਚ ੨੩-੧੧-੬੯ ਨੂੰ ਹਜ਼ੂਰ ਦੀ ਬਖ਼ਸ਼ਿਸ਼ ਤੇ ਕਈ ਕੁ ਪ੍ਰੇਮੀਆਂ ਦੇ ਉੱਦਮ ਨਾਲ ਨਹਿਰ ਤੇ ਨਵਾਂ ਪੁਲ ਬਣ ਗਿਆ, ਜਿਸ ਦੇ ਉੱਪਰ ਦੀ ਪਹਿਲੀ ਕਾਰ ਸੰਤ ਜੀ ਮਹਾਰਾਜ ਦੀ ਲੰਘੀ ਤੇ ਇਸੇ ਦਿਨ ਉਦਘਾਟਨ ਕੀਤਾ। ਇਹ ਪੱਕੀ ਸੜਕ ਕਟਾਹਰੀ, ਲਾਪਰਾਂ, ਭੁੱਟਾ, ਘਵੱਦੀ ਆਦਿ ਪਿੰਡਾਂ ਵਿੱਚ ਦੀ ਸਰੀਂਹ ਨੂੰ ਮਿਲਾ ਦਿੱਤੀ ਤੇ ਇਹ ਸਿੱਧਾ ਰਸਤਾ ਲੁਧਿਆਣੇ ਤੋਂ ਨੇੜੇ ਪੈਂਦਾ ਹੈ। ਏਧਰੋਂ ਦੀ ਵੀ ਬੱਸ ਸਰਵਿਸ ਆਮ ਹੈ। ਇੱਕ ਸੜਕ ਲਾਪਰਾਂ ਵਿੱਚ ਦੀ ਬਿਲਾਸਪੁਰ ਤੇ ਲੰਢਾ ਬੁਆਣੀ ਹੁੰਦੀ ਹੋਈ ਦੋਰਾਹੇ ਨੂੰ ਜਾਂਦੀ ਹੈ। ਇਹ ਸਾਰੀ ਮੇਹਰਬਾਨ ਦੀ ਮੇਹਰ ਦਾ ਫ਼ਲ ਹੈ। ਹੁਣ ਗੁਰਦੁਆਰਾ ਸਾਹਿਬ ਅੱਗੇ ਖੁੱਲ੍ਹਾ ਚੌਂਕ ਤੇ ਬੱਸਾਂ ਦਾ ਅੱਡਾ ਹੈ।

ਗਿ. ਗੁਰਮੁਖ ਸਿੰਘ 'ਮੁਸਾਫ਼ਰ' ਦੀ ਸ਼ਰਧਾ

ਸਾਬਕਾ ਮੁੱਖ ਮੰਤਰੀ ਸ. ਗੁਰਮੁਖ ਸਿੰਘ 'ਮੁਸਾਫ਼ਰ' ਵੀ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਆਇਆ। ਹਜ਼ੂਰ ਦਾ ਦੀਦਾਰ ਕਰ ਕੇ ਮਨ ਬੜਾ ਪ੍ਰਸੰਨ ਹੋਇਆ। ਉਸ ਨੇ ਅਰਜ਼ ਕੀਤੀ ਮੈਂ ਛੋਟੀ ਉਮਰ ਵਿੱਚ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਵੀ ਦਰਸ਼ਨ ਕੀਤੇ ਸਨ, ਪਰ ਮੈਨੂੰ ਸੋਝੀ ਕੋਈ ਨਹੀਂ ਕੇਵਲ ਧੁੰਧਲੀ ਜੇਹੀ ਯਾਦਾਸ਼ਤ ਹੀ ਹੈ। ਹੁਣ ਆਪ ਜੀ ਦਾ ਦੀਦਾਰ ਕਰ ਕੇ ਜੋ ਉਸੇ ਗੱਦੀ ਦੇ ਮਾਲਕ ਅਤੇ ਉਸੇ ਸਰੂਪ ਵਿੱਚ ਹੋ ਮਨ ਬੜਾ ਪ੍ਰਸੰਨ ਹੋਇਆ ਹੈ।

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮ ਪਿਆਰਾ ॥ *(ਸੋਰਠਿ ਮਃ ੩ - ੬੩੮)*

ਜਦੋਂ ਚੀਨੀ ਮਿਲਣੋਂ ਬੰਦ ਹੋ ਗਈ, ਅਸਥਾਨ ਨੂੰ ਇੱਕ ਬੋਰੀ ਮਹੀਨੇ ਦੀ ਮਨਜ਼ੂਰ ਸੀ। ਉਹ ਵੀ ਕਈ ਕਈ ਫੇਰੇ

ਪਾ ਕੇ ਮਿਲਦੀ। ਖ਼ਰਚ ਅੱਠ ਦਸ ਬੋਰੀਆਂ ਦਾ। ਬਲੈਕ ਵਿੱਚ ਸੱਤ ਰੁਪੈ ਕਿਲੋ ਵੀ ਮੁਸ਼ਕਲ ਨਾਲ ਮਿਲਦੀ। ਪਰ ਜੀਹਦੇ ਦਰ ਤੇ ਬਾਦਸ਼ਾਹ ਝੁਕਦੇ ਹਨ, ਉਨ੍ਹਾਂ ਨੇ ਕਿਹਾ ਕਿਸੇ ਪਾਸ ਨਹੀਂ ਜਾਣਾ। ਇਹ ਸਾਡਾ ਕੰਮ ਨਹੀਂ। ਗੁਰੂ ਨਾਨਕ ਦਾ ਘਰ ਹੈ। ਉਸ ਦੇ ਲੰਗਰ ਤੇ ਪ੍ਰਸ਼ਾਦ ਵਾਸਤੇ ਚੀਨੀ ਚਾਹੀਦੀ ਹੈ। ਤੁਸੀਂ ਕੋਈ ਚਿੰਤਾ ਨ ਕਰੋ। ਉਹ ਤਾਂ ਆਪ ਛੱਡ ਕੇ ਜਾਣਗੇ। ਦੂਜੇ ਦਿਨ ਸ. ਬਲਜੀਤ ਸਿੰਘ ਇਆਲੀ ਕਲਾਂ ਆਪਣੇ ਕਿਸੇ ਕੰਮ ਵਾਸਤੇ ਚੰਡੀਗੜ੍ਹ ਗਿਆ। ਸ. ਗੁਰਨਾਮ ਸਿੰਘ ਮੁੱਖ ਮੰਤਰੀ, ਸੰਤ ਜੀ ਮਹਾਰਾਜ ਦਾ ਪੂਰਨ ਸ਼ਰਧਾਲੂ ਸੀ ਉਸ ਨੂੰ ਮਿਲਿਆ। ਰਾੜਾ ਸਾਹਿਬ ਦੇ ਲੰਗਰ ਦੀ ਸਿਫ਼ਤ ਕਰਦਿਆਂ ਪੁੱਛਿਆ, "ਕੋਈ ਸੇਵਾ ਦੱਸੋ। ਕਿਸੇ ਚੀਜ਼ ਦੀ ਲੋੜ ਤਾਂ ਨਹੀਂ?" ਮਹਾਂਪੁਰਸ਼ਾਂ ਬਗ਼ੈਰ ਇਤਨਾ ਵੱਡਾ ਲੰਗਰ ਕੌਣ ਚਲਾ ਸਕਦਾ ਹੈ? ਜਦੋਂ ਬਚਨ ਕਰਦਿਆਂ ਸੁਤੇ ਸਿਧ ਹੀ ਚੀਨੀ ਦੇ ਖ਼ਰਚ ਦਾ ਜ਼ਿਕਰ ਆਇਆ ਤਾਂ ਪਤਾ ਲੱਗਾ ਕਿ ਬੋਰੀ ਤਾਂ ਇੱਕੋ ਮਨਜ਼ੂਰ ਹੈ, ਪਰ ਖ਼ਰਚ ਬਹੁਤਾ ਵੱਧ ਗਿਆ ਹੈ। ਮੌਜੂਦਾ ਸਮੇਂ ਦੇ ਅਫ਼ਸਰ ਕਹਿੰਦੇ, "ਉੱਥੇ ਚੀਨੀ ਦੀ ਕੀ ਲੋੜ ਹੈ? ਇਸ ਤੋਂ ਵੱਧ ਨਹੀਂ ਮਿਲ ਸਕਦੀ।"

ਇਹ ਗੱਲ ਸੁਣ ਕੇ ਸ. ਗੁਰਨਾਮ ਸਿੰਘ ਦੇ ਮਨ ਤੇ ਬੜਾ ਅਸਰ ਹੋਇਆ। ਉਸ ਨੇ ਪਹਿਲਾਂ ਵੀ ਸਾਰੇ ਅਫ਼ਸਰਾਂ ਨੂੰ ਆਖਿਆ ਹੋਇਆ ਸੀ ਕਿ ਹੋਰ ਕੰਮ ਛੱਡ ਕੇ ਰਾੜੇ ਸਾਹਿਬ ਦਾ ਕੰਮ ਪਹਿਲਾਂ ਕਰੋ। ਉਸੇ ਸਮੇਂ ਕੇ. ਡੀ. ਵਾਸੂਦੇਵਾ ਨੂੰ (ਜੋ ਡਾਇਰੈਕਟਰ ਸਿਵਲ ਸਪਲਾਈ) ਫੋਨ ਕੀਤਾ ਕਿ ਹੁਣੇ ਹੀ ਲੁਧਿਆਣੇ ਡੀ. ਸੀ. ਨੂੰ ਫੋਨ ਕਰ ਅਤੇ ਆਖ ਸਰਕਾਰੀ ਗੱਡੀ ਤੇ ਐਸ ਵੇਲੇ ਰਾੜੇ ਸਾਹਿਬ ਚੀਨੀ ਭੇਜੇ। ਇਉਂ ਡੀ. ਸੀ. ਨੂੰ ਫੋਨ ਕੀਤਾ ਤਾਂ ਡੀ. ਸੀ. ਨੇ ਰਾਤ ਦੇ ਨੌਂ ਵਜੇ ਸਰਕਾਰੀ ਗੱਡੀ ਤੇ ਕਰਮਸਰ ਚੀਨੀ ਭੇਜੀ। ਇਉਂ ਸੰਤ ਜੀ ਮਹਾਰਾਜ ਦਾ ਬਚਨ ਸਫ਼ਲਾ ਹੋਇਆ ਕਿ ਆਪ ਛੱਡ ਕੇ ਜਾਣਗੇ। ਉਸ ਤੋਂ ਬਾਅਦ ਮਹੀਨੇ ਦੀਆਂ ਛੇ ਬੋਰੀਆਂ ਮਨਜ਼ੂਰ ਹੋ ਗਈਆਂ, ਜੋ ਹੁਣ ਮਿਲਦੀਆਂ ਹਨ। ਖ਼ਰਚ ਭਾਵੇਂ ਵਧੇਰੇ ਬੋਰੀਆਂ ਦਾ ਹੈ ਬਾਕੀ ਦੀ ਹੋਰ ਲਈ ਜਾਂਦੀ ਹੈ, ਕੁੱਝ ਪ੍ਰੇਮੀਆਂ ਵੱਲੋਂ ਆ ਜਾਂਦੀ ਹੈ। ਹੁਣ ਤਾਂ ਛੇ ਬੋਰੀਆਂ ਰੋਜ਼ ਦਾ ਖ਼ਰਚਾ ਹੈ।

ਵਿੱਦਿਆ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ

ਸ. ਸੁਰਜੀਤ ਸਿੰਘ ਜੀ ਬਰਨਾਲਾ ਵਿੱਦਿਆ ਮੰਤਰੀ ਪਹਿਲੀ ਵਾਰ ਸੰਤ ਜੀ ਮਹਾਰਾਜ ਦੇ ਪਾਸ ਧਭਲਾਨ ਆਇਆ ਦਾਤੇ ਦੇ ਦਰ ਤੇ ਸਿਰ ਝੁਕਾ ਹਜ਼ੂਰ ਦੇ ਚਰਨਾਂ ਵਿੱਚ ਪੁੱਜਾ। ਦਰਸ਼ਨ ਕਰ ਕੇ ਮਨ ਤੇ ਕੁੱਝ ਅਜਿਹਾ ਅਸਰ ਹੋਇਆ, ਸੇਵਾ ਵਾਸਤੇ ਬੇਨਤੀ ਕਰੀ। ਗ਼ਰੀਬ ਨਿਵਾਜ਼ ਨੇ ਕਿਹਾ, "ਸਾਨੂੰ ਤਾਂ ਕਿਸੇ ਚੀਜ਼ ਦੀ ਲੋੜ ਨਹੀਂ। ਤੁਹਾਡੇ ਹੱਥ ਹਕੂਮਤ ਦੀ ਵਾਗ ਡੋਰ ਹੈ। ਪਰਉਪਕਾਰ ਨੂੰ ਮੁੱਖ ਰੱਖ ਗ਼ਰੀਬਾਂ ਤੇ ਤਰਸ ਕਰ। ਇਨਸਾਫ ਕਰਿਆ ਕਰੋ।" ਉਸ ਸਮੇਂ ਧਭਲਾਨ ਪਿੰਡ ਮੁਖੀ ਬੰਦਿਆਂ ਨੂੰ ਪਤਾ ਲੱਗਾ ਉਹ ਮਾਸਟਰ ਸਟਾਫ ਨੂੰ ਨਾਲ ਲੈ ਕੇ ਅਸਥਾਨ ਤੇ ਪੁੱਜੇ। ਮਹਾਰਾਜ ਜੀ ਪਾਸੋਂ ਵੀ ਭੈ ਕਰਦੇ ਸਨ ਕਿ ਇਨ੍ਹਾਂ ਨੇ ਕਿਹਾ ਸਾਡੀ ਕੋਈ ਮੰਗ ਨਹੀਂ। ਬੇਪ੍ਰਵਾਹ ਸਾਧੂ ਦੀ ਰਜ਼ਾ ਤੋਂ ਉਲਟ ਅਸੀ ਕਹਿ ਸਕਦੇ ਹਾਂ ਕਿ ਸਾਡੇ ਸਕੂਲ ਨੂੰ ਅੱਠਵੀਂ ਤੋਂ ਦਸਵੀਂ ਦਾ ਬਣਾ ਦਿਓ। ਜਾਣੀ ਜਾਣ ਨੇ ਕਿਹਾ ਸ. ਬਲਜੀਤ ਸਿੰਘ ਇਆਲੀ ਨਾਲ ਗੱਲ ਕਰ ਲਵੋ, ਸਾਨੂੰ ਨਹੀਂ ਪਤਾ। ਜਦੋਂ ਸਾਰੀ ਗੱਲ ਇਸ ਨੇ ਦੱਸੀ ਉਸ ਨੇ ਵਿੱਦਿਆ ਮੰਤਰੀ ਨੂੰ ਜਣਾ ਦਿੱਤੀ ਅਤੇ ਇੱਕੋ ਵਾਰ ਉਸ ਦੇ ਪਾਸ ਜਾ ਕੇ ਕਾਗਜ਼ੀ ਕਾਰਵਾਈ ਪੂਰੀ ਕਰ ਪੱਕੀ ਮਨਜ਼ੂਰੀ ਲੈ ਲਈ। ਥੋੜ੍ਹੇ ਸਮੇਂ ਵਿੱਚ ਉਹ ਛੋਟੇ ਜੇਹੇ ਪਿੰਡ ਵਿੱਚ ਸੰਤ ਜੀ ਮਹਾਰਾਜ ਦੀ ਕ੍ਰਿਪਾ ਨਾਲ ਦਸਵੀਂ ਦਾ ਸਕੂਲ ਬਣ ਗਿਆ। ਹਜ਼ੂਰ ਨੇ ਵੀ ਸਕੂਲ ਦੀ ਗਰਾਊਂਡ ਵਿੱਚ ਸਟੇਸ਼ਨ ਦੇ ਕੋਲ ਸੱਤ ਦੀਵਾਨ ਲਾਏ। ਉਹ ਸਾਰੀ ਭੇਟਾ ਤੇ ਹੋਰ ਵੀ ਕਾਫ਼ੀ ਮਾਯਾ ਸਕੂਲ ਨੂੰ ਦਿੱਤੀ। ਇਸੇ ਤਰ੍ਹਾਂ ਡਾਕਟਰ ਬਲਦੇਵ ਪ੍ਰਕਾਸ਼ ਹੈਲਥ ਮਨਿਸਟਰ; ਜੋ ਜਨਸੰਘ ਪਾਰਟੀ ਵੱਲੋਂ ਅੰਮ੍ਰਿਤਸਰ ਤੋਂ ਜਿੱਤਿਆ ਸੀ, ਇਹ ਪਹਿਲਾਂ ਤੋ ਹੀ ਆਸਤਕ ਖ਼ਿਆਲੀ ਤੇ ਸਾਧੂਆਂ ਦਾ ਮਿਲਾਪੀ ਸੀ। ਹਜ਼ੂਰ ਦਾ ਜਸ ਸੁਣ ਕੇ ਉਹ ਵੀ ਕਰਮਸਰ ਦੀ ਪਾਵਨ ਧਰਤੀ ਦੇ ਦਰਸ਼ਨਾਂ ਨੂੰ ਆਇਆ। ਗ਼ਰੀਬ ਨਿਵਾਜ਼ ਦਾ ਦੀਦਾਰ ਕੀਤਾ, ਪ੍ਰਮਾਰਥੀ ਬਚਨਾਂ ਦਾ ਮਨ ਤੇ ਬੜਾ ਅਸਰ ਪਿਆ। ਇਨਸਾਫ ਕਰਨ ਦੀ ਸਿੱਖਿਆ ਸੁਣ ਬੜਾ ਪ੍ਰਭਾਵਤ ਹੋਇਆ। ਜਿਤਨਾ ਚਿਰ ਏਸ ਡਿਊਟੀ ਤੇ ਰਿਹਾ ਚੰਗੇ ਚੰਗੇ ਕੰਮ ਕੀਤੇ।

ਨੇਤਰਹੀਨ ਗ਼ਰੀਬਾਂ ਤੇ ਕ੍ਰਿਪਾ

ਇਲਾਕੇ ਵਾਸੀ ਤੇ ਦੂਰੋਂ ਆਏ ਨੇਤਰ ਹੀਨ ਪ੍ਰੇਮੀਆਂ ਦੀਆਂ ਅੱਖਾਂ ਦਾ ਆਪਰੇਸ਼ਨ ਕਰਾਉਣ ਵਾਸਤੇ ੧੯੭੩ ਈ. ਤੋਂ ਹਰੇਕ ਸਾਲ ਅਸਥਾਨ ਤੇ ਅੱਖਾਂ ਦੇ ਆਪਰੇਸ਼ਨ ਦਾ ਕੈਂਪ ਲੱਗਦਾ ਹੈ। ਆਪਰੇਸ਼ਨ ਦਾ ਸਮਾਂ ਪਹਿਲਾਂ ਦੱਸ ਦਿੰਦੇ ਹਨ। ਸ਼ਹਿਰਾਂ ਤੇ ਪਿੰਡਾਂ ਵਿੱਚ ਮੁਨਿਆਦੀ ਕਰਵਾਈ ਜਾਂਦੀ ਹੈ। ਜਲੰਧਰ ਰੇਡੀਓ ਸ਼ਟੇਸ਼ਨ ਤੇ ਵੀ ਬੋਲਿਆ ਜਾਂਦਾ ਹੈ। ਤਕਰੀਬਨ ਹਰੇਕ ਸਾਲ ਬਾਰਾਂ ਪੰਦਰਾਂ ਸੌ ਮਰੀਜ਼ ਪੁੱਜ ਜਾਂਦਾ ਹੈ। ਉਨ੍ਹਾਂ ਵਿੱਚੋਂ ਜਿਨ੍ਹਾਂ ਦੀਆਂ ਅੱਖਾਂ ਬਣਨ ਵਾਲੀਆਂ ਹੁੰਦੀਆਂ ਹਨ, ਰੱਖ ਲੈਂਦੇ ਹਨ। ਬਾਕੀ ਦੇ ਆਪਣੇ ਕਰਮਾਂ ਨੂੰ ਕੋਸਦੇ ਵਾਪਸ ਮੁੜ ਜਾਂਦੇ ਹਨ।

ਲੁਧਿਆਣੇ ਤੋਂ ਮਿਸ. ਬਰਾਉਨ ਹਸਪਤਾਲ ਦੇ ਡਾਕਟਰ ਆਉਂਦੇ ਸਨ। ਕੁੱਝ ਕੁ ਰੋਜ਼ ਹੀ ਦੇਖ ਕੇ ਵਾਪਸ ਚਲੇ ਜਾਂਦੇ ਸਨ। ਕਈ ਕੁ ਨਰਸਾਂ ਤੇ ਡਾਕਟਰ ਅਸਥਾਨ ਤੇ ਠਹਿਰ ਜਾਂਦੇ ਸਨ। ਅਸਥਾਨ ਵੱਲੋਂ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਹਰ ਪ੍ਰਕਾਰ ਦੀ ਸਹੂਲਤ ਮਿਲਦੀ ਹੈ। ਕਈ ਕੁ ਗ਼ਰੀਬ ਘਰਾਣੇ ਤੇ ਸਾਰਾ ਪ੍ਰਵਾਰ ਹੀ ਬਾਲ ਬੱਚਿਆਂ ਸਮੇਤ ਲੰਗਰ ਦੀ ਸਹੂਲਤ ਜਾਣ ਕੇ ਡੇਰੇ ਆ ਲਾਉਂਦੇ ਹਨ। ਇਹ ਕੈਂਪ ੧੫ ਦਿਨ ਰਹਿੰਦਾ ਹੈ। ਅੱਧੇ ਮਰੀਜ਼ਾਂ ਦਾ ਇੱਕ ਵਾਰ ਆਪ੍ਰੇਸ਼ਨ ਕਰ ਹਫ਼ਤੇ ਬਾਅਦ ਪੱਟੀ ਖੋਲ੍ਹ ਐਨਕ ਦੇ ਕੇ ਛੁੱਟੀ ਕਰ ਕੇ ਫੇਰ ਦੂਜੇ ਮਰੀਜ਼ਾਂ ਨੂੰ ਹਫਤੇ ਵਾਸਤੇ ਦਾਖ਼ਿਲ ਕੀਤਾ ਜਾਂਦਾ ਹੈ। ਇਹ ਬਿਲਕੁਲ ਫ੍ਰੀ ਆਪ੍ਰੇਸ਼ਨ ਹੁੰਦਾ ਹੈ। ਦੇਸੀ ਘਿਉ ਦਾ ਦਲੀਆ ਤੇ ਦੁੱਧ ਲਾਂਗਰੀ ਸਿੰਘ ਮੰਜੇ ਤੇ ਬੈਠੇ ਮਰੀਜ਼ਾਂ ਨੂੰ ਦੇ ਜਾਂਦੇ ਹਨ। ਤਕਰੀਬਨ ਦੋ ਹਫਤਿਆਂ ਵਿੱਚ ਵਾਰਸਾਂ ਸਮੇਤ ਪੰਦਰਾਂ ਸੋਲਾਂ ਸੌ ਆਦਮੀਆਂ ਦੀ ਸੰਭਾਲ ਕਰਨੀ ਪੈਂਦੀ ਹੈ, ਜੋ ਠੀਕ ਹੋਣ ਪਰ ਅਸੀਸਾਂ ਦਿੰਦੇ ਘਰਾਂ ਨੂੰ ਵਾਪਸ ਜਾਂਦੇ ਹਨ। ਇਸ ਕੰਮ ਦੀ ਜ਼ੁੰਮੇਵਾਰੀ ਤੇ ਸਾਰਾ ਇੰਤਜਾਮ ਛੋਟੇ ਸੰਤ ਜੀ ਮਹਾਰਾਜ ਵੱਲੋਂ ਹੁੰਦਾ ਹੈ।

ਨੋਟ: ਇਸੇ ਤਰ੍ਹਾਂ ਗਿਦੜਬਾਹੇ ਵਾਲਾ ਬਲਵੰਤ ਸਿੰਘ ਵੈਦ ਵੀ ਨੌਂ ਮਾਘ ਦੇ ਦਿਨਾਂ ਵਿੱਚ ਹਰੇਕ ਸਾਲ ਬਵਾਸੀਰ ਦਾ ਕੈਂਪ ਲਾਉਂਦਾ ਹੈ। ਉਸ ਦਾ ਇਲਾਜ ਵੀ ਕਾਮਯਾਬ ਹੈ।

ਟੂਟੀ ਗਾਢਨ ਹਾਰ ਗੋਪਾਲ

ਹਾਪੜ ਤੋਂ ਸ. ਸੁੱਚਾ ਸਿੰਘ ਤੇ ਉਸ ਦੇ ਘਰੋਂ ਬੀਬੀ ਪ੍ਰੀਤਮ ਕੌਰ, ਮਾਤਾ ਭਾਗਵੰਤੀ, ਬੀਬੀ ਮਹਿੰਦਰ ਕੌਰ (ਸਪੁਤਨੀ ਸ. ਮਲਕੀਤ ਸਿੰਘ) ਇਨ੍ਹਾਂ ਸਾਰਿਆਂ ਸਮੇਤ ੧੯੭੫ ਈ. ਦੇ ਮਾਘ ਮਹੀਨੇ ਸੰਤ ਜੀ ਦੇ ਪਾਵਨ ਚਰਨਾਂ ਵਿੱਚ ਹਾਜ਼ਰ ਹੋਇਆ। ਰਾਤ ਦੇ ਨੌਂ ਵੱਜੇ ਸਨ। ਸੇਵਾਦਾਰ ਨੂੰ ਅਰਜ਼ ਕਰ ਕੇ ਦਾਤੇ ਦਾ ਦੀਦਾਰ ਕੀਤਾ ਪਰ ਉਹ ਬੜਾ ਦੁਖਿਆਰਾ ਜਾਪਦਾ ਸੀ। ਰੋਂਦਾ ਹੋਇਆ ਚਰਨਾਂ ਤੇ ਢੱਠਾ। ਬੜੀ ਮੁਸ਼ਕਲ ਨਾਲ ਰੁਕੇ ਕੰਠ ਤੋਂ ਭਰੇ ਦਿਲ ਨਾਲ ਅਰਜ਼ ਕੀਤੀ ਗ਼ਰੀਬ ਨਿਵਾਜ਼! ਸ. ਬੰਤਾ ਸਿੰਘ (ਜੋ ਸ. ਸੁੱਚਾ ਸਿੰਘ ਦਾ ਸਾਂਢੂ ਲੱਗਦਾ ਹੈ) ਦਾ ਇੱਕੋ ਇੱਕ ਲੜਕਾ ਸ. ਕਰਮ ਸਿੰਘ (ਜਿਸ ਦੀ ੨੭ ਸਾਲ ਦੀ ਉਮਰ ਹੈ) ਬੁਢੇਪੇ ਦਾ ਸਹਾਰਾ ਜੋ ਸੁਖਾਂ ਸੁੱਖਦਿਆਂ ਪੈਦਾ ਹੋਇਆ, ਸਕੂਟਰ ਤੇ ਜਾ ਰਿਹਾ ਸੀ। ਅਗਲੇ ਚਕੇ ਦਾ ਟਾਇਰ ਫਟ ਗਿਆ। ਸਕੂਟਰ ਇੱਕ ਪਾਸੇ ਜਾ ਕੇ ਸੂਏ ਦੀ ਪੁਲੀ ਨਾਲ ਜਾ ਵੱਜਾ। ਸਪੀਡ ਤੇਜ਼ ਸੀ, ਉਹ ਲੜਕੇ ਦਾ ਸਿਰ ਵੀ ਪੁਲੀ ਨਾਲ ਜਾ ਵਜਾ ਅਤੇ ਉਹ ਬਹੁਤ ਬੁਰੀ ਤਰ੍ਹਾਂ ਫਟ ਗਿਆ। ਪਤਾ ਲੱਗਣ ਤੇ ਅਸੀ ਦਿੱਲੀ ਦੇ ਸਭ ਤੋਂ ਵੱਡੇ ਦਿਲ ਦਿਮਾਗ਼ ਦੇ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ। ਤਕਲੀਫ ਕਾਰਨ ਬੇਹੋਸ਼ੀ ਦੀ ਹਾਲਤ ਵਿੱਚ ਉਸ ਦਾ ਸਰੀਰ ਦੋ ਦਿਨਾਂ ਤੋਂ ਤੜਫ ਰਿਹਾ ਸੀ ਪਰ ਅੱਜ ਅਚਾਨਕ ਤੜਫਨੋਂ ਬੰਦ ਹੋ ਗਿਆ। ਲੋਥ ਦੀ ਤਰ੍ਹਾਂ ਪਿਆ ਹੈ। ਡਾਕਟਰਾਂ ਨੇ ਸਾਫ਼ ਕਹਿ ਦਿਤਾ ਕਿ ਇਸ ਦਾ ਦਿਮਾਗ਼ ਫਟ ਗਿਆ, ਜੋ ਦੁਨੀਆਂ ਭਰ ਦੇ ਕਿਸੇ ਵੀ ਹਸਪਤਾਲ ਦੇ ਡਾਕਟਰਾਂ ਪਾਸੋਂ ਠੀਕ ਨਹੀਂ ਹੋ ਸਕਦਾ। ਇਸ ਦੀ ਮੌਤ ਯਕੀਨਨ ਹੈ। ਇਹ ਗੱਲ ਸੁਣ ਕੇ ਉਸ ਦੀ ਮਾਤਾ ਭਗਵੰਤ ਕੌਰ ਘਬਰਾ ਕੇ ਧਰਤੀ ਤੇ ਡਿੱਗ ਪਈ। ਮਕਾਨ ਨਾਲ ਟੱਕਰਾਂ ਮਾਰਦੀ ਨੂੰ ਫੜ ਕੇ ਰੋਕਿਆ। ਹੁਣ ਉਹ ਹਜ਼ੂਰ ਦੇ ਚਰਨਾਂ ਵਿੱਚ ਲਿਆਂਦੀ ਬਾਹਰ ਖੜੀ ਹੈ। ਹੁਕਮ ਕਰੋ, ਉਹ ਵੀ ਮੱਥਾ ਟੇਕ ਲਵੇ। ਅਸੀਂ ਹੁਣੇ ਹੀ ਮੁੜ ਜਾਣਾ ਹੈ।

ਹਜ਼ੂਰ ਨੇ ਵਚਨ ਕੀਤਾ, "ਕਾਫ਼ੀ ਰਾਤ ਚਲੀ ਗਈ ਹੈ ਤੇ ਐਸ ਸਮੇਂ ਵਾਪਸ ਜਾਣਾ ਠੀਕ ਨਹੀਂ। ਦਿਨ ਦਾ ਥੱਕਿਆ ਤੇ ਰਾਤ ਦਾ ਉਨੀਂਦਰਾ ਹੈ। ਕਾਹਲੀ ਤੇ ਹਨੇਰੇ ਵਿੱਚ ਐਕਸੀਡੈਂਟ ਦਾ ਖ਼ਤਰਾ ਹੈ। ਪ੍ਰਸ਼ਾਦ ਛਕ ਕੇ ਅਰਾਮ ਕਰੋ। ਕੱਲ੍ਹ ਉਸ ਮਾਈ ਨੂੰ ਵੀ ਸਮਾਂ ਮਿਲ ਜਾਵੇਗਾ।" ਉਸ ਦੀ ਰਜ਼ਾ ਵਿੱਚ ਪ੍ਰਸੰਨ ਰਹੋ। ਦੂਸਰੇ ਦਿਨ ਸਵੇਰੇ ਅੱਠ ਵਜੇ ਫੇਰ ਸਮਾਂ ਬਖ਼ਸ਼ ਦਿੱਤਾ। ਮਾਈ ਨੂੰ ਫੜ ਕੇ ਅੰਦਰ ਲਿਆਂਦਾ ਗਿਆ। ਜਦੋਂ ਦੁਖੀਆਂ ਤੇ ਦਰਦਵੰਦ ਦੇ ਦਰ ਦੀ ਦਲੀਜ਼ ਤੇ ਸਿਰ ਰੱਖਿਆ ਤਾਂ ਮਾਈ ਦੀਆਂ ਧਾਹਾਂ ਨਿੱਕਲ ਗਈਆਂ। ਭੋਰੇ ਦੀਆਂ ਕੰਧਾਂ ਨਾਲ ਟੱਕਰਾਂ ਮਾਰਨ ਲੱਗੀ ਜੋ ਨਾਲ ਦੇ ਪ੍ਰੇਮੀਆਂ ਨੇ ਫੜ ਕੇ ਰੋਕੀ। ਇਉਂ ਆਪਣੇ ਆਪ ਚੀਕਾਂ ਮਾਰਦੀ ਨੂੰ ਹਜ਼ੂਰ ਦੇ ਚਰਨਾਂ ਤੇ ਲਿਆ ਪਾਇਆ। ਉਸ ਨੇ ਚਰਨਾਂ ਉੱਪਰ ਸਿਰ ਰੱਖ ਕੇ ਹੰਝੂਆਂ ਨਾਲ ਧੋ ਦਿੱਤੇ। ਦਰਦਵੰਦ ਦਾ ਦਿਲ ਦਰਦ ਨਾਲ ਦ੍ਰਬਿਆ। ਮਾਈ ਦੇ ਹੰਝੂ ਤੱਕ ਕੇ ਦੁਖੀਆਂ ਦੇ ਸਹਾਰੇ ਨੇ ਧੀਰਜ ਬਖ਼ਸ਼ੀ, "ਮਾਤਾ! ਚੁੱਪ ਕਰ ਗੁਰੂ ਭਲੀ ਕਰੇਗਾ।" ਮਾਈ ਦੇ ਅੰਦਰ ਫੇਰ ਪ੍ਰੇਮ ਦਾ ਹੜ੍ਹ ਆ ਗਿਆ। ਚੀਕਾਂ ਨਿੱਕਲੀਆਂ ਤੇ ਮਨ ਕਾਬੂ ਤੋਂ ਬਾਹਰ ਹੋ ਗਿਆ। ਬੇ-ਸਬਰਿਆਂ ਵਾਂਗ ਰੋਂਦੀ ਨੇ ਅਰਜ਼ ਕੀਤੀ, "ਦਾਤਾ! ਬਚਨ ਕਰ ਦਿਓ। ਮੇਰਾ ਪੁੱਤਰ ਰਾਜ਼ੀ ਹੋ ਜਾਵੇ।" ਮਹਾਰਾਜ ਕਹਿਣ ਲੱਗੇ, "ਗੁਰੂ ਭਲੀ ਕਰੇਗਾ।" ਉਸ ਨੇ ਫੇਰ ਕਿਹਾ, "ਨਹੀਂ ਮਹਾਰਾਜ! ਆਪਣੇ ਮੁੱਖੋਂ ਆਖ ਦੇਵੋ ਕਿ ਮੇਰੇ ਜਾਂਦੀ ਨੂੰ ਮੇਰਾ ਪੁੱਤਰ ਬੋਲਦਾ ਹੋਵੇ। ਰਹਿਮ ਕਰੋ।" ਦੁਖੀਆਂ ਤੇ ਤਰਸ ਕਰਨ ਵਾਲੇ ਪ੍ਰੀਤਮ ਨੇ ਕਿਹਾ ਚੰਗਾ ਮਾਈ ਤੇਰੀ ਸ਼ਰਧਾ ਨੂੰ ਫ਼ਲ ਲੱਗੇਗਾ। ਪ੍ਰਮੇਸ਼ਰ ਸਮਰਥ ਹੈ, ਭਲੀ ਕਰੇਗਾ। ਹੁਣ ਚੁੱਪ ਕਰ। ਮਾਈ ਦੇ ਢਹਿੰਦੇ ਮਨ ਨੂੰ ਢਾਰਸ ਮਿਲ ਗਈ। ਨਮਸ਼ਕਾਰ ਕਰ ਕੇ ਚੱਲ ਪਏ। ਦਿੱਲੀ ਦੇ ਹੌਸਪੀਟਲ ਵਿੱਚ ਜਾ ਕੇ ਦੇਖਿਆ, ਬੱਚਾ ਬੋਲਦਾ ਸੀ। ਡਾਕਟਰ ਹੈਰਾਨ ਸਨ। ਕਹਿਣ ਲੱਗੇ, "ਮਾਈ ਤੇਰੇ ਬੱਚੇ ਦਾ ਦਿਮਾਗ਼ ਆਪਣੇ

ਆਪ ਹੀ ਜੁੜ ਕੇ ਠੀਕ ਹੋ ਗਿਆ। ਨਹੀਂ ਤਾਂ ਇਸ ਦੇ ਬਚਣ ਦੀ ਉਮੀਦ ਨਹੀਂ ਸੀ।" ਮਾਈ ਨੇ ਉਸੇ ਸਮੇਂ ਸੰਤ ਜੀ ਮਹਾਰਾਜ ਦੇ ਪਾਵਨ ਚਰਨਾਂ ਤੇ ਅੰਤਰ ਆਤਮੇ ਨਮਸ਼ਕਾਰ ਕੀਤੀ ਕਿ ਧੰਨ ਹੋ ਮਹਾਰਾਜ! ਟੁੱਟੀਆਂ ਦੇ ਗੰਢਣਹਾਰ!

ਭੀਖੀ ਪਿੰਡ ਦਾ ਸ. ਰਣਜੀਤ ਸਿੰਘ ਤੇ ਉਸ ਦੇ ਘਰੋਂ ਬੀਬੀ ਨੇ ਸੰਤ ਜੀ ਪਾਸ ਅਰਜ਼ ਕੀਤੀ ਕਿ ਗ਼ਰੀਬ ਨਿਵਾਜ਼! ਮੇਹਰ ਕਰ ਕੇ ਪੁੱਤਰ ਦੀ ਦਾਤ ਬਖ਼ਸ਼ੋ। ਦਾਤੇ ਨੇ ਆਖਿਆ, "ਮਾਸ ਸ਼ਰਾਬ ਦਾ ਤਿਆਗ ਕਰ ਕੇ ਅੰਮ੍ਰਿਤ ਪਾਨ ਕਰੋ।" ਬੀਬੀ ਤਾਂ ਮੰਨ ਗਈ ਪਰ ਰਣਜੀਤ ਸਿੰਘ ਨਾ ਮੰਨਿਆ। ਉਸ ਨੇ ਹੱਠ ਕੀਤਾ। ਇਕੱਲੀ ਬੀਬੀ ਨੂੰ ਅੰਮ੍ਰਿਤ ਨਹੀਂ ਛਕਾਇਆ ਜਾਂਦਾ। ਹਜ਼ੂਰ ਦੇ ਚਰਨਾਂ ਵਿੱਚ ਬੀਬੀ ਨੇ ਬੇਨਤੀ ਕੀਤੀ ਤਾਂ ਉਸ ਰਣਜੀਤ ਸਿੰਘ ਦੇ ਅੰਦਰ ਵੀ ਭੈ ਜਾਗਿਆ ਅਤੇ ਅਜਿਹਾ ਦੌਰਾ ਪਿਆ ਕਿ ਆਪ ਘਰ ਵਾਲੀ ਬੀਬੀ ਨੂੰ ਨਾਲ ਲੈ ਕੇ ਕਰਮਸਰ ਪੁੱਜਾ ਕਿ ਛੇਤੀ ਅੰਮ੍ਰਿਤ ਛਕੀਏ। ਅੰਮ੍ਰਿਤ ਪਾਨ ਕੀਤਾ ਦਾਤੇ ਤੋਂ ਨਾਮ ਦੀ ਦਾਤ ਲਈ ਤਾਂ ਇਨ੍ਹਾਂ ਦੇ ਘਰ ਭੁਜੰਗੀ ਦਾ ਜਨਮ ਹੋਇਆ ਜਿਸ ਦਾ ਨਾਮ ਸੰਤ ਜੀ ਨੇ ਪ੍ਰੀਤਮ ਸਿੰਘ ਰੱਖਿਆ।

ਇਸੇ ਤਰ੍ਹਾਂ ਅੜ੍ਹੈਚ ਪਿੰਡ ਵਿੱਚ ਵੀ ਸ. ਕਰਮ ਸਿੰਘ ਹੌਲਦਾਰ ਦੇ ਘਰ ਸੰਤ ਜੀ ਨੇ ਚਰਨ ਪਾਏ। ਦਾਤੇ ਦੇ ਬਚਨਾਂ ਨਾਲ ਉਸ ਦੇ ਘਰ ਗੁਰਨਾਮ ਸਿੰਘ ਤੇ ਪਰਮਿੰਦਰ ਸਿੰਘ ਦੋ ਬੱਚਿਆਂ ਦਾ ਜਨਮ ਹੋਇਆ। ਇਸੇ ਹੌਲਦਾਰ ਦੀ ਲੜਕੀ ਭੀਖੀ ਪਿੰਡ ਸ. ਰਣਜੀਤ ਸਿੰਘ ਨੂੰ ਵਿਆਹੀ ਹੈ।

ਕਾਂਡ ੨੭

ਗਿਆਨੀ ਮੇਹਰ ਸਿੰਘ ਜੀ ਕੁਰਕੁਛੇਤਰ

ਇਨ੍ਹਾਂ ਦਾ ਜਨਮ ੧੫ ਅਗਸਤ ੧੯੧੫ ਈ. ਨੂੰ ਸ. ਸੁਹੇਲ ਸਿੰਘ ਫੌਜੀ ਪੈਨਸ਼ਨਰ ਦੇ ਘਰ ਜਬੋਵਾਲ ਨਗਰ ਜਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਏਸ ਦੌਰਾਨ ਸੰਤ ਗੁਰਬਖਸ਼ ਸਿੰਘ ਜਬੋਵਾਲ ਦੀ ਸੰਗਤ ਕਰਨ ਦਾ ਸਮਾਂ ਮਿਲਦਾ ਰਿਹਾ। ਉਪਰੰਤ ਸੰਤ ਬਖਸ਼ੀਸ਼ ਸਿੰਘ ਬੇਲਾ ਦੀ ਪ੍ਰੇਰਨਾ ਕਰ ਕੇ ਸੰਤ ਤੇਜਾ ਸਿੰਘ ਡਬਲ ਐਮ. ਏ. ਪਾਸੋਂ ਅੰਮ੍ਰਿਤ ਪਾਨ ਕਰ ਕੇ ੧੯੨੯ ਵਿੱਚ ਉਨ੍ਹਾਂ ਦੇ ਪਾਸ ਦਮਦਮੇ ਸਾਹਿਬ ਆ ਗਏ। ਹਜ਼ੂਰ ਸਾਹਿਬ ਦਰਸ਼ਨਾਂ ਨੂੰ ਗਏ। ਉਸੇ ਜਗ੍ਹਾ ਪੁਜਾਰੀ ਦੇ ਬੁੰਗੇ ਗਿਆਨੀ ਰਾਮ ਸਿੰਘ ਸੂਰਮੇ ਤੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਤੇ ਦਸਮ ਬਾਣੀ ਦੇ ਅਰਥ ਸੁਣੇ।

੧੯੩੨ ਈ. ਵਿੱਚ ਰੇਰੂ ਸਾਹਿਬ ਆਏ। ਏਥੇ ਸੰਤ ਬਿਸ਼ਨ ਸਿੰਘ ਜੀ ਰੌਣੀ ਵਾਲਿਆਂ ਦੀ ਸੰਗਤ ਤੇ ਪ੍ਰੇਰਨਾ ਦੁਆਰਾ ਰਾੜਾ ਸਾਹਿਬ ਪੁੱਜੇ। ਤਪ ਅਸਥਾਨ ਦਾ ਦਰਸ਼ਨ ਕਰ ਕੇ ਮਨ ਵਿੱਚ ਹੋਰ ਵੀ ਵੈਰਾਗ ਪੈਦਾ ਹੋ ਗਿਆ। ਸੰਤ ਜੀ ਮਹਾਰਾਜ ਤੋਂ ਉਪਦੇਸ਼ ਲੈ ਕੇ ਕਾਫ਼ੀ ਸਮਾਂ ਟਿਕ ਕੇ ਭਜਨ ਸਿਮਰਨ ਕੀਤਾ।

੧੯੩੬ ਵਿੱਚ ਫੇਰ ਰਾੜੇ ਸਾਹਿਬ ਨਵੇਂ ਅਸਥਾਨ ਦੀ ਸੇਵਾ ਵਿੱਚ ਹਿੱਸਾ ਲਿਆ। ਹਰੇਕ ਵੱਡੇ ਸਾਲਾਨਾ ਜੋੜ ਮੇਲੇ ਤੇ ਪੁੱਜਦੇ ਰਹੇ। ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ, ਸੰਤ ਬਾਬਾ ਮਹਾਰਾਜ ਸਿੰਘ ਜੀ ਨੌਰੰਗਾਬਾਦ, ਤੇ ਨੌਂ ਰਤਨ ਨਾਮ ਦੀਆਂ ਪੁਸਤਕਾਂ ਲਿਖ ਕੇ ਛਾਪੀਆਂ ਜਿਸ ਵਿੱਚ ਸੰਤ ਜੀ ਮਹਾਰਾਜ ਨੇ ਮਾਇਆ ਦਾ ਪੂਰਨ ਸਹਿਯੋਗ ਦਿੱਤਾ।

ਸੰਤ ਸੰਪੂਰਨ ਸਿੰਘ ਜੀ ਮੋਹੀ

ਸੰਤ ਸੰਪੂਰਨ ਸਿੰਘ ਜੀ ਮੋਹੀ ਦਾ ਜਨਮ ਪਿੰਡ ਜੰਡਾਲੀ ਖੁਰਦ ਹੋਇਆ। ਪਹਿਲਾਂ ਨਗਰ ਵਿੱਚ ਪੜ੍ਹਾਈ ਕੀਤੀ। ਫੇਰ ੨੪ ਸਾਲ ਦੀ ਆਯੂ ਵਿੱਚ ਕਰਮਸਰ ਆ ਗਏ। ਹਜ਼ੂਰ ਤੋਂ ਉਪਦੇਸ਼ ਲੈ ਕੇ ਭਜਨ ਸਿਮਰਨ ਤੇ ਸੇਵਾ ਕੀਤੀ ਫੇਰ ਆਗਿਆ ਪਾ ਕੇ, ਬਾਹਰ ਚਲੇ ਗਏ ਅਤੇ ਭਾਵਨਾ ਨਾਲ ਦਰਸ਼ਨ ਦੀਦਾਰ ਕਰਦੇ ਰਹੇ। ਬੜਾ ਸੁੰਦਰ ਕੀਰਤਨ ਕਰਦੇ ਸਨ। ਮੋਹੀ, ਨਾਭਾ, ਅਗੇਤਾ (ਨਾਭੇ ਕੋਲ) ਜੰਡਾਲੀ, ਘਡੂੰਏ, ਮੀਆਂ ਪੁਰ ਆਦਿਕ ਗੁਰ ਅਸਥਾਨਾਂ ਦੀ ਸੇਵਾ ਕਰਵਾਈ। ੧੧ ਅੱਸੂ ੧੯੭੫ ਈ. ਨੂੰ ਮੋਹੀ ਵਿਖੇ ਗੁਰ ਪੁਰੀ ਪਿਆਨਾ ਕਰ ਗਏ।

ਸੰਤ ਮਹਿੰਦਰ ਸਿੰਘ ਜੀ ਪਟਿਆਲਾ

ਇਨ੍ਹਾਂ ਦਾ ਜਨਮ ਧਮੋਟ ਖੁਰਦ ੧੯੪੦ ਈ. ਦੇ ਲਗਭਗ ਸ. ਅਰਜਨ ਸਿੰਘ ਦੇ ਘਰ ਹੋਇਆ। ਬਾਲਕ ਅਵਸਥਾ ਨਗਰ ਵਿੱਚ ਬਤੀਤ ਕਰੀ। ਪਿਛਲੇ ਪੁੰਨਾਂ ਦੀ ਪ੍ਰੇਰਨਾਂ ਤੇ ਸ਼ੁਭ ਕਰਮਾਂ ਦੇ ਸੰਸਕਾਰਾਂ ਦੀ ਪ੍ਰਬਲਤਾ ਦੁਆਰਾ ੧੯੫੦ ਈ. ਨੂੰ ਕਰਮਸਰ ਆ ਗਏ। ਦਾਤੇ ਦੇ ਦਰ ਤੋਂ ਭਜਨ ਸਿਮਰਨ ਦੀ ਦਾਤ ਪ੍ਰਾਪਤ ਕੀਤੀ। ਪਹਿਲਾਂ ਕੁੱਝ ਕੁ ਸਮਾਂ ਲੰਗਰ ਦੀ ਸੇਵਾ ਕਰੀ। ਏਸੇ ਦੌਰਾਨ ਸੰਥਾ ਨਾਲ ਗੁਰੂ ਮਹਾਰਾਜ ਦਾ ਸ਼ੁੱਧ ਪਾਠ ਕੀਤਾ ਅਤੇ ਇਲਾਹੀ ਬਾਣੀ ਦਾ ਕੀਰਤਨ ਸਿੱਖਿਆ। ਫੇਰ ਕੁੱਝ ਕੁ ਸਮਾਂ ਗੁਰੂ ਮਹਾਰਾਜ ਦੇ (ਵਜ਼ੀਰ) ਗ੍ਰੰਥੀ ਦੀ ਡਿਊਟੀ ਕੀਤੀ। ਉਪਰੰਤ ਛੋਟੇ ਸੰਤ ਜੀ ਮਹਾਰਾਜ ਦੇ ਹਜ਼ੂਰੀਏ ਸੇਵਾਦਾਰ ਬਣ ਗਏ। ਕਾਫ਼ੀ ਸਮਾਂ ਏਸ ਡਿਊਟੀ ਤੇ ਰਹੇ। ਉਪਰੰਤ ਆਗਿਆ ਪਾ ਬਾਹਰ ਨਗਰਾਂ ਸ਼ਹਿਰਾਂ ਤੇ ਛੋਟੇ ਵੱਡੇ ਕਸਬਿਆਂ ਵਿੱਚ ਗੁਰਬਾਣੀ ਦਾ ਕੀਰਤਨ ਤੇ ਪ੍ਰਚਾਰ ਕਰਦੇ ਹਨ। ਪੁਰਾਣੇ ਮੋਤੀ ਬਾਗੀ ਦੀ ਬੈਕ ਸਾਈਡ ਪਟਿਆਲੇ ਵਿੱਚ ਆਪਣੀ ਕੋਠੀ ਬਣਾ ਕੇ ਰਿਹਾਇਸ਼ ਰੱਖੀ ਹੈ।

ਸੰਤ ਚੰਨਣ ਸਿੰਘ ਜੀ ਵਿਰੱਕਤ

ਆਪ ਜੀ ਦਾ ਜਨਮ ੨੮ ਅਗਸਤ ੧੯੧੮ ਈ. ਨੂੰ ਪਿਤਾ ਸ. ਨਾਨਕ ਸਿੰਘ ਦੇ ਘਰ ਜਲੰਧਰ ਸ਼ਹਿਰ ਹੋਇਆ। ਜਦੋਂ ਬਚਪਨ ਬਤੀਤ ਹੋਇਆ ਮਨ ਦੀ ਉਪਰਾਮਤਾ ਨਾਲ ਤੀਰਥ ਯਾਤਰਾ ਨੂੰ ਚੱਲ ਪਏ। ਕਈ ਥਾਈਂ ਵਿਚਰੇ। ੧੯੫੪ ਈ. ਨੂੰ ਪੰਜਾਬ ਨੂੰ ਆ ਰਹੇ ਸਨ। ਜਦੋਂ ਰੇਰੂ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਵਾਸਤੇ ਦੋਰਾਹਾ ਮੰਡੀ ਗੁਰਦੁਆਰੇ ਠਹਿਰੇ। ਅੰਮ੍ਰਿਤ ਵੇਲੇ ਤੁਰਨ ਸਮੇਂ ਕਿਸੇ ਅਗੰਮੀ ਸ਼ਕਤੀ ਨੇ ਮਨ ਪ੍ਰੇਰਿਆ, ਅੰਦਰੋਂ ਖਿੱਚ ਪਈ ਪਰ ਨਹੀਂ ਸੀ ਪਤਾ ਕਿ ਇਸੇ ਨਹਿਰ ਦੇ ਕੰਢੇ ਸ਼ਾਂਤੀ ਦਾ ਸੋਮਾ ਪੂਰਨ ਮਹਾਂਪੁਰਸ਼ਾਂ ਦਾ ਤਪ ਅਸਥਾਨ ਹੈ। ਅਜੇ ਏਸ ਜਗ੍ਹਾ ਦੇ ਦਰਸ਼ਨ ਨਹੀਂ ਸਨ ਕੀਤੇ। ਜਦੋਂ ਏਸ ਜਗ੍ਹਾ ਦੀ ਬਹੁਤ ਸਾਰੇ ਪ੍ਰੇਮੀਆਂ ਤੋਂ ਉਸਤਤੀ ਸੁਣੀ ਤਾਂ ਅੱਗੇ ਜਾਣ ਤੋਂ ਪੈਰ ਰੁਕ ਗਏ ਪਰ ਮਨ ਨਹੀਂ ਪਤੀਜਿਆ ਕਿਉਂਕਿ ਮਨ ਵਿੱਚ ਏਹੋ ਹੀ ਖ਼ਿਆਲ ਸੀ ਕੋਈ ਪੂਰਨ ਸਾਧੂ ਮਿਲੇ। ਇਸ ਗੱਲ ਦਾ ਫ਼ੈਸਲਾ ਮਨ ਨਹੀਂ ਸੀ ਕਰ ਸਕਦਾ। ਨਿਰੰਕਾਰ ਤੇ ਛੱਡ ਅਡੋ ਅੱਡ ਕਾਗਜ਼ਾਂ ਤੇ ਕਈ ਮਹਾਂਪੁਰਸ਼ਾਂ ਦੇ ਨਾਮ ਲਿਖ (ਜੋ ਮਸ਼ਹੂਰ ਵਿਅਕਤੀ ਸਨ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰ ਚਿੱਠੀਆਂ ਪਾਈਆਂ। ਉਸ ਸਮੇਂ ਸੰਤ ਜੀ ਮਹਾਰਾਜ ਦੇ ਨਾਮ ਵਾਲੀ ਚਿੱਠੀ ਨਿਕਲੀ। ਦਾਤੇ ਦੇ ਦਰ ਦੀ ਧੂੜ ਮਸਤਕ ਨੂੰ ਲਾਈ। ਆਪ ਜੀ ਧਭਲਾਨ ਸਨ। ਉੱਥੇ ਪੁਜ ਗਏ। ਦਸਵੀਂ ਦਾ ਦੀਵਾਨ ਸੁਣਿਆ। ਮਨ ਨੂੰ ਠੰਢ ਜਾਪੀ। ਨਾਮ ਦੀ ਦਾਤ ਵਾਸਤੇ ਅਰਜ਼ ਕੀਤੀ। ਅੰਤਰਯਾਮੀ ਦਾਤੇ ਨੇ ਸ਼ਰਧਾ ਵਧਾਉਣ ਵਾਸਤੇ ਬਚਨ ਕੀਤਾ। ਜਿਨ੍ਹਾਂ ਮਹਾਂਪੁਰਸ਼ਾਂ ਦਾ ਨਾਮ ਲਿਖ ਕੇ ਪਰਚੀਆਂ ਪਾਈਆਂ ਸਨ, ਅਵਸਥਾ ਤਾਂ ਉਨ੍ਹਾਂ ਦੀ ਵੀ ਪੂਰਨ ਹੈ। ਗਿਆਨ ਵਿੱਚ ਕੋਈ ਘਾਟ ਨਹੀਂ। ਪਰ ਤੁਹਾਡਾ ਛਾਂਦਾ ਸਾਡੇ ਪਾਸ ਹੈ ਏਥੋਂ ਦਾਤ ਮਿਲਣੀ ਹੈ। ਗੁਰ ਸ਼ਬਦ ਦੀ ਤਕੜੇ ਹੋ ਕੇ ਕਮਾਈ ਕਰੋ। ਦੁਨੀਆਂ ਪੂਜੇਗੀ। ਨਾਮ ਸਿਮਰਨ ਦੀ ਜੁਗਤੀ ਦੱਸ ਕੇ ਕਿਹਾ ਕਿ ਬੱਸ ਏਸੇ ਦੀ ਕਮਾਈ ਕਰੀ ਚੱਲੋ। ਅਗਲੀ ਸਟੇਜ ਫੇਰ ਆ ਕੇ ਪੁੱਛਣਾ।

ਗ਼ਰੀਬ ਨਿਵਾਜ਼ ਦੇ ਕਹੇ ਬਚਨਾਂ ਦਾ ਮਨ ਤੇ ਬੜਾ ਅਸਰ ਹੋਇਆ। ਭਜਨ ਦੀ ਦਾਤ ਪ੍ਰਾਪਤ ਕਰ ਤਿੰਨ ਮਹੀਨੇ ਅਸਥਾਨ ਤੇ ਰਹੇ। ਫੇਰ ਆਗਿਆ ਪਾ ਕੇ ਬਾਹਰ ਚਲੇ ਗਏ। ਡੇਢ ਸਾਲ ਅੰਨ ਦਾ ਤਿਆਗ ਕਰ ਦੁੱਧ ਤੇ ਸਬਜ਼ੀ ਹੀ ਛਕਦੇ ਰਹੇ ਅਤੇ ਕਈ ਵਾਰ ੨ ਮਹੀਨਿਆਂ ਦਾ ਮੋਨ ਰੱਖ ਕੇ ਭਜਨ ਕੀਤਾ। ਵਾਰ ਵਾਰ ਆਉਂਦੇ ਰਹੇ ਚੰਗੀ ਅਵਸਥਾ ਪ੍ਰਾਪਤ ਕਰ ਲਈ।

ਅਸਥਾਨ ਦੇ ਗ੍ਰੰਥੀ

ਇਸ ਡਿਊਟੀ ਨੂੰ ਪਹਿਲਾਂ ਭਾਈ ਬਲਦੇਵ ਸਿੰਘ ਕਰਦੇ ਰਹੇ। ਉਸ ਤੋਂ ਪਹਿਲਾਂ ਉਹ ਕਈ ਸਾਲ ਹੋਰ ਸੇਵਾ ਤੇ ਲੰਗਰ ਵਿੱਚ ਦਾਲ ਦੇ ਦੇਗੇ ਦੀ ਸੇਵਾ ਤੇ ਰਹੇ। ਭਾਈ ਜਰਨੈਲ ਸਿੰਘ ਪਿੰਡ ਦਗੋ, ਜ਼ਿਲ੍ਹਾ ਹਿਸਾਰ (ਹਰਿਆਣਾ) ਤੋਂ ਜੋ ੧੯੮੪ ਵਿੱਚ ਆਏ, ਪਹਿਲਾਂ ਖੁੱਲ੍ਹੀ ਸੇਵਾ ਤੇ ਰਹੇ। ਫੇਰ ਦਰਬਾਰ ਸਾਹਿਬ ਦੇ ਗ੍ਰੰਥੀ ਬਣਾ ਦਿੱਤੇ।

ਸੰਤ ਕਰਮ ਸਿੰਘ ਜੀ

ਗੁਰਦਾਸਪੁਰ ਜ਼ਿਲੇ ਦੇ ਕੌੜੇ ਪਿੰਡ ਵਿੱਚ (ਜੋ ਘੁਮਾਣ ਨਗਰ ਤੋਂ ਦੋ ਕੁ ਮੀਲਾਂ ਦੇ ਫਾਸਲੇ ਤੇ ਹੈ) ਸ. ਸ਼ਾਮ ਸਿੰਘ ਦੇ ਘਰ ਸੰਤ ਕਰਮ ਸਿੰਘ ਜੀ ਦਾ ਜਨਮ ਹੋਇਆ। ਪੰਦਰਾਂ ਕੁ ਸਾਲ ਦੀ ਉਮਰ ਵਿਖੇ ਮਨ ਦੀ ਉਪਰਾਮਤਾ ਨਾਲ ਘਰੋਂ ਚੱਲ ਪਏ। ਬਾਬਾ ਬਕਾਲਾ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਦੇ ਅੰਮ੍ਰਿਤਸਰ ਪੁੱਜੇ। ਫੇਰ ਹੋਰ ਗੁਰਦੁਆਰਿਆਂ ਦੀ ਯਾਤਰਾ ਕਰਦੇ ਸ੍ਰੀ ਅਨੰਦਪੁਰ ਸਾਹਿਬ ਆ ਗਏ, ਜਿੱਥੇ ਇੱਕ ਵਿਰੱਕਤ ਸਾਧੂ ਦਾ ਮਿਲਾਪ ਹੋਇਆ। ਉਸ ਤੋਂ ਸੰਤ ਜੀ ਮਹਾਰਾਜ ਦਾ ਜਸ ਸੁਣ ਕੇ ਮਨ ਵਿੱਚ ਦਰਸ਼ਨਾਂ ਦੀ ਲਾਲਸਾ ਜਾਗੀ। ਗੁਰ ਅਸਥਾਨਾਂ ਦੀ ਧੂੜੀ ਪਰਸਦੇ ਰੇਰੂ ਸਾਹਿਬ ਆ ਗਏ। ਏਥੋਂ ਫੇਰ ਕੁਕਰਮ ਨਾਸਕ ਸੁਕਰਮ ਜਨ ਕਰਮਸਰ ਦਾ ਆ ਦੀਦਾਰ ਕਰਿਆ। ਕੁੱਝ ਦਿਨ ਠਹਿਰ ਹਜ਼ੂਰ ਦੇ ਪਾਸੋਂ ਭਜਨ ਸਿਮਰਨ ਦੀ ਜੁਗਤੀ ਪੁੱਛ ਕੇ ਕਈ ਸਾਲ ਚਰਨਾਂ ਵਿੱਚ ਠਹਿਰ ਲੰਗਰ ਵਿੱਚ ਤੇ ਬਾਹਰ ਖੇਤੀ ਵਾਲੇ ਪ੍ਰੇਮੀਆਂ ਨਾਲ ਸੇਵਾ ਕਰਦੇ ਰਹੇ। ਫੇਰ ਅੰਦਰ ਪੜ੍ਹਨ ਦਾ ਸੰਕਲਪ ਪੈਦਾ ਹੋ ਗਿਆ। ਦਾਤੇ ਦੇ ਪਾਸ ਅਰਜ਼ ਕਰ ਆਗਿਆ ਮੰਗੀ। ਹਜ਼ੂਰ ਨੇ ਬੇਨਤੀ ਪ੍ਰਵਾਨ ਕਰ ਲਈ। ਇੱਕ ਸਾਲ ਸੁਖਨਾ ਵਾਲੀਆਂ ਛੰਨਾ ਗਿਆਨੀ ਬਲਬੀਰ ਸਿੰਘ ਜੀ ਪਾਸ ਠਹਿਰੇ। ਫੇਰ ਇੱਕ ਸਾਲ ਗੁਰੂ ਕੀ ਕਾਂਸ਼ੀ ਦਮਦਮੇ ਸਾਹਿਬ ਗਿ. ਚੰਨਣ ਸਿੰਘ ਜੀ ਸ੍ਰੀਖੰਡ ਕੋਲ ਚਲੇ ਗਏ। ਇੱਥੇ ਅਰਥਾਂ ਨਾਲ ਰਾਜਨੀਤੀ ਤਥਾ ਵੇਦਾਂਤ ਦੇ ਛੋਟੇ ਛੋਟੇ ਗ੍ਰੰਥ ਪੜ੍ਹ ਗੁਰੂ ਮਹਾਰਾਜ ਦਾ ਸੰਥਾ ਨਾਲ ਪਾਠ ਕੀਤਾ। ਫੇਰ ਦੁਬਾਰਾ ਕਰਮਸਰ ਆ ਗਏ। ਉਪਰੰਤ ਸੰਤ ਜੀ ਮਹਾਰਾਜ ਨੇ ਆਗਿਆ ਕੀਤੀ ਕਿ ਕਿਸੇ ਸੰਪ੍ਰਦਾਈ ਟਕਸਾਲ ਵਿੱਚ ਜਾ ਕੇ ਇਸ ਅਮੁਲੜੀ ਦਾਤ ਗੁਰਬਾਣੀ ਦੇ ਅਰਥਾਂ ਨੂੰ ਸੁਣ ਕੇ ਗੁਰਮਤ ਦਾ ਪ੍ਰਚਾਰ ਕਰੋ ਕਿਉਂਕਿ ਸ਼ੁਭ ਗੁਣਾਂ ਦਾ ਪ੍ਰਚਾਰ ਹੀ ਮਹਾਂ ਉੱਤਮ ਪ੍ਰਚਾਰ ਹੈ। ਯਥਾ:

ਬਿਨ ਸੁਭ ਗੁਣ ਮਾਨੁਖ ਨਹੀ, ਗੁਣ ਨਾ ਬਿਨਾਂ ਗਿਆਨ।
ਗਿਆਨ ਬਿਨਾ ਅਮਲ ਨਾ, ਅਮਲ ਨ ਬਿਨ ਕੁਰਬਾਨ।
ਦਾਮ ਹੂੰ ਕੇ ਜੋੜਣ ਤੇ ਦਾਨ ਹੈ ਜਗਤ ਸਾਰ, ਦਾਨ ਤੇ ਅਧਿਕ ਸਾਰ ਵਿੱਦਿਆ ਪ੍ਰਮਾਣੀ ਏ।
ਕੇਹਿਰ ਵਿਚਾਰ ਸਾਰ ਵਿੱਦਿਆ ਨੂੰ ਪਾਇ ਕਰ, ਸਾਰ ਹੈ ਵਿਚਾਰ ਤੇ ਜੋ ਖ਼ਿਮਾ ਚਿੱਤ ਆਨੀਏ।
ਖਿਮਾ ਤੇ ਸਤੋਖ ਸੰਤੋਖੋ ਉਪਕਾਰ ਸਾਰ, ਸਾਰ ਉਪਕਾਰ ਤੇ ਬਚਨ ਸੱਤ ਜਾਨੀਏ।
ਬਚਨ ਤੇ ਗਿਆਨ ਸਾਰ, ਸਾਰ ਹੈ ਗਿਆਨ ਹੂੰ ਤੇ, ਆਜਿਜਾਂ ਦੇ ਹੇਤ ਜਗ ਜਾਨ ਕੁਰਬਾਨੀਏ।

ਉਪਰੰਤ ਸ੍ਰੀ ਅੰਮ੍ਰਿਤਸਰ ਗਿ. ਅਮੀਰ ਸਿੰਘ ਜੀ ਦੇ ਡੇਰੇ ਸਤੋ ਵਾਲੀ ਗਲੀ ਆ ਗਏ। ਗੁਰਬਾਣੀ ਦੀ ਕਥਾ ਸੁਣਦੇ ਰਹੇ। ਲੇਖਕ ਵੀ ਉਸੇ ਜਗ੍ਹਾ ਠਹਿਰਿਆ ਹੋਇਆ ਸੀ। ਕੁੱਝ ਕੁ ਸਮੇਂ ਤੋਂ ਬਾਅਦ ਲੇਖਕ ਦੀ ਪ੍ਰੇਰਨਾ ਨਾਲ ਗਿਆਨੀ ਵਰਿਆਮ ਸਿੰਘ ਜੀ ਦੇ ਪਾਸ ਧੂਰਕੋਟ ਆ ਗਏ। ਏਥੇ ਲਗਾਤਾਰ ਤਿੰਨ ਸਾਲਾਂ ਵਿੱਚ ਗੁਰ ਇਤਿਹਾਸ ਤੇ ਗੁਰਬਾਣੀ ਦੀ

ਕਥਾ ਸੁਣਦੇ ਰਹੇ। ਵਿਚਾਰ ਸਾਗਰ ਤੇ ਹੋਰ ਵੇਦਾਂਤ ਦੇ ਗ੍ਰੰਥ ਪੜ੍ਹੇ। ਕਈ ਸਾਲ ਅਸਥਾਨ ਤੇ ਕਥਾ ਕਰਦੇ ਰਹੇ। ਉਪਰੰਤ ਜਸੜਵਾਲ ਦੀ ਸੰਗਤ ਬੇਨਤੀ ਕਰ ਕੇ ਆਪਣੇ ਨਗਰ ਲੈ ਆਈ ਏਸ ਜਗ੍ਹਾ ਠਹਿਰ ਕੇ ਗੁਰ ਅਸਥਾਨ ਦੀ ਸੇਵਾ ਕਰਵਾਈ। ਕਥਾ ਵੀ ਕਰਦੇ ਸਨ ਅਤੇ ਸੰਤ ਜੀ ਮਹਾਰਾਜ ਦੀ ਯਾਦਗਾਰ ਵਿੱਚ ਉੱਚ ਪੱਧਰ ਤੇ ਜੋੜ ਮੇਲ ਕੀਤਾ। ਛੋਟੇ ਮਹਾਰਾਜ ਅਤੇ ਕੀਰਤਨ ਜਥਾ ਵੀ ਗਿਆ ਸੀ। ਗਿਆਨੀ ਵਰਿਆਮ ਸਿੰਘ ਜੀ ਤੇ ਹੋਰ ਮਹਾਂਪੁਰਸ਼ ਵੀ ਪੁੱਜੇ ਸਨ। ਕਾਫ਼ੀ ਸਿੰਘਾਂ ਨੂੰ ਪ੍ਰੇਰ ਕੇ ਅੰਮ੍ਰਿਤ ਪਾਨ ਕਰਵਾਇਆ। ਹੁਣ ਭੀਖੀ ਖਟੜਾ ਕਿਸ਼ਨਪੁਰਾ ਅਸਥਾਨ ਬਣਾ ਕੇ ਰਹਿੰਦੇ ਹਨ। ਜਸੜਵਾਲ ਭੀ ਇੱਕ ਡੇਰਾ ਹੈ।

ਇਸੇ ਤਰ੍ਹਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਨੂਰ ਤਲਾਈ ਪਿੰਡ ਦੇ ਅਹੀਰ ਗੋਤ 'ਚੋਂ ਗਿਆਨੀ ਗੁਰਦਿਆਲ ਸਿੰਘ ਜੀ ਹਨ। ਸੱਤ ਜਮਾਤਾਂ ਹਰਿਆਣੇ ਕਸਬੇ ਦੇ ਸਕੂਲ ਵਿੱਚ ਪੜ੍ਹੀਆਂ। ਉਪਰੰਤ ਮਨ ਦੀ ਉਪਰਾਮਤਾ ਨਾਲ ਇਕੱਲੇ ਹੀ ਘਰੋਂ ਚੱਲ ਪਏ। ਕਈ ਥਾਵਾਂ ਤੇ ਵਿਚਰਦੇ ਹੋਏ ਸੰਤ ਆਸ਼ਰਮ ਧਭਲਾਨ ਪੁੱਜੇ। ਏਥੇ ਸੰਤ ਜੀ ਤੋਂ ਭਜਨ ਸਿਮਰਨ ਦੀ ਦਾਤ ਪ੍ਰਾਪਤ ਕਰੀ।

ਪੰਡਿਤ ਸ਼ੇਰ ਸਿੰਘ ਨਿਆਇ ਨੂੰ ਵੀ ਸੰਤ ਜੀ ਮਹਾਰਾਜ ਨੇ ਖ਼ਰਚ ਭੇਜ ਕੇ ਕਾਂਸੀ ਪੜ੍ਹਾਇਆ। ਸਰੀਰਕ ਤੇ ਹੋਰ ਸਹਾਇਤਾ ਵੀ ਭੇਜਦੇ ਰਹੇ। ਸੌ ਰੁਪਿਆ ਮਹੀਨਾ ਵਿਦਿਆਲੇ ਦੇ ਵਿਦਿਆਰਥੀ ਨੂੰ ਚਾਹ ਵਾਸਤੇ ਦਿੰਦੇ ਰਹੇ।

ਗਿਆਨੀ ਜਸਵੰਤ ਸਿੰਘ

ਇਨ੍ਹਾਂ ਦਾ ਜਨਮ ਰਾੜਾ ਸਾਹਿਬ ਦੇ ਨਾਲ ਹੀ ਕੂਹਲੀ ਪਿੰਡ ਵਿੱਚ ਹੋਇਆ। ੧੯੪੫ ਈ. ਨੂੰ ਕਰਮਸਰ ਆ ਕੇ ਲਗਾਤਾਰ ਕਈ ਸਾਲ ਗੁਰੂ ਕੇ ਲੰਗਰ ਤੇ ਹਜ਼ੂਰ ਦੇ ਸਵਾਰੀ ਵਾਲੇ ਘੋੜੇ ਦੀ ਸੇਵਾ ਕੀਤੀ। ਗਿਆਨੀ ਬਲਵੀਰ ਸਿੰਘ ਜੀ ਤੋਂ ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਕੀਤਾ। ਸਾਜ ਸਿੱਖੇ। ਸੰਤ ਫਤੇ ਸਿੰਘ ਜੀ ਪਾਸ ਬੀਕਾਨੇਰ ਰਹੇ। ਪੰਡਤ ਮਾਨ ਸਿੰਘ ਤੇ ਲੋਹਟਬੱਟੀ ਵੈਦ ਰਣਧੀਰ ਸਿੰਘ ਕੋਲ ਰਹੇ। ਉਪਰੰਤ ੧੯੫੨ ਈ. ਵਿੱਚ ਸੰਤ ਗਿਆਨੀ ਵਰਿਆਮ ਸਿੰਘ ਜੀ ਪਾਸ ਧੂਰਕੋਟ ਆ ਗਏ। ਲੇਖਕ ਵੀ ਉਸ ਸਮੇਂ ਇਨ੍ਹਾਂ ਦੇ ਨਾਲ ਸੀ। ਇਹ ਤਾਂ ਭਗਵਾਨ ਜੀ ਨਾਲ ਉਸ ਜਗ੍ਹਾ ਤੋਂ ਮਰ੍ਹਾਜ ਆ ਗਏ। ਦਾਸ ਨੇ ਗੁਰਬਾਣੀ ਦੇ ਅਰਥਾਂ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਮਰ੍ਹਾਜ ਆ ਕੇ ਦੋਵਾਂ ਨੇ ਇੱਕ ਸਾਲ ਸੰਤ ਦਲੀਪ ਸਿੰਘ ਵੈਦ ਪਾਸੋਂ ਵੈਦਕ ਸਿੱਖੀ। ਗਿਆਨੀ ਜਸਵੰਤ ਸਿੰਘ ਦੀ ਪ੍ਰੇਰਨਾ ਨਾਲ ਭਗਵਾਨ ਜੀ ਨੇ ਏਥੋਂ ਹੀ ਹਜ਼ੂਰ ਦੇ ਚਰਨਾਂ ਵਿੱਚ ਪੁੱਜ ਕੇ ਦਰਸ਼ਨ ਕਰ ਨਾਮ ਦੀ ਦਾਤ ਪ੍ਰਾਪਤ ਕਰੀ ਤੇ ਪੂਰਨ ਸ਼ਰਧਾਲੂ ਬਣੇ। ੧੯੫੮ ਈ. ਵਿੱਚ ਦੋਹਾਂ ਨੇ ਭੁੱਟੇ ਆ ਕੇ ਰਿਹਾਇਸ਼ ਰੱਖ ਲਈ। ਗਿ. ਜਸਵੰਤ ਸਿੰਘ ਦੇ ਛੋਟੇ ਭਰਾ ਸ. ਮੱਘਰ ਸਿੰਘ ਦਾ ਲੜਕਾ ਭਾਈ ਸਵਰਨ ਸਿੰਘ ਜੋ ਕਈ ਸਾਲਾਂ ਤੋਂ ਇਨ੍ਹਾਂ ਪਾਸ ਰਹਿੰਦਾ ਹੈ। ਉਹ ਵੀ ਚੰਗਾ ਸਿਆਣਾ ਵੈਦ ਬਣ ਗਿਆ। ਵੈਦ ਕ੍ਰਿਪਾਲ ਸਿੰਘ ਵੀ ਕਾਫ਼ੀ ਸਮੇਂ ਤੋਂ ਭੁੱਟੇ ਵੈਦਕ ਸਿੱਖਦਾ ਰਿਹਾ। ਹੁਣ ਜਵੱਦੀ ਪਿੰਡ ਵੈਦਕ ਕਰਦਾ ਹੈ। ਜਵੱਦੀ ਦੇ ਦੀਵਾਨਾਂ ਸਮੇਂ ਤਿੰਨ ਵਾਰੀ ਹਜ਼ੂਰ ਨੇ ਇਨ੍ਹਾਂ ਦੇ ਅਸਥਾਨ ਤੇ ਭੁੱਟੇ ਚਰਨ ਪਾਏ। ਪਹਿਲੀ ਵਾਰ ੨੦-੩-੭੨ ਨੂੰ ਆਏ, ਦੂਜੀ ਵਾਰ ੧੬-੨-੭੪ ਨੂੰ ਬਖ਼ਸ਼ਿਸ਼ ਕੀਤੀ। ਛੋਟੇ ਸੰਤ ਜੀ ਵੀ ਨਾਲ ਸਨ।

ਇਸ ਸਮੇਂ ਪੂਰਨ ਸਿੰਘ ਰਵਿਦਾਸੀਏ ਦਾ ਪਿਆਰ ਤੱਕ ਕੇ (ਜੋ ਗੱਡੀ ਅੱਗੇ ਲੰਮਾ ਪੈ ਗਿਆ ਕਿ ਘਰ ਚਰਨ ਪਾਓ) ਉਸ ਦੇ ਘਰ ਨੂੰ ਭਾਗ ਲਾਏ ਪਰ ਉਹ ਮਸਤੀ ਵਿੱਚ ਇਤਨਾ ਖੁਸ਼ ਹੋਇਆ ਕਿ ਘਰ ਛੱਡ ਕੇ ਬਾਹਰ ਹੀ ਦੌੜ ਗਿਆ। ਨਗਰ ਵਿੱਚ ਉੱਚੀ ਉੱਚੀ ਕਹਿੰਦਾ ਫਿਰੇ, ਭੀਲਣੀ ਦੇ ਘਰ ਰਾਮ ਭਗਵਾਨ ਆਇਆ ਹੈ। ਮਹਾਰਾਜ ਕੁੱਝ ਕੁ ਸਮਾਂ ਬੈਠ ਕੇ ਆ ਗਏ। ਤੀਜੀ ਵਾਰ ੫-੩-੭੫ ਨੂੰ ਦੋਵੇਂ ਮਹਾਂਪੁਰਸ਼ਾਂ ਨੇ ਫੇਰ ਚਰਨ ਪਾਏ। ਗ਼ਰੀਬ ਨਿਵਾਜ਼ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਬਣੇ। ਦੂਜੀ ਵਾਰ ਗਿਆਂ ਤੋਂ ਬਾਅਦ ਵਿੱਚ ਸੰਤ ਜੀ ਮਹਾਰਾਜ ਦੇ ਪਾਸ ਇੰਗਲੈਂਡ ਵੀ ਕਾਫ਼ੀ ਸਮਾਂ ਠਹਿਰੇ। ਇਸੇ ਤਰ੍ਹਾਂ ਭੁੱਟੇ ਪਿੰਡ ਦੇ ਸ. ਜਗਜੀਤ ਸਿੰਘ ਜੀ ਭੀ ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ ਹਨ ਜੋ ਅੱਜ ਕੱਲ੍ਹ ਐਸ. ਐਸ. ਪੀ. ਪਟਿਆਲਾ ਦੇ ਹੈੱਡ ਕਲਰਕ ਹਨ।

ਭਾਈ ਸੁਰਿੰਦਰ ਸਿੰਘ

ਗੁਰਦਾਸਪੁਰ ਜ਼ਿਲ੍ਹੇ ਦੇ ਨਵੇਂ ਪਿੰਡ ਨਾਮ ਦੇ ਨਗਰ ਦਾ ਭਾਈ ਸੁਰਿੰਦਰ ਸਿੰਘ; ਜੋ ਏਥੇ ਕਰਮਸਰ ਆਉਣ ਤੋਂ ਪਹਿਲਾਂ ਇੱਕ ਸਾਲ ਸੰਤ ਪਿਆਰਾ ਸਿੰਘ ਦੇ ਪਾਸ ਚਮਕੌਰ ਸਾਹਿਬ ਗੁਰ ਅਸਥਾਨ ਦੀ ਸੇਵਾ ਕਰਦਾ ਰਿਹਾ, ਫੇਰ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਦਾ ਹੋਇਆ ਕਰਮਸਰ ਪੁੱਜਾ। ਸੰਤ ਜੀ ਮਹਾਰਾਜ ਦਾ ਦਰਸ਼ਨ ਕੀਤਾ। ਅਸਥਾਨ ਦੀ ਸਫ਼ਾਈ ਤੇ ਸੁੰਦਰਤਾ ਦੇ ਨਾਲ ਕਥਾ ਕੀਰਤਨ ਦੀ ਲਾਭ ਵਾਲੀ ਮਰਯਾਦਾ ਪਸੰਦ ਆ ਗਈ। ਏਥੇ ਹੀ ਟਿਕ ਗਿਆ। ਲਗਾਤਾਰ ਚਾਰ ਸਾਲ ਲੰਗਰ ਵਿੱਚ ਸੇਵਾ ਕੀਤੀ। ਉਪਰੰਤ ਚਾਰ ਸਾਲ ਭੋਰੇ ਅੰਦਰ ਫੁੱਲਵਾੜੀ ਤੇ ਰਿਹਾ। ਫੇਰ ੧੯੭੦

ਈ. ਨੂੰ ਦਾਤੇ ਤੋਂ ਆਗਿਆ ਪਾ ਕੇ ਤੀਰਥ ਯਾਤਰਾ ਨੂੰ ਚੱਲ ਪਿਆ। ਇੱਕ ਸਾਲ ਗੁਰ ਅਸਥਾਨਾਂ ਦੇ ਦਰਸ਼ਨ ਦੀਦਾਰ ਕੀਤੇ। ਹੁਣ ੧੯੭੧ ਈ. ਤੋਂ ਗੁਰੂ ਕੇ ਤਾਲ ਆਗਰੇ ਪੁੱਜੇ (ਉਸ ਪਵਿੱਤਰ ਅਸਥਾਨ ਦੀ ਸੇਵਾ ਗੁਰਮੁਖ ਪਿਆਰੇ ਸੰਤ ਸਾਧੂ ਸਿੰਘ ਜੀ ਮੋਨੀ ਕਰਵਾ ਰਹੇ ਹਨ) ਭਾਈ ਸੁਰਿੰਦਰ ਸਿੰਘ ਨੂੰ ਲੰਗਰ ਦਾ ਇੰਚਾਰਜ ਤੇ ਅਸਥਾਨ ਦਾ ਜਥੇਦਾਰ ਬਣਾਇਆ ਹੈ। ਚੰਗੇ ਸ਼ੁਭ ਖ਼ਿਆਲ ਹਨ। ਅੱਠੇ ਪਹਿਰ ਅਤੁੱਟ ਲੰਗਰ ਚੱਲਦਾ ਹੈ। ਬੇਅੰਤ ਸੰਗਤ ਆਉਂਦੀ ਹੈ।

ਭਗਤ ਤੀਰਥ ਸਿੰਘ

ਇਨ੍ਹਾਂ ਦਾ ਜਨਮ ਗੁਜਰਾਤ ਜ਼ਿਲ੍ਹੇ ਵਿੱਚ ਖ਼ਾਸ ਖਾਰੀਆ ਤਹਿਸੀਲ ਦਾ ਹੈ। ੧੯੪੭ ਦੀ ਵੰਡ ਤੋਂ ਬਾਅਦ ਇਨ੍ਹਾਂ ਨੇ ਪਿਛਲੇ ਪੁੰਨਾਂ ਦੀ ਪ੍ਰਬਲਤਾ ਦੁਆਰਾ ੧੯੬੪ ਈ. ਵਿੱਚ ਦਾਤੇ ਦੇ ਚਰਨਾਂ ਵਿੱਚ ਪੁੱਜ ਕੇ ਨਾਮ ਦੀ ਦਾਤ ਪ੍ਰਾਪਤ ਕਰ ਚੰਗਾ ਅਭਿਆਸ ਕੀਤਾ। ਸੋਹਣੀ ਅਵਸਥਾ ਪ੍ਰਾਪਤ ਕਰ ਲਈ। ਕੁੱਝ ਕੁ ਸਮਾਂ ਧਭਲਾਨ ਦੇ ਲੰਗਰ ਵਿੱਚ ਸੇਵਾ ਤੇ ਭੋਰੇ ਦੀ ਫੁੱਲਵਾੜੀ ਨੂੰ ਸਿੰਞ ਕੇ ਸਮਾਂ ਸਫ਼ਲਾ ਕੀਤਾ। ਫੇਰ ਸੰਤ ਜੀ ਮਹਾਰਾਜ ਨੇ ਗੁਰੂ ਚਰਨਾਂ ਦੇ ਵਜ਼ੀਰ ਬਣਾ ਗ੍ਰੰਥੀ ਦੀ ਸੇਵਾ ਤੇ ਲਾ ਦਿੱਤੇ, ਜਿਸ ਨੂੰ ਚੰਗੀ ਜ਼ੁੰਮੇਵਾਰੀ ਨਾਲ ਨਿਭਾਇਆ। ਕੁੱਝ ਕੁ ਸਮਾਂ ਜਥੇ ਦੇ ਸਿੰਘਾਂ ਨਾਲ ਪਿੰਡਾਂ ਦੇ ਸ਼ਹਿਰਾਂ ਦੇ ਦੀਵਾਨਾਂ ਸਮੇਂ ਪੰਜਾਬ ਅਤੇ ਯੂ. ਪੀ. ਵਿੱਚ ਨਾਲ ਰਹੇ। ੧੯੭੫ ਈ. ਤੋਂ ਸ਼ਾਮ ਚੁਰਾਸੀ ਦੇ ਅਸਥਾਨ ਦੀ ਸੇਵਾ ਕਰਵਾ ਰਹੇ ਹਨ, ਜੋ ਸਾਰੋਵਾਦ ਦੇ ਪ੍ਰੇਮੀ ਸ. ਅਵਤਾਰ ਸਿੰਘ ਨੇ ਜ਼ਮੀਨ ਅਰਦਾਸ ਕਰਵਾ ਸੰਤ ਜੀ ਦੇ ਨਾਮ ਰਜਿਸਟਰੀ ਕਰਵਾਈ ਹੈ। ਮੁਕੰਦਪੁਰ ਪਿੰਡ ਦਾ ਗਿਆਨੀ ਉਜਾਗਰ ਸਿੰਘ ਵੀ ਸੰਤ ਜੀ ਮਹਾਰਾਜ ਤੇ ਅਪਾਰ ਸ਼ਰਧਾ ਰੱਖਣ ਵਾਲਾ ਗੁਰਮੁਖ ਹੈ। ਅੰਮ੍ਰਿਤ ਪਾਨ ਕਰ ਨਾਮ ਦੀ ਦਾਤ ਪ੍ਰਾਪਤ ਕੀਤੀ। ਕੁੱਝ ਕੁ ਸਮੇਂ ਤੋਂ ਬਾਅਦ ਗਿ. ਬਲਬੀਰ ਸਿੰਘ ਦੇ ਪਾਸ ਸੁਖਨ ਵਾਲੀਆਂ ਛੰਨਾ ਆ ਕੇ ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਕੀਤਾ ਤੇ ਸਾਜ ਸਿੱਖੇ। ਫੇਰ ਬੋਪਾਰਾਏ, ਰੌਂਤੇ ਅਤੇ ਦਮਦਮੇ ਸਾਹਿਬ ਰਹਿ ਕੇ ਪੜ੍ਹਾਈ ਕੀਤੀ। ਇਸੇ ਨਗਰ ਦਾ ਭਾਈ ਗੁਰਦੇਵ ਸਿੰਘ ਵੀ ਕਈ ਸਾਲ ਸੰਤ ਜੀ ਮਹਾਰਾਜ ਦੇ ਨਾਲ ਰਹਿ ਕੇ ਚਿਮਟਾ ਬਜਾਉਣ ਤੇ ਬਸਤਰ ਧੋਣ ਦੀ ਸੇਵਾ ਕਰਦਾ ਰਿਹਾ। ਸੰਤ ਉਜਾਗਰ ਸਿੰਘ ਬਲਾਲਾ ਅਤੇ ਸੰਤ ਨਾਜਰ ਸਿੰਘ ਮਲੂਕਾ ਵੀ ਕਈ ਸਾਲਾਂ ਤੋਂ ਦੀਵਾਨਾਂ ਦੇ ਸਮੇਂ ਕੀਰਤਨ ਦੀ ਸੇਵਾ ਦੁਆਰਾ ਹਜ਼ੂਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਰਹੇ। ਪਿੰਡ ਦੋਦਪੁਰ ਦੇ ਅਮਰ ਸਿੰਘ ਪਟਵਾਰੀ ਵੀ ਝਾੜੂ ਬਹਾਰੂ ਦੀ ਸੇਵਾ ਕਰ ਰਿਹਾ ਹੈ। ਇਸੇ ਤਰ੍ਹਾਂ ਛੋਟੇ ਕਨਸੂਹੇ ਦਾ ਇੱਕ ਹੋਰ ਪ੍ਰੇਮੀ ਭਾਈ ਗੁਰਚਰਨ ਸਿੰਘ ਵੀ ਕਈ ਸਾਲ ਸੇਵਾ ਕਰਦਾ ਰਿਹਾ।

ਸੰਤ ਸੁਰਜੀਤ ਸਿੰਘ ਜੀ ਰਾਣਮਾ

ਇਨ੍ਹਾਂ ਦਾ ਜਨਮ ਮਾਛੀਵਾੜੇ ਕੋਲ ਪੂਨੀਆਂ ਪਿੰਡ ਦੇ ਸ. ਸਾਧੂ ਸਿੰਘ ਨੰਬਰਦਾਰ ਦੇ ਘਰ ਹੋਇਆ। ਛੋਟੀ ਉਮਰ ਤੋਂ ਸੰਤ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਆਉਣ ਲੱਗ ਪਏ। ਅੰਮ੍ਰਿਤ ਪਾਨ ਕਰ ਨਾਮ ਜਪਣ ਦੀ ਜੁਗਤੀ ਪੁੱਛੀ। ਕੁੱਝ ਕੁ ਸਮਾਂ ਦਰਸ਼ਨ ਮੇਲਾ ਕਰ ਫੇਰ ਵਾਪਸ ਘਰ ਆ ਜਾਂਦੇ। ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਕਰ ਜਥੇ ਨਾਲ ਬਾਹਰ ਪਿੰਡਾਂ ਵਿੱਚ ਪਾਠਾਂ ਦੀ ਸੇਵਾ ਕਰਾਉਣ ਲੱਗ ਪਏ। ਕੀਰਤਨ ਵੀ ਸਿੱਖ ਲਿਆ। ੧੯੬੯ ਈ. ਦੇ ਆਦਿ ਵਿੱਚ ਰਾਣਮਾ ਪਿੰਡ ਦੀ ਸੰਗਤ ਨੇ ਅਰਜ਼ ਕਰ ਕੇ ਗੁਰਦੁਆਰਾ ਹਰਗੋਬਿੰਦਗੜ੍ਹ ਪਾਤਸ਼ਾਹੀ ਛੇਵੀਂ ਦੇ ਪਵਿੱਤਰ ਅਸਥਾਨ ਦੀ ਸੇਵਾ ਵਾਸਤੇ ਲੈ ਆਂਦੇ। ਪਹਿਲਾਂ ਏਸ ਅਸਥਾਨ ਦੀ ਨੀਂਹ ਸੰਤ ਪਿਆਰਾ ਸਿੰਘ ਜੀ ਝਾੜ ਸਾਹਿਬ ਵਾਲਿਆਂ ਨੇ ਰੱਖੀ ਸੀ, ਪਰ ਉਹ ਨੀਂਹਾਂ ਭਰ ਕੇ ਗੁਰਪੁਰੀ ਪਿਆਨਾ ਕਰ ਗਏ। ਸੰਗਤ ਨੇ ਇਨ੍ਹਾਂ ਨੂੰ ਕਿਹਾ ਕਿ ਹੁਣ ਤੁਸੀਂ ਸੇਵਾ ਕਰਵਾਓ। ਇਹ ਸੰਤ ਜੀ ਮਹਾਰਾਜ ਦੇ ਪਾਸ ਆਗਿਆ ਲੈਣ ਵਾਸਤੇ ਆਏ। ਗ਼ਰੀਬ ਨਿਵਾਜ਼ ਨੇ ਬਚਨ ਕੀਤਾ, "ਸੇਵਾ ਕਰਵਾਓ ਇਹ ਗੁਰੂ ਦਾ ਅਸਥਾਨ ਹੈ। ਉਹ ਆਪੇ ਹੀ ਕ੍ਰਿਪਾ ਕਰਨਗੇ। ਕਿਸੇ ਗੱਲ ਦਾ ਖ਼ਿਆਲ ਨਾ ਕਰਣਾ। ਸਤਿਗੁਰਾਂ ਨੇ ਤੁਹਾਥੋਂ ਸੇਵਾ ਲੈਣੀ ਹੈ। ਆਪੇ ਹੀ ਸਭ ਕੁੱਝ ਆਈ ਜਾਵੇਗਾ।" ਸੋ ਬੰਦੀ ਛੋੜ ਦਾਤੇ ਦੀ ਮੇਹਰ ਦਾ ਸਦਕਾ ਗੁੰਬਦ ਸਮੇਤ ਛੇ ਮੰਜ਼ਲਾਂ ਗੁਰਦੁਆਰਾ ਮੁਕੰਮਲ ਹੋ ਗਿਆ।

ਇਹ ਜਗ੍ਹਾ ਚੰਡੀਗੜ੍ਹ ਲੁਧਿਆਣਾ ਜੀ. ਟੀ. ਰੋਡ ਉੱਪਰ ਖਮਾਣੋ ਦੇ ਕੋਲ ਹੈ। ਬੱਸ ਵੀ ਖੜੋਂਦੀ ਹੈ, ਟਰੱਕਾਂ ਵਾਲੇ ਪ੍ਰੇਮੀ ਵੀ ਦਰਸ਼ਨ ਕਰਦੇ ਜਾਂਦੇ ਹਨ। ਹਰ ਸਮੇਂ ਲੰਗਰ ਚੱਲਦਾ ਹੈ। ਦਸ ਵੀਹ ਸਰੀਰ ਸੇਵਾ ਵਿੱਚ ਪੱਕੇ ਟਿਕੇ ਹਨ। ਰਾਹੀਆਂ ਮੁਸਾਫ਼ਰਾਂ ਨੂੰ ਵੀ ਭੋਜਨ ਤੇ ਰਿਹਾਇਸ਼ ਮਿਲਦੀ ਹੈ। ਉਸ ਜਗ੍ਹਾ ਸੰਤ ਜੀ ਮਹਾਰਾਜ ਦੇ ਜਨਵਰੀ ੧੯੬੯, ਦਸੰਬਰ ੧੯੭੦, ਇਸੇ ਤਰ੍ਹਾਂ ਮਾਰਚ ੧੯੭੨ ਅਤੇ ਫਰਵਰੀ ੧੯੭੩ ਚਾਰ ਵਾਰ ਚਰਨ ਪਏ। ਕੀਰਤਨ ਕੀਤਾ ਤੇ ਅੰਮ੍ਰਿਤ ਪ੍ਰਚਾਰ ਹੋਇਆ। ਇਹ ਅਸਥਾਨ ਸੇਵਾ ਕਰ ਕੇ ਕਮੇਟੀ ਨੂੰ ਸੰਭਾਲ ਦਿਤਾ। ਨਜ਼ਦੀਕ ਹੀ ਹੋਰ ਅਸਥਾਨ ਈਸ਼ਰਸਰ ਆਬਾਦ ਕੀਤਾ। ਉਸ ਤੋਂ ਬਾਅਦ ਹੁਣ ਭੀ ਹਰੇਕ ਸਾਲ ਦੀਵਾਨ ਸਜਦੇ ਹਨ।

ਖ਼ਿਆਲੀ ਪਿੰਡ ਦੇ (ਜੋ ਬਰਨਾਲੇ ਕੋਲ ਹੈ) ਭਾਈ ਨਿਧਾਨ ਸਿੰਘ ਜੀ ਵੀ ਕਈ ਸਾਲ ਸੰਤ ਜੀ ਮਹਾਰਾਜ ਦੇ

ਚਰਨਾਂ ਵਿੱਚ ਰਹਿ ਕੇ ਭਜਨ ਸਿਮਰਨ ਤੇ ਸੇਵਾ ਕਰਦੇ ਰਹੇ। ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਤੇ ਸਾਜ਼ ਵੀ ਏਥੇ ਹੀ ਸਿੱਖੇ। ਉਪਰੰਤ ਦੋ ਸਾਲ ਪਿੰਡ ਦੇ ਗੁਰਦੁਆਰੇ ਰਹਿ ਕੌਰੀਆਂ ਚਲੇ ਗਏ। ਏਥੇ ਦਸ ਸਾਲ ਰਹਿ ਕੇ ੧੯੭੬ ਦੇ ਆਦਿ ਵਿੱਚ ਬੀ ਪੁਰ ਰਹੇ ਫੇਰ ਰਾੜਾ ਸਾਹਿਬ ਆ ਗਏ।

ਭੀਖੀ ਪਿੰਡ ਦਾ ਭਾਈ ਮਹਿੰਦਰ ਸਿੰਘ ਵੀ ਛੋਟੀ ਉਮਰ ਤੋਂ ਹਜ਼ੂਰ ਦੇ ਚਰਨਾਂ ਵਿੱਚ ਆ ਗਿਆ। ਮਹਾਂਪੁਰਸ਼ਾਂ ਦੇ ਗੁਰਦੁਆਰੇ ਸਾਹਿਬ ਹੀ ਸਾਜ਼ ਸਿੱਖੇ। ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਕੀਤਾ। ਲੰਗਰ ਵਿੱਚ ਵੀ ਸੇਵਾ ਕੀਤੀ। ਕੁੱਝ ਸਮਾਂ ਛੋਟੇ ਸੰਤਾਂ ਦੇ ਰਕਸ਼ੇ ਤੇ ਹਜ਼ੂਰੀਏ ਸੇਵਾਦਾਰ ਵੀ ਰਹੇ। ਕਈ ਸਾਲ ਬਿਜਲੀ ਤੇ ਰਹੇ। ੧੯੬੪ ਦੇ ਸਤੰਬਰ ਵਿੱਚ ਸੰਤ ਜੀ ਦੀ ਆਗਿਆ ਪਾ ਕੇ ਬਾਹਰ ਦਰਸ਼ਨ ਮੇਲੇ ਵਾਸਤੇ ਚਲੇ ਗਏ।

ਸਥਾਨਕ ਪ੍ਰੇਮੀ ਬਾਬਾ ਬਲਵੰਤ ਸਿੰਘ (ਸ੍ਰੀਮਾਨ)

ਇਨ੍ਹਾਂ ਦਾ ਧੂਰੀ ਕੋਲ ਭਲਵਾਨ ਪਿੰਡ ਹੈ। ਬਾਬਾ ਬਲਵੰਤ ਸਿੰਘ ਜੀ ਸ਼ੁਰੂ ਤੋਂ ਸੰਤ ਸੇਵੀ ਤੇ ਧਾਰਮਿਕ ਖ਼ਿਆਲਾਂ ਵਾਲੇ ਸਨ। ਕਈ ਸਾਲ ਨਾਭੇ ਅਤੇ ਬਠਿੰਡੇ ਨੈਬ ਤੇ ਜੱਜ ਪਾਸ ਨੌਕਰੀ ਕੀਤੀ ਪਰ ਜ਼ਿਆਦਾ ਸਮਾਂ ਆਪਣੇ ਪਿੰਡ ਹੀ ਰਹੇ। ਇਨ੍ਹਾਂ ਤੋਂ ਛੋਟੀ ਭੈਣ ਬੀਬੀ ਤੇਜ ਕੌਰ ਨਾਭੇ ਕੋਲ ਹਿਆਨੇ ਕਲਾਂ ਸ. ਪ੍ਰੇਮ ਸਿੰਘ ਨੂੰ ਵਿਆਹੀ ਸੀ। ਉਹ ਸਾਰੇ ਸੰਤ ਜੀ ਮਹਾਰਾਜ ਦੇ ਸ਼ਰਧਾਲੂ ਸਨ। ਇਹ ਵੀ ਕਿਸੇ ਪੂਰਨ ਮਹਾਂਪੁਰਖ ਦੀ ਤਲਾਸ਼ ਵਿੱਚ ਲੱਗੇ ਸਨ। ਉਨ੍ਹਾਂ ਨਾਲ ਧਭਲਾਨ ਦੀ ਦਸਵੀਂ ਦੇ ਮਾਹਵਾਰੀ ਜੋੜ ਮੇਲੇ ਤੇ ਸੰਤ ਜੀ ਮਹਾਰਾਜ ਦਾ ਕੀਰਤਨ ਸੁਣਿਆ। ਫੇਰ ਤਾਂ ਹੋਰ ਕਿਸੇ ਪਾਸੇ ਜਾਣ ਦੀ ਆਸ਼ਾ ਛੱਡ ਏਸੇ ਦਰ ਦਾ ਦਰਸ਼ਨ ਕਰਦੇ ਰਹੇ। ਇੱਕ ਸਾਲ ਲਗਾਤਾਰ ਧਭਲਾਨ ਦੀ ਦਸਵੀਂ ਤੇ ਪੁੱਜਦੇ ਰਹੇ। ਕਰਮਸਰ ਵੀ ਸੰਗਰਾਂਦ ਤੇ ਪੂਰਨਮਾਸ਼ੀ ਦੇ ਦੀਵਾਨਾਂ ਸਮੇਂ ਹਾਜ਼ਰੀ ਭਰਦੇ ਰਹੇ। ਉਪਰੰਤ ੧੯੬੫ ਈ. ਵਿੱਚ ਸਭ ਕੁੱਝ ਛੱਡ ਕੇ ਕਰਮਸਰ ਹੀ ਆ ਟਿਕੇ। ਭਜਨ ਦੀ ਜੁਗਤੀ ਪੁੱਛ ਪਹਿਲਾਂ ਇੱਕ ਸਾਲ ਖੇਤੀ ਅਤੇ ਗੁਰਦੁਆਰੇ ਸਾਹਿਬ ਸੇਵਾ ਕਰਦੇ ਰਹੇ। ਫੇਰ ਦੋ ਸਾਲ ਦਾਤੇ ਦੇ ਚਰਨਾਂ ਵਿੱਚ ਭੋਰੇ ਦੀ ਫ਼ੁੱਲਵਾੜੀ ਤੇ ਰਹੇ। ੧੯੬੮ ਈ. ਵਿੱਚ ਲੰਗਰ ਦੇ ਹੈੱਡ ਲਾਂਗਰੀ (ਸ੍ਰੀਮਾਨ) ਬਣਾ ਦਿੱਤੇ। ਆਪ ਬੜੇ ਗੁਰਮੁਖ ਪਿਆਰੇ ਸੇਵਾ ਸਿਮਰਨ ਦੀ ਔਧੀ ਤੇ ਤਤੱਕਸ਼ੀ ਸਨ। ਜਦੋਂ ਤੋਂ ਅਸਥਾਨ ਤੇ ਆਏ, ਮੰਜੇ ਤੇ ਲੰਮੇ ਨਹੀਂ ਪਏ, ਨਾ ਕੋਈ ਕਮਰਾ ਹੀ ਲਿਆ। ਜਦੋਂ ਦੇਖਦੇ ਹੇਠਾਂ ਬੋਰੀ ਜਾਂ ਕੁਰਸੀ ਤੇ ਬੈਠੇ ਹੀ ਦਿਸਦੇ। ਜੇਕਰ ਬਹੁਤ ਆਲਸ ਜ਼ੋਰ ਪਾਉਂਦੀ ਤਾਂ ਉਸੇ ਜਗ੍ਹਾ ਕੰਧ ਨਾਲ ਸਿਰ ਲਾ ਕੇ ਜਾ ਬੈਠੇ ਹੀ ਟੂਲੇ ਲੈ ਕੇ ਨੀਂਦ ਕੱਢ ਲੈਂਦੇ। ਆਲਸ ਉਨ੍ਹਾਂ ਦੇ ਉੱਕਾ ਹੀ ਨੇੜੇ ਨਹੀਂ ਸੀ। ਬਿਰਧ ਆਯੂ ਵਿੱਚ ਅੱਠੇ ਪਹਿਰ ਸਾਵਧਾਨ ਰਹਿੰਦੇ ਹਨ। ਟਰੱਸਟ ਦੇ ਮੈਂਬਰ ਵੀ ਸਨ। ਬਹੁਤ ਲੰਮਾ ਸਮਾਂ ਮੁਖੀ ਪ੍ਰਬੰਧਕਾਂ ਵਿੱਚ ਮਿਲ ਕੇ ਅਸਥਾਨ ਦੀ ਸੇਵਾ ਨਿਭਾਉਂਦੇ ਹੋਏ ਆਪਣੀ ਜੀਵਨ ਯਾਤਰਾ ਸਫਲ ਕਰ ਕੇ ੨੦੦੯ ਈ. ਦੀ ਨੌ ਮਾਘ ਨੂੰ ਸੱਚਖੰਡ ਜਾ ਬਿਰਾਜੇ।

ਇਸੇ ਤਰ੍ਹਾਂ ਰੋਹਣੋ ਪਿੰਡ ਦੇ ਭਾਈ ਦਲੀਪ ਸਿੰਘ ਤੇ ਭਾਈ ਪ੍ਰੇਮ ਸਿੰਘ (ਇਨ੍ਹਾਂ ਦਾ ਪਹਿਲਾ ਨਾਮ ਭਾਗ ਸਿੰਘ ਸੀ, ਅੰਮ੍ਰਿਤ ਪਾਨ ਕਰ ਪ੍ਰੇਮ ਸਿੰਘ ਰੱਖਿਆ) ਲਾਂਗਰੀ ਵੀ ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ ਤੇ ਸੇਵਾ ਦੇ ਪੁੰਜ ਹਨ। ਬਾਬਾ ਮੱਲ ਸਿੰਘ ਨਿਹੰਗ ਸਿੰਘ ਭੀ ੧੯੪੯ ਵਿੱਚ ਭਿੰਡਰਾਂ ਵਾਲੇ ਜਥੇ ਨਾਲ ਸ਼ਾਮਲ ਹੋ ਗਏ, ਜਿੱਥੇ ੧੯੬੯ ਈ. ਤੱਕ ਰਹੇ ਹਰ ਰੋਜ਼ ਕਥਾ ਸੁਣਦੇ ਰਹੇ। ਸੰਥਾ ਨਾਲ ਸ਼ੁੱਧ ਪਾਠ ਕੀਤਾ। ੧੯੬੯ ਤੋਂ ਬਾਅਦ ਸੰਤ ਜੀ ਮਹਾਰਾਜ ਦੇ ਪਾਸ ਰਾੜਾ ਸਾਹਿਬ ਆ ਗਏ। ਪਹਿਲਾਂ ਹਜ਼ੂਰ ਦੇ ਜਥੇ ਨਾਲ ਜਾਂਦੇ ਰਹੇ। ੧੯੭੪ ਈ. ਵਿੱਚ ਸਰੀਰ ਬਿਰਧ ਹੋਣ ਕਰ ਕੇ ਅਸਥਾਨ ਤੇ ਟਿਕ ਗਏ ਸਿੰਘਾਂ ਨੂੰ ਸ਼ੁੱਧ ਪਾਠ ਕਰਵਾ ਦਿੰਦੇ ਹਨ (ਆਜ਼ਾਦ ਹਿੰਦ ਫੌਜ ਦੀ ਪੈਨਸ਼ਨ ਦਾ ਕਾਫ਼ੀ ਪੈਸਾ ਮਿਲ ਗਿਆ) ਜਿਸ ਵਿੱਚੋਂ ਇੱਕ ਕਮਰੇ ਦੀ ਸੇਵਾ ਕਰਮਸਰ ਅਸਥਾਨ ਤੇ ਕਰਵਾ ਦਿੱਤੀ। ਮਾਇਆ ਦਾ ਕਾਫ਼ੀ ਹਿੱਸਾ ਭਿੰਡਰਾਂ ਵਾਲੇ ਬਣ ਰਹੇ ਅਖੰਡ ਪ੍ਰਕਾਸ਼ ਗੁਰਦੁਆਰੇ ਦੀ ਸੇਵਾ ਵਿੱਚ ਪਾ ਦਿੱਤਾ।

ਕਰਮਸਰ ਦੇ ਨਾਲ ਜਹਾਂਗੀਰ ਪਿੰਡ ਦੇ ਭਾਈ ਭਾਗ ਸਿੰਘ ਜੀ ੧੯੫੫ ਈ. ਵਿੱਚ ਕਰਮਸਰ ਆਏ। ਇੱਥੇ ਆ ਕੇ ਪਹਿਲਾਂ ਕਈ ਸਾਲ ਖੁੱਲ੍ਹੀ ਸੇਵਾ ਤੇ ਰਹੇ। ਫੇਰ ਦੋ ਸਾਲ ਸੰਤ ਭਗਵਾਨ ਸਿੰਘ ਧੂਰਕੋਟੀਏ ਦੀ ਸੇਵਾ ਤੇ ਰਹੇ। ਤਿੰਨ ਸਾਲ ਲੰਗਰ ਦੀ ਸੇਵਾ ਕੀਤੀ। ਤਿੰਨ ਸਾਲ ਸਬਜ਼ੀ ਭਾਜੀ ਦੀ ਡਿਊਟੀ ਕੀਤੀ। ਸੱਤ ਅੱਠ ਸਾਲ ਪਸ਼ੂਆਂ ਦੀ ਸੇਵਾ ਕਰਦੇ ਰਹੇ। ਬਾਅਦ ਵਿੱਚ ਖੁੱਲ੍ਹੀ ਡਿਊਟੀ ਤੇ ਹੋ ਗਏ।

ਭਾਈ ਕਰਮ ਸਿੰਘ ਭਲਵਾਨ

ਇਹ ਦੁਆਬੇ ਵਿੱਚ ਨੂਰਮਹਿਲ ਕੋਲ ਉਪਲ ਪਿੰਡ ਦੇ ਹਨ। ਇਸ ਦੇ ਪਿਤਾ ਨੇ ਗੰਗਾ ਨਗਰ ਜ਼ਿਲ੍ਹੇ ਦੇ ਚੱਕ ਦੋ ਐਕਸ ਵਿੱਚ ਜ਼ਮੀਨ ਖਰੀਦ ਲਈ। ਇਹ ਪਹਿਲਾਂ ਉਸ ਜਗ੍ਹਾ ਆਪਣੇ ਮੁਰੱਬਿਆਂ ਵਿੱਚ ਖੇਤੀ ਕਰਦੇ ਰਹੇ। ਫੇਰ ਜੁਆਨ ਮੁੰਡਿਆਂ ਦੀ ਸੰਗਤ ਨਾਲ ਘੁਲਣ ਖੇਡਣ ਦਾ ਸ਼ੌਕ ਹੋ ਗਿਆ। ਖੁੱਲ੍ਹੀਆਂ ਜ਼ਮੀਨਾਂ ਤੇ ਡੰਗਰ ਪਸ਼ੂ ਆਮ ਹੋਣ ਕਰ ਕੇ

ਖੁੱਲ੍ਹੀਆਂ ਖ਼ੁਰਾਕਾਂ ਸਨ। ਡੰਡ ਬੈਠਕਾਂ ਤੇ ਹੋਰ ਵਰਜਸ਼ਾਂ ਕਰਨੀਆਂ। ਕਬੱਡੀ ਤੇ ਸੋਂਚੀ ਖੇਡਣੀ। ਲੰਮੀਆਂ ਤੇ ਉੱਚੀਆਂ ਛਾਲਾਂ ਵਿੱਚ ਨੰਬਰ ਸੀ। ਸਰੀਰ ਦੀ ਤਿਆਰੀ ਵੱਲ ਖ਼ਾਸ ਧਿਆਨ ਹੋਣ ਕਰ ਕੇ ਜੀਵਨ ਵਿਕਾਰਾਂ ਤੋਂ ਬਚਿਆ ਸੀ। ਕਈ ਜਗ੍ਹਾ ਤਾਂ ਕੁਸ਼ਤੀਆਂ ਵਿੱਚ ਇਨਾਮ ਵੀ ਪ੍ਰਾਪਤ ਕਰੇ। ਫੇਰ ਮਨ ਦੀ ਉਪਰਾਮਤਾ ਅਤੇ ਪਿਛਲੇ ਸੰਸਕਾਰਾਂ ਦੀ ਪ੍ਰਬਲਤਾ ਨਾਲ ਸੰਗਤ ਵਿੱਚ ਆ ਗਏ। ਕਿਸੇ ਪ੍ਰੇਮੀ ਤੋਂ ਹਜ਼ੂਰ ਦਾ ਜਸ ਸੁਣ ਕੇ ੧੯੬੬ ਈ. ਵਿੱਚ ਕਰਮਸਰ ਦੀ ਪਾਵਨ ਧਰਤੀ ਦਾ ਦੀਦਾਰ ਕੀਤਾ। ਏਥੇ ਗ਼ਰੀਬ ਨਿਵਾਜ਼ ਦੀ ਆਗਿਆ ਅਨੁਸਾਰ ਅੰਮ੍ਰਿਤਪਾਨ ਕੀਤਾ। ਪਹਿਲਾਂ ਇੱਕ ਸਾਲ ਖੇਤੀ ਅਤੇ ਹੋਰ ਖੁੱਲ੍ਹੀ ਸੇਵਾ ਵਿੱਚ ਸਮਾਂ ਬਤੀਤ ਕੀਤਾ। ਫੇਰ ਡੇਢ ਸਾਲ ਲੰਗਰ ਦੀ ਸੇਵਾ ਵਿੱਚ ਲਾਇਆ। ਸਰੀਰ ਕਮਾਇਆ ਹੋਇਆ ਤੇ ਬਲੀ ਸੀ। ਜਿਸ ਕੰਮ ਨੂੰ ਹੱਥ ਪਾਉਂਦੇ, ਜੋ ਦੋ ਆਦਮੀਆ ਤੋਂ ਨਾ ਹੋ ਸਕਦਾ ਸਹਿਜੇ ਹੀ ਇਕੱਲੇ ਕਰ ਦਿੰਦੇ। ਤਿੰਨ ਮਣ ਪੱਕੇ ਦੀ ਖੰਡ ਦੀ ਬੋਰੀ ਇਕੱਲਿਆਂ ਹੀ ਚੁੱਕ ਸਿਰ ਤੇ ਰੱਖ ਲੈਣੀ। ਛੋਟੀ ਜੀਪ ਚਲਾਉਣ ਦੀ ਸੇਵਾ ਮਿਲ ਗਈ। ਪਿੰਡਾਂ ਤੇ ਸ਼ਹਿਰਾਂ ਦੇ ਦੀਵਾਨਾਂ ਸਮੇਂ ਸੰਤ ਜੀ ਮਹਾਰਾਜ ਦੇ ਨਾਲ ਹੀ ਜਾਂਦੇ ਉਪਰੰਤ ਹਜ਼ੂਰ ਦੇ ਨਾਲ ਹੀ ਉਨ੍ਹਾਂ ਦੀ ਗੱਡੀ ਵਿੱਚ ਜਾਣ ਲੱਗ ਪਏ। ਲੰਡਨ ਜਾਣ ਸਮੇਂ ਦਾਤੇ ਦੀ ਆਗਿਆ ਪਾ ਹਜ਼ੂਰ ਸਾਹਿਬ ਤੇ ਹੋਰ ਗੁਰਧਾਮਾਂ ਦੇ ਦੀਦਾਰ ਕਰੇ। ਹੁਣ ਫੇਰ ਅਸਥਾਨ ਤੇ ਟਿਕੇ ਹਨ।

ਭਾਈ ਹਜ਼ੂਰਾ ਸਿੰਘ ਡ੍ਰਾਈਵਰ

ਇਨ੍ਹਾਂ ਦਾ ਪਿੰਡ ਰੇਰੂ ਸਾਹਿਬ ਦੇ ਕੋਲ ਕਟਾਣੀ ਖੁਰਦ ਸੀ। ਚਾਰ ਭਰਾ ਸਨ। ਇੱਕ ਇਨ੍ਹਾਂ ਤੋਂ ਵੱਡਾ ਤੇ ਦੋ ਛੋਟੇ ਹਨ। ਇਹ ਦਸ ਬਾਰਾਂ ਸਾਲਾਂ ਦੀ ਉਮਰ ਵਿੱਚ ਘਰ ਦੇ ਕੰਮ ਨੂੰ ਕਰਨ ਲੱਗ ਗਏ। ਏਸ ਪਿੰਡ ਦੇ ਕਈ ਪ੍ਰੇਮੀ ਦਿੱਲੀ ਰਹਿੰਦੇ ਸਨ, ਉਨ੍ਹਾਂ ਕੋਲ ਚਲੇ ਗਏ। ੧੯੩੯ ਈ. ਵਿੱਚ ਦਿੱਲੀ ਆ ਕੇ ਲੱਕੜੀ ਦਾ ਕੰਮ ਸ਼ੁਰੂ ਕਰ ਲਿਆ। ਏਸ ਕੰਮ ਨੂੰ ਸੱਤ ਸਾਲ ਕੀਤਾ। ਫੇਰ ਸ਼ਿਮਲਾ ਹਿਲ ਟਰਾਂਸਪੋਰਟ ਵਿੱਚ ਨੌਕਰੀ ਕਰ ਲਈ। ਨਾਲ-੨ ਗੱਡੀਆਂ ਦੀ ਮਕੈਨਕੀ ਵੀ ਸਿੱਖਦੇ ਰਹੇ। ਅਪ੍ਰੈਲ ੧੯੫੦ ਵਿੱਚ ਪ੍ਰੇਮ ਨਾਥ ਮੋਟਰਜ਼ ਵਿੱਚ ਨੌਕਰੀ ਕਰਨ ਲੱਗ ਪਏ। ਏਥੇ ੧੯੬੩ ਤੱਕ ਰਹੇ। ਭਾਵੇਂ ਪਹਿਲਾਂ ਕਈ ਮਹਾਂਪੁਰਸ਼ਾਂ ਦੇ ਦਰਸ਼ਨ ਵੀ ਕੀਤੇ ਸਨ, ਕੀਰਤਨ ਵੀ ਸੁਣਿਆ ਸੀ। ਕਿਸੇ ਪੂਰਨ ਪੁਰਸ਼ ਦੀ ਤਲਾਸ਼ ਵਾਸਤੇ ਕਈ ਅਸਥਾਨਾਂ ਤੇ ਵੀ ਗਏ, ਪਰ ਮਨ ਕਿਸੇ ਉੱਪਰ ਨਾ ਪਤੀਜਿਆ। ਜਦੋਂ ਹਜ਼ੂਰ ਦਾ ਜਸ ਸੁਣਿਆ, ਅੰਦਰ ਖਿੱਚ ਪਈ। ੧੯੫੪ ਈ. ਵਿੱਚ ਦਰਸ਼ਨਾਂ ਲਈ ਕਰਮਸਰ ਆਏ। ਉਸ ਸਮੇਂ ਸੰਤ ਜੀ ਮਹਾਰਾਜ ਨੇ ਜਰਗ ਪਿੰਡ ਨੂੰ ਦੀਵਾਨਾਂ ਦਾ ਸਮਾਂ ਬਖ਼ਸ਼ਿਆ ਸੀ। ਇਸ ਨੇ ਵੀ ਜਰਗ ਪਹੁੰਚ ਕੇ ਦਰਸ਼ਨ ਕੀਤੇ। ਫੇਰ ਮਾਘ ਦੀ ਪੁੰਨਿਆਂ ਨੂੰ ਅਸਥਾਨ ਤੇ ਪੁੱਜ ਕੇ ਕੀਰਤਨ ਸਰਵਣ ਕਰ ਪੂਰਨ ਨਿਸਚਾ ਹੋ ਗਿਆ ਕਿ ਜਿਸ ਚੀਜ਼ ਦੀ ਮੈਂ ਭਾਲ ਕਰਦਾ ਹਾਂ, ਉਹ ਏਥੇ ਮਿਲੇਗੀ। ਦਾਤੇ ਦੀ ਨਜ਼ਰੇ ਰਹਿਮਤ ਦੁਆਰਾ ਭਜਨ ਸਿਮਰਨ ਦੀ ਦਾਤ ਪ੍ਰਾਪਤ ਹੋ ਗਈ। ਉਸ ਤੋਂ ਬਾਅਦ ਹਰੇਕ ਪੁੰਨਿਆਂ ਦਾ ਦਿੱਲੀ ਤੋਂ ਆ ਕੇ ਦੀਵਾਨ ਸੁਣਨਾ। ਇਹ ਰੁਟੀਨ ਕਈ ਸਾਲ ਜਾਰੀ ਰਿਹਾ। ਉਪਰੰਤ ੫-੭-੬੩ ਨੂੰ ਪੱਕੇ ਹੀ ਗੁਰ ਚਰਨਾਂ ਵਿੱਚ ਆ ਟਿਕੇ ਅਤੇ ਸੰਤ ਜੀ ਮਹਾਰਾਜ ਦੀ ਵੱਡੀ ਗੱਡੀ ਚਲਾਉਣ ਦੀ ਸੇਵਾ ਸੰਭਾਲ ਲਈ ਜੋ ਅਖ਼ੀਰ ਤੱਕ ਨਿਭਾਈ। ਵੱਡੇ ਸੰਤ ਜੀ ਮਹਾਰਾਜ ਦੇ ਸੱਚਖੰਡ ਜਾਣ ਪਿੱਛੋਂ ਛੋਟੇ ਸੰਤ ਜੀ ਮਹਾਰਾਜ ਨੇ ਆਪ ਨੂੰ ਇਮਾਰਤਾਂ ਦੀ ਉਸਾਰੀ ਦੀ ਸੇਵਾ ਬਖ਼ਸ਼ ਦਿੱਤੀ। ਟਰਸਟੀ ਹੋਣ ਦੇ ਨਾਤੇ ਮੁਖੀ ਪ੍ਰਬੰਧਕਾਂ ਰਹਿ ਕੇ ਸੇਵਾ ਨਿਭਾਉਂਦੇ ਹੋਏ ਆਪ ੧੫-੩-੨੦੦੨ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ।

ਡੇਹਲੋਂ ਪਿੰਡ ਦੇ ਭਾਈ ਤਿਰਲੋਚਨ ਸਿੰਘ ਗ੍ਰੰਥੀ ਜੀ ਛੋਟੀ ਉਮਰ ਤੋਂ ਮਾਤਾ ਪਿਤਾ ਦੇ ਨਾਲ ਸੰਗਤ ਵਿੱਚ ਆਉਣ ਲੱਗ ਪਏ। ਸਕੂਲ ਦੀ ਪੜ੍ਹਾਈ ਤਾਂ ਪੰਜਵੀਂ ਤੱਕ ਹੀ ਸੀ। ੧੮ ਸਾਲ ਦੀ ਉਮਰ ਵਿੱਚ ੧੯੬੦ ਦੇ ਕਰੀਬ ਪੱਕੇ ਹੀ ਸੇਵਾ ਵਿੱਚ ਆ ਗਏ। ਪਹਿਲਾਂ ਕੁੱਝ ਕੁ ਸਮਾਂ ਭੋਰੇ ਵਿੱਚ ਫ਼ੁੱਲਵਾੜੀ ਤੇ ਰਹੇ। ਫੇਰ ਕਈ ਸਾਲ ਲੰਗਰ ਦੀ ਸੇਵਾ ਕੀਤੀ। ੧੯੭੨ ਤੋਂ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਗ੍ਰੰਥੀ ਦੀ ਡਿਊਟੀ ਕਰਦੇ ਰਹੇ। ਸੰਥਾ ਨਾਲ ਮਹਾਰਾਜ ਦਾ ਸ਼ੁੱਧ ਪਾਠ ਤੇ ਸਾਜ਼ ਵੀ ਏਥੇ ਹੀ ਸਿੱਖੇ।

ਸੰਤ ਪ੍ਰਤਾਪ ਸਿੰਘ

ਰਾਮਪੁਰ ਪਿੰਡ ਦੇ ਸ. ਦਲੀਪ ਸਿੰਘ ਨੇ ਬਚਪਨ ਵਿੱਚ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਦਰਸ਼ਨ ਕੀਤਾ। ਵੱਡਿਆਂ ਹੋ ਕੇ ਆਪਣੇ ਘਰ ਵਾਲੀ ਬੀਬੀ ਹਰਨਾਮ ਕੌਰ ਨਾਲ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਪੁੱਜੇ। ਭਜਨ ਸਿਮਰਨ ਦੀ ਜੁਗਤੀ ਪੁੱਛੀ। ਇਨ੍ਹਾਂ ਦੇ ਘਰ ਪਹਿਲਾਂ ਚਾਰ ਬੱਚੇ ਕੁੱਝ ਕੁ ਮਹੀਨਿਆਂ ਦੇ ਹੋ ਕੇ ਗਰਭ ਵਿੱਚ ਹੀ ਮ੍ਰਿਤੂ ਹੋ ਗਏ। ਜਦੋਂ ੧੯੫੧ ਈ. ਫੱਗਣ ਦੀ ਪੂਰਨਮਾਸ਼ੀ ਪੰਜਵੇਂ ਲੜਕੇ ਨੇ ਜਨਮ ਲਿਆ ਤਾਂ ਸੰਤ ਜੀ ਨੇ ਪ੍ਰਤਾਪ ਸਿੰਘ ਨਾਮ ਰੱਖਿਆ। ਪਿੰਡ ਦੇ ਸਕੂਲ ਵਿੱਚ ਅੱਠ ਜਮਾਤਾਂ ਪਾਸ ਕਰ ਕੇ ੧੯੬੮ ਕਰਮਸਰ ਆ ਗਿਆ। ਪਹਿਲਾਂ ਦੋ ਕੁ ਸਾਲ ਸੰਤ

ਜੀ ਮਹਾਰਾਜ ਦੇ ਜਥੇ ਨਾਲ ਪਿੰਡਾਂ ਤੇ ਸ਼ਹਿਰਾਂ ਦੇ ਦੀਵਾਨਾਂ ਸਮੇਂ ਨਾਲ ਵਿਚਰਦਾ ਰਿਹਾ ਫੇਰ ਅਸਥਾਨ ਤੇ ਛੋਟੇ ਸੰਤ ਜੀ ਮਹਾਰਾਜ ਦੀ ਕਾਰ ਚਲਾਉਣ ਦੀ ਸੇਵਾ ਸੰਭਾਲ ਲਈ। ਨਾਲ ਹੀ ਅਹਿਸਤਾ ਅਹਿਸਤਾ ਹੋਰ ਵੀ ਡਿਊਟੀ ਕਰਨ ਲੱਗਾ। ਫੇਰ ਹਜ਼ੂਰੀਆ ਸੇਵਾਦਾਰ ਬਣ ਗਿਆ। ਗੱਡੀ ਵੀ ਚਲਾਉਂਦਾ ਤੇ ਹੋਰ ਵੀ ਸਾਰੀ ਸੇਵਾ ਕਰਦਾ ਰਿਹਾ। ਹਰੇਕ ਥਾਂ ਨਾਲ ਹੀ ਜਾਂਦਾ। ਸੰਗਤਾਂ ਵਿੱਚ ਸੋਹਣਾ ਸਤਿਕਾਰ ਬਣ ਗਿਆ। ਆਰਟਿਸਟੀ ਦਾ ਗੁਣ ਵੀ ਚੰਗਾ ਸਿੱਖ ਲਿਆ। ਗੁਰੂ ਮਹਾਰਾਜ ਦਾ ਸ਼ੁੱਧ ਪਾਠੀ ਤੇ ਸਾਜ਼ ਵੀ ਜਾਣਦਾ ਹੈ।

ਛੋਟੇ ਕਨਸੂਹੇ ਪਿੰਡ ਤੋਂ ਭਾਈ ਦਲੀਪ ਸਿੰਘ ਵੀ ੧੯੬੪ ਈ. ਵਿਖੇ ਪਹਿਲੀ ਵਾਰ ਰਾੜੇ ਸਾਹਿਬ ਪੁੱਜਾ। ਹਜ਼ੂਰ ਦਾ ਕੀਰਤਨ ਸੁਣਿਆ। ਉਸ ਸਮੇਂ ਇਸ ਦੀ ਉਮਰ ਤਾਂ ਛੋਟੀ ਸੀ ਪਰ ਸੰਸਕਾਰ ਪ੍ਰਬਲ ਸਨ। ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕਰ ਨਾਮ ਦੀ ਦਾਤ ਲੈ ਗੁਰੂ ਕੇ ਲੰਗਰ ਦੀ ਸੇਵਾ ਵਿੱਚ ਲੱਗ ਗਿਆ। ਫੇਰ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜਥੇ ਵਿੱਚ ਜਾ ਸ਼ਾਮਲ ਹੋ ਗਿਆ। ਉੱਥੇ ਦੋ ਗੁਰੂ ਮਹਾਰਾਜ ਦੇ ਸੰਥਾ ਸਹਿਤ ਪਾਠ ਕੀਤੇ। ਉਪਰੰਤ ਕਰਮਸਰ ਆ ਗਿਆ। ਫੇਰ ਸੰਤ ਜੀ ਨੇ ਇਨ੍ਹਾਂ ਦੀ ਡਿਊਟੀ ਬਿਸਤਰਿਆਂ ਦੇ ਸਟੋਰ ਤੇ ਲਾ ਦਿੱਤੀ।

ਬਾਬਾ ਬਲਜਿੰਦਰ ਸਿੰਘ ਜੀ

ਬਾਬਾ ਬਲਜਿੰਦਰ ਸਿੰਘ ਜੀ ਦਾ ਜਨਮ ਪਿੰਡ ਮਕਸੂਦੜਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ. ਉਜਾਗਰ ਸਿੰਘ ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁੱਖੋਂ ੧੫ ਜੁਲਾਈ ੧੯੬੨ ਨੂੰ ਹੋਇਆ। ਬਚਪਨ ਦਾ ਸਮਾਂ ਪਿੰਡ ਬਿਤਾਇਆ। ਫਿਰ ਸਕੂਲ ਪੜ੍ਹਨੇ ਪਾ ਦਿੱਤੇ। ਪੜ੍ਹਾਈ ਦੇ ਦੌਰਾਨ ਗੁਰਦੁਆਰਾ ਰਾੜਾ ਸਾਹਿਬ ਆਪਣੇ ਮਾਤਾ ਪਿਤਾ ਸਮੇਤ ਛੋਟੇ ਤੇ ਵੱਡੇ ਮਹਾਰਾਜ ਜੀ ਦੇ ਦਰਸ਼ਨ ਕਰਦੇ। ਸਤ-ਪੁਰਖਾਂ ਦੇ ਮੁਖਾਰਬਿੰਦ ਤੋਂ ਅਮੋਲਕ ਬਚਨ ਸੁਣਦੇ। ਦੀਵਾਨ ਸ੍ਰਵਣ ਕਰਦੇ ਅਤੇ ਹੱਥੀਂ ਸੰਗਤ ਦੀ ਸੇਵਾ ਕਰਦੇ। ਬਚਪਨ ਤੋਂ ਹੀ ਪੂਰਨ-ਸੰਤਾਂ ਦੀ ਸੰਗਤ ਹੋ ਜਾਣ ਕਰ ਕੇ ਸੰਸਾਰ ਵੱਲੋਂ ਬੈਰਾਗ ਪੈਦਾ ਹੁੰਦਾ ਰਿਹਾ। ਜਦੋਂ ਦਸਵੀਂ ਜਮਾਤ ਪਾਸ ਕਰ ਲਈ ਤਾਂ ਛੋਟੇ ਮਹਾਰਾਜ ਜੀ ਨੂੰ ਚਰਨਾਂ 'ਚ ਰਹਿ ਕੇ ਸੇਵਾ ਕਰਨ ਲਈ ਬੇਨਤੀ ਕੀਤੀ ਪਰ ਸੰਤਾਂ ਅੱਗੋ ਜਵਾਬ ਦਿੱਤਾ ਕਿ ਭਾਈ! ਪਹਿਲਾਂ ਬੀ. ਏ. ਪਾਸ ਕਰ ਲੈ। ਬਾਅਦ ਵਿੱਚ ਤੇਰੀ ਮਰਜ਼ੀ, ਜਿਵੇਂ ਠੀਕ ਲੱਗੇ ਕਰ ਲਵੀਂ। ਬੀ. ਏ. ਦੀ ਵਿੱਦਿਆ ਗੌਰਮਿੰਟ ਕਾਲਜ ਕਰਮਸਰ ਰਾੜਾ ਸਾਹਿਬ ਪਾਸ ਕਰ ਕੇ ਗੌਰਮਿੰਟ ਕਾਲਜ ਲੁਧਿਆਣਾ ਵਿੱਚ ਇਕਨਾਮਿਕਸ ਦੀ ਐਮ. ਏ. ਸ਼ੁਰੂ ਕੀਤੀ। ਪਰ ਇੱਕ ਸਾਲ ਪਿੱਛੋਂ ਹੀ ੧੯੮੪ ਵਿਚ ਰਾੜਾ ਸਾਹਿਬ ਸੰਤ ਮਹਾਰਾਜ ਜੀ ਦੇ ਚਰਨਾਂ ਵਿੱਚ ਆ ਹਾਜ਼ਰ ਹੋਏ। ਮਹਾਂਪੁਰਖਾਂ ਦੇ ਬਚਨ ਮੰਨ ਕੇ ਹਜ਼ੂਰੀ ਕੀਰਤਨੀਏ ਜੱਥੇ 'ਚ ਸ਼ਾਮਲ ਹੋ ਗਏ। ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ, ਗੁਰੂ ਪ੍ਰਤਾਪ ਸੂਰਜ, ਨਾਨਕ ਪ੍ਰਕਾਸ਼ ਦੀ ਧਾਰਮਿਕ ਵਿੱਦਿਆ ਇਸ ਪੁਸਤਕ ਦੇ ਲੇਖਕ (ਗਿ. ਮੋਹਨ ਸਿੰਘ ਜੀ ਆਜ਼ਾਦ ਤੋਂ ਪ੍ਰਾਪਤ ਕੀਤੀ) ੧੯੮੬ ਨੂੰ ਜਥੇਦਾਰ ਸੰਤ ਬਾਬਾ ਮਹਿੰਦਰ ਸਿੰਘ ਜੀ ਨਾਲ ਲੰਡਨ ਵੀ ਹੋ ਆਏ ਹਨ। ੧੯੮੭ ਤੋਂ ਅਸਥਾਨ ਦੇ ਪ੍ਰਬੰਧਕਾਂ ਵੱਲੋਂ ਬਾਬਾ ਬਲਜਿੰਦਰ ਸਿੰਘ ਜੀ ਦੀ ਡਿਊਟੀ ਬਾਹਰਲੇ ਦੀਵਾਨਾਂ ਅਤੇ ਅੰਮ੍ਰਿਤ ਛਕਾਉਣ ਦੀ ਲਗਾਈ ਗਈ ਹੈ। ਆਪ ਪਿੰਡਾਂ ਸ਼ਹਿਰਾਂ, ਦੇਸ਼ਾਂ ਵਿਦੇਸ਼ਾਂ ਵਿੱਚ ਜਾ ਕੇ ਕੀਰਤਨ ਵਖ਼ਿਆਨ ਦਵਾਰਾ ਸੰਗਤਾਂ ਨੂੰ ਗੁਰੂ ਨਾਲ ਜੋੜਦੇ ਹਨ। ਇਨ੍ਹਾਂ ਉੱਪਰ ਸੰਤ ਮਹਾਰਾਜ ਜੀ ਦੀ ਬਹੁਤ ਕ੍ਰਿਪਾ ਹੈ।

ਗਿ. ਬਲਵੰਤ ਸਿੰਘ ਜੜਤੌਲੀ

ਭਾਈ ਬਲਵੰਤ ਸਿੰਘ ਦਾ ਜਨਮ ੫-੯-੪੮ ਨੂੰ ਸ. ਹਰੀ ਸਿੰਘ ਦੇ ਘਰ ਹੋਇਆ। ਇਸ ਦੇ ਦੋ ਵੱਡੇ ਭਰਾ ਹਨ। ਭਾਈ ਬਲਵੰਤ ਸਿੰਘ ਨੇ ਪਹਿਲਾਂ ਪਿੰਡ ਦੇ ਸਕੂਲ ਵਿੱਚ ਪ੍ਰਾਇਮਰੀ ਪਾਸ ਕੀਤੀ। ਉਸ ਤੋਂ ਬਾਅਦ ਮਹਿਮਾਸਿੰਘਵਾਲਾ ਦੇ ਖਾਲਸਾ ਹਾਇਰ ਸੈਕੰਡਰੀ ਸਕੂਲ ਵਿੱਚ ਧਾਰਮਿਕ ਵਿੱਦਿਆ ਦੇ ਮਜ਼ਮੂਨਾਂ 'ਚ ਹਿਸਟ੍ਰੀ ਪੜ੍ਹ ਕੇ ਸਾਰੇ ਮਤਾਂ ਮਤਾਤ੍ਰਾਂ ਵਿੱਚੋਂ ਗੁਰਮਤ ਨੂੰ ਨਿਸਚੇ ਕੀਤਾ, ਜਿਸ ਕਰ ਕੇ ਅੰਦਰ ਭਗਤੀ ਦਾ ਅੰਕੁਰ ਉਤਪੰਨ ਹੋ ਆਇਆ। ਮਾਤਾ ਪਿਤਾ ਵੀ ਗੁਰਸਿੱਖੀ ਜੀਵਨ ਵਾਲੇ ਸਨ। ਨਗਰ ਵਿੱਚ ਗਿਆਂ ਤੋਂ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਦੇ ਤੇ ਦੀਵਾਨ ਸੁਣਦੇ ਸਨ। ਸ. ਸੰਪੂਰਨ ਸਿੰਘ ਦੀ ਪ੍ਰੇਰਨਾ ਨਾਲ ਕਰਮਸਰ ਦੀ ਪਾਵਨ ਧਰਤੀ ਦਾ ਦੀਦਾਰ ਕੀਤਾ। ਨਮਸ਼ਕਾਰ ਕਰਨ ਲੱਗਿਆਂ ਸਾਰੇ ਫੁਰਨੇ ਮਿਟ ਗਏ।

ਉਪਰੰਤ ਅੰਮ੍ਰਿਤ ਪਾਨ ਕੀਤਾ। ਅਰਸ਼ੀ ਪ੍ਰੀਤਮ ਤੋਂ ਨਾਮ ਦੀ ਦਾਤ ਲਈ। ਮਾਰਚ ੧੯੭੦ ਈ ਨੂੰ ਬੀ. ਏ. ਦੇ ਪਰਚੇ ਦੇ ਕੇ ਸਿੱਧਾ ਕਰਮਸਰ ਆ ਗਿਆ। ਸੰਬੰਧੀਆਂ ਨੇ ਰੋਕਿਆ ਪਰ ਕਿਸੇ ਦੀ ਪ੍ਰਵਾਹ ਨਾ ਕੀਤੀ। ਛੋਟੇ ਸੰਤ ਜੀ ਦੀ ਆਗਿਆ ਪਾ ਕੇ ਅਸਥਾਨ ਦੇ ਹਿਸਾਬ-ਕਿਤਾਬ ਕਰਨ ਦੀ ਡਿਊਟੀ ਸੰਭਾਲ ਲਈ। ਸ਼ੁੱਧ ਪਾਠੀ, ਅਰਥਾਂ ਦੀ ਵਿਚਾਰ ਤੇ ਕੀਰਤਨ ਭੀ ਕਰ ਲੈਂਦੇ ਹਨ। ਚੰਗਾ ਨਾਮ ਬਾਣੀ ਦਾ ਪ੍ਰੇਮੀ, ਮਿਲਣਸਾਰ, ਨਿੰਮਰਤਾ ਵਾਲਾ ਗੁਰਮੁਖ ਹੈ। ਲੋੜ ਪਈ ਤੋਂ

ਸ਼ਾਮ ਦੇ ਸਮੇਂ ਗੁਰ ਇਤਿਹਾਸ ਦੀ ਕਥਾ ਭੀ ਕਰ ਲੈਂਦੇ ਹਨ।

ਇਸੇ ਤਰ੍ਹਾਂ ਏਸ ਜੜਤੌਲੀ ਨਗਰ ਦੇ ਸ. ਸੰਪੂਰਨ ਸਿੰਘ, ਸ. ਰਤਨ ਸਿੰਘ ਮਿਸਤਰੀ ਤੇ ਹੋਰ ਸਾਰਾ ਨਗਰ ਹੀ (ਜਿਨ੍ਹਾਂ ਦੇ ਘਰਾਂ ਵਿੱਚ ਦਾਤੇ ਦੇ ਚਰਨ ਪਏ, ਅਖੰਡ ਪਾਠ ਕੀਤੇ) ਪ੍ਰੇਮੀ ਹੈ। ਰਤਨ ਸਿੰਘ ਮਿਸਤਰੀ ਦੇ ਸਪੁੱਤਰ ਭਾਈ ਪਰਮਿੰਦਰ ਸਿੰਘ ਦੇ ਘਰ ਸ਼ਾਦੀ ਤੋਂ ਕਈ ਸਾਲ ਬਾਅਦ ਸੰਤ ਜੀ ਦੇ ਬਚਨਾਂ ਨਾਲ ਲੜਕੇ ਦਾ ਜਨਮ ਹੋਇਆ। ਛੋਟੇ ਸੰਤ ਜੀ ਨੇ ਉਸ ਦਾ ਨਾਮ ਗੁਰਜੀਤ ਸਿੰਘ ਰੱਖਿਆ।

ਭਾਈ ਹਰਨੇਕ ਸਿੰਘ

ਆਲੋਵਾਲ ਪਿੰਡ ਦਾ ਭਾਈ ਹਰਨੇਕ ਸਿੰਘ ਸੰਤ ਆਸ਼ਰਮ ਧਭਲਾਨ ਦਾਤੇ ਦੇ ਚਰਨਾਂ ਵਿੱਚ ਪੁੱਜਾ। ਕਈ ਸਾਲ ਲੰਗਰ ਦੀ ਸੇਵਾ ਕੀਤੀ। ਫੇਰ ਕਰਮਸਰ ਆ ਕੇ ਵੀ ਲੰਗਰ ਵਿੱਚ ਹੀ ਡਿਊਟੀ ਕੀਤੀ। ਬਾਅਦ ਵਿੱਚ ਛੋਟੇ ਸੰਤ ਜੀ ਮਹਾਰਾਜ ਦੇ ਖ਼ਾਸ ਲਾਂਗਰੀ ਬਣ ਗਏ। ਇਹ ਹਰ ਸਮੇਂ ਸੰਤ ਜੀ ਮਹਾਰਾਜ ਦੇ ਨਾਲ ਹੀ ਜਾਂਦੇ ਸਨ ਤੇ ਹਜ਼ੂਰ ਸਾਹਿਬ ਵੀ ਨਾਲ ਹੀ ਗਏ ਸਨ। ਹੁਣ ਜਥੇ ਸਮੇਤ ਵਿਚਰ ਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਅਖੰਡ ਪਾਠ ਤੇ ਕੀਰਤਨ ਕਰਦੇ ਹਨ। ਅਸਥਾਨ ਤੇ ਲੰਗਰ ਦੇ ਰਾਸ਼ਨ ਦੀ ਸੇਵਾ ਸੰਭਾਲ ਤੇ ਬਾਲਣ ਦਾ ਬਹੁਤ ਧਿਆਨ ਰੱਖਦੇ ਹਨ। ਫਤਿਹਗੜ੍ਹ ਸਾਹਿਬ, ਚਮਕੌਰ ਸਾਹਿਬ ਤੇ ਅਨੰਦਪੁਰ ਸਾਹਿਬ ਜੋੜ ਮੇਲਿਆਂ ਸਮੇਂ ਲੰਗਰ ਚਲਾਉਂਦੇ ਹਨ।

ਭਗਤ ਭਾਨ ਸਿੰਘ ਜੀ ਆਪਣੇ ਅਨੰਦ ਵਿੱਚ ਹੀ ਲੀਨ ਰਹਿੰਦੇ ਹਨ। ਕਿਸੇ ਦੀ ਘੱਟ ਵੱਧ ਗੱਲ ਨਹੀਂ ਕਰਦੇ ਹਰ ਇੱਕ ਨੂੰ ਗੁਰੂ ਘਰ ਦੀ ਸੇਵਾ ਤੇ ਸੰਤ ਜੀ ਮਹਰਾਜ ਉੱਪਰ ਸ਼ਰਧਾ ਵਧਾਉਣ ਦੇ ਬਚਨ ਕਰਦੇ ਹਨ। ਅਸਥਾਨ ਦੇ ਸਰੀਰ ਤੇ ਬਾਹਰਲੀ ਸੰਗਤ ਵੀ ਇਨ੍ਹਾਂ ਦਾ ਪੂਰਨ ਸਤਿਕਾਰ ਕਰਦੀ ਹੈ।

ਇਸੇ ਤਰ੍ਹਾਂ ਮੰਗਲ ਸਿੰਘ ਤੇ ਪ੍ਰਗਟ ਸਿੰਘ ਵੀ ਕਈ ਸਾਲ ਜਥੇ ਨਾਲ ਰਹਿ ਕੇ ਗੱਡੀ ਚਲਾਉਂਦੇ ਤੇ ਸਾਜ਼ ਵਜਾਉਂਦੇ ਰਹੇ। ਭਾਈ ਵੈਸਾਖਾ ਸਿੰਘ ਵੀ ਕਈ ਸਾਲ ਸੇਵਾ ਕਰਦਾ ਰਿਹਾ। ਭਾਈ ਬਲਵਿੰਦਰ ਸਿੰਘ ਸਿਹੋੜਾ ਭੀ ਕਈ ਸਾਲ ਦਾ ਏਥੇ ਸੇਵਾ ਕਰਦਾ ਹੈ।

ਅਮੋਲਕ ਬਚਨ ਬ੍ਰਹਮ-ਜੀਵ-ਮਾਇਆ

ਜਗਿਆਸੂਆਂ ਦੇ ਭਲੇ ਲਈ ਆਪ ਹਰ ਰੋਜ਼ ਦੋ ਘੰਟੇ ਸੰਗਤਾਂ ਨੂੰ ਮਿਲਿਆ ਕਰਦੇ ਸਨ। ਕੁਰਸੀ ਲੱਗ ਜਾਇਆ ਕਰਦੀ ਸੀ। ਸਾਰੇ ਦੂਰ ਦੁਰਾਡੇ, ਦੇਸ਼, ਪ੍ਰਦੇਸ਼ ਤੋਂ ਪੁੱਜੇ ਯਾਤਰੂਆਂ ਨੇ ਮਹਾਂਪੁਰਸ਼ਾਂ ਦੇ ਨਿਕਟ ਹੋ ਕੇ ਦਰਸ਼ਨ ਕਰਨੇ ਅਤੇ ਇਕਾਂਤ ਵਿੱਚ ਆਈਆਂ ਦੁਨਿਆਵੀ ਅਤੇ ਰੂਹਾਨੀ ਔਕੜਾਂ, ਮਹਾਂਪੁਰਸ਼ਾਂ ਨੂੰ ਦੱਸਣ ਅਤੇ ਉਨ੍ਹਾਂ ਲਈ ਸੰਤ ਬਚਨ ਲੈਣ ਦੀ ਤੀਬਰ ਇੱਛਾ ਰੱਖਿਆ ਕਰਦੇ ਸਨ। ਰੂਹਾਨੀ ਗੁੰਝਲਾਂ, ਭਰਮ ਭੁਲੇਖੇ, ਗ਼ਲਤ ਨਿਹਚਿਆਂ ਬਾਰੇ ਆਪ ਬੇਨਤੀ ਕਰ ਕੇ ਸਮਾਧਾਨ ਕਰਾਇਆ ਕਰਦੇ ਸਨ। ਅੱਜ ਭੀ ਬਹੁਤ ਸਾਰੇ ਪ੍ਰੇਮੀ ਜਗਿਆਸੂ ਜੇਹਾ ਕਿ ਗਿਆਨੀ ਉਜਾਗਰ ਸਿੰਘ, ਗਿ. ਕਰਮ ਸਿੰਘ, ਜਥੇਦਾਰ ਮਹਿੰਦਰ ਸਿੰਘ ਤੇ ਇਸ ਗ੍ਰੰਥ ਦੇ ਲੇਖਕ ਸਭਨਾਂ ਨੇ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਕਿ ਆਪ ਕ੍ਰਿਪਾ ਕਰ ਕੇ ਬ੍ਰਹਮ-ਜੀਵ ਮਾਇਆ ਦੇ ਸਰੂਪ ਬਾਰੇ ਕੁੱਝ ਦੱਸੋ।

ਇਹ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਬੋਲੇ, ਜੀਵ ਤੋਂ ਭਾਵ ਜੀਵ ਆਤਮਾ ਹੈ। ਸਰੀਰ ਨਾਸ਼ਵਾਨ ਹੈ। ਪਰ ਜੀਵ ਆਤਮਾ ਅਮਰ ਹੈ।

ਮਰਣਹਾਰੁ ਇਹੁ ਜੀਅਰਾ ਨਾਹੀ ॥ *(ਗਉੜੀ ਮਃ ੫ - ੧੮੮)*

ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਜੀਵ ਅਤੇ ਬ੍ਰਹਮ ਦਾ ਸੰਬੰਧ ਅੰਸ ਅਤੇ ਅੰਸੀ ਦਾ ਹੈ। ਜੀਵ ਊਰਾ ਹੈ ਅਤੇ ਬ੍ਰਹਮ ਗਉਰਾ ਹੈ।

ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥ *(ਸੋਰਠਿ ਮਃ ੧ - ੫੯੬)*

ਇਸ ਸੰਬੰਧ ਨੂੰ ਗੁਣ ਅਤੇ ਗੁਣੀ ਜਾਂ ਸ਼ਕਤੀ ਅਤੇ ਸ਼ਕਤੀਮਾਨ ਵੀ ਕਿਹਾ ਜਾ ਸਕਦਾ ਹੈ। ਬ੍ਰਹਮ ਹੀ ਜੀਵ ਉਤਪਤੀ ਦਾ ਕਾਰਣ ਹੈ। ਜਿਵੇਂ ਚੰਗਿਆੜੇ ਅੱਗ ਵਿੱਚੋਂ ਵੱਖ ਹੋਣ ਤੋਂ ਪਹਿਲਾਂ ਉਸੇ ਵਿੱਚ ਹੀ ਸਮਾਏ ਹੁੰਦੇ ਹਨ। ਇਵੇਂ ਹੀ ਜੀਵ-ਆਤਮਾ ਦੀ ਹੋਂਦ ਜੀਵ-ਉਤਪਤੀ ਤੋਂ ਪਹਿਲਾਂ ਬ੍ਰਹਮ ਵਿੱਚ ਹੀ ਹੁੰਦੀ ਹੈ ਤੇ ਬ੍ਰਹਮ ਦੇ ਹੁਕਮ ਨਾਲ ਹੀ ਜੀਵ ਦੀ ਸਿਰਜਨਾ ਹੁੰਦੀ ਹੈ ਅਤੇ ਹੁਕਮ ਦੁਆਰਾ ਹੀ ਜੀਵ ਬ੍ਰਹਮ ਵਿੱਚ ਸਮਾ ਜਾਂਦਾ ਹੈ।

ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥੨॥ *(ਗਉੜੀ ਮਃ ੧ - ੧੫੧)*

ਬ੍ਰਹਮ ਸੁਤੰਤਰ ਅਤੇ ਜੀਵ ਪਰ-ਅਧੀਨ ਹੈ। ਬ੍ਰਹਮ ਜੀਵਾਂ ਦੀ ਉਤਪਤੀ ਕਰ ਕੇ ਉਨ੍ਹਾਂ ਨੂੰ ਆਪਣੇ ਹੁਕਮ ਵਿੱਚ ਰੱਖਦਾ ਹੈ ਅਤੇ ਉਨ੍ਹਾਂ ਦੀ ਰੋਜ਼ੀ ਦਾ ਪ੍ਰਬੰਧ ਵੀ ਕਰਦਾ ਹੈ। ਜੀਵ ਤੇ ਬ੍ਰਹਮ ਦੇ ਸਬੰਧ ਬਾਰੇ ਛੇ ਦਰਸ਼ਨਾਂ ਵਿੱਚ ਵੱਖ ਵੱਖ ਵਿਚਾਰ ਮਿਲਦੇ ਹਨ। ਉਪਨਿਸ਼ਦਾਂ ਅਨੁਸਾਰ ਜੀਵ ਹੀ ਬ੍ਰਹਮ ਹੈ। ਗੀਤਾ ਵਿੱਚ ਵੀ ਜੀਵ ਅਤੇ ਬ੍ਰਹਮ ਦਾ ਭੇਦ ਨਹੀਂ ਮੰਨਿਆ ਗਿਆ। ਜੀਵ ਅਤੇ ਬ੍ਰਹਮ ਦਾ ਭੇਦ ਵਿਵਹਾਰਕ ਹੈ, ਪਰ ਪ੍ਰਮਾਰਥਕ ਇਹ ਇੱਕੋ ਹੀ ਹਨ।

ਸ਼ੰਕਰ ਦੇ ਅਦ੍ਵੈਤ ਸਿਧਾਂਤ ਅਨੁਸਾਰ ਆਤਮਾ ਨਿੱਤ, ਅਜਨਮਾ, ਅਬਿਨਾਸ਼ੀ, ਅਜਰ ਅਤੇ ਅਮਰ ਹੈ। ਇਸ ਆਤਮਾ ਨਾਲ ਬ੍ਰਹਮ ਦੀ ਸੁਭਾਵਗਤ ਏਕਤਾ ਹੈ। ਆਤਮਾ ਵੀ ਚੇਤਨ ਸਰੂਪ ਹੈ ਅਤੇ ਬ੍ਰਹਮ ਵੀ ਜੀਵ ਅੰਤਰਮੁਖੀ ਅਤੇ ਬਾਹਰਮੁਖੀ ਬਿਰਤੀਆਂ ਦਾ ਧਾਰਨੀ ਹੁੰਦਾ ਹੈ ਅਤੇ ਮਾਇਆ ਦਾ ਪਰਦਾ ਗਿਆਨ ਦੁਆਰਾ ਟੁੱਟਦਾ ਹੈ।

ਰਾਮਾਨੁਜ ਦੇ ਵਸ਼ਿਸ਼ਟ ਅਦ੍ਵੈਤ ਵਿੱਚ ਜੀਵ ਨੂੰ ਨਿੱਤ ਅਤੇ ਸੁਤੰਤਰ ਮੰਨਿਆ ਹੈ ਪਰ ਉਹ ਫਿਰ ਵੀ ਬ੍ਰਹਮ ਦੇ ਅਧੀਨ ਹੈ। ਇਸ ਵਿਚਾਰ ਅਨੁਸਾਰ ਜੀਵ ਬ੍ਰਹਮ ਨਹੀਂ, ਪਰ ਉਸ ਤੋਂ ਵੱਖਰਾ ਵੀ ਨਹੀਂ। ਇਨ੍ਹਾਂ ਦੋਹਾਂ ਮਤਾਂ ਤੋਂ ਬਾਅਦ ਮਾਧਵਾਚਾਰਯ ਦਾ ਦ੍ਵੈਤ ਮੱਤ ਆਉਂਦਾ ਹੈ, ਜਿਸ ਵਿੱਚ ਬ੍ਰਹਮ ਨੂੰ ਜੀਵ ਅਤੇ ਜਗਤ ਤੋਂ ਵਿਲੱਖਣ ਦੱਸਿਆ ਗਿਆ ਹੈ। ਇਸ ਮੱਤ ਅਨੁਸਾਰ ਮੁਕਤੀ ਪ੍ਰਾਪਤ ਕਰਨਾ ਜੀਵ ਦਾ ਮੁੱਖ ਲਕਸ਼ ਹੈ। ਮੁਕਤ ਹੋ ਕੇ ਹੀ ਉਹ ਬ੍ਰਹਮ ਵਿੱਚ ਲੀਨ ਹੋ ਸਕਦਾ ਹੈ। ਮੁਕਤੀ ਦੀ ਪ੍ਰਾਪਤੀ ਲਈ ਭਗਤੀ ਹੀ ਪ੍ਰਮੁੱਖ ਸਾਧਨ ਹੈ।

ਇਸ ਤੋਂ ਬਾਅਦ ਨਿੰਬਾਰਕਾਚਾਰਯ ਦਾ ਦਵੈਤਾ-ਦਵੈਤ ਮੱਤ ਹੈ। ਜਿਸ ਅਨੁਸਾਰ ਬ੍ਰਹਮ ਅਦ੍ਵੈਤ ਅਤੇ ਦ੍ਵੈਤ ਦੋਵੇਂ ਤਰ੍ਹਾਂ ਹੀ ਹੈ। ਜੀਵ ਅਤੇ ਬ੍ਰਹਮ ਵਿੱਚ ਆਸ਼ਿਸ਼ ਭਾਵ ਸੰਬੰਧ ਹੈ। ਜੀਵ ਸੁਤੰਤਰ ਹੈ, ਪਰ ਭੋਗ ਪ੍ਰਾਪਤੀ ਲਈ ਉਹ ਬ੍ਰਹਮ ਦੇ ਅਧੀਨ ਹੈ। ਜੀਵ ਬ੍ਰਹਮ ਦੀ ਅੰਸ਼ ਹੁੰਦਾ ਹੋਇਆ ਵੀ ਉਸ ਤੋਂ ਵੱਖਰਾ ਹੈ।

ਪੰਚਮ ਪਾਤਸ਼ਾਹ ਜੀ ਮਹਾਰਾਜ ਫੁਰਮਾਉਂਦੇ ਹਨ, ਜੀਵ ਬ੍ਰਹਮ ਦੀ ਅੰਸ਼ ਹੈ ਅਤੇ ਉਸੇ ਵਿੱਚੋਂ ਹੀ ਇਸ ਦੀ ਉਤਪਤੀ ਹੋਈ ਹੈ। ਇਸ ਲਈ ਬ੍ਰਹਮ ਦੇ ਗੁਣ ਜੀਵ ਵਿੱਚ ਵਿਆਪਕ ਹਨ। ਜੇ ਬ੍ਰਹਮ ਅਮਰ ਹੈ ਤਾਂ ਜੀਵ ਵੀ ਨਿਰਭਉ ਤੇ ਨਿਸਚਿੰਤ ਹੈ। ਹਜ਼ੂਰ ਦੇ ਕਥਨ ਅਨੁਸਾਰ ਜੀਵ ਪਾਰਬ੍ਰਹਮ ਤੋਂ ਜਨਮ ਲੈਂਦਾ ਹੈ ਅਤੇ ਉਸੇ ਦਾ ਰੂਪ ਹੈ। ਜੋ ਬ੍ਰਹਮ ਵਾਂਗ ਨਾ ਜਵਾਨ ਹੁੰਦਾ ਹੈ, ਨਾ ਹੀ ਬੁੱਢਾ ਹੁੰਦਾ ਹੈ। ਗ਼ਰਮੀ ਸਰਦੀ ਦਾ ਭੀ ਇਸ ਤੇ ਕੋਈ ਅਸਰ ਨਹੀਂ ਹੁੰਦਾ। ਯਥਾ:

ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥
ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥
ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥
ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥
ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥

(ਗੌਂਡ ਮਃ ੫ - ੮੬੮)

ਤਥਾ: ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥

(ਗੌਂਡ ਭਗਤ ਕਬੀਰ ਜੀ - ੮੭੧)

ਪਰ ਜੀਵ ਬ੍ਰਹਮ ਦੇ ਅਧੀਨ ਪੈਦਾ ਹੋਈ ਮਾਇਆ ਦੇ ਪ੍ਰਭਾਵ ਕਾਰਨ ਏਕੰਕਾਰਿ ਨੂੰ ਭੁੱਲ ਜਾਂਦਾ ਹੈ। ਜੀਵ ਪ੍ਰਮਾਤਮਾ ਦੀ ਅੰਸ਼ ਹੈ, ਪਰ ਬ੍ਰਹਮ ਦੇ ਹੁਕਮ ਤੋਂ ਬਿਨਾਂ ਕੁੱਝ ਵੀ ਕਰ ਨਹੀਂ ਸਕਦਾ। ਡਾਕਟਰ ਕੋਹਲੀ ਜੀਵ ਅਤੇ ਬ੍ਰਹਮ ਦਾ ਸਬੰਧ ਸਥਾਪਿਤ ਕਰਦਿਆਂ ਲਿਖਦੇ ਹਨ ਕਿ ਜੀਵ ਇੱਕ ਤਰ੍ਹਾਂ ਨਾਲ ਬ੍ਰਹਮ ਦਾ ਛੋਟਾ ਸਰੂਪ (ਭਰਾ) ਹੀ ਹੈ। ਕਿਉਂਕਿ ਇਹ ਬ੍ਰਹਮ ਵਿੱਚੋਂ ਆਇਆ ਹੈ। ਇਸ ਲਈ ਇਸ ਵਿੱਚ ਬ੍ਰਹਮ ਵਾਲੇ ਗੁਣ ਮੌਜੂਦ ਹਨ ਅਤੇ ਜੀਵ ਆਤਮਾ ਪ੍ਰਮਾਤਮਾ ਦੀ ਅੰਸ਼ ਹੈ। ਪਰ ਜੋ ਆਪਣੀ ਮੌਜੂਦਾ ਹਾਲਤ ਵਿੱਚ ਫ਼ਰਕ ਹੈ ਉਹੀ ਫ਼ਰਕ ਪ੍ਰਮਾਤਮਾ ਤੇ ਆਤਮਾ ਵਿੱਚ ਸਮਝਣਾ ਚਾਹੀਏ। ਜੀਵ ਆਤਮਾ ਤੇ ਪ੍ਰਮਾਤਮਾ ਵਾਸਤਵ ਵਿੱਚ ਇੱਕ ਹਨ। ਅਸਲਾ ਤੇ ਵੰਸ਼ ਇੱਕੋ ਹੈ। ਪਰ ਇਹ ਨਹੀਂ ਕਿ ਜੀਵ ਆਤਮਾ ਜਿਵੇਂ ਹੁਣ ਹੈ, ਉਸੇ ਤਰ੍ਹਾਂ ਹੀ ਉਹ ਰੱਬ ਹੈ। ਭਾਵੇਂ ਸਾਗਰ ਜਾਂ ਨਦੀ ਤੇ ਬੂੰਦ ਜਾਂ ਲਹਿਰ ਸਭ ਪਾਣੀ ਹਨ, ਪਰ ਦੋਹਾਂ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ।

ਸਤਿਗੁਰਾਂ ਦਾ ਫੁਰਮਾਨ ਹੈ, ਇਸ ਨੂੰ ਨਿਰੰਕਾਰ ਨੇ ਆਪਣੀ ਜੋਤ ਵਿੱਚੋਂ ਪੈਦਾ ਕੀਤਾ ਹੈ। ਇਹ ਬ੍ਰਹਮ ਰੂਪ ਹੋ ਸਕਦੀ ਹੈ ਅਤੇ ਉਹਦੇ ਨਾਲ ਅਸਲਾ ਇੱਕ ਹੋਣ ਕਰ ਕੇ ਨਿਰੰਕਾਰ ਨਾਲ ਮਿਲ ਸਕਦੀ ਹੈ। ਪਰ ਨਿਰੰਕਾਰ ਪੂਰਾ ਤੇ ਜੀਵ ਊਰਾ ਹੈ ਅਤੇ ਜਦੋਂ ਨਿਰੰਕਾਰ ਵਿੱਚ ਲੀਨ ਹੋਵੇਗੀ ਤਾਂ ਵੀ ਨਿਰੰਕਾਰ ਬੇਅੰਤ ਹੀ ਰਹੇਗਾ।

ਸੋ ਜੀਵ ਬ੍ਰਹਮ ਦੇ ਹੱਥ ਵਿੱਚ ਕਠਪੁਤਲੀ ਹੈ। ਜਿਵੇਂ ਜਿਵੇਂ ਉਹ ਨਚਾਂਦਾ ਹੈ, ਤਿਵੇਂ ਤਿਵੇਂ ਹੀ ਇਹ ਨੱਚਦੀ ਹੈ।

ਜਿਸ ਜੀਵ ਉੱਤੇ ਬ੍ਰਹਮ ਦੀ ਨਦਰ ਹੋ ਜਾਂਦੀ ਹੈ, ਉਹ ਫਿਰ ਸਦ ਸਦ ਹੀ ਜੀਂਵਦਾ ਹੈ ਅਤੇ ਮਾਇਆ ਦੇ ਆਵਾਗਵਣ ਤੋਂ ਮੁਕਤੀ ਪ੍ਰਾਪਤ ਕਰਦਾ ਹੈ। ਉਸ ਦਾ ਭਰਮ ਦੂਰ ਹੋਣ ਕਰ ਕੇ ਅਭਿਨਾਸ਼ੀ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ।

ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥ *(ਮਾਰੂ ਮਃ ੫ - ੧੦੭੪)*

ਫਿਰ ਹਰ ਤਰ੍ਹਾਂ ਨਾਲ ਜੀਵ ਮੁਕਤ ਹੋ ਜਾਂਦਾ ਹੈ।

ਮਾਇਆ

ਮਾਇਆ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਤ੍ਰੈਗਣਾਤਮਿਕ ਹੈ। ਇਸ ਦੀ ਉਤਪਤੀ ਦਾ ਕਾਰਨ ਬ੍ਰਹਮ ਹੀ ਹੈ। ਮਾਇਆ ਬ੍ਰਹਮ ਦੇ ਹੁਕਮ ਅਧੀਨ ਹੀ ਪੈਦਾ ਹੁੰਦੀ ਹੈ ਤੇ ਹੁਕਮ ਅਧੀਨ ਹੀ ਖ਼ਤਮ ਹੋ ਜਾਂਦੀ ਹੈ।

ਯਥਾ: *ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥* *(ਵਾਰ-ਸਾਰੰਗ ਮਃ ੪ - ੧੨੩੭)*

ਮਇਆ ਦਾ ਸਰੂਪ ਹੈ ਜੋ ਹੋਰ ਦਾ ਹੋਰ ਦਿਖਾਉਣਾ। ਸੱਤ ਨੂੰ ਅਸੱਤ ਤੇ ਅਸੱਤ ਨੂੰ ਸੱਤ ਕਰ ਕੇ ਜਾਨਣਾ। ਯਥਾ:

ਕਚ ਦੀ ਪਹਰ ਮਾਲਾ ਮੁਰਖ ਮਚਾਵੇ ਯੁਧ, ਸੀਸਿਆਂ 'ਚ ਬੈਠ ਮਾਰੇ ਪੱਥਰ ਅਕਾਸ਼ ਨੂੰ।
ਨਦੀਆਂ ਦੀ ਢਾਹ ਤੇ ਉਸਾਰੇ ਘਰ ਰੇਤ ਨਾਲ, ਅਗਨੀ ਦੇ ਕੋਟ 'ਚ ਲੁਕਾਵੇ ਰੂੰ ਦੀ ਰਾਸ ਨੂੰ।
ਪਾਣੀ ਜੋ ਵਿਰੋਲ ਰਿਹਾ ਮੱਖਣ ਨਿਤਾਰਣੇ ਨੂੰ, ਚਾਦਰਾਂ ਦੀ ਝਾਕ ਲਾਹੇ ਮੱਛਰਾਂ ਦੇ ਮਾਸ ਨੂੰ।
ਗੁਰੂ ਦੀ ਸ਼ਰਨ ਤਯਾਗ ਸੁਖ ਜੇ ਨਿਭਾਗ ਚਾਹੇ, ਰੱਜ ਖਾਵੇ ਬਿਖ ਰਖੇ ਜੀਵਨ ਹੁਲਾਸ ਨੂੰ।

ਸੋ ਜੋ ਕੁੱਝ ਦਿਸ ਰਿਹਾ ਹੈ ਉਹ ਮਾਇਆ ਹੀ ਹੈ। ਮਾਇਆ ਦਾ ਸਿਧਾਂਤ ਭਾਰਤੀ ਅਧਿਆਤਮਕ ਖੇਤਰ ਵਿੱਚ ਪ੍ਰਮੁੱਖ ਵਿਸ਼ੇਸ਼ਤਾ ਰੱਖਦਾ ਹੈ, ਕਿਉਂਕਿ ਰਿਗ ਵੇਦਿਕ ਕਾਲ ਤੋਂ ਲੈ ਕੇ ਤੰਤਰ ਯੁਗ ਦੇ ਅੰਤ ਤੀਕ ਕਿਸੇ ਨਾ ਕਿਸੇ ਰੂਪ ਵਿੱਚ ਇਸ ਦੀ ਪ੍ਰਤਿਸ਼ਠਾ ਬਣੀ ਰਹੀ ਹੈ। ਸ਼ੰਕਰਾਚਾਰੀਆ ਤੋਂ ਪਹਿਲਾਂ ਵੀ ਇਹ ਸਿਧਾਂਤ ਲਗਭਗ ਉਸੇ ਤਰਾਂ ਹੀ ਪ੍ਰਚਲਤ ਸੀ, ਜਿਸ ਰੂਪ ਵਿੱਚ ਸ਼ੰਕਰ ਨੇ ਉਸ ਦੀ ਸਥਾਪਨਾ ਕੀਤੀ। ਫ਼ਰਕ ਸਿਰਫ ਇਤਨਾ ਹੀ ਸੀ ਕਿ ਸ਼ੰਕਰ ਤੋਂ ਪਹਿਲਾਂ ਇਸ ਦੀ ਮਾਨਤਾ ਕਿਸੇ ਸ਼ਾਸਤਰੀ ਸਿਧਾਂਤ ਦੇ ਰੂਪ ਵਿੱਚ ਨਹੀਂ ਸੀ ਹੋਈ। ਸ਼ਾਸਤਰੀ ਸਿਧਾਂਤ ਦੇ ਰੂਪ ਵਿੱਚ ਉਸ ਦਾ ਬੀਜਣ ਅਚਾਰੀਆ ਗੌੜ ਪਾਦ ਨੇ ਕੀਤਾ ਪਰ ਉਸ ਨੂੰ ਬੋਹੜ ਵਾਂਗ ਫੈਲਾਉਣ ਦਾ ਸਿਹਰਾ ਸ਼ੰਕਰਾਅਚਾਰੀਆ ਦੇ ਸਿਰ ਹੀ ਹੈ।

ਸ਼ੰਕਰ ਦੇ ਅਦ੍ਵੈਤ ਵਾਦ ਅਨੁਸਾਰ ਮਾਇਆ ਨਾ ਸਤਿ ਹੈ ਅਤੇ ਨਾ ਹੀ ਅਸਤਿ ਹੈ। ਇਹ ਤਾਂ ਅਨਿਰ ਵਚਨੀ ਹੈ। ਇਹ ਈਸ਼ਵਰ ਦੀ ਸ਼ਕਤੀ ਹੈ। ਇਸ ਤੋਂ ਸੰਸਾਰ ਦੀ ਸਾਜਨਾ ਹੁੰਦੀ ਹੈ। ਜਿਵੇਂ ਅਗਨੀ ਅਤੇ ਉਸ ਦੀ ਤਪਸ਼ ਅਭਿੰਨ ਹਨ। ਉਵੇਂ ਹੀ ਈਸ਼ਵਰ ਤੇ ਮਾਇਆ ਭੀ ਅਭਿੰਨ ਹਨ। ਮਾਇਆ ਜਦੋਂ ਬ੍ਰਹਮ ਦੇ ਯਥਾਰਥ ਰੂਪ ਉੱਪਰ ਪਰਦਾ ਪਾ ਲੈਂਦੀ ਹੈ ਤਾਂ ਉਹ ਸੰਸਾਰ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ।

ਮਾਇਆ ਦੇ ਦੋ ਰੂਪਾਂ (੧) ਮਾਇਆ (੨) ਅਵਿੱਦਿਆ ਨੂੰ ਹੀ ਸਵੀਕਾਰ ਕੀਤਾ ਹੈ। ਪਰ ਗੁਰਮਤਿ ਅਨੁਸਾਰ ਮਾਇਆ ਬ੍ਰਹਮ ਦੀ ਉਹ ਸ਼ਕਤੀ ਹੈ ਜਿਸ ਤੋਂ ਸ੍ਰਿਸ਼ਟੀ ਦੀ ਸਾਜਨਾ ਹੁੰਦੀ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵਜੀ ਵੀ ਇਸੇ ਤੋਂ ਉਤਪੰਨ ਹੁੰਦੇ ਹਨ। ਇਸੇ ਲਈ ਇਹ ਤ੍ਰੈਦੇਵ ਮਾਇਆ ਦੇ ਤ੍ਰੈਗੁਣ ਬੰਧਨਾਂ ਵਿੱਚ ਜਕੜੇ ਪਏ ਹਨ ਅਤੇ ਮੁਕਤੀ ਤੋਂ ਦੂਰ ਹਨ। ਇਹ ਉਪਰੋਕਤ ਤ੍ਰੈ ਦੇਵਤੇ ਹੀ ਨਹੀਂ, ਅਨੇਕਾਂ ਦੇਵੀ ਦੇਵਤੇ ਵੀ ਇਸ ਮਾਇਆ ਦੇ ਬੰਧਨ ਵਿੱਚ ਬੱਝੇ ਪਏ ਹਨ। ਸਿਰਫ ਗੁਰੂ ਕਾ ਸ਼ਬਦ ਹੀ ਮਾਇਆ ਤੋਂ ਛੁਟਕਾਰਾ ਦਿਵਾ ਸਕਦਾ ਹੈ।

ਪੰਚਮ ਪਾਤਿਸ਼ਾਹ ਜੀ ਦੇ ਕਥਨ ਅਨੁਸਾਰ ਸਾਧਾਰਨ ਜੀਵ ਮਾਇਆ ਦੇ ਵੱਸ ਪਿਆ ਹੈ ਅਤੇ ਏਕੰਕਾਰ ਨੂੰ ਵਿਸਾਰੀ ਬੈਠਾ ਹੈ। ਆਪਣੇ ਸਰੀਰ ਨੂੰ ਹੀ ਇਹ ਜੀਵਾਤਮਾ (ਧਨ) ਸੁਆਰਨ ਵਿੱਚ ਰੁੱਝੀ ਅਮੁਲੇ ਜੀਵਨ ਨੂੰ ਵਿਅਰਥ ਹੀ ਗੁਆ ਰਹੀ ਹੈ। ਪਰ ਇਹ ਮਾਇਆ ਦਾ ਪਸਾਰਾ ਬ੍ਰਹਮ ਦੁਆਰਾ ਹੀ ਹੈ। ਅਤੇ ਇਸ ਅੰਧ ਕੂਪ ਰੂਪੀ ਮਾਇਆ ਭਾਵ ਸੰਸਾਰ ਤੋਂ ਬਚਾਉਣ ਵਾਲਾ ਵੀ ਇਹ ਪ੍ਰਭੂ ਆਪ ਹੀ ਹੈ।

ਬ੍ਰਹਮ

ਬੇਨਤੀ ਕੀਤੀ ਮਹਾਰਾਜ ਬ੍ਰਹਮ ਕੀ ਹੈ? ਆਪ ਜੀ ਨੇ ਫੁਰਮਾਇਆ ਕਿ ਇਸ ਦੇ ਸਰੂਪ ਦਾ ਵਰਣਨ ਕਰਦਿਆਂ ਗੁਰੂ ਨਾਨਕ ਦੇਵ ਜੀ ਉਸ ਨੂੰ ਇੱਕ ਦੱਸਦੇ ਹਨ, ਉਹ ਅਮਰ ਹੈ, ਅਗੰਮ ਅਗੋਚਰ, ਜੂਨੀ ਰਹਿਤ ਤੇ ਅਰੂਪ ਹੈ, ਇੱਕੋ ਬ੍ਰਹਮ ਸੱਚਾ ਹੈ ਅਤੇ ਉਸ ਦਾ ਨਾਮ ਵੀ ਸੱਚਾ ਹੈ। ਉਹ ਬ੍ਰਹਮ ਬਾਰੀ ਸ੍ਰਿਸ਼ਟੀ ਦਾ ਕਰਤਾ ਅਤੇ ਬ੍ਰਹਮਾ ਵਿਸ਼ਨੂੰ ਤੇ ਸ਼ਿਵ ਦਾ ਵੀ ਰਚਨਹਾਰ ਹੈ।

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ *(ਵਾਰ-ਮਲਾਰ ਮਃ ੧ - ੧੨੭੯)*

ਸ਼ੰਕਰ ਜੀ ਦੇ ਕਥਨ ਅਨੁਸਾਰ ਬ੍ਰਹਮ ਨਿਰਵਿਸ਼ੇਸ਼, ਨਿਰਗੁਣ, ਨਿਰਵਿਕਾਰ, ਸੱਤ ਅਨੰਦ ਅਤੇ ਗਿਆਨ ਸਰੂਪ ਹੈ। ਇਸ ਨੂੰ ਪਾਰਬ੍ਰਹਮ ਕਿਹਾ ਗਿਆ ਹੈ। ਇਹ ਬ੍ਰਹਮ ਸੱਤ ਚਿੱਤ ਅਤੇ ਅਨੰਦ ਹੈ। ਪਰ ਜਦੋਂ ਇਹ ਮਾਇਆ ਦੇ ਲਗਾਓ ਕਾਰਣ ਸਰਗੁਣ ਭਾਵ ਨੂੰ ਧਾਰਨ ਕਰਦਾ ਹੈ, ਤਾਂ ਉਸ ਨੂੰ ਸਰਗੁਣ ਬ੍ਰਹਮ ਜਾਂ ਈਸ਼ਵਰ ਕਹਿੰਦੇ ਹਨ। ਉਹ ਸਰਬ ਸ਼ਕਤੀਮਾਨ ਹੈ। ਸ੍ਰਿਸ਼ਟੀ ਦਾ ਕਰਤਾ ਹੈ। ਉਸ ਦਾ ਪਾਲਕ ਅਤੇ ਸੰਘਾਰਕ ਵੀ ਹੈ।

ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਵਿੱਚ ਬ੍ਰਹਮ ਨੂੰ ਸ਼ੰਕਰ ਦੇ ਅਦਵੈਤ ਵਾਦ ਵਾਂਗ ਨਿਰਗੁਣ ਨਿਰਵਿਕਲਪ ਨਾ ਮੰਨ ਕੇ ਸਰਗੁਣ ਮੰਨਿਆ ਹੈ। ਉਪਨਿਸ਼ਦਾਂ ਵਿਚਲੇ ਨਿਰਗੁਣ ਬ੍ਰਹਮ ਦੇ ਵਿਵੇਚਨ ਸਬੰਧੀ ਰਾਮਾਨੁਜ ਅਨੁਸਾਰ ਨਿਰਗੁਣ ਬ੍ਰਹਮ ਤੋਂ ਭਾਵ ਇਹ ਹੈ ਕਿ ਉਹ ਅਲਪਗ ਜੀਵਾਂ ਦੇ ਹਰਖ ਸੋਗ ਆਦਿ ਗੁਣਾਂ ਤੋਂ ਬੇਲਾਗ ਹੈ।

ਰਾਮਾਨੁਜ ਬ੍ਰਹਮ ਨੂੰ 'ਕਾਰਣ ਬ੍ਰਹਮ' ਅਤੇ 'ਕਰਮ-ਬ੍ਰਹਮ' ਮੰਨਦਾ ਹੈ। ਸ੍ਰਿਸਟੀ ਸਾਜਨਾ ਵੇਲੇ ਜਦੋਂ ਬ੍ਰਹਮ ਜੀਵਾਂ ਅਤੇ ਭੌਤਿਕ ਵਸਤੂਆਂ ਵਿੱਚ ਪ੍ਰਗਟ ਹੁੰਦਾ ਹੈ, ਤਾਂ ਉਸ ਨੂੰ 'ਕਰਮ-ਬ੍ਰਹਮ' ਕਿਹਾ ਜਾਂਦਾ ਹੈ। ਪ੍ਰਲੈਕਾਲ ਵਿੱਚ ਵਸਤੂਆਂ ਦੀ ਅਣਹੋਂਦ ਕਾਰਨ ਜਨ ਬ੍ਰਹਮ ਸ਼ੁੱਧ ਚਿੱਤ (ਅਸਰੀਰੀ ਜੀ) ਅਤੇ ਵਿਅਕਤ ਅਚਿੱਤ (ਨਿਰਵਿਸ਼ਅਕ ਪ੍ਰਕ੍ਰਿਤੀ) ਨਾਲ ਸੰਯੁਕਤ ਰਹਿੰਦਾ ਹੈ, ਤਦੋਂ ਉਸ ਨੂੰ 'ਕਾਰਨ ਬ੍ਰਹਮ' ਕਹਿੰਦੇ ਹਨ।

ਰਾਮਾਨੁੱਜ ਬ੍ਰਹਮ ਦੇ ਪੰਜ ਸਰੂਪ ਕਥਨ ਕਰਦਾ ਹੈ।

੧) ਇੱਕ ਨੂੰ ਉਹ ਪਾਰਬ੍ਰਹਮ ਦਾ ਨਾਮ ਦਿੰਦਾ ਹੈ। ਜਿਸ ਦਾ ਨਿਵਾਸ ਅਸਥਾਨ ਬੈਕੁੰਠ ਹੈ ਅਤੇ ਜਿਹੜਾ ਅਨੇਕਾਂ ਦੈਵੀ ਵਸਤੂਆਂ ਨਾਲ ਸ਼ਸ਼ੋਭਿਤ ਹੈ। ਇਸੇ ਰੂਪ ਨੂੰ ਨਾਰਾਇਣ ਜਾਂ ਵਾਸਦੇਵ ਵੀ ਕਿਹਾ ਜਾਂਦਾ ਹੈ।

੨) ਦੂਸਰਾ ਬ੍ਰਹਮ ਦਾ ਨਾਂ 'ਵਯੂਹ' ਦਿੱਤਾ ਗਿਆ ਹੈ ਭਾਵ ਬ੍ਰਹਮ ਨੇ ਚਾਰ ਰੂਪ ਧਾਰਨ ਕੀਤੇ ਹੋਏ ਹਨ (ਓ) ਵਾਸਦੇਵ, (ਅ) ਸ਼ੰਕਰਸ਼ਣ, (ਏ) ਪ੍ਰਦੁਮਨ, (ਸ) ਅਨਿਰੁੱਧ ਗਿਆਨ ਅਤੇ ਬਲ ਦਾ ਪ੍ਰਗਟਾਉ 'ਸ਼ੰਕਰਸ਼ਣ' ਰੂਪ ਹੈ। ਐਸ਼ਵਰਜ ਅਤੇ ਬੀਰਤਾ ਦਾ ਪ੍ਰਗਟਾਉ 'ਪ੍ਰਦੁਮਨ' ਰੂਪ ਹੈ। ਸ਼ਕਤੀ ਅਤੇ ਤੇਜ ਦਾ ਪ੍ਰਗਟਾਉ 'ਅਨਿਰੁੱਧ' ਰੂਪ ਹੈ ਅਤੇ ਗਿਆਨ, ਬਲ, ਐਸ਼ਵਰਜ, ਬੀਰਤਾ, ਸ਼ਕਤੀ ਅਤੇ ਤੇਜ਼ ਇਨ੍ਹਾਂ ਛੇਆਂ ਗੁਣਾਂ ਦਾ ਪ੍ਰਗਟਾਉ 'ਵਾਸਦੇਵ' ਰੂਪ ਹੈ।

੩) ਬ੍ਰਹਮ ਦਾ ਤੀਜਾ ਸਰੂਪ 'ਵਿਭਵ' ਹੈ। ਇਸ ਸਰੂਪ ਰਾਹੀਂ ਉਹ ਅਨੇਕਾਂ ਸਰੂਪਾਂ ਵਿੱਚ ਅਵਤਾਰ ਧਾਰਦਾ ਹੈ। ਬ੍ਰਹਮ ਦੇ ਅਵਤਾਰੀ ਸਰੂਪ ਦੇ ਵੀ ਦੋ ਭੇਦ ਮੰਨੇ ਗਏ ਹਨ। (ਓ) ਮੁੱਖ ਅਵਤਾਰੀ ਸਰੂਪ ਭਾਵ ਜਦੋਂ ਆਮ ਬ੍ਰਹਮ ਹੀ ਅਵਤਾਰ ਧਾਰੇ। (ਅ) ਗੌਣ ਅਵਤਾਰੀ ਸਰੂਪ ਭਾਵ ਵਿਅਕਤੀਗਤ ਆਤਮਾ ਜਦੋਂ ਆਵੇਸ ਵਿੱਚ ਆਉਂਦੀ ਹੈ, ਉਦੋਂ ਗੌਣ ਅਵਤਾਰੀ ਸਰੂਪ ਹੁੰਦਾ ਹੈ

੪) ਚੌਥਾ ਸਰੂਪ ਅੰਤਰਯਾਮੀ ਦਾ ਹੈ, ਜਿਸ ਅਨੁਸਾਰ ਬ੍ਰਹਮ ਮਨੁੱਖਾਂ ਦੇ ਦਿਲ ਵਿੱਚ ਵਿਦਮਾਨ ਯੋਗੀਆਂ ਨੂੰ ਦਰਸ਼ਨ ਦਿੰਦਾ ਅਤੇ ਆਤਮਾਵਾਂ ਜਾ ਸਖਾ ਬਣਦਾ ਹੈ।

੫) ਪੰਜਵਾਂ ਸਰੂਪ ਅਰਚਾ ਦਾ ਹੈ। ਇਸ ਸਰੂਪ ਦੇ ਅੰਤਰਗਤ ਉਪਾਸ਼ਕਾਂ ਨੇ ਉਸ ਦੀਆਂ ਅਨੇਕ ਮੂਰਤੀਆਂ ਦੀ ਕਲਪਨਾ ਕੀਤੀ ਹੈ। ਮੰਦਰਾਂ ਅਤੇ ਘਰਾਂ ਵਿੱਚ ਇਨ੍ਹਾਂ ਦੀ ਸਥਾਪਨਾ ਕੀਤੀ ਜਾਂਦੀ ਹੈ। ਸਮਝਿਆ ਇਹ ਜਾਂਦਾ ਹੈ ਕਿ ਇਨ੍ਹਾਂ ਮੂਰਤੀਆਂ ਵਿੱਚ ਪਾਰਬ੍ਰਹਮ ਸੂਖਮ ਸਰੀਰ ਦੇ ਰੂਪ ਬਿਰਾਜਮਾਨ ਹੁੰਦਾ ਹੈ। ਇਨ੍ਹਾਂ ਪੰਜਾਂ ਰੂਪਾਂ ਨੂੰ ਧਾਰਨ ਕਰਨ ਦਾ ਕਾਰਨ ਵਿਸ਼ਿਸਟਾਦਵੈਤ ਅਨੁਸਾਰ ਭਗਵਾਨ ਦੀ ਕਰੁਣਾ ਅਤੇ ਭਗਤ ਵਤਸਲਤਾ ਹੈ।

ਇਸੇ ਤਰ੍ਹਾਂ ਹੋਰ ਕਈ ਭਾਰਤੀ ਅਚਾਰੀਆਂ ਨੇ ਬ੍ਰਹਮ ਦਾ ਸਰੂਪ ਨਿਰਧਾਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਗੁਰੂ ਸਾਹਿਬ ਜੀ ਦੇ ਕਥਨ ਅਨੁਸਾਰ ਬ੍ਰਹਮ ਦਾ ਸਭ ਤੋਂ ਮੁੱਢਲਾ ਨਾਮ 'ਸਤਿਨਾਮ' ਹੈ। ਪਰ ਜਦੋਂ ਬ੍ਰਹਮ ਨੇ ਸਰਗੁਣ ਰੂਪ ਧਾਰਨ ਕੀਤਾ ਤਾਂ ਉਸ ਦੇ ਕਈ ਨਾਮ ਪੈ ਗਏ। ਪਰ ਇਹ ਨਾਮ ਕਿ 'ਤੂੰ ਸਦਾ ਹੈ' ਤੇਰਾ ਮੁੱਢਲਾ ਨਾਮ ਹੈ, ਜੋ ਹਰ ਸਮੇਂ ਰਹਿੰਦਾ ਹੇ। ਗੁਰਮਤ ਅਨੁਸਾਰ ਬ੍ਰਹਮ ਨਿਰਗੁਣ ਵੀ ਹੈ ਸਰਗੁਣ ਵੀ ਆਪ ਹੈ। ਭਾਵ ਕਾਰਣ ਰੂਪ ਅਤੇ ਕਰਮ ਰੂਪ ਇਹ ਬ੍ਰਹਮ ਆਪ ਹੀ ਹੈ। ਪਰ ਇਹ ਆਪ ਅਵਤਾਰ ਅਤੇ ਅਵਤਾਰੀ ਰੂਪ ਵਿੱਚ ਸਰਗੁਣ ਨਹੀਂ ਹੈ। ਸਤਿਗੁਰਾਂ ਦੇ ਮਹਾਂਵਾਕ ਅਨੁਸਾਰ ਤਾਂ ਬ੍ਰਹਮ ਨਿਰਗੁਣ ਵੀ ਆਪ, ਸਰਗੁਣ ਵੀ ਆਪ ਹੈ।

ਯਥਾ: *ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥*

(ਗਉੜੀ ਸੁਖਮਨੀ ਮਃ ੫ - ੨੮੭)

ਤਥਾ: *ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥* (ਗਉੜੀ ਸੁਖਮਨੀ ਮਃ ੫ - ੨੯੦)

ਤਥਾ: *ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥* (ਗਉੜੀ ਮਃ ੫ - ੨੫੦)

ਤਥਾ: *ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥* (ਰਾਮਕਲੀ ਮਃ ੧ - ੯੪੦)

ਪਰ ਗੁਰਬਾਣੀ ਦੀ ਅੰਤ੍ਰੀਵ ਧੁਨ ਨਿਰਗੁਣ ਸਰੂਪ ਤੇ ਹੀ ਵਧੇਰੇ ਜ਼ੋਰ ਦਿੰਦੀ ਹੈ। 'ਛੰਦੋਗਯ ਉਪਨਿਸ਼ਦ' ਵਿੱਚ ਵੀ ਇਹੋ ਜਿਹਾ ਵਿਚਾਰ ਮਿਲਦਾ ਹੈ। ਆਦਿ ਵਿੱਚ, ਹੇ ਪਿਆਰੇ ਸਿਰਫ ਬ੍ਰਹਮ ਸੀ। ਸਿਰਫ ਇੱਕ ਬ੍ਰਹਮ ਹੋਰ ਦੂਸਰਾ ਕੋਈ ਨਹੀਂ ਹੈ।

ਬੜੀ ਨਾਯਾਬਿ[1] ਸ਼ੈ ਹੈ ਯਹ ਦਿਲੇ ਬੇਤਾਬ[2] ਸੀਨੇ ਮੇ।
ਹਜ਼ਾਰੋਂ ਕੀਮਤੀ ਲਾਲੋਂ ਗੌਹਰ ਹੈ ਇਸ ਦਫੀਨੇ[3] ਮੇ।

ਇਵੇਂ ਕਈ ਧਰਮਾਂ ਨੇ ਇੱਕ ਰੱਬ ਮੰਨਿਆ ਹੈ। ਇੱਕ ਰੱਬ ਨੂੰ ਸਿਰਫ ਬੁੱਧੀ ਦੇ ਅਧਾਰ ਉੱਤੇ ਮੰਨਣ ਨਾਲ ਪਾਂਧੀ ਨੂੰ ਨਾ ਰੱਬ ਦਾ ਗਿਆਨ ਹੁੰਦਾ ਹੈ ਤੇ ਨਾ ਉਹ ਰੱਬ ਨੂੰ ਕੁਦਰਤ ਜਾਂ ਸਮਾਜ ਵਿੱਚ ਵਿਆਪਕ ਅਨੁਭਵ ਕਰ ਸਕਦਾ ਹੈ। ਦਲੀਲਾਂ ਬਹਿਸ ਤੋਂ ਉਪਜੇ ਵਿਚਾਰ ਖ਼ਿਆਲ ਉਡਾਰੀਆਂ ਤੋਂ ਕੁੱਝ ਸਿੱਟੇ ਤਾਂ ਕੱਢੇ ਜਾ ਸਕਦੇ ਹਨ। ਉਨ੍ਹਾਂ ਸਿੱਟਿਆਂ ਵਿੱਚ ਅੰਤ੍ਰੀਵ ਦ੍ਰਿੜ੍ਹਤਾ ਤੇ ਅਨੁਭਵੀ ਵਿਸ਼ਵਾਸ ਨਹੀਂ ਆ ਸਕਦਾ। ਇੱਕ ਬ੍ਰਹਮ ਵਿੱਚ ਸੱਚਾ ਤੇ ਅਟੱਲ ਵਿਸ਼ਵਾਸ ਤਦੇ ਹੋ ਸਕਦਾ ਹੈ, ਜੇਕਰ ਉਸ ਦੀ ਸਰਬ ਵਿਆਪਕ ਜੋਤਿ ਨੂੰ ਆਪਣੇ ਅੰਦਰ ਤੇ ਬਾਹਰ ਸਭਨਾਂ ਵਿੱਚ ਸਾਖਿਆਤ ਪ੍ਰਤੀਤ ਕੀਤਾ ਜਾਏ।

ਜਗਤ ਰਚਨਾ ਕਰਨ ਤੋਂ ਬਾਅਦ ਵੀ ਬ੍ਰਹਮ ਦਾ ਨਿਰਗੁਣ ਸਰੂਪ ਖ਼ਤਮ ਨਹੀਂ ਹੋ ਜਾਂਦਾ, ਸਗੋਂ ਉਸੇ ਤਰ੍ਹਾਂ ਹੀ ਕਾਇਮ ਰਹਿੰਦਾ ਹੈ। ਇਹ ਦੋਵੇਂ ਸਰੂਪ ਇੱਕੋ ਸਮੇਂ ਹੀ ਸਾਖਾਂ, ਅਸਥੂਲ, ਸੂਖਮ, ਜੰਤੂ, ਸਿੱਧ, ਸਾਧਿਕ, ਗੁਪਤ ਹਸਤੀਆਂ, ਪ੍ਰਗਟ ਹਸਤੀਆਂ, ਨਰ, ਨਾਰੀ, ਚਾਰੇ ਆਸ਼ਰਮ (ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ), ਗੁਣੀ, ਚਤੁਰ, ਸਿਆਣੇ ਪੁਰਸ਼, ਰੈਣ, ਦਿਨ, ਪਲ, ਨਿਮਖ, ਘੜੀ, ਮਹੂਰਤ, ਕਾਲ, (ਸੁਚ ਸੋਚ, ਸ਼ਗਨ ਸੰਯੋਗ ਦੱਸਣ ਵਾਲੇ) ਸ਼ਾਸਤਰ ਆਦਿ ਅਨੇਕਾਂ ਹੀ ਇਸ ਇੱਕ ਸਤਿ ਬ੍ਰਹਮ ਨੂੰ ਸਿਮਰ ਰਹੇ ਹਨ।

ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥

(ਮਾਰੂ ਮਃ ੫ - ੧੦੭੬)

ਅਤੇ ਸਭ ਕਿਸੇ ਦਾ ਕਰਨ ਤੇ ਕਰਾਣ ਵਾਲਾ ਇੱਕ ਬ੍ਰਹਮ ਹੀ ਹੈ। ਆਦਿ, ਮਧਿ, ਅੰਤ ਸਭ ਥਾਂ ਬ੍ਰਹਮ ਦਾ ਹੀ ਪਸਾਰਾ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਹੀ ਸਰੂਪ ਹੈ। ਉਸ ਤੋਂ ਬਗ਼ੈਰ ਨਾ ਸੀ, ਨਾ ਹੈ, ਨਾ ਹੋਵੇਗਾ। ਕੇਵਲੋ ਕੇਵਲੀ ਇੱਕੋ ਬ੍ਰਹਮ ਹੀ ਬ੍ਰਹਮ ਹੈ। ਇਹ ਪਵਿੱਤਰ ਉਪਦੇਸ਼ ਸੁਣ ਕੇ ਗਿਆਨੀ ਉਜਾਗਰ ਸਿੰਘ ਲੇਖਕ ਅਤੇ ਹੋਰ ਪ੍ਰੇਮੀ ਅਤਿਅੰਤ ਕਿਰਤਾਰਥ ਅਤੇ ਬੇਅੰਤ ਸੋਝੀਵਾਨ ਹੋਏ ਅਤੇ ਮਹਾਂਪੁਰਸ਼ਾਂ ਨੂੰ ਧੰਨ ਧੰਨ ਕਹਿਣ ਲੱਗੇ।

---

[1] ਨਾ ਮਿਲਣੇ ਵਾਲੀ
[2] ਚੰਚਲ, ਕਾਹਲਾ
[3] ਖ਼ਜ਼ਾਨਾ ਧਰਤੀ ਵਿੱਚ ਦੱਬਿਆ

ਕਾਂਡ ੨੯

ਗਿਆਨ ਜੋਗੀ ਦਾ ਬਦੇਸ਼ਾਂ ਵਿੱਚ ਰੂਹਾਨੀ ਸੰਦੇਸ਼

ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ ਅਨਿਨ ਸੇਵਕ ਸ. ਮੋਹਨ ਸਿੰਘ ਜੀ ਕੋਕਾ ਕੋਲਾ ਦਿੱਲੀ ਵਾਲੇ ਅੰਤਮ ਸ੍ਵਾਸਾਂ ਤੱਕ ਆਪਣੇ ਪ੍ਰੀਤਮ ਦੇ ਚਰਨਾਂ ਵਿੱਚ ਇੱਕ ਰਸ ਪ੍ਰੀਤੀ ਨਿਭਾ ਗਏ।

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥ (ਮਾਰੂ ਮਃ ੫ - ੧੦੦੦)

ਦੇ ਮਹਾਂਵਾਕ ਨੂੰ ਸਫ਼ਲਿਆਂ ਕਰ ਗੁਰਪੁਰੀ ਜਾ ਬਿਰਾਜੇ। ਉਸ ਪੂਰਨ ਗੁਰਸਿੱਖ, ਆਦਰਸ਼ਕ ਗ੍ਰਿਹਸਤੀ, ਕਰਮ ਜੋਗੀ ਦਾ ਪ੍ਰਵਾਰ ਵੀ ਦਾਤੇ ਦੇ ਚਰਨਾਂ ਵਿੱਚ ਉਸੇ ਤਰ੍ਹਾਂ ਸ਼ਰਧਾ ਤੇ ਵਿਸ਼ਵਾਸ ਰੱਖ ਕੇ ਸੇਵਾ ਕਰਦਾ ਹੈ।

ਸ. ਮੋਹਨ ਸਿੰਘ ਤੇ ਬੀਬੀ ਲਾਜ ਕੌਰ ਦੀ ਬੇਨਤੀ ਕੀਤਿਆਂ ਹਜ਼ੂਰ ਦੇ ਬਚਨਾਂ ਨਾਲ ਛੋਟੇ ਕਾਕੇ ਸ. ਚਰਨਜੀਤ ਸਿੰਘ ਜੀ ਦਾ ਜਨਮ ਹੋਇਆ, ਜੋ ਆਪਣੇ ਵੱਡੇ ਭਰਾ ਸ. ਦਲਜੀਤ ਸਿੰਘ ਜੀ ਤੇ ਹੋਰ ਪ੍ਰਵਾਰ ਵਾਂਗ ਸਤ ਬਚਨ ਦਾ ਅਧਿਕਾਰੀ ਤੇ ਸੰਤ ਜੀ ਮਹਾਰਾਜ ਦਾ ਅਨਿਨ ਸੇਵਕ ਹੈ। ਇਨ੍ਹਾਂ ਦਾ ਆਪਣੇ ਕਾਰੋਬਾਰ ਵਾਸਤੇ ਇੰਗਲੈਂਡ ਬਹੁਤਾ ਆਉਣ ਜਾਣ ਦੇ ਕਾਰਨ ਵੱਡੇ ਵੱਡੇ ਸਿੱਖ, ਸਰਦਾਰ, ਅੰਗਰੇਜ਼ ਅਫ਼ਸਰ ਅਤੇ ਹੋਰ ਦੁਨਿਆਵੀ ਲੋਕ ਇਸ ਨਾਲ ਦੋਸਤੀ ਰੱਖਣਾ ਬੜਾ ਮਾਣ ਤੇ ਫ਼ਖਰ ਸਮਝਦੇ ਸਨ। ਕਈ ਨਿੱਜੀ ਸੱਜਣਾਂ ਨਾਲ ਰੂਹਾਨੀ ਵਿਚਾਰਾਂ ਚੱਲੀਆਂ ਤਾਂ ਉਨ੍ਹਾਂ ਨੇ ਆਪਣੇ ਮਨ ਦੀ ਅਵਸਥਾ ਵਰਣਨ ਕੀਤੀ ਕਿ ਸਰਦਾਰ ਜੀ! ਹੋਰ ਤਾਂ ਏਥੇ ਸਾਰੇ ਸੁੱਖ ਮੌਜੂਦ ਹਨ, ਮਾਇਆ ਦਾ ਕੋਈ ਘਾਟਾ ਨਹੀਂ, ਪਾਸ ਸੁੰਦਰ ਕੋਠੀਆਂ ਤੇ ਕਾਰਾਂ ਆਪਣੀਆਂ ਹਨ ਪਰ ਜੋ ਜੀਵਨ ਦਾ ਅਸਲੀ ਲਕਸ਼ ਹੈ, ਮਨ ਦੀ ਸ਼ਾਂਤੀ ਉਹ ਕਿਤੋਂ ਨਹੀਂ ਮਿਲਦੀ। ਧਾਰਮਿਕ ਅਸਥਾਨਾਂ ਵਿੱਚ ਵੀ ਗਏ। ਉਨ੍ਹਾਂ ਦੇ ਪ੍ਰਬੰਧ ਕਰਨ ਵਾਲੇ ਸੱਜਣਾਂ ਤੇ ਸੇਵਾਦਾਰਾਂ ਵੱਲ ਦੇਖ ਕੇ ਸੋਚਦੇ ਹਾਂ ਕਿ ਅਸੀਂ ਤਾਂ ਫੇਰ ਵੀ ਬਹੁਤ ਚੰਗੇ ਹਾਂ ਜੋ ਚੰਗਾ ਅਥਵਾ ਮਾੜਾ ਕਰਮ ਕਰਦੇ ਹਾਂ ਉਹ ਪ੍ਰਗਟ ਤੇ ਆਮ ਲੋਕਾਂ ਵਿੱਚ ਤਾਂ ਪ੍ਰਤੱਖ ਦਿਸਦਾ ਹੈ। ਪਰ ਇਹ ਧਰਮ ਦਾ ਬੁਰਕਾ ਪਹਿਨ ਕੇ ਕਿਤਨੇ ਪਾਪ ਕਮਾਉਂਦੇ ਹਨ। ਇਨ੍ਹਾਂ ਦਾ ਕੀ ਹਾਲ ਹੈ? ਅਤੇ ਜੇਕਰ ਏਥੇ ਕੋਈ ਕਥਾ ਵਾਚਕ ਰਾਗੀ, ਢਾਡੀ ਜਾਂ ਸੰਤ ਲਿਬਾਸ ਵਿੱਚ ਪ੍ਰਚਾਰਕ ਆਉਂਦਾ ਹੈ ਤਾਂ ਉਸ ਦਾ ਨਿਸ਼ਾਨਾ ਕੇਵਲ ਮਾਇਆ ਹੁੰਦੀ ਹੈ। ਉਹ ਖੁਦ ਹੀ ਮਾਇਆ ਤੋਂ ਉੱਚੇ ਨਹੀਂ ਉੱਠੇ। ਉਨ੍ਹਾਂ ਤੋਂ ਸਾਨੂੰ ਕਿਵੇਂ ਸ਼ਾਂਤੀ ਤੇ ਸ਼ਰਧਾ ਆ ਸਕੇ।

ਸਰਦਾਰ ਜੀ ਕਹਿਣ ਲੱਗੇ, "ਤੁਹਾਡਾ ਕਹਿਣਾ ਵੀ ਠੀਕ ਹੈ ਪਰ ਤਿਆਗੀ ਮਹਾਂਪੁਰਸ਼ ਤਾਂ ਵਿਰਲੇ ਹੀ ਹੁੰਦੇ ਹਨ ਅਤੇ ਉਹ ਪ੍ਰਮੇਸ਼ਰ ਵੱਲੋਂ ਹਰ ਸਮੇਂ ਦੁਨੀਆਂ ਦੇ ਭਲੇ ਵਾਸਤੇ ਕਿਸੇ ਨਾ ਕਿਸੇ ਰੂਪ ਵਿੱਚ ਭੇਜੇ ਜਾਂਦੇ ਹਨ। ਸਾਡੇ ਸਤਪੁਰਸ਼ ਐਸ ਸਮੇਂ ਦੇ ਨਿੱਤ ਅਵਤਾਰ ਹਨ। ਉਨ੍ਹਾਂ ਦੇ ਤਿਆਗ ਵੱਲ ਤੱਕਿਆਂ ਵਿਦੇਹੀ ਜਨਮ ਭੁੱਲ ਜਾਂਦਾ ਹੈ। ਵੈਰਾਗ ਵਿੱਚ ਚਣਕ ਰਿਖੀ ਵੀ ਪਿੱਛੇ ਰਹਿ ਜਾਂਦਾ ਹੈ। ਤਤਖਿਆ ਦੇਖ ਕੇ 'ਮੰਕਣ' ਰਿਖੀ ਦੀ ਹੋਸ਼ ਗੁੰਮ ਹੋ ਜਾਂਦੀ ਹੈ (ਜਿਸ ਨੇ ਆਪਣੀ ਉਂਗਲੀ ਨੂੰ ਚੀਰਾ ਆਇ ਤੋਂ ਹਰਾ ਪਾਣੀ ਨਿਕਲਿਆ ਦੇਖ ਖ਼ੁਸ਼ੀ ਵਿੱਚ ਨਾਚ ਕਰਨਾ ਸ਼ੁਰੂ ਕਰ ਦਿੱਤਾ ਜਿਸ ਦਾ ਮਾਣ ਸ਼ਿਵ ਜੀ ਨੇ ਤੋੜਿਆ ਸੀ) ਰਸਨਾ ਤੋਂ ਡੁੱਲ੍ਹ ਡੁੱਲ੍ਹ ਪੈਂਦਾ ਅੰਮ੍ਰਿਤ, ਮਿਠਾਸ ਭਰੇ ਬਚਨ, ਵਾਜੇ ਦੀਆਂ ਸੁਰਾਂ ਸੁਣ ਕੇ ਜਾਂ ਜ਼ਹਿਰੀਲੇ ਸਰਪ ਵੀ ਮਸਤੀ ਵਿੱਚ ਆ ਕੇ ਨਿਰਤਕਾਰੀ ਕਰਨ ਲੱਗ ਪੈਂਦੇ ਹਨ। ਉਨ੍ਹਾਂ ਦੇ ਦਰਸ਼ਨਾਂ ਨਾਲ ਤਾਂ ਸੁਲੇਮਾਨ ਵਰਗੇ ਪ੍ਰੇਤ ਤਰ ਗਏ। ਇਉਂ ਇਨ੍ਹਾਂ ਨੇ ਦਾਤੇ ਦੀ ਸਿਫ਼ਤ ਵਿੱਚ ਹੋਰ ਵੀ ਬਹੁਤ ਸਾਰੇ ਬਚਨ ਕਹੇ, ਜਿਨ੍ਹਾਂ ਨੂੰ ਸੁਣ ਕੇ ਉੱਥੋਂ ਦੇ ਰਹਿਣ ਵਾਲੇ ਪ੍ਰੇਮੀਆਂ ਦੀ ਪੂਰਨ ਸ਼ਰਧਾ ਹੋ ਆਈ। ਦਰਸ਼ਨਾਂ ਵਾਸਤੇ ਮਨ ਕਾਹਲੇ ਪੈ ਗਏ। ਹੋਰ ਵੀ ਏਸ ਇਲਾਕੇ 'ਚੋਂ ਗਏ ਸੱਜਣ ਆਪੋ ਆਪਣੀਆਂ ਬੇਨਤੀਆਂ ਲਿਖ ਕੇ ਭੇਜਦੇ ਸਨ। ਕਈ ਅਫਰੀਕਾ 'ਚੋਂ ਆਏ ਪ੍ਰੇਮੀ ਦਰਸ਼ਨਾਂ ਲਈ ਯਾਦ ਕਰ ਰਹੇ ਸਨ। ਕਿਉਂਕਿ ਓਸ ਸਮੇਂ ਦਾ ਅਨੰਦ ਅਜੇ ਤੱਕ ਉਨ੍ਹਾਂ ਨੂੰ ਭੁੱਲਿਆ ਨਹੀਂ ਸੀ। ਜੇਹਾ ਕਿ ਸ. ਪ੍ਰੀਤਮ ਸਿੰਘ ਭੰਗੂ ਪਿੰਡ ਇਆਲੀ, ਸ. ਸੁਦਾਗਰ ਸਿੰਘ ਪਿੰਡ ਰੂਮੀ, ਸ. ਪ੍ਰੀਤਮ ਸਿੰਘ ਝੱਮਟ, ਸ. ਜਗਦੇਵ ਸਿੰਘ, ਸ. ਪਰਮਜੀਤ ਸਿੰਘ ਪਿੰਡ ਕਿਲ੍ਹਾ ਰਾਇਪੁਰ, ਸ. ਦਲੀਪ ਸਿੰਘ ਕਲਸੀ ਅਤੇ ਸ. ਈਸ਼ਰ ਸਿੰਘ ਕਲਸੀ ਪਿੰਡ ਰਾਮਪੁਰ, ਸ. ਭਾਨ ਸਿੰਘ ਦੇ ਲੜਕੇ ਸ. ਸ਼ੇਰ ਸਿੰਘ ਤੇ ਸ. ਜਗਦੇਵ ਸਿੰਘ ਪਿੰਡ ਝੱਮਟ, ਸ. ਮਲਕੀਤ ਸਿੰਘ ਪਿੰਡ ਫਿਲੌਰ (ਦੁਆਬਾ), ਸ. ਦਲੀਪ ਸਿੰਘ ਸਮਰਾ (ਦੁਆਬਾ), ਸ. ਨਰਿੰਦਰ ਸਿੰਘ ਪਿੰਡ ਬੁਟਾਹਰੀ, ਸ. ਅਵਤਾਰ ਸਿੰਘ ਪਿੰਡ ਪੌਹੀੜ, ਸ. ਬਲਵੰਤ ਸਿੰਘ ਭੁੱਟਾ, ਇਤਿਆਦਿਕ ਹੋਰ ਵੀ ਬਹੁਤ ਸਾਰੇ ਇੰਗਲੈਂਡ ਵਾਸੀ ਸੱਜਣਾਂ ਨੇ ਸ. ਚਰਨਜੀਤ ਸਿੰਘ ਜੀ ਨੂੰ ਪ੍ਰੇਰਿਆ ਕਿ ਇੱਕ ਵਾਰੀ ਸਾਨੂੰ ਪ੍ਰੀਤਮ ਦਾ ਫੇਰ ਦਰਸ਼ਨ ਕਰਵਾਉ। ਇਹ ਪਰਉਪਕਾਰ ਦਾ ਸੇਹਰਾ ਰਹਿੰਦੀ ਦੁਨੀਆਂ ਤੱਕ ਤੁਹਾਡੇ ਸੀਸ ਤੇ ਅਟੱਲ ਰਹੇਗਾ। ਪ੍ਰੇਮੀ ਸੱਜਣਾਂ ਦੀ ਇੱਛਾ ਪੂਰਤੀ ਲਈ ਚਰਨਜੀਤ ਸਿੰਘ ਜੀ ਨੇ ਆ ਕੇ ਦਾਤੇ ਦੇ ਚਰਨਾਂ ਵਿੱਚ ਅਰਜ਼

ਕੀਤੀ। ਆਪ ਜੀ ਨੇ ਬਚਨ ਕੀਤਾ, "ਬਈ! ਸਰੀਰ ਰੂਪੀ ਗੱਡੀ ਪੁਰਾਣੀ ਹੋ ਗਈ । ਇਸ ਤੋਂ ਬੜਾ ਕੰਮ ਲਿਆ ਹੈ ਹੁਣ ਬਹੁਤੀ ਖੇਚਲ ਨਹੀਂ ਬਰਦਾਸ਼ਤ ਹੋ ਸਕਦੀ। ਇੱਕੋ ਜਗ੍ਹਾ ਟਿਕ ਕੇ ਜੀਵਨ ਮੁਕਤੀ ਦਾ ਵਧੇਰੇ ਅਨੰਦ ਪ੍ਰਾਪਤ ਹੁੰਦਾ ਹੈ।" ਪਰ ਫੇਰ ਵੀ ਇਨ੍ਹਾਂ ਨੇ ਆਪਣੀ ਮੰਗ ਜਾਰੀ ਹੀ ਰੱਖੀ। ਜਿਵੇਂ ਭੁੱਖਾ ਪੁਰਸ਼ ਰੋਟੀ ਤੇ ਪਿਆਸਾ ਪਾਣੀ ਹੀ ਪਾਣੀ ਕਰਦਾ ਰਹਿੰਦਾ ਹੈ।

ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥ (ਭੈਰਉ ਭਗਤ ਨਾਮਦੇਵ ਜੀ - ੧੧੬੪)

ਇਉਂ ਇਨ੍ਹਾਂ ਦੀਆਂ ਕਈ ਸਾਲਾਂ ਦੀਆਂ ਬੇਨਤੀਆਂ ਇੰਗਲੈਂਡ ਵਾਸੀ ਸੰਗਤ ਦੀਆਂ ਚਿੱਠੀਆਂ ਤੇ ਉੱਥੋਂ ਦੇ ਰਹਿਣ ਵਾਲੇ ਪੁੰਨੀ ਪੁਰਸ਼ਾਂ ਦੀ ਪ੍ਰਾਰਬਧ ਲੈ ਅਫੁਰ ਮਨ ਵਿੱਚ ਸੂਖਮ ਫੁਰਨਾ ਪੈਦਾ ਕਰ ਦਿੱਤਾ ਕਿ ਹੱਛਾ! ਜਿਵੇਂ ਮਾਲਕ ਨੂੰ ਭਾਵੇ। ਬਸ! ਆਪ ਵੱਲੋਂ ਤਾਂ ਕੇਵਲ ਇਤਨਾ ਹੀ ਉੱਤਰ ਸੀ ਪਰ ਪ੍ਰੇਮੀ ਹਿਰਦੇ ਵਾਲੇ ਸ. ਚਰਨਜੀਤ ਸਿੰਘ ਨੇ ਇਸੇ ਬਚਨ ਨੂੰ 'ਹਾਂ' ਰੂਪ ਵਿੱਚ ਜਾਣ ਸਾਰਾ ਪ੍ਰੋਗਰਾਮ ਬਣਾ ਲਿਆ। ਉਸ ਪਾਸੇ ਰਿਹਾਇਸ਼ ਵਾਸਤੇ ਕੋਠੀ ਤੇ ਪਾਸਪੋਰਟਾਂ ਦੀ ਮੁਕੰਮਲ ਤਿਆਰੀ ਕਰ ਕੇ ੧੯੭੦ ਦੀ ਅਪਰੈਲ ਵਿੱਚ ਆ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹੁਣ ਮੌਸਮ ਬੜਾ ਠੀਕ ਹੈ। ਦਰਸ਼ਨਾਂ ਲਈ ਸੰਗਤਾਂ ਬੜੀਆਂ ਉਤਾਵਲੀਆਂ ਹੋ ਰਹੀਆਂ ਹਨ। ਆਪ ਜ਼ਰੂਰ ਪੁੱਜੋ। ਮੈਂ ਆਪ ਉੱਥੇ ਜਾ ਕੇ ਸਾਰਾ ਇੰਤਜਾਮ ਕਰ ਆਇਆ ਹਾਂ।" ਮਹਾਂਪੁਰਸ਼ ਕਹਿਣ ਲੱਗੇ, "ਪ੍ਰੇਮੀਆ! ਅਸੀਂ ਤਾਂ ਸੁਭਾਵਕ ਹੀ ਕਿਹਾ ਸੀ ਕਿ ਦੇਖਾਂਗੇ ਜਦੋਂ ਨਿਰੰਕਾਰ ਦਾ ਹੁਕਮ ਹੋਇਆ ਤੇ ਸਰੀਰ ਨੇ ਇਜਾਜ਼ਤ ਦਿਤੀ। ਪਰ ਤੁਸੀ ਤਾਂ ਬੜੀ ਕਾਹਲ ਕੀਤੀ। ਇਉਂ ਸਮਾਂ ਅੱਗੇ ਪਾ ਦਿੱਤਾ। ਇਨ੍ਹਾਂ ਨੇ ਫੇਰ ਬੇਨਤੀਆਂ ਕੀਤੀਆਂ। ਇੱਕ ਦੋ ਚੱਕਰ ਉੱਧਰ ਵੀ ਲਾਏ। ਫੇਰ ਏਥੇ ਆ ਕੇ ਕਈ ਨਾਲ ਦੇ ਸ਼ਰਧਾਲੂ ਸਿੰਘਾਂ ਨੂੰ ਆਖਿਆ। ਛੋਟੇ ਸੰਤ ਜੀ ਮਹਾਰਾਜ ਪਾਸ ਗਏ। ਇਉਂ ਇਨ੍ਹਾਂ ਦੇ ਪ੍ਰੇਮ ਵਸ ਹੋ ਸੰਗਤਾਂ ਦੀ ਪ੍ਰਾਰਬਧ ਨੇ ੧੯੭੪ ਦੀ ਜੂਨ ਵਿੱਚ ਉੱਧਰ ਜਾਣ ਦਾ ਸੰਕਲਪ ਬਣਾ ਕੇ ਦਾਤੇ ਦਾ ਮਨ ਪ੍ਰੇਰ ਦਿੱਤਾ। ੧੪ ਜੂਨ ਹਾੜ ਦੀ ਸੰਗਰਾਂਦ ਦਾ ਦੀਵਾਨ ਲਗਾ ਕੇ ੧੫ ਜੂਨ ਦੀ ਸਵੇਰ ਨੂੰ ਧਭਲਾਨ ਪੁੱਜੇ। ਜਥੇਦਾਰ ਮਹਿੰਦਰ ਸਿੰਘ ਜੀ ਢੋਲਕੀ ਮਾਸਟਰ, ਹਜ਼ੂਰੀਆ ਸੇਵਾਦਾਰ ਮਾਸਟਰ ਨਰਿੰਦਰ ਸਿੰਘ ਜੀ, ਗਿਆਨੀ ਕਰਮ ਸਿੰਘ ਜੀ, ਰਾਗੀ ਅਮਰੀਕ ਸਿੰਘ ਜੀ, ਭਾਈ ਭੁਪਿੰਦਰ ਸਿੰਘ ਜੀ, ਭਾਈ ਨਰਿੰਜਨ ਸਿੰਘ ਜੀ (ਲਾਊਡ ਸਪੀਕਰ ਵਾਲੇ), ਭਾਈ ਕੁਲਦੀਪ ਸਿੰਘ ਜੀ ਢੁਲਕਈਆ, ਭਾਈ ਸ਼ੇਰ ਸਿੰਘ ਜੀ, ਸੰਤ ਜੀ ਮਹਾਰਾਜ ਦਾ ਖ਼ਾਸ ਲਾਂਗਰੀ ਤੇਜਾ ਸਿੰਘ (ਸ੍ਰੀਮਾਨ) ਦਸਵੇਂ ਆਪ ਮੇਹਰਬਾਨ ਜੀ। ਯਥਾ: ਦੋਹਿਰਾ: ਮਹਿੰਦਰ ਸਿੰਘ ਤੇ ਮਾਸਟਰ ਜੀ ਤੇਜਾ ਸਿੰਘ ਸ੍ਰੀਮਾਨ। ਭੁਪਿੰਦਰ ਸਿੰਘ ਕੁਲਦੀਪ ਸਿੰਘ ਅਮਰੀਕ ਸਿੰਘ ਸੁਜਾਨ।

ਨਰਿੰਜਨ ਸਿੰਘ ਦੁਆਬੀਆ ਕਰਮ ਹਰੀ ਵਿਦਵਾਨ। ਗਿਆਨੀ ਭਾਈ ਸ਼ੇਰ ਸਿੰਘ ਦਸਵੇਂ ਆਪ ਮੇਹਰਬਾਨ।

ਭਾਈ ਸ਼ਮਸ਼ੇਰ ਸਿੰਘ

ਲੋਹਟਵੱਦੀ ਪਿੰਡ ਤੋਂ ਸ. ਕਰਤਾਰ ਸਿੰਘ ਦੇ ਸਪੁਤਰ ਭਾਈ ਸ਼ਮਸ਼ੇਰ ਸਿੰਘ ਜੋ ਸਕੂਲ 'ਚ ਦਸਵੀਂ ਕਰਨ ਤੋਂ ਬਾਅਦ ਪਿਛਲੇ ਸੰਸਕਾਰਾਂ ਦੀ ਪ੍ਰਬਲਤਾ ਦਾ ਸਦਕਾ ਦਾਤੇ ਦੇ ਚਰਨਾਂ ਵਿੱਚ ਕਰਮਸਰ ਆ ਗਏ। ਪਹਿਲਾਂ ਖੁੱਲ੍ਹੀ ਸੇਵਾ ਕੀਤੀ। ਫੇਰ ਕਈ ਸਾਲ ਛੋਟੇ ਸੰਤ ਜੀ ਮਹਾਰਾਜ ਦੇ ਹਜ਼ੂਰੀਏ ਸੇਵਾਦਾਰ ਰਹੇ। ਸੰਥਾ ਨਾਲ ਗੁਰੂ ਮਹਾਰਾਜ ਦਾ ਸ਼ੁੱਧ ਪਾਠ ਕੀਤਾ। ਅਰਥਾਂ ਨਾਲ ਲੇਖਕ ਤੋਂ ਛੋਟੇ ਗ੍ਰੰਥ ਪੜ੍ਹੇ। ਸ਼ਾਮ ਦੇ ਸਮੇਂ ਗੁਰ ਇਤਿਹਾਸ ਤੇ ਸਵੇਰੇ ਗੁਰਬਾਣੀ ਦੀ ਕਥਾ ਕਰਦੇ ਰਹੇ। ਕਾਫ਼ੀ ਸਮਾਂ ਮੋਨ ਰੱਖ ਕੇ ਭਜਨ ਸਿਮਰਨ ਕੀਤਾ। ਇਹ ਵੀ ਪਹਿਲੀ ਵਾਰ ਸੰਤ ਜੀ ਦੇ ਨਾਲ ਇੰਗਲੈਂਡ ਗਏ ਸਨ।

ਭਾਈ ਕੁਲਦੀਪ ਸਿੰਘ ਰਾਗੀ

ਇਨ੍ਹਾਂ ਦਾ ਜਨਮ ਪਟਿਆਲਾ ਜ਼ਿਲ੍ਹਾ ਹਾਮਝੇੜੀ ਪਿੰਡ (ਜੋ ਪਾਤੜਾਂ ਕੋਲ ਹੈ) ਸ. ਹਰਚੰਦ ਸਿੰਘ ਦੇ ਘਰ ਹੋਇਆ। ਸੱਤਵੀਂ ਤੱਕ ਸਕੂਲ 'ਚ ਪੜ੍ਹਾਈ ਕੀਤੀ ਫੇਰ ਸੰਤ ਆਸ਼ਰਮ ਧਭਲਾਨ ਦਸਵੀਂ ਦੇ ਜੋੜ ਮੇਲੇ ਤੇ ਦਰਸ਼ਨਾਂ ਲਈ ਆ ਕੇ ਟਿਕ ਗਏ। ਏਥੇ ਕੁੱਝ ਕੁ ਸਮਾਂ ਲੰਗਰ ਤੇ ਹੋਰ ਸੇਵਾ 'ਚ ਰਹਿ ਕੇ ਕਰਮਸਰ ਆ ਗਏ।

ਭਾਈ ਭੁਪਿੰਦਰ ਸਿੰਘ ਜੀ

ਇਨ੍ਹਾਂ ਦਾ ਜਨਮ ਕਿਲ੍ਹਾ ਰਾਏਪੁਰ ਸ. ਨਰੈਣ ਸਿੰਘ ਰਾਮਗੜ੍ਹੀਏ ਦੇ ਘਰ ਮਾਤਾ ਜੁਗਿੰਦਰ ਕੌਰ ਤੋਂ ਹੋਇਆ। ਸਕੂਲ 'ਚ ਮੈਟ੍ਰਿਕ ਕਰਨ ਤੋਂ ਬਾਅਦ ਇੱਕ ਸਾਲ ਘਰ ਕੰਮ ਕੀਤਾ। ੧੯੬੬ ਈ. ਵਿੱਚ ਸੰਤ ਆਸ਼ਰਮ ਧਭਲਾਨ ਆ ਕੇ ਗੁਰੂ ਕੇ ਲੰਗਰ ਵਿੱਚ ਪੰਜ ਸਾਲ ਦੇਗੇ ਤੇ ਸੇਵਾ ਕੀਤੀ। ਸੰਥਾ ਨਾਲ ਗੁਰੂ ਮਹਾਰਾਜ ਦਾ ਪਾਠ ਤੇ ਕੀਰਤਨ ਸਿੱਖਿਆ। ੧੯੭੧ ਈ. ਵਿੱਚ ਕਰਮਸਰ ਆ ਕੇ ਕੀਰਤਨੀਏ ਜਥੇ ਨਾਲ ਸ਼ਾਮਲ ਹੋ ਗਏ। ਸ਼ਹਿਰਾਂ ਤੇ ਪਿੰਡਾਂ ਦੇ ਪ੍ਰੋਗਰਾਮਾਂ ਸਮੇਂ ਸੰਤ ਜੀ ਮਹਾਰਾਜ ਦੇ ਨਾਲ ਹੀ ਰਹੇ ਇਹ ਵੀ ਦੋਵੇਂ ਵਾਰ ਲੰਡਨ ਨਾਲ ਗਏ ਸਨ।

ਭਾਈ ਅਮਰੀਕ ਸਿੰਘ ਜੀ

ਇਨਾਂ ਦਾ ਪਿਛਲਾ ਪਿੰਡ ਤਾਂ ਸੰਗਰੂਰ ਜ਼ਿਲੇ ਵਿੱਚ ਭਾਈ ਕੀਆਂ ਬਾਗ਼ੜੀਆਂ ਕੋਲ ਲਾਂਗੜੀਆਂ ਹੈ ਪਰ ਇਨ੍ਹਾਂ ਦੇ ਪਿਤਾ ਸ. ਦਲੀਪ ਸਿੰਘ ਪਟਿਆਲੇ ਆ ਗਏ। ਭੁਪਿੰਦਰ ਨਗਰ ਆਪਣਾ ਮਕਾਨ ਬਣਾ ਕੇ ਰਿਹਾਇਸ਼ ਰੱਖੀ ਹੈ। ਭਾਈ ਅਮਰੀਕ ਸਿੰਘ ਨੇ ਬਾਰਾਂ ਪਾਸ ਕਰ ਕੇ ਮੁਲਤਾਨੀ ਮਲ ਮੋਦੀ ਡਿਗਰੀ ਕਾਲਜ ਨੂੰ ਛੱਡ ਦਿੱਤਾ। ਉਪਰੰਤ ਇੱਕ ਸਾਲ ਇੰਜਨੀਅਰ ਦਾ ਕੋਰਸ ਕੀਤਾ ਪਰ ਛੇਤੀ ਹੀ ਮਨ ਉਪਰਾਮ ਹੋ ਗਿਆ। ੧੯੭੦ ਈ. ਨੂੰ ਸੰਤ ਆਸ਼ਰਮ ਧਭਲਾਨ ਆ ਕੇ ਦੋ ਸਾਲ ਟਰੈਕਟਰ ਚਲਾਉਣ ਦੀ ਸੇਵਾ ਕੀਤੀ। ੧੯੭੨ ਈ. ਵਿੱਚ ਕਰਮਸਰ ਆ ਕੇ ਹਜ਼ੂਰੀਏ ਜਥੇ ਵਿੱਚ ਸ਼ਾਮਲ ਹੋ ਕੇ ਸੰਤ ਜੀ ਦੇ ਨਾਲ ਹੀ ਜਾਂਦੇ ਰਹੇ। ਸ਼ੁੱਧ ਪਾਠੀ ਤੇ ਚੰਗੇ ਕੀਰਤਨੀਏ ਹਨ। ਇਹ ਵੀ ਦੋਵੇਂ ਵਾਰ ਇੰਗਲੈਂਡ ਨਾਲ ਸਨ।

ਲੰਡਨ ਨੂੰ ਰਵਾਨਗੀ

ਇੱਥੇ ਧਭਲਾਨ ਇੱਕੋ ਰਾਤ ਠਹਿਰ ਕੇ ੧੬ ਜੂਨ ਦੇ ਅੰਮ੍ਰਿਤ ਵੇਲੇ ਦਿੱਲੀ ਨੂੰ ਚੱਲ ਪਏ। ਵੀਹ ਜੂਨ ਦੀ ਰਾਤ ਨੂੰ ਜਹਾਜ਼ ਚੜ੍ਹਨ ਦਾ ਖ਼ਿਆਲ ਸੀ ਪਰ ਇਨ੍ਹਾਂ ਦੇ ਪ੍ਰੇਮ ਵੱਸ ਹੋ ਕੇ ਸੰਗਤਾਂ ਦੀ ਖਿੱਚ ਨੇ ਦੋ ਦਿਨ ਕੋਠੀ ਹੀ ਰੋਕ ਰੱਖੇ। ੨੩ ਜੂਨ ਦੀ ਰਾਤ ਬਾਰਾਂ ਵੱਜ ਕੇ ਦਸ ਮਿੰਟ ਤੇ ਚੱਲਣ ਵਾਲੇ ਹਵਾਈ ਜਹਾਜ਼ ਦੀਆਂ ਸੀਟਾਂ ਰੀਜ਼ਰਵ ਕਰਵਾ ਲਈਆਂ। ੧੦ ਵਜੇ ਕੋਕਾ ਕੋਲਾ ਵਾਲੇ ਸਰਦਾਰਾਂ ਦੀ ਕੋਠੀ ਤੋਂ ਚੱਲੇ। ਹਵਾਈ ਅੱਡੇ ਤੇ ਸੰਗਤਾਂ ਦਾ ਪਹਿਲਾਂ ਹੀ ਬੇਅੰਤ ਇਕੱਠ ਜੁੜਿਆ ਸੀ। ਜਿਸ ਜਿਸ ਪ੍ਰੇਮੀ ਨੂੰ ਪਤਾ ਲੱਗਾ, ਉਸ ਦਾ ਵੈਰਾਗ ਥੰਮਿਆਂ ਨਾ ਜਾਵੇ। ਹਾਪੜ ਵਾਲੇ ਪ੍ਰੇਮੀ, ਦਿੱਲੀ ਦੀ ਸੰਗਤ, ਸਭ ਤੋਂ ਵੱਡੀ ਕੁਰਬਾਨੀ ਪਟਿਆਲੇ ਵਾਲੇ ਗੁਰਮੁਖਾਂ ਦੀ ਸੀ ਜੋ ਸਾਲਮ ਬੱਸ ਲੈ ਕੇ ਹਵਾਈ ਅੱਡੇ ਤੇ ਆਏ। ਕਈ ਹੋਰ ਬੱਸਾਂ ਵਿੱਚ ਸਫ਼ਰ ਕਰ ਕੇ ਸਵਾ ਸੌ ਦੇ ਕਰੀਬ ਮਾਈ ਭਾਈ ਪਹੁੰਚ ਗਏ ਸਨ। ਸਾਰੇ ਥਾਵਾਂ ਤੋਂ ਆਏ ਹੋਏ ਖ਼ਾਸ ਖ਼ਾਸ ਪ੍ਰੇਮੀਆਂ ਦਾ ਪਾਲਮ ਹਵਾਈ ਅੱਡੇ ਤੇ ਡੇਢ ਕੁ ਹਜ਼ਾਰ ਦਾ ਇਕੱਠ ਜੁੜ ਗਿਆ ਸੀ। ਕਰਮਚਾਰੀ ਦੇਖ ਕੇ ਬੜੇ ਹੈਰਾਨ ਸਨ ਕਿ ਏਹੋ ਜੇਹੀ ਕੌਣ ਮਹਾਨ ਹਸਤੀ ਆਈ ਹੈ ਜਿਸ ਦੇ ਨਾਲ ਇਤਨੀ ਸੰਗਤ ਪੁੱਜ ਗਈ। ਉੱਥੇ ਹਜ਼ੂਰ ਦੀ ਕੁਰਸੀ ਲੱਗ ਗਈ। ਹਵਾਈ ਅੱਡੇ ਦਾ ਵੱਡਾ ਅਫ਼ਸਰ ਆਹਲੂਵਾਲੀਆ ਖ਼ਾਨਦਾਨ 'ਚੋਂ ਸਿੱਖ ਸਰਦਾਰ ਸੀ, ਜੋ ਸ. ਚਰਨਜੀਤ ਸਿੰਘ ਕਾ ਵਾਕਫ਼ ਸੀ। ਸਰਦਾਰ ਜੀ ਤੋਂ ਸਾਰੀ ਜਾਣ ਪਛਾਣ ਲੈ ਕੇ ਆਪ ਦਾਤੇ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਨਮਸ਼ਕਾਰ ਕਰ ਕੇ ਕਾਗਜ਼ੀ ਕਾਰਵਾਈ ਪੂਰੀ ਕਰਨ ਲਈ ਕੁਰਸੀ ਤੇ ਬੈਠਿਆਂ ਪ੍ਰੀਤਮ ਦੇ ਹੱਥ ਵਿੱਚ ਪੈਨ ਫੜਾ ਕੇ ਬੇਨਤੀ ਕੀਤੀ, "ਮਹਾਰਾਜ! ਪਾਵਨ ਹਸਤ ਕਮਲ ਲਗਾ ਕੇ ਇਸ ਕਲਮ ਨੂੰ ਪਵਿੱਤਰ ਕਰੋ।" ਹਜ਼ੂਰ ਨੇ ਪਵਿੱਤਰ ਹੱਥਾਂ ਦੀ ਪੈਨ ਨੂੰ ਛੂਹ ਬਖ਼ਸ਼ੀ ਤੇ ਸਾਈਨ ਕਰ ਕੇ ਕਾਗ਼ਜ਼ ਵਾਪਸ ਕਰ ਦਿੱਤੇ। ਹੋਰ ਕਿਸੇ ਨਾਲ ਦੇ ਸਾਥੀ ਨੂੰ ਕੋਈ ਸਵਾਲ ਨਹੀਂ ਕੀਤਾ। ਨਾ ਕੋਈ ਇਤਰਾਜ ਯੋਗ ਚੀਜ਼ ਹੀ ਸੀ। ਪਹਿਲਾਂ ਹੀ ਸਭ ਨੂੰ ਹਦਾਇਤ ਸੀ। ਜਿਸ ਕਰ ਕੇ ਸਰੀਰ ਦੇ ਬਸਤਰ ਤੇ ਕਛੈਹਰਾ ਪਰਨਾ ਜਾਂ ਨਿੱਤਨੇਮ ਕਰਨ ਵਾਸਤੇ ਗੁਰਬਾਣੀ ਦੇ ਗੁਟਕੇ ਹੀ ਨਾਲ ਸਨ। ਇਉਂ ਜੋਗੀਆਂ ਵਾਂਗ ਵਿਰਕੱਤੀ ਲਿਬਾਸ ਵਿੱਚ ਸਮੇਂ ਹੋਏ ਤੋਂ ਜਹਾਜ਼ ਦੇ ਕੋਲ ਪੁੱਜੇ। ਹੋਰ ਯਾਤਰੂ ਹੈਰਾਨ ਸਨ। ਸ਼ਰਧਾਲੂ ਖ਼ਿਆਲ ਕਰ ਰਹੇ ਸੀ ਕਿ ਦੇਖੋ ਜੋ ਖੁਦ ਜਹਾਜ਼ ਰੂਪ ਹੈ, ਉਹ ਆਪ ਅੱਜ ਜਹਾਜ਼ ਵਿੱਚ ਅਸਵਾਰ ਹੋਣ ਲੱਗਾ ਹੈ।

ਇਹ ੪੫੦ ਸੀਟਾਂ ਵਾਲਾ ਐਮਪਰ੍ਰ ਰਾਜਿੰਦਰਾ ਚੋਲਾ ਜਹਾਜ਼ ਸੀ। ਦੂਰ ਖੜ੍ਹੇ ਪ੍ਰੇਮੀਆਂ ਦੇ ਸਜਲ ਨੇਤਰ ਮੂਕ ਹੀ ਛੇਤੀ ਵਾਪਸ ਆ ਕੇ ਦਰਸ਼ਨ ਦੇਣ ਦੀ ਤਾਂਘ ਵਿੱਚ ਬੇਨਤੀ ਕਰ ਰਹੇ ਸਨ। ਸੱਚਮੁੱਚ ਉਸ ਵੇਲੇ ਦਾ ਦ੍ਰਿਸ਼ ਦੇਖਣ ਯੋਗ ਸੀ। ਸੰਗਤਾਂ ਦੀ ਬਿਹਬਲਤਾ ਨੂੰ ਬੇਜ਼ਬਾਨ ਕਾਨੀ ਬਿਆਨ ਨਹੀਂ ਕਰ ਸਕਦੀ।

ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ (ਆਸਾ ਮਃ ੪ - ੪੪੯)

ਤਥਾ: *ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥* (ਮਾਰੂ ਵਾਰ-੨ ਮਃ ੫ - ੧੧੦੦)

ਮੱਛੀ ਦਾ ਪਾਣੀ ਤੋਂ ਵਿਛੜ ਕੇ ਵਿਆਕੁਲ ਹੋਣਾ ਉਸ ਦੇ ਅੰਤ੍ਰੀਵ ਪਿਆਰ ਦਾ ਸਬੂਤ ਹੈ ਉਹ ਆਪਣੇ ਪ੍ਰਾਣਾਂ ਦੇ ਆਧਾਰ ਪਾਣੀ ਤੋਂ ਦੂਰ ਹੋ ਲੁਛ ਲੁਛ ਕੇ ਮਰ ਜਾਂਦੀ ਹੈ। ਤੜਫ ਤੜਫ ਕੇ ਜਿੰਦ ਦੇ ਦਿੰਦੀ ਹੈ। ਬਸ ਇਹੀ ਹਾਲਤ ਪ੍ਰੇਮੀਆਂ ਦੀ ਸਮਝੋ। ਪਾਲਮ ਹਵਾਈ ਅੱਡੇ ਤੋਂ ਸਹੀ ਬਾਰਾਂ ਵੱਜਕੇ ਦਸ ਮਿੰਟ ਤੇ ਜਹਾਜ਼ ਨੇ ਅਕਾਸੀ ਉਡਾਰੀ ਲਾਈ। ਨਾਲ ਹੀ ਪ੍ਰੇਮੀਆਂ ਦੇ ਮਨ ਵੀ ਖਿੱਚੇ ਗਏ। ਉਹ ਅੰਦਰਲੇ ਪਲੇਟਫਾਰਮ ਦੇ ਖੜ੍ਹੇ ਜਹਾਜ਼ ਦੀ ਲਾਈਟ ਦੇ ਨਾਲ ਨਾਲ ਘੁੰਮਦੇ ਰਹੇ। ਜਹਾਜ਼ ਦਿਸਣੋਂ ਬੰਦ ਹੋ ਗਿਆ। ਕਈਆਂ ਨੇ ਜਹਾਜ਼ ਵਿੱਚ ਅਸਵਾਰ ਹੋਣ ਸਮੇਂ ਵਾਲਾ ਸਰੂਪ ਅੰਦਰ ਵਸਾ ਨੇਤਰ ਬੰਦ ਕਰ ਲਏ। ਕਈਆਂ ਨੂੰ ਨਾਲ ਦੇ ਹੋਰ ਸਾਥੀਆਂ ਨੇ ਉਠਾ ਕੇ ਗੱਡੀ ਵਿੱਚ ਬਿਠਾਇਆ।

ਜੋ ਮਨ ਪਿਆਰੇ ਦੇ ਚਰਨਾਂ ਵਿੱਚ ਭੇਟ ਕਰ ਮਸਾਂ ਮਸਾਂ ਸਰੀਰ ਕਰ ਕੇ ਵਾਪਸ ਮੁੜੇ ਇਸ ਆਸ਼ਾ ਨੂੰ ਮੁੱਖ ਰੱਖ ਕੇ ਧੀਰਜ ਧਾਰਨ ਕੀਤਾ ਕਿ ਸਾਨੂੰ ਫੇਰ ਛੇਤੀ ਹੀ ਦਰਸ਼ਨ ਹੋ ਜਾਣਗੇ ਅਤੇ ਕਈ ਵਿਚਾਰਵਾਨ ਗੁਰਮੁਖ ਇਉਂ ਕਹਿੰਦੇ

ਸਨ ਕਿ ਸਾਡੇ ਵਾਂਗ ਪ੍ਰਦੇਸ਼ਾਂ ਵਿੱਚ ਬੈਠੇ ਸਾਡੇ ਵੀਰ ਵੀ ਦਰਸ਼ਨਾਂ ਦੀ ਤਾਂਘ ਕਰਦੇ ਪ੍ਰੀਤਮ ਨੂੰ ਯਾਦ ਕਰ ਰਹੇ ਹਨ। ਮਹਾਂਪੁਰਸ਼ ਸਾਰਿਆਂ ਦੇ ਸਾਂਝੇ ਹੁੰਦੇ ਹਨ। ਇੱਕ ਦੇਸ਼ ਜਾਂ ਇੱਕ ਕੌਮ ਦੇ ਨਹੀਂ ਹੁੰਦੇ। ਉਹ ਸਮੁੱਚੀ ਦੁਨੀਆਂ ਦੇ ਰਹਿਬਰ ਹਨ।

ਨ ਆਪਣੇ ਸੇ ਮੁਹੱਬਤ ਹੈ ਨ ਨਫ਼ਰਤ ਗੈਰੋ ਸੇ ਮੁਝ ਕੋ ਸਭ ਹੂੰ ਜਾਤਿ ਹੱਕ ਦੇਖੂੰ ਯਹੀ ਮੇਰਾ ਨਜ਼ਾਰਾ ਹੈ।

ਤੂੰ ਸ਼ਾਹੀਨ (ਬਾਜ) ਹੈ ਪਰਵਾਜ (ਉਡਣਾ) ਹੈ ਕਾਮ ਤੇਰਾ।

ਤੇਰੇ ਸਾਹਮਣੇ ਆਸਮਾਨ ਔਰ ਭੀ ਹੈ।

ਉਹ ਧਰਮ ਦੇ ਆਗੂ ਹਨ। ਉਨ੍ਹਾਂ ਨੇ ਪ੍ਰਾਣੀ ਮਾਤਰ ਤੇ ਤਰਸ ਕਰਨਾ ਹੈ। ਉਨ੍ਹਾਂ ਨੇ ਕਿਸੇ ਦੀ ਜਾਤ ਪਾਤ ਨਹੀਂ ਪੁੱਛਣੀ, ਉਨ੍ਹਾਂ ਦਾ ਕੰਮ ਹੈ ਆਪਣੇ ਅੰਮ੍ਰਿਤ ਸਾਗਰ 'ਚੋਂ ਬਾਟੇ ਭਰ ਭਰ ਦੇਣੀ ਜਾਣਾ। ਉਨ੍ਹਾਂ ਦਾ ਸੰਸਾਰ ਤੇ ਆਉਣਾ ਵੀ ਆਪਣੇ ਲਈ ਨਹੀਂ, ਦੂਜਿਆਂ ਵਾਸਤੇ ਹੁੰਦਾ ਹੈ। ਉਨ੍ਹਾਂ ਦਾ ਆਪਣਾ ਵੀ ਕੋਈ ਨਹੀਂ। ਨਾ ਕੋਈ ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਬਿਗਾਨਾ ਜਾਂ ਓਪਰਾ ਹੀ ਹੈ।

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥ (ਧਨਾਸਰੀ ਮਃ ੫ - ੬੭੧)

ਦਰਸ਼ਨਾਂ ਵਾਲੀ ਧੰਨ ਸੁਹਾਵੀ ਘੜੀ! ਸੰਗਤ ਜਸ ਕਰਦੀ ਵਾਪਸ ਆ ਗਈ। ਜਹਾਜ਼ ਦਾ ਮਾਲਕ ਜਹਾਜ਼ ਤੇ ਅਸਵਾਰ ਹੋ ਗਿਆ। ੨੬-੬-੭੪ ਦੀ ਰਾਤ ਨੂੰ ਇੰਡੀਆ ਟਾਈਮ ਬਾਰਾਂ ਵੱਜਕੇ ਦਸ ਮਿੰਟ ਤੇ ਦਿੱਲੀ ਦੇ ਪਾਲਮ ਹਵਾਈ ਅੱਡੇ ਤੋਂ ਜਹਾਜ਼ ਚੱਲਿਆ। ਜੋ ਘੰਟੇ ਦੀ ਸਾਢੇ ਚਾਰ ਸੌ ਮੀਲ ਦੀ ਰਫਤਾਰ ਤੇ ਜਾ ਰਿਹਾ ਸੀ। ਉਚਾਈ ਚਾਲੀ ਹਜ਼ਾਰ ਫੁੱਟ ਤੇ ਸੀ ਜੋ ਸਾਢੇ ਕੁ ਸੱਤ ਮੀਲ ਬਣ ਜਾਂਦੀ ਹੈ। ਇਸ ਪੁਲਾੜ ਵਿੱਚ ਜਾ ਕੇ ਅਕਾਸੀ ਹਵਾ ਦੇ ਕਾਰਣ ਜਹਾਜ਼ ਡੋਲਦਾ ਨਹੀਂ। ਦਾਤੇ ਦੀ ਸੀਟ ਨਾਲ ਦੇ ਸੇਵਾਦਾਰਾਂ ਸਮੇਤ ਸਭ ਤੋਂ ਅੱਗੇ ਸੀ। ਦਰਸ਼ਨ ਕਰ ਕੇ ਕਰਮਚਾਰੀਆਂ ਦੇ ਸਿਰ ਵੀ ਆਪਣੇ ਆਪ ਹੀ ਝੁਕ ਗਏ। ਕਈਆਂ ਮੁਸਾਫ਼ਿਰਾਂ ਉੱਪਰ ਵੀ ਦਿੱਬ ਮੂਰਤੀ ਦਾ ਪ੍ਰਭਾਵ ਪਿਆ। ਛੇ ਘੰਟੇ ਦੇ ਸਫ਼ਰ ਤੋਂ ਬਾਦ ਇੱਕ ਘੰਟੇ ਵਾਸਤੇ ਬੈਰੂਤ ਹਵਾਈ ਅੱਡੇ ਤੇ ਰੈਸਟ ਕੀਤੀ। ਇਹ ਲੈਬਨਾਨ ਦੇਸ਼ ਦੀ ਰਾਜਧਾਨੀ ਤੇ ਇੰਡੀਆ ਤੋਂ ੩੨੫੦ ਮੀਲ ਦੂਰ ਹੈ। ਏਸ ਸਮੇਂ ਵਿੱਚ ਜਹਾਜ਼ ਵਾਸਤੇ ਪਟਰੋਲ ਲੈਂਦੇ ਤੇ ਸਫ਼ਾਈ ਕਰਦੇ ਹਨ। ਸਵਾ ਸੱਤ ਵਜੇ ਬੈਰੂਤ ਤੋਂ ਚੱਲਿਆ ਪੌਣੇ ਚਾਰ ਘੰਟੇ ਬਾਅਦ ਜਰਮਨ ਦੇਸ਼ ਦੇ ਫਰੈਂਕਫਰਟ ਹਵਾਈ ਅੱਡੇ ਤੇ ਉੱਤਰਿਆ ਜੋ ੧੬੦੦ ਮੀਲ ਦੂਰ ਹੈ। ਏਥੇ ਵੀ ਇੱਕ ਘੰਟਾ ਰੁਕਿਆ।

ਏਥੋਂ ਇੰਡੀਅਨ ਟਾਈਮ ਬਾਰਾਂ ਵਜੇ ਚੱਲਿਆ ਅਤੇ ੫੦ ਮਿੰਟਾਂ ਬਾਦ ਫਰਾਂਸ ਦੀ ਰਾਜਧਾਨੀ ਪੈਰਸ ਵਿੱਚ ਪੁੱਜਾ ਜੋ ੩੧੪ ਮੀਲ ਦੂਰ ਹੈ। ਸਾਰੇ ਦੇਸ਼ਾਂ ਵਿੱਚ ਇਸ ਪੈਰਸ ਨੂੰ ਬੜਾ ਸੁੰਦਰ ਮੰਨਿਆ ਹੈ। ਏਥੋਂ ਚੱਲ ਕੇ ਫੇਰ ਲੰਡਨ ਪੁੱਜਾ ਜੋ ਇੰਗਲੈਂਡ ਦੀ ਰਾਜਧਾਨੀ ਤੇ ਏਥੋਂ ੨੮੦ ਮੀਲ ਦੂਰ ਹੈ। ਉਸ ਵਕਤ ਇੰਡੀਆ ਟਾਈਮ ਦੇ ਸਵਾ ਤਿੰਨ ਵੱਜੇ ਸਨ ਪਰ ਇੰਗਲੈਂਡ ਦਾ ਵਕਤ ਦਿਨ ਦੇ ਗਿਆਰ੍ਹਾਂ ਦਾ ਹੋਇਆ ਸੀ। ਉਹ ਸਮਾਂ ਸਾਡੇ ਨਾਲੋਂ ਸਾਢੇ ਚਾਰ ਘੰਟੇ ਪਿੱਛੇ ਹੈ। ਹਜ਼ੂਰ ਦੇ ਨਾਲ ਦੇ ਸਾਥੀਆਂ ਸਮੇਤ ਜਾਂਦਿਆ ਅਤੇ ਆਉਂਦਿਆਂ ਰਸਤੇ ਵਿੱਚ ਜਹਾਜ਼ ਦੇ ਖਾਣੇ ਵਿੱਚੋਂ ਕੋਈ ਚੀਜ਼ ਅੰਗੀਕਾਰ ਨਹੀਂ ਕੀਤੀ। ਸਿਰਫ ਆਪਣੇ ਪਾਸ ਬੋਤਲਾਂ 'ਚ ਰੱਖਿਆ ਫੋਕਾ ਜਲ ਹੀ ਛਕਿਆ। ਜਹਾਜ਼ ਦੇ ਕਰਮਚਾਰੀ ਬੜੇ ਹੈਰਾਨ ਸਨ। ਉਹ ਕੋਲ ਆ ਕੇ ਵਾਰ ਵਾਰ ਪੁੱਛਦੇ, "ਜੋ ਕਹੋ ਓਹੋ ਹੀ ਹਾਜ਼ਰ ਕਰ ਦਿੰਦੇ ਹਾਂ। ਕੀ ਕਾਰਣ? ਨ ਆਪ ਦੇ ਕਿਸੇ ਨਾਲ ਦੇ ਪ੍ਰੇਮੀ ਨੇ ਕੁੱਝ ਛਕਿਆ। ਅਖ਼ੀਰ ਨੂੰ ਵੱਡਾ ਅਫ਼ਸਰ ਵੀ ਆਇਆ। ਉਸ ਨੇ ਵੀ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਵੈਸ਼ਨੋਂ ਖਾਣਾ ਵੀ ਤਿਆਰ ਹੈ। ਫ਼ਲ ਜਾਂ ਕੋਕਾ ਕੋਲਾ ਹੀ ਵਰਤ ਲਵੋ। ਪਰ ਆਪ ਜੀ ਦਾ ਉੱਤਰ ਸੀ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ ਕਿਉਂਕਿ ਆਪ ਜੀ ਦਾ ਪਹਿਲਾਂ ਹੀ ਸਾਥੀ ਸਿੰਘਾਂ ਨੂੰ ਕਿਹਾ ਹੋਇਆ ਸੀ ਕਿ ਏਥੇ ਵੈਸ਼ਨੋਂ ਖਾਣਾ ਵੀ ਖੁੱਲ੍ਹਾ ਹੀ ਹੁੰਦਾ ਹੈ। ਇੱਕੋ ਕੜਛੀ, ਇੱਕੋ ਬਨਾਉਣ ਵਾਲੇ, ਫੇਰ ਜੂਠ ਸੁੱਚ ਦਾ ਕੋਈ ਪ੍ਰਹੇਜ ਨਹੀਂ। ਇਸ ਵਾਸਤੇ ਤੁਸਾਂ ਸਾਰਿਆਂ ਨੇ ਸੰਕੋਚ ਹੀ ਰੱਖਣਾ। ਸਾਰੇ ਪ੍ਰੇਮੀਆਂ ਨੇ ਇਸ ਬਚਨ ਦੀ ਪਾਲਨਾ ਕੀਤੀ। ਪਰ ਉਹ ਬੜੇ ਅਸਚਰਜ ਸਨ ਕਿ ਖਾਣੇ ਦੇ ਇਤਨੇ ਪੈਸੇ ਟਿਕਟ ਦੇ ਨਾਲ ਹੀ ਲਏ ਜਾਂਦੇ ਹਨ ਪਰ ਇਨ੍ਹਾਂ ਵਰਗਾ ਕਿਸੇ ਦਾ ਵੀ ਕਠਨ ਹਠ ਨਹੀਂ ਦੇਖਿਆ।

ਇੰਗਲੈਂਡ ਵਿੱਚ ਬਹੁਤ ਸਾਰੇ ਪ੍ਰੇਮੀ ਜੋ ਅਫਰੀਕਾ 'ਚੋਂ ਆਏ ਸਨ ਉਹ ਸੰਤ ਜੀ ਮਹਾਰਾਜ ਦੇ ਪੂਰਨ ਸ਼ਰਧਾਲੂ ਅਤੇ ਜਥੇਦਾਰ ਮਹਿੰਦਰ ਸਿੰਘ ਦੇ ਵਾਕਫ਼ ਸਨ। ਹੋਰ ਸੱਜਣ ਵੀ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਲੁਧਿਆਣਾ ਜ਼ਿਲ੍ਹਾ ਤੇ ਪਟਿਆਲਾ ਰਿਆਸਤ ਦੇ ਵਧੇਰੇ ਪੰਜਾਬੀ ਸਨ ਜੋ ਸਰਵਨ ਦਰਸ਼ਨ ਕਰ ਕੇ ਸਾਰੇ ਹੀ ਸੰਤ ਜੀ ਮਹਾਰਾਜ ਦੇ ਵਾਕਫ਼ ਤੇ ਸ਼ਰਧਾਲੂ ਹੋ ਗਏ ਸਨ। ਕਈਆਂ ਨੇ ਏਧਰ ਰਹਿੰਦਿਆਂ ਦਰਸ਼ਨ ਕੀਤਾ ਸੀ। ਕਈਆਂ ਨੇ ਦਾਤੇ ਦਾ ਕੇਵਲ ਨਾਮ ਹੀ ਸੁਣਿਆ ਸੀ। ਉਨ੍ਹਾਂ ਅੰਦਰ ਦੇਖਣ ਦਾ ਬੜਾ ਉਤਸ਼ਾਹ ਸੀ। ਹਵਾਈ ਅੱਡੇ ਤੇ ਚਾਰ ਕੁ ਹਜ਼ਾਰ ਸ਼ਰਧਾਲੂ

ਪ੍ਰੇਮੀਆਂ ਦਾ ਇਕੱਠ ਜੁੜ ਗਿਆ। ਸਭਨਾਂ ਦੀ ਦ੍ਰਿਸ਼ਟੀ ਜਹਾਜ਼ ਦੇ ਉੱਤਰਨ ਵੱਲ ਲੱਗੀ ਸੀ। ਜਿਉਂ ਜਿਉਂ ਸਮਾਂ ਹੋਏ ਤੋਂ ਜਹਾਜ਼ ਉੱਤਰਨ ਵਾਸਤੇ ਅੱਡੇ ਤੇ ਘੁੰਮਦਾ ਤਿਵੇਂ ਤਿਵੇਂ ਪ੍ਰੇਮੀਆਂ ਦੀ ਨਿਗ੍ਹਾ ਵੀ ਨਾਲ ਨਾਲ ਫਿਰ ਰਹੀ ਸੀ। ਅਰਸ਼ੀ ਪ੍ਰੀਤਮ ਦੀ ਅਸਵਾਰੀ ਵਾਲਾ ਬਿਬਾਨ ਅਰਸ਼ੀ ਉਡਾਰੀਆਂ ਲਾਉਂਦਾ ਤੇ ਉਚ ਮੰਡਲਾਂ ਦੀ ਹਵਾ ਭੱਖਦਾ ਹੌਲੀ ਹੌਲੀ ਹੇਠਾਂ ਉੱਤਰਨ ਲੱਗਿਆ। ਸਭਨਾਂ ਦੀਆਂ ਅਵਾਜ਼ਾਂ ਤੇ ਉਂਗਲਾਂ ਜਹਾਜ਼ ਦੀ ਤਾਕੀ ਵੱਲ ਸਨ ਔਹ ਆ ਗਏ। ਆਹ ਆ ਰਹੇ ਹਨ! ਸਫੈਦ ਬਸਤ੍ਰਾਂ ਵਿੱਚ! ਏਹੋ ਹੀ ਨੂਰਾਨੀ ਚੇਹਰੇ ਵਾਲੀ ਪ੍ਰੀਤਮ ਦਾ ਹਸ਼ੂੰ ਹਸ਼ੂੰ ਕਰਦਾ ਮੁੱਖੜਾ ਦਿਸ ਰਿਹਾ ਹੈ। ਜਹਾਜ਼ ਹੇਠਾਂ ਆ ਕੇ ਰੁਕ ਗਿਆ। ਹਜ਼ੂਰ ਆਪਣੀ ਸੀਟ ਤੋਂ ਉੱਠ ਕੇ ਸਾਥੀਆਂ ਸਮੇਤ ਪਲੇਟਫਾਰਮ ਤੋਂ ਬਾਹਰ ਆਏ। ਏਅਰਪੋਰਟ ਦੀਆਂ ਪੰਜ ਛੱਤਾਂ ਹਨ। ਗੱਡੀ ਖੜ੍ਹੀ ਕਰਨ ਲਈ ਊਰੀ ਵਾਂਗ ਘੁੰਮਦੇ ਉੱਪਰ ਚਲੇ ਜਾਓ। ਜਿੱਥੇ ਏਅਰ ਇਰਾਨ, ਏਅਰ ਫਰਾਂਸ ਤੇ ਬੀ. ਓ. ਸੀ. ਦੀਆਂ ਉਡਾਨਾਂ ਦਿਸਦੀਆਂ ਹਨ। ਖੜ੍ਹੇ ਜਹਾਜ਼ਾਂ ਦਾ ਦ੍ਰਿਸ਼ ਇਉਂ ਜਾਪਦਾ ਹੈ ਜਿਵੇਂ ਪਹਾੜੀ ਕੂੰਜਾਂ ਨੇ ਪੰਜਾਬ ਦੇ ਮੈਦਾਨ ਨੂੰ ਮੱਲਿਆ ਹੁੰਦਾ ਹੈ।

ਉਸ ਸਮੇਂ ਸਭਨਾਂ ਤੇ ਅੱਗੇ ਪੂਰਨ ਭਾਵਨਾ ਨਾਲ ਇਹ ਸੱਜਣ ਖੜ੍ਹੇ ਹਨ। ਸੰਤ ਸੇਵਾ ਸਿੰਘ ਜੀ (ਜੋ ਸਰਬੰਸ ਦਾਨੀ ਕਲਗੀਆਂ ਵਾਲੇ ਪਾਤਸ਼ਾਹ ਦੀ ਸੋਹਣੀ ਅਨੰਦਪੁਰੀ ਵਿੱਚ ਅਨੰਦਗੜ੍ਹ ਕਿਲ੍ਹੇ ਦੀ ਸੇਵਾ ਕਰਵਾ ਰਹੇ ਹਨ। ਇਹ ਵੀ ਗ਼ਰੀਬ ਨਿਵਾਜ਼ ਤੋਂ ਪਹਿਲਾਂ ਉੱਥੇ ਗਏ ਹੋਏ ਸਨ) ਗਿਆਨੀ ਕੁਲਦੀਪ ਸਿੰਘ ਜੀ, ਰਾਗੀ ਅਮੋਲਕ ਸਿੰਘ ਜੀ ਅਤੇ ਸ. ਬਚਿਤ੍ਰ ਸਿੰਘ ਜੀ ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪ੍ਰੇਮੀ ਰੀਝਾਂ ਨਾਲ ਤਿਆਰ ਕੀਤੇ ਹੱਥਾਂ ਵਿੱਚ ਫੜੇ ਸੇਹੜੇ ਇੱਕ ਦੂਜੇ ਤੋਂ ਅੱਗੇ ਵਧ ਕੇ ਪਾਉਣ ਲਈ ਉਤਾਵਲੇ ਹੋ ਰਹੇ ਸਨ।

ਕਸਟਮ ਵਾਲੇ ਪ੍ਰੇਮੀਆਂ ਨੂੰ ਜਹਾਜ਼ ਦੇ ਆਉਣ ਤੋਂ ਪਹਿਲਾਂ ਇਤਨੀ ਭੀੜ ਜੁੜੀ ਦੇਖ ਕੇ ਪਤਾ ਲੱਗ ਚੁੱਕਾ ਸੀ ਕਿ ਕੋਈ ਮਹਾਨ ਵਿਅਕਤੀ ਆ ਰਿਹਾ ਹੈ। ਉਹ ਰਸਤਾ ਛੱਡ ਕੇ ਇੱਕ ਪਾਸੇ ਹੋ ਗਏ। ਸੰਤ ਜੀ ਮਹਾਰਾਜ ਸਾਥੀਆਂ ਸਮੇਤ ਬਾਹਰ ਆਏ ਦਰਸ਼ਨਾਲੂ ਪ੍ਰੇਮੀਆਂ ਦੇ ਹੱਥਾਂ ਵਿੱਚ ਫੁੱਲਾਂ ਦੇ ਸੇਹਰੇ ਫੜੇ ਸਨ ਅਤੇ ਉਹ ਇੱਕ ਦੂਜੇ ਤੋਂ ਉਤਾਵਲੇ ਹੋ ਹੋ ਅੱਗੇ ਵੱਧ ਰਹੇ ਸਨ। ਹਾਰਾਂ ਨਾਲ ਗਲਾ ਭਰ ਗਿਆ। ਚੇਹਰੇ ਦਾ ਦਰਸ਼ਨ ਨ ਹੋ ਸਕੇ ਉਹ ਲਾਹ ਕੇ ਨਾਲ ਦੇ ਸੇਵਾਦਾਰ ਨੂੰ ਫੜਾ ਦਿੱਤੇ। ਦੂਸਰੀ ਵਾਰ ਫੇਰ, ਉਤਨੇ ਹੀ ਹੋ ਗਏ। ਇਉਂ ਤਿੰਨ ਵਾਰੀ ਸੇਹਰਿਆਂ ਨਾਲ ਗਲਾ ਭਰ ਗਿਆ। ਫੁੱਲਾਂ ਨੂੰ ਵਧਾਈ ਦਿੰਦੇ ਹੋਏ ਭਾਈ ਵੀਰ ਸਿੰਘ ਜੀ ਲਿਖਦੇ ਹਨ:

ਨੇਕ ਨਸੀਬ ਤੁਹਾਡੇ ਮਿਤਰੋ ਜਿਨ੍ਹਾ ਜਾਇ ਪੀਆ ਗਲ ਪੈਣਾ।
ਵਾਹ ਉਗਣਾ ਤੇ ਸਫ਼ਲਾ ਲੱਗਣਾ ਖਿੜ ਖਿੜ ਹੱਸ ਹੱਸ ਰਹਿਣਾ।
ਵਾਹ ਤਰੁਟਨਾ ਵਾਹ ਸੂਈ ਚੜ੍ਹਨਾ ਵਾਹ ਗੁੰਦੇ ਰਲ ਬਹਿਣਾ।
ਵਾਹ ਹਸਣਾ ਵਾਹ ਰੋਣ ਤੁਹਾਡੇ ਜਿਨ੍ਹਾ ਜਾਇ ਪੀਆ ਗਲ ਪੈਣਾ।

ਸਾਰਿਆਂ ਨੇ ਅੱਗੇ ਵੱਧ ਕੇ ਨਮਸ਼ਕਾਰ ਕੀਤੀ। ਇਤਨੇ ਨੂੰ ਸਥਾਨਕ ਪ੍ਰੇਮੀਆਂ ਨੇ ਕਸਟਮ ਵਾਲੇ ਕਰਮਚਾਰੀਆਂ ਦੀ ਕਾਗਜ਼ੀ ਕਾਰਵਾਈ ਪੂਰੀ ਕੀਤੀ ਤੇ ਸਮਾਨ ਬਾਹਰ ਲੈ ਆਂਦਾ। ਕਿਉਂਕਿ ਸਰੀਰ ਦੇ ਬਸਤਰਾਂ ਤੇ ਵਜਾਉਣ ਵਾਲੇ ਸਾਜਾਂ ਤੋਂ ਬਿਨਾਂ ਹੋਰ ਕੋਈ ਚੀਜ਼ ਹੈ ਹੀ ਨਹੀਂ ਸੀ। ਉਸ ਸਮੇਂ ਸਵਾਗਤਾਂ ਵਾਸਤੇ ਆਏ ਹੋਏ ਸਿਦਕਵਾਨਾਂ ਦੀ ਆਪਣੀ ਇੱਕ ਹਜ਼ਾਰ ਦੇ ਕਰੀਬ ਕਾਰ ਖੜੀ ਸੀ। ਸਾਰਿਆਂ ਦੇ ਮਨ ਵਿੱਚ ਇਹੋ ਖਿੱਚ ਸੀ ਕਿ ਮੇਰੀ ਕਾਰ ਵਿੱਚ ਦਾਤੇ ਦੇ ਚਰਨ ਪੈਣ। ਜਿਵੇਂ ਰਾਮ ਭਗਵਾਨ ਦਾ ਆਗਮਨ ਸੁਣ ਕੇ ਪੰਪਾਸਰ ਤੀਰਥ ਦੇ ਰਿਸ਼ੀਆਂ ਨੇ ਆਪੋ ਆਪਣੇ ਅਸਥਾਨਾਂ ਵਿੱਚ ਪੂਰਨ ਤਿਆਰੀ ਕੀਤੀ ਸੀ। ਇਸੇ ਤਰ੍ਹਾਂ ਸਭਨਾਂ ਨੇ ਆਪੋ ਆਪਣੀਆਂ ਗੱਡੀਆਂ ਸਜਾਈਆ ਸਨ। ਆਪ ਸ. ਚਰਨਜੀਤ ਸਿੰਘ ਜੀ ਨਾਲ ਮਰਸਡੀਜ਼ ਗੱਡੀ ਵਿੱਚ ਬੈਠ ਗਏ। ਸਾਥੀ ਸਿੰਘਾਂ ਨੂੰ ਹੋਰ ਪ੍ਰੇਮੀਆਂ ਨੇ ਆਪਣੀਆਂ ਗੱਡੀਆਂ ਵਿੱਚ ਬਿਠਾ ਲਿਆ। ਬਾਕੀ ਦੀਆਂ ਕਾਰਾਂ ਵਾਲੇ ਜੋ ਪ੍ਰਵਾਰਾਂ ਸਮੇਤ ਆਏ ਸਨ, ਦਾਤੇ ਦੇ ਮਗਰ ਚੱਲ ਪਏ। ਕਾਫ਼ੀ ਸਮਾਂ ਹਵਾਈ ਅੱਡੇ ਤੇ ਸੰਗਤਾਂ ਨੂੰ ਦਰਸ਼ਨ ਤੇ ਨਮਸ਼ਕਾਰ ਕਰਦਿਆਂ ਲੱਗ ਗਿਆ। ਸਭ ਤੋਂ ਪਹਿਲਾਂ ਸਾਊਥਹਾਲ ਦੇ ਗੁਰਦੁਆਰੇ ਪੁੱਜੇ। ਇੰਡੀਆ ਟਾਈਮ ਸਾਢੇ ਚਾਰ ਤੇ ਇੰਗਲੈਂਡ ਦੇ ਬਾਰਾਂ ਵਜੇ ਸਨ। ਇੱਥੋਂ ਦੇ ਪ੍ਰਬੰਧਕਾਂ ਨੇ ਸੇਹਰਿਆਂ ਨਾਲ ਸਵਾਗਤ ਕੀਤਾ। ਮੇਹਰਬਾਨ ਨੇ ਭੇਟਾ ਰੱਖ ਕੇ ਗੁਰੂ ਦਰਬਾਰ ਵਿੱਚ ਨਮਸ਼ਕਾਰ ਕੀਤੀ। ਏਥੋਂ ਦੇ ਹੈੱਡ ਗ੍ਰੰਥੀ ਗੁਰਮੁਖ ਪਿਆਰੇ ਗਿਆਨੀ ਗੁਰਦੀਪ ਸਿੰਘ ਜੀ ਸਨ ਜੋ ਭਿੰਡਰਾਂ ਵਾਲੇ ਮਹਾਂਪੁਰਸ਼ਾਂ ਤੋ ਵਰੋਸਾਏ ਚੰਗੇ ਵਿਦਵਾਨ ਹਨ, ਗਿਆਨੀ ਅਮੋਲਕ ਸਿੰਘ ਰਾਗੀ ਜੋ ਪਹਿਲਾਂ ਅਫਰੀਕਾ ਵਿੱਚ ਕੀਰਤਨ ਕਰਨ ਦੀ ਡਿਊਟੀ ਕਰਦੇ ਸਨ, ਹੁਣ ਏਥੇ ਆਪਣਾ ਕੰਮ ਕਰਦੇ ਹਨ। ਇਹ ਅਤੇ ਹੋਰ ਪ੍ਰੇਮੀ ਜੋ ਹਵਾਈ ਅੱਡੇ ਤੋਂ ਨਾਲ ਆਏ ਸਨ, ਏਥੋਂ ਨਮਸ਼ਕਾਰਾਂ ਕਰ ਆਪੋ ਆਪਣੀਆਂ ਕੋਠੀਆਂ ਨੂੰ ਚਲੇ ਗਏ। ਸੰਤ ਜੀ ਮਹਾਰਾਜ ਨੇ ਜਥੇ ਦੇ ਸਿੰਘਾਂ ਸਮੇਤ, ਸ. ਮੋਹਨ ਸਿੰਘ ਆਹਲੂਵਾਲੀਏ ਦੀ ਕੋਠੀ ਪ੍ਰਸ਼ਾਦਾ ਛਕਣ ਜਾਣਾ ਸੀ ਉੱਥੇ ਪੁੱਜ ਗਏ। ਇਸ ਨੂੰ ਸ. ਚਰਨਜੀਤ ਸਿੰਘ ਦੀ ਭੂਆ ਦੀ ਲੜਕੀ ਬੀਬੀ ਭੋਲੀ ਵਿਆਹੀ ਹੋਈ ਸੀ। ਏਥੇ ਇੰਗਲੈਂਡ ਵਿੱਚ

ਇਨ੍ਹਾਂ ਦਾ ਚੰਗਾ ਕਾਰੋਬਾਰ ਹੈ। ਇਨ੍ਹਾਂ ਨੇ ਬੜਾ ਪ੍ਰੇਮ ਕੀਤਾ। ਭੇਟਾ ਰੱਖ ਕੇ ਨਮਸ਼ਕਾਰ ਕੀਤੀ। ਭਾਵਨਾ ਨਾਲ ਤਿਆਰ ਕੀਤਾ ਪ੍ਰਸ਼ਾਦ ਛਕਾਇਆ। ਉਪਰੰਤ ਆਪ ਜੀ ਉਸ ਕੋਠੀ ਵਿੱਚ ਆ ਗਏ ਜਿੱਥੇ ੪੬ ਐਥਨੀਅਮ ਰੋਡ, ਫਿੰਚਲੇ ਨਾਰਥ ੨੦ ਹਜ਼ੂਰ ਦੀ ਰਿਹਾਇਸ਼ ਦਾ ਇੰਤਜ਼ਾਮ ਕੀਤਾ ਸੀ। ਇਹ ਅਫਰੀਕਾ ਵਿੱਚੋਂ ਆਏ ਸ. ਭਾਗ ਸਿੰਘ ਦੀ ਕੋਠੀ ਸੀ। ਇਸ ਜਗ੍ਹਾ ਕਾਫ਼ੀ ਦਿਨ ਦਾਤੇ ਦੀ ਰਿਹਾਇਸ਼ ਰਹੀ। ਰੋਜ਼ ਨਵੀਆਂ ਸੰਗਤਾਂ ਦਰਸ਼ਨਾਂ ਨੂੰ ਆ ਕੇ ਭੋਗ ਮੋਖ ਦੇ ਵਾਲੀ ਕੋਲੋਂ ਲਾਭ ਪ੍ਰਾਪਤ ਕਰਦੀਆਂ। ਪਰ ਭਾਗਾਂ ਤੋਂ ਬ਼ਗ਼ੈਰ ਭਾਗ ਸਿੰਘ ਨੂੰ ਕੋਈ ਅਸਰ ਨਹੀਂ ਹੋਇਆ।

ਇਸਤਰੀ ਜ਼ਾਤੀ ਵਿੱਚ ਵਿੱਦਿਆ

ਇਉਂ ਆਪ ਜੀ ਨੇ ਲੰਡਨ ਦੀ ਧਰਤੀ ਵਿੱਚ ਚਰਨ ਪਾਏ ਅਤੇ ਸ. ਭਾਗ ਸਿੰਘ ਦੀ ਕੋਠੀ ਵਿੱਚ ਇੱਕ ਦਿਨ ਰੈਸਟ ਕਰ ਕੇ ਦੂਜੇ ਦਿਨ ੨੬-੬-੭੪ ਬੁੱਧਵਾਰ ਨੂੰ ਦੀਵਾਨ ਸ਼ੁਰੂ ਕਰ ਦਿੱਤੇ। ਸਾਊਥਹਾਲ ਗੁਰਦੁਆਰੇ (ਜੋ ਏਥੋਂ ਵੀਹ ਮੀਲ ਦੂਰ ਸੀ) ਗੁਰਦੁਆਰਾ ਸਾਊਥਹਾਲ ਲੰਡਨ ਵਿਖੇ ਸੰਗਤਾਂ ਦਾ ਹੁੰਮ ਹੁੰਮਾ ਕੇ ਇਕੱਠ ਹੋਇਆ। ਜਿਸ ਵਿੱਚ ਸਿੱਖ ਬੱਚੀਆਂ ਦਾ ਬੇਅੰਤ ਉਤਸ਼ਾਹ ਤੇ ਪਿਆਰ ਠਾਠਾਂ ਮਾਰ ਰਿਹਾ ਸੀ। ਉਸ ਸਮੇਂ ਸੰਤ ਜੀ ਮਹਾਰਾਜ ਨੇ, ਸਭ ਸੰਗਤ ਨੂੰ ਸੰਬੋਧਨ ਕਰ ਕੇ ਇਹ ਵਖ਼ਿਆਨ ਆਰੰਭ ਕੀਤਾ:

ਭਾਰਤ ਦੇ ਬਹੁਤ ਪੁਰਾਣੇ ਇਤਿਹਾਸ ਵਿੱਚ ਜਦੋਂ ਕਿ ਵਿਦਵਤਾ ਦੀ ਪੂਰੀ ਕਦਰ ਸੀ, ਉਸ ਸਮੇਂ ਇਸਤਰੀਆਂ ਨੇ ਮਰਦਾਂ ਨੂੰ ਇਸ ਮੈਦਾਨ ਵਿੱਚ ਕਈ ਵਾਰ ਪਿੱਛੇ ਛੱਡਿਆ, ਜੇਕਰ ਇਸਤਰੀ ਜ਼ਾਤੀ ਦਾ ਮੁੱਢ ਤੋਂ ਇਤਿਹਾਸ ਲਿਖਿਆ ਜਾਵੇ ਤਾਂ ਬੇਅੰਤ ਇਸਤਰੀਆਂ ਐਸੀਆਂ ਹੋਈਆਂ ਹਨ ਜਿਨ੍ਹਾਂ ਦਾ ਜੀਵਨ ਸਿੱਖਿਆਦਾਇਕ ਤੇ ਚਾਨਣ ਮੁਨਾਰੇ ਦਾ ਕੰਮ ਦਿੰਦਾ ਹੈ।

ਉਪਨਿਸ਼ਦਾਂ ਵਿੱਚ ਗਾਰਗੀ, ਚੁੜਾਲਾ, ਮਦਾਲਸਾ, ਭਾਰਤੀ ਆਦਿ ਨੇ ਵਿਦਯਕ ਚਮਤਕਾਰੇ ਉੱਚਪਾਏ ਦੇ ਦਰਸਾਏ ਹਨ। ਉਨ੍ਹਾਂ ਵਿੱਚੋਂ ਇੱਕ ਦੋ ਨਮੂਨੇ ਮਾਤਰ ਏਥੇ ਦੱਸਦੇ ਹਾਂ। ਯਥਾ:

ਮਾਤਾ ਮਦਾਲਸਾ ਦੀ ਲੋਰੀ

ਰਿਤੂ ਧੁਜ ਰਾਜਾ ਦੀ ਸੁਪਤਨੀ ਮਦਾਲਸਾ ਨੇ ਆਪਣੇ ਛੇ ਪੱਤਰਾਂ ਨੂੰ ਜੰਮਦਿਆਂ ਹੀ ਐਸੀ ਵਿੱਦਵਤਾ ਭਰੀ ਲੋਰੀ ਦਿੱਤੀ ਜੋ ਕਿ ਉਹ ਸੁਰਤ ਸੰਭਾਲਦੇ ਹੀ ਮਹਾਂ ਤਿਆਗੀ ਵਿਰਕਤ ਬਣ ਗਏ। ਰਾਜੇ ਨੇ ਮਦਾਲਸਾ ਨੂੰ ਆਖਿਆ ਕਿ ਹੁਣ ਹੋਣ ਵਾਲੇ ਪੁੱਤਰ ਨੂੰ ਐਸੀ ਤਿਆਗ ਭਰੀ ਲੋਰੀ ਨਾ ਦੇਵੀਂ ਕਿਉਂਕਿ ਮੈਨੂੰ ਰਾਜ ਭਾਗ ਸੌਂਪਣ ਲਈ ਘਰ ਬਾਰੀ ਪੁੱਤਰ ਦੀ ਲੋੜ ਹੈ। ਸਤਵਾਂ ਅਲੱਰਕ ਨਾਮੀ ਪੁੱਤਰ ਪੈਦਾ ਹੋਇਆ। ਕੁੱਝ ਦਿਨ ਮਦਾਲਸਾ ਨੇ ਬ੍ਰਹਮ ਵਿੱਦਿਆ ਦੀ ਲੋਰੀ ਨਾ ਦਿੱਤੀ ਪਰ ਪੱਕਿਆ ਅਭਿਆਸ ਕਦੋਂ ਤੱਕ ਰੁਕ ਸਕਦਾ ਸੀ। ਇੱਕ ਦਿਨ ਬ੍ਰਹਮ ਵਿੱਦਿਆ ਵਿੱਚ ਚਤੁਰ ਮਾਂ ਨੇ ਅਲੱਰਕ ਪੁੱਤਰ ਨੂੰ ਇਸ ਤਰ੍ਹਾਂ ਗਿਆਨ ਭਰੀ ਲੋਰੀ ਦਿਤੀ।

ਸਲੋਕ: ਸੁੱਧੋ ਸੀ ਬੁੱਧੋ ਸੀ ਨਰਿੰਜਨੋ ਸੀ। ਸੰਸਾਰ ਮਾਯਾ ਪਰੀ ਵਰਜਤੋ ਸੀ।

ਸੰਸਾਰ ਸੁਪਨਾ ਤੱਯਜਯ ਮੋਹ ਨਿੰਦਰਾਯ। ਮੰਦਾਲਸਾ ਵਾਕਯ ਉਬਾਚ ਪੁਤ੍ਰੰ।

ਅਰਥ: ਹੇ ਪੁੱਤਰ! ਤੂੰ ਆਪਣੇ ਆਪ ਨੂੰ ਮਾਸ ਦਾ ਲੋਥੜਾ ਮੱਤ ਮੰਨ। ਨਹੀਂ! ਨਹੀਂ! ਤੂੰ ਤਾਂ ਸ਼ੁੱਧ ਬ੍ਰਹਮ ਚੇਤਨ ਸਰੂਪ ਮਾਇਆ ਮਲ ਤੋਂ ਰਹਿਤ ਸੰਸਾਰੀ ਮੋਹ ਮਾਇਆ ਤੋਂ ਰਹਿਤ ਹੈਂ। ਸੰਸਾਰ ਸੁਪਨੇ ਦੀ ਨਿਆਈ ਤੇਰੇ ਆਤਮ ਸਰੂਪ ਵਿੱਚ ਕਲਪਤ (ਝੂਠਾ) ਹੈ ਇਸ ਲਈ ਤੂੰ ਮੋਹ ਰੂਪੀ ਨਿੰਦਰਾ ਛੱਡ ਦੇਹ।

ਇਸ ਤਰ੍ਹਾਂ ਦੇ ਵਾਕ ਮਾਤਾ ਨੇ ਆਪਣੇ ਪੁੱਤਰ ਨੂੰ ਕਹੇ ਤਾਂ ਉਹ ਬਾਲਕ ਸੁਣਦਿਆਂ ਹੀ ਨਿਰਮੋਹ ਹੋ ਗਿਆ। ਭਾਵੇਂ ਰਿਹਾ ਉਹ ਰਾਜ ਭਾਗ ਵਿੱਚ ਹੀ, ਪਰ ਸਾਰੀ ਜ਼ਿੰਦਗ਼ੀ ਰਾਜਾ ਜੋਗੀ ਬਣ ਕੇ ਨਿਰਮੋਹ ਰਾਜਾ ਕਹਾਇਆ। ਇਹ ਹੈ ਵਿਦਵਾਨ ਮਾਤਾ ਦਾ ਪ੍ਰਭਾਵ ਜੋ ਸੁਭਾਵਕ ਹੀ ਬੱਚਿਆਂ ਤੇ ਪੈਂਦਾ ਰਹਿੰਦਾ ਹੈ।

ਮਾਤਾ ਭਾਨੀ ਜੀ ਦੀ ਲੋਰੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਸਿੱਧ ਹੈ:

ਪੂਤਾ ਮਾਤਾ ਕੀ ਆਸੀਸ ॥
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥

(ਗੂਜਰੀ ਮਃ ੫ - ੪੯੬)

ਰਾਗ ਗੂਜਰੀ ਵਿੱਚ ਸਾਰਾ ਸ਼ਬਦ ਵੇਖੋ, ਜਿਸ ਦੇ ਅਸਰ ਨਾਲ ਪੰਚਮ ਪਾਤਸ਼ਾਹ ਜੀ ਕਿਤਨੇ ਉੱਚੇ ਵਿਦਵਾਨ, ਬਾਣੀ ਦੇ ਬੋਹਿਥ ਹੋਏ।

ਇਨ੍ਹਾਂ ਪ੍ਰਸੰਗਾਂ ਤੋਂ ਪਤਾ ਲੱਗਦਾ ਹੈ ਕਿ ਇਸਤ੍ਰੀ ਵਿੱਚ ਵਿੱਦਿਆ ਦਾ ਹੋਣਾ ਅਤਿ ਜ਼ਰੂਰੀ ਹੈ। ਪੜ੍ਹੀ ਲਿਖੀ ਮਾਤਾ ਘਰ ਵਿੱਚ ਸਾਰੇ ਪਰਵਾਰ ਲਈ ਚੰਗੇ ਤੋਂ ਚੰਗੇ ਮਾਸਟਰ ਦਾ ਕੰਮ ਕਰਦੀ ਹੈ। ਸੂਝਵਾਨ ਸੁਪਤਨੀ ਪਤੀ ਦੇ ਨਾਲ ਵਜ਼ੀਰ ਵਾਂਗ ਜਾਂ ਮੁਨਸ਼ੀ ਤਥਾ ਖ਼ਜ਼ਾਨਚੀ ਦਾ ਕੰਮ ਕਰਦੀ ਹੈ। ਘਰ ਦਾ ਹਿਸਾਬ ਕਿਤਾਬ, ਦੇਣਾ ਲੈਣਾ, ਚਿੱਠੀ ਪੱਤਰ, ਹਰ ਤਰ੍ਹਾਂ ਦੇ ਕੰਮਾਂ ਨੂੰ ਭੁਗਤਾਉਂਦੀ ਹੈ। ਸੋ ਇਸਤਰੀ ਜ਼ਾਤੀ ਵਿੱਚ ਵੀ ਮਨੁੱਖਾ ਵਾਂਗ ਵਿੱਦਿਆ ਦਾ ਹੋਣਾ ਲਾਜ਼ਮੀ ਹੈ। ਜਿਤਨਾ ਚਿਰ ਇਹ ਸੰਸਾਰ ਦਾ ਜ਼ਰੂਰੀ ਭਾਗ ਵਿੱਦਿਆ ਨਿਪੁੰਨ ਨਹੀਂ ਹੁੰਦਾ, ਸੰਸਾਰ ਕਦੇ ਤੇ ਕਿਸੇ ਤਰ੍ਹਾਂ ਵੀ ਖੁਸ਼ਹਾਲ ਨਹੀਂ ਹੋ ਸਕਦਾ। ਪੱਛਮੀ ਮੁਲਕਾਂ ਵਿੱਚ ਇਸਤਰੀ ਜਾਤੀ ਮਰਦਾਂ ਦੇ ਬਰਾਬਰ ਪੜ੍ਹ ਗਈ ਹੈ। ਇਸ ਨੇ ਉੱਚੇ ਤੋਂ ਉੱਚੇ ਕੰਮ ਕਰ ਵਿਖਾਏ ਹਨ। ਹਰ ਮਹਿਕਮੇ ਵਿੱਚ ਇਸਤਰੀ ਮਰਦ ਦਾ ਹੱਥ ਵਟਾ ਰਹੀ ਹੈ। ਅਮਰੀਕਾ, ਚੀਨ, ਜਾਪਾਨ ਦੀ ਇਸਤਰੀ ਪੂਰੀ ਤਰ੍ਹਾਂ ਆਪਣੇ ਵਿਦਯਕ ਜੌਹਰ ਦਿਖਾ ਰਹੀ ਹੈ। ਗੱਲ ਕੀ, ਸਾਰੇ ਮੁਲਕਾਂ ਵਿੱਚ ਇਸਤਰੀ ਜਾਤੀ ਵਿੱਦਿਆ ਦੀ ਰੌਸ਼ਨੀ ਵਿੱਚ ਘੁੰਡ ਦੇ ਪੜ੍ਹਦੇ ਪਾੜ ਕੇ ਬਾਹਰ ਨਿੱਕਲ ਆਈ ਹੈ। ਅਜੇ ਭਾਰਤੀ ਇਸਤਰੀ ਇਸ ਫਨ ਵਿੱਚ ਬਹੁਤ ਪਿੱਛੇ ਹੈ। ਪੰਜਾਬਣ ਭੈਣ ਤਾਂ ਇਸ ਤੋਂ ਹੋਰ ਭੀ ਪਿਛਾਹਾਂ ਜਾ ਰਹੀ ਹੈ। ਇਸ ਦਾ ਖਹਿੜਾ ਅਜੇ ਘੁੰਡ, ਟੂੰਬਾਂ ਤੇ ਹੋਰ ਵਹਿਮ ਪ੍ਰਸਤੀ ਨੇ ਨਹੀਂ ਛੱਡਿਆ। ਕੁੱਝ ਕੁ ਉਂਗਲਾਂ ਤੇ ਗਿਣੀਆਂ ਜਾਣ ਜੋਗੀਆਂ ਬੱਚੀਆਂ ਹੋਣਗੀਆਂ ਜਾਂ ਜੋ ਪੜ੍ਹੀਆਂ ਗੁਰਸਿੱਖੀ ਵਿੱਚ ਤਿਆਰ ਬਰ ਤਿਆਰ ਗਹਿਣੇ ਦੀ ਗ਼ੁਲਾਮੀ ਤੇ ਪੜਦੇ ਦੀ ਕੈਦ ਤੋਂ ਅਜ਼ਾਦ ਹੋਣਗੀਆਂ। ਨਹੀਂ ਤਾਂ ਅਜੇ ਸਾਡਾ ਆਲਾ ਦੁਆਲਾ ਅਵਿੱਦਿਆ ਤੇ ਮਨਮੱਤ ਦੇ ਭਿਆਨਕ ਟੋਏ ਵਿੱਚ ਡਿੱਗ ਕੇ ਦੁਖਾਂ ਦੇ ਚਿੱਕੜ ਨਾਲ ਲਿੱਬੜ ਡਰਾਉਣੀ ਸ਼ਕਲ ਅਖਤਿਆਰ ਕਰ ਰਿਹਾ ਹੈ।

ਮਾਤਾ ਭਾਰਤੀ

ਜਦੋਂ ਸ਼ੰਕਰਾਚਾਰਯ ਦਿਗ ਬਿਜੈ ਕਰਦਾ ਹੋਇਆ 'ਮਹਿਸ਼ ਮਤੀ' ਪੁਰੀ ਵਿੱਚ ਆਇਆ ਖੂਹ ਤੇ ਜਲ ਭਰਦੀਆਂ ਕੁੜੀਆਂ ਨੂੰ ਪੁੱਛਿਆ ਕਿ ਮੰਡਨ ਮਿਸ਼ਰ ਦਾ ਘਰ ਕਿਥੇ ਹੈ? ਲੜਕੀਆਂ ਨੇ ਦੱਸਿਆ ਕਿ:

ਸੁਤਹ: ਪ੍ਰਮਾਂਣ ਪਰਤਹ ਪ੍ਰਮਾਂਣ ਕੀਰਾਂਗਨਾ ਯਤ੍ਰ ਗਿਰਾ ਵਦੱਤਿ।
ਦੁਆਰਾ ਅੰਤ੍ਰਸਥਾ ਨੀੜਾਂਤ੍ਰ ਸੰਨਯ ਰੁਧਾ ਜਾਨੀਤੀ ਤਨ ਮੰਡਨ ਮਿਸਰ ਧਾਮੰ ॥੨॥
ਫ਼ਲ ਪ੍ਰਦੱ ਕਰਮ ਫ਼ਲ ਪ੍ਰਜੋਜਹ ਕੀਰਾਂਗਨਾਂ ਯਤ੍ਰ ਗਿਰਾ ਵਦੱਤਿ।
ਦੁਆਰਾ ਅੰਤ੍ਰਸਥਾ ਨੀੜਾਂਤ੍ਰ ਰੁੱਧਾ ਜਾਨੀਤੀ ਤਨ ਮੰਡਨ ਮਿਸਰ ਧਾਮੰ।
ਜਗਤ ਧੁਰਵੰ ਸਿਆਤ ਜਗਤ ਅਧੁਵੰ ਸਿਆਤ ਕੀਰਾਗਨਾਂ ਯਤ੍ਰ ਗਿਰਾਵੰਦਤਿ।
ਦੁਆਰਾ ਅੰਤ੍ਰਸਥਾ ਨੀੜਾਂਤ੍ਰੀ ਸੰਨਯ ਰੁੱਧਾ ਜਾਨੀਤੀ ਤਨ ਮੰਡਨ ਮਿਸਰ ਧਾਮੰ।

ਭਾਵ ਲੜਕੀਆਂ ਨੇ ਕਿਹਾ ਹੇ ਸੁਆਮੀ ਜੀ! ਮੰਡਨ ਮਿਸਰ ਦੇ ਘਰ ਦੀ ਨਿਸ਼ਾਨੀ ਇਹ ਹੈ ਕਿ ਜਿਸ ਘਰ ਦੇ ਬੂਹੇ ਅੱਗੇ ਪਿੰਜਰੇ 'ਚ ਇਸਥਿਤ ਹੋ ਕੇ ਤੋਤਾ ਤੇ ਮੈਨਾ ਇਹ ਚਰਚਾ ਕਰ ਰਹੇ ਹੋਣ ਉੱਥੇ ਮੰਡਨ ਮਿਸਰ ਦਾ ਘਰ ਸਮਝ ਲੈਣਾਂ। ਕੀ ਚਰਚਾ ਹੈ? ਉੱਤਰ ਸੁਣੋ ਸੁਤਹ ਪ੍ਰਮਾਣੰ ਪ੍ਰਤਹ: ਪ੍ਰਮਾਣ ਭਾਵ ਕੀ ਬ੍ਰਹਮ ਸੁਤੇ ਪ੍ਰਮਾਣ ਹੈ ਕਿ ਪ੍ਰਤੇ ਪ੍ਰਮਾਣ ਹੈ? ਇਹ ਚਰਚਾ ਜਿੱਥੇ ਪਿੰਜਰੇ ਵਿੱਚ ਬੈਠੇ ਜਾਨਵਰ ਕਰ ਰਹੇ ਹੋਣ ਉੱਥੇ ਜਾਣੀ ਮੰਡਨ ਮਿਸਰ ਦਾ ਘਰ ਹੈ। ਹੋਰ, ਫ਼ਲ ਦੇਣੇ ਵਾਲੇ ਕਰਮ ਹਨ ਕਿ ਈਸ਼ਰ? ਤੀਸਰਾ ਜਗਤ (ਧ੍ਰੁਵ) ਇਸਥਿਤ ਰਹਿਣ ਵਾਲਾ ਹੈ ਕਿ ਨਾਸਵਾਨ? ਇਹ ਵਿਚਾਰ ਜਿੱਥੇ ਪੰਛੀ ਕਰ ਰਹੇ ਹੋਣ ਉੱਥੇ ਨਿਸਚੇ ਕਰ ਕੇ ਮੰਡਨ ਮਿਸਰ ਦਾ ਘਰ ਜਾਣੀ। ਸ਼ੰਕਰਾਚਾਰਯ ਨੇ ਇਸੇ ਨਿਸ਼ਾਨੀ ਦੇ ਘਰ ਲੱਭ ਲਿਆ। ਮੰਡਨ ਮਿਸਰ ਨੂੰ ਮਿਲ ਕੇ ਸ਼ੰਕਰ ਨੇ ਆਖਿਆ ਕਿ ਮੈਂ ਤੇਰੇ ਨਾਲ ਵੇਦਾਂਤ ਵਿਸ਼ੇ ਪਰ ਸ਼ਾਸਤ੍ਰ ਅਰਥ ਕਰਨਾ ਚਾਂਹੁਦਾ ਹਾਂ। ਸ਼ਰਤ ਇਹ ਹੈ ਕਿ ਹਾਰਨ ਵਾਲਾ ਜਿੱਤਣ ਵਾਲੇ ਦਾ ਮੱਤ ਧਾਰਨ ਕਰੇਗਾ, ਅਰਥਾਤ ਉਸ ਦਾ ਚੇਲਾ ਬਣੇਗਾ। ਮਿਸਰ ਨੇ ਪ੍ਰਵਾਨ ਕੀਤਾ। ਸੱਚੇ ਝੂਠੇ, ਜਿੱਤੇ ਹਾਰੇ ਦਾ ਨਿਰਣਾ ਕਰਨ ਲਈ ਮਧਯਸਤ ਮੰਡਨ ਦੀ ਇਸਤਰੀ 'ਭਾਰਤੀ' ਕੀਤੀ। ਭਾਰਤੀ ਨੇ ਦੋ ਫੁੱਲਾਂ ਦੀਆਂ ਮਾਲਾ ਦੋਵਾਂ ਦੇ ਗਲ ਪਾ ਕੇ ਕਿਹਾ ਕਿ ਹਾਰਨ ਵਾਲੇ ਦੇ ਗਲ ਦੀ ਮਾਲਾ ਕੁਮਲਾ ਜਾਵੇਗੀ।

ਕਈ ਦਿਨ ਚਰਚਾ ਹੋਣ ਤੋਂ ਬਾਅਦ ਮੰਡਨ ਮਿਸਰ ਦਾ ਹਾਰ ਕੁਮਲਾ ਗਿਆ। ਸ਼ੰਕਰ ਦੀ ਜਿੱਤ ਤੇ ਮਿਸਰ ਦੀ ਹਾਰ ਦੇ ਡੰਕੇ ਵੱਜ ਗਏ। ਸ਼ੰਕਰ ਨੇ ਹੰਕਾਰ ਵਿੱਚ ਆ ਕੇ ਮਿਸਰ ਨੂੰ ਸ੍ਵੈ ਮੱਤ ਧਾਰਨ ਲਈ ਕਿਹਾ ਤਾਂ ਭਾਰਤੀ ਬੋਲੀ, "ਪੰਡਿਤ ਜੀ! ਅਜੇ ਮੇਰਾ ਪਤੀ ਨਹੀਂ ਹਾਰਿਆ। ਕਿਉਂਕਿ ਇਸਤਰੀ ਪਤੀ ਦੀ ਅਰਧ ਸਰੀਰੀ ਕਹੀ ਹੈ ਮੈਂ ਅਜੇ ਨਹੀਂ ਹਾਰੀ। ਭਾਵ ਕਿ ਜਿਤਨਾ ਚਿਰ ਤੁਸੀਂ ਮੈਨੂੰ ਜਿੱਤ ਨਹੀ ਲੈਂਦੇ ਉਤਨਾ ਚਿਰ ਇਹ ਹਾਰੇ ਨਹੀਂ ਮੰਨੇ ਜਾ ਸਕਦੇ।" ਸ਼ੰਕਰਾਚਾਰਯ ਜੀ ਨੇ ਆਖਿਆ ਕਿ ਮੈਂ ਇਸਤਰੀ ਨਾਲ ਸ਼ਾਸਤ੍ਰ ਅਰਥ ਨਹੀਂ ਕਰਾਂਗਾ। ਇਸ ਵਿੱਚ ਮੇਰੀ ਕੋਈ ਸ਼ੋਭਾ ਨਹੀਂ ਹੋਵੇਗੀ। ਭਾਰਤੀ ਨੇ ਕਿਹਾ ਅਨੇਕਾਂ ਇਸਤਰੀਆਂ ਰਿਸ਼ੀਆਂ ਨਾਲ ਸ਼ਾਸਤਰ ਚਰਚਾ ਕਰਦੀਆਂ ਰਹੀਆਂ ਹਨ।

ਇਸ ਵਿੱਚ ਤੁਹਾਡੀ ਕੋਈ ਹਾਨੀ ਨਹੀਂ। ਬਹੁਤਾ ਕਹਿਣ ਤੋਂ ਅਖ਼ੀਰ ਸ਼ੰਕਰ ਜੀ ਮੰਨ ਗਏ। ਚਰਚਾ ਸ਼ੁਰੂ ਹੋਈ, ਠੀਕ ਸਤਾਈ ਦਿਨ ਹੁੰਦੀ ਰਹੀ। ਅਨੇਕਾਂ ਬੇਦਾਂ ਸ਼ਾਸਤ੍ਰਾਂ ਦੀਆਂ ਜੁਗਤੀਆਂ ਉਕਤੀਆਂ ਦਾ ਨਿਰਣਾ ਤੇ ਖੰਡਨ ਮੰਡਨ ਹੁੰਦਾ ਰਿਹਾ। ਕੋਈ ਪਾਸਾ ਨਾ ਹਾਰਿਆ ਅਤੇ ਨਾ ਹੀ ਜਿੱਤਿਆ। ਅਖ਼ੀਰ ਸਰਬ ਵਿੱਦਿਆ ਨਿਪੁੰਨ ਭਾਰਤੀ ਨੇ ਕਾਮ ਸ਼ਾਸਤ੍ਰ ਵਿੱਚੋਂ ਪ੍ਰਸ਼ਨ ਕਰ ਕਾਮ ਦੇ ਨਿਵਾਸ ਅਸਥਾਨ ਪੁੱਛੇ। ਸ਼ੰਕਰ ਜੀ ਬਾਲ ਬ੍ਰਹਮਚਾਰੀ ਹੋਣ ਕਰ ਕੇ ਇਸ ਵਿਸ਼ੇ ਨੂੰ ਜਾਣਦੇ ਨਹੀਂ ਸਨ, ਕੋਈ ਗੱਲ ਨਾ ਔੜੀ। ਲੱਗੇ ਐਧਰ ਉੱਧਰ ਤੱਕਣ। ਇਸ ਵਿਸ਼ੇ ਵਿੱਚ ਹਾਰ ਮੰਨ ਕੇ ਇੱਕ ਮਹੀਨੇ ਦੀ ਮੋਹਲਤ ਮੰਗੀ, ਜੋ ਉਦਾਰ ਭਾਰਤੀ ਨੇ ਦੇ ਦਿੱਤੀ। ਸ਼ੰਕਰ ਨੇ ਚੇਲਿਆਂ ਨਾਲ ਸਲਾਹ ਕਰ ਕੇ ਸਰੀਰ ਛੱਡ ਮ੍ਰਿਤੂ ਹੋਏ ਅਮਰਕ ਰਾਜੇ ਦੇ ਸਰੀਰ ਵਿੱਚ ਜੋਗ ਬਲ ਨਾਲ ਪ੍ਰਵੇਸ਼ ਕਰ ਆਪਣੀ ਲਾਸ਼ ਸੇਵਕਾਂ ਦੇ ਸਪੁਰਦ ਕਰ ਰਾਜੇ ਦੇ ਸਰੀਰ ਵਿੱਚ ਅਨੇਕ ਕੌਤਕ ਕਰ 'ਵਾਤ ਸਾਯਨ' ਭਾਵ ਕਾਮ ਸ਼ਾਸਤ੍ਰ ਪੜ੍ਹ ਰਸ ਪ੍ਰਧਾਨ ਗ੍ਰੰਥ ਰਚੇ ਤੇ ਇਸ ਵਿਸ਼ੇ ਵਿੱਚ ਉਤੀਰਣ ਹੋ ਮੁੜ ਇਹ ਦੇਹ ਛੱਡ ਆਪਣੀ ਲਾਸ਼ ਵਿੱਚ ਪ੍ਰਵੇਸ਼ ਹੋ ਭਾਰਤੀ ਨਾਲ ਸ਼ਾਸਤ੍ਰ ਅਰਥ ਕਰ ਵਿਜੈ ਪਾਈ। ਮੰਡਨ ਮਿਸਰ ਨੂੰ ਸ਼ਿਸ਼ ਬਣਾ ਉਸ ਦਾ ਨਾਮ 'ਸੁਰੇਸਰਾ ਚਾਰਯ' ਰੱਖਿਆ।

ਇਸ ਕਥਨ ਦਾ ਭਾਵ ਇਹ ਹੈ ਕਿ ਕਿਸੇ ਸਮੇਂ ਸਾਡੇ ਦੇਸ਼ ਵਿੱਚ ਇਸਤਰੀ ਜਾਤੀ ਵਿੱਚ ਕਿਤਨੀ ਕਮਾਲ ਦੀ ਵਿੱਦਿਆ ਸੀ, ਜਿਨ੍ਹਾਂ ਨੇ ਸ਼ੰਕਰ ਵਰਗੇ ਜਗਤ ਪ੍ਰਸਿੱਧ ਵਿਦਵਾਨਾਂ ਨੂੰ ਇੱਕ ਵਾਰ ਜਿੱਤ ਕੇ ਹੈਰਾਨ ਕਰ ਦਿੱਤਾ ਸੀ। ਗਾਰਗੀ ਮੈਤ੍ਰੇਈ ਆਦਿ ਨੇ ਯਾਗਵਲਕ ਆਦਿ ਰਿਸ਼ੀਆਂ ਨੂੰ ਚਰਚਾ ਵਿੱਚ ਪਰਾਜੈ ਕੀਤਾ ਸੀ।

ਇਸਤਰੀ ਜਾਤੀ ਦਾ ਅਪਮਾਨ

ਇਤਿਹਾਸਕ ਦ੍ਰਿਸ਼ਟੀ ਦੇ ਤੱਕਣ ਤੇ ਪੜਚੋਲਨ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਿੱਚ ਹੀ ਇਸਤਰੀ ਨੂੰ ਘਿਰਨਾ ਨਾਲ ਦੇਖਿਆ ਗਿਆ। ਏਥੋਂ ਤੱਕ ਕਿ ਇਸ ਨੂੰ ਪੈਰ ਦੀ ਜੁੱਤੀ ਆਖ ਕੇ ਤ੍ਰਿਸਕਾਰਿਆ ਜਾਂਦਾ ਰਿਹਾ। ਸਮਾਜ ਵਿੱਚ ਵੀ ਕੋਈ ਥਾਂ ਨਹੀਂ ਸੀ। ਧਾਰਮਿਕ ਅਸਥਾਨਾਂ ਵਿੱਚੋਂ ਭੀ ਬਿਬਰਜਤ ਸੀ। ਕਤੇਬੀ ਮੱਤ ਅਨੁਸਾਰ ਇਸਤਰੀ ਨੂੰ ਮਸੀਤਾਂ ਵਿੱਚੋਂ ਸਦਾ ਲਈ ਖਾਰਜ ਕਰ ਦਿੱਤਾ ਗਿਆ ਸੀ ਅਤੇ ਧਾਰਮਿਕ ਚਿੰਨ੍ਹ ਤੋਂ ਭੀ ਸੱਖਣੀ ਸੀ। ਈਸਾਈ ਮੱਤ ਵਿੱਚ ਭੀ ਧਾਰਮਿਕ ਤੇ ਸਮਾਜਿਕ ਅਧਿਕਾਰਾਂ ਤੋਂ ਰਹਿਤ ਰੱਖਿਆ ਗਿਆ। ਬੁੱਧ ਮੱਤ ਅਤੇ ਹਿੰਦੂ ਧਰਮ ਨੇ ਤਾਂ ਇਸ ਵਿਚਾਰੀ ਅਬਲਾ ਨਾਲ ਪੁੱਜ ਕੇ ਅੱਤਿਆਚਾਰ ਕੀਤਾ। ਤੁਲਸੀ ਦਾਸ ਨੇ ਤਾਂ ਇਸ ਨੂੰ ਏਥੋਂ ਤੱਕ ਭੰਡਿਆ ਹੈ।

ਢੋਲ ਗਵਾਰ ਸੂਦ੍ਰ ਪਸ਼ੂ ਨਾਰੀ। ਪਾਚੋਂ ਤਾੜਨ ਕੇ ਅਧਿਕਾਰੀ।

ਸਵਾਲ ਪੈਦਾ ਹੁੰਦਾ ਹੈ ਕਿ ਇਸ ਵਿਚਾਰੀ ਨਾਲ ਇਤਨੀ ਨਫ਼ਰਤ ਤੇ ਭੇਦ ਭਰਿਆ ਵਿਤਕਰਾ ਕਿਉਂ ਕੀਤਾ ਗਿਆ? ਇਸ ਦਾ ਉੱਤਰ ਇਹ ਹੈ ਕਿ ਸ੍ਰਿਸ਼ਟੀ ਦੇ ਆਰੰਭ ਤੋਂ ਹੀ ਇਸਤਰੀ ਤੇ ਪੁਰਸ਼ ਮਿਲ ਕੇ ਸਮਾਜ ਦੀ ਉੱਨਤੀ ਦੇ ਕੰਮਾਂ ਵਿੱਚ ਬਰਾਬਰ ਦਾ ਹਿੱਸਾ ਪਾਉਂਦੇ ਰਹੇ। ਪ੍ਰੰਤੂ ਸਮਾਂ ਪਾ ਕੇ ਇੱਕ ਐਸਾ ਯੁੱਗ ਆਇਆ ਜਦ ਸਰੀਰਕ ਭਿੰਨਤਾ ਦੇ ਕਾਰਣ ਮਨੁੱਖ ਵਧੇਰੇ ਤਾਕਤ ਵਾਲਾ ਹੋ ਗਿਆ ਤਾਂ ਇਸਤਰੀਆਂ ਨੂੰ ਘਰ ਦੀ ਸੰਭਾਲ ਦਾ ਕੰਮ ਸੌਂਪਿਆ ਗਿਆ। ਸਰੀਰਕ ਬਲ ਦੀ ਪ੍ਰਧਾਨਤਾ ਹੋਣ ਕਰ ਕੇ ਹਥਿਆਰਾਂ ਦੀ ਸਹਾਇਤਾ ਨਾਲ ਮਨੁੱਖ ਜੰਗਲੀ ਦਰਿੰਦਿਆਂ ਤੋਂ ਆਪਣੀ ਅਤੇ ਪ੍ਰਵਾਰ ਦੀ ਰਾਖੀ ਕਰਦਾ। ਇਸਤਰੀ ਕੋਮਲ ਅੰਗੀ ਭਾਵਕ ਤੇ ਰੂਪਵਾਨ ਬਣ ਗਈ। ਮਰਦ ਬਲਵਾਨ ਕੁਰੱਖਤ ਤੇ ਠੋਸ ਬਣਦਾ ਚਲਾ ਗਿਆ। ਇਸ ਫ਼ਰਕ ਦੇ ਪੈਣ ਕਰ ਕੇ ਉਸ ਨੇ ਆਪਣੀ ਸਦੀਵੀ ਸਾਥਨ ਇਸਤਰੀ ਨੂੰ ਕਮਜ਼ੋਰ ਤੇ ਭੀਰੂ ਸਮਝ ਕੇ ਉਸ ਪਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ ਅਤੇ ਆਪਣੇ ਆਪ ਨੂੰ ਖੁੱਲ੍ਹਾਂ ਦਾ ਮਾਲਕ ਥਾਪ ਲਿਆ। ਇਨ੍ਹਾਂ ਪਾਬੰਦੀਆਂ ਨੇ ਭਾਵੇਂ ਸਰੀਰਕ ਤੌਰ ਤੇ ਇਸਤਰੀ ਨੂੰ ਹੋਰ ਕਮਜ਼ੋਰ ਕਰ ਦਿੱਤਾ ਪਰ ਮਾਨਸਕ ਤੌਰ ਤੇ ਉਹ ਮਰਦ ਨਾਲੋਂ ਵੀ ਅੱਗੇ ਲੰਘ ਗਈ। ਪਿਆਰ, ਸਹਿਨਸ਼ੀਲਤਾ ਤਿਆਗ ਕੇ ਕੁਰਬਾਨੀ ਆਦਿ ਗੁਣ ਮਨੁੱਖ ਨੇ ਇਸਤਰੀ ਕੋਲੋਂ ਹੀ ਸਿੱਖੇ।

ਦੁਨੀਆਂ ਦੇ ਸਾਰੇ ਧਾਰਮਿਕ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਬਹੁਤ ਸਾਰੇ ਧਰਮ ਅਚਾਰੀਆਂ ਨੇ ਇਸਤਰੀ ਜਾਤੀ ਨੂੰ ਧਾਰਮਿਕ ਫ਼ਰਜ਼ ਅਦਾ ਕਰਨ ਲਈ ਮਰਦ ਦੇ ਬਰਾਬਰ ਅਧਿਕਾਰ ਨਹੀਂ ਦਿੱਤਾ। ਇਸਲਾਮ ਨੇ ਤਾਂ ਇਸ ਸਿਲਸਿਲੇ ਵਿੱਚ ਬਹੁਤ ਹੀ ਤੰਗ ਦਿਲੀ ਵਿਖਾਈ ਹੈ ਅਤੇ ਇਸਤਰੀ ਜਾਤੀ ਨੂੰ ਜਮਾਤ ਵਿੱਚ ਸ਼ਾਮਲ ਹੋ ਕੇ ਨਿਮਾਜ਼ ਪੜ੍ਹਨ ਦੀ ਵੀ ਆਗਿਆ ਨਹੀਂ ਦਿੱਤੀ। ਕਈ ਕੁ ਧਰਮ ਆਚਾਰਯਾ ਤਾਂ ਏਥੋਂ ਤੱਕ ਲਿਖਦੇ ਹਨ ਕਿ ਮਰਦ ਨੂੰ ਕੁਰਾਹੇ ਪਾਉਣ ਵਾਲੀ ਇਸਤਰੀ ਹੀ ਹੈ। ਬਾਬਾ ਆਦਮ ਤੇ ਹਵਾ ਦੀ ਕਹਾਣੀ ਦੇ ਅਧਾਰ ਤੇ ਇਸਤਰੀ ਜਾਤੀ ਦੀ ਕਾਫ਼ੀ ਨਿੰਦਿਆ ਕੀਤੀ ਹੈ। ਬੁੱਧ ਮੱਤ ਅਨੁਸਾਰ ਇਸਤਰੀ ਉਹ ਜ਼ਹਿਰ ਹੈ ਜਿਹੜੀ ਜ਼ਹਿਰ ਹੁੰਦੀ ਹੋਈ ਵੀ ਅੰਮ੍ਰਿਤ ਦਿਸਦੀ ਹੈ। ਜੈਨ ਮੱਤ ਅਨੁਸਾਰ ਇਸਤਰੀ ਦੀ ਕਲਿਆਣ ਹੋ ਹੀ ਨਹੀਂ ਸਕਦੀ। ਇਸਲਾਮ ਕਹਿੰਦਾ ਹੈ ਦੋ ਇਸਤਰੀਆਂ ਦੀ ਉਗਾਹੀ ਇੱਕ ਮਰਦ ਦੇ ਬਰਾਬਰ ਹੈ ਅਤੇ ਇਸ ਅਨੁਸਾਰ ਇੱਕ ਮਰਦ ਚਾਰ ਇਸਤਰੀਆਂ ਰੱਖ ਸਕਦਾ ਹੈ। ਵੇਦਾਂਤ ਦੇ ਪ੍ਰਸਿੱਧ

ਆਚਾਰੀਆ ਸ਼ੰਕਰਾਚਾਰਯਾ ਦੇ ਕਥਨ ਅਨੁਸਾਰ ਇਸਤਰੀ ਬੰਧਨ ਰੂਪ ਹੈ।

ਯੂਨਾਨ ਦਾ ਫ਼ਿਲਾਸਫ਼ਰ ਅਰਸਤੂ ਕਹਿੰਦਾ ਹੈ ਕਿ ਜਿੱਥੇ ਕੁਦਰਤ ਮਨੁੱਖ ਨੂੰ ਮੁੰਕਮਲ ਕਰਨ ਵਿੱਚ ਅਸਮ੍ਰਥ ਹੈ ਉੱਥੇ ਇਸਤਰੀ ਬਣ ਗਈ। ਜਰਮਨ ਫ਼ਿਲਾਸਫ਼ਰ ਵਾਇਨਗੇ ਦਾ ਕਹਿਣਾ ਹੈ ਕਿ ਇਸਤਰੀ ਵਿੱਚ ਰੂਹ ਹੀ ਨਹੀਂ ਹੁੰਦੀ। ਇੰਗਲੈਂਡ ਦੇ ਵਿਚਾਰਵਾਨ ਚੰਸਟਸ ਬਾਊਲਸ ਦੇ ਕਹੇ ਅਨੁਸਾਰ ਇਸਤਰੀ ਕੁਦਰਤ ਦੀ ਇੱਕ ਮਜ਼ੇਦਾਰ ਭੁੱਲ ਹੈ। ਕਾਰਲ ਮਾਰਕਸ ਕਹਿੰਦਾ ਹੈ ਬਦਲੇ ਦਾ ਦੂਜਾ ਨਾਮ ਹੀ ਇਸਤਰੀ ਹੈ। ਟਾਲਸਟਾਇ ਦਾ ਕਥਨ ਹੈ ਕਿ ਇਸਤਰੀ ਤੋਂ ਕਦੇ ਵੀ ਵਫ਼ਾ ਦੀ ਆਸ ਨਹੀਂ ਕੀਤੀ ਜਾ ਸਕਦੀ, ਭਾਵ ਬੇਵਫ਼ਾਈ ਦਾ ਦੂਜਾ ਨਾਮ ਹੀ ਅਸਲ ਇਸਤਰੀ ਹੈ।

ਸ਼ੈਕਸਪੀਅਰ ਮੰਨਦਾ ਹੈ ਕਮਜ਼ੋਰੀ ਅਤੇ ਇਸਤਰੀ ਇੱਕ ਹੀ ਵਸਤੂ ਦੇ ਦੋ ਨਾਮ ਹਨ।

ਨੈਪੋਲੀਅਨ: ਇਸਤਰੀ ਕੇਵਲ ਧੋਖਾ ਹੀ ਧੋਖਾ ਹੈ।

ਤੁਲਸੀਦਾਸ: ਢੋਲ ਗਵਾਰ ਸੂਦ੍ਰ ਪਸੁ ਨਾਰੀ। ਇਹ ਪਾਚੋਂ ਤਾੜਨਕੇ ਅਧਿਕਾਰੀ।

ਸੋ ਇਸਲਾਮ ਧਰਮ ਦਾ ਦੂਜੇ ਮਤਾਂ ਪਰ ਵੀ ਕਾਫ਼ੀ ਅਸਰ ਪਿਆ ਅਤੇ ਭਾਰਤ ਵਿੱਚ ਵੀ ਕਈ ਫਿਰਕਿਆਂ ਦੇ ਲੋਕਾਂ ਨੇ ਇਸਤਰੀ ਨੂੰ ਮਰਦ ਨਾਲੋਂ ਨੀਵਾਂ ਦਰਜਾ ਦਿੱਤਾ ਪਰ ਗੁਰੂ ਸਾਹਿਬਾਂ ਨੇ ਸਿੱਖ ਧਰਮ ਵਿੱਚ ਇਸ ਦਾ ਪੂਰਾ ਸਤਿਕਾਰ ਤੇ ਆਦਰ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਇਸ ਖ਼ਿਆਲ ਵਿਰੁੱਧ ਜ਼ੋਰਦਾਰ ਅਵਾਜ਼ ਉਠਾਈ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਅਤੇ ਇਹ ਵੀ ਕਿਹਾ:

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ *(ਵਾਰ-ਆਸਾ ਮਃ ੧ - ੪੭੩)*

ਅਤੇ ਭਾਈ ਗੁਰਦਾਸ ਜੀ ਲਿਖਦੇ ਹਨ:

ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ।(ਭਾ. ਗੁਰਦਾਸ ਜੀ: ਵਾਰ ੫ ਪਉੜੀ ੧੬)

ਦੁਨੀਆਂ ਦਾ ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ ਜਦ ਤੱਕ ਮਨੁੱਖ ਨੇ ਹਰ ਜੱਦੋਜਹਿਦ ਵਿੱਚ ਇਸਤਰੀ ਜਾਤੀ ਨੂੰ ਨਾਲ ਨਹੀਂ ਲਿਆ, ਉਸ ਨੂੰ ਸਫ਼ਲਤਾ ਨਹੀਂ ਮਿਲ ਸਕੀ। ਦੇਸ਼ ਨੂੰ ਅਜ਼ਾਦੀ ਦਾ ਸਵਾਲ ਇੱਕ ਕੌਮ ਦਾ ਦੂਜੀ ਨਾਲ ਮੁਕਾਬਲਾ ਕਰਨ ਦਾ ਸਵਾਲ, ਵਿੱਦਿਆ ਪ੍ਰਚਾਰ ਦੀ ਲਹਿਰ ਚਲਾਉਣੀ ਜਾਂ ਸਮਾਜ ਸੁਧਾਰ ਵਿੱਚ ਇਸਤਰੀ ਜਾਤੀ ਦੇ ਸਹਿਯੋਗ ਤੋਂ ਬਿਨਾਂ ਮਨੁੱਖ ਨੂੰ ਸਫ਼ਲਤਾ ਮਿਲਣੀ ਕਠਨ ਹੀ ਨਹੀਂ ਬਲਕਿ ਅਸੰਭਵ ਭੀ ਹੈ।

ਜਿਨ੍ਹਾਂ ਕੌਮਾਂ ਨੇ ਇਸ ਭੇਦ ਨੂੰ ਲੱਭ ਲਿਆ ਉਹ ਉੱਨਤੀ ਦੇ ਮੈਦਾਨ ਵਿੱਚ ਬਹੁਤ ਅੱਗੇ ਲੰਘ ਗਈਆਂ। ਜਿਨ੍ਹਾਂ ਨੇ ਪੁਰਾਤਨ ਖ਼ਿਆਲਾਂ ਵਿੱਚ ਫਸ ਕੇ ਇਸਤਰੀ ਜਾਤੀ ਨੂੰ ਬਰਾਬਰ ਲਿਆਉਣ ਤੋਂ ਸੰਕੋਚ ਕੀਤਾ, ਉਹ ਪਿੱਛੇ ਰਹਿ ਗਈਆਂ। ਸਿੱਖ ਗੁਰੂਆਂ ਨੇ ਇਸ ਸਚਾਈ ਨੂੰ ਅਮਲ ਦੁਆਰਾ ਪ੍ਰਗਟ ਕਰ ਦਿੱਤਾ ਹੈ ਅਤੇ ਸਿੱਖ ਬੀਬੀਆਂ ਨੇ ਵੀ ਹਰ ਔਕੜ ਸਮੇਂ ਪੰਥ ਨੂੰ ਠੀਕ ਰਾਹ ਦਿਖਾਉਣ ਲਈ ਕੁਰਬਾਨੀ ਦੇ ਮੈਦਾਨ ਵਿੱਚ ਮਰਦਾਂ ਨਾਲ ਮੋਢਾ ਜੋੜ ਅੱਗੇ ਵੱਧ ਕੇ ਹਿੱਸਾ ਲਿਆ। ਸਿੱਖ ਇਤਿਹਾਸ ਦੇ ਸੁਨਹਿਰੀ ਵਰਕੇ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਇਸ ਨਿਮਾਣੀ ਨਿਤਾਣੀ ਸਮਾਜ ਦੀ ਦੁਰਕਾਰੀ ਤੇ ਠੁਕਰਾਈ ਅਬਲਾ ਨੇ ਕਿਵੇਂ ਸਬਲਾ ਬਣ ਕੇ ਗ਼ਰੀਬ ਨਿਤਾਣੇ ਤੇ ਆਜਜ਼ਾਂ ਨੂੰ ਜਰਵਾਣਿਆਂ ਦੇ ਹੱਥੋਂ ਬਚਾਇਆ।

ਸਭ ਤੋਂ ਪਹਿਲਾ ਹਰਮਨ ਪਿਆਰੇ ਗੁਰੂ ਨਾਨਕ ਦੇਵ ਜੀ ਦੀ ਅਸਲੀਅਤ ਤੋਂ ਮਹਿਰਮ ਹੋਣ ਦਾ ਮਾਣ ਇਸਤਰੀ ਜਾਤੀ ਵਿੱਚੋਂ ਸਤਿਕਾਰ ਯੋਗ ਬੇਬੇ ਨਾਨਕੀ ਜੀ ਨੂੰ ਪ੍ਰਾਪਤ ਹੋਇਆ। ਬੀਬੀ ਅਮਰੋ ਜੀ ਨੇ ਸੌਹਰੇ ਘਰ ਜਾ ਕੇ ਬਿਰਧ ਉਮਰਾਂ ਦੇ ਬਜ਼ੁਰਗ਼ ਅਮਰਦਾਸ ਜੀ ਨੂੰ ਗੁਰਬਾਣੀ ਦੇ ਪਾਠ ਦੁਆਰਾ ਜਾਗ ਲਾ ਕੇ ਗੁਰੂ ਕਾ ਸਿੱਖ ਬਣਾ ਕੇ ਗੁਰਗੱਦੀ ਦਾ ਮਾਲਕ ਬਣਾਇਆ। ਤੀਸਰੇ ਪਾਤਸ਼ਾਹ ਜੀ ਮਹਾਰਾਜ ਦੇ ਇਤਿਹਾਸ ਵੱਲ ਨਜ਼ਰ ਮਾਰਿਆਂ ਪਤਾ ਲੱਗਾ ਹੈ ਕਿ ਇਸ਼ਨਾਨ ਕਰਾਉਣ ਦੇ ਸਮੇਂ ਚੌਕੀ ਦਾ ਪਾਵਾ ਟੁੱਟਣ ਤੇ ਬੀਬੀ ਭਾਨੀ ਨੇ ਆਪਣੇ ਹੱਥ ਦਾ ਠੁੰਮਣਾ ਦੇ ਕੇ ਆਪਣਾ ਖ਼ੂਨ ਬਹਾ ਕੇ ਗੁਰਗੱਦੀ ਦੀ ਕਦਰ ਕਰਦਿਆਂ 'ਘਰ ਦੀ ਘਰ ਵਿੱਚ ਰਹੇ' ਦਾ ਵਰ ਮੰਗਿਆ। ਇਸੇ ਤਰ੍ਹਾਂ ਛੇਵੇਂ ਪਾਤਸ਼ਾਹ ਜੀ ਦੀ ਬੱਚੀ ਬੀਬੀ ਵੀਰੋ ਜੀ ਅਤੇ ਸੱਤਵੇਂ ਪਾਤਸ਼ਾਹ ਜੀ ਦੀ ਸਪੁੱਤਰੀ ਬੀਬੀ ਰੂਪ ਕੌਰ ਜੀ ਬੜੇ ਪੂਜਨੀਕ ਤੇ ਸਤਿਕਾਰ ਯੋਗ ਹੋਏ ਹਨ। ਉਪਰੰਤ ਖਾਲਸੇ ਦੇ ਸਾਜਨਹਾਰ ਦਸਮੇਸ਼ ਜੀ ਨੇ ਖੰਡੇ ਦਾ ਅੰਮ੍ਰਿਤ ਬਖ਼ਸ਼ ਇਸ ਨੂੰ ਬਰਾਬਰਤਾ ਦਾ ਦਰਜਾ ਦਿੱਤਾ। ਮਾਤਾ ਗੁਜਰੀ ਜੀ ਦਾ ਭਰ ਜੁਆਨੀ ਵਿੱਚ ਸਿਰ ਤੇ ਸੁਹਾਗ ਨੂੰ ਦਿੱਲੀ ਵਲ ਤੋਰਨਾ, ਮਾਤਾ ਅਜੀਤ ਕੌਰ ਜੀ ਨੇ ਪਾਣੀ ਵਿੱਚ ਪਤਾਸੇ ਪਾਉਣੇ, ਮਾਤਾ ਭਾਗੋ ਜੀ ਨੇ ਸਿੱਖਾਂ ਨੂੰ ਗੁਰੂ ਵਾਲੇ ਬਣਾ ਦੇਣਾ, ਬੀਬੀ ਹਰਸ਼ਰਨ ਕੌਰ ਨੇ ਜਮਰੌਦ ਤੋਂ ਪਿਸ਼ਾਵਰ

ਚਿੱਠੀ ਪੁਚਾਉਣੀ। ਬੀਬੀ ਦੀਪ ਕੌਰ ਆਦਿ ਹੋਰ ਸਿੱਖ ਬੱਚੀਆਂ ਦੀਆਂ ਕੁਰਬਾਨੀਆਂ ਤੇ ਸੇਵਾ ਦੀਆਂ ਕਿਤਨੀਆਂ ਉਦਾਹਰਣਾਂ ਹਨ।

ਇਸਤਰੀ ਜਾਤੀ ਦੀ ਕੁਰਬਾਨੀ

ਆਜ਼ਾਦੀ ਕਿਸ ਨੂੰ ਪਿਆਰੀ ਨਹੀਂ? ਕੌਣ ਸੁਤੰਤਰਤਾ ਨਹੀਂ ਚਾਹੁੰਦਾ? ਖ਼ੁਸ਼ੀ ਨਾਲ ਪੈਰਾਂ ਵਿੱਚ ਸੰਗਲ ਕੌਣ ਪਵਾ ਸਕਦਾ ਹੈ? ਕੇਵਲ ਇੱਕੋ ਹੀ ਬਲੀ ਤੇ ਉਹ ਮਨੁੱਖ ਦੀ ਮਾਂ ਹੀ ਹੈ। ਲਿਖਿਆ ਹੈ:

ਉਹ ਸੰਗਲ ਕਿ ਜਿਸ ਨੂੰ ਸੁੰਦਰੀ ਖੁਦ ਸ਼ਗਨਾਂ ਦੇ ਨਾਲ ਘੜਾਂਦੀ ਹੈ।
ਸੱਧਰਾਂ ਤੇ ਸ਼ਗਨਾਂ ਨਾਲ ਜਿਸਨੂੰ ਨਾਜ਼ਕ ਪੈਰਾ ਵਿੱਚ ਪਾਂਦੀ ਹੈ।
ਦੁਨੀਆਂ ਦੇ ਗਹਿਬਰ ਬੇਲੇ ਦੀ ਇੱਕ ਗੁਠੇ ਉਹ ਬੱਝ ਜਾਂਦੀ ਹੈ।
ਨਾ ਲੋੜੇ ਕਦੀ ਖਲਾਸੀ ਨੂੰ ਭਾਵੇਂ ਦੁੱਖ ਹੀ ਦੁੱਖ ਵਿਹਾਂਦੀ ਹੈ।
ਬੰਦੀ ਵਿੱਚ ਉਮਰ ਗੁਜ਼ਾਰ ਦੇਂਦੀ ਕੈਦਨ ਨੂੰ ਲੱਗਦਾ ਪਿਆਰਾ ਹੈ।
ਸੌ ਸੁਖੀ ਲੱਧਾ ਬੱਚਾ ਇੱਕ ਅੰਮਾ ਦੀ ਅੱਖ ਦਾ ਤਾਰਾ ਹੈ।

ਪਿਆਰ ਭਰੀ ਅੰਮਾਂ ਬੱਚੇ ਤੋਂ ਕੇਵਲ ਆਪਣੀ ਆਜ਼ਾਦੀ ਹੀ ਕੁਰਬਾਨ ਨਹੀਂ ਕਰਦੀ, ਸਗੋਂ ਆਪਣਾ ਜੋਬਨ ਵੀ ਖੋਰ ਖੋਰ ਕੇ ਉਸ ਨੂੰ ਪਿਆਲ ਦਿੰਦੀ ਹੈ। ਜਿਸ ਤਰ੍ਹਾਂ ਮੋਤੀ ਦੀ ਚਮਕ ਸਿੱਪੀ ਦਾ ਅੰਦਰ ਚੁੰਘ ਚੁੰਘ ਕੇ ਬਣਦੀ ਹੈ। ਉਸੇ ਤਰ੍ਹਾਂ ਜਵਾਨ ਮੁੰਡੇ ਕੁੜੀਆਂ ਦੇ ਬਣਨ ਦਾ ਹੁਸਨ ਭੀ ਉਨ੍ਹਾਂ ਹੀ ਸੁੰਦਰੀਆਂ ਦੇ ਜੋਬਨ ਨੂੰ ਚੂਸ ਚੂਸ ਕੇ ਬਣਿਆ ਹੈ ਜੋ ਕਦੀ ਸੁੰਦਰ ਮੁਟਿਆਰਾਂ ਸਨ ਤੇ ਅੱਜ ਕਰੂਪ ਬੁੱਢੜੀਆਂ ਹਨ। ਪਿਆਰ ਤੋਂ ਮਜਬੂਰ ਹੋਈ ਮਾਂ ਨੇ ਜਵਾਨੀ ਜੇਹੀ ਜਿੰਦ ਤੋਂ ਪਿਆਰੀ ਚੀਜ਼ ਭੀ ਬੱਚੇ ਨੂੰ ਕੱਟ ਕੱਟ ਕੇ ਦਿੱਤੀ ਹੈ। ਲਿਖਿਆ ਹੈ:

ਜੋਬਨ ਤੇ ਸੁੰਦਰ ਜਵਾਨੀ ਜੋ ਮੁਟਿਆਰ ਨਾਰ ਦੀ ਕੱਟਣਾ ਹੈ।
ਨੈਣਾਂ ਦੇ ਡੋਰੇ ਧੋ ਸੁੱਟਦਾ ਗੱਲ੍ਹਾਂ ਦੀ ਲਾਲੀ ਚੱਟਦਾ ਹੈ।
ਮਟਕਾਂ ਦਾ ਮੂਲ ਮਿਟਾ ਦਿੰਦਾ ਸੋਖੀ ਦੀ ਸ਼ੂੰ ਕਰ ਛੱਡਣਾ ਹੈ।
ਗੱਲ ਕੀ ਸਭ ਸੁਹਜ ਸੁਹੱਪਣ ਦਾ ਬੂਟਾ ਹੀ ਜੇਹੜਾ ਪੱਟਦਾ ਹੈ।
ਪਰ ਕੱਟਣਾ ਵੱਢਦਾ ਭੀ ਮਿੱਠਾ ਜੋ ਮਨ ਨੂੰ ਲੱਗੇ ਪਿਆਰਾ ਹੈ।
ਸੌ ਸੁਖੀ ਲੱਧਾ ਬੱਚਾ ਇੱਕ ਅੰਮਾ ਦੀ ਅੱਖ ਦਾ ਤਾਰਾ ਹੈ।

ਪਿਆਰਾਂ ਭਰੀ ਪਤਨੀ ਤੇ ਮੇਹਰਾਂ ਭਰੀ ਮਾਂ ਦੀ ਜ਼ਾਤ ਇਸਤਰੀ ਨੂੰ ਪਿਆਰ ਤੇ ਮੇਹਰ ਭਰੇ ਸਤਿਗੁਰੂ ਕਿਸ ਤਰ੍ਹਾਂ ਨਾ ਸਤਿਕਾਰਦੇ। ਸਿੱਖ ਇਤਿਹਾਸ ਵਿੱਚ ਤਾਂ ਏਥੋਂ ਤੱਕ ਲਿਖਿਆ ਹੈ ਕਿ ਜਗਤ ਉਧਾਰ ਦੇ ਮੁਦਈ ਜਗਤ ਗੁਰੂ ਨਾਨਕ ਦੇਵ ਜੀ ਨੂੰ ਇਸ ਕੰਮ ਵਿੱਚ ਲਗਾਇਆ ਹੀ ਇਸਤਰੀ ਜਾਤੀ ਨੇ ਸੀ ਜੋ ਪ੍ਰਸੰਗ ਇਸ ਪ੍ਰਕਾਰ ਹੈ:

ਜਦ ਦੌਲਤ ਖਾਂ ਨਵਾਬ ਦੇ ਮੋਦੀ ਸਤਿਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਨੇ ਦਰਗਹ ਵਿੱਚ ਆਪਣਾ ਮੋਦੀ ਬਨਾਉਣ ਲਈ ਬੁਲਾਇਆ ਤਾਂ ਉਨ੍ਹਾਂ ਨੂੰ ਅਕਾਲ ਪੁਰਖ ਦੀ ਹਜ਼ੂਰੀ ਇਤਨੀ ਮਿੱਠੀ ਲੱਗੀ ਕਿ ਉਹ ਮਾਤ ਲੋਕ ਵਿੱਚ ਵਾਪਸ ਆਉਣ ਤੋਂ ਕਤਰਾਉਣ ਲੱਗੇ ਅਤੇ ਇਸ ਹਾਲਤ ਵਿੱਚ ਹੀ ਤਿੰਨ ਰਾਤਾਂ ਗ਼ੁਜ਼ਰ ਗਈਆਂ। ਦੂਜੀ ਤਰਫ ਸੁਲਤਾਨਪੁਰ ਵਿੱਚ ਹਰਮਨ ਪਿਆਰੇ ਮੋਦੀ ਦੀ ਗ਼ੈਰਹਾਜ਼ਰੀ ਨਾਲ ਇੱਕ ਤਰਥੱਲੀ ਜੇਹੀ ਮੱਚ ਗਈ। ਨਦੀ ਵਿੱਚ ਜਾਲ ਪੁਵਾਏ ਗਏ, ਪਰ ਪਤਾ ਕੋਈ ਨ ਲੱਗਾ। ਲੋਕਾਂ ਨੇ ਜਾਣ ਲਿਆ ਜੁਆਨ ਮੋਦੀ ਨਦੀ ਵਿੱਚ ਰੁੜ੍ਹ ਗਿਆ ਹੈ। ਆਂਢਣਾਂ ਗੁਆਂਢਣਾਂ ਨੇ ਇਹ ਸ਼ੋਕ ਸਮਾਚਾਰ ਬੇਬੇ ਨਾਨਕੀ ਜੀ ਨੂੰ ਆਖ ਸੁਣਾਇਆ। ਉਹ ਚੁੱਪ ਕਰ ਕੇ ਇਸ ਆਸਨ ਤੇ ਟਿਕ ਕੇ ਬੈਠ ਗਏ ਤੇ ਉਨ੍ਹਾਂ ਨੇ ਸਮਾਧੀ ਵਿੱਚ ਹੋ ਵੀਰ ਨੂੰ ਅਕਾਲ ਪੁਰਖ ਦੇ ਚਰਨਾਂ ਨਾਲ ਲਿਪਟਿਆ ਹੋਇਆ ਤੱਕਿਆ ਤੇ ਕਿਹਾ, "ਵੀਰਨ! ਘਰ ਮੁੜ ਆਉ।" ਪਰ ਪ੍ਰਭੂ ਦੇ ਚਰਨ ਕਮਲਾਂ ਨਾਲ ਲਿਪਟੇ ਹੋਏ ਨਾਨਕ ਜੀ ਦੇ ਭਵਰ ਮਨ ਨੇ ਮੁੜਨ ਤੋਂ ਜੱਕੋ ਤੱਕਾ ਕੀਤਾ ਪਰ ਜਗਤ ਨੂੰ ਠਾਰਨ ਦੀ ਚਾਹਵਾਨ ਭੈਣ ਜੀ ਨੇ ਭੀ ਹੇਠਾਂ ਖਿੱਚਣ ਵਿੱਚ ਕਸਰ ਨਾ ਛੱਡੀ ਤੇ ਓੜਕ ਤਿੰਨ ਦਿਨ ਤੇ ਤਿੰਨ ਰਾਤਾਂ ਤੋਂ ਬਾਅਦ ਮੋਦੀ ਨਾਨਕ ਜੀ ਨੂੰ ਗੁਰੂ ਨਾਨਕ ਬਣ ਮੁੜ ਮਾਤ ਲੋਕ ਵਿੱਚ ਆਉਣਾ ਹੀ ਪਿਆ। ਲਿਖਿਆ ਹੈ:

ਵੇਈ ਵਿੱਚ ਟੁਭਾ ਲਗਾ ਨਾਨਕ ਗਏ ਨਿਜ ਧਾਮ ਨੂੰ।
ਜਾ ਦਾਤ ਦਾਤਾ ਤੋਂ ਲਈ ਰਿੱਧ ਸਿੱਧ ਗ਼ਰੀਬੀ ਨਾਮ ਨੂੰ।
ਸਭ ਲੋਕ ਆਖਣ ਡੁੱਬ ਗਏ, ਸਾਰੇ ਇਹ ਚਰਚਾ ਹੋ ਗਿਆ।
ਜਾ ਭਿਣਕ ਪਾਈ ਸੀ ਕਿਸੇ ਨੇ ਬੇਬੇ ਨਾਨਕੀ ਦੇ ਸ਼ਾਮ ਨੂੰ।

ਅਰਸ਼ਾਂ ਤੇ ਟਿਕ ਵੇਂਹਦੇ ਰਹੇ ਤਿੰਨ ਰੋਜ਼ ਦੇ ਤਿੰਨ ਰੈਨ ਸੀ।
ਫਰਸ਼ਾਂ ਤੇ ਨਾਨਕ ਖਿੱਚ ਲਿਆ ਬੇਬੇ ਨਾਨਕੀ ਦੇ ਨੈਨ ਸੀ।

ਵਾਕਿਆਤ ਇਹ ਦੱਸਦੇ ਹਨ ਕਿ ਜਗਤ ਗੁਰੂ ਜੀ ਦੇ ਦੌਰਿਆਂ ਦੀ ਸਫ਼ਲਤਾ ਵਿੱਚ ਬੇਬੇ ਨਾਨਕੀ ਜੀ ਦੀ ਮਦਦ ਦਾ ਭਾਰੀ ਹੱਥ ਸੀ। ਪਹਿਲਾਂ ਤੁਰਨ ਲੱਗਿਆਂ ਰਬਾਬ ਲਈ ਰੁਪਏ ਦੇਣੇ, ਸਫ਼ਰ ਦੀਆਂ ਹੋਰ ਸਹੂਲਤਾਂ ਮੁਹੱਈਆ ਕਰਨੀਆਂ ਅਤੇ ਆਪਣੀ ਭਰਜਾਈ ਤੇ ਭਤੀਜਿਆਂ ਦੇ ਪਾਲਣ ਦੀ ਜ਼ੁੰਮੇਂਵਾਰੀ ਉਮਰ ਭਰ ਬੇਬੇ ਜੀ ਨੇ ਆਪਣੇ ਕੰਧਿਆਂ ਤੇ ਰੱਖੀ। ਕਿਉਂਕਿ ਗੁਰੂ ਜੀ ਤਾਂ ਪ੍ਰਚਾਰ ਦੇ ਆਰੰਭ ਵਿੱਚ ਹੀ ਆਪਣੀ ਬਿਭੂਤੀ ਲੋੜਵੰਦ ਗ਼ਰੀਬਾਂ ਵਿੱਚ ਵੰਡ ਚੁੱਕੇ ਸਨ। ਸੋ ਇਨ੍ਹਾਂ ਪ੍ਰਸੰਗਾਂ ਤੋਂ ਇਹ ਸਿੱਧ ਹੋਇਆ ਕਿ ਜਗਤ ਜਨਨੀ ਇਸਤਰੀ ਕਿਤਨੀ ਮਾਣ ਤੇ ਸਤਿਕਾਰ ਯੋਗ ਹੈ। ਇਸ ਦਾ ਫ਼ਰਜ਼ ਹੈ ਇਹ ਭੀ ਆਪ ਗੁਰਮਤ ਵਿੱਚ ਪੱਕਿਆਂ ਰਹਿ ਕੇ ਜੀਵਨ ਸਾਥੀ ਪਤੀ ਦੇਵ ਦਾ ਸੁਧਾਰ ਕਰਨ ਵਿੱਚ ਸਹਿਯੋਗ ਦੇਵੇ ਅਤੇ ਬੱਚਿਆਂ ਨੂੰ ਗੁਰਮਤ ਦੇ ਧਾਰਨੀ ਬਣਾਵੇ ਕਿਉਂਕਿ ਅੰਝਾਣ ਬੱਚੇ ਵਾਸਤੇ ਮਾਤਾ ਦੀ ਗੋਦ ਹੀ ਮਹਾਨ ਕਾਲਜ ਰੂਪ ਹੈ। ਬਚਪਨ ਦੇ ਪੱਕੇ ਸੰਸਕਾਰ ਚਾਹੇ ਸ਼ੁਭ ਹਨ ਚਾਹੇ ਅਸ਼ੁਭ, ਆਖ਼ਰੀ ਸਵਾਸਾਂ ਤੱਕ ਜੀਵਨ ਦੇ ਨਾਲ ਰਹਿੰਦੇ ਹਨ।

ਇਤਿਆਦਿਕ ਸ਼ੁਭ ਪ੍ਰਵਚਨਾਂ ਦੁਆਰਾ ਸ੍ਰੀ ਸੰਤ ਜੀ ਮਹਾਰਾਜ ਨੇ ਸੰਗਤਾਂ ਨੂੰ ਦੱਸਿਆ ਕਿ ਸਿਖ ਮੱਤ ਵਿੱਚ ਗੁਰੂ ਸਾਹਿਬਾਂ ਨੇ ਇਸ ਜਗਤ ਜਨਨੀ ਨੂੰ

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥
ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥ (ਸਿਰੀਰਾਗੁ ਮਃ ੩ - ੩੨)

ਦੇ ਬਚਨਾਂ ਨਾਲ ਪੂਰਨ ਸਤਿਕਾਰਿਆ ਤੇ ਇਸਤਰੀ ਪੁਰਸ਼ ਨੂੰ ਬਰਾਬਰਤਾ ਦੀ ਪਦਵੀ ਪਰ ਥਾਪਿਆ ਹੈ।

ਏਥੇ ੧੪-੭-੭੪ ਤੱਕ ਉੱਨੀਂ ਦੀਵਾਨ ਲੱਗੇ। ਐਤਵਾਰ ਦਾ ਆਖ਼ਰੀ ਦੀਵਾਨ ਸੀ ਇਸ ਦਿਨ ਅੰਮ੍ਰਿਤ ਪ੍ਰਚਾਰ ਵੀ ਹੋਇਆ। ੮੧ ਪ੍ਰਾਣੀ ਗੁਰੂ ਕੇ ਜਹਾਜ਼ੇ ਚੜ੍ਹੇ। ਇਨ੍ਹਾਂ ਵਿੱਚੋਂ ਕਈਆਂ ਨੇ ਤਾਂ ਪਹਿਲੀ ਵਾਰ ਹੀ ਅੰਮ੍ਰਿਤ ਛਕਿਆ ਸੀ। ਕਈ ਏਧਰਲੇ ਪਤਿਤ ਹੋਏ ਦਾਤੇ ਦੇ ਦਰਸ਼ਨਾਂ ਨਾਲ ਗੁਰੂ ਘਰ ਵਲ ਵਾਪਸ ਆਏ। ਜਿਹੜੇ ਜਿਹੜੇ ਸੱਜਣਾਂ ਨੇ ਪਹਿਲਾਂ ਅੰਮ੍ਰਿਤ ਛਕਣਾ ਸੀ, ਉਹ ਤਾਂ ਪਹਿਲਾਂ ਹੀ ਸਿਆੜ੍ਹ ਵਾਲੇ ਸੰਤ ਬਾਬਾ ਮੀਹਾਂ ਸਿੰਘ ਜੀ ਪਾਸੋਂ ਛਕ ਚੁੱਕੇ ਸਨ। ਹੁਣ ਤਾਂ ਉਹ ਨਾਸਤਕ ਤੇ ਗੁਰੂ ਘਰੋਂ ਬੇਮੁਖ ਪ੍ਰੇਮੀ ਸਨ ਜੋ ਧਰਮ ਦਾ ਨਾਮ ਸੁਣਨ ਤੋਂ ਵੀ ਘਿਰਨਾ ਕਰਦੇ ਸਨ। ਸ. ਈਸ਼ਰ ਸਿੰਘ ਕਲਸੀ ਦਾ ਇੱਕ ਮਿੱਤਰ ਇਨ੍ਹਾਂ ਨੂੰ ਹਜ਼ੂਰ ਦੇ ਦੀਵਾਨ ਵਿੱਚ ਆਉਦਿਆਂ ਦੇਖ ਮਖੌਲ ਨਾਲ ਆਖਦਾ, "ਚਲ ਪਿਆ ਕੜਾਹ ਖਾਣ।" ਉਸ ਨੂੰ ਭੀ ਇੱਕ ਦਿਨ ਆਪਣੇ ਨਾਲ ਲੈ ਆਂਦਾ। ਬਸ! ਫੇਰ ਕੀ ਸੀ, ਗੱਡੀ ਤੋਂ ਉੱਤਰਦਿਆਂ ਹੀ ਦਾਤੇ ਦੀ ਅਕਸੀਰਿ ਨਜ਼ਰ ਨੇ ਕਾਬੂ ਕਰ ਲਿਆ। ਪਹਿਲਾ ਤਾਂ ਚਰਨਾਂ ਤੋਂ ਸਿਰ ਹੀ ਨਾ ਚੁੱਕੇ। ਕਈ ਸੱਜਣਾਂ ਨੇ ਹਟਾਇਆ ਪਰ ਨਾਲ ਹੀ ਚਿਮਟ ਗਿਆ। ਫੇਰ ਬੜੇ ਪਿਆਰ ਨਾਲ ਫੜ ਕੇ ਉਠਾਇਆ ਮੇਹਰਾਂ ਭਰਿਆ ਸੀਸ ਤੇ ਹੱਥ ਰੱਖਿਆ। ਦੀਵਾਨ ਵਿੱਚ ਜਾ ਕੇ ਤਾਂ ਦੇਸ਼ ਕਾਲ ਹੀ ਭੁੱਲ ਗਿਆ। ਅਨੰਦ ਵਿੱਚ ਐਸੀ ਬਿਰਤੀ ਜੁੜੀ, ਅਰਦਾਸ ਸਮੇਂ ਨਾਲ ਦੇ ਸਾਥੀਆਂ ਨੇ ਖੜ੍ਹਾ ਕੀਤਾ। ਵਾਹ! ਵਾਹ! ਦਾਤੇ ਦੇ ਰੰਗ ਫੇਰ ਤਾਂ ਓਹੀ ਸੱਜਣ ਅੰਮ੍ਰਿਤ ਪਾਨ ਕਰ ਕੇ ਗੁਰ ਉਪਦੇਸ਼ ਲੈ ਕੇ ਸਾਰਿਆਂ ਤੋਂ ਅੱਗੇ ਹੋ ਕੇ ਸੇਵਾ ਕਰਦਾ ਰਿਹਾ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਨਾਸਤਕ ਤੇ ਗਈਆਂ ਗੁਜ਼ਰੀਆਂ ਜ਼ਿੰਦਗੀਆਂ ਵਾਲੇ ਗੁਰ ਸ਼ਬਦ ਦੇ ਤੀਰ ਨਾਲ ਘਾਇਲ ਕਰ ਗੁਰੂ ਘਰ ਵਿੱਚ ਲਿਆਂਦੇ। ਇਸ ਤੋਂ ਪਿੱਛੋਂ ਬਾਰਕਿੰਗ ਈਸਟ ਲੰਡਨ ਦੇ ਟਾਊਨ ਹਾਲ ਵਿੱਚ ੧੭ ਦੀਵਾਨ ਸਜੇ। ਸਮਾਂ ਉਹੋ ਹੀ ਪਹਿਲੀ ਜਗ੍ਹਾ ਵਾਲਾ ਸੀ। ਏਸ ਥਾਂ ਪਹਿਲੀ ਜਗ੍ਹਾ ਨਾਲੋਂ ਬਹੁਤਾ ਇਕੱਠ ਹੁੰਦਾ ਸੀ। ਆਪ ਜੀ ਨੇ ਉਪਦੇਸ਼ ਦਿੱਤਾ:

ਸਤਿਪੁਰਸ਼ਾਂ ਦੀ ਸੰਗਤ ਦਾ ਅਸਰ

ਸੰਗਤ ਦਾ ਅਸਰ ਭਾਵੇਂ ਆਦਮੀ ਦੇ ਉੱਪਰ ਖ਼ਾਸ ਕਰ ਕੇ ਪੈਂਦਾ ਹੈ, ਪਰ ਦੂਸਰੀਆਂ ਜੂਨਾਂ ਵੀ ਇਸ ਤੋਂ ਖ਼ਾਲੀ ਨਹੀਂ। ਕੀ ਬਨਾਸਪਤੀ, ਕੀ ਪਸ਼ੂ ਪੰਛੀ, ਹਰ ਇੱਕ ਹੀ ਕੋਲ ਬੈਠਣ ਵਾਲੇ ਸੰਗੀ ਦਾ ਅਸਰ ਜ਼ਰੂਰ ਕਬੂਲਦਾ ਹੈ। ਬਨਾਸਪਤੀ ਦੀ ਦੁਨੀਆਂ ਵਿੱਚ ਇਹ ਇੱਕ ਖ਼ਾਸ ਪ੍ਰਮਾਣ ਹੈ। ਕਿ ਜੰਗਲ ਦੀਆ ਛੋਟੀਆਂ ਛੋਟੀਆਂ ਝਾੜੀਆਂ ਤੇ ਹੋਰ ਬ੍ਰਿਛ ਚੰਦਨ ਦੇ ਸਮੀਪ ਰਹਿਣ ਕਰ ਕੇ ਖ਼ੁਸ਼ਬੂਦਾਰ ਬਣ ਜਾਂਦੇ ਹਨ।

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥

(ਸਲੋਕ ਭਗਤ ਕਬੀਰ ਜੀ - ੧੩੬੫)

ਪਰਬਤ ਦੀਆਂ ਉੱਚੀਆਂ ਚੋਟੀਆਂ ਤੇ ਜਾ ਕੇ ਪਤਾ ਲੱਗਦਾ ਹੈ ਕਿ ਖ਼ੁਸ਼ਬੂਦਾਰ ਜੜ੍ਹੀਆਂ ਬੂਟੀਆਂ ਦੇ ਕੋਲ

ਉਗਿਆ ਹੋਇਆ ਘਾਹ ਵੀ ਸੁਗੰਧਤ ਬਣ ਜਾਂਦਾ ਹੈ। ਹੋਰ ਤਾਂ ਕੀ ਮਿੱਟੀ ਤੱਕ ਵੀ ਫੁੱਲਾਂ ਤੋਂ ਸੁਗੰਧਤ ਵਰਸਾਈ ਜਾਂਦੀ ਹੈ।

ਈਰਾਨ ਦੇ ਮਸ਼ਹੂਰ ਲਿਖਾਰੀ ਸ਼ਾਅਦੀ ਦਾ ਕਥਨ ਹੈ ਕਿ ਇੱਕ ਦਿਨ ਉਸ ਨੇ ਸਵੇਰੇ ਹੀ ਹੱਥ ਧੋਣ ਵਾਸਤੇ ਮਿੱਟੀ ਮੰਗਵਾਈ। ਹੱਥਾਂ ਤੇ ਮਲਣ ਲੱਗਿਆਂ 'ਸ਼ਾਅਦੀ' ਨੂੰ ਉਸ ਵਿੱਚੋਂ ਸੁਗੰਧੀ ਆਈ। ਸ਼ੇਖ ਨੇ ਸਮਝਿਆ ਅੰਧੇਰੇ ਦੇ ਕਾਰਨ ਲਿਆਉਣ ਵਾਲੇ ਨੇ ਮਿੱਟੀ ਦੀ ਥਾਂ ਕਸਤੂਰੀ ਜਾਂ ਅੰਬਰ ਲੈ ਆਂਦਾ ਹੈ। ਪਰ ਪਤਾ ਲੱਗਣ ਤੋਂ ਕਿ ਇਹ ਮਿੱਟੀ ਹੀ ਹੈ, ਕਵੀ ਨੇ ਹੈਰਾਨ ਹੋ ਕੇ ਉਸ ਮਿੱਟੀ ਤੋਂ ਪੁੱਛਿਆ ਤੇਰੇ ਵਿੱਚ ਇਤਨੀ ਖੁਸ਼ਬੂ ਕਿਉਂ ਹੈ? ਤਾਂ ਉਸ ਵਿੱਚੋਂ ਅਵਾਜ਼ ਆਈ ਮੈ ਹਾਂ ਤਾਂ ਨਾਚੀਜ਼ ਮਿੱਟੀ ਹੀ ਪਰ ਬਹੁਤ ਸਮਾਂ ਫੁੱਲਾਂ ਦੇ ਕੋਲ ਰਹੀ ਉਹਨਾਂ ਦੀ ਸੰਗਤ ਨੇ ਮੈਨੂੰ ਸੁਗੰਧਤ ਕਰ ਦਿੱਤਾ ਨਹੀਂ ਤਾਂ ਨਿਮਾਣੀ ਮਿੱਟੀ ਹੀ ਹਾਂ। ਯਥਾ:

ਗਿਲੇ ਖ਼ੁਸ਼ਬੂ ਦਰ ਹਮਾਮੇ ਰੋਜ਼ੇ, ਰਸੀਦ ਅਜ ਦਸਤੇ ਮਾਹਬੂਵੇ ਬਦਸਤਮ।
ਬਾ ਓ ਗੁਫ਼ਤਮ ਕਿ ਮੁਸ਼ਕੀ ਯਾ ਅਬੀਰੀ, ਕਿ ਅਜ ਖ਼ੁਸ਼ਬੂ ਦਿਲ ਵਜੇ ਤੋ ਮਸਤਮ।
ਬਿਗੁਫ਼ਤਾ ਮਨ ਗਿਲੇ ਨਾ ਚੀਜ਼ ਬੂਦਮ, ਵਲੈਕਨ ਮੁਦਤੇ ਬਾ ਗ਼ੁਲ ਨਿਸ਼ਤਮ।
ਜਮਾਲੇ ਹਮ ਨਸ਼ੀਦਰ ਮਨ ਅਸਰ ਕਰਦ, ਵਗਰਨਾ ਮਨ ਹਮਾ ਖਾਕਮ ਕਿ ਹਸਤਮ।

ਸ਼ਰਧਾਲੂ ਸੱਜਣਾਂ ਦੇ ਕੀਰਤਨ ਸੁਣ ਕੇ ਵੈਰਾਗ ਨਾਲ ਨੇਤਰ ਸਜਲ ਹੋ ਰਹੇ ਹਨ। ਬਹੁਤ ਸਾਰੀਆਂ ਟੇਪਾਂ ਲੱਗੀਆਂ, ਜਿਨ੍ਹਾਂ ਨਾਲ ਕੀਰਤਨ ਟੇਪ ਰਿਕਾਰਡ ਕੀਤਾ। ਕੈਮਰੇ ਵਾਲੇ ਸੱਜਣਾਂ ਨੇ ਫੋਟੋ ਲਈਆਂ। ਆਖ਼ਰੀ ਦਿਨ ੧੪੫ ਪ੍ਰੇਮੀਆਂ ਨੇ ਅੰਮ੍ਰਿਤ ਪਾਨ ਕੀਤਾ। ਦੋ ਦਿਨ ਰੈਸਟ ਰੱਖੀ। ਦੀਵਾਨਾਂ ਦਾ ਤੀਸਰਾ ਸੈਂਟਰ ਸ਼ੈਫਰਡ ਬੁਸ਼ ਦੇ ਗੁਰਦੁਆਰੇ ਦਾ ਸੀ। ਏਥੇ ਨੌਂ ਦੀਵਾਨ ਸਜੇ। ਬਹੁਤ ਸਾਰਾ ਇਕੱਠ ਹੁੰਦਾ ਰਿਹਾ। ਰੋਜ਼ ਹੀ ਨਵੀਂ ਸੰਗਤ ਦੀ ਗਿਣਤੀ ਵੱਧ ਤੋਂ ਵੱਧ ਹੁੰਦੀ ਗਈ। ਏਸੇ ਪੰਡਾਲ ਵਿੱਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ, ਗਿ. ਮਹਿੰਦਰ ਸਿੰਘ ਸਕੱਤਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸ. ਹੁਕਮ ਸਿੰਘ ਲੋਕ ਸਭਾ ਦੇ ਸਪੀਕਰ ਤੇ ਹਰਭਜਨ ਸਿੰਘ ਜੋਗੀ ਵੀ ਆਏ ਸਨ। ਸਾਰਿਆਂ ਨੇ ਆਪਣੇ ਭਾਸ਼ਨ ਵਿੱਚ ਬੜੇ ਸੁਲਝੇ ਸ਼ਬਦਾਂ ਨਾਲ ਸੰਤ ਜੀ ਮਹਾਰਾਜ ਦੇ ਮਹਾਨ ਪਰਉਪਕਾਰ ਦੀ ਤਾਰੀਫ ਕੀਤੀ। ਟੌਹੜਾ ਸਾਹਿਬ ਤਾਂ ਬੜੀ ਸ਼ਰਧਾ ਵਿੱਚ ਆਏ ਫ਼ਖਰ ਨਾਲ ਆਖ ਰਹੇ ਸਨ ਕਿ ਗੁਰੂ ਸੰਗਤ ਜੀ! ਜੋ ਕੁੱਝ ਮੈਨੂੰ ਅੱਜ ਤੁਸੀਂ ਮਾਨ ਪ੍ਰਾਪਤ ਹੋਇਆ ਦੇਖ ਰਹੇ ਹੋ, ਇਹ ਸਭ ਇਨ੍ਹਾਂ ਮਹਾਂਪੁਰਸ਼ਾਂ ਦੀ ਹੀ ਬਖ਼ਸ਼ਿਸ਼ ਤੇ ਕ੍ਰਿਪਾ ਹੈ। ਇਨ੍ਹਾਂ ਸ਼ਬਦਾਂ ਦਾ ਸੰਗਤਾਂ ਤੇ ਬੜਾ ਅਸਰ ਪਿਆ। ਉਹ ਹੋਰ ਵੀ ਵਧੇਰੇ ਪ੍ਰੀਤਮ ਦੇ ਸ਼ਰਧਾਲੂ ਬਣ ਗਏ।

ਇਤਨੇ ਦਿਨ ਸ. ਭਾਗ ਦੀ ਕੋਠੀ ਹੀ ਰਿਹਾਇਸ਼ ਰੱਖੀ। ਉਸ ਤੋਂ ਬਾਅਦ ਸ. ਕਰਨੈਲ ਸਿੰਘ ਗਰੇਵਾਲ ਕਿਲ੍ਹਾ ਰਾਇਪੁਰ ਵਾਲੇ ਦੇ ਲੜਕੇ ਸ. ਜਗਦੇਵ ਸਿੰਘ ਤੇ ਸ. ਪਰਮਜੀਤ ਸਿੰਘ ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕਰ ਕੇ ਜਥੇ ਸਮੇਤ ਆਪਣੀ ਕੋਠੀ ੫੩ ਕੈਂਟਰ ਵਰੀ ਵੇ, ਹਰਟਸ (ਸਟੀਵਨੇਜ) ਵਿੱਚ ਲੈ ਆਏ। ਆਪ ਜੀ ਨੇ ਰਿਹਾਇਸ਼ ਤਾਂ ਇਨ੍ਹਾਂ ਪ੍ਰੇਮੀਆਂ ਦੇ ਪਾਸ ਹੀ ਰੱਖੀ ਤੇ ਪੰਜ ਦੀਵਾਨ ਹਿਚਨ ਟਾਊਨ ਹਾਲ ਵਿੱਚ ਕੀਤੇ ਜੋ ਏਸ ਜਗ੍ਹਾ ਤੋਂ ਪੰਜ ਮੀਲ ਦੂਰ ਸੀ ਅਤੇ ਦੀਵਾਨਾਂ ਵਿੱਚ ਇਹ ਉਪਦੇਸ਼ ਕੀਤਾ।

ਪਿਆਰ ਦਾ ਸੰਗੀਤ

ਪ੍ਰਿਥਵੀ ਮੰਡਲ ਵਿੱਚ ਸੂਰਜ ਦੀ ਰਫ਼ਤਾਰ ਦੇ ਨਾਲ ਨਾਲ ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਕਦੀ ਸਰਦੀ ਕਦੀ ਗ਼ਰਮੀ, ਕਦੀ ਪੱਤਝੜ ਤੇ ਕਦੀ ਬਹਾਰ ਦਾ ਮੌਸਮ ਹੁੰਦਾ ਹੈ। ਇਸੇ ਤਰ੍ਹਾਂ ਪ੍ਰਮਾਰਥਕ ਮੰਡਲ ਵਿੱਚ ਭੀ ਸੁਰਤ ਦੀ ਰਵਾਨੀ (ਚਾਲ) ਦੇ ਨਾਲ ਨਾਲ ਕਈ ਮਾਨਸਕ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਧਰਤੀ ਤੇ ਜਦ ਠੰਢ ਹੋਵੇ ਤਾਂ ਹਮਾਮ ਤੇ ਅੰਗੀਠੀਆਂ ਦਾ ਭਖਣਾ ਅਜੇਹਾ ਪਿਆਰਾ ਲੱਗਦਾ ਹੈ ਜੇਹਾ ਕਿ ਗ਼ਰਮੀ ਦੀ ਰੁੱਤੇ ਸਰਦ ਖਾਨੇ ਦੀ ਠੰਢੀ ਹਵਾ ਤੇ ਸੁਰਾਹੀ ਦਾ ਸੀਤਲ ਜਲ ਸੁਖਦਾਈ ਹੁੰਦਾ ਹੈ। ਪੱਤਝੜ ਵਿੱਚ ਉਦਾਸੀਨਤਾ, ਬੇਰੌਣਕੀ ਤੇ ਘਬਰਾਹਟ ਅਜੇਹੀ ਹੀ ਕੁਦਰਤੀ ਹੁੰਦੀ ਹੈ ਜੇਹੀ ਕਿ ਬਸੰਤ ਬਹਾਰ ਵਿੱਚ ਉਤਸ਼ਾਹ, ਖ਼ੁਸ਼ੀਆਂ ਤੇ ਰੰਗ ਰਲੀਆਂ ਸੁਭਾਇਮਾਨ ਹੁੰਦੀਆਂ ਹਨ। ਕੁਦਰਤ ਨਾਲ ਪਿਆਰ ਕਰਨ ਵਾਲੇ ਤੇ ਉਸ ਦੀ ਨਿਯਮਾਵਲੀ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਪੰਛੀ ਆਪਣੇ ੨ ਸਮੇਂ ਸਿਰ ਆਪੋ ਆਪਣੀਆਂ ਰਾਗਨੀਆਂ ਅਲਾਪਦੇ ਹਨ। ਬਰਸਾਤ ਵਿੱਚ ਡੱਡੂ, ਅੰਬ ਫੁੱਲੇ ਤੋਂ ਕੋਕਿਲ, ਗ਼ੁਲਾਬ ਉੱਤੇ ਬੁਲਬੁਲਾਂ, ਚੰਬੇ ਤੇ ਭੌਰਾ ਬਿਨਾਂ ਕਿਸੇ ਦੇ ਸੱਦੇ ਹੀ ਆਪੋ ਆਪਣੀ ਸੰਗੀਤ ਛੇੜ ਦਿੰਦੇ ਹਨ। ਕਿਉਂਕਿ ਉਨ੍ਹਾਂ ਦੀ ਜਾਤ ਦੀ ਪਹਿਚਾਣ ਹੀ ਏਹ ਹੈ। ਉਹ ਇਸ਼ਕ ਦੇ ਰਾਹ ਦੇ ਪਾਂਧੀ ਹਨ ਅਤੇ ਆਪਣੇ ਪ੍ਰੀਤਮ ਦੀ ਆਮਦ ਉੱਤੇ ਆਪਣੇ ਜੀਵਨ ਦਾ ਸਬੂਤ ਦੇਣ ਵਾਸਤੇ ਰਸ ਭਿੰਨੇ ਸੋਹਿਲੇ ਗਾਉਣੇ ਆਰੰਭ ਕਰ ਦਿੰਦੇ ਹਨ। ਜਿਸ ਤਰ੍ਹਾਂ ਕਈ ਕੁ ਰੁੱਤਾਂ ਤਬਦੀਲ ਹੋਣ ਮਗਰੋਂ ਬਹਾਰ ਆਉਂਦੀ ਹੈ ਅਤੇ ਬਹਾਰ ਵਿੱਚ ਜੀਅ ਜੰਤ ਲਈ ਉਮਾਹ ਤੇ ਉਤਸ਼ਾਹ ਕੁਦਰਤੀ ਹੁੰਦਾ ਹੈ। ਏਸੇ ਤਰ੍ਹਾਂ ਹੀ

ਆਤਮਾਵਾਂ ਨੂੰ ਕਈ ਇੱਕ ਤ੍ਰਿਗਦ ਜੋਨ ਰੂਪੀ ਪੱਤਝੜਾਂ ਅਤੇ ਗ਼ਰਮੀਆਂ ਸਰਦੀਆਂ ਵਿੱਚੋਂ ਲੰਘਣ ਦੇ ਮਗਰੋਂ ਮਨੁੱਖਾ ਜਨਮ ਰੂਪੀ ਬਹਾਰ ਦਾ ਮੌਸਮ ਮਿਲਿਆ ਹੈ। ਇਹ ਖਿੜਾਓ ਦਾ ਸਮਾਂ ਹੈ ਤੇ ਪ੍ਰੀਤਮ ਨਾਲ ਮਿਲ ਕੇ ਰਸ ਤੇ ਪ੍ਰੇਮ ਦੇ ਝੂਲੇ ਝੂਲਣ ਦੀ ਰੁੱਤ ਹੈ। ਇਸੇ ਲਈ ਤਮਾਮ ਜੀਅ ਜੰਤ ਤੇ ਦੇਵਤੇ ਭੀ ਇਸ ਵੱਲ ਲਲਚਾਈਆਂ ਹੋਈਆਂ ਅੱਖਾਂ ਨਾਲ ਦੇਖ ਰਹੇ ਸਨ।

ਯਥਾ: ***ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥***
(ਆਸਾ ਮਃ ੫ - ੩੭੪)

ਤਥਾ: ***ਇਸ ਦੇਹੀ ਕਉ ਸਿਮਰਹਿ ਦੇਵ ॥*** (ਭੈਰਉ ਭਗਤ ਕਬੀਰ ਜੀ - ੧੧੫੯)

ਹੁਣ ਜਦ ਬਹਾਰ ਆ ਢੁੱਕੀ ਹੈ ਤਾਂ ਸੁਰਤ ਦਾ ਸੰਭਾਲਣਾ ਅਜੇਹਾ ਹੀ ਕੁਦਰਤੀ ਹੈ ਜੇਹਾ ਕਿ ਦਾਦਰ ਦਾ ਬਰਸਾਤ ਵਿੱਚ ਬੋਲਣਾ ਤੇ ਕੋਇਲ ਦਾ ਅੰਬ ਉੱਤੇ ਕੂਕਣਾ ਹੈ। ਜਦ ਛੋਟੇ ਛੋਟੇ ਪੰਛੀ ਤੇ ਭਵਰ ਜੈਸੇ ਕੀੜੇ ਭੀ ਆਪਣੇ ਫ਼ਰਜ਼ ਨੂੰ ਅਨੁਭਵ ਕਰ ਕੇ ਆਪੋ ਆਪਣੇ ਸਮੇਂ ਸਿਰ ਗਾਉਣ ਲੱਗ ਜਾਂਦੇ ਹਨ, ਤਾਂ ਹੇ ਮਨੁੱਖ! ਤੂੰ ਆਪਣੇ ਵੇਲੇ ਸਿਰ ਕਿਉਂ ਕੀਰਤਨ ਆਰੰਭ ਨਹੀਂ ਕਰਦਾ? ਭਾਵੇਂ ਬਹਾਰ ਆਪਣੀ ਜਾਤ ਵਿੱਚ ਹੀ ਬੜੀ ਸੁਆਦਲੀ ਹੁੰਦੀ ਹੈ ਪਰ ਜਿਨ੍ਹਾਂ ਦੇ ਪਤੀ ਪ੍ਰਦੇਸ ਹੋਣ ਉਨ੍ਹਾਂ ਲਈ ਦੁਖਦਾਈ ਭੀ ਡਾਹਢੀ ਹੈ। ਪਰ ਸੁਹਾਗਣਾਂ ਜਿਨ੍ਹਾਂ ਦੇ ਕੰਤ ਗ੍ਰਿਹ ਵਾਸ ਰੱਖਦੇ ਹੋਣ ਲਈ ਤਾਂ ਬੜਾ ਸੁਭਾਗ ਸਮਾਂ ਹੈ। ਤੇ ਜੇ ਕਦੀ ਨਾਲ ਹੀ ਸੇਵਾ ਵਿੱਚ ਹਾਜ਼ਰ ਹੋਣ ਦਾ ਮੌਕਾ ਮਿਲ ਜਾਵੇ ਫੇਰ ਤਾਂ ਬੜੀ ਹੀ ਸੁਖਦਾਇਕ ਗੱਲ ਹੈ। ਜੇ ਨੀਂਦਰ ਦੇ ਅਧੀਨ ਹੋ ਕੇ ਮਿਲਾਪ ਦੇ ਰਸ ਤੋਂ ਵਾਂਝੇ ਰਹਿ ਜਾਇਆ ਜਾਏ ਤਾਂ ਫੇਰ ਇਸ ਤੋਂ ਘਾਟੇ ਵਾਲੀ ਹੋਰ ਕੋਈ ਗੱਲ ਨਹੀਂ। ਸੋ ਹੇ ਜੀਵ! ਤੇਰੇ ਤੇ ਮਨੁੱਖਾ ਜਨਮ ਰੂਪ ਬਹਾਰ ਦਾ ਸਮਾਂ ਆ ਗਿਆ ਤੇ ਨਾਲ ਹੀ ਸਤਿਗੁਰੂ ਨਾਨਕ ਜੀ ਵਰਗਾ ਯਾਰ ਵੀ ਜਗਤ ਉੱਤੇ ਪ੍ਰਕਾਸ਼ ਕਰ ਚੁੱਕਾ ਹੈ ਅਤੇ ਫੇਰ ਬਚਨ ਵੀ ਹੈ ਜੋ 'ਮੈ ਅਗਨ ਕੁੰਡ ਤੋਂ ਕੱਢ ਲਓਗੇ ਤਾਂ ਤੁਹਾਡਾ ਸਿਮਰਨ ਕਰਾਂਗਾ' ਪੂਰਾ ਕਰਨ ਦਾ ਸਮਾਂ ਹੋ ਚੁੱਕਾ ਹੈ।

ਜਿਥੈ ਅਗਨਿ ਭਖੈ ਭੜਹਾਰੇ ॥ ਊਰਧ ਮੁਖ ਮਹਾ ਗੁਬਾਰੇ ॥
ਸਾਸਿ ਸਾਸਿ ਸਮਾਲੇ ਸੋਈ ਓਥੈ ਖਸਮਿ ਛਡਾਇ ਲਇਆ ॥੨॥ (ਮਾਰੂ ਮਃ ੫ - ੧੦੦੭)

ਤੇ ਹੁਣ ਜਦੋਂ ਚੌਂਕੀ ਦਾ ਵਕਤ ਹੋ ਚੁੱਕਾ ਹੈ, ਸਵਾਸਾਂ ਦੀਆਂ ਘੜੀਆਂ, ਘੜੀਆਂ ਤੋਂ ਪਹਿਰ, ਪਹਿਰਾਂ ਤੋਂ ਦਿਨ, ਦਿਨਾਂ ਤੋ ਮਹੀਨੇ ਤੇ ਸਾਲ ਬਣ ਬਣ ਕੇ ਕੀਰਤਨ ਦਾ ਸਮਾਂ ਲੰਘਦਾ ਚਲਿਆ ਜਾ ਰਿਹਾ ਹੈ, ਹੇ ਗਾਫ਼ਲ ਗਵੱਈਏ! ਤੂੰ ਅਜੇ ਆਪਣੇ ਸਾਜ ਭੀ ਸੁਰ ਨਹੀਂ ਕੀਤੇ। ਤਾਂ ਦੱਸ ਕਿ ਹੁਣ ਕਦੋਂ ਗਾਵੇਂਗਾ? ਕੀ ਤੈਨੂੰ ਪਤਾ ਨਹੀਂ ਜੋ ਬੁਲਬੁਲਾਂ ਦੇ ਆਉਣ ਉੱਤੇ ਫੁੱਲ ਖ਼ੁਸ਼ੀਆਂ ਵਿੱਚ ਖਿੜ ਜਾਂਦੇ ਹਨ? ਦੀਪਕ ਉੱਤੇ ਪੰਤਗੇ ਅਤੇ ਪਾਣੀ ਤੇ ਮੱਛੀ ਜਿਸ ਤਰ੍ਹਾਂ ਆਪਾ ਵਾਰਦੀ ਹੈ। ਉਸੇ ਹੀ ਉਤਸ਼ਾਹ ਨਾਲ ਕੀਰਤਨ ਵਿੱਚ ਜੁੜ ਜਾਣਾ ਚਾਹੀਦਾ ਹੈ। ਕਿਉਂ ਜੋ ਅੰਦਰਲੀ ਲਗਨ ਤੋਂ ਬਿਨਾਂ ਬਾਹਜਮੁਖ ਸ਼ੋਰ ਮਚਾਇਆਂ ਸੰਗੀਤ ਦੀ ਅਸਲੀ ਤਾਰ ਨਹੀਂ ਜੁੜਦੀ ਤੇ ਜਦ ਤੱਕ ਪਿਆਰ ਦੀ ਏਹੋ ਜੇਹੀ ਡੋਰੀ ਨ ਖਿੱਚੀ ਜਾਵੇ। ਜੋ ਪਿਆਰੇ ਦੇ ਮਗਰ ਮਗਰ ਹੀ ਅੱਖਾਂ ਤੁਰੀਆਂ ਫਿਰਨ ਤੇ ਚਾਰੋਂ ਪਾਸੇ ਉਸੇ ਦਾ ਹੀ ਜਲਵਾ ਨਜ਼ਰ ਆਵੇ, ਉਤਨਾ ਚਿਰ ਮਨ ਦੇ ਰਬਾਬ ਉੱਤੇ ਅਸਲੀ ਮਿਜ਼ਰਾਬ ਨਹੀਂ ਲੱਗ ਸਕਦਾ। ਆਓ! ਸੁਣੋ! ਮਨਸੂਰ ਸੰਗੀਤ ਗਾਵਨ ਵਾਸਤੇ ਸੂਲੀ ਤੇ ਚੜ੍ਹਿਆ। ਹੁਣ ਚੋਭ ਵਿੱਚੋਂ ਗੀਤ, ਖੰਜਰ ਦੇ ਵਾਰ ਵਿੱਚੋਂ ਲੈਅ, ਤੇ ਬੰਦ ਬੰਦ ਵਿੱਚੋਂ ਸੁਰਾਂ ਨਿੱਕਲ ਰਹੀਆਂ ਹਨ। ਇਸ ਲਈ ਜਦ ਇਹ ਸੰਗਤੀ ਇਤਨੀ ਮਿੱਠੀ ਹੈ, ਜੋ ਰਸੀਏ ਇਸ ਦੀ ਖ਼ਾਤਰ ਆਪਣੇ ਬੰਦ ਬੰਦ ਵੀ ਜੁਦਾ ਕਰਵਾ ਦਿੰਦੇ ਹਨ ਤਾਂ ਫਿਰ ਤੂੰ ਕਿਉਂ ਨਹੀਂ ਇਸ਼ਕ ਦੇ ਤਰਾਨੇ ਗਾਉਣੇ ਸ਼ੁਰੂ ਕਰਦਾ?

ਆਖ਼ਰੀ ਦਿਨ ੨੫ ਸਿੰਘਾਂ ਨੇ ਅੰਮ੍ਰਿਤ ਪਾਨ ਕੀਤਾ। ਦੋ ਦੀਵਾਨ ਬੈਡਫੋਰਡ ਟਾਊਨ ਦੇ ਸਕੂਲ ਵਿੱਚ ਸਜੇ। ਇਸ ਇਲਾਕੇ ਵਿੱਚ ਬਹੁਤ ਸਾਰੇ ਸੱਜਣ ਰਾਧਾ ਸੁਆਮੀ ਖ਼ਿਆਲਾਂ ਦੇ ਸਨ। ਸੰਤ ਜੀ ਮਹਾਰਾਜ ਦਾ ਦਰਸ਼ਨ ਕਰ ਕੇ ਅਤੇ ਬਚਨ ਸੁਣ ਕੇ ਅਤਿਅੰਤ ਸ਼ਰਧਾਲੂ ਬਣ ਗਏ। ਏਕਤਾਵਾਦੀ ਉਪਦੇਸ਼ ਤੇ ਪੱਖ-ਪਾਤ ਤੋਂ ਰਹਿਤ ਜਾਣ ਆਪਣੇ ਮਹਾਂਪੁਰਸ਼ਾਂ ਦੇ ਸਮਾਨ ਸਮਝ ਕੇ ਸ਼ਰਧਾ ਨਾਲ ਅੱਗੇ ਹੋ ਕੇ ਸੇਵਾ ਕਰਦੇ ਰਹੇ। ਅੰਦਰਲੀਆਂ ਰੋਸ਼ਨੀਆਂ ਤੇ ਵਾਜਿਆਂ ਦੀ ਧੁਨੀ ਅਨਹਦ ਸ਼ਬਦ ਦੀ ਝਨਕਾਰ ਤੇ ਗੁਪਤ ਭੇਦਾਂ ਦੇ ਜਾਣੂ ਹੋਏ। ਇਸ ਜਗ੍ਹਾ ਦੋਵੇਂ ਪੰਡਾਲਾਂ ਦੇ ਸੱਤੇ ਦੀਵਾਨ ਸ. ਜਗਦੇਵ ਸਿੰਘ ਦੇ ਭਣਵੀਏ ਸ. ਕਿਰਪਾਲ ਸਿੰਘ ਨੇ ਵੀਡੀਓ ਰੀਕਾਰਡਿੰਗ ਕੀਤੀ। ਅੰਮ੍ਰਿਤ ਪ੍ਰਚਾਰ ਦੀ ਵੀ ਵੀਡੀਓ ਰੀਕਾਰਡਿੰਗ ਕੀਤੀ।

ਇਉਂ ਸਾਰੇ ੫੦ ਦਿਨ ਹੋ ਗਏ ਅਗਲੇ ਅਸਥਾਨ ਤੇ ਜਾਣ ਲਈ ਤਿਆਰੀ ਕੀਤੀ ਤੁਰਨ ਸਮੇਂ ਸੰਗਤ ਦਾ ਬੇਅੰਤ ਇਕੱਠ ਜੁੜ ਗਿਆ। ਹਜ਼ੂਰ ਦੀ ਕੁਰਸੀ ਲੱਗ ਗਈ। ਸਭਨਾਂ ਨੂੰ ਖੁੱਲ੍ਹੇ ਦਰਸ਼ਨ ਦੀਦਾਰ ਤੇ ਗੁਰਸਿੱਖੀ ਵਿੱਚ ਪੱਕੇ ਰਹਿਣ ਦਾ ਉਪਦੇਸ਼ ਦਿੱਤਾ। ਸਾਰੇ ਪ੍ਰੇਮੀਆਂ ਦਾ ਨੇਤਰਾਂ ਦੁਆਰਾ ਅੰਦਰੋਂ ਵੈਰਾਗ ਡੁੱਲ੍ਹ ਡੁੱਲ੍ਹ ਬਾਹਰ ਆ ਰਿਹਾ ਸੀ। ਵੀਹ ਪੰਝੀ

ਗੱਡੀਆਂ ਵਿੱਚ ਬਹੁਤ ਸਾਰੇ ਸ਼ਰਧਾਲੂ ਕਾਫ਼ੀ ਦੂਰ ਤੱਕ ਨਾਲ ਛੱਡਣ ਆਏ। ਉਸ ਤੋਂ ਬਾਅਦ ੧੯-੮-੭੪ ਨੂੰ ਵੁਲਵਰਹੈਂਪਟਨ ਆ ਗਏ ਜੋ ਲੰਡਨ ਤੋਂ ੧੪੩ ਮੀਲ ਦੂਰ ਅਤੇ ਮਿਡਲੈਂਡ ਦਾ ਸ਼ਹਿਰ ਹੈ। ਏਥੇ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਅਫਰੀਕਾ ਤੋਂ ਆਇਆ ਸ. ਸੁਦਾਗਰ ਸਿੰਘ ਰਹਿੰਦਾ ਸੀ ਜੋ ਪੰਜਾਬ ਵਿੱਚ ਲੁਧਿਆਣੇ ਜ਼ਿਲ੍ਹੇ ਦੇ ਜਗਰਾਵਾਂ ਕੋਲ ਰੂਮੀ ਪਿੰਡ ਦਾ ਹੈ। ਇਹ ਗੁਰਮੁਖ ਪ੍ਰਵਾਰ ਸਮੇਤ ਦਾਤੇ ਦੇ ਚਰਨਾਂ ਵਿੱਚ ਪੂਰਨ ਭਾਵਨਾ ਰੱਖਣ ਵਾਲਾ ਹੈ। ਉਸ ਦੀ ਕੋਠੀ ਰਿਹਾਇਸ਼ ਰੱਖੀ ਅਤੇ ੧੩ ਦੀਵਾਨ ਕੀਤੇ। ਜਿਨ੍ਹਾਂ ਵਿੱਚੋਂ ੬ ਦੀਵਾਨ ਐਕਟੀਵਿਟਿਜ਼ ਸੈਂਟਰ ਵਿੱਚ ਤੇ ਸੱਤ ਦੀਵਾਨ ਸਿਵਲ ਹਾਲ ਵਿੱਚ ਲੱਗੇ। ਆਖ਼ਰੀ ਦਿਨ ੩੨ ਪ੍ਰੇਮੀ ਖੰਡੇ ਦਾ ਅੰਮ੍ਰਿਤ ਛਕ ਕੇ ਗੁਰੂ ਜਹਾਜ਼ੇ ਚੜੇ। ੨ ਸਤੰਬਰ ਦੀ ਰੈਸਟ ਸੀ। ੩-੯-੭੪ ਨੂੰ ਜੋ ਪਹਿਲਾਂ ਇੰਗਲੈਂਡ ਦੀ ਰਾਜਧਾਨੀ ਬਰਮਿੰਘਮ ਵਿੱਚ ਦੀਵਾਨ ਸ਼ੁਰੂ ਕਰ ਦਿੱਤੇ।

ਬਰਮਿੰਘਮ

ਇੰਗਲੈਂਡ ਵਿੱਚ ਲੰਡਨ ਤੋਂ ਬਾਅਦ ਬਰਮਿੰਘਮ ਦੂਜੇ ਦਰਜੇ ਦਾ ਸ਼ਹਿਰ ਹੈ। ਇਸ ਦੀ ਅਬਾਦੀ ਸੱਤਰ ਲੱਖ ਦੇ ਕਰੀਬ ਹੈ। ਲੋਹੇ ਦੀ ਇੰਡਸਟਰੀ ਦਾ ਸਭ ਤੋਂ ਵੱਡਾ ਕੇਂਦਰ ਹੈ। ਏਥੇ ਮੋਟਰ ਕਾਰਾਂ, ਟਰੱਕ, ਰੇਲਵੇ ਇੰਜਣ ਤੇ ਲੋਹੇ ਦਾ ਸਾਮਾਨ ਤਿਆਰ ਹੁੰਦਾ ਹੈ। ਮੀਲਾਂ ਤੱਕ ਫੈਕਟਰੀਆਂ ਦਿਸਦੀਆਂ ਹਨ। ਇਸ ਦੇ ਬਾਹਰਵਾਰ ਛੇ ਸੱਤ ਸੜਕਾਂ ਦਾ ਇੱਕ ਸੰਗਮ ਹੈ ਜੋ ਇਕ ਦੂਜੇ ਦੇ ਹੇਠੋਂ ਉੱਤੋਂ ਲੰਘਦੀਆਂ ਹਨ। ਉਹ ਇੰਜਨੀਅਰੀ ਦਾ ਕਮਾਲ ਹੈ। ਵਰਤਮਾਨ ਅੰਤਰ ਰਾਸ਼ਟਰੀ ਆਰਥਕ ਸੰਕਟ ਕਰ ਕੇ ਇੰਗਲੈਂਡ ਵਿੱਚ ਮੋਟਰ ਇੰਡਸਟਰੀ ਦੀ ਉਪਜ ਚਾਲੀ ਪੰਜਾਹ ਫੀਸਦੀ ਘਟ ਗਈ ਹੈ। ਸਵੀਡਨ ਤੇ ਜਾਪਾਨ ਦੀਆਂ ਕਾਰਾਂ ਏਥੇ ਵਿਕਦੀਆਂ ਹਨ। ਇੰਡਸਟਰੀ ਤੇ ਇਕਾਨਮੀ ਪਰ ਅਮਰੀਕਨ ਦਾ ਕਾਫ਼ੀ ਕੰਟਰੋਲ ਹੈ। ਇੰਗਲੈਂਡ, ਫਰਾਂਸ ਤੇ ਕੈਨੇਡਾ ਦੀਆਂ ਹਥਿਆਰ ਤਿਆਰ ਕਰਨ ਵਾਲੀਆਂ ਫੈਕਟਰੀਆਂ ਲਗਭਗ ਅਮਰੀਕੀ ਸਹਾਇਤਾ ਨਾਲ ਚੱਲਦੀਆਂ ਹਨ। ਇੰਗਲੈਂਡ ਪਹਾੜੀ ਇਲਾਕਾ ਹੈ, ਜ਼ਮੀਨ ਪਥਰੀਲੀ ਹੈ। ਇਸ ਕਰ ਕੇ ਉੱਥੇ ਸਿਆਲ ਵਿੱਚ ਰੁੱਖ ਰੁੱਖੇ ਲੱਗਦੇ ਹਨ। ਬਹੁਤੇ ਬ੍ਰਿਛ ਬੂਟੇ ਨਹੀਂ। ਝਾੜੀਆਂ ਵੀ ਰੁੱਖੀਆਂ ਹਨ। ਹਾਂ ਫੁੱਲ ਕਈ ਕਿਸਮਾਂ ਦੇ ਹਨ। ਪਰ ਸਾਡੇ ਦੇਸ਼ ਦੇ ਗ਼ੁਲਾਬ, ਕਿਉੜੇ, ਚੰਬੇਲੀ, ਰਵੇਲ ਤੇ ਨਰਗਸ ਵਰਗੀ ਉਨ੍ਹਾਂ ਵਿੱਚ ਖੁਸ਼ਬੂ ਨਹੀਂ। ਕਿਉਂਕਿ ਸਾਡੀ ਧਰਤੀ ਬੜੀ ਰਮਣੀਕ ਹੈ। ਕਿਤੇ ਸਮੁੰਦਰ, ਪਹਾੜ, ਮੈਦਾਨ, ਮਾਰੂਥਲ, ਬੋਹੜ, ਪਿੱਪਲ, ਚੀਲ, ਦਿਆਰ, ਅਸ਼ੋਕ, ਅੰਬ, ਜਾਮਨੂੰ ਟਾਹਲੀਆਂ ਤੇ ਕਿੱਕਰਾਂ ਹਨ। ਛੇ ਰੁੱਤਾਂ ਸੁੰਦਰਤਾ ਤੇ ਸੁਗੰਧੀ ਭਰਪੂਰ ਜੜ੍ਹੀਆਂ ਬੂਟੀਆਂ ਤੇ ਫੁੱਲ ਹਨ। ਸਿਸਰ ਰੁੱਤ ਵਿੱਚ ਕਲੀਆਂ ਤੇ ਫੁੱਲ ਖਿੜਦੇ ਸਨ। ਏਥੇ ਬਰਮਿੰਘਮ ਵਿੱਚ ਭਾਈ ਦਲੀਪ ਸਿੰਘ 'ਸਮਰਾ' ਨੇ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਦੀਵਾਨ ਦਾ ਪ੍ਰਬੰਧ ਕੀਤਾ। ਆਖ਼ਰੀ ਦਿਨ ੫੬ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕਰਿਆ। ਏਸ ਜਗ੍ਹਾ ਬਰਾਦਰੀਆਂ ਨੂੰ ਮੁੱਖ ਰੱਖ ਕੇ ਵੱਖੋ ਵੱਖ ਕੌਮਾਂ ਦੇ ਸਿੰਘਾਂ ਨੇ ਆਪੋ ਆਪਣੇ ਗੁਰਦੁਆਰੇ ਸਾਹਿਬ ਬਣਾਏ ਹਨ। ਜੇਹਾ ਕਿ ਰਾਮਗੜ੍ਹੀਆਂ ਵੱਲੋਂ ਵਿਸ਼ਕਰਮਾ ਮੰਦਰ, ਟਾਂਕ ਛਤ੍ਰੀ (ਦਰਜੀ ਸਿੰਘਾਂ ਵੱਲੋਂ) ਭਗਤ ਨਾਮ ਦੇਵ ਜੀ ਦੇ ਨਾਮ ਤੇ ਗੁਰਦੁਆਰਾ, ਹਰੀਜਨਾਂ ਵੱਲੋਂ ਰਿਸ਼ੀ ਬਾਲਮੀਕ ਮੰਦਰ। ਇਸੇ ਤਰ੍ਹਾਂ ਪ੍ਰਜਾ ਪਤ (ਘੁਮਾਰਾਂ) ਨੇ ਵੀ ਆਪਣੇ ਵੱਲੋਂ ਕਲਗੀਧਰ ਸਿੱਖ ਟੈਂਪਲ ਬਣਾਇਆ ਸੀ। ਇਨ੍ਹਾਂ ਸਾਰੇ ਅਸਥਾਨਾਂ ਵਿੱਚ ਆਪੋ ਆਪਣੀਆਂ ਕੌਮਾਂ ਦੇ ਰਾਗੀ ਗ੍ਰੰਥੀ ਤੇ ਪ੍ਰਚਾਰਕ ਰੱਖੇ ਸਨ। ਦੀਵਾਨ ਤਾਂ ਹਜ਼ੂਰ ਨੇ ਸਾਂਝੀ ਥਾਂ ਤੇ ਹੀ ਲਾਏ ਅਤੇ ਕਿਹਾ:

ਖਹਿ ਮਰਦੇ ਬਾਹਮਣ ਮੌਲਾਣੇ

ਜਿਸ ਤਰ੍ਹਾਂ ਬੱਚਿਆਂ ਨੂੰ ਖੇਲ ਖਿਆਣ ਸਮੇਂ ਦੋ ਪਾਰਟੀਆਂ ਬਣਾ ਦਿੱਤੀਆਂ ਜਾਂਦੀਆਂ ਹਨ ਅਤੇ ਖੇਲ ਵੇਖਣ ਵਾਲੇ ਦੋਹਾਂ ਪਾਰਟੀਆਂ ਨੂੰ ਸਾਮਾਨ ਨਜ਼ਰ ਨਾਲ ਹੀ ਤੱਕਦੇ ਹਨ। ਪ੍ਰੰਤੂ ਇਨਾਮ ਉਹੋ ਪਾਰਟੀ ਲੈਂਦੀ ਹੈ ਜੋ ਜਿੱਤਦੀ ਹੈ। ਇਸੇ ਤਰ੍ਹਾਂ ਹੀ ਸਿਰਜਨਹਾਰ ਨੇ ਸ੍ਰਿਸਟੀ ਰਚਨਾ ਵਿੱਚ ਮਨੁੱਖ ਜਨਮ ਦੀ ਖੇਲ ਖੇਲਣ ਵਾਸਤੇ ਪ੍ਰਕਿਤੀ ਅਤੇ ਜੀਵ ਆਤਮਾ ਦੀਆਂ ਦੋ ਪਾਰਟੀਆਂ ਬਣਾਈਆਂ ਹਨ। ਮਨੁੱਖ ਨੂੰ ਜੀਵਨ ਕਣੀ ਰੂਪੀ ਲਾਲ ਦੇ ਕੇ ਮਾਇਆ ਠੱਗਨੀ ਨੂੰ ਠੱਗਣ ਵਾਸਤੇ ਮਗਰ ਲਗਾਇਆ ਹੈ। ਉਹ ਠੱਗਣ ਦੀ ਕੋਸ਼ਿਸ਼ ਕਰਦੀ ਹੈ ਅਤੇ ਇਹ ਬਚਾਣ ਦਾ ਯਤਨ ਕਰਦਾ ਹੈ। ਗੁਰੂ ਜੀ ਨੇ ਇਸ ਨੂੰ ਸਾਵਧਾਨ ਕਰਨ ਵਾਸਤੇ ਕਿਹਾ ਹੈ:

ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥
ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥
ਅਬ ਮਨ ਜਾਗਤ ਰਹੁ ਰੇ ਭਾਈ ॥
ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥

(ਗਉੜੀ ਭਗਤ ਕਬੀਰ ਜੀ - ੩੩੯)

ਹੇ ਭਾਈ! ਤੂੰ ਜਾਗਦਾ ਰਹੁ ਅਤੇ ਇਸ ਨਟਨੀ ਦੀ ਠੱਗੀ ਵਿੱਚ ਨਾ ਆ। ਨਹੀਂ ਤਾਂ ਤੇਰੀ ਪੂੰਜੀ ਹਰੀ ਜਾਵੇਗੀ। ਇੱਕ ਪਾਸੇ ਸਤਿਗੁਰੂ ਇਸ ਤਰਾਂ ਸੁਚੇਤ ਕਰ ਰਹੇ ਹਨ ਅਤੇ ਦੂਜੇ ਪਾਸੇ ਮਾਇਆ ਆਪਣੇ ਰੰਗ ਬਰੰਗੇ ਭੇਸ ਵਟਾ ਕੇ ਚਿੱਤ ਹਰਨ ਲਈ ਦਾਓ ਤੱਕ ਰਹੀ ਹੈ। ਉਸ ਨੇ ਚੰਚਲ ਕਾਮ ਕੰਦਲਾ ਦੀ ਤਰ੍ਹਾਂ ਆਪਣੇ ਸੰਕਲਪ ਵਿਕਲਪ ਰੂਪੀ ਨੇਤਰਾਂ ਨਾਲ ਤ੍ਰਿਸ਼ਨਾ ਦੇ ਡੋਰੇ ਬੱਧੇ ਹੋਏ ਹਨ। ਜਿਸ ਵੇਲੇ ਮਸਤੀ ਨਾਲ ਮਨੁੱਖ ਵੱਲ ਦੇਖਦੀ ਹੈ ਤਾਂ ਉਸ ਦਾ ਸਾਰਾ ਗਿਆਨ ਧਿਆਨ ਰਹਿ ਜਾਂਦਾ ਹੈ। ਅਤੇ ਪ੍ਰਭੂ ਪ੍ਰੇਮ ਨੂੰ ਛੱਡ ਕੇ ਇਸ ਗਨਕਾ ਵਤ ਛਲਨੀ ਦਾ ਚਾਹਵਾਨ ਹੋ ਜਾਂਦਾ ਹੈ।

ਇਨ੍ਹ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥੧॥ ਰਹਾਉ ॥

(ਬਿਲਾਵਲੁ ਭਗਤ ਕਬੀਰ ਜੀ - ੮੫੭)

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥
ਹਮ ਰਾਖੇ ਗੁਰ ਆਪਨੇ ਉਨਿ ਕੀਨੌ ਆਦੇਸੁ ॥੮॥

(ਸਲੋਕ ਭਗਤ ਕਬੀਰ ਜੀ - ੧੩੬੪)

ਮਾਇਆ ਦੇ ਅੱਡੇ ਚੜ੍ਹਦਿਆਂ ਉਸ ਨੇ ਤ੍ਰਿਸ਼ਨਾ ਦਾ ਅਜਿਹਾ ਤਲਖ ਨਸ਼ਾ ਪਿਲਾਇਆ ਜੋ ਉਸ ਤੋਂ ਗਫ਼ਲਤ, ਸੁਸਤੀ ਦੇ ਢਹਿੰਦੀਆਂ ਕਲਾਂ ਵਿੱਚ ਮਨ ਚਲਿਆ ਗਿਆ। ਸੱਪ ਦੇ ਮਣੀ ਗੁਵਾਚਨ ਵਾਂਗ ਜਦ ਬਿਹਬਲ ਹੋ ਕੇ ਫਿਰਨ ਲੱਗੇ ਤੇ ਦੁਹਾਈ ਦਿੱਤੀ ਤਾਂ ਲੋਕਾਂ ਕਿਹਾ ਕਿ ਧਰਮ ਅਸਥਾਨਾਂ 'ਚ ਪੁੱਜੋ। ਕਦੀ ਠਾਕੁਰ ਦੁਆਰੇ ਤੇ ਕਦੀ ਮਸੀਤਾਂ ਗਏ। ਉਹ ਖ਼ੁਦਾ ਦੇ ਘਰ ਦੱਸੀਂਦੇ ਸਨ। ਅੰਦਰ ਧਾਰਮਿਕ ਪੋਥੀਆਂ ਪਈਆਂ ਸਨ। ਗੱਲਾਂ ਪ੍ਰਮਾਰਥ ਦੀਆਂ ਹੁੰਦੀਆਂ ਸਨ। ਸਮਝਿਆ ਜੋ ਏਥੇ ਉਸ ਨਟਨੀ ਦਾ ਦਾਓ ਨਹੀਂ ਚਲੇਗਾ। ਪਰ ਥੋੜ੍ਹੀ ਦੇਰ ਪਿੱਛੋਂ ਕੀ ਦੇਖਿਆ ਕਿ ਪੰਡਤ ਅਤੇ ਮੌਲਵੀ ਜੀ ਆਪ ਕਰੋਧ ਨਾਲ ਭਰੇ ਬੈਠੇ ਹਨ। ਤਿੱਖੇ ਬਚਨ ਅਤੇ ਈਰਖਾਵਾਦ ਦਾ ਉਪਦੇਸ਼ ਤੇ ਵਾਅਜ ਆਪਣੇ ਚੇਲਿਆਂ ਤੇ ਉੱਮਤ ਨੂੰ ਕਰ ਰਹੇ ਹਨ। ਦੋਹੀਂ ਧਿਰੀ ਫਸਾਦ: ਤੋੜੋ, ਮਾਰ ਲਓ ਤੇ ਨਾਲ ਨਾਂ ਲੱਗੋ ਦੀ ਅਵਾਜ਼ ਆ ਰਹੀ ਸੀ। ਪਰਸਪਰ ਮਲੇਛ ਤੇ ਕਾਫਰ ਆਖ ਆਖ ਦਿਲ ਦੇ ਗ਼ੁਬਾਰ ਕੱਢ ਰਹੇ ਸਨ। ਅਸਚਰਜ ਹੋ ਪੁੱਛਿਆ, ਖ਼ੁਦਾ ਦੇ ਘਰ ਵਿੱਚ ਇਹ ਅਸ਼ਾਂਤੀ ਕਿਉਂ? ਹਿਮਾਲਾ ਵਿੱਚ ਗ਼ਰਮੀ? ਸੂਰਜ ਵਿੱਚ ਠੰਢ? ਅਗਨੀ ਵਿੱਚ ਬਹਾਓ? ਅਤੇ ਜਲ ਵਿੱਚ ਜਲਨ ਕਿਉਂ ਹੈ? ਖੋਜ ਕਰਨ ਤੋਂ ਪਤਾ ਲੱਗਾ ਕਿ ਇਹ ਪਾਰਟੀਆਂ ਬਾਹਜਮੁਖ ਕਰਮ ਤਾਂ ਪ੍ਰਮੇਸ਼ਰ ਪ੍ਰਾਇਣ ਹੋ ਕੇ ਕਰ ਰਹੀਆਂ ਸਨ ਪਰ ਨਕਦੀ ਮਾਇਆ ਦਾਓ ਤੱਕ ਕੇ ਅੰਦਰ ਵੜ ਗਈ ਤੇ ਅੰਦਰੋਂ ਚਮਕਾਰਾ ਮਾਰ ਕੇ ਬਾਹਰ ਸਾਰੇ ਜਗਤ ਵਿੱਚ ਗਿਲਾਨ, ਈਰਖਾ ਤੇ ਝਗੜਾ ਫੈਲਾ ਦਿੱਤਾ। ਹੁਣ ਮੌਲਵੀ ਅੱਲਾ ਨੂੰ ਵਿਆਪਕ ਮੰਨਦਾ ਹੋਇਆ ਬ੍ਰਾਹਮਣ ਅਤੇ ਠਾਕੁਰ ਦੁਆਰੇ ਨੂੰ ਉਸ ਤੋਂ ਖ਼ਾਲੀ ਸਮਝਦਾ ਹੈ। ਦਿਲ ਨੂੰ ਖ਼ੁਦਾ ਦਾ ਘਰ ਕਹਿੰਦਾ ਹੋਇਆ ਭੀ ਢਾਹੀ ਜਾਂਦਾ ਹੈ ਤੇ ਪੰਡਤ ਠਾਕਰਾਂ ਨੂੰ ਪੱਥਰ ਦੀ ਮੂਰਤੀ ਤੱਕ ਭੀ ਵਿਆਪਕ ਮੰਨ ਕੇ, ਸੂਰ, ਮੱਛ ਤੇ ਕੱਛ ਵਿੱਚ ਭੀ ਉਸ ਦੀ ਜੋਤ ਨੂੰ ਪ੍ਰਤੀਤ ਕਰਦਾ ਹੋਇਆ ਮੁਸਲਮਾਨ ਤੇ ਤਨ ਨੂੰ ਉਸ ਤੋਂ ਖ਼ਾਲੀ ਸਮਝਦਾ ਹੈ। ਗਿੱਲੀ ਲੱਕੜ ਦੀ ਦਾਤਨ ਤਾਂ ਨਹੀਂ ਵੱਢਦਾ ਕਿਉਂਕਿ ਉਸ ਨੂੰ ਕਸ਼ਟ ਦੇ ਕੇ ਹਿੰਸਕ ਨਾ ਬਣ ਜਾਵੇ ਪਰੰਤੂ ਮਲੇਛ ਦੇ ਦਿਲ ਨੂੰ ਤੋੜਦਾ ਹੋਇਆ ਕੋਈ ਪਾਪ ਪ੍ਰਤੀਤ ਨਹੀਂ ਕਰਦਾ।

ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ ॥੨੧॥

(ਭਾ. ਗੁਰਦਾਸ ਜੀ: ਵਾਰ ੧ ਪਉੜੀ ੨੧)

ਜੇ ਮੰਦਰਾਂ ਵਿੱਚ ਵੀ ਇਸ ਨੇ ਆਪਣਾ ਜਾਲ ਵਿਛਾ ਲਿਆ, ਉਪਦੇਸ਼ ਦਾਤਾ ਲੋਕ ਆਪ ਇਸ ਦੇ ਕੁੰਡਲ ਵਿੱਚ ਫਸ ਗਏ। ਸਾਰਾ ਜਗਤ ਇਸ ਨੇ ਜਿੱਤ ਲਿਆ। ਤਾਂ ਹੁਣ ਕੀ ਕੀਤਾ ਜਾਵੇ? ਜੇ ਚੁੱਪ ਕਰ ਰਹੀਏ ਤਾਂ ਇਹ ਆਤਮ ਧਨ ਲੁਟੀਂਦਾ ਹੈ ਤੇ ਸੁੰਨ ਹੋਇਆਂ ਜੀਵਨ ਯਾਤਰਾ ਨਿਸਫ਼ਲ ਹੁੰਦੀ ਹੈ। ਇਸ ਲਈ ਪ੍ਰਮੇਸ਼ਰ ਅੱਗੇ ਦੁਹਾਈ ਹੈ ਜੇ ਉਹੋ ਹੀ ਕ੍ਰਿਪਾ ਕਰ ਕੇ ਸਾਡੇ ਸਿਰ ਤੇ ਰਹਿਮਤ ਦਾ ਹੱਥ ਰੱਖੇ। ਤਦੇ ਹੀ ਇਸ ਯੁੱਧ ਰੂਪੀ ਖੇਲ ਵਿੱਚ ਆਪਣੀ ਮੁਖਾਲਫ ਪਾਰਟੀ

ਨਾਲ ਖੇਲ ਕਰ ਸਕਦੇ ਹਾਂ ਅਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ। ਯਥਾ:

ਬਾਹਰ ਕੀ ਅਗਨਿ ਬੂਝਤ ਜਲ ਸਰਤਾ ਕੈ ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ ।
ਬਾਹਰ ਸੈ ਭਾਗਿ ਓਟ ਲੀਜੀਅਤ ਕੋਟ ਗੜ ਗੜ ਮੈ ਜਉ ਲੂਟਿ ਲੀਜੈ ਕਹੋ ਕਤ ਜਾਈਐ ।
ਚੋਰਨ ਕੈ ਤ੍ਰਾਸ ਜਾਇ ਸਰਨਿ ਗਹੈ ਨਰਿੰਦ ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ।
ਮਾਇਆ ਡਰ ਡਰਪਤ ਹਾਰ ਗੁਰਦੁਅਰੈ ਜਾਵੈ
ਤਹਾ ਜਉ ਮਾਇਆ ਬਿਆਪੈ ਕਹਾ ਠਹਰਾਈਐ ॥੫੪॥

(ਕਬਿੱਤ ਭਾਈ ਗੁਰਦਾਸ ਜੀ)

ਮੰਦਰ ਮਸੀਤ ਦਾ ਭੇਦ

ਜਿਸ ਤਰ੍ਹਾਂ ਸਕੂਲ ਦਾ ਮਾਸਟਰ ਮਨ ਪ੍ਰਚਾਵੇ ਵਾਸਤੇ ਬੱਚਿਆਂ ਦੀਆਂ ਦੋ ਟੋਲੀਆਂ ਬਣਾ, ਵਿੱਚ ਗੇਂਦ ਰੱਖ ਦੇਂਦਾ ਹੈ ਤੇ ਦੋਵਾਂ ਸ਼ਰੇਣੀਆਂ ਨੂੰ ਦਿਲਬਰੀਆਂ ਦੇ ਕੇ ਖਿਲਾਉਂਦਾ ਹੈ। ਉਸੇ ਤਰ੍ਹਾਂ ਪ੍ਰਮੇਸ਼ਰ ਅੰਤਰਯਾਮੀ ਸੱਚੇ ਮਾਸਟਰ ਨੇ ਇਸ ਸੰਸਾਰ ਮਦਰਸੇ ਵਿੱਚ ਦੈਵ ਸੰਪਦੀ ਤੇ ਆਸੁਰੀ ਸੰਪਦੀ ਦੀਆਂ ਦੋ ਟੋਲੀਆਂ ਬਣਾ ਇਸ ਜੀਵਨ ਰੂਪੀ ਗੇਂਦ ਵਿੱਚ ਸਿਟ ਦਿੱਤੀ ਹੈ। ਸਮੇਂ ਦਾ ਢੋਲ ਬਜਾ ਛਿੰਝ ਪਵਾ ਦਿੱਤੀ ਤੇ ਆਪ ਵੱਖ ਬੈਠਾ ਵੇਖ ਰਿਹਾ ਹੈ।

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥

(ਸਿਰੀਰਾਗੁ ਮਃ ੫ - ੭੪)

ਲਲਕਾਰਾ ਬੱਜਣ ਤੇ ਖੇਲ ਸ਼ੁਰੂ ਹੋ ਗਈ। ਮਨੁੱਖ ਹਿਰਦੇ ਰੂਪ ਮੈਦਾਨ ਵਿੱਚ ਬਿਬੇਕ ਰੂਪ ਰਾਜਾ ਵੈਰਾਗ, ਸਤ, ਸੰਤੋਖ ਦਯਾ, ਧਰਮ ਆਦਿ ਦੀਆਂ ਫੌਜਾਂ ਲੈ ਕੇ ਨਿੱਕਲਿਆ। ਉੱਧਰੋਂ ਮਹਾਂ ਮੋਹ ਭੀ ਕਾਮ ਕਰੋਧ ਲੋਭ ਤੇ ਅਹੰਕਾਰ ਦੇ ਘੋੜ ਚੜ੍ਹੇ ਸੂਰਮੇ ਤੇ ਆਸਾ ਤ੍ਰਿਸ਼ਨਾ ਦੀਆਂ ਪੈਦਲ ਪਲਟਨਾਂ ਲੈ ਕੇ ਆ ਗੱਜਿਆ। ਦੋਵਾਂ ਪਾਸਿਆਂ ਦੇ ਸੂਰਮੇ ਆਪੋ ਆਪਣਾ ਦਾਓ ਚਲਾਉਣ ਲੱਗੇ। ਪਰ ਮਾਇਆ ਦੀ ਚਮਕ ਡਾਹਢੀ ਤੇਜ਼ ਤੇ ਅੱਖਾਂ ਨੂੰ ਚੁੰਧਿਆਉਣ ਵਾਲੀ ਸੀ। ਜਦ ਉਸ ਦੇ ਅੱਗੇ ਕੋਈ ਪੇਸ਼ ਨਾ ਗਈ ਤਾਂ ਭੱਜ ਕੇ ਧਰਮ ਮੰਦਰ ਦੇ ਕਿਲ੍ਹੇ ਵਿੱਚ ਦਾਖ਼ਿਲ ਹੋ ਗਏ। ਪਰ ਨਾਲ ਇਹ ਵੀ ਆਪਣਾ ਭੇਸ ਵਟਾ ਕੇ ਅੰਦਰ ਵੜ ਗਈ।

ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥
ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥

(ਆਸਾ ਭਗਤ ਕਬੀਰ ਜੀ - ੪੭੬)

ਤਪੀਏ ਵਿੱਚ ਤਪ ਦਾ ਮਦ, ਜਪੀ ਵਿੱਚ ਜਪ ਦਾ ਮਾਣ, ਮੁੱਲਾਂ ਵਿੱਚ ਮਸੀਤ ਦੀ ਵਡਿਆਈ ਤੇ ਬ੍ਰਹਮਣ ਵਿੱਚ ਦੇਵਤਾ ਦੀ ਪ੍ਰਭਤਾ ਦਾ ਰੂਪ ਧਾਰ ਬੈਠੀ। ਪਾਣੀ ਵਿੱਚ ਵੀ ਅੱਗ ਲੱਗ ਉੱਠੀ। ਕਿਲ੍ਹੇ ਦੇ ਅੰਦਰ ਚੋਰ ਪੈ ਗਏ। ਰਸ ਸ਼ਾਂਤੀ ਇੱਕ ਪਾਸੇ ਰਹਿ ਗਏ। ਬਾਂਗ ਵਿੱਚੋਂ ਰੱਬ ਦੇ ਨਾਮ ਦੀ ਥਾਂ ਕਾਫਰਾਂ ਨੂੰ ਮਾਰੋ ਦੀ ਅਵਾਜ਼ ਔਣ ਲੱਗੀ। ਸੰਖ ਤੇ ਢੋਲਕੀ ਛੈਣਿਆਂ ਦੀ ਧੁਨੀ ਵਿੱਚੋਂ ਭਗਵਾਨ ਦੀ ਉਸਤਤੀ ਦੀ ਥਾਂ ਮਲੇਛਾਂ ਨੂੰ ਮਾਰੋ ਦੀ ਗੂੰਜ ਨਿੱਕਲੀ।

ਇਹ ਤਾਂ ਮਾਇਆ ਦਾ ਵਾਰ ਕੰਮ ਕਰ ਗਿਆ। ਉਸ ਨੇ ਧਰਮ ਦੇ ਨਾਮ ਤੇ ਫਸਾਦ ਤੇ ਈਮਾਨ ਦੇ ਨਾਮ ਉੱਤੇ ਦੱਗਾ ਸ਼ੁਰੂ ਕਰ ਦਿੱਤਾ। ਪਰ ਇਹ ਹੋਇਆ ਕਿਸ ਤਰ੍ਹਾਂ? ਅਸਲੀਅਤ ਤੋਂ ਸਾਰੇ ਖੁੰਝ ਗਏ। ਦਿਨ ਨੂੰ ਰਾਤ ਤੇ ਰਾਤ ਨੂੰ ਦਿਨ ਸਮਝਣ ਲੱਗੇ। ਪੰਡਤ ਜੀ ਨੇ ਇਸ ਖ਼ਿਆਲ ਨਾਲ ਪੱਥਰ ਪੂਜਾ ਸ਼ੁਰੂ ਕੀਤੀ ਸੀ, ਜੋ ਬ੍ਰਹਮ ਵਿਆਪਕ ਹੈ ਤੇ ਭਗਵਾਨ ਦੀ ਜੋਤ ਜਿਸ ਤਰ੍ਹਾਂ ਇੱਕ ਮਨੁੱਖ ਵਿੱਚ ਪ੍ਰਕਾਸ਼ ਰਹੀ ਹੈ, ਉਸੇ ਤਰ੍ਹਾਂ ਹੀ ਕਿਸੇ ਦੂਸਰੀ ਅਵਸਥਾ ਕਰ ਕੇ ਪੱਥਰ ਵਿੱਚ ਚਮਕ ਰਹੀ ਹੈ ਤੇ ਆਸਤਕਾਂ ਦੀ ਔਂਧੀ ਦਿਖਾਉਣ ਲਈ ਘਟ ਘਟ ਚੇਤਨ ਅਵਸਥਾ ਵਿੱਚ ਬਿਆਪ ਰਹੇ ਰੂਪ ਪੱਥਰ ਦੀ ਪੂਜਾ ਸ਼ੁਰੂ ਕੀਤੀ। ਪਰ ਮਾਇਆ ਨੇ ਅਜੇਹੀ ਉਖੇੜ ਮਾਰੀ ਜੋ ਜੜ੍ਹ ਪੱਥਰ ਨੂੰ ਤਾਂ ਪੂਜਦਾ ਰਿਹਾ ਪਰ ਚੇਤਨ ਮਨੁੱਖ ਜਾਤੀ ਤੋਂ ਘਿਰਣਾ ਕਰਨ ਲੱਗਾ ਤੇ ਉਸ ਦੇ ਕਿਸੇ ਹਿੱਸੇ ਨੂੰ ਨਾਲ ਮਿਲੌਣ ਤੇ ਕਿਸੇ ਭਾਗ ਨੂੰ ਸ਼ੂਦਰ ਜਾਣ ਤ੍ਰਿਸਕਾਰਣ ਲੱਗਾ।

ਦੂਜੇ ਪਾਸੇ ਮੌਲਵੀ ਹੋਰੀ ਇਸ ਗੱਲ ਤੇ ਮਸਤ ਸਨ ਜੋ ਦੀਨ ਇਸਲਾਮ ਨੇ ਇੱਕ ਪ੍ਰਮੇਸ਼ਰ (ਖ਼ੁਦਾ) ਦੀ ਪੂਜਾ ਹੀ

ਦੱਸੀ ਹੈ ਤੇ ਉਸ ਨੇ ਅੱਡੋ ਅੱਡੀ ਬੁੱਤਾਂ ਦੀ ਪੂਜਾ ਹਟਾ ਦਿੱਤੀ ਤੇ ਮਾਣ ਨਾਲ ਕਹਿਣ ਲੱਗਾ ਮੈਂ ਹੁਣ ਸਾਰਿਆਂ ਵਿੱਚੋਂ ਇੱਕ ਨੂੰ ਹੀ ਅਨੁਭਵ ਕਰ ਰਿਹਾ ਹਾਂ। ਉਹ (ਰਬੁਲ ਆਲਮੀਨ) ਅਰਥਾਤ ਕੁਲ ਖੰਡਾਂ ਬ੍ਰਹਮੰਡਾਂ ਦਾ ਰੱਬ ਹੈ। ਉਸ ਦੀ ਜੋਤ ਦਾ ਨੂਰ ਹੀ ਨੂਰੀ ਇਸਲਾਮ ਹੈ ਅਤੇ ਹਰ ਇੱਕ ਜ਼ੱਰਰੇ ਤੇ ਕਤਰੇ ਵਿੱਚੋਂ ਲਮਕ ਰਿਹਾ ਹੈ। ਪਰ ਜਦ ਸ਼ੈਤਾਨ ਹੋਰਾਂ ਦਾ ਚੱਕਰ ਚੱਲਿਆ ਤਾਂ ਉਹ ਨੂਰ ਕੇਵਲ ਮਸੀਤ ਵਿੱਚ ਹੀ ਦਿੱਸਣ ਲੱਗਾ। ਪਹਿਲਾਂ ਤਾਂ ਮੁਸਲਮਾਨੀ ਤੋਂ ਬਿਨਾਂ ਦੂਜੀਆਂ ਕੌਮਾਂ ਤੇ ਉਨ੍ਹਾਂ ਦੇ ਮੰਦਰਾਂ ਵਿੱਚੋਂ ਜੋਤ ਬੁੱਝੀ ਤੇ ਫੇਰ 'ਸੁੰਨੀ' ਨੂੰ 'ਸ਼ੀਆ' ਵਿੱਚ ਅੰਧੇਰਾ ਤੇ 'ਹਨਫੀ' ਨੂੰ 'ਵਹਾਬੀ' ਵਿੱਚ ਅੰਧਕਾਰ ਭਾਸਣ ਲੱਗਾ। ਲੱਗੇ ਇੱਕ ਦੂਜੇ ਨੂੰ ਮਾਰਨ ਤੇ ਮਾਇਆ ਦੀ ਚੜ੍ਹ ਮੱਚੀ ਤਾਂ ਉਸ ਸਮੇਂ ਸਤਿਗੁਰਾਂ ਦਾ ਪ੍ਰਕਾਸ਼ ਹੋਇਆ। ਜਿਨ੍ਹਾਂ ਨੇ ਇਹ ਆਖਿਆ ਕਿ ਮੰਦਰ ਤੇ ਮੱਕੇ ਵਿੱਚ ਲੱਭਣ ਤੋਂ ਪਹਿਲਾਂ ਦਿਲ ਵਿੱਚ ਤਲਾਸ਼ ਕਰੋ ਤੇ ਨੈਣਾਂ ਵਿੱਚ ਬਿਠਾਵੋ ਤਾਂ ਸਾਰੇ ਪ੍ਰਕਾਸ਼ ਹੋਵੇਗਾ, ਅਤੇ ਇਸ ਰੌਸ਼ਨੀ ਵਿੱਚ ਮਹਾ ਮੋਹ ਦੀਆਂ ਫੌਜਾਂ ਠਹਿਰ ਨਹੀਂ ਸਕਣਗੀਆਂ। ਬਸ ਫੇਰ ਕੀ ਸੀ, ਇਸ ਉਪਦੇਸ਼ ਤੇ ਚਲੇ ਤਦ ਨੇਤਰਾਂ ਵਿੱਚ ਗਿਆਨ ਦਾ ਪ੍ਰਕਾਸ਼ ਹੋ ਗਿਆ।

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥

(ਗਉੜੀ ਮਃ ੫ - ੨੦੦)

ਜਦੋਂ ਇਹ ਦ੍ਰਿਸ਼ਟੀ ਪ੍ਰਾਪਤ ਹੋਈ, ਫੇਰ ਭਾਵੇਂ ਕਾਸ਼ੀ ਗਏ ਭਾਵੇਂ ਮੱਕੇ, ਉਸ ਜਗ੍ਹਾ ਭੇਦ ਤਾਂ ਕੰਧਾਂ ਤੇ ਮਕਾਨਾਂ ਦੀ ਬਣਤਰ ਦਾ ਸੀ। ਜਦ ਏਸ ਰੂਪ ਦੇ ਧਿਆਨ ਤੋਂ ਅਰੂਪ ਵੱਲ ਨਿਗਾਹ ਮਾਰੀ, ਤਾਂ ਦੋਵਾਂ ਵਿੱਚੋਂ ਇੱਕੋ ਦਾ ਪ੍ਰਕਾਸ਼ ਦਿਸਿਆ। ਹੁਣ ਤਾਂ ਝਗੜੇ ਹੀ ਮਿਟ ਗਏ। ਦੁਬਿਧਾ ਹੀ ਜਾਂਦੀ ਰਹੀ। ਨ ਮਤਭੇਦ ਰਿਹਾ, ਨਾ ਮੱਤ ਮਤਾਂਤ੍ਰਾਂ ਦਾ ਜਾਲ ਵਿਛੌਣ ਦੀ ਲੋੜ ਹੀ ਰਹੀ। ਪਤਾ ਲੱਗਾ ਜੇ ਅੱਡ ਅੱਡ ਮਜ਼ਬੂਬੀ ਦੁਕਾਨਾਂ ਖੋਹਲ ਲਈਆਂ ਅਤੇ ਦੂਜੇ ਨੂੰ ਦੂਜੇ ਦੇ ਔਗੁਣ ਦੱਸ ਘ੍ਰਿਣਾ ਪੈਦਾ ਕਰਨੀ ਤਾਂ ਇੱਕ ਖ਼ਾਸ ਭੁੱਲ ਸੀ। ਉਹ ਵੀ ਮਾਇਆ ਦਾ ਇੱਕ ਚੱਕਰ ਸੀ।

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੌ ਕੀਓ ਨ ਮੀਤੁ ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥੯੬॥

(ਸਲੋਕ ਭਗਤ ਕਬੀਰ ਜੀ - ੧੩੭੯)

ਛੱਡੋ ਇਨ੍ਹਾਂ ਬਖੇੜਿਆਂ ਨੂੰ, ਤਿਆਗੋ ਪੂਜਾ ਪ੍ਰਤਿਸ਼ਟਾ ਦਾ ਲਾਲਚ, ਸੱਚੇ ਨਿਸ਼ਕਾਮੀ ਸੇਵਕ ਬਣ ਗੁਰੂ ਸ਼ਰਨ ਗ੍ਰਹਨ ਕਰੋ ਜੋ ਦੋਵੇਂ ਲੋਕਾਂ ਵਿਖੇ ਸੁਖਾਂ ਦੀ ਦਾਤੀ ਹੈ।

ਕਰਮਕਾਂਡ ਦੀ ਇਸ ਫੋਕੀ ਵਰਤੋਂ ਅਤੇ ਇਸ ਤੋਂ ਪੈਦਾ ਹੋਈ ਖੁਦੀ ਦੇ ਮਿਲਾਪ ਵਿੱਚ ਵਿਘਨ ਪਾਉਣ ਵਾਲੀ ਅਵਸਥਾ ਨੂੰ ਪ੍ਰਗਟ ਕਰਦੇ ਹੋਏ ਗੁਰੂ ਦੇ ਮਸ਼ਹੂਰ ਸੰਤ ਚੂਹੜ ਕਵੀ ਜੀ ਇਉਂ ਲਿਖਦੇ ਹਨ: ਇੱਕ ਸੰਤਾਨਹੀਨ ਮਹਾਰਾਜੇ ਨੇ ਆਪਣੀ ਹਠੀ ਮਹਾਰਾਣੀ ਦੇ ਕਹਿਣ ਤੋਂ ਦੂਜਾ ਵਿਆਹ ਕਰ ਲਿਆ। ਨਵਾਂ ਵਿਵਾਹ ਕਰਨ ਨੂੰ ਉਨ੍ਹਾਂ ਦਾ ਮਨ ਤਾਂ ਨਹੀਂ ਸੀ ਕਰਦਾ ਪਰ ਜਦੋਂ ਜ਼ਿੱਦੀ ਰਾਣੀ ਦੇ ਤ੍ਰਿਆ ਹਠ ਨੇ ਰਾਜੇ ਨੂੰ ਮਜ਼ਬੂਰ ਹੀ ਕਰ ਦਿੱਤਾ ਤਾਂ ਉਸ ਨੇ ਰਾਣੀ ਕੋਲੋਂ ਇਹ ਸ਼ਰਤ ਮਨਵਾ ਲਈ ਕਿ ਰਨਵਾਸ ਪ੍ਰਵੇਸ਼ ਦਾ ਪ੍ਰੋਗਰਾਮ ਨਵੀਂ ਰਾਣੀ ਦੀ ਮਨਜ਼ੂਰੀ ਤੋਂ ਹੀ ਬਣਿਆ ਕਰੇਗਾ। ਮਹਾਰਾਣੀ ਮੰਨ ਗਈ। ਨਵੀਂ ਰਾਣੀ ਨੇ (ਜਿਸ ਨੂੰ ਆਪਣੇ ਪਰੇਮ ਜਾਦੂ ਨਾਲੋਂ ਕਾਇਦੇ ਦੀਆਂ ਪਾਬੰਦੀਆਂ ਤੇ ਜ਼ਿਆਦਾ ਭਰੋਸਾ ਸੀ) ਇਹ ਫ਼ੈਸਲਾ ਕਰ ਦਿੱਤਾ ਕਿ ਮਹਾਰਾਜ ਉਸ ਦੇ ਹੀ ਰਨਵਾਸ ਵਿਖੇ ਰਿਹਾ ਕਰਨਗੇ ਤੇ ਵੱਡੀ ਰਾਣੀ ਦੇ ਮਹਿਲਾਂ ਵਿੱਚ ਕਦੇ ਵੀ ਨਹੀਂ ਜਾ ਸਕਣਗੇ। ਮਹਾਰਾਜ ਦਾ ਇਹ ਨਿਯਮ ਪ੍ਰਵਾਨ ਕਰ ਲਿਆ ਅਤੇ ਵੱਡੀ ਰਾਣੀ ਵੀ ਮਹਾਰਾਜ ਦੇ ਖਾਣੇ ਅਤੇ ਬਸਤਰ ਦੀ ਸੇਵਾ ਆਪਣੇ ਵਾਸਤੇ ਪ੍ਰਵਾਨ ਕਰਾ ਕੇ ਨਵੇਂ ਪ੍ਰਬੰਧ ਨਾਲ ਸਹਿਮਤ ਹੋ ਗਈ। ਸਮਾਂ ਲੰਘਦਾ ਗਿਆ ਸੱਚੀ ਪ੍ਰੀਤ ਭਰੀ ਸਿਦਕਵਾਨ ਮਹਾਰਾਣੀ ਪਤੀ ਸੇਵਾ ਵਿੱਚੋਂ ਹੀ ਜੀਵਨ ਰਸ ਲੈ ਸਦਾ ਸੁਖੀ ਤੇ ਖੇੜੇ ਦੀ ਜ਼ਿੰਦਗ਼ੀ ਬਸਰ ਕਰ ਰਹੀ ਸੀ। ਪਰ ਕਾਇਦਿਆਂ ਤੇ ਪਾਬੰਦੀਆਂ ਦੇ ਆਸਰੇ, ਸ਼ਿੰਗਾਰ ਵਸ ਕਰ ਪਤੀ ਤੇ ਕਾਬੂ ਪਾਣ ਵਾਲੀ ਛੋਟੀ ਰਾਣੀ ਉਸ ਦੀ ਏਸ ਅਸਵਥਾ ਤੇ ਈਰਖਾ ਕਰ ਰਹੀ ਸੀ। ਓੜਕ ਉਸ ਦੇ ਪਤਾ ਕਰਨ ਤੇ ਇਹ ਖ਼ਬਰ ਮਿਲੀ ਕਿ ਵੱਡੀ ਰਾਣੀ ਕੋਲ ਇੱਕ ਨੌ ਲੱਖਾ ਹਾਰ ਹੈ ਜਿਸ ਦੀ ਮਲਕੀਅਤ ਦੇ ਨਸ਼ੇ ਵਿੱਚ ਉਹ ਹਮੇਸ਼ਾ ਪ੍ਰਸੰਨ ਰਹਿੰਦੀ ਹੈ। ਛੋਟੀ ਰਾਣੀ ਨੇ ਵੱਡੀ ਦੀਆਂ ਖ਼ੁਸ਼ੀਆਂ ਦਾ ਹਾਰ ਖਰੀਦ ਲੈਣਾ ਚਾਹਿਆ। ਜਾ ਮੁੱਲ ਪੁੱਛਿਆ ਤਾਂ ਵੱਡੀ ਨੇ ਕਿਹਾ ਪਤੀ ਮਿਲਾਪ ਦੀ ਇੱਕ ਰਾਤ। ਸ਼ਿੰਗਾਰ ਸ਼ੋਖ ਵਿੱਚ ਰੁਝ ਬਾਵਲੀ ਹੋਈ ਨਵੀਂ ਰਾਣੀ ਨੇ ਇਸ ਕੀਮਤ ਨੂੰ ਮਾਮੂਲੀ ਸਮਝ ਫੌਰਨ ਕਬੂਲ ਕਰ ਲਿਆ। ਸੌਦਾ ਪੱਕ ਗਿਆ। ਅਗਲੀ ਸ਼ਾਮ ਹੀ ਹਾਰ ਛੋਟੀ ਕੋਲ ਪੁੱਜ ਗਿਆ। ਜਿਸ ਨੂੰ ਗਲੇ ਪਾ ਕੇ ਉਸ ਨੇ ਆਪਣੀ ਸੁੰਦਰਤਾ ਵਿੱਚ ਵਾਧਾ ਕਰ ਲਿਆ ਤੇ ਮਹਾਰਾਜ ਨੂੰ ਵੱਡੀ ਰਾਣੀ ਦੇ ਮਹੱਲ ਵਿੱਚ ਜਾਣ ਦੀ ਆਗਿਆ ਮਿਲ ਗਈ। ਜਦ ਮਹਾਰਾਣੀ ਨੇ ਆਪਣੇ ਗ੍ਰਹਿ ਪਤੀ ਨੂੰ ਪ੍ਰਵੇਸ਼ ਕਰਦਿਆਂ ਤੱਕਿਆ ਤੇ ਬਿਹਬਲ ਹੋ ਚਰਨਾਂ ਤੇ ਢਹਿ ਪਈ ਤੇ ਉਨ੍ਹਾਂ ਦਾ ਧੰਨਵਾਦ ਕਰਨ ਲੱਗੀ ਤਾਂ ਮਹਾਰਾਜ ਨੇ ਕਿਹਾ ਮੇਰੇ ਧੰਨਵਾਦ ਦਾ ਕੋਈ ਮੁਕਾਮ ਨਹੀਂ। ਧੰਨਵਾਦ ਛੋਟੀ ਰਾਣੀ ਦਾ ਕਰ ਜਿਸ ਨੇ ਮੈਨੂੰ ਏਥੇ ਆਉਣ

ਦੀ ਆਗਿਆ ਦਿੱਤੀ ਹੈ। ਮਹਾਰਾਣੀ ਬੋਲੀ ਉਨ੍ਹਾਂ ਨੇ ਤਾਂ ਮੇਰੇ ਨਾਲ ਸੌਦਾ ਕੀਤਾ ਹੈ। ਫੇਰ ਉਨ੍ਹਾਂ ਦਾ ਧੰਨਵਾਦ ਕਾਹਦਾ? ਉਨ੍ਹਾਂ ਨੇ ਤਾਂ ਨੌ ਲੱਖਾ ਹਾਰ ਲੈ ਲਿਆ ਤੇ ਪਤੀ ਮਿਲਾਪ ਦਾ ਮੌਕਾ ਦੇ ਦਿੱਤਾ। ਇਹ ਤਾਂ ਬਿਵਹਾਰ ਹੈ ਏਥੇ ਸ਼ੁਕਰੀਏ ਦਾ ਕੀ ਮੁਕਾਮ? ਮਹਾਰਾਜ ਇਹ ਸੁਣ ਕੇ ਹੈਰਾਨ ਹੋ ਗਏ ਤੇ ਕਹਿਣ ਲੱਗੇ, "ਉਸ ਨੂੰ ਹਾਰ ਮੁਬਾਰਿਕ ਤੇ ਤੈਨੂੰ ਤੇਰਾ ਪਤੀ।" ਛੋਟੀ ਰਾਣੀ ਨੂੰ ਜਦ ਇਹ ਸੁਣ ਆਪਣੀ ਗ਼ਲਤੀ ਦਾ ਪਤਾ ਲੱਗਾ ਕਿ ਉਸ ਨੇ ਆਪਣੇ ਸ਼ਿੰਗਾਰ ਦੇ ਬਦਲੇ ਪਤੀ ਮਿਲਾਪ ਵੇਚ ਦਿੱਤਾ ਹੈ ਤਾਂ ਉਹ ਘਬਰਾ ਉੱਠੀ। ਹਾਰ ਦੇ ਲਾਲ ਉਸ ਨੂੰ ਅੰਗਰਾਂ ਵਾਂਗ ਸੇਕ ਦੇਣ ਲੱਗ ਪਏ। ਉਸ ਨੇ ਇੱਕ ਇੱਕ ਦਾਣਾ ਫਰਸ਼ ਤੇ ਸੁੱਟ ਪੈਰਾ ਨਾਲ ਮਲ ਸੁੱਟਿਆ। ਉਸ ਦੀ ਮਾਨਸਿਕ ਅਵਸਥਾ ਦਾ ਨਕਸ਼ਾ ਸੰਤ ਕਵੀ ਚੂਹੜ ਜੀ ਇਉਂ ਖਿੱਚਦੇ ਹਨ:

ਸ਼ਾਲਾ ਹਾਰ ਟੁੱਟੇ ਅੱਧ ਵਿੱਚੋਂ ਤਰੇ ਥੀਵਨ ਲਾਲ ਅਜਾਈ।
ਜੇ ਜਾਣਾ ਹਾਰੀ ਨੂੰ ਹਾਰ ਹਰੇਂਦਾ ਕਦੀ ਹਾਰੇ ਹੱਥ ਨ ਲਾਈ।
ਇੱਕ ਦੁਹਾਗ ਬਿਈ ਜ਼ਰਾ ਦੀ ਸ਼ੋਹਰਤ ਮੈਂ ਕਿਸ ਥੀਂ ਆਖ ਸੁਣਾਈ।
ਚੂਹੜ ਮਾਨ ਵਧੇ ਦੀਆਂ ਮਾਰਾਂ ਮੈਂ ਮੁੱਠੀਆਂ ਬੇ ਪਰਵਾਹੀ।

ਸੱਚਮੁੱਚ ਹੀ ਕਰਮ ਕਾਂਡ ਦੇ ਫੋਕੇ ਮਦ ਕਰ ਕੇ ਵਧੇ ਹੋਏ ਮਨ ਮਨੁੱਖ ਨੂੰ ਪਤੀ ਮਿਲਾਪ ਤੋਂ ਬਹੁਤ ਦੂਰ ਲੈ ਜਾਂਦੇ ਹਨ। ਉਹਨਾਂ ਵਿੱਚ ਫੋਕੀ ਹਉਂ ਪੈਦਾ ਹੋ ਜਾਂਦੀ ਹੈ। ਉਸ ਦੇ ਵਸ ਹੋਇਆਂ ਮਨੁੱਖ ਕੀਮਤੀ ਸਮਾਂ ਜ਼ਾਇਆ ਕਰ ਬਹਿੰਦਾ ਹੈ।

ਭਾਵੇਂ ਇਨ੍ਹਾਂ ਹੋਰ ਸਾਰੇ ਅਸਥਾਨਾਂ ਦੇ ਪ੍ਰਬੰਧਕਾਂ ਦੇ ਮਨਾਂ ਅੰਦਰ ਇਹ ਤੀਬਰ ਇੱਛਾ ਸੀ ਕਿ ਏਹੋ ਜੇਹੇ ਤਿਆਗੀ ਤੇ ਨਿਰਇੱਛਤ ਮਹਾਂਪੁਰਸ਼ਾਂ ਦਾ ਸਾਡੇ ਗੁਰਦੁਆਰੇ ਸਾਹਿਬ ਕੀਰਤਨ ਹੋਵੇ ਪਰ ਬੇਨਤੀ ਕਰਨੋਂ ਸੰਕੋਚ ਕਰਦੇ ਰਹੇ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਹੋਣਾ ਸੀ ਤਾਂ ਕਲਗੀਧਰ ਸਿੱਖ ਟੈਂਪਲ ਦੇ ਪ੍ਰਬੰਧਕਾਂ ਨੇ ਦਾਤੇ ਦੇ ਚਰਨਾਂ ਵਿੱਚ ਬੇਨਤੀ ਕਰ ਕੇ ਅੰਮ੍ਰਿਤ ਪ੍ਰਚਾਰ ਵਾਸਤੇ ਉਸ ਜਗ੍ਹਾ ਪ੍ਰਵਾਨਗੀ ਲੈ ਲਈ। ਆਪ ਵੀ ਸੰਤ ਜੀ ਮਹਾਰਾਜ ਨੇ ਦਰਸ਼ਨ ਦਿੱਤੇ। ਜਦੋਂ ਇਨ੍ਹਾਂ ਦੇ ਪ੍ਰੇਮ ਦੀ ਕਦਰ ਹੋਈ ਜੋ ਅਸਲੀ ਤੇ ਸੱਚਾ ਸੀ ਸਾਰੇ ਹੀ ਸੱਜਣ ਬੜੇ ਪ੍ਰਸੰਨ ਹੋਏ। ਪਖ ਪਾਤ ਤੋਂ ਰਹਿਤ ਏਕਤਾ ਵਾਦੀ ਪ੍ਰਚਾਰ ਸੁਣ ਕੇ ਮਨ ਵਿੱਚ ਗਦ ਗਦ ਹੋਏ ਤੇ ਭਾਉ ਭਗਤੀ ਦੇ ਰਸ ਵਿੱਚ ਸਨਿਗਧ ਹੋ ਕੇ ਆਪ ਵੀ ਅੰਮ੍ਰਿਤ ਪਾਨ ਕਰ ਸਿੰਘ ਸਜ ਗਏ ਅਤੇ ਨਾਮ ਦੀ ਦਾਤ ਪ੍ਰਾਪਤ ਕੀਤੀ। ਉਸ ਤੋਂ ਬਾਅਦ ਇੱਕ ਦਿਨ ਰੈਸਟ ਕੀਤੀ ਉਪਰੰਤ ਕੋਵੈਂਟਰੀ ਸ਼ਹਿਰ ਦੇ ਮੈਟਰਿਕਿਸ ਹਾਲ ਵਿੱਚ ੧੧ ਦੀਵਾਨ ਸਜੇ।

ਸੰਤ ਕਰਮ ਸਿੰਘ ਜੀ

ਏਸ ਜਗ੍ਹਾ ਦੂਸਰੇ ਦਿਨ ਕੁਰਸੀ ਦੇ ਸਮੇਂ ਬਾਬਾ ਕਰਮ ਸਿੰਘ ਜੀ ਨੇ (ਜੋ ਪਹਿਲੀ ਵਾਰ ਹਜ਼ੂਰ ਦੇ ਨਾਲ ਬਾਹਰ ਗਏ ਸਨ) ਇਹ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਪ੍ਰਮਾਰਥ ਦੇ ਚਾਹਵਾਨ ਜਗਿਆਸੂ ਵਾਸਤੇ ਕੇਹੜਾ ਸਾਧਨ ਕਰਨਾ ਚਾਹੀਦਾ ਹੈ।" ਆਪ ਜੀ ਨੇ ਦਸਿਆ ਕਿ ਜਗਿਆਸੂ ਤੇ ਸਿੱਖ ਵਾਸਤੇ ਚਾਹੇ ਭਜਨ ਥੋੜ੍ਹਾ ਭੀ ਕਰੇ ਪਰ ਕਿਸੇ ਦੇ ਗ਼ੁਨਾਹਾਂ ਵੱਲ ਨ ਤੱਕੇ। ਸਾਰਿਆਂ ਵਿੱਚ ਉਸ ਦਾ ਜਹੂਰ ਦੇਖ ਕੇ ਪਾਪੀ ਪੁੰਨੀ ਹਰ ਇੱਕ ਨਾਲ ਪਿਆਰ ਕਰੇ। ਇਹ ਸਭ ਤੋਂ ਸ਼੍ਰੋਮਣੀ ਮਨ ਨੂੰ ਸ਼ਾਂਤੀ ਤੇ ਦੂਜਿਆਂ ਨੂੰ ਸੁੱਖ ਦੇਣ ਵਾਲਾ ਪਵਿੱਤਰ ਉਪਦੇਸ਼ ਹੈ।"

ਪੂਰਨ ਮਹਾਂਪੁਰਸ਼ ਦੀ ਇਹ ਨਿਸ਼ਾਨੀ ਹੈ ਉਹ ਅੰਤਰਯਾਮੀ ਹੁੰਦਾ ਹੋਇਆ ਵੀ ਲੋਕਾਂ ਦੇ ਮਲੀਨ ਹਿਰਦਿਆਂ ਦੇ ਗੰਦੇ ਖ਼ਿਆਲਾਂ ਨੂੰ ਨਹੀਂ ਦੇਖਦਾ। ਕਿਉਂਕਿ ਕੋਈ ਵੀ ਐਸਾ ਪੁਰਸ਼ ਨਹੀਂ ਜਿਸ ਦੇ ਅੰਦਰ ਕੋਈ ਨ ਕੋਈ ਔਗੁਣ ਨਾ ਛੁਪਿਆ ਹੋਵੇ ਅਤੇ ਉਹ ਵਿਕਾਰ ਬਿਰਤੀ ਦੇ ਅਧੀਨ ਹੋ ਕੇ ਮੰਦ ਸੰਕਲਪਾਂ ਨੂੰ ਨਾ ਚਿਤਵਦਾ ਹੋਵੇ। ਪਰ ਮਹਾਂਪੁਰਸ਼ ਗੁਣ ਗ੍ਰਾਹੀ ਹੁੰਦੇ ਹਨ, ਔਗੁਣ ਨਹੀਂ ਦੇਖਦੇ। ਸਿਆਣਾ ਪੁਰਸ਼ ਬਜ਼ਾਰ ਵਿੱਚ ਦੀ ਲੰਘਦਾ ਹੋਇਆ ਗੰਦਗੀ ਦੇ ਕੋਲੋਂ ਲੰਘਣ ਸਮੇਂ ਮੂੰਹ ਅੱਗੇ ਕੱਪੜਾ ਕਰ ਕੇ ਛੇਤੀ ਅੱਗੇ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਸ ਗੱਲ ਦਾ ਕਰਾਮਾਤ ਦਿਖਾਏ ਬਿਨਾਂ ਪਤਾ ਲੱਗ ਜਾਵੇ, ਉਸ ਵਾਸਤੇ ਸ਼ਕਤੀ ਵਰਤਣੀ ਸਿਆਣੇ ਪੁਰਸ਼ ਚੰਗੀ ਨਹੀਂ ਸਮਝਦੇ।

ਮਹਾਂਪੁਰਸ਼ ਨਿਰੰਕਾਰੀ ਹੁਕਮ ਤੋਂ ਬਿਨਾਂ ਆਪਣੀ ਸਰਬੱਗਤਾ ਨਾਲ ਕਿਸੇ ਦੇ ਚੰਗੇ ਹਿਰਦੇ ਨੂੰ ਵੀ ਨਹੀਂ ਦੇਖਦੇ। ਬਿਨਾਂ ਈਸ਼ਰੀ ਹੁਕਮ ਤੋਂ ਚੰਗੇ ਮਨ ਦੇਖਣ ਵਾਲੇ ਨੂੰ ਵੀ ਚੋਰ ਗਿਣਿਆਂ ਜਾਂਦਾ ਹੈ। ਜਿਵੇਂ ਕੋਈ ਜਿਮੀਂਦਾਰ ਆਪਣੇ ਖੇਤ ਵਿੱਚ ਮੱਕੀ ਦੀ ਰਾਖੀ ਵਾਸਤੇ ਕਿਸੇ ਨੌਕਰ ਨੂੰ ਬਿਠਾ ਦੇਵੇ। ਉਹੋ ਹੀ ਨੌਕਰ ਆਪ ਮੱਕੀ ਵਿੱਚ ਵੜ ਕੇ ਨੌਹਾਂ ਨਾਲ ਛੱਲੀ ਤੋਂ ਪੜਦਾ ਪਰੇ ਹਟਾ ਕੇ ਦਾਣੇ ਦੇਖਦਾ ਰਹੇ ਕਿ ਕਿਸ ਛੱਲੀ ਵਿੱਚ ਦਾਣੇ ਹਨ, ਕਿਸ ਵਿੱਚ ਨਹੀਂ ਹਨ? ਕੇਹੜੀ ਚੰਗੀ ਹੈ, ਕੇਹੜੀ ਮਾੜੀ ਹੈ? ਭਾਵੇਂ ਉਸ ਨੇ ਛੱਲੀ ਤੋੜੀ ਨਹੀਂ ਪਰ ਜਿਸ ਉੱਪਰੋਂ ਪੱਤੇ ਪਾੜ ਕੇ ਪਿੱਛੇ ਕੀਤੇ ਗਏ, ਉਹ ਛੱਲੀ ਤਾਂ ਖ਼ਰਾਬ ਹੋ ਗਈ। ਮਾਲਕ ਮੱਕੀ ਦੀ ਹਾਲਤ ਦੇਖ ਕੇ ਨੌਕਰ ਨੂੰ ਕਹਿੰਦਾ ਹੈ ਕਿ ਲੋਕਾਂ ਦੇ ਉਜਾੜੇ ਨਾਲੋਂ ਤੂੰ ਹੀ ਜ਼ਿਆਦਾ

ਖ਼ਰਾਬ ਕਰ ਦਿੱਤੀ ਹੈ। ਭਾਵੇਂ ਰਾਖੇ ਨੇ ਤੋੜੀ ਨਹੀਂ ਪਰ ਖ਼ਰਾਬ ਤਾਂ ਹੋ ਗਈ। ਰਾਖੇ ਦਾ ਫ਼ਰਜ਼ ਹੈ ਰਾਖੀ ਕਰਣੀ। ਤਿਵੇਂ ਹੀ ਇਹ ਦੁਨੀਆਂ ਨਿਰੰਕਾਰ ਦੀ ਖੇਤੀ ਹੈ। ਬਿਨਾਂ ਉਸ ਦੀ ਆਗਿਆ ਤੋਂ ਹਰ ਇੱਕ ਦੇ ਗੁਣ ਔਗੁਣ ਦੇਖਣਾ, ਇਹ ਉਸ ਮਾਲਕ ਦੀ ਚੋਰੀ ਹੈ। ਮਹਾਂਪੁਰਸ਼ ਕਿਸੇ ਦੇ ਗ਼ੁਨਾਹ ਨਹੀਂ ਤੱਕਦੇ ਸੰਸਾਰ ਨੂੰ ਨੂਰ ਇਲਾਹੀ ਜਾਣ ਕੇ ਸਭਨਾ ਦੇ ਅੰਦਰ ਚੰਗੇ ਗੁਣ ਹੀ ਦੇਖਦੇ ਹਨ।

ਹਜ਼ੂਰ ਦੀ ਰਸਨਾ ਤੇ ਇਹ ਅਮੋਲਕ ਏਕਤਾ ਵਾਲੇ ਬਚਨ ਸੁਣ ਕੇ ਸੰਤ ਕਰਮ ਸਿੰਘ ਜੀ ਨੇ ਨਮਸ਼ਕਾਰ ਕੀਤੀ।

ਏਥੇ ਵੀ ਆਖ਼ਰੀ ਦਿਨ ਅੰਮ੍ਰਿਤ ਛਕ ਕੇ ੪੫ ਸੱਜਣ ਗੁਰੂ ਕੇ ਜਹਾਜ਼ੇ ਚੜ੍ਹੇ। ਫੇਰ ਪ੍ਰੇਮੀਆਂ ਦੀ ਬਹੁਤੀ ਮੰਗ ਜਾਣ ਕੇ, ਘਰਾਂ ਵਿੱਚ ਚਰਨ ਪਾਉਣ ਤੇ ਕੁਰਸੀ ਲਾਉਣ ਵਾਸਤੇ ੬ ਦਿਨ ਵੇਹਲੇ ਰੱਖ ਲਏ। ਬਾਅਦ ਵਿੱਚ ਦੋ ਦੀਵਾਨ ਵਾਲਸਾਲ ਸ਼ਹਿਰ ਦੇ ਸਕੂਲ ਹਾਲ ਵਿੱਚ ਕਰੇ। ਇਹ ਥਾਂ ਰਿਹਾਇਸ਼ੀ ਜਗ੍ਹਾ ਤੋਂ ੧੬ ਮੀਲ ਦੂਰ ਸੀ ਅਤੇ ਦੀਵਾਨਾਂ ਦਾ ਪ੍ਰੋਗਰਾਮ ਸ. ਜਰਨੈਲ ਸਿੰਘ ਨੇ ਬਣਾਇਆ ਸੀ ਜੋ ਕਪੂਰਥਲੇ ਜ਼ਿਲ੍ਹੇ ਦੇ ਖੇੜੇ ਪਿੰਡ ਦਾ ਵਾਸੀ ਸੀ।

ਇਸ ਤੋਂ ਬਾਅਦ ਅਗਲੇ ਦਿਨ ੬ ਅਕਤੂਬਰ ਐਤਵਾਰ ਨੂੰ ਲੰਡਨ ਵਾਪਸ ਆ ਗਏ। ਏਥੋਂ ਚੱਲਣ ਸਮੇਂ ਬਹੁਤ ਸਾਰੀਆ ਸੰਗਤਾਂ ਜੁੜ ਗਈਆਂ। ਸਭਨਾਂ ਦੇ ਨੇਤਰਾਂ 'ਚੋਂ ਵੈਰਾਗ ਦਾ ਜਲ ਵਹਿ ਤੁਰਿਆ। ਹਜ਼ੂਰ ਨੇ ਸਾਰਿਆਂ ਨੂੰ ਧੀਰਜ ਬਖ਼ਸ਼ਿਆ ਅਤੇ ਸਭਨਾਂ ਨੂੰ ਵਿਕਾਰਾਂ ਤੋਂ ਬਚ ਕੇ ਨਾਮ ਜਪਣ ਦਾ ਉਪਦੇਸ਼ ਦਿੱਤਾ।

ਯਥਾ: *ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥*
ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥੨॥ (ਬਿਲਾਵਲੁ ਭਗਤ ਕਬੀਰ ਜੀ - ੮੫੫)

ਜਿਵੇਂ ਰੋਜ਼ ਗਰਦ ਉਡਦੀ ਹੈ ਤੇ ਰਸੋਈ ਦੇ ਝਰੋਖਿਆਂ ਥਾਣੀ ਭਾਂਡਿਆਂ ਤੇ ਪੈਂਦੀ ਹੈ। ਪਰ ਸੁਘੜ ਸੁਆਣੀ ਰੋਜ਼ ਹੀ ਉਨਾਂ ਤੇ ਹੱਥ ਫੇਰਦੀ ਹੈ ਤਾਂ ਹੀ ਉਹ ਚਮਕਦੇ ਹਨ। ਹੁਸ਼ਿਆਰ ਸਿਪਾਹੀ ਆਪਣੇ ਸ਼ਸਤ੍ਰ ਤੇ ਰੋਜ਼ ਹੀ ਟਾਕੀ ਫੇਰ ਛੱਡਦਾ ਹੈ, ਤਾਹੀਓ ਜਰ ਨਹੀਂ ਲੱਗਦਾ। ਖਾਲਸਾ! ਤੂੰ ਸਿਪਾਹੀ ਹੈ। ਮਨ ਨੂੰ ਰੋਜ਼ ਸ਼ਬਦ ਦੇ ਪਾਣੀ ਨਾਲ ਧੋਣਾ ਹੈ। ਇਕਾਂਤ ਥਾਂ ਲੱਭਣੀ ਹੈ। ਜਿੱਥੇ ਬਹਿ ਕੇ ਸੰਥਾ ਪਕਾਈ ਜਾਵੇ। ਉਹ ਜੰਗਲਾਂ, ਪਹਾੜਾਂ, ਬਣਾਂ, ਉਦਿਆਨਾ ਵਿੱਚ ਨਹੀਂ। ਉੱਥੇ ਬਨਚਰ ਤੇ ਪੰਛੀ ਰੌਲਾ ਪਾਉਂਦੇ ਹਨ। ਇਕਾਂਤ ਤਾਂ ਪਿਛਲੀ ਰਾਤ ਦੀ ਗੋਦ ਵਿੱਚ ਹੈ। ਜਦੋਂ ਨੀਂਦ ਨੇ ਸਭ ਰੌਲੇ ਪਾਉਣ ਵਾਲਿਆਂ ਨੂੰ ਸੁਆਇਆ ਹੁੰਦਾ ਹੈ, ਤੂੰ ਉਦੋਂ ਉੱਠ ਕੇ ਬਹਿਣਾ ਹੈ।

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥

(ਆਸਾ ਮਃ ੫ - ੪੫੯)

ਸੋ ਅੰਮ੍ਰਿਤ ਵੇਲੇ ਜਾਗ ਕੇ ਨਾਮ ਜਪਿਆ ਕਰੋ। ਧਰਮ ਦੀ ਕਿਰਤ ਕਰੋ ਤੇ ਸਤਿ ਸੰਗਤ ਕੀਤਾ ਕਰੋ।

ਉਪਰੰਤ ਏਥੋਂ ੧੧ ਵਜੇ ਚੱਲ ਕੇ ਇੱਕ ਵਜੇ ਸ. ਪ੍ਰੀਤਮ ਸਿੰਘ ਭੰਗੂ ਇਆਲੀ ਦੀ ਕੋਠੀ ਆ ਗਏ, ਜੋ ੩੨ ਵਰਚਿੰਗਟਨ ਰੋਡ, ਹੌਰਨੇਜ ਐਨ ੮ ਲੰਡਨ ਵਿਖੇ ਹੈ। ਏਸ ਜਗ੍ਹਾ ਇਸ ਦਾ ਪ੍ਰੇਮ ਪਿਆਰ ਤੇ ਸਿਦਕ ਤੱਕ ੩੧ ਅਕਤੂਬਰ ਤੱਕ ਠਹਿਰੇ। ਸੰਤ ਜੀ ਮਹਾਰਾਜ ਦਾ ਦਰਸ਼ਨ ਕਰ ਕੇ ਇਸ ਨੂੰ ਮਸਤੀ ਚੜ੍ਹ ਗਈ। ਜਿਤਨਾ ਸਮਾਂ ਦਾਤੇ ਨੇ ਇੰਗਲੈਂਡ ਦੀ ਧਰਤੀ ਨੂੰ ਭਾਗ ਲਾਏ ਇਹ ਵੀ ਅੱਠੇ ਪਹਿਰ ਸੇਵਾ ਵਿੱਚ ਹਾਜ਼ਰ ਰਹਿੰਦੇ। ਡਾਕਖਾਨੇ ਵਿੱਚ ਡਿਊਟੀ ਸੀ। ਹਫਤੇ ਵਿੱਚ ੬੦ ਪੌਂਡ ਤਨਖਾਹ ਮਿਲਦੀ (ਜੋ ਉਸ ਸਮੇਂ ਇੱਕ ਪੌਂਡ ਸਾਢੇ ੧੮ ਰੁਪਏ ਦਾ ਹੁੰਦਾ ਸੀ) ਪਹਿਲਾਂ ਇੱਕ ਮਹੀਨੇ ਦੀ ਛੁੱਟੀ ਲਈ, ਉਹ ਖ਼ਤਮ ਹੋ ਗਈ। ਫੇਰ ਹੋਰ ਲਈ, ਉਹ ਵੀ ਮੁੱਕ ਗਈ। ਛੁੱਟੀ ਦੇ ਸਮੇਂ ਅੱਧੀ ਤਨਖਾਹ ਮਿਲਦੀ ਸੀ।

ਜਦੋਂ ਤੀਜੀ ਵਾਰ ਛੁੱਟੀ ਮੰਗੀ ਉਹ ਕਹਿਣ ਲੱਗੇ, "ਅਸੀਂ ਇਤਨਾ ਸਮਾਂ ਛੁੱਟੀ ਨਹੀਂ ਦੇ ਸਕਦੇ। ਜਾਂ ਕੰਮ ਤੇ ਹਾਜ਼ਰ ਹੋ, ਜਾਂ ਅਸਤੀਫਾ ਲਿਖ ਦੇਹ। ਉਸ ਨੇ ਕਿਹਾ, "ਤੁਹਾਡੀ ਮਰਜ਼ੀ ਹੈ ਛੁੱਟੀ ਦੇਵੋ, ਜਾਂ ਗ਼ੈਰਹਾਜ਼ਰੀ ਲਾਵੋ, ਚਾਹੇ ਨਾਮ ਕੱਟੋ ਪਰ ਜਿਤਨਾ ਚਿਰ ਸਾਡੇ ਮਹਾਤਮਾ ਏਥੇ ਠਹਿਰੇ ਹਨ, ਜੋ ਸਾਡੇ ਵਾਸਤੇ ਤੁਹਾਡੇ ਈਸਾ ਮਸੀਹ ਸਮਾਨ ਹਨ, ਮੈਂ ਸੇਵਾ ਨਹੀਂ ਛੱਡ ਸਕਦਾ।" ਪ੍ਰੇਮੀ ਹਿਰਦੇ ਨੇ ਚਾਂਦੀ ਦੇ ਠੀਕਰਿਆਂ ਨਾਲੋਂ ਗੁਰ ਸੇਵਾ ਨੂੰ ਸ਼੍ਰੇਸ਼ਟ ਜਾਣਿਆਂ। ਨੌਕਰੀ ਭਾਵੇਂ ਨਾ ਮਿਲੀ (ਜੋ ਥੋੜੇ ਅਰਸੇ ਤੋਂ ਬਾਅਦ ਪੈਨਸ਼ਨ ਹੋਣ ਵਾਲੀ ਸੀ) ਪਰ ਅਸਲੀ ਪਿਆਰ ਦਾ ਸਬੂਤ ਦਿਖਾਇਆ। ਇੱਥੇ ਪੁੱਜ ਕੇ ੭-੧੦-੭੪ ਤੋਂ ਦੋ ਦੀਵਾਨ ਬਾਰਕਿੰਗ ਲਾਏ, ਜੋ ਸੋਲਾਂ ਮੀਲ ਦੂਰ ਸੀ। ਚਾਰ ਦੀਵਾਨ ਫੇਰ ਸਾਊਥਹਾਲ ਗੁਰਦੁਆਰੇ ਕੀਤੇ, ਜੋ ਇੱਥੋਂ ਵੀਹ ਮੀਲ ਦੂਰ ਸੀ। ਬਾਅਦ ਵਿੱਚ ਫੇਰ ਪੰਜ ਦੀਵਾਨ ਬਾਰਕਿੰਗ ਕੀਤੇ।

ਕਾਂਡ ੨੯

ਸਿੱਖ ਦਸਤਾਰ ਤੇ ਲੋਹ ਟੋਪ

੧੯੭੩ ਈ. ਦੇ ਚੜ੍ਹਦੇ ਸਾਲ ਬਰਤਾਨੀਆਂ ਦੀ ਪਾਰਲੀਮੈਂਟ ਵਿੱਚ ਇੱਕ ਕਾਨੂੰਨ ਪਾਸ ਹੋਇਆ, ਜਿਸ ਅਨੁਸਾਰ ਕੋਈ ਵੀ ਮੋਟਰ ਸਾਈਕਲ ਦੀ ਅਸਵਾਰੀ ਕਰਨ ਵਾਲੇ ਵਾਸਤੇ ਲੋਹ ਟੋਪ ਪਾਉਣਾ ਜ਼ਰੂਰੀ ਕਰ ਦਿੱਤਾ ਗਿਆ। ਨਾਲ ਹੀ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਲਈ ਭਾਰੀ ਜੁਰਮਾਨੇ ਦੀ ਸਜ਼ਾ ਰੱਖੀ ਗਈ। ਜਦੋਂ ਇਹ ਕਾਨੂੰਨ ਪਾਸ ਹੋ ਚੁੱਕਾ ਤਾਂ ਬਰਤਾਨੀਆਂ ਵਿੱਚ ਵਸ ਰਹੇ ਸਿੱਖਾਂ ਨੇ ਇਸ ਪਾਸੇ ਵੱਲ ਗੌਰਮਿੰਟ ਦਾ ਧਿਆਨ ਦਿਵਾਇਆ ਕਿ ਲੋਹ ਟੋਪ ਪਹਿਨਣਾ ਸਿੱਖਾਂ ਵਾਸਤੇ ਆਪਣੇ ਧਰਮ ਦੀ ਉਲੰਘਣਾ ਹੋਵੇਗਾ। ਜੇ ਸਰਕਾਰ ਇਸ ਕਾਨੂੰਨ ਨੂੰ ਧੱਕੇ ਨਾਲ ਸਿੱਖਾਂ ਤੇ ਲਾਗੂ ਕਰੇਗੀ ਤਾਂ ਸਿੱਖ ਸੰਸਥਾਵਾਂ ਸਰਕਾਰ ਵੱਲੋਂ ਇਸ ਨੂੰ ਸਿੱਧੀ ਸਿੱਖ ਧਰਮ ਵਿੱਚ ਮੁਖਾਲਫਤ ਸਮਝ ਲੈਣਗੀਆਂ ਅਤੇ ਧਰਮ ਨਿਰਪੱਖ ਰਾਜ ਨਹੀਂ ਮੰਨਿਆ ਜਾਵੇਗਾ।

ਪਹਿਲਾਂ ਪਹਿਲਾਂ ਤਾਂ ਪਾਰਲੀਮੈਂਟ ਦੇ ਮੈਂਬਰਾਂ ਦੀ ਬਹੁ ਸੰਮਤੀ ਲੋਹ ਟੋਪ ਨਾ ਪਾਉਣ ਦੇ ਹੱਕ ਵਿੱਚ ਦਸੀ ਜਾਂਦੀ ਸੀ। ਫੇਰ ਕਈ ਆਗੂਆਂ ਨੇ ਇਹ ਵਾਇਦੇ ਵੀ ਕੀਤੇ ਸਨ ਕਿ ਅਸੀਂ ਅਗਲੇ ਇਜਲਾਸ ਵਿੱਚ ਇਸ ਕਾਨੂੰਨ ਵਿੱਚ ਬਦਲੀ ਕਰ ਦੇਵਾਂਗੇ ਤੇ ਸਿੱਖਾਂ ਵਾਸਤੇ ਲੋਹ ਟੋਪ ਪਾਉਣਾ ਜ਼ਰੂਰੀ ਨਹੀਂ ਹੋਵੇਗਾ। ਪ੍ਰੰਤੂ ਇਸ ਦੌਰਾਨ ਕਈ ਸਿੱਖ ਸੰਸਥਾਵਾਂ ਵਲੋਂ ਰੋਸ ਦੇ ਜਲੂਸ ਵੀ ਕੱਢੇ ਗਏ। ਅੱਡ ਅੱਡ ਸੰਸਥਾਵਾਂ ਨੇ ਆਪਣੇ ਆਪਣੇ ਡੈਲੀਗੇਸ਼ਨ ਲੈ ਕੇ (ਭਾਵ ਅੱਡ ਅੱਡ ਸੰਸਥਾਵਾਂ ਦੇ ਮੁਖੀ ਆਗੂਆਂ ਨੇ) ਮਨਸਿਟਰਾਂ ਨਾਲ ਵੀ ਮੁਲਾਕਾਤਾਂ ਕੀਤੀਆਂ ਤੇ ਜ਼ਿਆਦਾ ਆਪੋ ਧਾਪ ਦਾ ਇਜ਼ਹਾਰ ਕੀਤਾ। ਜਿਸ ਦਾ ਨਤੀਜਾ ਇਹ ਨਿੱਕਲਿਆ ਕਿ ਪਾਰਲੀਮੈਂਟ ਤੱਕ ਇਸ ਦਾ ਕੋਈ ਅਸਰ ਨਾ ਪੈ ਸਕਿਆ।

ਉਸ ਸਮੇਂ ਲੰਡਨ ਵਾਸੀ ਪ੍ਰੇਮੀਆਂ, ਗੁਰਦੁਆਰੇ ਸਾਹਿਬ ਦੇ ਪ੍ਰਬੰਧਕਾਂ ਤੇ ਹੋਰ ਧਾਰਮਿਕ ਆਗੂਆਂ ਵਲੋਂ ਸੰਤ ਜੀ ਮਹਾਰਾਜ ਦੇ ਪਾਸ ਵੀ ਰਾੜਾ ਸਾਹਿਬ ਪੱਤ੍ਰਕਾ ਪੁੱਜੀਆਂ ਕਿ ਆਪ ਕੋਈ ਚਾਰਾ ਕਰੋ। ਇਹ ਸਿੱਖ ਧਰਮ ਤੇ ਸਿੱਧਾ ਹਮਲਾ ਹੈ। ਸ਼ਰੋਮਣੀ ਕਮੇਟੀ ਨੂੰ ਵੀ ਜਾਗ੍ਰਤ ਵਿੱਚ ਲਿਆਂਦਾ ਗਿਆ।

ਭਾਵੇਂ ਆਪ ਸ਼ੁਰੂ ਤੋਂ ਹੀ ਰਾਜਸੀ ਮਾਮਲਿਆਂ ਵੱਲ ਘੱਟ ਤਵੱਜ਼ੋ ਦਿੰਦੇ ਸਨ ਪਰ ਇਹ ਸਿੱਖੀ ਨੂੰ ਢਾਹ ਲੱਗੀ ਜਾਣ ਕੇ ਹਜ਼ੂਰ ਦੇ ਇਸ਼ਾਰੇ ਨਾਲ ਕਈ ਕੁ ਪੜੇ ਲਿਖੇ ਸੱਜਣ, ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਸ੍ਰੀਮਤੀ ਇੰਦਰਾ ਗਾਂਧੀ ਨੂੰ ਮਿਲੇ ਕਿ ਤੁਸੀਂ ਕੋਈ ਯਤਨ ਕਰੋ। ਇਉਂ ਕੌਮ ਨੂੰ ਹਲੂਣਾ ਦਿੱਤਾ ਤੇ ਪਾਰਲੀਮੈਂਟ ਨੇ ਇਹ ਗੱਲ ਮੰਨ ਲਈ ਕਿ ਕੇਸ ਦਾਹੜੇ ਵਾਲੇ ਸਿੱਖਾਂ ਨੂੰ ਲੋਹ ਟੋਪ ਜ਼ਰੂਰੀ ਨਹੀਂ ਹੋਵੇਗਾ। ਪਰ ਜਦੋਂ ਇਸ ਗੱਲ ਦਾ ਪਤਿਤ ਹੋਏ ਸਿੱਖਾਂ ਨੂੰ ਪਤਾ ਲੱਗਾ ਜੋ ਲੋਹ ਟੋਪ ਦੇ ਹੱਕ ਵਿੱਚ ਸਨ, ਉਨ੍ਹਾਂ ਨੇ ਇਸ ਗੱਲ ਨੂੰ ਸਿਰੇ ਨਹੀਂ ਚੜ੍ਹਨ ਦਿੱਤਾ। ਜਦੋਂ ਸੰਤ ਜੀ ਮਹਾਰਾਜ ਨੇ ੧੯੭੪ ਵਿੱਚ ਲੰਡਨ ਦਰਸ਼ਨ ਬਖ਼ਸ਼ੇ ਤਾਂ ਆਪ ਜੀ ਪਾਸ ਫੇਰ ਬੇਨਤੀ ਕੀਤੀ ਕਿ ਤੁਸੀਂ ਇਸ ਕਾਨੂੰਨ ਦੀ ਮੁਖਾਲਫਤ ਕਰੋ ਤਾਂ ਆਪ ਜੀ ਦਾ ਉੱਤਰ ਸੀ ਅਸੀਂ ਏਥੇ ਕਿਸੇ ਦਾ ਖੰਡਨ ਮੰਡਨ ਕਰਨ ਨਹੀਂ ਆਏ। ਨਿਰੋਲ ਧਾਰਮਿਕ ਪ੍ਰਚਾਰ ਕਰਨਾ ਹੈ। ਹਾਂ, ਸਿੱਖ ਧਰਮ ਦੇ ਅਸੂਲ ਜ਼ਰੂਰ ਦੱਸਾਂਗੇ। ਫੇਰ ਆਪ ਜੀ ਨੇ ਜਦੋਂ ਦੂਜੀ ਵਾਰ ਬਾਰਕਿੰਗ ਤੋਂ ਬਾਅਦ ੩੦-੧-੭੪ ਤੱਕ ੧੩ ਦੀਵਾਨ ਸਾਊਥਹਾਲ ਗੁਰਦੁਆਰੇ ਕੀਤੇ ਤਦ ਸਿੱਖ ਦਸਤਾਰ ਦੀ ਪ੍ਰੋੜਤਾ ਕਰਦਿਆਂ ਹੋਇਆਂ ਫੁਰਮਾਇਆ:

ਦਸਤਾਰ ਸਿੱਖੀ ਦਾ ਇੱਕ ਮਹੱਤਵਪੂਰਨ ਚਿੰਨ੍ਹ ਹੈ, ਜਿਸ ਨੂੰ ਸਿੰਘ ਆਪਣੇ ਸਿਰ ਤੇ ਸਵਾਰ ਸਵਾਰ ਕੇ ਸਜਾਉਂਦਾ ਹੈ। ਵੈਸੇ ਸਿੱਖ ਦਸਤਾਰ ਅਰਥਾਤ ਪੱਗ ਦੀ ਮਹੱਤਤਾ ਕਈ ਹੋਰ ਪੱਖਾਂ ਤੋਂ ਵੀ ਗਿਣੀ ਜਾਂ ਜਾਚੀ ਜਾਂਦੀ ਰਹੀ ਹੈ। ਜੈਸਾ ਕਿ ਧਾਰਮਿਕ, ਸਮਾਜਕ ਤੇ ਰਾਜਨੀਤਕ ਖੇਤਰ ਵਿੱਚ ਭਾਰਤੀ ਪੱਗ ਦੀ ਮਹੱਤਤਾ ਕਿਸੇ ਵੀ ਸੂਝਵਾਨ ਭਾਰਤੀ ਤੋਂ ਗੁੱਝੀ ਨਹੀਂ। ਪਰ ਇਨ੍ਹਾਂ ਡੂੰਘੀਆਂ ਤੇ ਲੰਮੀਆਂ ਵਿਚਾਰਾਂ ਨੂੰ ਦੱਸਣ ਦੀ ਬਜਾਏ ਸਿੱਖ ਪੱਗ ਸਬੰਧੀ ਇੱਕ ਮੁਢਲਾ ਦ੍ਰਿਸ਼ਟੀਕੋਣ ਹੀ ਦੱਸਦੇ ਹਾਂ। ਅਤੇ ਪੱਛਮੀ ਲੋਕਾਂ ਦੇ ਅਸਰ ਹੇਠ ਪਲ ਰਹੀ ਸਿੱਖ ਨੌਜਵਾਨ ਪੀੜ੍ਹੀ ਦੇ ਮਨਾਂ ਵਿੱਚ ਲੰਬੇ ਵਾਲਾਂ ਤੇ ਪੱਗ ਸਬੰਧੀ ਪਏ ਭੁਲੇਖਿਆਂ ਨੂੰ ਦੂਰ ਕਰਦੇ ਹਾਂ।

ਦੁਨੀਆਂ ਦੇ ਦੇਸ਼ਾਂ ਵਿੱਚੋਂ ਪਗੜੀ ਜਾਂ ਦਸਤਾਰ ਦਾ ਸਬੰਧ ਆਮ ਕਰ ਕੇ ਭਾਰਤ ਨਾਲ ਹੀ ਗਿਣਿਆ ਜਾਂਦਾ ਹੈ। ਕਿਉਂਕਿ ਖ਼ਾਸ ਕਰ ਕੇ ਪੱਛਮੀ ਲੋਕਾਂ ਦਾ ਇਹ ਖ਼ਿਆਲ ਹੈ ਕਿ ਭਾਰਤ ਵਿੱਚ ਮਨੁੱਖਾਂ ਦੀ ਵਧੇਰੇ ਗਿਣਤੀ ਪੱਗਾਂ ਬੰਨ੍ਹਦੀ ਹੈ। ਪਰ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇਹ ਖ਼ਿਆਲ ਕਾਫ਼ੀ ਤੋਂ ਜ਼ਿਆਦਾ ਗਲਤ ਸਾਬਤ ਹੋਵੇਗਾ। ਸ਼ਾਇਦ ਹੀ ਸੌ ਵਿੱਚੋਂ ਦਸ ਮਰਦ ਭਾਰਤ ਵਿੱਚ ਐਸੇ ਲੱਭਣ ਜਿਨ੍ਹਾਂ ਦੇ ਰੋਜ਼ ਦੇ ਜੀਵਨ ਵਿੱਚ ਪੱਗ ਪੁਸ਼ਾਕ ਦਾ ਹਿੱਸਾ ਹੋਵੇ ਅਤੇ ਜਿਨ੍ਹਾਂ ਵਿੱਚੋਂ ਸ਼ਾਇਦ ਹੀ ਇੱਕ ਜਾਂ ਦੋ ਸਿੱਖ ਹੋਵਣ। ਇਸ ਦੇ ਨਾਲ ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਸਿਰ ਦੁਆਲੇ ਗਜ਼ ਜਾਂ ਡੇਢ ਗ਼ਜ਼ ਦਾ ਪਟਕਾ ਲਪੇਟਣ ਦਾ ਨਾਮ ਹੀ ਦਸਤਾਰ ਨਹੀਂ ਹੈ।

ਭਾਰਤ ਦੀਆਂ ਦੋ ਪੱਗਾਂ

ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਸਿੱਖ ਭਾਰਤ ਦੀ ਕੁਲ ਵਸੋਂ ਦਾ ਮਸਾਂ ਪੰਜਾਹਵਾਂ ਹਿੱਸਾ ਹੀ ਹਨ। ਇਸ ਕਰ ਕੇ ਜਦੋਂ ਵੀ ਤੁਸੀਂ ਕਿਸੇ ਸਿਰ ਉੱਤੇ ਪੱਗ ਵਾਲੇ ਭਾਰਤੀ ਨੂੰ ਕਿਸੇ ਫਰਮ ਜਾਂ ਫੈਕਟਰੀ ਵਿੱਚ ਅਥਵਾ ਹਲ ਪਿੱਛੇ ਜਾਂ ਹੱਟੀ ਵਿੱਚ ਤੱਕੋ, ਤਾਂ ਇਹ ਜ਼ਰੂਰੀ ਨਹੀਂ ਕਿ ਉਹ ਸਿੱਖ ਹੀ ਹੈ। ਖ਼ਾਸ ਕਰ ਕੇ ਜਿਵੇਂ ਜਿਵੇਂ ਤੁਸੀਂ ਪੰਜਾਬ ਤੋਂ ਬਾਹਰ ਤੇ ਦੂਰ ਹੁੰਦੇ ਜਾਵੋਗੇ ਇਹ ਵਧੇਰੇ ਸੱਚ ਹੁੰਦਾ ਚਲਾ ਜਾਵੇਗਾ ਕਿ ਉਹ ਪੱਗ ਵਾਲਾ ਆਦਮੀ ਗ਼ੈਰ ਸਿੱਖ ਹੈ। ਅਸਲ ਵਿੱਚ ਭਾਰਤੀ ਪੱਗ ਦੋ ਪ੍ਰਕਾਰ ਦੀ ਹੈ। ਇੱਕ ਤਾਂ ਗ਼ੈਰ ਸਿੱਖ 'ਭਾਰਤੀ ਪੱਗ' ਤੇ ਦੂਜੀ ਭਾਰਤ ਦੀ 'ਸਿੱਖ ਪੱਗ।'

ਪਹਿਲੀ ਭਾਰਤੀ ਪੱਗ ਉਹ ਹੈ ਜੋ ਭਾਰਤ ਵਿੱਚ ਵਧੇਰੇ ਕਰ ਕੇ ਤੇ ਪੰਜਾਬ ਤੋਂ ਬਾਹਰ ਆਮ ਕਰ ਕੇ ਵੇਖਣ ਵਿੱਚ ਆਉਂਦੀ ਹੈ। ਜੋ ਕੰਮ ਕਾਜ ਦੇ ਸਮੇਂ ਮਿੱਟੀ ਘੱਟੇ ਜਾਂ ਧੁੱਪ ਆਦਿ ਤੋਂ ਸਿਰ ਢੱਕਣ ਤੋਂ ਬਿਨਾਂ ਏਸ ਭਾਰਤੀ ਪੱਗ ਦੀ ਵੱਡੀ ਮਹੱਤਤਾ ਇਸ ਨੂੰ ਸਮਾਜਕ ਰਸਮਾਂ ਸਮੇਂ ਉੱਚਾ ਦਰਜਾ ਮਿਲਣ ਕਰ ਕੇ ਹੈ। ਬਹੁਤ ਸਾਰੇ ਭਾਰਤੀ ਭਾਵੇਂ ਰੋਜ਼ ਦੇ ਜੀਵਨ ਵਿੱਚ ਕਦੇ ਵੀ ਪੰਗ ਨਾ ਬੰਨ੍ਹਦੇ ਹੋਵਨ ਪਰ ਕਈ ਖ਼ਾਸ ਰਸਮਾਂ ਜਾਂ ਸਮਾਗਮਾਂ ਸਮੇਂ, ਪੱਗ ਬੰਨ੍ਹਣਾ ਵਧੇਰੇ ਮਾਣ ਜਾਂ ਸਤਿਕਾਰ ਵਾਲੀ ਗੱਲ ਸਮਝੀ ਜਾਂਦੀ ਹੈ।

ਭਾਰਤ ਦੇ ਇਤਿਹਾਸ ਵਿੱਚ ਕੁੱਝ ਸਮੇਂ ਅਜੇਹੇ ਵੀ ਆਏ ਜਦੋਂ ਕੇਵਲ ਰਾਜਿਆਂ ਸਰਦਾਰਾਂ ਜਾਂ ਵਿਦਵਾਨਾਂ ਧਾਰਮਿਕ ਆਗੂਆਂ ਨੂੰ ਹੀ ਪੱਗ ਬੰਨ੍ਹਣ ਦੀ ਇਜਾਜ਼ਤ ਸੀ। ਤਾਂ ਇਨ੍ਹਾਂ ਭਾਰਤੀ ਪੱਗ ਬੰਨ੍ਹਣ ਵਾਲਿਆਂ ਦੀ ਪਛਾਣ ਕਾਫ਼ੀ ਕਰ ਕੇ ਇੱਕ ਦੋ ਗੱਲਾਂ ਤੋਂ ਹੋ ਜਾਂਦੀ ਹੈ। ਇੱਕ ਤਾਂ ਇਨ੍ਹਾਂ ਸਭ ਮਰਦਾਂ ਦੇ ਦਾੜੀ ਤੇ ਕੇਸ ਕੱਟੇ ਹੁੰਦੇ ਹਨ ਅਤੇ ਦੂਜਾ ਇਨ੍ਹਾਂ ਦੀ ਪੱਗ ਲਈ ਇਹ ਜ਼ਰੂਰੀ ਨਹੀਂ ਕਿ ਇਸ ਦੇ ਦੋਵੇਂ ਸਿਰੇ ਪੱਗ ਵਿੱਚ ਟੁੰਗੇ ਹੋਏ ਹੋਵਣ ਜਾਂ ਲਮਕਦੇ ਹੋਣ।

ਇਸ ਦੇ ਉਲਟ ਭਾਰਤ ਦੀ ਦੂਜੀ ਕਿਸਮ ਦੀ 'ਸਿੱਖ ਪੱਗ' ਅਸਲੋਂ ਹੀ ਸਿੱਖ ਧਰਮ ਦਾ ਇੱਕ ਅਨਿਖੜਵਾਂ ਅੰਗ ਹੈ। ਭਾਵ ਹਰ ਇੱਕ ਸਿੱਖ ਦੇ ਵਾਲਾਂ ਦੀ ਇਹ ਇੱਕ ਅਤਿ ਜ਼ਰੂਰੀ ਤੇ ਇੱਕੋ ਇੱਕ ਕਿਸਮ ਦੀ ਪੁਸ਼ਾਕ ਹੈ। ਸਿੱਖ ਪੱਗ ਦੇ ਬੰਨ੍ਹਣ ਵਾਲੇ ਨੇ ਦਾਹੜੀ ਮੁੱਛਾਂ ਨੂੰ ਸਾਂਭਿਆ ਹੋਇਆ ਹੈ। ਸਿਰ ਦੇ ਲੰਬੇ ਵਾਲ ਬੜੀ ਸਾਵਧਾਨੀ ਨਾਲ ਵਾਹ ਕੇ ਸੁੰਵਾਰੇ ਤੇ ਗੰਢ ਮਾਰੇ ਹੋਏ ਹਨ। ਸੱਚੀ ਗੱਲ ਤਾਂ ਇਹ ਹੈ ਕਿ ਸਿੱਖ ਲਈ ਕੇਸ ਤੇ ਦਾਹੜਾ ਰੱਖਣਾ ਕੇਵਲ ਇੱਕੋ ਗੱਲ ਹੈ, ਦੋ ਨਹੀਂ। ਲੰਬੇ ਵਾਲਾਂ ਤੇ ਪੱਗ ਦੀ ਸਿੱਖ ਧਰਮ ਵਿੱਚ ਇਸ ਮਹਾਨਤਾ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਸਿੱਖ ਧਰਮ ਦੇ ਅਸੂਲਾਂ ਵਿੱਚੋਂ ਇਸ ਵਿਸ਼ੇਸ਼ ਵਿਚਾਰ ਨੂੰ ਧਾਰਨ ਕਰੋ।

ਗੁਰੂ ਨਾਨਕ ਦਾ ਪੈਦਾ ਕੀਤਾ ਸਿੱਖ ਧਰਮ 'ਇੱਕ ਕਾਦਰ' ਤੇ ਉਸ ਦੀ 'ਕੁਦਰਤ' ਨੂੰ ਪਿਆਰ ਕਰਨ ਵਾਲਿਆਂ ਦਾ ਹੈ। ਅੰਗਰੇਜ਼ੀ ਵਿੱਚ ਇਸ ਤਰ੍ਹਾਂ ਦੇ ਧਰਮ ਵਾਲਿਆਂ ਨੂੰ 'ਮਨੋ ਥੀਸਟਸ' ਆਖਦੇ ਹਨ। ਸਿੱਖ ਧਰਮ ਵਿੱਚ ਪ੍ਰਮਾਤਮਾ ਕੇਵਲ ਉਹ ਇੱਕ ਕਾਦਰ ਹੈ ਜਿਸ ਦੀ ਅਣਡਿੱਠੀ ਸ਼ਕਲ ਉਸ ਦੀ ਸਾਜੀ ਹੋਈ ਸ੍ਰਿਸ਼ਟੀ ਵਿੱਚੇ ਲੱਭ ਸਕਦੀ ਹੈ। ਸੋ ਇਨ੍ਹਾਂ ਖੰਡਾਂ ਬ੍ਰਹਮੰਡਾਂ ਦੇ ਰਾਖੇ ਸਭ ਦੇ ਸਿਰਜਣਹਾਰ ਪਿਤਾ ਨੂੰ ਪਿਆਰ ਕਰਨਾ ਤੇ ਕੇਵਲ ਉਸ ਦੀ 'ਘਾੜਤ' ਨੂੰ ਪਿਆਰ ਕਰਨਾ ਹੈ। ਭਾਵ ਸਿੱਖ ਦਾ ਵਿਸ਼ਵਾਸ ਉਸ ਕਾਦਰ ਤੇ ਉਸ ਦੀ ਕੁਦਰਤ ਵਿੱਚ ਅਤੁੱਟ ਹੈ। ਇਸ ਕਾਦਰ ਨੂੰ ਪ੍ਰਮਾਤਮਾ ਰੱਬ ਅੱਲਾ ਖ਼ੁਦਾ ਜਾਂ ਗਾਡ ਕਿੰਨੇ ਹੀ ਨਾਮਾਂ ਨਾਲ ਯਾਦ ਕੀਤਾ ਜਾਂਦਾ ਹੈ। ਜੇ ਕੋਈ ਕਾਦਰ ਦੀ ਕਰਾਮਾਤ ਨੂੰ ਚੈਲੰਜ ਕਰੇ, ਪ੍ਰਮਾਤਮਾ ਦੀ ਰਜ਼ਾ ਤੋਂ ਮੁਨਕਰ ਹੋਵੇ, ਉਹ ਗੁਰੂ ਨਾਨਕ ਦੇ ਧਰਮ ਦੇ ਮੁੱਢਲੇ ਅਸੂਲਾਂ ਨੂੰ ਮੰਨਣ ਵਾਲਾ ਸਿੱਖ ਕਿਵੇਂ ਹੋ ਸਕਦਾ ਹੈ? ਇਸ ਕਾਦਰ ਦੀ ਕਰਾਮਾਤ ਨਾਲ ਹੀ ਇੱਕ 'ਮਨੁੱਖੀ ਸ਼ਕਲ' ਬਖ਼ਸ਼ੀ ਗਈ ਹੈ।

ਬਾਈਬਲ ਵਿੱਚ ਵੀ ਇਹ ਜ਼ਿਕਰ ਆਉਂਦਾ ਹੈ ਕਿ ਰੱਬ ਨੇ ਆਪਣੀ ਹੀ ਸ਼ਕਲ ਵਿੱਚ ਮਨੁੱਖ ਪੈਦਾ ਕੀਤਾ। ਠੀਕ ਹੈ, ਰੱਬ ਦੀ ਰਜ਼ਾ ਨੂੰ ਮੰਨਣ ਵਾਲੇ ਅਸੀਂ ਤਦੇ ਹੀ ਹੋਵਾਂਗੇ, ਜੇਕਰ ਅਸੀਂ ਉਸ ਦੀ ਆਪਣੀ ਦਿੱਤੀ ਸ਼ਕਲ ਨੂੰ ਉਵੇਂ ਹੀ ਸਵੀਕਾਰ ਕਰੀਏ, ਸਾਂਭੀਏ ਤੇ ਸਜਾਈਏ। ਸੋ ਰੱਬ ਦੀ ਬਖ਼ਸ਼ੀ ਮਨੁੱਖੀ ਸ਼ਕਲ ਸਮੇਤ ਹੀ ਪੂਰੀ ਹੁੰਦੀ ਹੈ ਅਤੇ ਇਸ ਪੂਰੀ ਸ਼ਕਲ ਦੀ ਸੰਭਾਲ ਕਰਨ ਨੂੰ 'ਸਿੱਖ ਸ਼ਕਲ' ਆਖਿਆ ਜਾਂਦਾ ਹੈ।

ਆਓ ਹੁਣ ਅਸੀਂ ਇਸ ਮਨੁੱਖੀ ਸਰੀਰ ਤੇ ਉੱਗੇ ਵਾਲਾਂ ਵਲ ਝਾਤ ਮਾਰੀਏ। ਇਹ ਕਾਦਰ ਦੀ ਕੁਦਰਤ ਦਾ ਹੀ ਕ੍ਰਿਸ਼ਮਾ ਹਨ। ਰੱਬ ਦੀ ਰਜ਼ਾ ਨਾਲ ਹੀ ਮਨੁੱਖ ਨੂੰ ਦਾਹੜੀ ਮੁੱਛਾਂ ਲਾ ਕੇ 'ਮਰਦ ਸ਼ਕਲ' ਦਿੱਤੀ ਗਈ। ਔਰਤ ਨੂੰ ਉਸ ਤੋਂ ਵੱਖਰੀ ਔਰਤ ਸ਼ਕਲ। ਮਰਦ ਦਾ ਹਰ ਰੋਜ਼ ਸ਼ੇਵ ਕਰ ਕੇ ਔਰਤ ਬਣਨ ਦੀ ਕੋਸ਼ਿਸ਼ ਕਾਦਰ ਜਾਂ ਉਸ ਦੀ ਕੁਦਰਤ ਨੂੰ ਮਨਜ਼ੂਰ ਨਹੀਂ। ਵਾਲ ਉਗਣੋਂ ਫੇਰ ਵੀ ਬੰਦ ਨਹੀਂ ਹੁੰਦੇ। ਏਥੇ ਹੀ ਬੱਸ ਨਹੀਂ, ਸਰੀਰ ਦੇ ਵੱਖ ਵੱਖ ਹਿੱਸਿਆਂ ਤੇ ਵਾਲ ਉਗਦੇ ਹਨ ਤੇ ਉਹ ਵੀ ਵੱਖ ਵੱਖ ਲੰਬਾਈ ਵਿੱਚ। ਸਭ ਤੋਂ ਵੱਧ ਲੰਬੇ ਵਾਲ ਸਰੀਰ ਦੀ ਸਭ ਉੱਚੀ ਤੇ ਸੁੱਚੀ ਥਾਂ ਸਿਰ ਤੇ ਹਨ, ਜਿੱਥੇ ਕਿ ਸਰੀਰ ਦੇ ਸਾਰੇ ਅੰਗਾਂ ਵਿੱਚੋਂ ਅਤਿ ਜ਼ਰੂਰੀ ਅੰਗ 'ਦਿਮਾਗ਼' ਸਾਂਭਿਆ ਪਿਆ ਹੈ। ਇਹ ਦਿਮਾਗ਼ ਹੀ ਮਨੁਖੀ ਜੀਵਨ ਜਾਂ ਜੀਵਨ ਹਰਕਤਾਂ ਦਾ ਸੰਚਾਲਕ ਜਾਂ 'ਕੰਟਰੋਲਰ ਟਾਵਰ' ਹੈ। ਜਿਸ ਦੀ ਛੱਤ ਤੇ ਲੰਮੇ ਲੰਮੇ ਵਾਲਾਂ ਵਾਲੀ

ਸਖ਼ਤ ਖੋਪਰੀ ਹੈ। ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਸਿਰ ਦੇ ਉਗਾਏ ਇਹ ਲੰਬੇ ਵਾਲ ਕੁਦਰਤ ਵਲੋਂ ਕੋਈ ਭੁੱਲ ਜਾਂ ਗ਼ਲਤੀ ਨਹੀਂ ਹਨ, ਜਿਸ ਨੂੰ ਉਸੇ ਕਾਦਰ ਜਾਂ ਘੜਿਆ ਮਨੁੱਖ ਕੱਟ ਕੇ ਸੋਧਣ ਦਾ ਯਤਨ ਕਰ ਰਿਹਾ ਹੈ। ਪਰ ਗ਼ਲਤ ਕੌਣ ਹੋ ਸਕਦਾ ਹੈ? ਕਾਦਰ ਜਾਂ ਮਨੁੱਖ? ਕੌਣ ਨਹੀਂ ਜਾਣਦਾ ਕਿ ਸੰਸਾਰ ਦੇ ਬਹੁਤ ਸਾਰੇ ਮਹਾਨ ਸਾਇੰਸਦਾਨਾਂ, ਫ਼ਿਲਾਸਫਰਾਂ, ਪੀਰਾਂ ਤੇ ਪੈਕੰਬਰਾਂ ਨੇ ਵੀ ਸਿਰ ਦੇ ਵਾਲਾਂ ਦੀ ਇਸ ਮਹੱਤਤਾ ਪਛਾਣਦੇ ਹੋਇਆਂ ਰੱਬ ਦੀ ਬਖ਼ਸ਼ੀ ਸ਼ਕਲ ਹਲੀਮੀ ਨਾਲ ਪਰਵਾਨ ਕੀਤਾ ਹੈ।

ਆਖ਼ਰੀ ਗੱਲ ਪ੍ਰਮਾਤਮਾ ਦੀ ਸਚਾਈ ਜਾਂ ਕਰਨੀ ਵਿੱਚ ਵਿਸ਼ਵਾਸ ਰੱਖਣ ਵਾਲੇ ਸਿੱਖ ਲਈ ਕੇਸ ਸਰੀਰ ਦਾ ਇੱਕ ਅਨਿਖੜਵਾਂ ਹਿੱਸਾ ਹਨ। ਇਹ ਸਰੀਰ ਦਾ ਜਿਉਂਦਾ ਤੇ ਵਧਦਾ ਫ਼ੁੱਲਦਾ ਹਿੱਸਾ ਹਨ। ਜਿਨ੍ਹਾਂ ਦੀ ਸਹੀ ਦੇਖ ਭਾਲ ਲਈ 'ਕੰਘਾ' ਤੇ 'ਪੱਗੜੀ' ਅਤਿ ਜ਼ਰੂਰੀ ਹਨ। ਜੋ ਕੇਸ ਕਿਸੇ ਬੀਮਾਰੀ ਦੀ ਸ਼ਕਲ ਨਾਲ ਢਲਦੀ ਉਮਰ ਵਿੱਚ ਕਮਜ਼ੋਰ ਹੋ ਜਾਂਦੇ ਹਨ ਜਾਂ ਆਪਣੀ ਉਮਰ ਭੋਗ ਲੈਂਦੇ ਹਨ, ਉਹ ਇਸ਼ਨਾਨ ਜਾਂ ਕੰਘਾ ਕਰਨ ਸਮੇਂ ਖੋਪਰੀ ਨਾਲੋਂ ਆਪਣੇ ਆਪ ਵੱਖ ਹੁੰਦੇ ਰਹਿੰਦੇ ਹਨ। ਜਿਵੇਂ ਮਾਸ ਨਾਲੋਂ ਨੌਹਾਂ ਦਾ ਉਹ ਹਿੱਸਾ ਜੋ ਉਂਗਲ ਨਾਲੋਂ ਵਧ ਗਿਆ ਹੈ ਅਤੇ ਆਪਣੀ ਉਮਰ ਭੋਗ ਚੁਕਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖ ਨੂੰ ਸਿੰਘ ਸਜਾਉਣ ਸਮੇਂ ਭਾਵ ਖਾਲਸਾ ਪੰਥ ਦੀ ਨੀਂਹ ਰੱਖਣ ਸਮੇਂ ਇਸ ਗੱਲ ਵੱਲ ਉੱਚੇਚਾ ਧਿਆਨ ਦਿੱਤਾ ਹੈ ਕਿ ਸਿੱਖਾਂ ਦੀ ਕਰਨੀ ਉਤਨੀ ਹੀ ਮਜ਼ਬੂਤ ਹੋਵੇ, ਜਿਤਨੀ ਕਿ ਕਹਿਣੀ। ਆਪਣੀ 'ਸ਼ਕਲ' ਵਿੱਚ ਉਤਨਾ ਹੀ ਪੂਰਾ ਹੋਵੇ ਜਿਤਨਾ 'ਵਿਚਾਰ' ਵਿੱਚ। ਉਨ੍ਹਾਂ ਕਾਦਰ ਦੀ ਬਖ਼ਸ਼ੀ ਇਸ ਕੁਦਰਤੀ 'ਮਨੁੱਖੀ ਸ਼ਕਲ' ਨੂੰ ਕੇਵਲ ਖੁਦ ਹੀ ਨਹੀਂ ਅਪਣਾਇਆ ਸਗੋਂ ਆਪਣੇ ਸਿੱਖਾਂ ਨੂੰ ਇੱਕ ਵਿਸ਼ੇਸ਼ ਤਕੀਦ ਕਰ ਆਖਿਆ ਹੈ ਕਿ 'ਰਹਿਣੀ ਰਹੇ ਸੋਈ ਸਿੱਖ ਮੇਰਾ।'

ਇਹ ਰਹਿਣੀ ਕੇਵਲ ਅੰਦਰਲੇ ਆਚਾਰ ਦੀ ਹੀ ਰਹਿਣੀ ਨਹੀਂ, ਸਗੋਂ ਸਿੱਖ ਸ਼ਕਲ ਵਿੱਚ ਰਹਿਣ ਦਾ ਇੱਕ ਮੁੱਢਲਾ ਤੇ ਜ਼ਰੂਰੀ ਅਸੂਲ ਹੈ। ਨਿਰਸੰਦੇਹ ਕੇਸ ਪੱਗ ਤੇ ਦਾਹੜੀ ਤਾਂ 'ਸਿੱਖ ਰਹਿਣੀ' ਦਾ ਇੱਕ ਅਵੱਸ਼ ਪਾਸ ਕਰਨ 'ਦਾਖਲੇ' ਦਾ ਟੈੱਸਟ ਹੈ। ਇਹ ਸਿੱਖ ਸ਼ਕਲ ਵਾਲੀ ਰਹਿਣੀ ਸਿੱਖ ਧਰਮ ਦੀ ਇੱਕ ਮਹਾਨ ਤੇ ਨਿਰਾਲੀ ਇਮਾਰਤ ਹੈ, ਜਿਸ ਦੇ ਅੰਦਰ ਸਿੱਖ ਵਿਚਾਰ ਵਾਲੀ ਰਹਿਣੀ ਦਾ ਪ੍ਰਵੇਸ਼ ਹੈ।

ਜਿਵੇਂ 'ਸਿੱਖ ਵਿਚਾਰ' ਤੇ ਪ੍ਰਵੇਸ਼ ਬਿਨਾਂ ਇਹ ਸਿੱਖ ਸ਼ਕਲ ਵਾਲੀ ਮਹਾਨ ਇਮਾਰਤ ਖੋਖਲੀ ਤੇ ਬੇਰੌਣਕ ਹੋਵੇਗੀ, ਤਿਵੇਂ ਹੀ ਸਿੱਖ ਸ਼ਕਲ ਵਾਲੀ ਇਮਾਰਤ ਬਿਨਾਂ ਸਿੱਖ ਵਿਚਾਰਾਂ ਵਾਲੀ ਸੁਰੱਖਿਆ ਦਾ ਦਾਹਵਾ ਕਰਨਾ ਝੂਠ ਨੂੰ ਸੱਚ ਕਹਿਣਾ ਹੀ ਹੋਵੇਗਾ। ਇਸੇ ਤਰ੍ਹਾਂ 'ਮੋਨ ਸ਼ਕਲ' ਧਾਰਨ ਕਰ ਕੇ ਸਿੰਘ ਅਖਵਾਣਾ ਜਾਂ ਆਪਣੇ ਨਾਲ ਸਿੰਘ ਸ਼ਬਦ ਦੀ ਵਰਤੋਂ ਕਰਨੀ ਝੂਠ ਨੂੰ ਸੱਚ ਕਹਿਣ ਬਰਾਬਰ ਹੀ ਤਾਂ ਹੈ।

ਬਹੁਤ ਸਾਰੇ ਪੜ੍ਹੇ ਲਿਖੇ ਤੇ ਵਿਦਵਾਨ ਸਿੱਖ ਲੀਡਰਾਂ, ਲੇਖਕਾਂ ਤੇ ਡਾਕਟਰਾਂ ਤੇ ਅਧਿਆਪਕਾਂ ਦੀ ਸਮਝ ਉੱਤੇ ਹੈਰਾਨੀ ਹੈ (ਜੋ ਪੱਗ ਦਾਹੜੀ ਵਾਲੇ ਸਿੱਖ ਨੂੰ ਪਿਛਾਂਹ ਖਿਚੂ ਆਖਣ ਤੋਂ ਸੰਕੋਚ ਨਹੀਂ ਕਰਦੇ।) ਹਾਂ! ਇਹ ਤਾਂ ਗੱਲ ਮੰਨੀ ਜਾ ਸਕਦੀ ਹੈ ਕਿ ਇਨ੍ਹਾਂ ਪੱਛਮੀ ਅਸਰਾਂ ਹੇਠ ਆਏ ਮਾਡਰਨ ਸਿੱਖਾਂ ਵਲੋਂ ਆਪਣੇ ਨਵੇਂ ਰੂਪ ਦੇ ਹੱਕ ਵਿੱਚ ਦਲੀਲਾਂ ਪੇਸ਼ ਕਰਨਾ ਸੁਭਾਵਿਕ ਹੀ ਹੈ।

ਸੰਸਾਰ ਦੇ ਦੇਸ਼ਾਂ ਦੇ ਇਤਿਹਾਸ ਵਿੱਚ ਕੋਈ ਵੀ ਸੈਨਾ ਉਤਨੀ ਦੇਰ ਕਾਮਲ ਨਹੀਂ ਬਣ ਸਕਦੀ ਜਿਤਨੀ ਦੇਰ ਉਹ ਚੰਗੇ ਡਸਿਪਲਨ ਦੀ ਧਾਰਨੀ ਨਾ ਹੋਵੇ। ਵਰਦੀ ਡਸਿਪਲਨ ਵਿੱਚ ਨਿਪੁੰਨਤਾ ਪੈਦਾ ਕਰਨ ਲਈ ਇੱਕ ਜ਼ਰੂਰੀ ਲੋੜ ਹੈ। ਪੱਗ, ਦਾਹੜੀ, ਕੇਸ ਆਦਿ ਸਿੱਖ ਡਸਿਪਲਨ ਦੀਆਂ ਜ਼ਰੂਰੀ ਲੋੜਾਂ ਹਨ। ਮੁੱਕਦੀ ਗੱਲ ਸਿੱਖ ਕੌਮ ਦੀ ਜੀਵਨ ਹੋਂਦ ਤੇ ਪਛਾਣ ਕੇਵਲ ਸਿੱਖ ਸ਼ਕਲ ਨਾਲ ਹੀ ਰਹਿ ਸਕਦੀ ਹੈ ਤੇ ਇਵੇਂ ਹੀ ਪੱਗ ਦਾਹੜੀ ਤੇ ਕੇਸ ਬਿਨਾਂ ਸ਼ਕਲ ਕਦੇ ਪੂਰੀ ਨਹੀਂ ਹੋ ਸਕਦੀ। ਅਸਲ ਵਿੱਚ ਜੇਕਰ ਕੇਸ ਇੱਕ ਸਿੱਖ ਦੀ 'ਖਾਲਸਾ' ਰੂਪ ਜਾਂ ਸਿੰਘ ਹੋਣ ਦਾ ਸਰਟੀਫੀਕੇਟ ਜਾਂ ਸਨਦ ਹੈ ਤਾਂ ਪੱਗ ਉਸ ਸਨਦ ਤੇ ਲੱਗੀ ਚਾਂਸਲਰ ਦੀ ਮੋਹਰ ਹੈ, ਜੋ ਕੇਵਲ ਦਸਵੇਂ ਪਾਤਸ਼ਾਹ ਜੀ ਵਲੋਂ ਹੀ ਬਖ਼ਸ਼ੀ ਗਈ ਹੈ। ਜਿਵੇਂ ਮੋਹਰ ਜਾਂ ਦਸਖ਼ਤ ਬਿਨਾਂ ਕੋਈ ਵੀ ਲਿਖਤੀ ਸਰਟੀਫੀਕੇਟ ਜਾਂ ਸਨਦ ਕੀਮਤ ਨਹੀਂ ਰੱਖਦੀ, ਇਵੇਂ ਹੀ 'ਸਿੱਖ ਪੱਗ' ਦੀ ਥਾਂ ਕੋਈ ਹੋਰ ਟੋਪੀ ਆਦਿ ਪਹਿਨਣੀ ਕੇਵਲ ਨਕਲੀ ਜਾਂ ਝੂਠੇ ਦਸਖ਼ਤਾਂ ਵਾਲਾ ਸਰਟੀਫਿਕੇਟ ਪੇਸ਼ ਕਰਨਾ ਹੈ।

ਕਈ ਵੀਰਾਂ ਨੇ ਇੰਗਲੈਂਡ ਵਿੱਚ 'ਕਰੈਸ਼ ਹੈਲਮਿਟ' ਕਾਨੂੰਨ ਵਿਰੁੱਧ ਸਿੱਖਾਂ ਦੀ ਲੜਾਈ ਨੂੰ ਗ਼ਲਤ ਤੇ ਬੇਅਸੂਲੀ ਦੱਸਿਆ ਹੈ। ਕਈ ਇਹ ਆਖ ਦਿੰਦੇ ਹਨ ਕਿ ਦੱਸੋ ਜੀ! ਕਿੱਥੇ ਲਿਖਿਆ ਹੈ ਕਿ ਪੱਗ ਅਤੇ ਕੇਸ ਸਿੱਖਾਂ ਲਈ ਜ਼ਰੂਰੀ ਹਨ। ਇਸ ਸੰਬਧ ਵਿੱਚ ਹੀ ਅਸੀਂ ਸੰਖੇਪ ਤਰੀਕੇ ਨਾਲ ਦੱਸਦੇ ਹਾਂ ਕਿ ਭਾਵੇਂ ਪਹਿਲੇ ਨੌਂ ਗੁਰੂ ਸਾਹਿਬ ਵੀ ਇਸ ਪਾਸੇ ਸਮੇਂ ਸਮੇਂ ਧਿਆਨ ਦਿਵਾਉਂਦੇ ਰਹੇ ਪ੍ਰੰਤੂ ਸਿੱਖ ਵਰਦੀ ਤੇ 'ਸਿੱਖ ਡਸਿਪਲਿਨ' ਬਾਰੇ ਉੱਚੇਚਾ ਹੁਕਮਨਾਮਾ ਗੁਰੂ ਗੋਬਿੰਦ ਸਿੰਘ ਜੀ

ਵਲੋਂ ਖਾਲਸੇ ਦੀ ਮੂੰਹ ਬੋਲਦੀ ਤਸਵੀਰ ਰਾਹੀਂ ਸੰਮਤ ੧੭੫੬ ਵੈਸਾਖੀ ਵਾਲੇ ਦਿਨ ਕਈ ਹਜ਼ਾਰ ਸਿੱਖਾਂ ਦੀ ਹਾਜ਼ਰੀ ਵਿੱਚ ਪੇਸ਼ ਕੀਤਾ ਗਿਆ। ਇਹ ਉਹ ਦਿਨ ਸੀ ਜਿਸ ਦਿਨ ਇੱਕ ਕਰਾਮਾਤ ਰਾਹੀਂ ਸਿੱਖਾਂ ਤੋਂ ਕਿ ਸਦੀਵੀ ਸਿੱਖ ਕੌਮ ਦਾ ਜਨਮ ਹੋਇਆ।

ਨਿਰਸੰਦੇਹ 'ਖਾਲਸਾ ਰੂਪ' ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਦਿੱਤਾ ਹੈ ਜਿਸ ਬਿਨਾਂ ਸਿੱਖ ਕੌਮ ਸਦੀਵੀ ਜੀਵਨ ਨਹੀਂ ਜੀਅ ਸਕਦੀ। ਇਸੇ ਲਈ ਖਾਲਸੇ ਨੂੰ ਜਨਮ ਦੇਣ ਦੇ ਨਾਲ ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਚੇਤੇ ਰੱਖਣ ਲਈ ਆਖਿਆ:

ਖਾਲਸਾ ਮੇਰੋ ਰੂਪ ਹੈ ਖ਼ਾਸ ॥ ਖਾਲਸੇ ਮਹਿ ਹਉਂ ਕਰਉਂ ਨਿਵਾਸ ॥
ਯਾ ਮਹਿ ਰੰਚ ਨ ਮਿਥਿਆ ਭਾਖੀ ॥ ਪਾਰਬ੍ਰਹਮ ਗੁਰੂ ਨਾਨਕ ਸਾਖੀ ॥

ਤੇ ਫੇਰ ਅੱਗੇ ਚੱਲ ਕੇ:

ਜਬ ਲਗ ਰਹੇ ਖਾਲਸਾ ਨਿਆਰਾ ॥ ਤਬ ਤੇਜ਼ ਦੀਓ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈ ਨਾ ਕਰੋ ਇਨ ਕੀ ਪ੍ਰਤੀਤ ॥

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਸਿੱਖ ਸ਼ਕਲ' ਤੇ 'ਸਿੱਖ ਡਸਿਪਲਿਨ' ਬਾਰੇ ਵੀ ਕਾਫ਼ੀ ਕੁਛ ਵਿਸ਼ੇਸ਼ ਕਰ ਕੇ ਲਿਖਿਆ ਹੋਵੇਗਾ ਪਰ ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਅਨੰਦਪੁਰ ਛੱਡਣ ਅਤੇ ਸਰਸਾ ਨਦੀ ਪਾਰ ਕਰਨ ਸਮੇਂ ਗੁੰਮ ਹੋਣ ਕਰ ਕੇ ਸਿੱਖ ਫ਼ਲਸਫੇ ਜਾਂ ਗ੍ਰੰਥਾਂ ਦਾ ਹਿੱਸਾ ਨਹੀਂ ਬਣ ਸਕੀਆਂ। ਫਿਰ ਵੀ ਜੋ ਕੁੱਝ ਬਚਿਆ ਉਹ ਆਪਣੀ ਮਿਸਾਲ ਆਪ ਹੀ ਹੈ। ਹਾਂ! ਸਤਿਗੁਰਾਂ ਦੇ ਸਮਕਾਲੀ ਲੇਖਕਾਂ ਦੇ ਰਹਿਤ ਨਾਮਿਆਂ ਤੋਂ ਉਨ੍ਹਾਂ ਦੇ ਸਿੱਖ ਡਸਿਪਲਿਨ ਬਾਰੇ ਵਿਚਾਰਾਂ ਦਾ ਕਾਫ਼ੀ ਪਤਾ ਚੱਲਦਾ ਹੈ।

ਇਸ ਤੋਂ ਬਿਨਾਂ ਖਾਲਸਾ ਸਾਜਨ ਤੋਂ ਪਹਿਲਾਂ ਵੀ ਜਦੋਂ ਸਿੱਖ ਸਿੰਘ ਬਣਨ ਦਾ ਹੁਕਮ ਜਾਰੀ ਨਹੀਂ ਸੀ ਹੋਇਆ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਿੱਖ ਡਸਿਪਲਿਨ ਦੇ ਨਾਲ ਸਿੱਖ ਵਰਦੀ ਦੇ ਇੱਕ ਜ਼ਰੂਰੀ ਅੰਗ ਦਸਤਾਰ ਦਾ ਵੀ ਵਾਰ ਵਾਰ ਜ਼ਿਕਰ ਆਉਂਦਾ ਹੈ। ਜੈਸਾ ਕਿ:

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥ ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥੨॥

(ਤਿਲੰਗ ਭਗਤ ਨਾਮਦੇਵ ਜੀ - ੭੨੭)

ਤਥਾ: *ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੁਰਤਿ ਦਸਤਾਰ ਸਿਰਾ ॥੧੨॥ (ਮਾਰੂ ਮਃ ੫ - ੧੦੮੪)*

ਤਥਾ: *ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ (ਸਿਰੀਰਾਗੁ ਮਃ ੫ - ੭੪)*

ਅੱਗੇ ਦਿੱਤੇ ਹੋਏ ਸ਼ਬਦ ਵਿੱਚ ਸਿਰ ਦੇ ਵਾਲਾਂ ਤੇ ਪੱਗ ਦੀ ਮਹੱਤਤਾ, ਇਸ ਨੂੰ ਸਰੀਰ ਜਾਂ ਤਨ ਦੇ ਬਰਾਬਰ ਦਾ ਦਰਜਾ ਦੇਣ ਤੋਂ ਸਾਫ਼ ਪ੍ਰਤੱਖ ਹੈ।

ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥

(ਸੋਰਠਿ ਭਗਤ ਰਵਿਦਾਸ ਜੀ - ੬੫੯)

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਗੁਰਸਿੱਖਾਂ ਦੇ ਰਹਿਤ ਨਾਮਿਆਂ ਵਿੱਚ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿੱਚ ਇਹ ਤਾੜਨਾ ਭਰੇ ਸ਼ਬਦ ਆਉਂਦੇ ਹਨ।

ਕੁੱਠਾ ਹੁੱਕਾ ਚਰਸ ਤਮਾਕੂ। ਗਾਂਜਾ ਟੋਪੀ ਤਾੜੀ ਖਾਕੂ।
ਇਨ ਕੀ ਓਰ ਨ ਕਬਹੂੰ ਵੇਖੈ। ਰਹਿਤ ਵੰਤ ਜੋ ਸਿੰਘ ਵਿਸੇਖੈ।

ਇਹ ਸਪਸ਼ਟ ਕਰਦਾ ਹੈ ਕਿ ਟੋਪੀ ਪਾਉਣੀ ਸਿੱਖ ਨੂੰ ਸ਼ੋਭਾ ਨਹੀਂ ਦਿੰਦੀ।

ਭਾਵੇਂ ਭਾਰਤੀ ਇਤਿਹਾਸ ਵਿੱਚ ਪੱਗ ਦੀ ਸਮਾਜਕ ਤੇ ਰਾਜਨੀਤੱਕ ਮਹੱਤਤਾ ਕਦੇ ਨਹੀਂ ਘਟੀ ਪਰੰਤੂ ਸਿੱਖ ਗੁਰੂਆਂ ਨੇ ਇਸ ਨੂੰ ਆਪਣੇ ਧਰਮ ਦਾ ਹਿੱਸਾ ਬਣਾ 'ਸਿੱਖ ਪੱਗ' ਨੂੰ ਭਾਰਤੀ ਪੱਗ ਤੋਂ ਕਿਤੇ ਵੱਧ ਉੱਚਾ ਤੇ ਸੁੱਚਾ ਦਰਜਾ ਦਿੱਤਾ ਹੈ। ਆਮ ਲੋਕਾਂ ਨੂੰ ਪੱਗ ਦਾ, ਭਾਰਤੀ ਸਮਾਜਕ ਜਾਂ ਸਿੱਖ ਧਰਮ ਵਿੱਚ ਮਹਾਨਤਾ ਤੋਂ ਬਿਨਾਂ ਇਸ ਦਾ ਕੋਈ ਪਰੈਕਟੀਕਲ ਫਾਇਦਾ ਨਹੀਂ ਦਿਸਦਾ, ਪਰ ਗੱਲ ਇਸ ਤੋਂ ਬਿਲਕੁਲ ਉਲਟ ਹੈ। ਟੋਪੀ ਜਾਂ ਹੈਟ ਆਦਿ ਵਰਤਣ ਨਾਲੋਂ ਪੱਗ ਵਰਤਣ ਦੇ ਇੱਕ ਦੋ ਪ੍ਰਤੱਖ ਫਾਇਦੇ ਹਨ। ਜਿਉਂ ਜਿਉਂ ਹੈਟ ਸਮੇਂ ਨਾਲ ਅੰਦਰੋਂ ਬਾਹਰੋਂ ਮੈਲੀ ਹੁੰਦੀ ਜਾਂਦੀ ਹੈ ਇਸ ਨੂੰ ਧੋਣ ਜਾਂ ਸਾਫ਼ ਰੱਖਣ ਦਾ ਕੰਮ ਹੋਰ ਮੁਸ਼ਕਲ ਹੁੰਦਾ ਚਲਾ ਜਾਂਦਾ ਹੈ। ਪ੍ਰੰਤੂ ਪੱਗ ਨਿਸ਼ਚੇ ਹੀ ਵਧੇਰੇ ਹਾਈਜੈਨਿਕ ਜਾਂ ਸਾਫ਼

ਸਾਬਤ ਹੁੰਦੀ ਹੈ। ਕਿਉਂਕਿ ਇਹ ਤਾਂ ਸੂਤੀ ਮਲਮਲ ਦੀ ਬਣੀ ਹੈ। ਜਿਸ ਨੂੰ ਜਦੋਂ ਮੈਲੀ ਦਿਸੇ, ਓਦੋਂ ਹੀ ਧੋ ਲਵੇ ਆਮ ਸਰੀਰ ਦੇ ਕੱਪੜਿਆਂ ਵਾਂਗ।

ਪੱਗ ਤਾਂ ਹਮੇਸ਼ਾਂ 'ਮੇਡ ਟੂ ਵਿਯਰ' ਬਸਤ੍ਰਾਂ ਵਾਂਗ ਹੁੰਦੀ ਹੈ। ਭਾਵ ਇਹ ਕਿ ਜਿਵੇਂ ਕਿਸੇ ਦਾ ਸਿਰ ਛੋਟਾ, ਵੱਡਾ, ਤਿਖਾ ਜਾਂ ਗੋਲ ਹੋਵੇ ਉਵੇਂ ਹੀ ਸਹੀ ਫਿਟ ਹੁੰਦੀ ਚਲੀ ਜਾਂਦੀ ਹੈ। ਫੈਕਟਰੀਆਂ ਵਿੱਚ ਬਣੀਆਂ ਹੈਟਾਂ ਵਿੱਚ ਵੱਡੇ ਛੋਟੇ ਸਾਈਜ਼ ਤਾਂ ਮਿਲ ਸਕਦੇ ਹਨ ਪਰ ਹਰ ਸਿਰ ਦੀ ਵੱਖਰੀ ਬਣਤਰ ਤੇ ਢੱਬ ਦੇ ਫਿਟ ਬੈਠਣ ਦਾ ਕੋਈ ਹੱਲ ਨਹੀਂ। ਸੋ ਕੋਈ ਇਹ ਨਹੀਂ ਜਾਣਦਾ ਕਿ 'ਮੇਚ' ਦੇ ਕੇ ਬਣਾਈ ਚੀਜ਼ ਆਮ ਹਰ ਕਿਸੇ ਲਈ ਵਾਹੋਦਾਹੀ ਨੰਬਰਾਂ ਰਾਹੀਂ ਤਿਆਰ ਕੀਤੀ ਚੀਜ਼ ਤੋਂ ਵਧੇਰੇ ਅਰਾਮਦਾਇਕ ਜਾਂ ਸੁਖਾਵੀਂ ਹੋਵੇਗੀ। ਕਈ ਲੋਕ ਪੱਗ ਦੇ ਆਕਾਰ ਨੂੰ ਵੇਖ ਕੇ ਇਸ ਨੂੰ ਕਾਫ਼ੀ ਭਾਰੀ ਸ਼ੈ ਸਮਝਦੇ ਹਨ, ਜਦੋਂ ਕਿ ਇਸ ਦਾ ਭਾਰ ਕਿਲੋ ਜਾਂ ਪੌਂਡਾਂ ਵਿੱਚ ਨਹੀਂ ਸਗੋਂ ਗਰਾਮਾਂ ਜਾਂ ਔਂਸਾਂ ਵਿੱਚ ਹੀ ਹੁੰਦਾ ਹੈ। ਸੋ ਸਪਸ਼ਟ ਹੈ ਕਿ ਕੰਨਾਂ ਤੱਕ ਸਿਰ ਨੂੰ ਢੱਕਣ ਵਾਲਾ ਇਹ ਤਾਜ ਕੇਵਲ ਤੁਹਾਡੀ ਸੁੰਦਰਤਾ ਅਤੇ ਸਖਸ਼ੀਅਤ ਵਿੱਚ ਹੀ ਵਾਧਾ ਨਹੀਂ ਕਰਦਾ ਸਗੋਂ ਇਸ ਦਾ ਭਾਰ ਵੀ ਕੁੱਝ ਨਹੀਂ।

ਥਰਮੋਸ ਬੋਤਲ ਦੀ ਸਿਫ਼ਤ ਵਾਂਗ ਪੱਗ ਗ਼ਰਮੀਆਂ ਅਤੇ ਸਰਦੀਆਂ ਦੋਵਾਂ ਰੁੱਤਾਂ ਵਿੱਚ ਸਭ ਤੋਂ ਵਧੀਆ 'ਹੈੱਡ ਡਰੈਸ' ਹੈ। ਠੰਢੇ ਜਾਂ ਬਰਫਾਂਨੀ ਹਵਾਵਾਂ ਵਾਲੇ ਸਮੇਂ ਜਾਂ ਦੇਸ਼ ਵਿੱਚ ਸਾਡੇ ਕੰਨ ਪੱਗ ਦੀਆਂ ਸਿਫਤਾਂ ਨਹੀਂ ਥੱਕਦੇ। ਗ਼ਰਮ ਤੇ ਰੇਗਸਤਾਨੀ ਸੂਰਜ ਦੀਆਂ ਕਿਰਨਾਂ ਸਮੇਂ ਸਾਡਾ ਸਿਰ ਤਾਲੂਏ ਤੋਂ ਧੌਣ ਤੱਕ ਭੁੱਜਣ ਤੋਂ ਬਚਿਆ ਰਹਿੰਦਾ ਹੈ। ਏਥੋਂ ਤੱਕ ਕਿ ਪੱਗ ਦੀ ਅੰਦਰਲੀ ਤਹਿ ਵਿੱਚ ਸਿੰਮਿਆ ਪਸੀਨਾ ਸਗੋਂ ਹੋਰ ਠੰਢ ਪਾਉਣ ਵਿੱਚ ਸਹਾਇਤਾ ਕਰਦਾ ਹੈ। ਹਾਂ! ਮੁੜ੍ਹਕੇ ਵਾਲੀ ਪੱਗ ਨੂੰ ਉਤਾਰਨ ਸਮੇਂ ਮਿੰਟਾਂ ਵਿੱਚ ਹੀ ਸਾਫ਼ ਪਾਣੀ ਵਿੱਚੋਂ ਕੱਢਿਆ ਜਾਂ ਧੋਇਆ ਜਾ ਸਕੀਦਾ ਹੈ। ਮੁੜਕਾ ਵੀ ਵਧੇਰੇ ਗ਼ਰਮ ਦੇਸ਼ ਵਿੱਚ ਹੀ ਆਉਂਦਾ ਹੈ। ਜਿੱਥੇ ਪੱਗ ਸੁਕਾਣ ਨੂੰ ਵੀ ਫੋਰਾ ਨਹੀਂ ਲੱਗਦਾ। ਉਹ ਸਾਰੇ ਕਿੱਤੇ ਜਾਂ ਨੌਕਰੀਆਂ ਜਿਨ੍ਹਾਂ ਵਿੱਚ ਕਿਸੇ ਖ਼ਾਸ 'ਯੂਨੀਫਾਰਮ' ਜਾਂ ਵਰਦੀ ਪਹਿਨਣੀ ਜ਼ਰੂਰੀ ਹੁੰਦੀ ਹੈ। (ਜਿਵੇਂ ਕਿ ਕੰਡੈਕਟਰ ਜਾਂ ਡਰਾਈਵਰ, ਪੋਸਟਮੈਨ ਜਾਂ ਪੁਲੀਸਮੈਨ ਆਦਿ) ਉਨ੍ਹਾਂ ਲਈ ਪੱਗ ਸਿਰ ਦੀ ਸਭ ਤੋਂ ਚੰਗੀ ਵਰਦੀ ਸਾਬਤ ਹੁੰਦੀ ਹੈ। ਇਹ ਵੇਖਣ ਵਿੱਚ ਸੁੰਦਰ ਅਤੇ ਫਿਟਿੰਗ ਵਿੱਚ ਨੰਬਰ ਇੱਕ ਹੀ ਨਹੀਂ, ਸਗੋਂ ਡਿਊਟੀ ਸਮੇਂ ਆਮ ਹੈਟਾਂ ਜਾਂ ਕੈਪਾਂ ਵਾਂਗ ਜ਼ਰਾ ਕੁ ਠੇਡਾ ਜਾਂ ਧੱਕਾ ਵੱਜਣ ਨਾਲ ਡਿੱਗਦੀ ਨਹੀਂ ਤੇ ਨਾ ਹੀ ਜ਼ਰਾ ਕੁ ਤੇਜ਼ ਹਵਾ ਲੱਗਣ ਤੇ ਉਡ ਜਾਣ ਦਾ ਡਰ ਹੈ।

ਪੱਗ ਸਿਰ ਦੀ ਸੁਰੱਖਿਆ ਵੀ ਕਰਦੀ ਹੈ। ਇਹ ਸਿਰ ਦੁਆਲੇ ਸੁਚੱਜਤਾ ਨਾਲ ਵਲੇਟਿਆ 'ਸੇਫਟੀ ਕੁਸ਼ਨ' ਭਾਵ ਰੱਖਿਆ ਗਦ ਦਸਤਾਰਾ ਹੈ। ਆਮ ਨਿੱਤ ਦੇ ਜੀਵਨ ਵਿੱਚ ਭਾਵੇਂ ਕਾਰ ਵਿੱਚ ਹੋਵੇ ਜਾਂ ਸਾਈਕਲ ਦੀ ਸਵਾਰੀ ਕਰਦੇ ਹੋਵੋ, ਰਾਹ ਵਿੱਚ ਤੁਰੇ ਜਾਂਦੇ ਹੋਵੋ ਜਾਂ ਮੇਲੇ ਵਿੱਚ ਝੂਟੇ ਤੇ ਚੜੇ ਹੋਵੋ, ਜਾਂ ਕਦੀ ਕੋਈ ਅਚਾਨਕ ਹਾਦਸਾ ਭੀ ਹੋ ਸਕਦਾ ਹੈ। ਜਿੱਥੇ ਪੱਗੜੀ ਵਾਲੇ ਸਿਰ ਤੇ ਸਾਫ਼ਾ ਹੈ, ਉਤਨੀ ਸੱਟ ਨਹੀਂ ਲੱਗੇਗੀ ਜਿਤਨੀ ਨੰਗੇ ਸਿਰ ਤੇ। ਗੱਲ ਤੇ ਇਹ ਚੇਤੇ ਰੱਖਣ ਵਾਲੀ ਹੈ ਕਿ ਵਧੇਰੇ ਐਕਸੀਡੈਂਟ ਜਾਂ ਹਾਦਸੇ ਸਾਡੇ ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਸਮਿਆਂ ਦੇ ਹੁੰਦੇ ਹਨ ਜਦੋਂ ਕਿ ਸਾਡੇ ਸਿਰ ਨੂੰ ਬਚਾਉਣ ਲਈ ਕੋਈ 'ਕਰੈਸ਼ ਹੈਲਮਿਟ' ਕਾਨੂੰਨ ਲਾਗੂ ਨਹੀਂ ਹੁੰਦਾ ਤੇ ਨਾ ਹੀ ਸਾਨੂੰ ਅਜੇਹੇ ਵੇਲੇ ਇਸ ਦੀ ਹਿਫਾਜ਼ਤ ਕਰਨ ਦਾ ਕੋਈ ਖ਼ਿਆਲ ਹੁੰਦਾ ਹੈ। ਉਪਰੋਕਤ ਦਸੀ ਆਮ ਬੇਧਿਆਨੀ ਸਮੇਂ ਵੀ ਸਿਰ ਦੀ ਸੁਰੱਖਿਆ ਕਰਨ ਤੋਂ ਬਿਨਾਂ ਪੱਗ ਇੱਕ ਪਹਿਲੋਂ ਹੀ ਤਿਆਰ ਜਾਂ ਵੇਲੇ ਕੁਵੇਲੇ ਦਾ ਬੋਗ ਤੇ ਵਧੀਆ 'ਹੇਅਰ ਕਵਰ' ਹੈ। ਕਿਸੇ ਫੂਡ ਫੈਕਟਰੀ ਵਿੱਚ ਕੰਮ ਕਰਦੇ ਜਾਂ ਫਰਮ ਵਿੱਚ ਮਿੱਟੀ ਘੱਟੇ ਦਾ ਕੰਮ ਹੈ, ਕੋਈ ਕਨਟੀਨ ਜਾਂ ਕਿਚਨ ਹੋਵੇ ਜਾਂ ਹਸਪਤਾਲ ਵਿੱਚ ਆਪਰੇਸ਼ਨ ਦਾ ਕਮਰਾ ਹੋਵੇ, ਪੱਗ ਸਿਰ ਦੇ ਵਾਲਾਂ ਨੂੰ ਸਭ ਤੋਂ ਚੰਗੀ ਤਰ੍ਹਾਂ ਸਮੇਟਦੀ ਹੈ।

ਮਨੁੱਖ ਰੰਗਾਂ ਦਾ ਸ਼ੌਕੀਨ ਹੈ। ਜਿਸ ਜਿਸ ਰੰਗ ਦੀ ਪੱਗ ਤੁਹਾਨੂੰ ਵਧੇਰੇ ਸੁਖਾਉਂਦੀ ਹੈ ਬੰਨ੍ਹ ਲਵੋ। ਇੱਕ ਰੰਗ ਤੋਂ ਦਿਲ ਅੱਕ ਗਿਆ ਹੈ, ਦੂਜਾ ਸਹੀ। ਤੁਸੀਂ ਆਪਣੇ ਨਵੇਂ ਸਿਆਏ ਸੂਟ ਨਾਲ ਮੇਲ ਖਾਂਦੀ ਪੱਗ ਬੰਨ੍ਹ ਲਵੋ। ਭਾਵੇਂ ਕਮੀਜ਼ ਜ਼ਾ ਟਾਈ ਵਾਲੇ ਰੰਗ ਦੀ, ਇਹ ਤੁਹਾਡੇ ਆਪਣੇ ਸੁਹਜ ਦੇ ਸੁਭਾਓ ਦੀ ਗੱਲ ਹੈ ਜੋ ਉਮਰ ਤੇ ਸਮੇਂ ਨਾਲ ਬਦਲਦਾ ਰਹਿੰਦਾ ਹੈ।

ਇਸ ਬਾਰੇ ਭਾਵੇਂ ਅੰਕੜੇ ਇਕੱਠੇ ਨਹੀਂ ਕੀਤੇ ਗਏ ਕਿ ਗੰਜ ਦੀ ਬੀਮਾਰੀ ਸਿੱਖਾਂ ਵਿੱਚ ਵੱਧ ਹੈ ਜਾਂ ਘੱਟ, ਪਰ ਏਥੇ ਵੀ ਪੱਗ ਤੁਹਾਡੀ ਬਿਨਾਂ ਆਖਿਆਂ ਸਹਾਇਤਾ ਕਰਦੀ ਹੈ। ਤੁਹਾਨੂੰ ਆਪਣੇ ਗੰਜ ਜਾਂ ਅੱਧ ਗੰਜੇ ਸਿਰ ਬਾਰੇ ਫ਼ਿਕਰ ਕਰਨ ਦੀ ਲੋੜ ਘੱਟੋ ਘੱਟ ਉਤਨੀ ਦੇਰ ਨਹੀਂ ਜਿਤਨੀ ਦੇਰ ਤੁਸੀਂ ਡਿਊਟੀ ਤੇ ਹੋ ਜਾਂ ਜਿਤਨੀ ਦੇਰ ਪੱਗ ਸਿਰ ਤੇ ਸਜੀ ਹੋਈ ਹੈ। ਜੇਕਰ ਸਾਰੀਆਂ ਗੱਲਾਂ ਨੂੰ ਬਰਾਬਰ ਧਿਆਨ ਵਿੱਚ ਰੱਖੀਏ ਤਾਂ ਇਹ ਸਪਸ਼ਟ ਹੈ ਕਿ ਪੱਗ ਨਾ ਤਾਂ ਮੁੱਲ ਵਿੱਚ ਮਹਿੰਗੀ ਹੈ ਤੇ ਨਾ ਹੀ ਬੰਨ੍ਹਣ ਵਿੱਚ ਹੀ ਔਖੀ ਹੈ। ਏਥੇ ਇੰਗਲੈਂਡ ਵਿੱਚ ਡੇਢ ਦੋ ਪੌਂਡ ਦੇ ਲਗਭਗ ਮਿਲ ਜਾਂਦੀ ਹੈ ਤੇ ਡੇਢ ਦੋ ਪੌਂਡ ਦੀ ਕੀਮਤ ਵੀ ਸੰਨ ੧੯੭੪ ਵਿੱਚ ਕੀ ਹੈ? ਥਾਂ ਥਾਂ ਇੰਗਲੈਂਡ ਦੇ ਸ਼ਹਿਰਾਂ ਵਿੱਚ ਭਾਰਤੀਆਂ ਦੀਆਂ ਕੱਪੜੇ ਦੀਆਂ ਦੁਕਾਨਾਂ ਹੋ ਗਈਆਂ ਹਨ। ਜਿੰਨੀਆਂ ਮਰਜ਼ੀ ਤੇ ਜਦੋਂ ਮਰਜ਼ੀ ਖਰੀਦ ਲਵੋ ਤੇ ਬਾਕੀ ਰਹੀ ਬੰਨ੍ਹਣ ਦੀ ਗੱਲ। ਬੂਟਾਂ ਦੇ ਤਸਮੇ ਬੰਨ੍ਹਣੇ ਵੀ

ਤਾਂ ਬੱਚਾ ਇੱਕ ਦਮ ਨਹੀਂ ਸਿੱਖ ਜਾਂਦਾ। ਸੋ ਪੱਗ ਬੰਨ੍ਹਣ ਦਾ ਹੁਨਰ ਵੀ ਬੱਚਾ ਹੌਲੀ ਹੌਲੀ ਅਠ ਦਸ ਸਾਲ ਦੀ ਉਮਰ ਤੋਂ ਸਿੱਖਣਾ ਸ਼ੁਰੂ ਕਰ ਦਿੰਦਾ ਹੈ। ਨਿਪੁੰਨਤਾ ਹਰ ਇੱਕ ਵਿਅਕਤੀ ਦੀ ਆਪਣੀ ਯੋਗਤਾ ਤੇ ਹੈ। ਦੋ ਮਹੀਨੇ ਵਿੱਚ ਵੀ ਆ ਸਕਦੀ ਹੈ ਤੇ ਦੋ ਸਾਲ ਵੀ ਲੰਘ ਸਕਦੇ ਹਨ। ਪਰ ਦਾਹੜੀ ਮੁੱਛਾਂ ਫੁੱਟਣ ਤੱਕ ਹਰ ਕੋਈ ਆਪਣੇ ਪੱਗ ਬੰਨ੍ਹਣ ਦੇ ਹੁਨਰ ਦੀ ਟੀਸੀ ਤੇ ਪੁੱਜਿਆ ਹੁੰਦਾ ਹੈ। ਮੁੱਕਦੀ ਗੱਲ ਕਿ ਦੁਨੀਆਂ ਭਰ ਵਿੱਚ ਉੱਪਰੋਂ ਵਾਲ ਕਟਾਣੇ ਜਾਂ ਪੂਰਾ ਸਿਰ ਹੀ ਘੋਨ ਮੋਨ ਕਰਾਣਾ 'ਹਿੰਨਨ ਸੀਏਸ਼ਨ' ਅਰਥਾਤ ਦੁਨਿਆਵੀ ਤਿਆਗ ਦਾ ਹੀ ਸੂਚਕ ਰਿਹਾ ਹੈ। ਪ੍ਰੰਤੂ ਸਿੱਖ ਮੱਤ ਵਿੱਚ ਇਸ ਤਰਾਂ ਦੁਨੀਆਂ ਤੋਂ ਭੱਜਣ ਵਾਲੀ ਕੋਈ ਥਾਂ ਨਹੀਂ। ਸਿੱਖ ਤਾਂ ਦੁਨਿਆਵੀ ਕੁਦਰਤੀ ਜੀਵਨ ਵਿੱਚ ਵਿਚਰਦਾ ਹੋਇਆ ਉਨ੍ਹਾਂ ਸਾਰੇ ਪਾਪਾਂ ਤੇ ਮੁਸ਼ਕਲਾਂ ਦਾ ਸਾਹਮਣਾ ਕਰ ਸਕਦਾ ਹੈ, ਜੋ ਮਨੁੱਖ ਨੂੰ ਸਦਾ ਹੇਠਾਂ ਨੂੰ ਖਿੱਚਦੇ ਹਨ।

ਸਤਿਗੁਰਾਂ ਦੀ ਹਜ਼ੂਰੀ ਵਿੱਚ ਜੁੜੇ ਗੁਰੂ ਪਿਆਰਿਆਂ ਨੂੰ ਜੋ ਆਪਣੇ ਦੇਸ਼ ਤੋਂ ਦੂਰ ਬੈਠੇ ਹਨ, ਫੇਰ ਨਿਮ੍ਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਸਿੰਘੋ! ਗੁਰੂ ਕੀ ਮੋਹਰ ਕੇਸਾਂ ਦਾ ਅਦਬ ਤੇ ਸਤਿਕਾਰ ਕਰੋ। ਤੁਹਾਡੇ ਬਜ਼ੁਰਗਾਂ ਦੇ ਕੇਸਾਂ ਦੀ ਇੱਕ ਤਾਰ ਨੂੰ ਜਲਾਦ ਦੀ ਰੰਬੀ ਨਹੀਂ ਸੀ ਕਟ ਸਕੀ। ਤੁਸੀਂ ਕੋਲੋਂ ਪੈਸੇ ਦੇ ਕੇ ਆਪ ਜਾ ਕੇ ਕਟਾਉਂਦੇ ਹੋ। ਪੰਜਾਂ ਦਰਿਆਵਾਂ ਦੀ ਧਰਤੀ ਤੇ ਜੰਮੇ ਪਲੇ ਵਧੇ ਫੁਲੇ ਬਜ਼ੁਰਗਾਂ ਦਾ ਖ਼ੂਨ ਤੁਹਾਡੀਆਂ ਰਗਾਂ ਵਿੱਚ ਮੌਜੂਦ ਹੈ। ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਕੇਸਗੜ੍ਹ ਦੇ ਮੈਦਾਨ ਤੇ ਤੁਹਾਡੇ ਉੱਪਰੋਂ ਸਰਬੰਸ ਦਾਨੀ ਨੇ ਸਰਬੰਸ ਵਾਰਨ ਦਾ ਬਚਨ ਦਿੱਤਾ ਸੀ। ਦਮਦਮੇ ਸਾਹਿਬ ਦੀ ਪਾਵਨ ਧਰਤੀ ਤੇ ਸਜੇ ਸਿੰਘਾਂ ਦੇ ਦੀਵਾਨ ਵਿੱਚ ਆਪਣੇ ਮਹਿਲਾਂ ਦੇ ਪੁੱਛਣ ਕਰ ਕੇ ਤੁਹਾਡੇ ਵਲ ਹੱਥ ਕਰ ਕੇ ਬਾਜਾਂ ਵਾਲਾ ਗੁਰੂ ਆਖਦਾ ਹੈ:

ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਲਾਖ ਹਜ਼ਾਰ।

ਕੀ ਅਸੀਂ ਏਹੀ ਬਹੁਰੂਪੀਏ ਸਿੱਖ ਸਾਂ ਜਿਨ੍ਹਾਂ ਤੇ ਨੀਲੇ ਦੇ ਅਸਵਾਰ ਨੂੰ ਮਾਣ ਸੀ? ਆਪਣੇ ਪਿਛੋਕੜ ਵਲ ਦੇਖੋ ਬਜ਼ੁਰਗਾਂ ਦੀਆਂ ਘਾਲਨਾ ਤੇ ਸਤਿਗੁਰਾਂ ਦੀਆਂ ਕੁਰਬਾਨੀਆਂ ਦੀ ਲਾਜ ਰਖੋ ਤਾਂ ਕਿ ਸਾਡਾ ਗੁਰੂ ਜੋ ਸਾਡੇ ਤੇ ਫ਼ਖਰ ਕਰਦਾ ਹੈ, ਲੋਕ ਪ੍ਰਲੋਕ ਵਿੱਚ ਸਾਡੀ ਲਾਜ ਰਖੇ। ਕੇਸ ਦਾਹੜਾ ਸਬੂਤ ਰੱਖ ਕੇ ਮਾਸ ਸ਼ਰਾਬ ਦਾ ਤਿਆਗ ਕਰਦੇ ਹੋਏ ਕਲੱਬਾਂ ਤੇ ਪੱਬਾਂ ਵਿੱਚ ਜਾਣ ਤੋਂ ਬਚੋ ਤਾਂ ਕਿ ਤੁਹਾਡੀਆਂ ਔਣ ਵਾਲੀਆਂ ਨਸਲਾਂ ਤੇ ਚੰਗਾ ਅਸਰ ਪਵੇ ਅਤੇ ਗਵਾਂਢੀ ਕੌਮਾਂ ਵੀ ਪਿਛਲੇ ਬਜ਼ੁਰਗਾਂ ਵਾਂਗ ਤੁਹਾਡਾ ਸਤਿਕਾਰ ਕਰਨ। (ਦੇਸ ਪ੍ਰਦੇਸ ਵਿੱਚੋਂ)

ਸੰਤ ਜੀ ਮਹਾਰਾਜ ਦੇ ਇਨ੍ਹਾਂ ਅਮੋਲਕ ਬਚਨਾਂ ਦਾ ਸ੍ਰੋਤਿਆਂ ਦੇ ਮਨਾਂ ਤੇ ਬੜਾ ਅਸਰ ਹੋਇਆ। ੨੭-੧੦-੭੪ ਨੂੰ ਐਤਵਾਰ ਵਾਲੇ ਦਿਨ ਅੰਮ੍ਰਿਤ ਪ੍ਰਚਾਰ ਕੀਤਾ ਤੇ ੫੫ ਪ੍ਰਾਣੀ ਗੁਰੂ ਕੇ ਸਿੰਘ ਸਜੇ।

ਤਿਆਗ ਦੀ ਮਿਸਾਲ

ਜਦੋਂ ਸ੍ਰੀ ਹਜ਼ੂਰ ਸੰਤ ਜੀ ਮਹਾਰਾਜ ੧੯੭੪ ਈ. ਵਿੱਚ ਇੰਗਲੈਂਡ ਆਏ ਅਤੇ ਲੰਡਨ ਸ਼ਹਿਰ ਦੇ ਸਿੱਖ ਕੇਂਦਰੀ ਇਲਾਕੇ ਸਾਊਥਾਲ ਗੁਰਦੁਆਰਾ ਸਿੰਘ ਸਭਾ ਦੀਵਾਨਾਂ ਦਾ ਪ੍ਰਵਾਹ ਜਾਰੀ ਕੀਤਾ। ਅਕਤੂਬਰ ਦੇ ਅਖ਼ੀਰ ਦੀਵਾਨਾਂ ਦੀ ਸਮਾਪਤੀ ਸਮੇਂ ਗੁਰਦੁਆਰਾ ਸਿੰਘ ਸਭਾ ਦੇ ਮੁਖੀ ਸੇਵਾਦਾਰ ਤੇ ਹੋਰ ਪ੍ਰਬੰਧਕ ਸੱਜਣਾਂ ਨੇ ਹਜ਼ੂਰ ਦੇ ਰਿਹਾਇਸ਼ੀ ਅਸਥਾਨ ਦੇ ਚਰਨਾਂ ਵਿੱਚ ਪੁੱਜ ਸਿਰੋਪਾਓ ਤੇ ਗੁਰੂ ਕੇ ਲੰਗਰ ਵਾਸਤੇ ਮਾਇਆ ਦੇਣੀ ਚਾਹੀ ਜੋ ਕਈ ਹਜ਼ਾਰ ਦੇ ਕਰੀਬ ਪੌਂਡ ਸਨ। ਮੇਹਰਬਾਨ ਨੇ ਸਭਨਾਂ ਦਾ ਸਤਿਕਾਰ ਕੀਤਾ ਅਤੇ ਜੀਓ ਆਇਆਂ ਆਖਦਿਆਂ ਨਿਮ੍ਰਤਾ ਭਰੇ ਸ਼ਬਦਾਂ ਨਾਲ ਬੇਨਤੀ ਕੀਤੀ, "ਗੁਰੂ ਪਿਆਰਿਓ! ਧੰਨ ਭਾਗ ਜੋ ਤੁਸੀਂ ਦਰਸ਼ਨ ਦਿੱਤੇ। ਅਸੀਂ ਇਹ ਸਿਰੋਪਾਓ ਅੰਗੀਕਾਰ ਕਰ ਲੈਂਦੇ ਹਾਂ। ਸੋ ਬੜੇ ਸਤਿਕਾਰ ਨਾਲ ਸੀਸ ਤੇ ਰੱਖ ਲਿਆ ਅਤੇ ਇਹ ਮਾਇਆ ਗੁਰੂ ਘਰ ਦੀ ਗੁਰੂ ਘਰ ਵਿੱਚ ਹੀ ਰਹਿਣ ਦਿਓ ਕਿਉਂਕਿ ਤੁਸੀਂ ਇਹ ਗੁਰੂ ਕੀ ਗੋਲਕ ਵਿੱਚੋਂ ਹੀ ਲੈ ਕੇ ਆਏ ਹੋ। ਏਥੇ ਹੀ ਗੁਰੂ ਘਰ ਦੀ ਸੇਵਾ ਵਿੱਚ ਲੱਗੇ।" ਇਨ੍ਹਾਂ ਨੇ ਫੇਰ ਅਰਜ਼ ਕੀਤੀ, "ਮਹਾਰਾਜ! ਸੁਣਿਆ ਹੈ ਉੱਥੇ ਬਹੁਤ ਵੱਡਾ ਲੰਗਰ ਚਲਦਾ ਹੈ। ਸਕੂਲ ਤੇ ਕਾਲਜ ਵਾਸਤੇ ਮਾਇਆ ਦੀ ਲੋੜ ਹੈ। ਸਾਡੇ ਵਲੋਂ ਤਿਲ ਫੁੱਲ ਤੁਛ ਭੇਟਾ ਪ੍ਰਵਾਨ ਕਰੋ।" ਆਪ ਜੀ ਨੇ ਕਿਹਾ, "ਇਹ ਤੁਹਾਡੇ ਕਿਸੇ ਇੱਕ ਵੱਲੋਂ ਤਾਂ ਹੈ ਹੀ ਨਹੀਂ। ਇਹ ਗੁਰੂ ਘਰ ਦੀ ਮਾਇਆ ਹੈ। ਏਥੇ ਵੀ ਗੁਰੂ ਨਾਨਕ ਦਾ ਘਰ ਹੈ, ਉਥੇ ਵੀ ਗੁਰੂ ਨਾਨਕ ਦਾ ਘਰ ਹੈ। ਜੇਕਰ ਏਸ ਘਰੋਂ ਲਿਜਾ ਕੇ ਮਾਇਆ ਉਸ ਘਰ ਤੇ ਖ਼ਰਚ ਕਰੀਏ ਫੇਰ ਤਾਂ ਭਗਤ ਜੀ ਦੇ ਕਥਨ ਅਨੁਸਾਰ ਇਹ ਗੱਲ ਹੋਈ ਜੋ ਸ਼ੋਭਦੀ ਨਹੀਂ।

ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥

(ਗੂਜਰੀ ਭਗਤ ਨਾਮਦੇਵ ਜੀ - ੫੨੫)

ਦੋਹੀਂ ਥਾਈਂ ਗੁਰੂ ਘਰ ਇੱਕੋ ਹੀ ਹੈ ਅਤੇ ਜੋ ਤੁਸੀ ਲੰਗਰ ਤੇ ਕਾਲਜ ਦੀ ਸੇਵਾ ਵਾਸਤੇ ਕਹਿ ਰਹੇ ਹੋ ਇਸ ਵਿੱਚ

ਤਾਂ ਅਸੀਂ ਸ਼ੁਰੂ ਤੋਂ ਹੀ ਆਪਣੀ ਅਪਣੱਤ ਨਹੀਂ ਰੱਖੀ। ਲੰਗਰ ਗੁਰੂ ਨਾਨਕ ਸਾਹਿਬ ਜੀ ਦਾ ਹੈ ਜੋ ਉਨ੍ਹਾਂ ਦੀ ਕ੍ਰਿਪਾ ਨਾਲ ਅਤੁੱਟ ਚੱਲ ਰਿਹਾ ਹੈ ਅਤੇ ਜੋ ਸਕੂਲ ਤੇ ਕਾਲਜ ਹਨ ਇਹ ਵੀ ਅਸੀਂ ਗੌਰਮਿੰਟ ਨੂੰ ਸੰਭਾਲ ਦਿੱਤੇ। ਸੋ ਬਈ! ਤੁਸੀਂ ਏਥੋਂ ਦੀ ਮਾਇਆ ਏਸੇ ਗੁਰੂ ਘਰ ਤੇ ਖ਼ਰਚ ਕਰੋ। ਦੀਵਾਨਾਂ ਸਮੇਂ ਦੇਖ ਹੀ ਲਿਆ ਹੈ ਕਿ ਸੰਗਤ ਦਾ ਕਿਤਨਾ ਇਕੱਠ ਹੁੰਦਾ ਸੀ। ਗੁਰਦੁਆਰੇ ਸਾਹਿਬ ਦਾ ਹਾਲ ਬਹੁਤ ਛੋਟਾ ਹੈ। ਇਸ ਨੂੰ ਵਧਾ ਕੇ ਹੋਰ ਵੱਡਾ ਕਰੋ। ਹੇਠਾਂ ਕਾਰਾਂ ਖੜੋਣ ਵਾਸਤੇ ਪਾਰਕ ਅਤੇ ਗੁਰੂ ਕੇ ਲੰਗਰ ਦੀ ਬਿਲਡਿੰਗ ਤਿਆਰ ਕਰੋ। ਉੱਪਰਲੀ ਛੱਤ ਤੇ ਗੁਰੂ ਮਹਾਰਾਜ ਦਾ ਪ੍ਰਕਾਸ਼ ਹੋਵੇ ਸੰਗਤਾਂ ਨੂੰ ਵੀ ਸੁੱਖ ਅਤੇ ਉਨ੍ਹਾਂ ਦੀ ਮਾਇਆ ਵੀ ਸਫ਼ਲੀ ਤੇ ਲੇਖੇ ਵਿੱਚ। ਤੁਹਾਡੀ ਸੇਵਾ ਵੀ ਸਗੋਂ ਪ੍ਰਵਾਨ।''

ਨੋਟ: ਜਾਂਦਿਆਂ ਤੇ ਵਾਪਸ ਆਉਂਦਿਆਂ ਦੋਨੋਂ ਵਾਰ ਦੀਵਾਨਾਂ ਵਿੱਚ ਕਾਫ਼ੀ ਸੰਗਤ ਜੁੜਦੀ ਸੀ। ਚਾਲੀ ਦਿਨਾਂ ਦੇ ਪ੍ਰੋਗਰਾਮਾਂ ਵਿੱਚ ਘਟੋ ਘਟ ਤੀਹ ਹਜ਼ਾਰ ਪੌਂਡ ਗੁਰੂ ਕੀ ਗੋਲਕ ਵਾਸਤੇ ਆਇਆ। ਇਤਨਾ ਤਿਆਗ ਦੇਖ ਕੇ ਇਹ ਸੱਜਣ ਬੜੇ ਹੈਰਾਨ ਹੋਏ।

ਇਨ੍ਹਾਂ ਦੇ ਮਨ ਦਾ ਖ਼ਿਆਲ ਸੀ ਜੋ ਬਾਅਦ ਵਿੱਚ ਕਈ ਪ੍ਰੇਮੀਆਂ ਪਾਸ ਪ੍ਰਗਟ ਕੀਤਾ ਕਿ ਅਸੀਂ ਗੁਰੂ ਕੇ ਲੰਗਰ ਤੇ ਕਾਲਜ ਵਾਸਤੇ ਦਸ ਹਜ਼ਾਰ ਪੌਂਡ ਭੇਜਣੇ ਚਾਹੁੰਦੇ ਸਾਂ। ਹਜ਼ੂਰ ਦੇ ਇਨਕਾਰ ਕਰਨ ਤੇ ਉਹ ਪੌਂਡ ਸੰਤ ਸੇਵਾ ਸਿੰਘ ਜੀ ਨੂੰ ਸ੍ਰੀ ਦਮਦਮੇ ਸਾਹਿਬ ਦੇ ਤਖ਼ਤ ਦੀ ਸੇਵਾ ਵਾਸਤੇ ਦੇ ਦਿੱਤੇ।

ਕਾਫ਼ੀ ਸਮੇਂ ਦੀ ਗੱਲ ਹੈ ਇੰਗਲੈਂਡ ਵਿੱਚ ਕੈਥੋਲਿਕ ਧਰਮ ਵਿੱਚ ਕੁੱਝ ਕੁਰੀਤੀਆਂ ਆ ਗਈਆਂ। ਪੋਪ ਆਪਣੇ ਆਪ ਨੂੰ ਰੱਬ ਹੀ ਸਮਝਣ ਲੱਗ ਪਿਆ। ਇੱਕ ਵਾਰ ਉਸ ਨੂੰ ਗਿਰਜਾ ਬਣਾਉਣ ਲਈ ਮਾਇਆ ਦੀ ਖ਼ਾਸ ਲੋੜ ਪਈ ਤਾਂ ਉਸ ਨੇ ਕੀ ਕੀਤਾ ਕਿ ਪਾਪਾਂ ਨੂੰ ਮੁਆਫ਼ ਕਰਨ ਵਾਸਤੇ ਖ਼ਿਮਾਂ ਪੱਤਰ ਜਾਰੀ ਕਰ ਦਿੱਤੇ, ਜਿਹਨਾਂ ਖ਼ਿਮਾਂ ਪੱਤਰਾਂ ਨੂੰ ਖਰੀਦਣ ਨਾਲ ਪਾਪ ਬਖ਼ਸ਼ੇ ਜਾਂਦੇ ਸਨ। ਅੱਡੋ ਅੱਡ ਪਾਪਾਂ ਦੀ ਕੀਮਤ ਦੀ ਅਲੱਗ ਅਲੱਗ ਸੀ। ਮਾਰਟਨ ਲੂਥਰ ਜਿਹੜਾ ਕਿ ਪੋਪ ਦਾ ਸ਼ਰਧਾਲੂ ਸੀ, ਇਹ ਵੇਖ ਕੇ ਜਰ ਨ ਸਕਿਆ। ਜਿਸ ਦੀ ਵਿਰੋਧਤਾ ਦਾ ਨਤੀਜਾ ਪ੍ਰੋਟੈਸਟੈਂਟ ਧਰਮ ਹੋਂਦ ਵਿੱਚ ਆਇਆ। ਮੇਰੀ ਨੇ (ਜਿਹੜੀ 'ਲੇਡੀ ਮੇਰੀ' ਦੇ ਨਾਮ ਨਾਲ ਮਸ਼ਹੂਰ ਹੈ) ਤਕਰੀਬਨ ਦੋ ਸੌ ਪ੍ਰੋਟੈਸਟੈਂਟਾ ਨੂੰ ਧਰਮ ਦਾ ਕੀਰਤਨ ਸੋਹਿਲਾ ਪੜ੍ਹਨ ਲਈ ਜਿਊਂਦਿਆਂ ਹੀ ਅੱਗ ਵਿੱਚ ਸਾੜ ਦਿੱਤਾ। ਇਨ੍ਹਾਂ ਦਾ ਮੁਖੀ ਅੰਤ ਸਮੇਂ ਹੱਸ ਰਿਹਾ ਸੀ ਅਤੇ ਉਸ ਵਕਤ ਉਸ ਦੇ ਮੂੰਹੋ ਇਹ ਸ਼ਬਦ ਨਿਕਲੇ। ''ਅਸੀ ਇੱਕ ਅਜਿਹਾ ਦੀਵਾ ਜਗਾ ਚਲੇ ਹਾਂ, ਜੇਹੜਾ ਕਿ ਕਦੇ ਵੀ ਨਹੀਂ ਬੁਝੇਗਾ।'' ਠੀਕ ਹੋਇਆ ਵੀ ਏਸੇ ਤਰ੍ਹਾਂ ਹੀ। ਪ੍ਰੋਟੈਸਟੈਂਟ ਧਰਮ ਇਤਨਾ ਫੈਲਿਆ ਕਿ ਜਿਸ ਦੀ ਮਿਸਾਲ ਅਸੀਂ ਅੱਜ ਕੱਲ੍ਹ ਅਮਰੀਕਾ ਤੇ ਇੰਗਲੈਂਡ ਵਿੱਚੋਂ ਲੈ ਸਕਦੇ ਹਾਂ। ਭਾਵੇਂ ਦੋਹਾਂ ਦੇ ਖ਼ਿਆਲ ਅਲੱਗ ਅਲੱਗ ਹਨ ਪਰ ਤਿਆਗ ਦੀ ਤੁਲਤਾ ਇੱਕੋ ਜੇਹੀ ਹੈ, ਜੋ ਏਥੇ ਪੂਰੀ ਘਟ ਸਕਦੀ ਹੈ ਅਤੇ ਦਾਤੇ ਦੇ ਤਿਆਗ ਦੀ ਮਿਸਾਲ ਵੀ ਹੋਰ ਕਿਧਰੇ ਨਹੀਂ ਮਿਲਦੀ। ਵਿਦੇਹੀ ਜਨਕ ਤੇ ਚੁਨਕ ਰਿਸ਼ੀ ਵਾਂਗ ਆਪਣੀ ਮਿਸਾਲ ਆਪ ਹੀ ਹਨ।

ਆਮ ਜਨਤਾ ਦਾ ਖ਼ਿਆਲ

ਇੰਡੀਆ ਤੋਂ ਦੂਰ ਆਏ ਬਿਦੇਸ਼ ਵਿੱਚ ਬੈਠੇ ਇਤਿਹਾਸ ਤੋਂ ਨਾ ਵਾਕਫ਼ ਗੁਰਬਾਣੀ ਦੀ ਵਿਚਾਰ ਤੋਂ ਖ਼ਾਲੀ ਸਿੱਖ ਵੀਰਾਂ ਦਾ ਕੇਵਲ ਇਹੋ ਹੀ ਖ਼ਿਆਲ ਸੀ ਕਿ ਜੋ ਕੋਈ ਸਾਧੂ ਸੰਤ ਜਾਂ ਸਿੱਖ, ਪ੍ਰਚਾਰਕ, ਰਾਗੀ, ਢਾਡੀ, ਅਤੇ ਕਥਾ ਵਾਚਕ ਦੇ ਰੂਪ ਵਿੱਚ ਏਥੇ ਆਉਂਦਾ ਹੈ, ਉਨ੍ਹਾਂ ਸਾਰਿਆਂ ਦਾ ਮੁੱਖ ਨਿਸ਼ਾਨਾ ਕੇਵਲ ਮਾਇਆ ਹੀ ਹੁੰਦੀ ਹੈ। ਭਾਵੇਂ ਕੋਈ ਕਿਸੇ ਮਿਸ਼ਨ ਦਾ ਬਹਾਨਾ ਬਣਾ ਕੇ ਆਉਂਦਾ ਹੈ। ਕੋਈ ਕਿਸੇ ਧਾਰਮਿਕ ਅਸਥਾਨ ਜਾਂ ਸਕੂਲ ਕਾਲਜ ਦੀ ਬਿਲਡਿੰਗ ਵਾਸਤੇ ਅਪੀਲ ਕਰਵਾਉਂਦਾ ਹੈ। ਕੋਈ ਗੁਰੂ ਕੇ ਲੰਗਰ ਦੀ ਮਹੱਤਤਾ ਦਸ ਉਸ ਲਈ ਤਨ ਮਨ ਧਨ ਦੁਆਰਾ ਸੇਵਾ ਕਰਨ ਦੀ ਪ੍ਰੇਰਨਾ ਕਰਦਾ ਹੈ। ਪਰ ਇਸ ਤਪ ਤਿਆਗ ਦੀ ਮੂਰਤੀ ਮਹਾਨ ਵਿਅਕਤੀ ਨੇ ਤਾਂ ਸਾਰੀ ਸਿੱਖ ਕੌਮ ਦਾ ਸਿਰ ਉੱਚਾ ਕਰ ਦਿੱਤਾ। ਜੋ ਇੰਗਲੈਂਡ ਦੀ ਰਾਜਧਾਨੀ ਲੰਡਨ ਜੈਸੇ ਦੀਪ ਸ਼ਹਿਰ ਵਿੱਚ ਆ ਕੇ ਭੀ ਮਾਇਆ ਰੂਪੀ ਪਾਣੀ ਦੇ ਸਾਗਰ ਵਿੱਚ ਕਮਲ ਦੇ ਸਮਾਨ ਨਿਰਲੇਪ ਰਹਿਣ ਦਾ ਨਮੂਨਾ ਦਰਸਾਇਆ। ਦਸ ਹਜ਼ਾਰ ਪੌਂਡ ਇੰਡੀਆ ਦੇ ਦੋ ਲੱਖ ਰੁਪੈ ਬਣਦੇ ਹਨ। ਹੁਣ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਪੂਰਨ ਮਹਾਂਪੁਰਸ਼ (ਜਿਨ੍ਹਾਂ ਦੀ ਦ੍ਰਿਸ਼ਟੀ ਵਿੱਚ ਸੋਨਾ ਤੇ ਮਿੱਟੀ ਹੀਰੇ ਤੇ ਰੋੜ ਇੱਕੋ ਜਿਹੇ ਹਨ) ਅੱਜ ਵੀ ਮੌਜੂਦ ਹਨ। ਯਥਾ:

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥

(ਗਉੜੀ ਸੁਖਮਨੀ ਮਃ ੫ - ੨੭੫)

ਵਤਨ ਪਿਆਰ ਤੇ ਪੰਜਾਬ ਵਾਪਸੀ

ਆਪਣੇ ਆਲ੍ਹਣੇ ਵਲ ਉੱਡਿਆ ਆਉਂਦਾ ਪੰਛੀ ਥੱਕਦਾ ਨਹੀਂ। ਜਿਉਂ ਜਿਉਂ ਤਿਰਕਾਲਾਂ ਪੈਂਦੀਆਂ ਹਨ, ਤਿਉਂ ਤਿਉਂ ਉਹ ਬਹੁਤੇ ਪਰ ਮਾਰਦਾ ਹੈ। ਜੂਹ ਵਿੱਚ ਚਰਦੇ ਹੋਏ ਪਸ਼ੂ ਸ਼ਾਮ ਹੋਣ ਤੋਂ ਚਰਨੋਂ ਹਟ ਜਾਂਦੇ ਹਨ ਤੇ ਮੂੰਹ ਚੁੱਕ

ਆਪਣੇ ਆਪ ਹੀ ਪਿੰਡ ਨੂੰ ਤੁਰ ਪੈਂਦੇ ਨੇ। ਭਾਵੇਂ ਖੁਰਲੀ ਵਿੱਚ ਕੋਈ ਚਾਰਾ ਨਾ ਹੋਵੇ, ਫਿਰ ਵੀ ਉਹ ਉਸ ਤੇ ਆ ਖਲੋਂਦੇ ਹਨ, ਕਿਉਂਕਿ ਉਹ ਉਨ੍ਹਾਂ ਦਾ ਘਰ ਹੈ।

ਇਸੇ ਪ੍ਰਕਾਰ ਸਵਾ ਚਾਰ ਮਹੀਨੇ ਭਾਰਤ ਤੋਂ ਬਾਹਰ ਰਹਿ ਕੇ ਗੁਰਮਤ ਦਾ ਪ੍ਰਚਾਰ ਤੇ ਨਾਮ ਬਾਣੀ ਦਾ ਉਪਦੇਸ਼ ਦਿਤਾ। ਇਤਨੇ ਅਰਸੇ ਵਿੱਚ ਬੇਅੰਤ ਪ੍ਰੇਮੀਆਂ ਨੂੰ ਨਾਮ ਦੀ ਦਾਤ ਬਖ਼ਸ਼ੀ। ਬਹੁਤ ਸਾਰੇ ਸ਼ਰਧਾਲੂ ਸੱਜਣਾਂ ਦੇ ਘਰੀਂ ਚਰਨ ਪਾਏ। ਪੰਜ ਸੌ ਦੇ ਕਰੀਬ ਅਸਲੋਂ ਹੀ ਗੁਰੂ ਘਰ ਤੋਂ ਬੇਮੁਖ ਤੇ ਪਤਿਤ ਸਿੱਖਾਂ ਨੂੰ ਅੰਮ੍ਰਿਤ ਦੀ ਦਾਤ ਵੰਡੀ ਜੋ ਭਾਰਤ ਵਿੱਚ ਪੰਜਾਹ ਹਜ਼ਾਰ ਪ੍ਰਾਣੀਆਂ ਦੇ ਸਮਾਨ ਹੈ। ਇੱਕ ਸੌ ੨੫ ਦਿਨਾਂ ਵਿੱਚ ਐਸਾ ਕੋਈ ਦਿਨ ਨਹੀਂ ਸੀ ਜਿਸ ਦਿਨ ਭਾਰਤ ਵਾਸੀ ਪ੍ਰੇਮੀਆਂ ਦੀਆਂ ਵੀਹ, ਤੀਹ, ਚਾਲੀ ਤੱਕ ਚਿੱਠੀਆਂ ਨ ਪਹੁੰਚਦੀਆਂ। ਕਈ ਦਿਨ ਤਾਂ ਇਸ ਤੋਂ ਵਧ ਪੱਤ੍ਰਕਾ ਆ ਜਾਂਦੀਆਂ ਜਿਨ੍ਹਾਂ ਵਿੱਚ ਕੇਵਲ ਦਰਸ਼ਨਾਂ ਦੀ ਤਾਂਘ ਲਿਖੀ ਹੁੰਦੀ। ਇਉਂ ਏਧਰਲੀ ਸੰਗਤ ਦਾ ਪਿਆਰ, ਵਾਰਵਾਰ ਦੀਆਂ ਪ੍ਰੇਮ ਭਰੀਆਂ ਚਿੱਠੀਆਂ ਤੇ ਸ਼ਰਧਾਲੂਆਂ ਨਾਲ ਕੀਤੇ ਵਾਪਸੀ ਦੇ ਬਚਨਾਂ ਨੇ ਹਜ਼ੂਰ ਦਾ ਮਨ ਪ੍ਰੇਰ ਦਿੱਤਾ। ਭਾਵੇਂ ਸ਼ਰਧਾ ਤੇ ਪਿਆਰ ਤਾਂ ਇੰਗਲੈਂਡ ਵਾਸੀ ਪ੍ਰੇਮੀਆ ਦਾ ਵੀ ਅਥਾਹ ਸੀ ਪਰ ਏਧਰਲੇ ਸੱਜਣਾਂ ਨੇ ਅੰਤਰ ਆਤਮੇ ਅਰਦਾਸਾਂ ਅਤੇ ਗੁਰਬਾਣੀ ਦੇ ਪਾਠ ਪ੍ਰਾਰੰਭ ਕਰ ਦਿੱਤੇ ਸਨ ਜਿਸ ਕਰ ਕੇ ਆਪਣੀ ਲਾਈ ਫੁੱਲਵਾੜੀ ਦੀ ਸੰਭਾਲ ਕਰਨੀ ਵੀ ਜ਼ਰੂਰੀ ਸੀ। ਸੂਰਜਮੁਖੀ ਫੁੱਲ ਤੇ ਰਾਤ ਦੇ ਬੰਦ ਹੋਏ ਕਮਲ ਸੂਰਜ ਦੀ ਰੋਸ਼ਨੀ ਨਾਲ ਹੀ ਟਹਿਕਦੇ ਹਨ। ਬਾਅਦ ਵਿੱਚ ਕੁਮਲਾ ਤੇ ਮੁਰਝਾ ਜਾਂਦੇ ਹਨ। ਭਾਵੇਂ ਉਸ ਇਲਾਕੇ ਦੀ ਸੰਗਤ ਕਿਸੇ ਕੀਮਤ ਤੇ ਨਹੀਂ ਸੀ ਚਾਹੁੰਦੀ ਕਿ ਇਹ ਅਮੋਲਕ ਹੀਰਾ (ਜਿਸ ਦਾ ਦਰਸ਼ਨ ਹਿਰਦੇ ਦੇ ਅੰਧਕਾਰ ਵਿੱਚ ਪ੍ਰਕਾਸ਼ ਕਰਦਾ ਹੈ) ਸਾਥੋਂ ਦੂਰ ਚਲਿਆ ਜਾਵੇ। ਜਦੋਂ ਦਾਤੇ ਨੇ ਪੰਜਾਬ ਵਾਪਸ ਆਉਣ ਦਾ ਬਚਨ ਕੀਤਾ ਤਾਂ ਸ਼ਰਧਾਲੂਆਂ ਦੇ ਮਨ ਇਉਂ ਮੁਰਝਾ ਗਏ, ਜਿਵੇਂ ਬਰਫ ਨਾਲ ਕਮਲ ਤੇ ਬਾਰਸ਼ ਪੈਣ ਨਾਲ ਜਵਾਹੇਂ ਦੀ ਹਾਲਤ ਹੋ ਜਾਂਦੀ ਹੈ। ਪਰ ਵੱਸ ਕੋਈ ਨ ਚਲੇ। ਅੰਦਰੋਂ ਅੰਦਰ ਬੇਨਤੀਆਂ ਕਰਨ ਤੇ ਸੁੱਖਣਾ ਸੁੱਖਣ ਕਿ ਹੇ ਨਿਰੰਕਾਰ! ਇਸ ਇਲਾਹੀ ਜੋਤ ਦਾ (ਜੋ ਰੂਹਾਨੀ ਸੰਦੇਸ਼ ਦੀ ਅੰਮ੍ਰਿਤ ਬਾਰਸ਼ ਕਰ ਰਹੇ ਹਨ) ਛੇਤੀ ਹੀ ਦੀਦਾਰ ਹੋ ਜਾਵੇ।

ਗ਼ਰੀਬ ਨਿਵਾਜ਼ ਨੇ ਸਭਨਾਂ ਨੂੰ ਧੀਰਜ ਬਖ਼ਸ਼ਿਆ। ਗੁਰਬਾਣੀ ਦਾ ਪਾਠ ਤੇ ਗੁਰਸਿੱਖੀ ਵਿੱਚ ਪੱਕਿਆਂ ਰਹਿਣ ਦਾ ਉਪਦੇਸ਼ ਕਰ ੩੧-੧੦-੭੪ ਨੂੰ ਸਵੇਰੇ ਸੱਤ ਵਜੇ ਹਵਾਈ ਅੱਡੇ ਤੇ ਆਉਣ ਵਾਸਤੇ ਸ. ਪ੍ਰੀਤਮ ਸਿੰਘ ਦੇ ਘਰੋਂ ਚੱਲੇ। ਦੰਪਤੀ ਦਾ ਵੈਰਾਗ ਨ ਰੁਕੇ। ਪ੍ਰੇਮੀਆਂ ਨੇ ਆਪਣੀਆਂ ਗੱਡੀਆਂ ਦਾਤੇ ਦੀ ਕਾਰ ਦੇ ਮਗਰ ਲਾ ਲਈਆਂ। ਸੇਹਰਿਆਂ ਨਾਲ ਲੱਦੀ ਕਾਰ ਤੇ ਗਲੇ 'ਚੋਂ ਪ੍ਰੇਮੀਆਂ ਦੇ ਪਾਏ ਬੇਅੰਤ ਸੇਹਰੇ ਲਾਹ ਕੇ ਸੀਟਾਂ ਤੇ ਰੱਖ ਦਿੱਤੇ। ਗੱਡੀ ਆਪਣੀ ਸਪੀਡ ਵਿੱਚ ਦੌੜ ਰਹੀ ਸੀ। ਜਥਾ ਇੱਕ ਘੰਟਾ ਪਹਿਲਾਂ ਛੇ ਵਜੇ ਕੋਠੀ ਤੋਂ ਚੱਲ ਪਿਆ ਸੀ। ਸੰਤ ਜੀ ਮਹਾਰਾਜ ਪੌਣੇ ਅੱਠ ਵਜੇ ਹਵਾਈ ਅੱਡੇ ਤੇ ਪੁੱਜੇ ਸੰਗਤਾਂ ਕੁੱਝ ਪਹਿਲਾਂ ਆਈਆਂ ਸਨ ਕੁੱਝ ਨਾਲ ਨਾਲ ਤੇ ਬਹੁਤ ਸਾਰੇ ਪ੍ਰੇਮੀ ਮਗਰੋਂ ਆਏ ਅਥਾਹ ਇਕੱਠ ਹੋ ਗਿਆ। ਕਾਰਾਂ ਦੀ ਕੋਈ ਗਿਣਤੀ ਨਹੀਂ ਸੀ। ਏਥੇ ਇੱਕ ਘੰਟਾ ਕੁਰਸੀ ਲਾ ਕੇ ਸਭਨਾਂ ਨੂੰ ਦਰਸ਼ਨ ਦਿੱਤਾ ਤੇ ਉਪਦੇਸ਼ ਬਖ਼ਸ਼ਿਆ। ਕਰਮਚਾਰੀ ਇਤਨਾ ਇਕੱਠ ਦੇਖ ਕੇ ਬੜੇ ਹੈਰਾਨ ਸਨ। ਭਾਵੇਂ ਇਨਾਂ ਨੂੰ ਪਹਿਲਾਂ ਫੋਨ ਕਰ ਦਿੱਤਾ ਸੀ ਫੇਰ ਵੀ ਬਹੁਤਾ ਇਕੱਠ ਦੇਖ ਕੇ ਘਬਰਾ ਗਏ। ਅਜੇ ਜਿਸ ਜਿਸ ਨੂੰ ਵੀ ਪਤਾ ਲੱਗਦਾ ਸੀ ਉਹ ਸੱਜਣ ਮਗਰ ਆ ਰਹੇ ਸਨ। ਅਖ਼ੀਰ ਨੂੰ ਕਰਮਚਾਰੀਆਂ ਅਤੇ ਅੱਡੇ ਦੇ ਸਰਕਾਰੀ ਅਫ਼ਸਰਾਂ ਨੇ ਬੇਨਤੀ ਕੀਤੀ ਮਹਾਰਾਜ! ਆਪ ਅੰਦਰ ਚਲੇ ਜਾਓ ਇਕੱਠ ਬਹੁਤ ਹੈ, ਇਤਨਾ ਸਾਥੋਂ ਇੰਤਜਾਮ ਨਹੀਂ ਹੋ ਸਕਦਾ। ਉਨ੍ਹਾਂ ਦੀ ਘਬਰਾਹਟ ਤੇ ਜਹਾਜ਼ ਦੇ ਚਲਣ ਦਾ ਸਮਾਂ ਹੋਇਆ ਜਾਣ ਆਪ ਜੀ ਨੇ ਸਭਨਾਂ ਨੂੰ ਸਜਲ ਨੇਤਰੀ ਡਸਕੋਰੇ ਲੈਂਦਿਆਂ ਦੇਖ ਮੇਹਰਾਂ ਭਰੀ ਦ੍ਰਿਸ਼ਟੀ ਪਾ ਕੇ ਉਦਾਸੀ ਦੂਰ ਕਰ ਦਿੱਤੀ ਅਤੇ ਆਪ ਖਿੜੇ ਚੇਹਰੇ ਮੁਸਕਰਾਉਂਦੇ ਹੋਏ ਪੌਣੇ ਨੌਂ ਵਜੇ ਅੰਦਰ ਚਲੇ ਗਏ। ਜਹਾਜ਼ ਨੇ ਸਵਾ ਨੌਂ ਚੱਲਣਾ ਸੀ ਪਰ ਕਿਸੇ ਕਾਰਨ ਇੱਕ ਘੰਟਾ ਲੇਟ ਹੋ ਗਿਆ। ਦਿੱਲੀ ਵਾਲਾ ਸ. ਚਰਨਜੀਤ ਸਿੰਘ ਵੀ ਕਈ ਦਿਨ ਪਹਿਲਾਂ ਇੰਗਲੈਂਡ ਪੁੱਜ ਗਿਆ ਸੀ। ਉਹ ਵੀ ਪ੍ਰੀਤਮ ਦੇ ਕੋਲ ਸੇਵਾਦਾਰ ਦੇ ਨਾਲ ਹੀ ਮੂਹਰਲੀਆਂ ਸੀਟਾਂ ਤੇ ਬੈਠ ਗਿਆ। ਬਾਕੀ ਸਿੰਘ ਉਸ ਤੋਂ ਪਿਛਲੀਆਂ ਸੀਟਾਂ ਤੇ ਸਨ। ਹਜ਼ੂਰ ਦੀ ਅਸਵਾਰੀ ਵਾਲੇ ਹਵਾਈ ਜ਼ਹਾਜ਼ ਨੇ ਇੰਗਲੈਂਡ ਦੀ ਧਰਤੀ ਤੋਂ ਸਵਾ ਦਸ ਵਜੇ ਅਕਾਸ਼ੀ ਉਡਾਰੀ ਲਾਈ ਅਤੇ ੧੧-੪੦ ਤੇ ਪੈਰਸ ਪੁੱਜਾ। ਏਥੇ ਇੱਕ ਘੰਟਾ ਰੁਕ ਕੇ ੧੨-੪੦ ਤੇ ਚਲਿਆ ਅਤੇ ੨-੧੦ ਤੇ ਰੋਮ ਆਇਆ। ਏਥੋਂ ੩-੧੫ ਤੋਂ ਚੱਲ ਕੇ ਤਿੰਨ ਘੰਟਿਆਂ ਦੀ ਉਡਾਨ ਤੋਂ ਬਾਅਦ ੬-੧੫ ਤੇ ਬੈਰੂਤ ਪੁੱਜਾ। ਇੱਕ ਘੰਟਾ ਰੈਸਟ ਕਰ ੭-੧੫ ਤੇ ਚੱਲ ਇੰਗਲੈਂਡ ਦੇ ਟਾਈਮ ਸਾਢੇ ਬਾਰਾਂ ਵਜੇ ਦਿੱਲੀ ਆਇਆ। ਪੰਜ ਵੱਜ ਕੇ ਵੀਹ ਮਿੰਟ ਦਾ ਟਾਈਮ ਸੀ। ਪਰ ੬-੨੦ ਤੇ ਆਇਆ। ਪਹਿਲਾਂ ਦਿੱਲੀ ਹਵਾਈ ਅੱਡੇ ਤੇ ਸੰਗਤਾਂ ਦਾ ਬੇਅੰਤ ਇਕੱਠ ਜੁੜ ਗਿਆ ਸੀ। ਦਿੱਲੀ ਸ਼ਹਿਰ ਦੇ ਪ੍ਰੇਮੀ, ਹਾਪੜ ਦੀ ਸੰਗਤ, ਪੰਜਾਬ 'ਚੋਂ ਪਟਿਆਲਾ ਤੇ ਹੋਰ ਨਗਰਾਂ ਤੋਂ ਪੁੱਜੇ ਹੋਏ ਕਈ ਹਜ਼ਾਰ ਗੁਰਮੁਖਾਂ ਦੀ ਨਿਗ੍ਹਾ ਅਕਾਸ਼ ਵਲ ਲੱਗੀ ਸੀ, ਜਾਂ ਆਪੋ ਆਪਣੇ ਹੱਥਾਂ ਦੀਆਂ ਘੜੀਆਂ ਵੱਲ ਤੱਕ ਰਹੇ ਸਨ। ਜਦੋਂ ਕਿਸੇ ਵੀ ਜਹਾਜ਼ ਦੀ ਲਾਈਟ ਦਿਸਦੀ ਸਭਨਾਂ ਦੀਆਂ ਉਂਗਲਾਂ ਉਸ ਪਾਸੇ ਹੋ ਜਾਂਦੀਆਂ। ਕਈ ਜਹਾਜ਼ ਆਏ ਕਈ ਗਏ। ਕਿਉਂਕਿ

ਦਰਸ਼ਨਾਲੂ ਸੱਜਣ ਸਮੇਂ ਤੋਂ ਕਾਫ਼ੀ ਚਿਰ ਪਹਿਲਾਂ ਪੁੱਜ ਚੁੱਕੇ ਸਨ। ਏਧਰੋਂ ਧਭਲਾਨ ਤੋਂ ਸੰਤ ਜੀ ਮਹਾਰਾਜ ਦੀ ਅਤੇ ਜਥੇ ਵਾਲੀਆਂ ਗੱਡੀਆਂ ਦਿੱਲੀ ਮੰਗਵਾਈਆਂ ਗਈਆਂ। ਜਿਨ੍ਹਾਂ ਵਿੱਚ ਕੁੱਝ ਪ੍ਰੇਮੀਆਂ ਸਮੇਤ ਲੇਖਕ ਵੀ ਸੀ।

ਹਜ਼ੂਰ ਦੀਆਂ ਤਿੰਨੇ ਗੱਡੀਆਂ ਇੱਕ ਰਾਤ ਸ. ਮੋਹਨ ਸਿੰਘ ਦੀ ਕੋਠੀ ਠਹਿਰ ਦੂਸਰੇ ਦਿਨ ਸਮੇਂ ਤੋਂ ਪਹਿਲਾਂ ਦਿੱਲੀ ਦੇ ਪਾਲਮ ਹਵਾਈ ਅੱਡੇ ਤੇ ਪੁੱਜ ਗਈਆਂ। ਸਹੀ ਟਾਈਮ ੬-੨੦ ਤੇ ਜਹਾਜ਼ ਦੀਆਂ ਲਾਈਟਾਂ ਨਜ਼ਰ ਪਈਆਂ। ਪ੍ਰੇਮੀਆਂ ਦੇ ਮਨ ਖ਼ੁਸ਼ੀ ਵਿੱਚ ਇਉਂ ਟਹਿਕ ਪਏ ਜਿਵੇਂ ਸੂਰਜ ਨੂੰ ਦੇਖ ਕੇ ਕਮਲ ਖਿੜਦੇ ਹਨ। ਹੌਲੀ ਹੌਲੀ ਜਹਾਜ਼ ਹੇਠਾਂ ਉਤਰਿਆ ਪਲੇਟਫਾਰਮ ਤੇ ਰੁਕਣ ਤੋਂ ਬਾਅਦ ਸਰਕਾਰੀ ਕਾਰਾਂ ਤੇ ਯਾਤਰੂ ਚੈਕਿੰਗ ਵਾਲੀ ਜਗ੍ਹਾ ਤੇ ਆਏ, ਜਿਨ੍ਹਾਂ ਨੂੰ ਸਤਿਕਾਰ ਨਾਲ ਜੀਅ ਆਖਿਆਂ ਜਮਾਂ ਦੀ ਤਲਬ ਨਹੀਂ ਹੁੰਦੀ।

ਯਥਾ: *ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ ॥*
ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥੪॥੩॥ *(ਪ੍ਰਭਾਤੀ ਮਃ ੧ - ੧੩੨੮)*

ਉਹਨਾਂ ਨੂੰ ਕੌਣ ਰੋਕ ਸਕਦਾ ਹੈ? ਰਾਜੇ ਜਨਕ ਵਾਂਗ ਹੋਰਾਂ ਨੂੰ ਨਰਕਾਂ ਤੋਂ ਛਡੌਣ ਵਾਲੇ ਅਰਸ਼ੀ ਪ੍ਰੀਤਮ ਨੂੰ ਆਇਆ ਦੇਖ ਕਰਮਚਾਰੀਆਂ ਦੇ ਸਤਿਕਾਰ ਨਾਲ ਸਿਰ ਝੁਕ ਗਏ ਅਤੇ ਗੇਟ ਤੋਂ ਬਾਹਰ ਹੋ ਕੇ ਹੱਥ ਜੋੜ ਕੇ ਇੱਕ ਬੰਨੇ ਹੋ ਕੇ ਖੜੋ ਗਏ। ਆਪ ਜੀ ਆਪਣੇ ਹਜ਼ੂਰੀਏ ਸੇਵਾਦਾਰ ਸਮੇਤ ਗੱਡੀ ਵਿੱਚ ਆ ਬੈਠੇ। ਕਰਮਚਾਰੀਆਂ ਨੇ ਮਗਰ ਆ ਕੇ ਭਾਵਨਾ ਨਾਲ ਨਮਸ਼ਕਾਰ ਕਰ ਹਜ਼ੂਰ ਦੇ ਹੱਥ ਵਿੱਚ ਪੈਨ ਫੜਾ ਕੇ ਗੱਡੀ ਵਿੱਚ ਬੈਠਿਆਂ ਤੋਂ ਸਾਈਨ ਕਰਵਾ ਲਿਆ। ਲੇਖਕ ਨੂੰ ਪਾਸ ਖੜੋਤਾ ਦੇਖ ਗ਼ਰੀਬ ਨਿਵਾਜ਼ ਬਿਰਦ ਦੀ ਪਾਲਣਾ ਕਰਦਿਆਂ ਡ੍ਰਾਈਵਰ ਨੂੰ ਇਸ਼ਾਰਾ ਕਰ ਆਪਣੇ ਆਪ ਹੀ ਪਿਛਲੀ ਸੀਟ ਤੇ ਬਿਠਾ ਲਿਆ। ਗੱਡੀ ਦਿੱਲੀ ਦੀਆਂ ਚੌੜੀਆਂ ਸੜਕਾਂ ਨੂੰ ਨਾਪਦੀ ਹੋਈ ਫਰੈਂਡਜ਼ ਕਾਲੋਨੀ ਕੋਕਾ ਕੋਲਾ ਵਾਲੇ ਸਰਦਾਰਾਂ ਦੀ ਕੋਠੀ ਨੰ: ੯ ਵਿੱਚ ਪੁੱਜੀ। ਏਥੇ ਵੀ ਦਾਤੇ ਦੇ ਦਰਸ਼ਨਾਂ ਦੀ ਤਾਂਘ ਵਿੱਚ ਖੜੋਤੀ ਬਹੁਤ ਸਾਰੀ ਸੰਗਤ ਉਡੀਕ ਰਹੀ ਸੀ। ਹਵਾਈ ਅੱਡੇ ਤੇ ਗਏ ਗੁਰਮੁਖ ਵੀ ਆਪੋ ਆਪਣੀਆਂ ਗੱਡੀਆਂ ਜਾਂ ਬੱਸਾਂ ਰਾਹੀਂ ਕੋਠੀ ਆ ਗਏ। ਨਾਲ ਦੇ ਸਿੰਘਾਂ ਦੀ ਵੀ ਕੋਈ ਚੈਕਿੰਗ ਨਹੀਂ ਹੋਈ ਕਿਉਂਕਿ ਕੀਰਤਨ ਕਰਨ ਵਾਲੇ ਵਾਜਿਆਂ ਤੋਂ ਬਿਨਾਂ ਕੋਈ ਹੋਰ ਵਸਤੂ ਤਾਂ ਹੈ ਹੀ ਨਹੀਂ ਸੀ। ਸਭਨਾਂ ਦੇ ਸਾਈਨ ਕਰਵਾ ਕੇ ਬਾਹਰ ਲੰਘਾ ਦਿੱਤਾ। ਇਹ ਵੀ ਪ੍ਰੀਤਮ ਦੇ ਮਗਰ ਹੀ ਆਪਣੀ ਗੱਡੀ ਲਾ ਕੇ ਕੋਠੀ ਵਿੱਚ ਪੁੱਜ ਗਏ। ਏਥੇ ਸੰਤ ਜੀ ਮਹਾਰਾਜ ਨੇ ਸੰਗਤ ਦਾ ਪਿਆਰ ਤੱਕ ਕੇ ਕੁਰਸੀ ਤੇ ਸਜ ਕੇ ਸਭਨਾਂ ਨੂੰ ਖੁੱਲ੍ਹਾ ਦਰਸ਼ਨ ਦੀਦਾਰ ਬਖ਼ਸ਼ ਭਾਵਨਾ ਪੂਰੀ ਕੀਤੀ। ਉਪਰੰਤ ਪ੍ਰਸ਼ਾਦ ਵਰਤਾ ਕੇ ਆਪ ਜੀ ਆਪਣੀ ਰਿਹਾਇਸ਼ੀ ਜਗ੍ਹਾ ਤੇ ਆ ਗਏ। ਬਾਹਰੋਂ ਆਈ ਸੰਗਤ ਨਮਸ਼ਕਾਰ ਕਰ ਕੇ ਜਲ ਪਾਣੀ ਛਕ ਕੇ ਵਾਪਸ ਮੁੜ ਆਈ। ਹਜ਼ੂਰ ਨੇ ਇਸ਼ਨਾਨ ਆਦਿ ਕ੍ਰਿਆ ਤੋਂ ਬਾਅਦ ਨਾਸ਼ਤਾ ਕਰ ਕੇ ਆਰਾਮ ਕੀਤਾ।

ਸੰਤ ਜੀ ਮਹਾਰਾਜ ਦੇ ਇੰਡੀਆ ਵਾਪਸ ਆਉਣ ਦੀ ਖ਼ੁਸ਼ੀ ਵਿੱਚ ਕੋਠੀ ਵਾਲੇ ਪ੍ਰੇਮੀ ਸਰਦਾਰਾਂ ਵਲੋਂ ਅਖੰਡ ਪਾਠ ਰਖਾਇਆ ਗਿਆ, ਜੋ ਜਥੇ ਦੇ ਸਿੰਘਾਂ ਨੇ ਕੀਤਾ। ਏਥੇ ਆਪ ਜੀ ਇੱਕ ਹਫ਼ਤਾ ਠਹਿਰੇ। ਫੇਰ ਹਾਪੜ ਵਾਲੇ ਗੁਰਮੁਖਾਂ ਨੇ ਬੇਨਤੀਆਂ ਕਰ ਕੇ ਆਪ ਜੀ ਦੇ ਦਰਸ਼ਨ ਹਾਪੜ ਦੀ ਸੰਗਤ ਨੂੰ ਕਰਵਾਏ। ਜਥਾ ਦਿੱਲੀ ਤੋਂ ਧਭਲਾਨ ਆ ਗਿਆ। ਸੰਤ ਜੀ ਮਹਾਰਾਜ ਦੋ ਹਫ਼ਤੇ ਹਾਪੜ ਠਹਿਰੇ। ਉਪਰੰਤ ਕੱਤਕ ਦੇ ਮਹੀਨੇ ਦੀ ਦਸਵੀਂ ਦਾ ਦੀਵਾਨ ਕਰਨ ਵਾਸਤੇ ਧਭਲਾਨ ਆ ਗਏ। ਇਸ ਇਲਾਕੇ ਵਿੱਚ ਸੰਗਤ ਦੇ ਮਨ ਵਿਖੇ ਇਤਨਾ ਉਤਸ਼ਾਹ ਸੀ ਜਿਨ੍ਹਾਂ ਜਿਨ੍ਹਾਂ ਨੂੰ ਹਜ਼ੂਰ ਦੇ ਆਉਣ ਦਾ ਪਤਾ ਲੱਗਿਆ ਉਹ ਸਮੇਂ ਤੋਂ ਪਹਿਲਾਂ ਹੀ ਨਾਭੇ ਪਟਿਆਲੇ ਤੋਂ ਇਲਾਵਾ ਕਈ ਪਿੰਡਾਂ 'ਚੋਂ ਟਰਾਲੀਆਂ ਟਰੱਕਾਂ, ਟਰੈਕਟਰਾਂ ਤੇ ਸਾਈਕਲਾਂ ਤੇ ਆ ਗਏ। ਹਜ਼ੂਰ ਦੀ ਗੱਡੀ ਆਉਂਦੀ ਦੇਖ ਸਭਨਾਂ ਨੇ ਜੈਕਾਰਿਆਂ ਨਾਲ ਆਕਾਸ਼ ਗੂੰਜਾ ਦਿੱਤਾ। ਸੜਕ ਦੇ ਦੋਹੀਂ ਪਾਸੀਂ ਹੱਥਾਂ ਵਿੱਚ ਫੁੱਲਾਂ ਦੇ ਸੇਹਰੇ ਫੜੀ ਦੂਰ ਤੱਕ ਸ਼ਰਧਾਲੂਆਂ ਦੀ ਲਾਈਨ ਖੜ੍ਹੀ ਸੀ। ਸਾਰਿਆਂ ਨੇ ਝੁਕ ਕੇ ਨਮਸ਼ਕਾਰ ਕੀਤੀ। ਸੇਹਰਿਆਂ ਤੇ ਫੁੱਲਾਂ ਤੋਂ ਇਲਾਵਾ ਕਈ ਪਿਆਰ ਵਾਲੇ ਗੱਡੀ ਉਪਰੋਂ ਮਾਇਆ ਸਿੱਟਣ ਲੱਗੇ। ਗੋਲੇ ਵੀ ਚਲਾਏ। ਦਾਤੇ ਨੇ ਕੁਰਸੀ ਤੇ ਸਜ ਕੇ ਦੂਰੋਂ ਆਏ ਸ਼ਰਧਾਲੂਆਂ ਨੂੰ ਦਰਸ਼ਨ ਬਖ਼ਸ਼ਿਆ। ਪ੍ਰੇਮੀ ਨੇਤ੍ਰਾਂ ਦੁਆਰਾ ਦੀਦਾਰ ਰੂਪੀ ਅੰਮ੍ਰਿਤ ਪਾਨ ਕਰ ਬ੍ਰਿਹੋਂ ਦੀ ਪੀੜਾ ਸ਼ਾਂਤ ਕਰਨ ਲੱਗੇ। ਰਾਮ ਭਗਵਾਨ ਦੇ ਅਯੁੱਧਿਆ ਵਾਪਸ ਆਉਣ ਦੀ ਖ਼ੁਸ਼ੀ ਵਾਂਗ ਰਾਤ ਨੂੰ ਦੀਪਮਾਲਾ ਕੀਤੀ। ਆਤਸ਼ਬਾਜ਼ੀ ਤੇ ਗੋਲੇ ਵੀ ਚਲਾਏ। ਦੂਸਰੇ ਦਿਨ ਦਸਵੀਂ ਦੇ ਦੀਵਾਨ ਵਿੱਚ ਵੀ ਨਗਰਾਂ ਤੇ ਸ਼ਹਿਰਾਂ ਦਾ ਬੜਾ ਉੱਚ ਪੱਧਰ ਤੇ ਇਕੱਠ ਜੁੜਿਆ। ਲੰਗਰ ਭੰਡਾਰਾ ਅਤੁੱਟ ਵਰਤਿਆ। ਉਪਰੰਤ ਆਪ ਜੀ ਕਰਮਸਰ ਰਾੜਾ ਸਾਹਿਬ ਦੀ ਸੰਗਤ ਦੀਆਂ ਮਨੋਮਈ ਬੇਨਤੀਆਂ ਜਾਣ ਦੂਸਰੇ ਦਿਨ ਕਰਮਸਰ ਆ ਗਏ। ਏਥੋਂ ਦਾ ਦ੍ਰਿਸ਼ ਤਾਂ ਦੇਖਣ ਨਾਲ ਹੀ ਸਬੰਧ ਰੱਖਦਾ ਸੀ। ਸੁਆਗਤ ਵਾਸਤੇ ਗੌਰਮਿੰਟ ਹਾਈ ਸਕੂਲ ਕਰਮਸਰ ਦੇ ਵਿਦਿਆਰਥੀ ਬੈਂਡ ਵਾਜਾ ਲੈ ਕੇ ਇੱਕ ਘੰਟਾ ਪਹਿਲਾਂ ਆ ਗਏ। ਇਲਾਕੇ ਦੀ ਸੰਗਤ ਜੁੜ ਗਈ। ਫੁੱਲਾਂ ਦੇ ਹਾਰ, ਫੱਲਾਂ ਦੇ ਟੋਕਰੇ ਤੇ ਹੋਰ

ਪ੍ਰਸ਼ਾਦ ਦੀ ਗਿਣਤੀ ਕੋਈ ਨਹੀਂ ਸੀ। ਨਹਿਰ ਦੀ ਪਟੜੀ ਉੱਪਰ ਹੀ ਦਾਤੇ ਦੀ ਉਡੀਕ ਵਿੱਚ ਬੈਠੀ ਸੰਗਤ ਨੇ ਗੱਡੀ ਨੂੰ ਦੇਖ ਗੋਲੇ ਚਲਾਉਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਦੀ ਅਵਾਜ਼ ਸੁਣ ਕੇ ਦੂਰ ਨੇੜੇ ਸੇਵਾ ਕਰਦੇ ਅਸਥਾਨ ਤੇ ਸੇਵਾਦਾਰ ਵੀ ਆ ਗਏ। ਹਜ਼ੂਰ ਦੇ ਗਲੇ ਵਿੱਚ ਤੇ ਗੱਡੀ ਉੱਪਰ ਫੁੱਲਾਂ ਦੇ ਹਾਰ ਪਾਏ। ਆਤਸ਼ਬਾਜ਼ੀ ਤੇ ਗੋਲੇ ਚਲਾਏ। ਬੈਂਡ ਵਾਜਿਆਂ ਦੇ ਸ਼ਬਦ ਕੀਰਤਨ ਨਾਲ ਅਰਸ਼ੀ ਪ੍ਰੀਤਮ ਦਾ ਬੜਾ ਸਤਿਕਾਰ ਕੀਤਾ। ਰਾਤ ਨੂੰ ਦੀਪਮਾਲਾ ਕੀਤੀ। ਬਾਹਰ ਸੰਗਤ ਨੂੰ ਦਰਸ਼ਨ ਬਖ਼ਸ਼ ਕੇ ਭੋਰੇ ਅੰਦਰ ਪੁੱਜੇ, ਜਿੱਥੇ ਆਪ ਜੀ ਦੇ ਗੁਰ ਭਾਈ ਛੋਟੇ ਸੰਤ ਜੀ ਮਹਾਰਾਜ ਕੁੱਝ ਕੁ ਸੱਜਣਾਂ ਸਮੇਤ ਉਡੀਕ ਵਿੱਚ ਬੈਠੇ ਸਨ। ਵੱਡੇ ਮਹਾਂਪੁਰਸ਼ਾਂ ਨੂੰ ਆਇਆ ਦੇਖ ਸਤਿਕਾਰ ਵਿੱਚ ਕੁਰਸੀ ਤੋਂ ਉੱਠੇ। ਦੋਵੇਂ ਮਹਾਂਪੁਰਸ਼ਾਂ ਨੇ ਇੱਕ ਦੂਜੇ ਨੂੰ ਪਰਸਪਰ ਨਮਸ਼ਕਾਰ ਕੀਤੀ। ਉਪਰੰਤ ਰਾਮ ਲਛਮਣ ਵਾਂਗ ਦੋਨੋਂ ਵੀਰ ਜੱਫੀਆਂ ਪਾ ਕੇ ਮਿਲੇ। ਸੁੱਖ ਅਨੰਦ ਪੁੱਛੀ। ਦੋਹੀਂ ਪਾਸੀਂ ਮੂਕ ਹੀ ਉੱਤਰ ਮਿਲ ਗਿਆ। ਪ੍ਰੇਮੀਆਂ ਦੇ ਮਨ ਦਾ ਚਾਅ ਅੰਦਰੋਂ ਉਮਡ ਉਮਡ ਬਾਹਰ ਆਉਂਦਾ ਸੀ। ਲਗਾਤਾਰ ਕਈ ਦਿਨ ਭੰਡਾਰੇ ਹੁੰਦੇ ਰਹੇ। ਕੱਤਕ ਦੀ ਪੂਰਨਮਾਸ਼ੀ ਨੂੰ ਤਾਂ ਇਤਨਾ ਇਕੱਠ ਜੁੜ ਗਿਆ ਕਿ ਪੰਡਾਲ ਵਿੱਚ ਬੈਠਣ ਨੂੰ ਜਗ੍ਹਾ ਨਾ ਰਹੀ। ਸਾਰੀਆਂ ਸੜਕਾਂ ਵੀ ਭਰ ਗਈਆਂ। ਬਹੁਤ ਸਾਰੇ ਸੱਜਣ ਦੂਰ ਖੜ੍ਹੇ ਦਰਸ਼ਨ ਕਰ ਰਹੇ ਸਨ। ਸੇਵਾਦਾਰਾਂ ਨੇ ਸੋਹਣਾ ਪ੍ਰਬੰਧ ਨਿਭਾਇਆ। ਸਾਰੇ ਪ੍ਰੇਮੀ ਕੀਰਤਨ ਸੁਣ ਕੇ ਤੇ ਦੀਦਾਰ ਕਰ ਕੇ ਖ਼ੁਸ਼ੀ ਵਿੱਚ ਖੀਵੇ ਹੋ ਕੇ ਝੂਮਣ ਲੱਗੇ। ਦੂਸਰੇ ਦਿਨ ਸਵੇਰੇ ਅੰਮ੍ਰਿਤ ਪ੍ਰਚਾਰ ਵੀ ਹੋਇਆ। ਕਈ ਸੌ ਪ੍ਰਾਣੀ ਗੁਰੂ ਕੇ ਜਹਾਜ਼ੇ ਚੜ੍ਹੇ। ਪੂਰਨਮਾਸ਼ੀ ਵਾਲੇ ਦਿਨ ਕਨੇਚ ਦੀ ਖੂਹੀ ਤੇ ਕੀਰਤਨ ਹੋਇਆ। ਏਸ ਥਾਂ ਤੇ ਵੀ ਬਹੁਤ ਸੰਗਤ ਜੁੜੀ। ਇੱਕ ਦਿਨ ਰੈਸਟ ਕਰ ਕੇ ਉਪਰੰਤ ਪਿੰਡਾਂ ਨੂੰ ਦੀਵਾਨ ਬਖ਼ਸ਼ ਦਿੱਤੇ। ਬਾਹਰਲੇ ਮੁਲਕਾਂ ਦੀ ਸਚਾਈ ਤੇ ਸਫ਼ਾਈ ਦੀ ਪ੍ਰਸੰਸਾ ਕਰਦਿਆਂ ਫੁਰਮਾਇਆ ਜੇਕਰ ਸਾਡਾ ਦੇਸ਼ ਭੀ ਉਨ੍ਹਾਂ ਗੱਲਾਂ ਨੂੰ ਧਾਰਨ ਕਰ ਲਵੇ ਤਾਂ ਦੇਸ਼ ਬੈਕੁੰਠ ਬਣ ਸਕਦਾ ਹੈ। ਆਪ ਜੀ ਨੇ ਉਪਦੇਸ਼ ਬਖ਼ਸ਼ਿਆ।

ਸੰਸਾਰਕ ਰਚਨਾ

ਮੌਜੂਦਾ ਸੰਸਾਰ ਦੀ ਆਬਾਦੀ ਚਾਰ ਅਰਬ ਹੈ। ਸੱਠ ਦੇਸ਼ ਹਨ। ਤੀਜਾ ਹਿੱਸਾ ਈਸਾਈ ਹਨ। ਈਸਾਈਆਂ ਦੇ ਦੋ ਵੱਡੇ ਗਿਰਜੇ ਹਨ ਇੱਕ ਸੇਂਟ ਪੀਟਰ ਦਾ ਗਿਰਜਾ ਵਿਟੀਕਨ ਰੋਮ ਵਿੱਚ ਹੈ ਇਸ ਨੂੰ ਬਣਿਆਂ ਅਠਾਰਾਂ ਸੌ ਸਾਲ ਹੋ ਗਏ। ਇਸ ਦੇ ਮੁੱਖ ਪਾਦਰੀ ਪੋਪ ਨੂੰ ਪਾਲ ਕਹਿੰਦੇ ਨੇ। ਐਸ ਵਕਤ ਛੇਵਾਂ ਪਾਲ ਹੈ। ਦੂਜਾ ਗਿਰਜਾ ਕੈਂਟਰਬਰੀ ਲੰਡਨ ਵਿੱਚ ਹੈ ਇਸ ਦੇ ਵੱਡੇ ਪਾਦਰੀ ਨੂੰ ਆਰਕ ਵਿਸ਼ਪ ਕਹਿੰਦੇ ਨੇ। ਈਸਾਈਆਂ ਵਿੱਚ ਦੋ ਜਮਾਤਾਂ ਹਨ ਇੱਕ ਰੋਮਨ ਕੈਥਲਿਕ ਹੈ ਜੋ ਰੋਮ ਗਿਰਜੇ ਨੂੰ ਮੰਨਦੇ ਨੇ, ਦੂਜੀ ਜਮਾਤ ਪ੍ਰੋਟੈਸਟੈਂਟ ਹੈ ਜਿਸ ਨੂੰ ਮਾਰਟਨ ਲੂਥਰ ਨੇ ਗੁਰੂ ਨਾਨਕ ਦੇ ਸਮੇਂ ਚਲਾਇਆ ਹੈ।

ਕੈਂਟਰਬਰੀ ਦਾ ਚਰਚ ੬੦੧ ਤੋਂ ਲੈ ਕੇ ੬੦੪ ਈ. ਵਿੱਚ ਬਣਿਆ ਹੈ। ਲੰਡਨ ਦਾ ਰਾਜ ਧਰਮ ਈਸਾਈ ਹੈ। ਆਰਕ ਵਿਸ਼ਪ ਦਾ ਪਾਦਰੀ ਬਾਦਸ਼ਾਹ ਜਾਂ ਮਲਕਾ ਦਾ ਤਾਜਪੋਸ਼ੀ ਆਪ ਕਰਦਾ ਹੈ। ਉਹ ਰਾਜ ਸਭਾ ਦਾ ਮੈਂਬਰ ਹੁੰਦਾ ਹੈ। ਇੰਗਲੈਂਡ ਵਿੱਚ ਲੀਡਜ਼ ਦੇ ਨੇੜੇ ਨਿਊਯਾਰਕ ਸ਼ਹਿਰ ਹੈ। ਇੰਗਲੈਂਡ ਦਾ ਸਾਬਕਾ ਪ੍ਰਧਾਨ ਮੰਤਰੀ ਹੀਥ ਟੋਰੀ ਪਾਰਟੀ ਦਾ ਏਥੇ ਹੀ ਰਹਿੰਦਾ ਹੈ। ਹੁਣ ਦੀ ਲੇਬਰ ਪਾਰਟੀ ਦਾ ਪ੍ਰਧਾਨ ਮਿਸਟਰ ਵਿਲਸਨ ਉਹ ਵੀ ਏਸੇ ਸ਼ਹਿਰ ਦਾ ਨੇਤਾ ਹੈ। ਲੀਡਜ਼ ਲੰਡਨ ਤੋਂ ੨੦੦ ਮੀਲ ਹੈ।

ਇੰਗਲੈਂਡ ਦਾ ਸਵੇਰਾ ਬੁਝੀ ਬੱਤੀ ਤੇ ਨੱਬੇ ਸਾਲਾਂ ਦੇ ਬੁੱਢੇ ਵਾਂਗ ਬੜਾ ਉਦਾਸ ਤੇ ਬੜਾ ਰੁੱਖਾ ਹੁੰਦਾ ਹੈ। ਸਾਰੇ ਹੀ ਸੁੰਨ ਮਸੁੰਨ ਇਉਂ ਜਾਪਦਾ ਹੈ ਜਿਵੇਂ ਕਾਣਾ ਦੇਓ ਝਾੜੂ ਫੇਰ ਗਿਆ ਹੋਵੇ।

ਜਲਣ ਜੀ ਨੇ ਪ੍ਰਭਾਤ ਸਮੇਂ ਦੀ ਵਡਿਆਈ ਕੀਤੀ ਹੈ:

ਪ੍ਰਭਾਤ ਉੱਠ ਨਾਮ ਜਪ ਭਾਗ ਭਲੇ ਕੁੱਝ ਦੇਹ। ਬੁਧ ਬੜੀ ਉਪਕਾਰ ਕਰ ਜੀਵਨ ਦਾ ਫ਼ਲ ਏਹ।

ਮਹਾਂਪੁਰਸ਼ ਇਸ ਸੁੰਨ ਤੇ ਇਕਾਂਤ ਨੂੰ ਗ਼ਨੀਮਤ ਸਮਝ ਆਪਣੇ ਸਾਈਂ ਨਾਲ ਜੁੜਦੇ ਹਨ। ਲੰਡਨ ਦੇ ਮਕਾਨ ਇੱਕੋ ਹੀ ਡੀਜ਼ਾਇਨ ਦੇ ਹਨ। ਹਰ ਘਰ ਨੂੰ ਭਾਲਣ ਵਾਸਤੇ ਹਾਊਸ ਨੰਬਰ ਯਾਦ ਰੱਖਣਾ ਪੈਂਦਾ ਹੈ। ਟੈਲੀਫੂਨ ਨੰਬਰ ਘੁਮਾ ਕੇ ਗੱਲ ਕਰਣੀ ਸੁਖ਼ਾਲੀ ਹੈ। ਮਕਾਨ ਦੋ-ਛੱਤੇ ਹਨ। ਕਿਚਨ ਰੂਮ, ਬਾਥ ਰੂਮ, ਵੇਟਿੰਗ ਰੂਮ, ਟਾਇਲਟ (ਟੱਟੀ ਖਾਨਾ), ਪਾਣੀ ਗ਼ਰਮ ਤੇ ਠੰਢਾ ਮੌਜੂਦ ਹੈ। ਥੱਲੇ ਕਮਰਿਆਂ ਵਿੱਚ ਰੰਗ ਬਿਰੰਗੇ ਗਲੀਚੇ ਤੇ ਹੀਟਰ ਹਰ ਸਮੇਂ ਚਲਦਾ ਰਹਿੰਦਾ ਹੈ। ਸੋਫਾ ਸੈਟ, ਕੁਰਸੀਆਂ, ਟੈਲੀਵੀਜ਼ਨ ਆਮ ਘਰਾਂ ਦਾ ਸ਼ਿੰਗਾਰ ਹੈ। ਗੱਡੀਆਂ ਵਾਲੇ ਬਾਰ ਮੂਹਰੇ ਦੁੱਧ ਦੀਆਂ ਬੋਤਲਾਂ ਰੱਖ ਜਾਂਦੇ ਹਨ। ਘਰ ਵਾਲੇ ਸ਼ਾਮੀ ਡਿਊਟੀ ਤੋਂ ਆ ਕੇ ਬੂਹਾ ਖੋਲ੍ਹ ਕੇ ਚੁੱਕਦੇ ਹਨ। ਹਫ਼ਤੇ ਬਾਅਦ ਬਿਲ ਲੈ ਜਾਂਦੇ ਹਨ। ਲੰਡਨ ਵਿੱਚ ਨਾ ਚੁੰਗੀ ਦੀ ਚੋਰੀ ਹੈ ਨਾ ਵੱਢੀ ਖੋਰੀ ਹੈ।

ਜਮੀਕੇ, ਇਟੈਲੀਅਨ, ਜਰਮਨੀ, ਫਰਾਂਸੀ, ਡੱਚ, ਪਾਕਿਸਤਾਨੀ, ਅਮਰੀਕਨ, ਕਨੇਡੀਅਨ, ਅਸਟਰੇਲੀਅਨ, ਯਹੂਦੀ, ਪਾਰਸੀ, ਪਠਾਨ, ਭਾਰਤੀ; ਹਰ ਕੌਮ ਤੇ ਹਰ ਦੇਸ਼ ਦੇ ਬੰਦੇ ਕੋਈ ਭਾਲਨਾ ਚਾਹੇ, ਤਾਂ ਲੰਡਨ ਵਿੱਚੋਂ ਮਿਲ ਸਕਦੇ ਹਨ।

ਲੰਡਨ ਦਾ ਭੂਗੋਲਿਕ ਫ਼ਲ ਖੇਤਰ ਇਸ ਪ੍ਰਕਾਰ ਹੈ। ਕੁਲ ਫ਼ਲ ਖੇਤਰ ੧੪੦੦੦ ਹਜ਼ਾਰ ਮੁਰੱਬਾ ਮੀਲ ਹੈ। ਰਕਬੇ ਦੇ ਲਿਹਾਜ਼ ਨਾਲ ਇਹ ਦੁਨੀਆਂ ਦੇ ੭੫ਵੇਂ ਦਰਜੇ ਦਾ ਦੇਸ਼ ਹੈ। ਦੱਖਣ ਸਮੁੰਦਰ ਕੰਢੇ ਤੇ ਧੁਰ ਉੱਤਰ ਤੀਕ ਸਿਰਫ ੬੦੦ ਮੀਲ ਲੰਬਾ ਤੇ ੩੦੦ ਮੀਲ ਚੌੜਾ ਹੈ। ਸਾਗਰ ਦੇ ਕਿਨਾਰੇ ਇਸ ਦਾ ਪੁਆਇੰਟ ੭੫ ਮੀਲ ਤੋਂ ਵੱਧ ਨਹੀਂ। ਇਸ ਦੇ ਆਲੇ ਦੁਆਲੇ ਸਮੁੰਦਰ ਦਾ ਕੁੰਡਲ ਹੈ। ਏਥੇ ੪੦ ਇੰਚ ਸਲਾਨਾ ਮੀਂਹ ਪੈਂਦਾ ਹੈ। ਮੌਸਮ ਬਦਲਦਾ ਰਹਿੰਦਾ ਹੈ। ਲੰਡਨ ਦੀ ਪਾਰਲੀਮੈਂਟ ਨੂੰ ਬਣਿਆਂ ੭੦੦ ਸਾਲ ਹੋਏ ਹਨ।

ਲੰਡਨ ਦੀ ਹੋਰ ਵਿਸ਼ੇਸ਼ਤਾ

ਲੰਡਨ ਦਾ ਮਰਨਾ ਜੰਮਣਾ ਵੀ ਇੱਕ ਸਵਰਗ ਹੈ। ਅਗਰ ਬੱਚੇ ਨੇ ਜਨਮ ਲੈਣਾ ਹੈ ਤਾਂ ਇੱਕ ਮਹੀਨਾ ਜਾਂ ਪੰਦਰਾਂ ਦਿਨ ਔਰਤ ਨੂੰ ਹਸਪਤਾਲ ਰੱਖਿਆ ਜਾਂਦਾ ਹੈ। ਦਵਾਈ ਫਰੀ ਹੈ। ਕੋਈ ਖ਼ਰਚ ਨਹੀਂ। ਬੱਚੇ ਤੇ ਜੱਚਾ ਨੌਂ ਬਰ ਨੌਂ ਹੋ ਕੇ ਫ਼ੁੱਲ ਵਾਂਗ ਟਹਿਕਦੇ ਘਰ ਆ ਜਾਂਦੇ ਹਨ। ਜੇ ਕੋਈ ਸ਼ਹਿਰੀ ਜਾਂ ਪ੍ਰਦੇਸੀ ਹਸਪਤਾਲ ਜਾਂ ਘਰ ਵਿੱਚ ਮਰ ਜਾਵੇ, ਤਾਂ ਸਾਰਾ ਸਰਕਾਰੀ ਇੰਤਜਾਮ ਹੁੰਦਾ ਹੈ। ਵਾਰਸਾਂ ਨੂੰ ਕੋਈ ਫ਼ਿਕਰ ਨਹੀਂ। ਚਾਰ ਪੰਜ ਗੋਰੇ ਚਾਰ ਲੱਖ ਦੀ ਕਾਰ ਲੈ ਕੇ ਆਉਂਦੇ ਹਨ। ਮ੍ਰਿਤੱਕ ਨੂੰ ਫ਼ੁੱਲਾਂ ਵਿੱਚ ਲਪੇਟ ਸੈਂਟ ਛਿਣਕ ਕੇ ਸੰਸਕਾਰ ਕਰ ਦਿੰਦੇ ਜਾਂ ਦਫ਼ਨਾ ਦਿੰਦੇ ਹਨ। ਲੰਡਨ ਵਿੱਚ ਮੰਗਣ ਦਾ ਇਹ ਢੰਗ ਹੈ ਕਿ ਮੰਗਣ ਵਾਲਾ ਗੀਤ ਗਾਈ ਜਾਂਦਾ ਤੇ ਤੁਰਿਆ ਜਾਂਦਾ ਹੈ। ਜਿਸ ਨੇ ਪੈਨੀ ਦੇਣੀ ਹੋਵੇ ਤੁਰੇ ਜਾਂਦੇ ਨੂੰ ਦੇ ਦਿੰਦਾ ਹੈ। ਉਂਝ ਇੰਗਲੈਂਡ ਵਿੱਚ ਅੰਨੇ ਨਹੀਂ, ਕਾਣੇ ਨਹੀਂ, ਬੋਲੇ ਨਹੀ, ਲੰਗੜੇ ਕੋਹੜੀ ਤੇ ਕੰਗਲੇ ਨਹੀਂ। ਕੋਈ ਕੋਈ ਗੋਰਾ ਅੰਧਰੰਗ ਰੋਗ ਦਾ ਸ਼ਿਕਾਰ ਜ਼ਰੂਰ ਹੈ।

ਅਗਰ ਕੋਈ ਇੰਡੀਅਨ ਸ਼ਰਾਬੀ ਹੋਇਆ ਰਾਤ ਨੂੰ ਸੜਕ ਤੇ ਡਿਗਾ ਪਿਆ ਹੋਵੇ, ਤਾਂ ਪੁਲੀਸ ਕੁਟਦੀ ਨਹੀਂ, ਘੂਰਦੀ ਨਹੀਂ। ਬੜੇ ਅਦਬ ਨਾਲ ਹਾਊਸ ਨੰਬਰ ਪੁੱਛ ਕੇ ਘਰ ਛੱਡ ਆਉਦੇ ਹਨ। ਲੰਡਨ ਦੀ ਪੁਲੀਸ ਕੋਲ ਕੋਈ ਡੰਡਾ ਸੋਟੀ ਨਹੀਂ। ਹਾਂ ਹੁਣ ਅਫ਼ਸਰਾਂ ਕੋਲ ਪਸਤੌਲ ਜ਼ਰੂਰ ਹਨ। ਪੁਲੀਸ ਵਾਲੇ ਬੜੇ ਦਰਸ਼ਨੀ ਜਵਾਨ ਹਨ। ਛੇ ਫੁੱਟ ਕਦ ਤੋਂ ਘਟ ਕੋਈ ਨਹੀਂ। ਇਹ ਵੀ ਸਹੀ ਗੱਲ ਹੈ ਕਿ ਅੰਗਰੇਜ਼ ਝੂਠ ਨਹੀਂ ਬੋਲਦੇ। ਨਾ ਕੋਈ ਗੋਰਾ ਆਪਸ ਵਿੱਚ ਲੜਦਾ ਭਿੜਦਾ ਹੀ ਦੇਖਿਆ ਗਿਆ। ਕਿਸੇ ਦਫ਼ਤਰ ਵਿੱਚ ਕੰਮ ਜਾਓ ਬਿਨਾਂ ਰਿਸ਼ਵਤ ਕ੍ਰਮਵਾਰ ਕੰਮ ਹੋ ਜਾਂਦਾ ਹੈ। ਕਲਰ (ਰੰਗ) ਦੇ ਸਵਾਲ ਤੇ ਇੰਡੀਅਨ ਜਾਂ ਗੋਰੇ ਲੜ ਪੈਣ ਤਾਂ ਅੰਗਰੇਜ਼ ਕਿਸੇ ਦੀ ਨਜਾਇਜ਼ ਮਦਦ ਨਹੀਂ ਕਰਦੇ। ਮਕਾਨ ਮੁਨਿਆਦ ਤੋਂ ਬਾਅਦ ਢਾਹ ਦਿੰਦੇ ਹਨ। ਲੰਡਨ ਦਾ ਇਹ ਵੀ ਅਸੂਲ ਹੈ ਜਿਹੜਾ ਕਸੂਰ ਕਰੇ ਉਹੀ ਭਰੇ। ਦੂਜੇ ਨੂੰ ਕੋਈ ਹੱਥ ਨਹੀਂ ਲਾਉਂਦਾ।

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥੩॥

(ਆਸਾ ਮਃ ੫ - ੪੦੬)

ਏਥੇ ਚੋਰੀ ਕਢਨ ਦਾ ਢੰਗ ਵੀ ਨਿਰਾਲਾ ਹੈ। ਦੋਸ਼ੀ ਨੂੰ ਰੱਜਵੀਂ ਸ਼ਰਾਬ ਪਿਲਾ ਕੇ ਕੈਦ ਖਾਨੇ ਵਿੱਚ ਕੋਲ ਟੇਪ ਰੀਕਾਰਡ ਰੱਖ ਕੇ ਇਕੱਲੇ ਨੂੰ ਬੰਦ ਕਰ ਦਿੰਦੇ ਹਨ। ਮੁਜ਼ਰਮ ਮੂੰਹ ਆਈਆਂ ਗੱਲਾਂ ਕਰੀਂ ਜਾਂਦਾ ਹੈ ਤੇ ਟੇਪ ਹੋ ਜਾਂਦੀਆਂ ਹਨ। ਬਿਆਨਾਂ ਮੁਤਾਬਕ ਅਗਲੇ ਸਜ਼ਾ ਸੁਣਾ ਦਿੰਦੇ ਹਨ। ਇਹ ਕਿਤਨਾ ਸੁਖਾਲਾ ਤਰੀਕਾ ਹੈ। ਕੋਈ ਹੈਂਟਰ ਨਹੀਂ ਮਾਰਦਾ। ਕੋਈ ਪੁੱਠਿਆਂ ਨਹੀਂ ਲਟਕਾਉਂਦਾ। ਪੁਲੀਸ ਸਣੇ ਬੂਟ ਕਿਸੇ ਦੀ ਹਿੱਕ ਤੇ ਨਹੀਂ ਚੜ੍ਹਦੀ। ਲੰਡਨ ਦੇ ਬਜ਼ਾਰਾਂ ਵਿੱਚ ਕੋਈ ਕਾਵਾਂ ਰੌਲੀ ਪਾ ਕੇ ਸੌਦਾ ਨਹੀਂ ਵੇਚਦਾ। ਹਰ ਇੱਕ ਚੀਜ਼ ਦੀ ਕੀਮਤ ਮੁਕਰਰ ਹੈ। ਜੇਹੜੀ ਵੀ ਚੀਜ਼ ਤੁਸਾਂ ਲੈਣੀ ਹੋਵੇ, ਚੁੱਕੋ ਮਸ਼ੀਨ ਵਾਲੇ ਕੋਲ ਆ ਜਾਉ। ਪੈਸੇ ਦਿਉ, ਟਿਕਟ ਲਓ ਤੇ ਰਾਹ ਪਉ। ਲੰਡਨ ਵਿੱਚ ਡਿੱਗੀ ਚੀਜ਼ ਨੂੰ ਅਜੇ ਵੀ ਕੋਈ ਨਹੀਂ ਚੁੱਕਦਾ। ਕਈ ਖ਼ਾਨਦਾਨੀ ਗੋਰੇ ਪੁੱਜ ਕੇ ਸ਼ਰੀਫ ਹਨ। ਲੰਡਨ ਵਿੱਚ ਸਰਕਾਰੀ ਟੈਕਸ ਹਰ ਮਾੜੇ ਬੰਦੇ ਅਤੇ ਮਨਿਸਟਰ ਤੋਂ ਵੀ ਲਿਆ ਜਾਂਦਾ ਹੈ। ਲੋਕ ਅਸੂਲ ਪ੍ਰਸਤ ਹਨ। ਟਾਈਮ ਦੀ ਪਾਲਨਾ ਤੇ ਕਦਰ ਹੈ। ਤਨਖਾਹਾਂ ਵਿੱਚੋਂ ਕਟੇ ਪੌਂਡਾਂ ਨਾਲ ਸਰਕਾਰ ਸੋਸ਼ਲ ਸੁਧਾਰ ਦੇ ਕੰਮ ਚਲਾਉਂਦੀ ਹੈ। ਬਿਜਲੀ ਚੌਵੀ ਘੰਟੇ ਚਲਦੀ ਹੈ। ਜੇ ਨੁਕਸ ਹੋਵੇ ਤਾਂ ਲੋਕਾਂ ਨੂੰ ਪਹਿਲਾਂ ਦੱਸਿਆ ਜਾਂਦਾ ਹੈ। ਹਰ ਤੀਜੇ ਬੰਦੇ ਕੋਲ ਕਾਰ ਹੈ। ਕਿਸ਼ਤਾਂ ਤੇ ਜਿੰਨੀਆਂ ਮਰਜ਼ੀ ਹੈ ਖਰੀਦੋ। ਸਭ ਲੇਬਰ ਕਾਰਾਂ ਵਿੱਚ ਹੀ ਫੈਕਟਰੀਆਂ ਫਾਊਂਡਰੀਆਂ ਵਿੱਚ ਆਉਂਦੀ ਜਾਂਦੀ ਹੈ। ਭਾਵੇਂ ਇਤਨਾ ਸੁੱਖ ਭੋਗਣ ਵਾਲੇ ਨੂੰ ਸਾਡੇ ਲੋਕ ਫ਼ਰਿਸ਼ਤਾ ਹੀ ਕਹਿੰਦੇ ਹਨ ਪਰ

ਫ਼ਰਿਸ਼ਤੇ ਤੇ ਬੇਹਤਰ ਹੈ ਇਨਸਾਨ ਬਨਣਾ।
ਮਗਰ ਏਸ ਮੇ ਪੜਤੀ ਏ ਮੇਹਨਤ ਜ਼ਿਆਦਾ।

ਕੈਨਕ ਰੋਡ ਤੋਂ ਨੇੜੇ ਹੀ ਇੱਕ ਆਰਟ ਗੈਲਰੀ ਹੈ ਇਸ ਵਿੱਚ ਹਰ ਮੁਲਕ ਦੀਆਂ ਤਸਵੀਰਾਂ ਹਨ। ਲੀਡਰਾਂ ਦੇ

ਬੁੱਤ ਬਣੇ ਹਨ। ਸਾਡੇ ਦੇਸ਼ ਦੇ ਗਾਂਧੀ ਜੀ ਤੇ ਨਹਿਰੂ ਦੇ ਬੁੱਤ ਵੀ ਹਨ। ਪ੍ਰਿੰਸ ਆਫ ਵੇਲਜ਼ ਦੇ ਘੋੜੇ ਤੇ ਚੜ੍ਹਨ ਦਾ ਬੁੱਤ ਹੈ। ਕੋਲ ਹੀ ਇੱਕ ਦੇਖਣ ਯੋਗ ਚਰਚ ਹੈ।

ਅਜੋਕੀ ਇੰਗਲੈਂਡ ਵਿੱਚ ਲਗਭਗ ਸੌ ਗੁਰਦੁਆਰਾ ਹੈ, ਜਿੱਥੇ ਹਰ ਦੋਨੋਂ ਸਮੇਂ ਕਥਾ ਕੀਰਤਨ ਹੁੰਦਾ ਹੈ। ਪਰ ਐਤਵਾਰ ਨੂੰ ਬਹੁਤਾ ਸੰਗਤਾਂ ਦਾ ਇਕੱਠ ਹੁੰਦਾ ਹੈ। ਸਭ ਤੋਂ ਪਹਿਲਾਂ ਲੰਡਨ ਵਿੱਚ ਗੁਰਦੁਅਰਾ ਮਹਾਰਾਜ ਭੁਪਿੰਦਰ ਸਿੰਘ ਪਟਿਆਲੇ ਨੇ ਬਣਵਾਇਆ ਸੀ। ਐਸ ਵੇਲੇ ਅਫਰੀਕਾ, ਯੂਗੰਡਾ ਤੋਂ ਆਏ ਹੋਏ ਰਾਮਗੜ੍ਹੀਆਂ ਨੇ ਕਈ ਗੁਰੂ ਧਾਮ ਬਣਾਏ ਹਨ।

ਨੋਟ: ਲੰਡਨ ਵਿੱਚ ਤਿੰਨ ਡਬਲਯੂਆਂ ਦਾ ਇਤਬਾਰ ਨਹੀਂ। ਡਬਲਯੂ, ਵੈਦਰ, ਮੌਸਮ। ਡਬਲਯੂ, ਵਰਕ, ਨੌਕਰੀ। ਡਬਲਯੂ, ਵੋਮਨ, ਔਰਤਾਂ ਦਾ। ਤਦੇ ਤਾਂ ਕਚਹਿਰੀਆਂ ਵਿੱਚ ਤਲਾਕਾਂ ਵਾਲਿਆਂ ਦੀ ਭੀੜ ਤਰਨਤਾਰਨ ਦੀ ਮੱਸਿਆ ਵਾਂਗ ਲੱਗੀ ਰਹਿੰਦੀ ਹੈ। ਉੱਥੋਂ ਦੇ ਲੋਕਾਂ ਦੀ ਇਹ ਆਮ ਕਹਾਵਤ ਹੈ:

ਮੌਸਮ ਦਾ ਕੋਈ ਭਰੋਸਾ ਨਹੀਂ ਔਰਤ ਦਾ ਕੋਈ ਇਤਬਾਰ ਨਹੀਂ।

ਕੰਮ ਸਾਰੇ ਡੰਗ ਟਪਾਊ ਨੇ ਇਨਕਾਰ ਨਹੀਂ ਇਕਰਾਰ ਨਹੀਂ।

ਔਰਤ ਦੀ ਸੋਹਣੀ ਸੂਰਤ ਹੈ ਪਰ ਉਹਦੇ ਵਿੱਚ ਪਿਆਰ ਨਹੀਂ।

ਫ਼ੁੱਲਾਂ ਦੀ ਸੋਹਣੀ ਰੰਗਤ ਹੈ ਪਰ ਉਨ੍ਹਾਂ ਵਿੱਚ ਮਹਿਕਾਰ ਨਹੀਂ।

ਲੰਡਨ ਵਿੱਚ ਕਾਲਜ ਗਿਣਤੀ ਤੋਂ ਬਾਹਰ ਹਨ। ਮੌਸਮ ਠੰਢਾ ਤੇ ਧੁੰਧ ਗ਼ੁਬਾਰ ਹੈ। ਮੀਂਹ ਆਮ ਹੀ ਪੈਂਦਾ ਰਹਿੰਦਾ ਹੈ। ਸਿਆਲ ਵਿੱਚ ਸੂਰਜ ਦੇਵਤਾ ਕਦੇ ਕਦੇ ਹੀ ਦਰਸ਼ਨ ਦਿੰਦਾ ਹੈ। ਜਿਵੇਂ ਦਿਨ ਬੀਤ ਗਿਆ ਸ਼ਾਮ ਪੈ ਗਈ। ਉਸ ਤੋਂ ਬਾਅਦ ਰਾਤ ਪੈ ਗਈ ਫਿਰ ਸਵੇਰਾ ਹੋ ਗਿਆ। ਗ਼ਰਮੀ ਪਿੱਛੋਂ ਸਰਦੀ ਪੱਤਝੜ ਤੋਂ ਉਪਰੰਤ ਬਸੰਤ ਆਉਂਦੀ ਹੈ। ਇਹ ਕਾਲ ਚੱਕਰ ਹੈ ਜਿਸ ਵਿੱਚ ਬੰਦੇ ਤੇ ਸਾਰਾ ਬ੍ਰਹਮੰਡ ਘੁੰਮ ਰਿਹਾ ਹੈ।

ਇੰਗਲੈਂਡ ਦੇ ਭਾਰੀ ਟਰੈਫਿਕ ਨੂੰ ਦੋ ਚੀਜ਼ਾਂ ਕੰਟਰੋਲ ਕਰਦੀਆਂ ਹਨ ਇੱਕ ਲਾਲ ਤੇ ਦੂਜੀ ਹਰੀ ਬੱਤੀ। ਇਹ ਬੱਤੀਆਂ ਆਟੋਮੈਟਿਕ ਹਨ ਅਤੇ ਸੜਕਾਂ ਉੱਤੇ ਲੱਗੇ ਹੋਏ ਚਿੰਨ੍ਹ ਰੈਸਟੋਰੈਂਟ, ਹਸਪਤਾਲ, ਤੇਲ ਪੰਪ ਤੇ ਕਿਸੇ ਵੱਡੇ ਕਸਬੇ ਦਾ ਪਤਾ ਦਿੰਦੇ ਹਨ। ਕਾਰਾਂ ਤੇ ਸਕੂਟਰਾਂ ਪਰ ਪੁਲੀਸ ਘੁੰਮਦੀ ਰਹਿੰਦੀ ਹੈ। ਇੰਗਲੈਂਡ ਇੱਕ ਸੁੰਮਦਰੀ ਇਲਾਕਾ ਹੈ। ਉੱਥੇ ਬਾਰਸ਼ ਕਾਫ਼ੀ ਹੁੰਦੀ ਹੈ। ਇਸ ਲਈ ਸੜਕਾਂ ਪਰ ਮਿੱਟੀ ਘੱਟਾ ਨਹੀਂ ਉਡਦਾ। ਸੱਤਰ ਮੀਲ ਇੱਕ ਘੰਟੇ ਦੀ ਰਫਤਾਰ ਨਾਲ ਕਾਰ ਚਲਾਈ ਜਾਂਦੀ ਹੈ। ਲੋਕੀ ਸਫ਼ਾਈ ਦੇ ਨਿਯਮਾਂ ਦੀ ਬੜੀ ਪਾਲਨਾ ਕਰਦੇ ਹਨ। ਕੋਈ ਵੀ ਆਦਮੀ ਸੜਕ ਪਰ ਕੂੜਾ ਕਰਕਟ, ਕਾਗ਼ਜ਼, ਫ਼ਲਾਂ ਦੇ ਛਿੱਲੜ ਜਾਂ ਗੰਦ ਮੰਦ ਨਹੀਂ ਸਿਟਦਾ, ਨਾ ਹੀ ਸੜਕਾਂ ਦੇ ਕੰਢੇ ਕੋਈ ਟੱਟੀ ਪਿਸ਼ਾਬ ਹੀ ਕਰਦਾ ਹੈ। ਸੜਕ ਦੇ ਕੰਢੇ ਇੱਕ ਇੱਕ ਮੀਲ ਤੇ ਟੈਲੀਫੋਨ ਲੱਗੇ ਹਨ। ਜੋ ਕਿਸੇ ਸਫ਼ਰ ਕਰਦਿਆਂ ਕੋਈ ਦਿੱਕਤ ਆ ਗਈ, ਤਾਂ ਉਹ ਕਿਸੇ ਕੇਂਦਰ ਵਿੱਚ ਜਾ ਕੇ ਫੋਨ ਕਰ ਦੇਵੇ। ਉਹ ਹਾਰਨ ਨਹੀਂ ਵਜਾਉਂਦਾ। ਸਿਰਫ ਕਿਸੇ ਖ਼ਾਸ ਖਤਰੇ ਸਮੇਂ ਜੈਸਾ ਕਿ ਐਕਸੀਡੈਂਟ ਵਗੈਰਾ ਹੋ ਜਾਵੇ ਤਾਂ ਕੀਤਾ ਜਾਂਦਾ ਹੈ। ਲੰਡਨ ਤੋਂ ਬਰਮਿੰਘਮ ਤੇ ਮਿਡਲੈਂਡ ਦੇ ਕਈ ਸ਼ਹਿਰਾਂ ਨੂੰ ਜੋ ਸੜਕ ਜਾਂਦੀ ਹੈ ਉਸ ਨੂੰ ਜਰਨੈਲੀ ਸੜਕ 'ਮੋਟਰ ਵੇ' ਹਨ। ਇਹ ਸੜਕ ਸਾਡੀ ਜੀ. ਟੀ. ਰੋਡ ਤੋਂ ਚਾਰ ਗੁਣਾ ਚੌੜੀ ਤੇ ਬਹੁਤ ਸਾਫ਼ ਸੁਥਰੀ ਹੈ। ਇਸ ਦੇ ਦੋਵੇਂ ਪਾਸੇ ਸੈਂਕੜੇ ਮੋਟਰ ਕਾਰਾਂ ਵੱਡੀਆਂ ਗੱਡੀਆਂ ਅਤੇ ਟਰੱਕ ਚਲਦੇ ਹਨ। ਇਸ ਦੇ ਉੱਪਰ ਪੈਦਲ ਜਾਂਦਾ ਕੋਈ ਨਹੀਂ ਦੇਖਿਆ। ਲੋਕੀਂ ਕਾਰਾਂ ਜਾਂ ਬਸਾਂ ਵਿੱਚ ਸਫ਼ਰ ਕਰਦੇ ਹਨ। ਗੱਡੇ, ਰੇਹੜੇ, ਟਾਂਗੇ, ਟਰੈਕਟਰ ਜਾਂ ਸਾਈਕਲਾਂ ਤੇ ਚੜ੍ਹ ਕੇ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਸਕੂਟਰ ਉੱਤੇ ਵੀ ਕੋਈ ਵਿਰਲਾ ਹੀ ਸਫ਼ਰ ਕਰਦਾ ਹੈ। ਉੱਥੋਂ ਦੀਆਂ ਖੁੱਲ੍ਹੀਆਂ ਸੜਕਾਂ, ਆਵਾਜਾਈ, ਵਪਾਰ ਤੇ ਇੰਡਸਟਰੀ ਦੇ ਵਾਧੇ ਲਈ ਬਹੁਤ ਸਹਾਇਕ ਹਨ। ਇੰਗਲੈਂਡ ਵਿੱਚ ਜ਼ਿੰਦਗੀ ਦੀ ਚਾਲ ਬਹੁਤ ਤਿੱਖੀ ਤੇ ਮਸ਼ੀਨ ਵਾਂਗ ਹੈ। ਸਾਰੇ ਲੋਕ ਮਿਹਨਤੀ ਹਨ। ਵਕਤ ਦੀ ਪਾਬੰਦੀ ਨਾਲ ਕੰਮ ਕਰਦੇ ਹਨ। ਸਮੇਂ ਨੂੰ ਬਹੁਤ ਕੀਮਤੀ ਸਮਝਿਆ ਜਾਂਦਾ ਹੈ। ਵੇਲੇ ਸਿਰ ਉੱਠਦੇ, ਖਾਂਦੇ, ਪੀਂਦੇ ਤੇ ਸਮੇਂ ਸਿਰ; ਕੋਈ ਛੇ ਵਜੇ, ਕੋਈ ਸੱਤ ਜਾਂ ਅੱਠ ਵਜੇ ਕੰਮ ਤੇ ਪੁੱਜ ਜਾਂਦਾ ਹੈ। ਫੈਕਟਰੀਆਂ, ਕਾਰਖਾਨਿਆਂ, ਦਫ਼ਤਰਾਂ ਆਦਿ ਵਿੱਚ ਬੜੀ ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰਦੇ ਹਨ। ਉੱਥੇ ਕਿਸੇ ਨੂੰ ਰੋਟੀ ਖਵਾਉਣੀ, ਚਾਹ ਪਿਆਉਣੀ ਜਾਂ ਕਿਸੇ ਕੰਮ ਲਈ ਪੰਜ ਦਾਸ ਪੌਂਡ ਦੇਣੇ ਸੌਖੇ ਹਨ, ਪਰ ਉਸ ਲਈ ਵਕਤ ਦੇਣਾ ਬਹੁਤ ਕਠਨ ਹੈ। ਖ਼ਾਸ ਕਰ ਕੇ ਚਾਰ ਥਾਵਾਂ ਵਿੱਚ ਲੋਕੀਂ ਮਿਲਦੇ ਹਨ। ਐਤਵਾਰ ਨੂੰ ਗੁਰਦੁਆਰਿਆਂ ਵਿੱਚ ਜਾਂ ਸ਼ਾਮ ਨੂੰ ਕੰਮ ਤੋਂ ਵੇਹਲੇ ਹੋ ਕੇ ਕਲੱਬਾਂ ਜਾਂ ਪੱਬਾਂ ਵਿੱਚ। ਪੱਬ ਦਾ ਮਤਲਬ ਹੈ ਖਾਣ ਪੀਣ ਤੇ ਮੌਜ ਮੇਲੇ ਦੀ ਥਾਂ ਜਾਂ ਰਾਤ ਦੇ ਵਕਤ ਘਰਾਂ ਵਿੱਚ। ਕੰਮ ਦੇ ਸਮੇਂ ਫੈਕਟਰੀ ਜਾਂ ਦਫ਼ਤਰ ਵਿੱਚ ਮਿਲਣਾ ਕਠਨ ਹੈ। ਦੁਕਾਨਾਂ ਵਾਲਿਆਂ ਨੂੰ ਵੀ ਨੀਅਤ ਸਮੇਂ ਹੀ ਮਿਲਿਆ ਜਾ ਸਕੀਦਾ ਹੈ। ਪੱਛਮੀ ਦੇਸ਼ਾਂ ਦੀ ਜ਼ਿੰਦਗੀ ਦੀ ਸਫ਼ਲਤਾ ਦਾ ਭੇਦ ਵੀ ਇਸੇ ਵਿੱਚ ਹੀ ਹੈ।

ਮਿਡਲੈਂਡ (ਕਵੈਂਟਰੀ)

ਮਿਡਲੈਂਡ ਇੰਗਲੈਂਡ ਦੇ ਉੱਤਰ ਪੱਛਮੀ ਭਾਗ ਨੂੰ ਕਹਿੰਦੇ ਹਨ ਜਿਸ ਵਿੱਚ ਬਰਮਿੰਘਮ, ਕਵੈਂਟਰੀ, ਲਿਸਟਰ, ਡਡਲੀ, ਵੁਲਵਰਹੈਂਪਟਨ, ਲੀਡਜ਼, ਡਰਬੀ ਤੇ ਮਾਨਚੈਸਟਰ ਆਦਿਕ ਇੰਡਸਟਰੀਅਲ ਸ਼ਹਿਰ ਆਉਂਦੇ ਹਨ। ਇਨ੍ਹਾਂ ਵਿੱਚ ਕਾਫ਼ੀ ਗਿਣਤੀ ਵਿੱਚ ਪੰਜਾਬੀ ਕੰਮ ਕਰਦੇ ਹਨ। ਲੰਡਨ ਦੇ ਇਲਾਕੇ ਮਿਡਲੈਂਡ ਦੇ ਲੋਕਾਂ ਦੀ ਰਹਿਣੀ ਬਹਿਣੀ ਵਿੱਚ ਬੜਾ ਫ਼ਰਕ ਹੈ। ਲੋਕਾਂ ਨੂੰ ਬੜਾ ਸਖ਼ਤ ਕੰਮ ਕਰਨਾ ਪੈਂਦਾ ਹੈ। ਇੰਗਲੈਂਡ 'ਚ ਹੈਵੀ ਇੰਡਸਟਰੀ ਹੈ। ਮਜ਼ਦੂਰੀ ਵਿੱਚ ਫ਼ਰਕ ਹੈ। ਇਸ ਇਲਾਕੇ ਦੇ ਨਗਰਾਂ ਵਿੱਚ ਕਾਫ਼ੀ ਪੰਜਾਬੀ ਕੰਮ ਕਰਦੇ ਹਨ।

ਬਰਮਿੰਘਮ ਲੰਡਨ ਤੋਂ ੧੨੦ ਮੀਲ ਦੂਰ ਹੈ। ਇਹ ਲੰਡਨ ਤੋਂ ਦੂਜੇ ਦਰਜੇ ਪਰ ਹੈ ਅਤੇ ਇਸ ਸ਼ਹਿਰ ਦੀ ਸੱਤਰ ਲੱਖ ਵਸੋਂ ਹੈ। ਏਥੇ ਮੋਟਰਕਾਰਾਂ, ਟਰੱਕ, ਵੱਡੀਆਂ ਗੱਡੀਆਂ ਬਣਦੀਆਂ ਹਨ। ਬਰਮਿੰਘਮ ਦਾ ਸ਼ਾਪਿੰਗ ਸੈਂਟਰ ਬਹੁਤ ਵੱਡਾ ਕੇਂਦਰ ਹੈ। ਏਥੇ ਆਦਮੀਆਂ ਦਾ ਸਮੁੰਦਰ ਠਾਠਾਂ ਮਾਰਦਾ ਵਿਖਾਈ ਦਿੰਦਾ ਹੈ। ਗੱਡੀਆਂ ਮੋਟਰ ਕਾਰਾਂ ਦੀ ਆਵਾਜਾਈ ਬੇ ਤਹਾਸ਼ਾ ਹੈ।

ਇਸੇ ਤਰ੍ਹਾਂ ਕਵੈਂਟਰੀ ਇੰਗਲੈਂਡ ਦਾ ਇੱਕ ਪ੍ਰਸਿੱਧ ਇਤਿਹਾਸਕ ਨਗਰ ਤੇ ਵਰਤਮਾਨ ਕਾਲ ਵਿੱਚ ਇੰਜੀਨੀਅਰੀ ਦਾ ਮਹਾਨ ਕੇਂਦਰ ਹੈ। ਇਹ ਲੰਡਨ ਤੋਂ ੯੬ ਮੀਲ ਤੇ ਬਰਮਿੰਘਮ ਤੋਂ ਸਿਰਫ ੧੮ ਮੀਲ ਦੱਖਣ ਵਲ ਹੈ। ਏਥੋਂ ਦੀਆਂ ਫੈਕਟਰੀਆਂ ਦੀਆਂ ਬਣੀਆਂ ਹੋਈਆਂ ਚੀਜ਼ਾਂ ਸਾਰੀ ਦੁਨੀਆਂ ਵਿੱਚ ਵਰਤੀਆਂ ਜਾਂਦੀਆਂ ਹਨ। ਕਵੈਂਟਰੀ ਦੀ ਵਸੋਂ ੩,੩੬,੨੦੦ ਹੈ। ਇਹ ਬਹੁਤ ਸੁੰਦਰ ਤੇ ਸਾਫ਼ ਸੁਥਰਾ ਹੈ। ਇਤਿਹਾਸਕਾਰ ਲਿਖਦੇ ਹਨ ਕਿ ਗਿਆਰ੍ਹਵੀਂ ਸਦੀ ਵਿੱਚ ਇਹ ਆਬਾਦ ਹੋਇਆ। ੧੦੪੩ ਸੰਨ ਵਿੱਚ ਇਸ ਦਾ ਮਾਲਕ ਅਰਲ ਆਫ ਮਰਸੀਆ ਸੀ। ਇੱਕ ਬ੍ਰਿਛ ਕੋਫਾ ਦੇ ਨਾਮ ਤੋਂ ਇਸ ਦਾ ਨਾਮ ਕਵੈਂਟਰੀ ਪ੍ਰਚਲਤ ਹੋਇਆ। ਅਰਲ ਦੀ ਇਸਤਰੀ ਦਾ ਨਾਮ ਗਾਡੀਵਾ ਸੀ ਜਿਸ ਨੇ ਮੁਜਾਰਿਆਂ ਤੇ ਕਿਸਾਨਾਂ ਨੂੰ ਮਾਲੀਏ ਤੇ ਟੈਕਸ ਦੀ ਛੋਟ ਦਿੱਤੀ ਹੈ। ਚੌਧਵੀਂ ਸਦੀ ਵਿੱਚ ਇਹ ਕੱਪੜਾ ਉਣਨ ਵਾਲੇ ਕਾਰੀਗਰਾਂ ਦਾ ਕੇਂਦਰ ਸੀ ਹੁਣ ਨਵੀਨ ਇੰਡਸਟਰੀ ਦਾ ਹੈ। ੧੯੪੦ ਈ. ਦੀ ਦੂਜੀ ਜੰਗ ਸਮੇਂ ੨੪ ਨਵੰਬਰ ਨੂੰ ਜਰਮਨ ਦੇ ਹਵਾਈ ਜਹਾਜ਼ਾਂ ਨੇ ਭਾਰੀ ਬੰਬਾਰੀ ਕਰ ਕੇ ਇਸ ਨੂੰ ਤਬਾਹ ਕਰਨ ਦਾ ਯਤਨ ਕੀਤਾ। ਏਥੋਂ ਦੀਆਂ ਬਹੁਤ ਸਾਰੀਆਂ ਫੈਕਟਰੀਆਂ ਢਾਹ ਢੇਰੀ ਕਰ ਦਿੱਤੀਆਂ। ਪਰ ਅੰਗਰੇਜ਼ਾਂ ਨੇ ਇਸ ਨੂੰ ਫੇਰ ਖੂਬਸੂਰਤ ਤੇ ਨਵਾਂ ਨਰੋਆ ਬਣਾ ਦਿੱਤਾ। ਹੁਣ ਜੰਗ ਸਮੇਂ ਦੀ ਤਬਾਹੀ ਦਾ ਕੋਈ ਨਿਸ਼ਾਨ ਨਹੀਂ ਦਿਸਦਾ।

ਕਵੈਂਟਰੀ ਵਿੱਚ ਹਰਬਰਟ ਆਰਟ ਗੈਲਰੀ ਤੇ ਅਜਾਇਬ ਘਰ, ਸੇਂਟ ਮੈਰੀਜ ਹਾਲ, ਸੇਂਟ ਜੌਹਨਜ਼ ਗਾਰਡਰ ਤੇ ਚਰਚ ਕੌਂਸਲ ਹਾਊਸ, ਬਲਰਨੇਡ ਥੀਏਟਰ, ਪਰਚੂਨ ਦੀ ਮਾਰਕੀਟ, ਲੰਕਾਸਟਰ ਪੋਲੀਟੇਕਨਿਕ, ਰੋਮਨ ਕੈਥੋਲਿਕ ਚਰਚ, ਦੂਜੀ ਜੰਗ ਵਿੱਚ ਮਾਰੇ ਗਏ ਫੌਜੀਆਂ ਦਾ ਮੈਮੋਰੀਅਲ ਪਾਰਕ ਆਦਿ ਥਾਵਾਂ ਦੇਖਣ ਯੋਗ ਦੱਸਦੇ ਹਨ। ਲੰਡਨ ਦੀ ਸਚਾਈ ਤੇ ਸਫ਼ਾਈ ਮੁੱਖ ਹੈ। ਇਉਂ ਕੁੱਝ ਕੁ ਲੰਡਨ ਦੀ ਵਾਕਫ਼ੀ ਕਰਵਾਣ ਉਪਰੰਤ ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਪਰਉਪਕਾਰੀ ਜੀਵਨ ਤੇ ਰੋਸ਼ਨੀ ਪਾਈ ਕਿ ਸਤਿਗੁਰਾਂ ਦਾ ਅਵਤਾਰ ਕਿਸ ਸਮੇਂ ਤੇ ਕਿਸ ਨਮਿਤ ਹੋਇਆ। ਜਦੋਂ ਸਾਰੀਆਂ ਥਾਵਾਂ ਤੋ ਧਰਮ ਅਲੋਪ ਹੋ ਚੁੱਕਾ ਸੀ ਕਲਜੁਗੀ ਰਾਜਿਆਂ ਨੇ ਕਸਾਈਆਂ ਦੀ ਸ਼ਕਲ ਧਾਰਨ ਕਰ ਲਈ ਸੀ।

ਗੁਰੂ ਬਾਬੇ ਨੇ ਚੌਹਾਂ ਬਰਨਾਂ ਨੂੰ ਸਾਂਝਾ ਉਪਦੇਸ਼ ਬਖ਼ਸ਼ਿਆ ਅਤੇ ਭਾਈ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਹਿੰਦੂ ਮੁਸਲਮਾਨਾਂ ਦੀ ਏਕਤਾ ਦਰਸਾਈ। ਇਉਂ ਹੋਰ ਵੀ ਬਹੁਤ ਸਾਰੇ ਬਚਨ ਕਹੇ ਜਿਨ੍ਹਾਂ ਦਾ ਸੰਗਤ ਦੇ ਮਨਾ ਤੇ ਬੜਾ ਅਸਰ ਪਿਆ। ਉਪਰੰਤ ਇਲਾਕੇ ਦੀ ਸੰਗਤ ਨੇ ਦੀਵਾਨਾਂ ਦੀ ਮੰਗ ਸ਼ੁਰੂ ਕਰ ਦਿੱਤੀ। ਦਾਤੇ ਨੇ ਨਿੰਰਕਾਰੀ ਹੁਕਮ ਵਿੱਚ ਜੀਵਾਂ ਦੀ ਪ੍ਰਾਰਬਧ ਅਨੁਭਵ ਕਰ ਮੇਹਰਬਾਨਗੀ ਦਾ ਸਬੂਤ ਦਿੰਦਿਆਂ ਪ੍ਰਵਾਨਗੀ ਬਖ਼ਸ਼ ਦਿੱਤੀ।

ਸਭ ਤੋਂ ਪਹਿਲਾਂ ਮੋਹਨਪੁਰ ਵਾਲੇ ਪ੍ਰੇਮੀਆਂ ਦੇ ਭਾਗਾਂ ਦਾ ਪਰਚਾ ਨਿੱਕਲਿਆ। ਉਸ ਤੋਂ ਬਾਅਦ ਡੇਹਲੋਂ ਦੇ ਇਲਾਕੇ ਤੇ ਬਖ਼ਸ਼ਿਸ਼ ਹੋਈ। ਫੇਰ ਸਾਹਨੇਵਾਲ ਕੋਲ 'ਪਵੇਂ' ਪਿੰਡ ਨੂੰ ਸਮਾਂ ਬਖ਼ਸ਼ ਦਿਤਾ। ਉਸ ਤੋਂ ਬਾਅਦ ਗਿੱਲਾਂ ਨੂੰ ਦੀਵਾਨ ਦਿੱਤੇ। ਫੇਰ ਕੁੱਝ ਕੁ ਸਮਾਂ ਜੀਵਾਂ ਦੀ ਪ੍ਰਾਰਬਧ ਅਨੁਸਾਰ ਰੈਸਟ ਕਰਨ ਵਾਸਤੇ ਦੀਵਾਨ ਬੰਦ ਕਰ ਦਿੱਤੇ ਪਰ ਦਰਸ਼ਨਾਂ ਵਾਲੀ ਸੰਗਤ ਦਾ ਮਨ ਬੜਾ ਬਿਹਬਲ ਹੋ ਗਿਆ। ਮਨ ਕਾਹਲੇ ਪੈ ਗਏ। ਮਨੋ ਮਈ ਬੇਨਤੀਆਂ ਕਰਨ ਲੱਗੇ, ਜਿਸ ਕਰ ਕੇ ਬਹੁਤਾ ਸਮਾਂ ਰੈਸਟ ਨਾ ਕਰਨ ਦਿੱਤੀ ਤਾਂ ਆਪ ਜੀ ਨੇ ਨੌਂ ਮਾਘ ਦੇ ਸਾਲਾਨਾ ਜੋੜ ਮੇਲੇ ਤੇ ਕੀਰਤਨ ਸ਼ੁਰੂ ਕਰ ਦਿੱਤਾ। ਲੋਹੜੀ ਵਾਲਾ ਪਹਿਲਾ ਦੀਵਾਨ ਮਾਘ ਦੀ ਸੰਗਰਾਂਦ ਦਾ ਸੀ। ਨੌਂ ਮਾਘ ਤੱਕ ਦਸ ਦਿਨ ਕੀਰਤਨ ਕੀਤਾ। ਉਸ ਤੋਂ ਬਾਅਦ ਯੂ. ਪੀ. ਵਿੱਚ ਹਾਪੜ ਨੂੰ ਭਾਗ ਆ ਲਾਏ। ਏਥੇ ਕੁੱਝ ਕੁ ਦਿਨ ਰੈਸਟ ਕਰ ਪੰਜਾਬ ਵਾਸੀ ਸੰਗਤ ਦੀ ਪ੍ਰਾਰਬਧ ਨੇ ਮੁੜ ਅਸਥਾਨ ਵਾਸੀ ਪ੍ਰੇਮੀਆਂ ਨੂੰ ਦਰਸ਼ਨ ਕਰਵਾਇਆ।

ਭਾਵੇਂ ਆਪ ਜੀ ਨੂੰ ਇੰਗਲੈਂਡ ਤੋਂ ਵਾਪਸ ਆਇਆਂ ਅਜੇ ਬਹੁਤਾ ਸਮਾਂ ਨਹੀਂ ਸੀ ਹੋਇਆ। ਪਰ ਫੇਰ ਵੀ ਥੋੜ੍ਹੇ

ਚਿਰ ਦੇ ਦਰਸ਼ਨਾਂ ਦੀ ਝਲਕ ਤੇ ਚਰਨਾਂ ਦੀ ਛੂਹ ਨੇ ਸਭਨਾਂ ਦੇ ਮਨਾਂ ਵਿੱਚ ਐਸੀ ਖਿੱਚ ਪੈਦਾ ਕਰ ਦਿੱਤੀ ਕਿ ਇਨ੍ਹਾਂ ਚਾਰ ਮਹੀਨਿਆਂ ਦੇ ਵਿਛੋੜੇ ਵਿੱਚ ਕੋਈ ਐਸਾ ਦਿਨ ਨਹੀਂ ਸੀ, ਜਦੋਂ ਕਿ ਪ੍ਰਦੇਸ਼ ਬੈਠੇ ਵੀਰਾਂ ਦੀਆਂ ਪੰਜ ਚਾਰ ਪੜ੍ਹਕਾਂ ਵੈਰਾਗ ਦੇ ਹੰਝੂਆਂ ਨਾਲ ਲਿਖੀਆਂ ਨਹੀਂ ਸੀ ਆਈਆਂ। ਬਹੁਤ ਸਾਰੇ ਪਿਆਰ ਵਾਲੇ ਸੱਜਣ ਜਾਂ ਕਰਮਸਰ ਦੀ ਪਾਵਨ ਧਰਤੀ ਦੇ ਦੀਦਾਰ ਲਈ ਆਏ। ਜੈਸਾ ਕਿ ਸ. ਈਸ਼ਰ ਸਿੰਘ ਕਲਸੀ, ਸ. ਬਲਵੰਤ ਸਿੰਘ ਕਲਸੀ, ਸ. ਕੁਲਦੀਪ ਸਿੰਘ ਭੋਡੇ, ਸ. ਜਗਦੇਵ ਸਿੰਘ ਝੱਮਟ, ਸ. ਦਲੀਪ ਸਿੰਘ ਕਲਸੀ, ਸ. ਪ੍ਰੀਤਮ ਸਿੰਘ ਝੱਮਟ ਆਦਿ।

ਹਜ਼ੂਰ ਦੇ ਪਾਸ ਕਰਮਸਰ ਆ ਕੇ ਅਰਜ਼ ਕਰਨ ਵਾਲੇ ਹੋਰ ਪ੍ਰੇਮੀ

ਜਲੰਧਰ ਜ਼ਿਲ੍ਹੇ ਦੀ ਨਕੋਦਰ ਤਹਿਸੀਲ ਦੇ ਬੋਪਾਰਾਇ ਪਿੰਡ ਦਾ ਵਸਨੀਕ ਸ. ਜੋਗਾ ਸਿੰਘ ਰਬੜ ਫੈਕਟਰੀ ਵਿੱਚ ਕੰਮ ਕਰਦਾ ਸੀ, ਚਰਨ ਪਾਉਣ ਵਾਸਤੇ ਬੇਨਤੀ ਕੀਤੀ। ਇਸੇ ਤਰ੍ਹਾਂ ਖ਼ਾਸ ਜਗਰਾਵਾਂ ਦਾ ਪ੍ਰੇਮੀ ਸ. ਹਰਬੰਸ ਸਿੰਘ ਇਸ ਨੇ ਵੀ ੧੯੭੪ ਈ. ਵਿੱਚ ਲੰਡਨ ਗਿਆਂ ਦਾਤੇ ਦੇ ਘਰ ਵਿੱਚ ਚਰਨ ਪਵਾਏ ਤੇ ਉਪਦੇਸ਼ ਲਿਆ। ਇਹ ਪੋਸਟ ਆਫਸ ਵਿੱਚ ਔਫੀਸਰ ਸੀ। ੧੯੭੫ ਦੀ ਜਨਵਰੀ ਨੂੰ ਸ. ਈਸ਼ਰ ਸਿੰਘ ਕਲਸੀ ਦੇ ਨਾਲ ਕਰਮਸਰ ਗਿਆ ਸੀ ਅਤੇ ਬੇਨਤੀ ਕੀਤੀ ਸੀ। ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਹਾਲ ਕਲਾਂ ਦਾ ਸ. ਮੋਹਨ ਸਿੰਘ ਦੀ ਜਨਵਰੀ ੧੯੭੫ ਵਿੱਚ ਦਾਤੇ ਦੇ ਦਰਸ਼ਨਾਂ ਲਈ ਇੰਗਲੈਂਡ ਤੋਂ ਕਰਮਸਰ ਆਇਆ ਸੀ। ਬੀਬੀ ਮਨਜੀਤ ਕੌਰ (ਸਪੁਤਨੀ ਸ. ਪ੍ਰੀਤਮ ਸਿੰਘ ਜੀ ਝੱਮਟ) ਸ. ਅਵਤਾਰ ਸਿੰਘ ਪਾਇਲ ਇਤਆਦਿਕ ਹੋਰ ਭੀ ਪ੍ਰੇਮੀ ਪੁੱਜੇ ਸਨ। ਲੰਡਨ ਦੀ ਸੰਗਤ ਵਲੋਂ ਦਰਸ਼ਨ ਦੇਣ ਵਾਸਤੇ ਸਭਨਾਂ ਨੇ ਘਿਘਆ ਕੇ ਬੇਨਤੀ ਕੀਤੀ ਤਰਲੇ ਲਏ, ਜਿਨ੍ਹਾਂ ਦੇ ਗਲੇ ਵੈਰਾਗ ਨਾਲ ਰੁਕੇ ਸਨ ਨੇਤਰਾਂ ਦੇ ਹੰਝੂ ਤੱਕ ਕੇ ਗ਼ਰੀਬ ਨਿਵਾਜ਼ ਦਾ ਮਨ ਪ੍ਰੇਮੀਆਂ ਦੇ ਪ੍ਰੇਮ ਵਿੱਚ ਉੱਛਲ ਪਿਆ। ਕਿਉਂਕਿ ਇਹ ਦੋ ਅੰਗੀ ਪ੍ਰੀਤੀ ਹੈ। ਮੱਛੀ ਤੇ ਪਾਣੀ ਦੀ, ਦੀਵੇ ਤੇ ਪਤੰਗੇ ਦੀ ਇੱਕ ਅੰਗੀ ਪ੍ਰੀਤੀ ਹੈ। ਗੁਰੂ ਤੇ ਸਿੱਖ ਦਾ ਪ੍ਰੇਮੀ ਤੇ ਮਹਾਂਪੁਰਸ਼ਾਂ ਦਾ ਦੋ ਅੰਗੀ ਪਿਆਰ ਹੈ। ਪ੍ਰੇਮੀਆਂ ਦੇ ਸ਼ੁਭ ਪੁੰਨਾਂ ਦੀ ਪ੍ਰੇਰਨਾ ਨੇ ਪ੍ਰੀਤਮ ਦੇ ਅਫੁਰ ਮਨ ਵਿੱਚ ਫੁਰਨਾ ਪੈਦਾ ਕਰ ਦਿੱਤਾ।

ਸੰਤ ਬਾਬਾ ਮੀਹਾਂ ਸਿੰਘ ਜੀ ਪਿੰਡ ਸਿਆੜ

ਸ੍ਰੀਮਾਨ ਪਰਮ ਪੂਜਯ ਸੰਤ ਬਾਬਾ ਮੀਹਾਂ ਸਿੰਘ ਜੀ ਸਿਆੜ ਵਾਲਿਆਂ ਦਾ ਜਨਮ ਸਿਆੜ ਪਿੰਡ ਦੇ ਵਸਨੀਕ ਬਾਬਾ ਅਮਰ ਸਿੰਘ ਜੀ ਦੇ ਘਰ ੧੪ ਜਨਵਰੀ ੧੯੦੬ ਈ. ਨੂੰ ਮਾਤਾ ਰਾਮ ਕੌਰ ਤੋਂ ਹੋਇਆ। ਛੋਟੀ ਉਮਰ ਵਿੱਚ ਹੀ ਪਿੰਡ ਦੇ ਡੇਰੇ ਉਦਾਸੀ ਸੰਤਾਂ ਪਾਸੋਂ ਗੁਰੂ ਮਹਾਰਾਜ ਦਾ ਸੰਥਾ ਨਾਲ ਪਾਠ ਕੀਤਾ। ਨਾਲ ਨਾਲ ਘਰ ਦਾ ਕੰਮ ਵੀ ਕਰਦੇ ਰਹੇ। ਫਰਵਰੀ ੧੯੨੭ ਈ. ਵਿੱਚ ਅੰਮ੍ਰਿਤ ਪਾਨ ਕਰ ਲਿਆ। ਜਦੋਂ ਸੰਤ ਜੀ ਮਹਾਰਾਜ ਨੇ ਰਾੜੇ ਦੀ ਢੱਕੀ ਨੂੰ ਭਾਗ ਲਾਏ, ਉਸ ਸਮੇਂ ਥੋੜ੍ਹੇ ਦਿਨਾਂ ਵਿੱਚ ਹੀ ਚੰਦਨ ਦੀ ਖ਼ੁਸ਼ਬੂ ਵਾਂਗ ਸਾਰੇ ਜਸ ਫੈਲ ਗਿਆ। ਬਾਬਾ ਮੀਹਾਂ ਸਿੰਘ ਜੀ ਵੀ ਦਰਸ਼ਨਾਂ ਵਾਸਤੇ ਪੁੱਜੇ। ਦੋਵੇਂ ਹਸਤੀਆਂ ਪਰਸਪਰ ਪਿਆਰ ਨਾਲ ਮਿਲੀਆਂ। ਛੋਟੇ ਸੰਤ ਜੀ ਮਹਾਰਾਜ ਨੇ ਵੀ ਬੜਾ ਸਤਿਕਾਰ ਕੀਤਾ। ਫੇਰ ਤਾਂ ਮਹੀਨੇ ਵਿੱਚ ਇੱਕ ਵਾਰੀ ਜ਼ਰੂਰ ਹੀ ਜੋੜ ਮੇਲੇ ਤੇ ਪੁੱਜ ਜਾਂਦੇ। ਜੇਕਰ ਸੰਗਰਾਂਦ ਨੂੰ ਨਾ ਆ ਸਕਦੇ ਤਾਂ ਪੂਰਨਮਾਸ਼ੀ ਦਾ ਦੀਵਾਨ ਆ ਸੁਣਦੇ। ਇਉਂ ਕਈ ਸਾਲ ਲਗਾਤਾਰ ਇਸ ਨਿਯਮ ਨੂੰ ਨਿਭਾਇਆ।

੧੯੩੩ ਈ. ਵਿੱਚ ਨਾਨਕਸਰ (ਕਲੇਰਾਂ) ਵਾਲੇ ਮਹਾਂਪੁਰਸ਼ ਬਾਬਾ ਨੰਦ ਸਿੰਘ ਜੀ ਦੇ ਚਰਨਾਂ ਵਿੱਚ ਪੁੱਜ ਕੇ ਨਾਮ ਦੀ ਦਾਤ ਪ੍ਰਾਪਤ ਕੀਤੀ। ਪਹਿਲਾਂ ਘਰ ਵਿੱਚ ਰਹਿੰਦਿਆਂ ਕਾਰੋਬਾਰ ਦੇ ਵਿੱਚ ਹੀ ਭਜਨ ਸਿਮਰਨ ਕਰਦੇ ਰਹੇ। ਉਪਰੰਤ ੧੯੪੩ ਈ. ਵਿੱਚ ਨਗਰ ਤੋਂ ਬਾਹਰ ਆਪਣੀ ਜ਼ਮੀਨ ਵਿੱਚ ਠਾਠ ਬਣਾ ਲਿਆ। ਆਪ ਜੀ ਨੇ ਚਾਰ ਵਾਰੀ ਬਾਹਰਲੇ ਮੁਲਕਾਂ ਵਿੱਚ ਜਾ ਕੇ ਗੁਰਮਤ ਪ੍ਰਚਾਰ ਕੀਤਾ।

੧) ਪਹਿਲੀ ਵਾਰ ਦਸ ਮਹੀਨਿਆਂ ਵਾਸਤੇ ਮਾਰਚ ੧੯੭੧ ਨੂੰ ਕੁਵੈਤ, ਬਗਦਾਦ, ਕਾਹਿਰਾ, ਇਟਲੀ, ਜਰਮਨ, ਵਿੱਚ ਦੀ ਹੁੰਦੇ ਹੋਏ ਇੰਗਲੈਂਡ ਪੁੱਜੇ। ਦੋ ਸਿੰਘ ਨਾਲ ਸਨ। ਢਾਈ ਮਹੀਨੇ ਇੰਗਲੈਂਡ, ਦੋ ਮਹੀਨੇ ਅਮਰੀਕਾ, ਤਿੰਨ ਮਹੀਨੇ ਕੈਨੇਡਾ, ਜਪਾਨ, ਫਿਲਪਾਇਨ, ਸਿੰਘਾਪੁਰ, ਮਲੇਸ਼ੀਆ, ਆਦਿਕ ਮੁਲਕਾਂ ਵਿੱਚ ਵਿਚਰੇ। ਇਸ ਦੌਰੇ ਵਿੱਚ ਪੰਜ ਸੌ ਪ੍ਰੇਮੀਆਂ ਨੂੰ ਇੰਗਲੈਂਡ, ਚਾਰ ਸੌ ਨੂੰ ਕੈਨੇਡਾ, ੮੫ ਪ੍ਰੇਮੀਆਂ ਨੂੰ ਫਿਲਪਾਇਨ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

੨) ਦੂਜੀ ਵਾਰ ਪੰਜ ਸਿੰਘਾਂ ਸਮਤੇ ਫੇਰ ਚਾਰ ਮਹੀਨਿਆਂ ਵਾਸਤੇ ਜੁਲਾਈ ੧੯੭੩ ਨੂੰ ਕੈਨੇਡਾ ਤੇ ਅਮਰੀਕਾ ਵਿੱਚ ਗਏ, ਜਿਨ੍ਹਾਂ ਵਿੱਚੋਂ ਤਿੰਨ ਮਹੀਨੇ ਕੈਨੇਡਾ ਠਹਿਰੇ। ਤਿੰਨ ਸੌ ਅਭਿਲਾਖੀਆਂ ਨੂੰ ਅੰਮ੍ਰਿਤ ਛਕਾ ਤਿਆਰ ਬਰ ਤਿਆਰ ਕੀਤਾ। ਇੱਕ ਮਹੀਨਾ ਅਮਰੀਕਾ ਠਹਿਰ ਚਾਰ ਸੌ ਅਮਰੀਕੀ ਸਿੰਘ ਸਜਾਏ।

੩) ਤੀਜੀ ਵਾਰ ਜੁਲਾਈ ੧੯੭੩ ਨੂੰ ਫੇਰ ਬਾਹਰਲੇ ਮੁਲਕਾਂ ਨੂੰ ਗੁਰਮਤ ਦਾ ਉਪਦੇਸ਼ ਕਰਨ ਵਾਸਤੇ ਪੰਜਾਂ ਸਿੰਘਾਂ ਦੇ ਸਮੇਤ ਦਿੱਲੀ ਤੋਂ ਰਵਾਨਾ ਹੋਏ। ਛੇ ਮਹੀਨੇ ਇੰਗਲੈਂਡ ਠਹਿਰ ਸੱਤ ਸੌ ਪ੍ਰੇਮੀਆਂ ਨੂੰ ਸਿੰਘ ਸਜਾਇਆ। ਨੌ ਮਹੀਨੇ

ਕੈਨੇਡਾ ਵਿੱਚ ਠਹਿਰ ਅੱਠ ਸੌ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ। ਤਿੰਨ ਮਹੀਨੇ ਅਮਰੀਕਾ ਵਿੱਚ ਗੁਰਮਤ ਦਾ ਪ੍ਰਚਾਰ ਕਰ ਢਾਈ ਸੌ ਅਮਰੀਕੀ ਸਿੰਘ ਸਜਾਏ। ਇਹ ਦੌਰਾ ਆਪ ਜੀ ਦਾ ਡੇਢ ਸਾਲ ਦਾ ਸੀ।

੪) ਚੌਥੀ ਵਾਰ ਪੰਜਾਂ ਸਿੰਘਾਂ ਦੇ ਸਮੇਤ ਅਕਤੂਬਰ ੧੯੭੫ ਨੂੰ ਦਿੱਲੀ ਤੋਂ ਜਹਾਜ਼ ਚੜ੍ਹ ਹਾਂਗਕਾਂਗ ਵਿੱਚ ਦੀ ਫਿਲਪਾਇਨ ਨੂੰ ਗਏ। ਏਥੇ ਡੇਢ ਮਹੀਨਾ ਠਹਿਰ ਕੇ ਜਪਾਨ ਵਿੱਚ ਦੀ ਕੈਨੇਡਾ ਆ ਗਏ। ਛੇ ਮਹੀਨੇ ਠਹਿਰ ਕੇ ਪੰਦਰਾਂ ਸੌ ਪ੍ਰੇਮੀਆਂ ਨੂੰ ਅੰਮ੍ਰਿਤ ਛਕਾਇਆ। ਉਪਰੰਤ ਦੋ ਮਹੀਨੇ ਅਮਰੀਕਾ ਠਹਿਰੇ। ਫੇਰ ਇੰਗਲੈਂਡ ਆ ਗਏ। ਏਥੇ ਸਾਢੇ ਚਾਰ ਮਹੀਨੇ ਰਹੇ ਛੇ ਸੌ ਸੱਜਣ ਸਿੰਘ ਸਜਾਏ। ਇਹ ਚੌਥਾ ਦੌਰਾ ਪੂਰੇ ਇੱਕ ਸਾਲ ਦਾ ਸੀ ੯-੧੦-੭੬ ਨੂੰ ਇੰਡੀਆ ਆਏ।

ਇਸ ਤੋਂ ਇਲਾਵਾ ਨਗਰ ਵਿੱਚ ਵੀ ਪ੍ਰੇਮੀਆਂ ਨੂੰ ਪ੍ਰੇਰ ਕੇ ਬਹੁਤ ਸਾਰੀ ਸੇਵਾ ਕਰਵਾਈ ਜੇਹਾ ਕਿ ਦਸਵੀਂ ਤੱਕ ਲੜਕੀਆਂ ਦਾ ਸਕੂਲ, ਆਦਮੀਆਂ ਦਾ ਹਸਪਤਾਲ, ਪਸ਼ੂਆਂ ਦਾ ਹਸਪਤਾਲ, ਪਿੰਡ ਦੇ ਚੌਫੇਰੇ ਫਿਰਨੀ ਪੱਕੀ ਕਰਵਾਈ, ਡਾਕਖਾਨਾ, ਰਵਿਦਾਸੀਆਂ ਦੀ ਧਰਮਸ਼ਾਲਾ ਇਸ ਤੋਂ ਇਲਾਵਾ ਹੋਰ ਵੀ ਬੇਅੰਤ ਸੇਵਾ ਕਰਵਾਈ। ਸੰਤ ਜੀ ਮਹਾਰਾਜ ਨਾਲ ਆਪ ਜੀ ਦਾ ਅਥਾਹ ਪਿਆਰ ਸੀ। ਚੌਥੀ ਵਾਰ ਲੰਡਨ ਗਿਆਂ ਸੰਤ ਜੀ ਮਹਾਰਾਜ ਦੀ ਪਹਿਲੀ ਬਰਸੀ ਸਮੇਂ ਜਥੇ ਸਮੇਤ ਵੁਲਵਰਹੈਂਪਟਨ ਸ. ਸੁਦਾਗਰ ਸਿੰਘ ਰੂਮੀ ਦੇ ਘਰ ਪੁੱਜੇ ਸਨ।

ਇਨ੍ਹਾਂ ਨੇ ਹੀ ਲੰਡਨ ਦੀ ਸੰਗਤ ਨੂੰ ਪ੍ਰੇਰ ਕੇ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਵਾਏ ਸਨ ਕਿਹਾ ਸੀ, "ਪ੍ਰੇਮੀਓ! ਐਸ ਸਮੇਂ ਪੂਰਨ ਬ੍ਰਹਮਗਿਆਨੀ ਰਾਜਾ ਜੋਗੀ ਸੰਤ ਜੀ ਮਹਾਰਾਜ ਰਾੜੇ ਸਾਹਿਬ ਵਾਲੇ ਨਾਮ ਰੂਪੀ ਚੱਪੂ ਲਾ ਕੇ ਸੰਸਾਰ ਸਮੁੰਦਰ ਤੋਂ ਪੂਰਾ ਦੇ ਪੂਰ ਪਾਰ ਕਰ ਰਹੇ ਹਨ।" ਇਨ੍ਹਾਂ ਮਹਾਂਪੁਰਸ਼ਾਂ ਪਾਸੋਂ ਦਾਤੇ ਦਾ ਜਸ ਸੁਣ ਕੇ ਉਨ੍ਹਾਂ ਦੇ ਅੰਦਰ ਹੋਰ ਵਧੇਰੀ ਸ਼ਰਧਾ ਹੋ ਆਈ ਤੇ ਪੱਤ੍ਰਕਾ ਦੁਆਰੇ ਦਿਲੀ ਪਿਆਰ ਪ੍ਰਗਟ ਕਰਦਿਆਂ ਮੇਹਰਬਾਨ ਦੀ ਮੇਹਰ ਦੇ ਪਾਤਰ ਬਣੇ। ਏਸੇ ਤਰਾਂ ਇਨ੍ਹਾਂ ਮਹਾਂਪੁਰਸ਼ਾਂ ਨੇ ਸੰਤ ਜੀ ਦੇ ਪਾਸ ਵੀ ਆ ਕੇ ਏਹੋ ਬਚਨ ਕਹੇ ਸਨ ਕਿ ਮਹਾਰਾਜ! ਪੂਰਨ ਸਾਧੂ ਤੋਂ ਬਗ਼ੈਰ ਗੁਰਸਿੱਖੀ ਨੂੰ ਢਾਹ ਲੱਗ ਰਹੀ ਹੈ। ਜ਼ਮੀਨ ਤਾਂ ਅਸੀ ਤਿਆਰ ਕਰ ਆਏ ਹਾਂ, ਪਰ ਬੀਜ ਹੁਣ ਆਪ ਜਾ ਕੇ ਬੀਜੋ। ਭਾਵ ਅਸੀਂ ਗੁਰੂ ਘਰ ਅਤੇ ਸਤਪੁਰਸ਼ਾਂ ਤੇ ਸ਼ਰਧਾ ਬਧਵਾ ਆਏ ਹਾਂ ਤੁਸੀਂ ਜਾ ਕੇ ਨਾਮ ਦੀ ਦਾਤ ਬਖ਼ਸ਼ ਕੇ ਖੰਡੇ ਦੇ ਅੰਮ੍ਰਿਤ ਦਾ ਦਾਤ ਦੁਆਰਾ ਜ਼ਿੰਦਗ਼ੀਆਂ ਨੂੰ ਪਿਉਂਦ ਕਰ ਕੇ ਬੁਰਿਆਈਆਂ ਵਲੋਂ ਰੋਕੋ। ਏਸ ਸਮੇਂ ਨਿਰੰਕਾਰ ਵਲੋਂ ਤੁਹਾਡੀ ਡਿਊਟੀ ਲੱਗੀ ਹੈ।

ਇਨ੍ਹਾਂ ਸਤਪੁਰਸ਼ਾਂ ਦੇ ਪਿਆਰ ਦਾ ਸਦਕਾ ਜੀਵਾਂ ਦੀ ਪ੍ਰਾਰਬਧ ਨੇ ਹੀ ਪਹਿਲੀ ਵਾਰ ਯੂ. ਕੇ. ਜਾਣ ਲਈ ਗ਼ਰੀਬ ਨਿਵਾਜ਼ ਦਾ ਮਨ ਪ੍ਰੇਰ ਦਿੱਤਾ ਸੀ। ਦੂਜੀ ਵਾਰ ਸੰਤ ਜੀ ਦੇ ਜਾਣ ਤੋਂ ਪਹਿਲਾਂ ਫੇਰ ਰਾੜਾ ਸਾਹਿਬ ਆ ਕੇ ਅਰਜ਼ ਕੀਤੀ ਕਿ ਮਹਾਰਾਜ ਉਸ ਇਲਾਕੇ ਦੀ ਸੰਗਤ ਆਪ ਨੂੰ ਬਹੁਤ ਯਾਦ ਕਰਦੀ ਹੈ। ਕ੍ਰਿਪਾ ਕਰ ਕੇ ਹੰਸ ਸਰੋਤਿਆਂ ਨੂੰ ਗੁਰਬਾਣੀ ਰੂਪ ਮੋਤੀਆਂ ਦੀ ਚੋਗ ਬਖ਼ਸ਼ੋ।

ਆਪ ਜੀ ਨੇ ਹਾਪੜ ਤੋਂ ਵਾਪਸ ਆ ਕੇ ਸਭ ਤੋਂ ਪਹਿਲਾਂ ਲਤਾਲੇ ਨਗਰ ਤੇ ਕ੍ਰਿਪਾ ਕੀਤੀ। ਚਾਰ ਦੀਵਾਨ ਬਖ਼ਸ਼ ਦਿੱਤੇ। ਉਸ ਤੋਂ ਬਾਅਦ ਲੁਧਿਆਣੇ ਕੋਲ ਜਵੱਦੀ ਪਿੰਡ ਨੂੰ ਬਖ਼ਸ਼ਿਸ਼ ਹੋਈ। ਦੋਵੇਂ ਜਗ੍ਹਾ ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ।

ਸ. ਚਰਨਜੀਤ ਸਿੰਘ, ਬੀਬੀ ਰਾਜਿੰਦਰ ਕੌਰ ਬਰਨਾਲਾ

ਸ. ਚਰਨਜੀਤ ਸਿੰਘ ਜੀ 'ਖਟੜਾ' (ਸਪੁੱਤਰ ਸ. ਸੰਪੂਰਨ ਸਿੰਘ ਜੀ) ਕਲਕੱਤੇ ਤੋਂ ਪ੍ਰਵਾਰ ਸਮੇਤ ੨੧-੮-੭੦ ਨੂੰ ਬਰਨਾਲੇ ਆਏ। ਆਉਂਦਿਆਂ ਹੀ ਹਿੰਦ ਕੰਪਨੀ ਖਰੀਦ ਲਈ ਜੋ ਹੁਣ ਇਨ੍ਹਾਂ ਦੀਆਂ ਅੱਡ ਅੱਡ ਰੂਟਾਂ ਤੇ ੬ ਬਸਾਂ ਚਲਦੀਆਂ ਹਨ।

ਇਹ ਸ਼ੁਰੂ ਤੋਂ ਹੀ ਪਿਤਾ ਪਿਤਾਮਾ ਤੋਂ ਲੈ ਕੇ ਸਾਰਾ ਪ੍ਰਵਾਰ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਹੈ। ਇਸ ਤਰ੍ਹਾਂ ਇਨ੍ਹਾਂ ਦੇ ਘਰੋਂ ਬੀਬੀ ਰਾਜਿੰਦਰ ਕੌਰ ਵੀ ਜੱਲੇ ਨਗਰ ਤੋਂ ਸੰਤ ਜੀ ਦੇ ਪਰਮ ਸ਼ਰਧਾਲੂ ਸ. ਨਾਹਰ ਸਿੰਘ ਦੀ ਨੇਕ ਬੱਚੀ ਹਜ਼ੂਰ ਤੇ ਭਾਵਨਾ ਰੱਖਣ ਵਾਲੀ ਹੈ। ਇਨ੍ਹਾਂ ਨੇ ਬਰਨਾਲੇ ਆ ਕੇ ਇਲਾਕੇ ਨੂੰ ਗੁਰਮਤ ਦੇ ਪ੍ਰਚਾਰ ਤੋਂ ਪਛੜਿਆ ਦੇਖ ਮਨ ਵਿੱਚ ਪਰਉਪਕਾਰ ਨੂੰ ਮੁਖ ਰੱਖ ਗ਼ਰੀਬ ਨਿਵਾਜ਼ ਦੇ ਚਰਨ ਪਵਾਉਣ ਤੇ ਦੀਵਾਨ ਲਗਵਾਉਣ ਦੀ ਵੀਚਾਰ ਕੀਤੀ। ਸ. ਚਰਨਜੀਤ ਸਿੰਘ ਤੇ ਬੀਬੀ ਰਾਜਿੰਦਰ ਕੌਰ ਸੇਵਾ ਦੀ ਖ਼ਰਚ ਖੇਚਲ ਦਾ ਸਾਰਾ ਜੁੰਮਾ ਆਪਣੇ ਵੱਲੋਂ ਚੁੱਕ ਕੁੱਝ ਕੁ ਪ੍ਰੇਮੀਆਂ ਦੇ ਸਮੇਤ ਦਾਤੇ ਦੇ ਚਰਨਾਂ ਵਿੱਚ ਕਰਮਸਰ ਪੁੱਜੇ। ਭਾਵਨਾ ਨਾਲ ਦੀਵਾਨਾਂ ਵਾਸਤੇ ਅਰਜ਼ ਕੀਤੀ। ਹਜ਼ੂਰ ਦੇ ਇਲਾਕੇ ਦੀ ਪ੍ਰਾਰਬਧ ਅਨੁਭਵ ਕਰ ਪ੍ਰਸੰਨ ਚਿੱਤ ਬੇਨਤੀ ਪ੍ਰਵਾਨ ਕਰ ਲਈ ਅਤੇ ੧੯੭੪ ਈ. ਦੀ ੨੪ ਫਰਵਰੀ ਤੋਂ ੨ ਮਾਰਚ ਤੱਕ ਸੱਤ ਦੀਵਾਨ ਬਖ਼ਸ਼ ਦਿੱਤੇ।

ਆਪ ਜੀ ਦੇ ਸਵਾਗਤ ਤੇ ਦਰਸ਼ਨਾਂ ਵਾਸਤੇ ਰਸਤੇ ਵਿੱਚ ਨਗਰਾਂ ਦੀਆਂ ਸੰਗਤਾਂ ਨੇ ਸੁੰਦਰ ਗੇਟ ਬਣਾਏ ਤੇ

ਕੁਰਸੀ ਲਗਾ ਕੇ ਜਲ ਪਾਣੀ ਦੀ ਤਿਆਰੀ ਕੀਤੀ। ਜੇਹਾ ਕਿ ਗੰਗੋਹਰ, ਮਹਿਲ ਕਲਾਂ, ਵਜੀਦ ਕੇ, ਭੱਦਲ ਵਡ ਤੇ ਸੰਘੇੜੇ। ਆਪ ਜੀ ਇਨ੍ਹਾਂ ਗੁਰੂ ਪਿਆਰਿਆਂ ਦੀ ਅਤੁੱਟ ਸ਼ਰਧਾ ਤੇ ਡੁੱਲ੍ਹ ਡੁੱਲ੍ਹ ਪੈਂਦਾ ਪਿਆਰ ਤੱਕ ਕੇ ਥੋੜ੍ਹਾ ਥੋੜ੍ਹਾ ਸਮਾਂ ਸਾਰੀਆਂ ਥਾਵਾਂ ਤੇ ਰੁਕਦੇ ਰਹੇ। ਬਰਨਾਲੇ ਦੇ ਨਜ਼ਦੀਕ ਰਾਏਕੋਟ ਸੰਗਰੂਰ ਵਾਲੀਆਂ ਕੈਂਚੀਆਂ ਤੇ ਫੇਰ ਕੁਰਸੀ ਲੱਗੀ ਸੀ। ਏਥੇ ਵੀ ਪਿੰਡਾਂ ਦੀਆਂ ਸੰਗਤਾਂ ਤੇ ਸ਼ਹਿਰ ਨਿਵਾਸੀ ਪ੍ਰੇਮੀ ਸਵਾਗਤ ਦੇ ਦਰਸ਼ਨਾਂ ਵਾਸਤੇ ਪੁੱਜੇ ਸਨ। ਆਪ ਜੀ ਨੇ ਸਭਨਾਂ ਦੀ ਭਾਵਨਾ ਪੂਰੀ ਕਰੀ। ਸੰਤ ਜੀ ਮਹਾਰਾਜ ਦੀ ਰਿਹਾਇਸ਼ ਡਾਕਟਰ ਗੁਰਦੇਵ ਸਿੰਘ ਗਿੱਲ ਦੀ ਕੋਠੀ ਕਰਵਾਈ। ਜਥੇ ਦੇ ਸਿੰਘ ਸ. ਜੰਗੀਰ ਸਿੰਘ ਵਿਰਕ ਦੀ ਕੋਠੀ ਠਹਿਰੇ ਇਨ੍ਹਾਂ ਨੇ ਵੀ ਪ੍ਰਵਾਰ ਸਮੇਤ ਬੜੀ ਸ਼ਰਧਾ ਦਾ ਸਬੂਤ ਦਿਤਾ। ਦੀਵਾਨ ਨਾਨਕਸਰ ਦੇ ਨਜ਼ਦੀਕ ਰੈਸਟ ਹਾਊਸ ਦੇ ਸਾਹਮਣੇ ਕਚਹਿਰੀਆਂ ਵਾਲੀ ਜਗ੍ਹਾ ਸਜਦੇ ਸਨ। ਸਵੇਰੇ ਕੁਰਸੀ ਤੇ ਵੀ ਸ਼ਹਿਰ ਨਗਰਾਂ ਦੀ ਸੰਗਤ ਆ ਜਾਂਦੀ ਸੀ। ੯ ਤੋਂ ੧੦ ਤੱਕ ਇੱਕ ਘੰਟਾ ਪ੍ਰੇਮੀ ਪ੍ਰਮਾਰਥੀ ਬਚਨਾਂ ਦਾ ਲਾਭ ਪ੍ਰਾਪਤ ਕਰ ਕੇ ਅਤੇ ਭਜਨ ਸਿਮਰਨ ਦੀ ਜੁਗਤੀ ਪੁੱਛਦੇ। ਦੀਵਾਨਾਂ ਦੇ ਸਮੇਂ ਤਾਂ ਲੱਖਾਂ ਤੱਕ ਹਾਜ਼ਰੀ ਹੋ ਗਈ। ਸਮਾਪਤੀ ਤੋਂ ਦੋ ਦਿਨ ਪਹਿਲਾ ਛੋਟੇ ਸੰਤ ਜੀ ਮਹਾਰਾਜ ਨੇ ਵੀ ਦਰਸ਼ਨ ਬਖ਼ਸ਼ੇ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ਚਾਰ ਸੌ ਪ੍ਰੇਮੀ ਗੁਰੂ ਕੇ ਜਹਾਜ਼ੇ ਚੜੇ। ਗਿ. ਵਰਿਆਮ ਸਿੰਘ ਧੂਰਕੋਟ ਤੋਂ, ਸੰਤ ਹਰੀ ਕਮਲ ਜੀ ਵੀ ਆਏ ਸਨ।

ਇਸ ਸਮੇਂ ਡੀਜਲ ਦੀ ਸ਼ਾਰਟੇਜ਼ ਦੇ ਬਾਵਜੂਦ ਵੀ ਟਰੱਕ ਯੂਨੀਅਨ ਨੇ ਸੇਵਾ ਵਿੱਚ ਪੂਰਾ ਮਿਲਵਰਤਨ ਦਿਤਾ। ਸਾਰੀਆਂ ਕੰਪਨੀਆਂ ਦੀਆਂ ਬੱਸਾਂ ਨੇ ਦੀਵਾਨਾਂ ਵਿੱਚ ਸੰਗਤ ਨੂੰ ਲਿਆਉਣ ਤੇ ਛੱਡਣ ਦੀ ਫ੍ਰੀ ਸੇਵਾ ਕੀਤੀ। ਪਿੰਡਾਂ ਵਿੱਚ ਸੰਗਤਾਂ ਦੀ ਸਹੂਲਤ ਵਾਸਤੇ ਫ੍ਰੀ ਟਰੱਕ ਤੇ ਬੱਸਾਂ ਲਗਵਾ ਦਿੱਤੀਆ ਸਨ।

ਦੂਜੀ ਵਾਰ ਦੇ ਦੀਵਾਨ

ਇਨ੍ਹਾਂ ਦੀ ਸੇਵਾ ਤੇ ਪ੍ਰਸੰਨ ਹੋ ਕੇ ਇਲਾਕੇ ਨਿਵਾਸੀ ਗੁਰਮੁਖਾਂ ਦਾ ਉਤਸ਼ਾਹ ਤੇ ਦੀਵਾਨਾਂ ਦੀ ਹਾਜ਼ਰੀ ਦੇਖ ਕੇ ਸੰਗਤਾਂ ਦੇ ਪਿਆਰ ਦਾ ਸਦਕਾ ਅਗਲੇ ਸਾਲ ਫੇਰ ਕੀਤੀ ਹੋਈ ਗੁਰੂ ਪਿਆਰਿਆਂ ਦੀ ਅਰਜ਼ ਮਨਜ਼ੂਰ ਕਰ ਪੰਜ ਦੀਵਾਨ ਬਖ਼ਸ਼ ਦਿੱਤੇ।

ਰਸਤੇ ਵਿੱਚ ਪਹਿਲਾਂ ਵਾਂਗ ਹੀ ਰਾਏਕੋਟ, ਦੱਧਾਹੂਰ ਤੇ ਹੋਰ ਪਹਿਲੇ ਸਾਲ ਵਾਲੀਆਂ ਪੰਜਾਂ ਜਗ੍ਹਾ ਤੇ ਗੇਟ ਬਣੇ ਹੋਏ ਸਨ। ਸਾਰਿਆਂ ਨੂੰ ਦਰਸ਼ਨ ਬਖ਼ਸ਼ਿਆ। ਇਸ ਵਾਰ ਆਪ ਜੀ ਦੀ ਰਿਹਾਇਸ਼ ਰੈਸਟ ਹਾਊਸ ਤੇ ਜਥੇ ਦੀ ਸ. ਜਗੀਰ ਸਿੰਘ ਵਿਰਕ ਦੀ ਕੋਠੀ ਅਤੇ ਛੋਟੇ ਸੰਤ ਜੀ ਮਹਾਰਾਜ ਡਾਕਟਰ ਗੁਰਦੇਵ ਸਿੰਘ ਗਿੱਲ ਦੇ ਠਹਿਰੇ ਸਨ। ਦੀਵਾਨ ਕੱਚਾ ਕਾਲਜ ਰੋਡ ਨਵੇਂ ਹਸਪਤਾਲ ਦੇ ਗਰਾਊਂਡ ਵਿੱਚ ਲੱਗੇ। ਇਹ ਉਸ ਸਮੇਂ ਮੈਦਾਨ ਪਿਆ ਸੀ। ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਵੀ ਹੋਇਆ। ਗਿਆਨੀ ਵਰਿਆਮ ਸਿੰਘ ਧੂਰਕੋਟ, ਸੰਤ ਹਰੀ ਕਮਲ ਜੀ ਹਰਿਦੁਆਰ ਗਿਆਨੀ ਰਘਬੀਰ ਸਿੰਘ 'ਦਾਖਾ', ਸੰਤ ਉਜਾਗਰ ਸਿੰਘ ਬਲਾਲਾ ਤੇ ਬਾਬਾ ਨਾਜਰ ਸਿੰਘ ਮਲੂਕੇ ਵਾਲੇ ਵੀ ਪੁੱਜੇ ਸਨ। ਪਹਿਲੇ ਸਾਲ ਵਾਂਗ ਟਰੱਕ ਯੂਨੀਅਨ ਤੇ ਬੱਸਾਂ ਦੀਆਂ ਕੰਪਨੀਆਂ ਨੇ ਸੇਵਾ ਵਿੱਚ ਹਿੱਸਾ ਲਿਆ। ਸ. ਦਲੀਪ ਸਿੰਘ ਕੋਕਾ ਕੋਲਾ ਤੇ ਹੋਰ ਸ਼ਹਿਰ ਨਿਵਾਸੀ ਸੱਜਣਾਂ ਨੇ ਹਰ ਪ੍ਰਕਾਰ ਦੀ ਸੇਵਾ ਕੀਤੀ। ਨਗਰਾਂ ਵਿੱਚੋਂ ਦੁੱਧ ਆਉਂਦਾ ਰਿਹਾ। ਦੋਵੇਂ ਵਾਰੀ ਕਲਕੱਤੇ ਤੋਂ ਸ. ਸੰਪੂਰਨ ਸਿੰਘ ਜੀ ਤੇ ਹੋਰ ਪ੍ਰੇਮੀ ਵੀ ਆਏ ਸਨ। ਇਨ੍ਹਾਂ ਗੁਰਮੁਖਾਂ ਨੇ ਸੰਤ ਜੀ ਮਹਾਰਾਜ ਦੇ ਪ੍ਰੋਗਰਾਮਾਂ ਦਾ ਖ਼ਰਚ ਤੇ ਖੇਚਲ ਆਪ ਬਰਦਾਸ਼ਤ ਕਰ ਕੇ ਪਹਿਲਾਂ ਕਈ ਵਾਰ ਕਲਕੱਤੇ ਵੀ ਸੰਗਤ ਨੂੰ ਦਰਸ਼ਨ ਕਰਵਾਏ ਸਨ। ਲਗਾਤਾਰ ਸਤਾਰਾਂ ਸਾਲ ਲੰਗਰ ਚਲਾਇਆ। ਹਜ਼ੂਰ ਦੇ ਹਸਤ ਕਮਲਾਂ ਤੋਂ ਗੁਰਦੁਆਰਾ ਵੱਡੀ ਸਿੱਖ ਸੰਗਤ ਦੀ ਨੀਂਹ ਰੱਖਵਾਈ। ਜਦੋਂ ਸੁਨਾਰਪੁਰ ਤੇ ਸ਼ਹਿਰ ਅੰਦਰ ਭਵਾਨੀਪੁਰ ਠਹਿਰੇ, ਸਾਰੇ ਪ੍ਰਵਾਰ ਨੇ ਬੜੇ ਪਿਆਰ ਦਾ ਸਬੂਤ ਦਿੱਤਾ। ਇਹ ਸਾਰੀ ਸੇਵਾ ਤੇ ਗੁਰਮਤ ਪ੍ਰਚਾਰ ਦਾ ਸੇਹਰਾ ਇਨ੍ਹਾਂ ਨੇ ਪ੍ਰਾਪਤ ਕੀਤਾ। ਬਰਨਾਲੇ ਸ਼ਹਿਰ ਭੀ ਆਖ਼ਰੀ ਛੇਵੇਂ ਦੀਵਾਨ ਨੂੰ ੨੫੦ ਪ੍ਰਾਣੀ ਅੰਮ੍ਰਿਤਪਾਨ ਕਰ ਗੁਰੂ ਕੇ ਜਹਾਜ਼ੇ ਚੜ੍ਹੇ। ਉਪਰੰਤ ਚੇਤਰ ਦੀ ਸੰਗਰਾਂਦ ਦਾ ਕੀਰਤਨ ਕਰਮਸਰ ਕੀਤਾ। ਫੇਰ ਭਵਾਨੀਗੜ੍ਹ ਅਤੇ ਸ਼ੰਕਰਪੁਰ ਵਾਲੇ ਪ੍ਰੇਮੀਆਂ ਨੂੰ ਚਾਰ ਚਾਰ ਦੀਵਾਨ ਬਖ਼ਸ਼ੇ। ਫੇਰ ਫੱਗਣ ਸੁਦੀ ਦਸਵੀਂ ਦਾ ਜੋੜ ਮੇਲਾ ਧਭਲਾਨ ਮਨਾਇਆ। ਉਪਰੰਤ ਤਿੰਨ ਦਿਨ ਦੁਰਗਾਪੁਰ ਵਾਲੇ ਪ੍ਰੇਮੀਆਂ ਦੇ ਹਿੱਸੇ ਆਏ। ਫੇਰ ਫੱਗਣ ਦੀ ਚੌਦਸ਼ ਦਾ ਕੀਰਤਨ ਕਰਮਸਰ ਅਤੇ ਪੂਰਨਮਾਸ਼ੀ ਦਾ ਦੀਵਾਨ ਅਤਰਸਰ (ਕਨੇਚ) ਲਾਇਆ। ਉਪਰੰਤ ੬ ਦਿਨ ਲੁਧਿਆਣੇ ਸ਼ਹਿਰ ਅਤੇ ਪੰਜ ਦਿਨ ਪਟਿਆਲੇ ਨੂੰ ਬਖ਼ਸ਼ੇ। ਵੈਸਾਖੀ ਤੱਕ ਜੋ ਪੰਜ ਦਿਨ ਬਾਕੀ ਸਨ ਉਹ ਖੰਨੇ ਵਾਲੇ ਪ੍ਰੇਮੀ ਲੈ ਗਏ। ਸਾਰੀਆਂ ਥਾਵਾਂ ਤੇ ਆਖ਼ਰੀ ਦਿਨ ਅੰਮ੍ਰਿਤ ਪ੍ਰਚਾਰ ਹੋਇਆ। ੧੩-੪-੭੫ ਨੂੰ ਕਰਮਸਰ ਦੀ ਪਾਵਨ ਧਰਤੀ ਵਿਖੇ ਖ਼ਾਲਸੇ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਸ਼ਾਮ ਦੇ ਸੱਤ ਵਜੇ ਤੋਂ ਰਾਤ ਦੇ ਗਿਆਰਾਂ ਵਜੇ ਤੱਕ ਕੀਰਤਨ ਕੀਤਾ।

ਵੈਸਾਖੀ ਦਾ ਜੋੜ ਮੇਲਾ

ਵੈਸਾਖੀ ਦਾ ਜੋੜ ਮੇਲਾ ਜੋ ਸੰਗਰਾਂਦ ਤੋਂ ਇੱਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ। ਐਤਵਾਰ ਨੂੰ ਆਇਆ। ਬੜਾ ਭਾਰੀ ਇਕੱਠ ਹੋਇਆ। ਭਾਵੇਂ ਦਾਤੇ ਦੇ ਅੰਦਰ ਆਪਣਾ ਤਾਂ ਕੋਈ ਖ਼ਿਆਲ ਨਹੀਂ ਸੀ, ਪਰ ਜੀਵਾਂ ਦੀ ਪ੍ਰਾਰਬਧ ਨੇ ਤੇ ਹੋਰ ਕਈ ਕਾਰਨਾਂ ਨੇ; ਜਿਨ੍ਹਾਂ ਨੂੰ ਆਪ ਹੀ ਜਾਣਦੇ ਸਨ, ਦੁਬਾਰਾ ਯੂ. ਕੇ. ਜਾਣ ਵਾਸਤੇ 'ਹਾਂ' ਕਰਵਾ ਦਿੱਤੀ। ਬਾਹਰ ਜਾਣ ਵਾਸਤੇ ਕਾਫ਼ੀ ਦੇਰ ਤਾਂ ਇਹ ਗੱਲ ਗੁਪਤ ਰੱਖੀ। ਫੇਰ ਮਜ਼ਬੂਰਨ ਸੰਗਤ ਨੂੰ ਦੱਸਣਾ ਹੀ ਪਿਆ। ਜਦੋਂ ਏਥੇ ਪੁੱਜ ਕੇ ਸੰਗਤ ਨੂੰ ਹਜ਼ੂਰ ਦੇ ਬਾਹਰ ਜਾਣ ਦਾ ਪਤਾ ਲੱਗਾ ਤਾਂ ਪ੍ਰੇਮੀਆਂ ਦੇ ਅੰਦਰਲਾ ਵੈਰਾਗ ਥੰਮ੍ਹਿਆਂ ਨਾ ਜਾਵੇ। ਕੁਰਸੀ ਦੇ ਸਮੇਂ ਇਤਨੀ ਭੀੜ ਜੁੜ ਗਈ ਕਿ ਸੰਗਤਾਂ ਦੇ ਲੰਘਣ ਵਾਸਤੇ ਰਸਤਾ ਨਾ ਮਿਲੇ। ਕੇਵਲ ਨਮਸ਼ਕਾਰ ਕਰਨ ਵਾਲਿਆਂ ਨੂੰ ਹੀ ਡੇਢ ਘੰਟਾ ਲੱਗ ਗਿਆ। ਵੈਰਾਗਵਾਨਾਂ ਦੀਆਂ ਬੇਨਤੀਆਂ ਤੇ ਹਟਕੋਰਿਆਂ ਵਿੱਚ ਸਪੀਕਰ ਨਾਲ ਕੀਤੇ ਬਚਨ ਵੀ ਘੱਟ ਸੁਣਾਈ ਦਿੰਦੇ ਸਨ। ਫੇਰ ਸ਼ਾਮੀਂ ਦੀਵਾਨ ਵਿੱਚ ਤਾਂ ਇਤਨੀ ਸੰਗਤ ਦੀ ਭੀੜ ਜੁੜ ਗਈ ਕਿ ਲੰਗਰ ਤੱਕ ਸਾਰੀਆਂ ਸੜਕਾਂ, ਨਹਿਰ ਦੇ ਫਾਟਕ ਤੱਕ ਬੜਾ ਇਕੱਠ ਹੋ ਗਿਆ। ਅਰਸ਼ੀ ਪ੍ਰੀਤਮ ਦੀ ਰਸਨਾ ਤੋਂ ਨਾਮ ਵੈਰਾਗ ਵਿੱਚ ਭਿਜੇ ਅੰਮ੍ਰਿਤਮਈ ਬਚਨਾਂ ਨੂੰ ਸੁਣਨ ਵਾਸਤੇ ਰਾਤ ਦੇ ਗਿਆਰਾਂ ਵਜੇ ਤੱਕ ਇੱਕ ਰਸ ਸ਼ਾਂਤੀ ਵਿੱਚ ਜੁੜੇ ਪ੍ਰੇਮੀ ਦੇਸ਼ ਕਾਲ ਭੁੱਲ ਗਏ।

ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਸਵੇਰੇ ਸੱਤ ਵਜੇ ਅੰਮ੍ਰਿਤ ਪ੍ਰਚਾਰ ਹੋਇਆ। ਲੇਖਕ ਭੀ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਸੀ। ੪੧੫ ਪ੍ਰਾਣੀ ਗੁਰੂ ਕੇ ਜਹਾਜ਼ੇ ਚੜ੍ਹੇ ਉਪਰੰਤ ਅਖੰਡ ਪਾਠਾਂ ਦਾ ਭੋਗ ਪਾ ਕੇ ਬਾਰਹਮਾਹ ਦਾ ਪਾਠ ਕੀਤਾ। ਫੇਰ ਕੁਰਸੀ ਦੇ ਸਮੇਂ ਦਰਸ਼ਨਾਂ ਵਾਲੀ ਸੰਗਤ ਦਾ ਬੜਾ ਭਾਰੀ ਇਕੱਠ ਜੁੜ ਗਿਆ ਜੋ ਲਿਖਣ ਤੋ ਬਾਹਰ ਹੈ। ਲੰਗਰ ਵਿੱਚ ਸਾਰਾ ਦਿਨ ਕੜਾਹ ਪ੍ਰਸ਼ਾਦ ਤੇ ਖੀਰ ਦਾ ਭੰਡਾਰਾ ਵਰਤਦਾ ਰਿਹਾ। ਸ਼ਾਮੀ ਫੇਰ ਉਸੇ ਤਰ੍ਹਾਂ ਸੰਗਤ ਦੀ ਭੀੜ ਜੁੜੀ। ਦੂਸਰੇ ਦਿਨ ਸਵੇਰੇ ਸੱਤ ਵਜੇ ਆਪਣੀ ਤਿਆਰੀ ਕਰ ਕੇ ਪ੍ਰੀਤਮ ਨੇ ਸੰਗਤ ਨੂੰ ਧੀਰਜ ਬਖ਼ਸ਼ ਹੰਝੂਆਂ ਵਿੱਚ ਡੁੱਬ ਡੁਬਾਈਆਂ ਅੱਖਾਂ ਤੱਕ ਚੇਹਰੇ ਦੀ ਮੁਸਕਰਾਹਟ ਨਾਲ ਸ਼ੋਕਾਤਰ ਹਿਰਦਿਆਂ ਨੂੰ ਢਾਰਸ ਦੇ ਧਭਲਾਨ ਨੂੰ ਚਾਲੇ ਪਾ ਦਿੱਤੇ। ਏਥੇ ਧਭਲਾਨ ਦੀ ਸੰਗਤ ਨੂੰ ਦਰਸ਼ਨ ਤੇ ਉਪਦੇਸ਼ ਦੁਆਰਾ ਨਿਹਾਲ ਕਰ ਦੁਪਹਿਰ ਦਾ ਪ੍ਰਸ਼ਾਦ ਛਕ ੧੫-੪-੭੫ ਦੀ ਸ਼ਾਮ ਨੂੰ ਦਿੱਲੀ ਆ ਗਏ। ਏਥੇ ਅੱਠ ਮਈ ਤੱਕ ਦੀਵਾਨ ਕੀਤੇ।

ਸੱਚ ਹੈ ਆਸ਼ਕ ਦਾ, ਬੱਚੇ ਦਾ, ਫ਼ਕੀਰ ਦਾ, ਕਲਾਕਾਰ ਦਾ ਕੋਈ ਇਲਾਕਾ ਨਹੀਂ ਹੁੰਦਾ। ਉਨ੍ਹਾਂ ਲਈ ਸਭ ਅਸਥਾਨ ਆਪਣੇ ਹੀ ਹੁੰਦੇ ਹਨ।

ਯਥਾ: ਇਲਮ ਕਹਿਤਾ ਹੈ ਆਲਮ ਸੇ ਦੂਰ ਹੋ ਜਾਓ।
ਇਸ਼ਕ ਕਹਿਤਾ ਹੈ ਜਿਧਰ ਜਾਓ ਨਿਆ ਆਲਮ ਹੈ।

ਦਿੱਲੀ ਸ਼ਹਿਰ ਦੀਵਾਨ ਸ਼ੁਰੂ

ਯੂ. ਕੇ. ਜਾਣ ਵਾਸਤੇ ੧੧ ਮਈ ਦੀ ਤਾਰੀਖ਼ ਨੀਅਤ ਕਰ ਦਿੱਤੀ। ਕਈ ਕੁ ਜ਼ਰੂਰੀ ਕੰਮਾਂ ਵਾਲੇ ਪ੍ਰੇਮੀ ਤਾਂ ਵਾਪਸ ਮੁੜ ਗਏ। ਕਈ ਕੀਰਤਨ ਦਾ ਲਾਭ ਪ੍ਰਾਪਤ ਕਰਨ ਤੇ ਦਾਤੇ ਦਾ ਦਰਸ਼ਨ ਕਰਨ ਵਾਸਤੇ ਉੱਥੇ ਠਹਿਰ ਗਏ। ਚਾਰ ਮਈ ਐਤਵਾਰ ਨੂੰ ਅੰਮ੍ਰਿਤ ਪ੍ਰਚਾਰ ਹੋਇਆ, ਜਿਸ ਵਿੱਚ ਚਾਰ ਸੌ ਪ੍ਰਾਣੀ ਸ਼ਾਮਲ ਹੋ ਕੇ ਗੁਰੂ ਕੇ ਜਹਾਜ਼ੇ ਚੜ੍ਹੇ। ੮ ਤਾਰੀਖ਼ ਦਾ ਆਖ਼ਰੀ ਦੀਵਾਨ ਸੀ। ਭਾਵੇਂ ਪੰਜਵੇਂ ਮਹੀਨੇ ਦੀ ਪਹਿਲੀ ਤਾਰੀਖ਼ ਤੋਂ ਹੀ ਸੰਗਤ ਦਾ ਇਕੱਠ ਵਧਣਾ ਸ਼ੁਰੂ ਹੋ ਗਿਆ ਸੀ, ਪਰ ਅਖ਼ੀਰਲੇ ਤਿੰਨ ਚਾਰ ਦਿਨਾਂ ਵਿੱਚ ਤਾਂ ਲੱਖ ਤੋਂ ਉੱਪਰ ਸੰਗਤ ਜੁੜਦੀ ਫੇਰ ਤਾਂ ਇਤਨੀ ਟੇਪਾਂ ਵਾਲਿਆਂ ਦੀ ਗਿਣਤੀ ਵੱਧ ਗਈ, ਕੀਰਤਨ ਟੇਪ ਕਰਨ ਵਾਲਿਆਂ ਦੀਆਂ ਰੋਜ਼ ਹੀ ਸੱਠ ਤੋਂ ਉੱਪਰ ਟੇਪਾਂ ਲੱਗੀਆਂ ਹੁੰਦੀਆਂ। ੯-੫-੭੫ ਨੂੰ ੧੧੦ ਇਸੇ ਤਰ੍ਹਾਂ ਸਤ ਨੂੰ ਡੇਢ ਸੌ ਆਖ਼ਰੀ ਦੀਵਾਨ ਵਿੱਚ ਪੌਣੇ ਦੋ ਸੌ ਸੀ। ੮-੫-੭੫ ਨੂੰ ਕੋਕਾ ਕੋਲਾ ਵਾਲੇ ਸਰਦਾਰਾਂ ਦੀ ਕੋਠੀ ਅਖੰਡ ਪਾਠ ਰੱਖਿਆ ਜਿਸ ਦਾ ਦਸ ਮਈ ਨੂੰ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਬਾਅਦ ਸਵੇਰੇ ੯ ਵਜੇ ਭੋਗ ਪਿਆ। ਇਸ ਦਿਨ ਤਾਂ ਪੰਜਾਬ ਦੇ ਕਈ ਸ਼ਹਿਰਾਂ 'ਚੋਂ ਸੰਗਤਾਂ ਪੁੱਜੀਆਂ ਸਨ। ਜੇਹਾ ਕਿ ਦੋ ਬੱਸਾਂ ਪਟਿਆਲੇ ਤੋਂ, ਲੁਧਿਆਣਾ, ਖੰਨਾ, ਇਸੇ ਤਰ੍ਹਾਂ ਜ਼ਿਲ੍ਹਾ ਹੁਸ਼ਿਆਰਪੁਰ ਤੇ ਜਲੰਧਰ ਦੇ ਪ੍ਰੀਤਵਾਨ, ਦਿੱਲੀ ਸ਼ਹਿਰ ਤੋਂ, ਸਹਾਰਨਪੁਰ, ਮੁਜ਼ੱਫਰ ਨਗਰ, ਮੁਰਾਦਾਬਾਦ, ਗਾਜ਼ੀਆਬਾਦ ਤੇ ਮੇਰਠ ਦੇ ਪ੍ਰੇਮੀ ਆਏ ਸਨ। ਦਸ ਦੀ ਰਾਤ ਨੂੰ ਕੋਠੀ ਅਤੇ ਬਹੁਤ ਪ੍ਰੇਮੀ ਬੰਗਲਾ ਸਾਹਿਬ ਠਹਿਰੇ। ਸਵੇਰੇ ਇੱਕ ਵਜੇ ਹੀ ਸਾਵਧਾਨ ਹੋ ਅੰਮ੍ਰਿਤ ਵੇਲੇ ਦਾ ਇਸ਼ਨਾਨ ਕਰ ਲਿਆ। ਉਪਰੰਤ ਆਪਣਾ ਨਿੱਤਨੇਮ ਕਰਨ ਤੋਂ ਬਾਅਦ ਜਲ ਪਾਣੀ ਛਕਿਆ ਅਤੇ ਹਵਾਈ ਅੱਡੇ ਤੇ ਪੁੱਜ ਗਏ। ਜਥੇ ਦੇ ਸਿੰਘ ਵੀ ਸਵੱਖਤੇ ਹੀ ਆ ਗਏ। ਉਸ ਤੋਂ ਬਾਅਦ ਪ੍ਰੀਤਮ ਦੀ ਗੱਡੀ ਆ ਗਈ। ਹਜ਼ੂਰ ਦੇ ਨਾਲ ਬਾਹਰ ਜਾਣ ਵਾਲੇ ਨੌਂ ਸਿੰਘ ਸਨ। ਪਹਿਲੇ ਸੱਤ ਸਿੰਘ ਓਹੋ ਹੀ ਸਨ ਉਨ੍ਹਾਂ ਵਿੱਚੋਂ ਗਿ. ਕਰਮ ਸਿੰਘ ਤੇ ਗਿ. ਸ਼ੇਰ ਸਿੰਘ ਦੀ ਜਗ੍ਹਾ ਲੇਖਕ ਤੇ ਭਾਈ ਵੀਰ ਸਿੰਘ ਨਾਲ ਨਵੇਂ ਸ਼ਾਮਲ ਕੀਤੇ।

ਜਥੇਦਾਰ ਤੇ ਮਾਸਟਰ ਜੀ, ਤੇਜਾ ਸਿੰਘ ਸ੍ਰੀਮਾਨ।

ਨਿਰੰਜਨ ਸਿੰਘ, ਅਮਰੀਕ ਸਿੰਘ, ਭੁਪਿੰਦਰ ਸਿੰਘ ਸੁਜਾਨ।

ਢੁਲਕਣੀਆ ਕੁਲਦੀਪ ਸਿੰਘ, ਵੀਰ ਸਿੰਘ ਭਲਵਾਨ।

ਲੇਖਕ ਗਿਆਨੀ ਮੋਹਨ ਹਰਿ ਦਸਵੇਂ ਆਪ ਭਗਵਾਨ।

ਕਾਂਡ ੩੦

ਦਿੱਲੀ ਤੋਂ ਰਵਾਨਗੀ

੧੧-੫-੭੫ ਦੀ ਸਵੇਰ ਹੋਈ। ਇਸ਼ਨਾਨਾ ਸੋਧ, ਜਲ ਪਾਣੀ ਛਕਣ ਤੋਂ ਬਾਅਦ ਜਥਾ ਸਵੇਰੇ ਪੰਜ ਵਜੇ ਪਾਲਮ ਹਵਾਈ ਅੱਡੇ ਨੂੰ ਕੋਠੀ ਤੋਂ ਚੱਲ ਪਿਆ। ਹੋਰ ਸੰਗਤ ਜੋ ਪੰਜਾਬ ਦੀ ਧਰਤੀ ਅਤੇ ਯੂ. ਪੀ. ਦੇ ਕਈ ਸ਼ਹਿਰਾਂ 'ਚੋਂ ਪੁੱਜੀ ਹੋਈ ਸੀ, ਉਹ ਪਹਿਲਾਂ ਹੀ ਅਰਸ਼ੀ ਪ੍ਰੀਤਮ ਦੀ ਉਡੀਕ ਵਿੱਚ ਹਵਾਈ ਅੱਡੇ ਤੇ ਜੁੜੀ ਦਰਸ਼ਨਾਂ ਵਾਸਤੇ ਉਤਾਵਲੀ ਹੋ ਰਹੀ ਸੀ। ਹਜ਼ੂਰ ਛੇ ਵਜੇ ਕੋਠੀ ਤੋਂ ਚੱਲੇ। ਸਵਾਂ ਛੇ ਦੇ ਕਰੀਬ ਹਵਾਈ ਅੱਡੇ ਤੇ ਆਏ। ਉਸ ਸਮੇਂ ਸੰਗਤ ਦਾ ਬਹੁਤਾ ਇਕੱਠ ਦੇਖ ਕੇ ਹਵਾਈ ਅੱਡੇ ਦੇ ਅੰਦਰ ਕੁਰਸੀ ਲੱਗ ਗਈ। (ਸੰਗਤ ਦਾ ਇਤਨਾ ਇਕੱਠ ਹੋ ਗਿਆ ਕਿ ਦਰਸ਼ਨ ਕਰਨ ਆਏ ਪ੍ਰੇਮੀਆਂ ਨੂੰ ਨਮਸ਼ਕਾਰ ਕਰਨ ਵਾਸਤੇ ਵਾਰੀ ਨ ਮਿਲੇ। ਭਾਵੇਂ ਪਲੇਟਫਾਰਮ ਟਿਕਟ ਲੈ ਕੇ ਅੰਦਰ ਜਾਂਦੇ ਸਨ ਪਰ ਫੇਰ ਵੀ ਇੱਕ ਦੂਜੇ ਤੋਂ ਅੱਗੇ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਧੱਕਾ ਪੈਂਦਾ ਦੇਖ ਕੇ ਕਈ ਵਾਰੀ ਗੇਟ ਬੰਦ ਕੀਤੇ ਕਈ ਵਾਰ ਫੇਰ ਖੋਲ੍ਹੇ। ਗੇਟ ਕੀਪਰ ਬੜੇ ਹੈਰਾਨ ਸਨ ਕਿ ਅੱਜ ਐਸਾ ਕਿਹੜਾ ਵਿਅਕਤੀ ਆਇਆ ਹੈ ਜਿਸ ਨਾਲ ਇਤਨਾ ਇਕੱਠ ਜੁੜਿਆ ਹੈ।

ਕਾਗਜ਼ੀ ਕਾਰਵਾਈ ਪੂਰੀ ਕਰਨ ਵਾਸਤੇ ਸਾਜ਼ਾਂ ਵਾਲੀਆਂ ਪੇਟੀਆਂ ਤੇ ਸਿੰਘਾਂ ਤੇ ਕਛੈਹਰਿਆਂ ਵਾਲੇ ਝੋਲੇ ਦੇਖ ਕੇ ਪਾਸਪੋਰਟਾਂ ਤੇ ਸਾਈਨ ਕਰ ਕੇ ਮੋਹਰਾਂ ਲਾ ਦਿੱਤੀਆਂ। ਕਸਟਮ ਵਾਲੀ ਵੱਡੀ ਅਫ਼ਸਰ ਜੋ ਪਹਿਲਾਂ ਹੀ ਦਾਤੇ ਦੇ ਦਰਸ਼ਨ ਕਰ ਕੇ ਇਤਨੀ ਪ੍ਰਭਾਵਤ ਹੋਈ ਕਿ ਪਾਸ ਆ ਕੇ ਨਮਸ਼ਕਾਰ ਕਰ ਮਨ ਦੀ ਸ਼ਾਂਤੀ ਲਈ ਅਰਜ਼ ਕੀਤੀ। ਗ਼ਰੀਬ ਨਿਵਾਜ਼ ਨੇ ਉੱਤਰ ਦਿੱਤਾ, "ਗੁਰਬਾਣੀ ਦਾ ਪਾਠ ਕਰਿਆ ਕਰੋ।" ਇਸ ਨੇ ਬੇਨਤੀ ਕੀਤੀ, "ਮਹਾਰਾਜ ਕਿਹੜੀ ਬਾਣੀ ਪੜ੍ਹਿਆ ਕਰਾਂ?" ਹਜ਼ੂਰ ਨੇ ਮੁਸਕਰਾ ਕੇ ਉੱਤਰ ਦਿੱਤਾ, "ਮਿਸਰੀ ਦਾ ਪਹਾੜ ਤਾਂ ਹਰ ਇੱਕ ਪਾਸੇ ਤੋਂ ਹੀ ਮਿੱਠਾ ਹੁੰਦਾ ਹੈ। ਜਿਵੇਂ ਕਿਸੇ ਲਕੜੀ ਦੀ ਅੱਗ ਹੋਵੇ, ਉਹੋ ਹੀ ਪ੍ਰਕਾਸ਼ ਕਰਨ ਤੇ ਸਾੜਨ ਵਾਸਤੇ ਸਮਰਥ ਹੈ। ਇਸੇ ਤਰ੍ਹਾਂ ਕਿਸੇ ਵੀ ਬਾਣੀ ਦਾ ਪਾਠ ਕਰ ਲਵੋ। ਮਨ ਦੀ ਸ਼ਾਂਤੀ ਦਾਤਾ ਤੇ ਪਾਪ ਨਾਸ਼ਕ ਹੈ।" ਉਸ ਨੇ ਕਿਹਾ, "ਜੀ! ਜਿਸ ਦੇ ਪੜ੍ਹਿਆਂ ਨਾਲ ਅਰਥਾਂ ਦੀ ਸਮਝ ਵੀ ਆਈ ਜਾਵੇ ਤਾਂ ਕਿ ਮਨ ਲੱਗਿਆ ਰਹੇ ਅਤੇ ਅੱਠੇ ਪਹਿਰਾਂ ਦੇ ਸਵਾਸ ਵੀ ਸਫ਼ਲੇ ਹੋ ਜਾਵਨ।" ਤਾਂ ਆਪ ਨੇ ਕਿਹਾ, "ਰੋਜ਼ ਇੱਕ ਸੁਖਮਨੀ ਸਾਹਿਬ ਦਾ ਪਾਠ ਕਰ ਲਿਆ ਕਰ। ਇਸ ਨਾਲ ਸਵਾਸ ਵੀ ਸਫ਼ਲੇ ਹੋ ਜਾਵਣਗੇ ਤੇ ਅਰਥਾਂ ਦਾ ਵੀ ਪਤਾ ਲੱਗ ਜਾਵੇਗਾ।" ਇਤਨੇ ਨੂੰ ਉਸ ਵੱਲ ਦੇਖ ਕੇ ਇੱਕ ਹੋਰ ਕਸਟਮ ਵਾਲੀ ਬੀਬੀ ਨੇ ਜਾ ਨਮਸ਼ਕਾਰ ਕੀਤੀ। ਉਸ ਨੇ ਕਿਹਾ, "ਜੀ! ਮੈਂ ਪੰਜਾਬੀ ਨਹੀਂ ਜਾਣਦੀ। ਮੇਰੇ ਤੇ ਵੀ ਕ੍ਰਿਪਾ ਕਰੋ। ਐਸਾ ਸੌਖਾ ਤਰੀਕਾ ਦੱਸੋ ਜਿਸ ਨਾਲ ਮੇਰਾ ਭਲਾ ਹੋ ਜਾਵੇ।" ਬਚਨ ਕੀਤਾ, "ਤੂੰ ਰੋਜ਼ ਮਾਲਾ ਲੈ ਕੇ ਰੱਬ ਦਾ ਨਾਮ ਜਪਿਆ ਕਰ ਜੋ ਸਾਰੇ ਜਪਾਂ ਤਪਾਂ ਤੇ ਹੋਰ ਸਾਧਨਾਂ ਨਾਲੋਂ ਸਰੇਸ਼ਟ ਹੈ।" ਇਉਂ ਹੋਰ ਵੀ ਪ੍ਰੇਮੀਆਂ ਨੂੰ ਮੁਖਾਤਬ ਕਰ ਕੇ:

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥
ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥ (ਵਾਰ-ਸੋਰਠਿ ਮਃ ੩ - ੬੪੭)

ਸਾਰੀ ਸੰਗਤ ਨੂੰ ਨਾਮ ਦਾਨ ਇਸ਼ਨਾਨ ਦਾ ਸਾਂਝਾ ਤੇ ਸਮੁੱਚਾ ਉਪਦੇਸ਼ ਬਖ਼ਸ਼ਿਆ। ਇਤਨੇ ਨੂੰ ਅੰਦਰ ਜਾਣ ਦਾ ਵੇਲਾ ਹੋ ਗਿਆ। ਦਾਤੇ ਨੇ ਕੁਰਸੀ ਤੋਂ ਉੱਠਣ ਸਮੇਂ ਸਾਰੇ ਪ੍ਰੇਮੀਆਂ ਵੱਲ ਦ੍ਰਿਸ਼ਟੀ ਪਾ ਕੇ ਮੇਹਰਾਂ ਦੀ ਬਾਰਸ਼ ਦੁਆਰਾ:

ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥ (ਧਨਾਸਰੀ ਮਃ ੫ - ੬੮੧)

ਜੁੜੇ ਹੱਥ, ਰੁਕੇ ਕੰਠ, ਸਜਲ ਨੇਤਰ ਤੇ ਅਮੂਕ ਬਾਣੀ ਨੂੰ ਜਾਣ ਹਾਸਿਆਂ ਦੇ ਵੰਡਣ ਵਾਲੇ ਮੇਰੇ ਪ੍ਰੀਤਮ ਜੀ ਚੇਹਰੇ ਦੀ ਮੁਸਕਰਾਹਟ 'ਚੋਂ ਖ਼ੁਸ਼ੀਆਂ ਬਖ਼ਸ਼ ਸਭਨਾਂ ਨੂੰ ਨਿਹਾਲ ਕਰ ਅੰਦਰ ਜਾਣ ਲਈ ਤਿਆਰ ਹੋਏ। ਉਸ ਸਮੇਂ ਕਸਟਮ ਵਾਲੀ ਵੱਡੀ ਅਫ਼ਸਰ ਨੇ ਚੈਕਿੰਗ ਵਾਲੀ ਜਗ੍ਹਾ ਤੇ ਪਹੁੰਚ ਕੇ ਸਮਾਨ ਦੇਖਣਾ ਚਾਹਿਆ। ਨਾਲ ਦੇ ਸਿੰਘਾਂ ਦੇ ਹੱਥ ਵਿੱਚ ਅਟੈਚੀ ਦੇਖ ਕੇ ਪੁੱਛਿਆ ਇਸ ਵਿੱਚ ਕੀ ਹੈ? ਉਨ੍ਹਾਂ ਨੇ ਕਿਹਾ ਧਾਰਮਿਕ ਪੁਸਤਕਾਂ ਤੇ ਗੁਰਬਾਣੀ ਦੇ ਗੁਟਕੇ ਹਨ। ਉਹ ਕਹਿਣ ਲੱਗੀ ਜ਼ਰਾ ਖੋਲ੍ਹ ਕੇ ਦਿਖਾਓ। ਜੋ ਗੁਰਬਾਣੀ ਦੇ ਸਤਿਕਾਰ ਵਾਸਤੇ ਹੱਥ ਵਿੱਚ ਫੜਿਆ ਸੀ ਜਦੋਂ ਉੱਚੀ ਜਗ੍ਹਾ ਤੇ ਰੱਖ ਕੇ ਅਟੈਚੀ ਕੇਸ ਖੋਲ੍ਹਿਆ ਤਾਂ ਉੱਪਰ ਗੁਰਬਾਣੀ ਦੇ ਗੁਟਕੇ ਰੱਖੇ ਸਨ ਹੇਠਾਂ ਹੋਰ ਟੀਕਿਆਂ ਵਾਲੇ ਗ੍ਰੰਥ। ਉਸ ਨੇ ਸੁਖਮਨੀ ਸਾਹਿਬ ਦਾ ਗੁਟਕਾ ਦੇਖ ਕੇ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕੀਤੀ ਅਤੇ ਕਿਹਾ, "ਵਾਹ! ਵਾਹ! ਧੰਨ ਹਨ ਰੂਹਾਨੀ ਉਪਦੇਸ਼ ਦੇ ਕਰਤਾ ਮਹਾਂਪੁਰਸ਼! ਡਾਕਟਰ ਨੇ ਬੀਮਾਰੀ ਦੀ ਪਰਖ ਕਰ ਕੇ ਉਸ ਦੇ ਇਲਾਜ ਵਾਸਤੇ ਨੁਸਖਾ ਵੀ ਦੱਸਿਆ ਅਤੇ ਨਾਲ ਹੀ ਦਵਾਈ ਭੀ ਬਿਨਾਂ ਢੂੰਡ ਤੋਂ ਮਿਲ ਗਈ।"

ਨਿੰਮ੍ਰਤਾ ਨਾਲ ਬੇਨਤੀ ਕੀਤੀ, "ਕ੍ਰਿਪਾ ਕਰ ਕੇ ਇਹ ਗੁਟਕਾ ਮੈਨੂੰ ਬਖ਼ਸ਼ ਦਿਓ, ਮੈਂ ਮਹਾਂਪੁਰਸ਼ਾਂ ਦੀ ਆਗਿਆ

ਨਾਲ ਇਸ ਦਾ ਰੋਜ਼ ਪਾਠ ਕਰਿਆ ਕਰਾਂਗੀ।" ਜਥੇਦਾਰ ਨੇ ਕਿਹਾ, "ਚੰਗਾ! ਲੈ ਤਾਂ ਲਵੋ, ਪਰ ਸਤਿਕਾਰ ਨਾਲ ਰੱਖਣਾ।" ਫੇਰ ਇੱਕ ਸਿੰਘ ਦੇ ਹੱਥ ਵਿੱਚ ਸਿਮਰਨਾ ਦੇਖ ਕੇ ਦੂਸਰੀ ਬੋਲੀ ਅਤੇ ਨਾਲ ਹੀ ਆਪਣਾ ਬੁੱਕ ਅੱਗੇ ਕਰ ਦਿੱਤਾ, "ਮੁਝੇ ਮਾਲਾ ਫੇਰਨੇ ਕਾ ਹੁਕਮ ਹੈ। ਯਹ ਮੁਝੇ ਦੇ ਦੋ।" ਉਹ ਉਸ ਨੇ ਆਪਣੀ ਝੋਲੀ ਵਿੱਚ ਪਵਾ ਲਿਆ ਤੇ ਸਿੰਘ ਆਪ ਮੁਕਤੀ ਦਾਤੇ ਦੇ ਮਗਰ ਅੱਗੇ ਲੰਘ ਗਏ। ਇਤਨੇ ਨੂੰ ਜਹਾਜ਼ ਦੇ ਚੱਲਣ ਦਾ ਸਮਾਂ ਹੋ ਗਿਆ। ਸਾਰੇ ਹੀ ਚਰਨ ਸੇਵਕ ਮਹਾਂਪੁਰਖਾਂ ਦੇ ਮਗਰ ਜਹਾਜ਼ ਕੋਲ ਪੁੱਜੇ। ਬ੍ਰਿਟਿਸ਼ ਏਅਰਵੇਜ਼ ਕੰਪਨੀ ਦਾ ਜਹਾਜ਼ ਸੀ, ਜਿਸ ਵਿੱਚ ੧੬ ਫਸਟ ਕਲਾਸ ਤੇ ਬਾਕੀ ੧੨੩ ਸੀਟਾਂ ਸੈਕੰਡ ਕਲਾਸ ਦੀਆਂ ਸਨ। ਹਜ਼ੂਰ ਮੁਖੀ ਸੇਵਾਦਾਰ ਦੇ ਨਾਲ ਅੱਗੇ ਸਜ ਗਏ ਬਾਕੀ ਦੇ ਸਿੰਘ ਉਨ੍ਹਾਂ ਤੋਂ ਪਿਛਲੀਆਂ ਸੀਟਾਂ ਤੇ ਬੈਠ ਗਏ। ਜਹਾਜ਼ ਦੇ ਕਰਮਚਾਰੀਆਂ ਨੇ ਮੋਖਸ਼ ਦਾਤੇ ਦਾ ਦਰਸ਼ਨ ਕਰ ਭਾਵਨਾ ਨਾਲ ਹੱਥ ਜੋੜੇ। ਉਨ੍ਹਾਂ ਦੇ ਵਰਤਾਵ ਤੋਂ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਮਾਨੋ ਇਹ ਦੇਵ ਲੋਕ ਦੇ ਵਾਸੀ ਪਾਰਖਦ ਆਪਣੇ ਸੁਆਮੀ ਵਿਸ਼ਨੂੰ ਭਗਵਾਨ ਨੂੰ ਬਿਬਾਨ ਵਿੱਚ ਬੈਠਿਆਂ ਦੇਖ ਪ੍ਰਸੰਨ ਹੋ ਕੇ ਨਮਸ਼ਕਾਰਾਂ ਕਰਦੇ ਹਨ। ਏਧਰੋਂ ਦਰਸ਼ਨਾਲੂ ਪ੍ਰੇਮੀ ਜੋ ਬਹੁਤੀ ਭੀੜ ਦੇ ਕਾਰਣ ਕੁਰਸੀ ਦੇ ਸਮੇਂ ਨਹੀਂ ਸਨ ਅੱਗੇ ਪਹੁੰਚ ਸਕੇ, (ਕਿਉਂਕਿ ਉਨ੍ਹਾਂ ਨੂੰ ਇਕੱਠ ਵਿੱਚ ਪਲੇਟਫਾਰਮ ਟਿਕਟ ਲੈਂਦਿਆਂ ਦੇਰ ਲੱਗ ਗਈ) ਬਾਹਰੋਂ ਹੀ ਮਨੋ ਮਨ ਬੇਨਤੀਆਂ ਕਰਦੇ ਅੰਤਰ ਆਤਮੇ ਦਰਸ਼ਨ ਕਰ ਰਹੇ ਸਨ, ਉਹ ਵੀ ਪਲੇਟਫਾਰਮ ਟਿਕਟ ਲੈ ਕੇ ਅੱਗੇ ਲੰਘ ਗਏ। ਜਹਾਜ਼ ਦੇ ਚਲਣ ਸਮੇਂ ਤੱਕ ਨੀਯਤ ਜਗ੍ਹਾ ਤੇ ਪੁੱਜ, ਗੈਲਰੀ ਦੀਆਂ ਅੰਦਰਲੀਆਂ ਤਿੰਨੇ ਛੱਤਾ ਸੰਗਤਾਂ ਨਾਲ ਪੁਰ ਹੋ ਚੁੱਕੀਆਂ ਸਨ। ਭਾਵੇਂ ਕੁਰਸੀ ਤੇ ਚਾਰ ਕੁ ਹਜ਼ਾਰ ਦਾ ਇਕੱਠ ਸੀ ਪਰ ਹੁਣ ਤਾਂ ਸੱਤ ਕੁ ਹਜ਼ਾਰ ਦੇ ਕਰੀਬ ਸੰਗਤ ਪਹੁੰਚ ਗਈ ਸੀ। ਸਭਨਾਂ ਨੇ ਹੱਥ ਜੋੜ ਕੇ ਸਜਲ ਨੇਤਰ ਜਹਾਜ਼ ਵਿੱਚ ਬੈਠੇ ਸੰਸਾਰ ਸਮੁੰਦਰ ਦੇ ਤਾਰਕ ਜਹਾਜ਼ ਵੱਲ ਲਾਏ ਸਨ। ਸਹੀ ਸੱਤ ਵਜੇ ਜਹਾਜ਼ ਨੇ ਅਕਾਸ਼ੀ ਉਡਾਰੀ ਲਾਈ। ਸੰਗਤਾਂ ਦੇ ਨੇਤਰ ਅਕਾਸ਼ ਵੱਲ ਉੱਚੇ ਉੱਠੇ ਨਾਲ ੨ ਘੁੰਮ ਰਹੇ ਸਨ। ਹੌਲੀ ਹੌਲੀ ਜਹਾਜ਼ ਅੱਖਾਂ ਤੋਂ ਉਹਲੇ ਹੋ ਗਿਆ। ਗ਼ਰੀਬ ਨਿਵਾਜ਼ ਅਤੇ ਹੋਰ ਸਾਥੀ ਸਿੰਘਾਂ ਨੇ ਜਾਣ ਸਮੇਂ ਵਿੱਚ ਜਹਾਜ਼ ਦੇ ਖਾਣੇ ਵਿੱਚੋਂ ਕੋਈ ਵੀ ਚੀਜ਼ ਅੰਗੀਕਾਰ ਨਹੀਂ ਕੀਤੀ।

ਸ. ਚਰਨਜੀਤ ਸਿੰਘ ਕੋਕਾ ਕੋਲਾ ਵਾਲੇ

ਪਿਛਲੇ ਸਾਲ ਵਾਂਗ ਐਤਕੀਂ ਵੀ ਸ. ਚਰਨਜੀਤ ਸਿੰਘ ਕੋਕਾ ਕੋਲਾ ਵਾਲਿਆਂ ਨੇ ਅਪਾਰ ਸ਼ਰਧਾ ਦਾ ਸਬੂਤ ਦਿੰਦਿਆਂ ਤਨ ਮਨ ਧਨ ਦੁਆਰਾ ਸਭ ਕੁਛ ਦਾਤੇ ਦੀ ਬਖ਼ਸ਼ਿਸ਼ ਜਾਣ ਕੇ ਹਰ ਪ੍ਰਕਾਰ ਦੀ ਸੇਵਾ ਆਪਣੇ ਵੱਲੋਂ ਕੀਤੀ। ਭਾਵੇਂ ਐਤਕੀ ਵਾਰ ਇਸ ਸੇਵਾ ਨੂੰ ਬਹੁਤ ਸਾਰੇ ਇੰਗਲੈਂਡ ਨਿਵਾਸੀ ਪ੍ਰੇਮੀ ਹਜ਼ੂਰ ਦੇ ਚਰਨਾਂ ਦੇ ਸਾਦਕ ਪੂਰਨ ਗੁਰਸਿੱਖ ਤੇ ਸਹਿਜਧਾਰੀ ਵੀਰ ਮੰਗ ਰਹੇ ਸਨ ਪਰ ਇਸ ਗੁਰੂ ਪਿਆਰੇ ਨੇ ਅਰਸ਼ੀ ਪ੍ਰੀਤਮ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ ਇਸ ਸੇਵਾ ਨੂੰ ਮਹਾਨ ਗਨੀਮਤ ਤੇ ਅਣਮੁੱਲੀ ਦੌਲਤ ਜਾਣ ਕੇ ਕਿਸੇ ਹੋਰ ਨੂੰ ਮੌਕਾ ਨਹੀਂ ਦਿੱਤਾ। ਸਾਰਾ ਖ਼ਰਚ ਤੇ ਖੇਚਲ ਨੂੰ ਨਾ ਮਹਿਸੂਸ ਕਰਦਿਆਂ ਪਾਲਮ ਹਵਾਈ ਅੱਡੇ ਤੇ ਨਾਲ ਪਹੁੰਚ ਕੇ ਜਹਾਜ਼ ਦੇ ਚੱਲਣ ਤੱਕ ਅੰਦਰ ਹੀ ਮੇਹਰਬਾਨ ਦੀ ਸੀਟ ਦੇ ਕੋਲ ਹੱਥ ਜੋੜੀ ਖੜ੍ਹੇ ਰਹੇ ਅਤੇ ਪੂਰਨ ਮੇਹਰਾਂ ਦਾ ਪਾਤਰ ਬਣ ਦਾਤੇ ਦੀਆਂ ਅੰਤਮ ਖ਼ੁਸ਼ੀਆਂ ਪ੍ਰਾਪਤ ਕਰ ਵਾਪਸ ਮੁੜੇ।

ਏਧਰ ਬੇਬਸ ਹੋਏ ਪ੍ਰੇਮੀ ਮੱਛੀ ਦਾ ਪਾਣੀ ਤੋਂ ਵਿਛੜਨ ਵਾਂਗ ਅਕਹਿ ਵਿਛੋੜਾ ਸਹਾਰ ਓਹੋ ਸਰੂਪ ਹਿਰਦੇ ਵਿੱਚ ਵਸਾ ਵਾਪਸ ਮੁੜ ਆਏ। ਪੈਂਤੀ ਹਜ਼ਾਰ ਫੁੱਟ ਦੀ ਉਚਾਈ ਤੇ ਉਡਦਾ ਅਕਾਸ਼ੀ ਹਵਾ ਭਖਦਾ ਜਹਾਜ਼ ਜਿਸ ਦੀ ਸਾਢੇ ਪੰਜ ਸੌ ਮੀਲ ਫੀ ਘੰਟੇ ਦੀ ਰਫਤਾਰ ਸੀ, ਕਰੁਨਾ ਸਦਨ ਦੇ ਸ਼ਸ਼ੋਭਤ ਹੋਇਆਂ ਇਉਂ ਪ੍ਰਤੀਤ ਹੋ ਰਿਹਾ ਸੀ ਮਾਨੋ ਮਾਇਆ ਵਿੱਚ ਉਦਾਸੀ ਭੋਗ ਮੋਖ ਵਿੱਚ ਸਮਬ੍ਰਿਤੀ ਵਾਲਾ ਪੂਰਨ ਗਿਆਨਵਾਨ ਰਾਜਾ ਜਨਕ ਹੀ ਦੈਵੀ ਬਿਬਾਨ ਵਿੱਚ ਬੈਠਾ ਦੇਵ ਲੋਕ ਨੂੰ ਜਾ ਰਿਹਾ ਹੈ। ਜਿਸ ਦੇ ਦੈਵੀ ਪ੍ਰਭਾਵ ਨੂੰ ਦੇਖ ਕੇ ਕੀ ਹਿੰਦੂ, ਕੀ ਸਿੱਖ, ਵਾਕਫ਼, ਨਾਵਾਕਫ਼ ਸਭਨਾਂ ਦੇ ਸਿਰ ਝੁਕ ਜਾਂਦੇ ਸਨ।

ਤਿੰਨ ਘੰਟੇ ਦਸ ਮਿੰਟ ਵਿੱਚ ਜਹਾਜ਼ ਡੁਬਈ ਪੁੱਜਾ ਜੋ ਦਿੱਲੀ ਤੋਂ ੧੬੩੨ ਮੀਲ ਦੂਰ ਹੈ। ਇਹ ਅਰਬਸਤਾਨ ਦਾ ਛੋਟਾ ਜੇਹਾ ਸੁਤੰਤਰ ਮੁਲਕ ਹੈ, ਜਿਸ ਦੀ ਵਧੇਰੇ ਮੁਸਲਮਾਨ ਵਸੋਂ ਹੈ। ਇਹ ਕਾਫ਼ੀ ਅਮੀਰ ਦੇਸ਼ ਹੈ। ਏਥੇ ਧਰਤੀ ਵਿੱਚੋਂ ਪੈਟਰੋਲ ਨਿੱਕਲਦਾ ਹੈ। ੪੫ ਮਿੰਟ ਦੀ ਰੈਸਟ ਤੋਂ ਬਾਅਦ ਇੱਕ ਘੰਟਾ ਵੀਹ ਮਿੰਟ ਦਾ ਸਫ਼ਰ ਤਹਿ ਕਰ ਕੇ ਕੁਵੈਤ ਪੁੱਜਾ, ਜੋ ੫੨੯ ਮੀਲ ਦੂਰ ਹੈ। ਇਹ ਵੀ ਅਰਬਸਤਾਨ ਦੀ ਸੁਤੰਤਰ ਰਿਆਸਤ ਹੈ। ਏਥੋਂ ਵੀ ਤੇਲ ਨਿੱਕਲਦਾ ਹੈ। ਭਾਵੇਂ ਹੈ ਤਾਂ ਇਹ ਵੀ ਮੁਲਸਮਾਨੀ ਦੇਸ਼ ਪਰ ਇਸ ਛੋਟੇ ਜਿਹੇ ਮੁਲਕ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਦੁਨੀਆਂ ਦਾ ਸਭ ਤੋਂ ਧਨਾਢ ਮੁਲਕ ਹੈ। ਜੇ ਇਸ ਦੇਸ਼ ਦੇ ਵਸਨੀਕ ਬਿਲਕੁਲ ਕੰਮ ਨਾ ਕਰਨ ਤਾਂ ਇਹ ਹਰ ਇੱਕ ਪ੍ਰਵਾਰ ਨੂੰ ਸਹਿਜੇ ਹੀ ਇੱਕ ਸੌਂ ਪੌਂਡ ਹਫ਼ਤੇ ਦਾ ਖ਼ਰਚਾ ਦੇ ਸਕਦੇ ਹਨ। ਪੌਣਾ ਘੰਟਾ ਰੁਕਣ ਤੋਂ ਬਾਅਦ ਫੇਰ ਜਹਾਜ਼ ਨੇ ਉਡਾਰੀ ਲਾਈ ਜੋ ਸਾਢੇ ਛੇ ਘੰਟਿਆਂ ਵਿੱਚ ਇੰਗਲੈਂਡ ਦੀ ਰਾਜਧਾਨੀ ਲੰਡਨ ਦੇ ਹੀਥਰੋ ਏਅਰ ਪੋਰਟ ਤੇ ਪੁੱਜਾ ਜੋ ਕਵੈਤ ਤੋਂ ੨੯੦੦ ਮੀਲ ਦੂਰ ਹੈ। ਉਸ ਵਕਤ ਇੰਡੀਆ ਟਾਈਮ ਸਵਾ ਅੱਠ ਤੇ ਇੰਗਲੈਂਡ ਦੇ ਪੌਣੇ ਚਾਰ ਵੱਜੇ ਸਨ। (ਜੋ ਸਾਡੇ ਨਾਲੋਂ ਇੰਗਲੈਂਡ ਦਾ ਵਕਤ ਸਾਢੇ

ਚਾਰ ਘੰਟੇ ਪਿੱਛੇ ਹੈ) ਦਿਨੇ ਦਿਨੇ ਜਹਾਜ਼ ਹਵਾਈ ਅੱਡੇ ਤੇ ਜਾ ਉਤਰਿਆ। ਦਾਤੇ ਦੇ ਪਹੁੰਚਣ ਤੋਂ ਪਹਿਲਾਂ ਹੀ ਹਵਾਈ ਅੱਡੇ ਤੇ ਬੇਅੰਤ ਸੰਗਤ ਦਾ ਇਕੱਠ ਜੁੜਿਆ ਸੀ। ਤੱਕਰੀਬਨ ਪੰਜ ਸੌ ਕਾਰਾਂ ਤੇ ਦੋ ਕੁ ਹਜ਼ਾਰ ਪ੍ਰੇਮੀ ਆਏ ਸਨ। ਕਿਉਂਕਿ ਹਜ਼ੂਰ ਦੇ ਆਉਣ ਦਾ ਸਭਨਾਂ ਨੂੰ ਪਤਾ ਲੱਗ ਚੁੱਕਾ ਸੀ। ਦਿਨ ਵੀ ਛੁੱਟੀ ਵਾਲਾ ਐਤਵਾਰ ਸੀ। ਇਸ ਵਾਸਤੇ ਸਵਾਗਤ ਲਈ ਇਤਨੀ ਸੰਗਤ ਦਾ ਪੁੱਜਣਾ ਵੀ ਸੰਭਵ ਸੀ।

ਹਵਾਈ ਅੱਡੇ ਤੇ ਸਤਿਪੁਰਸ਼ਾਂ ਦੇ ਸਤਿਕਾਰ ਵਾਸਤੇ ਸੰਗਤ ਦਾ ਇਕੱਠ

ਜਿਨ੍ਹਾਂ ਜਿਨ੍ਹਾਂ ਵੀ ਗੁਰੂ ਪਿਆਰਿਆਂ ਨੂੰ ਪਤਾ ਲੱਗਾ ਉਹ ਹਵਾਈ ਅੱਡੇ ਵੱਲ ਇਉਂ ਆਏ ਜਿਵੇਂ ਪਿਆਸਾ ਪੁਰਸ਼ ਜਲ ਦੀ ਤਲਾਸ਼ ਵਾਸਤੇ ਅਤੇ ਭੁੱਖਾ ਰੋਟੀ ਲਈ ਤਾਂਘਦਾ ਹੈ। ਜਿਵੇਂ ਚਾਂਦਨੀ ਰਾਤ ਵਿੱਚ ਘੰਡੇ ਹੇੜੇ ਦਾ ਸ਼ਬਦ ਸੁਣ ਕੇ ਹਰਨ ਮਸਤੀ ਨਾਲ ਦੌੜਦਾ ਹੈ, ਦੀਵੇ ਨੂੰ ਦੇਖ ਪਤੰਗਾ ਤੇ ਫ਼ੁੱਲ ਦੀ ਖੁਸ਼ਬੂ ਵੱਲ ਭੌਰਾ ਭੱਜਦਾ ਹੈ, ਹਵਾਈ ਅੱਡੇ ਦੇ ਇਮੀਗਰੇਸ਼ਨ ਵਾਲੇ ਔਫੀਸਰ (ਜੋ ਬੜੇ ਸੁਲਝੇ ਦਿਮਾਗ਼ ਵਾਲੇ, ਇਨਸਾਫ ਪਸੰਦ, ਸਚਾਈ ਤੇ ਸਫ਼ਾਈ ਦੇ ਹਾਮੀ ਹਨ) ਦਾਤੇ ਦੇ ਦੀਦਾਰ ਦੀ ਝਲਕ ਨਾਲ ਬੜੇ ਪ੍ਰਭਾਵਤ ਹੋਏ। ਸਭਨਾਂ ਦੇ ਇੱਕ ਦਮ ਸਿਰ ਝੁਕ ਗਏ। ਆਪ ਜੀ ਨੂੰ ਬਿਨਾਂ ਕੁੱਝ ਪੁੱਛ ਗਿੱਛ ਕੀਤਿਆਂ ਬਾਹਰ ਜਾਣ ਲਈ ਬੇਨਤੀ ਕਰ ਦਿੱਤੀ। ਸ. ਈਸ਼ਰ ਸਿੰਘ ਕਲਸੀ ਪ੍ਰਧਾਨ ਗੁਰੂ ਨਾਨਕ ਸਤਿਸੰਗ ਸਭਾ, ਸ. ਪ੍ਰੀਤਮ ਸਿੰਘ ਇਆਲੀ ਸੈਕਟਰੀ ਗੁਰੂ ਨਾਨਕ ਸਤਿਸੰਗ ਸਭਾ, ਡਾਕਟਰ ਪ੍ਰੀਤਮ ਸਿੰਘ, ਇਹ ਸੱਜਣ ਤਾਂ ਅੱਗੇ ਆਏ ਸਨ ਹੋਰ ਮੁਖੀ ਇਹ ਸਨ; ਗਿ. ਗੁਰਦੀਪ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸਾਊਥਹਾਲ, ਰਾਗੀ ਜਸਪਾਲ ਸਿੰਘ ਮੀਤ ਗ੍ਰੰਥੀ ਗੁਰਦੁਆਰਾ ਸਾਊਥਹਾਲ, ਸ. ਬਚਿੱਤਰ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਸਾਊਥਹਾਲ, ਸ. ਅਮਰ ਸਿੰਘ ਥਿੰਦ ਸਾਬਕਾ ਸੈਕਟਰੀ ਗੁਰਦੁਆਰਾ ਸਿੰਘ ਸਭਾ ਸਾਊਥਹਾਲ, ਸ. ਸੁਦਾਗਰ ਸਿੰਘ ਵੁਲਵਰਹੈਂਪਟਨ, ਗਿ. ਦਲੀਪ ਸਿੰਘ ਬਰਮਿੰਘਮ, ਸ. ਬਲਵੰਤ ਸਿੰਘ ਕਲਸੀ, ਸ. ਦਲੀਪ ਸਿੰਘ ਕਲਸੀ, ਸ. ਸਾਧੂ ਸਿੰਘ, ਸ. ਸ਼ੇਰ ਸਿੰਘ ਅਤੇ ਡਾਕਟਰ ਪ੍ਰੀਤਮ ਸਿੰਘ (ਹੁਣ ਇਸ ਨੇ ਲੰਡਨ ਵਿੱਚ ਰਿਹਾਇਸ਼ ਰੱਖੀ ਹੈ)

ਆਪ ਜੀ ਸਾਰੇ ਪ੍ਰੇਮੀਆਂ ਨੂੰ ਖ਼ੁਸ਼ੀਆਂ ਬਖ਼ਸ਼ਦੇ ਡਾਕਟਰ ਪ੍ਰੀਤਮ ਸਿੰਘ ਦੀ ਗੱਡੀ ਵਿੱਚ ਅਸਵਾਰ ਹੋਏ। ਨਾਲ ਦੇ ਹੋਰ ਪ੍ਰੇਮੀਆਂ ਨੇ ਆਪੋ ਆਪਣੀਆਂ ਗੱਡੀਆਂ ਵਿੱਚ ਜਥੇ ਦੇ ਸਿੰਘਾ ਨੂੰ ਬਿਠਾ ਲਿਆ। ਮੇਹਰਾਂ ਦੇ ਦਾਤੇ ਦੇ ਮਗਰ ਮਗਰ ਹਜ਼ੂਰ ਦੇ ਪਰਮ ਪ੍ਰੀਤਵਾਨ ਅਨਿੰਨ ਸੇਵਕ ਸ. ਪ੍ਰੀਤਮ ਸਿੰਘ ਇਆਲੀ ਦੀ ਕੋਠੀ ੩੨ ਬਰਚਿੰਟਨ ਰੋਡ, ਲੰਡਨ ਪੁੱਜੇ। ਕੁੱਝ ਕੁ ਸਮਾਂ ਕੁਰਸੀ ਤੇ ਬੈਠ ਸਭਨਾਂ ਨੂੰ ਦਰਸ਼ਨ ਬਖਿਸ਼ਆ। ਉਪਰੰਤ ਰਿਹਾਇਸ਼ੀ ਕਮਰੇ ਵਿੱਚ ਆਰਾਮ ਵੱਸ ਹੋਏ। ਘਰ ਵਾਲੇ ਪ੍ਰੇਮੀਆਂ ਨੇ ਬਾਹਰੋਂ ਆਈ ਸੰਗਤ ਨੂੰ ਚਾਹ ਪਾਣੀ ਪਿਲਾ ਕੇ ਸਤਿਕਾਰ ਨਾਲ ਵਿਦਾ ਕੀਤਾ।

ਗ਼ਰੀਬ ਨਿਵਾਜ਼ ਨੂੰ ਕੋਠੀ ਆਇਆਂ ਅਜੇ ਥੋੜ੍ਹੇ ਹੀ ਮਿੰਟ ਹੋਏ ਸਨ ਉਸ ਵਕਤ ਦਰਸ਼ਨਾਂ ਦੀ ਤਾਂਘ ਵਾਲੇ ਪ੍ਰੇਮੀਆਂ ਵੱਲੋਂ (ਜੋ ਹਵਾਈ ਅੱਡੇ ਤੇ ਨਹੀਂ ਸਨ ਪੁੱਜ ਸਕੇ) ਟੈਲੀਫੋਨ ਆਉਣੇ ਸ਼ੁਰੂ ਹੋ ਗਏ ਜੋ ਰਾਤ ਦੇ ਦਸ ਵਜੇ ਤੱਕ ਆਉਂਦੇ ਰਹੇ। ਪਰ ਮਹਾਰਾਜ ਜੀ ਦਾ ਸਰੀਰ ਲੰਮੇ ਸਫ਼ਰ ਦੀ ਵਜ੍ਹਾ ਨਾਲ (ਜੋ ਜਹਾਜ਼ ਦੀ ਸੀਟ ਤੇ ਇੱਕੋ ਜਗ੍ਹਾ ੧੩ ਘੰਟੇ ਬੈਠਣਾ ਪਿਆ) ਕੁੱਝ ਕੁ ਥਕਾਵਟ ਮਹਿਸੂਸ ਕਰਦਾ ਸੀ। ਦੂਸਰੇ ਦਿਨ ਵੀ ਭਾਵੇਂ ਹਰ ਰੋਜ਼ ਪੰਜ ਮਿੰਟ ਬਾਅਦ ਟੈਲੀਫੋਨ ਆਉਂਦਾ ਸੀ, ਪਰ ਫੇਰ ਵੀ ਨਿਕਟਵਰਤੀ ਸੇਵਾਦਾਰਾਂ ਦੀ ਬੇਨਤੀ ਮੰਨ ਕੇ ਰੈਸਟ ਹੀ ਕੀਤੀ। ੧੩ ਮਈ ਦੀ ਸਵੇਰ ਨੂੰ ਤਾਂ ਦਰਸ਼ਨਾਲੂ ਸੱਜਣ ਰਿਹਾਇਸ਼ੀ ਜਗ੍ਹਾ ਤੇ ਆਪਣੇ ਆਪ ਹੀ ਆ ਪੁਜੇ ਜਿਨ੍ਹਾਂ ਵਿੱਚੋਂ ਕਈ ਕੁ ਸਾਊਥਹਾਲ ਗੁਰਦੁਆਰੇ ਦੇ ਰਹਿ ਚੁੱਕੇ ਪ੍ਰਬੰਧਕ ਸਨ। ਜੈਸਾ ਕਿ ਸ. ਬਚਿੱਤਰ ਸਿੰਘ ਸਾਬਕਾ ਪ੍ਰਧਾਨ ਸਾਊਥਹਾਲ, ਗਿ. ਅਮੋਲਕ ਸਿੰਘ ਤੇ ਰਾਗੀ ਜਸਪਾਲ ਸਿੰਘ, ਸ. ਈਸ਼ਰ ਸਿੰਘ ਕਲਸੀ, ਸ. ਅਮਰ ਸਿੰਘ ਥਿੰਦ, ਇਤਿਆਦਿਕ ਹੋਰ ਵੀ ਬਹੁਤ ਸਾਰੇ ਮੁਖੀਆਂ ਨੇ ਸਮਾਂ ਲੈ ਕੇ ਦਾਤੇ ਦਾ ਦਰਸ਼ਨ ਕੀਤਾ ਅਤੇ ਨਾਲ ਹੀ ਦੀਵਾਨਾਂ ਵਾਸਤੇ ਬੇਨਤੀ ਕੀਤੀ ਤਾਂ ਆਪ ਜੀ ਨੇ ਇੱਕ ਦਿਨ ਹੋਰ ਰੈਸਟ ਕਰਨ ਤੋਂ ਬਾਅਦ ਸੰਗਤ ਦਾ ਪਿਆਰ ਤੱਕ ਕੇ ੧੫-੫-੭੫ ਵੀਰਵਾਰ ਨੂੰ ਸਾਊਥਹਾਲ ਗੁਰਦੁਆਰੇ ਦੀਵਾਨ ਲਾਉਣ ਦੀ ਪ੍ਰਵਾਨਗੀ ਦੇ ਦਿੱਤੀ। ਉਨ੍ਹਾਂ ਨੇ ਇਹ ਖ਼ਬਰ ਸ਼ੇਰੇ ਪੰਜਾਬ, ਦੇਸ਼ ਪ੍ਰਦੇਸ਼, ਪੰਜਾਬ ਟਾਈਮ ਆਦਿ ਪੰਜਾਬੀ ਦੇ ਪਰਚਿਆਂ ਵਿੱਚ ਛਾਪ ਦਿੱਤੀ। ਨਾਲ ਹੀ ਜਗਿਆਸੂਆਂ ਨੂੰ ਟੈਲੀਫੋਨ ਦੁਆਰਾ ਪਤਾ ਕਰ ਦਿੱਤਾ। ਅਖ਼ੀਰ ਨੂੰ ਉਹ ਸੁਭਾਗਾ ਦਿਹਾੜਾ ਆ ਗਿਆ। ਸ਼ਾਮ ਦੇ ਛੇ ਵਜੇ ਸਾਊਥਹਾਲ ਗੁਰਦੁਆਰੇ ਸੰਗਤਾਂ ਦਾ ਬੇ ਤਹਾਸ਼ਾ ਇਕੱਠ ਜੁੜਿਆ। ਪਹਿਲਾਂ ਗੁਰੂ ਮਹਾਰਾਜ ਨੂੰ ਨਮਸ਼ਕਾਰ ਕਰ ਨਾਲ ਦੇ ਸਿੰਘਾਂ ਨੇ ਕੀਰਤਨ ਆਰੰਭ ਕੀਤਾ। ਲੇਖਕ ਨੇ ਕਥਾ ਕੀਤੀ। ਫੇਰ ਅਰਸ਼ੀ ਪ੍ਰੀਤਮ ਨੇ ਰੱਬੀ ਸਰੋਦ ਸ਼ੁਰੂ ਕਰ ਦਿੱਤਾ। ਜਦੋਂ ਵਾਜੇ ਦੀਆਂ ਸੁਰਾਂ ਤੇ ਹੱਥ ਰੱਖਿਆ ਤਾਂ ਮਰਦਾਨੇ ਦੀ ਰਬਾਬ ਵਾਂਗ 'ਤੂੰ ਹੀ ਤੂੰ' ਦੀ ਧੁਨੀ ਨਾਲ ਵਾਤਾਵਰਨ ਗੂੰਜ ਉੱਠਿਆ। ਰਸੀਲੇ ਗਲੇ 'ਚੋਂ ਜਗਿਆਸੂ ਪਪੀਹਿਆਂ ਦੀ ਪਿਆਸ ਬੁਝਾਉਣ ਵਾਸਤੇ ਗੁਰਬਾਣੀ ਦੇ ਕੀਰਤਨ ਦੀ ਅੰਮ੍ਰਿਤਮਈ ਝੜੀ ਲਾ ਦਿੱਤੀ।

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥

ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ (ਮਾਝ ਮਃ ੫ - ੧੦੨)

ਜਿਸ ਵਿੱਚ ਸਾਧ ਸੰਗਤ ਦੀ ਮਹਿਮਾ ਚਰਨ ਧੂੜੀ ਦਾ ਮਹਾਤਮ ਦੱਸਿਆ ਅਤੇ ਕਿਹਾ ਕਿ ਅੰਮ੍ਰਿਤ ਛਕ ਕੇ ਰਹਿਤ ਰੱਖ ਸਿੰਘ ਸਜ ਕੇ ਨਾਮ ਜਪੋ ਕਿਉਂਕਿ ਹੋਰ ਸਾਰੇ ਸਾਧਨਾਂ ਤੇ ਜਪਾਂ ਤਪਾਂ ਨਾਲੋਂ ਕਲਜੁਗ ਦੇ ਸਮੇਂ ਗੁਰਬਾਣੀ ਦੇ ਕੀਰਤਨ ਤੇ ਨਾਮ ਦੀ ਵਡਿਆਈ ਤੇ ਰਹਿਤ ਵਿੱਚ ਪਕਿਆਂ ਰਹਿਣਾ ਹੀ ਸ਼ਰੋਮਣੀ ਕਥਨ ਕੀਤਾ ਗਿਆ ਹੈ।

ਰਹਿਤ ਦਾਤਾ

ਚੰਗਾ ਕਲਾਕਾਰ ਉਹੀ ਹੈ ਜੋ ਧਰਤੀ ਤੇ ਖਿੰਡੀ ਪਈ ਸੁੰਦਰਤਾ ਨੂੰ ਚੁਣ ਚੁਣ ਕੇ ਤਰਤੀਬ ਵਿੱਚ ਲਗਾ ਸੁੰਦਰ ਚਿੱਤਰ ਪੈਦਾ ਕਰ ਦੇਂਦਾ ਹੈ। ਅਵਾਜ਼ ਮੱਧੁਰਤਾ ਵਿੱਚੋਂ ਸੁਰਾਂ ਨੂੰ ਤਰਤੀਬ ਤੇ ਨਗ਼ਮਾ, ਰੰਗਾਂ ਦੇ ਮਿਲਾਪ ਤੋਂ ਤਸਵੀਰ ਤੇ ਖ਼ੂਬਸੂਰਤੀਆਂ ਨੂੰ ਜੋੜ ਸੁੰਦਰ ਬਗੀਚਾ ਬਣਾਇਆ ਜਾਂਦਾ ਹੈ।

ਧਰਮ ਨੇ ਜੀਵ ਦੇ ਜੀਵਨ ਨੂੰ ਸੰਭਾਲਣਾ ਸੀ ਪਰ ਮੰਦਿਆਂ ਭਾਗਾਂ ਨੂੰ ਮਨੁੱਖ ਚਿਰਾਂ ਤੋਂ ਤਨ ਦੇ ਯਾ ਮਨ ਦੇ ਜੀਵਨ ਵਿੱਚ ਜੀਊਂਦਾ ਸੀ। ਖਾਣਾ ਪੀਣਾ ਤੇ ਸੰਤਾਨ ਪੈਦਾ ਕਰਨਾ ਤਨ ਦਾ ਜੀਵਨ ਸੀ ਤੇ ਕਥਾ ਵਾਰਤਾ, ਗਿਆਨ ਧਿਆਨ ਦਾ ਪਠਨ ਪਾਠਨ ਮਾਨਸਕ ਜੀਵਨ ਸੀ। ਸੰਸਾਰ ਇਹਦੇ ਵਿੱਚ ਬੱਝ ਰਿਹਾ ਸੀ। ਬਾਬੇ ਗੁਰੂ ਨਾਨਕ ਨੇ ਆਣ ਕੇ ਜੀਅ ਦਾਨ ਬਖ਼ਸ਼ਿਆ। ਪਰ ਥਿਊਰੀ ਹੋਰ ਗੱਲ, ਤੇ ਸਾਧਨ ਹੋਰ ਗੱਲ ਹੁੰਦੀ ਹੈ। ਸਾਧਨ ਤੋਂ ਬਿਨਾਂ ਨਿਸ਼ਾਨੇ ਤੇ ਤੀਰ ਨਹੀਂ ਪੁੱਜਦਾ, ਸਾਧਨ ਦੀ ਰਹਿਣੀ ਰਹਿਣ ਵਾਲੇ ਹੀ ਅੱਪੜ ਸਕਦੇ ਹਨ। ਸੋ ਹੁਣ ਨਿਸ਼ਾਨੇ ਤੇ ਲੈ ਜਾਣ ਦਾ ਸਾਧਨ ਜੀਵਨ ਵਿੱਚ ਬਿਆਨ ਕੀਤਾ ਗਿਆ। ਅਨੰਦਪੁਰ ਦੀਆਂ ਉੱਚੀਆਂ ਘਾਟੀਆਂ ਤੇ ਉੱਚੇ ਭਾਗਾਂ ਵਾਲੇ ਗੁਰਸਿੱਖਾਂ ਦਾ ਦੀਵਾਨ ਸਜ ਰਿਹਾ ਸੀ। ਉੱਚ ਦਮਾਲੇ ਵਾਲੇ, ਉੱਚੇ ਸ਼ਹਿਨਸ਼ਾਹ ਕਲਗੀਆਂ ਵਾਲੇ ਨੇ ਸ੍ਰੀ ਸਾਹਿਬ ਸੰਭਾਲ ਕੇ ਉੱਚੀ ਅਵਾਜ਼ ਵਿੱਚ ਕਿਹਾ, "ਕੋਈ ਹੈ ਜੋ ਸਰੀਰ ਤੇ ਮਨ ਦੇ ਜੀਵਨ ਤੋਂ ਉਤਾਂਹ ਚੜ੍ਹਿਆ ਹੋਵੇ? ਉਹ ਉੱਠੇ, ਜੋ ਮੈਂ ਉਸ ਦਾ ਠੀਕਰਾ ਆਪਣੀ ਤਲਵਾਰ ਨਾਲ ਤੋੜ ਦਿਆਂ।" ਇੱਕ ਉੱਠਿਆ, ਫਿਰ ਦੂਜਾ, ਤੀਜਾ, ਚੌਥਾ। ਜਦ ਪੰਜਵਾਂ ਵੀ ਉੱਠ ਖੜੋਤਾ ਤਾਂ ਫੁਰਮਾਨ ਲੱਗੇ, "ਬਸ! ਜਿੱਥੇ ਪੰਜ ਹਨ ਉੱਥੇ ਸਭ ਕੁੱਝ ਹੈ। ਪੰਜੀ ਪ੍ਰਮੇਸ਼ਰ ਭਾਈ ਗੁਰਦਾਸ ਜੀ ਨੇ ਕਿਹਾ ਹੈ।" ਹੁਕਮ ਹੋਇਆ, "ਹੇਠਲੇ ਮੰਡਲਾਂ ਨੂੰ ਤਿਆਗ ਆਏ ਹੁਣ ਤੁਸੀਂ ਜੀਵਨ ਦੇਸ਼ ਦੇ ਵਾਸੀ ਮੇਰੇ ਹਮ ਸ਼ਹਿਰੀ ਮੀਤ ਹੋ। ਮੈਂ ਤੁਹਾਨੂੰ ਆਪਣੇ 'ਪਿਆਰੇ' ਕਹਿੰਦਾ ਹਾਂ। ਅੱਜ ਤੋਂ ਤੁਸੀਂ ਪਿਆਰੇ ਹੋ ਤੇ ਸਦਾ ਪਿਆਰੇ ਰਹੋਗੇ। ਜੀਵਨ ਜੁਗਤੀ ਤੁਹਾਨੂੰ ਸਮਝਾਂਦਾ ਹਾਂ, ਤੁਸੀਂ ਅੱਗੇ ਜਗਤ ਨੂੰ ਦੱਸਣੀ। ਪਹਿਲਾਂ ਤਨ ਮਨ ਤੋਂ ਉੱਚੇ ਉੱਠ ਅੰਮ੍ਰਿਤਪਾਨ ਕਰਨਾ ਹੈ। ਇਹ ਜੀਵਨ ਪੂੰਜੀ ਹੈ। ਇਹ ਦਾਤ ਇਲਾਹੀ ਹੈ। ਇਸ ਜਗਤ ਦੇ ਉਦਿਆਨ ਬਨ ਵਿੱਚ ਅਮੀਰਾਂ ਨੂੰ ਚੋਰ ਪੈਂਦੇ ਹਨ। ਸੁਦਾਗਰਾਂ ਦੇ ਕਾਫਲਿਆਂ ਤੇ ਡਕੈਤੀ ਹੁੰਦੀ ਹੈ। ਇਹ ਮਾਲਕ ਦੀ ਰਜ਼ਾ ਹੈ। ਤੁਸਾਂ ਧਨ ਪਾਇਆ ਹੈ, ਤੁਹਾਨੂੰ ਦਾਤ ਲੱਭੀ ਹੈ। ਹੁਣ ਅਮੀਰ ਹੋ, ਸ਼ਹਿਜ਼ਾਦੇ ਹੋ। ਚੋਰਾਂ ਤੋਂ ਬਚ ਕੇ ਰਹਿਣਾ ਤੇ ਉਹ ਬਚਾਓ ਸਦਾ ਰਹਿਤ ਦੇ ਜੀਵਨ ਵਿੱਚ ਹੈ।" ਰਣਭੂਮੀ ਵਿੱਚ ਦਬਾ ਦਬ ਤੋਪਾਂ, ਬੰਦੂਕਾਂ ਤੇ ਰਹਿਕਲੇ ਚੱਲ ਰਹੇ ਸਨ। ਇੱਕ ਸੁਆਰ ਘੋੜਾ ਦੌੜਾਈ ਕਿਲ੍ਹੇ ਦੇ ਦਰਵਾਜ਼ੇ ਤੇ ਪੁੱਜਾ ਤੇ ਕਿਲੇਦਾਰ ਨੂੰ ਕਹਿਣ ਲੱਗਾ, "ਛੇਤੀ ਬੂਹਾ ਖੋਲ੍ਹ ਤੇ ਮੈਨੂੰ ਅੰਦਰ ਵਾੜ ਲੈ।" ਦਰਬਾਨ ਨੇ ਕਿਹਾ, "ਇਹ ਤਾਂ ਛੋਟਾ ਜਿਹਾ ਕਿਲ੍ਹਾ ਹੈ। ਇਸ ਦੇ ਸਿਹਨ ਵਿੱਚ ਤਾਂ ਖੁੱਲ੍ਹਾ ਦਾਲਾਨ ਤੇ ਮੈਦਾਨ ਵੀ ਨਹੀਂ। ਜੇ ਅੰਦਰ ਆ ਗਿਉਂ ਤਾਂ ਘੋੜਾ ਕਿੱਥੇ ਦੌੜਾਏਂਗਾ?" ਸੁਆਰ ਬੋਲਿਆ, "ਬਾਹਰ ਗੋਲੀ ਚੱਲ ਰਹੀ ਹੈ, ਦਮ ਬਦਮ ਮੌਤ ਦਾ ਖ਼ਤਰਾ ਹੈ। ਮੈਂ ਕੀ ਕਰਾਂ ਖੁੱਲ੍ਹਿਆਂ ਮੈਦਾਨਾਂ ਤੇ ਲੰਮੀਆਂ ਦੌੜਾਂ ਨੂੰ? ਛੇਤੀ ਬੂਹਾ ਖੋਲ੍ਹ ਤੇ ਮੈਨੂੰ ਇਸ ਨਿੱਕੇ ਜੇਹੇ ਪਰ ਮੌਤ ਤੋਂ ਬੇਫ਼ਿਕਰੇ ਕਰ ਦੇਣ ਵਾਲੇ ਕਿਲ੍ਹੇ ਵਿੱਚ ਦਾਖ਼ਿਲ ਹੋਣ ਦੇਹ। ਜੇ ਜੀਵਨ ਦੀ ਆਸ ਬੱਝ ਗਈ ਤਾਂ ਦੌੜਾਂ ਨਾਲੋਂ ਥੋੜ੍ਹਾ ਟਹਿਲ ਲੈਣਾ ਹੀ ਗਨੀਮਤ ਹੋਵੇਗਾ।" ਦਰਬਾਨ ਨੇ ਦਰਵਾਜ਼ਾ ਖੋਲ੍ਹਿਆ ਤੇ ਅਜ਼ਾਦ ਸੁਆਰ ਨੇ ਕਿਲ੍ਹੇ ਦਾ ਕੈਦੀ ਹੋ ਸੁੱਖ ਦਾ ਸਾਹ ਲਿਆ। ਇਸੇ ਤਰ੍ਹਾਂ ਦਸਮੇਸ਼ ਪਿਤਾ ਨੇ ਦੱਸਿਆ ਜੋ ਜਗਤ ਦੇ ਇਸ ਬੇਅੰਤ ਖੁੱਲ੍ਹੇ ਮੈਦਾਨ ਵਿੱਚ ਜੋ ਸ਼ੈਤਾਨੀਅਤ ਦੀਆਂ ਤੋਪਾਂ ਤੇ ਬੰਦੂਕਾਂ ਚੱਲ ਰਹੀਆਂ ਹਨ, ਵਿਕਾਰਾਂ ਦੇ ਗੋਲੇ ਤੇ ਗੋਲੀਆਂ ਮੀਂਹ ਵਾਂਗ ਬਰਸ ਰਹੀਆਂ ਹਨ ਇਨ੍ਹਾਂ ਤੋਂ ਬਚਾਅ ਉਨ੍ਹਾਂ ਦਾ ਹੀ ਹੋਵੇਗਾ ਜੋ ਭੱਜ ਕੇ ਸੰਗਤ ਦੇ ਕਿਲ੍ਹੇ ਵਿੱਚ ਵੜ ਗਏ ਤੇ ਜੀਵਨ ਨੂੰ ਕਿਸੇ ਰਹਿਤ ਵਿੱਚ ਰੱਖ ਲਿਆ।

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ ॥੮੨॥ (ਸਲੋਕ ਮਃ ੫ ਸੇਖ ਫਰੀਦ ਜੀ - ੧੩੮੨)

ਸ੍ਰੀ ਫਰੀਦ ਜੀ ਨੇ ਕਿਹਾ ਹੈ ਕਿ ਇਸ ਵਸੂਲੇ ਬਾਗ਼ ਵਿੱਚੋਂ ਓਹੀ ਬਚਣਗੇ, ਜਿਨ੍ਹਾਂ ਨੂੰ ਪੀਰ ਨੇ ਨਿਵਾਜਿਆ ਹੈ। ਪੀਰ ਦੀ ਨਿਵਾਜ਼ਸ਼ ਕੀ ਸੀ? ਉਹ ਪੀਰਾਨ ਪੀਰ ਦੇ ਇਸ ਇਲਾਹੀ ਕੌਤਕ ਤੋਂ ਪ੍ਰਗਟ ਹੋ ਰਹੀ ਹੈ। ਪਹਿਲੇ ਅੰਮ੍ਰਿਤ ਪਿਲਾਇਆ। ਧਨੀ ਮਾਮੂਰ ਕੀਤਾ। ਤੇ ਫੇਰ ਰਹਿਤ ਦਾ ਜੀਵਨ ਦੇ ਕੇ ਅਗਾਂਹਾਂ ਆਉਣ ਵਾਲਿਆਂ ਖ਼ਤਰਿਆਂ ਤੋਂ ਇੱਕ ਉਪਾਅ ਦੀ ਸੁਰਤ ਪੈਦਾ ਕਰ ਦਿੱਤੀ। ਜਾਂ ਇਉਂ ਕਹੋ ਕਿ ਉਸ ਅਰਸ਼ੀ ਮਾਲੀ ਨੇ ਸਿੱਖ ਦੇ ਮਨ ਉੱਤੇ ਅੰਮ੍ਰਿਤ ਦਾ ਬੀਜ

ਬੀਜਿਆ ਤੇ ਰਹਿਤ ਦੀ ਵਾੜ ਉਦਾਲੇ ਦੇ ਦਿਤੀ ਕਿਉਂ ਜੁ ਏਥੇ ਹਰਨਾਂ ਦੀਆਂ ਡਾਰਾਂ ਅੰਗੂਰੀ ਚੁਗਨ ਲਈ ਫਿਰ ਰਹੀਆਂ ਸਨ।

ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥ (ਰਾਮਕਲੀ ਦਖਣੀ ਮਃ ੧ - ੯੩੨)

ਇਤਿਆਦਿਕ ਉਪਦੇਸ਼ ਦੇ ਕੇ ਸਾਢੇ ਨੌਂ ਵਜੇ ਦੀਵਾਨ ਦੀ ਸਮਾਪਤੀ ਹੋਈ। ਅਰਦਾਸ ਉਪਰੰਤ ਹੁਕਮ ਲੈ ਕੇ ਹੈੱਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ ਜੀ ਨੇ ਬੜੀ ਸ਼ਰਧਾ ਤੇ ਸਤਿਕਾਰ ਭਰੇ ਬਚਨਾਂ ਦੁਆਰਾ ਸਾਰੀ ਸੰਗਤ ਵਲੋਂ ਰੂਹਾਨੀ ਦਾਤੇ ਨੂੰ 'ਜੀਓ ਆਇਆਂ' ਆਖਿਆ ਤੇ ਨਾਲ ਹੀ ਹਾਜ਼ਰੀ ਭਰਨ ਆਏ ਗੁਰਮੁਖ ਸਰੋਤਿਆਂ ਦੇ ਭਾਗਾਂ ਨੂੰ ਸਲਾਹਿਆ। ਸਾਧੂ ਦੇ ਦਰਸ਼ਨਾਂ ਵਾਲੀ ਇਹ ਬੜੀ ਸੁਭਾਗੀ ਘੜੀ ਹੈ, ਪੁੰਨੀ ਪੁਰਸ਼ਾਂ ਨੂੰ ਸਾਧੂ ਦਾ ਦਰਸ਼ਨ ਨਸੀਬ ਹੁੰਦਾ ਹੈ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ (ਗਉੜੀ ਮਃ ੫ - ੨੦੪)

ਸਾਡੇ ਤੇ ਆਪਣੇ ਜਾਣ ਕੇ ਮਹਾਂਪੁਰਸ਼ ਇਸੇ ਤਰ੍ਹਾਂ ਹੀ ਬਖ਼ਸ਼ਿਸ਼ ਕਰਦੇ ਰਹਿਣ ਤਾਂ ਕਿ ਸਮਾਂ ਤੇ ਸਵਾਸ ਲੇਖੇ ਵਿੱਚ ਲੱਗਣ। ਬਾਅਦ ਵਿੱਚ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ। ਉਪਰੰਤ ਆਪ ਜੀ ਨਾਲ ਦੇ ਸਾਥੀ ਸਿੰਘਾਂ ਸਮੇਤ ਰਿਹਾਇਸ਼ੀ ਅਸਥਾਨ ਤੇ ਪੁੱਜੇ ਜੋ ਏਥੋਂ ੧੮ ਮੀਲ ਦੂਰ ਸੀ। ਇੰਗਲੈਂਡ ਟਾਈਮ ਸਵਾ ਦਸ ਹੋਇਆ ਸੀ ਜੋ ਇੰਡੀਆ ਤੋਂ ਸਾਢੇ ਚਾਰ ਘੰਟੇ ਪਿੱਛੇ ਹੈ, ਪਰ ਅਜੇ ਅਕਾਸ਼ ਵਿੱਚ ਰੋਸ਼ਨੀ ਸੀ ਪੂਰਾ ਹਨ੍ਹੇਰਾ ਨਹੀਂ ਸੀ ਹੋਇਆ। ਅੰਮ੍ਰਿਤ ਵੇਲੇ ਦੋ ਵਜੇ ਇਸ਼ਨਾਨਾ ਸੋਧ ਸਾਰੇ ਹੀ ਪ੍ਰੇਮੀ ਸ਼ਬਦ ਸੁਰਤ ਦਾ ਅਭਿਆਸ ਕਰਨ ਲੱਗੇ। ਸਵੇਰੇ ਸਾਢੇ ਤਿੰਨ ਵਜੇ ਫੇਰ ਦਿਨ ਦਾ ਪ੍ਰਕਾਸ਼ ਹੋਣ ਲੱਗ ਜਾਂਦਾ। ਉਸ ਤੋਂ ਬਾਅਦ ਫੇਰ ਇਸੇ ਸਮੇਂ ਸ਼ਾਮ ਨੂੰ ਰੋਜ਼ ਹੀ ਦੀਵਾਨ ਸਜਦਾ ਰਿਹਾ। ਦਰਸ਼ਨਾਂ ਵਾਲੇ ਪ੍ਰੇਮੀਆਂ ਦੀ ਬਹੁਤੀ ਮੰਗ ਜਾਣ ਕੇ (ਜੋ ਜ਼ਿਆਦਾਤਰ ਭਜਨ ਸਿਮਰਨ ਦੀ ਜੁਗਤੀ ਪੁੱਛਣ ਵਾਲੇ ਹੀ ਜਗਿਆਸੂ ਸਨ) ਹਫਤੇ ਵਿੱਚ ਸ਼ਨੀਵਾਰ ਅਤੇ ਐਤਵਾਰ ਦੋ ਦਿਨ ਖੁੱਲ੍ਹੇ ਦਰਸ਼ਨਾਂ ਲਈ ਗਿਆਰ੍ਹਾਂ ਤੋਂ ਬਾਰ੍ਹਾਂ ਤੱਕ ਦਿਨੇ ਇੱਕ ਘੰਟਾ ਕੁਰਸੀ ਵਾਸਤੇ ਨੀਅਤ ਕਰ ਦਿੱਤਾ।

ਕੋਹਿਨੂਰ ਹੀਰਾ

ਗ਼ਰੀਬ ਨਿਵਾਜ਼ ਦੀ ਆਗਿਆ ਪਾ ਕੇ ੧੭-੭-੭੫ ਨੂੰ ਦੁਪਹਿਰ ਦੇ ਪ੍ਰਸ਼ਾਦ ਛਕਣ ਉਪਰੰਤ ਸ. ਪ੍ਰੀਤਮ ਸਿੰਘ ਝੱਮਟ, ਸ. ਪ੍ਰੀਤਮ ਸਿੰਘ ਇਆਲੀ ਅਤੇ ਭਾਈ ਸਾਧੂ ਸਿੰਘ ਰੇਨਮ ਇਨ੍ਹਾਂ ਸੱਜਣਾਂ ਨੂੰ ਨਾਲ ਲੈ ਕੇ ਲੰਡਨ ਦੇ ਟਾਵਰ ਬਰਿੱਜ ਵਿੱਚ ਇਤਿਹਾਸਕ ਚੀਜ਼ਾਂ ਦੇਖਣ ਵਾਸਤੇ ਗਏ। ਏਥੇ ਹੋਰ ਕਈ ਇਤਿਹਾਸਕ ਚੀਜ਼ਾਂ ਤੋਂ ਇਲਾਵਾ ਬਰਤਾਨੀਆਂ ਦੇ ਰਾਜੇ ਰਾਣੀਆਂ ਦੇ ਤਾਜ਼ ਤਗਮੇ ਤੇ ਹੋਰ ਅਮੋਲਕ ਵਸਤੂਆਂ ਪਈਆਂ ਹਨ। ਸਭ ਤੋਂ ਵੱਧ ਵਿਸ਼ੇਸ਼ਤਾ ਕੋਹਿਨੂਰ ਹੀਰੇ ਵਾਲੇ ਤਾਜ਼ ਦੀ ਹੈ।

ਇਸ ਨੂੰ ੧੯੧੧ ਈ. ਵਿੱਚ ਦਿੱਲੀ ਦਰਬਾਰ ਵਿਖੇ ਜਲੂਸ ਦੇ ਸਮੇਂ ਜਾਰਜ ਪੰਚਮ ਨੇ ਪਹਿਨਿਆ ਤੇ ਫੇਰ ੧੯੩੭ ਵਿੱਚ ਮਲਕਾ ਮੈਰੀ ਜਾਰਜ ਪੰਚਮ ਦੀ ਰਾਣੀ ਨੇ; ਜਦੋਂ ਉਨ੍ਹਾਂ ਦੀ ਤਾਜ਼ਪੋਸ਼ੀ ਹੋਈ, ਪਹਿਨਿਆ। ਫੇਰ ਇਸ ਹੀਰੇ ਵਾਲੇ ਤਾਜ਼ ਨੂੰ ੧੯੫੩ ਵਿੱਚ ਜਾਰਜ ਪੰਚਮ ਦੀ ਮੌਤ ਤੋਂ ਪਿੱਛੋਂ ਮਲਕਾ ਐਲਜ਼ਬਿਥ ਨੇ ਪਹਿਨਿਆ ਜਦੋਂ ਉਸ ਦੀ ਤਾਜ਼ਪੋਸ਼ੀ ਹੋਈ ਸੀ। ਇਸ ਨੂੰ ਵੇਖਣ ਵਾਲਿਆਂ ਦੀ ਹਰ ਸਮੇਂ ਭੀੜ ਜੁੜੀ ਰਹਿੰਦੀ ਹੈ ਅਤੇ ਦੋ ਢਾਈ ਘੰਟੇ ਬਾਅਦ ਵਾਰੀ ਆਉਂਦੀ ਹੈ ਜੋ ਲਾਈਨ ਵਿੱਚ ਖੜੋ ਕੇ ਆਹਿਸਤਾ ਆਹਿਸਤਾ ਅੱਗੇ ਜਾਣਾ ਪੈਂਦਾ ਹੈ। ਬੇ-ਸ਼ੁਮਾਰ ਸੈਲਾਨੀ ਦੂਰੋਂ ਦੂਰੋਂ ਆਉਦੇ ਹਨ ਅਤੇ ਟਿਕਟ ਲੈ ਕੇ ਦੇਖਦੇ ਹਨ। ਇਹ ਉਹ ਕੋਹਿਨੂਰ ਹੀਰਾ ਹੈ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਤਾਜ਼ ਵਿੱਚ ਪਹਿਨਿਆ ਜੋ ਕਿ ਸ਼ੇਰੇ ਪੰਜਾਬ ਨੂੰ ਅਫਗਾਨਿਸਤਾਨ ਦੇ ਹਾਕਮ ਨੇ ਭੇਟ ਕੀਤਾ ਸੀ। ਜਦੋਂ ਸਿੱਖ ਰਾਜ ਦਾ ਅੰਤ ਹੋਇਆ ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤਾਂ ਇਹ ਕੋਹਿਨੂਰ ਹੀਰਾ ਅੰਗਰੇਜ਼ਾਂ ਦੇ ਹੱਥ ਆ ਗਿਆ। ਉਹ ਇਸ ਨੂੰ ਇੰਗਲੈਂਡ ਲੈ ਆਏ। ਇਹ ਦੁਨੀਆਂ ਦਾ ਸਭ ਤੋਂ ਕੀਮਤੀ ਹੀਰਾ ਹੈ, ਜਿਸ ਉੱਪਰ ਦੇਖਣ ਵਾਲੇ ਦੀ ਨਿਗ੍ਹਾ ਨਹੀਂ ਠਹਿਰਦੀ। ਇਤਨੀ ਤੇਜ਼ ਰੋਸ਼ਨੀ ਵਾਲਾ ਹੈ ਅਤੇ ਵਿੱਚੋਂ ਕਈ ਕਿਸਮ ਦੇ ਰੰਗ ਬਰੰਗੇ ਜ਼ੌਹਰ ਨਿੱਕਲਦੇ ਹਨ। ਇਹ ਹੀਰਾ ਗੋਲ ਕੰਡਾ ਦੀਆਂ ਖਾਨਾਂ 'ਚੋਂ ਨਿੱਕਲਿਆ ਸੀ। ਪਹਿਲਾਂ ਮਾਲਵੇ ਦੇ ਮਹਾਰਾਜ ਪਾਸ ਰਿਹਾ। ਫੇਰ ਅਲਾਉਦੀਨ ਖਿਲਜੀ ਨੇ ਕਬਜ਼ਾ ਕੀਤਾ। ਫੇਰ ੧੫੭੬ ਸੰਨ ਵਿੱਚ ਅਕਬਰ ਕੋਲ ਆਇਆ। ਮੁਗ਼ਲ ਸ਼ਹਿਨਸ਼ਾਹ ਮੁਹੰਮਦ ਸ਼ਾਹ ਰੰਗੀਲੇ ਕੋਲੋਂ ਨਾਦਰ ਲੈ ਗਿਆ ਤੇ ਸ਼ਾਹ ਸੁਜਾਹ ਕੋਲੋਂ ਮਹਾਰਾਜਾ ਰਣਜੀਤ ਸਿੰਘ ਜੀ ਪਾਸ ਆਇਆ। ਜਦੋਂ ਸ਼ੇਰੇ ਪੰਜਾਬ ਨੇ ਸ਼ਾਹ ਸੁਜਾਹ ਤੋਂ ਇਸ ਦੀ ਕੀਮਤ ਪੁੱਛੀ ਉਸ ਨੇ ਕਿਹਾ ਖ਼ੁਸ਼ ਕਿਸਮਤੀ ਜਿਸ ਦੇ ਪੈਰ ਚੁੰਮੇ, ਇਹ ਹੀਰਾ ਉਸ ਦੀ ਪੱਗ ਵਿੱਚ ਹੁੰਦਾ ਹੈ। ਇਸ ਦਾ ਵਜ਼ਨ ਮਹਾਨ ਕੋਸ਼ ਵਿੱਚ ਇਕ ਸੌ ਦੋ ਰੱਤੀਆਂ ਲਿਖੀਆਂ ਹਨ ਅਤੇ ਉਸ ਸਮੇਂ ਤੀਹ ਲੱਖ ਪੌਂਡ ਕੀਮਤ ਦੱਸੀ ਹੈ।

ਲੰਡਨ ਵਿੱਚ ਅੰਡਰ ਗਰਾਊਂਡ ਟਰੇਨਾਂ ਤੇ ਮੋਮ ਦੇ ਬੁੱਤ

ਸੰਤ ਮਹਾਰਾਜ ਜੀ ਤੋਂ ਆਗਿਆ ਪ੍ਰਾਪਤ ਕਰ ਕੇ ਅਸੀਂ ਸ. ਪ੍ਰੀਤਮ ਸਿੰਘ ਝੱਮਟ, ਸ. ਈਸ਼ਰ ਸਿੰਘ ਕਲਸੀ ਨਾਲ 'ਅੰਡਰ ਗਰਾਊਂਡ' ਟਰੇਨ ਦੇਖਣ ਗਏ। ਹਾਈ ਗੇਟ ਟਿਊਬ ਸਟੇਸ਼ਨ ਤੋਂ ਟਰੇਨ ਵਿੱਚ ਬੈਠ ਇਉਸ਼ਟਨ ਜਾ ਉੱਤਰੇ। ਇਹ ਲੰਡਨ ਦਾ ਸਭ ਤੋਂ ਵੱਡਾ ਅੰਡਰ ਗਰਾਊਂਡ ਸਟੇਸ਼ਨ ਹੈ। ਏਥੇ ਅੰਡਰ ਗਰਾਊਂਡ ਦੀਆਂ ਤਿੰਨ ਲਾਈਨਾਂ ਪੈਂਦੀਆਂ ਹਨ। ਨਾਰਦਨ ਵਿਕਟੋਰੀਆ ਤੇ ਮੈਟਰੋਪੋਲੀਟਨ ਅਤੇ ਉੱਪਰ ਬ੍ਰਿਟਿਸ਼ ਰੇਲ ਦਾ ਭਾਰੀ ਜੰਕਸ਼ਨ ਹੈ, ਜਿੱਥੋਂ ਲੰਮੇ ਸਫ਼ਰ ਦੀਆਂ ਟਰੇਨਾਂ ਚਲਦੀਆਂ ਹਨ। ਜਿਸ ਪਲੇਟਫਾਰਮ ਤੇ ਅਸੀਂ ਉੱਤਰੇ ਸਾਂ, ਉਥੋਂ ਉੱਪਰ ਆਉਣ ਵਾਸਤੇ ਸਾਨੂੰ ਤਿੰਨ ਐਕਸਲਰੇਟ ਅਰਥਾਤ ਇਲੈਕਟਰਿਕ ਸਟੇਅਰਜ਼ ਲਿਫਟ, ਭਾਵ ਬਿਜਲੀ ਨਾਲ ਚਲਣ ਵਾਲੀਆਂ ਪੌੜੀਆਂ ਤੋਂ ਦੀ ਚੜ੍ਹਨਾ ਪਿਆ। ਇੱਕ ਪੌੜੀ ਕੋਈ ਸੌ ਫੁੱਟ ਤੋਂ ਜ਼ਿਆਦਾ ਡੂੰਘਾਈ ਦੀ ਹੈ। ਉਂਝ ਤਾਂ ਕਈ ਜਗ੍ਹਾ ਸੱਤ ਸੌ ਫੁੱਟ ਡੂੰਘੀ ਅੰਡਰ ਗਰਾਊਂਡ ਟਰੇਨ ਚਲਦੀ ਹੈ। ਉੱਥੋਂ ਟਰੇਨ ਬਦਲੀ ਕਰ ਕੇ ਅਸੀਂ ਬੇਕਰ ਸਟ੍ਰੀਟ ਸਟੇਸ਼ਨ ਤੇ ਜਾ ਉੱਤਰੇ। ਸਟੇਸ਼ਨ ਤੋਂ ਬਾਹਰ ਆਏ ਜਿਸ ਦੇ ਨਜ਼ਦੀਕ ਹੀ ਮੈਡਮ ਟੁਸੌਡ ਦਾ ਅਜਾਇਬ ਘਰ ਹੈ, ਜਿੱਥੇ ਕਿ ਦੁਨੀਆਂ ਦੇ ਮਸ਼ਹੂਰ ਵਿਅਕਤੀਆਂ ਦੇ ਮੋਮ ਦੇ ਬੁੱਤ ਬਣਾ ਕੇ ਰੱਖੇ ਹਨ ਜੋ ਕਿ ਆਪਣੀ ਕਾਰੀਗਰੀ ਦਾ ਆਪ ਹੀ ਨਮੂਨਾ ਹਨ। ਇਹ ਬੁੱਤ ਇਤਨੀ ਕਾਰੀਗਰੀ ਨਾਲ ਬਣਾਏ ਗਏ ਹਨ ਕਿ ਵੇਖਣ ਵਾਲਾ ਪਲ ਪਲ ਤੇ ਭੁਲੇਖਾ ਖਾ ਜਾਂਦਾ ਹੈ ਕਿ ਇਹ ਅਸਲੀ ਹੂ ਬ ਹੂ ਬੰਦਾ ਖੜਾ ਹੈ ਜਾਂ ਕਿ ਬੁੱਤ ਹੈ। ਇਨ੍ਹਾਂ ਵਿੱਚ ਮਹਾਤਮਾ ਗਾਂਧੀ, ਇੰਦਰਾ ਗਾਂਧੀ, ਜਵਾਹਰ ਲਾਲ ਨਹਿਰੂ ਦਾ ਵੀ ਬੁੱਤ ਹੈ। ਚਰਚਲ, ਮੈਕਮੀਲਨ, ਕੈਨੇਡੀ ਦਾ ਤੇ ਹੋਰ ਬਹੁਤ ਸਾਰੇ ਬੁੱਤ ਹਨ। ਮਲਕਾ ਵਿਕਟੋਰੀਆ ਤੇ ਉਨ੍ਹਾਂ ਦੇ ਪਿਛੋਕੜ ਤੋਂ ਹੁਣ ਤੱਕ ਸਾਰੇ ਖ਼ਾਨਦਾਨ ਦੇ ਬੁੱਤ ਹਨ, ਜਿਹਨਾਂ ਵਿੱਚ ਡਾਕਟਰ ਮਾਈਕਲ ਰਾਮਜੀ ਦਾ ਵੀ ਬੁੱਤ ਹੈ। ਡਾਕਟਰ ਮਾਈਕਲ ਰਾਮ ਜੀ ੧੯੪੭ ਈ. ਤੱਕ ਇੰਗਲੈਂਡ ਦੇ ਧਾਰਮਿਕ ਨੇਤਾ ਰਹੇ ਹਨ। ਇਹ ਬੜੇ ਹੀ ਸਨਮਾਨੇ ਜਾਣ ਵਾਲਾ ਸੁਲਝੇ ਦਿਮਾਗ਼ ਦਾ ਧਾਰਮਿਕ ਨੇਤਾ ਸੀ। ਇੱਕ ਵਾਰ ਕਿਸੇ ਮਾਮਲੇ ਦੇ ਸੁਲਝਾ ਵਾਸਤੇ ਸਿੱਖਾਂ ਦਾ ਇੱਕ ਡੈਪੁਟੇਸ਼ਨ ਇਨ੍ਹਾਂ ਨੂੰ ਮਿਲਿਆ ਸੀ। ਉਹ ਮੀਟਿੰਗ ਦੇ ਦੌਰਾਨ ਧਾਰਮਿਕ ਵੀਚਾਰਾਂ ਚੱਲੀਆਂ ਤਾਂ ਡਾਕਟਰ ਰਾਮਜੀ ਕਹਿਣ ਲੱਗਾ ਕਿ ਸਾਡੇ ਕਰਿਸਚਨ ਲੋਕਾਂ ਵਿੱਚੋਂ ਦਿਨੋਂ ਦਿਨ ਧਾਰਮਿਕ ਰੁਚੀ ਘਟ ਰਹੀ ਹੈ। ਸਾਡੇ ਚਰਚ ਗਿਰਜੇ ਬੰਦ ਹੋ ਰਹੇ ਹਨ ਤੇ ਸਿੱਖ ਚਰਚਾਂ ਦੀਆਂ ਬਿਲਡਿੰਗਾਂ ਖਰੀਦ ਦੇ ਗੁਰਦੁਆਰੇ ਬਣਾ ਰਹੇ ਹਨ। ਇਹ ਬੜੇ ਅਸਚਰਜ ਦੀ ਗੱਲ ਹੈ। ਇਸੇ ਚੱਕਰ ਵਿੱਚ ਮੈਡਮ ਟੁਸੌਡ ਦੇ ਨਾਲ ਲੱਗਦੇ ਲੰਡਨ ਪਲੈਨੀਟਰੋਅਲ ਭੀ ਵੇਖਿਆ ਜਿੱਥੇ ਉਪ ਗ੍ਰਹਿ ਚੰਦ ਤਾਰੇ ਆਦਿ ਵਿਖਾਏ ਜਾਂਦੇ ਹਨ ਤੇ ਉਨ੍ਹਾਂ ਬਾਬਤ ਜਾਣਕਾਰੀ ਦਿੱਤੀ ਜਾਂਦੀ ਹੈ। ਫੇਰ ਅੰਡਰ ਗਰਾਊਂਡ ਰੇਲ ਰਾਹੀਂ ਵਾਪਸ ਨਿਵਾਸ ਅਸਥਾਨ ਤੇ ਪੁੱਜ ਗਏ। ਦੂਸਰੇ ਦਿਨ ਬੋਵਰਨ ਸਫਾਰੀ ਪਾਰਕ ਦੇਖਣ ਗਏ।

ਬੋਵਰਨ ਸਫਾਰੀ ਪਾਰਕ

ਬੋਵਰਨ ਸਫਾਰੀ ਪਾਰਕ ਲੰਡਨ ਤੋਂ ੪੫ ਮੀਲ ਉੱਤਰ ਵੱਲ ਹੈ। ਇਹ ਪਾਰਕ ਕਈ ਮੀਲਾਂ ਵਿੱਚ ਹੈ ਜਿਸ ਨੂੰ 'ਡਿਊਕ ਆਫ ਬੈਡਫੋਰਡ' ਨੇ ਬਣਾਇਆ ਹੈ। ਏਥੇ ਸ਼ੇਰ, ਬਬਰ ਸ਼ੇਰ, ਗੈਂਡੇ, ਰਿੱਛ, ਰੋਝ, ਚਿਤਰੇ, ਹਾਥੀ, ਜ਼ਿਰਾਫ ਤੇ ਬਾਰਾਂ ਸਿੰਗੇ ਆਦਿ ਜੰਗਲੀ ਜਾਨਵਰ ਖੁੱਲ੍ਹੇ ਮੌਜ ਵਿੱਚ ਫਿਰਦੇ ਹਨ। ਕਾਰਾਂ ਦੇ ਸ਼ੀਸ਼ੇ ਬੰਦ ਕਰ ਕੇ ਪੱਕੀਆਂ ਸੜਕਾਂ ਤੇ ਵਿੱਚ ਦੀ ਵੇਖਦੇ ਜਾਂਦੇ ਹਨ। ਜਾਨਵਰ ਖੱਬੇ ਸੱਜੇ ਆਪਣੀ ਮੌਜ ਵਿੱਚ ਬੈਠੇ ਜਾਂ ਤੁਰੇ ਫਿਰਦੇ ਹਨ। ਇਸ ਨੂੰ ਵੇਖਣ ਵਾਸਤੇ ਬੇਅੰਤ ਸੈਲਾਨੀ ਆਉਂਦੇ ਹਨ। ਵੇਖਣ ਵਾਲੇ ਜਾਂ ਤਾਂ ਆਪਣੀ ਕਾਰ ਲੈ ਕੇ ਜਾਂਦੇ ਹਨ। ਜਾਂ ਫੇਰ ਗੇਟ ਤੋਂ ਬਾਹਰ ਬੱਸ ਚਲਦੀ ਹੈ, ਉਸ ਵਿੱਚ ਬੈਠ ਕੇ ਜਾਂਦੇ ਹਨ। ਇਹ ਬੜੀ ਸੁੰਦਰ ਜਗ੍ਹਾ ਦਿਲ ਨੂੰ ਕਸ਼ਿਸ਼ ਕਰਨ ਵਾਲੀ ਹੈ ਜਿਸ ਦੇ ਵਿਚਕਾਰ ਨਿਰਮਲ ਜਲ ਪੂਰਤ ਝੀਲਾਂ ਬਣਾਈਆਂ ਹਨ ਜਿਸ ਵਿੱਚ ਸੈਲਾਨੀ ਸਟੀਮਰ ਕਿਸ਼ਤੀਆਂ ਤੇ ਤੈਰਦੇ ਹਨ।

ਲੰਡਨ ਤੋਂ ਅੱਗੇ ਸਟੀਵਨੇਜ ਤੇ ਹਿਚਿਨ ਦਾ ਪ੍ਰੋਗਰਾਮ

ਇਉਂ ਗ਼ਰੀਬ ਨਿਵਾਜ਼ ਨੇ ਇੱਕ ਮਹੀਨਾ ੬ ਦਿਨ ਸ. ਪ੍ਰੀਤਮ ਸਿੰਘ ਇਆਲੀ ਦੇ ਗ੍ਰਹਿ (੩੨ ਬਰਚਿੰਗਟਨ ਰੋਡ, ਫਿੰਚਲੇ) ਨੂੰ ਭਾਗ ਲਾ ਕੇ ਲਗਾਤਾਰ ਬੱਤੀ ਦੀਵਾਨ ਗੁ. ਸਿੰਘ ਸਭਾ ਸਾਊਥਹਾਲ ਸਜਾਏ। ਇਤਨੇ ਦਿਨਾਂ ਵਿੱਚ ਇੱਕ ਰਸ ਨਾਮ ਬਾਣੀ ਦਾ ਪ੍ਰਵਾਹ ਚੱਲਦਾ ਰਿਹਾ। ਪਿਛਲੇ ਸਮਿਆਂ ਦੇ ਕਰਮ ਉਪਾਸਨਾ ਦੀ ਜਗ੍ਹਾ ਸੇਵਾ ਸਿਮਰਨ ਦਾ ਉਪਦੇਸ਼ ਦਿੱਤਾ।

ਏਥੇ ਆਪ ਜੀ ਨੇ ਇਹ ਦੱਸਿਆ ਕਿ ਖੁਦੀ ਤੇ ਲਾਲਚ ਨੇ ਬੰਦੇ ਨੂੰ ਐਸਾ ਪਾਗ਼ਲ ਕੀਤਾ ਹੈ ਕਿ ਉਹ ਸੰਤ, ਮਹੰਤ, ਨੇਕ ਪੁਰਸ਼ਾਂ ਤੇ ਅਵਤਾਰਾਂ, ਨਬੀਆਂ, ਪੈਗੰਬਰਾਂ ਨਾਲ ਭੀ ਦੁਸ਼ਮਨੀ ਦੇ ਭਾਵ ਪੈਦਾ ਕਰ ਲੈਂਦਾ ਹੈ।

ਹਜ਼ਰਤ ਈਸਾ ਤੇ ਮੂਸਾ ਨੂੰ ਜੰਗਲਾਂ 'ਚ ਫਿਰਾਇਆ। ਹਜਰਤ ਮੁਹੰਮਦ ਨੂੰ ਆਪਣੇ ਘਰ (ਮੱਕੇ) ਤੋਂ ਰਾਤੋ ਰਾਤ ਨਿੱਕਲਣਾ ਪਿਆ। ਉਸ ਦਾ ਦੋਸ਼ ਕੀ ਸੀ ਕਿ ਉਹ ਨੇਕੀ ਦੇ ਰਾਹ ਤੇ ਚੱਲਦਾ ਤੇ ਰੱਬ ਦਾ ਪ੍ਰਚਾਰ ਕਰਦਾ ਸੀ ਜਿਸ ਵਿੱਚ

ਖੁਦਗਰਜ਼ਾਂ ਦੀਆਂ ਦੁਕਾਨਾਂ ਬੰਦ ਹੁੰਦੀਆਂ ਸਨ। ਪਰ ਉਹ ਇਨ੍ਹਾਂ ਦੀ ਪ੍ਰਵਾਹ ਨਾ ਕਰਦੇ ਹੋਏ ਚੜ੍ਹਦੀਆਂ ਕਲਾਂ ਵਿੱਚ ਰਹੇ।

ਕਬੀਰ ਤੇ ਨਾਮਦੇਵ ਵਾਂਗ ਭਾਰਤ ਤੋਂ ਬਾਹਰ ਦੂਸਰੇ ਦੇਸ਼ਾਂ ਵਿੱਚ ਵੀ ਇਸ ਮੱਤ ਦੇ ਬਹੁਤ ਫ਼ਕੀਰ ਹੋਏ ਹਨ ਜਿਨ੍ਹਾਂ ਵਿੱਚ ਨਾਮ ਸਿਮਰਨ ਅਭਿਆਸ ਨੇ ਮਸਤੀਆਂ ਤੇ ਬੇਪ੍ਰਵਾਹੀਆਂ ਪੈਦਾ ਕੀਤੀਆਂ। ਪਰ ਉਹ ਖਲਕਤ ਦੀ ਨਿੰਦਾ ਉਸਤਤ ਤੋਂ ਉਤਾਂਹ ਹੋ ਸਭ ਨੂੰ ਖਰੀਆਂ ਖਰੀਆਂ ਸੁਣਾ ਗਏ। ਉਨ੍ਹਾਂ ਨੇ ਭਾਰੇ ਤਸੀਹੇ ਵੀ ਸਹੇ ਪਰ ਸੱਚ ਕਹਿਣੋ ਨਾ ਟਲੇ। ਨਮਰੂਦ ਦੀ ਸਭਾ ਵਿੱਚ ਇਬਰਾਹੀਮ, ਫਰਊਨ ਦੇ ਦਰਬਾਰ ਵਿੱਚ ਮੂਸਾ, ਯੋਰੋਸ਼ਲਮ ਦੇ ਮਹੰਤਾਂ ਦੇ ਮੁਕਾਬਲੇ ਤੇ ਈਸਾ, ਮੁਫ਼ਤੀਆਂ ਦੇ ਮੂੰਹ ਤੇ ਸਮਸਤਬਰੇਜ਼, ਖ਼ਲੀਫ਼ਾ ਦੀ ਮਰਜ਼ੀ ਦੇ ਖ਼ਿਲਾਫ਼ ਮਨਸੂਰ ਤੇ ਉਨ੍ਹਾਂ ਦੇ ਹੋਰ ਸਾਥੀ ਇਸ ਚੜ੍ਹਦੀ ਕਲਾ ਦੇ ਆਸਰੇ ਹੀ ਸਚਾਈ ਦੇ ਦ੍ਰਿੜ ਰਹਿ ਪ੍ਰਾਣਾਂ ਦੀਆਂ ਬਾਜੀਆਂ ਲਾ ਗਏ।

ਸੰਗਤਾਂ ਦਾ ਅਥਾਹ ਇਕੱਠ ਜੁੜਿਆ। ਗੁਰਦੁਆਰੇ ਦਾ ਹਾਲ ਤੇ ਲੰਗਰ ਵਾਲਾ ਪਾਸਾ ਭਰ ਕੇ ਵੀ ਪ੍ਰੇਮੀ ਬਾਹਰ ਸੜਕਾਂ ਤੇ ਖੜ੍ਹੇ ਰਹਿੰਦੇ। ਕਈ ਕਈ ਸੌ ਕਾਰ ਵੀ ਇਕੱਠੀ ਹੋ ਜਾਂਦੀ। ਆਖ਼ਰੀ ਦੀਵਾਨਾਂ ਦੇ ਸਮੇਂ ਡੇਢ ਦੋ ਸੌ ਟੇਪ ਹੋ ਜਾਂਦੀ ਰਹੀ। ਨਾਲ ਹੀ ਸ਼ਰਧਾਲੂ ਪ੍ਰੇਮੀਆਂ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਕੀਰਤਨ ਕਰਦੇ ਦਾਤੇ ਅਤੇ ਸੁਣ ਰਹੇ ਸਰੋਤਿਆਂ ਦੀਆਂ ਫੋਟੋਆਂ ਲਈਆਂ ਅਤੇ ਵੀਡੀਓ ਰੀਕਾਰਡਿੰਗ ਵੀ ਕੀਤੀ।

ਹਜ਼ੂਰ ਦੇ ਕੀਰਤਨ ਦਾ ਇਤਨਾ ਪ੍ਰਭਾਵ ਪਿਆ ਕਿ ਆਖ਼ਰੀ ਦਿਨ ੧੫-੬-੭੫ ਨੂੰ ਅੰਮ੍ਰਿਤ ਦਾ ਬਾਟਾ ਤਿਆਰ ਹੋਇਆ। ੨੨੦ ਸੱਜਣਾਂ ਨੇ ਖੰਡੇ ਦਾ ਅੰਮ੍ਰਿਤ ਪਾਨ ਕਰ ਸਦੀਵੀ ਮਾਸ ਸ਼ਰਾਬ ਨੂੰ ਤਿਲਾਂਜਲੀ ਦੇ ਦਿੱਤੀ। ਕਲੱਬਾਂ ਪੱਬਾਂ ਦੇ ਸ਼ੌਕੀਨ ਗੱਭਰੂ ਮੁੰਡੇ ਇਗਲੈਂਡ ਦੀ ਧਰਤੀ ਦੇ ਜੰਮਪਲ ਕੁੱਝ ਕੁ ਉਨ੍ਹਾਂ ਦੀ ਸੰਗਤ ਕਰਨ ਵਾਲੇ ਗੁਰਸਿੱਖੀ ਤੋਂ ਪਤਿਤ ਹੋਏ ਸਿੱਖ ਬੱਚੇ; ਜਿਨ੍ਹਾਂ ਦਾ ਹਰ ਪ੍ਰਕਾਰ ਦੀ ਅਜ਼ਾਦੀ ਵਿੱਚ ਜੀਵਨ ਮੌਲਿਆ, ਖੇਡਿਆ, ਖਾਣ ਪੀਣ ਦੀ ਖੁੱਲ੍ਹ, ਗੁਰਮਤ ਦੇ ਪ੍ਰਚਾਰ ਵੱਲੋਂ ਉੱਕਾ ਹੀ ਘਿਰਨਾ; ਉਨ੍ਹਾਂ ਦਾ ਕਿਸੇ ਮਹਾਂਪੁਰਸ਼ ਦੀ ਸੰਗਤ ਦੁਆਰਾ ਆਪਣੇ ਮਨ ਨੂੰ ਬੁਰਾਈਆਂ ਵਲੋਂ ਮੋੜਨਾ ਨੀਵੇਂ ਪਾਸੇ ਤੋਂ ਬੰਨ੍ਹ ਪਾ ਕੇ ਉੱਚੇ ਪਾਸੇ ਵੱਲ ਪਾਣੀ ਦੇ ਚੜ੍ਹਾ ਵਾਲੀ ਗੱਲ ਹੈ। ਲੰਡਨ ਵਿੱਚ ਇਤਨੇ ਸੱਜਣਾਂ ਦਾ ਅੰਮ੍ਰਿਤ ਛਕਣਾ ਇੰਡੀਆ ਦੇ ਦਸ ਹਜ਼ਾਰ ਦੇ ਬਰਾਬਰ ਹੈ।

ਆਖ਼ਰੀ ਦਿਨ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਬੜੀ ਪ੍ਰਸੰਸਾ ਪ੍ਰਗਟ ਕੀਤੀ ਅੱਗੇ ਵਾਸਤੇ ਫੇਰ ਦਰਸ਼ਨ ਦੀ ਬਖ਼ਸ਼ਿਸ਼ ਦੀ ਮੰਗ ਕੀਤੀ। ਪਰ ਆਪ ਜੀ ਪ੍ਰੇਮੀਆਂ ਦੇ ਪ੍ਰੇਮ ਵਸ ਹੋ ਅਗਾਂਹ ਸਮਾਂ ਦੇ ਚੁੱਕੇ ਸਨ। ਬੱਦਲ ਦੀ ਤਰ੍ਹਾਂ ਸਾਰੇ ਇਲਾਕੇ ਵਿੱਚ ਫਿਰ ਤੁਰ ਕੇ ਗੁਰਮਤ ਦਾ ਪ੍ਰਚਾਰ ਕਰਨਾ ਸੀ। ਔੜ ਲੱਗੀ ਤੋਂ ਖ਼ੁਸ਼ਕ ਧਰਤੀ ਤੇ ਮੀਂਹ ਦੀ ਲੋੜ ਵਾਂਗ ਗੁਰਸਿੱਖੀ ਦੀ ਘਾਟ ਮਹਿਸੂਸ ਕਰ ਕੇ ਲੰਡਨ ਤੋਂ ਤੀਹ ਮੀਲ ਉੱਤਰ ਵੱਲ ਸਟੀਵਨੇਜ਼ ਟਾਊਨ ਵਿਖੇ ਸ. ਜਗਦੇਵ ਸਿੰਘ ਗਰੇਵਾਲ ਦੇ ਪਾਸ ਰਿਹਾਇਸ਼ ਰੱਖੀ। ੧੬-੬-੭੫ ਤੋਂ ਹਿਚਨ ਟਾਊਨ ਹਾਲ ਵਿਖੇ ਕੀਰਤਨ ਸ਼ੁਰੂ ਕਰ ਦਿੱਤਾ। ਜੋ ਏਥੋਂ ਛੇ ਮੀਲ ਉੱਤਰ ਵੱਲ ਹੈ। ਏਹ ਪ੍ਰੇਮੀ ਕਿਲ੍ਹਾ ਰਾਇਪੁਰ ਤੋਂ ਸ. ਕਰਨੈਲ ਸਿੰਘ ਗਰੇਵਾਲ ਦਾ ਲੜਕਾ ਹੈ, (ਜਿਸ ਦਾ ਸਾਰਾ ਹੀ ਪ੍ਰਵਾਰ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਹੈ) ਸ. ਕ੍ਰਿਪਾਲ ਸਿੰਘ, ਬੀਬੀ ਸੁਰਜੀਤ ਕੌਰ ਇਹ ਪਹਿਲਾਂ ਅਫਰੀਕਾ ਰਹਿੰਦੇ ਸਨ। ੧੯੬੨ ਈ. ਵਿੱਚ ਲੰਡਨ ਦੇ ਏਰੀਏ ਸਟੀਵਨੇਜ ਆ ਗਏ। ੧੯੭੫ ਵਿੱਚ ਇਨ੍ਹਾਂ ਦੇ ਘਰ ਰਿਹਾਇਸ਼ ਰੱਖੀ ਬੜੇ ਚਾਅ ਨਾਲ ਸੇਵਾ ਕੀਤੀ। ਇਸ ਤੋਂ ਬਾਅਦ ਬੈਡਫੋਰਡ (ਜੋ ਸਟੀਵਨੇਜ਼ ਤੋਂ ੨੪ ਮੀਲ ਦੂਰ ਹੈ) ਟਾਊਨ ਵਿੱਚ ਦੋ ਦੀਵਾਨ ਸਜੇ, ਜਿਨ੍ਹਾਂ ਦਾ ਪ੍ਰਬੰਧ ਉਸ ਜਗ੍ਹਾ ਦੇ ਪ੍ਰੇਮੀਆਂ ਨੇ ਇਨ੍ਹਾਂ ਸੱਜਣਾਂ ਨਾਲ ਮਿਲ ਕੇ ਕੀਤਾ। ਜਿਨ੍ਹਾਂ ਵਿੱਚੋਂ ਪ੍ਰਗਟ ਸਿੰਘ, ਬਲਬੀਰ ਸਿੰਘ ਤੇ ਤਿਰਲੋਚਨ ਸਿੰਘ ਮੁੱਖੀ ਸਨ ਹੋਰ ਵੀ ਸਹਿਜ ਧਾਰੀ ਵੀਰ ਤੇ ਅੰਮ੍ਰਿਤ ਧਾਰੀ ਸਿੰਘ ਇਨ੍ਹਾਂ ਦੇ ਨਾਲ ਮਿਲ ਗਏ ਜੋ ਉਸ ਜਗ੍ਹਾ ਦੁਆਬੇ ਮਾਝੇ ਤੇ ਮਾਲਵੇ ਦੇ ਵਾਸੀ ਸਨ। ਏਥੇ ਸੰਤ ਜੀ ਮਹਾਰਾਜ ਨੇ ਇਹ ਉਪਦੇਸ਼ ਦਿੱਤਾ।

ਬੀਰ ਰਸ ਤੇ ਪਸ਼ੂ ਬਲ

ਲਾਲਾਂ ਤੇ ਅੰਗਾਰਾਂ ਦੋਹਾਂ ਵਿੱਚ ਦਮਕਾਂ ਹੁੰਦੀਆ ਹਨ ਪਰ ਕਿਸੇ ਅਤੀ ਅਨਜਾਣ ਤੋਂ ਬਿਨਾਂ ਕਿਸੇ ਨੇ ਲਾਲ, ਅੰਗਾਰ ਸਮਝ ਕੇ ਹੱਥੋਂ ਨਹੀਂ ਸੁੱਟ ਦੇਣਾ। ਇਹੋ ਹੀ ਫ਼ਰਕ ਬੀਰ ਰਸ ਤੇ ਪਸ਼ੂ ਬਲ ਵਿੱਚ ਸਮਝਣਾ ਚਾਹੀਦਾ ਹੈ। ਬੀਰ ਰਸ ਦਯਾ, ਕਰੁਨਾ ਤੇ ਸੇਵਾ ਦੇ ਜੌਹਰਾਂ ਕਰ ਚਕਮਦਾ ਹੈ ਤੇ ਪਸ਼ੂ ਬਲ ਈਰਖਾ, ਦ੍ਵੈਸ਼ ਤੇ ਕ੍ਰੋਧ ਦੇ ਸਾੜੇ ਕਰ ਭੜਕਦਾ ਹੈ। ਇੱਕ ਮਾਰਨ ਲਈ ਮਰਦਾ ਹੈ, ਦੂਜਾ ਮਰਦਿਆਂ ਨੂੰ ਬਚਾਉਣ ਲਈ ਮਾਰਦਾ ਹੈ। ਇੱਕ ਮੌਤ ਦੇ ਚਿਕੜ ਦੀ ਘਾਣੀ ਕਰਦਾ ਹੈ ਤੇ ਦੂਜਾ ਕੇਵਲ ਜੀਵਨ ਦਾ ਰਤਨ ਮੌਤ ਦੀ ਗੋਦੋਂ ਚੁੱਕ ਬਚਾਉਣ ਲਈ ਆਪਣਾ ਪੈਰ ਚਿੱਕੜ ਨਾਲ ਲਬੇੜਦਾ ਹੈ। ਸੱਚ ਤਾਂ ਇਹ ਹੈ ਕਿ ਪਸ਼ੂ ਬਲ ਜੀਵਨ ਨੂੰ ਮੁਕਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਬੀਰ ਰਸ ਮੌਤ ਨੂੰ ਮਾਰਨ ਦੀ।

ਖੰਡੇ ਤੋਂ ਪੈਦਾ ਹੋਏ ਹਾਂ ਖੰਡੇ ਦੇ ਵਾਂਗਰ ਤਿੱਖੇ ਹਾਂ।

ਪੀਤੇ ਨੇ ਨਾਲ ਪਤਾਸੇ ਵੀ ਜਿਸ ਕਰ ਕੇ ਨਾਲੇ ਮਿੱਠੇ ਹਾਂ।

ਏਸ ਜਗ੍ਹਾ ਤੋਂ ਤਿੰਨ ਦੀਵਾਨ ਲੂਟਨ ਦੇ ਟਾਊਨ ਹਾਲ ਵਿੱਚ ਲਾਏ। ਇਸ ਜਗਾ ਪ੍ਰੀਤਮ ਸਿੰਘ ਝੱਮਟ ਦੀ ਰਿਹਾਇਸ਼ ਸੀ। ਏਸੇ ਨੇ ਹੋਰ ਸੱਜਣਾਂ ਨਾਲ ਮਿਲ ਕੇ ਸੰਤ ਜੀ ਮਹਾਰਾਜ ਦੇ ਪਾਸ ਅਰਜ਼ ਕੀਤੀ ਤੇ ਦੀਵਾਨਾਂ ਦਾ ਸਮਾਂ ਲਿਆ ਸੀ। ਜੇਹਾ ਕਿ ਬਲਵੰਤ ਸਿੰਘ ਕਲਸੀ, ਮੇਜਰ ਸਿੰਘ ਉੱਪਲ, ਬਖਸ਼ੀਸ਼ ਸਿੰਘ ਬੁੱਟਰ ਤੇ ਸ਼ਮਸ਼ੇਰ ਸਿੰਘ ਤਾਂ ਮੁਖੀ ਸਨ। ਇਨ੍ਹਾਂ ਪ੍ਰੇਮੀਆਂ ਨੇ ਪਹਿਲਾਂ ਹੀ ਸੰਤ ਜੀ ਮਹਾਰਾਜ ਦੇ ਪਾਸ ਅਰਜ਼ ਕੀਤੀ ਹੋਈ ਸੀ ਕਿ ਮਹਾਰਾਜ! ਜਦੋਂ ਆਪ ਜੀ ਸਟੀਵਨੇਜ਼ ਤੇ ਹਿਚਨ ਦਾ ਪ੍ਰੋਗਰਾਮ ਰੱਖੋ ਤਾਂ ਲੂਟਨ ਦੀ ਸੰਗਤ ਉੱਪਰ ਵੀ ਬਖ਼ਸ਼ਿਸ਼ ਕਰਨੀ ਅਤੇ ਦੀਵਾਨਾਂ ਦਾ ਸਮਾਂ ਬਖ਼ਸ਼ਣਾ। ਗ਼ਰੀਬ ਨਿਵਾਜ਼ ਨੇ ਇਨ੍ਹਾਂ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰ ਕੇ ਮਨਜ਼ੂਰੀ ਬਖ਼ਸ਼ ਦਿੱਤੀ।

ਜਦੋਂ ਹਿਚਨ ਦੇ ਟਾਊਨ ਹਾਲ ਵਿੱਚ ਦੀਵਾਨ ਸਜਾਏ ਤਾਂ ਲੂਟਨ ਦੀ ਸੰਗਤ ਨੂੰ ੨੭-੨੮ ਤੇ ੨੯ ਜੂਨ ਦੇ ਤਿੰਨ ਦੀਵਾਨ ਬਖ਼ਸ਼ ਦਿੱਤੇ ਅਤੇ ਸ. ਪ੍ਰੀਤਮ ਸਿੰਘ ਝੱਮਟ ਦੀ ਬੇਨਤੀ ਪ੍ਰਵਾਨ ਕਰ ਐਤਵਾਰ ੨੯ ਜੂਨ ਨੂੰ ਕੁਰਸੀ ਦੇ ਸਮੇਂ ਦੀ ਵੀ ਬਖ਼ਸ਼ਿਸ਼ ਲੂਟਨ ਦੀ ਸੰਗਤ ਦੇ ਹਿੱਸੇ ਵਿੱਚ ਆ ਗਈ। ੨੧ ਜੂਨ ਸ਼ਨੀਵਾਰ ਦੀ ਕੁਰਸੀ ਸਟੀਵਨੇਜ਼ ਰਿਹਾਇਸ਼ੀ ਜਗ੍ਹਾ ਅਤੇ ੨੨ ਜੂਨ ਐਤਵਾਰ ਹਿਚਨ ਟਾਊਨ ਦੇ ਹਾਲ ਵਿੱਚ ਲੱਗੀ।

ਸਟੀਵਨੇਜ਼ ਤੋਂ ਈਸਟ ਲੰਡਨ ਵਾਪਸੀ

ਪੰਦਰਾਂ ਦਿਨਾਂ ਦਾ ਸਮਾਂ ਆਪਣੇ ਪ੍ਰੇਮੀਆਂ ਦੇ ਘਰ ਸਟੀਵਨੇਜ਼ ਰਿਹਾਇਸ਼ ਰੱਖ ਤਿੰਨ ਟਾਊਨਾ ਵਿਖੇ ਹਿਚਨ, ਬੈਡਫੋਰਡ ਤੇ ਲੂਟਨ ਵੰਡ ਕੇ ਦੀਵਾਨਾਂ ਦਾ ਟਾਈਮ ਬਖ਼ਸ਼ਿਆ। ਆਖ਼ਰੀ ਦਿਨ ਐਤਵਾਰ ਨੂੰ ਅੰਮ੍ਰਿਤ ਪ੍ਰਚਾਰ ਹੋਇਆ ਬਹੁਤ ਸੱਜਣ ਗੁਰੂ ਕੇ ਜਹਾਜ਼ੇ ਚੜ੍ਹੇ। ਉਪਰੰਤ ੩੦-੬-੭੫ ਸੋਮਵਾਰ ਨੂੰ ਸਵੇਰੇ ਪ੍ਰਸ਼ਾਦ ਛਕਣ ਤੋਂ ਬਾਅਦ ੩੨ ਸੈਲਬੋਰਨ ਰੋਡ 'ਇਲ ਫੋਰਡ' ਈਸਟ ਲੰਡਨ ਰਾਮਪੁਰ ਵਾਲੇ ਸ. ਈਸ਼ਰ ਸਿੰਘ ਕਲਸੀ ਦੇ ਪਾਸ ਰਿਹਾਇਸ਼ ਰੱਖੀ। ਦਰਸ਼ਨ ਕਰ ਕੇ ਇਸ ਦੇ ਹੋਰ ਵੀ ਨਿਕਟਵਰਤੀ ਗਵਾਂਢੀ ਅਰਸ਼ੀ ਪ੍ਰੀਤਮ ਤੋਂ ਵਰੋਸਾਏ, ਜਿਨ੍ਹਾਂ ਨੂੰ ਏਸੇ ਦੀ ਪ੍ਰੇਰਨਾ ਨੇ ਏਸ ਦਰ ਤੇ ਲਿਆ ਝੁਕਾਇਆ। ਜੈਸਾ ਕਿ ਸ. ਉਜਾਗਰ ਸਿੰਘ ਜੋ ਮੋਗੇ ਕੋਲ ਛੋਟੇ ਰਾਉ ਕੇ ਪਿੰਡ ਦਾ ੧੯੬੦ ਦੇ ਕਰੀਬ ਸਿੰਘਾਪੁਰ ਤੋਂ ਏਥੇ ਆਇਆ। ਇਸ ਦੇ ਘਰੋਂ ਬੀਬੀ ਗੁਰਨਾਮ ਕੌਰ ਜੋ ਭੈਰੋਂਮੁੰਨੇ ਤੋਂ ਇਸ ਨੇ ਸ. ਈਸ਼ਰ ਸਿੰਘ ਦੀ ਪ੍ਰੇਰਨਾ ਨਾਲ ਇੱਕੋ ਵਾਰ ਦੀਵਾਨ ਸੁਣਿਆ। ਫੇਰ ਤਾਂ ਅਜਿਹਾ ਨਿਹਾਲ ਹੋਇਆ, ਜੋ ਹਰੇਕ ਸੇਵਾ ਨੂੰ ਅੱਗੇ ਹੋ ਕੇ ਕਰਦਾ ਰਿਹਾ।

ਇਹ ਗੁਰੂ ਨਾਨਕ ਸਤਿਸੰਗ ਸਭਾ ਦਾ ਮੀਤ ਪ੍ਰਧਾਨ ਤੇ ਕਵੀ ਹੈ ਅਤੇ ਈਸ਼ਰ ਸਿੰਘ ਕਲਸੀ ਵੱਡਾ ਪ੍ਰਧਾਨ ਹੈ। ੧੯੭੪ ਈ. ਨੂੰ ਭਰੇ ਦੀਵਾਨ ਵਿੱਚ ਹਜ਼ੂਰ ਦੇ ਜਸ ਵਾਲੀ ਕਵਿਤਾ ਪੜ੍ਹੀ ਸੀ ਭਜਨ ਸਿਮਰਨ ਦਾ ਉਪਦੇਸ਼ ਵੀ ਲਿਆ ਹੈ। ਇਸੇ ਤਰ੍ਹਾਂ ਸ. ਗੁਰਮੇਲ ਸਿੰਘ ਕੰਗ ਜਿਸ ਨੇ ਦੀਵਾਨਾਂ ਵਾਸਤੇ ਹਾਲਾਂ ਦੀ ਬੁਕਿੰਗ ਵਗੈਰਾ ਅਤੇ ੧੯੭੪ ਈ. ਨੂੰ ਐਫੀਡੈਬਟ ਭੇਜਣ ਵਿੱਚ ਸਭ ਤੋਂ ਅੱਗੇ ਹੋ ਕੇ ਸੇਵਾ ਕੀਤੀ। ਇਸੇ ਤਰ੍ਹਾਂ ਸ. ਬਲਬੀਰ ਸਿੰਘ ਜੋ ਟੈਲੀਫੋਨ ਕੇਬਲ ਕੰਪਨੀ ਵਿੱਚ ਕੰਮ ਕਰਦਾ ਸੀ, ਜਿਸ ਦਾ ਜਲੰਧਰ ਜ਼ਿਲ੍ਹੇ ਵਿੱਚ ਬਿਲਗਾ ਪਿੰਡ ਹੈ ਅਤੇ ਇਸ ਦੇ ਘਰੋਂ ਬੀਬੀ ਰਛਪਾਲ ਕੌਰ ਵੀ ਏਸੇ ਕੋਲੋਂ ਹੀ ਦਾਤੇ ਦਾ ਜਸ ਸੁਣ ਕੇ ਦਰਸ਼ਨ ਲਈ ਆਏ।

ਵੂਲਵਿਚ ਟਾਊਨ ਹਾਲ ਦੀਵਾਨ ਸ਼ੁਰੂ ਹੋਏ।

੩੦-੬-੭੫ ਤੋਂ ੬-੭-੭੫ ਤੱਕ ਸੱਤ ਦੀਵਾਨ ਵੂਲਵਿਚ ਟਾਊਨ ਸਾਊਥ ਈਸਟ ਲੰਡਨ ਦੇ ਗੁਰਦੁਆਰੇ ਹੋਏ। ਇਹ ਗੁਰਦੁਆਰਾ ਰਾਮਗੜ੍ਹੀਆ ਸਿੰਘਾਂ ਦੇ ਉੱਦਮ ਨਾਲ ਬਣਿਆ ਹੈ। ਸਿੰਘਾਂ ਦੇ ਜਜ਼ਬਾਤ ਨੇ ਡਾਂਸ ਘਰ ਨੂੰ ਖਰੀਦ ਰੀਪੇਅਰ ਕਰ ਕੇ ਬੜੀ ਸੁੰਦਰ ਦੋ-ਮੰਜ਼ਲੀ ਬਿਲਡਿੰਗ ਤਿਆਰ ਕਰ ਲਈ। ਲੰਗਰ ਦਾ ਇੰਤਜ਼ਾਮ ਤੇ ਖੁੱਲ੍ਹਾ ਹਾਲ, ਬਾਥਰੂਮ ਤੇ ਟਾਇਲਟ ਵੱਖਰਾ ਹੈ। ਰੱਬੀ ਕੀਰਤਨ ਦੁਆਰਾ ਬਖ਼ਸ਼ੀ ਰੂਹ ਨੇ ਪਹਿਲੇ ਵਾਤਾਵਰਣ ਨੂੰ ਬਦਲ ਕੇ ਗੁਰੂ ਨਾਨਕ ਦੇ ਖ਼ਜ਼ਾਨੇ ਵਿੱਚੋਂ ਨਾਮ ਅੰਮ੍ਰਿਤ ਦਾ ਛਿੱਟਾ ਦੇ ਅਪਵਿੱਤਰ ਕੀਟਾਣੂ ਮਾਰ ਕੇ ਸ਼ੁੱਧ ਜਰਮਜ਼ ਪੈਦਾ ਕੀਤੇ ਜੋ ਰਿਹਾਇਸ਼ੀ ਅਸਥਾਨ ਤੋਂ ੧੫ ਮੀਲ ਦੂਰ ਸੀ। ਪਹਿਲੇ ਦਿਨ ਹੀ ਸੰਗਤ ਦਾ ਕਾਫ਼ੀ ਇਕੱਠ ਜੁੜ ਗਿਆ। ਆਖ਼ਰੀ ਦਿਨ ਐਤਵਾਰ ਨੂੰ ੩੧ ਪ੍ਰਾਣੀ ਖੰਡੇ ਦਾ ਅੰਮ੍ਰਿਤ ਪਾਨ ਕਰ ਗੁਰੂ ਕੇ ਜਹਾਜ਼ੇ ਚੜ੍ਹੇ।

ਹਫਤੇ ਵਿੱਚ ਸ਼ਨੀ ਤੇ ਐਤਵਾਰ ਦੋ ਦਿਨ ਦੁਪਹਿਰ ਦੇ ਗਿਆਰ੍ਹਾਂ ਤੋਂ ਬਾਰ੍ਹਾਂ ਤੱਕ ਇੱਕ ਘੰਟਾ ਪ੍ਰਮਾਰਥੀ ਬਚਨਾਂ ਵਾਸਤੇ ਰੱਖਿਆ ਹੁੰਦਾ ਜੋ ਅਲਬਰਟ ਰੋਡ ਚਰਚ ਹਾਲ ਵਿੱਚ ਜਗ੍ਹਾ ਰੀਜ਼ਰਵ ਕੀਤੀ ਸੀ। ੭-੭-੭੫ ਤੋਂ ਈਸਟਹੈਮ ਟਾਊਨ ਹਾਲ ਵਿੱਚ ਕੀਰਤਨ ਸ਼ੁਰੂ ਕਰ ਦਿੱਤਾ; ਜਿਨ੍ਹਾਂ ਵਿੱਚੋਂ ਹਫ਼ਤੇ ਦੇ ਦੋ ਦਿਨ, ਵੀਰਵਾਰ ਤੇ ਐਤਵਾਰ ਨੈਵਲ ਰੋਡ ਰਾਮਗੜ੍ਹੀਆ ਸਿੱਖ ਟੈਂਪਲ ਫਾਰੈਸਟ ਗੇਟ ਨੇ ਲੈ ਲਏ, ਜੋ ਰਿਹਾਇਸ਼ੀ ਜਗ੍ਹਾ ਤੋਂ ਚਾਰ ਮੀਲ ਦੂਰ ਸਨ। ਜਦੋਂ ਅਰਸ਼ੀ ਪ੍ਰੀਤਮ ਨੇ ਸੰਗਤ ਦੀ ਪ੍ਰਾਰਬਧ ਅਨੁਸਾਰ ਏਸ ਇਲਾਕੇ ਵਿੱਚ ਸਾਰਾ ਸਮਾਂ ਵੰਡ ਦਿੱਤਾ ਤਾਂ ਪ੍ਰਧਾਨ ਜਗੀਰ ਸਿੰਘ ਅਤੇ

ਸਕੱਤਰ ਅਜਮੇਰ ਸਿੰਘ ਸਹੋਤਾ, ਉਜਾਗਰ ਸਿੰਘ ਕਵੀ, ਨਾਲ ਈਸ਼ਰ ਸਿੰਘ ਕਲਸੀ, ਜਗਮੇਲ ਸਿੰਘ ਕੰਗ ਤੇ ਹੋਰ ਪ੍ਰਬੰਧਕਾਂ ਨੇ ਬਾਰਕਿੰਗ ਦੇ ਗੁਰਦੁਆਰੇ ਵਾਸਤੇ ਹਜ਼ੂਰ ਦੇ ਪਾਸ ਦੀਵਾਨਾਂ ਦੀ ਅਰਜ਼ ਕੀਤੀ ਪਰ ਸਮਾਂ ਨਾ ਹੋਣ ਦੇ ਕਾਰਣ ਉਨ੍ਹਾਂ ਦੇ ਹਿੱਸੇ ਵੀਰਵਾਰ ਨੂੰ ਕੇਵਲ ਇੱਕੋ ਦੀਵਾਨ ਹੀ ਆਇਆ। ਫੇਰ ਵੀ ਇਨ੍ਹਾਂ ਨੇ ਬੜੇ ਪ੍ਰੇਮ ਦਾ ਸਬੂਤ ਦਿੱਤਾ।

ਸੱਤ ਜੁਲਾਈ ਤੋਂ ੨ ਅਗਸਤ ੨੭ ਦੀਵਾਨ ਈਸਟ ਹੈਮ ਟਾਊਨ ਹਾਲ ਵਿੱਚ ਲੱਗੇ। ਸ. ਈਸ਼ਰ ਸਿੰਘ ਕਲਸੀ ਤੇ ਹੋਰ ਇਸ ਨਾਲ ਸਹਿਯੋਗ ਦੇਣ ਵਾਲੇ ਸੱਜਣਾਂ ਨੇ ਸੋਹਣਾ ਪ੍ਰਬੰਧ ਕੀਤਾ। ੩-੮-੭੫ ਨੂੰ ਸਵੇਰੇ ਐਤਵਾਰ ਵਾਲੇ ਦਿਨ (ਨੈਵਲ ਰੋਡ ਰਾਮਗੜ੍ਹੀਆ ਸਿੱਖ ਟੈਂਪਲ ਫਾਰੈਸਟ ਗੇਟ) ਅੰਮ੍ਰਿਤ ਪ੍ਰਚਾਰ ਹੋਇਆ। ਜਿਸ ਵਿੱਚ ੧੧੫ ਪ੍ਰੇਮੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚ ਕਈ ਬਿਲਕੁਲ ਮੋਨੇ, ਕਈ ਪਤਿਤ ਹੋਏ ਪੰਜਾਬੀ ਵੀਰ ਤੇ ਮੌਲਵੀ ਟਾਈਪ ਦੇ ਨੌਜਵਾਨ ਵੀ ਸ਼ਾਮਲ ਸਨ। ਇਹ ਸਾਰੇ ਸਿੰਘ ਸਜ ਗੁਰੂ ਕੇ ਜਹਾਜ਼ੇ ਚੜ੍ਹੇ। ੧੧੫ ਪ੍ਰਾਣੀ ਇੰਡੀਆ ਦੇ ਪੰਜ ਹਜ਼ਾਰ ਦੇ ਬਰਾਬਰ ਹਨ। ੨-੮-੭੫ ਦੇ ਐਤਵਾਰ ਦੀ ਕੁਰਸੀ ਦਾ ਸਮਾਂ ਗਰੇਜ ਟਾਊਨ ਦੇ ਪ੍ਰੇਮੀਆਂ ਨੇ (ਜਿੱਥੋਂ ਰਿਹਇਸ਼ੀ ਜਗ੍ਹਾ ੧੬ ਮੀਲ ਦੂਰ ਸੀ) ਹਜ਼ੂਰ ਦੇ ਪਾਸ ਅਰਜ਼ ਕਰ ਕੇ ਲੈ ਲਿਆ। ਉਸ ਜਗ੍ਹਾ ਕੁਰਸੀ ਲੱਗੀ। ੩-੮-੭੫ ਨੂੰ ਸ਼ਾਮ ਦਾ ਦੀਵਾਨ ਗਰੇਵਜੈਂਡ ਟਾਊਨ ਦੇ ਗੁਰਦੁਆਰੇ ਸਜਿਆ ਜੋ ਰਿਹਾਇਸ਼ੀ ਅਸਥਾਨ ਇਲਫੋਰਡ ਈਸਟ ਲੰਡਨ ਤੋਂ ੨੫ ਮੀਲ ਦੂਰ ਸਾਊਥ ਈਸਟ ਵੱਲ ਹੈ। ਆਪ ਜੀ ਨੇ ੩-੮-੭੫ ਤੋਂ ੯-੮-੭੫ ਤੱਕ ਸੱਤ ਦੀਵਨ ਬਖ਼ਸ਼ਸ਼ ਦਿੱਤੇ। ਪਹਿਲੇ ਦਿਨ ਹੀ ਬੜਾ ਇਕੱਠ ਜੁੜਿਆ, ਸੋਹਣਾ ਗੁਰਦੁਆਰਾ ਸਾਹਿਬ (ਜੁ ਚਰਚ ਖਰੀਦ ਕੇ ਬਣਾਇਆ ਸੀ) ਤੇ ਸੰਗਤਾਂ ਦੇ ਬੈਠਣ ਵਾਸਤੇ ਖੁੱਲ੍ਹਾ ਹਾਲ ਹੈ।

ਰੌਚੈਸਟਰ ਕੈਂਟ

੧੦-੮-੭੫ ਨੂੰ ਐਤਵਾਰ ਦਾ ਦਿਨ ਰੈਸਟ ਵਾਸਤੇ ਰੱਖਿਆ ਸੀ ਅਤੇ ਇਸੇ ਹੀ ਦਿਨ ਅੱਗੇ ਵੂਲਵਰਹੈਂਪਟਨ ਸ. ਸੁਦਾਗਰ ਸਿੰਘ ਗਿੱਲ ਦੇ ਘਰ ਪਹੁੰਚਣ ਦਾ ਪ੍ਰੋਗਰਾਮ ਬਣਾਇਆ ਸੀ। ਇਹ ਪ੍ਰੇਮੀ ਕਾਫ਼ੀ ਸਮੇਂ ਦਾ ਬੇਨਤੀਆਂ ਕਰਦਾ ਹੋਇਆ ਦੀਵਾਨਾਂ ਦਾ ਸਮਾਂ ਲੈ ਕੇ ਕੀਰਤਨ ਵਾਸਤੇ ਹਾਲ ਦੀ ਬੁਕਿੰਗ ਤੇ ਦਾਤੇ ਸਮੇਤ ਸਿੰਘਾਂ ਦੀ ਰਿਹਾਇਸ਼ ਦਾ ਇੰਤਜ਼ਾਮ ਕਰ ਚੁੱਕਾ ਸੀ। ਪੂਰਨ ਸ਼ਰਧਾਲੂ ਤੇ ਪਹਿਲਾਂ ਦਾ ਪ੍ਰੇਮੀ ਸੀ। ਪਰ ਏਧਰੋ ਸ. ਧੰਨਾ ਸਿੰਘ ਸੈਕਟਰੀ ਗੁਰਦੁਆਰਾ ਰੌਚੈਸਟਨ ਟਾਊਨ ਤੋਂ (ਜੋ ਕੈਂਟ ਦੇ ਇਲਾਕੇ ਵਿੱਚ ਹੈ) ਕੁੱਝ ਕੁ ਹੋਰ ਪ੍ਰਬੰਧਕਾਂ ਨੂੰ ਨਾਲ ਲੈ ਕੇ ਗੁਰਦੁਆਰੇ ਵਾਸਤੇ ਦੀਵਾਨਾਂ ਦੀ ਮੰਗ ਕੀਤੀ ਪਰ ਸਮਾਂ ਨਾ ਹੋਣ ਕਰ ਕੇ ਬੜੀ ਮਜ਼ਬੂਰੀ ਦੱਸੀ। ਇਹ ਆਪਣੀ ਹੀ ਰਟ ਲਾਈ ਜਾਵੇ ਕਿ ਮੈਂ ਪੁਰਾਣਾ ਪ੍ਰੇਮੀ ਤੇ ਰਾੜਾ ਸਾਹਿਬ ਦੇ ਨਜ਼ਦੀਕ ਕੋਟ ਗੰਗੂ ਰਾਏ ਦਾ ਹਾਂ ਮੇਰੀ ਬੇਨਤੀ ਜ਼ਰੂਰ ਪ੍ਰਵਾਨ ਹੋਵੇਗੀ।

ਦਾਤੇ ਨੇ ਇਸ ਦਾ ਪ੍ਰੇਮ ਅਨੁਭਵ ਕਰ ਅਤੇ ਮਾਣ ਰੱਖਣ ਵਾਸਤੇ ੧੦-੮-੭੫ ਵਾਲੇ ਐਤਵਾਰ ਦਾ ਦੀਵਾਨ (ਜੋ ਰੈਸਟ ਵਾਸਤੇ ਰੱਖਿਆ ਸੀ) ਇਸ ਨੂੰ ਦੇ ਦਿੱਤਾ। ਗ਼ਰੀਬ ਨਿਵਾਜ਼ ਦੀ ਉਦਾਰਤਾ ਤੱਕ

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥ (ਸੋਰਠਿ ਮਃ ੫ - ੬੧੦)

ਬੜਾ ਹੀ ਪ੍ਰਸੰਨ ਹੋਇਆ। ਇਸ ਨੇ ਆਪਣੇ ਟਾਊਨ ਵਿੱਚ (ਜੋ ਰਿਹਾਇਸ਼ੀ ਜਗ੍ਹਾ ਤੋਂ ਸਾਊਥ ਈਸਟ ਵੱਲ ੩੨ ਮੀਲ ਦੂਰ ਸੀ) ਚਰਚ ਖਰੀਦ ਕੇ ਗੁਰਦੁਆਰਾ ਬਣਾਇਆ ਸੀ। ਸੰਗਤਾਂ ਨੂੰ ਪਤਾ ਕਰ ਦਿੱਤਾ। ਸ਼ਾਮ ਦੇ ਦੀਵਾਨ ਵਿੱਚ ਬੜਾ ਭਾਰੀ ਇਕੱਠ ਹੋਇਆ। ਅਖ਼ੀਰ ਤੇ ਇੱਕ ਪ੍ਰੇਮੀ ਸ. ਕ੍ਰਿਪਾਲ ਸਿੰਘ ਨੇ ਜੋ ਲੁਧਿਆਣੇ ਜ਼ਿਲੇ ਦੇ ਜਗਰਾਵਾਂ ਕੋਲ ਚੀਮੇ ਪਿੰਡ ਦਾ ਸੀ ਦਾਤੇ ਦੀ ਪ੍ਰਸੰਸਾ ਵਿੱਚ ਇਹ ਸ਼ਬਦ ਵਰਤੇ ਕਿ 'ਮੈਂ ਆਪਣੀ ਜ਼ਿੰਦਗ਼ੀ ਵਿੱਚ ਏਹੋ ਹੀ ਇੱਕ ਮਹਾਂਪੁਰਸ਼ ਵੇਖੇ ਹਨ ਜਿਨ੍ਹਾਂ ਨੇ ਸਰੀਰ ਵੀ ਆਪਣਾ ਨਹੀਂ ਸਮਝਿਆ ਅਤੇ ਇਸ ਨੂੰ ਸੰਗਤਾਂ ਦੀ ਅਮਾਨਤ ਜਾਣ ਕੇ ਆਪਣੇ ਅਰਾਮ ਦਾ ਖ਼ਿਆਲ ਨਾ ਕਰਦੇ ਹੋਇਆ ਰੈਸਟ ਵਾਲਾ ਦਿਨ ਵੀ ਸੰਗਤਾਂ ਉੱਪਰੋਂ ਕੁਰਬਾਨ ਕਰ ਦਿੱਤਾ।' ਇਹੋ ਹੀ ਸੂਰਬੀਰ ਪਰਉਪਕਾਰੀ ਪੂਰਨ ਮਹਾਂਪੁਰਸ਼ ਦੇ ਲੱਛਣ ਹਨ:

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥

(ਗਉੜੀ ਸੁਖਮਨੀ ਮਃ ੫ - ੨੭੩)

ਪ੍ਰੇਮੀਆਂ ਤੇ ਕੀਰਤਨ ਦਾ ਇਤਨਾ ਅਸਰ ਪਿਆ ਕਿ ਕਈ ਕੁ ਸੱਜਣ ਤਾਂ ਆਪਣੇ ਗ਼ੁਨਾਹਾਂ ਵੱਲ ਤੱਕ ਦੀਵਾਨ ਦੇ ਵਿੱਚੇ ਹੀ ਉੱਚੀ ਉੱਚੀ ਭੁੱਬਾਂ ਮਾਰਦੇ ਦੇਖੇ ਗਏ, ਹਜ਼ੂਰ ਨੇ ਉਨ੍ਹਾਂ ਨੂੰ ਧੀਰਜ ਦਿੱਤਾ ਤੇ ਕਿਹਾ:

ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ ॥੨੧॥੩੬॥

(ਭਾ. ਗੁਰਦਾਸ ਜੀ: ਵਾਰ ੩੬ ਪਉੜੀ ੨੧)

ਵੂਲਵਰਹੈਂਪਟਨ ਵਿੱਚ ਕਈ ਫੈਕਟਰੀਆਂ ਹਨ। ਪਰ ਘੁੱਗੂ ਕਿਸੇ ਦਾ ਨਹੀਂ ਬੋਲਦਾ। ਚੁੱਪ ਚਾਪ ਕੰਮ ਚੱਲਦਾ ਹੈ। ਲੋਕ ਆਮ ਰੁਜ਼ਗਾਰ ਤੇ ਲੱਗੇ ਹੋਏ ਨੇ। ਸੜਕਾਂ ਸਾਫ਼ ਸੁਥਰੀਆਂ, ਸੱਪਣੀ ਦੀ ਖੱਲ ਵਰਗੀਆਂ ਮੁਲਾਇਮ ਹਨ। ਜਗ੍ਹਾ

ਜਗ੍ਹਾ ਟੈਲੀਫੋਨ ਬਕਸੇ ਬਣੇ ਹਨ, ਡਾਇਰੈਕਟ੍ਰੀ ਦੇਖੋ, ਪੈਸੇ ਪਾਓ ਤੇ ਗੱਲਾਂ ਕਰੋ।

ਵੂਲਵਰਹੈਂਪਟਨ ਦਾ ਪ੍ਰੋਗਰਾਮ

ਈਸਟ ਲੰਡਨ ਤੋਂ ਮਿਡਲੈਂਡ ਦੇ ਇਲਾਕੇ ਵੂਲਵਰਹੈਂਪਟਨ ਨੂੰ ਜਾਣ ਵਾਸਤੇ (ਜੋ ਕਿ ਰਿਹਾਇਸ਼ੀ ਜਗ੍ਹਾ ਤੋਂ ਨਾਰਥ ਵੱਲ ੧੫੦ ਮੀਲ ਦੂਰ ਸੀ) ੧੧-੮-੭੫ ਨੂੰ ਸ਼ਾਮ ਦੇ ਸੱਤ ਵਜੇ ਤਿਆਰ ਹੋਏ। ਜਦੋਂ ਪ੍ਰੇਮੀਆਂ ਨੂੰ ਪਤਾ ਲੱਗਾ ਤਾਂ ਆਪਣੇ ਕੰਮਾਂ ਤੋਂ ਛੁੱਟੀਆਂ ਕਰ ਹਜ਼ੂਰ ਦੇ ਦਰਸ਼ਨਾਂ ਵਾਸਤੇ ਇਉਂ ਉਤਾਵਲੇ ਹੋਏ ਦੌੜੇ ਜਿਵੇਂ ਪਿਆਸਾ ਪੁਰਸ਼ ਜਲ ਦੀ ਕਨਸੋ ਸੁਣ ਕੇ ਆਪਣੀ ਪਿਆਸ ਬੁਝਾਉਣ ਵਾਸਤੇ ਆਉਂਦਾ ਹੈ। ਕਈ ਤਾਂ ਸਵੇਰ ਤੋਂ ਹੀ ਆਪਣੀਆਂ ਗੱਡੀਆਂ ਲੈ ਕੇ ਆ ਪੁੱਜੇ ਸਨ। ਜੈਸਾ ਕਿ ਹਿਚਨ ਤੋਂ ਸ. ਪ੍ਰਗਟ ਸਿੰਘ ਤੇ ਕੁਲਦੀਪ ਸਿੰਘ ਅਤੇ ਸਟੀਵਨੇਜ਼ ਤੋਂ ਜਗਦੇਵ ਸਿੰਘ ਗਰੇਵਾਲ ਅਤੇ ਸ. ਅਮਰਜੀਤ ਸਿੰਘ। ਕੁੱਝ ਕੁ ਪ੍ਰੇਮੀ ਬਾਅਦ ਵਿੱਚ ਆ ਗਏ। ਲੂਟਨ ਤੋਂ ਸ. ਬਲਵੰਤ ਸਿੰਘ ਕਲਸੀ ਹੋਰ ਗੁਰਦੁਆਰਿਆਂ ਦੇ ਪ੍ਰਬੰਧਕ ਸੱਜਣ ਤੇ ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ, ਜੇਕਰ ਸਾਰਿਆਂ ਦਾ ਨਾਮ ਦਿੱਤਾ ਜਾਵੇ ਤਾਂ ਪੁਸਤਕ ਦਾ ਆਕਾਰ ਬਹੁਤ ਵੱਧ ਜਾਵੇਗਾ। ਬਸ! ਇਤਨਾ ਹੀ ਦਸ ਦੇਣਾ ਕਾਫ਼ੀ ਹੋਵੇਗਾ ਕਿ ਸ਼ਾਮ ਦੇ ਪੰਜ ਵਜੇ ਤੱਕ ਦੋ ਕੁ ਸੌ ਦੇ ਕਰੀਬ ਸ਼ਰਧਾਲੂ ਪ੍ਰਵਾਰਾਂ ਸਮੇਤ ਆ ਗਏ। ਜਿਨ੍ਹਾਂ ਸਭਨਾਂ ਕੋਲ ਗੱਡੀਆਂ ਸਨ ਪਰ ਦਸ ਬਾਰਾਂ ਗੁਰਮੁੱਖਾਂ ਨੇ ਤਾਂ ਆਪਣੀ ਸ਼ਰਧਾ ਤੇ ਪਿਆਰ ਦਾ ਸਬੂਤ ਦਿੰਦਿਆਂ ਹੋਇਆਂ ਜਥੇ ਦੇ ਇੱਕ ਇੱਕ ਸਿੰਘ ਨੂੰ ਬਿਠਾ ਕੇ ਨਾਲ ਹੀ ਆਉਣਾ ਕੀਤਾ। ਉਸ ਸਮੇਂ ਘਰ ਵਾਲੇ ਪ੍ਰੇਮੀਆਂ ਦੇ ਮਨਾਂ ਦੀ ਹਾਲਤ ਦਾ ਉਹੋ ਹੀ ਅੰਦਾਜ਼ਾ ਲਗਾ ਸਕਦਾ ਹੈ, ਜਿਨ੍ਹਾਂ ਉੱਪਰ ਕਦੇ ਏਹੋ ਜੇਹੀ ਵੈਰਾਗ ਦਸ਼ਾ ਵਾਪਰੀ ਹੋਵੇ। ਜਿਨ੍ਹਾਂ ਦੇ ਘਰ ੪੫ ਦਿਨਾਂ ਦਾ ਲੰਬਾ ਅਰਸਾ ਅਰਸ਼ੀ ਪ੍ਰੀਤਮ ਨੇ ਆਪਣੇ ਚਰਨਾਂ ਦੀ ਛੂਹ ਬਖ਼ਸ਼ ਭੋਗ ਮੋਖ ਦੇ ਸੁੱਖ ਪ੍ਰਦਾਨ ਕੀਤੇ। ਫੇਰ ਜਿਤਨੇ ਵੀ ਇੱਥੇ ਰਹਿਣ ਵਾਲੇ ਨਾਲ ਦੇ ਸਿੰਘ ਸਨ, ਸਭਨਾਂ ਨੂੰ ਵੱਧ ਤੋਂ ਵੱਧ ਮੂਲਮੰਤ੍ਰ ਦੇ ਜਾਪ ਕਰਨ ਦੀ ਆਗਿਆ ਸੀ। ਜੋ ਮਾਲਾ ਦੁਆਰਾ ਗਿਣਤੀ ਕਰ ਕੇ ਸ਼ਾਮ ਨੂੰ ਇੱਕ ਸੱਜਣ ਦੇ ਪਾਸ ਲਿਖਾਉਂਦੇ ਸਨ। ਸਵੇਰੇ ਅੰਮ੍ਰਿਤ ਵੇਲੇ ਦੋ ਵਜੇ ਤਾਂ ਸਾਰੇ ਜਾਗਦੇ ਹੀ ਸਨ ਤੇ ਇਸ਼ਨਾਨ ਕਰ ਕੇ ਆਪਣਾ ਨਿੱਤਨੇਮ ਜਾਂ ਗੁਰ ਸ਼ਬਦ ਦਾ ਜਾਪ ਕਰਦੇ। ਪਰ ਦਿਨੇ ਵੀ ਗੁਰਬਾਣੀ ਦਾ ਪਾਠ ਤੇ ਮੂਲਮੰਤ੍ਰ ਦੀਆਂ ਮਾਲਾ ਜਾਰੀ ਰੱਖਦੇ।

ਕੀਰਤਨ ਦੀ ਡਿਊਟੀ ਤੋਂ ਇਲਾਵਾ ਰਾਤ ਦੇ ਬਾਰਾਂ ਵਜੇ ਤੱਕ ਭਜਨ ਜਾਰੀ ਰੱਖਦੇ ਸਨ ਕਿਉਂਕਿ ਸਾਢੇ ਨੌਂ ਵਜੇ ਦੀਵਾਨ ਦੀ ਸਮਾਪਤੀ, ਅਰਦਾਸ ਉਪਰੰਤ ਹੁਕਮ ਲੈ ਕੇ ਕੜਾਹ ਪ੍ਰਸ਼ਾਦ ਵਰਤਦਿਆਂ ਦਸ ਵਜ ਜਾਂਦੇ। ਵਾਪਸ ਆਉਂਦਿਆਂ ਗਿਆਰ੍ਹਾਂ ਦਾ ਸਮਾਂ ਹੋ ਜਾਂਦਾ, ਜੇ ਕਦੇ ਦੂਰੋਂ ਆਉਣਾ ਤਾਂ ਏਦੂੰ ਵੀ ਵੱਧ ਸਮਾਂ ਲੱਗ ਜਾਣਾ। ਫੇਰ ਜਲ ਪਾਣੀ ਛਕ ਕੇ ਬਿਰਾਜਦਿਆਂ ਨੂੰ ਬਾਰਾਂ ਹੀ ਵਜ ਜਾਂਦੇ। ਦੋ ਵਜੇ ਫੇਰ ਇਸ਼ਨਾਨ ਕਰ ਕੇ ਸਿਮਰਨ ਸ਼ੁਰੂ ਕਰ ਦਿੰਦੇ। ਦੁਪਹਿਰ ਦੇ ਸਮੇਂ ਪ੍ਰਸ਼ਾਦ ਛਕ ਕੇ ਦੋ ਜਾਂ ਤਿੰਨ ਘੰਟੇ ਅਰਾਮ ਕਰ ਲੈਂਦੇ। ਅੱਠਾਂ ਪਹਿਰਾਂ ਵਿੱਚ ਗੁਰਬਾਣੀ ਦੇ ਨਿੱਤਨੇਮ ਤੋਂ ਇਲਾਵਾ ਸਹਿਜੇ ਹੀ ਸੱਤ ਸੌ ਜਾਂ ਅੱਠ ਸੌ ਮੂਲਮੰਤ੍ਰ ਦੇ ਜਾਪ ਦੀਆਂ ਮਾਲਾ ਹੋ ਜਾਂਦੀਆਂ।

ਜੇ ਕੋਈ ਪ੍ਰੇਮੀ ਰੋਜ਼ ਮੂਲਮੰਤ੍ਰ ਦੀਆਂ ਛੇ ਮਾਲਾ ਕਰੇ ਤਾਂ ਉਸ ਨੂੰ ਮਹੀਨੇ ਵਿੱਚ ਇੱਕ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਫ਼ਲ ਮਿਲ ਜਾਂਦਾ ਹੈ। ਇਸ ਹਿਸਾਬ ਨਾਲ ੧੮੦ ਮਾਲਾ ਕੀਤਿਆਂ ਇੱਕ ਸਹਿਜ ਪਾਠ ਦਾ ਮਹਾਤਮ ਮਿਲਦਾ ਹੈ ਅਤੇ ਸਾਰੇ ਪ੍ਰੇਮੀਆਂ ਦੀਆ ਮਾਲਾ ਨਾਲ ਤਾਂ ਰੋਜ਼ ਦੇ ਚਾਰ ਪਾਠਾਂ ਦਾ ਭੋਗ ਪੈ ਜਾਂਦਾ ਸੀ। ਫੇਰ ਸੁਖਮਨੀ ਸਾਹਿਬ, ਆਸਾ ਜੀ ਦੀ ਵਾਰ ਤੇ ਪੰਜ ਬਾਣੀਆਂ ਦਾ ਪਾਠ ਰਹਿਰਾਸ ਕੀਰਤਨ ਸੋਹਿਲੇ ਦੇ ਸਮੇਤ ਨਿੱਤਨੇਮ, ਅਤੇ ਮਹਾਂਪੁਰਸ਼ਾਂ ਦੀ ਅੱਡੋ ਅੱਡ ਅਧਿਕਾਰੀਆਂ ਪ੍ਰਤੀ ਦੱਸੀ ਜੁਗਤੀ ਦੁਆਰਾ ਅੰਤਰ ਆਤਮੇ ਗੁਰ ਸ਼ਬਦ ਦਾ ਅਭਿਆਸ ਵੱਖਰਾ। ਜਿੱਥੇ ਹਰ ਰੋਜ਼ ਇਤਨਾ ਭਜਨ ਹੁੰਦਾ ਹੋਵੇ ਉਸ ਅਸਥਾਨ ਦੀ ਪਵਿੱਤਰਤਾ ਦਾ ਅੰਦਾਜ਼ਾ ਕੌਣ ਲਗਾ ਸਕਦਾ ਹੈ ਅਤੇ ਜਿਸ ਜਗ੍ਹਾ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ਾਂ ਦੇ ਚਰਨ ਪੈ ਜਾਵਨ ਉਹ ਜਗ੍ਹਾ ਤਾਂ ਤੀਰਥਾਂ ਤੋਂ ਸ਼ਰੋਮਣੀ ਬਣ ਜਾਂਦੀ ਹੈ। ਯਥਾ:

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ ਤਹ ਬੈਕੁੰਠੁ ਜਹ ਨਾਮੁ ਉਚਰਹਿ ॥

(ਰਾਮਕਲੀ ਮਃ ੫ - ੮੯੦)

ਇਤਨੀ ਪਵਿੱਤਰ ਧਰਤੀ ਜਿਸ ਦੇ ਜ਼ਰਰੇ ਜ਼ਰਰੇ ਵਿੱਚੋਂ ਨਾਮ ਦੀ ਖੁਸ਼ਬੂ ਤੇ ਸਦੀਆਂ ਤੱਕ ਭਗਤੀ ਦੇ ਪ੍ਰਮਾਣੂ ਰਹਿਣ, ਉਸ ਦੀ ਮਹੱਤਤਾ ਕੌਣ ਦੱਸ ਸਕਦਾ ਹੈ। ਇਸ ਗੁਰਮੁਖ ਪ੍ਰਵਾਰ ਨੇ ਬੱਚਿਆਂ ਸਮੇਤ ਰਾਤ ਦਿਨ ਇੱਕ ਕਰ ਕੇ ਬੜੀ ਭਾਵਨਾ ਨਾਲ ਸੇਵਾ ਕੀਤੀ। ਸੰਤ ਜੀ ਮਹਾਰਾਜ ਤੇ ਸੰਗਤ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਆਪਣੇ ਸਰੀਰਕ ਸੁੱਖ ਕੁਰਬਾਨ ਕਰ ਦਿੱਤੇ। ਸ. ਈਸ਼ਰ ਸਿੰਘ ਕਲਸੀ ਤੋਂ ਇਲਾਵਾ ਇਨ੍ਹਾਂ ਦੇ ਘਰੋਂ ਬੀਬੀ ਸੁਰਜੀਤ ਕੌਰ ਤੇ ਵੱਡੇ ਕਾਕੇ ਸਤਿੰਦਰ ਸਿੰਘ ਦੇ ਤਾਂ ਆਲਸ ਕਦੇ ਨੇੜੇ ਨਹੀਂ ਦੇਖਿਆ ਗਿਆ। ਹਰ ਸਮੇਂ ਸੇਵਾ ਦੀ ਮਸਤੀ ਹੀ ਚੜ੍ਹੀ ਰਹਿੰਦੀ। ਜਿਵੇਂ

ਬਿਦਰ ਦੇ ਘਰ ਦੁਆਪਰ ਜੁਗ ਦੇ ਅਵਤਾਰ ਭਗਵਾਨ ਕ੍ਰਿਸ਼ਨ ਜੀ ਪੁੱਜੇ ਸਨ, ਉਸ ਨੂੰ ਪ੍ਰਵਾਰ ਸਮੇਤ ਇਤਨੀ ਮਸਤੀ ਚੜ੍ਹੀ ਕਿ ਪ੍ਰੇਮ ਵਿੱਚ ਬਿਹਬਲ ਹੋਇਆ ਸਰੀਰ ਦੀ ਸੁੱਧ ਹੀ ਭੁੱਲ ਗਿਆ। ਉਹੋ ਹਾਲਤ ਇਨ੍ਹਾਂ ਪ੍ਰੇਮੀਆਂ ਦੀ ਸਮਝੋ। ਇਸੇ ਤਰ੍ਹਾਂ ਸ. ਪ੍ਰੀਤਮ ਸਿੰਘ ਝੱਮਟ ਨੇ (ਜੋ ਲੂਟਨ ਰਹਿੰਦਾ ਸੀ) ਦਾਤੇ ਦੀ ਸੇਵਾ ਨੂੰ ਅਮੁੱਲੀ ਦੌਲਤ ਜਾਣ ਪਿਆਰ ਦਾ ਐਸਾ ਸਬੂਤ ਦਿੱਤਾ ਕਿ ਆਪਣਾ ਮਕਾਨ ਵੇਚ ਨੌਕਰੀ ਛੱਡ ਏਸੇ ਹੀ ਜਗ੍ਹਾ ਆ ਰਿਹਾ। ਰਾਤ ਦਿਨੇ ਸਰੀਰਕ ਥਕਾਵਟ ਨੂੰ ਨਾ ਮਹਿਸੂਸ ਕਰਦਿਆਂ ਸੰਤ ਜੀ ਮਹਾਰਾਜ ਤੇ ਪੂਰਨ ਵਿਰੱਕਤਾਂ ਵਾਂਗ ਏਥੋਂ ਸੰਤ ਜੀ ਮਹਾਰਾਜ ਦੇ ਨਾਲ ਹੀ ਅੱਗੇ ਵੁਲਵਰਹੈਂਪਟਨ ਨੂੰ ਚੱਲ ਪਿਆ ਅਤੇ ਕਾਫ਼ੀ ਦਿਨ ਰਹਿ ਕੇ ਸੇਵਾ ਕੀਤੀ।

ਏਧਰੋਂ ਈਸ਼ਰ ਸਿੰਘ ਕਲਸੀ ਦੇ ਘਰੋਂ ਤੁਰਨ ਤੋਂ ਪਹਿਲਾਂ ਸੰਤ ਜੀ ਮਹਾਰਾਜ ਨੇ ਅੱਧਾ ਘੰਟਾ ਖੁੱਲ੍ਹੇ ਪੰਡਾਲ ਵਿੱਚ ਕੁਰਸੀ ਤੇ ਬੈਠ ਸਭਨਾਂ ਨੂੰ ਦਰਸ਼ਨ ਦੀਦਾਰ ਬਖ਼ਸ਼ੇ। ਇਹ ਦ੍ਰਿਸ਼ ਵੀ ਦੇਖਣ ਨਾਲ ਹੀ ਸਬੰਧ ਰੱਖਦਾ ਸੀ। ਪ੍ਰੀਤਮ ਦਾ ਵਿਛੋੜਾ ਅਨੁਭਵ ਕਰ ਸਭਨਾਂ ਦੇ ਕੰਠ ਰੁਕੇ, ਚੇਹਰੇ ਮੁਰਝਾਏ ਤੇ ਨੇਤਰਾਂ ਵਿੱਚ ਵੈਰਾਗ ਦਾ ਜਲ ਛਲਕਦਾ ਸੀ। ਹਜ਼ੂਰ ਨੇ ਪਵਿੱਤਰ ਬਚਨਾਂ ਦੁਆਰਾ ਸਭਨਾਂ ਨੂੰ ਧੀਰਜ ਬਖ਼ਸ਼ ਨਾਮ, ਦਾਨ, ਇਸ਼ਨਾਨ ਦੀ ਸਿੱਖਿਆ ਦਿੱਤੀ। ਸਭਨਾਂ ਦੇ ਅੰਦਰ ਦੀ ਜਾਣ, ਬਿਨਾਂ ਕਹੇ ਤੋਂ ਭਾਵਨਾ ਪੂਰੀ ਕੀਤੀ। ਆਪ ਜੀ ਦੇ ਅੰਦਰ ਹਰ ਸਮੇਂ ਇਤਨਾ ਵੈਰਾਗ ਦਾ ਪ੍ਰਵਾਹ ਜਾਰੀ ਰਹਿੰਦਾ ਸੀ, ਕਿਸੇ ਜਗ੍ਹਾ ਨਾਲ ਜਾਂ ਪਦਾਰਥ ਨਾਲ ਰੰਚਕ ਮਾਤਰ ਵੀ ਮੋਹ ਜਾਂ ਪਕੜ ਨਹੀਂ ਸੀ। ਕੁਰਸੀ ਤੋਂ ਉੱਠ ਕੇ ਕਾਰ ਵਿੱਚ ਬੈਠਣ ਲੱਗਿਆਂ ਏਹੋ ਹੀ ਬਚਨ ਕਿਹਾ, 'ਕਰਕੇ ਰੈਣ ਵਸੇਰਾ ਕੂੰਜਾਂ ਉਡ ਚਲੀਆਂ।'

ਸੰਗਤ ਵੱਲ ਮੇਹਰਾਂ ਭਰੀ ਦ੍ਰਿਸ਼ਟੀ ਪਾ (ਜੋ ਸਜਲ ਨੇਤ੍ਰੀ ਪਿਆਰੇ ਦਾ ਚੇਹਰਾ ਤੱਕ ਦੀਦਾਰ ਕਰ ਰਹੀ ਸੀ) ਸ. ਈਸ਼ਰ ਸਿੰਘ ਕਲਸੀ ਦੀ ਗੱਡੀ ਵਿੱਚ ਆ ਬੈਠੇ ਅਤੇ ਹੋਰ ਪ੍ਰੇਮੀਆਂ ਦੇ ਨਾਲ ਦੇ ਸਿੰਘ ਨੂੰ ਬਿਠਾ ਲਿਆ।

ਸਾਵਨ ਦੀਆਂ ਕਾਲੀਆਂ ਘਟਾਂ ਤੱਕ ਜਿਵੇਂ ਨੱਢੀਆਂ ਇੱਕ ਦੂਜੀ ਨਾਲ ਜ਼ਿੱਦ ਜ਼ਿੱਦ ਕੇ ਪੀਂਘਾਂ ਚਾੜਦੀਆਂ ਹਨ, ਇਸੇ ਤਰਾਂ ਕਾਰਾਂ ਵੀ ਆਪਣੀ ਮਸਤੀ ਵਿੱਚ ਮੋਟਰ ਵੇ ਤੇ ਸਰਪ ਦੇ ਸਮਾਨ ਮੇਲ੍ਹਦੀਆਂ ਮੋਰ ਦੇ ਸਮਾਨ ਪੈਲਾਂ ਪਾਉਂਦੀਆਂ ਪੂਰੀ ਤੇਜ਼ੀ ਵਿੱਚ ਖੁੱਲ੍ਹੀ ਹਵਾ ਭੱਖਦੀਆਂ ਡੇਢ ਸੌ ਮੀਲ ਦਾ ਸਫ਼ਰ ਮੁਕਾ ਸਹੀ ਸਾਢੇ ਨੌਂ ਵਜੇ ਰੂਮੀ ਵਾਲੇ ਸ. ਸੁਦਾਗਰ ਸਿੰਘ ਦੇ ਘਰ ਅੱਗੇ ੬੧ ਕਰਾਊਦਰ ਰੋਡ ਵਿਖੇ ਵੁਲਵਰਹੈਂਪਟਨ ਆ ਰੁਕੀਆਂ। ਜਿੱਥੇ ਗ਼ਰੀਬ ਨਿਵਾਜ਼ ਦੇ ਪਹੁੰਚਣ ਤੋਂ ਪਹਿਲਾਂ ਹੀ ਦਰਸ਼ਨਾਲੂ ਪ੍ਰੇਮੀਆਂ ਦਾ ਬਹੁਤ ਸਾਰਾ ਇਕੱਠ ਜੁੜਿਆ ਸੀ। ਸਭਨਾਂ ਨੇ ਸ਼ਰਧਾ ਦੇ ਫੁੱਲ ਭੇਟਾ ਕਰ ਪ੍ਰੀਤਮ ਦੇ ਚਰਨਾਂ ਦੀ ਛੂਹ ਪ੍ਰਾਪਤ ਕੀਤੀ। ਦਿਲਾਂ ਦੇ ਅੰਦਰ ਦੀ ਤਹਿ ਤੱਕ ਪ੍ਰੇਮ ਪਰਖਊਏ ਮਾਹੀ ਨੇ ਕੁੱਝ ਕੁ ਸਮਾਂ ਕੁਰਸੀ ਤੇ ਬੈਠ ਸਭਨਾਂ ਨੂੰ ਖੁੱਲ੍ਹਾ ਦਰਸ਼ਨ ਦੀਦਾਰ ਬਖ਼ਸ਼ਿਆ। ਉਪਰੰਤ ਆਪਣੇ ਰਿਹਾਇਸ਼ੀ ਕਮਰੇ ਵਿੱਚ ਚਲੇ ਗਏ। ਕਾਰਾਂ ਦੀ ਸੇਵਾ ਕਰਨ ਵਾਲੇ ਗੁਰਮੁਖ ਹਜ਼ੂਰ ਦੇ ਕਰ ਕਮਲਾਂ ਤੋਂ ਪ੍ਰਸ਼ਾਦ ਲੈ ਖ਼ੁਸ਼ੀਆਂ ਦੇ ਪਾਤਰ ਬਣ ਗਿਆਰ੍ਹਾਂ ਵਜੇ ਲੰਡਨ ਨੂੰ ਵਾਪਸ ਮੁੜ ਗਏ।

ਦਾਤੇ ਦਾ ਦੀਦਾਰ ਕਰ ਕੇ ਘਰ ਵਾਲੇ ਪ੍ਰੇਮੀਆਂ ਦੀ ਹਾਲਤ ਤਾਂ ਏਥੋਂ ਤੱਕ ਦੇਖਣ ਵਿੱਚ ਆਈ ਕਿ ਖ਼ੁਸ਼ੀਆਂ ਵਿੱਚ ਸਭੋ ਕੁੱਝ ਭੁੱਲ ਗਿਆ। ਮਸਤੀ ਵਿੱਚ ਨੀਮ ਪਾਗਲਾਂ ਵਾਂਗ ਫਿਰਦਿਆਂ ਨੂੰ ਇਹ ਵੀ ਪਤਾ ਨਹੀਂ ਕਿ ਅਸੀਂ ਕੀ ਕਰਨਾ ਹੈ? ਅੰਦਰੋਂ ਲਿਜਾਣੀ ਕੁਛ ਹੋਰ ਚੀਜ਼ ਹੁੰਦੀ ਹੈ, ਲੈ ਕੁੱਝ ਹੋਰ ਜਾਂਦੇ ਸਨ। ਜਿਵੇਂ ਭਗਵਾਨ ਰਾਮਚੰਦ੍ਰ ਜੀ ਨੇ ਚਰਨਾਂ ਦੀ ਛੂਹ ਨਾਲ ਭੀਲਣੀ ਦੀ ਛੱਪਰੀ ਨੂੰ ਭਾਗ ਲਾਏ ਸਨ। ਉਹ ਗ਼ਰੀਬ ਨਿਵਾਜ਼ੀ ਨੂੰ ਦੇਖ ਵਿਸਮਾਦਤਾ ਦੀ ਹਾਲਤ ਵਿੱਚ ਮਸਤ ਸੀ। ਬਸ! ਏਹੋ ਹੀ ਹਾਲਤ ਏਨਾਂ ਦੀ ਹੋਈ, ਕਿਉਂਕਿ ਕਈ ਵਾਰੀ ਹਜ਼ੂਰੀ ਵਿੱਚ ਪੁਜੇ ਸਨ। ਦੀਵਾਨਾਂ ਦੀ ਮੰਗ ਤੇ ਚਰਨਾਂ ਦੀ ਛੂਹ ਵਾਸਤੇ ਜਾਚਨਾ ਕੀਤੀ ਸੀ। ਬੇਨਤੀ ਪ੍ਰਵਾਨ ਹੋਣ ਤੋਂ ਬਾਅਦ ਵੀ ਸਮਾਂ ਅੱਗੇ ਪਈ ਗਿਆ। ਇਹ ਘਰ ਆ ਕੇ ਰਾਤੀਂ ਸੁਪਨੇ ਵਿੱਚ ਵੀ ਸਮਝਦੇ ਕਿ ਮਹਾਰਾਜ ਜੀ ਆ ਗਏ ਹਨ। ਉੱਭੜ ਵਾਹਿਆਂ ਉੱਠ, ਵੇਹੜਾ ਖ਼ਾਲੀ ਦੇਖ ਆਪਣੇ ਕਰਮਾਂ ਨੂੰ ਕੋਸਦੇ।

ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ ਪਾਵਨ ਪਵਿਤ੍ਰ ਮਿਤ੍ਰ ਆਜ ਮੇਰੋ ਆਏ ਹੈ।
ਪਰਮ ਦਇਆਲ ਲਾਲ ਲੋਚਨ ਬਿਸਾਲ ਮੁਖ ਬਚਨ ਰਸਾਲ ਮਧੁ ਮਧੁਰ ਪੀਆਏ ਹੈ।
ਸੋਭਿਤ ਸਿਜਾਸਨ ਬਿਲਾਸਨ ਦੈ ਅੰਕਮਾਲ ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈ।
ਚਾਤ੍ਰਿਕ ਸਬਦ ਸੁਨਿ ਅਖੀਆ ਉਘਰਿ ਗਈ ਭਈ ਜਲ ਮੀਨ ਗਤਿ ਬਿਰਹ ਜਗਾਏ ਹੈ ॥੨੦੫॥

(ਕਬਿੱਤ ਭਾਈ ਗੁਰਦਾਸ ਜੀ)

ਦੂਸਰੇ ਹੀ ਦਿਨ ਬਹੁਤ ਸਾਰੇ ਪ੍ਰੇਮੀਆਂ ਦੀਆਂ ਅਰਜ਼ਾਂ ਪ੍ਰਵਾਨ ਕਰਦਿਆਂ ਅਤੇ ਉਨ੍ਹਾਂ ਦੇ ਦਿਲੀ ਪ੍ਰੇਮ ਨੂੰ ਤੱਕ ੧੩-੮-੭੫ ਨੂੰ ਐਕਟਿਵੀਜ਼ ਸੈਂਟਰ ਹਾਲ ਮੈਂਡਰ ਸਟ੍ਰੀਟ ਵਿਖੇ ਦੀਵਾਨ ਸ਼ੁਰੂ ਕਰ ਦਿੱਤੇ।

ਕਾਂਡ ੩੧

ਲੰਡਨ ਵਾਸੀਆਂ ਦਾ ਸੰਖੇਪ ਹਾਲ (ਸ. ਜਗਮੇਲ ਸਿੰਘ ਕੰਗ)

ਇਨ੍ਹਾਂ ਦਾ ਜਨਮ ਚਮਕੌਰ ਸਾਹਿਬ ਦੇ ਨੇੜੇ ਪਿੰਡ ਰਾਮਗੜ੍ਹ ਦਾ ਹੈ। ਚਮਕੌਰ ਸਾਹਿਬ ਖਾਲਸਾ ਹਾਈ ਸਕੂਲ ਅੰਗਰੇਜ਼ੀ ਅਤੇ ਇਤਿਹਾਸ ਪੜ੍ਹਾਉਂਦੇ ਰਹੇ। ਆਪ ੧੯੬੪ ਈ. ਵਿੱਚ ਲੰਡਨ ਆ ਕੇ ਗੁਰਸਿੱਖੀ ਸਰੂਪ ਵਿੱਚ ਦ੍ਰਿੜ ਰਹੇ ਅਤੇ ਸਾਥੀਆਂ ਦੀ ਮਦਦ ਨਾਲ ਗੁਰਦੁਆਰਾ ਸਥਾਪਤ ਕੀਤਾ।

ਹਾਰਟ ਅਟੈਕ ਹੋਣ ਕਰ ਕੇ ਆਪ ਦਾ ਆਪਰੇਸ਼ਨ ਹੋਇਆ। ਆਪ ਜੀ ਦਾ ਸੰਪਰਕ ਸੰਤ ਮੀਹਾਂ ਸਿੰਘ ਜੀ ਦੇ ਨਾਲ ਵੀ ਹੋਇਆ ਪਰ ਆਪ ਕਟੱੜਤਾ ਵਿੱਚ ਇਤਨੇ ਪਰਪੱਕ ਸਨ ਕਿ ਕਿਸੇ ਮਹਾਂਪੁਰਸ਼ ਨੂੰ ਨਮਸ਼ਕਾਰ ਕਰਨੀ ਮਨਮੱਤ ਸਮਝਦੇ ਸਨ। ਆਪ ਨੇ ਸ. ਈਸ਼ਰ ਸਿੰਘ ਕਲਸੀ ਤੋਂ ਮਹਾਂਪੁਰਸ਼ਾਂ ਦੀ ਮਹਿਮਾ ਸੁਣੀ ਅਤੇ ਟੇਪ ਰਿਕਾਰਡ ਰਾਹੀਂ ਕੀਰਤਨ ਸੁਣਿਆ। ਕੀਰਤਨ ਸੁਣਦਿਆਂ ਹੀ ਮਨ ਵਿੱਚ ਮਹਾਂਪੁਰਸ਼ਾਂ ਲਈ ਸ਼ਰਧਾ ਹੋ ਆਈ।

ਮਹਿਜੇ ਤਰਜੇਬਿਆ ਰੰਗ ਬਦਲ ਦੇਤਾ ਹੈ, ਵਰਨਾ ਦੁਨਿਆਂ ਮੇ ਕੋਈ ਨਈ ਬਾਤ ਨਹੀਂ।

ਤੇ ਆਪ ਦੇ ਮਨ ਵਿੱਚ ਇੱਛਾ ਜਾਗੀ ਕਿ ਮਹਾਪੁਰਸ਼ਾਂ ਦੇ ਚਰਨਾਂ ਤੇ ਸੀਸ ਜ਼ਰੂਰੀ ਝੁਕਾਉਣਾ ਹੈ।

ਜੋ ਸਰ ਦਰ ਦਰ ਪੇ ਝੁਕੇ, ਉਸੇ ਸਰ ਨਹੀਂ ਕਹਿਤੇ। ਜਿਸ ਦਰ ਪਰ ਸਰ ਨਾ ਝੁਕੇ, ਉਸੇ ਦਰ ਨਹੀਂ ਕਹਿਤੇ।

ਅਖ਼ੀਰ ੧੭-੭-੧੯੭੪ ਨੂੰ ਆਪ ਮਹਾਂਪੁਰਸ਼ਾਂ ਦਾ ਪਾਵਨ ਦੀਦਾਰ ਕੀਤਾ ਅਤੇ ਦ੍ਰਿਸ਼ਟੀ ਪੈਂਦਿਆਂ ਹੀ
ਨਜ਼ਰ ਸੇ ਨਜ਼ਰ ਮਿਲੀ ਔਰ ਮੁਲਾਕਾਤ ਹੋ ਗਈ। ਰਹੇ ਦੋਨੇ ਖ਼ਾਮੋਸ਼ ਮਗਰ ਬਾਤ ਹੋ ਗਈ।

ਕੁੱਝ ਐਸਾ ਝਲਕਾਰਾ ਵੱਜਿਆ ਸੁਧ ਬੁੱਧ ਭੁੱਲ ਗਈ। ਸੀਸ ਚਰਨਾਂ ਤੇ ਝੁੱਕ ਗਿਆ ਅਤੇ ਚੁੱਕਣ ਦੀ ਸੁਰਤ ਹੀ ਭੁੱਲ ਗਈ। ਪ੍ਰੀਤਮ ਨੇ ਕਰ ਕਮਲਾਂ ਦੀ ਛੋਹ ਬਖ਼ਸ਼ ਸਿਰ ਉੱਚਾ ਕੀਤਾ।

ਖੂਬੀਏ ਜੌਹਰ ਸੇ ਹੀ ਪਾਤੀ ਹੈ ਹਰ ਚੀਜ਼ ਇਮਤਿਆਜ਼, ਲਾਲ ਵੀ ਪੱਥਰ ਹੈ ਪਰ ਉਹ ਪੱਥਰ ਔਰ ਹੈ।

ਅੰਮ੍ਰਿਤ ਛਕਣ ਤੋਂ ਬਾਅਦ ਨਾਮ ਦੀ ਦਾਤ ਪ੍ਰਾਪਤ ਹੋਈ ਨਾਮ ਔਖਧ ਨੇ ਸਿਹਤ ਵੀ ਠੀਕ ਕਰ ਦਿੱਤੀ।

ਜੋ ਬਾਤ ਦਵਾ ਨਾ ਕਰ ਸਕੇ, ਸੋ ਬਾਤ ਦੁਆ ਸੇ ਹੋਤੀ ਹੈ।

ਮੁਰਸ਼ਦੇ ਕਾਮਲ ਜਬ ਮਿਲੇ, ਤਬ ਬਾਤ ਖ਼ੁਦਾ ਸੇ ਹੋਤੀ ਹੈ।

੧੯੭੪ ਅਤੇ ੧੯੭੫ ਵਿੱਚ ਘਰ ਚਰਨ ਪਾਏ।

ਸ. ਬਲਵੰਤ ਸਿੰਘ ਭੁੱਟੇ ਪਿੰਡ ਆਪਣੇ ਪਿਤਾ ਸ. ਦਲੀਪ ਸਿੰਘ ਤੇ ਸਾਰਾ ਪਰਿਵਾਰ ਸਮੇਤ ਸੰਤ ਜੀ ਮਹਾਰਾਜ ਦਾ ਪਰਮ ਪ੍ਰੀਤਵਾਨ ਹੈ। ਆਪ ਅਫਰੀਕਾ, ਕੰਮਪਾਲੇ ਤੇ ਨੈਰੋਬੀ ਰਹਿ ਕੇ ੧੯੭੩ ਵਿੱਚ ਲੰਡਨ ਆ ਕੇ ਏਅਰਪੋਰਟ ਤੇ ਕਾਰ ਪਾਰਕ ਤੇ ਕੈਸ਼ੀਅਰ ਹਨ। ਸੰਨ ੧੯੭੪, ੧੯੭੫ ਵਿੱਚ ਗ਼ਰੀਬ ਨਿਵਾਜ਼ ਨੇ ਬੇਨਤੀ ਪ੍ਰਵਾਨ ਕਰਦਿਆਂ ਇਨ੍ਹਾਂ ਦਾ ਗ੍ਰਹਿ ਪਵਿੱਤਰ ਕੀਤਾ।

ਪੁੱਤਰ ਦੀ ਦਾਤ

ਇਆਲੀ ਪਿੰਡ ਤੋਂ ਬੀਬੀ ਰਣਜੀਤ ਕੌਰ ਜੋ ਮਹਾਂਪੁਰਖਾਂ ਦੇ ਸ਼ਰਧਾਲੂ ਸਨ ਆਪਣੇ ਪਤੀ ਸ. ਦਰਸ਼ਨ ਸਿੰਘ ਸਮੇਤ ਸਾਊਥਹਾਲ ਗੁਰਦੁਆਰੇ ਮਹਾਂਪੁਰਸ਼ਾਂ ਦਾ ਕੀਰਤਨ ਸੁਣ ਕੇ ਆਪਣੇ ਘਰ ਚਰਨ ਪਾਉਣ ਲਈ ਬੇਨਤੀ ਕੀਤੀ। ਮਹਾਂਪੁਰਸ਼ਾਂ ਨੇ ਪ੍ਰਵਾਨ ਕਰ ਲਈ। ਇਨ੍ਹਾਂ ਦੀ ਸ਼ਾਦੀ ਹੋਇਆਂ ਦੱਸ ਸਾਲ ਹੋ ਗਏ ਸਨ। ਬੱਚੇ ਦਾ ਜਨਮ ਨਹੀਂ ਹੋਇਆ ਸੀ। ਦੰਪਤੀ ਨੇ ਚਰਨਾਂ 'ਚ ਬੇਨਤੀ ਕਰਦਿਆਂ ਪੁੱਤਰ ਜਾਚਨਾ ਕੀਤੀ। ਮਹਾਂਪੁਰਸ਼ਾਂ ਦੇ ਬਚਨ ਸਦਕਾ ਇਨ੍ਹਾਂ ਦੇ ਘਰ ਪੁੱਤਰ ਦੀ ਦਾਤ ਪ੍ਰਾਪਤ ਹੋ ਗਈ।

ਸ. ਮੁਖਤਿਆਰ ਸਿੰਘ ਜ਼ਿਲ੍ਹਾ ਲੁਧਿਆਣਾ ਦੇ ਕੈਲਪੁਰ ਦੇ ਅਫਰੀਕਾ ਤੋਂ ਇੰਗਲੈਂਡ ਚਲੇ ਗਏ। ਇਹ ਪਰਿਵਾਰ ਮਹਾਂਪੁਰਸ਼ਾਂ ਦਾ ਸ਼ਰਧਾਲੂ ਸੀ। ਜਦੋਂ ਮਹਾਂਪੁਰਸ਼ਾਂ ਦਾ ਦੁਬਾਰਾ ਲੰਡਨ ਆਉਣ ਦਾ ਪ੍ਰੋਗਰਾਮ ਬਣਿਆ ਤਾਂ ਜਥੇ ਦੇ ਸਿੰਘ ਇਨ੍ਹਾਂ ਦੇ ਘਰ ਹੀ ਪ੍ਰਸ਼ਾਦਾ ਛਕਦੇ ਰਹੇ। ਸੰਤ ਮਹਾਰਾਜ ਨੇ ਵੀ ਅਖੰਡ ਪਾਠ ਦੇ ਸਮੇਂ ਇਨ੍ਹਾਂ ਦੇ ਘਰ ਚਰਨ ਪਾਏ।

ਸ. ਮਲਕੀਤ ਸਿੰਘ ਪਿੰਡ ਧਾਂਦਰਾ ਵਾਲਾ ਛੋਟੀ ਉਮਰ ਤੋਂ ਹੀ ਸਾਧੂ ਸੰਤਾਂ ਦੀ ਸੰਗਤ ਕਰਿਆ ਕਰਦਾ ਸੀ। ਇਹ ਨਿਊ ਕਾਸਲ ਸ਼ਹਿਰ ਵਿੱਚ ਕਾਰਾਂ ਲਈ ਪਲੱਗ ਬਣਾਉਣ ਲੱਗਿਆ। ਮਹਾਂਪੁਰਸ਼ਾਂ ਦੇ ਦਰਸ਼ਨ ਕਰ ਕੇ ਨਾਮ ਸਿਮਰਨ ਦੀ ਜੁਗਤੀ ਪੁੱਛੀ ਅਤੇ ਬੇਨਤੀ ਕਰ ਕੇ ਪੁੱਛਿਆ ਕਿ ਸੂਖਮ ਸਰੀਰ ਦਾ ਕਦ ਅਭਾਵ ਹੁੰਦਾ ਹੈ। ਆਪ ਜੀ ਨੇ ਉੱਤਰ ਬਖ਼ਸ਼ਿਆ ਕਿ ਸਥੂਲ ਸੂਖਮ ਅਤੇ ਕਾਰਨ ਤਿੰਨਾਂ ਸਰੀਰਾਂ ਦਾ ਬ੍ਰਹਮਗਿਆਨ ਹੋਏ ਤੋਂ ਬਿਨਾਂ ਅਭਾਵ ਨਹੀਂ ਹੁੰਦਾ।

ਗਿਆਨਵਾਨ ਮਹਾਂਪੁਰਸ਼ਾਂ ਦੀ ਆਤਮਾ ਪਹਿਲਾਂ ਹੀ ਘਟਾ, ਮਟਾ, ਮੇਘਾ ਅਤੇ ਮਹਾਂ ਆਕਾਸ਼ ਵਾਂਗੂੰ ਬ੍ਰਹਮ ਵਿੱਚ ਲੀਨ ਹੋਣ ਕਰ ਕੇ ਕਿਤੇ ਆਉਂਦੀ ਜਾਂਦੀ ਨਹੀਂ। ਕੇਵਲ ਉਪਾਧੀ ਰੂਪ ਪੰਜੇ ਤੱਤ ਆਪਣੇ ਅਸਲੇ ਵਿੱਚ ਲੀਨ ਹੋ ਜਾਇਆ ਕਰਦੇ ਸਨ। ਇਸ ਤਰ੍ਹਾਂ ਦਾ ਉਪਦੇਸ਼ ਸੁਣ ਕੇ ਬੜੀ ਦੇਰ ਤੋਂ ਪਏ ਹੋਏ ਸੰਸਿਆਂ ਦਾ ਸਮਾਧਾਨ ਹੋ ਗਿਆ।

ਸ. ਮਲਕੀਤ ਸਿੰਘ ਸਾਊਥਹਾਲ ਲੰਡਨ ਵਾਲੇ ਜੋ ਜਲੰਧਰ ਜ਼ਿਲ੍ਹੇ ਦੀ ਫਿਲੌਰ ਤਹਿਸੀਲ ਦੇ ਵਸਨੀਕ ਹਨ ਇਹ ੧੯੫੦ ਤੋਂ ਹੀ ਸੰਤ ਮਹਾਰਾਜ ਦੇ ਸ਼ਰਧਾਲੂ ਸਨ। ਸੰਨ ੧੯੭੪, ੧੯੭੫ ਵਿੱਚ ਲੰਡਨ ਇਨ੍ਹਾਂ ਦੇ ਗ੍ਰਿਹ ਵਿੱਚ ਚਰਨ ਪਾਏ। ਇਹ ਬਹੁਤ ਵੱਧ ਚੜ੍ਹ ਕੇ ਪ੍ਰੇਮ ਨਾਲ ਸੇਵਾ ਵਿੱਚ ਹਿੱਸਾ ਲੈਂਦੇ ਰਹੇ।

ਮਾਸਟਰ ਆਗਿਆਕਾਰ ਸਿੰਘ

ਇਸ ਦਾ ਪਿਛਲਾ ਪਿੰਡ ਫਰੀਕਦੋਟ ਜ਼ਿਲੇ ਵਿੱਚ ਡਾਲਾ ਨਾਮ ਦਾ ਹੈ। ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਇਹ ਸਿੰਘ ਵੂਲਵਰਹੈਂਪਟਨ ਵਿੱਚ ਟੀਚਰ ਲੱਗਿਆ ਹੋਇਆ ਹੈ। ਸੰਨ ੧੯੭੪-੭੫ ਵਿੱਚ ਆਪਣੇ ਘਰ ਮਹਾਂਪੁਰਸ਼ਾਂ ਦੇ ਚਰਨ ਪੁਆਏ ਅਤੇ ਕਾਰ ਰਾਹੀਂ ਦੀਵਾਨਾਂ ਵਿੱਚ ਲਿਜਾਣ ਦੀ ਸੇਵਾ ਕਰਦਾ ਰਿਹਾ। ਮਹਾਂਪੁਰਸ਼ਾਂ ਦੇ ਅੰਤ ਦੇ ਸਮੇਂ ਵੀ ਸਭਨਾਂ ਤੋਂ ਵੱਧ ਇਸ ਦੇਸ਼ ਦੇ ਕਾਨੂੰਨ ਮੁਤਾਬਿਕ ਲਿਖਾ ਪੜ੍ਹੀ ਕਰਦਾ ਰਿਹਾ। ਸੰਤ ਮਹਾਰਾਜ ਜੀ ਦੇ ਅੰਤਿਮ ਯਾਦਗਾਰ ਦੀ ਸੇਵਾ ਸੰਭਾਲ ਵਿੱਚ ਜਿੱਥੇ ਸ. ਸੁਦਾਗਰ ਸਿੰਘ ਰੂਮੀ ਅਤੇ ਇਸ ਦਾ ਲੜਕਾ ਇੰਦਰਜੀਤ ਸਿੰਘ 'ਬਿਲੂ' ਅਤੇ ਛੋਟੀ ਗੁੱਡੀ ਰਣਜੀਤ ਕੌਰ 'ਰਾਣੀ' ਤੇ ਈਸ਼ਰ ਸਿੰਘ ਕਲਸੀ ਨੂੰ ਜ਼ਿੰਮੇਂਵਾਰੀ ਸੌਂਪੀ, ਉੱਥੇ ਪੰਜਵਾਂ ਸਰੀਰ ਇਸ ਦਾ ਵੀ ਹੈ।

ਸ. ਬਲਵੰਤ ਸਿੰਘ ਕਲਸੀ ਪਿੰਡ ਬੋਪਾਰਾਏ ਜ਼ਿਲ੍ਹਾ ਲੁਧਿਆਣਾ

ਈਸਟ ਲੰਡਨ ਦੇ ਲੈਂਟਨ ਟਾਊਨ ਵਿੱਚ ਰਹਿੰਦਾ ਹੈ। ਸੰਨ ੧੯੭੪ ਵਿੱਚ ਆਪਣੇ ਘਰ ਮਹਾਂਪੁਰਸ਼ਾਂ ਦੇ ਚਰਨ ਪੁਆਏ।

ਸ. ਲਾਭ ਸਿੰਘ ਮਲ੍ਹੀਪੁਰ (ਹਾਲ ਲੰਡਨ)

ਦੋਰਾਹੇ ਮੰਡੀ ਕੋਲ ਮਲ੍ਹੀਪੁਰ ਪਿੰਡ ਦਾ ਸ. ਲਾਭ ਸਿੰਘ ਪਰਿਵਾਰ ਸਮੇਤ ਮਹਾਂਪੁਰਸ਼ਾਂ ਦਾ ਸ਼ਰਧਾਲੂ ਹੈ। ਇਹ ਆਪਣੇ ਛੋਟੇ ਭਰਾ ਸ. ਸੁਖਦੇਵ ਸਿੰਘ ਸਮੇਤ ਲੰਡਨ ਵਿੱਚ ਲਕੜੀ ਦਾ ਕੰਮ ਕਰਦੇ ਹਨ। ਸੰਨ ੧੯੭੪ ਵਿੱਚ ਮਹਾਂਪੁਰਸ਼ਾਂ ਨੇ ਇਨ੍ਹਾਂ ਦੇ ਘਰ ਚਰਨ ਪਾਏ। ਦੂਜੀ ਵਾਰ ਜਦ ੨੨-੭-੭੫ ਨੂੰ ਫਿਰ ਮਹਾਂਪੁਰਸ਼ ਇਨ੍ਹਾਂ ਦੇ ਘਰ ਚਰਨ ਪਾਉਣ ਗਏ ਤਾਂ ਇਨ੍ਹਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਪੰਜ ਲੜਕੀਆਂ ਹੀ ਹਨ। ਪੁੱਤਰ ਦੀ ਦਾਤ ਵਾਸਤੇ ਮਿਹਰ ਕਰੋ। ਆਪ ਜੀ ਨੇ ਬਚਨ ਕਰ ਕੇ ਕਿਹਾ:

ਦੇਦਾ ਦੇ ਲੈਦੇ ਥਕਿ ਪਾਹਿ ॥ *(ਜਪੁ ਮਃ ੧ - ੨)*

ਮੇਹਰ ਕਰ ਦਿੱਤੀ।

ਗਿਆਨੀ ਗੁਰਦੀਪ ਸਿੰਘ

ਆਪ ਬਹੁਤ ਚੰਗੇ ਗੁਰੂ ਘਰ ਦੇ ਵਿਦਵਾਨ ਸੱਜਣ ਹਨ। ਇਹ ੧੦-੧-੭੦ ਤੋਂ ਗੁਰਦੁਆਰਾ ਸਾਊਥਹਾਲ ਦੇ ਗ੍ਰੰਥੀ ਰਹੇ। ਆਪ ਵੀ ਮਹਾਂਪੁਰਸ਼ਾਂ ਤੇ ਬਹੁਤ ਸ਼ਰਧਾ ਰੱਖਦੇ।

ਸ. ਦਲੀਪ ਸਿੰਘ ਮਿਸਤਰੀ ਠੱਕਰਵਾਲ

ਇਹ ਸੰਨ ੧੯੬੬ ਵਿੱਚ ਲੰਡਨ ਆਏ। ਇਹ ਮਹਾਂਪੁਰਸ਼ਾਂ ਦੇ ਬਹੁਤ ਸ਼ਰਧਾਲੂ ਹਨ। ਲੰਡਨ ਦੇ ਪ੍ਰੋਗਰਾਮਾਂ ਸਮੇਂ ਇਨ੍ਹਾਂ ਦੇ ਆਪਣੇ ਲੜਕਿਆਂ ਅਵਤਾਰ ਸਿੰਘ, ਮੋਹਨ ਸਿੰਘ, ਸੋਹਨ ਸਿੰਘ, ਮਨਜੀਤ ਸਿੰਘ ਸਮੇਤ ਸਾਰਾ ਪਰਿਵਾਰ ਸੇਵਾ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ।

ਸ. ਭਾਨ ਸਿੰਘ ਸ. ਜਗਦੇਵ ਸਿੰਘ ਝੱਮਟ

ਇਹ ੧੯੬੫ ਵਿੱਚ ਅਫਰੀਕਾ ਤੋਂ ਲੰਡਨ ਆ ਗਏ। ਭਾਨ ਸਿੰਘ ਦੇ ਚੜ੍ਹਾਈ ਕਰਨ ਪਿੱਛੋਂ ਉਸ ਦੇ ਦੋਵੇਂ ਲੜਕੇ ਬੜੀ ਸੇਵਾ ਕਰਦੇ ਰਹੇ।

ਦਾਤੇ ਦੀ ਬਖ਼ਸ਼ੀਸ਼ (ਸਰਵਜੀਤ ਸਿੰਘ)

ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦਾ ਭਤੀਜਾ ਮਾਨਚੈਸਟਰ ਰਹਿੰਦਾ ਹੈ। ਉਸ ਦਾ ਸਾਂਢੂ ਮੋਹਨ ਸਿੰਘ ਭੀ ਇੱਥੇ

ਰਹਿੰਦਾ ਹੈ। ਇਨ੍ਹਾਂ ਦੇ ਘਰ ਗ਼ਰੀਬ ਨਿਵਾਜ਼ ਨੇ ੧੯੭੪ ਵਿੱਚ ਚਰਨ ਪਾਏ। ਸ. ਮੋਹਨ ਸਿੰਘ ਦੇ ਕੇਵਲ ਦੋ ਲੜਕੀਆਂ ਸਨ। ਲੜਕਾ ਨਹੀਂ ਸੀ। ਸ. ਮੋਹਨ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ ਪੁੱਤਰ ਬਗ਼ੈਰ ਗ੍ਰਹਿਸਥੀ ਦਾ ਵਿਹੜਾ ਸੁੰਨਾ ਰਹਿੰਦਾ ਹੈ।" ਆਪ ਨੇ ਮੁਸਕਰਾ ਕੇ ਬਚਨ ਕੀਤਾ ਕਿ ਗੁਰੂ ਭਲੀ ਕਰੇਗਾ। ਇਸੇ ਸਾਲ ਇਨ੍ਹਾਂ ਦੇ ਘਰ ਲੜਕੇ ਦਾ ਜਨਮ ਹੋਇਆ।

ਇਸੇ ਤਰ੍ਹਾਂ ਸ. ਮਲਕੀਅਤ ਸਿੰਘ ਗੁੱਜਰਵਾਲ ਆਪਣੀ ਪਤਨੀ ਬੀਬੀ ਨਛੱਤਰ ਕੌਰ (ਛੋਟੀ ਧਮੋਟ) ਸਮੇਤ ਸੰਤ ਮਹਾਰਾਜ ਤੇ ਅਪਾਰ ਸ਼ਰਧਾ ਰੱਖਦੇ ਸਨ। ਇਨ੍ਹਾਂ ਦੇ ਘਰ ਵੀ ਲੜਕੇ ਦਾ ਜਨਮ ਹੋਇਆ, ਜਿਸ ਦਾ ਨਾਮ ਸਤਿੰਦਰ ਸਿੰਘ ਰੱਖਿਆ।

ਇੱਕ ਹੋਰ ਪ੍ਰੇਮੀ ਜੋਗਾ ਸਿੰਘ ਵੀ ਸੰਤ ਮਹਾਰਾਜ ਦਾ ਪ੍ਰੀਤਵਾਨ ਹੈ। ਇਨ੍ਹਾਂ ਦੇ ਘਰੋਂ ਬੀਬੀ ਮਲਕੀਤ ਕੌਰ ਪਿੰਡ ਗੁੱਜਰਵਾਲ ਸੰਤ ਮਹਾਰਾਜ ਦੀ ਅਨਿਨ ਸ਼ਰਧਾਲੂ ਹੈ। ਇਨ੍ਹਾਂ ਦੇ ਘਰ ਆਪ ਨੇ ੧੯੭੫ ਵਿੱਚ ਚਰਨ ਪਾਏ। ੨੧ ਸਾਲਾਂ ਵਿੱਚ ਸੱਤ ਬੱਚੇ ਹੋ ਕੇ ਗ਼ੁਜ਼ਰ ਚੁੱਕੇ ਸਨ। ਇਨ੍ਹਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਡੀ ਜੜ੍ਹ ਹਰੀ ਹੋਵੇ। ਆਪ ਨੇ ਫੁਰਮਾਇਆ, "ਗੁਰਬਾਣੀ ਦਾ ਪਾਠ ਨਿੱਤਨੇਮ ਕਰਿਆ ਕਰੋ ਅਤੇ ਹੱਥੀਂ ਗੁਰੂ ਘਰ ਦੀ ਝਾੜੂ ਬੁਹਾਰੀ ਦੀ ਸੇਵਾ ਕਰਿਆ ਕਰੋ। ਗੁਰੂ ਨਾਨਕ ਜ਼ਰੂਰ ਪੁੱਤਰ ਬਖ਼ਸ਼ਿਸ਼ ਕਰਨਗੇ।"

ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥

(ਸਿਰੀਰਾਗੁ ਮਃ ੧ - ੭੨)

ਇੱਕ ਹੋਰ ਪ੍ਰੇਮੀ ਸਾਧੂ ਸਿੰਘ ਜੀ ਮੁਕੰਦਪੁਰ ਜ਼ਿਲ੍ਹਾ ਜਲੰਧਰ ਕੋਲ ਦੇ ਵੀਹ ਸਾਲ ਉਮਰ ਦੇ ਲੜਕੇ ਗੁਬਿੰਦਰ ਸਿੰਘ ਦੀ ਮੌਤ ਹੋਣ ਕਾਰਣ ਘਰ ਵਿੱਚ ਬਹੁਤ ਉਦਾਸੀ ਛਾ ਗਈ। ਸੰਨ ੧੯੭੫ ਵਿੱਚ ਹਜ਼ੂਰ ਦੇ ਚਰਨਾਂ ਤੇ ਡਿੱਗ ਕੇ ਇਨ੍ਹਾਂ ਵੈਰਾਗ ਪ੍ਰਗਟ ਕੀਤਾ ਤੇ ਰੋ-ਰੋ ਕੇ ਚਰਨ ਗਿੱਲੇ ਕਰ ਦਿੱਤੇ। ਮਹਾਂਪੁਰਸ਼ਾਂ ਨੇ ਭਾਣਾ ਮੰਨਣ ਦਾ ਉਪਦੇਸ਼ ਦੇ ਕੇ ਨਾਮ ਸਿਮਰਨ ਦੀ ਜੁਗਤੀ ਦੱਸ ਕੇ ਅਤੇ ੧੧-੭-੭੫ ਨੂੰ ਇਨ੍ਹਾਂ ਦੇ ਘਰ ਚਰਨ ਪਾ ਕੇ ਇਨ੍ਹਾਂ ਦਾ ਮਨ ਪੂਰੀ ਤਰ੍ਹਾਂ ਸ਼ਾਂਤ ਕਰ ਦਿੱਤਾ।

ਸ. ਪ੍ਰੀਤਮ ਸਿੰਘ ਝੱਮਟ ਲੂਟਨ ਲੰਡਨ

ਸੰਤ ਮਹਾਰਾਜ ਜੀ ਦੇ ਬਚਪਨ ਤੋਂ ਹੀ ਸ਼ਰਧਾਲੂ ਸਨ ਅਤੇ ਦੀਵਾਨਾਂ ਤੇ ਜੋੜ ਮੇਲਿਆਂ ਵਿੱਚ ਆਪਣੇ ਸਾਥੀਆਂ ਸਮੇਤ ਜੋੜਿਆਂ ਦੀ ਸੰਭਾਲ ਦੀ ਸੇਵਾ ਕਰਿਆ ਕਰਦੇ ਸਨ। ਸੰਨ ੧੯੫੨ ਵਿੱਚ ਮਲਾਇਆ ਜਾਣ ਪਿੱਛੋਂ ਵੀ ਦੇਸ਼ ਚੱਕਰ ਲਾਉਂਦਿਆਂ ਹਜ਼ੂਰ ਦੇ ਚਰਨਾਂ 'ਚ ਪੁੱਜ ਕੇ ਭਜਨ ਸਿਮਰਨ ਸਬੰਧੀ ਵਿਚਾਰਾਂ ਸਰਵਨ ਕਰ ਕੇ ਆਤਮਕ ਤਰੱਕੀ ਕਰਦੇ ਰਹਿੰਦੇ ਸਨ ਤੇ ਹਜ਼ੂਰ ਦੀ ਆਗਿਆ ਅਨੁਸਾਰ ੨੨-੨-੧੯੬੮ ਨੂੰ ਆਪ ਇੰਗਲੈਂਡ ਚਲੇ ਗਏ ਅਤੇ ਛੁੱਟੀ ਲੈ ਕੇ ੧੯੭੪-੭੫ ਵਿੱਚ ਸੇਵਾ ਕਰਦੇ ਰਹੇ।

ਸ. ਪ੍ਰੀਤਮ ਸਿੰਘ ਇਆਲੀ ਫਿੰਚਲੇ

ਪਿੰਡ ਇਆਲੀ ਦੇ ਸ. ਪ੍ਰੀਤਮ ਸਿੰਘ ਜੀ ਮਹਾਂਪੁਰਸ਼ਾਂ ਦੇ ਪਰਮ ਪ੍ਰੀਤਵਾਨ ਹਨ। ਆਪ ਜੀ ਮੁੱਢ ਤੋਂ ਹੀ ਪ੍ਰਵਾਰ ਸਮੇਤ ਮਹਾਂਪੁਰਸ਼ਾਂ ਦੇ ਸਤਸੰਗੀ ਸਨ। ੧੯੭੪ ਵਾਂਗੂੰ ਹੀ ਇਸ ਵਾਰ ਵੀ ਆਪ ਜੀ ਨੇ ਇਨ੍ਹਾਂ ਦੀ ਕੋਠੀ ਵਿੱਚ ਹੀ ਜਥੇ ਸਮੇਤ ਨਿਵਾਸ ਇੱਕ ਮਹੀਨਾ ੬ ਦਿਨ ਰੱਖਿਆ।

ਸਟੀਵਨੇਜ਼ ਤੇ ਹਿਚਨ ਵਾਲੇ ਸ਼ਰਧਾਲੂ

ਸ. ਜਗਦੇਵ ਸਿੰਘ ਇਸ ਦਾ ਦੂਜਾ ਭਰਾ ਪਰਮਜੀਤ ਸਿੰਘ ਗਰੇਵਾਲ ਭੀ ਫੈਕਟਰੀ ਵਿੱਚ ਕੰਮ ਕਰਦਾ ਹੈ। ਸ. ਪ੍ਰਗਟ ਸਿੰਘ ਪਿੰਡ ਪਰਾਗਪੁਰ ਜਲੰਧਰ ਜ਼ਿਲ੍ਹਾ ਅਤੇ ਸ. ਕੁਲਦੀਪ ਸਿੰਘ ਬਿਜੋਵਾਲ ਜ਼ਿਲ੍ਹਾ ਹੁਸ਼ਿਆਰਪੁਰ, ਸ. ਮਹਿੰਦਰ ਸਿੰਘ ਅਤੇ ਉਨ੍ਹਾਂ ਦੇ ਘਰੋਂ ਬੀਬੀ ਜੋਗਿੰਦਰ ਕੌਰ ਨੇ ਇਨ੍ਹਾਂ ਦਾ ਪੂਰਾ ਸਹਿਯੋਗ ਦਿੱਤਾ। ਲੰਗਰ ਦੀ ਸੇਵਾ ਅਤੇ ਕਾਰ ਰਾਹੀਂ ਸੇਵਾ ਕਰਦੇ ਰਹੇ। ਸ. ਜਗਦੇਵ ਸਿੰਘ ਦੇ ਦੋਹਾਂ ਲੜਕਿਆਂ, ਗੁਰਦੀਪ ਸਿੰਘ ਤੇ ਮਲਵਿੰਦਰ ਸਿੰਘ ਦਾ ਨਾਮ ਮਹਾਂਪੁਰਸ਼ਾਂ ਨੇ ਰੱਖਿਆ। ਪਰਮਜੀਤ ਸਿੰਘ ਦੇ ਲੜਕੇ ਦਾ ਨਾਮ ਰਾਮੇਸ਼ਵਰ ਸਿੰਘ ਰੱਖਿਆ। ਇਨ੍ਹਾਂ ਦੀ ਵੱਡੀ ਭੈਣ ਬੀਬੀ ਸੁਰਜੀਤ ਕੌਰ ਨੇ ਬਹੁਤ ਸੇਵਾ ਕੀਤੀ।

ਸ. ਚੰਨਣ ਸਿੰਘ ਨਸਰਾਲਾ

ਹੁਸ਼ਿਆਰਪੁਰ ਜ਼ਿਲ੍ਹੇ ਦੇ ਨਸਰਾਲੇ ਪਿੰਡ ਦਾ ਸ. ਚੰਨਣ ਸਿੰਘ ਤੇ ਇਸ ਦੇ ਘਰੋਂ ਬੀਬੀ ਸਿਮਰ ਕੌਰ ਵੀ ਸੰਤ ਜੀ

ਮਹਾਰਾਜ ਦੇ ਪਰਮ ਪ੍ਰੀਤਵਾਨ ਹਨ। ਸ. ਚੰਨਣ ਸਿੰਘ ੧੯੫੫ ਵਿੱਚ ਇੰਗਲੈਂਡ ਆਇਆ। ਵੂਲਵਰਹੈਂਪਟਨ ਰਿਹਾਇਸ਼ ਰੱਖੀ। ਰਬੜ ਦੀ ਫੈਕਟਰੀ ਵਿੱਚ ਜਿੱਥੇ ਕਾਰਾਂ, ਬੱਸਾਂ ਤੇ ਜਹਾਜ਼ਾਂ ਦੇ ਟਾਇਰ ਬਣਦੇ ਹਨ, ਕੰਮ ਕਰਦਾ ਹੈ। ੧੯੭੫ ਦੀ ਅਗਸਤ ਵਿੱਚ ਸ. ਸੁਦਾਗਰ ਸਿੰਘ ਰੂਮੀ ਦੇ ਘਰ ਪਹਿਲੀ ਵਾਰ ਹਜ਼ੂਰ ਦਾ ਦਰਸ਼ਨ ਕੀਤਾ। ਅਰਜ਼ ਕਰ ਕੇ ਘਰ ਵਿੱਚ ਚਰਨ ਪਵਾਏ। ਨਾਮ ਦੀ ਦਾਤ ਪ੍ਰਾਪਤ ਕੀਤੀ। ਇਹ ਦਾਤੇ ਦੀ ਮੇਹਰ ਨਾਲ ਟੈਕਸ ਦੀ ਚੋਰੀ ਦੇ ਕੇਸ 'ਚੋਂ ਬਰੀ ਹੋ ਗਿਆ। ਵੱਡੇ ਅਫੀਸਰ ਨੂੰ ਸਾਰੀ ਗੱਲ ਸੱਚੀ ਦੱਸ ਦਿੱਤੀ ਕਿ ਹਾਂ ਤਾਂ ਮੈਂ ਦੋਸ਼ੀ ਪਰ ਟੈਕਸ ਦੇਣ ਦੀ ਸਮਰੱਥਾ ਨਹੀਂ ਰੱਖਦਾ। ਆਪ ਕ੍ਰਿਪਾ ਕਰ ਕੇ ਮੁਆਫ਼ ਕਰ ਦੇਵੋ। ਟੈਕਸ ਮੁਆਫ਼ ਕਰ ਦਿੱਤਾ।

ਪੁੱਤਰ ਦੀ ਦਾਤ

ਸਵੀਟਨੇਜ਼ ਤੋਂ ਪੂਰਬ ਵੱਲ ਛੇ ਮੀਲਾਂ ਤੇ ਲੈਚਵਰਥ ਟਾਊਨ ਹੈ ਜੋ ਹਿਚਨ ਟਾਊਨ ਤੋਂ ਤਿੰਨ ਕੁ ਮੀਲ ਦੂਰ ਹੈ। ਏਥੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਲਪੁਰ ਕਸਬੇ ਦਾ ਸ. ਨਿਰਮਲ ਸਿੰਘ ਰਹਿੰਦਾ ਹੈ ਜੋ ੧੯੬੩ ਵਿੱਚ ਇੰਡੀਆ ਤੋਂ ਆਇਆ ਅਤੇ ਫੈਕਟਰੀ ਵਿੱਚ ਕੰਮ ਕਰਦਾ ਹੈ। ੧੯੭੪ ਈ. ਦੀ ਅਗਸਤ ਵਿੱਚ ਬੈਡਫੋਰਡ ਦੇ ਦੀਵਾਨਾਂ ਸਮੇਂ ਹਾਜ਼ਰੀ ਭਰੀ। ਦਰਸ਼ਨ ਕਰ ਸ਼ਰਧਾ ਜਾਗ ਆਈ। ਕੀਰਤਨ ਸੁਣ ਕੇ ਕੋਈ ਅਲੌਕਿਕ ਖ਼ੁਮਾਰੀ ਚੜ੍ਹ ਗਈ। ਆਪਣੇ ਮਨ ਵਿੱਚ ਹੀ ਪ੍ਰਾਰਥਨਾ ਕੀਤੀ ਕਿ ਹੇ ਗੁਰੂ ਨਾਨਕ ਦੇਵ ਦੇ ਦਰੋਂ ਵਰੋਸਾਏ ਦਰਵੇਸ਼! ਮੈਂ ਤੁਹਾਡੇ ਪ੍ਰੇਮੀਆਂ ਤੋਂ ਜਸ ਸੁਣ ਕੇ ਪਹਿਲੀ ਵਾਰ ਹੀ ਦੀਦਾਰ ਕੀਤਾ ਹੈ। ਹੁਣ ਇਹ ਨਿਸ਼ਚਾ ਹੋ ਗਿਆ ਹੈ ਕਿ ਤੂੰ ਸਚਮੁਚ ਹੀ ਅਧੋਗਤੀ ਵਿੱਚ ਪਏ ਪ੍ਰੇਤਾਂ ਨੂੰ ਮਨੁੱਖਾ ਜਨਮ ਦੇ ਕੇ ਆਪਣੇ ਸੇਵਕਾਂ ਦੇ ਘਰ ਭੇਜ ਕੇ ਉਨ੍ਹਾਂ ਦੀ ਭਾਵਨਾ ਪੂਰੀ ਕਰਦਾ ਹੈਂ। ਮੇਰੇ ਗ਼ਰੀਬ ਤੇ ਵੀ ਤਰਸ ਕਰ ਘਰ ਵਿੱਚ ਪੰਜ ਲੜਕੀਆਂ ਹਨ, ਲੜਕਾ ਕੋਈ ਨਹੀਂ। ਤੇਰੇ ਦਰ ਵਿੱਚ ਆ ਕੇ ਝੋਲੀ ਅੱਡੀ ਹੈ, ਇਸ ਵਿੱਚ ਪੁੱਤਰ ਦੀ ਖੈਰ ਪਾ ਦੇਹ। ਮੈਂ ਸੱਚੇ ਦਿਲੋਂ ਅਰਜ਼ ਕਰਦਾ ਹਾਂ। ਮਨੋਕਾਮਨਾ ਪੂਰੀ ਹੋਇਆਂ ਅਸਥਾਨ ਤੇ ਅਖੰਡ ਪਾਠ ਦਾ ਭੰਡਾਰਾ ਕਰਾਵਾਂਗਾ। ਇਹ ਇਸ ਨੇ ਕਿਸੇ ਨੂੰ ਦਸੇ ਬਿਨਾਂ ਆਪਣੇ ਅੰਦਰ ਹੀ ਸੁੱਖਣਾ ਸੁੱਖੀ। ਗ਼ਰੀਬ ਪਰਵਰ ਨੇ ਮੇਹਰ ਕੀਤੀ ਅਰਦਾਸ ਪੂਰੀ ਹੋਈ। ੧੯੭੫ ਦੀ ਅਪਰੈਲ ਨੂੰ ਘਰ ਵਿੱਚ ਭੁਜੰਗੀ ਦਾ ਜਨਮ ਹੋਇਆ। ਪ੍ਰਵਾਰ ਵਿੱਚ ਖ਼ੁਸ਼ੀਆਂ ਕੀਤੀਆਂ ਅਤੇ ਕਰਮਸਰ ਦੀ ਪਾਵਨ ਧਰਤੀ ਤੇ ਨਾਮ ਸੰਸਕਾਰ ਲਈ ਬਿਨੇ ਪਤ੍ਰਕਾ ਲਿਖੀ। ਅਖੰਡ ਪਾਠ ਦੇ ਭੰਡਾਰੇ ਲਈ ਅਰਜ਼ ਕੀਤੀ। ਆਪ ਜੀ ਨੇ ਅੰਖਡਪਾਠ ਦੀ ਸਮਾਪਤੀ ਤੇ ਸਤਿਗੁਰਾਂ ਦੇ ਆਏ ਮੁਖਵਾਕ ਤੋਂ ਬੱਚੇ ਦਾ ਨਾਮ ਮਨਜੀਤ ਸਿੰਘ ਲਿਖ ਭੇਜਿਆ। ੧੯੭੫ ਈ. ਦੇ ਜੂਨ ਮਹੀਨੇ ਸਟੀਵਨੇਜ਼ ਪੁੱਜ ਅਘਨਾਸਕ ਦੇ ਚਰਨ ਪਰਸੇ। ਬੱਚੇ ਨੂੰ ਨਮਸ਼ਕਾਰ ਕਰਵਾਈ, ਪ੍ਰਵਾਰ ਸਮੇਤ ਨਾਮ ਦੀ ਦਾਤ ਪ੍ਰਾਪਤ ਕੀਤੀ। ਇਹ ਵਾਰਤਾ ਉਸ ਪ੍ਰੇਮੀ ਨੇ ਲੇਖਕ ਨੂੰ ਆਪ ਦੱਸੀ ਹੈ।

ਸ. ਸਵਰਨ ਸਿੰਘ ਨੂੰ ਬਖ਼ਸ਼ਿਸ਼

ਜਲੰਧਰ ਜ਼ਿਲ੍ਹੇ ਵਿੱਚ ਸਿਧਵਾਂ ਪਿੰਡ ਦੇ ਸ. ਸਵਰਨ ਸਿੰਘ ਤੇ ਵੀ ਦਾਤੇ ਦੀ ਅਪਾਰ ਕ੍ਰਿਪਾ ਹੋਈ ਵੂਲਵਰਹੈਂਪਟਨ ਰਬੜ ਦੀ ਫੈਕਟਰੀ ਵਿੱਚ ਕੰਮ ਕਰਦਾ ਹੈ। ਇਸ ਨੇ ੧੯੭੦ ਈ. ਵਿੱਚ ਪਿੰਡ ਗਿਆਂ ਜਲੰਧਰ ਛਾਉਣੀ ਗ਼ਰੀਬ ਨਿਵਾਜ਼ ਦਾ ਕੀਰਤਨ ਸੁਣਿਆ ਸੀ ਪਰ ਜਦੋਂ ਆਪ ਜੀ ੧੯੭੪ ਦੀ ਅਗਸਤ ਨੂੰ ਸ. ਸੁਦਾਗਰ ਸਿੰਘ ਦਾ ਪ੍ਰੇਮ ਤੱਕ ਕੇ ਵੂਲਵਰਹੈਂਪਟਨ ਆਏ ਤਾਂ ਇਹ ਵੀ ਪ੍ਰਵਾਰ ਸਮੇਤ ਦਰਸ਼ਨਾ ਲਈ ਪੁੱਜਾ। ਇਸ ਦੇ ਨਾਲ ਦੋ ਲੜਕੀਆਂ ਸਨ। ਇਨ੍ਹਾਂ ਤੋਂ ਵੱਡਾ ਇੱਕ ਲੜਕਾ ਵੀ ਨਾਲ ਸੀ। ਕੁੱਝ ਸਮੇਂ ਬਾਅਦ ਇੱਕ ਹੋਰ ਬੱਚਾ ਹੋਣ ਵਾਲਾ ਸੀ। ਜਦੋਂ ਇਹ ਮੱਥਾ ਟੇਕਣ ਲੱਗੇ ਤਾਂ ਹਜ਼ੂਰ ਨੇ ਮੁਸਕਰਾ ਕੇ ਆਪਣੇ ਕਰ ਕਮਲਾਂ ਵਿੱਚ ਪਕੜਿਆ ਇੱਕ ਫ਼ੁੱਲ ਛੋਟੀ ਗੁੱਡੀ ਨੂੰ ਦੇ ਦਿੱਤਾ ਅਤੇ ਕਿਹਾ ਲੈ ਤੈਨੂੰ ਇੱਕ ਹੋਰ ਵੀਰ ਦੇਈਏ। ਇਹ ਮੇਹਰਾਂ ਭਰਿਆ ਬਚਨ ਸੁਣ ਕੇ ਸਾਰੇ ਪ੍ਰਵਾਰ ਦੇ ਮਨ ਵਿੱਚ ਅਤਿਅੰਤ ਪ੍ਰਸੰਨਤਾ ਹੋਈ ਅਤੇ ਹੋਰ ਵੀ ਸ਼ਰਧਾ ਜਾਗ ਆਈ। ਜਦੋਂ ਆਪ ਜੀ ਇੰਡੀਆ ਵਾਪਸ ਆਏ ਤਾਂ ਇਨ੍ਹਾਂ ਨੇ ਬਚਨਾਂ ਤੇ ਭਰੋਸਾ ਕਰ ਪਹਿਲਾਂ ਹੀ ਬਿਨੇ ਪਤ੍ਰਕਾ ਲਿਖ ਭੇਜੀ ਕਿ ਮਹਾਰਾਜ! ਏਸ ਦੇਸ਼ ਦਾ ਅਸੂਲ ਹੈ ਕਿ ਬੱਚੇ ਦੇ ਜਨਮ ਤੋਂ ਬਾਅਦ ਤਿੰਨ ਹਫਤਿਆਂ ਦੇ ਅੰਦਰ ਅੰਦਰ ਉਸ ਦਾ ਨਾਮ ਲਿਖਾਉਣਾ ਪੈਂਦਾ ਹੈ। ਆਪ ਕ੍ਰਿਪਾ ਕਰ ਕੇ ਬੱਚੇ ਦਾ ਨਾਮ ਲਿਖ ਭੇਜੋ। ਹਜ਼ੂਰ ਨੇ ਖ਼ਤ ਪੜ੍ਹ ਕੇ ਇਨ੍ਹਾਂ ਦੀ ਭਾਵਨਾ ਦੇਖ ਬਖ਼ਸ਼ਿਸ਼ ਕਰ ਕੇ ਵਾਪਸੀ ਉੱਤਰ ਦਿੱਤਾ ਕਿ ਲੜਕੇ ਦਾ ਨਾਮ ਬਲਬੀਰ ਸਿੰਘ ਰੱਖਣਾ। ਮਹਾਂਪੁਰਸ਼ਾਂ ਨੇ ਆਪਣੇ ਕੀਤੇ ਬਚਨਾਂ ਦੀ ਲਾਜ ਪਾਲੀ ਹੈ। ੨੧-੧-੭੫ ਨੂੰ ਬੱਚੇ ਦਾ ਜਨਮ ਹੋਇਆ। ਹਜ਼ੂਰ ਦੇ ਲਿਖੇ ਅਨੁਸਾਰ ਬਲਬੀਰ ਸਿੰਘ ਨਾਮ ਰੱਖਿਆ। ਫੇਰ ਦੂਜੀ ਵਾਰ ਲੰਡਨ ਗਿਆਂ ਤੋਂ ਘਰ ਚਰਨ ਪਵਾਏ। ਬੱਚੇ ਨੂੰ ਮੱਥਾ ਟਿਕਾਇਆ, ਅਸਥਾਨ ਤੇ ਭੰਡਾਰੇ ਅਤੇ ਪਾਠ ਵਾਸਤੇ ਮਾਇਆ ਭੇਟਾ ਕੀਤੀ।

ਹਜ਼ੂਰ ਦੇ ਬਚਨਾਂ ਦਾ ਬੀ. ਬੀ. ਸੀ. ਰੇਡੀਓ ਤੇ ਧਾਰਮਿਕ ਪ੍ਰੋਗਰਾਮ

ਜਦੋਂ ਹਜ਼ੂਰ ਨੇ ੧੧-੫-੭੫ ਨੂੰ ਦੂਜੀ ਵਾਰ ਇੰਗਲੈਂਡ ਦੀ ਸੰਗਤ ਨੂੰ ਦਰਸ਼ਨ ਬਖ਼ਸ਼ੇ। ਰਿਹਾਇਸ਼ ਸ. ਪ੍ਰੀਤਮ ਸਿੰਘ

ਇਆਲੀ ਦੇ ਮਕਾਨ ਤੇ ਸੈਂਟਰਲ ਲੰਡਨ ਰੱਖੀ। ਦੀਵਾਨ ਗੁਰਦੁਆਰਾ ਸਿੰਘ ਸਭਾ ਸਾਊਥਹਾਲ ਲੱਗਦੇ ਸਨ। ਹਫ਼ਤੇ ਵਿੱਚ ਦੋ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਪ੍ਰਮਾਰਥੀ ਬਚਨਾਂ ਵਾਸਤੇ ਰਿਹਾਇਸ਼ੀ ਜਗ੍ਹਾ ਨੇੜੇ ਇੱਕ ਘੰਟਾ ਸਮਾਂ ਰੱਖਿਆ ਸੀ। ਇੱਥੇ ਬੜਾ ਭਾਰੀ ਇਕੱਠ ਹੋ ਜਾਂਦਾ। ੮-੬-੭੫ ਐਤਵਾਰ ਨੂੰ ਹਜ਼ੂਰ ਦੀ ਉਪਮਾ ਸੁਣ ਕੇ ਬੀ. ਬੀ. ਸੀ. ਰੇਡੀਓ (ਬਰਤਾਨੀਆਂ ਦਾ ਰੇਡੀਓ ਵਿਭਾਗ) ਵੱਲੋਂ ਹਿੰਦੀ ਪੰਜਾਬੀ ਦੇ ਪ੍ਰੋਗਰਾਮਾਂ ਦੇ ਐਡੀਟਰ ਸ੍ਰੀ ਗੌਤਮ ਧਰਮਿੰਦ੍ਰਾ ਤੇ ਉਨ੍ਹਾਂ ਦੀ ਸੁਪਤਨੀ ਕੁਲਜੀਤ ਕੌਰ ਪਹਿਲਾਂ ਸਮਾਂ ਲੈ ਕੇ ਦਾਤੇ ਦੇ ਚਰਨਾਂ ਵਿੱਚ ਪੁੱਜੇ ਅਤੇ ਕੁਰਸੀ ਦੇ ਸਮੇਂ ਪ੍ਰਮਾਰਥਕ ਬਚਨਾਂ ਨੂੰ ਰੀਕਾਰਡ ਕਰਨ ਵਾਸਤੇ ਬੇਨਤੀ ਕੀਤੀ। ਸੇਵਾਦਾਰ ਦਾ ਇਸ਼ਾਰਾ ਪਾ ਕੇ ਬੜੀ ਭਾਵਨਾ ਨਾਲ ਸਾਰੇ ਬਚਨ ਰੀਕਾਰਡ ਕੀਤੇ ਜੋ ਗੁਰੂ ਕ੍ਰਿਪਾ ਤੇ ਹੋ ਰਹੇ ਹਨ। ਨਾਲ ਹੀ ਪੁਸ਼ਟੀ ਵਾਸਤੇ ਪੱਟੀ ਵਾਲੇ ਪਰੇਮੇ ਕੁਸ਼ਟੀ ਦਾ ਇਤਿਹਾਸ ਸੁਣਾਇਆ! ਕਿ ਕੇਹੋ ਜੇਹੀ ਗਈ ਗ਼ੁਜ਼ਰੀ ਜ਼ਿੰਦਗੀ ਵਾਲਾ ਜੀਵ ਗੁਰੂ ਕ੍ਰਿਪਾ ਦੁਆਰਾ ਸੰਸਾਰ ਦਾ ਰਹਿਬਰ ਤੇ ਮੰਜੀ ਪਾ ਕੇ ਪੂਜਨੀਕ ਬਣਿਆ।

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ *(ਮਾਰੂ ਮਃ ੧ - ੯੯੦)*

ਜਿਨ੍ਹਾਂ ਨੂੰ ਸੁਣ ਕੇ ਉਹ ਸਾਰੀ ਸੰਗਤ ਸਮੇਤ ਗਦ ਗਦ ਹੋ ਗਿਆ ਅਤੇ ਸ਼ਾਮ ਨੂੰ ਓਹੋ ਹੀ ਬਚਨ ਬੀ. ਬੀ. ਸੀ. ਦੇ ਹਿੰਦੀ ਪ੍ਰੋਗਰਾਮ ਵਿੱਚ ਸੁਣਾਏ ਗਏ। ਇਹ ਪ੍ਰੋਗਰਾਮ ਹਰੇਕ ਐਤਵਾਰ ਨੂੰ ਹਿੰਦੀ ਪੰਜਾਬੀ ਵਿੱਚ ਬੀ. ਬੀ. ਸੀ. ਦੇ ਪ੍ਰੋਗਰਾਮ (ਸਾਰੀ ਇੰਗਲੈਂਡ ਵਿੱਚ) ਹਿੰਦੀ ਪੰਜਾਬੀ ਸਰਵਿਸ ਵਿੱਚ ਪ੍ਰਸਾਰਤ ਕੀਤੇ ਜਾਂਦੇ ਹਨ। ਇਨ੍ਹਾਂ ਦੇ ਘਰੋਂ ਬੀਬੀ ਕੁਲਜੀਤ ਕੌਰ ਇੱਕ ਸਿੱਖ ਕਰਨਲ ਕਾਬਲ ਸਿੰਘ ਦੀ ਲੜਕੀ ਸੀ ਜੋ ਜਲੰਧਰ ਮਾਡਲ ਟਾਊਨ ਰਹਿੰਦੇ ਹਨ। ਸ੍ਰੀ ਗੌਤਮ ਧਰਮਿੰਦਰਾ ਦਾ ਸੰਬੰਧ ਗੋਰਖਾ ਖ਼ਾਨਦਾਨ ਨਾਲ ਹੋਣ ਕਰ ਕੇ ਜੈਸੀ ਕਿ ਉਨ੍ਹਾਂ ਦੀ ਮਰਯਾਦਾ ਹੈ। ਇਨ੍ਹਾਂ ਦੀ ਇਹ ਸ਼ਰਧਾ ਹੋਈ ਕਿ ਸਾਡੀ ਬੱਚੀ ਚਾਲੀ ਦਿਨਾਂ ਦੀ ਹੋ ਗਈ ਹੈ। ਇਸ ਨੂੰ ਖੋਖਰੀ ਅਰਪਣ ਦੀ ਰਸਮ ਸੰਤ ਜੀ ਮਹਾਰਾਜ ਦੇ ਪਾਵਨ ਕਰ ਕਮਲਾਂ ਤੋਂ ਕਰਵਾਈਏ। ਇਸੇ ਭਾਵਨਾ ਨੂੰ ਲੈ ਕੇ ਹੀ ਦੁਬਾਰਾ ਚਰਨਾਂ ਵਿੱਚ ਪੁੱਜੇ ਸਨ। ਖੋਖਰੀ ਤੇ ਪ੍ਰਸ਼ਾਦ ਆਦਿ ਭੇਟਾਂ ਰੱਖ ਨਮਸ਼ਕਾਰ ਕੀਤੀ। ਗ਼ਰੀਬ ਨਿਵਾਜ਼ ਨੇ ਪ੍ਰਸੰਨ ਚਿਤ ਆਪਣੇ ਵੱਲੋਂ ਪਵਿੱਤਰ ਰੁਮਾਲ ਤੇ ਕੁੱਝ ਪ੍ਰਸ਼ਾਦ ਬੱਚੀ ਦੀ ਝੋਲੀ ਪਾ ਖੋਖਰੀ ਅਰਪਣ ਕੀਤੀ। ਇਹ ਬੜੇ ਨਿਹਾਲ ਹੋਏ, ਭਾਵਨਾ ਨਾਲ ਨਮਸ਼ਕਾਰ ਕਰ ਵਾਪਸ ਆ ਗਏ। ਇਸੇ ਤਰ੍ਹਾਂ ਇੱਕ ਹੋਰ ਸਹਿਜਧਾਰੀ ਸਿੰਧੀ ਡਾਕਟਰ ਹਿੰਗੋਰਾਨੀ ੧੦-੬-੭੫ ਨੂੰ ਗ਼ਰੀਬ ਨਿਵਾਜ਼ ਦਾ ਦਰਸ਼ਨ ਕਰ ਕੇ ਸ਼ਰਧਾਲੂ ਬਣਿਆ। ਸੰਤ ਮਹਾਰਾਜ ਜੀ ਦੇ ਬਚਨਾਂ ਦੁਆਰਾ ਸ. ਪ੍ਰੀਤਮ ਸਿੰਘ ਝੱਮਟ (ਹਾਲ ਕੈਨੇਡਾ) ਦੇ ਘਰ ਦੋ ਲੜਕੀਆਂ ਤੋਂ ਬਾਅਦ ੧੧-੧੨-੭੩ ਨੂੰ ਲੜਕੇ ਦਾ ਜਨਮ ਹੋਇਆ। ਸੰਤ ਜੀ ਨੇ ਕੁਲਜੀਤ ਸਿੰਘ ਨਾਮ ਰੱਖਿਆ। ਵੁਲਵਰਹੈਂਪਟਨ ਸੁਦਾਗਰ ਸਿੰਘ ਰੂਮੀ ਦੇ ਘਰ ਬੈਠਿਆਂ ਮੇਮ ਦੀ ਕਾਰ ਨਾਲ ਇਨ੍ਹਾਂ ਦੀ ਛੋਟੀ ਬੱਚੀ ਦਾ ਐਕਸੀਡੈਂਟ ਹੋ ਗਿਆ ਪਰ ਦਾਤੇ ਨੇ ਹੱਥ ਦੇ ਕੇ ਸੂਲੀ ਤੋਂ ਸੂਲ ਕਰ ਦਿੱਤੀ।

ਇਨ੍ਹਾਂ ਦੇ ਘਰ ੧੯੭੧ ਦੀ ਜੂਨ ਲੂਟਨ ਸ਼ਹਿਰ ਸੰਤ ਮੀਹਾਂ ਸਿੰਘ ਸਿਆੜ ਵਾਲਿਆਂ ਨੇ ਚਰਨ ਪਾਏ। ਪ੍ਰਸ਼ਾਦ ਛਕਦਿਆਂ ਸੰਤ ਜੀ ਮਹਾਰਾਜ ਦੀ ਮਹਿਮਾ ਹੀ ਕਰਦੇ ਰਹੇ। ਉਪਰੰਤ ੧੫ ਜੁਲਾਈ ੧੯੭੪ ਵਿੱਚ ਗ਼ਰੀਬ ਨਿਵਾਜ਼ ਨੇ ਬਿਦਰ ਦੀ ਝੁੱਗੀ ਨੂੰ ਭਾਗ ਲਾਉਣ ਵਾਂਗ ਘਰ ਨੂੰ ਪਾਵਨ ਚਰਨਾਂ ਦੀ ਛੂਹ ਨਾਲ ਪਵਿੱਤਰ ਕੀਤਾ। ਇਸ ਦਾ ਵੱਡਾ ਭਰਾ ਕ੍ਰਿਪਾਲ ਸਿੰਘ, ਛੋਟਾ ਭਰਾ ਰਜਿੰਦਰ ਸਿੰਘ ਦੋਵੇਂ ਅੰਮ੍ਰਿਤਧਾਰੀ ਹਨ ਅਤੇ ਕਰਮਸਰ ਸਕੂਲ ਵਿੱਚ ਹੀ ਪੜ੍ਹੇ। ਸੰਤ ਜੀ ਮਹਾਰਾਜ ਦੇ ਪਰਮ ਪ੍ਰੀਤਵਾਨ ਹਨ। ਹੁਣ ਪ੍ਰਵਾਰਾਂ ਸਮੇਤ ਕੈਨੇਡਾ ਵਿੱਚ ਰਹਿੰਦੇ ਹਨ। ਇਨ੍ਹਾਂ ਨੇ ਪ੍ਰੀਤਮ ਸਿੰਘ ਨੂੰ ਭੀ ਬਹੁਤ ਵਾਰੀ ਆਪਣੇ ਕੋਲ ਲਿਜਾਣ ਵਾਸਤੇ ਪ੍ਰੇਰਿਆ। ਪੱਤ੍ਰਕਾਂ ਪਾਈਆਂ ਪਰ ਇਸ ਨੇ ਦਾਤੇ ਦੀ ਸੇਵਾ ਨਹੀਂ ਛੱਡੀ ਅਤੇ ਅਮੁਲੀ ਦੌਲਤ ਜਾਣ ਕੇ ਕੋਈ ਪ੍ਰਵਾਹ ਨਾ ਕੀਤੀ। ਉਨ੍ਹਾਂ ਨੇ ਉਧਰੋਂ ਵੀਜ਼ਾ ਭੀ ਭੇਜ ਦਿੱਤਾ। ਜਦੋਂ ਸੰਤ ਜੀ ਮਹਾਰਾਜ ਨੂੰ ਪਤਾ ਲੱਗਾ ਕਿ ਵੀਜ਼ੇ ਦੀ ਤਾਰੀਖ਼ ਨੇੜੇ ਆ ਰਹੀ ਹੈ ਪਰ ਇਸ ਦਾ ਮਨ ਸੇਵਾ ਨਹੀਂ ਛੱਡਣੀ ਚਾਹੁੰਦਾ, ਤਾਂ ਹਜ਼ੂਰ ਨੇ ਇਸ ਨੂੰ ਉੱਥੇ ਜਾਣ ਵਾਸਤੇ ਆਗਿਆ ਕੀਤੀ ਕਿ ਜ਼ਰੂਰ ਜਾਣਾ ਚਾਹੀਦਾ ਹੈ। ਇਉਂ ਦਾਤੇ ਦੀ ਪੂਰਨ ਪ੍ਰਸੰਨਤਾ ਦਾ ਪਾਤਰ ਬਣ ਇਹ ਗੁਰਮੁਖ ੨੪-੮-੭੫ ਨੂੰ ਕੈਨੇਡਾ ਚਲਾ ਗਿਆ, ਜਿੱਥੇ ੨੫-੮-੭੫ ਦੀ ਰਾਤ ਨੂੰ ਪੁੱਜਾ। ਇਉਂ ਸੰਤ ਜੀ ਮਹਾਰਾਜ ਨੇ ਵੁਲਵਰਹੈਂਪਟਨ ਸ. ਸੁਦਾਗਰ ਸਿੰਘ ਰੂਮੀ ਦੇ ਘਰ ਰਿਹਾਇਸ਼ ਕਰ ਕੇ ਤੇਰਾਂ ਦੀਵਾਨ ਐਕਟਿਵੀਜ਼ ਸੈਂਟਰ ਹਾਲ ਮੈਂਡਰ ਸਟ੍ਰੀਟ ਕੀਤੇ ਅਤੇ ਇਹ ਵੈਰਾਗਮਈ ਉਪਦੇਸ਼ ਕੀਤਾ:

ਕਾਲ ਦੀ ਗਤੀ ਦੇ ਸਮੇਂ ਦਾ ਚੱਕਰ

ਦਿਨ ਚੜ੍ਹਿਆ ਤੇ ਗਿਆ। ਰਾਤ ਪਈ ਤੇ ਬੀਤੀ। ਇਉਂ ਚੱਕਰ ਚਲਦਾ ਜਾਂਦਾ ਹੈ। ਮਹੀਨੇ ਤੇ ਸਾਲ ਬਣ ਕੇ ਲੰਘਦੇ ਜਾਂਦੇ ਹਨ। ਸਮਾਂ ਤੁਰਿਆ ਜਾਂਦਾ ਹੈ। ਇਹ ਕਿਸੇ ਦੀ ਉਡੀਕ ਨਹੀਂ ਕਰਦਾ। ਉਮਰ ਬੀਤਦੀ ਜਾਂਦੀ ਹੈ ਧਰਤੀ ਉੱਤੇ ਘਟਨਾਵਾਂ ਹੁੰਦੀਆਂ ਜਾਂਦੀਆਂ ਹਨ। ਕਰੋੜਾਂ ਸਾਲਾਂ ਤੋਂ ਐਸਾ ਹੀ ਚੱਕਰ ਚੱਲ ਰਿਹਾ ਹੈ।

ਜਿਵੇਂ ਦਿਨ ਤੋਂ ਪਿੱਛੋਂ ਰਾਤ ਆਉਂਦੀ ਹੈ ਤਿਵੇਂ ਖ਼ੁਸ਼ੀਆਂ ਭਰੇ ਮੇਲੇ ਦੇਖ ਕੇ ਮਨੁੱਖ ਨੂੰ ਉਦਾਸੀ ਤੇ ਸੋਗ ਭਰੀਆਂ ਝਾਕੀਆਂ ਵੀ ਦੇਖਣੀਆਂ ਪੈਂਦੀਆਂ ਹਨ। ਠੰਢਾ ਤੱਤਾ ਦੁੱਖ ਸੁੱਖ ਦਾ ਨਾਮ ਹੀ ਤਾਂ ਜੀਵਨ ਹੈ। ਫ਼ੁੱਲਾਂ ਦੇ ਨਾਲ ਕੰਡੇ ਹਨ ਤੇ ਹਾਸਿਆਂ ਪਿੱਛੇ ਰੋਣਾ ਹੈ। ਚਲਦੀ ਜੀਵਨ ਦੀ ਨਦੀ ਵਿੱਚ ਕਈ ਪ੍ਰਕਾਰ ਦੇ ਜਵਾਰ ਭਾਟੇ ਆਉਂਦੇ ਹਨ। ਉਨ੍ਹਾਂ ਨੂੰ ਦੇਖ ਕੇ ਜਾਂ ਸੁਣ ਕੇ ਘਰਬਰਾਉਣਾ ਨਹੀਂ ਚਾਹੀਦਾ।

ਕਾਲ ਦਾ ਚੱਕਰ ਚੱਲਦਾ ਜਾਂਦਾ ਹੈ। ਦਿਨ ਬੀਤਦੇ ਚਲੇ ਜਾਂਦੇ ਹਨ। ਜਿਵੇਂ ਸਮਾਂ ਹੋਏ ਤੋਂ ਪਿੱਪਲ ਦੇ ਪਹਿਲੇ ਪੱਤੇ ਆਪੇ ਹੀ ਸੁੱਕ ਕੇ ਡਿੱਗ ਪੈਂਦੇ ਹਨ ਤੇ ਉਨ੍ਹਾਂ ਦੀ ਥਾਂ ਨਵੀਆਂ ਕਰੂੰਮਲਾਂ ਜਨਮ ਲੈਂਦੀਆਂ ਹਨ। ਪਿੱਪਲ ਦਾ ਪਸਾਰ ਉਸੇ ਤਰ੍ਹਾਂ ਹੀ ਰਹਿੰਦਾ ਹੈ ਜੋ ਪੰਛੀਆਂ ਦਾ ਘਰ ਤੇ ਯਾਤਰੂਆਂ ਦਾ ਆਸਰਾ ਹੁੰਦਾ ਹੈ। ਤਿਵੇਂ ਹੀ ਮਾਨਵ ਜਗਤ ਦਾ ਚੱਕਰ ਹੈ, ਉਮਰ ਭੋਗ ਕੇ ਬਜ਼ੁਰਗ ਤੁਰ ਜਾਂਦੇ ਹਨ ਅਤੇ ਅੱਗੇ ਉਨ੍ਹਾਂ ਦੀ ਸੰਤਾਨ ਉਨ੍ਹਾਂ ਵਾਲੀ ਜਗ੍ਹਾ ਮੱਲ ਬੈਠਦੀ ਹੈ। ਕਿਤੇ ਕਰਮ ਧਰਮ ਵਿੱਚ ਫ਼ਰਕ ਆ ਜਾਂਦਾ ਹੈ ਕਿਤੇ ਉਹੋ ਹੀ ਕਰਮ ਧਰਮ ਕਈ ਪੁਸ਼ਤਾਂ ਤੱਕ ਚੱਲਦਾ ਰਹਿੰਦਾ ਹੈ। ਸੋ ਕਾਲ ਦਾ ਅਸਰ ਸਾਰਿਆਂ ਤੇ ਹੁੰਦਾ ਹੈ। ਜਿਹੜਾ ਦਿਨ ਅੱਜ ਬੀਤਿਆ, ਉਹ ਕੱਲ੍ਹ ਨਹੀਂ ਆਉਣਾ। ਅੱਜ ਦੇ ਬੰਦੇ ਕੱਲ੍ਹ ਨਹੀਂ ਹੋਣੇ। ਇਹ ਚੱਕਰ ਚੱਲਦਾ ਜਾਂਦਾ ਹੈ। ਅਵਸਥਾ ਬਦਲਦੀ ਜਾਂਦੀ ਹੈ। ਕਾਲੇ ਕੇਸ ਤੇ ਜਵਾਨੀ ਸਦਾ ਨਹੀਂ ਰਹਿੰਦੀ।

ਸੰਸਾਰ

ਆਦਮੀ ਹੈ ਬੁਲਬੁਲਾ ਇੱਕ ਪਾਣੀ ਦਾ। ਕਿਆ ਭਰਵਾਸਾ ਹੈ ਇਸ ਜਿੰਦਗਾਨੀ ਦਾ।

ਦੁਨੀਆਂ ਦਾ ਢਾਂਚਾ ਕਦੇ ਖ਼ਤਮ ਨਹੀਂ ਹੋ ਸਕਦਾ ਕੋਈ ਰਹੇ ਯਾ ਨ ਰਹੇ। ਸੁਪਨਿਆਂ ਦੇ ਮਹੱਲ ਉਸਰਦੇ ਹਨ ਅਤੇ ਢਹਿੰਦੇ ਹਨ। ਮਨੁੱਖ ਜੰਮਦੇ ਹਨ ਅਤੇ ਮਰਦੇ ਹਨ। ਆਤਮਾ ਮਿਲਦੀਆਂ ਹਨ ਅਤੇ ਵਿਛੜਦੀਆਂ ਹਨ। ਜਾਣ ਵਾਲਾ ਚਲਾ ਜਾਂਦਾ ਹੈ, ਪਿੱਛੇ ਰਹਿ ਜਾਣ ਵਾਲੇ ਦਿਲ ਤੇ ਪੱਥਰ ਰੱਖ ਕੇ ਰਹਿ ਜਾਂਦੇ ਹਨ, ਸੁੱਖ ਤੇ ਦੁੱਖ, ਦੁੱਖ ਤੇ ਸੁੱਖ, ਮਾਸ ਨਹੁੰ ਦਾ ਜੋੜ ਹੈ। ਦੋਹਾਂ ਵਿੱਚ ਖ਼ੁਸ਼ੀ ਪਿੱਛੋਂ ਅਫ਼ਸੋਸ, ਅਫ਼ਸੋਸ ਪਿੱਛੋਂ ਖ਼ੁਸ਼ੀ ਇੱਕ ਚੱਕਰ ਹੈ ਜੇਹੜਾ ਚੱਲਦਾ ਹੀ ਰਹੇਗਾ। ਦੁਨੀਆਂ ਵਿੱਚ ਰੰਗੀਨੀਆਂ ਭਰੀਆਂ ਪਈਆਂ ਹਨ। ਇਸ ਦੇ ਨਾਲ ਪਿਆਰ ਕਰੋ, ਪਰ ਪਕੜ ਨ ਕਰੋ। ਇਨਸਾਨ ਉਹੋ ਹੈ, ਜੋ ਸ਼ਾਨ ਨਾਲ ਜਿਉਂਦਾ ਹੈ ਅਤੇ ਸ਼ਾਨ ਨਾਲ ਹੀ ਮਰਦਾ ਹੈ। ਹਰ ਮੁਲਾਕਾਤ ਨੂੰ ਅਤੇ ਹਰੇਕ ਦਮ ਨੂੰ ਆਖ਼ਰੀ ਹੀ ਸਮਝਣਾ ਚਾਹੀਦਾ ਹੈ। ਕਿਉਂਕਿ ਮਨੁੱਖ ਦੇ ਖ਼ਿਆਲ ਦੀ ਖਿਦੋ ਨੂੰ ਟਾਈਮ ਦੇ ਟੱਲੇ ਵਜਦੇ ਹੀ ਰਹਿੰਦੇ ਹਨ। ਇਹ ਗੱਲਾਂ ਦੀ ਗੇਂਦ ਕਿਤੇ ਟਿਕ ਨਹੀਂ ਸਕਦੀ। ਪਰ ਗੱਲ ਕਰਨ ਵਿੱਚ ਵੀ ਫ਼ਰਕ ਹੈ।

ਯਥਾ: ਗੱਲਾਂ ਗੱਲਾਂ ਦੇ ਵਿੱਚੋਂ ਗਿਆਨ ਮਿਲਦਾ, ਜੇਕਰ ਸੁਣੀਏ ਧਿਆਨ ਨਾਲ ਗੂੜ੍ਹ ਗੱਲਾਂ।
ਚਤਰ ਚੁੱਪ ਕਰ ਰਹਿੰਦੇ ਦੀਵਾਨ ਅੰਦਰ, ਕਥਾ ਕੀਰਤਨ ਵਿੱਚ ਕਰਦੇ ਮੂੜ੍ਹ ਗੱਲਾਂ।
ਸੱਚ ਧਰਮ ਦੀ ਕਰੇ ਨਾ ਗੱਲ ਬੰਦਾ, ਸਾਰੀ ਦੁਨੀਆਂ ਕਰਦੀ ਹੂੜ੍ਹ ਗੱਲਾਂ।
'ਪੰਛੀ' ਪੁੱਛ ਲੈ ਗੁਰੂ ਗ੍ਰੰਥ ਜੀ ਤੋਂ, ਬਿਨਾਂ ਨਾਮ ਤੋਂ ਹੋਰ ਹਨ ਕੂੜ ਗੱਲਾਂ।

ਮੌਤ

ਪਸ਼ੂ ਪੰਛੀ ਤੇ ਮਨੁੱਖ ਸਾਰੇ ਹੀ ਮੌਤ ਤੋਂ ਭੈ ਕਰ ਕੇ ਕੰਬਦੇ ਹਨ। ਇਸ ਨੂੰ ਕੋਈ ਨਹੀਂ ਚਾਹੁੰਦਾ ਪਰ ਮੌਤ ਭਿਆਨਕ ਤੇ ਬੁਰੀ ਉਸ ਆਦਮੀ ਨੂੰ ਲੱਗਦੀ ਹੈ ਜਿਸ ਨੇ ਆਪਣੇ ਜੀਵਨ ਵਿੱਚ ਮੌਤ ਵਾਸਤੇ ਕੋਈ ਤਿਆਰੀ ਨਾ ਕੀਤੀ ਹੋਵੇ। ਜੇਹੜਾ ਮਨੁੱਖ ਜੀਵਨ ਦੇ ਸਮੇਂ ਵਿੱਚ ਮੌਤ ਦੀ ਅਸਲੀਅਤ ਨੂੰ ਜਾਣ ਕੇ ਉਸ ਦੇ ਆਉਣ ਤੋਂ ਪਹਿਲਾਂ ਤਿਆਰ ਹੋ ਜਾਂਦਾ ਹੈ ਉਸ ਨੂੰ ਤਾਂ ਮੌਤ ਇਸ ਤਰ੍ਹਾਂ ਪਿਆਰੀ ਤੇ ਸੁਖਦਾਈ ਜਾਪਦੀ ਹੈ ਜਿਵੇਂ ਥੱਕੇ ਹਾਰੇ ਮਨੁੱਖ ਨੂੰ ਨੀਂਦ। ਮੌਤ ਦੇ ਭਿਆਨਕ ਲੱਗਣ ਦਾ ਸਭ ਤੋਂ ਵੱਡਾ ਕਾਰਣ ਏਹੋ ਹੀ ਹੋ ਸਕਦਾ ਹੈ ਕਿ ਮਨੁੱਖ ਦਾ ਇਸ ਦੇ ਆਉਣ ਤੋਂ ਪਹਿਲਾਂ ਤਿਆਰ ਨਾ ਹੋਣਾ।

ਜ਼ਿੰਦਗੀ ਇੱਕ ਸਫ਼ਰ ਹੈ, ਮੌਤ ਇੱਕ ਟਿਕਾਣਾ ਜਾਂ ਪੜਾਓ ਹੈ। ਜਿਹੜਾ ਆਦਮੀ ਆਪਣੇ ਸਫ਼ਰ ਨੂੰ ਸਫ਼ਰ ਨਾ ਸਮਝੇ ਅਤੇ ਇਸ ਨੂੰ ਸਦੀਵੀ ਬਣੇ ਰਹਿਣ ਵਾਲਾ ਨਿਸ਼ਚੇ ਕਰੇ ਤਾਂ ਫੇਰ ਸਫ਼ਰ ਦੇ ਮੁਕ ਜਾਣ ਤੇ ਉਸ ਨੂੰ ਕਿਉਂ ਨਾ ਨਿਰਾਸਤਾ ਦੇਖਣੀ ਪਵੇਗੀ। ਜਿਵੇਂ ਕੋਈ ਮਨੁੱਖ ਗੱਡੀ ਵਿੱਚ ਬੈਠ ਕੇ ਸਫ਼ਰ ਕਰ ਰਿਹਾ ਹੈ ਪਰ ਉਸ ਦਾ ਗੱਡੀ ਵਿੱਚ ਬੈਠਣ ਤੋਂ ਲੈ ਕੇ ਉੱਤਰਨ ਤੱਕ ਇਹ ਨਿਸ਼ਚਾ ਹੁੰਦਾ ਹੈ ਕਿ ਮੈਂ ਤਾਂ ਮੁਸਾਫ਼ਰ ਹਾਂ ਆਪਣੇ ਸਟੇਸ਼ਨ ਆਉਣ ਤੇ ਗੱਡੀ ਤੋਂ ਉੱਤਰ ਜਾਣਾ ਹੈ। ਭਾਵੇਂ ਉਹ ਰਸਤੇ ਵਿੱਚ ਅਨੇਕਾਂ ਸਟੇਸ਼ਨਾਂ, ਸ਼ਹਿਰਾਂ, ਨਦੀਆਂ, ਨਾਲਿਆਂ ਅਤੇ ਹਰਿਆਵਲਤਾ ਵਾਲੇ ਖੇਤਾਂ ਦੀ ਸੈਰ ਕਰਦਾ ਹੈ ਅਤੇ ਰਸਤੇ ਦੇ ਸ਼ਟੇਸ਼ਨਾਂ ਤੇ ਹੋਰ ਮੁਸਾਫ਼ਰਾਂ ਨੂੰ ਉੱਤਰਦੇ ਚੜ੍ਹਦੇ ਹੋਇਆਂ ਦੇਖਦਾ ਹੈ। ਯਾਤਰੂਆਂ ਨਾਲ ਪ੍ਰੇਮ ਭਾਵ ਦੇ ਬਚਨਾਂ ਨੂੰ ਕਰਦਾ ਤੇ ਹੱਸਦਾ ਖੇਡਦਾ ਹੈ ਪਰ ਆਪਣਾ ਸਟੇਸ਼ਨ ਆਉਣ ਤੇ ਖ਼ੁਸ਼ੀ ਨਾਲ ਉੱਤਰ ਜਾਂਦਾ ਹੈ।

ਨਾ ਉਸ ਨੂੰ ਉਨ੍ਹਾਂ ਮੁਸਾਫ਼ਰਾਂ ਦੇ ਵਿਛੜਨ ਸਮੇਂ (ਜੋ ਗੱਡੀ ਦੇ ਡੱਬੇ ਵਿੱਚ ਹੀ ਵਾਕਫ਼ ਬਣੇ ਸਨ) ਕੋਈ ਖੇਦ ਹੋਇਆ। ਨਾ ਹੀ ਸਟੇਸ਼ਨ ਤੋਂ ਉੱਤਰਨ ਸਮੇਂ ਕੋਈ ਤੱਕਲੀਫ ਮੰਨੀ। ਬਲਕਿ ਬੜੇ ਚਾਈਂ ਚਾਈਂ ਹੰਸੂ ਹੰਸੂ ਕਰਦਾ ਕੁਲੀ ਨੂੰ ਸਮਾਨ ਚੁਕਵਾ ਸਟੇਸ਼ਨ ਤੋਂ ਬਾਹਰ ਆਇਆ। ਇਸ ਦਾ ਕਾਰਨ ਇਹ ਹੈ ਕਿ ਗੱਡੀ ਵਿੱਚ ਚੜ੍ਹਨ ਤੋਂ ਪਹਿਲਾਂ ਹੀ ਉਸ ਨੇ ਨੀਅਤ ਕੀਤੇ ਸਟੇਸ਼ਨ ਤੇ ਉੱਤਰਨ ਦਾ ਮਨ ਬਣਾ ਲਿਆ ਸੀ ਅਤੇ ਸਫ਼ਰ ਨੂੰ ਕਰਦਿਆਂ ਗੱਡੀ ਦੇ ਡੱਬੇ ਨੂੰ ਆਪਣਾ ਘਰ ਨਹੀਂ ਨਿਸਚੇ ਕੀਤਾ ਸੀ ਕਿਉਂਕਿ ਉਸ ਦੇ ਅੰਦਰ ਇਹ ਪੱਕਾ ਭਰੋਸਾ ਸੀ ਜਿੱਥੇ ਸਫ਼ਰ ਲਈ ਰੇਲ ਵਿੱਚ ਚੜ੍ਹਨਾ ਜ਼ਰੂਰੀ ਹੈ, ਉੱਥੇ ਸਫ਼ਰ ਦੇ ਮੁਕਿਆਂ ਉੱਤਰਨਾ ਵੀ ਲਾਜ਼ਮੀ ਪੈਣਾ ਹੈ। ਇਸ ਵਾਸਤੇ ਜੋ ਮਨੁੱਖ ਸਫ਼ਰ ਨੂੰ ਸਫ਼ਰ ਸਮਝੇ, ਉਹ ਉਸ ਦੇ ਖ਼ਤਮ ਹੋਇਆਂ ਭੈ ਨਹੀਂ ਕਰਦਾ ਅਤੇ ਦੂਜੇ ਪਾਸੇ ਜੋ ਆਪਣੇ ਜੀਵਨ ਨੂੰ ਸਫ਼ਰ ਸਮਝਣ ਦੀ ਥਾਂ ਸਦੀਵੀ ਸ਼ੈ ਮੰਨ ਕੇ ਇਸ ਭੁਲੇਖੇ ਵਿੱਚ ਰਹੇ ਕਿ ਮੇਰਾ ਸਫ਼ਰ ਕਦੇ ਖ਼ਤਮ ਨਹੀਂ ਹੋਣਾ, ਉਸ ਦਾ ਫੇਰ ਜੀਵਨ ਦੇ ਅੰਤ ਸਮੇਂ ਨਿਰਾਸ਼ ਹੋਣਾ ਤੇ ਭੈ ਕਰਨਾ ਵੀ ਜ਼ਰੂਰੀ ਹੈ। ਮਨੁੱਖ ਦੀ ਇਹ ਵੱਡੀ ਭੁੱਲ ਤੇ ਬੇਸਮਝੀ ਹੈ ਕਿ ਉਹ ਆਪਣੇ ਜੀਵਨ ਵਿੱਚ ਮੌਤ ਦਾ ਨਾਮ ਸੁਣਨ ਵਾਸਤੇ ਵੀ ਤਿਆਰ ਨਹੀਂ। ਮੌਤ ਦੇ ਪ੍ਰਕਰਨ ਨੂੰ ਮਨਹੂਸ ਤੇ ਭੈੜਾ ਜਾਣਦਾ ਹੈ। ਜਿਵੇਂ ਕਿ ਕਿਸੇ ਮਹਿਫ਼ਲ ਵਿੱਚ ਇੱਕ ਮੋਲਵੀ ਸਾਹਿਬ ਵਾਅਜ਼ ਫਰਮਾ ਰਹੇ ਸਨ ਉਸ ਬਾਰ ਬਾਰ ਮੌਤ ਦਾ ਭੈ ਦਿੰਦੇ ਤੇ ਦੋਜਖ ਦੀ ਅੱਗ ਤੋਂ ਡਰਾਉਂਦੇ ਸਨ। ਇੱਕ ਹਿੰਦੂ ਨੇ ਸੁਣ ਕੇ ਕਿਹਾ, "ਮੀਆਂ! ਇਹ ਕੀ ਕਿੱਸੇ ਛੇੜੇ ਨੇ? ਮਰਨ ਦੀਆਂ ਗੱਲਾਂ ਕੀ ਕਰਨਾ ਏਂ? ਇਹ ਤੇ ਮੈਨੂੰ ਅੱਗੇ ਹੀ ਪਤਾ ਹੈ ਕਿ ਇੱਕ ਦਿਨ ਮਰ ਜਾਸਾਂ।"

ਮੈਂ ਅੰਜਾਮ ਅਪਨੇ ਸੇ ਆਗਾਹ ਹੂੰ ਕਿ ਇੱਕ ਰੋਜ਼ ਮਰ ਜਾਊਂਗਾ, ਬਸ ਯਹੀ ਨਾ?

ਮੈਨੂੰ ਮਰਨ ਤੇ ਸ਼ਾਇਦ ਉੱਥੇ ਹੀ ਜੀਵਨ ਲੱਭੇ ਕਿਉਂਕਿ ਡਿੱਗਿਆਂ ਨੂੰ ਹੀ ਉੱਠਣ ਦੇ ਵੱਲ ਸੁਝਦੇ ਹਨ। ਬਸ ਜੀਵਨ ਦੀ ਜੁਗਤੀ ਹੀ ਸਭ ਤੋਂ ਉਚੇਰੀ ਚੀਜ਼ ਹੈ। ਫਿਰ ਇਹ ਭਾਰੀ ਘਾਲ ਕਿਉਂ ਨਾ ਮੰਗੇ? ਜੀਵਦਿਆਂ ਮਰ ਰਹਿਣ ਦੀ ਜਾਚ ਸਿੱਖਣੀ ਹੈ ਤਾਂ ਬੜੀ ਔਖੀ, ਪਰ ਜੇ ਆ ਜਾਵੇ ਤਾਂ ਮੌਤ ਪਿੱਛੋਂ ਅਮਰ ਜੀਵਨ ਲੱਭਦਾ ਹੈ। ਜਦੋਂ ਮੁਲਸਮਾਨ ਸੂਫੀ ਦਰਵੇਸ਼ਾਂ ਨੇ ਬਾਬਾ ਨਾਨਕ ਜੀ ਤੋਂ ਪੁੱਛਿਆ ਫ਼ਕੀਰੀ ਦਾ ਆਦਿ ਕੀ ਹੈ ਤੇ ਅੰਤ ਕੀ? ਤਾਂ ਬਾਬਾ ਜੀ ਨੇ ਉੱਤਰ ਦਿੱਤਾ, "ਫ਼ਕੀਰੀ ਦਾ ਆਦਿ ਫ਼ਲਾਹ ਹੈ ਤੇ ਅੰਤ ਬਕਾ।" ਭਾਵ ਆਰੰਭ ਮੌਤ ਤੇ ਅੰਤ ਅਮਰਪਦ। ਇਹ ਮਰਨ ਦੀ ਜਾਚ ਆਸਾਨੀ ਨਾਲ ਨਹੀਂ ਆ ਸਕਦੀ। ਮਿੱਟੀ ਦੀ ਮੜੋਲੀ ਨਾਲ ਮੋਹ ਪਾਈ ਬੈਠਾ ਮਨੁੱਖ ਮਰਨ ਤੋਂ ਡਰਦਾ ਹੈ ਡਰ ਕਰ ਕਾਇਰ ਹੋਇਆ ਮਰਨ ਤੋਂ ਪਹਿਲਾਂ ਹੀ ਹਰ ਰੋਜ਼ ਤਾਂ ਮਰੀ ਜਾਂਦਾ ਹੈ ਪਰ ਮਰਨ ਦੀ ਅਸਲੀ ਜਾਚ ਨਹੀਂ ਆਉਂਦੀ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥ *(ਸਲੋਕ ਭਗਤ ਕਬੀਰ ਜੀ - ੧੩੭੫)*

ਜੋ ਲੋਕ ਆਪਣੇ ਆਪ ਨੂੰ (ਮੌਤ ਦੀ ਸਚਾਈ ਤੋਂ ਅਨਜਾਣ ਰੱਖ) ਧੋਖਾ ਦੇਣਾ ਚਾਹੁੰਦੇ ਹਨ, ਇਹਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਛਿਨ ਛਿਨ ਕਾਲ ਦੀ ਸੰਗਿਆ ਕਰ ਕੇ ਮੌਤ ਵਲ ਵਧਦੇ ਹੋਏ ਭੀ ਮੌਤ ਦਾ ਜ਼ਰਾ ਮਾਤਰ ਪ੍ਰਵਾਹ ਜਾਂ ਇਸ ਦੀ ਤਿਆਰੀ ਨਹੀਂ ਕਰਦੇ। ਮਨੁੱਖ ਦਾ ਇਹ ਖ਼ਿਆਲ ਉੱਕਾ ਹੀ ਗਲਤ ਹੈ ਕਿ ਉਹ ਹਰ ਸਮੇਂ ਮੌਤ ਨੂੰ ਯਾਦ ਕਰ ਕੇ ਜੀਵਨ ਵਿੱਚ ਪ੍ਰਸੰਨ ਨਹੀਂ ਰਹਿ ਸਕਦਾ ਅਤੇ ਨਾ ਹੀ ਉਹ ਕਿਸੇ ਕੰਮ ਵਿੱਚ ਤਰੱਕੀ ਹੀ ਕਰ ਸਕਦਾ ਹੈ ਪਰ ਅਸਲੀਅਤ ਤਾਂ ਇਹ ਹੈ ਕਿ ਮੌਤ ਨੂੰ ਯਾਦ ਰੱਖਿਆਂ ਜ਼ਿੰਦਗੀ ਦਾ ਸਮਾਂ ਬੜੇ ਸੁਚੱਜੇ ਢੰਗ ਨਾਲ ਬਤੀਤ ਹੋ ਸਕਦਾ ਹੈ। ਜੀਵਨ ਵਿੱਚ ਪੂਰੀ ਪ੍ਰਸੰਨਤਾ ਅਤੇ ਅਰਾਮ ਭੋਗ ਸਕੀਦਾ ਹੈ ਅਤੇ ਇਸ ਦੇ ਸਮਾਪਤ ਹੋਣ ਸਮੇਂ ਲਈ ਵੀ ਪੂਰੀ ਤਿਆਰੀ ਕਰ ਲਈਦੀ ਹੈ। ਜਿਵੇਂ ਰੇਲ ਦੇ ਸਫ਼ਰ ਸਮੇਂ ਮਨੁੱਖ ਨੂੰ ਪਤਾ ਹੁੰਦਾ ਹੈ ਕਿ ਉਸ ਨੇ ਕੁੱਝ ਸਮੇਂ ਬਾਅਦ ਆਪਣ ਸਟੇਸ਼ਨ ਤੇ ਆਇਆਂ ਗੱਡੀ ਤੋਂ ਉੱਤਰ ਜਾਣਾ ਹੈ ਤਾਂ ਵੀ ਉਹ ਆਪਣੇ ਸਫ਼ਰ ਨੂੰ ਪੂਰੇ ਆਰਾਮ ਤੇ ਸੁੱਖ ਨਾਲ ਤੈਅ ਕਰਨ ਦਾ ਯਤਨ ਕਰਦਾ ਹੈ।

ਘਰੋਂ ਤੁਰਨ ਸਮੇਂ ਰਸਤੇ ਵਿੱਚ ਖਾਣ ਪੀਣ ਦੀਆਂ ਚੀਜ਼ਾਂ ਲੈ ਕੇ ਚੱਲਦਾ ਹੈ। ਬਿਸਤਰਾ ਬੰਨ੍ਹ ਕੇ ਆਪਣੀ ਹੈਸੀਅਤ ਅਨੁਸਾਰ ਸੀਟ ਨੂੰ ਬੁਕ ਕਰਵਾ ਕੇ ਸਫ਼ਰ ਕਰਦਾ ਹੈ। ਰਸਤੇ ਦੇ ਸਟੇਸ਼ਨਾਂ ਉੱਪਰੋਂ ਵੀ ਖਾਣ ਪੀਣ ਦੀਆਂ ਚੀਜ਼ਾਂ ਲੈ ਕੇ ਖਾਂਦਾ ਪੀਂਦਾ ਚਲਾ ਜਾਂਦਾ ਹੈ ਪਰ ਨਾਲ ਹੀ ਉਸ ਦੇ ਦਿਲ ਵਿੱਚ ਇਹ ਪੱਕਾ ਨਿਸ਼ਚਾ ਹੁੰਦਾ ਹੈ ਕਿ ਮੈਂ ਸਫ਼ਰ ਵਾਂਗ ਜੀਵਨ ਦੇ ਸਫ਼ਰ ਨੂੰ ਵੀ ਸਮਝ ਕੇ ਮਨੁੱਖ ਸੁਹਾਵਣਾ ਤੇ ਸੁਖੀ ਬਣਾ ਸਕਦਾ ਹੈ। ਜਿਵੇਂ ਗੱਡੀ ਵਿੱਚ ਸਫ਼ਰ ਕਰਨ ਸਮੇਂ ਅਮੀਰ ਲੋਕ ਫਸਟ ਕਲਾਸ ਦਾ ਟਿਕਟ ਲੈ ਕੇ ਸੀਟ ਬੁਕ ਕਰਵਾ ਕੇ ਬੈਠਦੇ ਹਨ ਜਿੱਥੇ ਬਿਜਲੀ ਦੇ ਪੱਖੇ ਤੇ ਸਪਰਿੰਗ ਵਾਲੇ ਬੈੱਡ ਆਦਿਕ ਸਹੂਲਤਾਂ ਦਾ ਸੁੱਖ ਭੋਗਦੇ ਹੋਏ ਉਸ ਨੂੰ ਆਪਣੀ ਮਲਕੀਅਤ ਨਹੀਂ ਜਾਣਦੇ। ਇਸੇ ਤਰ੍ਹਾਂ ਜੀਵਨ ਦੇ ਸਫ਼ਰ ਵਿੱਚ ਵੀ ਮਨੁੱਖ ਆਪਣੇ ਪ੍ਰਵਾਰ ਦਾ ਸੁੱਖ ਮਾਇਕੀ ਪਦਾਰਥਾਂ ਦੀ ਐਸ਼ੋ ਇਸ਼ਰਤ ਤੇ ਮਾਨ ਵਡਿਆਈ ਦੇ ਹੁੰਦੇ

ਹੋਇਆਂ ਜੀਵਨ ਦੇ ਸਫ਼ਰ ਵਿੱਚ ਪ੍ਰਸੰਨ ਤੇ ਅਡੋਲ ਰਹਿ ਸਕਦਾ ਹੈ, ਜਿਵੇਂ ਅੱਵਲ ਦਰਜੇ ਦਾ ਮੁਸਾਫ਼ਰ ਆਪਣਾ ਸਟੇਸ਼ਨ ਆਉਣ ਤੇ ਗੱਡੀ ਨੂੰ ਛੱਡ ਕੇ ਖੁਸ਼ ਹੁੰਦਾ ਹੈ। ਇਸ ਵਾਸਤੇ ਇਸ ਜੀਵਨ ਦੇ ਸਫ਼ਰ ਵਿੱਚ ਹਰ ਇੱਕ ਇਨਸਾਨ ਨੂੰ ਮੌਤ ਦੀ ਤਿਆਰੀ ਕਰਣੀ ਚਾਹੀਦੀ ਹੈ। ਜੋ ਇਸ ਮੁੱਖ ਫ਼ਰਜ਼ ਤੋਂ ਕੁਤਾਹੀ ਕਰਦੇ ਹਨ, ਉਨ੍ਹਾਂ ਨੂੰ ਅੰਤ ਸਮੇਂ ਰੋਣਾ ਤੇ ਪਸ਼ਚਾਤਾਪ ਕਰਨਾ ਪਵੇਗਾ। ਜੋ ਲੋਕ ਜੀਵਨ ਯਾਤਰਾ ਸਮੇਂ ਮੌਤ ਦੇ ਭੇਦ ਤੇ ਇਸ ਦੀ ਅਸਲੀਅਤ ਨੂੰ ਜਾਣ ਲੈਂਦੇ ਹਨ, ਉਹ ਫੇਰ ਅੰਤ ਸਮੇਂ ਇਸ ਤਰ੍ਹਾਂ ਅਡੋਲ ਤੇ ਨਿਰਭੈ ਹੋਏ ਸਰੀਰ ਨੂੰ ਤਿਆਗਦੇ ਹਨ, ਜਿਵੇਂ ਸਰਪ ਆਪਣੀ ਕੁੰਜ ਨੂੰ ਤਿਆਗਦਾ ਜਾਂ ਹਾਥੀ ਫੁੱਲਾਂ ਦੀ ਮਾਲਾ ਨੂੰ ਲਾਹ ਦਿੰਦਾ ਹੈ ਅਤੇ ਜਿਵੇਂ ਆਦਮੀ ਪੁਰਾਣੇ ਬਸਤਰ ਉਤਾਰ ਕੇ ਨਵੇਂ ਪਾਇਆਂ ਖੁਸ਼ ਹੁੰਦਾ ਹੈ; ਏਵੇਂ ਉਹ ਵੀ ਮੋਤ ਨੂੰ ਚਾਅ ਨਾਲ ਉਡੀਕਦੇ ਹਨ।

ਰਾਜ ਪੁੱਤਰ

ਜਿਸ ਤਰ੍ਹਾਂ ਸੰਸਾਰ ਦੇ ਕਿਸੇ ਵੀ ਕੰਮ ਵਿੱਚ ਦੁਚਿੱਤੀ ਨਾਲ ਪ੍ਰਵਿਰਤ ਹੋ ਕੇ ਸਫ਼ਲਤਾ ਨਹੀਂ ਮਿਲ ਸਕਦੀ ਸਗੋਂ ਉੱਦਮ, ਬਲ ਤੇ ਧਨ ਨਿਸਫ਼ਲ ਹੀ ਜਾਂਦਾ ਹੈ ਤੇ ਸਮਾਂ ਵੀ ਅਕਾਰਥ। ਉਸੇ ਤਰ੍ਹਾਂ ਏਧਰ ਉਧਰ ਪ੍ਰਮਾਰਥ ਵਿੱਚ ਵੀ ਜੇ ਮਨੁੱਖ ਇੱਕ ਇਸ਼ਟ ਦੀ ਉਪਾਸ਼ਨਾ ਤੋਂ ਬ਼ਗ਼ੈਰ ਅਨੇਕ ਥਾਵਾਂ ਤੇ ਭਟਕਦਾ ਫਿਰੇ, ਤਦ ਉਸ ਨੂੰ ਕੋਈ ਖ਼ਾਸ ਲਾਭ ਪ੍ਰਾਪਤ ਨਹੀਂ ਹੋ ਸਕਦਾ ਕਿਉਂਕਿ ਪ੍ਰਮਾਰਥ ਦੀ ਪੜ੍ਹਾਈ ਵਿਖੇ ਜਿਸ ਗੱਲ ਤੇ ਬਹੁਤਾ ਜ਼ੋਰ ਦਿੱਤਾ ਗਿਆ ਹੈ, ਉਹ ਸਿਮਰਨ ਹੈ। ਸਿਮਰਨ ਦੇ ਅਰਥ ਹਨ, ਚੇਤੇ ਕਰਨਾ। ਚੇਤਾ ਆਪਣੇ ਨਿਜ ਸਰੂਪ ਦਾ ਹੈ। ਅਸੀਂ ਕਿੱਥੋਂ ਚਲੇ ਹਾਂ? ਕੀ ਹਾਂ? ਤੇ ਕੀ ਬਣ ਗਏ ਹਾਂ? ਇਹ ਤਾਂ ਜ਼ਰੂਰ ਹੈ ਕਿ ਜਿਸ ਤਰ੍ਹਾਂ ਪ੍ਰਵਿਰਤੀ ਦੇ ਤੱਤ ਦਾ ਕੋਈ ਨ ਕੋਈ ਖ਼ਾਸ ਸੋਮਾ ਹੋਣਾ ਚਾਹੀਦਾ ਹੈ, ਤੇ ਉਹੋ ਸੋਮਾਂ ਮਹਾਂਪੁਰਸ਼ਾਂ ਨੇ ਜਗਤ ਜੀਵਨ ਪ੍ਰਮੇਸ਼ਰ ਅੰਤਰਯਾਮੀ ਦੀ ਜਾਤ ਕਥਨ ਕੀਤਾ ਹੈ:

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥੨॥੫॥

(ਗੌਂਡ ਭਗਤ ਕਬੀਰ ਜੀ - ੮੭੧)

ਹੁਣ ਸਵਾਲ ਇਹ ਹੈ ਕਿ ਜਦੋਂ ਅਸੀਂ ਪ੍ਰਮੇਸ਼ਰ ਦੀ ਅੰਸ ਹਾਂ ਸਾਡੀ ਜੀਵਨ ਕਿਰਣ ਪਰਮ ਜੋਤ 'ਚੋਂ ਨਿੱਕਲੀ ਹੈ, ਤਦ ਅਸੀਂ ਇਸ ਤਰ੍ਹਾਂ ਭਟਕਣ ਤੇ ਕਾਲ ਚੱਕਰ ਵਿੱਚ ਕਿਉਂ ਫਿਰ ਰਹੇ ਹਾਂ? ਇਸ ਦਾ ਉੱਤਰ ਸਤਿਗੁਰਾਂ ਨੇ ਇਉਂ ਫੁਰਮਾਇਆ ਹੈ:

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥ (ਰਾਮਕਲੀ ਮਃ ੩ - ੯੨੧)

ਮਾਇਆ ਨੇ ਆਪਣਾ ਜਾਲ ਵਿਛਾ ਕੇ ਅਤੇ ਭੋਗ ਪਦਾਰਥਾਂ ਰੂਪੀ ਦਾਣੇ ਸੁੱਟ ਕੇ ਮਨ ਰੂਪੀ ਪੰਛੀ ਨੂੰ ਫਸਾ ਲਿਆ ਹੈ। ਇਸੇ ਵਿਸ਼ੇ ਅਨੰਦ ਵਿੱਚ ਫਸਿਆ ਹੋਇਆ ਰਾਜ ਪੁੱਤਰ ਭਿਖਾਰੀ ਬਣਿਆ ਹੋਇਆ ਹੈ। ਹਕੂਮਤ ਦੀ ਥਾਂ ਤੇ ਗ਼ੁਲਾਮੀ ਦੇ ਜੀਵਨ ਦੀ ਥਾਂ ਤੇ ਮੌਤ ਸਾਹਮਣੇ ਆ ਗਈ ਹੈ। ਭੋਗ ਰਸ ਵਿੱਚ ਪੈ ਕੇ ਸੁਰਤ ਜੋ ਕਮਜ਼ੋਰ ਹੋਈ ਤੇ ਇੰਦ੍ਰੀਆਂ ਦੀ ਫੌਜ ਵੀ ਸਾਰੀ ਬਾਗੀ ਹੋ ਗਈ ਸੀ, ਏਹੋ ਜੇਹੀ ਦੁਖਦਾਈ ਹਾਲਤ ਵਿੱਚ ਸਤਿਗੁਰਾਂ ਦੀ ਕ੍ਰਿਪਾ ਨਾਲ ਕਿਸੇ ਮਹਾਂਪੁਰਸ਼ ਦਾ ਮਿਲਾਪ ਹੋਇਆ ਤਾਂ ਫੇਰ ਇਹ ਅਵਸਥਾ ਪ੍ਰਾਪਤ ਹੋਈ:

ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥ (ਗਉੜੀ ਮਃ ੫ - ੨੦੬)

ਮਨ ਨੂੰ ਜਿੱਤ ਔਗੁਣਾਂ ਤੇ ਕਾਬੂ ਪਾ:

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥ (ਗਉੜੀ ਮਃ ੫ - ੨੫੮)

ਹੋਇਆ। ਇਹ ਰਾਜ ਪੁੱਤਰ ਮੁੜ ਆਪਣੇ ਸਿੰਘਾਸਨ ਕਾ ਮਾਲਕ ਬਣ ਅਬਿਨਾਸ਼ੀ ਸੁੱਖ ਨੂੰ ਪ੍ਰਾਪਤ ਹੋ ਮੋਹ ਦੀ ਨਿੰਦ੍ਰਾ ਤਿਆਗ:

ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥

(ਭੈਰਉ ਭਗਤ ਕਬੀਰ ਜੀ - ੧੧੬੨)

ਰੂਹਾਨੀ ਮੰਡਲਾਂ ਦਾ ਆਜ਼ਾਦ ਪੰਛੀ

ਜਦੋਂ ਸਤਪੁਰਸ਼ਾਂ ਦੀ ਸੰਗਤ ਦੁਆਰਾ ਇਸ ਜੀਵ ਨੂੰ ਸਿਮਰਨ ਦੇ ਬਲ ਨਾਲ ਅੰਤਰ ਆਤਮੇ ਦਰਸ਼ਨ ਦਾ ਖਜ਼ਾਨਾ ਮਿਲ ਜਾਂਦਾ ਹੈ ਤੇ ਪਰਮ ਅਨੰਦ ਦੀ ਉੱਚੀ ਘਾਟੀ ਤੇ ਖੜੋ ਕੇ ਉਸ ਸੰਸਾਰ ਦੇ ਅਲਪ ਸੁਖਾਂ ਨੂੰ ਉੱਕਾ ਹੀ ਹਕੀਰ ਤੇ ਥੋਥਾ ਸਮਝ ਲੈਂਦਾ ਹੈ ਅਤੇ ਮਸਤੀ ਵਿੱਚ ਆ ਕੇ ਕਦੀ ਕਦੀ ਮੁਖੋਂ ਇਹ ਵੀ ਆਖ ਦਿੰਦਾ ਹੈ ਕਿ ਭਾਵੇਂ ਹਜ਼ਾਰਾਂ ਜੜਾਊ

ਤਖ਼ਤ ਤਾਜ਼ ਤੇ ਹੀਰੇ ਰਸਤੇ ਵਿੱਚ ਕਿਉਂ ਨਾ ਪਏ ਰਹਿਣ ਸਾਨੂੰ ਇਨ੍ਹਾਂ ਵੱਲ ਧਿਆਨ ਦੇਣ ਦੀ ਕੋਈ ਫੁਰਸਤ ਨਹੀਂ। ਕਿਉਂਕਿ ਅੰਦਰ ਉਹ ਅਮੋਲਕ ਖਜ਼ਾਨਾ ਪ੍ਰਾਪਤ ਹੋ ਚੁੱਕਾ ਹੈ, ਜਿਸ ਤੋਂ ਉਪਰਾਮ ਹੋਣ ਲਈ ਸੁਰਤ ਨੂੰ ਉੱਕਾ ਹੀ ਵੇਹਲ ਨਹੀਂ ਰਿਹਾ। ਹੁਣ ਸੰਸਾਰਕ ਰਾਜ ਤੇ ਮਾਇਆ ਦੇ ਸੁੱਖ ਤੁੱਛ ਭਾਸਦੇ ਹਨ ਕਿਉਂਕਿ ਉਹ ਬਿਨਸ ਜਾਣ ਵਾਲੇ ਨਾਸਵੰਤ ਹਨ। ਜੇਕਰ ਅੱਜ ਹਨ ਤਾਂ ਕੱਲ੍ਹ ਨਹੀਂ।

ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥

(ਟੋਡੀ ਮਃ ੫ - ੭੧੭)

ਪਰ ਆਤਮ ਧਨ ਅਬਿਨਾਸ਼ੀ ਹੈ। ਬਾਂਕੇ ਗੜ ਦਾ ਰਾਜ ਅਸਥਿਰ ਹੈ। ਤਾਂ ਹੀ ਉਸ ਦੀ ਇੱਕ ਝਲਕ ਦੇ ਮੁੱਲ ਤੋਂ ਸਾਰੇ ਬ੍ਰਹਮੰਡ ਦਾ ਰਾਜ ਆਸ਼ਕ ਲੋਕ ਨਹੀਂ ਖਰੀਦਦੇ:

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ (ਦੇਵਗੰਧਾਰੀ ਮਃ ੫ - ੫੩੪)

ਉਸ ਅਬਿਨਾਸੀ ਸਿੰਘਾਸਨ ਤੇ ਬੈਠਣ ਵਾਲਾ ਰਾਜ ਕੁਮਾਰ ਵੀ ਅਬਿਨਾਸੀ ਪਦ ਨੂੰ ਹੀ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਗਿਆਨ ਪ੍ਰਦੀਪ ਦੇ ਜਗਣ ਨਾਲ ਪ੍ਰਕਾਸ਼ ਜੋ ਅੰਦਰ ਹੁੰਦਾ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਮੈਂ ਹੱਡ, ਮਾਸ, ਨਾੜੀਆਂ ਤੇ ਖ਼ੂਨ ਨਹੀਂ। ਸਗੋਂ ਇਹ ਪਿੰਜਰਾ ਮੇਰੇ ਰਹਿਣ ਵਾਲਾ ਤੇ ਇੱਕ ਆਰਜ਼ੀ ਟਿਕਾਣਾ ਹੈ, ਜਿਸ ਵਿੱਚ ਸਰਾਂ ਵਾਂਗੂ ਚਾਰ ਦਿਨ ਕੱਟ ਕੇ ਕਿਤੇ ਅਗੇਰੇ ਚਲੇ ਜਾਣਾ ਹੈ ਅਤੇ ਇਹ ਭੁੱਲ ਜੋ ਪਈ ਸੀ ਕਿ ਮੈਂ ਹੀ ਪਿੰਜਰਾ ਹਾਂ; ਜਦ ਨਿੱਕਲੀ, ਤਾਂ ਪਤਾ ਲੱਗਾ ਕਿ ਇਸ ਨੂੰ 'ਮੈਂ' ਕਹਿੰਦਾ ਸਾਂ ਉਹ ਤਾਂ ਕਿਸੇ ਨੂਰੀ ਸਾਗਰ ਦਾ ਕਤਰਾ ਸੀ। ਕਿਸੇ ਇਲਾਹੀ ਸੂਰਜ ਦੀ ਕਿਰਨ ਸੀ। ਕਿਸੇ ਜਾਗਤ ਜੋਤ ਦੀ ਜੀਵਨ ਅੰਸ਼ ਸੀ। ਜਦ ਇਹ ਭੇਦ ਖੁੱਲ੍ਹਾ ਤਾਂ ਫੇਰ ਬਿਨਸਨਾ ਕਿੱਥੇ ਰਿਹਾ? ਕਾਲ ਦਾ ਭੈ ਕਿਸ ਨੂੰ? ਧਰਮਰਾਜਾ ਕਿਸ ਨੂੰ ਸਤਾਵੇਗਾ? ਉਹ ਤਾਂ ਸਾਰਾ ਸਿਲਸਲਾ ਹੀ ਭੁੱਲ ਸੀ। ਉਹ ਤਾਂ ਇੱਕ ਸੁਪਨ ਅਵਸਥਾ ਸੀ, ਜੋ ਜਾਗ੍ਰਤ ਆਉਂਦਿਆਂ ਹੀ ਸਦਾ ਲਈ ਦੂਰ ਹੋ ਗਈ।

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥

(ਸੋਰਠਿ ਭਗਤ ਰਵਿਦਾਸ ਜੀ - ੬੫੭)

ਹੁਣ ਤਾਂ ਆਪਣਾ ਸਿੰਘਾਸਨ ਮਿਲ ਗਿਆ। ਆਵਾ ਗਵਨ ਦੀਆਂ ਗਲੀਆਂ ਵਿੱਚ ਭਿਖਾਰੀਆਂ ਵਾਂਗ ਫਿਰਨਾ ਚੁੱਕ ਗਿਆ। ਜਦ ਘਰ ਪਹੁੰਚੇ ਰਾਜ ਤਿਲਕ ਮਿਲਿਆ ਤਾਂ ਜਲਾਲ ਵਿੱਚ ਬੋਲ ਉੱਠੇ ਕਿ ਸੰਸਾਰ ਵਿੱਚ ਹੋਰ ਸਭ ਕੁੱਝ ਨਾਸਵੰਤ ਹੈ। ਅਸਥਿਰ ਸਿਰਫ ਆਸ਼ਕ ਹੀ ਹਨ ਜੋ ਰਮਜ਼ ਦੇ ਜਾਣੂ ਹਨ ਤੇ ਨਾਹਰੇ ਵੱਜਣ ਵੀ ਕਿਉਂ ਨਾ? ਆਸ਼ਕ ਜਿੰਦਾ ਇਸ਼ਕ ਹਨ ਤੇ ਇਸ਼ਕ ਜ਼ਿੰਦਗੀ ਹੈ। ਜ਼ਿੰਦਗੀ ਵਿੱਚ ਮੌਤ ਨਹੀਂ। ਜਿਵੇਂ ਚਾਨਣ ਵਿੱਚ ਹਨ੍ਹੇਰਾ ਨਹੀਂ ਰਹਿ ਸਕਦਾ। ਜਲ ਵਿੱਚ ਤਪਸ਼ ਨਹੀਂ, ਅਗਨੀ ਵਿੱਚ ਸੀਤਲਪਨਾ ਨਹੀਂ, ਏਸੇ ਤਰ੍ਹਾਂ ਹੀ ਜੀਵਨ ਵਿੱਚ ਮੌਤ ਨਹੀਂ ਤੇ ਇਸ਼ਕ ਜੀਵਨ ਹੈ, ਆਸ਼ਕ ਇਸ਼ਕ ਦਾ ਰੂਪ ਹਨ। ਤਾਹੀ ਓਹ ਸਦਾ ਜਿਉਂਦੇ ਹਨ।

ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥੧੮॥ (ਮਾਰੂ ਵਾਰ-੨ ਮਃ ੫ - ੧੧੦੦)

ਇਹ ਇੱਕ ਅਜੇਹਾ ਉੱਚਾ ਤੇ ਸੁਆਦਲਾ ਪਦ ਹੈ, ਜੋ ਕਿ ਏਥੇ ਪੁੱਜ ਕੇ ਸੰਸਾਰ ਦੀ ਮਾਇਕੀ ਰਚਨਾ ਇਤਨੀ ਤੁਛ ਪ੍ਰਤੀਤ ਹੋਣ ਲੱਗ ਜਾਂਦੀ ਹੈ ਜੋ ਮਹਿਬੂਬ ਦੀ ਇੱਕ ਨਿਗਾਹ ਦੇ ਝਲਕਾਰੇ ਤੋਂ ਵਾਰ ਦੇਣ ਲਈ ਤਿਆਰ ਹੋ ਜਾਂਦੇ ਹਨ।

ਮਨੁੱਖ ਦੀ ਸੁਰਤ ਵਿੱਚ ਕਦੇ ਕਦੇ ਸੰਸਾਰ ਦੇ ਦੁੱਖਾਂ ਤੋਂ ਉਪਰਾਮਤਾ ਹੋ ਕੇ ਕਿਸੇ ਸਤਪੁਰਸ਼ ਦੀ ਸੰਗਤ ਦੁਆਰਾ ਪੈਦਾ ਹੁੰਦਾ ਹੈ। ਹਜ਼ੂਰ ਨੇ ਬਾਣੀ ਵਿੱਚ ਕਥਨ ਕੀਤਾ ਹੈ ਕਿ ਮਨੁੱਖਾ ਜਨਮ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਮਿਲਿਆ ਹੈ। ਪ੍ਰੰਤੂ ਸਰੀਰ ਦੇ ਸਬੰਧ ਕਰ ਕੇ ਲੋੜਾਂ ਵਿੱਚ ਅਤੇ ਲੋੜਾਂ ਤੋਂ ਵਧ ਕੇ ਖ੍ਵਾਹਸਾਂ ਵਿੱਚ ਪੈ ਗਿਆ। ਫਿਰ ਤਾਂ ਇਹ ਰਾਹੋਂ ਖੁੰਝੇ ਹੋਏ ਰਾਹੀ ਵਾਂਗ ਆਪਣੇ ਅਸਲ ਮਨੋਰਥ ਤੋਂ ਬਹੁਤ ਪਰੇ ਜਾ ਪਿਆ। ਯਥਾ:

ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ (ਵਾਰ-ਮਾਝ ਮਃ ੧ - ੧੩੮)

ਹੁਣ ਜਦ ਰਸਤੇ ਵਿੱਚ ਠੋਕਰਾਂ ਆਈਆਂ, ਵਿਕਾਰਾਂ ਦੀ ਧੁੱਪ ਚਮਕੀ ਤੇ ਤ੍ਰਿਸ਼ਨਾ ਦੀ ਤ੍ਰੇਹ ਬੁਝੌਣ ਵਾਸਤੇ ਭੋਗਾਂ ਦੇ ਮ੍ਰਿਗ ਤ੍ਰਿਸ਼ਨਾ ਜਲ ਵਲ ਭੱਜਿਆ ਤੇ ਨਤੀਜਾ ਸਵਾਇ ਥਕਾਣ ਦੇ ਹੋਰ ਕੁੱਝ ਨਾ ਨਿੱਕਲਿਆ। ਹਫ ਗਿਆ, ਖਿਝਿਆ ਤੇ ਸੋਚ ਫੁਰੀ ਮੈਂ ਕਿੱਥੇ ਆ ਗਿਆ? ਮੇਰੇ ਪਿਆਰੇ ਦੇਸ਼ ਵਿੱਚ ਖ਼ੁਸ਼ੀਆਂ ਸਨ। ਇਹ ਕਸ਼ਟ ਤੇ ਦੁੱਖਾਂ ਦਾ ਮੰਡਲ ਕਿੱਥੋਂ ਪੈਦਾ ਹੋ

ਗਿਆ। ਮੈਂ ਤਾਂ ਰਾਜ ਭੁੱਲ ਆਇਆ ਹਾਂ। ਖੜੋਤਾ, ਤੇ ਫੇਰ ਪਿਛਾਂਹ ਮੁੜ ਕੇ ਸਤਿਗੁਰ ਦੇ ਘਰ ਧਰਮਸ਼ਾਲਾ ਵਿੱਚ ਗਿਆ। ਉੱਥੋਂ ਸ਼ਬਦ ਦਾ ਰਸ ਲੈ ਕੇ ਆਪਣੇ ਅਸਲੀ ਰਸਤੇ ਤੇ ਫਿਰ ਆ ਪਿਆ। ਤਾਂ ਹੀ ਕਿਹਾ ਹੈ, 'ਜੋ ਦੇਖਿਆ ਮਉਲਾ ਤੇ ਤਾਲਬ ਨੇ ਮਉਲਾ ਦਾ ਰਸਤਾ ਪਕੜ ਹੀ ਲਿਆ' ਕਿਉਂਕਿ ਮਨੁੱਖ ਜਨਮ ਦਾ ਅਸਲੀ ਲਾਭ ਤਾਂ ਏਹੋ ਸੀ ਤੇ ਇਸ ਰਾਹ ਤੋਂ ਭੁੱਲ ਕੇ ਨਿਰੀਆਂ ਠੋਹਕਰਾਂ ਤੇ ਤਕਲੀਫਾਂ ਪੱਲੇ ਪੈ ਗਈਆਂ ਸਨ। ਉਨ੍ਹਾਂ ਤੱਕਲੀਫਾਂ ਨੇ ਹੀ ਫੇਰ ਨਿਜ ਦੇਸ਼ ਦੀ ਯਾਦ ਕਰਵਾਈ।

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ *(ਵਾਰ-ਆਸਾ ਮਃ ੧ - ੪੬੯)*

ਆਂਢ ਗੁਆਢ ਦੀਆਂ ਸਭ ਜਾਤੀਆਂ ਆਪਣੇ ਆਪਣੇ ਦੇਸ਼ ਜਾ ਰਹੀਆਂ ਸਨ ਅਤੇ ਪਰਮਾਨੰਦ ਸਰੂਪ ਦੇ ਸੁੱਖ ਵਿੱਚ ਸਮਾਂ ਲੰਘਾ ਰਹੀਆਂ ਸਨ। ਪ੍ਰੰਤੂ ਏਹ ਮਨੁੱਖ ਹੀ ਸੀ ਜੋ ਕੁਰਾਹੇ ਪੈ ਗਿਆ ਸੀ। ਪਾਣੀ ਦੀਆਂ ਬੂੰਦਾਂ ਸਮੁੰਦਰ ਵੱਲ, ਧੂੜ ਧਰਤੀ ਵੱਲ, ਚਿੰਗਾੜੇ ਅੱਗ ਵੱਲ ਤੇ ਕਿਰਨ ਸੂਰਜ ਵੱਲ ਮੁੜ ਰਹੀ ਸੀ। ਪ੍ਰਕਿਰਤਕ ਸਰੀਰ ਦੇ ਅੰਗ ਵੀ ਨਿਜ ਦੇਸ਼ ਨੂੰ ਜਾ ਰਹੇ ਸਨ। ਭਾਵ ਕੀ, ਮੁਸਾਹਬ ਤਾਂ ਸਾਰੇ ਆਪਣੇ ਆਪਣੇ ਮੰਜ਼ਲ ਵੱਲ ਧਾਵਣਾ ਕਰ ਰਹੇ ਸਨ, ਪ੍ਰੰਤੂ ਇੱਕ ਰਾਜ ਪੁੱਤਰ ਹੀ ਆਪਣੇ ਕਰਤਬ ਤੋਂ ਗਾਫ਼ਲ ਸੀ।

ਜੇ ਵਿਚਾਰ ਕੇ ਦੇਖਿਆ ਜਾਵੇ ਤਾਂ ਸ੍ਰਿਸ਼ਟੀ ਮੰਡਲ ਵਿੱਚ ਇੱਕ ਅਗਿਆਨੀ ਤੋਂ ਬਿਨਾ ਹਰ ਸ਼ੈ ਆਪਣੇ ਕੇਂਦਰ ਵੱਲ ਤੁਰੀ ਰਹੀ ਹੈ। ਦੂਰ ਜਾਣ ਦੀ ਲੋੜ ਨਹੀਂ। ਜੇ ਸਰੀਰਾਂ ਦੀ ਬਨਾਵਟ ਵੱਲ ਹੀ ਧਿਆਨ ਦਿੱਤਾ ਜਾਵੇ ਤਾਂ ਪਤਾ ਲੱਗਦਾ ਹੈ ਜੋ ਹਰ ਇੱਕ ਸਰੀਰ, ਜੋ ਬੁੱਢਾ ਹੈ ਪਹਿਲੇ ਜਵਾਨ ਸੀ, ਜਵਾਨ ਪਹਿਲੇ ਬੱਚਾ ਸੀ, ਬੱਚਾ ਜਨਮ ਤੋਂ ਪਹਿਲਾਂ ਮਾਂ ਦੇ ਪੇਟ ਵਿੱਚ ਇੱਕ ਮਾਸ ਦਾ ਲੋਥਰਾ ਸੀ, ਲੋਥੜਿਓਂ ਪਹਿਲੇ ਮਾਤਾ ਤੇ ਪਿਤਾ ਦੇ ਸਰੀਰ ਵਿੱਚ ਇੱਕ ਰਕਤ ਤੇ ਬੂੰਦ ਦਾ ਕਤਰਾ ਸੀ। ਬਿੰਦ ਤੋਂ ਪਹਿਲੇ ਲਹੂ ਸੀ ਤੇ ਲਹੂ ਤੋਂ ਪਹਿਲਾਂ ਖ਼ੁਰਾਕ ਸੀ, ਖ਼ੁਰਾਕ ਤੋਂ ਪਹਿਲਾਂ ਅੰਨ ਸੀ ਤੇ ਅੰਨ ਤੋਂ ਪਹਿਲਾਂ ਬੀਜ ਤੇ ਤੱਤਾਂ ਦੀ ਸੱਤਯਾ ਸੀ। ਜਦ ਚੱਕਰ ਚਲਿਆ ਤਾਂ ਤੱਤਾਂ ਤੋਂ ਬੂਟਾ, ਬੂਟੇ ਤੋਂ ਫ਼ਲ, ਫ਼ਲ ਤੋਂ ਖ਼ੁਰਾਕ, ਖ਼ੁਰਾਕ ਤੋਂ ਲਹੂ, ਲਹੂ ਤੋਂ ਬੀਰਜ, ਬੀਰਜ ਤੋਂ ਲੋਥੜਾ, ਫੇਰ ਬੱਚਾ, ਜਵਾਨ ਤੇ ਬੁੱਢਾ ਹੋ ਕੇ ਮੋਇਆ, ਜਲਾਇਆ, ਦੱਬਿਆ ਜਾਂ ਪਾਣੀ ਵਿੱਚ ਰੋੜ੍ਹਿਆ ਗਿਆ, ਤਾਂ ਫੇਰ ਕੁੱਝ ਹਿੱਸਾ ਪਵਣ ਵਿੱਚ ਤੇ ਕੁੱਝ ਅਗਨੀ ਆਦਿ ਤੱਤਾਂ ਵਿੱਚ ਰਲ ਗਿਆ। ਗੱਲ ਕੀ ਸਰੀਰ ਦੇ ਅੰਗ ਜਿੱਥੋਂ ਨਿੱਕਲੇ ਸਨ, ਫੇਰ ਆਪਣੇ ਦੇਸ਼ ਵਿੱਚ ਚਲੇ ਗਏ।

ਯਥਾ: *ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗਿ ਉਠੈ*
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿਂਗੇ ॥
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿਂਗੇ ॥
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ
ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿਂਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿਂਗੇ ॥੧੭॥੮੭॥ *(ਸ੍ਰੀ ਦਸਮ ਗ੍ਰੰਥ ਵਿੱਚੋਂ)*

ਜਦ ਘੋੜਾ ਆਪਣੇ ਦੇਸ਼ ਨੂੰ ਚਲਾ ਗਿਆ, ਫੇਰ ਸਵਾਰ ਆਪਣੇ ਦੇਸ਼ ਨੂੰ ਕਿਉਂ ਨਾ ਜਾਵੇ? ਇਹ ਸਮਝ ਪੈਂਦਿਆਂ ਹੀ ਜਦ ਮਨ ਦੀਆਂ ਵਾਗਾਂ ਮੋੜੀਆਂ, ਤਾਂ ਅਨੰਦ ਤੇ ਸਵਾਦ ਦਾ ਮੰਡਲ ਹੀ ਸ਼ੁਰੂ ਹੋ ਗਿਆ। ਜਿੱਥੇ ਦੁਬਿਧਾ ਤੇ ਦ੍ਵੈਸ਼ ਨਾਲ ਵੈਰ ਤੇ ਈਰਖਾ ਸਰੀਰ ਧਾਰ ਸ਼ਤਰੂ ਬਣੇ ਸੰਸਾਰ ਵਿੱਚ ਨਜ਼ਰ ਆਉਂਦੇ ਸਨ। ਉਹ ਇਸ ਪਲਟੇ ਦੇ ਮਗਰੋਂ ਤਤਕਾਲ ਹੀ ਮਿੱਤਰ ਬਣ ਗਏ। ਹੁਣ ਜਿਧਰ ਵੀ ਨਿਗਾਹ ਜਾਂਦੀ ਹੈ ਪਿਆਰਾ ਹੀ ਪਿਆਰਾ ਦਿਸਦਾ ਹੈ। ਹੁਣ ਤ੍ਰਿਸ਼ਨਾ ਰੂਪ ਡੈਣ ਦੀਆਂ ਚੀਕਾਂ ਭੈਭੀਤ ਨਹੀਂ ਕਰਦੀਆਂ। ਸ਼ੁਕਰ ਹੈ ਜੋ ਭੁੱਲੇ ਭਟਕੇ ਜੀਵ ਨੂੰ ਆਪਣੇ ਘਰ ਦੀ ਸੋਝੀ ਪਈ ਤੇ ਅਸਲੀ ਰਸਤਾ ਲੱਭ ਲਿਆ।

ਜੀਵਨ ਛੇਤਰ ਦੀ ਲੀਲ੍ਹਾ ਵੀ ਅਜਬ ਹੈ। ਸਤਿਗੁਰਾਂ ਨੇ ਇਸ ਨੂੰ ਛਿੰਝ ਦਾ ਅਖਾੜਾ ਕਿਹਾ ਹੈ। ਗਿਆਨ ਦਾ ਮਾਇਆ ਨਾਲ, ਬੁੱਧ ਦਾ ਜੜਤਾ, ਉਤਸ਼ਾਹ ਦਾ ਪਰਮਾਦ, ਵਾਧੇ ਦਾ ਘਾਟੇ ਤੇ ਪੁੰਨ ਦਾ ਪਾਪ ਨਾਲ ਘੋਲ ਹੋ ਰਿਹਾ ਹੈ। ਰਾਜੇ ਭਰਥਰੀ ਨੂੰ ਰਾਣੀ ਪਿੰਗਲਾਂ ਪਦਮਨੀ ਦੀ ਬੇਵਫ਼ਾਈ ਤੋਂ ਵੈਰਾਗ ਹੋਣਾ ਜੋ ਸਭ ਕੁੱਝ ਉਸ ਨੂੰ ਮੰਨੀ ਬੈਠਾ ਸੀ। ਇਹ ਤਾਂ ਸੀ ਕਥਾ ਪ੍ਰਭੂ ਦੇ ਉਸ ਭੋਲੇ ਬੱਚੇ ਦੀ, ਜੋ ਖਿਡੌਣੇ ਨਾਲ ਖੇਲ ਰਿਹਾ ਸੀ। ਰੂਪ ਵਿੱਚ ਰੁੱਝਿਆ ਹੋਇਆ ਰਾਹ ਤੋਂ ਉੱਕ ਗਿਆ ਸੀ। ਪਰ ਏਥੇ ਇਕੱਲਾ ਰੂਪ ਤਾਂ ਮਾਰ ਨਹੀਂ ਕਰ ਰਿਹਾ। ਏਥੇ ਚੌਹਾਂ ਪਾਸਿਆਂ ਤੋਂ ਧਾੜੇ ਪੈ ਰਹੇ ਹਨ। ਜੇਕਰ

ਨਿਰਾ ਰੂਪ ਹੀ ਮਾਰਦਾ ਤਾਂ ਨੇਤਰ ਹੀਣ ਤਾਂ ਪਾਰ ਉੱਤਰ ਜਾਂਦੇ। ਪਰ ਇਸ ਅਖਾੜੇ ਵਿੱਚ ਤਾਂ ਹਕੂਮਤ, ਸਰਮਾਇਆ, ਕੁਲ, ਰੰਗ, ਨਸਲ, ਵਿੱਦਿਆ; ਕੀ ਕੀ ਨਹੀਂ ਮਾਰ ਸਕਦਾ?

ਇੱਕ ਰਾਜਾ ਦੇ ਦੁਆਰੇ ਕਥਾ ਕਰ ਰਹੇ ਬ੍ਰਾਹਮਣ ਨੂੰ ਦੇਖ ਕੇ ਕਿਸੇ ਬੇਨਵਾ ਨੇ ਪੁੱਛਿਆ, "ਪੰਡਤ ਜੀ! ਕਥਾ ਕਿੱਥੇ ਕਰ ਰਹੇ ਹੋ?" ਬ੍ਰਾਹਮਣ ਨੇ ਉੱਤਰ ਦਿੱਤਾ, "ਰਾਜ ਭਵਨ ਵਿੱਚ।" "ਰਾਜਾ ਦੀ ਉਮਰ ਤੇ ਕੁਲ" ਬੇਨਵਾ ਨੇ ਪੁੱਛਿਆ। ਬ੍ਰਾਹਮਣ ਬੋਲਿਆ, "ਅਵਸਥਾ ਜੁਵਾ ਤੇ ਕੁਲ ਉੱਚੀ ਹੈ।" "ਫੇਰ ਏਥੇ ਕਥਾ ਕੀ ਆਂਹਦੀ ਹੈ?" ਬੇਨਵਾ ਕਹਿ ਕੇ ਤੁਰਦਾ ਹੋਇਆ। ਬੇਨਵਾ ਦਾ ਇਹ ਕਿਹਾ ਠੀਕ ਸੀ:

ਜੋਬਨ ਧਨ ਅਬਿਬੇਕ ਪ੍ਰਭਤਾ ਚਾਰੋ ਪਰਮ ਰਿਪੁ।

ਦੇਤ ਅਨਰਥ ਇਕੇਕ ਜਹਾ ਚਾਰ ਤਹ ਕਿਆ ਕਥਾ।

ਬਹਾਰ ਤੇ ਆਏ ਹੋਏ ਸੰਸਾਰ ਬਾਗ਼ ਦਾ ਹਰ ਫ਼ੁੱਲ ਖਿੱਚਾਂ ਪਾਉਂਦਾ ਹੈ। ਰੂਪ ਏਥੇ ਹੀ ਨਹੀਂ ਸਗੋਂ ਅਗਾਹਾਂ ਵੀ ਮਾਰ ਕਰਦਾ ਹੈ। ਇਸ ਦੇ ਭਰਮਾਏ ਹੋਏ ਹੀ ਲੋਕ ਬੰਦਗ਼ੀ ਵੇਚ ਕੇ ਬਹਿਸ਼ਤ ਖਰੀਦਦੇ ਹਨ। ਇਹ ਈਮਾਨ ਨੂੰ ਕਮਜ਼ੋਰ ਕਰਦਾ ਹੈ। ਸੋ ਇਸ ਤੋਂ ਬਚਣਾ ਹੀ ਸ੍ਰੇਸ਼ਟ ਹੈ।

ਕਾਂਡ ੩੨

ਲੰਡਨ ਦਾ ਅਧੂਰਾ ਇਤਿਹਾਸ

ਦੋਹਾਂ ਵਿਅਕਤੀਆਂ ਦਾ ਅੰਤਮ ਮਿਲਾਪ

ਕਰਮਸਰ ਦੀ ਪਾਵਨ ਧਰਤੀ ਤੋਂ ਚਲਣ ਸਮੇਂ ਵੀ ਛੋਟੇ ਸੰਤ ਜੀ ਮਹਾਰਾਜ ਨੇ ਕਿਹਾ ਸੀ ਕਿ ਤੁਹਾਨੂੰ ਗੁਰਮਤਿ ਦਾ ਪ੍ਰਚਾਰ ਕਰਦਿਆਂ ਪੰਜਾਹ ਸਾਲ ਹੋ ਗਏ ਹਨ। ਦੋ ਵਾਰੀ ਅਫਰੀਕਾ ਤੇ ਇੱਕ ਵਾਰੀ ਇੰਗਲੈਂਡ ਵਿੱਚ ਵੀ ਹੋ ਆਏ। ਭਾਰਤ ਦੇ ਕੋਨੇ ਕੋਨੇ ਤੇ ਵਿਚਰੇ ਪਰ ਅੱਜ ਤੱਕ ਅਸੀਂ ਤੁਹਾਨੂੰ ਕਿਸੇ ਪਾਸੇ ਜਾਣ ਵੱਲੋਂ ਨਹੀਂ ਰੋਕਿਆ। ਪਰ ਐਤਕੀਂ ਵਾਰ ਸਾਡਾ ਮਨ ਨਹੀਂ ਮੰਨਦਾ ਕਿ ਤੁਸੀਂ ਸਾਥੋਂ ਦੂਰ ਚਲੇ ਜਾਵੋ। ਸਰੀਰ ਵੀ ਬਿਰਧ ਹੋ ਗਿਆ। ਉਮਰ ਸੱਤਰ ਸਾਲਾਂ ਦੀ ਹੈ। ਏਸੇ ਦੇਸ਼ ਵਿੱਚ ਹੀ ਦੂਰ ਨੇੜੇ ਦੀਵਾਨਾਂ ਵਾਸਤੇ ਥੋੜ੍ਹਾ ਬਹੁਤਾ ਸਮਾਂ ਦੇ ਦਿਆ ਕਰੋ। ਨਹੀਂ ਤਾਂ ਆਪਣੇ ਅਸਥਾਨ ਤੇ ਬੈਠ ਕੇ ਜੀਵਨ ਮੁਕਤੀ ਦਾ ਆਨੰਦ ਮਾਣੋ। ਆਪ ਜੀ ਨੇ ਕਿਹਾ, "ਬਚਨ ਤਾਂ ਤੁਹਾਡਾ ਠੀਕ ਹੈ ਪਰ ਅਸੀਂ ਵੀ ਓਧਰ ਪਿਛਲੇ ਸਾਲ ਬਚਨ ਦੇ ਆਏ ਸੀ। ' ਇਕਿ ਸਾਧ ਬਚਨ ਅਟਲਾਧਾ' ਅਨੁਸਾਰ ਇੱਕ ਵਾਰੀ ਜ਼ਰੂਰ ਜਾਣਾ ਪਵੇਗਾ, ਫੇਰ ਨਹੀਂ ਜਾਂਦੇ।" ਇਨ੍ਹਾਂ ਰਮਜ਼ਾਂ ਨੂੰ ਕੌਣ ਸਮਝੇ ਕਿ ਸਚਮੁਚ ਜੋਗੀਆਂ ਵਾਂਗ ਆਖ਼ਰੀ ਫੇਰੀ ਹੀ ਹੈ। ਛੋਟੇ ਸੰਤ ਜੀ ਮਹਾਰਾਜ ਨੇ ਦੂਜੀ ਵਾਰ ਨਹੀਂ ਆਖਿਆ। ਉੱਥੇ ਲੰਡਨ ਜਾ ਕੇ ਵੀ ਹਜ਼ੂਰ ਨੇ ਇਨ੍ਹਾਂ ਬਚਨਾਂ ਨੂੰ ਨਾਲ ਦੇ ਸਿੰਘਾਂ ਅੱਗੇ ਕਈ ਵਾਰ ਦੁਹਰਾਇਆ ਕਿ ਅੱਜ ਤੱਕ ਸਾਨੂੰ ਸੰਤਾਂ ਨੇ ਕਿਸੇ ਪਾਸੇ ਜਾਣ ਤੋਂ ਕਦੇ ਨਹੀਂ ਰੋਕਿਆ। ਐਤਕੀਂ ਕਹਿੰਦੇ ਸਨ ਕਿ ਤੁਸੀਂ ਨਾ ਜਾਓ। ਖਬਰੇ ਫੇਰ ਮਿਲਾਪ ਹੋਣਾ ਹੈ ਕਿ ਨਹੀਂ? ਜਾਣੀ ਜਾਣ ਦਾਤੇ ਨੇ ਲੰਡਨ ਪਹੁੰਚਣ ਸਮੇਂ ਹੀ ਦੀਵਾਨ ਵਿੱਚ ਵੈਰਾਗ ਦੇ ਬਚਨ ਸ਼ੁਰੂ ਕਰ ਦਿੱਤੇ। ਪ੍ਰਾਈਵੇਟ ਵੀ ਵੈਰਾਗ ਦੇ ਬਚਨ, ਕੀਰਤਨ ਵਿੱਚ ਵੀ ਵੈਰਾਗ ਦੇ ਬਚਨ, ਜਦੋਂ ਕੋਈ ਗ੍ਰੰਥ ਆਪ ਪੜ੍ਹਨਾ ਜਾਂ ਕਿਸੇ ਸਿੰਘ ਤੋਂ ਸੁਣਨਾ, ਉਸ ਸਮੇਂ ਵੀ ਜੀਵਨ ਮੁਕਤੀ ਤੇ ਵਿਦੇਹ ਮੋਖਸ਼ ਵਾਲਾ ਪ੍ਰਕਰਨ ਹੀ ਚਲਣਾ।

ਜਦੋਂ ੧੯-੬-੭੫ ਨੂੰ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਗੁਰਪੁਰੀ ਜਾਣ ਦੀ ਤਾਰ ਪੁੱਜੀ ਉਸ ਸਮੇਂ ਆਪ ਜੀ ਸ. ਈਸ਼ਰ ਸਿੰਘ ਕਲਸੀ ਦੇ ਘਰ ਇਲਫੋਰਡ ਠਹਿਰੇ ਸੀ। ਸੁਣਨ ਸਾਰ ਇੱਕ ਦਮ ਚੁੱਪ ਕਰ ਗਏ। ਕਾਫ਼ੀ ਸਮਾਂ ਨੇਤਰ ਬੰਦ ਰੱਖੇ ਫੇਰ ਇੱਕ ਲੰਮਾ ਸਵਾਸ ਲੈ ਕੇ ਬਚਨ ਕੀਤਾ, "ਹੱਛਾ! ਜਿਵੇਂ ਪ੍ਰਮੇਸ਼ਰ ਨੂੰ ਮਨਜ਼ੂਰ ਹੈ, ਪਰ ਵਾਰੀ ਤਾਂ ਸਾਡੀ ਸੀ। ਸੰਤਾਂ ਨੇ ਪਹਿਲ ਕਰ ਦਿੱਤੀ। ਹੁਣ ਇਹ ਗੱਡੀ (ਸਰੀਰ) ਵੀ ਪੁਰਾਣੀ ਹੋ ਗਈ। ਸਤਪੁਰਸ਼ ਦੇਹ ਦੇ ਨਾਲ ਮੋਹ ਨਹੀਂ ਕਰਦੇ ਉਹ ਇਸ ਨੂੰ ਮਕਾਨ ਤੇ ਆਪ ਨੂੰ ਮਕੀਂ ਮੰਨਦੇ ਹਨ ਜਾਂ ਸਰੀਰ ਨੂੰ ਘੋੜਾ ਤੇ ਆਪ ਅਸਵਾਰ ਨਿਸ਼ਚਾ ਕਰਦੇ ਹਨ ਪੁਰਾਣੀ ਕਮੀਜ਼ ਦੇ ਸਮਾਨ ਲਾਹੁਣ ਵਿੱਚ ਦੇਰ ਨਹੀਂ ਕਰਦੇ।" ਫੇਰ ਕਿਹਾ, "ਭਲਾ ਜੇ ਕਦੇ ਇਹ ਖੇਡ ਵਰਤ ਵੀ ਗਈ ਤੁਸੀਂ ਸਾਡਾ ਸਰੀਰ ਇੰਡੀਆ ਲੈ ਜਾਵੋਗੇ? ਹੈ ਬੜਾ ਮੁਸ਼ਕਲ ਬੌਡੀ ਨੂੰ ਦੇਸ਼ 'ਚੋਂ ਬਾਹਰ ਜਾਣ ਨਹੀਂ ਦਿੰਦੇ ਹੋਣੇ? ਏਸ ਮੁਲਕ ਦਾ ਕੀ ਕਾਨੂੰਨ ਹੈ?" ਪਾਸ ਬੈਠੇ ਪ੍ਰੀਤਮ ਸਿੰਘ ਝੱਮਟ ਤੇ ਈਸ਼ਰ ਸਿੰਘ ਕਲਸੀ ਨੂੰ ਪੁੱਛਦੇ ਸਨ। ਉਨ੍ਹਾਂ ਨੇ ਛਲਕਦੇ ਨੇਤਰਾਂ ਨਾਲ ਮੁਲਕ ਦਾ ਕਾਨੂੰਨ ਦਸਿਆ। ਇਨ੍ਹਾਂ ਦਾ ਵੈਰਾਗ ਤੱਕ ਆਪ ਜੀ ਨੇ ਇਹ ਪ੍ਰਕਰਨ ਬਦਲ ਦਿੱਤਾ। "ਅਸੀਂ ਤਾਂ ਸੁਤੇ ਹੀ ਪੁੱਛਿਆ ਹੈ, ਕੋਈ ਖ਼ਾਸ ਗੱਲ ਨਹੀਂ।" ਤੀਜੇ ਦਿਨ ਫੇਰ ਕਿਹਾ, "ਏਸ ਜਗ੍ਹਾ ਵੀ ਚਾਰੇ ਪਾਸੇ ਸਮੁੰਦਰ ਦਾ ਡੂੰਘਾ ਜਲ ਹੈ। ਖੁੱਲ੍ਹਾ ਪਾਣੀ ਠਾਠਾਂ ਮਾਰਦਾ ਹੈ। ਏਥੇ ਹੀ ਸਰੀਰ ਜਲ ਪ੍ਰਵਾਹ ਕੀਤਾ ਜਾ ਸਕਦਾ ਹੈ, ਪਰ ਉੱਥੇ ਗਿਆਂ ਇੰਡੀਆ ਦੀ ਸੰਗਤ ਅੰਤਮ ਦੀਦਾਰ ਕਰ ਲਵੇਗੀ। ਪਰ ਇਹ ਕੰਮ ਡਾਕਟਰ ਪ੍ਰੀਤਮ ਸਿੰਘ ਦੇ ਕਰਨ ਦਾ ਹੈ ਉਹ ਇਸ ਦੇਸ਼ ਦੇ ਕਾਨੂੰਨ ਦਾ ਵਾਕਫ਼ ਹੈ। ਨਹੀਂ ਤਾਂ ਇਹ ਲੋਕ ਬਦੋਬਦੀ ਹਸਪਤਾਲ ਵਿੱਚ ਲਿਜਾ ਕੇ ਪੋਸਟ ਮਾਰਟਮ ਕਰ ਦਿੰਦੇ ਸਨ। ਸਤਪੁਰਸ਼ਾਂ ਦੇ ਸਰੀਰ ਦਾ ਪੋਸਟ ਮਾਰਟਮ ਨਹੀਂ ਹੋਣਾ ਚਾਹੀਦਾ ਕਿਉਂਕਿ ਪੋਸਟ ਮਾਰਟਮ ਕਰਨ ਨਾਲ ਦਰਸ਼ਨ ਕਰਨ ਵਾਲੇ ਸ਼ਰਧਾਲੂ ਪ੍ਰੇਮੀਆਂ ਦੇ ਦਿਲ ਟੁੱਟ ਜਾਂਦੇ ਹਨ ਅਤੇ ਨਾ ਸਰੀਰ ਤੋਂ ਕਕਾਰ ਦੂਰ ਹੋਵਣ ਨਾ ਕਿਸੇ ਰੋਮ ਦੀ ਬੇਅਦਬੀ।" ਇਨ੍ਹਾਂ ਦੇ ਅੰਦਰੋਂ ਫੇਰ ਵੈਰਾਗ ਛੁੱਟ ਪਿਆ। ਗੱਲ ਫੇਰ ਟਾਲ ਦਿੱਤੀ। ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਆਪ ਕੇਹੋ ਜਹੇ ਬਚਨ ਕਰਦੇ ਹੋ। ਜੇ ਤੁਹਾਨੂੰ ਕੁੱਝ ਹੋ ਗਿਆ ਤਾਂ ਸਾਨੂੰ ਇੰਡੀਆ ਵਾਲੇ ਕਿਵੇਂ ਹਵਾਈ ਅੱਡੋ ਤੋਂ ਬਾਹਰ ਆਉਣ ਦੇਣਗੇ?" ਮਾਸਟਰ ਜੀ ਬੋਲੇ, "ਮਹਾਰਾਜ! ਜੇਕਰ ਤੁਹਾਡਾ ਖ਼ਿਆਲ ਹੈ, ਤਾਂ ਅੱਜ ਹੀ ਸੀਟਾਂ ਬੁਕ ਕਰਵਾ ਕੇ ਵਾਪਸ ਚਲੇ ਜਾਂਦੇ ਹਾਂ।" ਆਪ ਜੀ ਬੋਲੇ, "ਭਲਿਆ! ਜੇ ਏਥੋਂ ਦੀ ਠੀਕਰੀ ਹੈ ਤਾਂ ਵਾਪਸ ਕਿਵੇਂ ਜਾ ਸਕਦੇ ਹਾਂ? ਦੇਸ਼ ਕਾਲ ਵਸਤੂ ਤੇ ਸੰਜੋਗ ਦੁਆਰਾ ਪ੍ਰਾਣਾਂ ਦਾ ਅੰਤ ਹੁੰਦਾ ਹੈ।" ਏਥੇ ਗੱਲ ਬੰਦ ਕਰ ਕੇ ਫੇਰ ਹੋਰ ਤੋਰ ਲਈ। ਕਈ ਦਿਨਾਂ ਬਾਅਦ ਫੇਰ ਕਿਹਾ ਸਾਡੇ ਵੱਡਿਆਂ ਦਾ ਅੰਗੀਠਾ ਤਾਂ ਅਟਕ ਦਰਿਆ ਵਿੱਚ ਹੈ ਪਰ ਉਹ ਹੁਣ ਪਾਕਿਸਤਾਨ ਵਿੱਚ ਰਹਿ ਗਿਆ। ਪੰਜਾਬ ਵਿੱਚ ਤਾਂ ਨੰਗਲ ਦੇ ਕੋਲ ਬਿਭੌਰ ਸਾਹਿਬ ਜੀ ਸਤਿਲੁਜ ਦਾ ਡੂੰਘਾ ਜਲ ਹੈ, ਜਿੱਥੇ ਹਰਖੋਵਾਲ

ਵਾਲੇ ਸੰਤ ਜਵਾਲਾ ਸਿੰਘ ਜੀ ਦਾ ਸਰੀਰ ਜਲ ਪ੍ਰਵਾਹ ਕੀਤਾ ਸੀ, ਜਿਸ ਜਗ੍ਹਾ ਕਲਗੀਆਂ ਵਾਲੇ ਪਾਤਸ਼ਾਹ ਨੇ 'ਹਮਰੀ ਕਰੋ ਹਾਥ ਦੇ ਰੱਛਾ' ਚੌਪਈ ਉਚਾਰਨ ਕੀਤੀ ਹੈ। ਸਰਬੰਸ ਦਾਨੀ ਦੇ ਚਰਨ ਛੂਹ ਵਾਲੀ ਜਗ੍ਹਾ ਵਿੱਚ ਹੀ ਸਰੀਰ ਦਾ ਜਲ ਪ੍ਰਵਾਹ ਹੋਣਾ ਚਾਹੀਦਾ ਹੈ। ਤੁਸੀਂ ਸ. ਚਰਨਜੀਤ ਸਿੰਘ ਕੋਕਾ ਕੋਲਾ ਵਾਲਿਆਂ ਨੂੰ ਦਿੱਲੀ ਤੋਂ ਬੁਲਾ ਲੈਣਾ। ਉਹ ਆਪੇ ਹੀ ਜਹਾਜ਼ ਦੀਆ ਸੀਟਾਂ ਵਗੈਰਾ ਬੁਕ ਕਰਨ ਦਾ ਪ੍ਰਬੰਧ ਕਰ ਦੇਵੇਗਾ।"

ਮਾਸਟਰ ਜੀ ਨੇ ਹੇਠਾਂ ਆ ਕੇ (ਹਜ਼ੂਰ ਦੀ ਰਿਹਾਇਸ਼ ਉੱਪਰ ਸੀ) ਲੇਖਕ ਤੋਂ ਪੁੱਛਿਆ ਬਿਭੌਰ ਸਾਹਿਬ ਕਿੱਥੇ ਕੁ ਹੈ? ਦਾਸ ਨੇ ਸਾਰੀ ਗੱਲ ਦਸ ਦਿੱਤੀ ਕਿ ਅਨੰਦਪੁਰ ਸਾਹਿਬ ਤੋਂ ੧੧ ਮੀਲ ਨੰਗਲ ਕੋਲ ਹੈ। ਪਰ ਏਸ ਗੁੱਝੀ ਰਮਜ਼ ਦਾ ਦਾਸ ਨੂੰ ਭੀ ਪਤਾ ਨਾ ਲੱਗਿਆ। ਇਨ੍ਹਾਂ ਦੇ ਨੇਤਰ ਫੇਰ ਛਲਕ ਪਏ। ਆਪ ਜੀ ਨੇ ਪ੍ਰਕਰਣ ਹੋਰ ਬਦਲ ਦਿੱਤਾ। ਇਹ ਬਚਨ ਜੋ ਦੁਪਹਿਰ ਦੇ ਸਮੇਂ ਪ੍ਰਸ਼ਾਦ ਛਕਣ ਲੱਗਿਆਂ ਜਾਂ ਰਾਤ ਨੂੰ ਦੀਵਾਨ ਤੋਂ ਬਾਅਦ ਮੁੱਠੀ ਚਾਪੀ ਕਰਦਿਆਂ ਨਾਲ ਹੁੰਦੇ, ਸਾਰੇ ਹੀ ਡੇਟ ਵਾਰ ਪ੍ਰੀਤਮ ਸਿੰਘ ਝੱਮਟ ਵਾਲੇ ਨੇ ਕਾਪੀ ਵਿੱਚ ਨੋਟ ਕੀਤੇ ਹਨ ਪਰ ਅਫ਼ਸੋਸ ਕਿ ਉਸ ਨੂੰ ਇੱਕ ਦਿਨ ਪਹਿਲਾਂ ਆਪਣੇ ਕੋਲੋਂ ਆਗਿਆ ਦੇ ਕੇ ਦੂਰ ਭੇਜ ਦਿੱਤਾ। ਕੈਨੇਡਾ ਪਹੁੰਚਣ ਤੋਂ ਅੱਠ ਘੰਟੇ ਬਾਅਦ ਉਸ ਨੂੰ ਟੈਲੀਫੋਨ ਰਾਹੀਂ ਇਹ ਦੁੱਖ ਭਰੀ ਖ਼ਬਰ ਪੁੱਜ ਗਈ। ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਸ ਨੂੰ ਇਤਨੀ ਛੇਤੀ ਦੋਬਾਰਾ ਲੰਡਨ ਆਉਣ ਦੀ ਮਨਜ਼ੂਰੀ ਨਾ ਮਿਲ ਸਕੀ। ਇਸ ਤੋਂ ਬਾਅਦ ਆਪ ਜੀ ਮਿਡਲੈਂਡ ਦੇ ਇਲਾਕੇ ਵੂਲਵਰਹੈਂਪਟਨ ਚਲੇ ਗਏ।

ਲੰਡਨ ਵਿੱਚ ਦਾਸ ਤੇ ਅੰਮ੍ਰਿਤਮਈ ਬਚਨਾਂ ਦੀ ਬਖ਼ਸ਼ਿਸ਼

੧੦ ਜੂਨ ੧੯੪੫ ਈ. ਦੀ ਭਾਗਾਂ ਭਰੀ ਸ਼ਾਮ ਸੀ ਜਦੋਂ ਜੀਵਨ ਵਿੱਚ ਪਲਟਾ ਲਿਆਉਣ ਵਾਲੇ ਮਹਾਂਪੁਰਸ਼ਾਂ ਦੇ ਦਰ ਦੀ ਦਹਿਲੀਜ਼ ਤੇ ਪਹਿਲੀ ਵਾਰ ਸਿਰ ਰੱਖ ਕੇ ਨਮਸ਼ਕਾਰ ਕੀਤੀ। ਮਨ ਵਿੱਚ ਉਤਸ਼ਾਹ ਵਧਿਆ ਨਾਮ ਦਾਨ ਲਈ ਝੋਲੀ ਅੱਡੀ। ਦਰਗਾਹੀ ਬਸੀਠ ਤੇ ਬਖ਼ਸ਼ਿਸ਼ ਕਰ ਦਿੱਤੀ ਕਈ ਸਾਲ ਚਰਨਾਂ ਵਿੱਚ ਰਹਿ ਕੇ ਨਾਮ ਸਿਮਰਨ ਦਾ ਅਭਿਆਸ ਤੇ ਸੇਵਾ ਦਾ ਲਾਭ ਪ੍ਰਾਪਤ ਕੀਤਾ। ਪਰ ਮਨ ਆਪਣੇ ਫੁਰਨੇ ਨਹੀਂ ਸੀ ਛੱਡ ਰਿਹਾ। ਇਸ ਲਈ ਇਸ ਨੂੰ ਰੋਕਣ ਦਾ ਤਰੀਕਾ ਪੁੱਛਣ ਵਾਸਤੇ ਦਰਸ਼ਨਾਂ ਦੀ ਖਿੱਚ ਬਣੀ ਰਹੀ। ਸਵਾਂਤੀ ਬੂੰਦ ਪਪੀਹੇ ਦੀ ਤਪਸ ਬੁਝਾਉਂਦੀ ਹੈ। ਕਮਲ ਸੂਰਜ ਨੂੰ ਦੇਖ ਕੇ ਖਿੜਦੇ ਹਨ। ਇਸ ਤਰ੍ਹਾਂ ਵਿਛੋੜੇ ਦੀ ਵੇਦਨ ਬਿਨਾਂ ਮਿਲਾਪ ਦਾ ਅਨੰਦ ਨਹੀਂ ਆਉਂਦਾ। ਭਲਾ ਪਿਆਸ ਤੋਂ ਬਿਨਾਂ ਪਾਣੀ ਦੀ ਕੀ ਕਦਰ? ਧੁੱਪ ਤੋਂ ਬਿਨਾਂ ਛਾਂ ਦਾ ਕੀ ਸੁੱਖ? ਕੌੜਾ ਖਾਧੇ ਬਿਨਾ ਮਿੱਠੇ ਦਾ ਰਸ ਕਿਵੇਂ? ਕੰਡੇ ਦੀ ਚੋਭ ਬਗ਼ੈਰ ਫ਼ੁੱਲ ਦਾ ਕੀ ਮੁੱਲ? ਇਸੇ ਤਰ੍ਹਾਂ ਪ੍ਰੇਮੀਆਂ ਨੂੰ ਬਿਰਹੋਂ ਵਿਜੋਗ ਦੀਆਂ ਪੀੜਾਂ ਤੇ ਵਿਛੋੜੇ ਦੀਆਂ ਚਸਕਾਂ, ਦਰਦਾਂ ਬਗ਼ੈਰ ਮਿਲਾਪ ਦੀ ਤਾਂਘ ਕਿਵੇਂ ਹੋ ਸਕਦੀ ਹੈ? ਲੰਡਨ ਜਾ ਕੇ ਭੀ ਅੰਦਰ ਖਿੱਚ ਪਈ ਤੇ ਸੇਵਾਦਾਰ ਤੋਂ ਸਮਾਂ ਲੈ ਕੇ ਚਰਨਾਂ 'ਚ ਹਾਜ਼ਰ ਹੋਇਆ।

ਦਾਤੇ ਦੇ ਦਰ ਦੀ ਦਹਿਲੀਜ਼ ਦੇ ਸਿਰ ਰੱਖਣ ਸਮੇਂ ਕੁੱਝ ਅਲੌਕਿਕ ਸਵਾਦ ਜਾਪਿਆ ਤੇ ਅਗੰਮੀ ਰਸ ਆਇਆ:

ਮੇਰਾ ਸਰ ਔਰ ਤੇਰਾ ਸੰਗਿ ਦਰ ਹੈ। ਨਮਾਜ਼ੇ ਇਸ਼ਕ[1] ਕਿਤਨੀ ਮੁਖਤਸਿਰ[2] ਹੈ।

ਕਿਸੇ ਵਿਦਵਾਨ ਦੇ ਬਚਨ ਯਾਦ ਆਏ ਕਿ ਨਮਸ਼ਕਾਰ ਦੇ ਕੀਤਿਆਂ ਮੋਹਰ ਦੇ ਅੱਖਰਾਂ ਵਾਂਗ ਪੁੱਠੇ ਲੇਖ ਸਿੱਧੇ ਹੁੰਦੇ ਹਨ।

ਯਥਾ: ਰਾਸ ਕਰਤੀ ਹੈ ਇਬਾਦਤ ਟੇਢੀ ਹੋ ਗਰ ਸਰ ਨਵਸਤ। ਸਿਜਦੇ ਸੇ ਹੈ ਦਰੁਸਤ ਹੋਤਾ ਨਾਮ ਉਲਟਾ ਹਰ ਨਗੀ[3]।

ਅਤੇ ਨਮਸ਼ਕਾਰ ਕੀਤਿਆਂ ਹੀ ਆਯੂ, ਵਿੱਦਿਆ, ਜਸ ਤੇ ਸਰੀਰਕ ਬਲ ਇਹ ਚਾਰੇ ਵਧਦੇ ਹਨ।

ਅਭਿਵਾਦਨ ਸੀਲਸਯ ਨਿੱਤਯੋ ਵ੍ਰਧੋਪਿ ਸੇਵੀਨੋ। ਚਤਵਾਰ ਤਸਯ ਵਰਧਤੇ ਆਯੂ ਵਿੱਦਿਆ ਜਸੁ ਬਲੰਮ।

ਬਸ ਫੇਰ ਕੀ ਸੀ ਸਭ ਕੁੱਝ ਭੁੱਲ ਗਿਆ। ਦਰਸ਼ਨ ਕਰਦਿਆਂ ਹੀ ਮਨ ਸੋਚੀਂ ਪੈ ਗਿਆ ਕਿ ਇਨ੍ਹਾਂ ਦਾ ਦੀਦਾਰ ਕਰੀ ਜਾਵਾਂ ਕਿ ਬੇਨਤੀ ਕਰਾਂ।

ਤੁਮ ਮੁਖਾਤਬ ਭੀ ਹੋ ਤੁਮ ਕਰੀਬ ਭੀ ਹੋ ਤੁਮ ਕੋ ਦੇਖੂੰ ਜਾਂ ਤੁਮ ਸੇ ਬਾਤ ਕਰੂੰ।

ਸਾਰੇ ਫੁਰਨੇ ਸ਼ਾਂਤ ਹੋ ਗਏ। ਅਫੁਰ ਮਨ ਵਿਸਮਾਦ ਦਸ਼ਾ ਨੂੰ ਪ੍ਰਾਪਤ ਹੋਇਆ ਇਉਂ ਅਨੁਭਵ ਕਰਨ ਲੱਗਾ:

ਰੋਜ਼ ਕਹਿਤੇ ਥੇ ਕਿ ਤਨਹਾ ਜਬ ਮਿਲੇਗੇ ਯਾਰ ਸੇ।

---

[1] ਇਸ਼ਕ ਦੀ ਨਿਮਾਜ਼

[2] ਸੰਖੇਪ

[3] ਮੋਹਰ

ਯਹ ਕਹੇਂਗੇ ਵਹੁ ਕਹੇਂਗੇ ਯੂੰ ਕਹੇਂਗੇ ਪਿਆਰ ਸੇ।
ਜਬ ਦੀਏ ਦਿਨ ਵਹੁ ਖ਼ੁਦਾ ਨੇ ਉਡ ਗਏ ਹੋਸ਼ੋ ਹਵਾਸ਼।
ਔਰ ਹਮ ਲੱਗੇ ਰਹਿ ਗਏ ਤਸਵੀਰ ਕੀ ਮਾਨਿੰਦ ਦੀਵਾਰ ਸੇ।
ਅਤੇ ਨੇਤਰਾਂ ਵਿੱਚ ਵੈਰਾਗ ਦਾ ਜਲ ਆ ਗਿਆ:
ਤੇਰੀ ਅੱਖ ਦੀ ਸਿੱਪ ਦਾ ਮੋਤੀ ਜੇਕਰ ਗੁਰੂ ਚਰਨਾਂ ਅੰਦਰ ਡੁੱਲ੍ਹ ਜਾਵੇ।
ਓਹਦੀ ਮੇਹਰ ਦੀ ਨਦਰ ਦਾ ਕੁਲ ਸਾਗਰ ਤੇਰੇ ਇੱਕ ਕਤਰੇ ਅੰਦਰ ਘੁਲ ਜਾਵੇ।
ਮਥਾ ਰਗੜ ਜਾ ਕੇ ਪਾਇਦਾਨ ਉਤੇ, ਤੇਰਾ ਦੇਖ ਸਿਜਦਾ, ਪੈ ਮੁੱਲ ਜਾਵੇ।
ਤੇਰੇ ਮਥੇ ਦੀ ਰੇਖਾ ਦਾ ਬੰਦ ਬੂਹਾ ਮਤਾਂ ਖੁੱਲ੍ਹਦਿਆਂ ਖੁੱਲ੍ਹਦਿਆਂ ਖੁੱਲ੍ਹ ਜਾਵੇ।
ਨਾਲ ਹੀ ਅੰਦਰੋਂ ਆਵਾਜ਼ ਆਈ:
ਸਾਰਾ ਗਗਨ ਡਿੱਠਾ ਸਾਰੀ ਧਰਤ ਦੇਖੀ, ਡਿੱਠਾ ਦਰ ਨ ਤੇਰੀ ਦਰਗਾਹ ਜੈਸਾ।
ਅਸਾਂ ਆਣ ਕੇ ਤੇਰੀ ਦਲੀਜ਼ ਉੱਤੇ ਜਿੰਦ ਭੇਟ ਕੀਤੀ ਜਿਵੇਂ ਇੱਕ ਪੈਸਾ।
ਅਰਸ਼ੀ ਪ੍ਰੀਤਮ ਨੇ ਵੈਰਾਗ ਦਸ਼ਾ ਤੱਕ ਰੋਣ ਦਾ ਕਾਰਣ ਪੁੱਛਿਆ ਤਾਂ ਅਰਜ਼ ਕੀਤੀ:
ਮੈਂ ਰੋਊਂ ਕਿਉਂ ਨ ਪੀਰੀ[1] ਮੇਂ ਕਫੇ[2] ਅਫ਼ਸੋਸ ਮਲ ਮਲ ਕਰ।
ਕਿ ਸਿਆਹੀ ਕਾਰੀ ਮੇ ਖੋਹ ਡਾਲੀ ਸਿਆਹੀ ਸਰ ਕੇ ਵਾਲੋਂ ਕੀ।
ਅਤੇ ਫੇਰ ਕਿਹਾ:
ਤੇਰੇ ਦਰ ਕੋ ਛੱਡ ਕਰ ਹਮ ਬੇਨਵਾ ਜਾਇ ਕਹਾਂ। ਜਾਂ ਬਤਾ ਦੇ ਕੋਈ ਆਪਣੇ ਜੈਸਾ ਘਰ ਹਮੇ।
ਬੈਠੇ ਹੈਂ ਤੇਰੇ ਦਰ ਪੇ ਤਓ ਕਛੁ ਕਰ ਕੇ ਉਠੇਂਗੇ। ਜਾਂ ਮਿਲਾਪ ਹੀ ਮਿਲੇਗਾ ਜਾਂ ਮਰ ਕੇ ਉਠੇਂਗੇ।
ਕਿਉਂਕਿ ਮਨ ਅੰਦਰ ਇਹ ਨਿਸਚਾ ਹੈ:
ਤੇਰੇ ਦਰ ਦੇ ਜੇਹੜਾ ਆਇਆ ਖ਼ਾਲੀ ਕੋਈ ਨਾ ਮੁੜਿਆ।
ਨਦੀਆਂ ਨਾਲੇ ਸੁਕ ਸੁਕ ਜਾਂਦੇ ਸਾਗਰ ਕਦੇ ਨਾ ਥੁੜ੍ਹਿਆ।
ਤੇਰੇ ਉੱਤੇ ਦਾਈਆ ਮੈਨੂੰ ਪਾਪ ਕਰਾਂ ਮੈਂ ਰਜ ਰਜ ਕੇ।
ਪਾਪ ਕਰੇਂਦੇ ਖ਼ੁਸ਼ੀਆਂ ਮੈਨੂੰ ਤੇ ਤੈਨੂੰ ਪਰਦੇ ਕਜ ਕਜ ਕੇ।
ਅਤੇ ਫੇਰ ਅਰਜ਼ ਕੀਤੀ ਮੇਰੇ ਉੱਪਰ ਕ੍ਰਿਪਾ ਕਰੋ ਏਥੇ ਆਪਣੇ ਸਾਰੇ ਯਤਨ ਨਾ ਕਾਮਯਾਬ ਹਨ:
ਅਮਲ ਸੇ ਜ਼ਿੰਦਗ਼ੀ ਬਣਤੀ ਹੋ ਤੋ ਸਭ ਹੀ ਬਣਾ ਲੇਤੇ।
ਨਵਾਜਸ਼[3] ਜਬ ਤਲਕ[4] ਸ਼ਾਮਲ ਨ ਹੋ, ਅਮਲ ਸਭ ਨਾਕਾਮ ਰਹਿਤੇ ਹੈ।
ਆਪ ਜੀ ਨੇ ਧੀਰਜ ਦਿੱਤਾ ਤੇ ਪਿਆਰ ਨਾਲ ਪੁੱਛਿਆ ਕੀ ਗੱਲ ਹੈ?
ਮੁਦਤ ਸੇ ਹੋਸ਼ ਮੇ ਹੂੰ ਨਜ਼ਰਿ ਦਿਲੇ ਜਬਾ ਹੂੰ। ਖੁੱਲ੍ਹਾ ਨ ਭੇਦ ਲੇਕਨ ਮੈਂ ਕੋਣ ਹੂੰ? ਕਹਾਂ ਹੂੰ?
ਮੇਰੀ ਤਾਂ ਇਹ ਹਾਲਤ ਹੈ:
ਕਾਮ ਤਜੋ ਤਉ ਕਰੋਧ ਨਾ ਜਾਈ ਕਰੋਧ ਤਜੋਂ ਤਉ ਲੋਭਾ।
ਲੋਭ ਤਜੋ ਅਹੰਕਾਰ ਨ ਜਾਈ ਮਾਨ ਵਡਾਈ ਸੋਭਾ।
ਇੰਦ੍ਰੀਆਂ ਕੇ ਵਸ ਮਨ ਰਹੇ ਮਨ ਕੇ ਵਸ ਰਹੇ ਬੁੱਧ।
ਕਹੋ ਧਿਆਨ ਕੈਸੇ ਲੱਗੇ ਐਸਾ ਜਹਾਂ ਵਿਰੁੱਧ।

ਫੇਰ ਆਪ ਜੀ ਨੇ ਕਿਹਾ ਮਨੁੱਖ ਦਾ ਜੀਵਨ ਰੇਤ ਦੇ ਟਿੱਬੇ ਵਾਂਗ ਹੈ, ਜਿਸ ਨੂੰ ਤ੍ਰਿਸ਼ਨਾਂ ਦੀ ਹਨੇਰੀ ਦਾ ਇੱਕੋ ਬੁੱਲ੍ਹਾ ਜਾਂ ਮਾਇਆ ਦੇ ਮੀਂਹ ਦਾ ਇੱਕ ਫਰਾਟਾ ਉਡਾ ਕੇ ਵਹਾ ਲਿਜਾਂਦਾ ਹੈ। ਪਰ ਸਾਦਕਾਂ ਦੇ ਮਨ ਚਟਾਨਾਂ ਦੀ ਤਰ੍ਹਾਂ ਸਖ਼ਤ ਹਨ। ਸੋ ਹਰ ਸਮੇਂ ਮੌਤ ਨੂੰ ਯਾਦ ਰੱਖੋ, ਜੋ ਪ੍ਰਭੂ ਮਿਲਾਪ ਦਾ ਫਾਰਮੂਲਾ ਹੈ ਅਤੇ ਹਰ ਮੁਲਾਕਾਤ ਨੂੰ ਤੇ ਹਰ ਦਮ ਨੂੰ ਆਖ਼ਰੀ ਹੀ ਸਮਝਣਾ ਚਾਹੀਦਾ ਹੈ।

---

[1] ਬੁਢੇਪਾ
[2] ਹੱਥ
[3] ਕ੍ਰਿਪਾ
[4] ਤੱਕ

ਗਨੀਮਤ ਜਾਣ ਲੋ ਮਿਲ ਬੈਠਣੋ ਕੇ ਜਫ਼ਰ, ਜੁਦਾਈ ਕੀ ਘੜੀ ਸਰ ਪਰ ਖੜ੍ਹੀ ਹੈ।
ਅਤੇ ਇਹ ਗੱਲ ਸਦਾ ਚੇਤੇ ਰਹੇ, ਕਿਸੇ ਮਨੁੱਖ ਤੇ ਆਸ ਨਹੀਂ ਰੱਖਣੀ।
ਜੋ ਮਰਦ ਹੈ ਗ਼ੈਰੋਂ ਕਾ ਸਹਾਰਾ ਨਹੀਂ ਲੇਤੇ। ਜੋ ਤੈਰਾਕ ਹੈ ਦਰਿਆ ਦਾ ਕਿਨਾਰਾ ਨਹੀਂ ਲੇਤੇ।
ਜੋ ਸ਼ੇਰ ਹੈ ਸੈਦੌਰ[1] ਕਾ ਮਾਰਾ ਨਹੀਂ ਲੇਤੇ। ਆਹੂਵ[2] ਮੁਸ਼ਕੀ ਚਿ ਕਾਰਾ[3] ਨਹੀਂ ਲੇਤੇ।
ਅਤੇ ਅੰਦਰ ਦਾ ਰਾਜ ਨਹੀਂ ਕਿਸੇ ਨੂੰ ਦਸਣਾ।
ਮਰਦ ਰਾਜ਼ ਦਿਲੀ ਕਹਿ ਕਰ ਜ਼ਲੀਲੋਂ ਖਵਾਰ ਹੋਤਾ ਹੈ।
ਨਿਕਲ ਜਾਤੀ ਹੈ ਜਬ ਖ਼ੁਸ਼ਬੂ ਤੋਂ ਫੂਲ ਬੇਕਾਰ ਹੋਤਾ ਹੈ।
ਸੇਵਾ ਤੇ ਸਿਮਰਨ ਦੁਆਰਾ ਸਰੀਰ ਤੇ ਮਨ ਪਵਿੱਤਰ ਹੁੰਦਾ ਹੈ:
ਤਨ ਪਵਿਤਰ ਸੇਵਾ ਕੀਏ ਧਨ ਪਵਿਤਰ ਕੀਏ ਦਾਨ।
ਮਨ ਪਵਿਤਰ ਹਰੀ ਭਜਨ ਸੇ ਤ੍ਰਿਬਿਧ ਹੋਤ ਕਲਿਆਣ।
ਅਤੇ ਸੁੱਖ ਦੁੱਖ ਵਿੱਚ ਹਮੇਸ਼ਾ ਹੀ ਪ੍ਰਭੂ ਨੂੰ ਚੇਤੇ ਰੱਖੋ:
ਜਫ਼ਰ ਉਸ ਕੋ ਹਮ ਆਦਮੀ ਨਹੀਂ ਕਹੀਏਗਾ
ਜੋ ਐਸ਼ ਮੈ ਖ਼ੁਦਾ ਭੂਲ ਜਾਹਿ ਔਰ ਤੈਸ਼ ਮੇ ਖੌਫਿ ਖ਼ੁਦਾ ਨਾ ਰਹੇ।
ਆਪਣੇ ਆਪ ਨੂੰ ਸੰਸਾਰ ਵਿੱਚ ਪ੍ਰਹੌਣਾ ਜਾਣੇ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

ਗੁਰਮੁਖਿ ਸੁਘੜ ਸੁਜਾਣੁ ਗੁਰ ਸਮਝਾਇਆ। ਮਿਹਮਾਣੀ ਮਿਹਮਾਣੁ ਮਜਲਸਿ ਆਇਆ।
ਖਾਵਾਲੇ ਸੋ ਖਾਣੁ ਪੀਐ ਪੀਆਇਆ। ਕਰੈ ਨ ਗਰਬੁ ਗੁਮਾਣੁ ਹਸੈ ਹਸਾਇਆ।
ਪਾਹੁਨੜਾ ਪਰਵਾਣੁ ਕਾਜੁ ਸੁਹਾਇਆ। ਮਜਲਸ ਕਰਿ ਹੈਰਾਣੁ ਉਠਿ ਸਿਧਾਇਆ ॥੩॥

(ਭਾ. ਗੁਰਦਾਸ ਜੀ: ਵਾਰ ੧੯ ਪਉੜੀ ੩)

ਤਥਾ: ਗੁਰਮੁਖ ਪਰ ਸਵਾਰਥ ਕੋ ਕਰਤਾ। ਰਿਦੈ ਲੋਭ ਹੰਕਾਰ ਨ ਧਰਤਾ।
ਗੁਨ ਗਨ ਆਪਣੇ ਪਰ ਕੇ ਦੋਸਾ। ਚਹਿਤ ਛੁਪਾਏ ਯੁਤ ਸੰਤੋਸ਼ਾ।
ਸੰਸਾਰ ਵਿੱਚ ਨਿਰਮਾਨਤਾ ਨਾਲ ਰਹੇ ਇਹ ਚਾਰੇ ਚੀਜ਼ਾਂ ਸਾਧੂ ਦਾ ਧਨ ਹਨ।
ਕਖ, ਪਰਾਲੀ, ਜਲ, ਜਿਮੀ, ਚੌਥਾ ਮਿਠਾ ਬੋਲ। ਇਹ ਨਿਖੁਟਨ ਕਦੇ ਨ ਰਹਿੰਦੇ ਸੰਤਾਂ ਕੋਲ।
ਅਤੇ ਪ੍ਰਭੂ ਭਗਤ ਦੀਆਂ ਇਹ ਚਾਰ ਨਿਸ਼ਾਨੀਆਂ ਹਨ:
ਚਾਰ ਲਕਸ਼ਣ ਹਰੀ ਭਗਤ ਕੇ ਪ੍ਰਗਟ ਦਿਖਾਈ ਦੇਤ। ਖਿਮਾ ਗ਼ਰੀਬੀ ਬੰਦਗੀ ਪਰਉਪਕਾਰ ਮਹਿ ਹੇਤ।

ਸਾਧੂ ਵਾਸਤੇ ਹਰ ਇੱਕ ਦਾ ਸਤਿਕਾਰ ਕਰਨਾ ਜ਼ਰੂਰੀ ਹੈ। ਕਿਸੇ ਭੇਖ ਤੇ ਤਰਕ ਨਾ ਕਰੇ। ਚਾਹੇ ਕੋਈ ਅਨਪੜ੍ਹ ਹੈ ਚਾਹੇ ਵਿਦਵਾਨ ਸਭ ਨੂੰ ਇੱਕੋ ਜੇਹਾ ਸਮਝੇ ਜੋ ਆਪਣੀ ਵਿੱਦਿਆ ਦਾ ਹੰਕਾਰ ਕਰ ਕੇ ਕਿਸੇ ਦਾ ਆਦਰ ਨਹੀਂ ਕਰਦਾ ਉਸ ਪ੍ਰਤੀ ਲਿਖਾ ਹੈ:

ਨਾ ਹੋ ਜਿਸ ਮੇ ਅਦਬ ਔਰ, ਕਿਤਾਬੋ ਸੇ ਹੋ ਲਦਾ ਫਿਰਤਾ।
ਜਫਰ ਉਸ ਆਦਮੀ ਕੋ ਹਮ ਤਸੱਵਰ[4] ਬੈਲ ਕਰਤੇ ਹੈਂ।
ਪ੍ਰਭੂ ਦੇ ਚਾਰ ਪ੍ਰਕਾਰ ਦੇ ਭਗਤ ਹਨ:

ਆਰਤ, ਅਰਥਾ ਅਰਥੀ, ਜਗਿਆਸੂ ਤੇ ਗਿਆਨਵਾਨ: ਚਾਰੇ ਭਗਤਾਂ ਨੂੰ ਨਾਮ ਦਾ ਆਸਰਾ ਹੈ ਪਰ ਇਨ੍ਹਾਂ ਵਿੱਚੋਂ ਗਿਆਨਵਾਨ ਪ੍ਰਮੇਸ਼ਰ ਦਾ ਸਰੂਪ ਹੋਣ ਕਰ ਕੇ ਉਸ ਨੂੰ ਪਿਆਰਾ ਹੈ।

ਰਾਮ ਭਗਤ ਜਗ ਚਾਰ ਪ੍ਰਕਾਰਾ। ਚਾਰੋ ਸੁਕ੍ਰਿਤ[5] ਅਨੁਘ[6] ਉਦਾਰਾ[7]।

---

[1] ਸ਼ਿਕਾਰੀ
[2] ਚੰਗਾ ਹਰਨ
[3] ਮਾਸ
[4] ਅਨੁਮਾਨ
[5] ਪੁੰਨ ਆਤਮਾ
[6] ਪਾਪ ਰਹਿਤ
[7] ਸ੍ਰੇਸ਼ਟ

ਚਹੁ ਚਤਰਨ ਕਹਿ ਨਾਮ ਆਧਾਰਾ। ਗਿਆਨੀ[1] ਪ੍ਰਭਹਿ ਵਿਸ਼ੇਸ਼ ਪਿਆਰਾ। (ਤੁਲਸੀ ਦਾਸ ਜੀ)

ਗੁਰੂ ਸ਼ਰਨ ਵਿੱਚ ਆ ਕੇ ਸਾਰੇ ਵਿਘਨਾਂ ਦਾ ਨਾਸ ਹੁੰਦਾ ਹੈ:

ਦਰਯਾ ਸਿਮਰੇ ਰਾਮ ਕੋ ਕਰਮ ਭਰਮ ਸਭ ਖੋਇ। ਗੁਰੂ ਹਾਥ ਸਿਰ ਪਰ ਰਹੇ ਬਿਘਨ ਨ ਲਾਗੈ ਕੋਇ।
ਜਬ ਹੀ ਨਾਮ ਹਿਰਦੇ ਧਰਿਓ ਭਇਓ ਪਾਪ ਕਾ ਨਾਸ। ਜੈਸੇ ਚਿੰਗਾਰੀ ਆਗ ਕੀ ਪੜੀ ਪੁਰਾਣੇ ਘਾਸ।

ਦਾਦੂ ਜੀ ਫੁਰਮਾਉਂਦੇ ਹਨ, ਸਿੱਖ ਇਸ ਤਰ੍ਹਾਂ ਦੀ ਨਿੰਮ੍ਰਤਾ ਰੱਖੇ:

ਜੀਵਤ ਮਾਟੀ ਹੋ ਰਹੋ ਸਾਈ ਸਨਮੁਖ ਹੋਇ। ਦਾਦੂ ਪਹਿਲੇ ਮਰ ਰਹੋ ਪੀਛੇ ਮਰੇ ਸਭ ਕੋਇ।
ਪ੍ਰਮੇਸ਼ਰ ਤਾਂ ਤੇਰੇ ਅੰਦਰ ਇਉਂ ਰਮਿਆ ਹੈ ਜਿਵੇਂ ਤਿਲਾਂ ਵਿੱਚ ਤੇਲ ਤੇ ਅਗਨੀ ਵਿੱਚ ਪ੍ਰਕਾਸ਼ ਹੈ।
ਜਿਉਂ ਤਿਲੋ ਮੇ ਤੇਲ ਹੈ ਜਿਉ ਚਮਕ ਮਹਿ ਆਗ। ਤੇਰਾ ਪ੍ਰੀਤਮ ਤੁਝ ਮਹਿ ਜਾਗ ਸਕੇ ਤੋਂ ਜਾਗ।
ਜਿਉ ਨੈਨਨ ਮੈ ਪੁਤਲੀ ਤਿਉ ਖਾਲਕ ਘਟ ਮਾਹਿ। ਮੂਰਖ ਲੋਗ ਜਾਣੇ ਨਹੀ ਬਾਹਰ ਢੂੰਢਣ ਜਾਹਿ।
ਜਾਂ ਕਾਰਣ ਜਗ ਢੂੰਡਿਆ ਸੋ ਤੋ ਹੈ ਘਟ ਮਾਹਿ। ਪਰਦਾ ਦੀਆ ਭਰਮਾ ਕਾ ਤਾਂ ਤੇ ਸੂਝੇ ਨਾਹਿ।
ਦੂਧ ਮਧ ਜਿਉ ਘਿਉ ਹੈ, ਮਹਿੰਦੀ ਮਹਿ ਜਿਉ ਰੰਗ। ਜਤਨ ਬਿਨਾ ਨਿਕਸੇ ਨਹੀਂ ਸੰਤਨ ਸੋ ਲੇ ਢੰਗ।
ਕਿਉ ਭਟਕਤਾ ਫਿਰ ਰਹਾ ਤੂੰ ਐ ਤਲਾਸ਼ਿ ਯਾਰਮੈ। ਰਸਤਾ ਸਾਹ-ਰਗ ਮੇਂ ਹੈ ਦਿਲਬਰ ਪੈ ਜਾਨੇ ਕੇ ਲੀਏ।
ਭੀਖਾ ਭੂਖਾ ਕੋ ਨਹੀਂ ਸਭ ਦੀ ਗੁਦੜੀ ਲਾਲ। ਗਿਰਾ ਖੋਲ ਨਹੀਂ ਜਾਨਤਾ ਤਾਂ ਹੀ ਹੈ ਕੰਗਾਲ।

ਮੌਲਾਨਾ ਰੂਮੀ ਦਾ ਇੱਕ ਸ਼ਿਅਰ ਹੈ:

ਜ਼ਿੰਦਾ ਅਸਰ ਅਜ ਖੁਦ ਸਦਾ ਜ਼ਿੰਦਾ ਬ ਰੱਬ। ਜਾਂ ਬੂਦ ਅਸਰਾਰੇ ਰਕਸ਼ ਵਿਰਦ ਓ ਲਬ।

ਭਾਵ ਖੁਦੀ ਤੋਂ ਖ਼ਾਲੀ ਪੁਰਖ ਜ਼ਿੰਦਾ ਹੈ। ਆਪਣੇ ਰੱਬ ਨਾਲ ਮਿਲਿਆ ਹੋਇਆ। ਇਸ ਕਰ ਕੇ ਪ੍ਰਮੇਸ਼ਰ ਸਬੰਧੀ ਸਾਰੇ ਰਾਜ ਉਸ ਦੇ ਲਬਾਂ ਤੇ ਹੁੰਦੇ ਹਨ।

ਇਤਿਆਦਿਕ ਹੋਰ ਭੀ ਬਹੁਤ ਸਾਰੇ ਸ਼ੁਭ ਉਪਦੇਸ਼ ਬਖ਼ਸ਼ੇ।

ਫੇਰ ਤਾਂ ੧੯੭੦ ਤੋਂ ਬਾਅਦ ਸੰਤ ਜੀ ਮਹਾਰਾਜ ਜਿੱਥੇ ਵੀ ਜਾਂਦੇ ਕ੍ਰਿਪਾ ਕਰ ਕੇ ਨਾਲ ਹੀ ਲੈ ਜਾਂਦੇ ਸਨ। ਪੰਜਾਬ, ਦਿੱਲੀ ਤੇ ਯੂ. ਪੀ. ਦੇ ਸ਼ਹਿਰਾਂ ਵਿੱਚ ਨਾਲ ਜਾਂਦਾ ਰਿਹਾ। ਪਹਿਲੀ ਵਾਰ ਇੰਗਲੈਂਡ ਜਾਣ ਸਮੇਂ ਮੈਂ ਇਸ ਪੁਸਤਕ ਦਾ ਪਹਿਲਾ ਭਾਗ ਛਪਵਾ ਰਿਹਾ ਸੀ ਜਿਸ ਵਿੱਚ ਸੰਤ ਜੀ ਮਹਾਰਾਜ ਦੇ ਅਵਤਰਨ ਤੋਂ ੧੯੫੦ ਤੱਕ ਦਾ ਹਾਲ ਆ ਗਿਆ, ਜਿਸ ਕਰ ਕੇ ਨਾਲ ਜਾਣ ਦਾ ਸੁਭਾਗ ਨਾ ਪ੍ਰਾਪਤ ਹੋ ਸਕਿਆ। ਹੁਣ ਦੋਵੇਂ ਭਾਗਾਂ ਨੂੰ ਸੋਧ ਕੇ ਇੱਕੋ ਗ੍ਰੰਥ ਬਣਾ ਦਿੱਤਾ। ਫੇਰ ਦੂਜੀ ਵਾਰ ਕ੍ਰਿਪਾ ਕਰ ਕੇ ਨਾਲ ਲੈ ਗਏ ਅਤੇ ਇਹ ਵੀ ਇਸ਼ਾਰਾ ਕੀਤਾ ਕਿ ਪਹਿਲਾਂ ਤਾਂ ਪ੍ਰੇਮੀਆਂ ਤੋਂ ਪੁੱਛ ਕੇ ਲਿਖਦਾ ਸੀ। ਹੁਣ ਅੱਖੀਂ ਦੇਖ ਕੇ ਲਿਖ ਲਵੀਂ। ਪਰ ਇਸ ਇਸ਼ਾਰੇ ਨੂੰ ਕੌਣ ਸਮਝੇ? ਉਸ ਜਗ੍ਹਾ ਵੀ ਪ੍ਰੇਮੀਆਂ ਤੋਂ ਪੁੱਛ ਕੇ ਅਫਰੀਕਾ ਤੇ ਪੰਜਾਬ ਦੀਆਂ ਸਾਖੀਆਂ ਲਿਖੀਆਂ। ਸੰਤ ਜੀ ਨੇ ਲੰਡਨ ਜਾ ਕੇ ਭਾਣਾ ਵਰਤਾ ਦਿੱਤਾ। ਉਸ ਸਮੇਂ ਵਿਛੋੜੇ ਦੀ ਵੇਦਨਾ ਨਾਲ ਜੋ ਨਾਲ ਗਏ ਸਿੰਘਾਂ ਦੀ ਹਾਲਤ ਹੋਈ ਉਸ ਦਾ ਕਮਲ ਦੁਆਰਾ ਬਿਆਨ ਕਰਨਾ ਮੁਸ਼ਕਲ ਹੈ। ਮੇਰੇ ਵੀ ਮਨ ਦਾ ਉਤਸ਼ਾਹ ਜਾਂਦਾ ਰਿਹਾ। ਕਲਮ ਵਿੱਚ ਸਾਹਸ ਨਾ ਰਿਹਾ। ਦਵਾਤ ਦੀ ਸਿਆਹੀ ਸੁੱਕ ਗਈ। ਮਨ ਦੇ ਅੱਲੇ ਜ਼ਖਮਾਂ ਨੂੰ ਮਲ੍ਹਮ ਨਾ ਮਿਲੇ। ਇਉਂ ਵੈਰਾਗੀ ਦਸ਼ਾ ਵਿੱਚ ਕਾਫ਼ੀ ਸਮਾਂ ਡਾਵਾਂ ਡੋਲ ਫਿਰਦਾ ਰਿਹਾ।

ਕਰ ਲੈਂਦਾ ਵਿਰਲਾਪ ਮੈਂ

ਮੱਛ ਕੱਛ ਹੋਵਾਂ ਜੇਕਰ ਜਾਇ ਟੋਲਾਂ ਸਾਗਰਾਂ 'ਚ, ਮ੍ਰਿਗ ਮ੍ਰਿਗਿੰਦ ਹੋਵਾਂ ਥਲ ਸੁਟਾਂ ਮਾਪ ਮੈਂ।
ਰਵਿ ਸਸਿ ਪੌਣ ਹੋਵਾਂ ਖੰਭਾਂ ਨੂੰ ਖਰੀਦ ਕਰਾਂ, ਤਨ ਨੂੰ ਜੜਾਇ ਕੇ ਅਕਾਸ਼ ਢੂੰਢਾਂ ਆਪ ਮੈਂ।
ਮੋਹਨ ਮੇਹਰ ਕਰ ਪੂਰਨ ਸੰਤ ਮਿਲਣ, ਚਰਨ ਪਰਸ ਕਰ ਕਰ ਲਾਂ ਮਿਲਾਪ ਮੈਂ।
ਹੋਵਦੀ ਜੇ ਸੂਝ ਬੂਝ ਨਦਰਿ ਕਰਨ ਸਮੇਂ, ਰੱਜ ਕੇ ਨਿਭਾਗ ਕਰ ਲੈਂਦਾ ਵਿਰਲਾਪ ਮੈਂ।

ਇਹ ਪੁਸਤੱਕ ਜੋ ਤੁਹਾਡੇ ਹੱਥਾਂ ਵਿੱਚ ਹੈ ਇਸ ਵਿਖੇ ਕੁੱਝ ਕੁ ਸਾਖੀਆਂ ਅੰਕਤ ਕੀਤੀਆਂ ਹਨ।

ਵੱਡੇ ਵੱਡੇ ਅਵਤਾਰ, ਰਿਸ਼ੀ, ਮਹਾਂ ਰਿਸ਼ੀ, ਸਿੱਧ, ਮਹਾਂ ਸਿੱਧ, ਬਿਆਸ ਜੈਸੇ ਅਚਾਰਯ, ਕਪਲ ਮੁਨੀ, ਗੌਤਮ, ਕਣਾਦ ਅਤੇ ਪਤੰਜਲ ਜੈਸੇ ਵਿੱਦਿਆ ਸਾਗਰ ਅਤੇ ਬ੍ਰਹਮਾਂ, ਵਿਸ਼ਨੂੰ, ਮਹਾਂਦੇਵ ਜੈਸੇ ਕਾਰਕ ਤੇ ਅਨੇਕਾਂ ਜਗਤ ਕਰਤਾ ਹੋਏ। ਉਹ ਵੀ:

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ (ਜਪੁ ਮਃ ੧ - ੬)

---

[1] ਗਿਆਨਵਾਨ

ਦੇ ਵਾਕ ਨੂੰ ਪੂਰਿਆਂ ਕਰਨ ਵਿੱਚ ਜਰਾ ਮਾਤਰ ਭੀ ਭੁੱਲ ਨਹੀਂ ਕਰਦੇ।

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥ (ਸਲੋਕ ਮਃ ੯ - ੧੪੨੯)

ਦੇ ਭਾਵ ਨੂੰ ਮੁੱਖ ਰੱਖਦੇ ਹਨ।

ਜਦੋਂ ਬ੍ਰਹਮ ਨੂੰ ਇਹ ਫੁਰਨਾ ਹੋਇਆ ਕਿ ਮੈਂ ਇੱਕ ਤੋਂ ਅਨੇਕਾਂ ਰੂਪ ਧਾਰਾਂ ਤਾਂ ਮਾਇਆ ਜੋ ਅਨਾਦੀ ਮੰਨੀ ਹੈ, ਉਸ ਨਾਲ ਕਲਪਤ, ਝੂਠਾ, ਮਿਥਿਆ, ਤਦਾਂਤਮ ਸਬੰਧ ਹੋਇਆ ਜਿਸ ਕਰ ਕੇ ਉਹ ਰੂਪ ਰੇਖਾ ਤੋਂ ਰਹਿਤ ਬ੍ਰਹਮ, ਨਿਰਗੁਣ ਤੋਂ ਸਰਗੁਣ ਬਣ ਗਿਆ।

ਉਪਰੰਤ ਬ੍ਰਹਮਾਂ, ਵਿਸ਼ਨੂੰ ਤੇ ਸ਼ਿਵ ਮੁਖੀ ਦੇਵਤੇ ਪੈਦਾ ਹੋਏ। ਬਸ ਫਿਰ ਕੀ ਸੀ? ਇਨ੍ਹਾਂ ਨੂੰ ਉਤਪਤੀ, ਪਾਲਣਾ ਅਤੇ ਸੰਘਾਰ ਦੀ ਡਿਊਟੀ ਸੌਂਪ ਚੌਰਾਸੀ ਲੱਖ ਜੂਨ ਦਾ ਖੇਲ ਰਚ ਦਿੱਤਾ। ਜਿਵੇਂ ਚੁਮਾਸੇ ਵਿੱਚ ਅਨੇਕ ਪ੍ਰਕਾਰ ਦੀਆਂ ਜੜੀਆਂ, ਬੂਟੀਆਂ ਤੇ ਘਾਹ ਫੂਸ ਆਪੇ ਹੀ ਉੱਗ ਪੈਂਦੇ ਹਨ, ਉਨ੍ਹਾਂ ਦੀ ਕੋਈ ਮੁਨਿਆਦ ਨਹੀਂ ਹੁੰਦੀ, ਇਸੇ ਤਰ੍ਹਾਂ ਇਹ ਦੇਹ ਵੀ ਝੂਠੀ ਹੈ:

ਤੂ ਕਾਂਇ ਗਰਬਹਿ ਬਾਵਲੀ ॥
ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥

(ਬਸੰਤੁ ਭਗਤ ਰਵਿਦਾਸ ਜੀ - ੧੧੯੬)

ਦੇ ਮਹਾਂਵਾਕ ਅਨੁਸਾਰ ਨਾਸ ਰੂਪ ਜਗਤ ਦੀ ਰਚਨਾ ਕੀਤੀ। ਭਾਵੇਂ ਇਹ ਸੰਸਾਰ ਬੜਾ ਸੁੰਦਰ ਹੈ, ਹਰ ਇੱਕ ਦੇ ਮਨ ਨੂੰ ਮੋਹਦਾ ਹੈ:

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥ (ਸਲੋਕ ਸੇਖ ਫਰੀਦ ਜੀ - ੧੩੮੨)
ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥ (ਧਨਾਸਰੀ ਭਗਤ ਨਾਮਦੇਵ ਜੀ - ੬੯੩)

ਪਰ ਹੈ ਭਰਮ ਦਾ ਘਰ ਤੇ ਡਰਾਉਣ ਵਾਸਤੇ ਡਰਨਾ ਰੂਪ, ਕਿਉਂਕਿ ਇਸ ਦੀ ਰਚਨਾ ਪੰਜਾਂ ਤੱਤਾਂ ਦੁਆਰਾ ਕੀਤੀ ਗਈ ਹੈ।

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥ (ਸਲੋਕ ਮਃ ੯ - ੧੪੨੭)

ਸੂਖਮ ਤੱਤਾਂ ਤੋਂ ਸੂਖਮ ਸ੍ਰਿਸ਼ਟੀ ਦੀ ਰਚਨਾ ਹੋਈ, ਅਸਥੂਲ ਤੱਤਾਂ ਤੋਂ ਅਸਥੂਲ ਸ੍ਰਿਸ਼ਟੀ ਬਣੀ। ਜਿਸ ਦਾ ਕਾਰਣ ਹੀ ਝੂਠਾ ਹੈ, ਉਸ ਦਾ ਕਾਰਜ ਕਿਵੇਂ ਸਤ ਹੋ ਸਕਦਾ ਹੈ। ਭਾਵ ਮਹਾਂ ਪਰਲੋ ਸਮੇਂ:

ਛੂਟੇ ਕੁੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ ॥੩॥ (ਗਉੜੀ ਭਗਤ ਕਬੀਰ ਜੀ - ੩੩੫)

ਸੱਤਾਂ ਸਮੁੰਦਰਾਂ ਰੂਪੀ ਜਲ ਨਾਲ ਭਰੇ ਕੁੰਡੇ ਆਪਣੀਆਂ ਹੱਦਾਂ ਤੋਂ ਬਾਹਰ ਆ ਕੇ ਬ੍ਰਹਮਾਂ, ਵਿਸ਼ਨੂੰ, ਸ਼ਿਵ ਆਦਿ ਦੀਆਂ ਪੁਰੀਆਂ ਨੂੰ ਲਯ ਕਰ ਲੈਣਗੇ। ਸੰਸਾਰ ਤਾਣੀ ਦੇ ਬੁਨਣ ਵਾਲਾ ਬ੍ਰਹਮਾਂ ਰੂਪ ਜੁਲਾਹਾ ਸ਼ੌਂਕਾੜੂ ਹੋ ਕੇ ਚਲਾ ਜਾਵੇਗਾ। ਸੰਸਾਰ ਦੀ ਰਚਨਾਂ ਤਾਂ ਇਸ ਪ੍ਰਕਾਰ ਮੰਨੀ ਹੈ:

ਪਹਿਲੇ ਮਹਿਤੱਤ, ਫਿਰ ਤਿੰਨੇ ਗੁਣ, ਪੰਜ ਅਸਥੂਲ ਤੱਤ ਇਨ੍ਹਾਂ ਤੋਂ ਅੱਗੇ ਖਟ ਵਿਕਾਰੀ ਸੰਸਾਰ। ਭਾਵ ਲੋਕ ਕਹਾਵਤ ਠੀਕ ਹੈ ਕਿ ਮਿਲਾਵਟੀ ਚੀਜ਼ ਖਾਣ ਨੂੰ ਤਾਂ ਭਾਵੇਂ ਸੁਆਦ ਹੁੰਦੀ ਹੈ, ਪਰ ਮਿਲਾਵਟ ਤਾਂ ਮਿਲਾਵਟ ਹੀ ਹੁੰਦੀ ਹੈ। ਅਸਲ ਚੀਜ਼ ਅਸਲ ਹੀ ਹੈ। ਇੱਧਰ ਅਕਾਸ਼, ਵਾਯੂ, ਜਲ, ਮਿੱਟੀ, ਅੱਗ ਤੱਤਾਂ ਨੂੰ ਪ੍ਰਸਪਰ ਪੰਚੀਕਰਨ ਭਾਵ ਸਮੇਲਨ ਕਰ ਕੇ ਜਗਤ ਦੀ ਰਚਨਾ ਕੀਤੀ ਹੈ। ਭਾਵੇਂ ਇਹ ਦੇਖਣ ਨੂੰ ਸੋਹਣਾ ਹੈ, ਪਰ ਪ੍ਰਣਾਮੀ ਤੇ ਖਟ ਵਿਕਾਰਾਂ ਸਹਿਤ ਨਾਸ ਵਾਲਾ ਹੈ।

ਜਿਵੇਂ ਬਰੂਦ ਦਾ ਹਾਥੀ, ਰੇਤੇ ਦਾ ਬੁਰਜ, ਗੰਧਰਵ ਨਗਰੀ, ਧੂੰਏਂ ਦਾ ਪਹਾੜ, ਤ੍ਰੇਲ ਦੇ ਮੋਤੀ, ਨਾਮ ਰੂਪ ਸਹਿਤ ਹੁੰਦੇ ਹੋਏ ਝੂਠੇ ਹਨ, ਕੋਈ ਕਾਰਜ ਨਹੀਂ ਸਵਾਰ ਸਕਦੇ। ਜਿਵੇਂ ਲਾਜਵੰਤੀ ਦਾ ਬੂਟਾ ਹੱਥ ਲਾਏ ਤੋਂ ਕੁਮਲਾ ਜਾਂਦਾ ਹੈ। ਤਿਵੇਂ ਇਹ ਰਚਨਾ ਵੀ ਕੇਵਲ ਦਿੱਸਣ ਵਾਲੀ ਹੀ ਹੈ, ਵਾਸਤਵ ਵਿੱਚ ਹੈ ਕੁੱਝ ਨਹੀਂ।

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਮਾਰੂ ਮਃ ੫ - ੧੦੮੩)

ਕਾਲ ਭਗਵਾਨ ਖੇਤੀ ਕਰਨ ਵਾਲੇ ਜ਼ਿੰਮੀਂਦਾਰ ਦੀ ਤਰ੍ਹਾਂ ਹੈ। ਇਸ ਸੰਸਾਰ ਖੇਤੀ ਵਿੱਚ ਬਾਲਕ, ਜਵਾਨ ਤੇ ਬੁੱਢੇ ਦਾ ਲਿਹਾਜ ਨਹੀਂ ਕਰਦਾ।

ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥੧॥ (ਆਸਾ ਮਃ ੫ - ੩੭੫)

ਵਾਂਗ ਸਾਰੇ ਜਗਤ ਨੂੰ ਖਾ ਜਾਂਦਾ ਹੈ। ਇਸ ਵਿਖੇ:

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ (ਵਾਰ-ਆਸਾ ਮਃ ੧ - ੪੭੪)

ਅਤੇ

ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥ (ਗਉੜੀ ਮਃ ੫ - ੨੫੪)

ਦੇ ਮਹਾਂਵਾਕ ਅਨੁਸਾਰ ਸਭਨਾਂ ਸਿਰ ਕੂਚ ਦਾ ਨਗਾਰਾ ਵੱਜ ਰਿਹਾ ਹੈ।

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥

(ਰਾਮਕਲੀ ਦਖਣੀ ਮਃ ੧ - ੯੩੬)

ਪਰ ਜੀਵ ਰੂਪ ਰਾਹੀਂ ਨਹੀਂ ਜਾਣਦਾ ਕਿ ਮੈਂ ਜਨਮ ਰੂਪ ਸੂਰਜ ਅਸਤ ਹੋਏ ਤੇ ਸੰਸਾਰ ਸਰਾਂਓ ਵਿਖੇ ਕੇਵਲ ਉਮਰ ਰੂਪੀ ਰਾਤ ਕੱਟਣ ਆਇਆ ਹਾਂ।

ਯਥਾ: ***ਛਾਡਿ ਵਿਡਾਣੀ ਤਾਤਿ ਮੂੜੇ ॥ ਈਹਾ ਬਸਨਾ ਰਾਤਿ ਮੂੜੇ ॥***

(ਰਾਮਕਲੀ ਮਃ ੫ - ੮੮੯)

ਅਤੇ ਕਾਲ ਰੂਪੀ ਸੂਰਜ ਦੇ ਉਦੇ ਹੋਣ ਸਾਰ ਚਲੇ ਜਾਣਾ ਹੈ। ਪਰ ਇਹ ਸ਼ੇਖਚਿਲੀ ਦੇ ਇੱਕ ਆਂਡੇ ਤੋਂ ਬ੍ਰਹਿਮੰਡ ਰਚਨ ਵਾਂਗ ਆਪਣੇ ਮਨੋ-ਰਾਜ ਕਰਨ ਤੋਂ ਨਹੀਂ ਰੁਕਦਾ ਅਤੇ ਮਨ ਇਤਨਾ ਚੰਚਲ ਹੈ ਜਿਵੇਂ ਬ੍ਰਿਛ ਤੇ ਬੈਠਾ ਬਾਂਦਰ ਨਹੀਂ ਟਿਕਦਾ, ਹਰ ਸਮੇਂ ਟਪੂਸੀਆਂ ਮਾਰਦਾ ਹੀ ਰਹਿੰਦਾ ਹੈ।

ਯਥਾ: ਕਬਹੂੰ ਨ ਮਨ ਥਿਰਤਾ ਗਹੀ ਸਮਝਾਯੋ ਸੈ ਪੋਤ। ਜੈਸੇ ਮਰਕਟ ਬ੍ਰਿਛ ਪਰ ਕਬਹੂੰ ਨ ਠਾਢੋ ਹੋਤ।

ਪਿੱਪਲ ਦੀ ਟੀਸੀ ਦੇ 'ਪੱਤੇ', ਨਿਸ਼ਾਨ ਸਾਹਿਬ ਦੇ ਫਰਰੇ, ਬਿਜਲੀ ਦੀ ਚਮਕ, ਕਛੂ ਦੀ ਸਿਰੀ, ਭੂਤਾਂ ਦੀ ਅੱਗ ਤੇ ਦੀਵੇ ਦੀ ਲਾਟ ਸਮਾਨ ਚੰਚਲ ਹੈ। ਹਰ ਸਮੇਂ ਆਪਣੇ ਸੰਕਲਪਾਂ, ਵਿਕਲਪਾਂ ਨੂੰ ਕਰਦਾ ਹੀ ਰਹਿੰਦਾ ਹੈ। ਯਥਾ:

ਚਲਦਲ ਪਤ੍ਰ ਪਤਾਕ ਪਟ ਦਾਮਨ ਕੱਛਪ ਮਾਥ।
ਭੂਤ ਦੀਪ ਦੀਪਕ ਸਿਖਾ ਯੌਂ ਮਨ ਬ੍ਰਿਤ ਅਨਾਥ। (ਵਿਚਾਰ ਮਾਲਾ, ਧਿਆਇ ੧)

ਇਹ ਕਾਲ ਆਪਣੀ ਸੁਪਤਨੀ ਕਾਲੀ ਦੇ ਸਹਿਤ ਚਾਰ ਖਾਣੀਆਂ ਦੇ ਜੀਵਾਂ ਨੂੰ ਨਰਦਾਂ ਬਣਾ ਕੇ ਹਰ ਸਮੇਂ ਸੰਸਾਰ ਚੌਪਟ (ਪਾਸੇ) ਨੂੰ ਖੇਡਦਾ ਹੈ। ਰਾਤ ਤੇ ਦਿਨ ਪੱਕੀਆਂ ਨਰਦਾਂ ਦੀਆਂ ਪਿੱਠਾਂ ਜੋੜਨ ਸਮਾਨ ਹਨ। ਭਰਥਰੀ ਜੀ ਕਥਨ ਕਰਦੇ ਹਨ:

ਕਾਲ ਭਗਵਾਨ ਬਿੰਦ ਕਲਾਵਾਨ ਕਾਲੀ ਸੰਗ, ਖੇਲਤ ਚੌਸਾਰ ਚਾਰ ਦਿਗ ਹੂੰ ਕੀ ਘਰ ਕੇ।
ਚਾਰ ਖਾਣੀ ਪ੍ਰਾਣੀ ਗੋਟਾ ਰੈਣ ਦਿਨ ਪਾਸੇ ਜੋਟਾ, ਮਾਰਤ ਅਚੂਕ ਚੋਟਾ ਦੰਪਿਤ ਅਡਰ ਕੇ।
ਜਹਾਂ ਏਕ ਗ੍ਰਹਿ ਮੋ ਅਨੇਕ ਤਹਾਂ ਏਕ ਰਹੇ, ਏਕ ਤੇ ਅਨੇਕ ਹੈ ਖਿਣੇਕੁ ਸਭ ਸਰ ਕੇ।
ਕਾਲ ਕਾਲੀ ਖ਼ਾਲੀ ਕੀਨੇ ਲੋਕ ਲੋਕ ਪਾਲੀ ਸਣੇ, ਚੌਪਟ ਨ ਹਾਲੀ ਅਜੇ ਸੇਖ ਲੋਕ ਕਰ ਕੇ। (ਵੈਰਾਗ ਸ਼ਤਕ ਧਿ: ੩)

ਭਾਵੇਂ ਕਈ ਵਾਰੀ ਬ੍ਰਹਮਾ, ਵਿਸ਼ਨੂੰ, ਸ਼ਿਵ ਸਮੇਤ ਇਸ ਸੰਸਾਰ ਰਚਨਾਂ ਖ਼ਾਲੀ ਕਰ ਚੁੱਕਾ ਹੈ ਪਰ ਇਸ ਨੂੰ ਫਿਰ ਰਚ ਲੈਂਦਾ ਹੈ:

ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ (ਗਉੜੀ ਸੁਖਮਨੀ ਮਃ ੫ - ੨੭੬)

ਜਿਵੇਂ ਘੁਮਿਆਰ ਇੱਕ ਮਿੱਟੀ ਤੋਂ ਅਨੇਕਾਂ ਬਰਤਨ ਤੇ ਮੂਰਤੀਆਂ ਬਣਾ ਕੇ ਉਨ੍ਹਾਂ ਦੇ ਅੱਡ ਅੱਡ ਨਾਮ ਰੱਖ ਲੈਂਦਾ ਹੈ:

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ (ਪ੍ਰਭਾਤੀ ਭਗਤ ਕਬੀਰ ਜੀ - ੧੩੫੦)

ਤਿਵੇਂ ਕਾਲ ਰੂਪ ਘੁਮਿਆਰ ਅਗਿਆਨ ਰੂਪ ਜਾਂ ਪੰਜਾਂ ਤੱਤਾਂ ਰੂਪੀ ਮਿੱਟੀ ਤੋਂ ੮੪ ਲੱਖ ਜੂਨਾਂ ਦੇ ਜੀਵ ਬਣਾ ਕੇ ਅੱਡ ਅੱਡ ਨਾਮ ਰੱਖ ਭਿੰਨ ਭਿੰਨ ਕੰਮਾਂ ਵਿੱਚ ਤਦਾਕਾਰ ਕਰਦਾ ਹੈ। ਉਹ ਛੋਟੇ ਤੋਂ ਛੋਟਾ ਜੀਵ, ਵੱਡੇ ਤੋਂ ਵੱਡੇ ਜੀਵ ਰਚ ਕੇ ਉਸ ਨੂੰ ਆਪਣੇ ਕੰਮ ਵਿਖੇ ਤਦਾਕਾਰ ਕਰਨ ਵਿੱਚ ਸੁਤੰਤਰ ਹੀ ਨਹੀਂ, ਬਲਕਿ ਮਹਾਂ ਸੁਤੰਤਰ ਹੈ। ਯਥਾ:

ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥੨॥ (ਗੌਂਡ ਮਃ ੫ - ੮੬੩)

ਜਿਵੇਂ ਵੇਸਵਾ ਤੇ ਰਾਜੇ ਦੇ ਪੁੱਤਰ ਨੂੰ ਕੋਈ ਸਿੱਖਿਆ ਦੇ ਕੇ ਸਫ਼ਲਤਾ ਨਹੀਂ ਪਾ ਸਕਦਾ। ਇਸੇ ਤਰ੍ਹਾਂ ਕਾਲ ਨੂੰ ਵੀ ਸਮਝਾਉਣ ਵਾਸਤੇ ਕਿਸੇ ਦੀ ਕੋਈ ਗੰਮਤਾ ਨਹੀਂ। ਉਹ ਚੰਚਲਾਂ ਤੋਂ ਮਹਾਂ ਚੰਚਲ, ਨਾਗਾਂ ਤੋਂ ਮਹਾਂ ਨਾਗ, ਬਲੀਆਂ ਤੋਂ ਮਹਾਂ ਬਲੀ, ਛਲੀਆਂ ਤੋਂ ਮਹਾਂ ਛਲੀ, ਚਤੁਰਾਂ ਤੋਂ ਮਹਾਨ ਚਤੁਰ ਹੈ। ਸਾਰਾ ਸੰਸਾਰ ਉਸ ਦਾ ਕਾਰਜ ਹੈ। ਆਪ ਉਹ ਕਾਰਣ ਸਰੂਪ ਹੈ। ਭਾਵੇਂ ਕਾਰਜ ਤੇ ਕਾਰਣ ਦਾ ਅਭੇਦ ਸਬੰਧ ਹੁੰਦਾ ਹੈ, ਪਰ ਫਿਰ ਵੀ ਕਰਤਾ ਜੋ ਹੈ ਸੋ ਕਰਤਾ ਹੀ ਹੁੰਦਾ ਹੈ। ਭਾਵ ਅਧਿਸ਼ਟਾਨ ਤਾਂ ਅਧਿਸ਼ਟਾਨ ਹੀ ਹੁੰਦਾ ਹੈ, ਕਦੇ ਵੀ ਕਾਰਜ ਦੇ ਕਾਰਣ ਅਧੀਨ ਨਹੀਂ ਹੁੰਦਾ। ਤੈਸੇ ਕਾਲ ਵੀ ਕਾਰਜ

ਤੋਂ ਅਭਿੰਨ ਹੁੰਦਾ ਹੋਇਆ ਕਾਰਜ ਤੋਂ ਭਿੰਨ ਰਹਿੰਦਾ ਹੈ।

ਇਉਂ ਇਸ ਸੰਸਾਰ ਰਚਨਾ ਨੂੰ ਨਾਮ ਰੂਪ ਅਸਤੀ, ਭਾਂਤੀ, ਪ੍ਰਿਅ ਤੋਂ ਭਿੰਨ ਜਾਣ ਕੇ ਨਾਸਵੰਤ ਨਿਸ਼ਚੇ, ਹਰਖ ਸੋਗ ਤੇ ਰਾਗ ਦ੍ਵੈਸ਼ ਤੋਂ ਅਸੰਗ ਰਹਿ, ਆਪਣੇ ਲਕਸ਼ ਨੂੰ ਜਾਨਣਾ ਕਰੇ, ਕਿਉਂਕਿ ਗਿਆਤ ਉਪਰੰਤ ਬ੍ਰਹਮਗਿਆਨੀ ਮਹਾਂਪੁਰਸ਼ ਦੇ ਪ੍ਰਾਣ ਕਿਸੇ ਲੋਕ ਨੂੰ ਨਹੀਂ ਜਾਂਦੇ। ਯਥਾ:

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥੩॥

(ਬਿਲਾਵਲੁ ਭਗਤ ਕਬੀਰ ਜੀ - ੮੫੫)

ਤਥਾ:

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥

(ਧਨਾਸਰੀ ਭਗਤ ਪੀਪਾ ਜੀ - ੬੯੫)

ਸੰਚਤ, ਕ੍ਰਿਆਮਾਨ ਤੇ ਪ੍ਰਾਰਬਧ ਤਿੰਨ ਪ੍ਰਕਾਰ ਦੇ ਕਰਮ ਮੰਨੇ ਹਨ। ਗਿਆਨ ਦੀ ਅਗਨੀ ਨਾਲ ਸੰਚਤ ਕਰਮ ਤਾਂ ਦਗਧ ਹੋ ਜਾਂਦੇ ਹਨ। ਯਥਾ:

ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥

(ਭੈਰਉ ਭਗਤ ਰਵਿਦਾਸ ਜੀ - ੧੧੬੭)

ਗਿਆਨੀ ਕ੍ਰਿਆਮਾਨ ਕਰਮਾਂ ਦੀ ਹੰਗਤਾ ਨਹੀਂ ਧਾਰਦਾ ਜੋ ਸੁਤੇ ਸਿਧ ਹੁੰਦੇ ਹਨ। ਉਨ੍ਹਾਂ ਤੋਂ ਅਸੰਗ ਤੇ ਨਿਰਲੇਪ ਰਹਿੰਦਾ ਹੈ, ਇਸ ਕਰ ਕੇ ਸ਼ੁਭ ਤੇ ਅਸ਼ੁਭ ਕਰਮਾਂ ਦੇ ਫ਼ਲ ਦੀ ਇੱਛਾ ਵੀ ਨਹੀਂ ਰੱਖਦਾ। ਸ਼ੁਭ ਕਰਮ ਸੇਵਾ ਕਰਨ ਵਾਲੇ ਸੇਵਕ ਲੈ ਜਾਂਦੇ ਹਨ। ਅਚਾਨਕ ਹੋਏ ਅਸ਼ੁਭ ਕਰਮਾਂ ਨੂੰ ਨਿੰਦਿਆਂ ਕਰਨ ਵਾਲੇ ਨਿੰਦਕ ਸੰਭਾਲ ਲੈਂਦੇ ਹਨ। ਉਹ ਦੋਹਾਂ ਤੋਂ ਬਰੀ ਰਹਿੰਦਾ ਹੈ।

ਤੀਜਾ ਪ੍ਰਾਰਬਧ ਕਰਮ, ਜਿਸ ਦੇ ਆਸਰੇ ਸਰੀਰ ਖੜਾ ਹੈ। ਕਿਉਂਕਿ ਪ੍ਰਾਰਬਧ ਕਰਮ ਨਾਲ ਗਿਆਨ ਦਾ ਵਿਰੋਧ ਨਾ ਹੋਣ ਕਰ ਕੇ ਉਹ ਗਿਆਨਵਾਨ ਨੂੰ ਵੀ ਅਵੱਸ਼ ਹੀ ਭੋਗਣਾ ਪੈਂਦਾ ਹੈ। ਉਸ ਦੇ ਖ਼ਤਮ ਹੋਇਆਂ ਫਿਰ ਵਿਆਪਕ ਬ੍ਰਹਮ ਵਿੱਚ ਇਉਂ ਲੀਨ ਹੋ ਜਾਂਦਾ ਹੈ:

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥

(ਗਉੜੀ ਸੁਖਮਨੀ ਮਃ ੫ - ੨੭੮)

ਇਹ ਇੱਕ ਪ੍ਰਾਰਬਧ ਕਰਮ ਹੀ ਹੈ, ਜੋ ਜੀਵਾਂ ਦੀ ਆਪਣੀ ਅਤੇ ਕਾਰਕਾਂ ਦੀ ਇਤ੍ਰ ਹੋਰ ਜੀਵਾਂ ਦੀ ਮਿਸ਼੍ਰਤ ਪ੍ਰਾਰਬਧ ਹੁੰਦੀ ਹੈ, ਜਿਸ ਕਰ ਕੇ ਉਹ ਸਰੀਰ ਨੂੰ ਧਾਰਦਾ ਹੈ। ਇਸੇ ਪ੍ਰਾਰਬਧ ਕਰਮ ਕਰ ਕੇ ਸਥੂਲ, ਸੂਖਮ ਤੇ ਕਾਰਣ ਸਰੀਰ ਇਕੱਠੇ ਰਹਿੰਦੇ ਹਨ। ਕਿਉਂਕਿ:

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥ (ਗਉੜੀ ਸੁਖਮਨੀ ਮਃ ੫ - ੨੭੩)

ਅਥਵਾ: *ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੁ ॥* (ਸੂਹੀ ਲਲਿਤ ਭਗਤ ਕਬੀਰ ਜੀ - ੭੯੩)

ਅਥਵਾ: *ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ ॥*

(ਸ੍ਰੀ ਦਸਮ ਗ੍ਰੰਥ ਵਿੱਚੋਂ)

ਪਰ ਫਿਰ ਵੀ ਕਾਰਜ ਦਾ ਕਾਰਣ ਵਿਖੇ ਲੀਨ ਹੋਣਾ ਜ਼ਰੂਰੀ ਹੈ। ਜਿਵੇਂ ਤੰਤੂ ਬਸਤਰ ਤੋਂ, ਸ਼ਸਤਰ ਲੋਹੇ ਤੋਂ, ਭੂਸ਼ਨ ਸੋਨੇ ਤੋ, ਮਿੱਟੀ ਬਰਤਨ ਤੋਂ, ਪਾਣੀ ਦੇ ਬੁਦਬੁਦੇ ਪਾਣੀ ਤੋਂ ਭਿੰਨ ਨਹੀਂ ਹਨ ਤੈਸੇ:

ਪਾਂਚ ਤਤ ਕੌ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥ (ਸਲੋਕ ਮਃ ੯ - ੧੪੨੭)

ਦੇ ਕਥਨ ਅਨੁਸਾਰ ਗਿਆਨਵਾਨ ਦਾ ਸੂਖਮ ਸਰੀਰ ਅੰਤ ਸਮੇਂ ਕਿਸੇ ਦੇਸ਼ ਨੂੰ ਗਮਨ ਨਹੀਂ ਕਰਦਾ। ਉਹ ਤੱਤਾਂ ਵਿੱਚ ਲੀਨ ਹੋ ਜਾਂਦਾ ਹੈ। ਅਕਾਸ਼ ਵਿੱਚ ਅਕਾਸ਼, ਵਾਯੂ ਵਿਖੇ ਵਾਯੂ, ਜਲ ਵਿਖੇ ਜਲ, ਅਗਨੀ ਵਿਖੇ ਅਗਨੀ ਅਤੇ ਪ੍ਰਿਥਵੀ ਵਿੱਚ ਪ੍ਰਿਥਵੀ ਸਮਾ ਜਾਂਦੀ ਹੈ। ਪਰ ਇਨ੍ਹਾਂ ਦੇ ਇਕੱਠੇ ਰੱਖਣ ਦਾ ਕਾਰਣ ਇੱਕ ਪ੍ਰਾਰਬਧ ਹੀ ਹੈ। ਕਿਉਂਕਿ ਉਨ੍ਹਾਂ ਦੀ 'ਮਨੋ ਨਾਸ਼, ਵਾਸ਼ਨਾ ਖੈ, ਤੱਤ ਗਿਆਨ' ਵਿਖੇ ਨੇਸ਼ਟਾ ਹੋਣ ਦੇ ਕਾਰਣ ਸਰੀਰ ਦੇ ਹੁੰਦਿਆਂ ਜੀਵਨ ਮੁਕਤੀ ਦੇ ਅਨੰਦ ਨੂੰ ਮਾਣਦੇ ਹਨ। ਸਰੀਰ ਤੋਂ ਬਾਅਦ ਵਿਦੇਹ ਮੋਖਸ਼ ਨੂੰ ਪ੍ਰਾਪਤ ਹੁੰਦੇ ਹਨ। ਇਸ ਲਈ ਤੱਤ ਬੇਤੇ ਦੇ ਪ੍ਰਾਨ ਕਿਸੇ ਲੋਕ ਨੂੰ

ਗਵਨ ਨਹੀਂ ਕਰਦੇ। ਤਦੇ ਹੀ ਹਜ਼ੂਰ ਨੇ ਫੁਰਮਾਇਆ ਹੈ ਕਿ ਸੰਤਾਂ ਦੇ ਸਰੀਰ ਅਲੋਪ ਹੋਇਆਂ ਸ਼ੋਕ ਨਹੀਂ ਕਰਨਾ ਚਾਹੀਦਾ:

ਯਥਾ: *ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥*
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥੧੬ (ਸਲੋਕ ਭਗਤ ਕਬੀਰ ਜੀ - ੧੩੬੫)

ਅਥਵਾ: *ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ* (ਰਾਮਕਲੀ ਬਾਬਾ ਸੁੰਦਰ - ੯੨੩)

ਗੁਰਬਾਣੀ ਦੇ ਪਾਠ ਕਥਾ ਕੀਰਤਨ ਤੇ ਹੋਰ ਸ੍ਰੋਸ਼ਟਾਚਾਰ ਕਰਨਾ ਚਾਹੀਦਾ ਹੈ। ਭਾਵੇਂ ਉਨ੍ਹਾਂ ਨੂੰ ਤਾਂ ਇਸ ਦੀ ਵੀ ਲੋੜ ਨਹੀਂ। ਇਹ ਤਾਂ ਕਰਾਉਣ ਵਾਲੇ ਦਾ ਆਪਣਾ ਭਲਾ ਹੈ। ਇਸ ਦੇ ਵੀ ਤਿੰਨ ਕਾਰਣ ਹਨ। ਸ੍ਰੋਸ਼ਟਾਚਾਰ ੧, ਕਰਾਉਣ ਵਾਲੇ ਦੀ ਆਪਦੀ ਵਡਿਆਈ ੨ ਅਤੇ ਤੀਜੀ ਹੈ ਲੋਕ ਰੀਸ ਜੋ ਅਵੱਸ਼ ਹੀ ਕਰਣੀ ਪੈਂਦੀ ਹੈ, ਜਿਸ ਨੂੰ ਖੁੱਲ੍ਹੇ ਸ਼ਬਦਾਂ ਵਿੱਚ ਜਗਤ ਦਿਖਾਵਾ ਕਿਹਾ ਜਾਂਦਾ ਹੈ। ਪਰ ਗਿਆਨਵਾਨ ਨੂੰ ਉਕਤ ਚੀਜ਼ਾਂ ਦੀ ਕੋਈ ਲੋੜ ਨਹੀਂ।

ਫੇਰ ਆਪ ਜੀ ਨੇ ਸ਼ਾਮੀ ਭਰੇ ਦੀਵਾਨ ਵਿੱਚ ਇਸ ਤਰ੍ਹਾਂ ਦੇ ਵੈਰਾਗਮਈ ਬਚਨ ਕਹੇ, "ਪ੍ਰੇਮੀਓ! ਇਸ ਸੰਸਾਰ ਦੀ ਰਚਨਾ ਹੀ ਐਸੀ ਹੈ। ਸਾਰੇ ਜੀਵ ਕਾਲ ਦਾ ਖਾਜਾ ਹਨ। ਜਿਵੇਂ ਕਲਗੀਆਂ ਵਾਲੇ ਪਾਤਸ਼ਾਹ ਜੀ ਫੁਰਮਾਉਂਦੇ ਹਨ:

ਰਸਾਵਲ ਛੰਦ॥
ਜਿਤੇ ਰਾਮ ਹੁਏ ॥ ਸਭੈ ਅੰਤਿ ਮੂਏ ॥ ਜਿਤੇ ਕ੍ਰਿਸਨ ਹ੍ਵੈ ਹੈ ॥ ਸਭੈ ਅੰਤਿ ਜੈ ਹੈ ॥੭੦॥
ਜਿਤੇ ਦੇਵ ਹੋਸੀ ॥ ਸਭੈ ਅੰਤ ਜਾਸੀ ॥ ਜਿਤੇ ਬੋਧ ਹ੍ਵੈ ਹੈ ॥ ਸਭੈ ਅੰਤਿ ਛੈ ਹੈ ॥੭੧॥
ਜਿਤੇ ਦੇਵ ਰਾਯੰ ॥ ਸਭੈ ਅੰਤ ਜਾਯੰ ॥ ਜਿਤੇ ਦਈਤ ਏਸੰ ॥ ਤਿਤਜੋ ਕਾਲ ਲੇਸੰ ॥੭੨॥
ਨਰਸਿੰਘਾਵਤਾਰੰ ॥ ਵਹੇ ਕਾਲ ਮਾਰੰ ॥ ਬਡੋ ਡੰਡਧਾਰੀ ॥ ਹਣਿਓ ਕਾਲ ਭਾਰੀ ॥੭੩॥
ਦਿਜੰ ਬਾਵਨੇਯੰ ॥ ਹਣਿਯੋ ਕਾਲ ਤੇਯੰ ॥ ਮਹਾ ਮਛ ਮੁੰਡੰ ॥ ਫਧਿਓ ਕਾਲ ਝੁੰਡੰ ॥੭੪॥
ਜਿਤੇ ਹੋਇ ਬੀਤੇ ॥ ਤਿਤੇ ਕਾਲ ਜੀਤੇ ॥ ਜਿਤੇ ਸਰਨਿ ਜੈ ਹੈ ॥ ਤਿਤਿਓ ਰਾਖਿ ਲੈ ਹੈ ॥੭੫॥
ਭੁਜੰਗ ਪ੍ਰਯਾਤ ਛੰਦ ॥
ਬਿਨਾ ਸਰਨਿ ਤਾਕੀ ਨ ਅਉਰੈ ਉਪਾਯੰ ॥ ਕਹਾ ਦੇਵ ਦਈਤੰ ਕਹਾ ਰੰਕ ਰਾਯੰ ॥
ਕਹਾ ਪਾਤਿਸਾਹੰ ਕਹਾ ਉਮਰਾਯੰ ॥ ਬਿਨਾ ਸਰਨਿ ਤਾ ਕੀ ਨ ਕੋਟੈ ਉਪਾਯੰ ॥੭੬॥
ਜਿਤੇ ਜੀਵ ਜੰਤੰ ਸੁ ਦੁਨੀਅੰ ਉਪਾਯੰ ॥ ਸਭੈ ਅੰਤਿਕਾਲੰ ਬਲੀ ਕਾਲਿ ਘਾਯੰ ॥
ਬਿਨਾ ਸਰਨਿ ਤਾ ਕੀ ਨਹੀ ਔਰ ਓਟੰ ॥ ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ ॥੭੭॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਤਥਾ: *ਏਕ ਸਿਵ ਭਏ ਏਕ ਗਏ ਏਕ ਫੇਰ ਭਏ ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈ ॥*
ਬ੍ਰਹਮਾ ਅਰੁ ਬਿਸਨੁ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤ ਸਮੂਹਨ ਕੇ ਹੁਇ ਹੁਇ ਬਿਤਏ ਹੈ ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸਿ ਭਏ ਹੈ ॥
ਪੀਰ ਔ ਪਿਕਾਬਰ ਕੇਤੇ ਗਨੇ ਨ ਪਰਤ ਏਤੇ
ਭੂਮਿ ਹੀ ਤੇ ਹੁਇ ਕੈ ਫੇਰਿ ਭੂਮਿ ਹੀ ਮਿਲਏ ਹੈ ॥੭॥੭੭॥ (ਸ੍ਰੀ ਦਸਮ ਗ੍ਰੰਥ ਵਿੱਚੋਂ)

ਤਥਾ: *ਜਿਤਿਕ ਜਗਤਿ ਕੈ ਜੀਵ ਬਖਾਨੋ ॥ ਏਕ ਜੋਤਿ ਸਭ ਹੀ ਮਹਿ ਜਾਨੋ ॥*
ਕਾਲ ਰੂਪ ਭਗਵਾਨ ਭਨੈਬੋ ॥ ਤਾ ਮਹਿ ਲੀਨ ਜਗਤਿ ਸਭ ਹ੍ਵੈਬੋ ॥੩੪॥
ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ ॥
ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤੁ ਹੈ ॥
ਮਾਨ ਸੇ ਮਹੀਪ ਅਉ ਦਿਲੀਪ ਕੈਸੇ ਛਤ੍ਰਧਾਰੀ ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈ ॥
ਦਾਰਾ ਸੇ ਦਲੀਸਰ ਦੁਰਜੋਧਨ ਸੇ ਮਾਨਧਾਰੀ
ਭੋਗਿ ਭੋਗਿ ਭੂਮਿ ਅੰਤਿ ਭੂਮਿ ਮੈ ਮਿਲਤ ਹੈ ॥੮॥੭੮॥ *(ਸ੍ਰੀ ਦਸਮ ਗ੍ਰੰਥ ਵਿੱਚੋਂ)*

ਸੰਸਾਰ ਤੇ ਜਨਮ ਲੈਣਾ ਹੀ ਮਰਣ ਦੀ ਨਿਸ਼ਾਨੀ ਹੈ, ਮਨੁੱਖ ਪੈਦਾ ਹੀ ਮਰਣ ਵਾਸਤੇ ਹੋਇਆ ਹੈ। ਜੇ ਕਿਸੇ ਦੇ ਘਰ ਬੱਚਾ ਪੈਦਾ ਹੋ ਜਾਏ, ਨਾਲ ਹੀ ਮਰਨ ਦਾ ਭੈ ਬਣ ਜਾਂਦਾ ਹੈ। ਵਧਾਈਆਂ ਦੇਣ ਆਏ ਕਹਿੰਦੇ ਹਨ ਇਸ ਦੀ ਉਮਰ ਲੰਮੇਰੀ ਹੋਵੇ। ਪਰ ਸਮਾਂ ਆਏ ਤੋਂ ਇਸ ਨੂੰ ਕੋਈ ਵੀ ਸ਼ਕਤੀ ਕਾਲ ਤੋਂ ਬਚਾ ਨਹੀਂ ਸਕਦੀ।

ਅਨਿਕ ਜਤਨ ਕਰਿ ਇਹੁ ਤਨੁ ਰਾਖਹੁ ਰਹੈ ਅਵਸਥਾ ਪੂਰੇ ॥੨॥ (ਕੇਦਾਰਾ ਭਗਤ ਕਬੀਰ ਜੀ - ੧੧੨੪)

ਇਸ ਦਾ ਆਦਿ ਮਾਤਾ ਦੀ ਗੋਦ ਹੈ, ਤੇ ਅੰਤ ਸ਼ਮਸ਼ਾਨ ਭੂਮੀ ਹੈ। ਭਾਵੇਂ ਆਮ ਲੋਕੀਂ ਸੰਸਾਰ ਸਮੁੰਦਰ ਵਿੱਚ ਮੌਤ ਨੂੰ ਇੱਕ ਬੜੀ ਸਖ਼ਤ ਚਟਾਨ ਮੰਨਦੇ ਹਨ, ਜਿਸ ਨਾਲ ਟਕਰਾ ਕੇ ਅਨੇਕਾਂ ਹੀ ਜ਼ਿੰਦਗੀਆਂ ਰੂਪੀ ਬੇੜੀਆਂ ਪਾਸ਼ ਪਾਸ਼ ਹੋ ਗਈਆਂ। ਪਰ ਮਹਾਂਪੁਰਸ਼ਾਂ ਦੀ ਮੌਤ ਵੱਖਰੀ ਹੈ। ਉਨ੍ਹਾਂ ਦੇ ਮਨ ਵਿੱਚ ਸਦਾ ਹੀ ਚਾਅ ਬਣਿਆ ਰਹਿੰਦਾ ਹੈ। ਭਗਤ ਕਬੀਰ ਜੀ ਕਥਨ ਕਰਦੇ ਹਨ:

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥ (ਸਲੋਕ ਭਗਤ ਕਬੀਰ ਜੀ - ੧੩੬੫)

ਯਥਾ: *ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥*
(ਵਡਹੰਸ ਮਃ ੧ - ੫੭੯)

ਉਨ੍ਹਾਂ ਸੂਰਮੇਂ (ਮੁਣਸਾ) ਮਨੁੱਖਾਂ ਦਾ ਭਾਵ ਮਹਾਂਪੁਰਸ਼ਾਂ ਦਾ ਮਰਣਾ (ਹਕੁ) ਸਫ਼ਲਾ ਹੈ ਜੋ ਪ੍ਰਮਾਣੀਕ ਹੋ ਕੇ ਮਰਦੇ ਹਨ ਭਾਵ ਆਪਣਾ ਜੀਵਨ ਸਫ਼ਲਾ ਕਰ ਲੈਂਦੇ ਹਨ।

ਤਥਾ: *ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥*
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥ (ਵਡਹੰਸ ਮਃ ੧ - ੫੭੯)

ਹਜ਼ੂਰ ਫਰਮਾਉਂਦੇ ਹਨ, ਹੇ ਲੋਕੋ! ਮਰਣ ਨੂੰ (ਮੰਦਾ) ਮਾੜਾ ਨਾ ਕਹੋ, ਮਰਣਾ ਤਾਂ ਬਹੁਤ ਹੀ ਚੰਗਾ ਹੈ। ਦੇਹ ਦੀ ਕੈਦ ਤੋਂ ਆਜ਼ਾਦ ਹੋ ਕੇ ਆਪਣੇ ਪ੍ਰੀਤਮ ਵਿੱਚ ਪੂਰਨ ਅਭੇਦ ਹੋਈਦਾ ਹੈ। ਪਰ ਜੇ ਕੋਈ ਐਸਾ ਮਹਾਤਮਾ ਮਰਣਾ ਜਾਣਦਾ ਹੋਵੇ, ਮਰਣ ਦੀ ਜਾਚ ਹੋਵੇ, ਭਾਵ ਭਜਨ ਸਿਮਰਨ ਦੁਆਰਾ ਸਰੀਰ ਸਫ਼ਲਾ ਕਰ ਲਵੇ, ਫਿਰ ਉਨ੍ਹਾਂ ਵਾਸਤੇ ਮੌਤ ਮਾੜੀ ਨਹੀਂ। ਤਾਂ ਤੇ ਗੁਰਸਿਖਹੁ! ਤੁਸੀਂ ਵੀ ਮਹਾਂਪੁਰਸ਼ਾਂ ਵਾਂਗੂੰ ਆਪਣੇ ਸਮਰਥ ਮਾਲਕ ਨੂੰ ਸੇਵਨਾ ਕਰੋ, ਉਸ ਦਾ ਨਾਮ ਜਪੋ, ਜਿਸ ਕਰ ਕੇ ਅੱਗੇ ਪ੍ਰਲੋਕ ਦੇ ਸੁਖਦਾਈ ਰਸਤੇ, ਭਾਵ ਮਹਾਂਪੁਰਸ਼ਾਂ ਵਾਲੇ ਰਸਤੇ ਜਾਣਾ ਹੋਵੇ।

੧) ਪਾਪੀਆਂ ਵਾਸਤੇ ਹੋਰ ਰਸਤਾ ਹੈ।
੨) ਪੁੰਨੀਆਂ ਵਸਤੇ ਹੋਰ ਮਾਰਗ ਹੈ।
੩) ਜੋਗਾ ਅਭਿਆਸੀਆਂ ਵਾਸਤੇ ਹੋਰ ਮਾਰਗ ਹੈ
੪) ਭਗਤਾਂ ਵਾਸਤੇ ਹੋਰ ਮਾਰਗ ਹੈ।
੫) ਬ੍ਰਹਮ ਗਿਆਨੀਆਂ ਵਾਸਤੇ ਹੋਰ ਮਾਰਗ ਹੈ।
੬) ਕਾਰਕਾਂ ਵਾਸਤੇ ਹੋਰ ਮਾਰਗ ਹਨ।

ਸੋ ਮਹਾਂਪੁਰਸ਼ਾਂ ਲਈ ਮੌਤ ਮਾੜੀ ਚੀਜ਼ ਨਹੀਂ। ਇਸ ਤੋਂ ਪਾਪੀ ਪੁਰਸ਼ ਡਰਦੇ ਹਨ। ਸੰਤ ਜਨ ਤਾਂ ਹਮੇਸ਼ਾਂ ਇਸ ਦੀ ਉਡੀਕ ਕਰਦੇ ਹਨ। ਗੁਰਸਿੱਖ ਰਹਿਤ ਵਿੱਚ ਪਕਿਆਂ ਰਹਿ ਕੇ ਹਮੇਸ਼ਾ ਕਾਲ ਨੂੰ ਚੇਤੇ ਰੱਖੇ ਅਤੇ ਵਿਕਾਰਾਂ ਤੋਂ ਬਚ ਕੇ ਰਹੇ। ਇਨ੍ਹਾਂ ਨੇ ਵੱਡਿਆਂ ਵੱਡਿਆਂ ਦੀ ਬੁਰੀ ਹਾਲਤ ਕੀਤੀ ਹੈ।

ਹਿੰਦ ਦੇ ਇਤਿਹਾਸ ਵਿੱਚ ਮੁਗ਼ਲਾਂ ਦਾ ਐਸ਼ੂਰਜੀ ਰਾਜ ਪ੍ਰਬੰਧ ਜਿਸ ਤਰ੍ਹਾਂ ਨਸ਼ਟ ਹੋਇਆ ਉਹ ਸਾਡੇ ਲਈ ਸੰਸਾਰ ਦੀਆ ਬੇਅੰਤ ਮਿਸਾਲਾਂ ਵਿੱਚੋਂ ਇੱਕ ਘਰੋਗੀ ਪ੍ਰਮਾਣ ਹੈ। ਬਿਖਮ ਤਪਾਂ ਵਿੱਚ ਰੁਝੇ ਹੋਏ ਤਪੀ ਆਸਨਾਂ ਤੇ ਬੈਠੇ ਸਿੱਧ, ਜੰਗਲ ਜਾਂ ਪਹਾੜ ਕੰਦਰਾਂ ਤੇ ਬੀਆ ਬਾਨਾਂ ਵਿੱਚ ਰਮਣ ਕਰਨ ਵਾਲੇ ਤਿਆਗੀ, ਵਿਕਾਰ ਦੀ ਇੱਕ ਚੋਟ ਨੇ ਚੂਰ ਕਰ ਸੁੱਟੇ। ਰਾਜ ਪਾਟ ਤਿਆਗ ਉਦਾਸੀਨ ਹੋਏ ਫਿਰਦੇ ਭਰਥਰੀ ਦਾ ਪਾਨ ਦੀ ਪੀਕ ਨੂੰ ਲਾਲ ਸਮਝ ਕੇ ਹੱਥ ਪਾਉਣਾ, ਰਾਣੀ ਸੁੰਦਰਾਂ ਦੀ ਇੱਕ ਦਰਸ਼ਕ ਝਲਕ ਨਾਲ ਸਿੱਧ ਮੰਡਲੀ ਦੇ ਆਸਨਾਂ ਦਾ ਉੱਖੜ ਜਾਣਾ, ਧਾਰਮਿਕ ਇਤਿਹਾਸ ਵਿੱਚ ਬ੍ਰਹਮਾ ਸ਼ਿਵ ਜੀ ਤੇ ਇੰਦਰ ਆਦਿਕਾਂ ਦੀਆ ਗਿਰਾਵਟਾਂ, ਪੁਰਾਣਾਂ ਵਿੱਚ ਪੁਕਾਰ ਪੁਕਾਰ ਕੇ ਕਹਿ ਰਹੀਆਂ ਹਨ ਸੋ ਵਿਕਾਰਾਂ ਤੋਂ ਬਚੋ। ਬਾਈਬਲ ਵਿੱਚ ਵਿਕਾਰਾਂ ਦੇ ਸਰਦਾਰ ਸ਼ੈਤਾਨ ਅਤੇ ਹਿੰਦੂ ਗ੍ਰੰਥਾਂ ਵਿੱਚ ਕਲਜੁਗ ਤੋਂ ਸਦਾ ਹੀ ਸੁਚੇਤ ਰਹਿਣ ਦੀ ਤਾਕੀਦ ਕੀਤੀ ਗਈ ਹੈ ਜੋ ਇਸ ਦਾ ਆਤਮ ਧਨ ਲੁੱਟ ਰਹੇ ਹਨ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥ (ਸੋਰਠਿ ਮਃ ੩ - ੬੦੦)

ਇਨ੍ਹਾਂ ਪੰਜ ਬਲੀਆਂ ਵਿੱਚੋਂ ਮਹਾਂ ਬਲੀ ਕਾਮ ਨੂੰ ਬਿਆਨ ਕੀਤਾ ਹੈ:

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥ (ਸਹਸਕ੍ਰਿਤੀ ਮਃ ੫ - ੧੩੫੮)

ਇਸ ਦੀਆਂ ਚੋਟਾਂ ਇਤਨੀਆਂ ਸਖ਼ਤ ਤੇ ਬਾਣ ਅਜਿਹੇ ਤਿਖੇ ਹਨ ਜੋ ਬੜੇ ਬੜੇ ਤਪੀਆਂ ਦੇ ਤਪ, ਹਠੀਆਂ ਦੇ ਹਠ ਤੇ ਜੋਗੀਆਂ ਦੀਆਂ ਸਮਾਧੀਆਂ ਇਸ ਦੇ ਅੱਗੇ ਰੁਲ ਜਾਂਦੀਆਂ ਹਨ। ਮਨੁੱਖ ਤੋਂ ਲੈ ਕੇ ਦੇਵਤਾ ਤੱਕ ਇਸ ਕੋਲੋਂ ਕੰਬ ਰਹੇ ਹਨ। ਭਾਈ ਗੁਰਦਾਸ ਜੀ ਦੱਸਦੇ ਹਨ:

ਬ੍ਰਹਮਾ ਵਡਾ ਅਖਾਇਦਾ ਨਾਭਿ ਕਵਲ ਦੀ ਨਾਲਿ ਸਮਾਣਾ। (ਭਾ. ਗੁਰਦਾਸ ਜੀ: ਵਾਰ ੧੨ ਪਉੜੀ ੭)

ਇੰਦਰ ਤੇ ਰਾਵਣ ਆਦਿ ਮਹਾਨ ਤੇਜਵੰਸੀ ਰਾਜਿਆਂ ਦੀਆਂ ਇਸ ਦੇ ਹੱਥੋਂ ਬਰਬਾਦੀਆਂ ਤੇ ਬੇਪਤੀਆਂ ਦਾ ਕਥਨ ਸਨਾਤਨ ਧਰਮ ਦੀਆਂ ਪੁਰਾਤਨ ਪੁਸਤਕਾਂ ਵਿੱਚ ਕੀਤਾ ਗਿਆ ਹੈ। ਇਸ ਤੋਂ ਹੁਸ਼ਿਆਰ ਤੇ ਜਾਣੂ ਕਰਾਉਣ ਵਾਸਤੇ ਅਚਾਰਯ ਲੋਕ ਦਿਨ ਰਾਤ ਧਰਮ ਮੰਦਰਾਂ ਵਿੱਚ ਉਪਦੇਸ਼ ਤੇ ਪ੍ਰਚਾਰ ਕਰਦੇ ਰਹਿੰਦੇ ਹਨ, ਪਰ ਕਾਮ ਅਜਿਹਾ ਬਲੀ ਤੇ ਚਾਲਾਕ ਹੈ ਜੋ ਆਪਣੇ ਵਿਰੁੱਧ ਪ੍ਰਚਾਰ ਕਰਨ ਵਾਲਿਆਂ ਤੇ ਵੀ ਆਪਣਾ ਚੱਕਰ ਚਲਾ ਦਿੰਦਾ ਹੈ ਤੇ ਉਹ ਜ਼ਬਾਨੀ ਤਾਂ ਇਸ ਦੇ ਵਿਰੁੱਧ ਕਥਨ ਕਰਦੇ ਹਨ, ਪਰ ਅੰਦਰੋਂ ਉਸ ਦਾ ਸਿੱਕਾ ਮੰਨ ਬੈਠੇ ਹਨ।

ਯਥਾ: *ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥ (ਸੋਰਠਿ ਭਗਤ ਕਬੀਰ ਜੀ - ੬੫੪)*

ਆਮ ਕਹਾਵਤ ਹੈ ਕਿ ਫਲਾਣਾ ਚਲਾਕ ਆਦਮੀ ਇੱਕ ਪੱਥਰ ਨਾਲ ਦੋ ਜਨੌਰ ਮਾਰਦਾ ਹੈ। ਪਰ ਏਥੇ ਛਲੀ ਵਿਕਾਰ ਨੇ ਇੱਕ ਚੋਟ ਨਾਲ ਕਿਤਨਿਆਂ ਨੂੰ ਦਾਗੀ ਕੀਤਾ। ਕੁੱਕੜ ਦੀ ਬੇਇਤਬਾਰੀ, ਚੰਦਰਮਾ ਦੇ ਨੂਰੀ ਬਦਨ ਤੇ ਕਾਲਾ ਦਾਗ, ਇੰਦਰ ਨੂੰ ਸਹੰਸ ਭਗਾ ਦਾ ਕਲੰਕ, ਅਹਿਲਿਆ ਨੂੰ ਪੱਥਰ, ਤੇ ਉਸ ਦੀ ਮੁਨਿਆਦ ਗੁਜ਼ਾਰਨ ਲਈ ਯੁਗਾਂ ਦਾ ਪਲਟਾ ਅਤੇ ਨਿਸਤਾਰੇ ਦੇ ਬਹਾਨੇ ਰਾਮ ਜੀ ਦਾ ਬਨਵਾਸ। ਗੱਲ ਕੀ ਵਿਕਾਰ ਦੀ ਇੱਕ ਲਹਿਰ ਨੇ ਬੇਅੰਤ ਲੰਬੀ ਗੀਤਾ ਪਸਾਰ ਦਿੱਤੀ। ਭਾਵੇਂ ਕਿੱਸਾ ਪੁਰਾਣਕ ਹੀ ਹੈ, ਪਰ ਸਿੱਖਿਆ ਸੋਹਣੀ ਦੇਂਦਾ ਹੈ।

ਵਾਜ਼ਦ ਅਲੀ ਸ਼ਾਹ ਲਖਨਊ ਵਾਲੇ ਤੇ ਰੋਮ ਦੇ ਨੀਰੋ (ਇਹ ਦੋਵੇਂ ਬੜੇ ਅਯਾੱਸ਼ ਹੁਕਮਰਾਨ ਸਨ ਤੇ ਇਨ੍ਹਾਂ ਦੇ ਅੰਤ ਬੜੇ ਭਿਆਨਕ ਹੋਏ ਹਨ) ਦੇ ਜੀਵਨ ਸਾਕੇ ਮਨੁੱਖ ਜਾਤੀ ਨੂੰ ਵਿਕਾਰਾਂ ਤੋਂ ਬਚਣ ਦਾ ਕਿਤਨਾ ਜ਼ੋਰ ਦਾ ਸੰਦੇਸ਼ ਦੇਂਦੇ ਹਨ। ਪਰ ਇਸ ਤੋਂ ਬਚਣ ਦਾ ਇੱਕੋ ਇੱਕ ਸ੍ਰੇਸ਼ਟ ਸਾਧਨ ਹੈ ਸਤਿਪੁਰਸ਼ਾਂ ਦੀ ਸੰਗਤ ਤੇ ਗੁਰੂ ਦੀ ਸ਼ਰਨ। ਸਤਿਗੁਰਾਂ ਨੇ ਕਾਮ ਨੂੰ ਕੇਸਾਂ ਤੋਂ ਪਕੜ ਪਛਾੜ ਕੇ ਪਿੱਛੇ ਸੁੱਟ ਦਿੱਤਾ:

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਹਿਉ ॥ (ਸਵਈਏ ਮਹਲੇ ਚਉਥੇ ਕੇ ਸਲੋ - ੧੪੦੬)

ਇਤਿਹਾਸ ਵਿੱਚ ਰਾਜਾ ਸ਼ਿਵਨਾਭ ਵੱਲੋਂ ਪਹਿਲੀ ਪਾਤਿਸ਼ਾਹੀ ਵੱਲ ਭੇਜੀਆਂ ਕਾਮ-ਕੰਦਲਾਂ ਦਾ ਹਾਲ ਛੇਵੇਂ ਪਾਤਸ਼ਾਹ ਜੀ ਕੋਲ ਜਹਾਂਗੀਰ ਦੀਆਂ ਬੇਗਮਾਂ ਦਾ ਆ ਕੇ ਸ਼ਰਧਾਲੂ ਹੋਣਾ ਤੇ ਦਸਮ ਪਾਤਸ਼ਾਹ ਜੀ ਦੇ ਵੇਲੇ ਰੂਪ ਕੌਰ ਦੀ ਕਥਾ ਇਸ ਗੱਲ ਦੇ ਸਾਖੀ ਹਨ। ਗੁਰੂ ਕੇ ਸਿੱਖ ਵੀ ਜੋ ਗੁਰੂ ਕੀ ਚਾਲ ਤੇ ਚਲਦੇ ਹਨ:

ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ (ਧਨਾਸਰੀ ਮਃ ੪ - ੬੬੭)

ਉਨ੍ਹਾਂ ਉੱਪਰ ਵੀ ਸੰਸਾਰਕ ਰੂਪ ਦਾ ਬਲ ਨਹੀਂ ਪੈਂਦਾ ਕਿਉਂਕਿ ਉਨ੍ਹਾਂ ਨੇ ਸੁਰਤ ਨੂੰ ਪ੍ਰਮੇਸ਼ਰ ਦੀ ਸੁੰਦਰਤਾ ਵੱਲ ਜੋੜਿਆ ਹੈ। ਭਾਵੇਂ ਉਹ ਥੋੜ੍ਹਾ ਹੀ ਭਜਨ ਕਰਨ ਪਰ ਇਨ੍ਹਾਂ ਵਿਕਾਰਾਂ ਤੋਂ ਬਚ ਕੇ ਰਹਿਣ ਵਾਲੇ ਜ਼ਰੂਰ ਹੀ ਤਰ ਜਾਂਦੇ ਹਨ। ਇਸ ਪੰਜ ਭੌਤਕ ਸਰੀਰ ਵਿੱਚ ਜੋ ਪਵਿਤਰਤਾ ਹੈ, ਸੋ ਪ੍ਰਮੇਸ਼ਰ ਦੀ ਹੈ। ਜੇ ਵੀਚਾਰ ਕਰ ਕੇ ਦੇਖੀਏ ਕਿ ਇਸ ਸਰੀਰ ਦੀ ਬਣਤਰ ਕੀ ਹੈ ਤਾਂ ਪਤਾ ਲੱਗਦਾ ਹੈ:

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥ (ਸੋਰਠਿ ਭਗਤ ਰਵਿਦਾਸ ਜੀ - ੬੫੯)

ਇਹ ਘੜਨਹਾਰ ਚਿਤੇਰੇ ਦੀ ਚਤੁਰਤਾ ਦਾ ਫ਼ਲ ਹੈ ਜੋ ਉਸ ਨੇ ਹੱਡ, ਮਾਸ, ਲਹੂ, ਪਾਕ ਤੇ ਆਂਦਰਾਂ ਓਝਰੀ

ਵਰਗੀਆਂ ਕੋਝੀਆਂ ਤੇ ਘ੍ਰਿਣਾ ਯੋਗ ਵਸਤਾਂ ਨੂੰ ਕ੍ਰਮ ਅਨੁਸਾਰ ਚਿਣ ਕੇ ਉੱਤੋਂ ਚਮੜੇ ਨਾਲ ਲਪੇਟ ਦਿੱਤਾ ਹੈ ਅਤੇ ਇਹ ਤੁਰਨ ਫਿਰਨ ਵਾਲੀ ਮੂਰਤੀ ਬਣਾ ਦਿੱਤਾ ਹੈ:

ਵਾਰੀ ਤੇ ਬਲਿਹਾਰੀ ਜਾਈਏ ਨਿੱਤ ਓਹਦੀ ਸ਼ਾਨ ਉਤੋਂ, ਜਿਸ ਦੀਆਂ ਕੁਦਰਤਾਂ ਬਣਾਇਆ ਤੁੱਛ ਬੰਦਾ ਏ।
ਅੱਡੋ ਅੱਡੀ ਹੱਡੀਆਂ ਦੇ ਜੋੜ ਜੋੜੇ ਜੁਗਤ ਨਾਲ, ਕੀਤੀ ਸੂ ਸਫ਼ਾਈ ਸੋਹਣਾਂ ਫੇਰ ਫੇਰ ਰੰਦਾ ਏ।
ਉਤੋਂ ਚਿਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ, ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਏ।
ਬੰਦਾ ਓਹਦਾ ਹੋ ਕੇ ਕਰੇ ਬੰਦਗ਼ੀ ਤਾਂ ਬੰਦਾ ਚੰਗਾ, ਬੰਦਗ਼ੀ ਬ਼ਗ਼ੈਰ ਬੰਦਾ ਗੰਦੇ ਤੋਂ ਵੀ ਗੰਦਾ ਏ।

ਸੋ ਆਮ ਕਰ ਕੇ ਸ਼ੀਸ਼ੇ ਵਿੱਚ ਆਪਣੀ ਬਾਹਰਲੀ ਸੁੰਦਰਤਾ ਦਾ ਪ੍ਰਛਾਵਾਂ ਤੱਕ ਕੇ ਆਪਣੇ ਜੋਬਨ ਉੱਤੇ ਮਾਣ ਕਰਦਾ ਰਹਿੰਦਾ ਹੈ। ਪਰ ਕਦੇ ਅੰਦਰ ਝਾਤ ਨਹੀਂ ਮਾਰੀ ਮੇਰੀ ਅਸਲੀਅਤ ਕੀ ਹੈ:

ਚਲਤ ਕਤ ਟੇਢੇ ਟੇਢੇ ਟੇਢੇ ॥
ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ ॥੧॥ ਰਹਾਉ ॥

(ਕੇਦਾਰਾ ਭਗਤ ਕਬੀਰ ਜੀ - ੧੧੨੪)

ਨੌਂ ਗੋਲਕਾਂ ਰਾਹੀਂ ਜੋ ਸੁਆਦ ਸਾਡੇ ਅੰਦਰ ਪ੍ਰਾਪਤ ਹੁੰਦਾ ਹੈ ਉਹ ਸਾਰੇ ਦਾ ਸਾਰਾ ਦੁਰਗੰਧੀ ਭਰਿਆ ਤੇ ਘ੍ਰਿਣਾ ਯੋਗ ਹੁੰਦਾ ਹੈ। ਅੰਦਰ ਦੀ ਤਾਂ ਗੱਲ ਰਹਿਣ ਦਿਓ, ਬਾਹਰ ਦੇ ਸੁੰਦਰ ਫ਼ਲ ਤੇ ਪਦਾਰਥ ਜੋ ਅਸੀਂ ਛਕਦੇ ਹਾਂ, ਉਨ੍ਹਾਂ ਦੀ ਹਾਲਤ ਵੀ ਸਾਡੇ ਤਨ ਨਾਲ ਲੱਗ ਕੇ ਬਦਲ ਜਾਂਦੀ ਹੈ। ਅਸੀਂ ਜੋ ਫ਼ਲ ਖਾਂਦੇ ਹਾਂ, ਉਹ ਵੀ ਰਸੇ ਹੋਏ ਪੱਕੇ। ਜੋ ਸਬਜ਼ੀਆਂ ਖਾਂਦੇ ਹਾਂ, ਉਹ ਵੀ ਹਰੀਆਂ ਤੇ ਤਾਜ਼ੀਆਂ। ਆਟਾ ਛਾਣਿਆਂ ਹੋਇਆ, ਦੁੱਧ ਘਿਓ ਆਦਿ ਵੀ ਸ਼ੁੱਧ ਵਰਤਣ ਦਾ ਯਤਨ ਕਰਦੇ ਹਾਂ। ਪ੍ਰਸ਼ਾਦ ਛਕਣ ਪਿੱਛੋਂ ਪਾਨ, ਸੁਪਾਰੀ, ਇਲਾਚੀ, ਕਸਤੂਰੀ ਤੇ ਹੋਰ ਕਈ ਸੁੰਗਧੀ ਵਾਲੇ ਮਸਾਲੇ ਵਰਤਦੇ ਹਾਂ ਕਿ ਮੂੰਹ ਵਿੱਚੋਂ ਖ਼ੁਸ਼ਬੂ ਆਉਂਦੀ ਰਹੇ। ਪਰ ਇਨ੍ਹਾਂ ਸਾਰੀਆਂ ਵਸਤੂਆਂ ਦੇ ਸਾਡੇ ਅੰਦਰ ਜਾਣ ਦੀ ਦੇਰ ਹੈ, ਸਵਾਦੀ ਭੋਜਨ ਤੇ ਸੁੰਦਰ ਫ਼ਲ ਸਭ ਦੁਰਗੰਧ ਭਰੀ ਮਲ ਬਣ ਜਾਂਦੇ ਹਨ। ਜਿਨ੍ਹਾਂ ਚੀਜ਼ਾਂ ਦੀ ਸੁੰਗਧੀ ਲੈ ਕੇ ਦਿਮਾਗ਼ ਖਿੜਦਾ ਸੀ, ਉਨ੍ਹਾਂ ਪਾਸੋਂ ਹੁਣ ਨੱਕ ਬੰਦ ਕਰ ਥੁੱਕ ਕੇ ਲੰਘੀਦਾ ਹੈ:

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥
ਤਾ ਹੋਆ ਪਾਕੁ ਪਵਿਤੁ ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥
ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ***(ਵਾਰ-ਆਸਾ ਮਃ ੧ - ੪੭੩)***

ਸਾਡੇ ਅੰਦਰ ਇੱਕ ਇਹੋ ਜਿਹੀ ਭੱਠੀ ਬਲ ਰਹੀ ਹੈ ਜੋ ਕਿ ਅੰਦਰ ਗਏ ਹਰ ਇੱਕ ਪਦਾਰਥ ਨੂੰ ਮਲ ਬਣਾ ਕੇ ਬਾਹਰ ਢਾਲ ਦਿੰਦੀ ਹੈ। ਪਰ ਕੁਦਰਤ ਨੇ ਇਹ ਸਭ ਕੁੱਝ ਕਿਉਂ ਕੀਤਾ ਹੈ? ਇਹੋ ਜਿਹੀਆਂ ਸੁੰਦਰ ਤੇ ਪਵਿੱਤਰ ਵਸਤੂਆਂ ਨੂੰ ਇਸ ਮੰਦੇ ਸਰੀਰ ਵਿੱਚ ਕਿਉਂ ਪਾਇਆ ਹੈ? ਇਸ ਦਾ ਉੱਤਰ ਇਹ ਹੈ ਕਿ ਇਹ ਤਨ ਵਾਸਤੇ ਨਹੀਂ। ਇਸ ਦੇ ਵਿੱਚ ਰਹਿਣ ਵਾਲੇ ਪ੍ਰਾਹੁਣਿਆਂ ਦੀ ਖ਼ਾਤਰ ਹੈ, ਜਿਸ ਨੇ ਇੰਦ੍ਰੀਆਂ ਨੂੰ ਨਾਲ ਲੈ ਕੇ ਸੇਵਾ ਪਰਉਪਕਾਰ ਤੇ ਸਿਮਰਨ ਦੀ ਘਾਲ ਘਾਲਣੀ ਹੈ। ਜੇ ਉਹ ਆਪਣੇ ਕਰਤਬ ਵਿੱਚ ਠੀਕ ਨਿੱਕਲੇ, ਨਾਮ ਜਪ, ਸਰੀਰ ਕਰ ਕੇ ਸੇਵਾ ਤੇ ਪਰਉਪਕਾਰ ਨੂੰ ਕਰੇ, ਤਦ ਫਿਰ ਉਸ ਦਾ ਖਾਧਾ ਪੀਤਾ ਸਾਰਾ ਪਵਿੱਤਰ ਹੈ। ਪਰ ਜੇਕਰ ਉਹ ਆਪਣੇ ਫ਼ਰਜ਼ ਤੋਂ ਗਾਫ਼ਲ ਰਹੇ ਅਤੇ ਸਿਮਰਨ ਨਾ ਕਰੇ ਤਾਂ ਸਮਝੋ ਕਿ ਉਸ ਨੇ ਸਾਰੇ ਪਦਰਥਾਂ ਦਾ ਨਾਸ ਕੀਤਾ ਹੈ। ਜੋ ਘ੍ਰਿਣਾ ਉਨ੍ਹਾਂ ਪਦਰਥਾਂ ਦੇ ਬਦਲੇ ਹੋਏ ਰੂਪ ਤੋਂ ਕੀਤੀ ਜਾ ਰਹੀ ਹੈ ਉਹ ਸਾਰੀ ਇਸ ਦੇ ਨਾਲ ਲਗਾਓ ਹੋਣ ਕਰ ਕੇ ਹੀ ਹੈ। ਇਸ ਲਈ ਥੁੱਕਾਂ ਮਲ ਤੇ ਨਹੀਂ ਪੈ ਰਹੀਆਂ ਸਗੋਂ ਇਸ ਦੀ ਕਰਣੀ ਕਰਤੂਤ ਤੇ ਪੈ ਰਹੀਆਂ ਹਨ:

ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥ (ਵਾਰ-ਆਸਾ ਮਃ ੧ - ੪੭੩)

ਤਾਂ ਤੇ ਮਨੁੱਖ ਵਿੱਚ ਜੋ ਪਵਿਰਤਤਾ ਹੈ, ਸੋ ਉਸ ਪ੍ਰਮੇਸ਼ਰ ਦੇ ਸਿਮਰਨ ਦੀ ਹੈ। ਸੋ ਜਿਨ੍ਹਾਂ ਨੇ ਇਹ ਨਿਸ਼ਚਾ ਕਰ ਕੇ ਉਸ ਪਰਮ ਪਵਿੱਤਰ ਪਤਿਤ ਪਾਵਨ ਦਾ ਆਸਰਾ ਲਿਆ ਤੇ ਸੰਸਾਰ ਵੱਲੋਂ ਮੂੰਹ ਮੋੜ ਕੇ ਉਸ ਦਾ ਲੜ ਫੜਿਆ ਹੈ, ਉਹ ਅਪਵਿੱਤਰ ਵੀ ਪਵਿੱਤਰ ਹੋ ਗਏ ਅਤੇ ਸੰਸਾਰ ਦੇ ਇਤਹਾਸ ਵਿੱਚ ਸੂਰਜ ਵਾਂਗ ਚਮਕਦੇ ਦੇਖੀਦੇ ਹਨ।

ਯਥਾ: ***ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥***

ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥

(ਮਲਾਰ ਭਗਤ ਰਵਿਦਾਸ ਜੀ - ੧੨੯੩)

ਤਥਾ: *ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥*
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥

(ਮਲਾਰ ਭਗਤ ਰਵਿਦਾਸ ਜੀ - ੧੨੯੩)

ਤਥਾ: *ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥*
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥ *(ਆਸਾ ਮਃ ੫ - ੪੮੮)*

ਸੋ ਹਜ਼ੂਰ ਨੇ ਕਥਨ ਅਨੁਸਾਰ:

ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ ॥੧॥

(ਮਲਾਰ ਭਗਤ ਰਵਿਦਾਸ ਜੀ - ੧੨੯੩)

ਸਤਾਂ ਦੀਪਾਂ , ਚੌਦਾਂ ਭਵਨਾਂ ਵਿੱਚ ਨਾਮ ਦੀ ਹੀ ਮਹਿਮਾ ਵਡਿਆਈ ਹੈ।

'ਸੰਤ ਮਾਰਗ' ਨਾਮੇ ਗ੍ਰੰਥ ਵਿੱਚ ਲਿਖਿਆ ਹੈ ਕਿ ਇਨ੍ਹਾਂ ਸਾਕ ਸਬੰਧੀਆਂ ਨਾਲ ਸਾਡਾ ਲੈਣ ਦੇਣ ਦਾ ਹੀ ਸਬੰਧ ਹੈ। ਗਰਜ਼ਾਂ ਦਾ ਪਿਆਰ ਹੈ, ਕੋਈ ਘਰ ਵਾਲੀ ਬਣ ਕੇ ਆ ਗਈ। ਕੋਈ ਪਤੀ ਜਾਂ ਬਾਲ ਬੱਚੇ ਬਣ ਕੇ ਆ ਗਏ। ਕੋਈ ਦੋਸਤ ਮਿੱਤਰ ਤੇ ਹੋਰ ਸਾਕ ਬਣ ਕੇ ਆ ਗਏ। ਜਿਨ੍ਹਾਂ ਜਿਨ੍ਹਾਂ ਲੇਖਾ ਇਨ੍ਹਾਂ ਨਾਲ ਹੁੰਦਾ ਹੈ ਜਦ ਉਹ ਪੂਰਾ ਹੋ ਜਾਂਦਾ ਹੈ ਤਾਂ ਕਦੇ ਉਹ ਸਾਨੂੰ ਛੱਡ ਕੇ ਚਲੇ ਜਾਂਦੇ ਹਨ ਤੇ ਕਦੇ ਅਸੀਂ ਉਨ੍ਹਾਂ ਨੂੰ ਛੱਡ ਜਾਂਦੇ ਹਾਂ। ਡਰਾਮੇ ਦਾ ਹਰ ਐਕਟਰ ਅਥਵਾ ਅਦਾਕਾਰ ਆਪਣਾ ਆਪਣਾ ਪਾਰਟ ਅਦਾਅ ਕਰਦੇ ਚਲਾ ਜਾਂਦਾ ਹੈ। ਕੋਈ ਰਾਜੇ ਦਾ, ਕੋਈ ਰਾਣੀ ਦਾ, ਕੋਈ ਮਖੌਲੀਏ ਦਾ। ਇਸ ਤਰ੍ਹਾਂ ਇਹ ਸੰਸਾਰ ਵੀ ਇੱਕ ਬਹੁਤ ਵੱਡੀ ਸਟੇਜ (ਰੰਗ ਮੰਚ) ਹੈ ਤੇ ਦੁਨੀਆਂ ਦੇ ਸਾਰੇ ਜੀਵ ਆਪੋ ਆਪਣੇ ਕਰਮਾਂ ਅਨੁਸਾਰ ਆਪਣਾ ਆਪਣਾ ਪਾਰਟ ਅਦਾਅ ਕਰ ਰਹੇ ਹਨ। ਵਾਸਤਵ ਵਿੱਚ ਸਾਡਾ ਕਿਸੇ ਨਾਲ ਕੋਈ ਵੀ ਰਿਸ਼ਤਾ ਨਹੀਂ। ਜਿਸ ਤਰ੍ਹਾਂ ਖੇਲ ਖ਼ਤਮ ਹੋਣ ਤੋਂ ਮਗਰੋਂ ਮੰਚ ਤੋਂ ਹੇਠਾਂ ਉੱਤਰ ਕੇ ਨਾ ਕੋਈ ਰਾਜਾ ਹੈ ਨਾ ਰਾਣੀ ਤੇ ਨਾ ਹੀ ਹੋਰ ਸ੍ਵਾਂਗੀ ਹੈ।

ਇਸੇ ਤਰ੍ਹਾਂ ਇਸ ਸਰੀਰ ਦੇ ਤਿਆਗਣ ਤੋਂ ਬਾਅਦ ਸਾਡਾ ਵੀ ਕਿਸੇ ਨਾਲ ਕੋਈ ਸਬੰਧ ਨਹੀਂ ਰਹਿੰਦਾ। ਜਦੋਂ ਮੌਤ ਆਉਂਦੀ ਹੈ ਤਾਂ ਇਸ ਜਨਮ ਦੇ ਸਬੰਧੀ ਤੇ ਰਿਸ਼ਤੇਦਾਰ ਪਾਸ ਬੈਠੇ ਰੋ ਰਹੇ ਹੁੰਦੇ ਹਨ ਤੇ ਜਿੱਥੇ ਜਾ ਕੇ ਜਨਮ ਧਾਰਦਾ ਹੈ ਉੱਥੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਆਤਮਾ ਪਿਛਲਿਆਂ ਦੀ ਗ਼ਮੀ ਤੇ ਅਗਲਿਆਂ ਦੀ ਖ਼ੁਸ਼ੀ, ਦੋਹਾਂ ਹਾਲਤਾਂ ਤੋਂ ਰਹਿਤ ਹੈ। ਹਰ ਇੱਕ ਮਹਾਤਮਾ ਦਾ ਇਹੀ ਉਪਦੇਸ਼ ਹੈ ਕਿ ਇਸ ਸਰੀਰ ਵਿੱਚ ਮਾਲਕ ਦੀ ਖੋਜ ਕਰੋ। ਅਸੀਂ ਇਸ ਵਿੱਚੋਂ ਮਾਲਕ ਦੀ ਖੋਜ ਕਰਨ ਦੀ ਥਾਂ ਇਸ ਮਲ-ਮੂਤਰ ਦੇ ਥੈਲੇ ਚਿਟੇ ਚੰਮ ਸਰੀਰ ਦਾ ਹੰਕਾਰ ਕਰ ਬੈਠਦੇ ਹਾਂ। ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਹੰਕਾਰ ਤੇ ਘੁਮੰਡ ਕਿਸ ਚੀਜ਼ ਦਾ ਹੈ? ਜੇ ਜੁਆਨੀ ਦਾ ਮਾਣ ਕਰਦਾ ਹੈ ਤਾਂ ਕੀ ਕਦੇ ਕਿਸੇ ਤੇ ਬੁਢੇਪਾ ਨਹੀਂ ਆਇਆ ਦੇਖਿਆ? ਜੇ ਤੰਦਰੁਸਤੀ ਦਾ ਮਾਣ ਹੈ ਤਾਂ ਕੀ ਅਸੀਂ ਹਸਪਤਾਲਾਂ ਵਿੱਚ ਰੋਗੀਆਂ ਦੀ ਹਾਲਤ ਨਹੀਂ ਦੇਖੀ? ਜੇ ਰੁਪੈ ਪੈਸੇ ਦਾ ਮਾਣ ਕਰਦੇ ਹਾਂ ਤਾਂ ਕੀ ਵੱਡੇ ਵੱਡੇ ਰਾਜਿਆਂ ਮਹਾਰਾਜਿਆਂ, ਸੇਠਾਂ, ਸ਼ਾਹੂਕਾਰਾਂ ਕੰਗਾਲਿਆਂ ਦੀ ਤਰ੍ਹਾਂ ਸੜਕਾਂ ਤੇ ਰੁਲਦਾ ਨਹੀਂ ਦੇਖਿਆ?

ਜੇ ਅਸੀਂ ਹਕੂਮਤ ਦੀ ਮਾਣ ਵਡਿਆਈ ਦਾ ਹੰਕਾਰ ਕਰਦੇ ਹਾਂ, ਤਾਂ ਕੀ ਵੱਡੇ ਵੱਡੇ ਲੀਡਰਾਂ ਤੇ ਆਗੂਆਂ ਨੂੰ ਫਾਂਸੀ ਤੇ ਤਖ਼ਤੇ ਤੇ ਚੜ੍ਹਦਿਆਂ, ਗੋਲੀਆਂ ਦਾ ਸ਼ਿਕਾਰ ਬਣਦੇ ਨਹੀਂ ਸੁਣਿਆ? ਰਾਤੋ ਰਾਤ ਰਾਜ ਪਲਟ ਜਾਂਦੇ ਹਨ। ਫਿਰ ਅਸੀਂ ਹੰਕਾਰ ਤੇ ਮਾਣ ਕਿਸ ਚੀਜ਼ ਦਾ ਕਰਦੇ ਹਾਂ।

ਸੋ ਪ੍ਰਮੀਓ! ਸਾਡਾ ਇਹ ਸਰੀਰ ਕਾਲ ਦਾ ਪਿੰਜਰ ਤੇ ਕਿਰਾਏ ਤੇ ਲਏ ਮਕਾਨ ਵਾਂਗ ਹੈ। ਜਿਤਨੇ ਸਵਾਸ ਪ੍ਰਮੇਸ਼ਰ ਵਲੋਂ ਮਿਲੇ ਹਨ ਉਨ੍ਹਾਂ ਦੇ ਮੁਕ ਜਾਣ ਤੋਂ ਬਾਅਦ ਇਸ ਨੂੰ ਇੱਥੇ ਹੀ ਛੱਡ ਜਾਣਾ ਹੈ। ਇਸ ਸਰੀਰ ਨੇ ਕਦੇ ਵੀ

ਕਿਸੇ ਦਾ ਸਾਥ ਨਹੀਂ ਦਿੱਤਾ। ਵੱਡੇ ਵੱਡੇ ਰਾਜੇ, ਮਹਾਰਾਜੇ, ਸ਼ਾਹ ਸੁਲਤਾਨ ਤੇ ਮਨ-ਮਰਜ਼ੀ ਕਰਨ ਵਾਲੇ ਡਿਕਟੇਟਰ ਜਿਨ੍ਹਾਂ ਤੋਂ ਧਰਤੀ ਕੰਬਦੀ ਸੀ, ਹਰਨਾਕਸ਼ ਤੇ ਰਾਵਨ ਜੈਸੇ ਪਰਜਾ ਦੇ ਮਹਾਨ ਦੋਖੀ, ਸਿਕੰਦਰ ਵਰਗੇ ਜੇਤੂ, ਪਰ ਅੱਜ ਉਨ੍ਹਾਂ ਦੀਆਂ ਕਬਰਾਂ ਨੂੰ ਕਿਵੇਂ ਨਫ਼ਰਤ ਨਾਲ ਤੱਕਿਆ ਜਾਂਦਾ ਹੈ। ਇਸੇ ਤਰ੍ਹਾਂ ਕਿਸੇ ਸਮੇਂ ਲੋਕ ਸਾਡੀਆਂ ਮੜ੍ਹੀਆਂ ਨੂੰ ਵੀ ਇਸੇ ਨਜ਼ਰ ਨਾਲ ਦੇਖਣਗੇ। ਲੋਕਾਂ ਦੀਆਂ ਹੱਡੀਆਂ ਸਾਡੇ ਪੈਰਾਂ ਹੇਠ ਆ ਕੇ ਰੁਲ ਰਹੀਆਂ ਹਨ। ਕਿਸੇ ਦਿਨ ਸਾਡੀਆਂ ਹੱਡੀਆਂ ਦੀ ਵੀ ਇਹੋ ਹਾਲਤ ਹੋਵੇਗੀ। ਲੋਕਾਂ ਦੀ ਮਿੱਟੀ ਉੜ ਕੇ ਅੱਜ ਸਾਡੀਆਂ ਅੱਖਾਂ ਵਿੱਚ ਪੈਂਦੀ ਹੈ। ਕਿਸੇ ਦਿਨ ਸਾਡੀ ਖਾਕ ਲੋਕਾਂ ਦੀਆਂ ਅੱਖਾਂ ਦੀ ਰੜਕ ਬਣੇਗੀ।

ਇਸੇ ਵਾਸਤੇ ਸਤਪੁਰਸ਼ ਕਹਿੰਦੇ ਹਨ ਕਿ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਸਾਡੀ ਕਿਸੇ ਨੇ ਸਹਾਇਤਾ ਨਹੀਂ ਕਰਨੀ। ਇਹ ਭੈਣ, ਭਰਾ, ਸਾਕ, ਸਬੰਧੀ, ਯਾਰ, ਦੋਸਤ ਆਲੇ ਦੁਆਲੇ ਹੀ ਬੈਠੇ ਰਹਿ ਜਾਂਦੇ ਹਨ। ਇਨ੍ਹਾਂ ਨੂੰ ਪਤਾ ਵੀ ਨਹੀਂ ਲੱਗਦਾ ਕਿ ਜਮਦੂਤ ਕਿਸ ਰਸਤੇ ਜੀਵ ਨੂੰ ਸਰੀਰ ਵਿੱਚੋਂ ਪਕੜ ਕੇ ਲੈ ਗਏ। ਡਾਕਟਰਾਂ ਹਕੀਮਾਂ ਦੇ ਹੱਥ ਵਿੱਚ ਨਬਜ਼ਾਂ ਫੜੀਆਂ ਰਹਿ ਜਾਂਦੀਆ ਹਨ। ਉਸ ਸਮੇਂ ਸਾਰੇ ਸਬੰਧੀਆਂ ਤੇ ਨਜ਼ਦੀਕੀ ਰਿਸ਼ਤੇਦਾਰਾਂ ਦਾ ਰੋਣ ਤੋ ਬਿਨਾਂ ਹੋਰ ਕੋਈ ਚਾਰਾ ਨਹੀਂ ਚਲਦਾ। ਜੀਵ ਦੀ ਹਾਲਤ ਤੇ ਤਰਸ ਕਰ ਕੇ ਕਿਸੇ ਮਹਾਂਪੁਰਸ਼ ਨੇ ਕੈਸਾ ਸੁੰਦਰ ਕਥਨ ਕੀਤਾ ਹੈ:

ਬਣੇ ਰਹੇ ਬਟਨੇ ਬਣਾਏ ਰਹੇ ਜੇਵਰ ਸਭ, ਅਤਰ ਫੁਲੇਲਨ ਕੀ ਸ਼ੀਸ਼ੀਆਂ ਭਰੀ ਰਹੀ।
ਤਣੀ ਰਹੀ ਚਾਂਦਨੀ ਸੁਹਾਇ ਰਹੀ ਸੇਜ ਫੂਲ, ਮਖਮਲ ਕੇ ਤਕੀਅਨ ਕੀ ਪੰਗਤੀ ਧਰੀ ਰਹੀ।
ਆਇਓ ਜਬ ਕਾਲ ਤਬ ਚਲਤ ਭਯੌ ਨਗਨ ਪਾਇ, ਨਾਹਿ ਨਾਹਿ ਕਰਤ ਪਾਸ ਸੁੰਦਰੀ ਖਰੀ ਰਹੀ।
ਧੂਰ ਮੇਂ ਮਿਲਾਇ ਗਇਓ ਚੂਰ ਹੋਇ ਮਸਾਨ ਖੇਤ, ਖੇਲ ਗਇਓ ਖੇਲੀ ਖੇਤ ਖੋਪਰੀ ਪਰੀ ਰਹੀ।
ਲਗੇ ਰਹੇ ਮੇਜ਼ ਸਭਾ ਸਜੀ ਥੀ ਮੁਨੀਮਨ ਕੀ, ਕਾਗਦ ਕਰਦ ਕੈਂਚੀ ਕਲਮ ਘਰੀ ਰਹੀ।
ਡਸੀ ਰਹੀ ਕੁਰਸੀ ਔ ਪੁਰਸੀ ਕਿਤਾਬ ਨੀਤ, ਪਾਨ ਦਾਨ ਪੀਕ ਦਾਨ ਚਿਲਮਚੀ ਧਰੀ ਰਹੀ।
ਖਰੇ ਰਹੇ ਚੌਬਦਾਰ ਚੌਂਕ ਸੋ ਦੁਆਰਨ ਮੇਂ, ਸੋਨੇ ਸੇ ਲਪੇਟੀ ਹਾਥ ਚੋਬਨ ਫਰੀ ਰਹੀ।
ਪੇਸ਼ੀ ਮਾਹਿ ਪੇਸ਼ੀ ਰਹੀ ਮਿਸਲੇ ਹਜ਼ਾਰ ਯਾਰ, ਖੇਲ ਗਇਓ ਖੇਲੀ ਖੇਤ ਖੋਪਰੀ ਪਰੀ ਰਹੀ।
ਬਣੇ ਰਹੇ ਤ੍ਰੀਫ਼ਲ ਫ਼ਲਸਤਾ ਮੌਜੂਨ ਕੰਦ, ਕਰਸ ਖਮੀਰੇ ਔ ਜਕੂਤੀਆਂ ਬਰੀ ਰਹੀ।
ਲਿਖੇ ਰਹੇ ਨੁਸਖੇ ਕਿਤਾਬਨ ਕੇ ਸੋਚ ਸੋਚ, ਅਰਕ ਗ਼ੁਲਾਬ ਸ਼ੀਸ਼ੇ ਬਾਸੀਆਂ ਚੜ੍ਹੀ ਰਹੀ।
ਧਰੇ ਰਹੇ ਸੰਪਟ ਕੇ ਗੋਲਟੇ ਹਜ਼ਾਰ ਯਾਰ, ਔਖਧ ਦੁਸ਼ਾਂਦੇ ਔ ਦੁਸ਼ਾਂਦੇ ਧਾਤ ਮਰੀ ਰਹੀ।
ਫੜੀ ਰਹੀ ਬੀਣੀ ਹਥ ਨਬਜ਼ ਕੇ ਦਿਖਨ ਕਾਜ਼, ਖੇਲ ਗਇਓ ਖੇਲੀ ਖੇਤ ਖੋਪਰੀ ਪਰੀ ਰਹੀ।
ਮਦ ਸੋ ਮਤੰਗ ਮਾਤੇ ਝੂਲਤੇ ਦਿਵਾਰ ਰਹੇ, ਝਾਲੀ ਜ਼ਰ ਤਾਲੀ ਔ ਅੰਬਾਰੀਆ ਖਰੀ ਰਹੀ।
ਪੌਨ ਵੇਗ ਘੋਰਨ ਕੇ ਸਜੇ ਰਹੇ ਸੋਇਨ ਸਾਜ, ਮੁੱਖ ਮੇ ਲਗਾਮ ਤੰਗ ਜ਼ੀਨ ਸੋ ਜਰੀ ਰਹੀ।
ਸੀਤਾ ਰਾਮ ਸੁੰਦਰ ਸਪੂਤ ਰਥ ਰਾਜਨ ਕੇ, ਪਹਰੇ ਸੰਜੋਏ ਗਜ ਗਾਹਨ ਬਰੀ ਰਹੀ।
ਖਰੀ ਰਹੀ ਫੌਜ਼ ਹੇਤ ਹਾਜ਼ਰੀ ਸਨੱਧ ਬੱਧ, ਖੇਲ ਗਇਓ ਖੇਲੀ ਖੇਤ ਖੋਪਰੀ ਪਰੀ ਰਹੀ।
ਲਾਖ ਲਾਖ ਮੋਹਰ ਕੀ ਏਕ ਏਕ ਘੜੀ ਜਾਤਿ, ਕੌਡੀ ਵੱਟੇ ਮੂੜ ਲਾਈ ਨਹੀਂ ਪਛੁਤਾਤ ਹੈ।
ਲਾਖ ਲਾਖ ਲਾਲ ਹੀ ਕੋ ਏਕ ਇੱਕ ਸਾਸ ਬੀਤ, ਨਾਮ ਬਿਨਾ ਖੋਇ ਕਰ ਰੋਵੈ ਦਿਨ ਰਾਤ ਹੈ।
ਲਾਖ ਲਾਖ ਰਤਨ ਕੇ ਆਠ ਪਹਿਰ ਐਵੇਂ ਜਾਇ, ਏਕ ਏਕ ਦਿਨ ਦੁਰਲੱਭ ਕਿਉਂ ਗਵਾਤ ਹੈ।
ਲਾਖ ਲਾਖ ਰਾਜ ਬਟੇ ਮਿਲੇ ਨਾਹਿ ਏਕ ਸਾਸ, ਗੁਰਮਤ ਨਾਮ ਬਿਨ ਆਵਤ ਹੀ ਜਾਤ ਹੈ।

ਸਤਿਪੁਰਸ਼ਾਂ ਦਾ ਨਿਸ਼ਚਾ ਹੈ ਕਿ ਮੌਤ ਤਾਂ ਇੱਕ ਨਵਾਂ ਜੀਵਨ ਬਖ਼ਸ਼ਦੀ ਹੈ। ਜਿਵੇਂ ਰਾਤ ਨੂੰ ਸੁੱਤੇ ਹੋਏ ਮਨੁੱਖ ਦਾ ਦਿਨ ਦੇ ਕੀਤੇ ਕੰਮਾਂ ਦਾ ਸਾਰਾ ਥਕੇਵਾਂ ਉੱਤਰ ਜਾਂਦਾ ਹੈ, ਅਤੇ ਘੂਕ ਨੀਂਦ ਵਿੱਚ ਜਿਸ ਨੂੰ ਸਖੋਪਤ ਕਹਿੰਦੇ ਹਨ, ਸੰਕਲਪਾਂ ਵਿਕਲਪਾਂ ਤੋਂ ਛੁਟਕਾਰਾ ਹੁੰਦਾ ਹੈ। ਇਸੇ ਤਰ੍ਹਾਂ ਮੌਤ ਵੀ ਸਖੋਪਤੀ ਨੀਂਦ ਦੀ ਤਰ੍ਹਾਂ ਹੈ। ਸੰਤ ਜਨ ਤਾਂ ਇਸ ਨੂੰ ਚਾਹੁੰਦੇ ਹਨ ਕਿਉਂਕਿ ਉਹ ਤਾਂ ਇਸ ਸਰੀਰ ਦੇ ਭਾਰ ਨੂੰ ਆਤਮਾਂ ਨੂੰ ਲੱਗੀ ਸਜ਼ਾ ਹੀ ਜਾਣਦੇ ਹਨ।

ਮੌਤ ਕੀ ਹੈ?

ਮੌਤ ਤਿੰਨ ਤਰ੍ਹਾਂ ਦੀ ਮੰਨੀ ਹੈ: ਇੱਕ ਸਰੀਰ ਕਰ ਕੇ, ਦੂਜੀ ਚਰਿਤ੍ਰ ਕਰ ਕੇ, ਤੀਜੀ ਆਤਮਾ ਕਰ ਕੇ।

ਜਦੋਂ ਸਰੀਰ ਕਰ ਕੇ ਮੌਤ ਹੁੰਦੀ ਹੈ ਤਾਂ ਇਹ ਜੀਵ ਪ੍ਰਮੇਸ਼ਰ ਦੇ ਹੁਕਮ ਅਨੁਸਾਰ ਆਪਣੇ ਕਰਮਾਂ ਦਾ ਫ਼ਲ ਭੋਗਣ ਵਾਸਤੇ ਚੋਲਾ ਬਦਲ ਕੇ ਦੁੱਖ ਸੁੱਖ ਭੋਗਦਾ ਹੈ। ਇਹ ਮੌਤ ਬੜੀ ਦੁਖਦਾਈ ਤੇ ਭਿਆਨਕ ਹੈ। ਜਦੋਂ ਦੀ ਸ੍ਰਿਸ਼ਟੀ ਰਚੀ ਸਾਰੇ ਜੀਵ ਇਸ ਦੇ ਭੈ ਨਾਲ ਕੰਬਦੇ ਰਹੇ। ਜੀਵਨ ਯਾਤਰਾ ਨੂੰ ਕਰਦਿਆਂ ਹਰ ਸਮੇਂ ਇਸ ਦਾ ਭੈ ਲੱਗਾ ਰਹਿੰਦਾ ਹੈ। ਇਸ ਤੋਂ

ਛੁਟਕਾਰਾ ਪਾਉਣ ਵਾਸਤੇ ਜੀਵ ਨੇ ਆਪਣੀ ਚਾਤਰੀ ਨੂੰ ਵਰਤ ਕੇ ਇਸ ਤੋਂ ਬਚਣ ਦੇ ਕਈ ਉਪਰਾਲੇ ਤੇ ਯਤਨ ਕੀਤੇ। ਫ਼ਾਰਸੀ ਕਿਤਾਬਾਂ ਵਿੱਚ ਅਫਲਾਤੂ ਦੇ ਮੌਤ ਸਮੇਂ ਆਪਣੇ ਚਾਲੀ ਬੁੱਤ ਐਨ ਆਪਣੇ ਵਰਗੇ ਬਨਾਉਣ ਦਾ ਜ਼ਿਕਰ ਆਉਂਦਾ ਹੈ, ਪਰ ਉਹ ਵੀ ਇਸ ਤੋਂ ਬਚ ਨਹੀਂ ਸਕਿਆ।

ਮੌਤ ਤਿੰਨਾਂ ਚੀਜ਼ਾਂ (ਜੰਮਣਾ, ਮਰਨਾ, ਰਿਜ਼ਕ) ਵਿੱਚੋਂ ਇੱਕ ਹੈ, ਜਿਸ ਤੇ ਮਨੁੱਖ ਦਾ ਕੋਈ ਅਧਿਕਾਰ ਨਹੀਂ। ਇਸੇ ਕਰ ਕੇ ਸਾਰੇ ਜੀਵ ਸਦਾ ਹੀ ਇਸ ਦਾ ਲੁਕਮਾਂ ਬਣਦੇ ਰਹੇ, ਤੇ ਰਹਿਣਗੇ। ਹੋਰ ਤਾਂ ਕੀ ਮਨੁੱਖ ਤੋਂ ਛੁੱਟ ਸਾਰੀ ਕਾਇਨਾਤ ਦੇ ਵੱਡੇ ਵੱਡੇ ਦੇਵਤਾ, ਰਿਸ਼ੀ ਮੁਨੀ, ਸੰਤ ਭਗਤ, ਪੀਰ ਪੈਕੰਬਰ ਤੇ ਅਵਤਾਰ ਅਤੇ ਉਸ ਦੇ ਤਿੰਨ ਮਹਾਨ ਰੁਕਨ (ਬ੍ਰਹਮਾ, ਵਿਸ਼ਨੂੰ, ਸ਼ਿਵ) ਵੀ ਇਸ ਤੋਂ ਬੇਬਸ ਹੋ ਕੇ ਬੈਠ ਗਏ, ਪਰ ਮੌਤ ਸਭਨਾਂ ਤੇ ਭਾਰੂ ਰਹੀ।

ਦੂਜੀ ਮੌਤ ਹੈ ਜੋ ਚਰਿਤ੍ਰ ਕਰ ਕੇ ਹੁੰਦੀ ਹੈ, ਉਸ ਮੌਤ ਨੂੰ ਜੀਵ ਆਪਣੇ ਜਿਉਂਦਿਆਂ ਹੀ ਭੈੜੇ ਕੰਮਾਂ ਵਿੱਚ ਲੱਗ ਕੇ ਇਖਲਾਕ ਤੋਂ ਗਿਰ ਕੇ ਆਚਾਰਹੀਣ ਹੋ ਕੇ ਹਰ ਸਮੇਂ ਦੇਖਦਾ ਹੈ। ਇਹ ਘੁਣ ਦੇ ਕੀੜੇ ਤੇ ਕੈਂਸਰ ਦੇ ਰੋਗੀ ਵਾਂਗ ਅੰਦਰੋਂ ਅੰਦਰ ਇਸ ਨੂੰ ਖਾਂਦੀ ਹੈ, ਇਹ ਬੜੀ ਭਿਆਨਕ ਮੌਤ ਹੈ। ਇਸ ਦਾ ਦੁੱਖ ਮਨੁੱਖ ਨੂੰ ਉਸ ਸਮੇਂ ਵਧੇਰੇ ਲੱਗਦਾ ਹੈ, ਜਦੋਂ ਇਹ ਝੂਠਾ ਤੇ ਆਚਰਨ ਹੀਣ ਹੁੰਦਾ ਹੋਇਆ ਆਪਣੀ ਦੌਲਤ ਤੇ ਤਾਕਤ ਦੇ ਜ਼ੋਰ ਨਾਲ ਸਭ ਤੇ ਭਾਰੂ ਹੋਣਾ ਚਾਹੁੰਦਾ ਹੈ। ਇਹ ਬਾਹਰਲੇ ਪਖੰਡ ਨਾਲ ਹੋਰ ਰੂਪ ਹੁੰਦਾ ਹੈ ਪਰ ਅੰਦਰੋਂ ਕੁਚੀਲ, ਕਰੂਪ ਤੇ ਕੁਲਖਣ ਤੋਂ ਭੀ ਭੈੜਾ ਹੁੰਦਾ ਹੈ।

ਤੀਜੀ ਆਤਮਕ ਮੌਤ ਹੈ, ਇਹ ਸਭ ਤੋਂ ਵਧੇਰੇ ਹਾਨੀਕਾਰਕ ਤੇ ਭਿਆਨਕ ਹੈ ਜੋ ਅੱਗੇ ਅਨੇਕਾਂ ਜਨਮਾਂ ਦਾ ਹੇਤੂ ਹੈ। ਭਾਵੇਂ ਇਸ ਦੀ ਮਦਦ ਦੂਜੇ ਪ੍ਰਕਾਰ ਦੀ ਮੌਤ ਵਾਲੇ ਕਰਮ ਵੀ ਬਹੁਤ ਹੱਦ ਤੱਕ ਕਰਦੇ ਹਨ। ਆਤਮਾ ਨੂੰ ਜੋ ਇੱਕ ਬਹੁਮੁਲੀ ਅਮੋਲਕ ਵਸਤੂ ਹੈ, ਜਿਸ ਦੀ ਪਾਲਣਾ ਕਰਨਾ ਮਨੁੱਖ ਦਾ ਸਰੀਰ ਦੀ ਪਾਲਣਾ ਕਰਨ ਤੋਂ ਵੀ ਵੱਧ ਫ਼ਰਜ਼ ਹੈ, ਇਸ ਨੂੰ ਬਲਵਾਨ ਰੱਖਣ ਵਾਸਤੇ ਇਸ ਦੀ ਖ਼ੁਰਾਕ ਭਗਤੀ ਤੇ ਸਿਮਰਨ ਹੈ ਜੋ ਮਨੁੱਖ ਦਾ ਮੁੱਖ ਕਰਮ ਹੈ। ਜੇ ਇਹ ਨਹੀਂ ਫਿਰ ਇਸ ਦਾ ਜੀਵਨ ਹੀ ਬੇਕਾਰ ਤੇ ਨਿਸਫ਼ਲ ਹੈ।

ਭਾਵੇਂ ਆਤਮਾ ਤਾਂ ਨਹੀਂ ਮਰਦੀ, ਪਰ ਉਹ ਆਤਮਕ ਰੂਪ ਤੋਂ ਮੁਰਦਾ ਹੈ ਜੋ ਆਤਮਕ ਤਰੱਕੀ ਵੱਲ ਪੈਰ ਨਹੀਂ ਚੁੱਕਦਾ ਤੇ ਜ਼ਿੰਦਗੀ ਕੁਕਰਮਾਂ ਵਿੱਚ ਗੁਜ਼ਾਰਦਾ ਹੈ। ਇਸ ਆਤਮਕ ਮੌਤ ਤੋਂ ਬਚਣਾ ਹੀ ਇਸ ਦੇ ਜੀਵਨ ਯਾਤਰਾ ਦੀ ਸਫ਼ਲਤਾ ਹੈ। ਸੋ ਅਪਣੀ ਚਾਤੁਰਤਾ ਨੂੰ ਛੱਡ ਕੇ ਗੁਰੂ ਦੀ ਸ਼ਰਣ ਲੈਣੀ ਹੀ (ਜੋ ਇੱਕ ਮਹਾਨ ਸ਼ਕਤੀ ਦਾ ਸੋਮਾ ਹੈ) ਇਸ ਦੇ ਜੀਵਨ ਦਾ ਲਕਸ਼ ਹੈ। ਸ਼ਰਧਾ ਤੇ ਪ੍ਰੇਮ ਵੱਲ ਝੁਕਾਓ ਇਸ ਦੇ ਅਮਰ ਹੋਣ ਨੂੰ ਪ੍ਰਾਪਤ ਕਰਨ ਲਈ ਪ੍ਰਮਾਤਮਾ ਦੇ ਹਰ ਪੈਦਾ ਕੀਤੇ ਜੀਵ ਨੂੰ ਚਾਹੇ ਉਹ ਦੇਵਤਾ ਹੈ, ਚਾਹੇ ਮਨੁੱਖ ਹੈ, ਇਸ ਦੀ ਖ਼ੁਰਾਕ ਹੈ। ਸਿਮਰਨ ਤੇ ਭਗਤੀ ਵੱਲ ਲੱਗਣਾ ਹਰ ਇੱਕ ਦਾ ਫ਼ਰਜ਼ ਹੈ। ਭਾਵੇਂ ਉਹ ਕਿਤਨਾ ਵੀ ਅਮੀਰ ਹੈ, ਸਾਰਿਆਂ ਤੇ ਹਕੂਮਤ ਕਰਨ ਵਾਲਾ ਬਾਦਸ਼ਾਹ ਜਾਂ ਅਹਿਲਕਾਰ ਹੈ, ਫੌਜਾਂ ਤੇ ਖਜ਼ਾਨਿਆਂ ਦਾ ਮਾਲਕ ਹੈ, ਸੁੰਦਰ ਸਰੂਪ ਹੈ, ਕੀਮਤੀ ਬਸਤਰ ਤੇ ਗਹਿਣੇ ਪਾਏ ਹਨ ਪਰ ਇੱਕ ਆਤਮਕ ਉੱਨਤੀ ਤੋਂ ਬਿਨਾਂ ਉਹ ਤੁਰਦੀ ਫਿਰਦੀ ਇੱਕ ਜਿਉਂਦੀ ਲਾਸ਼ ਹੈ:

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਛਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥ *(ਗਉੜੀ ਮਃ ੫ - ੨੫੩)*

ਤਥਾ: *ਅਨਿਕ ਬਸਤ੍ਰ ਸੁੰਦਰ ਪਹਿਰਾਇਆ ॥ ਜਿਉ ਡਰਨਾ ਖੇਤ ਮਾਹਿ ਡਰਾਇਆ ॥੨॥*

ਅਥਵਾ: *ਮਿਰਤਕ ਦੇਹ ਸਾਧਸੰਗ ਬਿਹੂਨਾ ॥*

(ਗਉੜੀ ਮਃ ੫ - ੧੯੦)

ਸੋ ਉਸ ਮੌਤ ਨਾਲੋਂ ਇਹ ਮੌਤ ਵਧੇਰੇ ਦੁਖਦਾਈ ਹੈ। ਇਸ ਤੋਂ ਬਚਣ ਦੀ ਕੋਸ਼ਸ਼ ਕਰੋ। ਉਹ ਤਾਂ ਗੱਲ ਹੈ ਹੀ ਹੋਣ ਵਾਲੀ, ਫਿਰ ਉਸ ਦੀ ਚਿੰਤਾ ਕਿਉਂ? ਚਿੰਤਾ ਤਾਂ ਉਸ ਗੱਲ ਦੀ ਕਰੇ ਜੋ ਅਣਹੋਣੀ ਹੋਵੇ।

ਯਥਾ: *ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥*
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥ *(ਸਲੋਕ ਮਃ ੯ - ੧੪੨੯)*

ਤਥਾ: ਜ਼ਿੰਦਗੀ ਔਰ ਮਰਗ ਦੋਨੋ ਮੇ ਕਰੀਨਾ ਆ ਗਿਆ।
ਜਿਸ ਕੋ ਮਰਨਾ ਆ ਗਿਆ, ਸਮਝੋ ਉਸ ਕੋ ਜੀਨਾ ਆ ਗਿਆ।

ਇਹ ਬਚਨ ਸੁਣ ਕੇ ਸਾਰੀ ਸੰਗਤ ਗਦ-ਗਦ ਹੋ ਗਈ। ਦੀਵਾਨ ਦੀ ਸਮਾਪਤੀ ਤੋਂ ਬਾਅਦ ਸਾਰੇ ਪ੍ਰੇਮੀ ਆਪੋ ਆਪਣੇ ਘਰੀਂ ਚਲੇ ਗਏ। ਦੀਵਾਨ ਦੀ ਸਮਾਪਤੀ ਸਮੇਂ ਰੋਜ਼ ਹੀ ਆਖਿਆ ਕਰਦੇ ਕੱਲ੍ਹ ਏਥੋਂ ਅੱਗੇ ਦਾ ਪ੍ਰਸੰਗ ਸ਼ੁਰੂ

ਕਰਾਂਗੇ, ਪਰ ਅੱਜ ਇਹ ਗੱਲ ਨਹੀਂ ਕਹੀ। ਇਹ ਜ਼ਰੂਰ ਆਖਿਆ ਕੱਲ੍ਹ ਦਾ ਆਖ਼ਰੀ ਦਿਨ ਹੈ। ਇਸ ਜਗ੍ਹਾ ਦੀਵਾਨ ਵੀ ਕੱਲ੍ਹ ਦਾ ਆਖ਼ਰੀ ਸੀ, ਪਰ ਇਹ ਤਾਂ ਅਰਸ਼ੀ ਉਡਾਰੀ ਵੱਲ ਇਸ਼ਾਰਾ ਸੀ ਕਿ ਸੰਸਾਰੀ ਲੋਕੋ! ਬੱਦਲ ਦੀ ਤਰਾਂ ਸ਼ਾਂਤਮਈ ਵਰਖਾ ਕਰਨ ਲਈ ਆਏ ਸਾਂ। ਕੱਲ੍ਹ ਆਪਣੇ ਦੇਸ਼ ਨੂੰ ਵਾਪਸ ਚਲੇ ਜਾਣਾ ਹੈ। ਪਰ ਅਲਪੱਗ ਜੀਵ ਕੀ ਸਮਝਣ?

ਰਿਹਾਇਸ਼ੀ ਜ਼ਗ੍ਹਾ ਤੇ ਆ ਕੇ ਰੋਜ਼ ਵਾਂਗੂ ਮੁੱਠੀ ਚਾਪੀ ਕਰਵਾਈ। ਏਸ ਸੇਵਾ ਕਰਵਾਉਣ ਦੇ ਦੌਰਾਨ ਜਥੇਦਾਰ ਜੀ ਨੂੰ ਕਿਹਾ, "ਜਥੇਦਾਰਾ! (ਹੋਰ ਸਿੰਘ ਭੀ ਸੇਵਾ ਕਰਨ ਸਮੇਂ ਹਾਜ਼ਰ ਸਨ) ਜਦੋਂ ਕੋਈ ਮਨੁੱਖ ਕਿਸੇ ਪਾਸੋਂ ਚੀਜ਼ ਉਧਾਰੀ ਲੈਂਦਾ ਹੈ, ਕੀ ਵਾਪਸ ਦੇਣ ਸਮੇਂ ਵੀ ਓਹੋ ਹੀ ਅੱਖਾਂ ਰਹਿੰਦੀਆਂ ਹਨ ਜਾਂ ਬਦਲ ਜਾਂਦੀਆਂ ਹਨ?" ਇਨ੍ਹਾਂ ਨੇ ਬੇਨਤੀ ਕੀਤੀ, "ਮਹਾਰਾਜ! ਜੋ ਅੱਖਾਂ ਲੈਣ ਸਮੇਂ ਹੁੰਦੀਆਂ ਹਨ, ਦੇਣ ਸਮੇਂ ਨਹੀਂ ਰਹਿੰਦੀਆਂ।" ਆਪ ਜੀ ਬੋਲੇ, "ਅਮਾਨਤ ਵਿੱਚ ਖ਼ਿਆਨਤ ਕਰਣੀ ਮਹਾਂ ਪਾਪ ਹੈ। ਜਿਵੇਂ ਚੀਜ਼ ਲਈ ਹੋਵੇ, ਉਸੇ ਤਰ੍ਹਾਂ ਹੀ ਪ੍ਰਸੰਨ ਚਿੱਤ ਵਾਪਸ ਕਰੇ, ਓਹੋ ਹੀ ਸੂਰਮਾ ਹੈ। ਪਰ ਏਹੋ ਜੇਹਾ ਕੋਈ ਕਰੋੜਾਂ ਵਿੱਚੋਂ ਹੋਵੇਗਾ।" ਜਥੇਦਾਰ ਜੀ ਨੇ ਕਿਹਾ, "ਹੁਣ ਤਾਂ ਮਹਾਰਾਜ! ਸ਼ਾਇਦ ਅਰਬਾਂ ਵਿੱਚੋਂ ਹੀ ਮਿਲ ਸਕੇ।" ਫੇਰ ਇਹ ਸਲੋਕ ਪੜ੍ਹਿਆ:

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥੧੫੩॥ *(ਸਲੋਕ ਭਗਤ ਕਬੀਰ ਜੀ - ੧੩੭੨)*

ਜੇਹੋ ਜੇਹਾ ਮਨ ਘਰੋਂ ਨਿੱਕਲਣ ਸਮੇਂ ਵੈਰਾਗ ਦੇ ਸਹਿਤ ਹੁੰਦਾ ਹੈ ਓਹੋ ਜੇਹਾ ਅਖ਼ੀਰ ਤੱਕ ਰਹੇ ਤਾਂ ਪੂਰਨ ਅਵਸਥਾ ਪ੍ਰਾਪਤ ਹੁੰਦੀ ਹੈ। ਜਿਵੇਂ ਕੁੜੀਆਂ ਪੀਂਘ ਝੂਟਣ ਸਮੇਂ ਪੀਂਘ ਚੜਾ ਕੇ, ਬ੍ਰਿਛ ਦੇ ਪੱਤਿਆਂ ਨੂੰ ਹੱਥ ਲਾ ਕੇ ਮੁੜਦੀਆਂ ਹਨ, ਇਸੇ ਤਰ੍ਹਾਂ ਸਾਧੂ ਵੀ ਪ੍ਰਮੇਸ਼ਰ ਦੀ ਪ੍ਰਾਪਤੀ ਹੋਣ ਤੱਕ ਸਾਧਨ ਕਰੀ ਜਾਵੇ।" ਇਨ੍ਹਾਂ ਬਚਨਾਂ ਨੂੰ ਸੁਣ ਕੇ ਸਿੰਘਾਂ ਦੇ ਮਨ ਵੈਰਾਗ ਨਾਲ ਭਰ ਗਏ ਤੇ ਅਨੁਭਵ ਹੋ ਗਿਆ ਕਿ ਸੰਤ ਜੀ ਤਾਂ ਸਾਨੂੰ ਛੱਡ ਕੇ ਜਾਣ ਲੱਗੇ ਹਨ। ਫੇਰ ਜਥੇਦਾਰ ਜੀ ਨੇ ਕਿਹਾ, "ਮਹਾਰਾਜ! ਹੋਤੀ ਮਰਦਾਨ ਦੀ ਗੱਦੀ ਤਾਂ ਦੱਸ ਕੇ ਸਰੀਰ ਛੱਡਦੀ ਹੈ।" ਬਚਨ ਕੀਤਾ, "ਹੁਣ ਉਹ ਸਮਾਂ ਨਹੀਂ ਰਿਹਾ। ਬਾਬਾ ਕਰਮ ਸਿੰਘ ਜੀ ਮਹਾਰਾਜ ਨੂੰ ੭੩ ਸਾਲ ਅਤੇ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲਿਆਂ ਨੂੰ ਸੱਚਖੰਡ ਗਿਆਂ ੪੮ ਸਾਲ ਹੋ ਗਏ ਹਨ। ਜ਼ਮਾਨਾ ਬਹੁਤ ਦੂਰ ਚਲਾ ਗਿਆ। ਸਤਪੁਰਸ਼ ਤਾਂ ਇਸ਼ਾਰਾ ਕਰਦੇ ਹਨ। ਭਾਵੇਂ ਕੋਈ ਸਮਝੇ, ਭਾਵੇਂ ਕੋਈ ਨ ਸਮਝੇ।" ਫੇਰ ਹੋਰ ਗੱਲ ਤੋਰ ਲਈ ਕਿ ਏਥੇ ਕੱਲ੍ਹ ਦਾ ਦੀਵਾਨ ਆਖ਼ਰੀ ਹੈ। ਤੁਸੀਂ ਅਗਲੇ ਦੀਵਾਨਾਂ ਵਾਲੀ ਜਗ੍ਹਾ ਵੀ ਦੇਖਣ ਜਾਣਾ ਹੋਵੇਗਾ? ਜਥੇਦਾਰ ਨੇ ਮਨ ਤੇ ਕਾਬੂ ਪਾ ਕੇ ਫੇਰ ਅਰਜ਼ ਕੀਤੀ, "ਹੁਣ ਸਾਡਾ ਪ੍ਰਦੇਸ਼ਾਂ ਵਿੱਚ ਕੌਣ ਵਾਲੀ ਹੈ? ਕਿਸ ਦੇ ਪਲੇ ਨੂੰ ਫੜੀਏ?" ਬਚਨ ਕੀਤਾ, "ਸਮਾਂ ਆਏ ਤੋਂ ਆਪੇ ਹੀ ਪ੍ਰਗਟ ਹੋ ਜਾਵੇਗਾ।" ਸੇਵਾ ਕਰਨ ਵਾਲੇ ਪ੍ਰੇਮੀਆਂ ਦੇ ਵੈਰਾਗ ਨਾਲ ਨੇਤਰ ਛਲਕ ਪਏ। ਆਪ ਜੀ ਨੇ ਇਸ ਪ੍ਰਕਾਰ ਦੇ ਬਚਨ ਕਹਿ ਕੇ ਪ੍ਰਕਰਨ ਬਦਲ ਦਿੱਤਾ ਕਿ ਗਿਆਨ ਹੋਏ ਤੋਂ ਕੇਵਲ ਤੂਲਾ ਅਵਿੱਦਿਆ ਦੀ ਅੰਸ਼ ਮਾਤਰ ਹੀ ਬਾਕੀ ਰਹਿ ਜਾਂਦੀ ਹੈ, ਜਿਸ ਦੇ ਆਸਰੇ ਸਰੀਰ ਖੜਾ ਹੁੰਦਾ ਹੈ। ਹੋਰ ਸਥੂਲ ਸੂਖਮ ਤੇ ਕਾਰਣ ਸਰੀਰ ਨਾਲ ਕੋਈ ਤਾਅੱਲੁਕ ਨਹੀਂ ਹੁੰਦਾ। ਇਨ੍ਹਾਂ ਸਰੀਰਾਂ ਤੋਂ ਪਹਿਲਾਂ ਹੀ ਆਤਮਾ ਨੂੰ ਵੱਖ ਨਿਸਚੇ ਕਰਦੇ ਹਨ।

ਆਤਮ ਉਪਦੇਸ਼

ਫਿਰ ਲੇਖਕ ਨੇ ਬੇਨਤੀ ਕੀਤੀ ਮਹਾਰਾਜ ਸੂਖਮ ਸਰੀਰ ਦਾ ਕਦੋਂ ਅਭਾਵ ਹੁੰਦਾ ਹੈ?

ਆਪ ਜੀ ਨੇ ਕਿਹਾ ਪ੍ਰਾਰਬਧ ਦੇ ਖ਼ਤਮ ਹੋਇਆਂ। ਗਿਆਨਵਾਨ ਦਾ ਸੂਖਮ ਸਰੀਰ ਕਿਸੇ ਲੋਕ ਨੂੰ ਗਵਨ ਨਹੀਂ ਕਰਦਾ ਪ੍ਰਾਣਾਂ ਦੇ ਅੰਤ ਸਮੇਂ ਉਸ ਦਾ ਅਭਾਵ ਹੋ ਕੇ ਤੱਤਾਂ 'ਚ ਤੱਤ ਮਿਲ ਜਾਂਦੇ ਹਨ।

ਯਥਾ: ***ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥ ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥***

(ਵਾਰ-ਸੂਹੀ ਮਃ ੨ - ੭੮੮)

ਭਾਵ ਤੁਰਦੇ, ਜਲ ਤੱਤ ਵਿੱਚ ਜਲ ਦਾ ਅੰਸ ਮਿਲ ਜਾਂਦਾ ਹੈ। ਉਡਤਾ, ਪਵਨ ਤੱਤ ਵਿੱਚ ਪਵਨ ਦੀ ਅੰਸ ਮਿਲ ਜਾਂਦੀ ਹੈ। ਜੀਵਤ, ਅਗਨ ਤੱਤ ਵਿੱਚ ਅਗਨੀ ਦਾ ਅੰਸ ਮਿਲ ਜਾਂਦਾ ਹੈ। ਮੂਏ, ਅਕਾਸ ਤੱਤ ਵਿੱਚ ਅਕਾਸ ਦਾ ਅੰਸ ਮਿਲ ਜਾਂਦਾ ਹੈ। ਇਸੇ ਤਰ੍ਹਾਂ ਪ੍ਰਿਥਮੀ ਵਿੱਚ ਪ੍ਰਿਥਮੀ ਤੱਤ ਦਾ ਅੰਸ ਮਿਲ ਜਾਂਦਾ ਹੈ। ਭਾਵ ਪ੍ਰਾਰਬਧ ਤੇ ਅੰਤ ਹੋਇਆਂ ਸੂਖਮ ਸਰੀਰ ਦਾ ਅਭਾਵ ਹੁੰਦਾ ਹੈ।

ਯਥਾ: ***ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥੨॥***

(ਵਾਰ-ਸੂਹੀ ਮਃ ੨ - ੭੮੮)

ਜਿਸ ਨੇ ਕਾਰਨ ਰੂਪ ਬ੍ਰਹਮ ਨੂੰ ਆਪਣਾ ਆਤਮ ਰੂਪ ਨਿਸਚੇ ਕੀਤਾ ਹੈ ਉਹ ਗਿਆਨਵਾਨ ਤੱਤ ਬੇਤੇ ਦੀ ਸ਼ਲਾਘਾ ਕਰੀਏ। ਪਰ ਜਿਤਨਾ ਚਿਰ ਜੀਵ ਭਾਵਨਾ ਬਣੀ ਹੈ ਆਪਣੇ ਅਸਲੀ ਸਰੂਪ ਵਿੱਚ ਨੇਸ਼ਟਾ ਨਹੀਂ, ਉਤਨਾ ਚਿਰ ਵਾਸ਼ਨਾ ਦਾ ਬਧਾ ਅਨੇਕ ਪ੍ਰਕਾਰ ਦੀਆਂ ਜੂਨਾਂ ਵਿੱਚ ਭਰਮਦਾ ਹੈ ਅਤੇ ਪ੍ਰਾਣਾਂ ਦੇ ਅੰਤ ਸਮੇਂ ਵੀ ਜਿਸ ਗੋਲਕ ਰਾਹੀਂ ਸੂਖਮ ਸਰੀਰ ਦੇ ਸਹਿਤ ਜੀਵ ਕਲਾ ਬਾਹਰ ਨਿੱਕਲਦੀ ਹੈ, ਅੱਡੋ ਅੱਡ ਜੂਨੀਆਂ ਵਿੱਚ ਜਾਂਦਾ ਹੈ ਅਤੇ ਭਿੰਨ ਭਿੰਨ ਲੋਕਾਂ ਦਾ ਵਾਸੀ ਹੁੰਦਾ ਹੈ।

ਆਮ ਜੋ ਸ਼ੁਭ ਤੇ ਅਸ਼ੁਭ ਕਰਮਾਂ ਦੇ ਕਰਨ ਵਾਲੇ ਪਾਪੀ ਪੁੰਨੀ ਜੀਵ ਹਨ, ਉਨ੍ਹਾਂ ਦੀ ਜੀਵ ਕਲਾ ਵੇਦਾਂਤ ਮੱਤ ਨੇ ਦਸ ਇੰਦਰੇ, ਪੰਜ ਪ੍ਰਾਨ, ਮਨ ਤੇ ਬੁੱਧ ਇਨ੍ਹਾਂ ਸਤਾਰਾਂ ਦੇ ਸਹਿਤ ਪ੍ਰਾਣਾਂ ਦੇ ਘੋੜੇ ਤੇ ਚੜ੍ਹ ਕੇ ਪ੍ਰਲੋਕ ਨੂੰ ਜਾਂਦੀ ਮੰਨੀ ਹੈ ਅਤੇ ਨਿਆਇਕ ਅੱਠਾਂ ਚੀਜ਼ਾਂ ਦੀ ਪ੍ਰਜਿਸ਼ਟਕਾ ਪ੍ਰਲੋਕ ਨੂੰ ਗਮਨ ਕਰਦੀ ਕਹਿੰਦੇ ਹਨ। ਆਤਮ ਪੁਰਾਨ ਵਿੱਚ ਇਉਂ ਲਿਖਿਆ ਹੈ ਕਿ ਜਿਸ ਆਦਮੀ ਦੀ ਜੀਵ ਕਲਾ ਸੰਸਕਾਰ ਕਰਨ ਸਮੇਂ ਧੂੰਏਂ ਵਿੱਚ ਮਿਲਦੀ ਹੈ, ਉਹ ਸੁਰਗ ਨੂੰ ਜਾਂਦਾ ਹੈ। ਜਿਸ ਦੀ ਜੀਵ ਕਲਾ ਅੱਗ ਵਿੱਚ ਮਿਲਦੀ ਹੈ ਉਸ ਨੂੰ ਬ੍ਰਹਮ ਲੋਕ ਦੀ ਪ੍ਰਾਪਤੀ ਹੁੰਦੀ ਹੈ। ਜਿਸ ਦੀ ਜੀਵ ਕਲਾ ਮਿੱਟੀ ਵਿੱਚ ਰਲ ਜਾਂਦੀ ਹੈ ਉਹ ਟੇਢੀਆਂ ਜੂਨਾਂ ਵਿੱਚ ਜਾਂਦਾ ਹੈ। ਜੋਗੀ ਲੋਕ ਪ੍ਰਾਨ ਤੇ ਅਪਾਨ ਵਾਯੂ ਨੂੰ ਰੋਕ ਕੇ ਪੌਣ ਦੇ ਜ਼ੋਰ ਨਾਲ ਬ੍ਰਹਮ ਰੰਧਰ ਨਾੜੀ ਨੂੰ ਭੰਨ ਕੇ ਦਸਮ ਦੁਆਰ ਰਾਹੀਂ ਪ੍ਰਾਣ ਕੱਢਦੇ ਹਨ, ਉਹ ਬ੍ਰਹਮ ਲੋਕ ਨੂੰ ਜਾਂਦੇ ਹਨ।

ਇਸੇ ਤਰ੍ਹਾਂ ਹੋਰ ਹੋਰ ਗੋਲਕਾਂ ਰਾਹੀਂ ਜੀਵ ਕਲਾ ਦੇ ਨਿੱਕਲਣ ਨਾਲ ਅੱਡ ਅੱਡ ਲੋਕਾਂ ਨੂੰ ਜਾਂਦਾ ਹੈ। ਜਿਸ ਦੇ ਕੰਨਾਂ ਰਾਹੀਂ ਪ੍ਰਾਣ ਨਿੱਕਲਦੇ ਹਨ, ਉਹ ਹਰਨ ਦੀ ਜੂਨ ਵਿੱਚ ਪੈਂਦਾ ਹੈ। ਨੇਤਰਾਂ ਦੁਆਰਾ ਪ੍ਰਾਣ ਨਿੱਕਲਣ ਕਰ ਕੇ ਪਤੰਗੇ ਦੀ ਜੂਨ ਵਿੱਚ ਜਾਂਦਾ ਹੈ। ਨਾਸਕਾਂ ਦੁਆਰਾ ਸਵਾਸ ਜਾਣ ਕਰ ਕੇ ਭੌਰੇ ਦੀ ਜੂਨ ਵਿੱਚ ਪ੍ਰਵੇਸ਼ ਕਰਦਾ ਹੈ। ਮੁੱਖ ਦੁਆਰਾ ਸਵਾਸ ਨਿੱਕਲਣ ਕਰ ਕੇ ਮੱਛੀ ਦੀ ਜੂਨੀ ਮਿਲਦੀ ਹੈ। ਨਾਭੀ ਰਸਤੇ ਸਵਾਸ ਜਾਣ ਕਰ ਕੇ ਗੰਧ੍ਰਬ ਲੋਕ ਦਾ ਵਾਸੀ ਹੁੰਦਾ ਹੈ। ਉਪਸਥ (ਲਿੰਗ) ਦੁਆਰਾ ਹਾਥੀ ਦੀ ਜੂਨ ਅਤੇ ਮੂਲਦੁਆਰੇ ਪ੍ਰਾਣ ਜਾਣ ਕਰ ਕੇ ਟੇਢੀਆਂ ਜੂਨਾਂ ਵਿੱਚ ਜਾਣਾ ਮੰਨਿਆ ਹੈ। ਗੁਰਮਤ ਵਿੱਚ ਵਾਸ਼ਨਾ ਅਨੁਸਾਰ ਜੀਵ ਦੀ ਹਾਲਤ ਕਥਨ ਕੀਤੀ ਹੈ।

ਯਥਾ: ***ਜਿਤੁ ਲਾਗੌ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥੬॥***

(ਗਉੜੀ ਮਃ ੫ - ੨੪੨)

ਲਾਹੌਰ ਵਾਸੀ ਦੁਨੀ ਚੰਦ ਦੇ ਪਿਤਾ ਦੀ ਮਾਸ ਖਾਣ ਵਿੱਚ ਸੁਰਤ ਚਲੀ ਗਈ, ਉਸ ਨੂੰ ਬਘਿਆੜ ਦੇਹੀ ਮਿਲੀ। ਬੰਦੇ ਬਹਾਦਰ ਦੇ ਗੁਰੂ ਦਾ ਫੁਰਨਾ ਕਮੀਰ ਫ਼ੁੱਲ ਵਿੱਚ ਚਲਾ ਗਿਆ, ਉਸ ਨੂੰ ਉਸ ਦਾ ਕੀੜਾ ਬਣਨਾ ਪਿਆ। ਇਹ ਤਾਂ ਹੈ ਆਮ ਲੋਕਾਂ ਦੀ ਦਸ਼ਾ, ਉਪਾਸ਼ਕ ਵਾਸਤੇ ਵੀ ਸਰੀਰ ਤਿਆਗਣ ਸਮੇਂ ਚੰਗੀ ਸਵੱਛ ਜਗ੍ਹਾ ਦੀ ਲੋੜ ਹੈ।

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥ (ਗਉੜੀ ਸੁਖਮਨੀ ਮਃ ੫ - ੨੭੩)

ਪੂਰਨ ਮਹਾਤਮਾ ਵਾਸਤੇ ਐਸਾ ਕੋਈ ਬੰਧਨ ਤੇ ਨਿਯਮ ਨਹੀਂ ਭਾਵੇਂ ਉਸ ਦਾ ਸਰੀਰ ਕਾਂਸ਼ੀ ਦੀ ਪਵਿੱਤ੍ਰ ਧਰਤੀ ਤੇ ਪਾਤ ਹੋਵੇ, ਚਾਹੇ ਮਗਹਰ ਵਿੱਚ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ। ਕਬੀਰ ਜੀ ਨੇ ਕਥਨ ਕੀਤਾ ਹੈ:

ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ ॥
ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ ॥੩॥

(ਰਾਮਕਲੀ ਭਗਤ ਕਬੀਰ ਜੀ - ੯੬੯)

ਅਥਵਾ: ਦੇਹ ਪਤਿਤੂ ਕਾਂਸੀਅੰ ਸੁਪਚਸਅਗ੍ਰਿਹ ਅਥਵਾ ਗਯਾਨ ਪ੍ਰਾਪਤੀ ਸਮਏ ਸਰਬਥਾਨ ਮੁਕਤ ਏਵਸੱਯ।

ਫੇਰ ਭੂਪਿੰਦਰ ਸਿੰਘ ਨੇ ਅਰਜ਼ ਕੀਤੀ, "ਮਹਾਰਾਜ! ਜੀਵ ਦਾ ਕੀ ਸਰੂਪ ਹੈ? ਆਪ ਜੀ ਨੇ ਕਿਹਾ:

ਦੋਹਰਾ: ਮਲਨ ਸਤੋ ਅਗਿਆਨ ਮੈ ਜੋ ਚੇਤਨ ਆਭਾਸ।
ਅਧਿਸ਼ਟਾਨ ਯੁਤ ਜੀਵ ਸੋ ਕਰਤ ਕਰਮ ਫ਼ਲ ਆਸ। (ਵਿਚਾਰ ਸਾਗਰ ਤਰੰਗ ੪)

ਭਾਵ ਮਲਨ ਸਤੋ ਗੁਨ ਸਹਿਤ ਅਗਿਆਨ ਵਿਖੇ ਜੋ ਚੇਤਨ ਦਾ ਪ੍ਰਤਿਬਿੰਬ ਪਿਆ ਹੈ, ਉਸ ਦੇ ਸਹਿਤ ਚੇਤਨ ਤੇ ਅਧਿਸ਼ਟਾਨ ਜੋ ਸਾਖੀ ਚੇਤਨ ਹੈ ਸੋ ਜੀਵ ਦਾ ਸਰੂਪ ਹੈ। ਭਾਵ ਜੋ ਕਰਮ ਕਰਦਾ ਹੈ ਉਸ ਦੇ ਫ਼ਲ ਦੀ ਆਸਾ ਕਰਦਾ ਹੈ ਇਉਂ ਕਰਤਾ ਭੋਗਤਾ ਆ ਗਿਆ। ਭਾਈ ਅਮਰੀਕ ਸਿੰਘ ਨੇ ਕਿਹਾ, "ਮਹਾਰਾਜ! ਈਸ਼ਰ ਦਾ ਕੀ ਸਰੂਪ ਹੈ?" ਸੁਧ ਸਤੋ ਗੁਨ ਸਹਿਤ ਮਾਯਾ ਵਿੱਚ ਬ੍ਰਹਮ ਦਾ ਪ੍ਰਤਿਬੰਬ ਤੇ ਬ੍ਰਹਮ ਅਤੇ ਮਾਯਾ ਮਿਲ, ਸੋ ਸ੍ਰਬੱਗ ਈਸ਼ਰ ਦਾ ਸਰੂਪ ਹੈ ਪਰ ਗਿਆਨੀ ਹੋਏ ਤੋਂ ਬ਼ਗ਼ੈਰ ਅਗਿਆਨ ਅਰ ਉਸ ਦੇ ਕਾਰਜ ਪ੍ਰਪੰਚ ਦੀ ਨਿਵਿਰਤੀ ਨਹੀਂ ਹੋ ਸਕਦੀ। ਲੇਖਕ ਨੇ ਅਰਜ਼ ਕੀਤੀ, "ਮਹਾਰਾਜ! ਵਿਦੇਹ ਮੋਖਸ਼ ਕਦੋਂ ਹੁੰਦੀ ਹੈ?"

ਉੱਤਰ ਦਿੱਤਾ:

ਗਿਆਨੁ ਓਰ ਅਗਿਅਨੁ ਨਵਿਰਤੀ ਪ੍ਰਾਰਬਧ ਭੋਗ ਅਨੰਤ੍ਰ ਅਤ੍ਵੈ ਸਤੀ।

ਅਸਥੂਲ ਸੂਖਮ ਸਰੀਰ ਅਕਾਰ ਅਗਿਆਨ ਅਸਯ ਚੇਤਨ ਲੈ ਅਤ੍ਵੈ ਵਿਦੇਹੀ ਮੁਕਤੀ ਅਤ੍ਵੈ।

ਭਾਵ ਗਿਆਨ ਦੁਆਰਾ ਅਗਿਆਨ ਦੀ ਨਵਿਰਤੀ ਹੋਕਰ ਪ੍ਰਾਰਬਧ ਕਰਮ ਭੋਗਣ ਪਸ਼ਚਾਤ ਅਸਥੂਲ ਸੂਖਮ ਸਰੀਰ ਦੇ ਅਕਾਰ ਨੂੰ ਪ੍ਰਾਪਤ ਹੋਏ ਅਗਿਆਨ ਦਾ ਚੇਤਨ ਵਿੱਚ ਲੀਨ ਹੋ ਜਾਣਾ ਵਿਦੇਹ ਮੁਕਤੀ ਕਹੀਦੀ ਹੈ।

ਉਹੋ ਹੀ ਅਸਲੀ ਜਨਮ ਮਰਨ ਤੋਂ ਰਹਿਤ ਅਮਰ ਪਦਵੀ ਹੈ ਜਿਸ ਨੂੰ ਪਾ ਕੇ ਫੇਰ ਜੀਵ ਆਤਮਾ, ਆਪਣੇ ਅਧਿਸ਼ਟਾਨ ਵਿੱਚ ਸਮਾ ਕਰ ਪੂਰਨ ਅਨੰਦ ਨੂੰ ਪਾਉਂਦਾ ਹੈ।

ਯਥਾ: *ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥*
ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥ *(ਮਾਰੂ ਮਃ ੫ - ੧੦੭੪)*

ਪ੍ਰੰਤੂ ਗੁਰੂ ਕ੍ਰਿਪਾ ਦੁਆਰਾ ਭਰਮ ਦੀ ਨਵਿਰਤੀ ਹੋਏ ਤੋਂ ਇਹ ਅਵਸਥਾ ਪ੍ਰਾਪਤ ਹੁੰਦੀ ਹੈ। ਲੇਖਕ ਨੇ ਫੇਰ ਬੇਨਤੀ ਕੀਤੀ, "ਮਹਾਰਾਜ! ਭਰਮ ਦਾ ਕੀ ਸਰੂਪ ਹੈ?"

ਯਥਾ ਸੁਰਤੀ: ਏਸ ਆਸਮਨ ਵਿਸ਼ੇਸ਼ੇ ਨਾਨਾ ਬਿਰੁਧ ਧਰਮਨੀ ਸੰਸਯ।

ਵਾ: ਏਕ ਆਸਮਨ ਵਿਸ਼ੇਸ਼ੇ ਉਭੈ ਵਿਰੁਧ ਧਰਮਨੀ ਸੰਸਯ।

ਭਾਵ ਇੱਕ ਅਧਿਸ਼ਟਾਨ ਵਿਖੇ ਨਾਨਾ ਪ੍ਰਕਾਰ ਦੇ ਸੰਸਿਆਂ ਦਾ ਉਤਪੰਨ ਹੋਣਾ ਕਿ ਇਹ ਸਰਪ ਹੈ ਜਾਂ ਰਸੀ ਹੈ, ਫੁੱਲਾਂ ਦੀ ਮਾਲਾ ਪਈ ਹੈ, ਜਾਂ ਧਰਤੀ ਦੀ ਤਰੇੜ ਹੈ? ਅਤੇ ਸ਼ਾਮ ਦੇ ਸਮੇਂ ਮੱਧਮ ਚਾਨਣੇ ਵਿੱਚ ਪਈ ਰੱਸੀ ਵਿੱਚ ਦੋ ਪ੍ਰਕਾਰ ਦਾ ਸੰਸਾ ਪੈਦਾ ਹੋਣਾ ਹੈ? ਕਿ ਇਹ ਰੱਸੀ ਹੈ? ਜਾਂ ਸਰਪ ਹੈ। ਇਸ ਦਾ ਨਾਮ ਭਰਮ ਹੈ। ਇਹ ਅੱਗੇ ਪੰਜ ਪ੍ਰਕਾਰ ਦਾ ਹੈ। ਇਹ ਭਰਮ ਵੀ ਅਵਿੱਦਿਆ ਕਰ ਕੇ ਹੀ ਹੈ?" ਮੈਂ ਫੇਰ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਅਵਿੱਦਿਆ ਦਾ ਕੀ ਸਰੂਪ ਹੈ ਅਤੇ ਇਹ ਕਿਤਨੇ ਪ੍ਰਕਾਰ ਦੀ ਹੈ?

ਹਜ਼ੂਰ ਨੇ ਉੱਤਰ ਬਖ਼ਸ਼ਿਆ, "ਅਵਿੱਦਿਆ ਦੋ ਪ੍ਰਕਾਰ ਦੀ ਹੈ। ਮੂਲਾ ਅਵਿੱਦਿਆ ਤੇ ਤੂਲਾ ਅਵਿੱਦਿਆ। ਮਲਨ ਤਮੋਗੁਣ ਸਹਿਤ ਮੂਲਾ ਅਵਿੱਦਿਆ ਜੋ ਸਾਰੇ ਪ੍ਰਪੰਚ ਦਾ ਕਾਰਣ ਹੈ। ਇਸ ਮੂਲਾ ਅਵਿੱਦਿਆ ਦਾ ਕਾਰਜ ਹੈ ਤੂਲਾ ਅਵਿੱਦਿਆ, ਜੋ ਚਾਰ ਪ੍ਰਕਾਰ ਦੀ ਹੈ:

੧) ਅਨਿੱਤ ਮੇਂ ਨਿੱਤ ਬੁੱਧੀ: ਭਾਵ ਜੋ ਆਕਾਸ਼ ਆਦਿਕ ਅਨਿੱਤ ਰੂਪ ਮਾਇਕ ਪਦਾਰਥ ਹਨ ਇਨ੍ਹਾਂ ਵਿੱਚ ਸਤਪਣੇ ਦੀ ਭਾਵਨਾ ਹੋਣੀ।

੨) ਅਨਾਤਮਾ ਮੇਂ ਆਤਮਾ ਬੁੱਧੀ: ਦੇਹ ਇੰਦ੍ਰੀਏ ਅੰਤਹਕਰਨ ਜੋ ਅਨਾਤਮ ਹਨ ਇਨ੍ਹਾਂ ਵਿੱਚ ਆਤਮ ਬੁੱਧੀ ਹੋਣੀ।

੩) ਦੁੱਖ ਮਹਿ ਸੁੱਖ ਬੁੱਧੀ: ਦੁੱਖ ਰੂਪ ਵਿਸ਼ਿਆਂ ਜਾਂ ਪਦਾਰਥਾਂ ਨੂੰ ਸੁੱਖ ਸਰੂਪ ਜਾਣਨਾ।

੪) ਅਸੁਚ ਮੇ ਸੁਚ ਬੁੱਧੀ: ਇਸਤਰੀ ਪੁੱਤਰ ਦੇ ਸਰੀਰ ਜੋ ਅਸੁਚ ਹਨ ਉਨ੍ਹਾਂ ਵਿੱਚ ਸੁਚਪਨਾ ਹੋਣਾ। ਇਸ ਦੀ ਨਵਿਰਤੀ ਗਿਆਨ ਦੁਆਰਾ ਹੁੰਦੀ ਹੈ ਭਰਮ ਦੀ ਨਵਿਰਤੀ ਪੰਜਾਂ ਦ੍ਰਿਸ਼ਟਾਂਤਾਂ ਦੁਆਰਾ ਹੁੰਦੀ ਹੈ।"

ਬੇਨਤੀ ਕੀਤੀ, "ਮਹਾਰਾਜ! ਭਰਮ ਦਾ ਕੀ ਸਰੂਪ ਹੈ?" ਉੱਤਰ ਦਿੱਤਾ ਕਿ ਜਿਹੋ ਜਿਹਾ ਪਹਿਲਾਂ ਪ੍ਰਤੀਤ ਹੋਵੇ ਵਾਸਤਵ ਵਿੱਚ ਉਹੋ ਜਿਹਾ ਨਾ ਹੋਵੇ, ਉਸ ਨੂੰ ਭਰਮ ਆਖਦੇ ਹਨ:

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥

(ਸੋਰਠਿ ਭਗਤ ਰਵਿਦਾਸ ਜੀ - ੬੫੭)

ਜਿਵੇਂ ਰੱਸੀ ਵਿੱਚ ਸਰਪ ਪ੍ਰਤੀਤ ਹੁੰਦਾ ਹੈ ਪਰ ਅਸਲ ਵਿੱਚ ਉਹ ਸਰਪ ਨਹੀਂ,ਰੱਸੀ ਹੈ। ਇਸ ਲਈ ਭਰਮ ਹੈ। ਸੋ ਭਰਮ ਪੰਜ ਪ੍ਰਕਾਰ ਦਾ ਹੈ। ਯਥਾ:

ਭੇਦ ਭਰਮ ਕਰੱਤਤ ਭਰਮ ਪੁਨ ਭਰਮ ਸੰਗ ਵਿਕਾਰ।

ਬ੍ਰਹਮ ਇਤਰ ਜਗ ਸਤ ਹੈ ਪਾਚੋਂ ਭਰਮ ਸੰਸਾਰ।

੧) ਭੇਦ ਭਰਮ: ਭੇਦ ਰਹਿਤ ਆਤਮਾ ਵਿੱਚ ਭੇਦ ਦੀ ਪ੍ਰਤੀਤੀ। ਪੁਨਾ, ਇਹ ਭੇਦ ਵੀ ਪੰਜ ਪ੍ਰਕਾਰ ਦਾ ਹੈ। (ੳ) ਜੀਵ ਈਸ਼੍ਵਰ ਦਾ ਭੇਦ। (ਅ) ਜੀਵ ਜੀਵ ਦਾ ਭੇਦ (ੲ) ਜੀਵ ਜੜ੍ਹ ਦਾ ਭੇਦ। (ਸ) ਜੜ੍ਹ ਜੜ੍ਹ ਦਾ ਭੇਦ। (ਹ) ਜੜ੍ਹ ਈਸ਼੍ਵਰ ਦਾ ਭੇਦ।

੨) ਕਰਤੱਤ ਭਰਮ: ਕਰਤਾ ਭੋਗਤਾ ਆਦਿਕ ਧਰਮਾਂ ਤੋਂ ਰਹਿਤ ਆਤਮਾ ਵਿੱਚ ਕਰਤਾ ਭੋਗਤਾ ਆਦਿਕ ਧਰਮਾਂ ਦੀ ਪ੍ਰਤੀਤੀ ਹੋਣੀ ਇਹ ਦੂਸਰਾ ਕਰਤੱਤ ਭਰਮ ਹੈ।

੩) ਸੰਗ ਭਰਮ: ਪੁਨਾ ਅਸੰਗ ਆਤਮਾ ਵਿੱਚ ਦੇਹ ਆਦਿਕਾਂ ਦੇ ਸੰਗ ਦੀ ਪ੍ਰਤੀਤੀ ਹੋਣੀ ਇਹ ਤੀਸਰਾ ਭਰਮ ਹੈ।

੪) ਵਿਕਾਰ ਭਰਮ: ਜਗਤ ਅਤੇ ਜੀਵ ਵਿੱਚ ਬ੍ਰਹਮ ਦੇ (ਵਿਕਾਰ) ਪ੍ਰਣਾਮ ਦੀ ਪ੍ਰਤੀਤੀ ਹੋਣੀ ਇਹ ਚੌਥਾ ਭਰਮ ਹੈ।

੫) ਬ੍ਰਹਮ ਇਤਰ ਜਗ ਸਤ ਹੈ: ਬ੍ਰਹਮ ਤੋਂ ਬਿਨਾਂ ਸੱਤਾ ਰਹਿਤ ਜਗਤ ਵਿੱਚ ਸੱਤਤਾ ਦੀ ਪ੍ਰਤੀਤੀ ਹੋਣੀ ਇਹ ਪੰਜਵਾਂ ਭਰਮ ਹੈ। ਇਹ ਭੀ ਪੰਜਾਂ ਦ੍ਰਿਸ਼ਟਾਂਤਾਂ ਨਾਲ ਦੂਰ ਹੁੰਦੇ ਹਨ:

ਯਥਾ: ਬਿੰਬ ਪਤ੍ਰਿਬਿੰਬ ਲੋਹਤ ਸਫਟਕ, ਘਟਾਕਾਸ ਗੁਨਮਾਰ।

ਕਨਕ ਕੁੰਡਲ ਦ੍ਰਿਸ਼ਟਾਂਤ ਤੇ ਪਾਂਚੋ ਭਰਮ ਨਿਵਾਰ।

ਪਹਿਲਾਂ ਬਿੰਬ ਪ੍ਰਤੀਬਿੰਬ ਦੇ ਦ੍ਰਿਸ਼ਟਾਂਤ ਕਰ ਕੇ ਭੇਦ ਭਰਮ ਦੀ ਨਵਿਰਤੀ ਹੁੰਦੀ ਹੈ ਜਿਵੇਂ ਸ਼ੀਸ਼ੇ ਦੀ ਉਪਾਧੀ ਕਰ ਕੇ ਚੇਹਰੇ ਦਾ ਅਕਸ ਸ਼ੀਸ਼ੇ ਵਿੱਚ ਨਜ਼ਰ ਆਉਂਦਾ ਹੈ ਪਰ ਉਹ ਅਕਸ ਚੇਹਰੇ ਨਾਲੋਂ ਅੱਡ ਨਹੀਂ ਹੈ ਇਸ ਲਈ ਉਹਦਾ ਵੱਖਰਾ ਪ੍ਰਤੀਤ ਹੋਣਾ ਸ਼ੀਸ਼ੇ ਕਰ ਕੇ ਸੀ ਜੋ ਭਰਮ ਰੂਪ ਸੀ ਸੋ ਉਸ ਪ੍ਰਤਿਬਿੰਬ ਦੀ ਭਿੰਨ ਪ੍ਰਤੀਤੀ ਦਾ ਮਿਥਿਆ ਰੂਪ ਬਾਧ ਕਰ ਕੇ ਬਿੰਬ ਅਤੇ ਪ੍ਰਤਿਬਿੰਬ ਦਾ ਅਭੇਦ ਨਿਸ਼ਚੇ ਹੋ ਰਿਹਾ ਹੈ।

ਇਸੇ ਤਰ੍ਹਾਂ ਅਗਿਆਨ ਰੂਪੀ ਸ਼ੀਸ਼ੇ ਵਿੱਚ ਬਿੰਬ ਰੂਪ ਬ੍ਰਹਮ ਦਾ ਪ੍ਰਤਿਬਿੰਬ ਰੂਪ ਜੀਵ ਭਾਸਦਾ ਹੈ। ਪਰ ਪ੍ਰਤਿਬਿੰਬ ਰੂਪ ਜੀਵ, ਬਿੰਬ ਰੂਪ ਬ੍ਰਹਮ ਤੋਂ ਜੁਦਾ ਨਹੀਂ, ਉਸ ਦਾ ਅਡਰਾਪਨ ਭਰਮ ਕਰ ਕੇ ਹੀ ਹੈ।

ਯਥਾ: *ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥*
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥ (ਧਨਾਸਰੀ ਮਃ ੯ - ੬੮੪)

ਤਥਾ: *ਐਸੋ ਰਾਮ ਰਾਇ ਅੰਤਰਜਾਮੀ ॥ ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥*

(ਕਾਨੜਾ ਭਗਤ ਨਾਮਦੇਵ ਜੀ - ੧੩੧੮)

ਹੋਰ ਦ੍ਰਿਸ਼ਟਾਂਤ: ਜਿਵੇਂ ਸੂਰਜ ਦਾ ਪ੍ਰਤਿਬਿੰਬ ਘਟ ਉਪਾਧੀ ਕਰ ਕੇ ਭਿੰਨ ਪ੍ਰਤੀਤ ਹੁੰਦਾ ਹੈ। ਜਿਸ ਵੇਲੇ ਡੰਡੇ ਨਾਲ ਘਟ ਭੰਨ ਦਿੱਤਾ ਤਾਂ ਉਹ ਪ੍ਰਤਿਬਿੰਬ ਸੂਰਜ ਨਾਲ ਹੀ ਮਿਲ ਗਿਆ। ਇਸੇ ਤਰ੍ਹਾਂ ਅੰਤਹਕਰਨ ਰੂਪ ਘਟ ਉਪਾਧੀ ਕਰ ਕੇ ਬ੍ਰਹਮ ਨਾਲੋਂ ਜੀਵ ਅੱਡ ਪ੍ਰਤੀਤ ਹੁੰਦਾ ਹੈ। ਜਦੋਂ ਗਿਆਨ ਰੂਪ ਡੰਡੇ ਨਾਲ ਅੰਤਹਕਰਨ ਰੂਪ ਘਟ ਦੀ ਨਵਿਰਤੀ ਹੋ ਗਈ, ਫੇਰ ਜੀਵ ਤੇ ਬ੍ਰਹਮ ਦਾ ਅਭੇਦ ਨਿਸ਼ਚੇ ਕੀਤਾ।

ਯਥਾ: *ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥*
ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥

(ਆਸਾ ਭਗਤ ਕਬੀਰ ਜੀ - ੪੭੫)

ਵਾਸਤਵ ਵਿੱਚ ਤਾਂ:

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥ (ਭੈਰਉ ਮਃ ੧ - ੧੧੫੩)

ਇਤਿਆਦਿਕ ਗੁਰ ਵਾਕਾਂ ਦੁਆਰਾ ਜੀਵ ਬ੍ਰਹਮ ਦੇ ਭੇਦ ਨੂੰ ਮਿਥਿਆ ਜਾਣ ਕੇ ਅਭੇਦ ਨਿਸ਼ਚੇ ਕਰੇ। ਇਸੇ ਤਰ੍ਹਾਂ ਹੀ ਹੋਰ ਭੇਦਾਂ ਨੂੰ ਨਵਿਰਤ ਕਰੇ, ਕਿਉਂਕਿ ਸਾਰੇ ਭੇਦ ਉਪਾਧਕ ਹਨ। ਉਪਾਧੀ ਦੀ ਦ੍ਰਿਸ਼ਟੀ ਤਿਆਗ ਕੇ ਉਨ੍ਹਾਂ ਦੇ ਅਭੇਦ ਜਾਣ ਲਵੇ। ਜੀਵ ਈਸ਼ੂਰ ਦਾ ਭੇਦ, ਅਵਿੱਦਿਆ ਮਾਇਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਹੈ। ਜੀਵ ਜੀਵ ਦਾ ਭੇਦ ਨਾਨਾ ਅਵਿੱਦਿਆ ਅਕਸ ਉਪਾਧੀ ਦੀ ਦ੍ਰਿਸ਼ਟੀ ਕਰਕੇ ਹੈ। ਜੀਵ ਜੜ੍ਹ ਦਾ ਭੇਦ, ਮਲਨ ਸਤ ਪ੍ਰਧਾਨ, ਅਵਿੱਦਿਆ ਅਤੇ ਕੇਵਲ ਤਮ ਪ੍ਰਧਾਨ ਅਵਿੱਦਿਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਹੈ ਅਤੇ ਇਸ ਤਰ੍ਹਾਂ ਜੜ੍ਹ ਜੜ੍ਹ ਦਾ ਭੇਦ ਕੇਵਲ ਤਮ ਪ੍ਰਧਾਨ ਅਵਿੱਦਿਆ ਅਤੇ ਸਤੋ ਪ੍ਰਧਾਨ ਮਾਇਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਹੈ।

ਇਨ੍ਹਾਂ ਸਾਰੀਆਂ ਉਪਾਧੀਆਂ ਦੀ ਦ੍ਰਿਸ਼ਟੀ ਛੱਡ ਕੇ ਸਾਰੇ ਪਦਾਰਥਾਂ ਦਾ ਚੇਤਨ ਨਾਲ ਅਭੇਦ ਨਿਸ਼ਚੇ ਕਰੇ। ਇਸ ਤਰ੍ਹਾਂ ਬਿੰਬ ਪ੍ਰਤਿਬਿੰਬ ਦੇ ਦ੍ਰਿਸ਼ਟਾਂਤ ਦੁਆਰਾ ਭੇਦ ਭਰਮ ਦੀ ਨਵਿਰਤੀ ਕਰੇ। ਦੂਜੇ ਕਰੱਤਤ ਭਰਮ ਦੀ ਨਵਿਰਤੀ ਲੋਹਤ, ਭਾਵ ਜਪਾ ਫੁੱਲ ਅਤੇ ਸਫਟਕ ਮਣੀ ਦੇ ਦ੍ਰਿਸ਼ਟਾਂਤ ਦੁਆਰਾ ਕਰੇ। ਜਿਵੇਂ ਲਾਲ ਰੰਗ ਦੇ ਫੁੱਲ ਕੋਲ ਰੱਖਿਆ ਸਫਟਕ ਮਣੀ ਵਿੱਚ ਫੁੱਲ ਦਾ ਲਾਲ ਰੰਗ ਸੰਜੋਗ ਸਬੰਧ ਸੇ ਭਾਸਦਾ ਹੈ, ਪਰ ਉਹ ਫੁੱਲ ਦਾ ਧਰਮ ਹੈ। ਫੁੱਲ ਅਤੇ ਸਫਟਕ ਮਣੀ ਦੇ ਅੱਡ ਹੋਣ ਕਰ ਕੇ ਫੇਰ ਉਹ ਰੰਗ ਸਫਟਕ ਵਿੱਚ ਨਹੀਂ ਭਾਸਦਾ। ਸੋ ਉਹ ਲਾਲ ਰੰਗ ਸਫਟਕ ਮਣੀ ਦਾ ਧਰਮ ਜੋ ਕਰਤਾ ਭੋਗਤਾ ਪਣਾ ਹੈ, ਸੋ ਆਤਮਾ ਵਿੱਚ ਤਦਾਤਮ ਸਬੰਧ ਕਰ ਕੇ ਭਾਸਦਾ ਹੈ। ਪਰ ਉਹ ਅੰਤਹਕਰਨ ਦਾ ਧਰਮ ਹੈ ਸਖੋਪਤੀ ਵਿੱਚ ਅੰਤਹਕਰਨ ਅਤੇ ਆਤਮਾ ਦਾ ਸਬੰਧ ਨਹੀਂ ਹੁੰਦਾ। ਉਹ ਆਤਮਾ ਵਿੱਚ ਭਾਸਦਾ ਨਹੀਂ। ਇਸ ਕਰ ਕੇ ਆਤਮਾ ਦਾ

ਧਰਮ ਨਹੀਂ, ਪਰ ਆਤਮਾ ਵਿੱਚ ਕਰਤਾ ਭੋਗਤਾ ਪਣ ਭਰਮ ਕਰ ਕੇ ਭਾਸਦਾ ਹੈ। ਇਉਂ ਸਫਟਕ ਮਣੀ ਵਿੱਚ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਦੁਆਰਾ ਕਰਤਾ ਭੋਗਤਾ ਪਣੇ ਦੇ ਭਰਮ ਦੀ ਨਵਿਰਤੀ ਹੁੰਦੀ ਹੈ। ਤੀਸਰੇ ਰੰਗ ਭਰਮ ਦੀ ਨਵਿਰਤੀ ਘਟਾ ਕਾਸ ਦੇ ਦ੍ਰਿਸ਼ਟਾਂਤ ਨਾਲ ਕਰੇ। ਜਿਸ ਪ੍ਰਕਾਰ ਘਟ ਉਪਾਧੀ ਵਾਲਾ ਅਕਾਸ਼ ਘਟਾਕਾਸ ਹੈ। ਸੋ ਅਕਾਸ਼ ਘੜੇ ਦੇ ਸੰਗ ਕਰ ਕੇ ਪ੍ਰਤੀਤ ਹੁੰਦਾ ਹੈ। ਤਦ ਭੀ ਘੜੇ ਦੇ ਧਰਮ ਉਤਪਤੀ, ਨਾਸ, ਗਮਨ ਆਗਮਨ ਆਦਿਕ ਹਨ। ਉਹ ਅਕਾਸ਼ ਨੂੰ ਸਪਰਸ਼ ਨਹੀਂ ਕਰਦੇ। ਅਕਾਸ਼ ਅਸੰਗ ਹੈ। ਜੇਹੜਾ ਅਕਾਸ਼ ਦਾ ਸਬੰਧ ਘੜੇ ਨਾਲ ਪਰਤੀਤੀ ਹੋ ਰਿਹਾ ਹੈ, ਉਹ ਭਰਮ ਕਰ ਕੇ ਹੈ। ਇਸ ਤਰ੍ਹਾਂ ਦੇਹ ਆਦਿਕ ਸੰਘਾਤ ਰੂਪ ਉਪਾਧੀ ਵਾਲਾ ਆਤਮਾ ਜੀਵ ਆਖੀਦਾ ਹੈ। ਆਤਮਾ ਦੇਹ ਆਦਿਕਾਂ ਦੇ ਨਾਲ ਭਾਸਦਾ ਹੈ। ਤਦ ਭੀ ਦੇਹ ਆਦਿਕਾਂ ਦੇ ਜੋ ਜਨਮ ਮਰਨ ਆਦਿ ਧਰਮ ਹਨ, ਉਹ ਆਤਮਾ ਨਾਲ ਸਪਰਸ਼ ਨਹੀਂ ਕਰਦੇ ਕਿਉਂਕਿ ਦੇਹ ਆਦਿਕ ਸੰਘਾਤ ਦ੍ਰਿਸ਼ ਭਾਵ ਦਿੱਸਣੇ ਵਾਲੇ ਹਨ ਤੇ ਆਤਮਾ ਦ੍ਰਿਸ਼ਟਾ ਦੇਖਣੇ ਵਾਲਾ ਹੈ। ਇਸ ਲਈ ਆਤਮਾ ਸੰਘਾਤ ਤਿੰਨ ਸਰੀਰਾਂ ਤੋਂ ਨਿਆਰਾ ਭਾਵ ਅਸੰਗ ਹੈ।

ਯਥਾ: *ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥*

(ਧਨਾਸਰੀ ਮਃ ੯ - ੬੮੪)

ਜਿਸ ਕਰ ਕੇ ਆਤਮਾ ਸੰਘਾਤ ਰੂਪ ਨਹੀਂ। ਇਸ ਕਰ ਕੇ ਆਤਮਾ ਦਾ ਸੰਘਾਤ ਨਾਲ ਹੰਗਤਾ ਰੂਪ ਸਬੰਧ ਨਹੀਂ ਔਰ ਆਤਮਾ ਦਾ ਸੰਘਾਤ ਨਹੀਂ, ਕਿੰਤੂ ਪੰਜ ਮਹਾਂ ਭੂਤਾਂ ਦਾ ਸੰਘਾਤ ਹੈ। ਇਸ ਕਰ ਕੇ ਆਤਮਾ ਦਾ ਸੰਘਾਤ ਨਾਲ ਮਮਤਾ ਰੂਪ ਸਬੰਧ ਵੀ ਨਹੀਂ। ਇਸ ਕਰ ਕੇ ਆਤਮਾ ਸੰਘਾਤ ਤਿੰਨਾਂ ਸਰੀਰਾਂ ਤੋਂ ਨਿਆਰਾ ਹੈ। ਤਾਂ ਤੇ ਆਤਮਾ ਦਾ ਸੰਘਾਤ ਦੇ ਸਬੰਧੀ ਇਸਤ੍ਰੀ ਪੁੱਤਰ ਘਰ ਆਦਿਕਾਂ ਨਾਲ ਭੀ ਮਮਤਾ ਰੂਪ ਸੰਬੰਧ ਨਹੀਂ ਹੈ। ਐਸੇ ਆਤਮਾ ਅਸੰਗ ਹੈ, ਪਰ ਹੰਗਤਾ ਮਮਤਾ ਰੂਪ ਸੰਬੰਧ ਦੇਹ ਆਦਿਕਾਂ ਦਾ ਆਤਮਾ ਵਿਖੇ ਭਰਮ ਕਰ ਕੇ ਪ੍ਰਤੀਤ ਹੁੰਦਾ ਹੈ। ਇਸ ਪ੍ਰਕਾਰ ਆਤਮਾ ਨੂੰ ਅਸਲ ਵਿੱਚ ਅਸੰਗ ਜਾਣ ਕੇ ਘਟਾਕਾਸ਼ ਦੇ ਦ੍ਰਿਸ਼ਟਾਂਤ ਦੁਆਰਾ 'ਸੰਗ ਭਰਮ' ਦੀ ਨਵਿਰਤੀ ਕਰੇ। ਚੌਥੇ ਵਿਕਾਰ ਭਰਮ ਦੀ ਨਵਿਰਤੀ ਰੱਸੀ ਵਿੱਚ ਕਲਪਤ ਸਰਪ ਦੇ ਦ੍ਰਿਸ਼ਟਾਂਤ ਨਾਲ ਦੂਰ ਕਰੇ। ਜਿਸ ਤਰ੍ਹਾਂ ਰੱਸੀ ਨੂੰ ਵਿਸ਼ੇ ਕਰਨ ਵਾਸਤੇ ਨਿੱਕਲੀ ਜੇੜ੍ਹੀ ਅੰਤਹਕਰਨ ਦੀ ਬਿਰਤੀ ਹੈ, ਉਹ ਮੱਧਮ ਚਾਨਣੇ ਕਰ ਕੇ ਰੱਸੀ ਦੇ ਅਵਰਨ ਨੂੰ ਦੂਰ ਨਹੀਂ ਕਰ ਸਕਦੀ। ਤਦੋਂ ਰੱਸੀ ਅਵਛਿੰਨ ਚੇਤਨ ਵਿੱਚ ਇਸਥਿਤ ਤੂਲਾ ਅਵਿੱਦਿਆ ਵਿੱਚ ਖੋਭ ਹੋ ਕਰਕੇ ਉਹ ਅਵਿੱਦਿਆ ਸਰਪਾਕਾਰ ਪ੍ਰਣਾਮ ਨੂੰ ਪ੍ਰਾਪਤ ਹੁੰਦੀ ਹੈ।

ਉਹ ਸਰਪ ਅਵਿੱਦਿਆ ਦਾ ਪ੍ਰਣਾਮ ਹੈ ਅਤੇ ਰੱਸੀ ਅਵਛਿੰਨ ਚੇਤਨ ਦਾ ਵਿਵਰਤ ਹੈ, ਪ੍ਰਣਾਮ ਨਹੀਂ ਹੈ। ਇਸੀ ਪ੍ਰਕਾਰ ਬ੍ਰਹਮ ਚੇਤਨ ਦੇ ਆਸ੍ਰਿਤ, ਜੋ ਮੂਲਾ ਅਵਿੱਦਿਆ ਹੈ ਸੋ ਪ੍ਰਾਰਬਧ ਰੂਪ ਨਮਿਤ ਨੂੰ ਪਾ ਕੇ ਜੜ੍ਹ ਚੇਤਨ ਪ੍ਰਪੰਚ ਰੂਪ ਵਿਕਾਰ ਨੂੰ ਧਾਰਨ ਕਰਦੀ ਹੈ। ਸੋ ਪ੍ਰਪੰਚ ਅਵਿੱਦਿਆ ਦਾ ਪ੍ਰਣਾਮ ਹੈ ਅਤੇ ਬ੍ਰਹਮ ਚੇਤਨ ਦਾ ਵਿਵਰਤ ਹੈ, ਪ੍ਰਣਾਮ ਨਹੀਂ। ਸੋ ਇਹ ਪ੍ਰਪੰਚ ਦਾ ਅਧਿਸ਼ਠਾਨ ਬ੍ਰਹਮ ਹੈ। ਉਸ ਦੇ ਗਿਆਨ ਕਰ ਕੇ ਹੀ ਭਰਮ ਦੀ ਨਵਿਰਤੀ ਹੁੰਦੀ ਹੈ।

ਯਥਾ: *ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥ ਅਨਦ ਰੂਪੁ ਸਭੁ ਨੈਨ ਅਲੋਇਆ ॥੪॥੧੭॥੬੮॥*

(ਆਸਾ ਮਃ ੫ - ੩੬੭)

ਸੋ ਬ੍ਰਹਮ ਆਤਮਾ ਨੂੰ ਨਿਰ ਵਿਕਾਰ ਜਾਣ ਕੇ ਰੱਸੀ ਅਤੇ ਸਰਪ ਦੇ ਦ੍ਰਿਸ਼ਟਾਂਤ ਦੁਆਰਾ ਭਰਮ ਦੀ ਨਵਿਰਤੀ ਕਰੋ। ਬ੍ਰਹਮ ਇਤਰ ਜਗ ਸਤ ਹੈ।

ਇਸ ਪੰਜਵੇਂ ਭਰਮ ਦੀ ਨਵਿਰਤੀ ਕਨਕ ਕੁੰਡਲ ਦੇ ਦ੍ਰਿਸ਼ਟਾਂਤ ਦੁਆਰਾ ਕਰੋ। ਜਿਸ ਤਰ੍ਹਾਂ ਸੋਨੇ ਅਤੇ ਕੁੰਡਲਾਂ ਦਾ ਕਾਰਣ ਕਾਰਜ ਭਾਵ ਕਰ ਕੇ ਭੇਦ ਪ੍ਰਤੀਤ ਹੁੰਦਾ ਹੈ, ਪਰ ਉਹ ਕਲਪਤ ਹੈ। ਕਿਉਂਕਿ ਸੋਨੇ ਤੋਂ ਭਿੰਨ ਕੁੰਡਲਾਂ ਦਾ ਭਿੰਨ ਸਰੂਪ ਦੇਖਣ ਵਿੱਚ ਨਹੀਂ ਆਉਂਦਾ। ਇਸ ਕਰ ਕੇ ਇਹ ਵਾਸਤਵ ਅਭੇਦ ਹੈ। ਤਾਂ ਤੇ ਸੋਨੇ ਨਾਲੋਂ ਕੁੰਡਲ ਦੀ ਵੱਖਰੀ ਸੱਤਿਆ ਕੁੱਝ ਭੀ ਨਹੀਂ। ਇਸੇ ਤਰ੍ਹਾਂ ਬ੍ਰਹਮ ਅਤੇ ਜਗਤ ਦਾ ਕਾਰਣ ਕਾਰਜ ਭਾਵ ਕਰ ਕੇ ਭੇਦ ਪ੍ਰਤੀਤ ਹੁੰਦਾ ਹੈ, ਪਰ ਉਹ ਭੇਦ ਕਲਪਤ ਹੈ। ਵਾਸਤਵ ਸੇ ਅਸਤੀ, ਭਾਂਤੀ, ਪ੍ਰੇਯ ਤੋਂ ਨਾਮ ਰੂਪ ਜੇ ਪ੍ਰਪੰਚ ਹੈ ਉਹ ਵੱਖਰਾ ਸਤ ਸਿਧ ਨਹੀਂ ਹੁੰਦਾ, ਕਲਪਤ ਸਿੱਧ ਹੁੰਦਾ ਹੈ।

ਯਥਾ: *ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥*

(ਬਸੰਤੁ ਮਃ ੯ - ੧੧੮੭)

ਸੋ ਕਲਪਤ ਦੀ ਸੱਤਾ ਅਧਿਸ਼ਠਾਨ ਤੋਂ ਭਿੰਨ ਸਿੱਧ ਨਹੀਂ ਹੁੰਦੀ, ਕਿੰਤੂ ਅਧਿਸ਼ਠਾਨ ਦੀ ਸੱਤਾ ਕਰਕੇ ਤਿਸ ਦੀ ਸੱਤਾ ਹੁੰਦੀ ਹੈ।

ਇਸ ਪ੍ਰਕਾਰ ਸਾਰੇ ਭਰਮਾਂ ਦੀ ਨਵਿਰਤੀ ਕਰੇ। ਫੇਰ ਜੋ ਅਧਿਆਸ ਹੈ ਹੋਰ ਦਾ ਹੋਰ ਪ੍ਰਤੀਤ ਹੋਣਾ, ਇਹ ਵੀ ਦੂਰ ਹੋ ਜਾਂਦਾ ਹੈ। ਕਿਉਂਕਿ ਇਹ ਅਧਿਆਸ ਭੀ ਆਤਮਾ ਅੱਗੇ ਇੱਕ ਪੜਦਾ ਹੈ। ਫਿਰ ਲੇਖਕ ਨੇ ਅਰਜ਼ ਕੀਤੀ, "ਮਹਾਰਾਜ! ਕ੍ਰਿਪਾ ਕਰ ਕੇ ਦੱਸੋ ਜੋ ਅਧਿਆਸ ਕਿਸ ਨੂੰ ਕਹਿੰਦੇ ਹਨ ਅਤੇ ਇਹ ਕਿਤਨੇ ਪ੍ਰਕਾਰ ਦਾ ਹੈ ਅਤੇ ਕਿਸ ਤਰ੍ਹਾਂ ਦੂਰ ਹੁੰਦਾ ਹੈ?"

ਆਪ ਜੀ ਬੋਲੇ ਲਓ ਸੁਣੋ! ਦੇਹ ਨੂੰ ਜੇਹੜਾ ਆਤਮਾ ਸਮਝਣਾ ਹੈ ਏਸੇ ਨੂੰ ਅਧਿਆਸ ਕਹਿੰਦੇ ਹਨ। ਅਧਿਆਸ ਦੀ ਸਮੱਗਰੀ ਪੰਜ ਪ੍ਰਕਾਰ ਦੀ ਹੈ।

ਯਥਾ: ਸਤ ਵਸਤੂ ਕੇ ਗਿਆਨ ਤੇ ਸੰਸਕਾਰ ਇੱਕ ਜਾਨ। ਤ੍ਰਿਬਿਧਿ ਦੋਸ਼ ਅਗਿਆਨ ਪੁਨ ਸਾਮਗਰੀ ਪਹਿਚਾਨ।

ਭਾਵ ਸਤ ਵਸਤੂ ਦੇ ਅਗਿਆਨ ਜਨ ਸੰਸਕਾਰ ਤੇ ਤਿੰਨ ਪਰਕਾਰ ਦੇ ਦੋਸ਼ ਹਨ।

ਪਰਮੇਸ਼ ਦਾ ਦੋਸ਼: ਵਸਤੂ ਦਾ ਸਦਰਸ ਆਦਿ ਦੋਸ਼।

ਪਰਮਾਤਾ ਦਾ ਦੋਸ਼: ਅੰਤਹਕਰਨ ਦਾ ਲੋਭ ਭੈ ਆਦਿ ਦੋਸ਼।

ਪ੍ਰਮਾਣ ਦਾ ਦੋਸ਼: ਨੇਤਰ ਦਾ ਪਿਤ ਕਮਲ ਆਦਿ ਦੋਸ਼।

ਅਧਿਸ਼ਠਾਨ ਦੇ ਵਿਸ਼ੇਸ਼ ਰੂਪ ਦਾ ਅਗਿਆਨ। ਇਹ ਪੰਜ ਪ੍ਰਕਾਰ ਅਧਿਆਸ ਦੀ ਸਾਮਗ੍ਰੀ ਹੈ। ਮਿਥਿਆ ਪ੍ਰਤੀਤੀ ਦਾ ਨਾਮ ਅਧਿਆਸ ਹੈ ਰਜੂ ਮੇ ਸਰਪ, ਸਿਕਤਾ ਮੇ ਚਾਂਦੀ ਆਦਿਕ। ਇਸ ਦੀ ਨਵਿਰਤੀ ਭੀ ਬ੍ਰਹਮਗਿਆਨ ਦੁਆਰਾ ਹੀ ਹੁੰਦੀ ਹੈ।

ਇਹ ਸਾਰਾ ਅਗਿਆਨ ਤੇ ਉਸ ਦਾ ਕਾਰਜ ਪ੍ਰਪੰਚ ਚੇਤਨ ਦੀ ਸਤਾ ਕਰ ਕੇ ਹੀ ਪ੍ਰਤੀਤ ਹੋ ਰਿਹਾ ਹੈ।

ਭਾਈ ਅਮਰੀਕ ਸਿੰਘ ਨੇ ਅਰਜ਼ ਕੀਤੀ, "ਮਹਾਰਾਜ! ਸੱਤਾ ਕਿਤਨੇ ਪ੍ਰਕਾਰ ਦੀ ਹੈ?" ਆਪ ਜੀ ਬੋਲੇ, "ਸਾਰੀਆਂ ਤਿੰਨ ਸੱਤਾ ਕਥਨ ਕੀਤੀਆਂ ਹਨ।

੧) ਵਿਵਹਾਰਕ ਸੱਤਾ, (੨) ਪ੍ਰਤੀ ਭਾਸਕ ਸੱਤਾ, (੩) ਪਰਮਾਰਥ ਸੱਤਾ।

੧) ਮੂਲ ਅਵਿੱਦਿਆ ਦੇ ਕਾਰਜ ਜੋ ਜਾਗ੍ਰਤ ਅਵਸਥਾ ਦੇ ਪਦਾਰਥ ਈਸ਼੍ਵਰ ਸ੍ਰਿਸਟੀ ਹੈ ਉਨ੍ਹਾਂ ਵਿੱਚ ਵਿਵਹਾਰਕ ਸੱਤਾ ਹੈ। ਜਨਮ ਮਰਨ ਬੰਧ ਮੋਖ ਆਦਿਕ ਵਿਹਾਰ ਦੇ ਸਿਧ ਕਰਨ ਵਾਲੀ ਜੋ ਸੱਤਾ ਭਾਵ ਹੋਂਦ ਹੈ ਉਸ ਨੂੰ ਵਿਹਾਰਕ ਸੱਤਾ ਕਹਿੰਦੇ ਹਨ। ਜਿਨ੍ਹਾਂ ਪਦਾਰਥਾਂ ਦਾ ਬ੍ਰਹਮਗਿਆਨ ਕਰ ਕੇ ਬਾਧ ਹੁੰਦਾ ਹੈ ਉਨ੍ਹਾਂ ਪਦਾਰਥਾ ਵਿੱਚ ਵਿਹਾਰਕ ਸੱਤਾ ਹੁੰਦੀ ਹੈ।

੨) ਬ੍ਰਹਮ ਗਿਆਨ ਤੋਂ ਬਿਨਾਂ ਹੀ ਜਿਨ੍ਹਾਂ ਦਾ (ਬਾਧ) ਨਾਸ ਹੁੰਦਾ ਹੈ ਉਨ੍ਹਾਂ ਪਦਾਰਥਾਂ ਵਿੱਚ ਪ੍ਰਤੀਭਾਸਕ ਸੱਤਾ ਕਥਨ ਕੀਤਾ ਹੈ। ਜਿਵੇਂ ਬ੍ਰਹਮ ਗਿਆਨ ਤੋਂ ਬਿਨਾਂ ਹੀ ਸਿੱਪੀ ਵਿੱਚ ਚਾਂਦੀ, ਰੱਸੀ ਵਿੱਚ ਸਰਪ ਤੇ ਮਾਰੂਥਲ ਵਿੱਚ ਜਲ ਦਾ ਬਾਧ ਹੋਵੇ। ਇਸ ਲਈ ਸਿੱਪੀ, ਰੱਸੀ, ਮਾਰੂਥਲ ਆਦਿਕਾਂ ਵਿੱਚ ਪ੍ਰਤਿਭਾਸਕ ਸੱਤਾ ਹੈ। ਪ੍ਰਤਿਭਾਸਕ ਸੱਤਾ ਉਸ ਨੂੰ ਕਹਿੰਦੇ ਹਨ ਜੋ ਕੇਵਲ ਪ੍ਰਤੀਤੀ ਮਾਤ੍ਰ ਹੋਵੇ।

੩) ਜਿਸ ਦਾ ਤਿੰਨਾਂ ਕਾਲਾਂ ਵਿੱਚ ਬਾਧ ਨਾ ਹੋਵੇ ਉਸ ਦੀ ਪ੍ਰਮਾਰਥਕ ਸੱਤਾ ਕਥਨ ਕੀਤੀ ਹੈ। ਚੇਤਨ ਦਾ ਬਾਧ ਕਰਦੇ ਨਹੀਂ ਹੁੰਦਾ ਇਸ ਕਰ ਕੇ ਪਰਮਾਰਥਕ ਸੱਤਾ ਚੇਤਨ ਦੀ ਕਥਨ ਕੀਤੀ ਹੈ।"

ਜਥੇਦਾਰ ਮਹਿੰਦਰ ਸਿੰਘ ਨੂੰ ਮੁਖਾਤਬ ਕਰ ਕੇ ਬਚਨ ਕੀਤਾ, "ਜਥੇਦਾਰਾ! ਗਿਆਨਵਾਨ ਮਹਾਤਮਾ ਤਾਂ ਸਾਰੇ ਪ੍ਰਪੰਚ ਵਿੱਚ ਆਪਣਾ ਹੀ ਸਰੂਪ ਨਿਸ਼ਚੇ ਕਰਦਾ ਹੈ।"

ਯਥਾ: ***ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥***

(ਆਸਾ ਭਗਤ ਨਾਮਦੇਵ ਜੀ - ੪੮੫)

ਜਿਸ ਪ੍ਰਕਾਰ ਉਨ੍ਹਾਂ ਦੀ ਮਾਲਾ ਵਿੱਚ ਸਤ ਸਹੰਸ, ਸੈਂਕੜੇ ਹਜ਼ਾਰਾਂ ਉਨ ਦੇ ਮਣਕਿਆਂ ਵਿੱਚ ਸੂਤਰ ਇੱਕੋ ਹੈ, ਇਸੀ ਤਰ੍ਹਾਂ ਸਾਰੇ ਸਰੀਰਾਂ ਰੂਪ ਮਾਣਕਿਆਂ ਵਿੱਚ ਓਤਿ ਪੋਤਿ, ਤਾਣੇ ਪੇਟੇ ਵਤ ਉਹ ਇੱਕ ਪ੍ਰਭੂ ਹੀ ਪੂਰਨ ਹੈ।

ਯਥਾ: ਮਤਾ ਪਰ ਤਰੰਗ ਨਾਨਿਅਤ ਕਿੰਚਤ ਅਸਤਿ ਧਨੰਜੈ।

ਮਈ ਸਰਬ ਮਿਦੋ ਪਰੋਤਮ ਸੂਤ੍ਰੈ ਮਣੀ ਗਣਾਇਵ। (ਗੀਤਾ)

ਹੇ ਅਰਜਨ! ਮੇਰੇ ਤੋਂ ਬਿਨਾਂ ਹੋਰ ਕੁਛ ਭੀ ਨਹੀਂ ਹੈ। ਮੇਰੇ ਵਿੱਚ ਹੀ ਇਹ ਸਾਰਾ ਸੰਸਾਰ ਪਰੋਇਆ ਹੋਇਆ ਹੈ, ਜੈਸੇ ਧਾਗਾ ਸਾਰੀਆਂ ਮਣੀਆਂ 'ਚ ਪ੍ਰੋਤਾ ਹੈ।

ਸੋ ਇਹ ਏਕਤਾਵਾਦੀ ਅਦ੍ਵੈਤ ਸਿਧਾਂਤ ਤੇ ਜੀਵ ਈਸ਼੍ਵਰ ਦੀ ਅਭੇਦਤਾ ਵਾਲੇ ਆਖ਼ਰੀ ਅਤੇ ਅੰਤਮ ਬਚਨ ਸਨ ਜੋ ਨਿਕਟਵਰਤੀ ਸੇਵਾਦਾਰਾਂ ਤੇ ਕ੍ਰਿਪਾ ਕਰ ਕੇ ਕਹੇ।

ਸੰਤ ਜੀ ਦਾ ਜੋਤੀ ਜੋਤ ਸਮਾਉਣਾ

੨੬-੮-੭੫ ਦੇ ਅੰਮ੍ਰਿਤ ਵੇਲੇ ਰਾਤ ਦੇ ਡੇਢ ਵਜੇ ਰੋਜ਼ ਵਾਂਗ ਚਾਹ ਛਕੀ। ਸਰੀਰਕ ਕ੍ਰਿਆ ਕਰ ਦੋ ਵਜੇ ਸਕੇਸੀ ਇਸ਼ਨਾਨ ਕੀਤਾ ਫੇਰ ਸਮਾਧੀ ਵਿੱਚ ਬੈਠ ਗਏ। ਸਾਢੇ ਪੰਜ ਵਜੇ ਦੁਬਾਰਾ ਚਾਹ ਦੇ ਨਾਲ ਟੋਸਟ ਛਕੇ ਤੇ ਪ੍ਰਸੰਨ ਚਿਤ ਬਚਨ ਬਿਲਾਸ ਕਰੇ। ਉਪਰੰਤ ਅੰਦਰੋਂ ਕੁੰਡੀ ਮਾਰ ਫੇਰ ਸਮਾਧੀ ਵਿੱਚ ਇਸਥਿਤ ਹੋ ਗਏ। ਜਥੇਦਾਰ ਤੇ ਮਾਸਟਰ ਜੀ ਅਗਲੇ ਦੀਵਾਨਾਂ ਵਾਲੀ ਜਗ੍ਹਾ ਦੇਖਣ ਚਲੇ ਗਏ। ਲਾਲਾ ਵੀਰ ਸਿੰਘ ਬਾਹਰ ਬੈਠ ਗਿਆ। ਜਦੋਂ ਸਾਰੇ ਹੀ ਪ੍ਰੇਮੀ ਆਪੋ ਆਪਣੇ ਨਿੱਤਨੇਮ ਕਰਨ ਤੇ ਹੋਰ ਖ਼ਿਆਲਾਂ ਵਿੱਚ ਪੈ ਗਏ ਅਛੋਪਲੇ ਉੱਠ ਕੇ ਬੂਹੇ ਦੀ ਕੁੰਡੀ ਖੋਲ੍ਹ ਦਿੱਤੀ। ਇਹ ਨਹੀਂ ਪਤਾ ਖਬਰੇ ਆਪੇ ਖੁੱਲ੍ਹ ਗਈ। ਪਹਿਲਾਂ ਬੂਹਾ ਧੱਕਿਆ ਬੰਦ ਸੀ ਫੇਰ ਤਾਂ ਆਪਣੀ ਬਿਰਤੀ ਐਸੀ ਸੰਕੋਚੀ ਅਸਥੂਲ, ਸੂਖਮ ਤੇ ਕਾਰਨ ਸਰੀਰ ਤੋਂ ਉੱਚੀ ਕਰ ਕੇ ਧਿਆਤਾ, ਧਿਆਨ ਦਾ ਭਾਵ ਮੇਟ ਧੇਅ ਦਾ ਰੂਪ ਹੋ ਤ੍ਰਿਕੁਟੀ ਬੇਧ ਦਸਮੇ ਦੁਆਰ ਸੁਰਤ ਨੂੰ ਲੈ ਗਏ। ਅੱਗੇ ਰੋਜ਼ ਸਤ ਵਜੇ ਵੇਦਾਂਤ ਦਾ ਪੁਸਤਕ ਅਦ੍ਵੈਤ ਸਿਧਾਂਤ ਸੁਣਦੇ। ਸੇਵਾਦਾਰ ਅੰਦਰ ਗਿਆ ਚਰਨਾਂ ਤੇ ਨਮਸ਼ਕਾਰ ਕਰ ਪਾਸ ਬੈਠ ਗਿਆ ਸਮਾਧੀ ਲੱਗੀ ਜਾਣ ਕੋਈ ਅਵਾਜ਼ ਨਹੀਂ ਕੀਤੀ। ਜਦੋਂ ਜਥੇਦਾਰ ਜੀ ਤੇ ਮਾਸਟਰ ਜੀ ਨੌਂ ਵਜੇ ਦੇ ਕਰੀਬ ਵਾਪਸ ਆਏ, ਤਦ ਵੀ ਸਰੀਰ ਦੀ ਹਰਕਤ ਬਿਲਕੁਲ ਠੀਕ ਸੀ। ਸਵਾ ਨੌਂ ਵਜੇ ਲੰਮੇ ਸ੍ਵਾਸ ਲੈਣ ਲੱਗ ਪਏ ਸੇਵਾਦਾਰ ਨੇ ਜਥੇਦਾਰ ਜੀ ਨੂੰ ਪਾਸ ਸੱਦਿਆ। ਉਸ ਨੇ ਚਰਨਾਂ ਤੇ ਮੱਥਾ ਟੇਕ ਬੁਲੌਣ ਦੀ ਕੋਸ਼ਿਸ਼ ਕੀਤੀ ਪਰ ਆਪ ਜੀ ਤਾਂ ਮਹਾਨ ਜੋਗੀਆਂ ਵਾਂਗ ਨਿਰਵਿਕਲਪ ਸਮਾਧੀ ਵਿੱਚ ਲੀਣ ਸਨ, ਜਿੱਥੇ ਪਾਸ ਦੀ ਖਹਿ ਕੇ ਹਰਨ ਲੰਘਿਆਂ ਦਾ ਵੀ ਪਤਾ ਨਹੀਂ ਲੱਗਦਾ। ਮਾਸਟਰ ਜੀ ਨੇ ਡਾਕਟਰ ਨੂੰ ਫੋਨ ਕਰ ਦਿੱਤਾ। ਜਥੇਦਾਰ ਦੇ ਕੋਲ ਬੈਠਿਆਂ ਇੱਕ ਦੋ ਹੋਰ ਲੰਮੇ ਲੰਮੇ ਤੇ ਧੀਮੇ ਸ੍ਵਾਸ ਆਏ ਡਾਕਟਰ ਦੇ ਆਉਣ ਤੋਂ ਪਹਿਲਾਂ ਹੀ ਉਹ ਘੜੀ ਆ ਪੁੱਜੀ ਜਿਸ ਦੀ ਮਹਾਂਪੁਰਸ਼ ਚਾਅ ਨਾਲ ਉਡੀਕ ਕਰਦੇ ਹਨ:

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥

(ਸਲੋਕ ਭਗਤ ਕਬੀਰ ਜੀ - ੧੩੭੫)

ਅਤੇ ਦੁਨੀਆਂਦਾਰ ਇਸ ਨੂੰ ਕਦੇ ਵੀ ਨਹੀਂ ਚਾਂਹੁਦੇ।

ਯਥਾ: *ਬਾਂਛਤ ਨਾਹੀ ਸੁ ਬੇਲਾ ਆਈ ॥ ਬਿਨੁ ਹੁਕਮੈ ਕਿਉ ਬੁਝੈ ਬੁਝਾਈ ॥੧॥*

(ਆਸਾ ਮਃ ੫ - ੩੭੮)

ਪਰ ਇਹ ਸਮਾਂ ਆਉਂਦਾ ਸਾਰਿਆਂ ਤੇ ਹੈ। ਮਹਾਂਪੁਰਸ਼ਾਂ ਦੇ ਵਿਛੋੜੇ ਵਾਲੀ ਘੜੀ ਨੂੰ ਯਾਦ ਕੀਤਿਆਂ ਅੱਖਾਂ ਵਿੱਚ ਹੰਝੂ ਤੇ ਦਿਲ ਵਿੱਚ ਡੂੰਘੀ ਪੀੜ ਉੱਠਦੀ ਹੈ। ਲੇਖਣੀ ਕੰਬਦੀ ਤੇ ਦੰਦ ਜੁੜਦੇ ਹਨ। ਹੱਥ ਹਰਕਤ ਕਰਨੋਂ ਜਵਾਬ ਦੇ ਦਿੰਦੇ ਹਨ। ੨੬ ਅਗਸਤ ੧੯੭੫ ਈਸਵੀ, ਮੁਤਾਬਿਕ ੧੦ ਭਾਦਰੋਂ ੨੦੩੨ ਬਿਕ੍ਰਮੀ ਬੁੱਧਵਾਰ ਦੀ ਸਵੇਰ ਦੇ ਸਾਢੇ ੯ ਵੱਜੇ ਸਨ। ਜਦੋਂ ਕਿ ਮਹਾਨ ਆਤਮਾ ਨੇ ਪੰਜਾਂ ਤੱਤਾਂ ਦਾ ਬਾਣਾ ਲਾਹ ਦਿੱਤਾ। ਅੱਜ ਤੋਂ ਸੱਤਰ ਸਾਲ ਪਹਿਲਾਂ ਜੋ ਮਹਾਨ ਧਾਰਾ ਸਚਖੰਡ ਸਾਗਰ ਵਿੱਚੋਂ ਨਿੱਕਲੀ ਸੀ ਉਹ ਆਪਣੇ ਦੇਸ਼ ਬੈਕੁੰਠ ਨੂੰ ਵਾਪਸ ਚਲੀ ਗਈ।

ਜਿਸ ਪੁੰਨਿਆਂ ਦੇ ਚੰਦਰਮਾ ਨੇ ਸਾਡੇ ਮਨਾਂ ਅੰਦਰ ਆਪਣੇ ਉਪਦੇਸ਼ ਦੀਆਂ ਕਿਰਨਾਂ ਨਾਲ ਰੁਸ਼ਨਾਈ ਕੀਤੀ ਸੀ, ਉਹ ਅਚਾਨਕ ਹੀ ਅਸਤ ਹੋ ਗਿਆ। ਉਸ ਸਮੇਂ ਸਾਡੀ ਜ਼ਿੰਦਗੀ ਦੇ ਪਿਆਰ ਤੇ ਖ਼ੁਸ਼ੀਆਂ ਉੱਤੇ ਸਦਾ ਲਈ ਪੜਦਾ ਪੈ ਗਿਆ। ਹੁਣ ਅਸਾਡੇ ਜੀਵਨ ਵਿੱਚ ਬਾਕੀ ਰਹਿ ਕੀ ਗਿਆ? ਮੌਤ ਦੀ ਉਡੀਕ ਤੇ ਵਿਛੋੜੇ ਦੀਆਂ ਪਿਆਰ ਭਰੀਆਂ ਪੀੜਾਂ। ਉਹ ਦੂਰ ਦੇਸ਼ ਦਾ ਵਾਸੀ ਪਿੱਠ ਮੋੜ ਕੇ ਆਪਣੇ ਘਰ ਚਲਾ ਗਿਆ। ਸਾਡਾ ਸ਼ਹਿਨਸ਼ਾਹ, ਸਾਡਾ ਸਿਰਤਾਜ ਸਾਡੇ ਕੋਲੋਂ ਖੁਸ ਗਿਆ। ਸਾਡੀ ਜ਼ਿੰਦਗੀ ਦੇ ਜਹਾਜ਼ ਦਾ ਮਲਾਹ ਸਾਥੋਂ ਦੂਰ ਚਲਾ ਗਿਆ। ਹਾਇ! ਨਾ ਉਹ ੧੦ ਭਾਦ੍ਰੋਂ ਦੀ ਸਵੇਰ ਆਉਂਦੀ, ਨਾ ਸਾਡੀ ਜ਼ਿੰਦਗੀ ਵਿੱਚ ਇਹ ਅਸਹਿ ਵਿਛੋੜੇ ਦਾ ਸਦਮਾ ਸਹਾਰਨਾ ਪੈਂਦਾ। ਪਰ ਕੁਦਰਤ ਨੂੰ ਇਸੇ ਤਰ੍ਹਾਂ ਹੀ ਮਨਜ਼ੂਰ ਸੀ। ਆਪ ਤਾਂ ਹਾਥੀ ਦੇ ਸੁੰਡ ਨਾਲ ਫ਼ੁੱਲਾਂ ਦੀ ਮਾਲਾ ਲਾਹੁਣ ਵਾਂਗ ਸਰੀਰ ਤੋਂ ਭਿੰਨ ਹੋ ਉਸ ਜਗ੍ਹਾ ਜਾ ਬਿਰਾਜੇ ਜਿਸ ਬਾਬਤ ਹਜ਼ੂਰ ਫਰਮਾਉਂਦੇ ਹਨ:

ਸੁਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥ *(ਸੂਹੀ ਮਃ ੫ - ੭੩੯)*

ਅਥਵਾ: *ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥*

(ਗਉੜੀ ਮਃ ੫ - ੧੮੬)

ਆਪ ਜੀ ਸਰੀਰ ਤਿਆਗਣ ਤੋਂ ਬਾਅਦ ਪਰਮ ਜੋਤ ਵਿੱਚ ਇਉਂ ਲੀਨ ਹੋ ਗਏ, ਜਿਵੇਂ ਪਾਣੀ ਵਿੱਚ ਪਾਣੀ ਮਿਲ ਜਾਂਦਾ ਹੈ:

ਯਥਾ: *ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥*
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

(ਸੋਰਠਿ ਮਃ ੯ - ੬੩੩)

ਅਥਵਾ: *ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥*

(ਬਿਲਾਵਲੁ ਮਃ ੫ - ੮੪੬)

ਅਥਵਾ: *ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥*

(ਰਾਮਕਲੀ ਮਃ ੫ - ੮੮੫)

ਸਹੀ ਸਾਢੇ ਨੌਂ ਵਜੇ ਪਾਨ ਤੇ ਅਪਾਨ ਵਾਯੂ ਦੀ ਗੰਢ ਖੋਲ, ਦਸਮੇ ਦੁਆਰਾ ਰਾਹੀਂ ਪ੍ਰਾਣ ਕੱਢ ਸਚਖੰਡ ਜਾ ਬਿਰਾਜੇ। ਉਸ ਸਮੇਂ ਸਰੀਰ ਨੂੰ ਸਿੱਧਾ ਲਿਟਾ ਦਿੱਤਾ। ਕਿਉਂਕਿ ਪਹਿਲਾਂ ਚੌਕੜਾ ਮਾਰ ਕੇ ਸਮਾਧੀ 'ਚ ਬੈਠੇ ਸਨ। ਚਾਰ ਚੁਫੇਰੇ ਤਰਥੱਲੀ ਮਚ ਗਈ। ਥਾਂ ਥਾਂ ਤੇ ਪ੍ਰੇਮੀਆਂ ਨੂੰ ਟੈਲੀਫੋਨ ਕੀਤੇ ਗਏ। ਸਾਰੇ ਹਾ ਹਾ ਕਾਰ ਛਾ ਗਈ। ਸੁਣਨ ਸਾਰ ਸਭਨਾਂ ਦੇ ਹੱਥਾਂ ਦੇ ਭਾਂਡੇ ਛੁੱਟ ਗਏ। ਇੱਕ ਦੂਜਾ ਨੂੰ, ਦੂਜਾ ਤੀਜੇ ਨੂੰ ਫੋਨ ਕਰ ਕੇ ਖਬਰ ਕਰੀ ਜਾਂਦਾ ਸੀ। ਪਲੋ ਪਲੀ ਵਿੱਚ ਲੰਡਨ, ਬਰਮਿੰਘਮ, ਸਟੀਵਨੇਜ਼, ਲੂਟਨ, ਮਾਨਚੈਸਟਰ, ਇਲਫੋਰਡ, ਈਰਥ, ਕੈਟ, ਮਿਡਲੈਕਸਡ, ਆਊਟ ਗੇਟ, ਗਰੇਵਜੈਂਡ, ਵੂਲਵਿਚ, ਲਮਿਟਨ, ਸਪਾ, ਹੰਸਲੋਅ ਆਦਿਕ ਜਗ੍ਹਾ ਤੋਂ ਪੰਜ ਕੁ ਸੌ ਦੇ ਕਰੀਬ ਪ੍ਰੇਮੀ ਪੁੱਜ ਗਏ। ਡਾਕਟਰ ਪ੍ਰੀਤਮ ਸਿੰਘ, ਭੁੱਟੇ ਵਾਲੇ ਵੈਦ, ਈਸ਼ਰ ਸਿੰਘ ਕਲਸੀ ਤੇ ਹੋਰ ਸੱਜਣ ਧਾਹਾਂ ਮਾਰਦੇ ਸਨ। ਕਈ ਤਾਂ ਗਸ਼ ਖਾ ਕੇ ਡਿੱਗ ਪਏ। ਘਰ ਵਾਲੀ ਬੀਬੀ ਖੁਸ਼ਵੰਤ ਕੌਰ ਨੂੰ ਦੌਰੇ ਪੈਣ ਲੱਗੇ।

ਡਾਕਟਰ ਪ੍ਰੀਤਮ ਸਿੰਘ ਨੇ ਆ ਕੇ ਸਾਰੀ ਗੱਲਬਾਤ ਪੁੱਛੀ। ਜਦੋਂ ਉਸ ਨੂੰ ਸਮਾਧੀ ਵਿੱਚ ਬੈਠ ਕੇ ਸਰੀਰ ਛੱਡਣਾ ਦੱਸਿਆ ਤਾਂ ਉਸ ਨੇ ਕਿਹਾ ਕਿ ਠੀਕ ਹੈ, ਮਹਾਂਪੁਰਸ਼ ਜਿਵੇਂ ਚਾਹੁਣ ਜਾ ਸਕਦੇ ਹਨ। ਪਰ ਇਥੋਂ ਦੇ ਲੋਕ ਸਮਾਧੀ ਵਾਲੀ ਗੱਲ ਨੂੰ ਘੱਟ ਮੰਨਦੇ ਹਨ। ਪਰ ਮੈਡੀਕਲ ਸਰਟੀਫੀਕੇਟ ਜ਼ਰੂਰ ਲੈਣਾ ਪਵੇਗਾ। ਉਤਨਾ ਚਿਰ ਸਰੀਰ ਨੂੰ ਏਥੇ ਹੀ ਘਰ ਵਿੱਚ ਰੱਖਣਾ ਪਵੇਗਾ। ਡਾਕਟਰ ਨੂੰ ਇਹ ਵੀ ਦਸਿਆ ਕਿ ਸੰਤ ਜੀ ਦੀ ਆਗਿਆ ਹੈ, ਸਾਡੇ ਸਰੀਰ ਨੂੰ ਬਕਸੇ ਵਿੱਚ ਬੰਦ ਕਰ ਕੇ ਇੰਡੀਆ ਲਿਜਾ ਕੇ ਬਿਭੌਰ ਸਾਹਿਬ ਜਲ ਪ੍ਰਵਾਹ ਕੀਤਾ ਜਾਵੇ।

ਇੱਕ ਟੈਲੀਫੋਨ ਦਿੱਲੀ ਨੂੰ ਕਰ ਦਿੱਤਾ। ਸ. ਚਰਨਜੀਤ ਸਿੰਘ ਨੂੰ ਪਤਾ ਲੱਗਾ ੧੦੪ ਡਿਗਰੀ ਦੇ ਬੁਖ਼ਾਰ ਵਿੱਚ ਹੀ ਜਹਾਜ਼ ਦੀ ਸੀਟ ਬੁੱਕ ਕਰਵਾ ਕੇ ਚੱਲ ਪਿਆ। ਦਿੱਲੀ ਤੋਂ ਕਰਮਸਰ ਨੂੰ ਕਾਰ ਭੇਜ ਦਿੱਤੀ। ਜਿਸ ਵਿੱਚ ਛੋਟੇ ਮਹਾਰਾਜ ਤੇ ਹੋਰ ਪ੍ਰੇਮੀ ਆ ਗਏ। ਰਾਮ ਲਛਮਣ ਵਾਂਗ ਦੋਵੇਂ ਗੁਰ ਭਰਾਵਾਂ ਦਾ ਅਥਾਹ ਪਿਆਰ, ਅੱਧੀ ਸਦੀ ਤੋਂ ਇਕੱਠੇ ਰਹਿਣਾ ਪ੍ਰਾਣਾਂ ਤੇ ਸਰੀਰ ਵਾਂਗ ਮਿਲਾਪ ਸੀ। ਜਦੋਂ ਇਹ ਦੁਖਦਾਈ ਦੀ ਖ਼ਬਰ ਸੁਣੀ ਆਪਣੀ ਜ਼ਿੰਦਗੀ ਵਿੱਚ ਪਹਿਲਾ ਸਮਾਂ ਸੀ ਜਦੋਂ ਛੋਟੇ ਸੰਤਾਂ ਦੇ ਨੇਤਰਾਂ ਵਿੱਚ ਵੈਰਾਗ ਦਾ ਜਲ ਉੱਛਲਦਾ ਦੇਖਿਆ ਗਿਆ। ਪਲੋ ਪਲੀ ਵਿੱਚ ਦੂਰ ਨੇੜੇ ਖ਼ਬਰਾਂ ਹੋ ਗਈਆਂ। ਟਰਾਲੀਆਂ, ਟਰੱਕਾਂ, ਬੱਸਾਂ, ਕਾਰਾਂ ਤੇ ਟਰੈਕਟਰਾਂ ਤੇ ਸੰਗਤ ਆ ਜੁੜੀ। ਘੁਢਾਣੀ ਤੋਂ ਲੈ ਕੇ ਖਟੜਿਆਂ ਦੇ ਪੁਲ ਤੱਕ ਸੰਗਤ ਦੀ ਭੀੜ ਨਾਲ ਤੁਰਨ ਵਾਲਾ ਰਸਤਾ ਰੁਕ ਗਿਆ। ਸਾਰਿਆਂ ਦੇ ਨੇਤਰ ਛਮ ਛਮ ਵਰਸਦੇ ਸਨ। ਪ੍ਰੇਮੀਆਂ ਦਾ ਸਹਾਰਾ ਟੁੱਟ ਗਿਆ। ਜਗਿਆਸੂ ਮਨਾ ਰੂਪ ਕਮਲਾਂ ਦਾ ਸੂਰਜ ਸਿਖਰ ਦੁਪਹਿਰੇ ਅਸਤ ਹੋ ਗਿਆ। ਖ਼ਾਸ ਕਰ ਪੰਜਾਬ ਦੇਸ਼ ਤੇ ਆਮ ਕਰ ਸੰਸਾਰ ਭਰ ਦੀ ਕਿਸਮਤ ਸੌਂ ਗਈ। ਧਰਤੀ ਨੇ ਧਾਹ ਮਾਰੀ। ਭੋਰੇ ਸਾਹਿਬ ਦੀਆਂ ਕੰਧਾਂ ਵਿੱਚੋਂ ਵਿਰਲਾਪ ਦੀ ਆਵਾਜ਼ ਆਉਣ ਲੱਗੀ। ਯਥਾ:

ਵਿੱਚ ਜਗ ਦੇ ਹਾ ਹਾ ਕਾਰ ਹੋਈ ਤਾਰਾਂ ਪਹੁੰਚੀਆਂ ਪਾਸ ਪਿਆਰਿਆਂ ਦੇ।
ਜਦੋਂ ਸੁਣ ਲਿਆ ਸੱਚ ਦਾ ਚੰਦ ਛੁਪਿਆ ਨੈਣ ਬਰਸਦੇ ਵਾਂਗੂ ਫੁਹਾਰਿਆਂ ਦੇ।
ਕਈ ਸੁਣਦਿਆਂ ਸਾਰ ਬੇ-ਸੁਧ ਹੋ ਗਏ ਡਿਗੇ ਧਰਤ ਤੇ ਵਾਂਗ ਮੁਨਾਰਿਆਂ ਦੇ।
ਜ਼ਿਲੇ ਸਾਰਿਆਂ ਬਾਹਰ ਦੇ ਟਾਪੂਆਂ ਨੂੰ ਤਾਰਾਂ ਭੇਜੀਆਂ ਸੀ ਕੋਲ ਸਾਰਿਆਂ ਦੇ।
ਸ਼ਹਿਰਾਂ ਨਗਰਾਂ ਤੀਰਥਾਂ ਗੁਰੂ ਧਾਮਾਂ ਪਾਠ ਰੱਖ ਲਏ ਵਿੱਚ ਗੁਰਦੁਆਰਿਆਂ ਦੇ।
ਪਾਠ ਗੁਰੂ ਗ੍ਰੰਥ ਅਖੰਡ ਕਰ ਕੇ ਕੀਤੇ ਜਗ ਅਤੁੱਟ ਭੰਡਾਰਿਆਂ ਦੇ।

ਸ਼ਬਦ ਗਾਉਂਦਿਆਂ ਦੇ ਕੰਠ ਰੁਕ ਜਾਂਦੇ ਰੂਪ ਯਾਦ ਆਉਂਦੇ ਬਖ਼ਸ਼ਨਹਾਰਿਆਂ ਦੇ।
ਜਪੀ ਤਪੀ ਜੋ ਸਾਧਨਾਂ ਕਰਨ ਵਾਲੇ ਖ਼ਬਰ ਪਹੁੰਚਗੀ ਪਾਸ ਵਿਚਾਰਿਆਂ ਦੇ।
ਵਗੇ ਨੇੜ੍ਹੀ ਨੀਰ ਨ ਧੀਰ ਧਰਦੇ ਚਿਤ ਓਦਰੇ ਗੁਰੂ ਦੁਲਾਰਿਆਂ ਦੇ।
ਰੰਗ ਬਦਲ ਗਏ ਧਰਤ ਅਕਾਸ਼ ਸੰਦੇ ਨੀਰ ਠਹਿਰਗੇ ਸਾਗਰਾਂ ਖਾਰਿਆਂ ਦੇ।
ਗੁਰੂ ਪੰਥ ਦੇ ਥੰਮ ਅਲੋਪ ਹੋ ਗਏ ਤਨ ਕੰਬ ਗਏ ਪਰਬਤਾਂ ਭਾਰਿਆਂ ਦੇ।
ਤਾਰੇ ਗਿਣੇ ਅਕਾਸ਼ ਦੇ ਗਿਣੇ ਜਾਂਦੇ ਆਉਂਦੇ ਅੰਤ ਨ ਸੰਤਾਂ ਦੇ ਤਾਰਿਆਂ ਦੇ।
ਭੌਰੇ ਚਰਨਾ ਦੇ ਜੋਈ ਸਿੰਘ ਹੈਸਨ ਟੁੱਟੇ ਹੌਂਸਲੇ ਗੁਰੂ ਦੁਲਾਰਿਆਂ ਦੇ।

ਵੂਲਵਰਹੈਂਪਟਨ ਤੋਂ ਇੱਕ ਟੈਲੀਫੋਨ ਸ. ਪ੍ਰੀਤਮ ਸਿੰਘ ਝੱਮਟ ਨੂੰ ਕੈਨੇਡਾ ਕੀਤਾ ਗਿਆ। ਉਸ ਨੂੰ ਹਜ਼ੂਰ ਦੇ ਸਧਾਰਨ ਕੀਤੇ ਬਚਨਾਂ ਤੇ ਪੂਰਨ ਨਿਸ਼ਚਾ ਸੀ। ਨਾਲ ਹੀ ਨਾਲ ਨੋਟ ਕਰਦਾ ਰਿਹਾ। ਜਾਣ ਸਮੇਂ ਆਪਣਾ ਨੰਬਰ ਦੇ ਗਿਆ ਸੀ। ਇਸ ਦਿਨ ੨੫-੯-੭੫ ਨੂੰ ਸਵੇਰੇ ਸਾਢੇ ਨੌਂ ਵਜੇ ਖ਼ੁਸ਼ੀ ਖ਼ੁਸ਼ੀ ਜਾਣ ਦੀ ਆਗਿਆ ਦੇ ਦਿੱਤੀ ਨਾਲ ਇਹ ਵੀ ਕਿਹਾ ਸੀ, "ਚੰਗਾ! ਚਲ, ਕੱਲ੍ਹ ਏਥੋਂ ਅਸੀਂ ਵੀ ਚਲੇ ਜਾਣਾ ਹੈ।" ਪਤਾ ਨਹੀਂ ਲੱਗਿਆ ਕਿ ਅਗਲੇ ਪੜਾਅ ਤੇ ਜਾਣਾ ਹੈ ਜਾਂ ਕਿ ਆਪਣੇ ਅਸਲੀ ਘਰ ਨੂੰ ਜਾਣਾ ਹੈ। ਟੈਲੀਫੋਨ ਪੁੱਜਣ ਤੋਂ ਕੁੱਝ ਕੁ ਘੰਟੇ ਹੀ ਪਹਿਲਾਂ ਪਹੁੰਚਿਆ ਸੀ ਕਿਉਂਕਿ ਲੰਡਨ ਤੋਂ ਕੈਨੇਡਾ ਦਾ ਟਾਈਮ ੮ ਘੰਟੇ ਪਿੱਛੇ ਹੈ ਏਥੇ ਦਿਨ ਦੇ ਦਸ ਵੱਜੇ ਸਨ, ਉਸ ਜਗ੍ਹਾਂ ਰਾਤ ਦੇ ਸਵਾ ਦੋ ਦਾ ਵਕਤ ਸੀ। ਫੋਨ ਸੁਣ ਕੇ ਹੱਥੋਂ ਰਸੀਵਰ ਡਿੱਗ ਪਿਆ ਅਤੇ ਆਪ ਵੀ ਧਰਤੀ ਤੇ ਢਹਿ ਪਿਆ ਕਿ ਇਹ ਪਤਾ ਨਹੀਂ ਸੀ ਜੋ ਰੋਜ ਇਸ਼ਾਰੇ ਕਰਦੇ ਸਨ ਮੈਨੂੰ ਦੂਰ ਕਰ ਕੇ ਇਤਨੀ ਛੇਤੀ ਉਡਾਰੀ ਮਾਰ ਜਾਣਗੇ। ਦੂਜੀ ਵਾਰ ਆਪ ਫੋਨ ਕਰ ਕੇ ਆਖਿਆ, "ਮੇਰੇ ਪਾਸ ਬਹੁਤ ਸਾਰੇ ਬਚਨ ਨੋਟ ਕੀਤੇ ਹਨ। ਮੈਂ ਛੇਤੀ ਪਹੁੰਚਣ ਦੀ ਕੋਸ਼ਸ਼ ਕਰਦਾ ਹਾਂ ਅਤੇ ਪ੍ਰੀਤਮ ਸਿੰਘ ਇਆਲੀ, ਈਸ਼ਰ ਸਿੰਘ ਕਲਸੀ ਨੂੰ ਇੰਡੀਆ ਤੱਕ ਨਾਲ ਜਾ ਕੇ ਸਰੀਰ ਪਹੁਚਾਉਣ ਦੀ ਆਗਿਆ ਹੈ। ਉਨ੍ਹਾਂ ਨੂੰ ਦੱਸ ਦੇਣਾ। ਪਰ ਇਸ ਪ੍ਰੇਮੀ ਨੂੰ ਇਤਨੀ ਛੇਤੀ ਵਾਪਸ ਆਉਣ ਵਾਸਤੇ ਕੈਨੇਡਾ ਗੌਰਮਿੰਟ ਵੱਲੋਂ ਮਨਜ਼ੂਰੀ ਨਾ ਮਿਲੀ।

ਵੈਰਾਗੀ ਹਿਰਦਾ

ਸ. ਚਰਨਜੀਤ ਸਿੰਘ (ਜਿਸ ਨੂੰ ੧੦੪ ਡਿਗਰੀ ਦਾ ਬੁਖ਼ਾਰ ਚੜਿਆ ਸੀ) ਦਾਤੇ ਦੇ ਭਾਣਾ ਵਰਤਾਉਣ ਦੀ ਖ਼ਬਰ ਸੁਣ ਉਸੇ ਸਮੇਂ ਹਵਾਈ ਜਹਾਜ਼ ਦੀ ਸੀਟ ਬੁੱਕ ਕਰਵਾ ਲੰਡਨ ਪੁੱਜ ਗਿਆ। ਬੁਖਾਰ ਜ਼ਿਆਦਾ ਹੋ ਗਿਆ। ਡਾਕਟਰ ਬੁਲਾਏ, ਉਨ੍ਹਾਂ ਨੇ ਦਵਾਈ ਦੇ ਕੇ ਰੈਸਟ ਕਰਨ ਵਾਸਤੇ ਆਖਿਆ ਇਸ ਨੇ ਜੋ (ਡੇਢ ਸੌ ਮੀਲ ਦੂਰ ਸੀ) ਵੂਲਵਰਹੈਂਪਟਨ ਪਹੁੰਚਣ ਦੀ ਕੋਸ਼ਸ਼ ਤਾਂ ਬੜੀ ਕੀਤੀ ਪਰ ਡਾਕਟਰਾਂ ਨੇ ਰੋਕ ਦਿੱਤਾ। ਟੈਲੀਫੋਨ ਕਰ ਕੇ ਆਪਣੇ ਆਉਣ ਦੀ ਖ਼ਬਰ ਦੱਸੀ। ਲੇਖਕ ਨੇ ਗੱਲ ਕੀਤੀ। ਉਨ੍ਹਾਂ ਕਿਹਾ, "ਮਾਸਟਰ ਜੀ ਨੂੰ ਮਿਲਾਓ।" ਮੈਂ ਉਨ੍ਹਾਂ ਨੂੰ ਬੁਲਾਉਣ ਵਾਸਤੇ ਚਲਾ ਗਿਆ। ਪਿੱਛੋਂ ਇੱਕ ਹੋਰ ਪ੍ਰੇਮੀ ਸ. ਮਲਕੀਤ ਸਿੰਘ ਫਿਲੌਰ ਨੇ ਫੋਨ ਚੁੱਕਿਆ। ਸ. ਜੀ ਦੀ ਅਵਾਜ਼ ਪਛਾਣੀ। ਸੰਤ ਜੀ ਮਹਾਰਾਜ ਦੇ ਭਾਣਾ ਵਰਤਾਉਣ ਵਾਲੀ ਗੱਲ ਦੱਸਣ ਲੱਗਿਆ ਗਲਾ ਭਰ ਗਿਆ। ਅਵਾਜ਼ ਰੁਕ ਗਈ। ਜਿਵੇਂ ਆਖ਼ਰੀ ਤਰੀਕ ਤੇ ਸਰਕਾਰੀ ਮਿਸ਼ਨ ਦੇ ਸਾਹਮਣੇ ਮੁਜਰਮ ਨੂੰ ਫ਼ੈਸਲਾ ਸੁਣਨ ਲੱਗਿਆਂ ਆਪਣੀ ਸਫ਼ਾਈ ਵਾਸਤੇ ਅੱਗੋਂ ਕੋਈ ਸਮਾਂ ਨਹੀਂ ਮਿਲਦਾ। ਇਹ ਵੀ ਸਿਰਫ ਇਤਨੇ ਹੀ ਅੱਖਰ ਆਖ ਸਕਿਆ, "ਸਰਦਾਰ ਜੀ। ਅਸੀਂ ਬੜੇ ਗ਼ੁਨਾਹੀ ਤੇ ਮਹਾਂ ਪਾਪੀ ਹਾਂ। ਸੰਤ ਜੀ ਮਹਾਰਾਜ ਨੂੰ ਕੁੱਝ ਸਮੇਂ ਲਈ ਬੇਨਤੀ ਦੁਆਰਾ ਤੁਹਾਥੋਂ ਬਤੌਰੇ ਅਮਾਨਤ ਮੰਗਿਆ ਸੀ, ਪਰ ਅਸੀਂ ਉਸ ਅਮਾਨਤ ਨੂੰ ਵਾਪਸ ਨਹੀਂ ਕਰ ਰਹੇ। ਸਾਡਾ ਕਿੱਥੇ ਭਲਾ ਹੋਵੇਗਾ?" ਇਹ ਬਚਨ ਕਹਿਣ ਸਾਰ ਉੱਚੀ ਧਾਹ ਨਿੱਕਲ ਗਈ। ਫੋਨ ਹੱਥੋਂ ਡਿਗਣ ਲੱਗਿਆ ਤਾਂ ਸੇਵਾਦਾਰ ਨੇ ਸੰਭਾਲ ਲਿਆ।

ਸ. ਚਰਨਜੀਤ ਸਿੰਘ ਨੇ ਮਾਸਟਰ ਜੀ ਨਾਲ ਸਾਰੀ ਗੱਲਬਾਤ ਕੀਤੀ ਆਪਣੀ ਹਾਲਤ ਦੱਸੀ ਫੇਰ ਦੂਸਰੇ ਦਿਨ ਸ਼ਾਮ ਨੂੰ ਹਜ਼ੂਰ ਦਾ ਦੀਦਾਰ ਕੀਤਾ ਅਤੇ ਉਸ ਨੂੰ ਆਖ਼ਰੀ ਸਮੇਂ ਦੇ ਕਹੇ ਇਹ ਬਚਨ ਦੱਸੇ:

ਘਾਓ ਗਹਿਰਾ ਕਰ ਦਿੱਤਾ ਭਾਵੀ ਦੇ ਗੁਝੇ ਵਾਰ ਨੇ।
ਕਮਰ ਅੰਤਮ ਕਸ ਲਈ ਸ਼ਾਹਾਂ ਦੇ ਸਰਦਾਰ ਨੇ।
ਹੋ ਵਿਆਕੁਲ ਢਹਿ ਪਏ ਸੁਣਿਆਂ ਜਿਸ ਨਰ ਨਾਰ ਨੇ।
ਭਾਰਤ ਵਿੱਚ ਲੈ ਜਾਵਣਾ ਆਖ਼ਿਰ ਕਿਹਾ ਸਰਕਾਰ ਨੇ।
ਬਿਭੌਰ ਸਾਹਿਬ ਪੁੱਜ ਕੇ ਪ੍ਰਵਾਹੋ ਸਤਲੁਜ ਧਾਰ ਮੇ।
ਕੌਤਕ ਕੀਤੇ ਜਿਸ ਜਗ੍ਹਾ ਨੀਲੇ ਦੇ ਅਸਵਾਰ ਨੇ।

ਏਸੇ ਹੀ ਜਗ੍ਹਾ ਪ੍ਰੇਮੀਆਂ ਦੇ ਘਰ ਸੰਗਤਾਂ ਸਰੀਰ ਦਾ ਦਰਸ਼ਨ ਕਰਦੀਆਂ ਰਹੀਆਂ ਉਪਰੰਤ ਸਰੀਰ ਨੂੰ

(ਫਿਊਨਰਲ ਵਾਲੇ) ਕੋਲਡ ਸਟੋਰ ਵਿੱਚ ਲੈ ਗਏ।

ਨੋਟ: ਏਸ ਦੇਸ਼ ਵਿੱਚੋਂ ਦੂਜੇ ਦੇਸ਼ ਵਿੱਚ ਲਿਜਾਣ ਵਾਸਤੇ ਤਿੰਨ ਸਰਟੀਫਿਕੇਟਾਂ ਦੀ ਲੋੜ ਪੈਂਦੀ ਹੈ ਕਿਉਂਕਿ ਇਸ ਮੁਲਕ ਦਾ ਕਾਨੂੰਨ ਹੀ ਐਸਾ ਹੈ। ਇੱਕ ਮਿਊਨਿਸਪਲ ਵਾਲਿਆਂ ਵੱਲੋਂ ਡੈਥ ਸਰਟੀਫਿਕੇਟ, ਦੂਜਾ ਕਾਰਨਰ ਤੋਂ ਬੌਡੀ ਨੂੰ ਬਾਹਰ ਲਿਜਾਣ ਦੀ ਇਜ਼ਾਜਤ ਵਾਲਾ ਸਰਟੀਫਿਕੇਟ, ਤੀਜਾ ਫਿਊਨਰਲ ਵਾਲਿਆਂ ਕੋਲੋਂ ਸਰਟੀਫਿਕੇਟ ਅਤੇ ਇੱਕ ਹੋਰ ਇੰਡੀਅਨ ਹਾਈ ਕਮਿਸ਼ਨ ਤੋਂ ਸਰੀਰ ਨੂੰ ਇੰਡੀਆ ਵਿੱਚ ਦਾਖ਼ਿਲ ਹੋਣ ਦਾ ਸਰਟੀਫਿਕੇਟ ਵੀ ਲੈਣਾ ਪੈਂਦਾ ਹੈ।

ਅੰਤ ਸਮੇਂ ਸੰਤ ਜੀ ਮਹਾਰਾਜ ਦੇ ਕੋਲ ਕੋਈ ਡਾਕਟਰ ਨਹੀਂ ਸੀ ਨਾ ਕੋਈ ਸਰੀਰ ਨੂੰ ਖੇਦ ਜਾਂ ਬੀਮਾਰੀ ਜਾਪਦੀ ਸੀ। ਆਪਣੀ ਇੱਛਾ ਅਨੁਸਾਰ ਹੀ ਸ੍ਵੈ ਸਰੂਪ ਵਿੱਚ ਲੀਣ ਹੋਏ। ਕਾਗਜ਼ੀ ਕਾਰਵਾਈ ਪੂਰੀ ਕਰਨ ਵਾਸਤੇ ਦੇਸ਼ ਦੇ ਕਾਨੂੰਨ ਅਨੁਸਾਰ ਆਪ ਹੀ ਦਾਤੇ ਨੇ ਕ੍ਰਿਪਾ ਕੀਤੀ। ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਵਾਲੀ ਲੇਡੀ ਡਾਕਟਰ ਮਿਸਜ਼ ਮੈਥਿਓ ਨੇ (ਜੋ ਉਜੈਨ ਦੇ ਰਹਿਣ ਵਾਲੀ ਬਿਕ੍ਰਮਾਜੀਤ ਦੀ ਸੰਤਾਨ ਵਿੱਚੋਂ ਇੰਗਲੈਂਡ ਮਾਨਚੈੱਸਟਰ ਵਿੱਚ ਸਰਕਾਰੀ ਡਾਕਟਰ ਸੀ) ਜੋ ਡਾਕਟਰ ਪ੍ਰੀਤਮ ਸਿੰਘ ਦੀ ਵਾਕਫ਼ ਸੀ ਬੜੀ ਭਾਵਨਾ ਨਾਲ ਆ ਕੇ ਡੈਥ ਸਰਟੀਫਿਕੇਟ ਬਣਾਇਆ ਜੋ ਕਿ ਇੱਕ ਦੋ ਵਾਰੀ ਪਹਿਲਾਂ ਵੀ ਸੰਤ ਮਹਾਰਾਜ ਜੀ ਦੇ ਸਰੀਰ ਦੀ ਚੈਕਅਪ ਕਰ ਚੁੱਕੀ ਸੀ। ਜਦੋਂ ਸੱਤ ਸੌ ਦੇ ਕਰੀਬ ਮਾਈ ਭਾਈ ਨੇਤ੍ਰਾਂ ਅੱਗੇ ਰੁਮਾਲ ਕਰ ਕੇ ਹੰਝੂ ਬਹਾ ਰਹੇ ਸਨ, ਭਾਰਤ ਦੀ ਕਿਸਮਤ (ਹਜ਼ੂਰ ਦੇ ਸਰੀਰ) ਨੂੰ ਫਿਊਨਰਲ ਵਾਲੇ ਕੋਲਡ ਸਟੋਰ ਵਿੱਚ ਲੈ ਗਏ, ਜਿੱਥੇ ਸਰੀਰ ਦੀ ਪੂਰਨ ਸੰਭਾਲ ਕਰਦੇ ਹਨ। ਕਈ ਪ੍ਰੇਮੀ ਜੋ ਦੂਰ ਤੋਂ ਆਏ ਸਨ ਏਸੇ ਸਮੇਂ ਹੀ ਲੰਡਨ ਨੂੰ ਵਾਪਸ ਮੁੜ ਗਏ। ਕਈ ਏਥੇ ਹੀ ਰਹੇ। ਜਗਦੇਵ ਸਿੰਘ ਗਰੇਵਾਲ, ਮਹਿੰਦਰ ਸਿੰਘ ਸਟੀਵਨੇਜ਼ ਤੋਂ, ਈਸ਼ਰ ਸਿੰਘ ਕਲਸੀ ਤੇ ਪ੍ਰੀਤਮ ਸਿੰਘ ਇਆਲੀ; ਲੰਡਨ, ਬਰਮਿੰਘਮ ਤੇ ਹੋਰ ਬਹੁਤ ਟਾਊਨਾਂ ਤੋਂ ਸੰਗਤ ਪੁੱਜੀ ਸੀ; ਹੰਝੂ ਵਹਾਉਂਦੀ ਵਾਪਸ ਮੁੜ ਗਈ। ਦੂਸਰੇ ਦਿਨ ਸਵੇਰੇ ਫੇਰ ਉਸੇ ਤਰ੍ਹਾਂ ਸੰਗਤ ਦਾ ਇਕੱਠ ਜੁੜ ਗਿਆ।

ਏਧਰੋਂ ਸਾਰੀ ਗੱਲ ਪਹਿਲਾਂ ਹੀ ਫਿਊਨਰਲ ਵਾਲਿਆਂ ਨੂੰ ਸਮਝਾ ਦਿੱਤੀ ਸੀ ਕਿ ਸਰੀਰ ਤੋਂ ਕਕਾਰ ਦੂਰ ਨਹੀਂ ਕਰਨੇ ਅਤੇ ਕੋਈ ਰੋਮ ਨ ਟੁੱਟੇ, ਨਾ ਕਿਸੇ ਤਰ੍ਹਾਂ ਦੀ ਹੋਰ ਕੋਈ ਬੇਅਦਬੀ ਹੋਵੇ। ਉਹ ਬੜੇ ਸਮਝਦਾਰ ਪੜ੍ਹੇ ਲਿਖੇ ਤੇ ਆਸਤਕ ਖ਼ਿਆਲਾਂ ਦੇ ਲੋਕ ਹਨ। ਬੜੇ ਸਤਿਕਾਰ ਨਾਲ ਬਚਨ ਮੰਨ ਲਿਆ। ਸਰੀਰ ਤੇ ਕਈ ਦਵਾਈਆਂ ਦੀ ਮਾਲਸ਼ ਕੀਤੀ ਤਾਂ ਕਿ ਇੰਡੀਆ ਤੱਕ ਸਰੀਰ ਠੀਕ ਰਹੇ। ਕੋਈ ਬੇਅਦਬੀ ਵਗੈਰਾ ਨਹੀਂ ਹੋਣ ਦਿੱਤੀ। ਸਵੇਰ ਦੇ ੧੦ ਵਜੇ ਜਥੇ ਦੇ ਸਾਰੇ ਸਿੰਘ ਫੇਰ ਪੁੱਜੇ। ਈਸ਼ਰ ਸਿੰਘ ਕਲਸੀ, ਵੈਦ ਭਗਵਾਨ ਜੀ, ਮਾਸਟਰ ਆਗਯਾਕਾਰ ਸਿੰਘ ਵੀ ਨਾਲ ਸਨ। ਹਜ਼ੂਰ ਦੇ ਪਾਵਨ ਸਰੀਰ ਤੇ ਨਵੀਂ ਪੁਸ਼ਾਕ ਪਹਿਨਾਈ, ਹੰਝੂਆਂ ਨਾਲ ਚਰਨ ਪਰਸੇ। ਉਪਰੰਤ ਬੇਸ਼ੁਮਾਰ ਬਾਹਰ ਖੜੀ ਸੰਗਤ ਨੂੰ ਬਕਸੇ ਵਿੱਚ ਬਿਰਾਜਮਾਨ ਕਰ ਖੁੱਲ੍ਹਾ ਦਰਸ਼ਨ ਕਰਵਾਇਆ ਗਿਆ ਜੋ ਸਵੇਰ ਤੋਂ ਸਾਢੇ ਸੱਤ ਵਜੇ ਸ਼ਾਮ ਤੱਕ ਪ੍ਰੇਮੀ ਦਰਸ਼ਨ ਕਰਦੇ ਰਹੇ। ਇਸ ਸਮੇਂ ਸਾਰੇ ਸ਼ਹਿਰਾਂ ਤੋਂ ਆਏ ਹੋਏ ਪ੍ਰੇਮੀਆਂ ਦਾ ਤੱਕਰੀਬਨ ਸਤ ਹਜ਼ਾਰ ਦੇ ਕਰੀਬ ਇਕੱਠ ਜੁੜਿਆ ਸੀ। ੧੫ ਹਜ਼ਾਰ ਦੀ ਅਬਾਦੀ ਤਾਂ ਏਸੇ ਵੁਲਵਰਹੈਂਪਟਨ ਟਾਊਨ ਵਿੱਚ ਪੰਜਾਬ ਵਾਸੀ ਤੇ ਹਿੰਦੋਸਤਾਨੀਆਂ ਦੀ ਸੀ। ਜੇ ਸਾਰੇ ਨਹੀਂ, ਤਾਂ ਪੰਜ ਹਜ਼ਾਰ ਸਿੰਘ ਤਾਂ ਜ਼ਰੂਰ ਹੀ ਆਏ ਸਨ। ਬਾਕੀ ਦੇ ਹੋਰ ਟਾਊਨਾਂ ਤੋਂ ਜੇਹਾ ਕਿ ਮਿਡਲੈਂਡ ਦੇ ਸ਼ਹਿਰ ਬਰਮਿੰਘਮ, ਲੈੱਸਟਰ, ਕਵੈਂਟਰੀ, ਵਾਲਸਾਲ, ਫੋਰਫ ਡਰਬੀ, ਨੋਟੀਗਮ, ਲਮਿੰਟਨ, ਸਪਾ ਟੈਲਫੋਰਡ ਅਤੇ ਡਡਲੀ। ਲੰਡਨ ਦੇ ਟਾਊਨ, ਸਾਊਥਹਾਲ, ਸਲੋਹ, ਹਾਸਲੋ, ਮਿਡਲ ਹੈੱਡ, ਆਊਟ ਗੇਟ, ਡੈਟ ਫੋਰਡ, ਈਰਥ, ਕੈਂਟ, ਗਰੇਵ ਜੈਡ, ਵੁਲਵਿਚ, ਇਲਫੋਰਡ, ਲੇਟਨਸਟੋਨ, ਬਾਰਕਿੰਗ, ਈਸਟਹੈਮ, ਫਾਰੈੱਸਟਗੇਟ, ਹਿਚਨ, ਸਟੀਵਨੇਜ਼, ਲੈਚਵਰਥ, ਲੂਟਨ, ਬੈਡਫੋਰਡ, ਲੀਡਸ, ਬਰੈਡਫੋਰਡ, ਹਡਫੀਲਡ, ਮਾਨਚੈੱਸਟਰ ਤੋਂ ਲੋਕਲ ਬੱਸਾਂ ਕਾਰਾਂ ਤੇ ਰੇਲਾਂ ਰਾਹੀਂ ਸੰਗਤ ਪੁੱਜੀ। ਸਾਢੇ ਸੱਤ ਵਜੇ ਬਕਸਾ ਬੰਦ ਕਰ ਰਹਿਰਾਸ ਦੇ ਪਾਠ ਉਪਰੰਤ ਅਰਦਾਸ ਕਰ ਕੇ ਵਾਪਸ ਮੁੜੇ। ਦੂਸਰੇ ਦਿਨ ਫੇਰ ਸੰਗਤਾਂ ਦਾ ਇਕੱਠ ਦੇਖ ਉਸੇ ਟਾਈਮ ਫਿਊਨਰਲ ਡਰੈਕਟਰਜ਼ ਵਾਲਿਆਂ ਨੇ ਦਰਸ਼ਨ ਕਰਾਉਣ ਦੀ ਆਗਿਆ ਦੇ ਦਿੱਤੀ। (ਨਾਮ ਹੈ ਕੰਪਨੀ ਦਾ, ਜਨਿੰਗ ਐਂਡ ਸੰਨਜ਼) ਫੇਰ ਸ਼ਾਮ ਨੂੰ ਚਾਰ ਤੋਂ ਸਾਢੇ ਸੱਤ ਵਜੇ ਤੱਕ ਸੰਗਤ ਨੇ ਖੁੱਲ੍ਹਾ ਦੀਦਾਰ ਕੀਤਾ ਜੋ ਪੰਜ ਹਜ਼ਾਰ ਦੇ ਕਰੀਬ ਪ੍ਰੇਮੀ ਪੁੱਜ ਚੁੱਕੇ ਸਨ। ਇੰਗਲੈਂਡ ਦੇ ਅਖ਼ਬਾਰਾਂ ਤੇ ਰੇਡੀਓ ਰਾਹੀਂ ਸਭਨਾਂ ਨੂੰ ਖ਼ਬਰਾਂ ਪੁੱਜ ਚੁੱਕੀਆ ਸਨ। ਟੈਲੀਵੀਜ਼ਨ ਰਾਹੀਂ ਵੀ ਫੋਟੋਆਂ ਲੈ ਗਏ। ਸ਼ਾਮੀਂ ਅੰਗਰੇਜ਼ੀ ਭਾਸ਼ਾ ਵਿੱਚ ਜੀਵਨ ਸਮੇਤ ਦਿਖਾਇਆ ਗਿਆ। ਸਾਢੇ ਸੱਤ ਵਜੇ ਫੇਰ ਰਹਿਰਾਸ ਤੋਂ ਬਾਅਦ ਅਰਦਾਸ ਕਰ ਕੇ ਵਾਪਸ ਆ ਗਏ। ਸੰਤ ਜੀ ਮਹਾਰਾਜ ਦੇ ਸਰੀਰ ਨੂੰ ਇੰਡੀਆ ਲਿਆਉਣ ਵਾਲਾ ਬਕਸਾ ਬਣਾਉਣ ਵਿੱਚ ਦੇਰ ਲੱਗ ਗਈ। ਬਣੇ ਤਾਂ ਬੜੇ ਪਏ ਸਨ ਪਰ ਸੰਗਤ ਬਹੁਤ ਚੰਗਾ ਤਿਆਰ ਕਰਵਾਉਣਾ ਚਾਹੁੰਦੀ ਸੀ, ਇਸ ਕਰ ਕੇ ਇੱਕ ਦਿਨ ਹੋਰ ਲੱਗ ਗਿਆ। ਬਕਸਾ ਤਾਂ ਭਾਵੇਂ ਸਵੇਰੇ ਹੀ ਪੁੱਜ ਚੁੱਕਾ ਸੀ ਪਰ ਬਹੁਤ ਸਾਰੇ ਪ੍ਰੇਮੀ ਜਿਨ੍ਹਾਂ ਨੂੰ ਬਾਅਦ ਵਿੱਚ ਪਤਾ ਲੱਗਿਆ, ਜੋ ਦੂਰ ਰਹਿੰਦੇ ਸਨ ਉਨ੍ਹਾਂ ਦੇ ਟੈਲੀਫੋਨ ਆ ਰਹੇ ਸਨ ਜਿਸ ਕਰਕੇ ਸ਼ਾਮ ਤੱਕ ਦਰਸ਼ਨ ਕਰਵਾ ਕੇ ਬਕਸੇ ਨੂੰ ਸੀਲ ਕਰ ਸੰਭਾਲ ਕੇ ਰੱਖ ਦਿੱਤਾ।

ਇਨ੍ਹਾਂ ਦਿਨਾਂ ਵਿੱਚ ਇੰਡੀਆ ਦਾ ਬੱਚਾ ਬੱਚਾ ਜੋ ਇੰਗਲੈਂਡ ਦੀ ਧਰਤੀ ਤੇ ਵੱਸਦਾ ਸੀ, ਦਰਸ਼ਨਾਂ ਲਈ ਪੁੱਜਿਆ ਹੋਵੇਗਾ ਅਤੇ ਸਵੇਰੇ ਤਿੰਨ ਵਜੇ ਚਲਣ ਦਾ ਪ੍ਰੋਗਰਾਮ ਬਣਾ ਲਿਆ। ਦਿਨ ਦੇ ਸਾਢੇ ਦਸ ਵਜੇ ਏਅਰ ਇੰਡੀਆ ਜਹਾਜ਼ ਦੀਆਂ ਸੀਟਾਂ ਬੁੱਕ ਹੋ ਗਈਆਂ। ਸੰਗਤ ਦੂਰ ਦੀ ਕੋਲ ਠਹਿਰ ਗਈ। ਨੇੜੇ ਦੇ ਪ੍ਰੇਮੀ ਫੇਰ ਆਉਣ ਦੀ ਵਿਚਾਰ ਕਰ ਕੇ ਚਲੇ ਗਏ। ਬਕਸਾ ਬੰਦ ਕਰਨ ਤੋਂ ਪਹਿਲਾਂ ਗਰੂ ਨਾਨਕ ਸਤਸੰਗ ਸਭਾ ਵੱਲੋਂ ਕੀਮਤੀ ਦੁਸ਼ਾਲਾ ਭੇਟ ਕੀਤਾ ਗਿਆ। ਗਿਆਨੀ ਬਖਸ਼ੀਸ਼ ਸਿੰਘ ਪ੍ਰਧਾਨ ਗੁਰਦੁਆਰਾ ਰਾਮਗੜ੍ਹੀਆ ਨੈਵਲਰੋਡ ਫਾਰੈੱਸਟਗੇਟ, ਸ. ਬਚਿੱਤਰ ਸਿੰਘ ਸਾਬਕਾ ਪ੍ਰਧਾਨ ਸਾਊਥਹਾਲ, ਗਿਆਨੀ ਅਮੋਲਕ ਸਿੰਘ ਜਨਰਲ ਸਕੱਤਰ ਤੇ ਹੈੱਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ ਸਾਊਥਹਾਲ ਵੀ ਪੁੱਜੇ ਸਨ। ਵੁਲਵਰਹੈਂਪਟਨ ਤੋਂ ਗਿ. ਰਘੁਬੀਰ ਸਿੰਘ, ਬਰਮਿੰਘਮ ਤੋਂ ਗਿ. ਦਲੀਪ ਸਿੰਘ (ਮਾਠਾ), ਪ੍ਰੀਤਮ ਸਿੰਘ (ਸਮਰਾਏ) ਵਾਲਸਾਲ ਤੋਂ ਸ. ਜਰਨੈਲ ਸਿੰਘ, ਦਿਲਬਾਗ਼ ਸਿੰਘ, ਬਲਬੀਰ ਸਿੰਘ (ਧਾਰੀਵਾਲ), ਸੁਰਜੀਤ ਸਿੰਘ, ਬਲਵੀਰ ਸਿੰਘ ਸਿੰਧੂ, ਗਿ. ਸ਼ਾਮ ਸਿੰਘ, ਹਰਭਜਨ ਸਿੰਘ ਗਰੇਵਾਲ, ਸਾਧੂ ਸਿੰਘ ਮਾਸਟਰ, ਬਲਦੇਵ ਸਿੰਘ, ਸੋਹਣ ਸਿੰਘ, ਮਹਿੰਦਰ ਸਿੰਘ, ਸਰਵਨ ਸਿੰਘ ਆਦਿਕ ਸੱਜਣ ਆਏ ਸਨ। ਬਲਵੰਤ ਸਿੰਘ ਗਰੇਵਾਲ ਜੋ ਲੰਡਨ ਵਿੱਚ ਸਿੱਖ ਮਿਸ਼ਨਰੀ ਸੁਸਾਇਟੀ ਦਾ ਸੈਕਟਰੀ ਹੈ, ਡਡਲੀ ਟਾਊਨ ਤੋਂ ਸ. ਸੋਹਣ ਸਿੰਘ, ਬਰਮਿੰਘਮ ਤੋਂ ਬੀਬੀ ਬਲਵੰਤ ਕੌਰ ਜੋ ਸੁਲਤਾਨਪੁਰ ਬੇਬੇ ਨਾਨਕੀ ਦੇ ਗੁਰਦੁਆਰੇ ਦੀ ਸੇਵਾ ਕਰਵਾ ਰਹੀ ਹੈ; ਲੰਡਨ ਤੋਂ ਸਾਰੇ ਹੀ ਪ੍ਰੇਮੀ ਦਲੀਪ ਸਿੰਘ ਕਲਸੀ, ਸਾਧੂ ਸਿੰਘ ਸਰਾਭਾ, ਸਾਧੂ ਸਿੰਘ ਰਹਿਨਾਮ ਵਾਲਾ, ਜਗਮੇਲ ਸਿੰਘ ਕੰਗ, ਸ. ਉਜਾਗਰ ਸਿੰਘ ਕਵੀਸ਼ਰ; ਪ੍ਰੀਤਮ ਸਿੰਘ ਇਆਲੀ ਤੇ ਈਸ਼ਰ ਸਿੰਘ ਕਲਸੀ ਤਾਂ ਸ਼ੁਰੂ ਤੋਂ ਹੀ ਨਾਲ ਰਹੇ, ਜਗਦੇਵ ਸਿੰਘ ਗਰੇਵਾਲ ਤੇ ਮਾਸਟਰ ਆਗਿਆਕਾਰ ਸਿੰਘ (ਜਿਨ੍ਹਾਂ ਨੇ ਬੜੀ ਵੱਧ ਚੜ੍ਹ ਕੇ ਸਾਰੀ ਸੇਵਾ ਵਿੱਚ ਹਿੱਸਾ ਲਿਆ) ਇਤਿਆਦਿਕ ਸੱਜਣ ਪ੍ਰਵਾਰਾਂ ਸਮੇਤ ਪੁੱਜੇ ਸਨ। ਘਰ ਵਾਲੇ ਪ੍ਰੇਮੀਆਂ ਨੇ ਬਾਹਰੋਂ ਆਈ ਸੰਗਤ ਦੀ ਹਰ ਪ੍ਰਕਾਰ ਦੀ ਸੇਵਾ ਸੰਭਾਲ ਕੀਤੀ।

ਨੋਟ: ਸਾਰੇ ਹੀ ਪ੍ਰੇਮੀ ਸੱਜਣਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਤੁਹਾਡਾ ਮਹਾਂਪੁਰਸ਼ਾਂ ਨਾਲ ਅਥਾਹ ਪਿਆਰ ਸੀ, ਲੇਖਕ ਨੇ ਆਪ ਅੱਖੀਂ ਡਿੱਠਾ ਹੈ ਪਰ ਸਾਰਿਆਂ ਦੇ ਗ੍ਰੰਥ ਵਿੱਚ ਨਾਮ ਨਹੀਂ ਆ ਸਕਦੇ, ਇਸ ਕਰ ਕੇ ਖ਼ਿਮਾਂ ਦਾ ਜਾਚਕ ਹਾਂ। ਤੁਹਾਡੀ ਸ਼ਰਧਾ ਤੇ ਪ੍ਰੇਮ ਨੂੰ ਹਜ਼ੂਰ ਜਾਣਦੇ ਹਨ।

ਭਾਰਤ ਵਾਪਸੀ

੩੦-੮-੭੫ ਦੇ ਅੰਮ੍ਰਿਤ ਵੇਲੇ ਰੋਜ਼ ਵਾਂਗ ਰਿਹਾਇਸ਼ੀ ਅਸਥਾਨ ਵੁਲਵਰਹੈਂਪਟਨ ਤੇ ਨਾਲ ਦੇ ਸਿੰਘਾਂ ਨੇ ਇਸ਼ਨਾਨ ਕੀਤਾ ਤੇ ਸਹੀ ਤਿੰਨ ਵਜੇ ਫਿਊਨਰਲ ਵਾਲਿਆਂ ਕੋਲ ਪੁੱਜੇ ਜਿੱਥੇ ਬੇਅੰਤ ਸੰਗਤ ਦਾ ਕੋਚਾਂ ਅਤੇ ਕਾਰਾਂ ਰਾਹੀਂ ਇਕੱਠ ਜੁੜਿਆ ਸੀ। ਅੱਠ ਕਾਰਾਂ ਤਾਂ ਪ੍ਰੇਮੀਆਂ ਦੇ ਘਰੋਂ ਹੀ ਚੱਲੀਆਂ ਬਾਕੀ ਦੀ ਹੋਰ ਸੰਗਤ ਆਪੋ ਆਪਣੀਆਂ ਕਾਰਾਂ ਤੇ ਪੁੱਜ ਗਈ। ਸਾਢੇ ਤਿੰਨ ਵਜੇ ਫਿਊਨਰਲ ਵਾਲਿਆਂ ਦੀ ਗੱਡੀ ਤੇ ਸਰੀਰ ਵਾਲਾ ਬਕਸਾ (ਜਿਸ ਵਿੱਚ ਦਰਸ਼ਨ ਕਰਨ ਵਾਸਤੇ ਚਿਹਰੇ ਅੱਗੇ ਸ਼ੀਸ਼ਾ ਲਾਇਆ ਸੀ ਰੱਖ ਲਿਆ, ਜੋ ਲੰਡਨ ਵਾਸੀ ਪ੍ਰੇਮੀਆਂ ਨੇ ਵੱਧ ਤੋਂ ਵੱਧ ਧਨ ਖ਼ਰਚ ਕੇ ਤਿਆਰ ਕਰਵਾਇਆ ਸੀ। ਜਿਸ ਉੱਪਰ ਬਾਰ੍ਹਾਂ ਹਜ਼ਾਰ ਰੁਪਏ (ਸੱਤ ਸੌ ਪੌਂਡ) ਲੱਗੇ ਸਨ, ਹੁਣ ਤਾਂ ਪੌਂਡ ਦੀ ਕੀਮਤ ੫੦ ਰੁਪੈ ਹੈ। ਅਤਰ, ਕਿਉੜਾ, ਸੈਂਟ ਆਦਿਕ ਸੁਗੰਧੀ ਵਾਲੀਆਂ ਚਿਜ਼ਾਂ ਛਿੜਕ ਕੇ ਉੱਪਰ ਸ੍ਰੀ ਗੁਰੂ ਨਾਨਕ ਸੰਤਸਗ ਸਭਾ ਵੱਲੋਂ ਅੰਤਮ ਸਮੇਂ ਭੇਟ ਕੀਤਾ ਰੇਸ਼ਮੀ ਖੀਨ ਖਾਫ ਤੇ ਮਖਮਲੀ ਬਸਤਰ ਦਾ ਸੁੰਦਰ ਦੁਸ਼ਾਲਾ ਪਾਇਆ ਗਿਆ ਜੋ ਤਿੰਨ ਸੌ ਪੌਂਡ ਭਾਵ ਛੇ ਹਜ਼ਾਰ ਰੁਪਿਆ ਖ਼ਰਚ ਕੇ ਪ੍ਰੇਮੀਆਂ ਨੇ ਸ਼ਰਧਾ ਨਾਲ ਤਿਆਰ ਕੀਤਾ ਸੀ। ਸਹੀ ਚਾਰ ਵਜੇ ਕਾਰਾਂ, ਕੋਚਾਂ ਤੇ ਹੋਰ ਸਾਧਨਾਂ ਰਾਹੀਂ ਸੰਗਤ ਡੇਢ ਸੌ ਮੀਲ ਦਾ ਸਫ਼ਰ ਮੁਕਾ ਕੇ ਠੀਕ ਸੱਤ ਵਜੇ ਹਵਾਈ ਅੱਡੇ ਤੇ ਪੁੱਜ ਗਈ। ਜਿੱਥੇ ਪ੍ਰੀਤਮ ਦੇ ਅੰਤਮ ਦਰਸ਼ਨਾਂ ਦੀ ਤਾਂਘ ਵਾਲੇ ਪੰਜ ਕੁ ਹਜ਼ਾਰ ਸ਼ਰਧਾਲੂ ਮੌਜੂਦ ਸਨ। ਬਾਕੀ ਦੇ ਹੋਰ ਆ ਰਹੇ ਸੀ। ਬਕਸਾ ਦੇਖਣ ਸਾਰ ਸਭਨਾਂ ਦੀਆਂ ਧਾਹਾਂ ਨਿੱਕਲ ਗਈਆਂ। ਜੱਥੇ ਦੇ ਸਿੰਘਾਂ ਨੇ ਰੁਕੇ ਕੰਠ ਭਾਣਾ ਮੰਨਣ ਦਾ ਉਪਦੇਸ਼ ਦਿੱਤਾ ਪਰ ਕਿਸੇ ਦਾ ਵੈਰਾਗ ਨਾ ਰੁਕੇ। ਵੈਰਾਗ ਦੇ ਹੜ੍ਹ ਅੱਗੇ ਉਪਦੇਸ਼ ਰੂਪੀ ਰੇਤੇ ਦਾ ਪੁਲ ਰੁੜ੍ਹ ਗਿਆ। ਏਅਰ ਪੋਰਟ ਤੇ ਕਰਮਚਾਰੀਆਂ ਦੇ ਗਲੇ ਭਰ ਆਏ। ਸ. ਚਰਨਜੀਤ ਸਿੰਘ ਅਤੇ ਡਾਕਟਰ ਪ੍ਰੀਤਮ ਸਿੰਘ ਵੀ ਆ ਗਿਆ। ਸੰਗਤ ਦੀ ਮੰਗ ਅਨੁਸਾਰ ਡੇਢ ਘੰਟਾ ਬਕਸੇ ਦਾ ਦਰਸ਼ਨ ਕਰਵਾਇਆ। ਕਈਆਂ ਦੀਆ ਗੱਡੀਆਂ ਖ਼ਰਾਬ ਹੋਣ ਕਰ ਕੇ ਲੇਟ ਪੁੱਜੇ, ਪਰ ਉਨ੍ਹਾਂ ਨੂੰ ਵੀ ਬਕਸੇ ਦਾ ਦੀਦਾਰ ਹੋ ਹੀ ਗਿਆ। ਭਾਵੇਂ ਬਕਸਾ ਬੰਦ ਸੀ ਪਰ ਸ਼ੀਸ਼ੇ ਵਿੱਚ ਦੀ ਚੇਹਰੇ ਦਾ ਦਰਸ਼ਨ ਕਰ ਕੇ ਹੀ ਆਪਣੇ ਆਪ ਨੂੰ ਭਾਗਸ਼ਾਲੀ ਸਮਝਦੇ ਸਨ। ਜੇਕਰ ਇਕੱਲੇ ਇਕੱਲੇ ਪ੍ਰੇਮੀ ਦਾ ਨਾਮ ਲਿਖੀਏ ਤਾਂ ਬਹੁਤ ਸਾਰਾ ਵਿਸਥਾਰ ਹੋਣ ਦਾ ਭੈ ਹੈ। ਪਿਆਰ ਕਿਸੇ ਦਾ ਵੀ ਘੱਟ ਨਹੀਂ ਸੀ। ਪਰ ਇਤਨਾ ਹੀ ਦੱਸ ਦੇਣਾ ਕਾਫ਼ੀ ਹੋਵੇਗਾ ਕਿ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕ ਤੇ ਗ੍ਰੰਥੀ ਸਾਹਿਬਾਨ ਹੋਰ ਵਿਅਕਤੀਆਂ ਤੋਂ ਇਲਾਵਾ (ਜਿਨ੍ਹਾਂ ਨੇ ਸਾਰੇ ਇੰਗਲੈਂਡ ਵਿੱਚ ਘਰਾਂ ਘਰਾਂ ਤੇ ਗੁਰਦੁਆਰਿਆਂ ਵਿੱਚ ਅਖੰਡ ਪਾਠ ਜਾਰੀ ਕਰ ਦਿੱਤੇ ਸਨ) ਹੋਰ ਵੀ ਸ਼ਰਧਾਲੂ ਸੱਜਣਾਂ ਦੀ ਬੇਅੰਤ ਭੀੜ ਜੁੜੀ ਸੀ।

ਸੰਗਤਾਂ ਦੇ ਹੰਝੂ ਤੱਕ ਕੇ ਇੰਦਰ ਦੇਵਤਾ ਵੀ ਰਹਿ ਨਾ ਸਕਿਆ। ਉਸ ਨੇ ਵੀ ਅਕਾਸ਼ੀ ਮੋਤੀ ਹੰਝੂ ਅਰਥਾਤ ਬਾਰਸ਼ ਦੁਆਰਾ ਫ਼ੁੱਲ ਭੇਟਾ ਕੀਤੇ। ਇਹ ਸ਼ੀਨ ਦੇਖ ਕੇ ਕਸਟਮ ਵਾਲੇ ਸਟਾਫ ਦਾ (ਜਿਨ੍ਹਾਂ ਵਿੱਚੋਂ ਬਹੁਤ ਸਾਰੇ ਜਲੰਧਰ ਜ਼ਿਲ੍ਹੇ ਦੇ ਇੰਡੀਅਨ ਸਨ) ਮਨ ਦ੍ਰਵ ਗਿਆ। ਸੰਗਤਾਂ ਨੂੰ ਹੰਝੂ ਸਿੱਟਦੀਆਂ ਛੱਡ ਪੌਣੇ ਨੌਂ ਵਜੇ ਬਕਸਾ ਅੰਦਰ ਲਿਜਾ ਕੇ ਡਾਕਟਰ ਪ੍ਰੀਤਮ ਸਿੰਘ ਨੇ ਹਵਾਈ ਜਹਾਜ਼ ਦੇ ਏਅਰ ਕੰਡੀਸ਼ਨ ਕਮਰੇ ਵਿੱਚ ਉੱਚੀ ਜਗ੍ਹਾ ਤੇ ਸਤਿਕਾਰ ਨਾਲ ਰਖਵਾ ਦਿੱਤਾ। ਆਪ ਜਥੇ ਵਾਲੇ ਪ੍ਰੇਮੀ ਤੇ ਹੋਰ ਦਰਸ਼ਨਾਲੂ ਸੰਗਤ ਅਤੇ ਜਿਹੜੇ ਪ੍ਰੀਤਮ ਦੀ ਯਾਦ ਵਿੱਚ ਟੂਣਾ ਕਰ ਕੇ, ਮੋਹਨ ਵਾਂਗ ਘਰਾਂ ਦਾ ਮੋਹ ਭੁਲਾ ਕੇ, ਝੱਲਿਆਂ ਵਾਂਗ ਬਿਹਬਲ ਹੋ ਕੇ ਇੰਡੀਆ ਨੂੰ ਨਾਲ ਹੀ ਤੁਰ ਪਏ, ਇਨ੍ਹਾਂ ਦੇ ਨਾਮ ਤੇ ਪਿਆਰ ਵੀ ਵਰਨਣ ਯੋਗ ਹਨ:

(੧) ਸ. ਸੁਦਾਗਰ ਸਿੰਘ (ਰੂਮੀ) ਇਨ੍ਹਾਂ ਦੇ ਘਰ ਨੂੰ ਅੰਤ ਸਮੇਂ ਹਜ਼ੂਰ ਨੇ ਮਹਾਨ ਤੀਰਥ ਬਣਾਇਆ।
(੨) ਸ. ਈਸ਼ਰ ਸਿੰਘ ਕਲਸੀ (ਰਾਮਪੁਰ)
(੩) ਸ. ਦਲੀਪ ਸਿੰਘ ਕਲਸੀ (ਰਾਮਪੁਰ)
(੪) ਸ. ਪ੍ਰੀਤਮ ਸਿੰਘ (ਇਆਲੀ)
(੫) ਸ. ਕਰਨੈਲ ਸਿੰਘ (ਭੈਰੋਮੁੰਨਾ)
(੬) ਗਿਆਨੀ ਦਲੀਪ ਸਿੰਘ (ਮਾਠਾ) ਸਮਰਾਏ
(੭) ਸ. ਮੋਹਨ ਸਿੰਘ (ਠੱਕਰਵਾਲ)
(੮) ਸ. ਹਰਦੇਵ ਸਿੰਘ (ਫੋਟੋਗ੍ਰਾਫਰ)
(੯) ਸ. ਪਰਮਜੀਤ ਸਿੰਘ ਗਰੇਵਾਲ (ਕਿਲ੍ਹਾ ਰਾਏਪੁਰ)
(੧੦) ਸ. ਸ਼ੇਰ ਸਿੰਘ (ਝੱਮਟ)

ਇਨ੍ਹਾਂ ਵਿੱਚੋਂ ਸ. ਪ੍ਰੀਤਮ ਸਿੰਘ ਇਆਲੀ ਅਤੇ ਸ. ਈਸ਼ਰ ਸਿੰਘ ਕਲਸੀ ਦੀ ਤਾਂ ਆਪ ਸੰਤ ਜੀ ਮਹਾਰਾਜ ਡਿਊਟੀ ਲਾ ਕੇ ਗਏ ਸਨ, ਕਿ ਸਾਡੇ ਸਰੀਰ ਨੂੰ ਤੁਸੀਂ ਇੰਡੀਆ ਪੁਚਾਉਣਾ ਹੈ। ਹੋਰ ਵੀ ਪ੍ਰੇਮੀ ਹਜ਼ੂਰ ਦੀ ਕ੍ਰਿਪਾ ਦੇ ਪਾਤਰ ਬਣੇ ਅਤੇ ਜ਼ਰੂਰੀ ਕੰਮ ਛੱਡ ਕੇ ਡਿਊਟੀਆਂ ਤੋਂ ਛੁੱਟੀਆਂ ਲੈ ਅਸਲੀ ਪਿਆਰ ਦਾ ਸਬੂਤ ਦਿੱਤਾ। ਬਕਸਾ ਅੰਦਰ ਗਏ ਤੋਂ ਸਾਰੀ ਸੰਗਤ ਤੇ ਜਥੇ ਦੇ ਸਿੰਘ ਦੂਸਰੇ ਪਾਸੇ ਚਲੇ ਗਏ ਕਿਉਂਕਿ ਅੰਦਰ ਕਿਸੇ ਨੂੰ ਵੀ ਜਾਣ ਦੀ ਆਗਿਆ ਨਹੀਂ ਸੀ ਮਿਲ ਰਹੀ। ਬਾਹਰੋਂ ਹੀ ਨਮਸ਼ਕਾਰਾਂ ਕਰ ਹੰਝੂ ਕੇਰਦੇ ਪਲੇਟਫਾਰਮ ਤੇ ਆ ਗਏ। ਇੱਥੇ ਆ ਕੇ ਇੱਕ ਘੰਟਾ ਰੁਕਣਾ ਪਿਆ। ਸੰਗਤਾਂ ਦੀ ਵੈਰਾਗ ਦਸ਼ਾ ਤੱਕ ਕੇ ਜਥੇਦਾਰ ਜੀ ਨੇ ਸੰਤ ਜੀ ਮਹਾਰਾਜ ਦੀ ਘਾਲਣਾ ਤੇ ਬਜ਼ੁਰਗਾਂ ਵੱਲੋਂ ਹੋਈ ਬਖ਼ਸ਼ਿਸ਼ ਦਾ ਜ਼ਿਕਰ ਕਰਦਿਆਂ ਉਨ੍ਹਾਂ ਵੱਲੋਂ ਭਾਣਾ ਮੰਨਣ ਦੀ ਆਗਿਆ ਦੱਸੀ।

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥

(ਰਾਮਕਲੀ ਬਾਬਾ ਸੁੰਦਰ - ੯੨੩)

ਅਥਵਾ: ***ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥***
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥੧੬॥

(ਸਲੋਕ ਭਗਤ ਕਬੀਰ ਜੀ - ੧੩੬੫)

ਉਸ ਸਮੇਂ ਸ. ਚਰਨਜੀਤ ਸਿੰਘ ਜੀ ਕੋਕਾ ਕੋਲਾ ਵਾਲੇ ਵੀ ਪਾਸ ਬੈਠੇ ਸਨ। ਉਨ੍ਹਾਂ ਦੀ ਸੰਗਤ ਨੂੰ ਜਾਣ ਪਛਾਣ ਕਰਵਾਈ ਕਿ ਜੋ ਏਸ ਧਰਤੀ ਵਿੱਚ ਦੋ ਵਾਰ ਤੁਹਾਨੂੰ ਮਹਾਂਪੁਰਸ਼ਾਂ ਦੇ ਦਰਸ਼ਨ ਹੋਏ ਹਨ ਸਾਰੀ ਸੇਵਾ ਦਾ ਸੇਹਰਾ ਇਨ੍ਹਾਂ ਦੇ ਸੀਸ ਤੇ ਹੈ ਅਤੇ ਇਨ੍ਹਾਂ ਤੇ ਸੰਤ ਜੀ ਦੀ ਅਪਾਰ ਕ੍ਰਿਪਾ ਹੈ ਅਤੇ ਇਨ੍ਹਾਂ ਦਾ ਤੁਹਾਡੇ ਤੇ ਨਾ ਭੁੱਲਣ ਵਾਲਾ ਪਰਉਪਕਾਰ ਹੈ। ਇਨ੍ਹਾਂ ਦੇ ਪਿਤਾ ਜੀ ਤੇ ਦਾਦਾ ਜੀ ਸੰਤ ਜੀ ਮਹਾਰਾਜ ਤੋਂ ਵਰੋਸਾਏ ਹਨ ਇਨ੍ਹਾਂ ਦਾ ਜਨਮ ਹਜ਼ੂਰ ਦੇ ਬਚਨਾਂ ਨਾਲ ਹੋਇਆ ਹੈ। ਇਹ ਵੀ ਉਸੇ ਤਰ੍ਹਾਂ ਆਪਣੇ ਬਜ਼ੁਰਗਾਂ ਵਾਂਗ ਪਿਆਰ ਦਾ ਸਬੂਤ ਦੇ ਰਹੇ ਹਨ। ਸੰਤ ਜੀ ਮਹਾਰਾਜ ਦੇ ਭਾਣਾ ਵਰਤਾਉਣ ਦੀ ਖ਼ਬਰ ਸੁਣ ਕੇ ੧੦੪ ਡਿਗਰੀ ਦੇ ਬੁਖ਼ਾਰ ਵਿੱਚ ਹੀ ਸੀਟ ਬੁੱਕ ਕਰਵਾਕੇ ਹਵਾਈ ਜਹਾਜ਼ ਤੇ ਅਸਵਾਰ ਹੋ ਕੇ ਏਥੇ ਪੁੱਜੇ ਸਨ। ਮਹਾਂਪੁਰਸ਼ਾਂ ਦੇ ਪਾਵਨ ਸਰੂਪ ਦਾ ਦੀਦਾਰ ਕਰ ਹੰਝੂਆਂ ਦੇ ਮੋਤੀ ਭੇਟਾ ਕੀਤੇ। ਆਧੀਆਂ ਵਿਆਧੀਆਂ ਦੇ ਹਰਤਾ ਦੀ ਕ੍ਰਿਪਾ ਨਾਲ ਬੁਖ਼ਾਰ ਦੂਰ ਹੋ ਗਿਆ। ਇਹ ਬਚਨ ਸੁਣ ਕੇ ਸ. ਚਰਨਜੀਤ ਸਿੰਘ ਦਾ ਹਿਰਦਾ ਦ੍ਰਬ ਆਇਆ ਨੇਤਰਾਂ ਦੁਆਰੇ ਵੈਰਾਗ ਦਾ ਜਲ ਬਾਹਰ ਆਇਆ। ਸੰਗਤਾਂ ਦੇ ਮਨ ਵੀ ਪੰਘਰ ਗਏ ਅਤੇ ਨੈਣ ਤਰ ਬਤਰ ਹੋ ਆਏ। ਇਸੇ ਤਰ੍ਹਾਂ ਹੋਰ ਪ੍ਰੇਮੀਆਂ ਨੇ ਵੀ ਏਥੇ ਸੰਤ ਜੀ ਮਹਾਰਾਜ ਦਾ ਜਸ ਕਰਦਿਆਂ ਆਪਣੀਆਂ ਸ਼ਰਧਾਂਜਲੀਆਂ ਭੇਟਾ ਕੀਤੀਆਂ।

ਗੁਰਦੁਆਰਿਆਂ ਦੇ ਪ੍ਰਬੰਧਕ ਤੇ ਗ੍ਰੰਥੀ ਸਾਹਿਬਾਨ ਵੀ ਆਏ ਸਨ। ਕਈਆਂ ਨੇ ਸੰਤ ਜੀ ਮਹਾਰਾਜ ਨੂੰ ਸ਼ਰਧਾਂਜਲੀ ਭੇਟਾ ਕੀਤੀਆਂ। ਗਿਆਨੀ ਗੁਰਦੀਪ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਸਾਊਥਹਾਲ ਨੇ ਬੜੇ ਭਰੇ ਦਿਲ ਨਾਲ ਇਹ ਸ਼ਬਦ ਕਹੇ: ਸੰਤ, ਗੁਰਮਤਿ ਕੋਸ਼ ਵਿਖੇ ਇਸ ਦੇ ਇਸ ਤਰ੍ਹਾਂ ਅਰਥ ਮੰਨੇ ਜਾਂਦੇ ਹਨ। ਸੰਸਕ੍ਰਿਤ, ਸੰਤ ਸ਼ਾਂਤ ਬੀਤਰਾਗ ਮਹਾਤਮਾ, ਜਿਸ ਨੇ ਵਿਸ਼ੇ ਜਿੱਤ ਲਏ ਹਨ ਤੇ ਬ੍ਰਹਮ ਦੇ ਧਿਆਨ ਵਿੱਚ ਲੀਨ ਰਹਿੰਦਾ ਹੈ, ਵਾਹਿਗੁਰੂ ਦੇ ਪਿਆਰ ਵਿੱਚ ਰਹਿਣ ਵਾਲਾ ਸਿਮਰਨ ਕਰ ਕੇ ਇੱਕ ਰਸ ਪ੍ਰਵਾਹ ਸਾਈਂ ਦੇ ਧਿਆਨ ਦਾ ਜਾਰੀ ਰਹੇ, ਇਹ ਰੂਪ ਸੰਤ ਦਾ ਗੁਰੂ ਜੀ ਨੇ ਆਪ ਦੱਸਿਆ ਹੈ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥ (ਗਉੜੀ ਵਾਰ-੨ ਮਃ ੫ - ੩੧੯)

ਪੂਰਬੋਕਤ ਸਿਫਤਾਂ ਵਾਲੇ ਮਹਾਂਪੁਰਖ, ਆਤਮ ਮੰਡਲਾਂ ਦੇ ਪਾਂਧੀ, ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਸਾਹਿਬ ਵਾਲੇ ਬ੍ਰਹਮਗਿਆਨੀ ਸਨ, ਜਿਨ੍ਹਾਂ ਦੀ ਕਥਨੀ ਤੇ ਕਰਣੀ ਇੱਕੋ ਰੂਪ ਸੀ। ਜਿਨ੍ਹਾਂ ਦੇ ਕੀਰਤਨ ਵਿੱਚ ਰੱਬੀ ਮਿਠਾਸ, ਆਤਮ ਜਲਵਿਆਂ ਨਾਲ ਭਰਪੂਰ ਸੀ। ਡਾਕਟਰ ਇਕਬਾਲ ਦੇ ਕਥਨ ਅਨੁਸਾਰ, 'ਹੈ ਤੁਝੇ ਵਾਸਤਾ ਮਜ਼ਾਹਰ ਸੇ, ਔਰ ਬਾਤਨ ਸੇ ਆਸ਼ਨਾਂ ਹੂੰ ਮੈਂ' ਇਸ਼ਕ ਅਕਲ ਨੂੰ ਸੰਬੋਧਨ ਕਰਦਾ ਹੈ, ਅਕਲ ਪ੍ਰਗਟ ਦਿਸਦੀਆਂ ਸਾਕਾਰ ਵਸਤੂਆਂ ਨੂੰ ਪਰਖਦੀ ਹੈ, ਪ੍ਰੇਮ ਅੰਦਰ ਛੁਪੀਆਂ ਸੂਖਮ ਤੇ ਨਿਰਗੁਣ ਵਸਤਾਂ ਦੇਖਦਾ ਹੈ। ਐਸੀਆਂ ਮਹਾਨ ਆਦਰਸ਼ਕ ਵਡਿਆਈਆਂ ਵਾਲੇ ਕੀਰਤਨ ਦੇ ਆਸ਼ਕ, ਵਿਆਖਿਆ ਵਿੱਚ ਬੜੀ ਚੁੰਬਕ ਸ਼ਕਤੀ ਰੱਖਣ ਵਾਲੇ ਰਾੜੇ ਸਾਹਿਬ ਵਾਲੇ ਮਹਾਂਪੁਰਖ ਸਨ। ਅਕਾਲ ਪੁਰਖ ਦੀ ਅਪਾਰ ਕ੍ਰਿਪਾ ਨਾਲ ੧੯੭੪ ਵਿੱਚ ਮਹਾਂਪੁਰਖਾਂ ਨੇ ਯੂ. ਕੇ. ਲੰਡਨ ਦੀ ਧਰਤੀ ਤੇ ਚਰਨ ਪਾਏ। ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਵਿਖੇ ਲਗਭਗ ਇੱਕ ਮਹੀਨਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਜਿਸ ਦਾ ਏਹ ਸੋਹਣਾ ਪ੍ਰਭਾਵ ਪਿਆ ਕਿ ੨੨੦ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਮਹਾਂਪੁਰਖਾਂ ਦੇ ਤਿਆਗ ਦੀ ਗੱਲ ਕਰਨੀ ਭੀ ਜ਼ਰੂਰੀ ਸਮਝਦਾ ਹਾਂ। ਸ੍ਰੀ ਗੁਰੂ ਸਿੰਘ ਸਭਾ ਤੇ ਪ੍ਰਬੰਧਕ ਸਿਰਪਾਓ ਦੇਣ ਵਾਸਤੇ ਗਏ ਦਾਸ ਭੀ ਨਾਲ ਹੀ ਸੀ। ਕਈ ਸੌ ਪੌਂਡ ਅਤੇ ਪੰਜ ਦਸਤਾਰਾਂ ਭੇਟਾ ਕੀਤੀਆਂ। ਦਸਤਾਰਾਂ ਤਾਂ ਅੰਗੀਕਾਰ ਕਰ ਲਈਆਂ ਪਰ ਪੌਂਡ ਵਾਪਸ ਕਰ ਦਿੱਤੇ ਕਿ ਅਸੀਂ ਗੁਰਦੁਆਰੇ ਤੋਂ ਕਦੇ ਮਾਯਾ ਨਹੀਂ ਲੈਂਦੇ। ਸਤਿਗੁਰੂ ਦੀ ਅਪਾਰ ਕ੍ਰਿਪਾ ਨਾਲ ੧੯੭੫ ਵਿੱਚ ਫੇਰ ਸੰਗਤਾਂ ਦੇ ਪਿਆਰ ਦੇ ਖਿੱਚੇ ੧੧ ਮਈ ਨੂੰ ਦਰਸ਼ਨ ਬਖਸ਼ੇ ਸਨ। ੧੫ ਮਈ ਤੋਂ ੧੫ ਜੂਨ ਤੱਕ ਸ੍ਰੀ ਗੁਰੂ ਸਿੰਘ ਸਭਾ ਵਿਖੇ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਐਤਕੀਂ ਹੋਰ ਭੀ ਗੁਰੂ ਦੀ ਕ੍ਰਿਪਾ ਹੋਈ ਕਿ ਗਿਆਨੀ ਮੋਹਨ ਸਿੰਘ ਜੀ ਆਜ਼ਾਦ ਜੋ ਗੁਰਬਾਣੀ ਦੇ ਧਰੁੰਧਰ ਵਿਦਯਵਾਨ ਕਥਾ ਵਾਸਤੇ ਜਥੇ ਨਾਲ ਆਏ। ਪਿਛਲੇ ਸਾਲ ਭੀ ਤਿੰਨ ਹਜ਼ਾਰ ਦੀ ਗਿਣਤੀ ਵਿੱਚ ਸੰਗਤਾਂ ਪੁੱਜਦੀਆਂ ਪਰ ਐਤਕੀਂ ਤਾਂ ਅੱਗੇ ਨਾਲੋਂ ਭੀ ਹਾਜ਼ਰੀ ਵੱਧ ਗਈ। ੨੨੦ ਮਾਈ ਭਾਈ ਨੇ ਅੰਮ੍ਰਿਤ ਪਾਨ ਕੀਤਾ। ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਪੰਥ ਵਿੱਚ ਐਸੇ ਮਹਾਂਪੁਰਸ਼ ਸਦਾ ਹੀ ਚੜ੍ਹਦੀਆਂ ਕਲਾ ਵਾਲੇ ਗੁਰੂ ਪੰਥ ਦੀ ਸੇਵਾ ਕਰਦੇ ਰਹਿਣ। ਐਸੇ ਮਹਾਂਪੁਰਖਾਂ ਵਾਸਤੇ ਹੀ ਫਰੀਦ ਜੀ ਨੇ ਲਿਖਿਆ ਹੈ:

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥

(ਆਸਾ ਸੇਖ ਫਰੀਦ ਜੀ - ੪੮੮)

ਵੀਹਵੀਂ ਸਦੀ ਵਿੱਚ ਗੁਰਮਤ ਪ੍ਰਚਾਰ ਦੇ ਛੇਤਰ ਵਿਖੇ ਸੰਤ ਅਤਰ ਸਿੰਘ ਜੀ ਮਸਤੂਆਣਾ ਤੋਂ ਬਾਦ ਜਿਸ ਮਹਾਨ ਵਿਅਕਤੀ ਨੇ ਸਾਰੇ ਸਿੱਖ ਜਗਤ ਨੂੰ ਪ੍ਰਭਾਵਤ ਕੀਤਾ, ਉਹ ਆਪ ਜੀ ਹੀ ਮੁਬਾਰਕ ਵਿਅਕਤੀ ਸੀ, ਜਿਸ ਨੇ ਲੱਖਾਂ ਪ੍ਰਾਣੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਗੁਰ ਚਰਨੀ ਜੋੜਿਆ। ਸ਼ਾਇਦ ਹੀ ਕਿਸੇ ਹੋਰ ਨੇ ਜੋੜਿਆ ਹੋਵੇ। ਆਪ ਜੀ ਆਪਣੇ ਆਪ ਵਿੱਚ ਇੱਕ ਪੂਰਨ ਸੰਸਥਾ ਤੇ ਪੰਥ ਦਰਦੀ ਸਨ। ਉਹ ਪੰਥ ਦੇ ਹਿਤ ਤੇ ਹਰ ਔਕੜ ਵਿੱਚ ਪੂਰਨ ਸਹਿਯੋਗ ਦਿੰਦੇ ਸਨ। ਪੰਥ ਦੇ ਉੱਜਲ ਮੁੰਹ ਤੋਂ ਦਿਨ ਬਦਿਨ ਵਧ ਰਹੇ ਅਸਿੱਖਤਾ ਦੇ ਕਾਲੇ ਧੱਬਿਆਂ ਨੂੰ ਮੇਟਣ ਲਈ ਇਸ ਬ੍ਰਿਧ ਅਵਸਥਾ ਵਿੱਚ ਦੂਜੀ ਵੇਰ ਯੂ. ਕੇ. ਦੀ ਧਰਤੀ ਨੂੰ ਭਾਗ ਲਾਏ। ਆਪ ਜੀ ਦਾ ਹੋਂਦ ਦਾ ਸਦਕਾ ਯੂ. ਕੇ. ਨਿਵਾਸੀ ਸਿੱਖਾਂ ਨੂੰ ਭਾਰੀ ਆਸਤਕ ਲਾਭ ਪੁੱਜਾ। ਆਪ ਜੀ ਦਾ ਪ੍ਰਚਾਰ ਬੜਾ ਪ੍ਰਭਾਵਸ਼ਾਲੀ ਸੀ ਅਤੇ ਦੀਵਾਨ ਵਿੱਚ ਇਤਨਾ ਇਕੱਠ ਹੁੰਦਾ ਸੀ ਜੋ ਇੰਗਲੈਂਡ ਦੀ ਧਰਤੀ ਵਿੱਚ ਕਿਸੇ ਵੀ ਵਿਅਕਤੀ ਦੇ ਆਇਆਂ ਅੱਜ ਤੱਕ ਇਤਨਾ ਇਕੱਠ ਨਹੀਂ ਦੇਖਿਆ ਗਿਆ। ਆਪ ਜੀ ਦੇ ਅਚਾਨਕ ਵਿਛੋੜੇ ਨਾਲ ਸਿੱਖੀ ਆਸ਼ਕਾਂ ਦੇ ਜਜ਼ਬੇ ਮਿੱਧੇ ਗਏ ਹਨ ਅਤੇ ਸਮੁੱਚੇ ਸੰਸਾਰ ਨੂੰ ਅਸਹਿ ਪੀੜਾ ਪ੍ਰਾਪਤ ਹੋਈ ਹੈ। ਅਜਿਹੇ ਮਹਾਂਪੁਰਸ਼ ਵਿਰਲੀ ਰੂਹ ਦੇ ਮਾਲਕ ਤੇ ਦੈਵੀ ਸੂਝ ਵਾਲੇ ਹੁੰਦੇ ਹਨ। ਅਨੋਖੇ ਆਤਮਕ ਮੰਡਲਾਂ ਦੇ ਤਾਰੂ ਤੇ ਉਨ੍ਹਾਂ ਦੀ ਹੋਂਦ ਲੱਖਾਂ ਆਤਮਾਵਾਂ ਨੂੰ ਉੱਚੇਰੇ ਮੰਡਲਾਂ ਵਿੱਚ ਲਿਜਾਣ ਲਈ ਸਹਾਈ ਹੁੰਦੀ ਹੈ।

ਇਸ ਤਰ੍ਹਾਂ ਗਿਆਨੀ ਅਮੋਲਕ ਸਿੰਘ ਜਨਰਲ ਸਕੱਤਰ ਸਿੰਘ ਸਭਾ ਗੁਰਦੁਆਰਾ ਸਾਊਥਹਾਲ ਵਾਲਿਆਂ ਨੇ ਕਿਹਾ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਬੜੇ ਦੁਰਲੱਭ ਤੇ ਭਾਗਾਂ ਵਲਿਆਂ ਨੂੰ ਹੁੰਦੇ ਹਨ। ਉਹ ਆਤਮ ਰੰਗ ਵਿੱਚ ਰੰਗੇ ਮਹਾਂਪੁਰਸ਼ ਸਨ ਧਰਮ ਜੋਸ਼ ਨਾਲ ਸਰਸ਼ਾਰ, ਅਡੋਲ ਚਿੱਤ, ਟਿਕਾਉ ਮਨ ਦੇ ਮਾਲਕ, ਰਾਜ ਰਾਜੇਸ਼ੂਰੀ ਆਤਮਾ, ਸੱਚੇ ਤੇ ਧੁਰ ਦਰਗਾਹੋਂ ਵਰੋਸਾਏ ਮਹਾਂਪੁਰਸ਼ ਸਨ। ਆਪ ਨਾਮ ਅਭਿਆਸ ਵਿੱਚ ਰੰਗ ਰਤੇ ਹੀ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਇਹ ਕਿਸੇ ਵਿਰਲੇ ਮਹਾਂਪੁਰਸ਼ ਦੀ ਅੰਤਮ ਯਾਤਰਾ ਦੀ ਸਿਖਰ ਹੈ। ਆਪ ਨਿਰਸੰਦੇਹ ਸਿੱਖੀ ਅਧਿਆਤਮਕ ਮੰਡਲ ਦੇ ਧੁਰੂ ਤਾਰੇ ਸਨ। ਮਹਾਨ ਧਰਮਗਯ, ਪਤਵੰਤੇ, ਨੇਕੀ ਅਤੇ ਧਰਮ ਦੀ ਸੱਚੀ ਮੂਰਤੀ ਸਨ। ਉਹ ਅਰਸ਼ੀ ਮੇਹਰਾਂ ਦੇ ਸੁਆਮੀ ਸਨ। ਉਨ੍ਹਾਂ ਦੀ ਤੱਕਣੀ ਤੇ ਬੋਲਾਂ ਵਿੱਚ ਅਦਭੁੱਤ ਮਿਠਾਸ ਸੀ।

ਇਸੇ ਤਰ੍ਹਾਂ ਗਿ. ਬਖਸ਼ੀਸ਼ ਸਿੰਘ ਪ੍ਰਧਾਨ ਰਾਗਮੜੀਆ ਸਿੱਖ ਟੈਂਪਲ ਤੇ ਸਾਬਕਾ ਪ੍ਰਧਾਨ ਸਾਊਥਹਾਲ ਸ. ਬਚਿਤਰ ਸਿੰਘ ਨੇ ਕਿਹਾ ਕਿ ਅੰਮ੍ਰਿਤ ਵੇਲੇ ਨੂੰ ਸੰਭਾਲਨ ਵਾਲੇ ਲੋਕ ਹੀ ਅਸਲੀ ਨਾਮ ਦੇ ਰਸੀਏ ਤੇ ਸੱਚੇ ਆਸ਼ਕ ਹੁੰਦੇ ਹਨ। ਉਨ੍ਹਾਂ ਦਾ ਸਮੁੱਚਾ ਜੀਵਨ ਹੀ ਗੁਰਮਤ ਦੀਆਂ ਮਜ਼ਬੂਤ ਤੰਦਾਂ ਵਿੱਚ ਉਣਿਆਂ ਹੋਇਆ ਸੀ ਅਤੇ ਸਮੁੱਚਾ ਜੀਵਨ ਗੁਰਮਤ ਪ੍ਰਚਾਰ ਦੀ ਭੇਟ ਕੀਤਾ ਹੋਇਆ ਸੀ। ਪੰਜਾਬ ਦਾ ਸ਼ਾਇਦ ਹੀ ਕੋਈ ਐਸਾ ਇਲਾਕਾ ਹੋਵੇ ਜਿੱਥੇ ਸੰਤ ਜੀ ਮਹਾਰਾਜ ਨੇ ਪੁੱਜ ਕੇ ਗੁਰਮਤ ਦਾ ਸੰਦੇਸ਼ ਨਾ ਦਿੱਤਾ ਹੋਵੇ। ਉਹ ਗੁਰਮਤ ਪ੍ਰਚਾਰ ਦੇ ਮਹਾਨ ਭੰਡਾਰ ਸਨ ਅਤੇ ਇਸ ਭੰਡਾਰੇ ਨੂੰ ਬੜੀ ਖੁੱਲ੍ਹ ਦਿਲੀ ਨਾਲ ਵਰਤਾਯਾ। ਉਨ੍ਹਾਂ ਦੇ ਅੰਦਰ ਸਿੱਖੀ ਪਿਆਰ ਜਵਾਰ ਭਾਟੇ ਵਾਂਗ ਉਮਡਦਾ ਸੀ। ਜਦ ਉਹ ਲਿਵਲੀਨ ਹੋ ਕੇ ਗੁਰੂ ਜਸ ਕਰਦੇ ਤਾਂ ਇਉਂ ਪ੍ਰਤੀਤ ਹੁੰਦਾ ਕਿ ਮਾਨੋ ਗੁਰਮਤਿ ਖ਼ਿਆਲਾਂ ਦੇ ਕਾਫ਼ਲੇ ਹੀ ਟੁਰੇ ਆ ਰਹੇ ਹਨ। ਉਨ੍ਹਾਂ ਦਾ ਹਰ ਸ਼ਬਦ ਹਿਰਦੇ ਦੀ ਗਹਿਰਾਈ ਤੋਂ ਨਿੱਕਲਦਾ ਸੀ। ਇਸ ਤਰ੍ਹਾਂ ਸ੍ਰੋਤਿਆਂ ਦੇ ਮਨਾਂ ਤੇ ਵੀ ਇੰਝ ਅਸਰ ਹੁੰਦਾ ਜਿਵੇਂ ਤਪੀ ਧਰਤੀ ਤੇ ਬਰਖਾ ਦੇ ਛਿੱਟਿਆਂ ਦਾ ਹੁੰਦਾ ਹੈ। ਅਜੇਹੀਆਂ ਸੁਰਤਾਂ ਵਾਲੇ ਮਹਾਂਪੁਰਸ਼ ਕਦੇ ਕਦਾਈਂ ਸੰਸਾਰ ਵਿੱਚ ਆਉਂਦੇ ਹਨ। ਅੱਜ ਹਰ ਸਿੱਖ ਦਾ ਸ਼ੁਕਰਾਨੇ ਵਜੋਂ ਉਸ ਮਹਾਂਪੁਰਖ ਦੀ ਯਾਦ ਵਿੱਚ ਫ਼ਖਰ ਨਾਲ ਸਿਰ ਝੁਕਦਾ ਹੈ ਅਤੇ ਅਸੀਂ ਪੂਰਨ ਪਿਆਰ ਤੇ ਸਤਿਕਾਰ ਨਾਲ ਆਤਮਕ ਦਾਤਾਂ ਦੇ ਛੱਟੇ ਮਾਰਨ ਵਾਲੇ ਉਸ ਮਹਾਨ ਵਿਅਕਤੀ ਨੂੰ ਸ਼ਰਧਾ ਨਾਲ ਸਿਰ ਝੁਕਾਉਂਦੇ ਹਾਂ। ਇਉਂ ਪ੍ਰੇਮੀਆਂ ਨੇ ਆਪਣੀ ਸ਼ਰਧਾ ਦੇ ਫ਼ੁੱਲ ਭੇਟਾ ਕਰੇ।

ਅੰਤਮ ਸਮੇਂ ਲੰਡਨ ਦੇ ਹਵਾਈ ਅੱਡੇ ਦਾ ਸੀਨ ਤੇ ਸੰਗਤ ਦੀ ਬਿਹਬਲਤਾ

ਦੋਹਰਾ: ਮਾਤ ਲੋਕ ਵਿੱਚ ਵਿਚਰ ਕੇ ਸਚਖੰਡ ਚਲੇ ਆਪ।
ਰੋਂਦੇ ਬੱਚੇ ਛੱਡਤੇ ਕਉਣ ਸੁਣੇ ਵਿਰਲਾਪ।

ਔੜਾ ਚਾਲ ਛੰਦ:

ਸੂਰਜ ਛਿਪਦਾ (ਬ੍ਰਹਮ) ਗਿਆਨ ਦਾ ਧਰਤੀ ਹੋਈ ਉਦਾਸ। ਰੋਂਦੇ ਸੇਵਕ ਵਿਲਕਦੇ ਕਹਾਂ ਗਏ ਗੁਣ ਤਾਸ।
ਸੰਨ ਪਝੱਤਰ ਈਸਵੀ ਮਹੀਨਾ ਅੱਠਵਾਂ ਜਾਣ। ਦਿਨ ਸੀ ਮੰਗਵਲਾਰ ਦਾ ਜਦ ਪ੍ਰੀਤਮ ਕੀਆ ਪਿਆਨ।

ਦਵਯਾ ਛੰਦ:

ਛੱਬੀ ਅਗਸਤ ਮਹੀਨਾ ਸੀ ਦਿਨ ਚੜ੍ਹਿਆ ਮੰਗਲਵਾਰ।
ਆਪਣੀ ਮੌਜ ਵਿੱਚ ਪਿਆਰੇ ਨੇ ਬੰਦ ਕਰਤੇ ਕਾਰੋਵਾਰ।
ਅਸੀਂ ਸਮਝ ਨ ਸਕੇ ਜੀ ਮੱਤ ਥੋੜ੍ਹੀ ਤੇ ਅਗਿਆਨੀ।
ਅਜੇ ਸੁਬਹਾ ਸਵੇਰਾ ਸੀ ਸੂਰਜ ਛਿਪ ਗਿਆ ਬ੍ਰਹਮਗਿਆਨੀ।
ਰੋਂਦੇ ਝੱਲੇ ਨ ਜਾਂਦੇ ਸੀ ਕੁਲਦੀਪ ਅਮ੍ਰੀਕ ਭੁਪਿੰਦਰ।
ਉਤੋਂ ਫ਼ੁੱਲ ਬਰਸੋਂਦਾ ਸੀ ਮਾਲਕ ਦੇਵ ਪੁਰੀ ਦਾ ਇੰਦਰ।
ਤੇਰੇ ਵਰਗਾ ਦੇਖਿਆ ਨੀ ਹੋਰ ਕੋਈ ਐਸਾ ਦਾਨੀ।
ਅਜੇ ਸੁਬਹਾ ਸਵੇਰਾ ਸੀ ਸੂਰਜ ਛਿਪ ਗਿਆ ਬ੍ਰਹਮਗਿਆਨੀ।
ਮਿੱਠਾ ਮੰਨ ਕੇ ਭਾਣੇ ਨੂੰ ਨਿਰੰਜਨ ਸਿੰਘ ਤੇ ਅਨੇਕ ਸੇਵਕ ਜਥੇਦਾਰ।
ਤੇਜਾ ਸਿੰਘ ਜੀ ਲਾਂਗਰੀ ਤੇ ਕ੍ਰਿਪਾ ਹੋਈ ਅਪਾਰ।
ਸੇਵਾ ਕਰਦਾ ਭੋਜਨ ਦੀ ਨਿੱਤਨੇਮੀ ਹੈ ਗੁਰਬਾਣੀ।
ਅਜੇ ਸੁਬਹਾ ਸਵੇਰਾ ਸੀ ਸੂਰਜ ਛਿਪ ਗਿਆ ਬ੍ਰਹਮਗਿਆਨੀ।
ਆਇਆ ਸੀ ਕੋਹਨੂਰ ਦੇਖਣ ਮੈਂ ਜੋ ਲਿਆਦਾ ਰਣਜੀਤ ਸਿੰਘ ਤੋਂ ਬਾਦ।
ਅਸਲੀ ਹੀਰਾ ਖੋਹ ਚਲਿਆ ਕਹੇ ਮੋਹਨ ਸਿੰਘ ਆਜ਼ਾਦ।

ਰਹਿਬਰ ਵੀਹਵੀਂ ਸਦੀ ਦਾ ਕਰ ਗਿਆ ਸੰਤਾਂ ਵਿੱਚ ਪ੍ਰਧਾਨੀ।
ਅਜੇ ਸੁਬਹਾ ਸਵੇਰਾ ਸੀ ਸੂਰਜ ਛਿਪ ਗਿਆ ਬ੍ਰਹਮਗਿਆਨੀ।
ਅੰਤਮ ਦਰਸ਼ਨ ਕਰਦਾ ਸੀ ਗੁਰਦਿਆਲ ਸਿੰਘ ਜੀ ਵੈਦ।
ਬਾਬੇ ਵਿਛੋੜਾ ਦਿੰਦੇ ਨਾ ਜੇ ਰਾਵਨ ਕਾਲ ਨੂੰ ਰਖਦਾ ਕੈਦ।
ਤੁਰਦੇ ਸੀ ਬਰਕਤ ਸੇ ਚੰਗੀ ਹਾਲਤ ਸੀ ਜਿਸਮਾਨੀ।
ਅਜੇ ਸੁਬਾਹਾ ਸਵੇਰਾ ਸੀ ਸੂਰਜ ਛਿਪ ਗਿਆ ਬ੍ਰਹਮਗਿਆਨੀ।
ਸਿਧ ਲੌਣ ਸਮਾਧੀ ਨ ਸੁਣ ਕੇ ਖੁਲਗੀ ਸ਼ਿਵਾਂ ਦੀ ਤਾੜੀ।
ਸਭ ਸੋਗ ਮਨਾਉਦੇ ਨੇ ਗੱਲ ਮੰਨ ਲਈ ਪਰਬਤੀ ਨੇ ਮਾੜੀ।
ਅਖੀਂ ਡਿੱਠਾ ਲਿਖਿਆ ਹੈ ਕਵੀ ਨੇ ਆਪ ਜਬਾਨੀ।
ਅਜੇ ਸੁਬਹ ਸਵੇਰਾ ਸੀ ਸੂਰਜ ਛੁਪ ਗਿਆ ਬ੍ਰਹਮਗਿਆਨੀ।

(ਕਵੀ ਗਿ. ਉਜਾਗਰ ਸਿੰਘ ਪਿੰਡ ਗਊਕੇ ਹਾਲ ਲੰਡਨ)

ਉਪਰੰਤ ਪਾਸ ਪੋਰਟ ਵਾਲੇ ਫਾਰਮਾਂ ਤੇ ਸਾਈਨ ਕਰ ਕੇ ਰੋਂਦੀ ਸੰਗਤ ਨੂੰ ਛੱਡ ਸਮਾਂ ਹੋਏ ਤੋਂ ਅੰਦਰ ਚਲੇ ਗਏ।

ਵੈਰਾਗ ਵਿੱਚ ਭਿੱਜੇ ਨੇਤਰਾਂ ਨਾਲ ਲੰਡਨ ਦੀ ਧਰਤੀ ਨੂੰ ਅੰਤਮ ਸੰਦੇਸ਼

ਨੀ ਸੁਣ ਇੰਗਲੈਂਡ ਦੀਏ ਧਰਤੀਏ ਸਾਡੀ ਦੇਹ ਅਮਾਨਤ ਮੋੜ।
ਨੀ ਅਜ ਭਾਰਤ ਸੁੰਞਾ ਹੋ ਗਿਆ ਸਾਡੇ ਘਰ ਵਿੱਚ ਪੈ ਗਈ ਥੋੜ੍ਹ।
ਨੀ ਓਹ ਸਾਂਝਾ ਰਹਿਬਰ ਜਗਤ ਦਾ ਦਸ ਕਿੱਥੇ ਈ ਦਿੱਤਾ ਤੋਰ।
ਓਹ ਸੁਹਲ ਫ਼ੁੱਲ ਗ਼ੁਲਾਬ ਤੋਂ ਉਸ ਨੂੰ ਰੋਂਦੇ ਕਲੀਆਂ ਤੇ ਭੌਰ।
ਸੂਰਜ ਡੁੱਬਿਆ ਦੁਪਹਿਰ ਨੂੰ ਹੁਣ ਕਦੇ ਨ ਹੋਣੀ ਭੋਰ।
ਗੁਡੀ ਚੜੀ ਅਕਾਸ਼ ਤੇ ਸਾਡੀ ਟੁੱਟੀ ਅਰਸ਼ੋਂ ਡੋਰ।
ਛੁਪ ਗਿਆ ਚੰਦਰਮਾ ਧਰਤ ਦਾ ਵਿਖੜੇ ਰੋਣ ਚਕੋਰ।
ਆਪ ਹੋਈ ਬਲਵਾਨ ਤੂੰ ਸਾਨੂੰ ਦਿੱਤਾ ਕਰ ਕਮਜ਼ੋਰ।
ਨਾ ਕਾਟੋਂ ਸੇ ਪੂਛੀਏ ਨਾ ਗੁਲ ਸੇ ਪੂਛੀਏ।
ਸਦਮਾ ਚਮਨ ਕੇ ਲੂਟਨੇ ਕਾ ਬੁਲਬੁਲ ਸੇ ਪੂਛੀਏ।

ਲੰਡਨ ਟਾਈਮ ਪੌਣੇ ਬਾਰਾਂ ਵਜੇ ਪ੍ਰੀਤਮ ਦੇ ਸਰੀਰ ਨੂੰ ਦੇਸ਼ ਕੌਮ ਦੀ ਅਮਾਨਤ ਜਾਣ ਇੰਡੀਆ ਪੁਚਾਉਣ ਵਾਸਤੇ ਹਵਾਈ ਜਹਾਜ਼ ਨੇ ਅਕਾਸ਼ੀ ਉਡਾਰੀ ਲਾਈ ਜੋ ਇੱਕ ਘੰਟਾ ਵੀਹ ਮਿੰਟ ਵਿੱਚ ੩੫ ਹਜ਼ਾਰ ਫੁੱਟ ਦੀ ਉਚਾਈ ਤੇ ੫੭੦ ਮੀਲ ਫੀ ਘੰਟਾ ਸਫ਼ਰ ਤਹਿ ਕਰ ਜਨੇਵਾ ਉਤਰਿਆ। ਇਹ ਸਵਿਟਜ਼ਰਲੈਂਡ ਦੀ ਰਾਜਧਾਨੀ ਹੈ ਜੋ ਲੰਡਨ ਤੋਂ ਸਵਾ ਛੇ ਸੌ ਮੀਲ ਹੈ। ਏਥੇ ਪੌਣਾ ਘੰਟਾ ਰੈਸਟ ਕੀਤੀ। ਏਥੋਂ ਚੱਲ ਕੇ ਫੇਰ ਰੋਮ, ਜੋ ਇਟਲੀ ਦੀ ਰਾਜਧਾਨੀ ਜੋ ਜਨੇਵਾ ਤੋਂ ੪੬੦ ਮੀਲ ਅਰਥਾਤ ਪੌਣੇ ਅੱਠ ਸੌ ਕਿਲੋਮੀਟਰ ਹੈ। ਏਥੇ ਇੱਕ ਘੰਟਾ ਦਸ ਮਿੰਟ ਵਿੱਚ ਆਇਆ। ਏਥੇ ਵੀ ੪੫ ਮਿੰਟ ਰੁਕਿਆ। ਏਥੋਂ ਚੱਲ ਕੇ ਕਾਹਿਰਾ ਠਹਿਰਿਆ ਜੋ ਮਿਸਰ ਦੇਸ਼ ਦੀ ਰਾਜਧਾਨੀ ਹੈ ਅਤੇ ਰੋਮ ਤੋਂ ੧੪੬੫ ਮੀਲ ਭਾਵ ੨੩੫੦ ਕਿਲੋਮੀਟਰ ਦੂਰ ਹੈ ਦੋ ਘੰਟੇ ੪੫ ਮਿੰਟ ਵਿੱਚ ਪੁੱਜਾ। ਏਥੇ ਇੱਕ ਘੰਟਾ ਰੈਸਟ ਕਰ ਸਾਢੇ ੬ ਘੰਟਿਆਂ ਵਿੱਚ ੨੩੫੦ ਮੀਲ ਭਾਵ ੫੪੦੦ ਕਿਲੋਮੀਟਰ ਸਫ਼ਰ ਕਰ ਸਹੀ ਸੱਤ ਵਜੇ ਦਿੱਲੀ ਦੇ ਪਾਲਮ ਹਵਾਈ ਅੱਡੇ ਤੇ ਆ ਉੱਤਰਿਆ। ਭਾਵੇਂ ਸਰੀਰ ਕਰ ਕੇ ਦਿੱਲੀ ਪੁੱਜ ਗਏ ਪਰ ਅੰਦਰ ਸਭਨਾਂ ਦੇ ਖੋਹ ਪੈ ਰਹੀ ਸੀ। ਕਿਉਂਕਿ ਕੋਹਿਨੂਰ ਹੀਰੇ ਦੇ ਨਾਲ (ਜੋ ਲੰਡਨ ਦੇ ਅਜਾਇਬ ਘਰ ਵਿੱਚ ਪਿਆ ਹੈ) ਇੱਕ ਹੋਰ ਕੀਮਤੀ ਹੀਰੇ ਨੂੰ ਲੰਡਨ ਦੀ ਧਰਤੀ ਤੇ ਸੌਂਪ, ਜੀਵਨ ਦੀ ਪੂੰਜੀ ਲੁਟਾ ਵੈਰਾਗ ਦਸ਼ਾ ਵਿੱਚ ਧਾਹੀ ਮਾਰ, ਖ਼ਾਲੀ ਹੱਥ ਦੇਸ ਨੂੰ ਮੁੜੇ। ਜਹਾਜ਼ ਉੱਪਰ ਨੂੰ ਜਾਵੇ ਪਰ ਸਾਡੇ ਮਨ ਥੱਲੇ ਨੂੰ ਜਾਵਣ ਕਿ ਇੰਡੀਆ ਵਾਸੀ ਸਾਡੇ ਪਾਸੋਂ ਆਪਣੀ ਅਮਾਨਤ ਮੰਗਣਗੇ ਤੇ ਜਦੋਂ ਉਨ੍ਹਾਂ ਪੁੱਛਿਆ, "ਸਿੰਘੋ! ਸੰਤ ਜੀ ਮਹਾਰਜ ਨੂੰ ਕਿੱਥੇ ਛੱਡ ਆਏ ਹੋ? ਤੁਹਾਡੇ ਨਾਲੋਂ ਤਾਂ ਨਖਿੱਧ ਜੀਵ ਕੀੜੇ ਪਤੰਗੇ ਹੀ ਚੰਗੇ ਹਨ ਜੋ ਆਪਣੇ ਪਿਆਰੇ ਨਾਲ ਅੰਤ ਪ੍ਰਯੰਤ ਪ੍ਰੀਤ ਨਿਭਾ ਜਾਂਦੇ ਹਨ। ਦੀਵੇ ਤੇ ਪਤੰਗਾ ਸੜ ਮਰਦਾ ਹੈ, ਪਾਣੀ ਤੋਂ ਦੂਰ ਹੋ ਕੇ ਮੱਛੀ ਪ੍ਰਾਣ ਛੱਡ ਦਿੰਦੀ ਹੈ, ਘੰਡਾ ਹੇੜੇ ਦੇ ਸ਼ਬਦ ਨੂੰ ਸੁਣ ਕੇ ਹਰਨ ਪਿੱਛੇ ਨਹੀਂ ਹਟਦਾ, ਬੀਨ ਤੇ ਸਰਪ ਮਸਤ ਹੋ ਮੌਤ ਭੁੱਲ ਜਾਂਦਾ ਹੈ। ਕਮਲ ਫ਼ੁੱਲ ਦੀ ਖੁਸ਼ਬੂ ਤੇ ਭੌਰਾ ਸਰੀਰ ਤਿਆਗ ਦਿੰਦਾ ਹੈ। ਭਾਵੇਂ ਇਨ੍ਹਾਂ ਦੀ ਇੱਕ ਅੰਗੀ ਪ੍ਰੀਤੀ ਹੈ ਪਰ ਆਪਣੇ ਪਿਆਰੇ ਨੂੰ ਪਿੱਠ ਨਹੀਂ ਦਿੰਦੇ। ਤੁਸੀਂ ਕੀ ਮੂੰਹ ਲੈ

ਕੇ ਖ਼ਾਲੀ ਸਾਡੇ ਕੋਲ ਆਏ ਹੋ? ਫੇਰ ਅਸੀਂ ਉਨ੍ਹਾਂ ਨੂੰ ਕੀ ਜਵਾਬ ਦੇਵਾਂਗੇ?" ਇਉਂ ਸੋਚਾਂ ਵਿਚਾਰਾਂ ਵਿੱਚ ਡੁੱਬੇ ਨੇਤਰਾਂ ਵਿੱਚੋਂ ਵੈਰਾਗ ਦਾ ਜਲ ਵਹਿ ਰਿਹਾ ਹੈ। ਨੀਵੀਆਂ ਗਰਦਨਾਂ ਕਰ ਕੇ ਬੜੀ ਡੂੰਘੀ ਚਿੰਤਾ ਵਿੱਚ ਲੀਨ ਹਜ਼ੂਰ ਦੇ ਪਵਿੱਤਰ ਸਰੂਪ ਨੂੰ ਯਾਦ ਕਰ ਕਰ ਧਾਹੀ ਮਾਰ ਕੇ ਕਹਿੰਦੇ ਹਨ, ਆਪ ਸਾਨੂੰ ਪ੍ਰਦੇਸ਼ਾ ਵਿੱਚ ਕੀਹਦੇ ਆਸਰੇ ਛੱਡ ਤੁਰੇ। ਜਿਵੇਂ ਸਾਡੇ ਤੇ ਤਰਸ ਕਰ ਕੇ ਇੰਡੀਆ ਤੋਂ ਏਥੇ ਨਾਲ ਲਿਆਂਦਾ ਸੀ, ਏਸੇ ਤਰਾਂ ਕ੍ਰਿਪਾ ਕਰ ਕੇ ਆਪਣੇ ਨਾਲ ਕਿਉਂ ਨਹੀਂ ਲੈ ਗਏ? ਧਾਰਮਿਕ ਗ੍ਰੰਥ ਆਪ ਦਾ ਨਾਮ ਗ਼ਰੀਬ ਨਿਵਾਜ਼ ਕਹਿੰਦੇ ਹਨ। ਹੁਣ ਸਾਥੋਂ ਵੱਡਾ ਹੋਰ ਕੋਈ ਗ਼ਰੀਬ ਤੇ ਯਤੀਮ ਨਹੀਂ। ਜਿਵੇਂ ਮਲਾਹ ਤੋਂ ਬਿਨਾ ਬੇੜੀ, ਮਾਲੀ ਤੋਂ ਬਿਨਾਂ ਬਾਗ਼, ਮਾਲਕ ਬਗ਼ੈਰ ਖੇਤੀ ਤੇ ਚਰਾਵੇ ਬਗ਼ੈਰ ਇੱਜੜ ਦੀ ਹਾਲਤ ਹੁੰਦੀ ਹੈ; ਇਸੇ ਤਰ੍ਹਾਂ ਸਾਡੀ ਹਾਲਤ ਹੈ। ਆਪ ਤਰਸ ਕਰ ਆਪਣੇ ਚਰਨਾਂ ਵਿੱਚ ਹੀ ਵਾਸਾ ਬਖ਼ਸ਼ੋ। ਇੱਕ ਦੂਜੇ ਵੱਲ ਤੱਕਦਾ ਨਹੀਂ ਅਤੇ ਨਾ ਹੀ ਕੋਈ ਕਿਸੇ ਨਾਲ ਗੱਲਬਾਤ ਹੀ ਕਰਦਾ ਹੈ। ਜਿਵੇਂ ਬਹੁਤੇ ਸੱਪਾਂ ਦੀ ਇੱਕੋ ਮਣੀ ਹੋਵੇ, ਉਹ ਗੁੰਮ ਹੋ ਜਾਵੇ ਜੋ ਉਨ੍ਹਾਂ ਦੀ ਹਾਲਤ ਹੁੰਦੀ ਹੈ, ਇਉਂ ਪ੍ਰੀਤਮ ਦੇ ਵਿਛੋੜੇ ਨੇ ਸਭਨਾਂ ਦੇ ਮਨ ਤੜਫਾ ਦਿੱਤੇ। ਸੋਚਦੇ ਹਨ ਖੋਟੇ ਭਾਗਾਂ ਕਰ ਕੇ ਪ੍ਰਦੇਸ਼ਾਂ ਵਿੱਚ ਪਿਆਰੇ ਦੇ ਵਿਯੋਗ ਦਾ ਦੁੱਖ ਸਹਾਰਦੇ ਹਾਂ। ਚੰਗਾ ਹੁੰਦਾ ਜੇ ਆਪਣੇ ਮਾਹੀ ਤੋਂ ਪਹਿਲਾਂ ਹੀ ਮਰ ਜਾਂਦੇ। ਸਾਡਾ ਤਾਂ ਹਿਰਦਾ ਬਜਰ ਨਾਲੋਂ ਵੀ ਕਠੋਰ ਹੈ। ਪਿਆਰੇ ਦੇ ਵਿਯੋਗ ਦਾ ਦ੍ਰਿਸ਼ ਦੇਖ ਜਿਉਂਦੇ ਜਾ ਰਹੇ ਹਾਂ। ਪਹਿਲਾਂ ਏਥੋਂ ਦੀ ਸੰਗਤ ਦੇ ਆਹੀਂ ਤੱਕੇ ਜਿਨ੍ਹਾਂ ਨੂੰ ਦੇਖ ਮਕਾਨਾਂ ਦੀਆਂ ਕੰਧਾਂ ਵੀ ਰੋਂਦੀਆ ਸਨ। ਹੁਣ ਇੰਡੀਆ ਵਾਸੀ ਪ੍ਰੇਮੀਆਂ ਦਾ ਦੁੱਖ ਦੇਖਣਾ ਪਵੇਗਾ, ਜੋ ਟੱਕਰਾਂ ਮਾਰ ਮਾਰ ਆਪਣੇ ਆਪ ਦਾ ਨਾਸ ਕਰਣਗੇ। ਹਾਇ! ਇਹ ਦਰਦਨਾਕ ਘੜੀ ਮਨਹੂਸ ਸਮਾਂ ਕਿਵੇਂ ਬਰਦਾਸ਼ਤ ਕਰਾਂਗੇ। ਇਨ੍ਹਾਂ ਵਿਚਾਰਾਂ, ਦਲੀਲਾਂ ਤੇ ਸੋਚਾਂ ਵਿੱਚ ਰਸਤੇ ਦਾ ਸਫ਼ਰ ਮੁਕਾ ਕੇ ਪ੍ਰੀਤਮ ਦੀ ਯਾਦ ਵਿੱਚ ਹੰਝੂ ਕੇਰਦੇ ਪੱਥਰ ਦਿਲ ਕਰ ਦਿੱਲੀ ਕਰ ਪੁੱਜੇ।

ਸੰਗਤ 'ਚ ਉਦਾਸੀ ਤੇ ਮਾਤਮੀ ਭੇਸ

ਨ ਓਹ ਫ਼ੁੱਲ ਨ ਦਿਸਦੇ ਚਮਨ ਸੋਹਣੇ ਮਾਲੀ ਬਾਗ਼ ਦਾ ਛੱਡ ਅਲੋਪ ਹੋਇਆ।
ਨ ਓਹ ਬਹਾਰ ਨ ਕੋਹਨੂਰ ਦਿੱਸਣ ਦਿਲ ਸਾਰਿਆਂ ਨੂੰ ਡਾਹਢਾ ਸ਼ੋਕ ਹੋਇਆ।
ਨਾ ਓਹ ਪੀਰ ਤੇ ਵੱਡੇ ਫ਼ਕੀਰ ਦਿੱਸਣ ਨਾਲ ਤਾਰਿਆਂ ਚੰਦ ਕਹਾਉਣ ਵਾਲੇ।
ਨਾ ਓਹ ਸੰਗ ਨ ਰੰਗ ਗੁਲਜ਼ਾਰ ਦਿੱਸਣ ਨਾ ਉਹ ਅਤਰ ਨ ਅਤਰ ਬਰਸੌਣ ਵਾਲੇ।
ਡਾਹਢਾ ਅਫ਼ਸੋਸ ਹੋਇਆ ਸਾਰੇ ਪ੍ਰੇਮੀਆਂ ਨੂੰ ਲਾਲ ਦਿਲਾਂ ਦਾ ਦੂਰ ਗਵਾਉਣ ਵਾਲੇ।
ਆਬਹਿਯਾਤ ਸੀ ਅਸਾਂ ਦੇ ਹੱਥ ਲੱਗਾ ਅੰਮ੍ਰਿਤ ਵਿੱਚ ਹਾਂ ਮਿੱਟੀ ਮਿਲਾਉਣ ਵਾਲੇ।

ਤਥਾ:

ਚੜ੍ਹੀ ਪ੍ਰੇਮ ਦਰਿਆ ਦੀ ਕਾਂਗ ਡਾਢੀ ਮੈਨੂੰ ਦਸਿਓ ਨੀ ਪੀਆ ਹਾਲ ਕੋਈ।
ਪਿਆ ਪਾਟ ਜੁਦਾਈ ਦਾ ਮੇਲ ਰੱਬਾ ਬ੍ਰਿਹੋਂ ਕੁੱਠੀ ਦਾ ਪੁੱਛੇ ਹਾਲ ਕੋਈ।
ਚਾਰ ਚੁਫੇਰਿਓਂ ਢੂੰਢਦੀ ਜੰਗਲ ਬੇਲੇ ਦਸੋ ਵੇ ਰਾਹੀਓ ਮੇਰਾ ਲਾਲ ਕੋਈ।
ਖ਼ੂਨ ਜਿਗਰ ਦਾ ਕੱਢਕੇ ਚਰਨ ਪੂਜਾਂ ਧਰਤੀ ਦਿਲਾਂ ਦੀ ਰੰਗ ਦੇ ਲਾਲ ਹੋਈ।
ਵਾਂਗ ਕੋਇਲ ਦੇ ਕੂਕ ਦੀ ਜਿੰਦ ਮੇਰੀ ਫਰਾਕ ਵਿਛੋੜੇ ਕਰੀ ਨਢਾਲ ਹੋਈ।
ਬਾਣੀ ਆਜ਼ਜ਼ਾਂ ਦੀ ਨਿਰਬਾਣ ਸਾਈਆਂ ਸ਼ਹੁ ਪੀਆ ਦੇ ਬੁਰਾ ਹਾਲ ਹੋਈ।

ਕਾਂਡ ੩੩

ਬ੍ਰਿਹੋਂ ਭੁਯੰਗਮ

ਭਾਰਤ ਵਿੱਚ ੨੭ ਅਗਸਤ ੧੯੭੫ ਦੀ ਸਵੇਰ ਸੰਤ ਮਹਾਰਾਜ ਜੀ ਦੇ ਪ੍ਰੇਮੀਆਂ ਲਈ ਅਸਹਿ ਬ੍ਰਿਹੋਂ ਪੀੜਾਂ ਦੀ ਸਵੇਰ ਸੀ। ਰੇਡੀਓ ਅਤੇ ਅਖਬਾਰਾਂ ਤੋਂ ਸੂਚਨਾ ਪ੍ਰਾਪਤ ਕਰ ਕੇ ਮਹਾਰਾਜ ਜੀ ਦੇ ਸਰੀਰ ਛੱਡ ਜਾਣ ਦੀ ਖ਼ਬਰ ਜੰਗਲ ਦੀ ਅੱਗ ਵਾਂਗੂ ਘਰ ਘਰ ਵਿੱਚ ਪੁੱਜ ਗਈ। ਹੈਰਾਨ ਹੋਈ ਮਾਨਵਤਾ ਇੱਕ ਦੂਜੇ ਦੇ ਮੂੰਹ ਵੱਲ ਚੁੱਪ ਤੱਕਣੀ ਤੱਕ ਕੇ ਅਬੋਲ ਕਿਸੇ ਅਸਹਿ ਪੀੜਾ ਨੂੰ ਸਹਿਣ ਦਾ ਯਤਨ ਕਰਦੀ ਪ੍ਰੀਤਤ ਹੁੰਦੀ ਸੀ। ਪੀੜਾ ਨੂੰ ਅੰਦਰ ਹੀ ਅੰਦਰ ਨੱਪਣ ਦਾ ਯਤਨ ਕੀਤਾ ਜਾ ਰਿਹਾ ਸੀ ਪਰ ਹੰਝੂ ਅੰਦਰਲੇ ਭੇਤਾਂ ਦੇ ਪੜਦਿਆਂ ਨੂੰ ਪਾੜ ਕੇ ਧਾਰਾਂ ਬੰਨ੍ਹੀ ਨੂਰੀ ਦਾਹੜਿਆਂ, ਚੇਹਰਿਆਂ ਤੋਂ ਤਿਲਕ ਰਹੇ ਸਨ। ਬੋਲ ਕੇ ਦੱਸਿਆ ਭੀ ਨਹੀਂ ਜਾ ਰਿਹਾ ਸੀ ਕਿ ਕੀ ਹੋ ਗਿਆ। ਵੇਖਦੇ ਵੇਖਦੇ ਹੀ ਇੱਕ ਆਪ ਮੁਹਾਰੀ ਦੌੜ ਲੱਗ ਗਈ। ਹਰ ਥਾਂ ਹਿਲਜੁਲ ਸ਼ੁਰੂ ਹੋ ਗਈ। ਭਾਰਤ ਦੇ ਕੋਨੋ ਕੋਨੇ ਤੋਂ ਹਵਾਈ ਜ਼ਹਾਜ, ਕਾਰਾਂ, ਬੱਸਾਂ, ਟਰੱਕਾਂ, ਟਰੈਕਟਰਾਂ, ਟਰਾਲੀਆਂ, ਮੋਟਰ ਸਾਈਕਲਾਂ, ਗੱਡੇ ਗੱਡੀਆਂ ਰਾਹੀਂ ਤੇ ਪੈਦਲ ਹੀ ਜੱਥੇ ਬੰਨ ਕੇ ਰਾੜੇ ਸਾਹਿਬ ਪੁੱਜਣ ਲਈ ਸੰਗਤਾਂ ਨੇ ਧਾਈ ਕਰ ਦਿੱਤੀ ਅਤੇ ਇੱਕ ਤੋਂ ਅੱਗੇ ਦੂਜਾ ਪੁੱਜਣ ਦਾ ਯਤਨ ਕਰਦਾ ਸੀ। ਬੰਗਾਲ, ਬਿਹਾਰ, ਯੂ. ਪੀ. ਬੰਬਈ, ਦਿੱਲੀ, ਮੱਧ ਪ੍ਰਦੇਸ਼, ਰਾਜਸਥਾਨ ਆਦਿ ਸਾਰੀਆਂ ਥਾਵਾਂ ਤੋਂ ਸੰਗਤਾਂ ਸਪੈਸ਼ਲ ਬੱਸਾਂ, ਕਾਰਾਂ, ਗੱਡੀਆਂ ਰਾਹੀਂ ੨੯ ਅਗਸਤ ਦੀ ਸਵੇਰ ਨੂੰ ਪੁੱਜਣੀਆਂ ਸ਼ੁਰੂ ਹੋ ਗਈਆਂ। ਸੰਗਤਾਂ ਦੇ ਸਿਰਾਂ ਦਾ ਇੱਕ ਗਮਗੀਨ ਸਾਗਰ ਉਮਡਦਾ ਤੇ ਲਹਿਰਾਂ ਮਾਰਦਾ ਹਰ ਥਾਂ ਨਜ਼ਰੀਂ ਪੈ ਰਿਹਾ ਸੀ। ਹੰਝੂਆਂ ਨੂੰ ਛੁਪਾਉਣ ਦਾ ਯਤਨ ਕਰਦਿਆਂ ਅੱਖਾਂ ਨੂੰ ਵਾਰ ਵਾਰ ਰੁਮਾਲ ਨਾਲ ਪੂੰਝਦੇ ਸਨ ਅਤੇ ਹੌਕੇ ਹੀ ਹੌਕੇ ਸੁਣਾਈ ਦਿੰਦੇ ਸਨ। ਕਿਤੇ ਕਿਤੇ ਜਦੋਂ ਦੋ ਦਿਲਾਂ ਦੇ ਦਰਦੀ ਇੱਕ ਦੂਜੇ ਦੇ ਸਾਹਮਣੇ ਹੋ ਜਾਂਦੇ ਤਾਂ ਕੋਈ ਗੱਲ ਕਰਨ ਦੀ ਥਾਂ ਇੱਕ ਉਭੀ ਧਾਹ ਮਾਰ ਕੇ ਚਾਰ ਚੁਫੇਰੇ ਫੈਲ ਜਾਂਦੀ ਅਤੇ ਅੱਖਾਂ ਵਿੱਚ ਹੰਝੂਆਂ ਦੇ ਦਰਿਆ ਹੁਬਕੀਆਂ ਸਿਸਕੀਆਂ ਲੈਂਦੇ ਫਿਰ ਵਗ ਤੁਰਦੇ। ਕੋਈ ਕਿਸੇ ਨਾਲ ਗੱਲ ਨਹੀਂ ਕਰਦਾ ਸੀ। ਅਗੰਮ ਗਗਨ ਮੰਡਲ ਵਿੱਚ ਨੀਝ ਲਾ ਲਾ ਤੱਕਦੇ ਸਨ ਅਤੇ ਹਰ ਕੋਈ ਸੰਤ ਮਹਾਰਾਜ ਜੀ ਦੇ ਸਰੀਰ ਦੇ ਭੁਲੇਖੇ ਖਾਂਦਾ ਪ੍ਰਤੀਤ ਹੁੰਦਾ ਸੀ। ਇਸ ਬ੍ਰਿਹੋਂ ਦ੍ਰਿਸ਼ ਦਾ ਦਰਦ ਨਾਪਿਆ ਤੋਲਿਆ ਨਹੀਂ ਜਾ ਸਕਦਾ ਸੀ। ਬਸ ਇੱਕ ਵਿਯੋਗ ਪੀੜਾ ਸੀ। ਹੈਰਾਨੀ ਸੀ, ਆਸ ਦੀ ਲਿਸ਼ਕਦੀ ਰੇਖਾ ਬ੍ਰਿਹੋਂ ਦੀਆਂ ਕਾਲੀਆਂ ਘਟਾਵਾਂ ਵਿੱਚ ਸਦਾ ਲਈ ਗੁੰਮ ਹੋ ਗਈ ਸੀ। ਸਭ ਕੋਈ ਸੰਤ ਮਹਾਰਾਜ ਜੀ ਨੂੰ ਆਪਣਾ ਸਮਝਦਾ ਸੀ। ਪਲੋ ਪਲੀ ਵਿੱਚ ਰਾੜੇ ਸਾਹਿਬ ਵਿੱਚ ਲੱਖਾਂ ਬ੍ਰਿਹੋਂ ਬਿਯੋਗੀ ਇਕੱਠੇ ਹੋ ਗਏ। ਰਾੜੇ ਸਾਹਿਬ ਦੇ ਅੰਦਰ ਗੁਰਦੁਆਰੇ, ਦੀਵਾਨ ਅਸਥਾਨ, ਸੜਕਾਂ, ਲੰਗਰ ਦੇ ਮੈਦਾਨ, ਗੱਲ ਕੀ ਅੰਦਰ ਕਿਤੇ ਵੀ ਤਿਲ ਧਰਨ ਜੋਗੀ ਥਾਂ ਨਹੀਂ ਸੀ ਅਤੇ ਸੰਗਤ ਬਾਹਰ ਨਹਿਰ ਦੀ ਸੜਕ ਤੇ ਖੜੀ ਇਸ ਇੰਤਜ਼ਾਰ ਵਿੱਚ ਸੀ ਕਿ ਕਦੋਂ ਪਾਵਨ ਸਰੀਰ ਇੰਗਲੈਂਡ ਤੋਂ ਦਿੱਲੀ ਹੁੰਦਾ ਹੋਇਆ ਇੱਥੇ ਪੁੱਜੇਗਾ ਤੇ ਉਹ ਕਦੋਂ ਅੰਤਮ ਝਾਕੀ ਨੂੰ ਸਦਾ ਅਮਿੱਟ ਯਾਦ ਬਣਾ ਸਕਣਗੇ। ਲੱਖਾਂ ਪ੍ਰੇਮੀਆਂ ਦੀ ਬ੍ਰਿਹੋਂ ਹੂਕ ਸੀ ਕਿ ਅੱਜ ਅਸਾਡਾ ਸੰਸਾਰ ਖ਼ਤਮ ਹੋ ਗਿਆ ਅਤੇ ਕੁੱਝ ਭੀ ਬਾਕੀ ਨਹੀਂ ਰਿਹਾ। ਜਿਸ ਤਨ ਇਹ ਪੀੜਾ ਕਦੇ ਲੱਗੀ ਹੋਵੇ, ਉਹ ਇਸ ਦੀ ਵੇਦਨਾ ਜਾਣ ਸਕਦਾ ਹੈ। ਪਰਾਈ ਪੀੜ ਨੂੰ ਅਨੁਭਵ ਕਰਨਾ ਮਾਨਸ ਸ਼ਕਤੀ ਤੋਂ ਬਾਹਰੀ ਗੱਲ ਹੈ। ਪੱਕੀਆਂ ਸੁਰਤਾਂ ਤੇ ਜਗਿਆਸੂਆਂ ਨੂੰ ਗਿਆਨ ਦੀ ਸੂਝ ਬੂਝ ਧਰਵਾਸ ਨਹੀਂ ਦੇ ਰਹੀ ਸੀ। ਸਰੀਰ ਦਾ ਵਿਛੋੜਾ ਸਦੀਵ ਕਾਲ ਤੋਂ ਮਹਾਂ ਭਿਆਨਕ ਹੈ ਜੋ ਸਹਿਣਾ ਅਤਿ ਕਠਨ ਹੈ। ਸੋ ਇਹੋ ਗੱਲ ਇਸ ਮਹਾਨ ਮਨੁੱਖ ਸ਼ੋਕ ਸਾਗਰ ਦੀਆਂ ਵਿਯੋਗ ਲਹਿਰਾਂ ਦੀ ਝੀਣੀ ਬਾਣ ਤੋਂ ਅਨੁਭਵ ਹੁੰਦੀ ਹੈ। ਦੁਪਹਿਰ ਪਿੱਛੋਂ ਗਿ. ਉਜਾਗਰ ਸਿੰਘ ਜੀ ਦਿੱਲੀ ਤੋਂ ਆਏ ਅਤੇ ਉਨ੍ਹਾਂ ਲਾਊਡ ਸਪੀਕਰਾਂ ਰਾਹੀਂ ਸਪਸ਼ਟ ਕੀਤਾ ਕਿ ਮਹਾਰਾਜ ਜੀ ਦਾ ਸਰੀਰ ੩੧ ਅਗਸਤ ਨੂੰ ਇੰਗਲੈਂਡ ਤੋਂ ਹਵਾਈ ਜਹਾਜ਼ ਰਾਹੀਂ ਦਿੱਲੀ ਹਵਾਈ ਅੱਡੇ ਤੇ ਪੁੱਜੇਗਾ। ਇਸ ਸੰਦੇਸ਼ ਨੂੰ ਸੁਣ ਕੇ ਸੰਗਤਾਂ ਦਾ ਪ੍ਰਵਾਹ ਹੋਲੀ ਹੋਲੀ ਸ਼ਾਮ ਤੀਕਰ ਪਿੱਛੇ ਨੂੰ ਪਰਤਦਾ ਅਲੋਪ ਹੋ ਗਿਆ। ਕਈ ਪ੍ਰੇਮੀ ਸਰੀਰ ਛੱਡ ਜਾਂਦੇ, ਪਰ ਹਰ ਕਿਸੇ ਨੂੰ ਸੰਤ ਮਹਾਰਾਜ ਜੀ ਦੇ ਸਰੀਰ ਦੇ ਅੰਤਮ ਦਰਸ਼ਨਾਂ ਦੀ ਆਸ ਜਿਉਂਦਾ ਰੱਖਣ ਲਈ ਸਹਾਇਤਾ ਦਿੰਦੀ ਰਹੀ। ੨੭ ਅਗਸਤ ਦੀ ਰਾਤ ਤੋਂ ਹੀ ਬ੍ਰਿਹੋਂ ਕੁੱਠੀਆਂ ਵਿਯੋਗਣ ਰੂਹਾਂ ਅੰਮ੍ਰਿਤ ਕੀਰਤਨ ਰਾਹੀਂ ਆਪਣੀਆਂ ਵੇਦਨਾਵਾਂ ਦਾ ਅਲਾਪ ਵਿਰਲਾਪ ਕਰ ਰਹੀਆਂ ਸਨ ਅਤੇ ਅੱਜ ਭੀ ਸਾਰਾ ਦਿਨ ਇਹੋ ਹਾਲ ਰਿਹਾ। ੨੯ ਅਤੇ ੩੦ ਅਗਸਤ ਨੂੰ ਸੰਗਤਾਂ ਆਉਂਦੀਆਂ ਗਈਆਂ। ਬਹੁਤ ਪ੍ਰੇਮੀ ਦਿੱਲੀ ਨੂੰ ਰਵਾਨਾ ਹੋ ਗਏ ਅਤੇ ਟੈਲੀਫੋਨਾਂ ਰਾਹੀਂ ਪਲ ਪਲ ਪਿੱਛੋਂ ਪੁੱਛਾਂ ਕਰਦੇ ਰਹੇ ਕਿ ਕਦੋਂ ਪਾਵਨ ਸਰੀਰ ਪੁੱਜ ਰਿਹਾ ਹੈ? ੩੧ ਅਗਸਤ ਦੀ ਸਵੇਰੇ ਪਹੁ ਫੁਟਾਲੇ ਤੋਂ ਪਹਿਲਾਂ ਹੀ ਦਿੱਲੀ ਹਵਾਈ ਅੱਡੇ ਤੇ ਲੱਖਾਂ ਦੀ ਗਿਣਤੀ ਵਿੱਚ ਦਰਸ਼ਕਾਂ ਦੀ ਭੀੜ ਲੱਗ ਗਈ। ਸਾਰੀ ਦਿੱਲੀ ਅਤੇ ਨੇੜੇ ਦੇ ਸ਼ਹਿਰਾਂ ਦੇ ਪ੍ਰੇਮੀ ਉਦਾਸ ਝਾਤ ਨਾਲ ਗਗਨ ਵਿੱਚ ਨੀਝਾਂ ਲਾਈ ਇੰਗਲੈਂਡ ਤੋਂ ਆ ਰਹੇ ਬਿਬਾਣ ਦੀ ਉਡੀਕ ਕਰ ਰਹੇ ਸਨ। ਉਦਾਸ ਪ੍ਰੇਮੀਆਂ ਦੀਆਂ ਚੁੱਪ ਲਹਿਰਾਂ ਹਵਾਈ ਜਹਾਜ਼ ਦੀ ਚਾਲ ਤੋਂ ਭੀ ਕਿਸੇ

ਵੱਧ ਤੇਜ਼ ਅਕਾਲ ਪੁਰਖ ਦੇ ਦਰ ਪੁੱਜ ਰਹੀਆਂ ਸਨ। ਅਤੇ ਸਵੇਰੇ ਸੱਤ ਵਜੇ ਏਅਰ ਲਾਈਨ ਦਾ ਜਹਾਜ਼ ਨਜ਼ਰੀਂ ਪਿਆ।

੩੧-੮-੭੫ ਨੂੰ ਦਿੱਲੀ ਦੇ ਸਿੰਘਾਂ ਵਿੱਚ ਉਦਾਸੀ ਦਾ ਦਿਨ ਸੀ। ਸਾਰੇ ਸਿੰਘ ਮਹਾਂਪੁਰਸ਼ਾਂ ਦੇ ਅਚਾਨਕ ਸਚਖੰਡ ਪਿਆਨੇ ਵਜੋਂ ਪਏ ਘਾਟੇ ਨੂੰ ਮਹਿਸੂਸ ਕਰਦੇ ਸਨ ਅਤੇ ਹਰ ਇੱਕ ਦੇ ਅੰਦਰੋਂ ਇਹੀਂ ਅਵਾਜ਼ ਆ ਰਹੀ ਸੀ ਕਿ ਸਿੱਖ ਪੰਥ ਦਾ ਪ੍ਰਕਾਸ਼ ਦਿੰਦਾ ਰੂਹਾਨੀ ਦੀਪ ਅੱਜ ਬੁਝ ਗਿਆ ਹੈ। ਹਰ ਪਾਸੇ ਨਿਰਾਸਤਾ ਦਾ ਅਨ੍ਹੇਰਾ ਹੀ ਅਨ੍ਹੇਰਾ ਪ੍ਰਤੀਤ ਦੇ ਰਿਹਾ ਹੈ। ਪ੍ਰੇਮੀਆਂ ਦੀਆਂ ਅੱਖਾਂ ਲਾਲ ਸਨ ਅਤੇ ਹੇਠਲੇ ਪਾਸੋਂ ਕੁੱਝ ਭਾਰੀਆਂ ਹੋਈਆਂ ਹਰ ਪ੍ਰੇਮੀ ਦੀ ਬ੍ਰਿਹੋਂ ਪੀੜਾ ਨੂੰ ਪਰਗਟ ਕਰ ਰਹੀਆਂ ਸਨ। ਹਾਪੁੜ, ਮੁਜ਼ੱਫਰਨਗਰ, ਮੇਰਠ, ਮੁਰਾਦਾਬਾਦ; ਤਰਾਈ ਵਿੱਚੋਂ ਬਲਾਸਪੁਰ, ਜ਼ਿਲ੍ਹਾ ਰਾਮੁਪਰ ਅਤੇ ਯੂ. ਪੀ. ਦੇ ਹੋਰ ਇਲਾਕਿਆਂ ਦੇ ਪ੍ਰੇਮੀ ਦਿੱਲੀ ਵੱਲ ਨੂੰ ਧਾਈ ਕਰੀ ਆ ਰਹੇ ਸਨ ਅਤੇ ਹਰ ਇੱਕ ਦੇ ਮਨ ਵਿੱਚ ਸੰਤ ਮਹਾਰਾਜ ਜੀ ਦੇ ਪਾਵਨ ਸਰੀਰ ਦੇ ਦਰਸ਼ਨ ਕਰਨ ਦੀ ਤੀਬਰਤਾ ਸੀ। ਹਵਾਈ ਅੱਡੇ ਦੇ ਬਾਹਰ ਪੰਡਾਲ ਲੱਗਿਆ ਸੀ, ਜਿੱਥੇ ਸੰਗਤ ਇੰਤਜ਼ਾਰ ਵਿੱਚ ਬੇਹਬਲ ਹੋਈ ਬੈਠੀ ਸੀ। ਜਿਨ੍ਹੀ ਰਾਹੀਂ ਮਹਾਂਪੁਰਸ਼ ਰਾੜੇ ਸਾਹਿਬ ਤੋਂ ਇੰਗਲੈਂਡ ਨੂੰ ਗਏ ਸਨ ਅਤੇ ਜਿਨ੍ਹਾਂ ਸੰਗਤਾਂ ਨੇ ਰਸਤੇ ਵਿੱਚ ਕਾਰ ਰੋਕ ਕੇ ਦਰਸ਼ਨ ਕੀਤੇ ਸਨ ਅਤੇ ਵਾਪਸੀ ਵਿੱਚ ਮਹਾਂਪੁਰਸ਼ਾਂ ਦੇ ਸੁਆਗਤ ਕਰਨ ਦੀਆਂ ਅਨੇਕ ਭਾਵਨਾਵਾਂ ਸਹਿਤ ਉਡੀਕ ਵਿੱਚ ਸਨ ਅਤੇ ਮਨਾਂ ਵਿੱਚ ਚਾਅ ਸਨ ਕਿ ਸ਼ੀਘਰ ਹੀ ਮਹਾਂਪੁਰਸ਼ ਵਾਪਸ ਭਾਰਤ ਪਰਤ ਰਹੇ ਹਨ, ਉਨ੍ਹਾਂ ਰਾਹਾਂ ਤੇ ਹੀ ਅੱਜ ਮਿਰਤੱਕ ਸਰੀਰ ਦਾ ਜਲੂਸ ਵਾਪਸ ਰਾੜੇ ਸਾਹਿਬ ਨੂੰ ਪਰਤ ਰਿਹਾ ਹੈ। ਦਰਦ ਦਾ ਅਨੁਭਵ ਕਰਨਾ ਬ੍ਰਿਹੋਂ ਕੁੱਠੀ ਰੂਹ ਤੋਂ ਬਿਨਾਂ ਦੂਜੇ ਲਈ ਅਸੰਭਵ ਹੈ। ਸੜਕ ਦੇ ਦੋਹੀਂ ਪਾਸੀਂ ਫ਼ੁੱਲਾਂ ਦੇ ਹਾਰ ਲਈ ਸੰਗਤਾਂ ਖੜੀਆਂ ਸਨ।

ਛੱਡ ਕੇ ਅੱਧ ਵਿਚਕਾਰ ਗਏ

ਪੰਛੀ ਆਏ ਰਾਮ ਗੁਜਰੀ ਸੁਬਹ ਉਡਾਰੀ ਮਾਰ ਗਏ।
ਰੁੱਖਾਂ ਵਾਂਗ ਅਸੀਂ ਪਰ ਯਾਰੋ ਸਾਰੇ ਦਰਦ ਸਹਾਰ ਗਏ।
ਮੇਰੇ ਘਰ ਤੋਂ ਤੇਰੇ ਘਰ ਦਾ ਪੈਂਡਾ ਬਹੁਤੀ ਦੂਰ ਨਹੀਂ।
ਪਰ ਰਾਹਾਂ ਦੇ ਉੱਚੇ ਪਰਬਤ ਤੈਨੂੰ ਮੈਨੂੰ ਮਾਰ ਗਏ।
ਥਲ ਵਰਗੀ ਵੀਰਾਨੀ, ਖੰਡਰ ਵਰਗੀ ਡੂੰਘੀ ਖਾਮੋਸ਼ੀ,
ਜੰਗਲ ਜਹੀ ਉਦਾਸੀ ਮੈਨੂੰ ਦੇ ਮੇਰੇ ਗਮਖਾਹ ਗਏ।
ਕਾਲੀ ਰਾਤ ਡਰਾਉਣੇ ਬੱਦਲ ਪਲ ਪਲ ਬਿਜਲੀ ਲਿਸ਼ਕ ਰਹੀ ਸੀ,
ਏਸ ਭਿਆਨਕ ਮੌਸਮ ਅੰਦਰ ਕਿੱਥੇ ਛੱਡ ਕੇ ਯਾਰ ਗਏ।
ਚਰਚਾ ਕਰੀਏ ਤਾਂ ਕੀ ਕਰੀਏ ਏਥੇ ਬਾਗ਼ ਬਹਾਰਾਂ ਦਾ,
ਫ਼ੁੱਲਾਂ ਦੀ ਖੁਸ਼ਬੂ ਤੋਂ ਪਹਿਲਾਂ ਸੀਨੇ ਤੀਕਰ ਖਾਰ ਗਏ।
ਸਾਨੂੰ ਤਾਂ ਤੂਫਾਨਾਂ ਨੇ ਹੀ ਸਦਾ ਕਿਨਾਰੇ ਲਾਇਆ ਹੈ,
ਬੇੜੀ ਮੰਝ ਮੁਹਾਣੇ ਸਾਰੇ ਛੱਡ ਕੇ ਅੱਧ ਵਿਚਕਾਰ ਗਏ।

੩੧-੮-੭੫ ਨੂੰ ਸਵੇਰ ਦੇ ਸੱਤ ਵਜੇ ਹਜ਼ੂਰ ਦੇ ਸਰੀਰ ਵਾਲਾ ਜਹਾਜ਼ ਪਾਲਮ ਹਵਾਈ ਅੱਡੇ ਦਿੱਲੀ ਉੱਤਰਿਆ, ਜਿੱਥੇ ਪਲੇਟਫਾਰਮ ਤੋਂ ਬਾਹਰ ਪਹਿਲਾਂ ਹੀ ਸੰਗਤਾਂ ਦਾ ਬੇਥਾਹ ਇਕੱਠ ਸੀ। ਛੋਟੇ ਸੰਤ ਜੀ ਮਹਾਰਾਜ ਤੇ ਇੱਕ ਦੋ ਹੋਰ ਪ੍ਰੇਮੀ ਕਸਟਮ ਵਾਲਿਆਂ ਦੀ ਇਜਾਜ਼ਤ ਨਾਲ ਜਹਾਜ਼ ਦੇ ਪਾਸ ਚਲੇ ਗਏ। ਬਾਕੀ ਦੀ ਸੰਗਤ ਪਿੱਛੇ ਹੀ ਰੋਕ ਦਿੱਤੀ ਅਤੇ ਸਭਨਾਂ ਨੂੰ ਖੁੱਲ੍ਹੇ ਦਰਸ਼ਨ ਦੀਦਾਰ ਕਰਾਉਣ ਵਾਸਤੇ ਪਾਲਮ ਹਵਾਈ ਅੱਡੇ ਦੇ ਨੇੜੇ ਹੀ ਪੰਡਾਲ ਦਾ ਇੰਤਜ਼ਾਮ ਕੀਤਾ ਗਿਆ ਸੀ, ਜਿੱਥੇ ਉੱਚੀ ਥਾਂ ਤੇ ਅੱਧਾ ਘੰਟਾ ਸਰੀਰ ਵਾਲਾ ਬਕਸਾ ਰੱਖ ਕੇ ਸਭਨਾਂ ਨੂੰ ਦਰਸ਼ਨ ਕਰਵਾਏ। ਸੰਗਤ ਤੋਂ ਵੈਰਾਗ ਥੰਮਿਆ ਨਾ ਗਿਆ। ਆਪ ਮੁਹਾਰੇ ਭੁੱਬਾਂ ਨਿੱਕਲ ਗਈਆਂ। ਨਾਲ ਦੇ ਸਿੰਘ ਸਿੱਧੇ ਚੈਕ ਵਾਲੀ ਜਗ੍ਹਾ ਤੇ ਪੁੱਜੇ ਤੇ ਕੁੱਝ ਮਿੰਟਾਂ ਬਾਅਦ ਗੇਟ ਪਾਸ ਮਿਲ ਗਿਆ। ਏਹ ਵੀ ਸਟੇਜ ਤੇ ਆ ਗਏ। ਏਥੇ ਦਿੱਲੀ ਨਿਵਾਸੀ ਤੇ ਪੰਜਾਬ ਤੋਂ ਆਏ ਪ੍ਰੇਮੀਆਂ ਤੋਂ ਇਲਾਵਾ ਕਲਕੱਤਾ, ਬੰਬਈ, ਕਾਨਪੁਰ, ਬਿਹਾਰ, ਬੰਗਾਲ, ਟਾਟਾ ਨਗਰ, ਰਾਂਚੀ, ਪਟਨਾ, ਮੱਧ ਪ੍ਰਦੇਸ਼ ਅਤੇ ਯੂ. ਪੀ. ਸੀ. ਪੀ. ਦੇ ਸਾਰੇ ਸ਼ਹਿਰਾਂ 'ਚੋਂ ਪੁੱਜੇ ਸਨ। ਹਾਪੁੜ, ਮੁਰਾਦਾਬਾਦ, ਮੇਰਠ, ਮੁਜਫਰ ਨਗਰ ਤੇ ਡੇਹਰਾਦੂਨ ਆਦਿਕ ਥਾਵਾਂ ਤੇ ਪ੍ਰੇਮੀ ਧਾਹਾਂ ਮਾਰ ਰਹੇ ਸਨ। ਸਭਨਾਂ ਦੇ ਮੁਰਝਾਏ ਚੇਹਰੇ, ਸਜਲ ਨੇਤਰ, ਨੀਵੀਆਂ ਗਰਦਨਾਂ, ਉਦਾਸ ਚਿੱਤ, ਅੱਖਾਂ ਵਿੱਚ ਪਾਣੀ ਛਲਕਦਾ, ਪੱਥਰ ਦੀਆਂ ਮੂਰਤਾਂ ਵਾਂਗ ਖੜੋਤੇ ਸਨ। ਅਤੇ ਹਰ ਪਾਸੇ ਜਿਧਰ ਨਜ਼ਰ ਜਾਂਦੀ ਸੀ ਸਿਸਕੀਆਂ ਦੀ ਝੀਣੀ ਬਾਣ ਹੀ ਸੁਣਾਈ ਦਿੰਦੀ ਸੀ। ਏਸ ਜਗ੍ਹਾ ਤੋਂ ਸਾਰਾ ਜਲੂਸ ਜੋ ਕਈ ਮੀਲ ਲੰਬਾ ਤੇ ਕਈ ਹਜ਼ਾਰ ਦਾ ਇਕੱਠ ਸੀ ਕਾਰਾਂ, ਬੱਸਾਂ, ਟਰੱਕਾਂ, ਸਕੂਟਰਾਂ, ਰਾਹੀਂ ਪੰਜਾਬ ਨੂੰ ਚੱਲ ਪਿਆ। ਅੱਗੇ ਹਜ਼ੂਰ ਦੇ ਬਕਸੇ ਵਾਲੀ ਖੁੱਲ੍ਹੀ

ਗੱਡੀ ਸੀ ਤਾਂ ਕਿ ਹਰੇਕ ਨੂੰ ਸ਼ੀਸ਼ੇ ਰਾਹੀਂ ਦੀਦਾਰ ਹੁੰਦਾ ਰਹੇ ਪਿੱਛੇ ਛੋਟੇ ਸੰਤ ਜੀ, ਮਗਰ ਕੋਕੇ ਕੋਲੇ ਵਾਲੇ ਸਰਦਾਰ ਸਨ ਤੇ ਅਤੇ ਹੋਰ ਪ੍ਰੇਮੀਆਂ ਦੀਆਂ ਕਾਰਾਂ। ਕਈ ਸ਼ਹਿਰਾਂ ਵਿੱਚੋਂ ਸਾਲਮ ਸਪੈਸ਼ਲ ਬੱਸਾਂ ਵੀ ਆਈਆਂ ਸਨ। ਰਸਤੇ ਵਿੱਚ ਹੱਥ ਜੋੜੀ ਸੰਗਤ ਬਕਸੇ ਵਾਲੀ ਗੱਡੀ ਦਾ ਦੀਦਾਰ ਕਰ ਰਹੀ ਸੀ। ਕੋਕਾ ਕੋਲਾ ਫੈਕਟਰੀ ਪਲਾਟ ਨੰ: ੨ ਦੇ ਕਰਮਚਾਰੀਆਂ ਨੇ ਦਰਸ਼ਨ ਕੀਤੇ। ਰੌਸ਼ਨਆਰਾ ਰੋਡ, ਅਜ਼ਾਦ ਪੁਰ, ਮਾਡਲ ਟਾਊਨ ਹੁੰਦੇ ਹੋਏ ਅੱਗੇ ਚੱਲੇ। ਜਦੋਂ ਸੰਤ ਜੀ ਦੇ ਬਕਸੇ ਵਾਲੀ ਗੱਡੀ ਆਉਂਦੀ ਤਾਂ ਪ੍ਰੇਮੀ ਜੈਕਾਰੇ ਗਜਾ ਕੇ ਫ਼ੁੱਲਾਂ ਦੀ ਵਰਖਾ ਕਰੀ ਜਾਂਦੇ ਅਤੇ ਜੇ ਬਕਸੇ ਵਾਲੀ ਗੱਡੀ ਰੁਕ ਜਾਂਦੀ ਤਾਂ ਦਰਸ਼ਨ ਭੇਟ ਕਰਨ ਵਾਲੇ ਪ੍ਰੇਮੀਆਂ ਦੇ ਇਕੱਠ ਨੂੰ ਸੰਭਾਲਣਾ ਮੁਸ਼ਕਲ ਹੋ ਜਾਂਦਾ। ਹਰ ਗੱਡੀ ਵਾਲਾ ਕੋਸ਼ਿਸ਼ ਵਿੱਚ ਸੀ ਕਿ ਸੰਤ ਮਹਾਰਾਜ ਜੀ ਦੀ ਤੇਜ਼ ਜਾਂਦੀ ਗੱਡੀ ਦੇ ਨੇੜੇ ਰਿਹਾ ਜਾਵੇ। ਤਕਰੀਬਨ ਦਿੱਲੀ ਵਿੱਚ ਹੀ ਦੋ ਢਾਈ ਘੰਟੇ ਲੱਗ ਗਏ। ਅੱਗੇ ਫੇਰ ਮੁਰਥਲ, ਸੰਭਾਲਕਾ, ਪਾਨੀਪਤ, ਕਰਨਾਲ, ਪਿਪਲੀ, ਅੰਬਾਲੇ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਭਵਨ ਦੇ ਪਾਸ ਭਵਨ ਦੇ ਪ੍ਰਬੰਧਕ ਨਿਸ਼ਾਨ ਸਾਹਿਬ ਹੱਥ ਵਿੱਚ ਲਈ ਸੜਕ ਰੋਕ ਕੇ ਖੜ੍ਹੇ ਸਨ। ਕਾਰ ਇਸ ਥਾਂ ਰੁਕੀ, ਭਵਨ ਵੱਲੋਂ ਸੰਤ ਮਹਾਰਾਜ ਜੀ ਦੇ ਸਰੀਰ ਵਾਸਤੇ ਸਿਰੋਪਾਓ ਦਿੱਤਾ ਗਿਆ ਤੇ ਇਹ ਜਲੂਸ ਅੰਬਾਲਾ ਛਾਉਣੀ ਪੁੱਜਾ। ਧੁੱਪ ਬਹੁਤ ਕਹਿਰ ਦੀ ਪੈ ਰਹੀ ਸੀ। ਘੰਟਿਆਂ ਬੱਧੀ ਸੰਗਤ ਲਾਈਨਾਂ ਲਾਈ ਰੇਲਵੇ ਪੁਲ ਤੋਂ ਹੀ ਫ਼ੁੱਲਾਂ ਦੇ ਸੇਹਰੇ ਫੜੀ ਇੰਤਜ਼ਾਰ ਕਰ ਰਹੀ ਸੀ। ਹਰ ਇੱਕ ਦੇ ਮੁੱਖ ਤੋਂ ਵਾਹਿਗੁਰੂ ਨਾਮ ਦੀਆਂ ਧੁਨੀਆਂ ਆ ਰਹੀਆਂ ਸਨ।

ਅੰਬਾਲਾ ਕੈਂਟ ਤੇ ਅੰਬਾਲਾ ਸ਼ਹਿਰ, ਰਾਜਪੁਰਾ ਤੇ ਸਰਹੰਦ ਤੱਕ ਸਾਰੇ ਬੱਸ ਅੱਡਿਆਂ ਅਤੇ ਚੌਂਕਾਂ ਵਿੱਚ ਸੰਗਤ ਖੜ੍ਹੀ ਸੀ। ਖੰਨਾ ਤੇ ਗੋਬਿੰਦਗੜ੍ਹ ਵਾਲਿਆਂ ਨੇ ਸੁੰਦਰ ਗੇਟ ਬਣਾਏ ਸਨ। ਟਰੱਕ ਯੂਨੀਅਨ ਤੇ ਹੋਰ ਪ੍ਰੇਮੀਆਂ ਵੱਲੋਂ ਮਿੱਠੇ ਜਲ ਦੀਆਂ ਛਬੀਲਾਂ ਦੇ ਰਸਤਿਆਂ ਤੇ ਲੰਗਰ ਜਾਰੀ ਕੀਤੇ ਸਨ। ਖੰਨੇ ਤੋਂ ਅੱਗੇ ਲਿਬੜਾ, ਮੋਹਨਪੁਰ, ਚਾਵੇ ਦਾ ਚੌਂਕ ਤੇ ਪਾਇਲ ਤੱਕ ਬੇਅੰਤ ਸੰਗਤ ਖੜੀ ਭੁੱਬਾਂ ਮਾਰਦੀ ਸੀ। ਏਸ ਤੋਂ ਅੱਗੇ ਤਾਂ ਫੇਰ ਸੰਗਤ ਦਾ ਇਤਨਾ ਇਕੱਠ ਸੀ ਕਿ ਸੜਕ ਤੋਂ ਲਾਈਨ ਟੁੱਟੀ ਹੀ ਨਹੀਂ। ਘੁਡਾਣੀ ਤੋਂ ਪਿੱਛੋਂ ਹੀ ਸੜਕ ਦੇ ਦੋਹੀਂ ਪਾਸੀਂ ਖੜ੍ਹੇ ਪ੍ਰੇਮੀ ਧਾਹਾਂ ਮਾਰ ਰਹੇ ਸਨ। ਕਰਮਸਰ ਅਸਥਾਨ ਤੱਕ ਨਹਿਰ ਦੇ ਦੋਹੀਂ ਪਾਸੀਂ ਅੰਦਰਲੀਆਂ ਸੜਕਾਂ ਲੰਗਰ ਤੇ ਗੁਰਦਵਾਰੇ ਦੀ ਉੱਪਰਲੀ ਛੱਤ, ਵੱਡੇ ਹਾਲ ਦੇ ਉੱਪਰ ਤੇ ਸਾਰਾ ਵੇਹੜਾ ਭਰਿਆ ਹੋਇਆ ਸੀ। ਮੂਵੀਆਂ ਤੇ ਫੋਟੋਗ੍ਰਾਫਰਾਂ ਦੀ ਵੀ ਕਾਫ਼ੀ ਭੀੜ ਜੁੜੀ ਸੀ। ਖਟੜਿਆਂ ਦੇ ਪੁਲ ਤੋਂ ਘੁਡਾਣੀ ਤੱਕ ਬੱਸਾਂ, ਟਰੱਕਾਂ, ਟਰਾਲੀਆਂ, ਟਰੈਕਟਰਾਂ ਤੇ ਕਾਰਾਂ ਦੀ ਲਾਈਨ ਲੱਗੀ ਸੀ। ਅਖ਼ਬਾਰ ਨਵੀਸਾਂ ਤੇ ਇੰਤਜਾਮੀ ਅਫ਼ਸਰਾਂ ਦਾ ਖ਼ਿਆਲ ਸੀ ਕਿ ਸੱਤ ਲੱਖ ਤੋਂ ਵੱਧ ਸੰਗਤ ਦਾ ਇਕੱਠ ਜੁੜਿਆ ਸੀ। ਬਕਸੇ ਵਾਲੀ ਗੱਡੀ ਨੂੰ ਮਸਾਂ ਮਸਾਂ ਅੱਗੇ ਭੋਰੇ ਕੋਲ ਲਿਜਾ ਕੇ ਭੋਰੇ ਵਿੱਚ ਪਾਵਨ ਸਰੀਰ ਦਾ ਇਸ਼ਨਾਨ ਕਰਵਾ ਕੇ ਸੁੰਦਰ ਪੋਸ਼ਾਕ ਪਹਿਨਾਈ। ਏਸੇ ਸਮੇਂ ਜੋ ਸੰਤਾਂ ਮਹੰਤਾਂ ਤੇ ਬਹੁਤ ਸਾਰੇ ਸ਼ਰਧਾਲੂ ਪ੍ਰੇਮੀਆਂ ਵੱਲੋਂ ਕੀਮਤੀ ਦੁਸ਼ਾਲੇ ਭੇਟਾ ਕੀਤੇ ਗਏ, ਉਹ ਵੀ ਬਕਸੇ ਵਿੱਚ ਹੀ ਬੰਦ ਕਰ ਦਿੱਤੇ। ਉਪਰੰਤ ਪਾਵਨ ਸਰੀਰ ਵਾਲਾ ਬਕਸਾ, ਜਿਸ ਦੇ ਸ਼ੀਸ਼ੇ ਵਿੱਚ ਦੀ ਖੁੱਲ੍ਹਾ ਦੀਦਾਰ ਹੁੰਦਾ ਸੀ ਪੰਡਾਲ ਵਿੱਚ ਲਿਆਂਦਾ ਗਿਆ। ਜਿੱਥੇ ਸਾਰੀ ਰਾਤ ਹਰੀ ਜਸ ਗੁਰਬਾਣੀ ਦਾ ਕੀਰਤਨ ਹੁੰਦਾ ਰਿਹਾ ਅਤੇ ਸੰਗਤ ਦਰਸ਼ਨ ਕਰਦੀ ਰਹੀ।

੩੧ ਅਗਸਤ ਦੀ ਦੁਖਦਾਈ ਤੇ ਸ਼ੋਕ ਮਈ ਰਾਤ ਆ ਗਈ, ਜਿਸ ਰਾਤ ਖ਼ਾਲੀ ਸਰੀਰ ਦਾ ਦਰਸ਼ਨ ਕਰ ਕੇ ਭੋਰੇ ਦੀਆਂ ਕੰਧਾਂ ਵੀ ਰੋਈਆਂ। ਜੀਵ ਜੰਤੂ ਰੋਏ। ਅਸਥਾਨ ਦੇ ਪਸ਼ੂਆਂ ਨੇ ਕੁੱਝ ਨਹੀਂ ਖਾਧਾ। ਇਲਾਕੇ ਵਾਸੀਆਂ ਨੇ ਚੁੱਲ੍ਹੇ ਨਹੀਂ ਤਪਾਏ। ਉਸ ਦਿਨ ਪੰਜ ਦਰਿਆਵਾਂ ਦੀ ਧਰਤੀ ਨੇ ਧਾਹ ਮਾਰੀ। ਵਿਛੋੜੇ ਵਿੱਚ ਤੜਫਦੇ ਲੋਕਾਂ ਦੀ ਜਾਗਦਿਆਂ ਸ਼ੋਕ ਤੇ ਪੀੜਾ ਵਿੱਚ ਰਾਤ ਬੀਤੀ।

ਸੂਰਜ ਸਿਖਰ ਦੁਪਹਿਰੇ ਹੀ ਅਸਤ ਹੋਇਆ

ਸੱਕੜ ਜੰਮਿਆਂ (ਹੈ) ਸਭਨਾਂ ਬੁਲੀਆਂ ਤੇ ਡਾਕੇ ਪਏ ਦਿਨ ਦੀਵੀਂ ਅੱਜ ਹਾਸਿਆਂ ਨੂੰ।
ਜੋਬਨ ਲੁਟਿਆ ਗਿਆ ਪੰਜਾਬੀਆਂ ਦਾ ਲੱਗੀ ਅੱਗ ਹੈ ਚਵ੍ਹਾਂ ਹੀ ਪਾਸਿਆਂ ਨੂੰ।
ਮੈਨੂੰ ਐਸਾ ਦਰਦੀ ਨਹੀਂ ਨਜ਼ਰ ਆਉਂਦਾ ਭਰੇ ਜਾਣ ਜੋ ਖ਼ੁਸ਼ੀ ਦੇ ਕਾਸਿਆਂ ਨੂੰ।
ਕਰਮਸਰ ਦੀ ਧਰਤੀਏ ਸੱਚ ਆਖਾਂ ਇੱਕੋ ਆਸ ਹੈ ਤੇਰੀ ਬੇ ਆਸਿਆਂ ਨੂੰ।
ਧੜਕਨ ਦਿਲਾਂ 'ਚੋਂ ਧੜਕਨੋ ਬੰਦ ਹੋ ਗਈ ਗਇਆ ਲੁਟਿਆ ਅੱਜ ਸੁਹਾਗ ਲੋਕੋ।
ਸੂਰਜ ਸਿਖਰ ਦੁਪਹਿਰੇ ਹੀ ਅਸਤ ਹੋਇਆ (ਤੇ) ਰੰਡਾ ਹੋ ਗਿਆ ਅੱਜ ਪੰਜਾਬ ਲੋਕੋ।

ਅੰਤਮ ਵਿਦਾਇਗੀ

ਸਵੇਰੇ ੧-੯-੭੫ ਨੂੰ ਫੇਰ ਸਭਨਾਂ ਨੂੰ ਦਰਸ਼ਨ ਦੀਦਾਰ ਕਰਵਾ ਬਿਭੌਰ ਸਾਹਿਬ ਵਾਲੀ ਜਗਾ ਜਲ ਪ੍ਰਵਾਹ ਕਰਨ ਲਈ ਅੱਠ ਵਜੇ ਦੇ ਕਰੀਬ ਅਰਦਾਸਾ ਸੋਧ ਚਾਲੇ ਪਾ ਦਿੱਤੇ।

ਕਰਮਸਰ ਤੋਂ ਚੱਲਣ ਸਮੇਂ ਬਾਹਰੋਂ ਆਈ ਸਾਰੀ ਸੰਗਤ ਤੇ ਸੰਤ ਮਹੰਤ (ਜੋ ਹਰਿਦੁਆਰ ਤੇ ਹੋਰ ਅਸਥਾਨਾਂ ਤੋਂ ਆਏ ਸਨ) ਸਾਰਿਆਂ ਨੇ ਬੈਂਡ ਵਾਜਿਆਂ ਦੀ ਧੁਨੀ ਨਾਲ ਆਪਣੇ ਪ੍ਰੀਤਮ ਨੂੰ ਅੰਤਮ ਵਿਦਾਇਗੀ ਦਿੱਤੀ। ਮੀਲਾਂ ਤੱਕ ਸੜਕ ਦੇ ਦੋਹੀਂ ਪਾਸੀਂ ਸੰਗਤ ਖੜੋ ਗਈ। ਜਲੂਸ ਆਹਿਸਤਾ ਆਹਿਸਤਾ ਜਾ ਰਿਹਾ ਸੀ। ਸਭ ਤੋਂ ਅੱਗੇ ਜਥੇ ਵਾਲੀ ਡਾਝ ਗੱਡੀ ਸੀ (ਇਸ ਵਿੱਚ ਲੇਖਕ ਬੈਠਾ ਸੀ) ਏਸੇ ਦੇ ਉੱਪਰ ਲਾਊਡ ਸਪੀਕਰ ਫਿਟ ਕੀਤੇ ਸਨ ਅਤੇ ਰਸਤੇ ਵਿੱਚ ਖੜੋਤੀਆਂ ਸੰਗਤਾਂ ਦੀ ਗਿਆਤ ਲਈ ਵਿੱਚ ਬੈਠੇ ਪ੍ਰੇਮੀ ਬੋਲ ਰਹੇ ਸਨ।

ਮਗਰ ਪੰਜਾਂ ਪਿਅਰਿਆਂ ਸਮੇਤ ਫੁੱਲਾਂ ਦੇ ਸੇਹਰਿਆਂ ਨਾਲ ਤੇ ਕੀਮਤੀ ਦੁਸ਼ਾਲਿਆਂ ਨਾਲ ਸਜਾਇਆ ਪਾਵਨ ਸਰੀਰ ਵਾਲਾ ਬਕਸਾ ਖੁੱਲ੍ਹੀ ਗੱਡੀ ਵਿੱਚ ਰੱਖਿਆ ਸੀ, ਜਿਸ ਦੇ ਸ਼ੀਸ਼ੇ ਰਾਹੀਂ ਸੰਗਤਾਂ ਨੂੰ ਦਰਸ਼ਨ ਹੋ ਰਹੇ ਸਨ। ਉਸ ਤੋਂ ਬਾਅਦ ਛੋਟੇ ਸੰਤ ਜੀ ਦੀ ਕਾਰ, ਫੇਰ ਹੋਰ ਪ੍ਰੇਮੀਆਂ ਦੀਆਂ ਕਾਰਾਂ, ਉਨ੍ਹਾਂ ਦੇ ਮਗਰ ਬੱਸਾਂ, ਉਨ੍ਹਾਂ ਦੇ ਪਿੱਛੇ ਟਰੱਕ ਤੇ ਟਰਾਲੀਆਂ ਜਿਨ੍ਹਾਂ ਦੀ ਗਿਣਤੀ ਕਾਫ਼ੀ ਤੋਂ ਜ਼ਿਆਦਾ ਸੀ। ਤਕਰੀਬਨ ਪੰਜ ਕੁ ਸੌ ਕਾਰ, ਗਿਆਰਾਂ ਸੌ ਟਰੱਕ ਤੇ ਬੱਸਾਂ ਸਨ ਜੋ ਪ੍ਰੇਮੀਆਂ ਨੇ ਸੰਗਤਾਂ ਵਾਸਤੇ ਫ੍ਰੀ ਲਾਏ ਸਨ। ਘੁਡਾਣੀ, ਘਲੋਟੀ, ਪਾਇਲ, ਚਾਵੇ ਦਾ ਚੌਕ, ਬਗਲੀ, ਸਮਰਾਲਾ, ਰਾਣਮਾ, ਮੁਰਿੰਡਾ, ਕੁਰਾਲੀ, ਰੋਪੜ, ਕੀਰਤਪੁਰ ਤੇ ਅਨੰਦਪੁਰ ਵਿੱਚ ਦੀ ਹੁੰਦਾ ਹੋਇਆ ਜਲੂਸ ਸਾਢੇ ਬਾਰਾਂ ਵਜੇ ਨੰਗਲ ਪੁੱਜ ਗਿਆ। ਰਸਤੇ ਦੇ ਪਿੰਡਾਂ ਦੀ ਸੰਗਤ ਜੋ ਸੜਕ ਤੇ ਖੜ੍ਹੀ ਸੀ, ਸ਼ਹਿਰਾਂ ਦੇ ਚੌਕਾਂ ਵਿੱਚ ਜੁੜ ਕੇ ਆਏ ਇਕੱਠ ਨੂੰ ਪੁਲੀਸ ਵੀ ਕਾਬੂ ਨਹੀਂ ਸੀ ਕਰ ਸਕੀ। ਬਹੁਤ ਸਾਰੇ ਪ੍ਰੇਮੀ ਤਾਂ ਟਰੱਕਾਂ, ਬੱਸਾਂ ਤੇ ਕਾਰਾਂ ਰਾਹੀਂ ਬਿਭੌਰ ਸਾਹਿਬ ਪਹਿਲਾਂ ਹੀ ਪੁੱਜ ਚੁੱਕੇ ਸਨ। ਪਰ ਫੇਰ ਵੀ ਜਲੂਸ ਦੀ ਲੰਬਾਈ ਦਸ ਗਿਆਰ੍ਹਾਂ ਮੀਲ ਤੋਂ ਘਟ ਨਹੀਂ ਸੀ। ਅਨੰਦਪੁਰ ਸਾਹਿਬ ਤੋਂ ਨੰਗਲ ਤੱਕ ਇੱਕ ਰਸ ਲੰਬਾ ਜਲੂਸ ਸੀ।

ਰਬੀ ਆਸ਼ਕ ਹਜ਼ੂਰ ਦਾ ਜਲੂਸ ਕਲਗੀਆਂ ਵਾਲੇ ਦੀ ਪਵਿਤਰ ਨਗਰੀ ਵਿੱਚ ਦੀ ਜਾ ਰਿਹਾ ਹੈ।

ਆਸ਼ਕ ਕਾ ਜਨਾਜ਼ਾ ਹੈ ਜ਼ਰਾ ਧੂਮ ਸੇ ਨਿਕਲੇ।
ਮਹਿਬੂਬ ਕੀ ਗਲੀ ਹੈ ਜ਼ਰਾ ਘੂਮ ਕੇ ਨਿਕਲੇ।

ਮਹਿਬੂਬ ਦਸਮ ਪਾਤਸ਼ਾਹ ਜੀ ਜਿਨ੍ਹਾਂ ਨੇ ਲਿਖਿਆ ਹੈ:

ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥

(ਸ੍ਰੀ ਦਸਮ ਗ੍ਰੰਥ ਵਿੱਚੋਂ)

ਹਜ਼ਾਰਾਂ ਹੀ ਨਰ ਨਾਰੀ ਬੱਚੇ ਬੁੱਢੇ ਅਤੇ ਜਵਾਨ ਅੰਤਮ ਦਰਸ਼ਨਾਂ ਲਈ ਪੁੱਜੇ ਹੋਏ ਸਨ ਭੀੜ ਕਾਹਦੀ ਸੀ ਜਨਤਾ ਦਾ ਅਥਾਹ ਸਮੁੰਦਰ, ਸਭ ਜਾਣਦੇ ਸਨ ਕਿ ਹੋਰ ਥੋੜ੍ਹੀ ਦੇਰ ਨੂੰ ਉਨ੍ਹਾਂ ਦਾ ਪੰਜ ਭੂਤਕ ਸਰੀਰ ਸਤਲੁਜ ਦੇ ਡੂੰਘੇ ਪਾਣੀਆਂ ਵਿੱਚ ਸਮਾ ਜਾਣਾ ਹੈ।

ਲੋਕੀਂ ਇਹ ਆਖ਼ਰੀ ਦਰਸ਼ਨ ਕਰਨ ਵਾਸਤੇ ਦਰਿਆ ਦੇ ਕੰਢੇ ਨਾਲ ਲੱਗ ਕੇ ਇਉਂ ਖੜ੍ਹੇ ਸਨ ਜਿਵੇਂ ਕਿਸੇ ਉੱਚੀ ਪਹਾੜੀ ਦੇ ਨਾਲ ਉਗੀਆਂ ਹੋਈਆਂ ਝਾੜੀਆਂ ਦੇ ਉੱਪਰ ਸਿਰ ਜੋੜ ਦਿੱਤੇ ਹੋਵਣ। ਭਾਵੇਂ ਉੱਥੇ ਖਲੋਣ ਨੂੰ ਕੋਈ ਥਾਂ ਨਹੀਂ ਸੀ ਪਰ ਫੇਰ ਵੀ ਲੋਕੀਂ ਛੋਟੇ ਛੋਟੇ ਟਿਲਿਆਂ ਝਾੜੀਆਂ ਬੂਟਿਆਂ ਨੂੰ ਪਕੜ ਸੋਗ ਵਾਰ ਦਸ਼ਾ ਵਿੱਚ ਖੜ੍ਹੇ ਸਨ। ਅੱਜ ਧੁੱਪ ਵੀ ਬੜੀ ਤੇਜ਼ ਸੀ ਇਉਂ ਜਾਪਦਾ ਸੀ ਕਿ ਸੂਰਜ ਦੇਵਤਾ ਵੀ ਇਸ ਮਹਾਨ ਆਤਮਾ ਨੂੰ ਆਖ਼ਰੀ ਪ੍ਰਣਾਮ ਕਰਨ ਲਈ ਸਭ ਨੂੰ ਪਿੱਛੇ ਧਕੇਲਦਾ ਅੱਗੇ ਵਧਦਾ ਆ ਰਿਹਾ ਹੋਵੇ।

ਦਰਿਆ ਦੇ ਕਿਨਾਰੇ ਉੱਚੀ ਨੀਵੀਂ ਜਗ੍ਹਾ ਸੰਗਤਾਂ ਨਾਲ ਭਰਪੂਰ ਸੀ। ਅਖ਼ਬਾਰ ਨਵੀਸ ਤੇ ਪੁਲੀਸ ਮੈਨ ੧੧ ਲੱਖ ਦਾ ਇਕੱਠ ਦੱਸਦੇ ਸਨ। ਸਹੀ ਦੋ ਵਜੇ ਬਿਭੌਰ ਸਾਹਿਬ ਗੁਰਦੁਆਰੇ ਅੱਗੇ ਨਮਸ਼ਕਾਰ ਕਰਵਾ, ਅਰਦਾਸਾ ਸੋਧ, ਬੇੜੀ ਤੇ ਬਕਸਾ ਰੱਖ, ਦਰਿਆ ਦੇ ਵਿਚਕਾਰ ਗਏ, ਬਿਭੌਰ ਸਾਹਿਬ ਗੁਰਦੁਆਰੇ ਦੇ ਸਾਹਮਣੇ (ਜਿੱਥੇ ੯੦ ਫੁੱਟ ਡੂੰਘਾ ਜਲ ਹੈ) ਬੇੜੀ ਨੂੰ ਲੈ ਗਏ ਜਿਸ ਵਿੱਚ ਹਜ਼ੂਰ ਦੇ ਨਾਲ ਲੰਡਨ ਨੂੰ ਗਏ ਸਾਰੇ ਸਿੰਘ, ਛੋਟੇ ਸੰਤ ਜੀ ਮਹਾਰਾਜ, ਕੋਕਾ ਕੋਲਾ ਵਾਲੇ ਸਰਦਾਰ ਤੇ ਕੁੱਝ ਕੁ ਹੋਰ ਪ੍ਰੇਮੀ ਵੀ ਬੈਠੇ ਸਨ। ਹੋਰ ਤਿੰਨ ਬੇੜੀਆਂ ਵਿੱਚ ਹੋਰ ਪ੍ਰੇਮੀ ਬੈਠੇ ਸਨ। ਬਕਸੇ ਨੂੰ ਡੂੰਘੇ ਜਲ ਵਿੱਚ ਲਿਜਾ ਕੇ ਗੁਰਦੁਆਰੇ ਸਾਹਿਬ ਦੇ ਸਾਹਮਣੇ ਉੱਪਰ ਉੱਚੀ ਬੈਠੀ ਸੰਗਤ ਨੂੰ ਖੁੱਲ੍ਹਾ ਦਰਸ਼ਨ ਕਰਵਾਇਆ ਗਿਆ। ਸਹੀ ਢਾਈ ਵਜੇ (ਜੋ ਸਮਾਂ ਸੰਗਤ ਨੂੰ ਪਹਿਲਾਂ ਦਿੱਤਾ ਸੀ) ਚੀਫ ਮਨਿਸਟਰ ਗਿ. ਜੈਲ ਸਿੰਘ ਨੇ ਪੁੱਜ ਕੇ ਜਿਸ ਦੇ ਨਾਲ ਸ.

ਨਰਿੰਜਨ ਸਿੰਘ ਤਾਲਬ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਸੀ, ਸ਼ੀਸ਼ੇ ਵਿੱਚ ਦੀ ਪਾਵਨ ਸਰੀਰ ਦਾ ਦੀਦਾਰ ਕਰ ਅਤਿ ਦੀ ਸ਼ਰਧਾ ਨਾਲ ਉੱਪਰ ਕੀਮਤੀ ਦੁਸ਼ਾਲਾ ਪਾਇਆ ਅਤੇ ਹਾਰ ਰੱਖ ਮੱਥਾ ਟੇਕਿਆ। ਇੰਝ ਮਲੂਮ ਹੋ ਰਿਹਾ ਸੀ ਕਿ ਗਿਆਨੀ ਜੈਲ ਸਿੰਘ ਜੀ ਨੇ ਆਪਣੇ ਦਿਲ ਵਿੱਚ ਉੱਠ ਰਹੇ ਉਬਾਲ ਨੂੰ ਬੜੀ ਮੁਸ਼ਕਲ ਨਾਲ ਦਬਾਇਆ ਹੋਵੇ ਅਤੇ ਆਪਣੀਆਂ ਭੁੱਬਾਂ ਰੋਕੀਆਂ ਹੋਵਣ। ਹੋਰ ਵੀ ਸਾਰੇ ਪ੍ਰੇਮੀ ਬੁੱਤ ਬਣੇ ਦੇਖ ਰਹੇ ਸਨ। ਕੋਈ ਆਵਾਜ਼ ਨਹੀਂ ਸੀ ਆ ਰਹੀ ਕੇਵਲ ਕਦੇ ਕਦੇ ਸਿਸਕੀਆਂ ਹੀ ਸੁਣਾਈ ਦੇਂਦੀਆਂ ਸਨ ਜਾਂ ਹੰਝੂ ਪੂੰਝਣ ਵਾਸਤੇ ਰੁਮਾਲ ਅੱਖਾਂ ਤੱਕ ਜਾਂਦੇ ਸਨ।

ਉਪਰੰਤ ਕੀਰਤਨ ਸੋਹਿਲੇ ਦਾ ਪਾਠ ਕਰ ਸੰਤ ਮੀਹਾਂ ਸਿੰਘ ਜੀ ਸਿਆੜ ਵਾਲਿਆਂ ਨੇ ਅੰਤਮ ਅਰਦਾਸ ਕੀਤੀ ਫੇਰ ਸਾਰਿਆਂ ਸੱਜਣਾਂ ਨੇ (ਜਿਸ ਦੇ ਚੁਫੇਰੇ ਭਾਰੀ ਭਾਰ ਬੰਨਿਆਂ ਸੀ) ਬਕਸੇ ਨੂੰ ਹੱਥ ਲਾਏ। ਜਿਸ ਬਕਸੇ ਵਿੱਚ ਸੰਤਾਂ ਦਾ ਸਰੀਰ ਰੱਖਿਆ ਸੀ ਉਸ ਦੇ ਆਸੇ ਪਾਸੇ ਬਹੁਤ ਵੱਡੇ ਛੇਕ ਕੀਤੇ ਗਏ ਸਨ ਕਿ ਪਾਣੀ ਅਤੇ ਹੋਰ ਜੀਵ ਜੰਤੂ ਅੰਦਰ ਜਾ ਸਕਣ। ਇਸ ਤਰ੍ਹਾਂ ਮਹਾਂਪੁਰਸ਼ਾਂ ਦੇ ਸਰੀਰ ਦਾ ਆਖ਼ਰੀ ਹਿੱਸਾ ਵੀ ਜੀਵ ਜੰਤੂਆਂ ਦੇ ਕੰਮ ਆ ਸਕੇ ਤੇ ਇਸ ਪਵਿੱਤਰ ਸਰੀਰ ਨੂੰ ਖਾਣ ਨਾਲ ਉਨ੍ਹਾਂ ਦਾ ਉਧਾਰ ਹੋ ਜਾਵੇ। ਉਪਰੰਤ ਬੇੜੀ ਨਾਲੋਂ ਰੱਸੇ ਖੋਲ੍ਹ ਕੇ ਡੂੰਘੇ ਜਲ ਵਿੱਚ ਟਿਕਾ ਦਿੱਤਾ। ਇੱਕ ਦੋ ਵਾਰ ਹੇਠਾਂ ਉੱਪਰ ਹੋ ਸੰਗਤਾਂ ਨੂੰ ਦੀਦਾਰ ਦਿੰਦਾ ਬਕਸਾ ਬਰਨ ਦੇਵਤਾ ਨੇ ਸੰਭਾਲ ਲਿਆ। ਜਦੋਂ ਬਕਸਾ ਅਲੋਪ ਹੋ ਗਿਆ ਦੇਵ ਲੋਕ ਵਿੱਚ ਜੈ ਜੈ ਕਾਰ ਤੇ ਮਾਤ ਲੋਕ ਦੀ ਧਰਤੀ ਤੇ ਹਾਹਾਕਾਰ ਮਚ ਗਈ। ਸੰਗਤਾਂ ਬਿਹਬਲ ਹੋ ਹੋ ਕੰਧਾ ਨੂੰ ਟੱਕਰਾਂ ਮਾਰਨ ਲੱਗੀਆਂ। ਕਈ ਜਲ ਵਿੱਚ ਛਾਲਾਂ ਮਾਰ ਕੇ ਡੁਬਣ ਲਈ ਦੌੜੇ ਪਰ ਪੁਲੀਸ ਦਾ ਸਖ਼ਤ ਪਹਿਰਾ ਹੋਣ ਕਰ ਕੇ ਕਿਸੇ ਨੂੰ ਐਸਾ ਕਰਨ ਨਹੀਂ ਦਿੱਤਾ। ਆਪਣੇ ਪ੍ਰੀਤਮ ਦਾ ਅਸਹਿ ਵਿਛੋੜਾ ਨਾ ਬਰਦਾਸ਼ਤ ਕਰਦਿਆਂ ਫੇਰ ਵੀ ਕਈਆਂ ਨੂੰ ਗਸ਼ਾਂ ਤੇ ਦੌਰੇ ਪੈ ਗਏ। ਇਉਂ ਕਲਗੀਆਂ ਵਾਲੇ ਪਾਤਸ਼ਾਹ ਦੇ ਪਾਵਨ ਚਰਨਾਂ ਦੀ ਛੂਹ ਵਾਲੇ ਸਤਿਲੁਜ ਦੇ ਪਵਿੱਤਰ ਜਲ ਵਿੱਚ ਬਕਸਾ ਲੀਨ ਹੋ ਗਿਆ। ਉਸ ਸਮੇਂ ਅਕਾਸ਼ ਤੋਂ ਇੰਦਰ ਦੇਵਤਾ ਨੇ ਬਰਖਾ ਦੇ ਰੂਪ ਵਿੱਚ ਹੰਝੂਆਂ ਦੇ ਮੋਤੀ ਭੇਟਾ ਕੀਤੇ। ਹਵਾਈ ਜਹਾਜ਼ ਨੇ ਫ਼ੁੱਲਾਂ ਦੀ ਬਰਖਾ ਕੀਤੀ। ਇਉਂ ਆਪਣੇ ਮਾਹੀ ਨੂੰ ਪਾਵਨ ਤੇ ਸੀਤਲ ਜਲ ਦੀ ਭੇਟਾ ਕਰ ਨਿਰਾਸ ਚਿੱਤ ਸੰਗਤ ਵਾਪਸ ਮੁੜੀ। ਵਾਪਸ ਮੁੜਨਾ ਕੇਹੜਾ ਸੌਖਾ ਕੰਮ ਸੀ। ਦੋ ਸੌ ਫੁੱਟ ਦੀ ਸਿੱਧੀ ਚੜ੍ਹਾਈ, ਕਹਿਰਾਂ ਦੀ ਧੁੱਪ, ਕਈ ਤਾਂ ਰਾਹ ਵਿੱਚ ਹੀ ਬੇਹੋਸ਼ ਹੁੰਦੇ ਜਾਂਦੇ ਸਨ। ਪਰ ਕਿੰਨੀ ਸ਼ਰਧਾ ਸੀ ਲੋਕਾਂ ਵਿੱਚ, ਕਿੰਨਾ ਪਿਆਰ ਸੀ ਉਨ੍ਹਾਂ ਦੇ ਦਿਲ ਅੰਦਰ ਇਹ ਇਸ ਭਾਰੀ ਇਕੱਠ ਤੋਂ ਸਾਫ਼ ਜ਼ਾਹਰ ਸੀ। ਟਰੱਕ, ਬੱਸਾਂ, ਕਾਰਾਂ, ਸਕੂਟਰ ਤੇ ਸਾਈਕਲ ਬੜੀ ਦੂਰ ਤੱਕ ਖੜ੍ਹੇ ਸਨ।

ਬਿਭੌਰ ਸਾਹਿਬ ਪੁੱਜ ਕੇ ਅਰਦਾਸ ਕਰ ਕਹਾੜ ਪ੍ਰਸ਼ਾਦ ਦੀ ਦੇਗ ਵਰਤਾਈ। ਏਥੇ ਪਹਿਲਾਂ ਹੀ ਆਪਣੇ ਵੱਲੋਂ ਸੰਗਤ ਨੇ ਵੱਖੋ ਵੱਖ ਲੰਗਰਾਂ ਦਾ ਇੰਤਜ਼ਾਮ ਕੀਤਾ ਸੀ। ਬਹੁਤ ਸਾਰੇ ਪ੍ਰੇਮੀ ਲੰਗਰ ਪਕਾ ਕੇ ਟਰੱਕਾਂ ਤੇ ਰੱਖ ਕੇ ਲਿਆਏ ਸਨ ਤੇ ਟਰੱਕ ਟਰਾਲੀਆਂ ਤੇ ਰੱਖ ਕੇ ਹੀ ਵਰਤਾਈ ਜਾਂਦੇ ਸਨ। ਕਰਮਸਰ ਤੋਂ ਵੀ ਕਈ ਟਰੱਕ ਪ੍ਰਸ਼ਾਦਿਆਂ ਦੇ ਪੱਕ ਕੇ ਗਏ ਸਨ। ਰਸਤੇ ਵਿੱਚ ਵੀ ਪ੍ਰੇਮੀਆਂ ਨੇ ਆਪੋ ਆਪਣੇ ਪਿੰਡਾਂ ਤੋਂ ਆ ਕੇ ਸੜਕ ਤੇ ਲੰਗਰ ਲਾਏ ਸਨ। ਸੰਤ ਸੇਵਾ ਸਿੰਘ ਜੀ ਨੇ ਪੰਜਾਹ ਹਜ਼ਾਰ ਸਰੀਰਾਂ ਦਾ ਪ੍ਰਸ਼ਾਦਾ ਤਿਆਰ ਕੀਤਾ। ਸੰਤ ਰਣਜੀਤ ਸਿੰਘ ਜੀ ਵਿਰੱਕਤ, ਬਾਬਾ ਨਰੈਣ ਸਿੰਘ ਜੀ ਸ੍ਰੀਮਾਨ ਨੇ ਵੀ ਪੰਜ ਗਰਾਈਆਂ ਤੇ ਬਾਪਲੇ ਦੀ ਸੰਗਤ ਨੂੰ ਨਾਲ ਲੈ ਕੇ ਸਵੇਰ ਤੋਂ ਅੱਠ ਲੋਹਾਂ ਚਾਲੂ ਕਰ ਚਾਲੀ ਬੋਰੀਆਂ ਆਟਾ ਪਕਾ ਰੱਖਿਆ ਸੀ। ਇਉਂ ਲੰਗਰ ਅਤੁੱਟ ਵਰਤ ਰਿਹਾ ਸੀ। ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਦੇ ਸਨ। ਫੇਰ ਹੌਲੀ ਹੌਲੀ ਚਾਲੇ ਪਾ ਆਨੰਦਪੁਰ ਸਾਹਿਬ ਕੇਸਗੜ੍ਹ ਦੇ ਦੀਦਾਰ ਦਰ ਦੇਗਾਂ ਸਜਾ ਕੀਰਤਪੁਰ ਆਏ। ਉਪਰੰਤ ਉਸੇ ਰਸਤੇ ਸ਼ਾਮ ਨੂੰ ਕਰਮਸਰ ਪੁੱਜ ਗਏ। ਦਿੱਲੀ, ਹਾਪੁੜ ਤੇ ਹੋਰ ਸ਼ਹਿਰਾਂ ਦੇ ਪ੍ਰੇਮੀ ਜੋ ਸਪੈਸ਼ਲ ਬੱਸਾਂ ਲੈ ਕੇ ਆਏ ਸਨ, ਏਥੋਂ ਹੀ ਸਿੱਧੇ ਚਲੇ ਗਏ। ਬਿਭੌਰ ਸਾਹਿਬ ਜਥੇਦਾਰ ਸਾਧੂ ਸਿੰਘ ਭੌਰਾ, ਗਿ. ਬਲਵੰਤ ਸਿੰਘ ਖ਼ਜ਼ਾਨਾ ਮੰਤਰੀ, ਗਿ. ਮਹਿੰਦਰ ਸਿੰਘ ਸਕੱਤਰ ਸ਼ਰੋਮਣੀ ਕਮੇਟੀ, ਊਨੇ ਸਾਹਿਬ ਵਾਲੇ ਬਾਬਿਆਂ ਵੱਲੋਂ ਮੁਨਸ਼ੀ ਜਸਵੰਤ ਸਿੰਘ ਨਾਮਧਾਰੀ ਮਹਾਂਪੁਰਸ਼ਾਂ ਵੱਲੋਂ ਸੰਤ ਨਿਹਾਲ ਸਿੰਘ, ਸੰਤ ਸਰਵਨ ਸਿੰਘ ਅਤੇ ਹੋਰ ਅੱਠ ਦਸ ਸੰਤ ਆਏ ਸਨ। ਹੋਰ ਵੀ ਸਾਰੇ ਭੇਖਾਂ ਵੱਲੋਂ ਬਹੁਤ ਸਾਰੇ ਮਹਾਂਪੁਰਸ਼ ਆਪ ਜਾਂ ਉਨ੍ਹਾਂ ਦੇ ਭੇਜੇ ਹੋਏ ਨੁਮਾਇੰਦੇ ਆਏ ਅਤੇ ਸ਼ਰਧਾ ਅਨੁਸਾਰ ਅੰਤਮ ਨਮਸ਼ਕਾਰ ਕਰ ਸਾਧੂ ਭੇਖ ਨੂੰ ਮਾਣ ਬਖ਼ਸ਼ਣ ਵਾਲੇ, ਸਿੱਖ ਕੌਮ ਦਾ ਸਿਰ ਉੱਚਾ ਕਰਨ ਵਾਲੇ, ਪੂਰਨ ਮਹਾਂਪੁਰਸ਼ ਨੂੰ ਵਿਦਾਇਗੀ ਦਿੱਤੀ। ਸ਼ਾਮ ਨੂੰ ਕਰਮਸਰ ਪੁੱਜ ਕੇ ਵੀ ਦੂਰ ਦੀਆਂ ਸੰਗਤਾਂ ਤਾਂ ਏਥੇ ਹੀ ਠਹਿਰ ਗਈਆਂ। ਨੇੜੇ ਪਿੰਡਾਂ ਦੇ ਘਰਾਂ ਨੂੰ ਵਾਪਸ ਮੁੜ ਗਏ। ਰਾਤ ਦਿਨ ਹਰੀ ਜਸ, ਗੁਰਬਾਣੀ ਦਾ ਕੀਰਤਨ ਤੇ ਗੁਰੂ ਕਾ ਅਤੁੱਟ ਲੰਗਰ ਚਲਦਾ ਰਿਹਾ। ਰਿਹਾਇਸ਼ ਵਾਸਤੇ ਵੀ ਪੂਰਾ ਇੰਤਜ਼ਾਮ ਸੀ। ੪-੯-੭੫ ਨੂੰ ਵੀਰਵਾਰ ਵਾਲੇ ਦਿਨ ਦੁਸਹਿਰਾ ਕੀਤਾ। ਪੰਜ ਅਖੰਡ ਪਾਠਾਂ ਦਾ ਭੋਗ ਪਿਆ। ਤਿੰਨੇ ਦਿਨ ਸੁਭਾ ਸ਼ਾਮ ਅਤੁੱਟ ਕੜਾਹ ਪ੍ਰਸ਼ਾਦ ਦਾ ਭੰਡਾਰਾ ਵਰਤਦਾ ਰਿਹਾ।

ਕਾਂਡ ੩੪

ਸ਼ਾਂਤ ਸੋਮਾ

ਮਹਾਂਪੁਰਸ਼ਾਂ ਦਾ ਸਰੀਰਕ ਪ੍ਰਕਾਸ਼ ਕੁਦਰਤ ਦੇ ਅਟੱਲ ਪ੍ਰਬੰਧ ਹੇਠ ਅਜਿਹੇ ਸਮੇਂ ਵਿੱਚ ਹੁੰਦਾ ਹੈ, ਜਦੋਂ ਰੂਹਾਨੀ ਅੰਮ੍ਰਿਤ ਵਰਖਾ ਦੀ ਔੜ ਲੱਗ ਜਾਵੇ ਅਤੇ ਨਾਸਤਕਤਾ, ਦੰਭ, ਚਰਿਤਰ ਹੀਣਤਾ, ਮਨੁੱਖਤਾ ਰੂਪੀ ਹੁਸੜ ਮਾਨਸਕ ਸ਼ਾਂਤੀ ਨੂੰ ਸਾਹੋ ਸਾਹ ਕਰ ਕੇ ਜੀਵਨ ਦੀ ਸਮਾਨ ਚਾਲ ਵਿੱਚ ਬੇਤਾਲੀ ਉਤਪੰਨ ਕਰ ਦੇਵੇ। ਭਾਈਚਾਰਕ ਕੀਮਤਾਂ ਪ੍ਰਸਪਰ ਪਰੇਮ ਦੀ ਥਾਂ ਈਰਖਾ ਦੀ ਅੱਗ ਨਾਲ ਚੁੰਧਿਆ ਜਾਣ। ਧਾਰਮਿਕ ਉਪਦੇਸ਼ਕਾਂ ਦੇ ਉਪਦੇਸ਼ ਆਦਿ ਦੇ ਅਸਾਧ ਰੋਗ ਲੱਗ ਕੇ ਜੀਵਨ ਨੂੰ ਕੈਂਸਰ ਰੋਗ ਵਾਂਗੂ ਪੀੜਤ ਕਰਦੇ ਹੋਣ ਅਤੇ ਜਨ ਸਾਧਾਰਣ ਦਾ ਨਿੱਤ ਜੀਵਨ ਸੇਧੋਂ ਤੇ ਚਾਲੋਂ ਉੱਖੜ ਜਾਵੇ ਅਤੇ ਇਸ ਦਾ ਸਿੱਟਾ ਨਿੱਤ ਦੁਖ, ਅਗਿਆਨ, ਈਰਖਾ, ਧਾਰਮਿਕ ਵਿਰੋਧਤਾ ਆਦਿ ਦੇ ਰੂਪ ਵਿੱਚ ਹਰ ਜੀਵਨ ਨੂੰ ਪ੍ਰਭਾਵਤ ਕਰ ਕੇ ਪੀੜਤ ਕਰਦਾ ਹੈ। ਜਗਿਆਸੂ ਮਨ ਨੂੰ ਕੋਈ ਸੇਧ ਪ੍ਰਾਪਤ ਨਹੀਂ ਹੁੰਦੀ। ਉਹ ਆਪਣੀ ਜਗਿਆਸਾ ਦੀ ਭੁੱਖ ਦੂਰ ਕਰਨ ਲਈ ਥਾਂ ਥਾ ਤੇ ਠੋਕਰਾਂ ਖਾਂਦਾ ਹੈ ਅਤੇ ਅਸ਼ਾਂਤ ਰਹਿੰਦਾ ਹੈ ਅਤੇ ਪੀੜ ਗ੍ਰਸਿਆ ਕਰਤਾ ਪੁਰਖ ਅੱਗੇ ਅਰਦਾਸ ਕਰਦਾ ਹੈ। ਤਾਂ ਘਟ ਘਟ ਦਾ ਜਾਨਣਹਾਰ ਪੀੜਾ ਪਛਾਣ ਤੇ ਮੁਕਤ ਆਤਮਾਵਾਂ ਨੂੰ ਆਦੇਸ਼ ਦੇ ਕੇ ਸੰਸਾਰ ਦੇ ਕਰਮ ਖੇਤਰ ਵਿੱਚ ਸੁੱਖ ਸ਼ਾਂਤੀ ਗਿਆਨ ਤੇ ਧਰਮ ਦੀ ਪ੍ਰਫੁੱਲਤਾ ਲਈ ਭੇਜ ਦਿੰਦਾ ਹੈ। ਅਜਿਹੀਆਂ ਮੁਕਤ ਆਤਮਾਵਾਂ ਦੇ ਕੌਤਕ ਨਿਰਾਲੇ, ਜੀਵਨ ਨਿਆਰੇ, ਸੋਚਣੀ ਨਿਰਮਲ ਆਤਮਕ ਆਭਾ ਨੂਰੀ ਹੁੰਦੀ ਹੈ। ਉਹ ਸਾਰੀ ਸ੍ਰਿਸ਼ਟੀ ਨੂੰ ਪਿਆਰ ਅਪਣੱਤ ਵਿੱਚ ਲੀਨ ਕਰ ਲੈਂਦੇ ਹਨ ਅਤੇ ਸ੍ਰਿਸ਼ਟੀ ਉਨ੍ਹਾਂ ਵੱਲ ਆਕਰਸ਼ਤ ਹੋਈ ਆਪਣੀ ਜੀਵਨ ਸੇਧ ਦੇ ਗਾਡੀ ਰਾਹੀ ਤੇ ਚੱਲ ਪੈਂਦੀ ਹੈ।

ਸੰਤ ਮਹਾਰਾਜ ਜੀ ਦਾ ਆਗਮਨ ਅਜੇਹੀ ਰਾਜਸੀ, ਧਾਰਮਿਕ, ਸਮਾਜਿਕ, ਆਰਥਿਕ ਉਥਲ ਪਥਲ ਸਮੇਂ ਹੀ ਹੋਇਆ। ਉਸ ਸਮੇਂ ਧਾਰਮਿਕ ਸ਼ਾਂਤੀ, ਸਮਾਨਤਾ ਤੇ ਮਾਨਸਕ ਏਕਤਾ, ਸਹਿਨਸ਼ੀਲਤਾ ਦੀ ਥਾਂ ਧਾਰਮਿਕ ਆਗੂ ਕੱਟੜਤਾ ਦੇ ਵਲਗਣਾਂ ਤੇ ਬੰਧਨਾਂ ਵਿੱਚ ਫਸੇ, ਇੱਕ ਦੂਜੇ ਦੇ ਧਰਮਾਂ ਦੀ ਨਿੰਦਨੀਯ ਆਲੋਚਨਾ ਵਿੱਚ ਝਗੋ ਝਗ ਹੋਏ ਹਉਮੈਂ, ਹੰਕਾਰ ਦੇ ਫਰਾਟੇ ਮਾਰ ਰਹੇ ਸਨ। ਆਪਣੇ ਕਿਸੇ ਅਖੌਤੀ ਮਨੌਤ ਦੇ ਪੱਖ ਨੂੰ ਸਿਧ ਕਰਨ ਖ਼ਾਤਰ ਮਹਾਂਪੁਰਖਾਂ, ਪੈਗੰਬਰਾਂ, ਅਵਤਾਰਾਂ, ਰਹਿਬਰਾਂ ਦੀ ਸ਼ਾਨ ਉੱਤੇ ਚਿੱਕੜ ਸੁੱਟ ਕੇ ਆਪਣੀਆਂ ਸੋਚ ਵਲਗਣਾਂ ਹੋਰ ਸੌੜੀਆਂ ਕਰ ਰਹੇ ਸਨ। ਧਾਰਮਿਕ ਵਤੰਡਾਵਾਦ ਦੀਆ ਲੱਗੀਆਂ ਸਭਾਵਾਂ ਦਾ ਦ੍ਰਿਸ਼ ਆਮ ਸੀ। ਸੱਚ ਦੀ ਕਥਾ ਪੂਰਨ ਤੌਰ ਤੇ ਅਣਹੋਂਦ ਸੀ। ਮਾਨਸਕ, ਸਦਾਚਾਰਕ ਰੂਹਾਨੀ ਉਭਾਰਾਂ ਤੇ ਸੁਧਾਰਾਂ ਦੀ ਥਾਂ ਧਾਰਮਿਕ ਗਿਲਾਨੀ ਦੀਆਂ ਨਿਵਾਵਾਂ ਜਗਿਆਸੂ ਮਨ ਨੂੰ ਪ੍ਰੇਮ ਅੰਸ਼ ਤੋਂ ਵਿਹੂਣ ਕਰ ਕੇ ਪਥਰਾ ਰਹੀਆਂ ਸਨ। ਐਸੇ ਸਮੇਂ ਪ੍ਰੇਮਾ ਭਗਤੀ ਦੀਆਂ ਠੰਢੀਆਂ ਫੁਹਾਰਾਂ ਦੀ ਲੋੜ ਸੀ ਜੋ ਲੂਹੇ ਤੇ ਵਲੂੰਧਰੇ ਹਿਰਦਿਆਂ ਨੂੰ ਲਿਵਤਾਰ ਅੰਮ੍ਰਿਤ ਫੁਹਾਰ ਰਾਹੀਂ ਨਵੀਆਂ ਕਰੂੰਬਲਾਂ ਨੂੰ ਉਤਪੰਨ ਕਰ ਸਕੇ। ਮਹਾਂਪੁਰਸ਼ਾਂ ਨੇ ਬਚਪਨ ਤੋਂ ਹੀ ਜਨ ਸਾਧਾਰਨ ਜਗਿਆਸੂ ਲਈ ਪੂਰਨੇ ਪਾਉਣੇ ਆਰੰਭ ਕੀਤੇ। ਆਪ ਜੀ ਪੰਜਵੀਂ ਸ਼੍ਰੇਣੀ ਵਿੱਚ ਸਨ ਜਦੋਂ ਪਟਿਆਲੇ ਸੰਤ ਪ੍ਰੋਫੈਸਰ ਸ੍ਰੀ ਟੀ. ਐਲ. ਵਿਸਵਾਨੀ ਨਾਲ ਮੇਲ ਹੋਇਆ। ਉਨ੍ਹਾਂ ਤੋਂ ਆਤਮਕ ਕਥਾਵਾਂ ਸਰਵਣ ਕਰ ਕੇ ਨਿਜ ਆਪੇ ਨੂੰ ਪ੍ਰਕਾਸ਼ਮਈ ਕਰਨ ਦਾ ਸ਼ੌਕ ਜਾਗਿਆ। ਜਪੁਜੀ ਸਾਹਿਬ, ਸ਼ਬਦ ਹਜ਼ਾਰੇ, ਸੈਹੇ, ਚੌਪਈ, ਰਹਿਰਾਸ, ਸੁਖਮਨੀ ਸਾਹਿਬ ਆਦਿ ਬਾਣੀਆਂ ਕੰਠਾਗਰ ਹੋ ਗਈਆਂ ਅਤੇ ਅਫੁਰ ਸਮਾਧੀ ਅਵਸਥਾ ਦੀ ਪ੍ਰਾਪਤੀ ਲਈ ਜਗਿਆਸਾ ਹਿਰਦੇ ਸਾਗਰ ਵਿੱਚ ਜੁਆਰ ਭਾਟਾ ਬਣ ਕੇ ਠਾਠਾਂ ਮਾਰਨ ਲੱਗੀ। ਆਪ ਜੀ ਅਠਵੀਂ ਸ੍ਰੇਣੀ ਵਿੱਚ ਹੀ ਮੋਤੀ ਬਾਗ਼, ਪਟਿਆਲੇ, ਸੁਧਾ ਸਰੋਵਰ ਦੇ ਕੰਢੇ ਦੋ ਵਜੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਬੈਠ ਜਾਂਦੇ ਅਤੇ ਸੱਤ ਅੱਠ ਵਜੇ ਤਾਂਈਂ ਇੱਕ ਟੱਕ ਪੌੜੀਆਂ ਤੇ ਅਡੋਲ ਬੈਠੇ ਸੁਖਮਨੀ ਸਾਹਿਬ ਦੀ ਮਹਾਨ ਸ਼ਾਂਤੀ ਰਸ ਦਾਤੀ ਦੀ ਪਰਮ ਸ਼ਾਂਤ ਫੁਹਾਰ ਰੂਪੀ ਅੰਮ੍ਰਿਤ ਵਿੱਚ ਟੁੱਭੀਆਂ ਲਾ ਕੇ ਜਦੋਂ ਉੱਠਦੇ, ਤਾਂ ਆਪ ਜੀ ਦੀ ਤੋਰ ਮਹਾਨ ਮਸਤੀ ਦੀ ਹੁੰਦੀ। ਸਕੂਲ ਵਿੱਚ ਨੈਣ ਮਸਤੀ ਭਰੇ, ਖੀਵੇ, ਬੇਪ੍ਰਵਾਹ, ਚੁੰਬਕੀ ਖਿੱਚਾਂ ਪਾਉਂਦੇ ਸਾਥੀਆਂ ਨੂੰ ਆਪਣੇ ਦੁਆਲੇ ਅਕਰਸ਼ਤ ਰੱਖਦੇ। ਪਹਿਲੀ ਕਤਾਰ 'ਚੋਂ ਸੀਟ ਬਦਲ ਕੇ ਸਭ ਤੋਂ ਪਿਛਲੀ ਕਤਾਰ ਵਿੱਚ ਬੈਠਣ ਲੱਗ ਗਏ ਅਤੇ ਸਦਾ ਨਾਮ ਖ਼ੁਮਾਰੀ ਵਿੱਚ ਮਸਤ ਅਧ ਖੁੱਲ੍ਹੇ ਨੈਣਾਂ ਸਹਿਤ, ਸਕੂਲ ਦੇ ਵਾਤਾਵਰਣ ਤੋਂ ਸੁਰਤ ਖਿੱਚ ਕੇ ਅਰਸ਼ੀ ਮੰਡਲਾਂ ਦੇ ਅਨਹਦ ਨਾਦਾਂ ਦੀ ਵਿਸਮਾਦਕ ਧੁਨੀ ਵਿੱਚ ਸ਼ਰਸ਼ਾਰ ਰਹਿੰਦੇ ਅਤੇ ਨੇਤਰਾਂ ਦੀ ਲਾਲੀ ਦਾ ਰੰਗ ਵੇਖਣ ਵਾਲੇ ਦੇ ਹਿਰਦੇ ਵਿੱਚ ਆਪ ਮੁਹਾਰੀ ਧੂਹ ਪੈਦਾ ਕਰ ਕੇ ਸੁਰਤ ਨੂੰ ਅਨਜਾਣੇ ਹੀ ਸ਼ਾਂਤ ਰਸ ਦੀ ਟੁੰਭਣੀ ਮਹਿਸੂਸ ਕਰਾਉਂਦਾ। ਮਹਾਂਪੁਰਸ਼ਾਂ ਦੇ ਚੋਗਿਰਦੇ ਦੀਆਂ ਪ੍ਰਵਾਰਕ, ਭਾਈਚਾਰਕ, ਸਮਾਜਕ ਵਲਗਣਾਂ ਦੀਆਂ ਅਨੇਰੀਆਂ ਕੰਧਾਂ ਢਹਿ ਢੇਰੀ ਹੁੰਦੀਆਂ ਪ੍ਰਤੀਤ ਦਿੰਦੀਆਂ ਅਤੇ ਉਨ੍ਹਾਂ ਦਾ ਹਿਰਦਾ ਮਾਨਸਕ ਸੁਤੰਤਰਤਾ, ਧਾਰਮਿਕ ਏਕਤਾ, ਮਾਨਸਕ ਸਮਾਨਤਾ ਅਤੇ ਕਰਤਾ ਪੁਰਖ ਦੀ ਕਿਰਤ ਨਾਲ ਇੱਕ ਮਿਕ ਹੋਣ ਲਈ

ਵਿਸ਼ਾਲ ਉਡਾਰੀਆਂ ਤਾਰੀਆਂ ਟੁੱਭੀਆਂ ਲਾਉਂਦਾ ਪ੍ਰਤੀਤ ਦਿੰਦਾ। ਉਨ੍ਹਾਂ ਦੀ ਆਤਮਾ ਕਿਸ਼ੋਰ ਅਵਸਥਾ ਵਿੱਚ ਹੀ ਲੀਨਤਾ ਦੀ ਸਹਿਜ ਤੇ ਵਿਸਮਾਦਕ ਅਵਸਥਾ ਨੂੰ ਮੰਨਣ ਲੱਗ ਗਈ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਪਾਰਸ ਜੀਵਨ ਦੀ ਛੋਹ ਲੱਗਦਿਆਂ ਹੀ ਦ੍ਵੈਤ ਦੇ ਕੜ ਪਾਟ ਗਏ ਅਤੇ ਐਸੀ ਅਵਸਥਾ ਆਤਮ ਮੰਡਲ ਵਿੱਚ ਵਰਤੀ ਜਿਸ ਨੂੰ ਕਥਨ ਕਰਨਾ ਕਲਮ ਦੀ ਸ਼ਕਤੀ ਤੋਂ ਬਾਹਰ ਹੈ। ਆਤਮ ਹੁਲਾਰੇ ਰੂਪਮਾਨ ਕਰਨੇ, ਅੱਖਰਾਂ ਦੀ ਪੁਸ਼ਾਕ ਪੁਆਉਣੀ ਅਤਿ ਕਠਿਨ ਹੈ। ਵਿਸਮਾਦ, ਅਦਭੁਤ, ਪਰਮਦਭੁਤ ਫਿਰ ਵਿਸਮਾਦ ਤੇ ਪ੍ਰੇਮ ਲੀਨਤਾ, ਆਪਾ ਖ਼ਤਮ ਆਦਿ ਅੱਖਰ ਮਹਾਂਪੁਰਸ਼ਾਂ ਦੇ ਮਿਲਾਪ ਦੇ ਰਸ ਦੀ ਕੁੱਝ ਟੋਹ ਲਾ ਸਕਦੇ ਹਨ। ਸੰਤ ਮਹਾਰਾਜ ਜੀ ਆਪੇ ਨੂੰ ਸਮਰਪਣ ਕਰ ਕੇ ਜਨ ਕਲਿਆਣ ਦੇ ਕਰਮ ਵਿੱਚ ਜੁਟ ਗਏ ਅਤੇ ਸਾਰਾ ਜੀਵਨ ਪੂਰਨ ਬ੍ਰਹਮਚਰਯ ਮਨ ਦਾ, ਬਚਨ ਦਾ, ਸਮੂੰਹ ਇੰਦ੍ਰੀਆਂ ਦਾ ਧਾਰਨ ਕਰ ਕੇ ਜਨਤਕ ਮਨਾਂ ਵਿੱਚ ਕੁਰੱਸਾਂ ਦੀਆਂ ਪਾਈਆਂ ਕੁੜੱਤਣਾਂ, ਕੋਝਾ, ਤਰੁੱਟੀਆਂ ਨੂੰ ਦੂਰ ਕਰਨ ਲਈ ਸੇਵਾ ਖੇਤਰ ਵਿੱਚ ਜੂਝ ਪਏ। ਆਤਮਕ ਜਗਿਆਸੂਆਂ ਦੇ ਢੁੰਢਾਊਆਂ ਦੇ ਸਰੀਰਕ ਆਰਾਮ ਲਈ ਜਾਲੀਦਾਰ ਕਮਰੇ, ਇਸ਼ਨਾਨ ਲਈ ਸੁੰਦਰ ਇਸ਼ਨਾਨ ਘਰ, ਸਰੀਰਕ ਭੁੱਖ ਮਿਟਾਉਣ ਲਈ ਚੌਵੀ ਘੰਟੇ ਚੱਲਦਾ ਲੰਗਰ ਅਤੇ ਆਤਮਕ ਲਾਭ ਲਈ ਸ਼ਬਦ ਦਾ ਸਦੀਵੀ ਪ੍ਰਵਾਹ ਵਿੱਚ ਵਗਦਾ ਕੀਰਤਨ, ਕਥਾ ਆਦਿ ਦਾ ਅਤੁੱਟ ਭੰਡਾਰ ਸਦਾ ਹੀ ਵਰਤਦਾ ਰਿਹਾ। ਮਹਾਂਪੁਰਸ਼ਾਂ ਨੇ ਮਾਇਆ ਨੂੰ ਧਾਰਨ ਕੀਤੇ ਲੱਖਾਂ ਅੰਨੇ ਬੋਲਿਆਂ ਬੰਦਿਆਂ ਦਾ ਮਾਨਸਕ ਰੌਲਾ ਘਚੋਲਾ ਦੂਰ ਕਰ ਕੇ ਆਤਮ ਨੈਣਾਂ ਦੀ ਸੋਝੀ ਕਰਾਈ ਅਤੇ ਅਸ਼ਾਂਤ ਮਨਾਂ ਨੂੰ ਸ਼ਬਦ ਦੇ ਲਿਵਤਾਰ ਗੂੰਜਦੇ ਅਨਹਦ ਨਾਦਾਂ ਦੀ ਰਸ ਭਿੰਨੀ ਗੁੰਜਾਰ ਨਾਲ ਜੋੜਿਆ। ਛੇ ਲੱਖ ਤੋਂ ਕਿਤੇ ਵੱਧ ਗੁਰੂ ਨਾਲੋਂ ਟੁੱਟੀਆਂ ਰੂਹਾਂ ਨੂੰ ਅੰਮ੍ਰਿਤ ਛਕਾ ਕੇ ਸਚੀ ਜਗਿਆਸਾ ਦੇਣ ਹਾਰੇ ਗੁਰਮਤਿ ਨਾਮ ਨਾਲ ਪਿਉਂਦਿਆਂ ਸੰਤ ਮਹਾਰਾਜ ਜੀ ਦਾ ਸਮੁੱਚਾ ਜੀਵਨ ਪਰਉਪਕਾਰ ਦਾ ਜਿਉਂਦਾ ਜਾਗਦਾ ਅਦੁੱਤੀ ਨਾਟਕ ਸੀ। ਤਪਦੀਆਂ ਸੜਦੀਆਂ ਭੁੱਜਦੀਆਂ ਰੂਹਾਂ ਹਾਵੇ ਹੌਕੇ ਲੈਂਦੀਆਂ ਆਉਂਦੀਆਂ ਅਤੇ ਸ਼ਾਂਤ ਖੇੜੇ ਭਰਪੂਰ ਹਿਰਦਿਆਂ ਨਾਲ ਪਰਤਦੀਆਂ। ਹਜ਼ਾਰਾਂ ਨਿਆਸਰਿਆਂ ਦਾ ਉਹ ਆਸਰਾ ਸਨ। ਦੂਰ ਦੁਰਾਡੇ ਬੈਠੇ ਜਗਿਆਸੂਆਂ ਦਾ ਉਹ ਰੂਹਾਨੀ ਸਹਾਰਾ ਸਨ। ਦੂਰ ਦੁਰਾਡੇ ਤੇ ਬਿਖੜੇ ਪੰਧ ਕੱਟ ਕੇ ਆਪ ਜਨਤਕ ਅਨ੍ਹੇਰਿਆਂ ਵਹਿਮਾਂ, ਭਰਮਾਂ, ਭੁਲੇਖਿਆਂ ਨੂੰ ਦੂਰ ਕਰਨ ਲਈ ਕੀਰਤਨ ਦੀਆਂ ਰਸ ਭਿੰਨੀਆਂ ਮਿੱਠੀਆਂ ਧੁਨੀਆਂ ਦੁਆਰਾ ਆਤਮਕ ਅੰਮ੍ਰਿਤ ਦੀ ਵਰਖਾ ਕਰਦੇ ਰਹੇ। ਸਾਰੇ ਜੀਵਨ ਵਿੱਚ ਇੱਕ ਦਿਨ ਭੀ ਨਾਗਾ ਨਹੀਂ ਪਾਇਆ ਅਤੇ ਸੱਚੇ ਸ਼ਹੀਦ ਵਾਂਗੂ ਇਹੋ ਚਾਹ ਪਰਬਲ ਰਹਿੰਦੀ ਕਿ ਅੰਤਲਾ ਸੁਆਸ ਭੀ ਇਸ ਸੇਵਾ ਖੇਤਰ ਵਿੱਚ ਜੂਝਦਿਆਂ ਜਾਵੇ। ਸੰਤ ਮਹਾਰਾਜ ਜੀ ਲੱਖਾਂ ਹਿਰਦਿਆਂ ਵਿੱਚ ਸਮਾ ਗਏ ਅਤੇ ਲੱਖਾਂ ਬੰਦਿਆਂ ਨੂੰ ਉਨ੍ਹਾਂ ਦੀ ਰੂਹਾਨੀ ਹਾਜ਼ਰੀ ਆਪਣੇ ਧੇਅ ਦੇ ਰੂਪ ਵਿੱਚ ਪ੍ਰਤੀਤ ਦਿੰਦੀ। ਜਿੱਥੇ ਭੀ ਕੀਰਤਨ ਦਰਬਾਰ ਲੱਗਦੇ, ਉੱਥੇ ਲੱਖਾਂ ਦੀ ਗਿਣਤੀ ਮਹਾਨ ਚੁੱਪ ਧਾਰਨ ਕਰ ਕੇ ਉਨ੍ਹਾਂ ਦੇ ਬਚਨਾਂ ਨੂੰ ਸਰਵਣ ਕਰ ਕੇ ਆਪਣੀਆਂ ਰੂਹਾਨੀ ਸੇਧਾਂ ਦੀ ਮਾਨਸਕ ਸੂਈ ਸੁਰ ਕਰਦੇ ਸਮੁੱਚੀ ਮਾਨਵਤਾ ਵਿੱਚ ਉਨ੍ਹਾਂ ਦੀ ਹੋਂਦ ਮਹਿਸੂਸ ਹੁੰਦੀ।

ਸਾਰਾ ਜੀਵਨ ਗੁਰੂ ਨਾਨਕ ਜੀ ਦੇ ਘਰ ਦੇ ਟਹਿਲੂਏ ਹੋ ਕੇ ਗੁਜ਼ਾਰਿਆਂ ਅਤੇ ਜਦੋਂ ਕੋਈ ਜਗਿਆਸੂ ਆਤਮ ਪ੍ਰਕਾਸ਼ ਦੀ ਖੋਜ ਵਿੱਚ ਪੁੱਜਦਾ ਤਾਂ ਆਪ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜ ਕੇ ਆਖਦੇ ਕਿ ਕਲਗੀਧਰ ਪਾਤਸ਼ਾਹ ਜੀ ਨੇ ਪੰਥ ਵਿੱਚ ਮਹਾਨਤਾ ਸ਼ਬਦ ਗੁਰੂ ਨੂੰ ਦਿੱਤੀ ਹੈ। ਮਹਾਂਪੁਰਸ਼ ਦੀ ਹਉਂ ਨਸ਼ਟ ਹੋ ਜਾਂਦੀ ਹੈ ਅਤੇ ਆਪ ਕੁੱਝ ਨਹੀਂ ਬਣਦੇ ਅਤੇ ਹਉਂ ਰਹਿਤ ਕਿਰਿਆ ਕਰਦੇ ਆਪਾ ਨਹੀਂ ਜਣਾਉਂਦੇ ਅਤੇ ਵੱਖਰੇ ਗੁਰੂ ਨਹੀਂ ਬਣਦੇ। ਇਸ ਤਰ੍ਹਾਂ ਦੇ ਪੂਰਨੇ ਪਾ ਕੇ ਅੰਤ ਉਹ ਸਮਾਂ ਭੀ ਪੁੱਜ ਗਿਆ ਜਿਸ ਸਮੇਂ ਆਤਮਾਂ ਆਪਣੇ ਪਰਮ ਤੱਤ ਵਿੱਚ ਸਦੀਵੀ ਸਮਾਈ ਕਰ ਕੇ ਸਰੀਰ ਰੂਪੀ ਕੱਪੜਾ ਤਿਆਗ ਜਾਂਦੀ ਹੈ। ਸੰਸਾਰਕ ਯਾਤਰਾ ਸਮਾਪਤ ਕਰਨ ਤੋਂ ਪਹਿਲਾਂ ਆਪ ਜੀ ਨੇ ਕਈ ਸੰਕੇਤ ਪ੍ਰੇਮੀਆਂ ਨੂੰ ਦਿੱਤੇ, ਪਰ ਇਹ ਅਨੁਮਾਨ ਨਹੀਂ ਕੀਤਾ ਜਾਂਦਾ ਸੀ ਕਿ ਇੰਨੀ ਛੇਤੀ ਮਹਾਂਪੁਰਸ਼ ਸਰੀਰ ਕਰ ਕੇ ਅਲੋਪ ਹੋ ਜਾਣਗੇ। ਅੰਤ ੨੬ ਅਗਸਤ ੧੯੭੫ ਦਾ ਬਿਰਹੋਂ ਵਿਧਾ ਦਿਨ ਆ ਪੁੱਜਾ ਜਦੋਂ ਸੰਤ ਮਹਾਰਾਜ ਜੀ ਸਮਾਧੀ ਸਥਿਤ ਹੋ ਕੇ ਸਰੀਰ 'ਚੋਂ ਸਦਾ ਲਈ ਉਡਾਰੀ ਲਾ ਕੇ ਨਿਆਰੇ ਹੋ ਗਏ ਅਤੇ ਪਰਮ ਪੁਰਖ ਵਿੱਚ ਲੀਨ ਹੋ ਗਏ।

ਕੈਸੇ ਮੇਰੇ ਪਿਆਰੇ ਹੈਂ?

ਫੁੱਲ ਹੀ ਸਮਝ ਕੇ ਤੇ ਭੌਰੇ ਉੱਥੇ ਗੂੰਜਦੇ ਸੀ ਮੱਥਾ ਜਾਣ ਚੰਦ ਸੁ ਚਕੋਰ ਮਤਵਾਰੇ ਹੈਂ।
ਕਾਮ ਦਾ ਸਰੂਪ ਜਾਣ ਨਾਯਕਾ ਕਲੋਲ ਕਰੇ, ਮੋਤੀ ਹੀ ਪਛਾਣ ਦੰਦ ਹੰਸ ਬ੍ਰਤ ਧਾਰੇ ਹੈਂ।
ਦਾਤਾਰੀ ਬਾਵਨ ਲੱਖ ਬਾਮਣ ਕਰਨ ਪੂਜਾ ਮੁੱਖ ਤੋਂ ਸਮਝ ਕੇਹਰ ਹਾਥੀ ਕਿਲਕਾਰੇ ਹੈਂ।
ਸੱਚੇ ਸ਼ਹਿਨਸ਼ਾਹ ਅਦਭੁਤ ਕਵੀ ਲੇਖਕ ਸੁ ਜਾਣਦਾ ਨ ਠੀਕ ਕੋਈ ਕੈਸੇ ਮੇਰੇ ਪਯਾਰੇ ਹੈਂ?

ਧਾਹ ਮਾਰ ਕੇ ਆਹੀਂ ਕਢਾਵਣੇ ਹਾਂ

ਜਦੋਂ ਪਿਆ ਵਿਛੋੜਾ ਪ੍ਰੇਮ ਵਾਲਾ, ਹਾਲੋਂ ਬੁਰੇ ਹਾਲ ਪਏ ਦਿਸਾਵਣੇ ਹਾਂ।
ਮੋਤੀ ਹੰਝੂਆਂ ਨੇਹੁ ਦਾ ਪਾਇ ਧਾਗਾ, ਤੇਰੇ ਨਾਮ ਦੀ ਮਾਲਾ ਫਿਰਾਵਣੇ ਹਾਂ।
ਤੇਰੇ ਸ਼ਾਨ ਦੀ ਝਲਕ ਦੇ ਵਾਰਨੇ ਹਾਂ, ਦਰਸ਼ਨ ਤੇਰੇ ਨੂੰ ਸਦਾ ਲਲਚਾਵਣੇ ਹਾਂ।
ਜਦੋਂ ਵਕਤ ਦੀਵਾਨ ਦਾ ਯਾਦ ਆਉਂਦਾ, ਧਾਹ ਮਾਰਕੇ ਆਹੀਂ ਕਢਾਵਣੇ ਹਾਂ।

ਨਦਰੀ ਨਦਰ ਨਿਹਾਲ

ਦੋਹਿਰਾ: ਹੰਝੂ ਭਰ ਕੇ ਖ਼ੂਨ ਦੇ ਹਿਰਦੇ ਧਰ ਕੇ ਧਿਆਨ। ਬਾਹਜ ਰੂਪ ਬਰਨਨ ਕਰੀਂ ਕਲਮੇ ਖੋਲ ਜਬਾਨ।
ਤਾਬਿਆ ਗੁਰੂ ਗ੍ਰੰਥ ਦੇ, ਜਦ ਬਹਿੰਦੇ ਸਨ ਆਣ। ਹੰਸ ਸ੍ਰੋਤੇ ਚੁਗਦੇ, ਮੋਤੀ ਬਰਸਣ ਜਾਣ।
ਹਿਰਦੇ ਠੰਢਕ ਪਾਂਵਦਾ ਹਿਰਦਾ ਸੀਤ ਨਿਸੇਸ਼। ਸ਼ਾਂਤੀ ਮਨ ਵਿੱਚ ਵਸਦੀ, ਮਿਟਦੇ ਸਗਲ ਕਲੇਸ਼।
ਜਦੋਂ ਮੁੱਖ ਅਰਬਿੰਦ ਤੋਂ, ਹੁੰਦਾ ਸੀ ਵਖ਼ਿਆਨ। ਸਚਿਆਈ ਦੇ ਪੁਸ਼ਪ ਦੀ, ਪਸਰੇ ਮਹਿਕ ਮਹਾਨ।
ਸੁਣਨ ਸ੍ਰੋਤੇ ਬੈਠ ਕੇ, ਮਨ ਮੇ ਧਾਰ ਅਨੰਦ। ਰਸ ਬਾਣੀ ਦਾ ਮਾਣਦੇ, ਜੈਸੇ ਅਲ ਮਕਰੰਦ।
ਮੁਖੜਾ ਖਿੜਿਆ ਹਰ ਸਮੇਂ, ਜਿਉਂ ਪੂਰਨਮਾ ਚੰਦ। ਕਰਨ ਚਕੋਰਾਂ ਦਰਸ ਨੂੰ, ਮਨ ਮੇ ਧਾਰ ਅਨੰਦ।
ਦੁੱਧ ਚਿਟੇ ਪਹਿਰਾਵਿਓਂ, ਤਾਰੇ ਚਾਨਣ ਲੈਣ। ਹੰਸ ਵਾਗਰਾਂ ਰਾਤ ਨੂੰ, ਕਈ ਭੁਲੇਖੇ ਪੈਣ।
ਚਾਰੀ ਪਾਸੀਂ ਚਾਨਣਾ, ਚਿਹਰਿਓਂ ਵਰਸੇ ਨੂਰ। ਮਸਤਕ ਵਿੱਚ ਵਿਸ਼ਾਲਤਾ, ਨੈਣਾਂ ਵਿੱਚ ਸਰੂਰ।
ਜੀਹਦੇ ਵਲ ਵੀ ਮੇਹਰ ਦੀ, ਨਦਰ ਪਈ ਕ੍ਰਿਪਾਲ। ਓਸੇ ਤਾਈਂ ਕਰ ਗਏ, ਨਦਰੀ ਨਦਰ ਨਿਹਾਲ।

ਕਾਂਡ ੩੫

ਸੱਤ ਸਤੰਬਰ ਨੂੰ ਸਤਿਪੁਰਸ਼ ਦਾ ਭੋਗ

ਇਉਂ ਵੈਰਾਗ ਤੇ ਵਿਛੋੜੇ ਦੀ ਅਸਹਿ ਪੀੜਾ ਨਾਲ ਸਮਾਂ ਲੰਘਦਾ ਗਿਆ। ਅਖ਼ੀਰ ਨੂੰ ਸੱਤ ਸਤੰਬਰ ਵਾਲਾ ਦਿਨ ਆ ਗਿਆ ਜਦੋਂ ਕਿ ਸੰਤ ਜੀ ਮਹਾਰਾਜ ਦੀ ਯਾਦ ਵਿੱਚ ਰੱਖੇ ਹੋਏ ਅੰਖਡ ਪਾਠਾਂ ਅਤੇ ਸਹਿਜ ਪਾਠ ਦਾ ਭੋਗ ਪੈਣਾ ਸੀ। ਇਸ ਦਿਨ ਬੰਗਾਲ, ਬਿਹਾਰ, ਮਦਰਾਸ, ਬੰਬਈ, ਕਲਕੱਤਾ, ਪਟਨਾ, ਟਾਟਾ ਨਗਰ, ਰਾਂਚੀ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਯੂ. ਪੀ. ਦੇ ਸਾਰੇ ਸ਼ਹਿਰਾਂ 'ਚੋਂ ਪ੍ਰੇਮੀ ਆਏ ਸਨ। ਪੰਜੇ ਤਖ਼ਤਾਂ ਤੋਂ ਜਥੇਦਾਰ ਜਾਂ ਉਨ੍ਹਾਂ ਦੇ ਨੁਮਾਇੰਦੇ ਸਿੰਘ ਸਾਹਿਬ ਗਿ. ਕ੍ਰਿਪਾਲ ਸਿੰਘ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਦਮਦਮਾ ਸਾਹਿਬ ਤੋਂ ਬਿਹੰਗਮ ਜਥਾ, ਨਾਨਕਸਰ ਕਲੇਰਾਂ ਤੋਂ ਮਹਾਂਪੁਰਸ਼, ਭਿੰਡਰਾਂ ਤੇ ਮਹਿਤੇ ਤੋਂ ਦੋਵੇਂ ਜਥਿਆਂ ਵੱਲੋਂ ਭੇਜੇ ਸਿੰਘਾਂ ਹੱਥੀਂ ਦਸਤਾਰਾਂ, ਗਿਆਨੀ ਵੀਰ ਸਿੰਘ ਜੀ ਮੱਦੋਕੇ, ਗਿ. ਦਲੀਪ ਸਿੰਘ ਜੀ ਕਥਾ ਵਾਚਕ ਅੰਮ੍ਰਿਤਸਰ, ਡੇਰਾ ਗਿਆਨੀ ਅਮੀਰ ਸਿੰਘ ਜੀ ਗਲੀ ਸਤੋਵਾਲੀ ਅੰਮ੍ਰਿਤਸਰ ਤੋਂ ਸੰਤ ਸੁਰਜੀਤ ਸਿੰਘ ਜੀ, ਸੰਤ ਨਿਰੰਜਨ ਸਿੰਘ ਜੀ, ਸੰਤ ਬਲਦੇਵ ਸਿੰਘ ਜੀ ਅੰਮ੍ਰਿਤਸਰ, ਸੰਤ ਮਨੀ ਸਿੰਘ ਜੀ ਹਰਿਦੁਆਰ, ਪੰਡਿਤ ਸ਼ੇਰ ਸਿੰਘ ਜੀ ਵਿਰਕਤ, ਨਿਆਇਕ ਪੰਡਤ ਗੁਰਦੀਪ ਸਿੰਘ ਜੀ ਕੇਸਰੀ ਬਨਾਰਸ, ਗੁਰੂ ਅੰਸਾਂ ਦੇ ਸਾਹਿਬਜ਼ਾਦੇ, ਸੋਢੀ, ਬੇਦੀ ਤੇਹਨ ਤੇ ਭੱਲੇ ਇਨ੍ਹਾਂ ਵੱਲੋਂ ਸੱਜਣ ਆਏ। ਹੋਰ ਨਿਰਮਲੇ, ਉਦਾਸੀ ਤੇ ਨਾਮਧਾਰੀਏ ਮਹਾਂਪੁਰਸ਼, ਨਿਹੰਗ ਸਿੰਘ ਭਾਰਤਵਰਸ਼ ਦਾ ਸੂਰਜ ਅਸਤ ਹੋਇਆ ਜਾਣ ਕੇ (ਜਿਸ ਉੱਪਰ ਸਾਰੇ ਭੇਖਾਂ ਦੇ ਸੰਤ ਸਮਾਜ ਤੇ ਸਿੱਖ ਕੌਮ ਨੂੰ ਨਾਜ਼ ਹੈ) ਸ਼ਰਧਾਂਜਲੀ ਭੇਟਾ ਕਰਨ ਵਾਸਤੇ ਪੁੱਜੇ।

ਅਸਥਾਨ ਦੇ ਅੰਦਰ ਬਾਹਰ ਸੜਕਾਂ ਤੇ ਲੰਗਰ ਦੇ ਹਾਲ ਕਮਰੇ ਦੀ ਛੱਤ ਉੱਪਰ ਬੇਅੰਤ ਸੰਗਤ ਬੈਠੀ ਸੀ। ਨਹਿਰ ਦੀ ਪਟੜੀ ਤੱਕ ਕਿਤੇ ਵੀ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਲੰਗਰ ਵੱਡੇ ਅੰਮ੍ਰਿਤ ਵੇਲੇ ਤੋਂ ਪੱਕਣਾ ਸ਼ੁਰੂ ਹੋ ਗਿਆ। ਸਵਖਤੇ ਹੀ ਅਰਦਾਸ ਕਰ ਕੇ ਚਾਲੂ ਕਰ ਦਿੱਤਾ। ਕੜਾਹ ਪ੍ਰਸ਼ਾਦ ਦੇ ਕੜਾਹੇ, ਦਾਲਾਂ, ਸਬਜ਼ੀਆਂ, ਚਾਹਾਂ ਦੇ ਦੇਗੇ ਤੇ ਜਲ ਦੀਆਂ ਠੰਢੀਆਂ ਛਬੀਲਾਂ ਦੀ ਸੇਵਾ ਵਿੱਚ ਸੈਂਕੜੇ ਆਦਮੀ ਤਤਪਰ ਸਨ। ਲੰਗਰ ਦੇ ਅੰਦਰ ਅਤੇ ਬਾਹਰ ਚੌਦਾਂ ਲੋਹਾਂ ਚੱਲ ਰਹੀਆਂ ਸਨ। ਸੈਂਕੜੇ ਮਣ ਅੰਨ ਪੱਕਿਆ। ਅਖ਼ਬਾਰ ਨਵੀਸਾਂ ਨੇ ਏਸ ਦਿਨ ਦੇ ਇਕੱਠ ਦੀ ਗਿਣਤੀ ਸਤ ਲੱਖ ਦੇ ਲਗਭਗ ਦੱਸੀ ਹੈ। ਪਰ ਦੇਖਣ ਵਾਲੇ ਸੱਜਣ ਕਹਿੰਦੇ ਸਨ ਕਿ ਦਸ ਲੱਖ ਤੋਂ ਘੱਟ ਨਹੀਂ ਸੀ। ***'ਤੇਰੀ ਓਪਮਾ ਤੋਹਿ ਬਨਿ ਆਵੈ।'*** (ਪੰਨਾ ੧੩੯੬)

ਅੰਮ੍ਰਿਤਸਰ ਤੋਂ ਆਏ ਸੰਤ ਸੁਰਜੀਤ ਸਿੰਘ ਜੀ ਨੇ ਕਿਹਾ ਅੱਜ ਏਸ ਗੁਰਬਾਣੀ ਦੀ ਪੰਗਤੀ ਦੇ ਅਰਥ ਅੱਖੀਂ ਦੇਖੇ ਹਨ:

ਹਰਿ ਮਨਿ ਤਨਿ ਵਸਿਆ ਸੋਈ ॥ ਜੈ ਜੈ ਕਾਰੁ ਕਰੇ ਸਭੁ ਕੋਈ ॥

(ਸੋਰਠਿ ਮਃ ੫ - ੬੨੯)

ਸਭਨਾਂ ਦੇ ਨੇਤ੍ਰ ਸਜਲ ਸਨ। ਪਹਿਲਾਂ ਸਵੇਰੇ ੧੫ ਅਖੰਡ ਪਾਠਾਂ ਦਾ ਭੋਗ ਪਿਆ। ਫੇਰ ਬਾਹਰੋਂ ਆਏ ਮਹਾਂਪੁਰਸ਼ਾਂ ਨੇ ਵਾਰੋ ਵਾਰੀ ਗੁਰਬਾਣੀ ਦੇ ਕੀਰਤਨ ਦੁਆਰਾ ਹਾਜ਼ਰੀ ਭਰੀ। ਗੁਰਦੁਆਰੇ ਸਾਹਿਬ ਦੀ ਗਰਾਊਂਡ ਵਿੱਚ ਜਿੱਥੇ ਪੰਡਾਲ ਬਣਿਆ ਸੀ, ਸੰਗਤ ਆ ਜੁੜੀ ਅਤੇ ਇੱਕ ਵਜੇ ਸਹਿਜ ਪਾਠ ਦਾ ਭੋਗ ਪਿਆ। ਉਪਰੰਤ ਲੇਖਕ ਨੇ ਖੜਿਆਂ ਹੋ ਕੇ ਮਹਾਂਪੁਰਸ਼ਾਂ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਦੇ ਇਸ਼ਾਰੇ ਕਿ ਸਾਡੇ ਸਰੀਰ ਨੂੰ ਇੰਡੀਆ ਲਿਜਾ ਕੇ ਬਿਭੌਰ ਸਾਹਿਬ ਜਲ ਪ੍ਰਵਾਹ ਕਰਨਾ ਅਤੇ ਅੱਖੀਂ ਦੇਖਿਆ ਸੰਗਤਾਂ ਦਾ ਅਥਾਹ ਪਿਆਰ ਦੱਸਿਆ। ਉਸ ਤੋਂ ਬਾਅਦ ਤਖ਼ਤਾਂ ਦੇ ਜਥੇਦਾਰ ਸਾਹਿਬਾਂ ਦੇ ਨੁਮਾਇੰਦੇ ਬੋਲੇ। ਹੈੱਡ ਗ੍ਰੰਥੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਹੋਤੀ ਮਰਦਾਨ ਦੀ ਸੰਪ੍ਰਦਾਇ ਦੇ ਮਹਾਂਪੁਰਸ਼, ਮਕਸੂਦਪੁਰ, ਹਰਖੋਵਾਲ, ਕਹਾਰਪੁਰ, ਰੇਰੂ ਸਾਹਿਬ, ਅਨੰਦਪੁਰ ਸਾਹਿਬ, ਹਰਿਦੁਆਰ ਤੇ ਬਨਾਰਸ ਤੋਂ ਆਏ ਮਹਾਂਪੁਰਸ਼ਾਂ ਨੇ ਸ਼ਰਧਾਂਜਲੀ ਅਰਪਨ ਕੀਤੀ। ਨਾਮਧਾਰੀ ਸੰਪ੍ਰਦਾਇ ਦੇ ਬਜ਼ੁਰਗ, ਨਿਹੰਗ ਸਿੰਘ, ਉਦਾਸੀ ਮਹਾਤਮਾ ਗੁਰੂ ਅੰਸਾ ਦੇ ਨੁਮਾਇੰਦੇ, ਸੇਵਾ ਪੰਥੀ, ਸਾਧੂ ਤੇ ਹੋਰ ਨਾਮਵਰ ਵਿਅਕਤੀਆਂ ਨੇ ਸ਼ਰਧਾਂਜਲੀ ਭੇਟਾ ਕੀਤੀ। ਗਿ. ਸਾਧੂ ਸਿੰਘ ਜੀ ਦਰਦ ਨੇ ਦਰਦ ਮਈ ਕਵਿਤਾ ਪੜ੍ਹੀ। ਗਿਆਨੀ ਜ਼ੈਲ ਸਿੰਘ ਜੀ ਚੀਫ ਮਨਿਸਟਰ ਨੇ ਬੜੇ ਸ਼ਰਧਾ ਭਰੇ ਸ਼ਬਦ ਕਹੇ।

ਇਉਂ ਜਿਨ੍ਹਾਂ ਜਿਨ੍ਹਾਂ ਨੇ, ਜੇਹੋ ਜੇਹਾ ਨੇੜੇ ਹੋ ਕੇ ਸਤਪੁਰਸ਼ਾਂ ਨੂੰ, ਜਿਸ ਜਿਸ ਅੱਖ ਨਾਲ ਤੱਕਿਆ ਜਾਂ ਕੰਨਾਂ ਦੁਆਰਾ ਜਸ ਸੁਣਿਆ; ਉਹੋ ਉਹੋ ਸ਼ਰਧਾ ਭਰੇ ਬਚਨ ਆਪਣੇ ਮੁਖੋਂ ਕਹੇ। ਗਿਆਨੀ ਗੁਰਚਰਨ ਸਿੰਘ ਜੀ ਟੋਹੜਾ ਪ੍ਰਧਾਨ ਸ਼ਰੋਮਣੀ ਗੁ. ਪ੍ਰਬੰਧਕ ਕਮੇਟੀ ਤੇ ਜਥੇਦਾਰ ਮੋਹਨ ਸਿੰਘ ਤੁੜ ਪ੍ਰਧਾਨ ਅਕਾਲੀ ਦਲ ਵੱਲੋਂ ਆਈਆਂ ਪਤ੍ਰਕਾ ਪੜ੍ਹ ਕੇ

ਸੁਣਾਈਆਂ। ਭਾਵੇਂ ਖ਼ਾਸ ਖ਼ਾਸ ਮਹਾਂਪੁਰਸ਼ਾਂ ਤੇ ਨਾਮਵਰ ਵਿਅਕਤੀਆਂ ਨੇ ਇੱਕ ਇੱਕ ਦੋ ਦੋ ਮਿੰਟਾਂ ਵਿੱਚ ਸ਼ਰਧਾਂਜਲੀ ਭੇਟ ਕੀਤੀ ਪਰ ਫੇਰ ਵੀ ਸ਼ਾਮ ਦੇ ਛੇ ਵਜ ਗਏ।

ਦਸਤਾਰਬੰਦੀ

ਉਪਰੰਤ ਬਾਹਰੋਂ ਆਏ ਸਾਰੇ ਮਹਾਂਪੁਰਸ਼ ਹੋਤੀ ਮਰਦਾਨ ਦੀ ਸੰਪ੍ਰਦਾਇ ਦੇ ਬਜ਼ੁਰਗਾਂ, ਇਲਾਕੇ ਨਿਵਾਸੀ ਪ੍ਰੇਮੀਆਂ ਤੇ ਅਸਥਾਨ ਤੇ ਰਹਿਣ ਵਾਲੇ ਜਗਿਆਸੂ ਭੌਰਿਆਂ ਨੇ ਛੋਟੇ ਸੰਤ ਜੀ ਮਹਾਰਾਜ ਨੂੰ ਵੱਡੇ ਸੰਤ ਜੀ ਮਹਾਰਾਜ ਦੀ ਜਗ੍ਹਾ ਤੇ ਮੰਨ ਕੇ ਦਸਤਾਰਾਂ ਭੇਟ ਕੀਤੀਆਂ। ਕਿਹਾ ਕਿ ਅੱਜ ਤੋਂ ਤੁਸੀਂ ਹੀ ਸਾਡੇ ਸਾਰਿਆਂ ਵੱਲੋਂ ਵੱਡੇ ਸੰਤ ਜੀ ਮਹਾਰਾਜ ਦੇ ਸਮਾਨ ਹੋ। ਭਾਵੇਂ ਭਾਵਨਾ ਤਾਂ ਪਹਿਲਾਂ ਵੀ ਉਹੋ ਹੀ ਸੀ ਅਤੇ ਅਸਥਾਨ ਦੀ ਜ਼ਿੰਮੇਂਵਾਰੀ ਵੀ ਇਨ੍ਹਾਂ ਦੇ ਕੋਲ ਸੀ, ਪਰ ਹੁਣ ਇਹ ਵੱਡੇ ਸੰਤ ਜੀ ਤੇ ਛੋਟੇ ਸੰਤ ਜੀ ਦਾ ਭੇਦ ਮਿਟ ਗਿਆ। ਤੁਹਾਡਾ ਹਰੇਕ ਬਚਨ ਸਾਡੇ ਵਾਸਤੇ ਇਲਾਹੀ ਹੁਕਮ ਹੋਵੇਗਾ। ਹੁਣ ਤੁਸੀਂ ਹੀ ਉਨ੍ਹਾਂ ਦਾ ਸਰੂਪ ਹੋ ਤੇ ਸੰਗਤਾਂ ਦੀ ਬਾਂਹ ਫੜੋ ਤਾਂ ਕਿ ਸਾਨੂੰ ਧੀਰਜ ਰਹੇ। ਸਭ ਤੋਂ ਪਹਿਲਾਂ ਅਸਥਾਨ ਨਿਵਾਸੀ ਸਾਰੀ ਸੰਗਤ ਵੱਲੋਂ ਜਥੇਦਾਰ ਸਾਹਿਬ ਮਹਿੰਦਰ ਸਿੰਘ ਜੀ ਨੇ ਸੰਤ ਜੀ ਨੂੰ ਦਸਤਾਰ ਭੇਟਾ ਕੀਤੀ। ਜੋ ੧੯੩੬ ਤੋਂ ੭੫ ਤੱਕ ਚਾਲੀ ਸਾਲਾਂ ਦਾ ਸਮਾਂ ਬਚਨਾਂ ਦੀ ਪਾਲਨਾ ਕਰ ਇੱਕ ਰਸ ਚਰਨਾਂ ਵਿੱਚ ਬਤੀਤ ਕੀਤਾ ਅਤੇ ਹਰ ਇੱਕ ਜਗ੍ਹਾ ਦੇਸ਼ ਪ੍ਰਦੇਸ਼ ਵਿੱਚ ਮਹਾਂਪੁਰਸ਼ਾਂ ਦੇ ਨਾਲ ਰਹੇ। ਅਸਥਾਨ ਨਿਵਾਸੀ ਵੀ ਇਨ੍ਹਾਂ ਦਾ ਪੂਰਾ ਸਤਿਕਾਰ ਕਰਦੇ ਹਨ। ਫੇਰ ਹੋਤੀ ਮਰਦਾਨ ਦੀ ਸੰਪ੍ਰਦਾਇ ਵੱਲੋਂ ਦਸਤਾਰਾਂ ਆਈਆਂ। ਨਿਰਮਲ ਭੇਖ ਦੇ ਮਹਾਂਪੁਰਸ਼ਾਂ ਤੋਂ ਬਾਅਦ ਹੋਰ ਵਿਅਕਤੀਆਂ ਨੇ ਦਸਤਾਰਾਂ ਤੇ ਮਾਇਆ ਭੇਟਾ ਕੀਤੀ। ਡੇਰੇਦਾਰ ਸਾਧੂਆਂ, ਤਿਆਗੀ ਵਿਰੱਕਤਾਂ ਤੇ ਗ੍ਰਿਹਸਤੀ ਭਗਤਾਂ ਵੱਲੋਂ ਆਈਆਂ ਦਸਤਾਰਾਂ ਦੇ ਅੰਬਾਰ ਲੱਗ ਗਏ। ਉਪਰੰਤ ਦੀਵਾਨ ਦੀ ਸਮਾਪਤੀ ਹੋਈ। ਬਾਹਰੋਂ ਆਏ ਮਹਾਂਪੁਰਸ਼ ਸ਼ਾਮ ਨੂੰ ਅਸਥਾਨ ਤੇ ਟਿਕ ਗਏ। ਸਾਰਿਆਂ ਦੀ ਰਿਹਾਇਸ਼ ਤੇ ਸੇਵਾ ਦਾ ਬੜਾ ਚੰਗਾ ਪ੍ਰਬੰਧ ਸੀ। ਨਗਰਾਂ ਵਾਲੇ ਪ੍ਰੇਮੀ ਵਾਪਸ ਚਲੇ ਗਏ। ਦੂਸਰੇ ਦਿਨ ਸਵੇਰੇ ਵਿਦਾਇਗੀ ਸਮੇਂ ਸਾਰੇ ਮਹਾਂਪੁਰਸ਼ਾਂ ਨੂੰ ਦਸਤਾਰਾਂ ਤੇ ਮਾਇਆ ਭੇਟਾ ਕੀਤੀ। ਸੰਤ ਜੀ ਮਹਾਰਾਜ ਦੀ ਪਵਿੱਤਰ ਯਾਦ ਮਨਾਉਂਦਿਆਂ ਪਿੰਡ ਬਾਲੇਵਾਲ ਤੇ ਕਲਕੱਤੇ ਨਿਵਾਸੀ ਸੰਗਤ ਨੇ ਇਕੋਤਰ ਸੌ ਅਖੰਡ ਪਾਠ ਕੀਤੇ। ਹੋਰ ਵੀ ਹਰੇਕ ਪਿੰਡ ਤੇ ਸ਼ਹਿਰ ਵਿੱਚ ਘਰ ਘਰ ਸਹਿਜ ਜਾਂ ਅਖੰਡ ਪਾਠ ਕੀਤੇ ਗਏ।

ਸੱਤ ਸਤੰਬਰ ਨੂੰ ਸਤਿਪੁਰਸ਼ ਦੇ ਭੋਗ ਤੇ ਪੁੱਜੀਆਂ ਨਾਮਵਰ ਹਸਤੀਆਂ

ਹੈੱਡ ਗ੍ਰੰਥੀ ਸਿੰਘ ਸਾਹਿਬ ਗਿ. ਕ੍ਰਿਪਾਲ ਸਿੰਘ ਜੀ ਅੰਮ੍ਰਿਤਸਰ ਅਤੇ ਗਿਆਨੀ ਮਨੀ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਹਰਿਮੰਦਰ ਸਾਹਿਬ ਵੱਲੋਂ ਸਿਰੋਪਾਓ ਲੈ ਕੇ ਗਏ ਸਨ। ਗਿਆਨੀ ਮਹਿੰਦਰ ਸਿੰਘ ਜੀ ਸਕੱਤਰ ਅਕਾਲੀ ਦਲ ਵੱਲੋਂ ਸਿਰੋਪਾਓ ਲੈ ਕੇ ਆਏ ਸਨ। ਗਿਆਨ ਭਰਪੂਰ ਸਿੰਘ ਜੀ ਮੀਤ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਸਿਰੋਪਾਓ ਲੈ ਕੇ ਗਏ ਸਨ। ਚੀਫ ਖਾਲਸਾ ਦੀਵਾਨ ਦੇ ਸੈਕਟਰੀ ਸ. ਭਾਗ ਸਿੰਘ ਜੀ ਸੰਤ ਪਿਆਰਾ ਸਿੰਘ ਜੀ ਰਪਾਲੋਂ ਵਾਲੇ, ਸੰਤ ਗਿਆਨੀ ਅਜਾਇਬ ਸਿੰਘ ਜੀ ਬੋਪਾਰਾਏ, ਸੰਤ ਗਿਆਨੀ ਮੋਹਣ ਸਿੰਘ ਜੀ ਜਥਾ ਭਿੰਡਰਾਂ ਵੱਲੋਂ ਗਿਆਨੀ ਵੀਰ ਸਿੰਘ ਜੀ ਪਹਿਲਾਂ ਜਲ ਪ੍ਰਵਾਹ ਸਮੇਂ ਦੁਸ਼ਾਲਾ ਤੇ ਫੇਰ ਭੋਗ ਸਮੇਂ ਦਸਤਾਰਾਂ ਲੈ ਕੇ ਪੁੱਜੇ ਸਨ। ਇਨ੍ਹਾਂ ਦੇ ਨਾਲ ਰਾਗੀ ਬਚਿੱਤਰ ਸਿੰਘ ਜੀ ਸਨ। ਸੰਤ ਗਿ. ਕਰਤਾਰ ਸਿੰਘ (ਜਥਾ ਭਿੰਡਰਾਂ) ਮਹਿਤਾ ਵੱਲੋਂ ਗਿ. ਦਲੀਪ ਸਿੰਘ ਜੀ ਕਥਾ ਵਾਚਕ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਦਸਤਾਰਾਂ ਲੈ ਕੇ ਆਏ ਸਨ। ਮਹੰਤ ਸੇਵਾ ਦਾਸ ਜੀ ਹੁਸ਼ਿਆਰਪੁਰ, ਜਥੇਦਾਰ ਸੰਤੋਖ ਸਿੰਘ ਜੀ ਦਿੱਲੀ ਗੁਰਦੁਆਰਾ ਸੀਸਗੰਜ ਵੱਲੋਂ ਦਸਤਾਰਾ ਲੈ ਕੇ ਆਏ ਸਨ। ਗਿ. ਭੁਪਿੰਦਰ ਸਿੰਘ ਸਰਪ੍ਰਸਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਭਾ, ਸੰਤ ਕੁੰਦਨ ਸਿੰਘ ਜੀ ਸਮੇਤ, ਹੋਰ ਗੁਰੂ ਕਾਂਸੀ ਦਮਦਮੇ ਸਾਹਿਬ ਦੀ ਬਿਹੰਗਮ ਸੰਗਤ, ਗੁਰਦੁਆਰਾ ਮਸਤੂਆਣੇ ਤੋਂ ਬਿਹੰਗਮ ਸੰਗਤ, ਸੰਤ ਨੰਦ ਸਿੰਘ ਜੀ ਭੋਰਲੇ, ਸ੍ਰੀ ਮਹੰਤ ਹਰਿਦੁਆਰ ਕਨਖਲ ਵੱਲੋਂ ਦਸਤਾਰਾਂ, ਹੋਤੀ ਮਰਦਾਨ ਦੀ ਸੰਪ੍ਰਦਾਇ ਦੇ ਮੁਖੀ ਮਹੰਤ ਸੰਤ ਰੋਸ਼ਨ ਸਿੰਘ ਜੀ, ਗਿਆਨੀ ਉੱਤਮ ਸਿੰਘ ਜੀ, ਸੰਤ ਮੂਲ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਸ਼ਿਸ਼ ਸੰਤ ਨਿਰੰਜਨ ਸਿੰਘ ਜੀ, ਸ੍ਰੀਮਾਨ ਪੰਡਿਤ ਕਲਿਆਣ ਸਿੰਘ ਜੀ ਦੇ ਸ਼ਿਸ਼ ਸੰਤ ਬਲਦੇਵ ਸਿੰਘ ਜੀ ਅੰਮ੍ਰਿਤਸਰ, ਮਾਸਟਰ ਨਿਹਾਲ ਸਿੰਘ ਜੀ, ਪ੍ਰਧਾਨ ਨਾਮਧਾਰੀ ਦਰਬਾਰ ਭੈਣੀ ਸਾਹਿਬ, ਮਹੰਤ ਸੁਰਿੰਦਰ ਮੁਨੀ ਜੀ ਅਵਧੂਤ, ਜਗਤ ਰਾਮ ਆਸ਼ਰਮ ਕਨਖਲ ਹਰਿਦੁਆਰ, ਪੰਡਤ ਮਨੀ ਸਿੰਘ ਪ੍ਰੇਮ ਸਦਨ ਨਿਰਮਲਾ ਛਾਉਣੀ (ਹਰਿਦੁਆਰ), ਸੰਤ ਗੁਰਦੀਪ ਸਿੰਘ ਜੀ ਕੇਸਰੀ, ਮਹੰਤ ਸੰਸਕ੍ਰਿਤ ਵਿੱਦਿਆਲਾ ਲਾਹੌਰੀ ਟੋਲਾ (ਬਨਾਰਸ) ਨਿਆਇ ਦੇ ਮਹਾਨ ਵਿਦਵਾਨ ਪੰਡਤ ਸ਼ੇਰ ਸਿੰਘ ਜੀ ਵਿਰਕਤ ਲਾਹੌਰੀ ਟੋਲਾ, ਸੰਸਕ੍ਰਿਤ ਵਿੱਦਿਆਲਾ (ਬਨਾਰਸ), ਮੋਨੀ ਸਾਧੂ ਸਿੰਘ ਜੀ ਹਜ਼ੂਰ ਸਾਹਿਬ ਵਾਲੇ (ਆਗਰਾ), ਸੰਤ ਖ਼ਜ਼ਾਨ ਸਿੰਘ ਜੀ ਟਾਟਾ ਵਾਲੇ, ਸੰਤ ਸੰਤੋਖ ਸਿੰਘ ਜੀ ਚੀਮਾ, ਅਵਧੂਤ ਜਸਵੰਤ ਸਿੰਘ ਜੀ ਹਜ਼ਾਰਾ (ਦੁਆਬਾ), ਸੰਤ ਨਰੈਣ ਸਿੰਘ ਜੀ

ਕਲੇਰਾਂ (ਨਾਨਕਸਰ), ਸੁਆਮੀ ਵਤਨ ਸਿੰਘ ਜੀ ਆਦਮਪੁਰ (ਜਲੰਧਰ), ਸੰਤ ਬਿਸ਼ਨ ਸਿੰਘ ਜੀ ਜੌਹਲਾਂ (ਜਲੰਧਰ), ਸੰਤ ਹਰੀ ਪ੍ਰਕਾਸ਼ ਜੀ ਚੱਕ ਕਲਾਲਾਂ (ਜਲੰਧਰ), ਸੰਤ ਗਿਆਨੀ ਰਣਜੋਧ ਸਿੰਘ ਜੀ ਹਰਖੋਵਾਲ, ਸੰਤ ਆਤਮਾ ਸਿੰਘ ਤੇ ਸੰਤ ਜੱਗਾ ਸਿੰਘ ਜੀ 'ਸ੍ਰੀਮਾਨ' ਹਰਖੋਵਾਲ, ਗਿ. ਹਰਇੰਦਰ ਸਿੰਘ ਜੀ ਸਿੱਖ ਪ੍ਰਤੀਨਿਧ ਬੋਰਡ ਦੇ ਪ੍ਰਧਾਨ ਯੂ. ਪੀ. ਇਲਾਕਾ ਤਰਾਈ, ਸੰਤ ਮੋਹਨ ਸਿੰਘ ਜੀ ਰਾਂਚੀ ਵਾਲੇ (ਬਰਾੜਾ), ਸੰਤ ਸਰਵਨ ਸਿੰਘ ਜੀ ਗੰਧਰਬ ਡਮੇਲੀ (ਦੁਆਬਾ), ਸੰਤ ਗਿ. ਹਰਬੰਸ ਸਿੰਘ ਜੀ ਵੈਦ (ਦੁਆਬਾ), ਸੰਤ ਬਾਬਾ ਮੀਹਾਂ ਸਿੰਘ ਜੀ ਸਿਆੜ ਵਾਲੇ, ਸੰਤ ਨਰੈਣ ਸਿੰਘ ਜੀ ਤਪਾ (ਦਰਾਜ ਵਾਲੇ), ਸੰਤ ਜਸਵੰਤ ਸਿੰਘ ਜੀ ਰੌਂਤਾ ਨਾਨਕਸਰ (ਬਰਨਾਲਾ), ਸੰਤ ਸੁਰਜੀਤ ਸਿੰਘ ਜੀ ਡੇਰਾ ਗਿ. ਅਮੀਰ ਸਿੰਘ ਜੀ ਅੰਮ੍ਰਿਤਸਰ, ਸੰਤ ਕਰਤਾਰ ਸਿੰਘ ਜੀ ਮੰਜੀ ਸਾਹਿਬ, ਸੁਲਤਾਨਪੁਰ, ਪਟਨਾ ਸਾਹਿਬ। ਬਾਬਾ ਬਿਕਰਮ ਸਿੰਘ ਜੀ ਡੇਰਾ ਬਾਬਾ ਮਹਾਰਾਜ ਸਿੰਘ ਜੀ ਅੰਮ੍ਰਿਤਸਰ, ਸੰਤ ਟਹਿਲ ਸਿੰਘ ਜੀ ਨਾਮਧਾਰੀ ਸੰਪ੍ਰਦਾਇ ਵੱਲੋਂ, ਸੰਤ ਲਛਮਣ ਸਿੰਘ ਜੀ ਗੰਧਰਵ, ਦਸਮੇਸ਼ ਨਗਰ (ਲੁਧਿਆਣਾ), ਸੰਤ ਨਾਜਰ ਸਿੰਘ ਮਲੂਕਾ, ਗਿ. ਕਰਤਾਰ ਸਿੰਘ ਬਰਨਾਲਾ ਵੀ ਪੁੱਜੇ ਸਨ।

ਨੋਟ: ਸੰਤ ਜੀ ਮਹਾਰਾਜ ੧੯੬੩ ਨੂੰ ਮੱਘਰ ਮਹੀਨੇ ਵਿੱਚ ਪਰਮਹੰਸ ਸੰਤ ਬਾਬਾ ਨਰੈਣ ਦਾਸ ਜੀ ਦੀ ਸੱਤਵੀਂ ਬਰਸੀ ਸਮੇਂ ਸੰਤ ਦਲੀਪ ਸਿੰਘ ਜੀ ਦੀ ਬੇਨਤੀ ਮੰਨ ਕੇ, ਪਿੰਡ ਪਾਲਕਦੀਮ ਵਿੱਚ ਬਣੇ ਅਸਥਾਨ ਤੇ ਦੀਵਾਨ ਲਾਉਣ ਲਈ ਗਏ। ਸੰਤ ਦਲੀਪ ਸਿੰਘ ਜੀ ਗ੍ਰਿਹਸਤ ਉਦਾਸ ਮਾਰਗ ਤੇ ਚੱਲਣ ਵਾਲੇ ਚੱਕਰਵਰਤੀ ਮਹਾਂਪੁਰਖ ਹਨ ਜੋ ਸਾਰੇ ਭਾਰਤ ਵਿੱਚ ਜਗਿਆਸੂਆਂ ਪ੍ਰੇਮੀਆਂ ਦੀਆਂ ਬੇਨਤੀਆਂ ਮੰਨ ਕੇ ਗੁਰ ਉਪਦੇਸ਼ ਦਿੰਦੇ ਵਿਚਰਦੇ ਹਨ। ਕਰਮਸਰ ਅਸਥਾਨ ਤੇ ਵੀ ਕਈ ਵਾਰ ਆ ਕੇ ਦਰਸ਼ਨ ਕੀਤੇ। ੧੯੭੬ ਦੀ ੨੬ ਅਗਸਤ ਨੂੰ ਸੰਤ ਜੀ ਮਹਾਰਾਜ ਦੀ ਪਹਿਲੀ ਬਰਸੀ ਸਮੇਂ ਜਥੇ ਸਮੇਤ ਪੁੱਜੇ ਅਤੇ ਕਈ ਦਿਨ ਕੀਰਤਨ ਦੁਆਰਾ ਗੁਰੂ ਦਰਬਾਰ ਵਿੱਚ ਹਾਜ਼ਰੀਆਂ ਭਰਦੇ ਰਹੇ। ਇਨ੍ਹਾਂ ਤੋਂ ਇਲਾਵਾ ਹੋਰ ਸਾਰੇ ਭੇਖਾਂ ਦੇ ਸਾਧੂ ਤੇ ਬੇਅੰਤ ਨਾਮਵਰ ਹਸਤੀਆਂ ਆਈਆਂ ਸਨ। ਸੰਤ ਜੀ ਮਹਾਰਾਜ ਤੋਂ ਵਰੋਸਾਏ ਜਗਿਆਸੂ ਤੇ ਗ੍ਰਿਹਸਤੀ ਭਗਤ ਪੁੱਜੇ ਸਨ। ਜਿਨ੍ਹਾਂ ਦੇ ਨਾਮਾਂ ਦਾ ਦਾਸ ਨੂੰ ਚੇਤਾ ਨਹੀਂ ਰਿਹਾ ਪਰ ਸਤਿਗੁਰੂ ਪਾਤਸ਼ਾਹ ਆਪ ਜਾਣਦੇ ਹਨ, ਸੋ ਸਭਨਾਂ ਗੁਰੂ ਪਿਆਰਿਆਂ ਤੋਂ ਖ਼ਿਮਾ ਦਾ ਜਾਚਕ ਹਾਂ।

ਸ਼ਰਧਾਂਜਲੀ

ਕੋਹਿਨੂਰ ਹੀਰਾ ਉਹ ਰਤਨ - ਕਵੀ ਸਾਧੂ ਸਿੰਘ ਦਰਦ

ਮੌਤ ਹੈ ਲੋਹਾ ਫੌਲਾਦੀ ਔਰ ਜ਼ਿੰਦਗ਼ੀ ਕੱਚ ਹੈ।
ਝੂਠ ਹੈ ਜਿਊਣਾ ਜਗਤ ਤੇ ਅਰ ਮਰਨਾ ਸੱਚ ਹੈ।
ਸਜਨਾਂ ਬਾਝਹੁ ਨਹੀਂ ਦੀਵੇ ਜ਼ਿੰਦਗ਼ੀ ਦੇ ਜਾਗਦੇ।
ਮਾਲੀਆਂ ਬਾਝ ਨ ਕਦੇ ਚਮਨ ਚੰਗੇ ਲੱਗਦੇ।
ਤੇਰਾਂ ਤੇਰਾਂ ਛੱਬੀ ਅਗਸਤ ਦੀ ਸੁਬ੍ਹਾ ਇੱਕ ਰਾਤ ਬਣ ਕੇ ਆ ਗਈ।
ਪ੍ਰਦੇਸ਼ਾਂ ਵਿੱਚ ਪ੍ਰਦੇਸ਼ੀਆਂ ਲਈ ਘਾਤ ਬਣੇ ਆ ਗਈ।
'ਸਭਨਾਂ ਸਾਹੁਰੈ ਵੰਞਣਾ' ਮਹਾਂਵਾਕ ਬਣ ਕੇ ਆ ਗਈ।
'ਸੰਤ ਮੂਏ ਕਿਆ ਰੋਈਐ' ਬਾਰਾਤ ਬਣ ਕੇ ਆ ਗਈ।
ਮੌਤ ਲੰਡਨ ਵਿੱਚ ਕੋਈ ਆਫਾਤ ਬਣ ਕੇ ਆ ਗਈ।
ਤੇ ਦੇਸ ਮੇਰੇ ਲਈ ਹਨੇਰੀ ਰਾਤ ਬਣ ਕੇ ਆ ਗਈ।
ਤੇਰਾਂ ਤੇਰਾਂ ਕਹਿ ਕੇ ਪੂਰੇ ਕਰ ਗਿਆ ਤੇਰਾਂ ਦੀਵਾਨ।
ਜਾਨ ਤੋਂ ਇੱਕ ਦਿਨ ਅਗਾਊਂ ਦੇ ਗਿਆ ਰੱਬੀ ਗਿਆਨ।
ਤੇਰਾਂ ਤੇਰਾਂ ਦਾ ਓਸ ਸਾਸ ਸੋਚ ਬਣ ਕੇ ਰਹਿ ਗਿਆ।
ਕਿਧਰ ਗਿਆ ਕਿਦਾਂ ਗਿਆ? ਇੱਕ ਖੋਜ ਬਣ ਕੇ ਰਹਿ ਗਿਆ।
ਮਹਿਕਿਆ ਸੀ ਨਾਲ ਜਿਸ ਦੇ ਦੇਸ ਮੇਰੇ ਦਾ ਚਮਨ।
ਮੌਤ ਨੇ ਅਜ ਖੋਹ ਲਿਆ ਕੋਹਨੂਰ ਹੀਰਾ ਓਹ ਰਤਨ।
ਐ ਬਾਬਾ ਹਸਰਤਾਂ ਨਾਲ ਤੱਕ ਰਹੋ ਹਾਂ ਅਜ ਤੇਰੀ ਤਸਵੀਰ ਨੂੰ।
ਪ੍ਰਦੇਸ਼ ਅੰਦਰ ਲੁਟਿਆ ਇਸ ਦੇਸ਼ ਦੀ ਤਕਦੀਰ ਨੂੰ।
ਤੇਰੇ ਅਚਾਨਕ ਤੁਰਨ ਨਾਲ ਸੰਸਾਰ ਸੁੰਨਾਂ ਹੋ ਗਿਆ।
ਸੰਤ ਬਾਬਾ ਕਿਸ਼ਨ ਸਿੰਘ ਦਾ ਪਿਆਰ ਸੁੰਨਾਂ ਹੋ ਗਿਆ।
'ਜਿਸ ਪਿਆਰੇ ਸਿਉਂ ਨੇਹੁ' ਵਾਲਾ ਵਾਕ ਐਸਾ ਕੱਢਿਆ।

ਗੁਰ ਭਾਈ ਭਗਵਾਨ ਸਿੰਘ ਨੂੰ ਨਹੀਂ ਇਕੱਲਾ ਛੱਡਿਆ।
ਇਹ ਵੀ ਲਿਖਿਆ ਭੋਗ ਤੇਰੇ ਉੱਤੇ ਆ ਸਕਨਾ ਨਹੀਂ।
ਪਰ ਐਸਾ ਆਊਂਗਾ ਕਿ ਤੇਰੇ ਕੋਲੋਂ ਜਾ ਸਕਨਾ ਨਹੀਂ।
ਓਹ ਸਾਕੀਆ ਐਸਾ ਗਇਓਂ, ਕਿ ਰੱਬੀ ਮਯਖਾਨਾ ਗਿਆ।
ਕੀਰਤਨ ਦੀ ਮਯ ਖ਼ਤਮ ਹੋਈ ਕਿ ਪੈਮਾਨਾ ਗਿਆ।
ਮੋਰਾਂ ਨੂੰ ਧੁਪੇ ਸਾੜਿਆ ਮੌਤ ਦੀ ਬਰਸਾਤ ਨੇ।
ਲੁਟ ਲਿਆ ਪੁੰਨਿਆਂ ਦਾ ਘਰ ਓਏ ਮੌਤ ਮਸਿਆ ਰਾਤ ਨੇ।
ਪਾਣੀ ਜੋ ਲੰਘ ਗਿਆ ਮੁੜ ਕੇ ਪਰਤ ਆਉਣਾ ਨਹੀਂ।
ਦੂਰ ਟੁਰ ਗਇਓਂ ਜੋਗੀਆ ਫੇਰਾ ਕਦੇ ਪਾਉਣਾ ਨਹੀਂ।
ਰਾੜੇ ਨਗਰ ਦੇ ਰੜੇ ਨੂੰ ਤੂੰ ਰਾੜਾ ਸਾਹਿਬ ਕਰ ਦਿੱਤਾ।
ਕਰਮ ਜੋਗੀਆ ਕਰਮ ਕਰ ਕੇ ਕਰਮਸਰ ਕਰ ਦਿੱਤਾ।
ਢੱਕੀ ਦੇ ਢੱਕਾਂ ਨੂੰ ਬਾਣੀ ਦੇ ਨਾਲ ਚੰਦਨ ਤੂੰ ਕਰ ਦਿੱਤਾ।
ਕੇਸੂ ਵਿੱਚ ਹੁੰਦੀ ਨਹੀਂ ਖੁਸ਼ਬੂ ਪਰ ਰਸ ਭੀ ਤੂੰ ਭਰ ਦਿੱਤਾ।
ਕੱਟੀ ਕਟਾਹਰੀ ਦੀ ਚੌਰਾਸੀ ਖਟੜਿਆਂ ਜਸ ਖਟਿਆ।
ਹਾਂਸ ਦਿਆਂ ਹੰਸਾਂ ਨੇ ਮੋਤੀ ਨਾਮ ਵਖਰ ਬਟਿਆ।
ਕੀਰਤਨ ਦਾ ਅਤਰ ਤੂੰ ਅਤਰ ਰਾਹੀਂ ਛਿੜਕਿਆ।
ਗੋਖੇ ਦੀ ਛਪੜੀ ਬਣ ਗਈ ਸਾਗਰ, ਰਤਨ ਨਾਮ ਨੂੰ ਰਿੜਕਿਆ।
ਰੇਰੂ ਸਾਹਿਬ ਰਾੜਾ ਸਾਹਿਬ ਦੀ ਵਿਆਖਿਆ ਵੱਖ ਨਹੀਂ।
'ਜੋਤ ਓਹਾ ਜੁਗਤ ਸਾਇ' ਪਰ ਤੱਕਣ ਵਾਲੀ ਅੱਖ ਨਹੀਂ।
ਆਹ ਕਰਮਸਰ ਦੇ ਨਾਲ ਜੋ ਵਗਦੀ ਨਹਿਰ ਸਰਹੰਦ ਹੈ।
ਇਹ ਤੇਰੀ ਆਰਾਮ ਗਾਹ ਸਤਿਲੁਜ ਨਦੀ ਦਾ ਅੰਗ ਹੈ।
ਵੇਖਿਆ ਇਸ ਨੇ ਭਠਾ ਸਾਹਿਬ ਤੇ ਗੜੀ ਚਮਕੌਰ ਸਾਹਿਬ।
ਤੱਕਿਆ ਇਸ ਨੇ ਗੋਬਿੰਦ ਸਾਗਰ ਅਤੇ ਬਘੌਰ ਸਾਹਿਬ।
ਬਾਬਾ ਸਾਂਝ ਤੇਰੇ ਨਾਲ ਅਜਲਾਂ ਤੋਂ ਪੁਰਾਣੀ ਹੈ ਏਹਦੀ।
ਸਮਝ ਕੇ ਚਸ਼ਮਾ ਤੁਹਾਨੂੰ ਫੈਰਤਾ ਫੈਜ਼ੇ ਗਜੂਰ।
ਏਸ ਲਈ ਏਹ ਕਰਮਸਰ ਦੇ ਦਰ ਤੇ ਆਈ ਹੈ ਹਜ਼ੂਰ।
ਹਨ ਅੱਜ ਆਲੋਵਾਲ ਦੇ ਅੱਲੇ ਜ਼ਖਮ ਮਰਹਮ ਨਹੀਂ।
ਹਿੱਲ ਗਈ ਛਾਤੀ ਜਨਮ ਭੂਮੀ ਦੀ ਕੋਈ ਥੰਮ ਨਹੀਂ।
ਦਿੱਲੀ ਤਾਂ ਦਿਲ ਵੀ ਦਹਿਲਿਆ ਤੂਫਾਨ ਉਸ ਵਿੱਚ ਸੂਕਦੇ।
ਕੋਕਾ ਕੋਲਾ ਵਾਲੇ ਪ੍ਰੇਮੀ ਕੋਇਲ ਵਾਂਗ ਕੂਕਦੇ।
ਹਾਂਸ ਨਗਰ ਦੇ ਹੰਸ ਮੋਤੀ ਚੁਗਨ ਆਏ ਮਗਰ ਸਰ ਨਹੀਂ।
ਹਾਏ ਕਰਮਾ ਦੀ ਗਤੀ ਓਹ ਕਰਮਸਰ ਘਰ ਨਹੀਂ।
ਹਾਏ ਹਾਪੜ ਦਾ ਸਹਾਰਾ ਬੇ ਸਹਾਰਾ ਹੋ ਗਿਆ।
ਸੁਚਾ ਸਿੰਘ ਦਾ ਸੁਚਾ ਨਗ ਖੋਇਆ ਵੇ ਚਾਰਾ ਹੋ ਗਿਆ।
ਲਿਬੜੇ ਵਾਲੇ ਬੜੇ ਹੀ ਲਿਵਲੀਨ ਸਨ ਲਿਵ ਟੁੱਟ ਗਈ।
'ਪ੍ਰੀਤ ਪੈਸਲ' ਕਹਿ ਰਿਹਾ ਅੱਜ ਪ੍ਰਤੀ ਡੋਰੀ ਟੁੱਟ ਗਈ।
ਕ੍ਰਿਪਾ ਤੁਹਾਡੀ ਬੜੀ ਏ ਕ੍ਰਿਪਾਲ ਸਿੰਘ ਸਰਦਾਰ ਤੇ।
ਖਟੜਿਆਂ ਵਾਲੇ ਕਿਸ਼ਨ ਸਿੰਘ, ਮੱਲ ਸਿੰਘ ਦੇ ਪ੍ਰਵਾਰ ਤੇ।
ਫਤੇਹ ਸਿੰਘ ਕੇਸਰ ਸਿੰਘ ਅਜੈਬ ਸਿੰਘ ਦੇ ਨੌਨਿਹਾਲ।
ਗੁਰਦੇਵ ਸਿੰਘ ਗਹਿਗੱਡ ਅਤੇ ਰਾਜਿੰਦਰ ਸਿੰਘ ਗਰੇਵਾਲ।

ਗੁਰਦੇਵ ਸਿੰਘ ਲਲਤੋਂ ਦੇ ਘਰ ਤੇਰਾ ਈ ਗੁਰ ਬਖ਼ਸ਼ੀਸ਼ ਏ।
ਮੁਕਤੀ ਓਹ ਸੁਲੇਮਾਨ ਦੀ ਤੇਰੀ ਈ ਨਜ਼ਰ ਬਖ਼ਸ਼ੀਸ਼ ਏ।
ਬਖ਼ਸ਼ਸ਼ਾਂ ਨੇ ਬੜੀਆਂ ਤੇਰੀਆਂ ਮੈਂ ਕੀਹਦਾ ਕੀਹਦਾ ਨਾਂ ਲਵਾਂ।
ਤੇਰੇ ਬਖ਼ਸ਼ੇ ਹੋਏ ਜੇ ਗਿਣਤੀ ਵਿੱਚ ਆਵਨ ਤਾਂ ਕਹਾਂ।
ਕਰ ਦਿੱਤੀ ਨਜ਼ਰੇ ਕਰਮ ਕਲਰ ਤੇ ਬੀਆਬਾਨ ਤੇ।
ਦੇਖਣ ਵਾਲੇ ਫ਼ਖਰ ਕਰਦੇ ਨੇ ਅਜ ਧਭਲਾਨ ਤੇ।
ਲੱਖਾਂ ਨੂੰ ਅੰਮ੍ਰਿਤ ਛਕਾ ਬਾਣੀ ਦਾ ਛੱਟਾ ਮਾਰਿਆ।
ਕੀਰਤਨ ਦਾ ਚੱਪੂ ਲਾ ਕੇ ਡੁਬਦਿਆਂ ਨੂੰ ਤਾਰਿਆ।
ਪਰ ਭੋਰਾ ਭਰ ਰੁਕਿਆ ਨ ਤੂੰ ਅੱਜ ਭੋਰਾ ਖ਼ਾਲੀ ਹੋ ਗਿਆ।
ਭੌਰੇ ਕਹਿੰਦੇ ਨੇ ਅੱਜ ਕਿ ਫੁੱਲਾਂ ਦਾ ਮਾਲੀ ਖੋਹ ਗਿਆ।
ਪਿਟਿਆ ਪਟਿਆਲਾ ਮੁਰਾਦਾਬਾਦ ਹੋਇਆ ਨਾ ਮੁਰਾਦ।
ਕੈਲਕਟਾ, ਦੇਹਲੀ, ਜਲੰਧਰ, ਲੁਧਿਆਣਾ ਨੈਨਾ ਸ਼ਾਦ।
ਤੈਥੋਂ ਵਿਛੜੀ ਰੋ ਰਹੀ ਨੈਣਾਂ ਨੂੰ ਭਰ ਕੇ ਨੈਨੀ ਤਾਲ।
ਅਜ ਮੁਜ਼ਫਰ ਨਗਰ ਦੀ ਜ਼ਫਰ ਫਤੇ ਦਾ ਹੈ ਜ਼ਵਾਲ।
ਉਦਾਸ ਡੇਰੇ ਜਾਪਦੇ ਯੂ. ਪੀ. ’ਚ ਡੇਹਰਾਦੂਨ ਦੇ।
ਵਾਸੀ ਓਹ ਮੋਦੀ ਨਗਰ ਦੇ ਹੰਝੂ ਵਗਾਉਂਦੇ ਖ਼ੂਨ ਦੇ।
ਬਾਬਾ ਦੋ ਸ਼ਬਦ ਨੇ ਮੇਰੇ ਕੋਲ ਕਾਬਲੇ ਇਤਬਾਰ ਹੈ ਕਿ ਆਦਰਯੋਗ ਹੈ।
ਸਤ ਹੈ ਕਿ ਸਤ ਸਤੰਬਰ ਸਤਪੁਰਸ਼ ਦਾ ਭੋਗ ਹੈ।
ਦਰਦ ਦਿਲ ਵਿੱਚ ਕਲਮ ਹੱਥ ਵਿੱਚ ਤੇਰੀ ਹੈ ਸ਼ਰਧਾਂਜਲੀ।
ਪੁਸ਼ਪ ਹਨ ਇਹ ਸ਼ੇਅਰ ਮੇਰੇ ਪੇਸ਼ ਹੈ ਪੁਸ਼ਪਾਂਜਲੀ।
ਕੁਦਰਤ ਦੇ ਗੁਝੇ ਰਾਜ਼ ਤੋਂ ਬੇ ਬਸ ਇਨਸਾਨ ਹੈ।
ਹੋਣੀ ਟਲੀ ਬਲੀਆਂ ਤੋਂ ਨਹੀਂ ਹੋਣੀ ਬੜੀ ਬਲਵਾਨ ਹੈ।
‘ਹਮ ਆਦਮੀ ਹਾਂ ਇੱਕ ਦਮੀ’ ਮੁਹਲਤ ਨ ਦਿੰਦਾ ਮੌਤ ਹੈ।
ਵਾਰੀ ਆਪੋ ਆਪਣੀ ਸਭਨਾਂ ਨੇ ਹੋਣਾ ਫੌਤ ਹੈ।
ਪਰ ਕੌਣ ਭੁਲਾ ਸਕਦਾ ਹੈ ਇਸ ਸਜਨ ਮੁਰਾਰੇ ਮੀਤ ਨੂੰ।
ਪ੍ਰਾਨਾਂ ਤੋਂ ਪਿਆਰੀ ਸਮਝਦੇ ਨੇ ਪ੍ਰੇਮੀ ਤੇਰੀ ਪ੍ਰੀਤ ਨੂੰ।
ਪਰ ਕੋਈ ਵੀ ਸੂਰਜ ਨੂੰ ਬਦਲਾਂ ਵਿੱਚ ਲੁਕੋ ਸਕਦਾ ਨਹੀਂ।
ਤੂੰ ਦਿਲਾਂ ਤੋਂ ਓਹਲੇ ਹੋ ਜਾਏਂਗਾ ਬਾਬਾ! ਇਹ ਹੋ ਸਕਦਾ ਨਹੀਂ।
ਮੌਤ ਮਰਦਾਂ ਨੂੰ ਕਦੇ ਜੜ ਤੋਂ ਹਿਲਾ ਸਕਦੀ ਨਹੀਂ।
ਸ਼ਕਲੋਂ ਸੂਰਤ ਬਦਲ ਸਕਦੀ ਹੈ ਮਿਟਾ ਸਕਦੀ ਨਹੀਂ।
ਹਨੇਰਾ ਖੋਹ ਸਕਦਾ ਨਹੀਂ ਪ੍ਰਭਾਤ ਦੀ ਤਾਬਿੰਦਗ਼ੀ।
ਇਸ ਤਰਫ ਵੀ ਜ਼ਿੰਦਗ਼ੀ ਅਰ ਉਸ ਤਰਫ ਵੀ ਜ਼ਿੰਦਗ਼ੀ।
ਦਰਦ ਹੈ ਕਵਿਤਾ ਵਿੱਚ ਕਵਿਤਾ ਦਰਦ ਵਿੱਚ ਭਰਪੂਰ ਹੈ।
ਪਰ ਸੁਨਣ ਵਾਲਾ ਦਰਦੀ ਸਾਡੀ ਦਰਦ ਤੋਂ ਅੱਜ ਦੂਰ ਹੈ।
ਦਰਦਿ ਦਿਲ ਦੇ ਜ਼ਖਮ ਬਾਬਾ! ਸੱਚਖੰਡ ਵਿੱਚ ਸੀਉਂਦਾ ਰਹੇਂ।
ਐ ਅਮਰ ਜੋਤੀ ਸਦਾ ਤੂੰ ਅਮਰ ਹੈਂ ਅਮਰ ਹੋ ਕੇ ਜਿਉਂਦਾ ਰਹੇਂ।
ਅਜ ਦੇ ਭਰੇ ਦੀਵਾਨ ਵਿੱਚ ਹਰ ਇੱਕ ਦੀ ਅਰਦਾਸ ਹੈ।
ਚਰਨਾਂ ਵਿੱਚ ਨਾਨਕ ਗੁਰੂ ਦੇ ਬਾਬਾ ਜੀ ਦਾ ਵਾਸ ਹੈ।

ਮਨਮੋਂਹਦਾ ਸੀ ਸੋਹਣਾ ਪ੍ਰਚਾਰ ਤੇਰਾ

ਵੱਲੋਂ: ਸ੍ਰੀਮਾਨ ੧੦੮ ਗਿ. ਵਰਿਆਮ ਸਿੰਘ ਜੀ ਪਿੰਡ ਧੂਰਕੋਟ (ਜ਼ਿਲ੍ਹਾ ਸੰਗਰੂਰ)

ਜਲਦੇ ਜਗਤ ਨੂੰ ਬਖ਼ਸ਼ਨੇ ਸ਼ਾਤ ਖ਼ਾਤਰ ਪਹਿਰਾ ਲਾਇਆ ਸੀ ਆਪ ਕਰਤਾਰ ਤੇਰਾ।
ਮਨ ਰੁਕ ਜਾਂਦੇ ਸਾਰੇ ਦਰਸ਼ਕਾਂ ਦੇ ਸੋਹਣਾ ਸਜਿਆ ਦੇਖ ਦਰਬਾਰ ਤੇਰਾ।
ਪਥਰ ਚਿੱਤ ਭੀ ਦ੍ਰਵ ਕੇ ਪੰਘਰ ਜਾਂਦੇ ਜਦੋਂ ਹੁੰਦਾ ਸੀ ਸ਼ਬਦ ਉਚਾਰ ਤੇਰਾ।
ਮੋਹਣਾ ਰੂਪ ਤੇ ਸ਼ੀਰੀ ਜਬਾਨ ਹੈਸੀ ਮਨ ਮੋਂਹਦਾ ਸੀ ਸੋਹਣਾ ਪ੍ਰਚਾਰ ਤੇਰਾ।
ਰਾਜ ਯੋਗ ਦੇ ਵਿੱਚ ਭਰਪੂਰ ਕ੍ਰਿਆ ਰਾਜੇ ਜੋਗੀਆਂ ਵਾਲਾ ਵਿਹਾਰ ਤੇਰਾ।
ਕਹਿਣੀ ਕਰਣੀ ਦੀ ਏਕਤਾ ਦਿਸਦੀ ਸੀ ਕਥਨੀ ਨਾਲੋਂ ਭੀ ਉੱਚਾ ਆਚਾਰ ਤੇਰਾ।
ਲੰਗਰ ਸ਼ਬਦ ਤੇ ਅੰਨ ਦਾ ਚੱਲਦਾ ਹੈ ਕੌਣ ਸਕਦਾ ਕਰ ਸੁਮਾਰ ਤੇਰਾ।
ਰਾਣੇ ਰੰਕ ਦੀ ਇੱਕ ਬਰਾਬਰੀ ਸੀ ਪਧਰ ਇੱਕ ਤੇ ਇੱਕ ਭੰਡਾਰ ਤੇਰਾ।
ਭੋਜਨ ਕੀਰਤਨ ਤੇ ਗਿਆਨ ਦਾ ਛਕਦੇ ਸੀ ਏਹੁ ਬਨਿਆਂ ਸੀ ਸਦਾ ਅਹਾਰ ਤੇਰਾ।
ਆਪਾ ਭਾਵ ਦਾ ਜਿੱਥੇ ਨਾ ਲੇਸ ਕੋਈ ਉੱਥੇ ਗਾਂਵਦੇ ਜਸ ਨਿਰੰਕਾਰ ਤੇਰਾ।
ਨਾਮ ਬਾਣੀ ਤੇ ਬ੍ਰਹਮ ਵਿਚਾਰ ਕਰਨਾ ਇਹੋ ਹੋਇਆ ਸੀ ਸਦਾ ਅਧਾਰ ਤੇਰਾ।
ਨੀਵੇਂ ਮਨ ਤੇ ਉਚੜੀ ਮੱਤ ਵਾਲੇ ਐਸਾ ਦੇਖਿਆ ਸਿਖੀ ਅਚਾਰ ਤੇਰਾ।
ਤਨ ਧਨ ਦੀ ਮੇਰ ਸੀ ਦੂਰ ਕੀਤੀ ਸਾਰਾ ਛੱਡਿਆ ਜੱਗ ਜੰਜਾਰ ਤੇਰਾ।
ਰਹਿਣੀ ਬਹਿਣੀ ਵੀ ਬੜੀ ਅਨੋਖੜੀ ਸੀ ਕੰਮ ਅਨਾਥਾਂ ਦੀ ਕਰਨ ਸੰਭਾਰ ਤੇਰਾ।
ਸੁਣੇ ਬਚਨ ਤੇ ਜਿਨ੍ਹਾਂ ਨੇ ਦਰਸ ਡਿਠਾ ਕਦੇ ਭੁੱਲਣਾ ਨਹੀਂ ਸਤਿਕਾਰ ਤੇਰਾ।
ਕੀਤਾ ਜਗ ਤੇ ਬੜਾ ਉਪਕਾਰ ਭਾਰਾ ਸਿਰੋਂ ਲਹਿਣਾ ਨੀ ਕਦੇ ਉਧਾਰ ਤੇਰਾ।
ਮਨ ਭਾਵਨਾ ਨਾਲ ਭਰਪੂਰ ਹੁੰਦੇ ਉੱਜਲ ਦੇਖ ਕੇ ਸੋਹਣਾ ਦੀਦਾਰ ਤੇਰਾ।
ਜਦੋਂ ਵਿੱਚ ਬਰਨਾਲੇ ਸੀ ਚਰਨ ਪਾਏ ਉੱਥੇ ਸੁਣਿਆਂ ਸੀ ਸੋਹਣਾ ਵਿਚਾਰ ਤੇਰਾ।
ਪਾ ਕੇ ਜੱਫੀਆਂ ਮਿਲੇ ਸੀ ਯਾਰ ਬਣ ਕੇ ਮਨੋ ਭੁੱਲਣਾ ਨਹੀਂ ਪਿਆਰ ਤੇਰਾ।
ਸਿੱਖ ਪੰਥ ਦਾ ਭਾਨੁ ਇੰਗਲੈਂਡ ਜਾ ਕੇ ਅਸਤ ਹੋ ਗਿਆ ਸੋਹਣਾ ਦੀਦਾਰ ਤੇਰਾ।
ਆਧ ਬਿਆਧ ਉਪਾਧ ਨ ਤਾਪ ਕੋਈ ਤਨ ਸੁਣਿਆ ਨਹੀਂ ਬੀਮਾਰ ਤੇਰਾ।
ਹਸਤੇ ਖੇਡੇ ਸਾਂਈ ਦੇ ਦੇਸ ਪੁੱਜੇ ਜਿਵੇਂ ਕੀਤਾ ਸੀ ਕੋਈ ਇਕਰਾਰ ਤੇਰਾ।
ਜਗ ਤਰਸੂਗਾ ਤੇਰੇ ਦੀਦਾਰਿਆਂ ਨੂੰ ਫੇਰ ਪਾਵਨਾ ਨਹੀਂ ਸੰਸਾਰ ਫੇਰਾ।
ਮੇਹਰ ਹੋਵੇ ਜੇ ਗੁਰੂ ਪਿਆਰਿਆਂ ਦੀ ਬੇੜਾ ਹੋਜੂਗਾ ਭਵਜਲੋਂ ਪਾਰ ਮੇਰਾ।
ਸਿਫਤਾਂ ਤੇਰੀਆਂ ਹੋਰ ਨਾ ਕਿਤੇ ਦਿਸਣ ਸਦਾ ਰਹੂਗਾ ਮਨ ਲਾਚਾਰ ਮੇਰਾ।
ਘਾਟਾ ਕਦੇ ਭੀ ਹੋਵਣਾ ਨਹੀਂ ਪੂਰਾ ਕਰੇ ਮੇਹਰ ਗੁਰਦੇਵ ਦਾਤਾਰ ਮੇਰਾ।
ਰੂਹਾਂ ਬਖ਼ਸ਼ੀਆਂ ਐਸੀਆਂ ਹੋਰ ਭੇਜੇ ਵਧੇ ਫੁਲੇ ਜੋ ਸਿਖੀ ਪਰਵਾਰ ਤੇਰਾ।
ਗੂੜ੍ਹ ਗੁਣਾ ਦਾ ਕੀ ਵੀਚਾਰ ਆਖਾਂ ਮਨ ਸਦਾ ਹੈ ਭੁਲਣੇ ਹਾਰ ਮੇਰਾ।
ਮਹਿਮਾ ਸੰਤਾਂ ਦੀ ਸੰਤ ਹੀ ਜਾਣਦੇ ਨੇ ਚਿੱਤ ਸਕਦਾ ਜਾਣ ਕੀ ਸਾਰ ਮੇਰਾ।
ਏਹੋ ਸਿੰਘ ਵਰਿਆਮ ਦੀ ਅਰਜ਼ ਡਾਢੀ ਮਨ ਧੂੜ ਹੋ ਸੰਤ ਚਰਨਾਰ ਮੇਰਾ।

ਸੂਰਜ ਕਿਰਣਿ ਮਿਲੇ

ਵੱਲੋਂ- ਗਯਾਨੀ ਬਲਵੰਤ ਸਿੰਘ ਜੀ ਕੰਵਲ ਪਿੰਡ ਕੱਟੂ (ਸੰਗਰੂਰ)

ਚੜ੍ਹਿਆ ਦੀਪਕ ਵਿਸ਼ਵ ਦਾ ਕਿਰਨਾ ਨੂੰ ਚਮਕਾਰ। ਇੱਕ ਸੂਰਜ ਦੀ ਸ਼ਹਿਜ਼ਾਦੜੀ, ਕੀਤੀ ਕੂਕ ਪੁਕਾਰ ॥੧॥
ਦੱਸ ਨੀ ਊਸ਼ਾ ਰਾਣੀਏ ਕਿਉਂ ਮਾਰੀ ਤੂੰ ਹੂਕ। ਲਾਲੀ ਕਿਧਰ ਉਡ ਗਈ, ਦਿਸੇਂ ਪੀਲੀ ਭੂਕ ॥੨॥
ਸੁਣ ਤੂੰ ਕਵੀਆ ਵੀਰਨਾ ਕਰੁਨਾ ਦੀ ਕਨਸੋਅ। ਪੱਛਮ ਦੇ ਵਿੱਚ ਛੁਪ ਗਈ, ਅੱਜ ਪੂਰਬ ਦੀ ਲੋਅ ॥੩॥
ਤੂੰ ਕਰਦੀ ਏਂ ਭੈਣ ਜੀ ਲੋਅ ਕਿਹੜੀ ਦੀ ਗੱਲ। ਪੂਰਬ ਵਿੱਚੋਂ ਕਿਉਂ ਗਈ? ਸੀ ਪੱਛਮ ਦੀ ਵੱਲ ॥੪॥
ਪੰਜ ਨਦੀਆਂ ਦੀ ਭੋਇ ਤੋਂ, ਇੱਕ ਰਿਸ਼ਮਾਂ ਦੀ ਤਾਰ। ਗਿਆਨ ਸੁਧਾਕਰ 'ਚੋਂ ਗਈ, ਸਤ ਸਮੁੰਦਰੋਂ ਪਾਰ ॥੫॥

ਪੰਧ ਲੰਮੇਰੇ ਪੈਣਦੀ ਕੀ ਐਡੀ ਸੀ ਲੋੜ। ਕੀ ਲੈਣਾ ਸੀ ਪਛਮੋ ਪੂਰਬ ਭੂਮੀ ਛੋੜ ॥੬॥
ਗੱਲ ਨਹੀਂ ਸੀ ਲੈਣ ਦੀ, ਦੇਣ ਲਈ ਉਪਦੇਸ਼। ਗੁਰੂ ਨਾਨਕ ਦੇ ਮਿਸ਼ਨ ਦੀ ਚਾੜ੍ਹਨ ਗਿਆਨ ਦਿਨੇਸ ॥੭॥
ਸੰਗਤ ਸਿੱਖੀ ਰਿਸ਼ਮ ਦੀ, ਕਰਦੀ ਸੀਗ ਉਡੀਕ। ਕਰਨੀ ਸੀਗੀ ਰੌਸ਼ਨੀ, ਲੰਡਨ ਟੇਮਜ਼ ਤੀਕ ॥੮॥
ਗੁੰਝਲਦਾਰ ਬੁਝਾਰਤਾਂ, ਸਮਝ ਨ ਮੇਰੀ ਪੈਣ। ਜਟਕੀ ਬੋਲੀ ਬੋਲ ਕੇ, ਖੋਲ੍ਹ ਸੁਣਾ ਦੇਹ ਭੈਣ ॥੯॥
ਸੁਣ ਵੇ! ਵੀਰਨ ਮੇਰਿਆ ਦੱਸਾਂ ਸਾਫ਼ ਬਿਆਨ। ਗੁਰੂ ਨਾਨਕ ਦੀ ਰੌਸ਼ਨੀ, ਦੁਨੀਆਂ ਦਾ ਕਲਿਆਨ ॥੧੦॥
ਪੰਜ ਨਦੀਆਂ ਦੀ ਜਿਮੀਂ ਤੇ ਆਏ ਰਿਸ਼ੀ ਵਿਸ਼ੇਸ਼। ਏਥੇ ਸੂਰਜ ਗਿਆਨ ਦਾ ਚੜ੍ਹਦਾ ਰਿਹਾ ਹਮੇਸ਼ ॥੧੧॥
ਸਤਦ੍ਰਵ ਤੇ ਤੀਰ ਤੇ, ਵਸੇ ਮਾਲਵਾ ਦੇਸ਼। ਆਲੋਵਾਲ ਦੇ ਨਗਰ ਚੋਂ, ਸੰਤ ਸਿਪਾਹੀ ਭੇਸ ॥੧੨॥
ਚੜ੍ਹੇ ਚੰਦਰਮਾ ਧਰਮ ਦੇ, ਖਿੜੀ ਗਿਆਨ ਦੀ ਰੈਣ। ਨਾਮ ਖ਼ੁਮਾਰੀ ਨਾਮ ਦੀ, ਮਸਤੀ ਭਿੰਨੇ ਨੈਣ ॥੧੩॥
ਨ੍ਹੇਰਾ ਵਹਿਮ ਪਖੰਡ ਦਾ, ਉਡਿਆ ਵਾਂਗ ਕਾਫੂਰ। ਧਰਮ ਸੁਧਾਕਰ ਚਮਕਿਆ, ਧਰਤੀ ਨੂਰੋ ਨੂਰ ॥੧੪॥
ਗੰਗਾ ਜਲ ਤੋਂ ਨਿਰਮਲਾ ਨਾਮ ਬਾਣੀ ਪ੍ਰਵਾਹ। ਪੰਜੇ ਡਾਕੂ ਨਸਦੇ ਡਰ ਕੇ ਵਾਹੋ ਦਾਹ ॥੧੫॥
ਸਾਗਰ ਕੰਢੇ ਸਾਜਿਆ ਖ਼ਾਸ ਅਦਨ ਦਾ ਬਾਗ਼। ਮੰਗਲ ਕੀਤਾ ਜੰਗਲੀਂ ਜਾਗੇ ਧਰਤੀ ਭਾਗ ॥੧੬॥
ਸੋਭਾ ਹੈ ਸਚ ਖੰਡ ਦੀ, ਕੀਰਤਨ ਦਾ ਦਰਬਾਰ। ਗੰਧ੍ਰਬ ਸੁਣਦੇ ਆਣ ਕੇ, ਮਹਿਮਾ ਸਤ ਕਰਤਾਰ ॥੧੭॥
ਕੇਂਦਰ ਰਾੜਾ ਸਾਹਿਬ ਤੋਂ ਫੈਲਿਆਂ ਚਾਨਣ ਗਿਆਨ। ਸਿੱਖੀ ਬੂਟਾ ਮਹਿਕਿਆ ਦੱਸਾਂ ਖੋਲ੍ਹ ਬਿਆਨ ॥੧੮॥
ਮਹਿਕ ਉਠਿਆ ਮਾਲਵਾ ਮਾਝਾ ਮੈਣ ਦੁਆਬ। ਬਣਿਆ ਟੁਕੜਾ ਸਵਰਗ ਦਾ, ਸਾਰਾ ਹੀ ਪੰਜਾਬ ॥੧੯॥
ਦੇਸ਼ ਪੰਜਾਬੋਂ ਬਾਹਰ ਵੀ, ਲਪਟਾਂ ਗਈਆਂ ਦੂਰ। ਮਾਣਸ ਕੀਤੇ ਦੇਵਤੇ, ਚੜ੍ਹਿਆ ਨਾਮ ਸਰੂਰ ॥੨੦॥
ਗੂੰਜ ਪਈ ਸਤਿਨਾਮੁ ਦੀ, ਪਿੰਡ ਪਿੰਡ ਸ਼ਹਿਰ ਸ਼ਹਿਰ।
ਕਲਾਂ ਚੜ੍ਹਦੀਆਂ ਦਿਨੋ ਦਿਨ, ਜਿੱਦਾਂ ਸਿਖਰ ਦੁਪਹਿਰ ॥੨੧॥
ਲੰਡਨ ਵਾਸੀ ਸੰਗਤਾਂ, ਲਿਖਿਆ ਅਰਜ਼ ਗੁਜ਼ਾਰ। ਅਸੀਂ ਪਿਆਰੇ ਸ਼ਾਂਤੀ ਬੂੰਦ ਦੇ, ਵਰਸੋ ਕ੍ਰਿਪਾ ਧਾਰ ॥੨੨॥
ਸੁਣ ਸੰਗਤਾਂ ਦੀ ਬੇਨਤੀ, ਪੁੱਜੇ ਇੰਗਲਸਤਾਨ। ਹੀਰਾ ਹੱਥੋਂ ਖੁੱਸਣਾ, ਕੀ ਜਾਣੇ ਸਿੱਖ ਜਹਾਨ ॥੨੩॥
ਜੋ ਹੀਰਾ ਸਿੱਖ ਰਾਜ ਤੋਂ ਖੁੱਸਿਆ ਸੀ ਕੋਹਿਨੂਰ। ਕੀ ਗੱਲ ਕਰੇਂ ਤੂੰ ਓਸਦੀ? ਭੈਣੇ ਦੱਸ ਜ਼ਰੂਰ ॥੨੪॥
ਇਹ ਹੀਰਾ ਨਾਨਕ ਮਾਲ ਦਾ, ਚਮਕਾਂ ਨੂਰੋ ਨੂਰ। ਐਸੇ ਹੀਰੇ ਉੱਪਰੋਂ, ਸਦਕੇ ਨੇ ਕੋਹਿਨੂਰ ॥੨੫॥
ਦੁੱਖ ਨਾਮ ਦੇ ਰੰਗ ਦੀ, ਜਿਸ ਦੇ ਵਿੱਚ ਭਰਪੂਰ। ਸੱਤੇ ਸਾਗਰ ਲੰਘਿਆ ਈਸ਼ਰ ਰੂਪ ਹਜ਼ੂਰ ॥੨੬॥
ਅੰਮ੍ਰਿਤ ਵਰਸੇ ਸ਼ਬਦ ਦਾ ਰੱਜ ਸਰੋਤੇ ਪੀਣ। ਭੌਰੇ ਅਰਸ਼ੀ ਮਹਿਕ ਦੇ ਨਾਮ ਆਸਰੇ ਜੀਣ ॥੨੭॥
ਭੌਰੇ ਪਾਉਂਦੇ ਗੂੰਜਰਾਂ, ਮਹਿਕੀ ਨਾਮ ਬਹਾਰ। ਅੰਮ੍ਰਿਤ ਸੋਮਾ ਵਹਿ ਪਿਆ, ਸੱਤ ਸਮੁੰਦ੍ਰੋਂ ਪਾਰ ॥੨੮॥
ਪਤਾ ਨਹੀਂ ਕਰਤਾਰ ਕਿਉਂ ਹੋਇਆ ਆਣ ਕਰੋਪ। ਚੰਦ੍ਰਮਾ ਸੱਚ ਗਿਆਨ ਦਾ, ਹੋਇਆ ਝੱਟ ਅਲੋਪ ॥੨੯॥
ਕਈ ਚਕੋਰਾਂ ਤੜਪੀਆਂ, ਫੈਲਿਆ ਦਿਸੇ ਗੁਬਾਰ। ਸਾਗਰ ਦਾ ਦਿਲ ਉਛਲਿਆ, ਲਹਿਰਾਂ ਕਰਨ ਪੁਕਾਰ ॥੩੦॥
ਗੀਤ ਭੁੱਲੀਆਂ ਬੁਲਬੁਲਾਂ, ਭੌਰਾਂ ਨੂੰ ਗੁੰਜਾਰ। ਮਾਲੀ ਤੁਰਿਆ ਛੱਡ ਕੇ ਰੰਗ ਭਰੀ ਗ਼ੁਲਜ਼ਾਰ ॥੩੧॥
ਜਦੋਂ ਸੁਧਾਕਰ ਛੁਪ ਗਿਆ, ਵੱਢ ਵੱਢ ਖਾਂਦੀ ਰੈਣ। ਲਹਿਰਾਂ ਸਾਗਰ ਛਾਤੀਓਂ ਡੂੰਘੇ ਹਹੁਕੇ ਲੈਣ ॥੩੨॥
ਪਾਇਲਾਂ ਭੁੱਲੀਆਂ ਮੋਰ ਨੂੰ, ਹੰਸਾਂ ਨੂੰ ਪ੍ਰਵਾਜ਼। ਸੱਚਾ ਦਾ ਸੋਂਦਾ ਵੰਡਦੀ ਰੁਕ ਗਈ ਜਦੋਂ ਅਵਾਜ਼ ॥੩੩॥
ਅੰਬਰ ਕਾਲਾ ਮਾਤਮੀ, ਬਦਲ ਬਿਦ ਬਿਦ ਰੋਣ। ਪੰਛੀ ਡਿਗੇ ਆਹਲਣਿਓਂ ਚੁਕ ਕੇ ਬ੍ਰਿਛ ਖਲੋਣ ॥੩੪॥
ਜਿੱਥੇ ਜਿੱਥੇ ਮੈਂ ਗਈ, ਫੈਲਿਆ ਚੁੱਪ ਦਾ ਰਾਜ। ਮਾਰੂ ਹੇਕਾਂ ਸੁਣਦੀਆਂ, ਬੰਦ ਖ਼ੁਸ਼ੀ ਦੇ ਸਾਜ ॥੩੫॥
ਸੰਤ ਮੂਏ ਕਿਆ ਰੋਈਐ, ਫਿਰ ਇਹ ਸੁਣਿਆ ਇਲਹਾਮ।
ਸਿਮਰੋ ਕਰਮਾ ਵਾਲਿਓ, ਵਾਹਿਗੁਰੂ ਸਤਿਨਾਮ ॥੩੬॥
ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ। ਜੋਤੀ ਜੋਤਿ ਰਲੀ, ਸੰਪੂਰਨ ਥੀਆ ਰਾਮ ॥੩੭॥
ਸੁਰਗ ਨਰਕ ਤੇ ਮੈਂ ਰਹਿਓ ਸਤਿਗੁਰ ਕੇ ਪ੍ਰਸਾਦਿ।
ਚਰਨ ਕਮਲ ਕੀ ਮਉਜ ਮਹਿ ਰਹਿਓ ਅੰਤਿ ਅਰੁ ਆਦਿ ॥੩੮॥
ਗਿਆਨੀ ਮੋਹਨ ਸਿੰਘ ਜੀ, ਨੀਕੀ ਕਥਾ ਬਨਾਇ। ਭੇਟਾ ਸੰਗਤ ਨੂੰ ਕਰੀ, ਸ਼ਾਂਤ ਮਈ ਸੁਖ ਦਾਇ ॥੩੯॥
ਚਿੱਤ੍ਰੀ ਲੇਖਣ ਬੁਰਸ਼ ਲੈ, ਜੀਵਨ ਦੀ ਤਸਵੀਰ। ਉੱਚੇ ਜੀਵਨ ਬਦਲਦੇ, ਕੌਮਾਂ ਦੀ ਤਕਦੀਰ ॥੪੦॥
ਦੇਂਦੇ ਜੀਵਨ ਚਾਨਣਾ, ਕੌਮਾਂ ਦੇ ਇਤਿਹਾਸ। ਦੂਰ ਭੁਲੇਖੇ ਹੋਂਵਦੇ, ਹੋ ਜਾਂਦਾ ਪ੍ਰਕਾਸ਼ ॥੪੧॥
ਚੜ੍ਹੇ ਸੁਧਾਕਰ ਗਿਆਨ ਦੇ, ਮਿਟੇ ਅਵਿੱਦਿਆ ਰੈਨ। ਨੈਨ ਚਕੋਰਾਂ ਤਰਸਦੇ, ਅੰਮ੍ਰਿਤ ਰਸ ਭੁੰਚੈਨ ॥੪੨॥

ਮੁੜ ਕੇ ਖੇੜਾ ਨਾਮ ਦਾ ਕਦ ਖਿੜਸੇਗਾ ਆਇ। ਛੁਪਿਆ ਸੂਰਜ ਵੇਖ ਕੇ 'ਕੰਵਲ' ਰਹੇ ਮੁਰਝਾਇ ॥੪੩॥

ਜਿਨਾਂ ਆਣ ਕੇ ਕੀਤਾ ਦੀਦਾਰ ਤੇਰਾ

ਵੱਲੋਂ - ਸੁਆਮੀ ਹਰੀ ਕਮਲ ਜੀ ਉਦਾਸੀਨ ਹਰਿਦੁਆਰ

ਦੋਹਰਾ: ਪਾਂਚ ਅੱਖਰ ਕੇ ਨਾਮ ਨੇ ਪੰਚਨ ਕੋ ਵਸ ਕੀਨ। (ਸੰਤ 'ਈਸ਼ਰ ਸਿੰਘ' ਜੀ)
ਪੰਚਨ ਮੇਂ ਪ੍ਰਧਾਨ ਹੁਇ ਮਨ ਕੋ ਵਸ ਕਰ ਲੀਨ।

ਦੋਹਰਾ: ਚਾਰ ਅੱਖਰ ਕੇ ਨਾਮ ਨੇ, ਪ੍ਰਥਮ ਸੀਸ ਜੋ ਦੀਨ। (ਭਾਈ 'ਦਯਾ ਸਿੰਘ' ਜੀ)
ਤਿਸ ਸੰਪ੍ਰਦਾਇ ਵਿਖੇ, ਹੂਏ ਮਹਾਂ ਪ੍ਰਬੀਨ।
ਪਗ ਬੰਦਨ ਤਿਨ ਕੇ ਕਰੌਂ ਹਿਤ ਚਿੱਤ ਮਨ ਕੋ ਲਾਇ। ਜੀਵਨ ਦੀਨਾ ਦੇਸ ਕੋ ਪਰਉਪਕਾਰ ਕਮਾਇ।

ਬੈਂਤ: ਸੰਤ ਭਗਤ ਗੁਰਮੁਖ ਜਿਹੜੇ ਆਨ ਬੈਠੇ, ਇਨ੍ਹਾਂ ਵਾਸਤੇ ਹੋਇਆ ਅਵਤਾਰ ਤੇਰਾ।
ਸੁੰਦਰ ਮੂਰਤੀ ਮਨਾ ਨੂੰ ਮੋਂਹ ਲੈਂਦੀ, ਜਿਨ੍ਹਾਂ ਆਣ ਕੇ ਕੀਤਾ ਦੀਦਾਰ ਤੇਰਾ।
ਬੀਨ ਵੱਜਦੀ ਸੀ ਜਦੋਂ ਲਹਿਰੀਏ ਦੀ, ਜੋ ਵੀ ਸੁਣੇ ਹੁੰਦਾ ਵਸੀਕਾਰ ਤੇਰਾ।
ਤੂੰਹੀ ਤੂੰਹੀ ਵਾਲੀ ਜਦੋਂ ਧੁਨੀ ਹੁੰਦੀ, ਤੂੰ ਹੀ ਮੋਹਨਾ ਪੈਂਦਾ ਝਲਕਾਰ ਤੇਰਾ।
ਜਨਮ ਜਨਮ ਦਾ ਦੁਖੀ ਜੋ ਦਰ ਆਇਆ ਸੁਖੀ ਹੋ ਗਿਆ ਸੁਣ ਵੀਚਾਰ ਤੇਰਾ।
ਤਿੰਨਾਂ ਤਾਪਾਂ ਦੇ ਤਪੇ ਤਪਾਏ ਹੋਏ ਸ਼ਾਂਤ ਕਰ ਦਿੱਤੇ ਐਸਾ ਪਿਆਰ ਤੇਰਾ।
ਚਲ ਰਿਹਾ ਪ੍ਰਵਾਹ ਸੀ ਗੰਗ ਵਾਂਗੂ ਭਗਤੀ ਗਿਆਨ ਦਾ ਖੁੱਲ੍ਹਾ ਭੰਡਾਰ ਤੇਰਾ।
ਕਲਪ ਬ੍ਰਿਖਸ਼ ਵਾਂਗੂੰ ਮੁਖੋਂ ਫ਼ੁੱਲ ਕਿਰਦੇ ਜਦੋਂ ਬਾਣੀ ਦਾ ਹੁੰਦਾ ਉਚਾਰ ਤੇਰਾ।
ਜਦੋਂ ਵਿੱਚ ਦੀਵਾਨ ਦੇ ਦਰਸ ਦਿੰਦੇ ਹੁੰਦਾ ਸ਼ਹਿਨਸ਼ਾਹ ਵਾਂਗ ਸਤਿਕਾਰ ਤੇਰਾ।
ਮਨ ਮੋਹਨੀ ਮਿਠਾਸ ਸੀ ਕੰਠ ਅੰਦਰ ਬੋਲਣ ਚਲਣਾ ਸਭ ਸੀ ਸਾਰ ਤੇਰਾ।
ਲੰਗਰ ਵਿੱਚ ਵੀ ਕਦੀ ਨ ਤੋਟ ਆਈ ਐਸਾ ਦੇਖਿਆ ਅੰਨ ਭੰਡਾਰ ਤੇਰਾ।
ਤੇਰੀ ਉਪਮਾ ਤੋਹਿ ਬਣਿ ਆਵੈ ਸੰਤੋ ਐਸਾ ਰਚਿਆ ਗੁਰੂ ਦਰਬਾਰ ਤੇਰਾ।
ਜਿੱਥੇ ਬੈਠ ਧਯਾਤਾ ਧਯਾਨ ਧੇਯ ਹੁੰਦੇ ਭੋਰਾ ਬਣਿਆਂ ਅੱਜ ਅਲੋਕਾਰ ਤੇਰਾ।
ਆਸੇ ਪਾਸੇ ਜੋ ਸੰਤ ਕੁਟੀ ਦਿਸਣ ਉਨ੍ਹਾਂ ਵਿੱਚ ਵੀ ਪੈਂਦਾ ਚਮਕਾਰ ਤੇਰਾ।
ਭਾਰਤ ਵਿੱਚ ਨਾ ਐਸਾ ਅਸਥਾਨ ਕੋਈ, ਡੇਰਿਆਂ ਵਿੱਚੋਂ ਹੈ ਡੇਰਾ ਸਰਦਾਰ ਤੇਰਾ।
ਝੂਠਾ ਜਾਣ ਸੰਸਾਰ ਤੈਂ ਤਿਆਗ ਦਿੱਤਾ, ਤਾਹੀਉਂ ਬਣਿਆ ਰੂਪ ਕਰਤਾਰ ਤੇਰਾ।
ਕਾਲਜ, ਹਾਈ ਸਕੂਲ, ਹਸਪਤਾਲ ਬਣਾਏ ਬੱਚੇ ਬੱਚੀਆਂ ਗੁਣ ਤੇਰਾ ਗਾ ਰਹੇ ਨੇ।
ਵਿੱਦਿਆ ਪ੍ਰਾਪਤ ਕਰ ਕੇ ਤੇਰੇ ਕਾਲਜ ਵਿੱਚੋਂ ਜੀਵਨ ਸੁਖਮਈ ਆਪ ਬਣਾ ਰਹੇ ਨੇ।
ਜਿਥੇ ਵਰਸਿਆ ਮੇਹਰ ਦਾ ਮੀਂਹ ਤੇਰਾ ਚਰਨਾਂ ਤੇਰਿਆਂ ਤੋਂ ਸਦਕੇ ਜਾ ਰਹੇ ਨੇ।
ਤੈਨੂੰ ਯਾਦ ਕਰ ਕਈ ਦਿਲ ਆਖ ਰਹੇ ਨੇ ਕ੍ਰਿਪਾ ਕਰ ਇੱਕ ਵਾਰ ਜ਼ਰੂਰ ਆਜਾ।
ਸਾਡੇ ਪ੍ਰੇਮ ਵਿੱਚ ਰਤੀ ਨਾ ਫ਼ਰਕ ਆਇਆ ਇੱਕ ਵਾਰ ਨੂੰ ਫੇਰ ਹਜ਼ੂਰ ਆਜਾ।
ਇਹ ਦਿਲ ਵਿਛੋੜਾ ਨਾ ਝਲ ਸਕੇ ਨਾਨਕ ਗੁਰੂ ਵਾਲਾ ਲੈ ਕੇ ਨੂਰ ਆਜਾ।
ਸਾਰੀ ਉਮਰ ਨਸ਼ਾ ਜੋ ਰਹੇ ਵੰਡਦੇ ਉਸ ਰਸ ਦਾ ਲੈ ਕੇ ਸਰੂਰ ਆਜਾ।
ਆਪਣਾ ਆਤਮਾ ਸਭ 'ਚੋਂ ਦੇਖਿਆ ਤੂੰ ਏਸ ਵਾਸਤੇ ਹੋ ਰਹੀ ਵਡਿਆਈ ਤੇਰੀ।
ਐਵੇਂ ਕਿਸੇ ਨੂੰ ਲੋਕੀਂ ਵਡਿਆਵੰਦੇ ਨਹੀਂ ਚਹੁੰ ਕੁੰਟਾਂ ਵਿੱਚ ਹੋਈ ਰੁਸ਼ਨਾਈ ਤੇਰੀ।
ਤੇਰੇ ਵਿੱਚ ਤੇ ਪ੍ਰਭੂ ਵਿੱਚ ਭੇਦ ਕੋਈ ਨਾ ਬੇਦ ਪੁਰਾਣ ਸਭ ਦਿੰਦੇ ਗਵਾਹੀ ਤੇਰੀ।
ਅਜਰ ਅਮਰ ਕਹਾਣੀਆਂ ਤੇਰੀਆਂ ਨੇ ਕਲਾ ਨਿੱਤ ਨਿੱਤ ਚੜੇ ਸਵਾਈ ਤੇਰੀ।
ਛਬੀ ਅਗਸਤ ਦੇਸ ਨੂੰ ਭੁੱਲਣਾ ਨਹੀਂ ਤਾਰੀਕ ਆ ਗਈ ਅਬਿਨਾਸੀ ਫ਼ਿਲਮ ਬਣ ਕੇ।
ਦਰਸ਼ਨ ਹੋਣਗੇ ਅੱਖੀਆਂ ਵਾਲਿਆਂ ਨੂੰ ਆਇਆ ਦਿਨ ਇਤਿਹਾਸ ਦਾ ਇਲਮ ਬਣ ਕੇ।
ਸੰਤ ਭਗਤ ਅਤੇ ਸਾਰਾ ਦੇਸ਼ ਮਿਲ ਕੇ ਤੇਰੀ ਯਾਦ ਨੂੰ ਹੁਣ ਮਨਾ ਰਿਹਾ ਏ।
ਸਾਰੇ ਦੇਸ਼ ਨੂੰ ਤੁਸੀਂ ਪ੍ਰਕਾਸ਼ ਦਿੱਤਾ ਸਾਰਾ ਇਲਾਕਾ ਤਾਹੀਉਂ ਜਗਮਗਾ ਰਿਹਾ ਏ।

ਜੋ ਕੁਛ ਦੇਖਿਆ ਸੋ ਸੋ ਲਿਖਿਆ ਹੈ ਝੂਠੀ ਬਾਤ ਨ ਕਮਲ ਬਤਾ ਰਿਹਾ ਏ।
ਹੰਝੂ ਅੱਖੀਆਂ ਦੇ ਤੇਰੇ ਚਰਨ ਉੱਤੇ ਅਜ ਕਮਲ ਇਹ ਭੇਟ ਚੜਾ ਰਿਹਾ ਏ।

ਲੰਡਨ ਵਾਸੀ ਸਿੱਖਾਂ ਦੀ ਅਜੀਤ ਮਾਸਕ ਪੱਤਰ ਵਿੱਚ ਸ਼ਰਧਾਂਜਲੀ

ਆਪ ਜੀ ਦੇ ਵਿਛੋੜੇ ਕਾਰਣ ਪੰਥ ਨੂੰ ਇੱਕ ਅਸਹਿ ਘਾਟਾ ਪਿਆ। ਜੋ ਉੱਤਮ ਅਸਥਾਨ ਉਨ੍ਹਾਂ ਦੇ ਸਾਥੋਂ ਵਿਛੜ ਜਾਣ ਨਾਲ ਪੰਥ ਛੇਤਰ ਵਿੱਚ ਖ਼ਾਲੀ ਹੋਇਆ ਹੈ, ਉਹ ਹੁਣ ਛੇਤੀ ਪੂਰਾ ਹੋਣ ਵਾਲਾ ਨਜ਼ਰ ਨਹੀਂ ਆਉਂਦਾ। ਉਹ ਕਥਨੀ ਤੇ ਕਰਣੀ ਦੇ ਮਹਾਂ ਸੂਰੇ ਨਿਧਰੜਕ ਤੇ ਹਠੀ ਤਪੱਸਵੀ ਅਤੇ ਗੁਰਬਾਣੀ ਦੇ ਮਹਾਨ ਕੀਰਤਨੀਏ ਸਨ।

ਸੰਤ ਬਾਬਾ ਜੀ ਸਮੁੱਚਾ ਤੇ ਸੰਪੂਰਨ ਰੂਪ ਆਤਮ ਤਿਆਗੀ ਸਨ। ਸੁਭਾਉ ਸ਼ੌਕ ਤੇ ਸਿਦਕ ਯੋਧਿਆਂ ਵਾਲਾ ਸੀ। ਵਾਤਾਵਰਨ ਵਿਚਰਨ ਢੰਗ ਤੇ ਸਹਿਜ ਗਿਆਨ ਅਦੁੱਤੀ ਵਿਦਵਾਨਾਂ ਵਾਲਾ ਸੀ। ਜਨਤਕ ਸੇਵਾ ਦਾ ਅਮੁੱਕ ਪਿਆਰ ਸੀ। ਪੰਥ ਲਈ ਸੇਵਾ ਦਾ ਭਰਪੂਰ ਚਾਅ ਦੇ ਨਿਰਸੰਦੇਹ ਮਹਾਨ ਉਸਰੱਈਆ ਸੀ। ਇਸ ਦੇਸ਼ ਵਿੱਚ ਵੱਸਣ ਵਾਲੇ ਅਸੀਂ ਧਨ ਵਿੱਚ ਤਾਂ ਭਾਵੇਂ ਅਮੀਰ ਹਾਂ ਪਰ ਆਚਰਨ, ਮਨੋ ਸ਼ਾਂਤੀ ਤੇ ਉੱਚ ਕਦਰਾਂ ਕੀਮਤਾਂ ਵਿੱਚ ਗ਼ਰੀਬ ਹਾਂ। ਸਾਡੇ ਮਨ ਖੜਕ ਰਹੇ ਹਨ। ਜੋ ਧਰਮ ਪ੍ਰਚਾਰਕ ਏਸ ਦੇਸ਼ ਵਿੱਚ ਆਉਂਦੇ ਹਨ ਉਨ੍ਹਾਂ ਦੇ ਸਾਹਮਣੇ ਮਾਇਕ ਪਦਾਰਥਾਂ ਦੀ ਪਕੜ ਵਧੇਰੇ ਹੋਣ ਕਰ ਕੇ ਉਨ੍ਹਾਂ ਦੀ ਕਥਨੀ ਪ੍ਰਭਾਵਤ ਨਹੀਂ ਕਰਦੀ ਅਤੇ ਨਾ ਹੀ ਅਸਰਦਾਇਕ ਸੱਚ ਦੀ ਲਖਾਇਕ ਹੁੰਦੀ ਹੈ। ਉਹ ਮਾਇਆ ਪਕੜ ਦੇ ਟਾਕਰੇ ਤੇ ਪਦਾਰਥਾਂ ਦੀ ਖਿੱਚ ਵੱਧ ਹੋਣ ਕਾਰਣ ਕੋਈ ਅਜੇਹੀ ਗੱਲ ਨਹੀਂ ਆਖ ਸਕਦੇ, ਜੋ ਪ੍ਰਬੰਧਕਾਂ ਤੇ ਸੰਗਤ ਦੀ ਭਾਵਨਾਵਾਂ ਦੇ ਬਿਪ੍ਰੀਤ ਹੋਵੇ। ਉਹ ਕਿਸੇ ਆਤਮਾ ਨੂੰ ਉਚੇਰੇ ਲਿਜਾਣ ਦੀ ਥਾਂ ਡੂੰਘੀ ਖੱਡ ਵੱਲ ਲੈ ਜਾਂਦੇ ਹਨ। ਅਜੇਹੇ ਨਿਘਰੇ ਵਾਤਾਵਰਨ ਵਿੱਚ ਸੰਤ ਜੀ ਦੋ ਵੇਰ ਇਸ ਦੇਸ਼ ਵਿੱਚ ਆਏ ਅਤੇ ਆਪਣੇ ਮਹਾਨ ਪ੍ਰਚਾਰ ਦੁਆਰਾ ਸਿੱਖ ਧਰਮ ਦੀ ਅਪਾਰ ਸੇਵਾ ਕੀਤੀ। ਇਨ੍ਹਾਂ ਦੀਆਂ ਇਹ ਦੋ ਫੇਰੀਆਂ ਇਸ ਦੇਸ਼ ਵਿੱਚ ਵੱਸਦੇ ਸਿੱਖਾਂ ਦੇ ਹਿਰਦਿਆਂ 'ਚ ਸਦੀਵ ਰੌਸ਼ਨ ਕਿਰਨਾਂ ਬਣ ਕੇ ਟਿਕੀਆਂ ਰਹਿਣਗੀਆਂ।

ਕੋਇਲ ਤੁਧ ਮੇਂ ਸਬਦ ਗੁਨ ਮੀਠੇ ਤੇਰੇ ਬੈਣ।
ਕਿਤ ਕਾਰਨ ਕਾਲੀ ਭਈ ਕਿਉਂ ਰਤੇ ਹੈ ਨੈਣ?

ਉੱਤਰ ਦਿੱਤਾ

ਬ੍ਰਿਹੋਂ ਮਾਰੀ ਕਾਲੀ ਭਈ ਜਬ ਤੇ ਬਿਛੜੇ ਪੀਰ।
ਨੈਨੀ ਲੋਹੂ ਫਿਰ ਗਇਆ ਬਨ ਬਨ ਢੂੰਡਤ ਨੀਰ।

ਭਾਈ ਨੰਦ ਲਾਲ ਜੀ ਫਰਮਾਉਂਦੇ ਹਨ:

ਮੰਜਲ ਮਾਹੀ ਜੀ ਔਖੀ ਘਾਟੀ ਸੰਭਲ ਸੰਭਲ ਪਗ ਧਰਨਾ ਨਾਲੇ ਡਰਨਾ।
ਬੇਅਦਬਾਂ ਦੀ ਜਾ ਨ ਏਥੇ ਹੋਇ ਮਨਸੂਰ ਜਿਓ ਮਰਨਾ ਸੂਲੀ ਚੜ੍ਹਨਾ।

ਤਥਾ: ਜਿਸ ਨੇ ਕੀਤੀ ਜਰਾਂ ਬੇਅਦਬੀ ਏਸ ਗਲੀ ਵਿੱਚ ਸਈਓ।
ਜਿਉ ਮਨਸੂਰ ਚੜਾਇਆ ਸੂਲੀ ਫੇਰ ਨ ਸਾਨੂੰ ਕਹੀਓ।
ਭਾਵੇਂ ਔਖਾ ਬਹੁਤ ਸੁਣੀਦਾ ਪ੍ਰੇਮ ਗਲੀ ਵਿੱਚ ਜਾਣਾ।
ਜਾਣਾ ਜਿਉਂ ਮਨਸੂਰ ਅਸਾਂ ਭੀ ਸੂਲੀ ਪੈਰ ਟਿਕਾਣਾ।
ਸੀਸ ਨਿਵਾਵਣ ਦਰ ਤੇਰੇ ਤੇ ਲੋਕ ਹਜ਼ਾਰ ਹਜ਼ਾਰਾਂ।
ਗਲੀ ਤੁਹਾਡੀ ਭਾਉਂਦੇ ਫਿਰਦੇ ਆਸ਼ਕ ਸੌ ਸੌ ਵਾਰਾਂ।
ਸਿੱਕ ਮਾਹੀ ਦੀ ਜਿਨਸ ਹੈ ਮਹਿੰਗੀ ਸੰਤਾਂ ਕੋਲੋਂ ਮਿਲਦੀ।
ਸਿਰ ਅਪਨਾ ਤੂੰ ਧਰ ਦੇ ਅੱਗੇ ਸਿਰ ਦੇ ਵੱਟੇ ਮਿਲਦੀ।
ਆਸ਼ਕ ਆਸ਼ਕ ਸਭ ਕੋਈ ਆਖੇ ਟੇਢੀ ਪਗੜੀ ਧਰ ਕੇ।
ਮਾਨ ਮਹੁੱਬਤ ਤੇ ਖੁਦੀ ਤਕੱਬਰੀ ਵਿਰਲਾ ਰਹਿ ਕੇ ਜਰ ਕੇ।
ਸਿਰ ਤੋਂ ਪਰੇ ਪ੍ਰੇਮ ਦਾ ਡੇਰਾ ਸਭ ਮੁੜ ਆਏ ਡਰ ਕੇ।
ਮਹਿਬੂਬਾ ਦੇ ਮਹਿਲ ਬਿਹਾਰੀ ਜੋ ਪਹੁੰਚਾ ਸੋ ਮਰ ਕੇ।

ਕਾਂਡ ੩੬

ਛੋਟੇ ਸੰਤ ਜੀ ਮਹਾਰਾਜ ਦੀ ਪ੍ਰਦੇਸ਼ ਯਾਤਰਾ

ਸੰਤ ਜੀ ਮਹਾਰਾਜ ਦੇ ਸਰੀਰਕ ਵਿਛੋੜੇ ਨੂੰ (ਜੋ ਬੜਾ ਅਸਹਿ ਤੇ ਹਿਰਦੇ ਪੀੜਤ ਸੀ) ਅਜੇ ਥੋੜਾ ਹੀ ਸਮਾਂ ਹੋਇਆ ਸੀ। ਦਿਲਾਂ ਦੇ ਡੂੰਘੇ ਜ਼ਖਮ ਅਜੇ ਅੱਲੇ ਹੀ ਸਨ। ਜੇ ਕੁੱਝ ਇਨ੍ਹਾਂ ਦੀ ਪੀੜਾਂ ਤੇ ਚਸਕਾਂ ਨੂੰ ਘੱਟ ਕਰਨ ਵਾਲੀ ਸੀ, ਤਾਂ ਕੇਵਲ ਛੋਟੇ ਸੰਤ ਜੀ ਮਹਾਰਾਜ ਦੇ ਬਚਨਾਂ ਦੀ ਮਲਮ। ਇੰਗਲੈਂਡ ਵਾਸੀ ਸਿੱਖਾਂ ਨੂੰ ਸਭ ਤੋਂ ਵੱਧ ਦੁੱਖ ਸੀ। ਜਿਨ੍ਹਾਂ ਨੇ ਆਪਣੀਆਂ ਅੱਖਾਂ ਦੇ ਸਾਹਮਣੇ ਇਹ ਦ੍ਰਿਸ਼ ਦੇਖਿਆ ਸੀ ਅਤੇ ਸੰਤ ਜੀ ਦੇ ਵਿਯੋਗ ਵਿੱਚ ਪ੍ਰੇਮੀਆਂ ਦੀ ਏਹੋ ਜੇਹੀ ਹਾਲਤ ਸੀ ਜਿਵੇਂ ਪਾਣੀ ਤੋਂ ਬਾਹਰ ਹੋ ਕੇ ਮੱਛੀ ਦੀ ਹੋ ਜਾਂਦੀ ਹੈ। ਉਹ ਵੀ ਆਪਣੇ ਮਨ ਨੂੰ ਢਾਰਸ ਦੇਣ ਵਾਸਤੇ ਛੋਟੇ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਰੂਪ ਥੰਮੇ ਨੂੰ ਚਾਹੁੰਦੇ ਹਨ। ਪਰ ਉਨ੍ਹਾਂ ਬ੍ਰਿਹੋਂ ਕੁੱਠੇ ਪ੍ਰੇਮੀਆਂ ਦਾ ਬੇਨਤੀਆਂ ਬ਼ਗ਼ੈਰ ਹੋਰ ਕੋਈ ਚਾਰਾ ਨਹੀਂ ਸੀ। ਬਾਰਬਾਰ ਹੰਝੂਆਂ ਭਿੱਜੀਆਂ ਪਤ੍ਰਕਾ ਆਉਂਦੀਆਂ ਜਿਸ ਵਿੱਚ ਦਰਸ਼ਨਾਂ ਦੀ ਖਿੱਚ ਤੇ ਦਿਲੀ ਵਲਵਲੇ ਲਿਖੇ ਹੁੰਦੇ। ਭਾਵੇਂ ਇਨ੍ਹਾਂ ਗੱਲਾਂ ਨੂੰ ਦਿਲਾਂ ਦੇ ਮਰਮੀ ਬਿਨਾਂ ਕੌਣ ਜਾਣ ਸਕੇ। ਪਰਾਈ ਪੀੜਾ ਦੇ ਹਰਨ ਵਾਲੇ ਸੰਤ ਜੀ ਮਹਾਰਾਜ ਨੇ ਪਤਰਕਾਂ ਪੜ੍ਹੀਆਂ। ਸੰਗਤ ਦੀ ਦਸ਼ਾ ਅਨੁਭਵ ਕੀਤੀ। ਫੇਰ ਏਥੋਂ ਦੀ ਸੰਗਤ ਤੇ ਪ੍ਰੇਮੀਆਂ ਦੀ ਹਾਲਤ ਦੇਖ ਕੇ ਚੁੱਪ ਕਰ ਗਏ। ਕੋਈ ਉੱਤਰ ਨਾ ਦਿੱਤਾ। ਪਰ ਜਦੋਂ ਹਿਰਦੇ ਦੀ ਤਹਿ ਅੰਦਰੋਂ ਵਿਛੋੜੇ ਦੇ ਦੁੱਖਾਂ ਕਰ ਭਰਪੂਰ ਲਿਖੇ ਪੱਤਰ ਆਉਣ ਲੱਗੇ, ਜਿਨ੍ਹਾਂ ਨੇ ਮਨ ਦੀਆਂ ਤਰਬਾਂ ਹਿਲਾ ਦਿੱਤੀਆਂ (ਕਿਉਂਕਿ ਗੁਰੂ ਤੇ ਸਿੱਖ ਦੀ, ਭਗਤ ਤੇ ਪ੍ਰਮੇਸ਼ਰ ਦੀ, ਸੰਤ ਤੇ ਜਗਿਆਸੂ ਦੀ ਪ੍ਰੀਤੀ ਦੋ ਅੰਗੀ ਹੈ, ਦੀਵੇ ਤੇ ਪਤੰਗੇ ਜਾਂ ਪਾਣੀ ਤੇ ਮੱਛੀ ਵਾਂਗ ਇੱਕ ਅੰਗੀ ਨਹੀਂ) ਪ੍ਰੇਮੀਆਂ ਦੀਆਂ ਅੰਤਰ ਆਤਮੇ ਕੀਤੀਆਂ ਬੇਨਤੀਆਂ ਅਨੁਭਵ ਕਰ ਕੇ ਮਹਾਂਪੁਰਸ਼ਾਂ ਦਾ ਮਨ ਦ੍ਰਬ ਜਾਂਦਾ ਹੈ।

ਭਾਵੇਂ ਉਨ੍ਹਾਂ ਨੇ ਸੰਤ ਜੀ ਮਹਾਰਾਜ ਦੀ ਪਹਿਲੀ ਬਰਸੀ ੨੬ ਅਗਸਤਰ ੧੯੭੬ ਨੂੰ ਮਹਾਂਪੁਰਸ਼ਾਂ ਦੀ ਯਾਦ ਕਾਇਮ ਕਰਨ ਵਾਸਤੇ ਅਖੰਡ ਪਾਠ ਦੇ ਭੋਗ ਸਮੇਂ ਆਉਣ ਲਈ ਬਿਨੇ ਪੱਤਰਕਾ ਲਿਖੀ ਸੀ। ਰਾਹਦਾਰੀ ਭੇਜੀ ਤੇ ਹੋਰ ਵੀ ਕਾਗਜ਼ਾਂ ਦੀ ਲਿਖਾ ਪੜ੍ਹੀ ਕਰ ਲਈ ਸੀ ਪਰ ਇੰਡੀਆ ਵਾਸੀ ਪ੍ਰੇਮੀਆਂ ਨੇ ਪ੍ਰੇਮ ਦੀਆਂ ਡੋਰਾਂ ਨਾਲ ਐਸੀ ਖਿੱਚ ਪਾਈ ਕਿ ਤਿੰਨ ਵਾਰੀ ਪ੍ਰੋਗਰਾਮ ਬਣਿਆ, ਪਰ ਕੈਂਸਲ ਹੋ ਅੱਗੇ ਜਾ ਪੈਂਦਾ। ਪਿਛਲੇ ਸਾਲ ਵਾਲੀ ਗੱਲ ਨੂੰ ਯਾਦ ਕਰ ਕੇ ਹਿਰਦੇ ਕੰਬ ਜਾਂਦੇ। ਜਦੋਂ ਉਹ ਸੀਨ ਅੱਖਾਂ ਅੱਗੇ ਆਉਂਦਾ ਤਾਂ ਕਹਿੰਦੇ ਕਿ ਲੱਖਾਂ ਕੋਹਿਨੂਰਾਂ ਨੂੰ ਪੈਦਾ ਕਰਨ ਵਾਲਾ, ਦਿਲਾਂ ਦੇ ਅੰਦਰ ਗਿਆਨ ਦੀ ਰੋਸ਼ਨੀ ਜਗਾਉਣ ਵਾਲਾ, ਕੀਮਤੀ ਹੀਰਾ ਲੰਡਨ ਵਿੱਚ ਸਾਡੇ ਹੱਥੋ ਗਵਾਚ ਗਿਆ। ਸ਼ਰਧਾਲੂ ਪ੍ਰੇਮੀ ਨਗਰਾਂ ਦੀਆਂ ਪੰਚਾਇਤਾਂ ਨੂੰ ਲੈ ਕੇ ਸੰਤ ਜੀ ਮਹਾਰਾਜ ਦੀ ਗੱਡੀ ਅੱਗੇ ਆ ਪੈਂਦੇ। ਉਨ੍ਹਾਂ ਨੇ ਕੀਰਤਨੀ ਜਥੇ ਨੂੰ ਨਾਲ ਸੱਦਿਆ ਸੀ। ਪਰ ਏਥੋਂ ਦੀ ਸੰਗਤ ਦਾ ਅਥਾਹ ਪਿਆਰ ਤੱਕ ਕੇ ਅਖ਼ੀਰ ਨੂੰ ਇਹ ਫ਼ੈਸਲਾ ਹੋਇਆ ਕਿ ਸੰਤ ਜੀ ਮਹਾਰਾਜ ਆਪਣੇ ਸੇਵਾਦਾਰ ਦੇ ਸਮੇਤ ਇਕੱਲੇ ਜਥੇਦਾਰ ਨੂੰ ਲੈ ਕੇ ਕੁੱਝ ਕੁ ਦਿਨਾਂ ਵਾਸਤੇ ਸੰਗਤ ਨੂੰ ਦਰਸ਼ਨ ਦੇ ਆਵਣ ਪਰ ਛੇਤੀ ਵਾਪਸ ਆ ਜਾਣ। ਇਸ ਗੱਲ ਦਾ ਮਸਾਂ ਮਸਾਂ ਛਾਤੀ ਤੇ ਪੱਥਰ ਰੱਖ ਕੇ ਸੰਗਤ ਨੇ ਵੀ ਪ੍ਰਵਾਨਗੀ ਦੇ ਦਿਤੀ। ਕਿਉਂਕਿ ਹੁਣ ਤਾਂ ਸਾਡੇ ਪਾਸ ਏਹੋ ਹੀ ਸਭ ਕੁੱਝ ਹਨ। ਅਸਥਾਨ ਤੋਂ ਜਥੇਦਾਰ ਮਹਿੰਦਰ ਸਿੰਘ, ਸੰਤ ਪ੍ਰਤਾਪ ਸਿੰਘ, ਸੰਤ ਜੀ ਦਾ ਲਾਂਗਰੀ ਹਰਨੇਕ ਸਿੰਘ, ਕਰਮ ਸਿੰਘ ਭਲਵਾਨ ਤੇ ਸੰਤ ਜੀ ਮਹਾਰਾਜ ਜਿਨ੍ਹਾਂ ਦੇ ਨਾਲ ਦਿੱਲੀ ਤੱਕ ਲੇਖਕ ਭੀ ਗਿਆ।

ਕਰਮਸਰ ਦੀ ਧਰਤੀ ਤੋਂ ਚੱਲਣ ਸਮੇਂ ਵੀ ਦਰਸ਼ਨਾਂ ਵਾਲੇ ਪ੍ਰੇਮੀ ਨੇੜੇ ਦੂਰੋਂ ਤਿੰਨ ਕੁ ਹਜ਼ਾਰ ਦੇ ਕਰੀਬ ਪੁੱਜ ਚੁੱਕੇ ਸਨ। ਸਭਨਾਂ ਨੂੰ ਧੀਰਜ ਬਖ਼ਸ਼ ਕੇ ਅਸਥਾਨ ਵਾਸੀ ਪ੍ਰੇਮੀਆਂ ਨੂੰ ਜੁੰਮੇਵਾਰੀ ਸੌਂਪ ੭-੯-੭੬ ਨੂੰ ਚਲੇ। ਭਾਈ ਹਜ਼ੂਰਾ ਸਿੰਘ ਡ੍ਰਾਈਵਰ ਗੱਡੀ ਚਲਾਉਂਦਾ ਸੀ। ਦਿੱਲੀ ਆਪਣੇ ਪਰਮ ਪ੍ਰੀਤਵਾਨ ਸ. ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਦੀ ਕੋਠੀ ਫਰੈਂਡਸ ਕਾਲੋਨੀ ਮਥੁਰਾ ਰੋਡ ਠਹਿਰੇ। ਸਾਰੇ ਪ੍ਰਵਾਰ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ। ਹੋਰ ਵੀ ਸ਼ਹਿਰ ਦੇ ਪ੍ਰੇਮੀ ਦਰਸ਼ਨਾਂ ਵਾਸਤੇ ਪੁੱਜੇ। ਕਈ ਗੁਰਮੁਖਾਂ ਦੇ ਘਰੀਂ ਚਰਨ ਪਾਏ। ਆਪ ਜੀ ਏਥੇ ਪੰਜ ਦਿਨ ਠਹਿਰੇ। ਇਨ੍ਹਾਂ ਦਿਨਾਂ ਵਿੱਚ ਪਾਸਪੋਰਟ ਤੇ ਵੀਜ਼ੇ ਆਦਿਕ ਦਾ ਕੰਮ ਕੀਤਾ। ਉਪਰੰਤ ਇਨ੍ਹਾਂ ਸਰਦਾਰਾਂ ਵੱਲੋਂ ਹੀ ਜਹਾਜ਼ ਦੀਆਂ ਸੀਟਾਂ ਬੁੱਕ ਕਰਵਾ ਕੇ ਟਿਕਟਾਂ ਲਈਆਂ ਗਈਆਂ। ਸੰਤ ਜੀ ਮਹਾਰਾਜ ਤੇ ਸੇਵਾਦਾਰ ਦੀ ਫਸਟ ਕਲਾਸ ਸੀਟ ਸੀ।

੧੨-੯-੭੬ ਨੂੰ ਸਵੇਰ ਦੇ ਅੱਠ ਵਜੇ ਹਵਾਈ ਅੱਡੇ ਤੇ ਪੁੱਜੇ। ਏਅਰ ਪੋਰਟ ਤੇ ਵੀ ਸੰਗਤਾਂ ਦਾ ਕਾਫ਼ੀ ਇਕੱਠ ਸੀ। ਸਭਨਾਂ ਨੂੰ ਦਰਸ਼ਨ ਦੀਦਾਰ ਬਖ਼ਸ਼ ਛੇਤੀ ਵਾਪਸ ਮੁੜ ਆਉਣ ਦਾ ਬਚਨ ਕਰ ਕੇ ਏਅਰ ਇੰਡੀਆ ਜਹਾਜ਼ ਵਿੱਚ ਅਸਵਾਰ ਹੋਏ ਜੋ ਪੌਣੇ ਦਸ ਵਜੇ ਰਵਾਨਾ ਹੋ ਕੇ ਤਹਿਰਾਨ, ਮਾਸਕੋ ਵਿੱਚ ਦੀ ਹੁੰਦਾ ਹੋਇਆ ਲੰਡਨ ਦੇ ਟਾਈਮ ਸ਼ਾਮੀ ਸੱਤ ਵਜੇ (ਇੰਡੀਆ ਟਾਈਮ ੧੧ ਦਾ ਸੀ) ਲੰਡਨ ਪੁੱਜਾ। ਜਹਾਜ਼ ਦੇ ਆਉਣ ਤੋਂ ਪਹਿਲਾਂ ਪ੍ਰੇਮੀਆਂ ਦਾ ਬਹੁਤ ਇਕੱਠ ਜੁੜ ਗਿਆ। ਫੁੱਲਾਂ ਦੇ ਹਾਰਾਂ ਨਾਲ ਸੁਆਗਤ ਕੀਤਾ। ਉਪਰੰਤ ਕਾਰਾਂ ਵਿੱਚ ਅਸਵਾਰ ਹੋ ਕੇ ਸ. ਪ੍ਰੀਤਮ ਸਿੰਘ ਇਆਲੀ

ਦੇ ਘਰ ਚਰਨ ਪਾਏ। ਸਾਰੇ ਪ੍ਰਵਾਰ ਨੂੰ ਚਾਅ ਚੜ੍ਹ ਗਿਆ।

ਏਥੇ ਤਿੰਨ ਦਿਨ ਠਹਿਰੇ। ਉਸ ਤੋਂ ਬਾਅਦ ੧੪-੯-੭੬ ਨੂੰ ਸ. ਸੁਦਾਗਰ ਸਿੰਘ ਰੂਮੀ ਦੇ ਘਰ ਵੁਲਵਰਹੈਂਪਟਨ ਆ ਗਏ। ਇੱਥੇ ਛੇ ਦਿਨ ਠਹਿਰੇ। ਜਿਸ ਜਗ੍ਹਾ ਸੰਤ ਜੀ ਮਹਾਰਾਜ ਨੇ ਸਰੀਰ ਦਾ ਤਿਆਗ ਕੀਤਾ ਸੀ, ਹਜ਼ੂਰ ਦੀ ਯਾਦ ਮਨਾਉਣ ਵਾਸਤੇ ਉਸ ਕਮਰੇ ਵਿੱਚ ਅਖੰਡ ਪਾਠ ਰੱਖਿਆ। ਸੰਤ ਮੀਹਾਂ ਸਿੰਘ ਜੀ ਸਿਆੜ ਵਾਲੇ ਵੀ ਇਸ ਸਮੇਂ ਆਏ ਹੋਏ ਸਨ। ਉਨ੍ਹਾਂ ਨੇ ਹੀ ਅਖੰਡ ਪਾਠ ਦੇ ਭੋਗ ਸਮੇਂ ਅਰਦਾਸ ਕੀਤੀ ਸੀ। ਘਰ ਵਾਲੇ ਪ੍ਰੇਮੀਆਂ ਨੂੰ ਧੀਰਜ ਬਖ਼ਸ਼ ਕੇ ੨੦-੯-੭੬ ਨੂੰ ਸ. ਜਗਦੇਵ ਸਿੰਘ ਗਰੇਵਾਲ ਦੇ ਘਰ ਸਟੀਵਨੇਜ਼ ਆ ਗਏ। ਏਥੇ ਚਾਰ ਦਿਨ ਠਹਿਰੇ। ਪ੍ਰੇਮੀਆਂ ਨੇ ਬੜੇ ਪਿਆਰ ਦਾ ਸਬੂਤ ਦਿੱਤਾ। ੨੪-੯-੭੬ ਨੂੰ ਸ. ਈਸ਼ਰ ਸਿੰਘ ਕਲਸੀ ਦੇ ਘਰ ਇਲਫੋਰਡ ਆ ਗਏ। ਇਸ ਸਮੇਂ ਇਸ ਦੇ ਵੱਡੇ ਕਾਕੇ ਦੀ ਸ਼ਾਦੀ ਹਾਪੁੜ ਵਾਲੇ ਸ. ਮਲਕੀਤ ਸਿੰਘ ਦੀ ਸੁਘੜ ਬੱਚੀ ਬੀਬੀ ਰਣਜੀਤ ਕੌਰ ਨਾਲ ਹੋਈ। ਸੰਤ ਜੀ ਮਹਾਰਾਜ ਨੇ ਦਰਸ਼ਨ ਬਖ਼ਸ਼ੇ ਤੇ ਜਥੇਦਾਰ ਜੀ ਨੇ ਅਨੰਦ ਕਾਰਜ ਕਰਵਾਏ। ੩੧-੯-੭੬ ਤੋਂ ਡਾਕਟਰ ਪ੍ਰੀਤਮ ਸਿੰਘ ਦੇ ਘਰ ਈਰਥ ਆ ਗਏ। ਚਾਰ ਦਿਨ ਠਹਿਰੇ। ੩-੧੦-੭੬ ਨੂੰ ਭੁੱਟੇ ਵਾਲੇ ਸ. ਬਲਵੰਤ ਸਿੰਘ ਦੇ ਘਰ ਗਰੀਨ ਗੋਲਡ ਆ ਗਏ। ਇਹ ਵੀ ਬੜਾ ਗੁਰਮੁਖ ਪਿਆਰਾ ਤੇ ਪੂਰਨ ਸ਼ਰਧਾਲੂ ਹੈ। ਏਥੇ ਚਾਰ ਦਿਨ ਰਹੇ। ੭-੧੦-੭੬ ਨੂੰ ਸ. ਜਰਨੈਲ ਸਿੰਘ ਦੇ ਪਾਸ ਵਾਲਸਾਲ ਆ ਗਏ। ਏਥੇ ੧੩-੧੦-੭੬ ਤੱਕ ਛੇ ਦਿਨ ਰਹੇ। ਦੋ ਦੀਵਾਨ ਵੀ ਕੀਤੇ। ਵਾਪਸ ਆਉਂਦਿਆਂ ਇੱਕ ਰਾਤ ਫੇਰ ਸੁਦਾਗਰ ਸਿੰਘ ਰੂਮੀ ਦੇ ਘਰ ਠਹਿਰ ਕੇ ਉਪਰੰਤ ਸ. ਦਲੀਪ ਸਿੰਘ ਕਲਸੀ ਦੇ ਪਾਸ ਸੰਤ ਪ੍ਰਤਾਪ ਸਿੰਘ ਦੇ ਘਰ ਆ ਗਏ। ਏਥੇ ਵੀ ਗੁਰਦੁਆਰੇ ਸਾਹਿਬ ਦੋ ਦਿਨ ਕੀਰਤਨ ਕੀਤਾ। ੧੭-੧੦-੭੬ ਨੂੰ ਸ. ਹਰਦੇਵ ਸਿੰਘ ਫੋਟੋ ਗਰਾਫਰ ਦੇ ਘਰ ਸਾਊਥਹਾਲ ਆ ਗਏ। ਜਥੇਦਾਰ ਜੀ ਨੇ ਸਾਊਥਹਾਲ ਦੇ ਗੁਰਦੁਆਰੇ ਪੰਜ ਦੀਵਾਨ ਕੀਤੇ ਏਸ ਸਮੇਂ ੬੫ ਪ੍ਰੇਮੀਆਂ ਨੇ ਅੰਮ੍ਰਿਤ ਛਕਿਆ। ੨੪-੧੦-੭੬ ਨੂੰ ਫੇਰ ਵਾਪਸ ਸ. ਪ੍ਰੀਤਮ ਸਿੰਘ ਇਆਲੀ ਦੇ ਘਰ ਆ ਗਏ। ਪ੍ਰੇਮੀਆਂ ਨੂੰ ਤਿੰਨ ਦਿਨ ਹੋਰ ਦਰਸ਼ਨ ਬਖ਼ਸ਼ ਏਥੋਂ ਹੀ ੨੭-੧੦-੭੬ ਸ਼ਾਮ ਦੇ ਅੱਠ ਵਜੇ ਏਅਰ ਇੰਡੀਆ ਜਹਾਜ਼ ਤੇ ਅਸਵਾਰ ਹੋ ਕੇ ਦੂਜੇ ਦਿਨ ੨੮-੧੦-੭੬ ਨੂੰ ਦਿਨ ਦੇ ਇੱਕ ਵਜੇ ਦਿੱਲੀ ਆ ਪਹੁੰਚੇ। ਏਸ ਸਮੇਂ ਵੀ ਸੁਆਗਤ ਵਾਸਤੇ ਬਹੁਤ ਸਾਰੀ ਸੰਗਤ ਪੁੱਜੀ ਸੀ। ਆਪ ਜੀ ਕੋਕਾ ਕੋਲਾ ਵਾਲਿਆਂ ਦੀ ਕੋਠੀ ਠਹਿਰ, ਫੇਰ ਹਾਪੁੜ ਚਲੇ ਗਏ। ਏਥੋਂ ਕੁੱਝ ਕੁ ਸਮੇਂ ਵਾਸਤੇ ਮੁਰਾਦਾਬਾਦ ਵਾਲੇ ਪ੍ਰੇਮੀਆਂ ਨੂੰ ਦਰਸ਼ਨ ਬਖ਼ਸ਼ ਕੇ ਫੇਰ ਹਾਪੜ ਆ ਗਏ। ਤੇ ਏਥੋਂ ੧-੧੧-੭੬ ਨੂੰ ਸਿੱਧੇ ਕਰਮਸਰ ਆ ਕੇ ਸੰਗਤ ਨੂੰ ਦਰਸ਼ਨ ਦਿੱਤਾ। ਇਸ ਸਮੇਂ ਇਲਾਕੇ ਦੀ ਸੰਗਤ ਦਾ ਬੜਾ ਇਕੱਠ ਜੁੜਿਆ। ਸਾਰੇ ਹੀ ਅਸਥਾਨ ਤੇ ਬੜੀ ਸਜਾਵਟ ਕੀਤੀ ਗਈ ਬੈਂਡ ਵਾਜਿਆਂ ਨਾਲ ਬੜਾ ਸਤਿਕਾਰ ਕੀਤਾ। ਕਈ ਦਿਨ ਲੰਗਰ ਵਿੱਚ ਬੜੇ ਖੁੱਲ੍ਹੇ ਭੰਡਾਰੇ ਵਰਤੇ।

ਛੋਟੇ ਸੰਤ ਜੀ ਮਹਾਰਾਜ ਦੀਆਂ ਸੇਵਾਵਾਂ

ਅਤਰਸਰ

ਵੱਡੇ ਸੰਤ ਜੀ ਮਹਾਰਾਜ ਨੇ ਤਾਂ ਸ਼ੁਰੂ ਤੋਂ ਹੀ ਨਵਿਰਤੀ ਵਿੱਚ ਜੀਵਨ ਬਤੀਤ ਕੀਤ ਅਸਥਾਨ ਦੀ ਸਾਰੀ ਜ਼ੁੰਮੇਵਾਰੀ ਤੇ ਸੇਵਾ ਸੰਭਾਲ ਆਪ ਹੀ ਕਰਦੇ ਸਨ। ਉਨ੍ਹਾਂ ਦੇ ਸਰੀਰ ਤੋਂ ਬਾਅਦ ਆਪ ਜੀ ਨੇ ਇਹ ਮਹਾਨ ਕਾਰਜ ਕੀਤੇ। ਇੱਕ ਸਰੋਵਰ (ਅਤਰਸਰ) ਸ੍ਰੀ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੇ ਤਪ ਅਸਥਾਨ (ਜਿਸ ਨੂੰ ਪਹਿਲਾਂ ਗੋਖੇ ਦੀ ਛੱਪੜੀ ਕਹਿੰਦੇ ਸਨ) ਜ਼ਮੀਨ ਖਰੀਦ ਕੇ ਤਿਆਰ ਕੀਤਾ ਅਤੇ ਤਪ ਅਸਥਾਨ ਦੇ ਨਾਮ ਰਜਿਸਟਰੀ ਕਰਵਾ ਦਿੱਤੀ। ਇਸ ਦਾ ਗੁਰਦੁਆਰੇ ਰੇਰੂ ਸਾਹਿਬ ਨਾਲ ਕੋਈ ਸਬੰਧ ਨਹੀਂ। ਇਹ ਅੰਦਰੋਂ ਸੱਠ ਫੁੱਟ ਮੁਰੱਬਾ ਤਿਆਰ ਹੈ। ਚੁਫੇਰੇ ਦਸ ਫੁੱਟ ਪਰਕਰਮਾ ਹੈ। ਇੱਕ ਪਾਸੇ ਦਸ ਫੁੱਟ ਚੌੜਾ ਤੇ ਲੰਮਾ ਸੱਠ ਫੁੱਟ ਬਾਰਸ਼ ਤੇ ਧੁੱਪ ਪਾਸੇ ਮਾਈਆਂ ਦੇ ਇਸ਼ਨਾਨ ਵਾਸਤੇ ਪੋਣਾ ਬਣਿਆ ਹੈ।

ਕਰਮਸਰ ਸਰੋਵਰ

ਇੱਕ ਸਰੋਵਰ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਲੰਗਰ ਤੇ ਟਿਊਬਵੈੱਲ ਦੇ ਵਿਚਕਾਰਲੀ ਜਗ੍ਹਾ ਪਰ ਤਿਆਰ ਕਰਵਾਇਆ ਜਿਸ ਦੀ ਅੰਦਰੋਂ ਲੰਬਾਈ ੮੩ ਫੁੱਟ ਤੇ ਚੌੜਾਈ ੬੨ ਫੁੱਟ ਹੈ। ਚੁਫੇਰੇ ੧੪ ਫੁੱਟ ਪ੍ਰਕਰਮਾ ਹੈ ਜਿਸ ਦੇ ਉੱਪਰ ਚਾਰੇ ਪਾਸੇ ਚਾਦਰਾਂ ਦਾ ਸ਼ੈੱਡ ਪਾਇਆ ਹੈ। ਇਹ ਜ਼ਮੀਨ ਤੋਂ ਦੋ ਫੁੱਟ ਉੱਚਾ ਰੱਖ ਕੇ (ਟਿਊਬਵੈੱਲ ਨਾਲ ਭਰਦੇ ਹਨ) ਪਾਣੀ ਨਿਕਲਦਾ ਕੀਤਾ ਹੈ ਜੋ ਹੇਠਾਂ ਚੁਫੇਰੇ ੨੮ ਕਮਰੇ ਬਣੇ ਜਿਨ੍ਹਾਂ ਵਿੱਚੋਂ ਪੰਜ ਕਮਰੇ ੧੬×੧੦ ਦੇ ਹਨ ਬਾਕੀ ਦੇ ਸਾਰੇ ੧੪×੧੦ ਦੇ ਹਨ।

ਛੋਟੇ ਸੰਤ ਜੀ ਮਹਾਰਾਜ ਦੇ ਬਚਨਾਂ ਦੁਆਰਾ ਪ੍ਰੇਮੀਆਂ ਤੇ ਬਖ਼ਸ਼ਿਸ਼

ਸ. ਸੇਵਾ ਸਿੰਘ ਭਮਰਾ (ਖੰਨਾ) ਦੇ ਘਰ ਛੋਟੇ ਸੰਤ ਜੀ ਨੇ ਕਈ ਵਾਰ ਚਰਨ ਪਾਏ ਤੇ ਲੜਕਾ ਹੋਣ ਦਾ ਬਚਨ ਕੀਤਾ ਜਿਸ ਕਰ ਕੇ ਨੌਂ ਲੜਕੀਆਂ ਤੋਂ ਬਾਅਦ ੨੩-੩-੭੭ ਨੂੰ ਲੜਕੇ ਦਾ ਜਨਮ ਹੋਇਆ। ਇਸੇ ਤਰ੍ਹਾਂ ਧਰੌੜ ਪਿੰਡ ਦੇ ਜੋ ਗਿੱਲ ਰੋਡ ਲੁਧਿਆਣਾ ਰਹਿੰਦੇ ਹਨ ਹੀਰਾ ਸਿਲਾਈ ਮਸ਼ੀਨ ਵਾਲੇ ਪ੍ਰੇਮੀ ਸ. ਸੁਰਿੰਦਰ ਸਿੰਘ ਦੇ ਘਰ ਬੀਬੀ ਅਵਤਾਰ ਕੌਰ ਦੀ ਕੁਖੋਂ ਸ਼ਾਦੀ ਤੋਂ ਅੱਠ ਬਰਸ ਬਾਅਦ ਛੋਟੇ ਸੰਤ ਜੀ ਦੇ ਬਚਨਾਂ ਦੁਆਰਾ ੨੫-੧੧-੭੬ ਨੂੰ ਲੜਕੇ ਦਾ ਜਨਮ ਹੋਇਆ। ਆਪ ਜੀ ਨੇ ਉਸ ਦਾ ਨਾਮ ਗੁਰਮੀਤ ਸਿੰਘ ਰੱਖਿਆ। ਲੁਧਿਆਣੇ ਤੋਂ ਰਾਏ ਕੋਟ ਨੂੰ ਜਾਣ ਵਾਲੀ ਸੜਕ ਤੇ ਹਲਵਾਰਾ ਪਿੰਡ ਆਉਂਦਾ ਹੈ। ਏਥੋਂ ਦਾ ਪ੍ਰੇਮੀ ਸ. ਜਗਤ ਸਿੰਘ ਤੇ ਇਸ ਦੇ ਘਰੋਂ ਜਮੀਤ ਕੌਰ ਕਈ ਸਾਲਾਂ ਤੋਂ ਅਸਥਾਨ ਤੇ ਆਉਂਦੇ ਤੇ ਸੇਵਾ ਕਰਦੇ ਹਨ। ਇਨ੍ਹਾਂ ਦੇ ਸਪੁੱਤਰ ਸ. ਜੁਗਿੰਦਰ ਸਿੰਘ ਦੀਆਂ ਦੋ ਸ਼ਾਦੀਆਂ ਸਨ। ਪਹਿਲੀ ਬੀਬੀ ਸਤਵੰਤ ਕੌਰ ਗਾਲਬ ਪਿੰਡ ਤੋਂ ਜਿਸ ਦੀ ਸ਼ਾਦੀ ੧੯੫੫ ਈ. ਵਿੱਚ ਹੋਈ ਪਰ ਇਸ ਦੇ ਕੋਈ ਬੱਚਾ ਨਾ ਹੋਇਆ ਤਾਂ ਦੂਜੀ ਸ਼ਾਦੀ ੧੯੬੬ ਈ. ਨੂੰ ਮਲੇਰਕੋਟਲੇ ਸ. ਸੁੱਚਾ ਸਿੰਘ ਦੀ ਲੜਕੀ ਬੀਬੀ ਬਲਜੀਤ ਕੌਰ ਨਾਲ ਹੋਈ। ਇਸ ਦੇ ਘਰ ਵੀ ਕੋਈ ਬੱਚਾ ਨਾ ਹੋਇਆ। ਇਲਾਜ ਵੀ ਬੜੇ ਕਰਵਾਏ ਪਰ ਅਸਫ਼ਲ ਰਹੇ। ਫੇਰ ਛੋਟੇ ਸੰਤ ਜੀ ਮਹਾਰਾਜ ਦੇ ਪਾਸ ਬੇਨਤੀ ਕੀਤੀ। ਹਜ਼ੂਰ ਨੇ ਬਿਧੀ ਪੂਰਬਕ ਸ੍ਰੀ ਸੰਪਟ ਅਖੰਡ ਪਾਠ ਕਰਵਾਉਣ ਦੀ ਆਗਿਆ ਕੀਤੀ। ਇਨ੍ਹਾਂ ਨੇ ਗ਼ਰੀਬ ਨਿਵਾਜ਼ ਦੇ ਬਚਨਾਂ ਦੁਆਰਾ ੪-੧-੭੫ ਨੂੰ ਗੁਰ ਮਰਯਾਦਾ ਤੇ ਪਵਿੱਤ੍ਰਤਾ ਨਾਲ ਸੰਪਟ ਅਖੰਡ ਪਾਠ ਪ੍ਰਾਰੰਭ ਕੀਤਾ ਭੋਗ ਦੇ ਸਮੇਂ ਭੋਗ ਮੋਖ ਦੇ ਦਾਤੇ ਆਪ ਪੁੱਜੇ ਸ਼ਰਧਾ ਦੇਖ ਕੇ ਬਚਨ ਕੀਤਾ ਤੁਹਾਡੀ ਭਾਵਨਾ ਨੂੰ ਫ਼ਲ ਲੱਗਾ ਹੈ। ਠੀਕ ਇੱਕ ਸਾਲ ਤੋਂ ਬਾਅਦ ੨੬-੧੧-੭੬ ਨੂੰ ਬੀਬੀ ਬਲਜੀਤ ਕੌਰ ਤੋਂ (ਜੌੜੇ ਬੱਚੇ) ਇੱਕ ਭੁਜੰਗੀ ਤੇ ਇੱਕ ਗੁੱਡੀ ਨੇ ਜਨਮ ਲਿਆ। ਆਪ ਜੀ ਨੇ ਕਾਕੇ ਦਾ ਨਾਮ ਹਰਪ੍ਰੀਤ ਸਿੰਘ ਤੇ ਬੀਬੀ ਦਾ ਨਾਮ ਮਨਪ੍ਰੀਤ ਕੌਰ ਰੱਖਿਆ।

ਇਸੇ ਤਰ੍ਹਾਂ ਹਾਪੁੜ ਵਲੇ ਪ੍ਰੇਮੀਆਂ ਤੇ ਕ੍ਰਿਪਾ ਕੀਤੀ। ਸ. ਮਲਕੀਤ ਸਿੰਘ ਦੇ ਸਪੁੱਤਰ ਸ. ਖੇਮ ਸਿੰਘ ਦੇ ਘਰ ਤਿੰਨ ਬੱਚਿਆਂ ਤੋਂ ਬਾਅਦ ਸੰਤਾਂ ਦੇ ਬਚਨਾਂ ਦੁਆਰਾ ੧-੧-੭੭ ਨੂੰ ਲੜਕੇ ਦਾ ਜਨਮ ਹੋਇਆ।

ਇਸੇ ਤਰ੍ਹਾਂ ਸ. ਗੁਰਚਰਨ ਸਿੰਘ (ਨੱਤਾਂ) ਜੋ ਬਰੇਲੀ ਰਹਿੰਦੇ ਹਨ ਛੋਟੇ ਸੰਤ ਜੀ ਦੇ ਬਚਨਾਂ ਨਾਲ ਇਸ ਦੇ ਘਰ ਪੰਜ ਲੜਕੀਆਂ ਤੋਂ ਬਾਅਦ ਬੀਬੀ ਸੁਸ਼ੀਲ ਕੌਰ ਦੇ ਲੜਕਾ ਹੋਇਆ।

ਆਪ ਜੀ ਨੇ ਚਾਰ ਕਮਰੇ ਸ੍ਰੀ ਹਜ਼ੂਰ ਸਾਹਿਬ ਸਚਖੰਡ ਤਖ਼ਤ ਸਾਹਿਬ ਤੇ ਲੰਗਰ ਸਾਹਿਬ ਵੱਲ ਤਿਆਰ ਕਰਵਾਏ। ਜਿਨ੍ਹਾਂ ਵਿੱਚੋਂ ਇੱਕ ਕਮਰਾ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਯਾਦਗਾਰ ਵਿੱਚ, ਇੱਕ ਕਮਰਾ ਵੱਡੇ ਸੰਤ ਜੀ ਮਹਾਰਾਜ ਦੀ ਯਾਦ ਵਿੱਚ ਇੱਕ ਕਮਰਾ ਆਪਣੇ ਵੱਲੋਂ ਇਹ ਤਿੰਨ ਕਮਰੇ ਲੰਗਰ ਸਾਹਿਬ ਬਾਬਾ ਨਿਧਾਨ ਸਿੰਘ ਜੀ ਵੱਲ ਬਣਵਾਏ। ਇੱਕ ਕਮਰਾ ਬੀਬੀ ਗਿਆਨ ਕੌਰ (ਸੈਲਕੀਆਣਾ) ਨੇ ਸੰਤ ਜੀ ਮਹਾਰਾਜ ਦੀ ਯਾਦ ਵਿੱਚ ਲੰਗਰ ਸਾਹਿਬ ਵੱਲ ਬਣਾਇਆ। ਇੱਕ ਕਮਰਾ ਸ. ਮੋਹਨ ਸਿੰਘ ਕੋਕਾ ਕੋਲਾ ਦਿੱਲੀ ਵਾਲੇ ਦੇ ਪ੍ਰਵਾਰ ਵੱਲੋਂ ਤਖ਼ਤ ਸਾਹਿਬ ਵੱਲ ਤਿਆਰ ਕਰਵਾਇਆ। ਇਸੇ ਤਰ੍ਹਾਂ ਸ. ਸੰਪੂਰਨ ਸਿੰਘ ਜੀ (ਖਟੜਾ) ਕਲਕੱਤਾ ਨੇ ਇੱਕ ਕਮਰਾ ਬਿਭੌਰ ਸਾਹਿਬ (ਨੰਗਲ) ਇੱਕ ਕਮਰਾ ਤਖ਼ਤ ਸ੍ਰੀ ਦਮਦਮਾ ਸਾਹਿਬ (ਗੁਰੂ ਕਾਂਸ਼ੀ) ਸੰਤ ਜੀ ਮਹਾਰਾਜ ਦੀ ਯਾਦਗਾਰ ਵਿੱਚ ਤਿਆਰ ਕਰਵਾਇਆ ਤੇ ਦਸ ਹਜ਼ਾਰ ਰੁਪਿਆ ਕਰਮਸਰ ਸਰੋਵਰ ਦੀ ਸੇਵਾ ਵਿੱਚ ਹਿੱਸਾ ਪਾਇਆ। ਵੱਡਾ ਹਾਲ, ਹਾਇਰ ਸਕੈਂਡਰੀ ਸਕੂਲ, ਹਸਪਤਾਲ ਤੇ ਪਬਲਿਕ ਸਕੂਲ ਛੋਟੇ ਸੰਤ ਜੀ ਮਹਾਰਾਜ ਨੇ ਬਣਾਏ।

ਘੰਟਾ ਘਰ

ਨਹਿਰ ਤੋਂ ਉੱਤਰ ਕੇ ਅਸਥਾਨ ਦੇ ਅੰਦਰ ਪ੍ਰਵੇਸ਼ ਹੋਣ ਸਮੇਂ ਦਰਸ਼ਨੀ ਡਿਉਢੀ ਆਉਂਦੀ ਹੈ ਜਿਸ ਦੇ ਉੱਪਰ ਘੰਟਾ ਘਰ ਬਣਿਆ ਹੈ। ਦਰਸ਼ਨੀ ਡਿਉਢੀ ੧੪ ਫੁੱਟ ਚੌੜੀ ਤੇ ਬਰਾਂਡੇ ਸਮੇਤ ੩੦ ਫੁੱਟ ਲੰਮੀ ਹੈ। ਉਸ ਦੇ ਉੱਪਰ ਬਾਰਾਂ ਫੁੱਟ ਉੱਚਾ ੧੪×੧੨ ਦਾ ਕਮਰਾ ਬਣਿਆ ਹੈ। ਉਸ ਦੇ ਉੱਪਰ ੧੧ ਫੁੱਟ ਉੱਚਾ ੧੪×੨੦ ਦਾ ਹੋਰ ਕਮਰਾ ਹੈ। ਉਸ ਦੇ ਉੱਪਰ ੩੦ ਫੁੱਟ ਉੱਚਾ ੧੬×੧੬ ਦਾ ਹੋਰ ਕਮਰਾ ਹੈ ਜਿਸ ਦੇ ਵਿੱਚ ਘੜੀ ਦੇ ਵੇਟ ਲਟਕਦੇ ਹਨ। ਇਹ ਤੀਹ ਫੁੱਟ ਦੀ ਛੱਤ ਤੇ ੧੪ ਫੁੱਟ ਉਚਾ ਹੋਰ ਕਮਰਾ ਹੈ ਜਿਸ ਵਿੱਚ ਘੜੀ ਦੀ ਮਸ਼ੀਨ ਤੇ ੬ ਫੁੱਟ ਮੁਰੱਬਾ ਦੇ ਗੋਲ ਡਾਇਲ ਲੱਗੇ ਹਨ। ਉਸ ਉੱਪਰ ੬ ਫੁੱਟ ਉੱਚਾ ਅੱਠ ਪਹਿਲੂ ਦਾ ਕਮਰਾ ਟੱਲ ਲਟਕਣ ਵਾਸਤੇ ਹੈ ਜੋ ਖੜਕਣ ਸਮੇਂ ਕਈ ਮੀਲਾਂ ਵਿੱਚ ਸੁਣਦੇ ਹਨ। ਉਸ ਉੱਪਰ ਵੀਹ ਫੁੱਟ ਉੱਚਾ ਗੁੰਬਦ ਤੇ ਸੱਤ ਫੁੱਟ ਉੱਚਾ ਸਟੇਨਲੈਸ ਸਟੀਲ ਦਾ ਕਲਸ ਹੈ ਜਿਸ ਦੇ ਉੱਪਰ ਦੋ ਫੁੱਟ ਉੱਚੀ ਬੱਤੀ ਲੱਗੀ ਹੈ ਜਿਸ ਦੀ ਰੋਸ਼ਨੀ ਵੀ ਕਾਫ਼ੀ ਦੂਰ ਤੱਕ ਜਾਂਦੀ ਹੈ।

ਨੋਟ: ਘੜੀਆਂ ਦੀ ਸੇਵਾ ਕਲਕੱਤਾ ਨਿਵਾਸੀ ਸ. ਸੁਖਦੇਵ ਸਿੰਘ ਗੀਹਲ ਤੇ ਲੋਟਾ ਪ੍ਰਵਾਰ ਵੱਲੋਂ ਹੋਈ।

ਇਨ੍ਹਾਂ ਸੇਵਾਵਾਂ ਤੋਂ ਇਲਾਵਾ ਆਪ ਜੀ ਨੇ ਆਪਣੀ ਦੂਰ ਦ੍ਰਿਸ਼ਟੀ ਦਾ ਸਬੂਤ ਦਿੰਦਿਆਂ ਹੋਇਆਂ ਅਤੇ ਭੱਵਿਖਤ

ਸਮੇਂ ਨੂੰ ਦ੍ਰਿਸ਼ਟੀ ਗੋਚਰ ਕਰਦਿਆਂ ਹੋਇਆਂ 'ਗੁਰਦਵਾਰਾ ਕਰਮਸਰ ਰਾੜਾ ਸਾਹਿਬ ਟਰੱਸਟ' ਵੀ ਬਣਵਾਇਆ। ਜਿਸ ਵਿੱਚ ੧੩ ਮੈਂਬਰ ਸ਼ਾਮਲ ਹਨ। ਜਿਨਾਂ ਵਿੱਚ ਪੰਜ ਗੁਰਦੁਆਰਾ ਕਰਮਸਰ ਦੇ ਅੱਠ ਬਾਹਰਲੇ 'ਪ੍ਰੇਮੀ' ਹਨ। ਆਪ ਸੰਤ ਜੀ ਪ੍ਰਧਾਨ ਸਨ।

ਵੱਡੇ ਸੰਤ ਮਹਾਰਾਜ ਜੀ ਦੇ ਸਮੇਂ ਸੰਤ ਆਸ਼ਰਮ ਧਭਲਾਨ (ਪਟਿਆਲਾ) ੧) ਸ੍ਰੀਮਾਨ ਸੰਤ ਕਿਸ਼ਨ ਸਿੰਘ ਜੀ ਮਹਾਰਾਜ, ੨) ਬਾਬੂ ਰਲਾ ਸਿੰਘ ਜੀ ਦੀ ਜਗ੍ਹਾ ਹੁਣ ਜਥੇਦਾਰ ਪ੍ਰੇਮ ਸਿੰਘ ਮੈਂਬਰ ਬਣਾਇਆ ਗਿਆ ਹੈ ਅਤੇ ਨਾਲ ਹੀ ਭਾਈ ਹਰਜਿੰਦਰ ਸਿੰਘ ਨੂੰ ਜੋ ਪਹਿਲਾਂ ਜਥੇ ਵਿੱਚ ਰਾੜੇ ਸਾਹਿਬ ਰਹਿੰਦਾ ਸੀ ਹੁਣ ਛੋਟੇ ਜਥੇਦਾਰ ਤੇ ਕਥਾ ਕੀਰਤਨ ਦੀ ਜੁੰਮੇਵਾਰੀ ਸੌਂਪੀ। ੩) ਸ. ਅਜੀਤ ਸਿੰਘ ਜੀ ਕੋਕਾ ਕੋਲਾ ਵਾਲੇ ਦਿੱਲੀ, ੪) ਐਸ. ਕੇ. ਮਹਿਤਾ ਲੁਧਿਆਣਾ, ੫) ਸ. ਪ੍ਰਮਜੀਤ ਸਿੰਘ ਜੀ ਲੁਧਿਆਣਾ ਆਦਿ।

ਗੁਰਦਵਾਰਾ ਕਰਮਸਰ (ਰਾੜਾ ਸਾਹਿਬ) ਨਾਲ ਸਬੰਧਤ ਅਸਥਾਨ

੧) ਸੰਤ ਆਸ਼ਰਮ ਧਭਲਾਨ
੨) ਗੁ. ਅਤਰਸਰ ਸਾਹਿਬ (ਜੀ. ਟੀ. ਰੋਡ. ਕਨੇਚ)
੩) ਗੁਰਦਵਾਰਾ ਈਸ਼ਰਸਰ ਸਾਹਿਬ, ਆਲੋਵਾਲ
੪) ਜਨਮ ਅਸਥਾਨ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਮਸੀਤਾਂ

ਇਤਿਹਾਸ

ਕੁਦਰਤ ਦੇ ਅਟੱਲ ਨਿਯਮ ਅਨੁਸਾਰ ਧਰਤੀ ਸੂਰਜ ਦੇ ਚੌਫੇਰੇ ਘੁੰਮਦੀ ਰਹੀ ਦਿਨ ਰਾਤ ਬਣਾਉਦੀ ਤੁਰੀ ਜਾ ਰਹੀ ਹੈ। ਦਿਨ ਤੇ ਰਾਤ ਵਿੱਚ ਜੋ ਮਨੁੱਖ ਕਰਮ ਕਰਦਾ ਹੈ। ਉਹ ਮਨੁੱਖ ਦੀ ਕਹਾਣੀ ਜਾਂ ਇਤਿਹਾਸ ਹੁੰਦਾ ਹੈ। ਰਾਤ ਆਉਂਦੀ ਤੇ ਚਲੀ ਜਾਂਦੀ ਹੈ ਪਰ ਨਵੀਂ ਪ੍ਰਭਾਤ ਦੇ ਨਾਲ ਹੀ ਨਵਾਂ ਇਤਿਹਾਸ ਸ਼ੁਰੂ ਹੁੰਦਾ ਹੈ। ਇਤਿਹਾਸ ਦੀ ਉਮਰ ਲਿਖਾਰੀ ਤੋਂ ਕਿਤਨੀ ਹੀ ਲੰਬੀ ਹੈ।

ਨਵਿਸਤਾ ਬਿਮਾਨਿਦ ਸਿਆਹ ਬਰ ਸਫੈਦ। ਨਵੀਂ ਸੰਦਾ ਰਾਨਿਸਤਾ ਫਰਦਾ ਉਮੈਦ।

ਭਾਵ ਇਤਿਹਾਸ ਨੂੰ ਲਿਖਣ ਵਾਲੇ ਦੀ ਇੱਕ ਛਿਨ ਦੀ ਭੀ ਗਾਰੰਟੀ ਨਹੀਂ ਹੈ ਪਰ ਇਤਿਹਾਸ ਜੁਗਾਂ ਪ੍ਰਤੀ ਅਟੱਲ ਹੈ।

ਭੁੱਲ ਦੀ ਖਿਮਾ

ਇਹ ਪੁਸਤੱਕ ਜੋ ਤੁਹਾਡੇ ਹੱਥਾਂ ਵਿੱਚ ਹੈ ਇਸ ਵਿਖੇ ਕੁੱਝ ਕੁ ਸਾਖੀਆਂ ਅੰਕਤ ਕੀਤੀਆਂ ਹਨ ਜਿਨ੍ਹਾਂ ਵਿੱਚ ਤਰੁਟੀਆਂ ਰਹਿਣੀਆਂ ਸੰਭਵ ਹਨ। ਹੋ ਸਕਦਾ ਹੈ ਇਸ 'ਚ ਕਿਤੇ ਗੁਣ ਤੇ ਕਿਤੇ ਔਗੁਣ ਹੋਵੇ ਕਿਉਂਕਿ ਇਹ ਦੋਵੇਂ ਸਕੇ ਭਰਾ ਹਨ। ਤਦੇ ਹੀ ਇੱਕ ਦੂਜੇ ਦੇ ਕੋਲ ਰਹਿੰਦੇ ਹਨ। ਕਿਸੇ ਮਹਾਂਪੁਰਸ਼ ਦਾ ਜੀਵਨ ਲਿਖਣਾ ਸਮੁੰਦਰ ਨੂੰ ਸਿੱਪੀ ਨਾਲ ਉਲੀਚਨਾ ਅਤੇ ਧੂੜੀ ਦੇ ਕਿਣਕੇ ਗਿਣਨ ਸਮਾਨ ਹੈ। ਪਰ ਸਿਆਣੇ ਪੁਰਸ਼ ਔਗੁਣਾਂ ਵੱਲ ਨਹੀਂ ਤੱਕਦੇ। ਉਹ ਤਾਂ ਗੁਣ ਗ੍ਰਾਹੀ ਦ੍ਰਿਸ਼ਟੀ ਨਾਲ ਰਹੱਸ ਲੈਂਦੇ ਹਨ। ਜਿਵੇਂ ਸ਼ਰਧਾਲੂ ਜਨ ਗੰਗਾ ਦੇ ਪ੍ਰਵਾਹ ਦਾ ਟੇਢਾ ਪੁਣਾ ਤਿਆਗ ਕੇ ਉਸ ਦੇ ਜਲ ਨੂੰ ਪਾਵਨ ਸਮਝ ਕੇ ਭਾਵਨਾ ਨਾਲ ਪਾਨ ਤੇ ਇਸ਼ਨਾਨ ਕਰਦੇ ਹਨ।

ਯਥਾ: ਨੋਰਾ ਸੁਰਸਰਿ ਬਕ੍ਰ ਗਤ ਗੁਨੀ ਨ ਔਗਣ ਜਾਨ। ਸਾਦਰ ਸੋ ਤਿਹ ਮਹਿ ਸਦਾ ਕਰ ਹੈਂ ਪਾਨ ਸਨਾਨ।

(ਨਾਨਕ ਪ੍ਰਕਾਸ਼)

ਜਿਵੇਂ ਬੱਚੇ ਦੀ ਜ਼ਬਾਨ 'ਚੋਂ ਨਿੱਕਲੇ ਬਚਨਾਂ ਨੂੰ ਸੁਣ ਕੇ ਮਾਤਾ ਪਿਤਾ ਨਰਾਜ਼ ਨਹੀਂ ਹੁੰਦੇ ਬਲਕਿ ਉਸ ਦੇ ਅੰਦਰਲੇ ਭਾਵ ਨੂੰ ਸਮਝ ਕੇ ਪ੍ਰਸੰਨ ਹੁੰਦੇ ਹਨ:

ਜੋ ਬਾਲਕ ਕਹਿ ਤੋਤਰੀ ਬਾਤਾ। ਸੁਨਹਿ ਮੁਦਤ ਮਨ ਪਿਤ ਅਰੁ ਮਾਤਾ।
ਹਸਹਿੰ ਕੂਰ ਕੁਟਲ ਕੁਵਿਚਾਰੀ। ਜੋ ਪਰ ਦੂਖਨ ਭੂਖਨ ਧਾਰੀ। (ਤੁਲਸੀ ਰਾਮਾਇਣ)

ਇਸੇ ਤਰ੍ਹਾਂ ਗੁਰਮੁਖ ਜਨ ਤਾਂ ਇਹ ਜਾਣਦੇ ਹਨ ਕਿ ਗੁਰੂ ਪ੍ਰਮੇਸ਼ਰ ਦੇ ਜਸ ਤੇ ਮਹਾਂਪੁਰਸ਼ਾਂ ਦੀ ਸਿਫ਼ਤ ਵਾਲੀ ਅਟਪਟੀ ਰਚਨਾ ਵੀ:

ਬਾਲ ਬਯਾਹ ਕੀ ਗਾਲ ਸਮ ਦੂਖਨ ਭੂਖਨ ਰੂਪ। (ਵੈਰਾਗ ਸ਼ੱਤਕ)

ਮੰਗਲ ਸਰੂਪ ਹੈ ਅਤੇ ਜੋ ਤਰਕ ਵਾਦੀ ਮਨਮੁੱਖ ਤੇ ਸੰਤ ਨਿੰਦਕ ਸਾਕਤ ਹਨ, ਉਨ੍ਹਾਂ ਦਾ ਸੁਭਾਉ ਤਾਂ ਸਦਾ ਏਹੋ

ਜੇਹਾ ਬਣ ਗਿਆ ਹੈ ਕਿ ਹਰ ਸਮੇਂ ਦੂਸਰੇ ਦੇ ਦੂਸ਼ਨਾਂ ਵੱਲ ਹੀ ਤੱਕਣਾ। ਜਿਵੇਂ ਲੱਖਾਂ ਰੁਪੈ ਦੇ ਸੁੰਦਰ ਮਕਾਨ ਵਿੱਚ ਪ੍ਰਵੇਸ਼ ਹੋਣ ਵਾਸਤੇ ਕੀੜੀ ਸਦਾ ਛੇਕ ਹੀ ਲੱਭਦੀ ਹੈ। ਇਸੇ ਤਰ੍ਹਾਂ ਦੇ ਸਾਕਤ ਪੁਰਸ਼ਾਂ ਨੂੰ ਤਾਂ ਜੇਕਰ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਵਿਧਾਤਾ ਵੀ ਆਪ ਆ ਕੇ ਸਮਝਾਵੇ ਤਾਂ ਵੀ ਉਹ

ਬ੍ਰਹਮਾ ਹੂ ਕੌ ਕਹਿਓ ਨ ਮਾਨਹਿ ॥੪॥ (ਗਉੜੀ ਚੇਤੀ ਭਗਤ ਕਬੀਰ ਜੀ - ੩੩੨)

ਅੱਠੇ ਪਹਿਰ ਵਾਦ ਵਿਵਾਦ ਵਿੱਚ ਲੱਗੇ ਰਹਿਣਾ, ਨਾ ਹਰੀ ਦਾ ਜਸ ਆਪ ਕਰਨਾ, ਨਾ ਕੰਨਾਂ ਦੁਆਰਾ ਸੁਣਨਾ ਪਰ ਗੱਲਾਂ ਬਾਤਾਂ ਨਾਲ ਧਰਤੀ ਤੇ ਅਸਮਾਨ ਦੇ ਕਲਾਵੇ ਮੇਲ ਦੇਣੇ।

ਯਥਾ: *ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥੧॥*

ਐਸੇ ਲੋਗਨ ਸਿਉ ਕਿਆ ਕਹੀਐ ॥
ਜੌ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥੧॥ ਰਹਾਉ ॥

(ਗਉੜੀ ਚੇਤੀ ਭਗਤ ਕਬੀਰ ਜੀ - ੩੩੨)

ਉਨ੍ਹਾਂ ਦੇ ਤਾਈਂ ਏਹੋ ਜੇਹਾ ਅੰਮ੍ਰਿਤਮਈ ਉਪਦੇਸ਼ ਨਹੀਂ ਪੋਂਹਦਾ। ਉਨ੍ਹਾਂ ਤੋਂ ਸਦਾ ਸੰਕੋਚ ਤੇ ਭੈ ਕਰ ਕੇ ਅਸੰਗ ਹੀ ਰਹਿਣਾ ਚੰਗਾ ਹੈ। ਉਹ ਹਰ ਸਮੇਂ ਨਿੰਦਾ ਚੁਗਲੀ ਤੇ ਪਰ ਦੂਖਨ ਦੇਖਣ ਵਿੱਚ ਹੀ ਪ੍ਰਸੰਨ ਰਹਿੰਦੇ ਹਨ।

ਜਉ ਦੇਖੈ ਛਿਦ੍ਰ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥
ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥੧॥

(ਬਿਲਾਵਲੁ ਮਃ ੫ - ੮੨੩)

ਪਰ ਗੁਨ ਨਹੀਂ ਸਹਾਰਤੇ, ਆਪਣੇ ਮਹਿ ਗੁਨ ਨਾਹਿ। ਇਹਾਂ ਤਪੇ ਚਿੱਤ ਦੁੱਖ ਲਹੈ, ਮਰੇ ਨਰਕ ਮਹਿ ਪਾਹਿ।
ਸਤਿਪੁਰਸ਼ਾਂ ਨਾਲ ਸਾਕਤਾਂ ਦਾ ਤਾਂ ਸਹਿਜੇ ਹੀ ਵੈਰ ਹੈ।

ਯਥਾ: ਨੁਕਲ ਨਾਗ, ਸੁਰਾ ਸੁਰ, ਕੂਕਰ ਬਿਲਾਰ ਕੇਰ, ਕਾਕ ਤੇ ਉਲੂਕ, ਜਲ ਅਗਨੀ, ਪਛਾਣੀਐ।
ਧਨੀ ਰੰਕ, ਦਾਨੀ ਸੂਮ, ਹਰਨ ਸ਼ਿਕਾਰੀ ਲਖ, ਸੌਕਣਾ ਭਰਾਤ ਤਿਅ ਦਰਾਨੀ ਔ ਜਿਠਾਣੀਐ।
ਘਾਸ ਖੋਰ, ਮਾਸ ਖੋਰ, ਸਤੀ ਬਿਭਚਾਰੀ ਕੇਰ, ਪੁੰਨੀ ਅਤੇ ਪਾਪੀ, ਖਲ ਪੰਡਤ ਬਖਾਣੀਐ।
ਰਾਹੂ ਕੇਤੂ, ਰਵੀ ਸਸੀ ਤਮ ਪ੍ਰਕਾਸ਼ ਜੈਸੇ, ਦੁਸ਼ਟਾਂ ਤੇ ਸਾਧੂਆਂ ਦਾ ਸਹਿਜ ਵੈਰ ਜਾਣੀਐ।

ਤਥਾ: ਸੂਰਜ ਨੂੰ ਦੇਖ ਕੇ ਤੇ ਉਲੂਆਂ ਨੂੰ ਡਰ ਆਵੇ, ਚੰਦ ਦੀ ਚਾਂਦਲੀ ਚੋਰਾਂ ਨੂੰ ਨਾ ਭਾਂਵਦੀ।
ਮਿਸਾਲ ਦੀ ਰੌਸ਼ਨੀ ਨਾ ਚੰਗੀ ਲੱਗੇ ਅੰਨਿਆਂ ਨੂੰ, ਬੋਲਿਆਂ ਨੂੰ ਰਾਗ ਦੀ ਧੁਨੀ ਨਾ ਸੁਹਾਂਵਦੀ।
ਚੋਪੜੀ ਹੋਈ ਰੋਟੀ ਕੌੜੀ ਲੱਗੇ ਬਾਂਦਰਾਂ ਨੂੰ, ਗਧਿਆਂ ਨੂੰ ਮਿਸਰੀ ਦੀ ਡਲੀ ਨਾ ਸੁਖਾਂਵਦੀ।
ਭਾਂਵਦਾ ਨਾ ਅਤਰ ਫੁਲੇਲੇ ਜਿਵੇਂ ਹਾਥੀਆਂ ਨੂੰ, ਰਬ ਦਿਆਂ ਮਾਰਿਆਂ ਨੂੰ ਕਥਾ ਨਹੀਂ ਭਾਂਵਦੀ।

ਉਹ ਪੁਰਸ਼ ਤਾਂ ਝੋਟਿਆਂ ਸੂਰਾਂ ਤੇ ਖੋਤਿਆਂ ਦੇ ਸਮਾਨ ਹਨ ਜੋ ਇਸ ਪਵਿੱਤ੍ਰ ਇਤਿਹਾਸ ਨੂੰ ਮਲੀਨ ਕਰ ਕੇ ਗੰਧਲਾ ਕਰਿਆ ਚਾਹੁੰਦੇ ਹਨ। ਪਰ ਜੋ ਉਸ ਵਿੱਚ ਅਭੇਦ ਹੋਏ, ਸੋ ਖੁਦ ਪ੍ਰਮੇਸ਼ਰ ਦਾ ਸਰੂਪ ਹਨ। ਜਿਵੇਂ ਪ੍ਰਮੇਸ਼ਰ ਦਾ ਸੰਪੂਰਨ ਜਸ ਨਹੀਂ ਲਿਖਿਆ ਜਾ ਸਕਦਾ ਚਾਹੇ ਸਾਰੀ ਧਰਤੀ ਦਾ ਕਾਗ਼ਜ਼ ਬਣਾ ਕੇ ਸਮੂੰਹ ਬਨਾਸਪਤੀ ਦੀਆਂ ਕਲਮਾਂ ਘੜ ਲਵੇ। ਸੱਤਾਂ ਸਮੁੰਦਰਾਂ ਦੀ ਸਿਆਹੀ ਬਣਾਈ ਜਾਵੇ। ਗਣੇਸ਼ ਜਾਂ ਪੌਣ ਦੇਵਤਾ ਅਥਵਾ ਸੁਰਸਤੀ ਆਪ ਲਿਖਾਰੀ ਬਣੇ ਤਾਂ ਵੀ ਪ੍ਰਮੇਸ਼ਰ ਦਾ ਸਮੱਗਰ ਜਸ ਨਹੀਂ ਲਿਖਿਆ ਜਾਂਦਾ।

ਯਥਾ: *ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥*
ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ ॥੪॥੫॥੮॥

(ਆਸਾ ਮਃ ੫ - ੪੫੮)

ਤਥਾ: *ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥*
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥੮੧॥

(ਸਲੋਕ ਭਗਤ ਕਬੀਰ ਜੀ - ੧੩੬੯)

ਪ੍ਰਮੇਸ਼ਰ ਦੇ ਸਨਮੁਖ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਚਾਰਨ ਕੀਤਾ ਹੈ ਕਿ ਚਾਹੇ ਕੋਟਾਨ ਕੋਟ ਜੁਗਾਂ ਦੀ ਉਮਰ ਹੋ ਜਾਵੇ, ਅੰਨ ਜਲ ਦਾ ਤਿਆਗ ਕਰ ਕੇ ਕੇਵਲ ਪੌਣਾਹਾਰੀ ਹੋ ਜਾਈਏ, ਜਿੱਥੇ ਚੰਦਰਮਾ ਤੇ ਸੂਰਜ ਇਹ ਦੋਵੇਂ ਨਾ ਦਿੱਸਣ, ਇਹੋ ਜਿਹੀ ਹਨੇਰੀ ਤੇ ਤੰਗ ਗੁਫ਼ਾ ਵਿੱਚ ਇਕਾਂਤ ਅਸਥਾਨ ਵਿਖੇ ਬੈਠ ਕੇ ਜਿਸ ਜਗ੍ਹਾ ਸੁਪਨੇ ਮਾਤਰ ਵੀ ਲੰਮੇਂ ਪੈ

ਕੇ ਸਉਣ ਨੂੰ ਥਾਂ ਨਾ ਹੋਵੇ ਤੇਰਾ ਜਸ ਕਰੀਏ, ਪਰ ਹੇ ਅਕਾਲ ਪੁਰਖ! ਫੇਰ ਵੀ ਸਾਡੇ ਪਾਸੋਂ ਤਿਲ ਮਾਤਰ ਤੁਹਾਡੇ ਜਸ ਦੀ ਕੀਮਤ ਨਹੀਂ ਪੈ ਸਕਦੀ।

ਯਥਾ: *ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥*
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥

(ਸਿਰੀਰਾਗੁ ਮਃ ੧ - ੧੪)

ਜਿਵੇਂ ਪ੍ਰਮੇਸਰ ਆਪ ਬੇਅੰਤ ਹੈ, ਇਸੇ ਤਰ੍ਹਾ ਉਹਦੀ ਸਿਫ਼ਤ ਵੀ ਬੇਅੰਤ ਹੈ, ਕਹਿਣੇ ਕਰ ਕੇ ਅੰਤ ਨਹੀਂ ਪਾਇਆ ਜਾਂਦਾ।

ਅੰਤੁ ਨ ਸਿਫਤੀ ਕਹਿਣ ਨ ਅੰਤੁ ॥ (ਜਪੁ ਮਃ ੧ - ੫)

ਅਤੇ ਉਸ ਦੇ ਪਿਆਰੇ ਮਹਾਂਪੁਰਸ਼ ਵੀ ਉਸ ਦਾ ਰੂਪ ਹੋਣ ਕਰ ਕੇ ਸਦਾ ਬੇਅੰਤ ਹਨ, ਉਨ੍ਹਾਂ ਦਾ ਸੰਪੂਰਨ ਜਸ ਤੁਛ ਜੀਵ ਪਾਸੋਂ ਕਥਨ ਨਹੀਂ ਕੀਤਾ ਜਾਂਦਾ ਹੈ।

ਯਥਾ: ਕਹੈ ਮਹਤ ਕੀ ਮਹਤਹ ਸਾਖੀ। ਨਹੀ ਅਲਪ ਤੇ ਜਾਏ ਭਾਖੀ।

ਤਥਾ: *ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥*

(ਗਉੜੀ ਸੁਖਮਨੀ ਮਃ ੫ - ੨੭੨)

ਪ੍ਰੰਤੂ ਆਪਣੇ ਸਮੇਂ ਤੇ ਸਵਾਸਾਂ ਨੂੰ ਸਫ਼ਲਿਆਂ ਕਰਨ ਵਾਸਤੇ ਅਤੇ ਇਹ ਸਮਝਦਿਆ ਹੋਇਆ ਕਿ:

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥

(ਵਾਰ-ਸੋਰਠਿ ਮਃ ੪ - ੬੫੨)

ਇਸ ਪੁਸਤਕ ਨੂੰ ਮੁਕੰਮਲ ਕਰਨ ਵਾਸਤੇ ਪ੍ਰੇਮੀਆਂ ਵੱਲੋਂ ਮੰਗ ਜਾਰੀ ਰਹੀ ਤੇ ਕਿਹਾ, "ਤੁਸੀਂ ਨਾਲ ਗਏ ਸੀ। ਅੱਖੀਂ ਡਿਠੇ ਹਾਲ ਲਿਖ ਕੇ ਛੇਤੀ ਛਾਪੋ। ਛੋਟੇ ਸੰਤ ਜੀ ਨੂੰ ਵੀ ਉਨ੍ਹਾਂ ਨੇ ਬੇਨਤੀ ਕੀਤੀ ਕਿ ਗਿਆਨੀ ਜੀ ਨੂੰ ਕਹੋ, ਇਤਿਹਾਸ ਪੂਰਾ ਕਰਨ। ਉਨ੍ਹਾਂ ਨੇ ਮੇਰੇ ਮਨ ਦੀ ਦਸ਼ਾ ਜਾਣ ਕੇ ਪਾਸ ਬੁਲਾ ਕੇ ਬਚਨ ਕੀਤਾ, "ਪੁਸਤਕ ਮੁਕੰਮਲ ਹੋਣੀ ਚਾਹੀਦੀ ਹੈ। ਸੰਗਤਾਂ ਵਿੱਚ ਮੰਗ ਹੈ ਇਸ ਨੂੰ ਲਿਖ ਕੇ ਤਿਆਰ ਕਰੋ। ਛਪਣ ਦਾ ਖ਼ਿਆਲ ਨਹੀਂ ਕਰਨਾ, ਛਪ ਜਾਵੇਗੀ।" ਹਜ਼ੂਰ ਦੇ ਇਨ੍ਹਾਂ ਪਵਿੱਤਰ ਬਚਨਾਂ ਨੇ ਵਿਛੋੜੇ ਦੇ ਅੱਲੇ ਜ਼ਖਮਾਂ ਤੇ ਮਲਮ ਦਾ ਕੰਮ ਕੀਤਾ। ਮਨ ਨੂੰ ਢਾਰਸ ਮਿਲੀ ਉਦਾਸੀ ਦੂਰ ਹੋ ਗਈ। ਕੁੱਝ ਕੁ ਪ੍ਰਸੰਗ ਲੰਡਨ ਜਾ ਕੇ ਅੱਖੀਂ ਦੇਖੇ, ਨੋਟ ਕੀਤੇ ਸਨ। ਕੁੱਝ ਕੁ ਏਥੇ ਆ ਕੇ ਪ੍ਰੇਮੀਆਂ ਤੋਂ ਪੁੱਛ ਪੁੱਛਾ ਕੇ ਲਿਖੇ ਹਨ ਅਤੇ ਦੋਵੇਂ ਭਾਗਾਂ ਨੂੰ ਮਿਲਾ ਕੇ ਇੱਕ ਕਰ ਦਿੱਤਾ ਅਤੇ ਇਸ ਦਾ ਇਤਨਾ ਅਕਾਰ ਹੋ ਗਿਆ ਜੋ ਤੁਹਾਡੇ ਹੱਥਾਂ ਵਿੱਚ ਹੈ।

ਇਸ ਪੁਸਤਕ ਵਿੱਚ ਰੀਵੀਊ ਕਰਨ ਵਾਲੇ ਸਮੂੰਹ ਮਹਾਂਪੁਰਸ਼ਾਂ ਦਾ ਭੀ ਤਹਿ ਦਿਲੋਂ ਧੰਨਵਾਦੀ ਹਾਂ।

ਸਹਾਇਕ ਪੁਸਤਕਾਂ ਦੀ ਸੂਚੀ

ਅਤੇ ਜਿਨ੍ਹਾਂ ਮਹਾਂਪੁਰਸ਼ਾਂ ਦੀ ਰਚਨਾ ਦੇ ਅਧਾਰ ਤੇ ਇਹ ਗ੍ਰੰਥ ਲਿਖਿਆ ਮੈਂ ਉਨ੍ਹਾਂ ਸਭਨਾਂ ਦਾ ਧੰਨਵਾਦੀ ਹਾਂ।

ਯਥਾ:

ਪੰਥ ਪ੍ਰਕਾਸ਼: ਮੂਲ ਤੇ ਸਟਿਪਨ
ਸੰਤ ਬਿਲਾਸ: ਲੇਖਕ ਸੰਤ ਨਰੈਣ ਸਿੰਘ ਜੀ
ਗੁਰਮੁਖ ਪ੍ਰਕਾਸ਼: ਲੇਖਕ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ
ਮਾਲਵਾ ਇਤਿਹਾਸ: ਲੇਖਕ ਵਸਾਖਾ ਸਿੰਘ ਜੀ।
ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਰਚਨਾ
ਤੇ ਗਿ. ਤ੍ਰਿਲੋਕ ਸਿੰਘ ਜੀ ਤੂਫਾਨ ਤੇ ਪੁਸਤਕਾਂ 'ਚੋਂ
ਗੁਰਮਤ ਪ੍ਰਕਾਸ਼ ਦੇ ਮਾਸਕ ਰਸਾਲੇ ਅਤੇ ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਪੁਸਤਕਾਂ ਵਿੱਚੋਂ।

(ਪ੍ਰਾਰਥਿਕ- ਗਿ. ਮੋਹਨ ਸਿੰਘ 'ਅਜ਼ਾਦ')

ਕਾਂਡ ੩੭

ਸ੍ਰੀਮਾਨ ੧੦੮ ਸੰਤ ਬਾਬਾ ਤੇਜਾ ਸਿੰਘ ਜੀ 'ਭੋਰੇਵਾਲੇ'

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥ *(ਸਲੋਕ ਭਗਤ ਕਬੀਰ ਜੀ - ੧੩੬੫)*

ਸੇਵਾ ਤੇ ਸਿਮਰਨ ਸਿੱਖੀ ਦੇ ਮੁੱਢਲੇ ਅਸੂਲ ਹਨ ਅਤੇ ਸਿੱਖੀ ਮੁੱਖ ਰੂਪ ਵਿੱਚ ਇਹ ਪ੍ਰਵਾਨ ਕਰਦੀ ਹੈ ਕਿ ਨਾਮ ਅਤੇ ਸੱਤ ਦੇ ਪ੍ਰਕਾਸ਼ ਤੋਂ ਬਿਨਾਂ ਨਿਸ਼ਕਾਮ ਸੇਵਾ ਅਸੰਭਵ ਹੈ ਅਤੇ ਸੇਵਾ ਕਰਦਿਆਂ ਲੋਕ ਭਲਾਈ ਦੇ ਦੇਸ਼ ਕੌਮ ਦੀ ਰਾਖੀ ਲਈ ਜੇਕਰ ਰਾਜ ਸੱਤਾ ਸੰਭਾਲਣੀ ਪਵੇ ਤਾ ਸਿਮਰਨ ਤੋਂ ਕੋਰਾ ਇਨਸਾਨ ਪੂਰਨ ਨਿਆਂ ਨਹੀਂ ਕਰ ਸਕਦਾ। ਸੋ ਸਿਮਰਨ ਨੂੰ ਸਿੱਖੀ ਨੇ ਇਸੇ ਹੀ ਸੰਦਰਭ ਵਿੱਚ ਮੁੱਖ ਰੱਖਿਆ ਹੈ। ਸ੍ਰੀ ਦਸਮੇਸ਼ ਪਿਤਾ ਜੀ ਨੇ ਅਜਿਹੀ ਹੀ ਜੀਵਨ ਜਾਚ ਖਾਲਸਾ ਪੰਥ ਨੂੰ ਦਿੱਤੀ। ਆਪ ਜੀ ਜਿਤਨੇ ਸ਼ਸਤਰਾਂ ਦੇ ਧਨੀ ਸਨ ਉਤਨੇ ਹੀ ਆਤਮ ਦੇਸ਼ ਦੇ ਮਹਾਨ ਅਗਾਧ ਅਰਸ਼ਾਂ ਦੇ ਉਡਾਰੂ ਤੇ ਪਰਮ ਪਿਤਾ ਪਾਰਬ੍ਰਹਮ ਦੇ ਅਨਿੰਨ ਤੇ ਬੇਲਾਗ ਪ੍ਰੀਤੀਵਾਨ ਸਨ। ਯੁਧ ਦੀਆਂ ਕਾਲੀਆਂ ਘਟਾਵਾਂ ਅੰਦਰ ਵੀ ਆਪ ਜੀ ਦਾ ਸਵਾ ਪਹਿਰ ਰਹਿੰਦਿਆਂ ਜਾਗਣਾ, ਸਮਾਧੀ ਸਥਿਤ ਹੋ ਕੇ ਪ੍ਰਭੂ ਪਿਆਰੇ ਤੇ ਦਰਸ਼ਨ ਕਰਨਾ ਤੇ ਫਿਰ ਰਾਗੀ ਸਿੰਘਾਂ ਨੂੰ ਰੋਜ਼ ਕੀਰਤਨ ਦੀ ਆਗਿਆ ਕਰਨੀ, ਆਪ ਦਾ ਨਿੱਤਨੇਮ ਸੀ।

ਪੰਜਾਂ ਪਿਆਰਿਆਂ ਵਿੱਚੋਂ ਸ਼ਿਰੋਮਣੀ ਭਾਈ ਦਇਆ ਸਿੰਘ ਜੀ ਨੂੰ ਗੁਰਮਤ ਅਨੁਸਾਰ ਸ਼ਬਦ ਸੁਰਤ ਰਾਹੀਂ ਆਤਮ ਦੇਸ਼, ਦਸਮ ਦੁਆਰ ਤੇ ਪਰਮ ਸੁੰਨ ਅਸਥਾਨ ਅੰਦਰ ਵਾਸ ਕਰ ਕੇ ਗੁਰੂ ਘਰ ਦੇ ਸ਼ਬਦ ਸੁਰਤ ਦੀਆਂ ਅਗਾਧ ਅਨੰਦਮਈ ਟਿਕਾਣਿਆਂ ਦੀ ਸੋਝੀ ਕਰਵਾਈ ਅਤੇ ਖਾਲਸਾ ਨੂੰ ਗੁਰੂ ਅਤੇ ਗੁਰੂ ਨੂੰ ਖਾਲਸਾ ਰੂਪ ਦੇ ਕੇ ਸੰਸਾਰ ਦੀ ਤਵਾਰੀਖ ਹੀ ਬਦਲ ਦਿੱਤੀ:

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥ *(ਭਾ. ਗੁਰਦਾਸ ਜੀ: ਵਾਰ ੪੧ ਪਉੜੀ ੧)*

ਰਾੜਾ ਸਾਹਿਬ ਦੀ ਇਸ ਮਹਾਨ ਸੰਪ੍ਰਦਾਇ ਦਾ ਮੁੱਢ ਵੀ ਇਥੋਂ ਹੀ ਬੱਝਦਾ ਹੈ। ਭਾਈ ਦਇਆ ਸਿੰਘ ਜੀ ਤੋਂ ਲੈ ਕੇ ਇਸ ਸੰਪ੍ਰਦਾਇ ਅੰਦਰ ਮਹਾਨ ਕਰਨੀ ਕਥਨੀ ਦੇ ਸੂਰੇ, ਸੰਤ ਸਮਾਜ ਦੇ ਸਥੰਭ, ਬ੍ਰਹਮਗਿਆਨੀ, ਤੱਤਵੇਤਾ, ਕਾਰਕ ਮਹਾਂਪੁਰਸ਼ ਪੈਦਾ ਹੋਏ ਹਨ ਜਿਨ੍ਹਾਂ ਦਸਮ ਪਿਤਾ ਦੇ ਦੱਸੇ ਹੋਏ ਆਤਮ ਦਰਸਤਾ ਦੇ ਉੱਤਮ, ਮਹਾਨ ਤੇ ਅਕੱਥ ਗਿਆਨ ਦੀ ਜੋਤ ਨੂੰ ਨਿਰੰਤਰ ਜਗਦੇ ਰੱਖਿਆ।

ਭਾਈ ਦਇਆ ਸਿੰਘ ਜੀ ਤੋਂ ਵਰੋਸਾਇ ਬਾਬਾ ਸੋਭਾ ਸਿੰਘ ਜੀ ਸਨ, ਜਿਨ੍ਹਾਂ ਲੰਗਰ ਨੂੰ ਇਸ ਸੰਪ੍ਰਦਾਇ ਅੰਦਰ ਪਹਿਲ ਦਿੱਤੀ। ਹਿਕਮਤ ਦੁਆਰਾ ਦੀਨ ਦੁਖੀਆਂ ਦੀ ਸੇਵਾ ਕਰ ਕੇ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਵੱਲੋਂ ਬਖ਼ਸ਼ੇ ਗਿਆਨ ਉਪਦੇਸ਼ ਨੂੰ ਅਮਲੀ ਰੂਪ ਦਿੱਤਾ ਅਤੇ ਬਾਬਾ ਸਾਹਿਬ ਸਿੰਘ ਜੀ ਬੇਦੀ ਜੋ ਗੁਰੂ ਨਾਨਕ ਕੁਲ ਵਿੱਚੋਂ ੧੧ਵੇਂ ਸਥਾਨ ਤੇ ਸਨ, ਨੂੰ ਗਿਆਨ ਉਪਦੇਸ਼ ਦੇ ਕੇ ਸੰਪ੍ਰਦਾਇ ਨੂੰ ਅੱਗੇ ਤੋਰਿਆ। ਬਾਬਾ ਸਾਹਿਬ ਸਿੰਘ ਜੀ ਤੋਂ ਵਰੋਸਾਇ ਬਾਬਾ ਭਾਗ ਸਿੰਘ ਜੀ (ਕੁਰ੍ਹੀ ਵਾਲੇ) ਜਿਨ੍ਹਾਂ ਇਹ ਪ੍ਰੰਪਰਾ ਚਲਾਈ ਕਿ ਮੰਗਣ ਨਹੀਂ ਜਾਣਾ, ਵਰਜਵੀਂ ਰੋਟੀ ਨਹੀਂ ਖਾਣੀ, ਜੋ ਆਵੇ ਜਮ੍ਹਾਂ ਨਹੀਂ ਰੱਖਣਾ। ਆਪ ਜੀ ਨੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਨੂੰ ਗੁਰੂ ਦੀਖਿਆ ਦੇ ਕੇ ਸੰਪ੍ਰਦਾਇ ਨੂੰ ਸੁਰਜੀਤ ਰੱਖਿਆ। ਬਾਬਾ ਬੀਰ ਸਿੰਘ ਜੀ ਤੋਂ ਵਰੋਸਾਇ ਬਾਬਾ ਨਿਹਾਲ ਸਿੰਘ ਜੀ ਸਨ ਜਿਨ੍ਹਾਂ ਦੀ ਮਿੱਠੀ, ਰਸੀਲੀ ਤੇ ਪਿਆਰ ਭਰੀ ਜੁਬਾਨ ਸਦਕਾ ਲੋਕ ਉਨ੍ਹਾਂ ਨੂੰ 'ਮਹਾਰਾਜ' ਹੀ ਕਹਿਣ ਲੱਗ ਪਏ ਤੇ ਸੰਤ ਸੰਪ੍ਰਦਾਇ ਅੰਦਰ ਉਨ੍ਹਾਂ ਦਾ ਨਾਮ ਬਾਬਾ ਮਹਾਰਾਜ ਸਿੰਘ ਕਰ ਕੇ ਹੀ ਜਾਣਿਆ ਜਾਂਦਾ ਹੈ। ਇਨ੍ਹਾਂ ਤੋਂ ਵਰੋਸਾਇ ਬਾਬਾ ਰਾਮ ਸਿੰਘ ਜੀ ਇੱਕ ਅਨਿੰਨ ਦੇਸ਼ ਭਗਤ ਸਨ, ਜਿਨ੍ਹਾਂ ਨੇ ਕੌਮ ਨੂੰ ਨਵਾਂ ਜੀਵਨ ਤੇ ਉਤਸ਼ਾਹ ਬਖ਼ਸ਼ਿਆ। ਆਪ ਨੇ ਯੁੱਗ ਪੁਰਸ਼ ਬਾਬਾ ਕਰਮ ਸਿੰਘ ਜੀ ਨੂੰ ਗਿਆਨ ਦਾਤ ਬਖ਼ਸ਼ਸ਼ ਕੇ ਸੰਤ ਸਮਾਜ ਨੂੰ ਨਵੀਆਂ ਸੋਚਾਂ ਤੇ ਨਵੀਆਂ ਲੀਹਾਂ ਦਿੱਤੀਆਂ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਤੋਂ ਵਰੋਸਾਇ ਸੰਤ ਅਤਰ ਸਿੰਘ ਜੀ ਜੋ ਅਭਿਆਸ ਸਮੇਂ ਯੋਗੀ, ਕਰਮ ਸਮੇਂ ਕਿਸਾਨ, ਸੇਵਾ ਸਮੇਂ ਧਰਮ ਸੇਵਕ ਤੇ ਮਰਿਯਾਦਾ ਦੀ ਸਖ਼ਤ ਪਹਿਰੇਦਾਰੀ ਕਰਦੇ ਸਮੇਂ ਦਸਮ ਪਿਤਾ ਦੇ ਪਿਆਰੇ ਗੁਰਸਿੱਖ ਸਨ। ਇਨ੍ਹਾਂ ਤੋਂ ਵਰੋਸਾਇ ਸੰਤ ਈਸ਼ਰ ਸਿੰਘ ਜੀ ਮਹਾਰਾਜ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ) ਸਨ ਜਿਨ੍ਹਾਂ ਦੀ ਕਠਨ ਸਾਧਨਾਂ ਦੀਆਂ ਕਹਾਣੀਆਂ ਅਤੇ ਗੁਰਬਾਣੀ ਦੇ ਮਨੋਹਰ ਕੀਰਤਨ ਦੀਆਂ ਧੁੰਨਾਂ ਨੂੰ ਚਹੁੰ ਕੁੰਟੀ ਸੁਣਿਆ ਜਾ ਸਕਦਾ ਹੈ। ਇਨ੍ਹਾਂ ਹੀ ਮਹਾਂਪੁਰਸ਼ਾਂ ਤੋਂ ਵਰੋਸਾਇ ਸੰਤ ਤੇਜਾ ਸਿੰਘ 'ਭੋਰੇਵਾਲੇ' ਜਿਨ੍ਹਾਂ ਆਪਣੇ ਬਜ਼ੁਰਗਾਂ ਦੁਆਰਾ ਕਾਇਮ ਕੀਤੀ ਸੇਵਾ ਸਿਮਰਨ ਦੀ ਰੀਤੀ ਨੂੰ ਨਿਭਾਉਂਦੇ ਹੋਏ ਇਸ ਸੰਪ੍ਰਦਾਇ ਦੀ ਰੂਹਾਨੀ ਸੇਵਾ ਕੀਤੀ।

ਸ੍ਰੀਮਾਨ ਸੰਤ ਤੇਜਾ ਸਿੰਘ ਜੀ 'ਭੋਰੇ ਵਾਲਿਆਂ' ਦਾ ਜਨਮ ੧੭ ਜਨਵਰੀ ੧੯੨੭ ਈ. ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ 'ਪੋਹੀੜ' ਜੋ ਕਿ ਮਲੇਰਕੋਟਲਾ ਲੁਧਿਆਣਾ ਸੜਕ ਤੇ ਲੁਧਿਆਣਾ ਤੋਂ ੨੫ ਕਿਲੋਮੀਟਰ ਦੱਖਣ ਵੱਲ ਸਥਿੱਤ ਹੈ, ਵਿਖੇ ਅੰਮ੍ਰਿਤ ਵੇਲੇ ਦੇ ਪਵਿੱਤਰ ਸਮੇਂ ਮਾਤਾ ਸੰਤ ਕੌਰ ਜੀ ਦੀ ਸੁਭਾਗੀ ਕੁੱਖੋਂ ਪਿਤਾ ਸ. ਰਾਮ ਸਿੰਘ ਜੀ ਦੇ ਘਰ ਹੋਇਆ। ਆਪ ਦੇ ਦਾਦਾ ਸ. ਵਜੀਰ ਸਿੰਘ ਜੀ ਇਲਾਕੇ ਦੀ ਸਤਿਕਾਰ ਯੋਗ ਹਸਤੀ ਸਨ। ਪਰਿਵਾਰ ਵਿੱਚ ਸ. ਮੇਹਰ ਸਿੰਘ ਅਤੇ ਸ. ਕੇਹਰ ਸਿੰਘ ਦੋ ਭਰਾ ਆਪ ਤੋਂ ਵੱਡੇ ਅਤੇ ਸ. ਗੁਰਬਚਨ ਸਿੰਘ ਅਤੇ ਭੈਣ ਬੀਬੀ ਨਛੱਤਰ ਕੌਰ ਆਪ ਤੋਂ ਛੋਟੇ ਸਨ। ਆਪ ਨੇ ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਅਹਿਮਦਗੜ੍ਹ (ਮੰਡੀ) ਦੇ ਗੁਰਦੁਆਰਾ ਸਾਹਿਬ ਦੇ ਗਿਆਨੀ ਗਿਆਨ ਸਿੰਘ ਜੀ ਦੀ ਸੰਗਤ ਤੋਂ ਆਪ ਜੀ ਨੂੰ ਪਰਮਾਰਥ ਦੀ ਲਗਨ ਲੱਗੀ ਅਤੇ ਇੱਥੇ ਹੀ ਆਪ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲਈ ਅਤੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਨਿੱਤਨੇਮ ਦੀਆਂ ਬਾਣੀਆਂ ਸਮੇਤ ਹੋਰ ਬਹੁਤ ਸਾਰੀ ਗੁਰਬਾਣੀ ਜ਼ੁਬਾਨੀ ਕੰਠ ਕਰ ਲਈ।

'ਹੋਣਹਾਰ ਬਿਰਵਾਨ ਕੇ ਹੋਤ ਹੈਂ ਚਿਕਨੇ ਪਾਤ' ਅਖਾਣ ਅਨੁਸਾਰ ਪਿੱਛੋਂ ਜਾ ਕੇ ਵੱਡਾ ਹੋਣ ਵਾਲਾ ਪੁਰਸ਼ ਬਚਪਨ ਵਿੱਚ ਹੀ ਕਰਮ ਕਰਤੱਵ ਅਤੇ ਵਿਚਾਰ ਦੀ ਉੱਚਤਾ ਕਰ ਕੇ ਪੂਜਣ ਯੋਗ ਹੋ ਜਾਂਦਾ ਹੈ। ਜਦੋਂ ਆਪ ਸਕੂਲ ਵਿੱਚ ਹੀ ਪੜ੍ਹਦੇ ਸਨ ਆਪ ਜੀ ਨੂੰ ਪਤਾ ਲੱਗਾ ਕਿ ਪਿੰਡੋਂ ਸੰਗਤ ਅੰਮ੍ਰਿਤਸਰ ਹਰਿਮੰਦਰ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਨੂੰ ਜਾ ਰਹੀ ਹੈ। ਆਪ ਨਾਲ ਦੇ ਸਾਥੀ ਨੂੰ ਬਸਤਾ ਫੜਾ ਕੇ ਸੰਗਤ ਦੇ ਨਾਲ ਹੋ ਤੁਰੇ। ਗੋਇੰਦਵਾਲ ਸਾਹਿਬ ਵਿਖੇ ਬਉਲੀ ਸਾਹਿਬ ਦੀਆਂ ੮੪ ਪੌੜੀਆਂ ਤੇ ੧੩ ਘੰਟਿਆਂ ਵਿੱਚ ਜਪੁਜੀ ਸਾਹਿਬ ਦੇ ੮੪ ਪਾਠ ਮਰਿਯਾਦਾ ਅਨੁਸਾਰ ਸੰਪੂਰਨ ਕਰ ਕੇ ਆਪ ਜੀ ਨੇ ਜਦੋਂ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਤਾਂ ਸਾਰੀ ਸੰਗਤ ਆਪ ਦੇ ਦ੍ਰਿੜ ਇਰਾਦੇ ਤੇ ਪ੍ਰੇਮ ਭਾਵ ਨੂੰ ਵੇਖ ਕੇ ਹੈਰਾਨ ਰਹਿ ਗਈ।

੧੧-੧੨ ਸਾਲ ਦੀ ਅਵਸਥਾ ਵਿੱਚ ਆਪ ਆਪਣੇ ਵੱਡੇ ਭਰਾਤਾ ਸ. ਮਿਹਰ ਸਿੰਘ ਜੀ ਕੋਲ ਜੋ ਕਲਕੱਤੇ ਹੁਗਲੀ ਦਰਿਆ ਦੇ ਕੰਢੇ ਸਥਿਤ ਬਾਟਾ ਕੰਪਨੀ ਵਿੱਚ ਕੰਮ ਕਰਦੇ ਸਨ, ਚਲੇ ਗਏ। ਜਿਸ ਦਿਨ ਆਪ ਕਲਕੱਤੇ ਪਹੁੰਚੇ ਕੰਪਨੀ ਦੇ ਇੱਕ ਸ਼ਰਧਾਲੂ ਸਿੱਖ ਨੇ ਆਪਣੇ ਗ੍ਰਿਹ ਵਿਖੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਵਾਇਆ ਜਿਸ ਵਿੱਚ ਕੰਪਨੀ ਦੇ ਮੁਲਾਜ਼ਮ, ਪਤਵੰਤੇ ਸੱਜਣ, ਅਤੇ ਉਸ ਸ਼ਰਧਾਲੂ ਸਿੱਖ ਦੇ ਕੁੱਝ ਰਿਸ਼ਤੇਦਾਰ ਸ਼ਾਮਲ ਹਨ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸਾਰੀ ਸੰਗਤ ਅਰਦਾਸ ਕਰਨ ਲਈ ਖੜ੍ਹੀ ਹੋ ਗਈ:

ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ *(ਗਉੜੀ ਸੁਖਮਨੀ ਮਃ ੫ - ੨੬੮)*

ਪਉੜੀ ਪੜ੍ਹਨ ਉਪਰੰਤ ਵੇਖਿਆ ਅਰਦਾਸੀਆ ਸਿੰਘ ਉੱਥੋਂ ਕਿਸੇ ਕਾਰਨ ਗ਼ੈਰ ਹਾਜ਼ਰ ਸੀ। ਆਪ ਜੀ ਨੇ ਮੌਕਾ ਸੰਭਾਲਦਿਆਂ ਅਰਦਾਸ ਦੀ ਸੇਵਾ ਸੰਪੰਨ ਕੀਤੀ। ਸੰਗਤ ਆਪ ਜੀ ਤੇ ਬਹੁਤ ਖੁਸ਼ ਹੋਈ ਤੇ ਪਿਆਰ ਨਾਲ ਸਾਰੇ ਆਪ ਜੀ ਨੂੰ 'ਛੋਟੇ ਗਿਆਨੀ' ਆਖਣ ਲੱਗ ਪਏ। ਉਸ ਇਲਾਕੇ ਵਿੱਚ ਆਪ ਜੀ ਦਾ ਸਤਿਕਾਰ ਬਹੁਤ ਵੱਧ ਗਿਆ।

ਕਲਕੱਤੇ ਤੋਂ ਆਪ ਆਪਣੇ ਦੂਜੇ ਭਰਾਤਾ ਕੋਲ ਸਿਆਲਕੋਟ ਆ ਗਏ ਜੋ ਪੈਰਾਸ਼ੂਟ ਕੰਪਨੀ (ਜੋ ਕਿ ਗੌਰਮਿੰਟ ਅਦਾਰਾ ਸੀ) ਵਿੱਚ ਕੰਮ ਕਰਦੇ ਸਨ। ਇੱਥੇ ਰਹਿੰਦਿਆਂ ਆਪ ਅੱਠਵੇਂ ਦਿਨ ਗੁਰਦਵਾਰਾ 'ਬੇਰ ਸਾਹਿਬ' ਜਾਇਆ ਕਰਦੇ ਸਨ ਜਿੱਥੇ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਹਮਯਾਰੀਂਸ ਫ਼ਕੀਰ ਜਿਸ ਨੇ ਕਿਸੇ ਕ੍ਰੋਪੀ ਕਾਰਨ ਸਿਆਲਕੋਟ ਸ਼ਹਿਰ ਨੂੰ ਗਰਕ ਕਰਨ ਦਾ ਇਰਾਦਾ ਕੀਤਾ ਹੋਇਆ ਸੀ, ਆਪਣੇ ਤੇਜ਼ ਪ੍ਰਤਾਪ ਨਾਲ ਉਸ ਨੂੰ ਸਿੱਧੇ ਰਾਹ ਪਾਇਆ ਅਤੇ ਸ਼ਹਿਰ ਨੂੰ ਭਿਆਨਕ ਮਨੁੱਖੀ ਤਬਾਹੀ ਤੋਂ ਬਚਾਇਆ। ਇਥੋਂ ਆਪ ਨੂੰ ਲੋਕ ਸੇਵਾ ਤੇ ਸਿਮਰਨ ਦੀ ਪ੍ਰੇਰਨਾ ਮਿਲਦੀ ਅਤੇ ਮਨ ਅੰਦਰ ਵੈਰਾਗ ਦੀ ਭਾਵਨਾ ਤੀਬਰ ਹੋ ਗਈ।

ਸਿਆਲਕੋਟੋਂ ਵਾਪਸ ਆ ਕੇ ਆਪ ਨੇ ਲਧਿਆਣਾ ਪਰਲ ਹੌਜ਼ਰੀ ਵਿੱਚ ਕੁੱਝ ਸਮਾਂ ਕੰਮ ਕੀਤਾ। ਆਪ ਆਪਣੇ ਕੁੱਝ ਸਾਥੀਆਂ ਸਮੇਤ ਹੌਜਰੀ ਦੇ ਅਦਾਰੇ ਅੰਦਰ ਹੀ ਰਹਿੰਦੇ ਸਨ। ਵਾਰੀ ਸਿਰ ਇੱਕ ਦੋ ਸਾਥੀ ਭੋਜਨ ਤਿਆਰ ਕਰਦੇ ਤੇ ਬਾਕੀ ਦੇ ਛਕ ਲੈਂਦੇ। ਇੱਕ ਦਿਨ ਭੋਜਨ ਛਕਦਿਆਂ ਇੱਕ ਨਾਲ ਦੇ ਸਾਥੀ ਨੇ ਆਪ ਦੀ ਥਾਲੀ ਵਿੱਚੋਂ ਪਰਸ਼ਾਦਾ ਚੁੱਕ ਲਿਆ। ਆਪ ਨੇ ਬਿਨਾਂ ਕੁੱਝ ਕਿਹਾਂ ਬਾਕੀ ਪਰਸ਼ਾਦਾ ਵੀ ਉਸ ਨੂੰ ਦੇ ਦਿੱਤਾ ਤੇ ਆਪ ਉੱਠ ਖਲੋਤੇ। ਨਾਲ ਦੇ ਕੁੱਝ ਸਿਆਣੇ ਸਾਥੀ ਆਪ ਦੇ ਸੁਭਾ ਤੋਂ ਚੰਗੀ ਤਰ੍ਹਾਂ ਜਾਣੂ ਸਨ ਅਤੇ ਆਪ ਦੇ ਜੀਵਨ-ਅਸੂਲਾਂ ਦੀ ਕਦਰ ਕਰਦੇ ਸਨ, ਪਰਸ਼ਾਦਾ ਚੁੱਕਣ ਵਾਲੇ ਸਾਥੀ ਨੂੰ ਗ਼ੁੱਸੇ ਹੋਏ ਤੇ ਅੱਗੋਂ ਵਾਸਤੇ ਭੋਜਨ ਤਿਆਰ ਕਰ ਕੇ ਸਭ ਤੋਂ ਪਹਿਲਾਂ ਆਪ ਜੀ ਲਈ ਪਰੋਸਦੇ।

ਇਸੇ ਸਮੇਂ ਦੌਰਾਨ ਆਪ ਦੇ ਸਿਆਲਕੋਟ ਵਾਲੇ ਭਰਾ ਨੇ ਮਸੂਰੀ ਆ ਕੇ ਕਾਰੋਬਾਰ ਆਰੰਭ ਕਰ ਲਿਆ। ਉਨ੍ਹਾਂ

ਦੇ ਜ਼ੋਰ ਦੇਣ ਤੇ ਆਪ ਮਸੂਰੀ ਚਲੇ ਗਏ ਪ੍ਰੰਤੂ ਆਪ ਜੀ ਦਾ ਮਨ ਦੁਨਿਆਵੀ ਕਾਰੋਬਾਰ ਵਿੱਚ ਟਿਕ ਨਾ ਸਕਿਆ ਕਿਉਂਕਿ ਅੰਦਰ ਤਾਂ ਕੋਈ ਹੋਰ ਹੀ ਖਿੱਚ ਸੀ।

ਇਕੁ ਤਿਲੁ ਪਿਆਰਾ ਵੀਸਰੈ ਰੋਗ ਵਡਾ ਮਨ ਮਾਹਿ ॥ *(ਸਿਰੀਰਾਗੁ ਮਃ ੧ - ੨੧)*

ਬਚਪਨ ਤੋਂ ਹੀ ਆਪ ਰਾੜਾ ਸਾਹਿਬ ਸੰਤ ਮਹਾਰਾਜ ਜੀ ਦੇ ਦਰਸ਼ਨਾਂ ਲਈ ਆਇਆ ਕਰਦੇ ਸਨ। ਦਰਸ਼ਨ ਦੀ ਤਾਂਘ ਫਿਰ ਪ੍ਰਬਲ ਹੋਈ ਤੇ ਆਪ ਪਿੰਡ ਤੋਂ ਵਾਪਸ ਰਾੜਾ ਸਾਹਿਬ ਆ ਗਏ। ਅੰਮ੍ਰਿਤ ਪਾਨ ਕਰ ਕੇ ਆਪ 'ਗੁਰੂ ਵਾਲੇ' ਬਣ ਗਏ ਅਤੇ ੧੯੪੬ ਈ. ਵਿੱਚ ਆਪ ਜੀ ਨੇ ਸੰਤ ਜੀ ਮਹਾਰਾਜ ਕੋਲੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਅਤੇ:

ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥
ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥
ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥੧੭॥ *(ਸਿਰੀਰਾਗੁ ਮਃ ੧ - ੨੦)*

ਮਾਰਚ ੧੯੪੮ ਦੀ ਪੂਰਨਮਾਸ਼ੀ ਦਾ ਦਿਨ ਆਪ ਜੀ ਦੀ ਜ਼ਿੰਦਗੀ ਦਾ ਅਹਿਮ ਦਿਨ ਸਾਬਤ ਹੋਇਆ ਜਦੋਂ ਪਿੰਡ ਦੀ ਸੰਗਤ ਨਾਲ ਆਪ ਰਾੜਾ ਸਾਹਿਬ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਆਏ ਸਦਾ ਲਈ ਇੱਥੇ ਦੇ ਹੀ ਬਣ ਕੇ ਰਹਿ ਗਏ। ਪਿੰਡੋਂ ਭਾਈ ਚੰਬਾ ਸਿੰਘ ਦੀ ਅਗਵਾਈ ਵਿੱਚ ਸੰਗਤ ਆਪ ਜੀ ਨੂੰ ਵਾਪਸ ਘਰ ਲੈ ਜਾਣ ਲਈ ਪ੍ਰੇਰਨਾ ਵਾਸਤੇ ਆਈ ਪ੍ਰੰਤੂ ਆਪ ਜੀ ਨੇ ਆਖਿਆ ਕਿ ਸੰਤ ਮਹਾਰਾਜ ਜੀ ਨੇ ਸਾਨੂੰ ਲੰਗਰ ਦੀ ਸੇਵਾ ਬਖ਼ਸ਼ੀ ਹੈ। ਸੰਗਤ ਨੇ ਸੰਤ ਜੀ ਮਹਾਰਾਜ ਕੋਲ ਬੇਨਤੀ ਕੀਤੀ ਤਾਂ ਮਹਾਰਾਜ ਜੀ ਨੇ ਸੰਜੀਦਾ ਹੋ ਕੇ ਪੁੱਛਿਆ, "ਭਾਈ ਇਹ ਕਿੰਨੇ ਭਰਾ ਹਨ?" ਭਾਈ ਚੰਬਾ ਸਿੰਘ ਜੀ ਨੇ ਨਿਮਰਤਾ ਸਹਿਤ ਉੱਤਰ ਦਿੱਤਾ, "ਮਹਾਰਾਜ ਜੀ! ਚਾਰ ਭਰਾ ਹਨ। ਦੋ ਇਨ੍ਹਾਂ ਤੋਂ ਵੱਡੇ ਹਨ ਤੇ ਇੱਕ ਛੋਟੇ।" ਮਹਾਰਾਜ ਜੀ ਨੇ ਫਿਰ ਆਪਣੇ ਮੁਖਾਰਬਿੰਦ ਤੋਂ ਫੁਰਮਾਇਆ, "ਚਲੋ, ਇੱਕ ਗਰੂ ਘਰ ਦੀ ਸੇਵਾ ਕਰ ਲਵੇਗਾ।" ਸੰਗਤ 'ਸਤਿ ਬਚਨ' ਆਖ ਕੇ ਪਿੰਡ ਨੂੰ ਵਾਪਸ ਚਲੀ ਗਈ।

ਆਪ ਜੀ ਨੇ ਸੇਵਾ ਤੇ ਸਿਮਰਨ ਨੂੰ ਜ਼ਿੰਦਗੀ ਦਾ ਆਦਰਸ਼ ਬਣਾ ਲਿਆ। ਨਿੱਤਨੇਮ ਅਨੁਸਾਰ ਆਪ ਸਵਾ ਪਹਿਰ ਰਹਿੰਦਿਆਂ ਉੱਠ ਕੇ ਇਸ਼ਨਾਨ ਆਦਿ ਕਰ ਕੇ ਗੁਰਬਾਣੀ ਦਾ ਪਾਠ ਕਰਨ ਉਪਰੰਤ ਪੌਣੇ ਚਾਰ ਵਜੇ ਲੋਹ ਤੇ ਪ੍ਰਸ਼ਾਦਾ ਤਿਆਰ ਕਰਨ ਲਈ ਹਾਜ਼ਰ ਹੋ ਜਾਂਦੇ। ਪ੍ਰਸ਼ਾਦਾ ਤਿਆਰ ਕਰਦੇ ਸਮੇਂ ਆਪ ਜੀ ਹਮੇਸ਼ਾਂ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਤੇ ਨਾਲ ਦੇ ਸੇਵਾਦਾਰਾਂ ਨੂੰ ਵੀ ਪ੍ਰੇਰਦੇ ਰਹਿੰਦੇ। ਪ੍ਰਸ਼ਾਦਾ ਤਿਆਰ ਕਰਨ ਉਪਰੰਤ ਬਾਹਰ ਸੈਰ ਲਈ ਨਹਿਰ ਦੇ ਕੰਢੇ ਚਲੇ ਜਾਂਦੇ ਅਤੇ ਇੱਕ ਅਵਧੂਤ ਮਹਾਂਪੁਰਸ਼ ਜੋ ਨਹਿਰ ਤੇ ਹੀ ਰਹਿੰਦਾ ਸੀ, ਦੀ ਪ੍ਰੇਰਨਾ ਸਦਕਾ ਕੁਪਾਲੀ ਆਸਨ ਦੁਆਰਾ ਸੁਰਤ ਨੂੰ ਸ਼ਬਦ ਵਿੱਚ ਜੋੜ ਕੇ ਅਨਹਦ ਸ਼ਬਦ ਦਾ ਆਨੰਦ ਮਾਣਦੇ ਅਤੇ ਵਾਪਸੀ ਤੇ ਸੰਗਤਾਂ ਲਈ ਦਾਤਣਾ ਲੈ ਆਉਂਦੇ ਅਤੇ ਲਗਭਗ ਅੱਠ ਵਜੇ ਲੰਗਰ ਵਿੱਚ ਹਾਜ਼ਰ ਹੁੰਦੇ। ਕੁੱਝ ਸਮਾਂ ਪ੍ਰਸ਼ਾਦ ਪਾਣੀ ਛਕਣ ਵਿੱਚ ਲੱਗ ਜਾਂਦਾ ਅਤੇ ਮੁੜ ਸਾਢੇ ਨੌਂ ਵਜੇ ਤੋਂ ਦੁਪਹਿਰ ਦਾ ਪ੍ਰਸ਼ਾਦਾ ਤਿਆਰ ਕਰਨ ਦੇ ਆਹਰ ਵਿੱਚ ਜੁਟ ਜਾਂਦੇ। ਦੁਪਹਿਰ ਦੇ ਪ੍ਰਸ਼ਾਦੇ ਦੇ ਤਿਆਰ ਹੋਣ ਤੋਂ ਪਿੱਛੋਂ ਇਸ਼ਨਾਨ ਕਰ ਕੇ ਲੰਗਰ ਵਰਤਾਉਂਦੇ ਤੇ ਫਿਰ ਆਪ ਪ੍ਰਸ਼ਾਦ ਛਕ ਕੇ ਕੁੱਝ ਸਮਾਂ ਆਰਾਮ ਕਰ ਕੇ ਅਤੇ ਢਾਈ ਵਜੇ ਸੰਗਤਾਂ ਲਈ ਸ਼ਰਦਾਈ ਤਿਆਰ ਕਰਦੇ ਅਤੇ ਚਾਹ ਛਕਣ ਵਾਲੀ ਸੰਗਤ ਲਈ ਚਾਹ ਤਿਆਰ ਕਰਵਾ ਦਿੰਦੇ।

ਇੰਨੇ ਨੂੰ ਸ਼ਾਮ ਦੇ ਪ੍ਰਸ਼ਾਦੇ ਦਾ ਵਕਤ ਹੋ ਜਾਂਦਾ ਅਤੇ ਆਪ ਜੀ ਇਸ ਤਿਆਰੀ ਵਿੱਚ ਲੱਗ ਜਾਂਦੇ ਅਤੇ ਰਾਤ ਦਾ ਪ੍ਰਸ਼ਾਦਾ ਵਰਤਾਉਣ ਤੋਂ ਬਾਅਦ ਇਸੇ ਸਮੇਂ ਹੀ ਸੰਗਤਾਂ ਵਿੱਚ ਲੋੜ ਅਨੁਸਾਰ ਦਾਤਣਾਂ ਵੰਡ ਦਿੰਦੇ। ਇਸ ਸਾਰੇ ਕੰਮ ਤੋਂ ਵਿਹਲੇ ਹੋ ਕੇ ਜਿੰਨਾ ਸਮਾਂ ਮਿਲਦਾ ਕਥਾ ਦੀ ਸਮਾਪਤੀ ਤੱਕ ਬਰਤਨ ਸਾਫ਼ ਕਰਨ ਦੀ ਸੇਵਾ ਕਰਦੇ। ਵੱਡੇ ਸੰਤ ਜੀ ਮਹਾਰਾਜ ਰਾਤ ਨੂੰ ਕਥਾ ਦੀ ਸਮਾਪਤੀ ਤੋਂ ਪਿੱਛੋਂ ਪ੍ਰਸ਼ਾਦਾ ਛਕਿਆ ਕਰਦੇ ਸਨ। ਉਨ੍ਹਾਂ ਦੇ ਮੁੱਖ ਅਰਦਲੀ ਭਾਈ ਰਲਾ ਸਿੰਘ (ਬਾਬੂ ਜੀ) ਜਦੋਂ ਲੰਗਰ ਵਿੱਚੋਂ ਮਹਾਰਾਜ ਜੀ ਵਾਸਤੇ ਪ੍ਰਸ਼ਾਦਾ ਲੈਣ ਆਉਂਦੇ ਤਾਂ ਆਪ ਜੀ ਦੁੱਧ ਦੀ ਗੜਵੀ ਲੈ ਕੇ ਉਨ੍ਹਾਂ ਦੇ ਨਾਲ ਹੀ ਭੋਰਾ ਸਾਹਿਬ ਚਲੇ ਜਾਂਦੇ। ਮਹਾਰਾਜ ਜੀ ਦੇ ਪ੍ਰਸ਼ਾਦਾ ਛਕਣ ਉਪਰੰਤ ਆਪ ਜੀ ਬਰਤਨ ਲੈ ਕੇ ਲੰਗਰ ਵਿੱਚ ਆ ਜਾਂਦੇ। ਲੋੜ ਅਨੁਸਾਰ ਆਪ ਪ੍ਰਸ਼ਾਦਾ ਛੱਕ ਲੈਂਦੇ ਤੇ ਲਗਭਗ ਰਾਤ ਦੇ ਗਿਆਰਾਂ ਵਜੇ ਤੱਕ ਸਾਰਾ ਕੰਮ ਸਮੇਟ ਕੇ ਆਰਾਮ ਕਰਨ ਲਈ ਜਾਂਦੇ। ਇਉਂ ਲਗਾਤਾਰ ਛੇ ਸਾਲ ਆਪ ਜੀ ਨੇ ਲੰਗਰ ਦੀ ਸੇਵਾ ਅਤੇ ਫੇਰ ਸਾਰੀ ਜੁੰਮੇਵਾਰੀ ਲਗਨ ਤੇ ਦ੍ਰਿੜ੍ਹਤਾ ਨਾਲ ਨਿਭਾਈ।

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਗਉੜੀ ਸੁਖਮਨੀ ਮਃ ੫ - ੨੮੬)

ਛੇ ਸਾਲ ਲੰਗਰ ਦੀ ਕਠਨ ਸੇਵਾ ਤੋਂ ਪਿੱਛੋਂ ਆਪ ਛੋਟੇ ਮਹਾਰਾਜ ਜੀ ਦੀ ਆਗਿਆ ਪਾ ਕੇ ਲੰਗਰ ਦੀ ਜ਼ੁੰਮੇਵਾਰੀ ਭਾਈ ਸ਼ੇਰ ਸਿੰਘ ਜੱਲ੍ਹੇ ਵਾਲੇ ਨੂੰ ਸੌਂਪ ਕੇ ੧੯੫੫ ਈ. ਵਿੱਚ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਜੋ ਇੱਕ ਅਲਮਸਤ, ਜਪੀ, ਤਪੀ, ਹਰਖ ਸੋਗ ਤੋਂ ਰਹਿਤ ਤੱਤਵੇਤਾ ਪੁਰਸ਼ ਸਨ, ਦੇ ਡੇਰੇ ਦਰਸ਼ਨਾਂ ਵਾਸਤੇ ਗਏ। ਸੁਭਾਗ ਵਸ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ ਦਸਮ ਗਰੰਥ ਅਤੇ ਸੂਰਜ ਪ੍ਰਕਾਸ਼ ਦੀ ਕਥਾ ਇਸ ਡੇਰੇ ਵਿੱਚ ਕਰ ਰਹੇ ਸਨ। ਸਵੇਰ ਵੇਲੇ ਆਮ ਸੰਗਤ ਲਈ ਕਥਾ ਹੁੰਦੀ ਅਤੇ ਤੀਸਰੇ ਪਹਿਰ ਖ਼ਾਸ ਵਿਦਿਆਰਥੀਆਂ ਲਈ ਕਥਾ ਕੀਤੀ ਜਾਂਦੀ। ਆਪ ਜੀ ਦੋਨੋਂ ਵਕਤ ਕਥਾ ਵਿੱਚ ਸ਼ਾਮਲ ਹੁੰਦੇ ਅਤੇ ਅਠਾਰਾਂ ਦਿਨ ਇੱਥੇ ਰਹਿ ਕੇ ਕਥਾ ਦੀ ਸਮਾਪਤੀ ਉਪਰੰਤ ਨਾਲ ਦੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਦੇ ਹੋਏ ਆਪ ਰਾੜਾ ਸਾਹਿਬ ਵਾਪਸ ਆ ਗਏ।

ਇੱਥੇ ਪਹੁੰਚਣ ਤੇ ਛੋਟੇ ਮਹਾਰਾਜ ਜੀ ਨੇ ਆਪ ਦੀ ਡਿਊਟੀ ਨਹਿਰ ਦੇ ਕੰਢੇ ਨੇੜਲੇ (ਖੂਹ ਜੋ ਗੁਰਦੁਆਰਾ ਸਾਹਿਬ ਦੇ ਉੱਤਰ ਵੱਲ ਇੱਕ ਕਿਲੋਮੀਟਰ ਦੀ ਦੂਰੀ ਤੇ ਸੀ,) ਉੱਪਰ ਲਗਾ ਦਿੱਤੀ ਅਤੇ ਆਦੇਸ਼ ਕੀਤਾ, "ਸੇਵਾ ਕਰੋ ਤੇ ਕਰਾਓ ਅਤੇ ਸੰਗਤਾਂ ਨੂੰ ਰਹਿਰਾਸ ਦਾ ਪਾਠ ਵੀ ਸ਼ਾਮ ਦੇ ਵਕਤ ਸੁਣਾਇਆ ਕਰੋ।" ਆਪ ਮਹਾਰਾਜ ਜੀ ਦੇ ਹੁਕਮ ਅਨੁਸਾਰ ਦਿਨ ਨੂੰ ਸਬਜ਼ੀਆਂ ਦੀ ਸੇਵਾ ਸੰਭਾਲ ਕਰ ਕੇ, ਲੰਗਰ ਵਾਸਤੇ ਸਬਜ਼ੀ ਭੇਜਦੇ। ਸੰਧਿਆ ਸਮੇਂ ਰਹਿਰਾਸ ਦਾ ਪਾਠ ਕਰਨ ਉਪਰੰਤ ਵੱਡੇ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਸੇਵਾ ਲਈ ਆ ਹਾਜ਼ਰ ਹੁੰਦੇ।

ਇਨ੍ਹਾਂ ਦਿਨਾਂ ਵਿੱਚ ਵੱਡੇ ਸੰਤ ਜੀ ਮਹਾਰਾਜ ਲਾਗਲੇ ਪਿੰਡਾਂ ਵਿੱਚ ਅਖੰਡ ਪਾਠਾਂ ਅਤੇ ਆਸਾ ਜੀ ਦੀ ਵਾਰ ਦੇ ਭੋਗਾਂ ਸਮੇਂ ਜਾਇਆ ਕਰਦੇ ਸਨ। ਆਪ ਜੀ ਵੀ ਮਹਾਰਾਜ ਜੀ ਦੇ ਨਾਲ ਹੀ ਹੁੰਦੇ। ਇੱਕ ਦਿਨ ਦਾ ਜ਼ਿਕਰ ਹੈ ਕਿ ਗੁਰਦੁਆਰਾ ਸਾਹਿਬ ਵਿੱਚ ਵੱਡੇ ਮਹਾਰਾਜ ਜੀ ਅਤੇ ਛੋਟੇ ਮਹਾਰਾਜ ਜੀ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਇਲਾਕੇ ਵਿੱਚ ਸਕੂਲ ਖੋਲ੍ਹਣ ਦੇ ਸੰਬੰਧ ਵਿੱਚ ਆਲੇ ਦੁਆਲੇ ਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਇਕੱਠੇ ਹੋਏ ਸਨ। ਵਿਚਾਰ ਵਿਮਰਸ਼ ਹੁੰਦਿਆਂ ਸੰਬੰਧਤ ਵਿਸ਼ੇ ਤੋਂ ਕੁੱਝ ਲਾਂਭੇ ਜਾਂਦਿਆਂ ਗੱਲ ਕੁਪਾਲੀ ਆਸਨ ਦੀ ਚੱਲ ਪਈ ਤੇ ਸੰਗਤਾਂ ਵਿੱਚੋਂ ਕਿਸੇ ਸੱਜਣ ਨੇ ਹੰਕਾਰ ਵਿੱਚ ਵਚਨ ਕੀਤਾ ਕਿ ਸਾਡੇ ਮੁਕਾਬਲੇ ਵਿੱਚ ਕੁਪਾਲੀ ਆਸਣ ਲਗਾਇਆ ਜਾਵੇ। ਵੱਡੇ ਮਹਾਰਾਜ ਜੀ ਨੇ ਸ੍ਰੀਮਾਨ ਤੇਜਾ ਸਿੰਘ ਜੀ ਨੂੰ ਬੁਲਾਉਣ ਲਈ ਕਿਸੇ ਸਿੰਘ ਨੂੰ ਭੇਜਿਆ। ਆਪ ਜੀ ਦੇ ਹਾਜ਼ਰ ਹੋਣ ਤੇ ਮਹਾਰਾਜ ਜੀ ਨੇ ਆਪ ਨੂੰ ਉਸ ਸੱਜਣ ਦੇ ਨਾਲ ਕੁਪਾਲੀ ਆਸਣ ਲਾਉਣ ਦਾ ਹੁਕਮ ਕੀਤਾ ਤੇ ਆਪ ਜੀ ਨੇ ਸਤਿ ਬਚਨ ਆਖ ਕੇ ਇੱਕ ਛੋਟੇ ਸਟੂਲ ਉੱਪਰ ਬਹੁਤ ਹੀ ਸਹਿਜ ਰੂਪ ਵਿੱਚ ਐਸਾ ਕੁਪਾਲੀ ਆਸਣ ਲਾਇਆ ਜਿਵੇਂ ਆਪ ਚੌਂਕੜਾ ਲਗਾ ਕੇ ਬੈਠੇ ਹੋਣ। ਨਾਲ ਵਾਲਾ ਸਿੰਘ ਛੇਤੀ ਹੀ ਹਾਰ ਮੰਨ ਕੇ ਮਹਾਰਾਜ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਮੁਆਫ਼ੀ ਮੰਗੀ।

ਦਿੱਲੀ ਦੀਆਂ ਸੰਗਤਾਂ ਦੀ ਬੇਨਤੀ ਤੇ ਜਦੋਂ ਵੱਡੇ ਸੰਤ ਜੀ ਮਹਾਰਾਜ ਦਿੱਲੀ ਜਾਂਦੇ ਤਾਂ ਆਪ ਜੀ ਵੀ ਨਾਲ ਹੀ ਹੁੰਦੇ। ਉਸ ਸਮੇਂ ਹਜ਼ੂਰੀ ਜੱਥਾ ਮਹਾਰਾਜ ਜੀ ਦੇ ਨਾਲ ਨਹੀਂ ਸੀ ਹੁੰਦਾ। ਦਿੱਲੀ ਦੀ ਸੰਗਤ ਕੀਰਤਨ ਕਰਦੀ ਤੇ ਕੀਰਤਨ ਦੀ ਸਮਾਪਤੀ ਉਪਰੰਤ ਮਹਾਰਾਜ ਜੀ ਦੀ ਆਗਿਆ ਅਨੁਸਾਰ ਕੀਰਤਨ ਦੀ ਸਮਾਪਤੀ ਉਪਰੰਤ ਆਪ ਜੀ ਰਹਿਰਾਸ ਦਾ ਪਾਠ ਕਰ ਕੇ ਅਰਦਾਸ ਕਰਦੇ ਅਤੇ ਵੱਡੇ ਮਹਾਰਾਜ ਜੀ ਹੁਕਮਨਾਮਾ ਲੈਣ ਉਪਰੰਤ ਇੱਕ ਘੰਟਾ ਸੰਗਤਾਂ ਨਾਲ ਬਚਨ ਬਿਲਾਸ ਅਤੇ ਗਿਆਨ ਉਪਦੇਸ਼ ਕਰਦੇ।

ਦਿੱਲੀ ਤੋਂ ਗੁਰਦੁਆਰਾ ਕਰਮਸਰ ਵਾਪਸ ਆ ਕੇ ਇੱਕ ਦਿਨ ਵੱਡੇ ਮਹਾਰਾਜ ਜੀ ਦੇ ਮੁੱਖ ਅਰਦਲੀ ਨੇ ਆਪ ਜੀ ਨੂੰ ਕਿਹਾ ਕਿ ਆਪ ਨੂੰ ਸੰਤ ਮਹਾਰਾਜ ਜੀ ਬੁਲਾਉਂਦੇ ਹਨ। ਜਦੋਂ ਆਪ ਹਜ਼ੂਰ ਦੇ ਅੱਗੇ ਹਾਜ਼ਰ ਹੋਏ ਤਾਂ ਮਹਾਰਾਜ ਜੀ ਨੇ ਆਪ ਜੀ ਨੂੰ ਭੋਰਾ ਸਾਹਿਬ ਵਿੱਚ ਹੀ ਮਿੱਸਾ ਪਰਸ਼ਾਦਾ ਤਿਆਰ ਕਰਨ ਦਾ ਆਦੇਸ਼ ਕੀਤਾ। ਆਪ 'ਸਤਿ ਬਚਨ' ਆਖ ਵੱਡੇ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਆ ਗਏ ਅਤੇ ਸਮੇਂ ਦੀ ਪੂਰਨ ਪਾਬੰਦੀ ਵਿੱਚ ਰਹਿੰਦੇ ਹੋਏ ਤਨੋਂ ਮਨੋਂ ਸੇਵਾ ਵਿੱਚ ਜੁਟ ਗਏ। ਹੌਲੀ ਹੌਲੀ ਸੰਤ ਜੀ ਮਹਾਰਾਜ ਲਈ ਪ੍ਰਸ਼ਾਦੇ ਦੀ ਸਾਰੀ ਜ਼ੁੰਮੇਵਾਰੀ ਹੀ ਆਪਣੇ ਉੱਪਰ ਲੈ ਲਈ। ਇੱਕ ਅਨਿੰਨ ਸੇਵਕ ਵਜੋਂ ਤੜਕੇ ਡੇਢ ਵਜੇ ਤੋਂ ਰਾਤ ਦੇ ਗਿਆਰ੍ਹਾਂ ਵਜੇ ਤੱਕ ਆਪ ਜੀ ਮਹਾਰਾਜ ਜੀ ਦੀ ਸੇਵਾ ਤੇ ਖ਼ੁਸ਼ੀ ਪ੍ਰਾਪਤ ਕਰਨ ਦੇ ਆਹਰ ਵਿੱਚ ਲੱਗੇ ਰਹਿੰਦੇ।

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥ *(ਸਲੋਕ ਭਗਤ ਕਬੀਰ ਜੀ - ੧੩੬੫)*

ਸ੍ਰੀਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਆਪ ਜੀ ਦੀ ਨਿਸ਼ਕਾਮ ਸੇਵਾ ਭਾਵਨਾ ਤੇ ਬਹੁਤ ਖੁਸ਼ ਸਨ। ਦੀਵਾਨਾਂ ਸਮੇਂ ਆਪ ਜੀ ਨੂੰ ਆਪਣੇ ਨਾਲ ਹੀ ਰੱਖਦੇ ਸਨ ਅਤੇ ਦੀਵਾਨ ਉਪਰੰਤ ਅਰਦਾਸ ਦੀ ਸੇਵਾ ਆਪ ਜੀ ਹੀ

ਨਿਭਾਉਂਦੇ ਸਨ। ਆਪ ਜੀ ਦੇ ਬਾਣੀ ਦੇ ਸ਼ੁੱਧ ਉਚਾਰਣ ਬਾਣੀ ਪੜ੍ਹਨ ਦੇ ਸੁੰਦਰ ਲਹਿਜੇ ਅਤੇ ਰਸਭਿੰਨੀ ਜ਼ੁਬਾਨ ਕਾਰਨ ਵੱਡੇ ਸੰਤ ਜੀ ਮਹਾਰਾਜ ਰਹਿਰਾਸ ਅਤੇ ਦਸਮ ਪਾਤਿਸ਼ਾਹ ਦੀ ਬਾਣੀ ਅਕਸਰ ਆਪ ਜੀ ਕੋਲੋਂ ਸੁਣਿਆ ਕਰਦੇ ਸਨ। ਪੰਜਾਬ ਦੇ ਕੋਨੇ-ਕੋਨੇ, ਹਿੰਦੁਸਤਾਨ ਦੇ ਵੱਖ-ਵੱਖ ਪ੍ਰਾਤਾਂ ਅਤੇ ਵਿਦੇਸ਼ਾਂ ਵਿੱਚ ਨਾਮ ਦੀ ਬਾਣੀ ਦੇ ਪ੍ਰਚਾਰ ਹਿੱਤ ਸੰਤ ਜੀ ਮਹਾਰਾਜ ਜਿੱਥੇ ਵੀ ਗਏ, ਆਪ ਸਦਾ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਹੀ ਰਹੇ। ੨੬ ਅਗਸਤ, ੧੯੭੫ ਈ. ਨੂੰ ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ ਵਿੱਚ ਜਦੋਂ ਸੰਤ ਮਹਾਰਾਜ ਪੰਜ ਭੌਤਿਕ ਸਰੀਰ ਦਾ ਤਿਆਗ ਕਰ ਕੇ ਬ੍ਰਹਮਲੀਨ ਹੋ ਗਏ, ਉਸ ਸਮੇਂ ਆਪ ਜੀ ਉਨ੍ਹਾਂ ਦੇ ਨਾਲ ਹੀ ਸਨ:

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥ *(ਵਾਰ-ਸ੍ਰੀਰਾਗੁ ਮਃ ੨ - ੮੩)*

ਵੱਡੇ ਮਹਾਰਾਜ ਜੀ ਤੋਂ ਪਿੱਛੋਂ ਗੁਰਦਵਾਰਾ ਕਰਮਸਰ ਦੀ ਸਮੁੱਚੀ ਸੇਵਾ ਛੋਟੇ ਮਹਾਰਾਜ (ਸੰਤ ਕਿਸ਼ਨ ਸਿੰਘ ਜੀ) ਦੇ ਜੁੰਮੇਂ ਸੀ। ਆਪ ਜੀ ਨੇ ਪ੍ਰਚਲਤ ਕੀਰਤਨ ਅਤੇ ਸੇਵਾ ਸਿਮਰਨ ਦੇ ਪ੍ਰਵਾਹ ਨੂੰ ਸੁਚੱਜੀ ਅਗਵਾਈ ਹੇਠ ਨਿਰੰਤਰ ਜਾਰੀ ਰੱਖਿਆ। ਜਿੱਥੇ ਸਾਰੇ ਡੇਰੇ ਦੀ ਸੇਵਾ ਸੰਭਾਲ ਛੋਟੇ ਮਹਾਰਾਜ ਜੀ ਆਪ ਕਰਦੇ ਸਨ, ਭੋਰਾ ਸਾਹਿਬ ਜੋ ਕਿ ਵੱਡੇ ਮਹਾਰਾਜ ਜੀ ਦਾ ਤਪ-ਅਸਥਾਨ ਹੈ, ਦੀ ਸੇਵਾ ਦੀ ਸੌਂਪਣਾ ਸੰਤ ਤੇਜਾ ਸਿੰਘ ਜੀ ਨੂੰ ਕਰ ਦਿੱਤੀ। ਜਦੋਂ ਵੀ ਛੋਟੇ ਮਹਾਰਾਜ ਜੀ ਭੋਰਾ ਸਾਹਿਬ ਆਉਂਦੇ ਆਪ ਜੀ ਨੂੰ ਬਾਰੰਬਾਰ ਇਹੋ ਤਾਕੀਦ ਕਰਦੇ, "ਤੁਸੀਂ ਏਥੇ ਰਹਿ ਕੇ ਹੀ ਭੋਰਾ ਸਾਹਿਬ ਦੀ ਸੇਵਾ ਕਰਵਾਉਣੀ ਹੈ।" ਆਪ ਜੀ ਭੋਰਾ ਸਾਹਿਬ ਦੀ ਸੇਵਾ ਸੰਭਾਲ ਅਤੇ ਸਿਮਰਨ ਵਿੱਚ ਐਸੇ ਲੀਨ ਹੋਏ ਕਿ ਪੰਦਰਾਂ ਸਾਲਾਂ ਵਿੱਚ (੧੯੭੫ ਈ. ਤੋਂ ੧੯੯੦ ਈ) ਤੱਕ ਕਦੇ ਕਿਸੇ ਨੇ ਆਪ ਜੀ ਨੂੰ ਭੋਰਾ ਸਾਹਿਬ ਦੀ ਚਾਰ ਦੀਵਾਰੀ ਤੋਂ ਬਾਹਰ ਨਹੀਂ ਸੀ ਵੇਖਿਆ। ਆਪ ਜੀ ਦਾ ਨਾਮ ਹੀ ਸੰਗਤਾਂ ਵਿੱਚ 'ਭੋਰੇ ਵਾਲੇ' ਪ੍ਰਚਲਤ ਹੋ ਗਿਆ।

ਇੱਕ ਜਨਵਰੀ ੧੯੯੦ ਈ. ਨੂੰ ਜਦੋਂ ਛੋਟੇ ਮਹਾਰਾਜ ਜੀ ਸੰਤ ਕਿਸ਼ਨ ਸਿੰਘ ਜੀ ਬ੍ਰਹਮ ਜੋਤ ਵਿੱਚ ਲੀਨ ਹੋ ਗਏ ਤਾਂ ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਰੱਖੇ ਸ੍ਰੀ ਅਖੰਡ ਪਾਠਾਂ ਦੇ ਭੋਗ ਸਮੇਂ ੧੦ ਜਨਵਰੀ ੧੯੯੦ ਨੂੰ ਤਖ਼ਤਾਂ ਦੇ ਮੁਖੀਆਂ, ਸਿੱਖ ਸੰਪ੍ਰਦਾਵਾਂ ਅਤੇ ਹੋਤੀ ਮਰਦਾਨ ਦੇ ਸਾਰੇ ਡੇਰਿਆਂ ਦੇ ਮੁਖੀਆਂ, ਸਮੂਹ ਸਾਧੂ ਸਮਾਜ ਅਤੇ ਸਾਧ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਡੇਰੇ ਦੀ ਸਮੁੱਚੀ ਜੁੰਮੇਵਾਰੀ ਆਪ ਜੀ ਦੇ ਸਪੁਰਦ ਕਰ ਦਿੱਤੀ। ਉਦੋਂ ਤੋਂ ਇਸ ਜੁੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦੇ ਰਹੇ ਅਤੇ ਸੰਤ ਜੀ ਮਹਾਰਾਜ ਦੇ ਵਚਨਾਂ ਤੇ ਪਹਿਰਾ ਦਿੰਦੇ ਰਹੇ ਅਤੇ ਬਹੁਤ ਸੁਚੱਜੇ ਢੰਗ ਨਾਲ ਨਿਬਾਹੁੰਦੇ ਹੋਏ ਆਪ ੯ ਦਸੰਬਰ ੨੦੧੪ ਨੂੰ ਸੱਚਖੰਡ ਜਾ ਬਿਰਾਜੇ।

ਸੰਤ ਬਲਜਿੰਦਰ ਸਿੰਘ ਜੀ

ਬਾਬਾ ਬਲਜਿੰਦਰ ਸਿੰਘ ਜੀ ਦਾ ਜਨਮ ਪਿੰਡ ਮਕਸੂਦੜਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ. ਉਜਾਗਰ ਸਿੰਘ ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁੱਖੋਂ ੧੫ ਜੁਲਾਈ ੧੯੬੨ ਨੂੰ ਹੋਇਆ। ਬਚਪਨ ਦਾ ਸਮਾਂ ਪਿੰਡ ਬਿਤਾਇਆ। ਫਿਰ ਸਕੂਲ ਪੜ੍ਹਨੇ ਪਾ ਦਿੱਤੇ। ਪੜ੍ਹਾਈ ਦੇ ਦੌਰਾਨ ਗੁਰਦੁਆਰਾ ਰਾੜਾ ਸਾਹਿਬ ਆਪਣੇ ਮਾਤਾ ਪਿਤਾ ਸਮੇਤ ਛੋਟੇ ਤੇ ਵੱਡੇ ਮਹਾਰਾਜ ਜੀ ਦੇ ਦਰਸ਼ਨ ਕਰਦੇ। ਸਤ-ਪੁਰਖਾਂ ਦੇ ਮੁਖਾਰਬਿੰਦ ਤੋਂ ਅਮੋਲਕ ਬਚਨ ਸੁਣਦੇ। ਦੀਵਾਨ ਸ੍ਰਵਣ ਕਰਦੇ ਅਤੇ ਹੱਥੀਂ ਸੰਗਤ ਦੀ ਸੇਵਾ ਕਰਦੇ। ਬਚਪਨ ਤੋਂ ਹੀ ਪੂਰਨ-ਸੰਤਾਂ ਦੀ ਸੰਗਤ ਹੋ ਜਾਣ ਕਰ ਕੇ ਸੰਸਾਰ ਵੱਲੋਂ ਬੈਰਾਗ ਪੈਦਾ ਹੁੰਦਾ ਰਿਹਾ। ਜਦੋਂ ਦਸਵੀਂ ਜਮਾਤ ਪਾਸ ਕਰ ਲਈ ਤਾਂ ਛੋਟੇ ਮਹਾਰਾਜ ਜੀ ਨੂੰ ਚਰਨਾਂ 'ਚ ਰਹਿ ਕੇ ਸੇਵਾ ਕਰਨ ਲਈ ਬੇਨਤੀ ਕੀਤੀ ਪਰ ਸੰਤਾਂ ਅੱਗੋ ਜਵਾਬ ਦਿੱਤਾ ਕਿ ਭਾਈ! ਪਹਿਲਾਂ ਬੀ. ਏ. ਪਾਸ ਕਰ ਲੈ। ਬਾਅਦ ਵਿੱਚ ਤੇਰੀ ਮਰਜ਼ੀ, ਜਿਵੇਂ ਠੀਕ ਲੱਗੇ ਕਰ ਲਵੀਂ। ਬੀ. ਏ. ਦੀ ਵਿੱਦਿਆ ਗੌਰਮਿੰਟ ਕਾਲਜ ਕਰਮਸਰ ਰਾੜਾ ਸਾਹਿਬ ਪਾਸ ਕਰ ਕੇ ਗੌਰਮਿੰਟ ਕਾਲਜ ਲੁਧਿਆਣਾ ਵਿੱਚ ਇਕਨਾਮਿਕਸ ਦੀ ਐਮ. ਏ. ਸ਼ੁਰੂ ਕੀਤੀ। ਪਰ ਇੱਕ ਸਾਲ ਪਿੱਛੋਂ ਹੀ ੧੯੮੪ ਵਿਚ ਰਾੜਾ ਸਾਹਿਬ ਸੰਤ ਮਹਾਰਾਜ ਜੀ ਦੇ ਚਰਨਾਂ ਵਿੱਚ ਆ ਹਾਜ਼ਰ ਹੋਏ। ਮਹਾਂਪੁਰਖਾਂ ਦੇ ਬਚਨ ਮੰਨ ਕੇ ਹਜ਼ੂਰੀ ਕੀਰਤਨੀਏ ਜੱਥੇ 'ਚ ਸ਼ਾਮਲ ਹੋ ਗਏ। ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ, ਗੁਰੂ ਪ੍ਰਤਾਪ ਸੂਰਜ, ਨਾਨਕ ਪ੍ਰਕਾਸ਼ ਦੀ ਧਾਰਮਿਕ ਵਿੱਦਿਆ ਇਸ ਪੁਸਤਕ ਦੇ ਲੇਖਕ (ਗਿ. ਮੋਹਨ ਸਿੰਘ ਜੀ ਆਜ਼ਾਦ ਤੋਂ ਪ੍ਰਾਪਤ ਕੀਤੀ) ੧੯੮੬ ਨੂੰ ਜਥੇਦਾਰ ਸੰਤ ਬਾਬਾ ਮਹਿੰਦਰ ਸਿੰਘ ਜੀ ਨਾਲ ਲੰਡਨ ਵੀ ਹੋ ਆਏ ਹਨ। ੧੯੮੭ ਤੋਂ ਅਸਥਾਨ ਦੇ ਪ੍ਰਬੰਧਕਾਂ ਵੱਲੋਂ ਬਾਬਾ ਬਲਜਿੰਦਰ ਸਿੰਘ ਜੀ ਦੀ ਡਿਊਟੀ ਬਾਹਰਲੇ ਦੀਵਾਨਾਂ ਅਤੇ ਅੰਮ੍ਰਿਤ ਛਕਾਉਣ ਦੀ ਲਗਾਈ ਗਈ ਹੈ। ਆਪ ਪਿੰਡਾਂ ਸ਼ਹਿਰਾਂ, ਦੇਸ਼ਾਂ ਵਿਦੇਸ਼ਾਂ ਵਿੱਚ ਜਾ ਕੇ ਕੀਰਤਨ ਵਖ਼ਿਆਨ ਦਵਾਰਾ ਸੰਗਤਾਂ ਨੂੰ ਗੁਰੂ ਨਾਲ ਜੋੜਦੇ ਹਨ। ਆਪ ਨੇ ਕਈ ਸਾਲਾਂ ਦੀ ਮੇਹਨਤ ਸਦਕਾ ਗੁਰਬਾਣੀ, ਸਿੱਖੀ ਅਤੇ ਸਿੱਖ-ਇਤਿਹਾਸ ਨਾਲ ਸੰਬੰਧਿਤ ਸਾਮਗ੍ਰੀ ਇੰਟਰਨੈੱਟ ਤੇ ਸੰਗਤਾਂ ਲਈ ਉਪਲਬਧ ਕਰਵਾਉਣ

ਵਿੱਚ ਭਰਪੂਰ ਯੋਗਦਾਨ ਪਾਇਆ, ਜੋ ਕਿ www.rarasahib.com ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੇ ਇਸ ਕਾਰਜ ਨੂੰ ਪੰਜਾਬ ਦੀਆਂ ਕਈ ਯੂਨੀਵਰਸਿਟੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਮਾਣ ਬਖਸ਼ਿਆ ਗਿਆ ਹੈ। ਸੰਤ ਬਾਬਾ ਤੇਜਾ ਸਿੰਘ ਜੀ ਦੇ ਸੱਚਖੰਡ ਜਾਣ ਤੋਂ ਬਾਅਦ ੧੮ ਦਸੰਬਰ ੨੦੧੪ ਨੂੰ ਅਸਥਾਨ ਦੀ ਸੇਵਾ ਸੰਭਾਲ ਅਤੇ ਸੰਪ੍ਰਦਾਇ ਦੇ ਸੰਚਾਲਨ ਦੀ ਸੇਵਾ ਆਪ ਨੂੰ ਸੌਂਪ ਦਿੱਤੀ ਗਈ।

ਆਤਮ-ਉਪਦੇਸ਼

੧) ਕਿਉਂ ਐਵੇਂ ਫ਼ਿਕਰ ਵਿੱਚ ਪਏ ਰਹਿੰਦੇ ਹੋ? ਤੁਸੀਂ ਕਿਸੇ ਕੋਲੋਂ ਕਿਉਂ ਡਰਦੇ ਹੋ? ਤੁਹਾਨੂੰ ਕੌਣ ਮਾਰ ਸਕਦਾ ਹੈ? ਆਤਮਾ ਨਾ ਹੀ ਜੰਮਦਾ ਹੈ ਤੇ ਨਾ ਹੀ ਮਰਦਾ ਹੈ।

੨) ਜੋ ਹੈ ਸੋ ਹੈ, ਜੋ ਹੋਇਆ, ਸੋ ਹੋਇਆ, ਜੋ ਹੋਵੇਗਾ ਸੋ ਚੰਗਾ ਹੋਵੇਗਾ। ਬੀਤੇ ਦਾ ਅਫ਼ਸੋਸ ਨਾ ਕਰੋ ਤੇ ਆਉਣ ਵਾਲੇ ਤੋਂ ਡਰੋ ਨਾ, ਵਰਤਮਾਨ ਬੀਤ ਰਿਹਾ ਹੈ।

੩) ਤੁਸੀਂ ਕਿਉਂ ਰੋਂਦੇ ਹੋ? ਤੁਹਾਡਾ ਕੀ ਗਿਆ? ਜਨਮ ਵੇਲੇ ਤੁਸੀਂ ਨਾਲ ਕੀ ਲਿਆਏ ਸੀ, ਜੋ ਤੁਸੀਂ ਗੁਆ ਲਿਆ? ਤੁਸੀਂ ਕੀ ਪੈਦਾ ਕੀਤਾ ਸੀ, ਜੋ ਖ਼ਤਮ ਹੋ ਗਿਆ? ਜੋ ਲਿਆ ਸੀ, ਏਥੋਂ ਹੀ ਲਿਆ ਸੀ। ਜੋ ਦਿੱਤਾ ਹੈ, ਏਥੇ ਹੀ ਦਿੱਤਾ ਹੈ। ਖ਼ਾਲੀ ਹੱਥ ਜਿਹੜੇ ਆਏ ਸਨ, ਖ਼ਾਲੀ ਹੱਥ ਹੀ ਚਲੇ ਗਏ।

੪) ਜੋ ਅੱਜ ਤੁਹਾਡਾ ਹੈ, ਕੱਲ੍ਹ ਕਿਸੇ ਹੋਰ ਦਾ ਸੀ ਤੇ ਭਲਕੇ ਕਿਸੇ ਹੋਰ ਦਾ ਹੋਵੇਗਾ। ਤੁਸੀਂ ਇਸ ਨੂੰ ਆਪਣਾ ਸਮਝ ਕੇ ਖੁਸ਼ ਹੁੰਦੇ ਹੋ, ਇਹੋ ਖ਼ੁਸ਼ੀ ਤੁਹਾਨੂੰ ਗਮਾਂ ਵਿੱਚ ਸੁੱਟ ਰਹੀ ਹੈ।

੫) ਇਥੋਂ ਦੀ ਹਰ ਥਾਂ ਤੇ ਹਰ ਚੀਜ਼ ਤੁਹਾਡੀ ਹੈ। ਜਿੱਥੋਂ ਦਿਲ ਕਰੇ ਤੁਰ ਪਵੋ, ਜਿੱਥੇ ਦਿਲ ਕਰੇ ਠਹਿਰੋ ਅਤੇ ਜਿਥੋ ਚਾਹੋ ਖ਼ਤਮ ਕਰ ਦਿਓ। ਇਸ ਦਾ ਨਾ ਕਿਤੇ ਆਰੰਭ ਹੈ ਅਤੇ ਨਾ ਅੰਤ। ਤੁਹਾਨੂੰ ਕਿਸੇ ਦਾ ਵੀ ਡਰ ਨਹੀਂ, ਜੇ ਹੈ ਤਾਂ ਆਪਣੇ ਆਪ ਦਾ। ਤੁਸੀਂ ਆਪ ਹੀ ਡਰਾਣ ਵਾਲੇ ਹੋ ਤੇ ਆਪ ਹੀ ਡਰਨ ਵਾਲੇ ਹੋ।

੬) ਤਬਦੀਲੀ ਦੁਨੀਆਂ ਦੀ ਜਾਨ ਹੈ। ਜਿਸ ਨੂੰ ਮੌਤ ਸਮਝਦੇ ਹੋ ਅਸਲ ਵਿੱਚ ਉਹੀ ਜ਼ਿੰਦਗੀ ਹੈ। ਇੱਕ ਮਿੰਟ ਵਿੱਚ ਕਰੋੜਾਂ ਦੇ ਮਾਲਕ ਅਤੇ ਦੂਜੀ ਘੜੀ ਕੰਗਾਲ ਹੋ ਜਾਂਦੇ ਹਨ। ਮੇਰਾ ਤੇਰਾ, ਛੋਟਾ, ਵੱਡਾ ਆਪਣਾ ਬਿਗਾਨਾ ਦਿਲੋਂ ਅਤੇ ਖ਼ਿਆਲੋਂ ਕੱਢ ਦਿਉ। ਫੇਰ ਸਭ ਕੁੱਝ ਤੁਹਾਡਾ ਹੈ ਤੇ ਤੁਸੀਂ ਸਭ ਦੇ ਹੋ। ਇਹ ਅੱਗ ਤੋਂ ਬਣਦਾ ਹੈ ਤੇ ਅੱਗ ਵਿੱਚ ਹੀ ਸੜ ਜਾਂਦਾ ਹੈ। ਇਹ ਪਾਣੀ ਤੋਂ ਉਪਜਦਾ ਹੈ ਤੇ ਪਾਣੀ ਵਿੱਚ ਹੀ ਘੁਲ ਮਿਲ ਜਾਂਦਾ ਹੈ। ਇਹ ਹਵਾ ਨਾਲ ਭਰਿਆ ਹੋਇਆ ਹੈ ਅਤੇ ਹਵਾ ਵਿੱਚ ਹੀ ਮਿਲ ਜਾਂਦਾ ਹੈ। ਨਾ ਫਿਰ ਲਹੂ ਰਹਿੰਦਾ ਹੈ, ਨਾ ਹੱਡੀ ਰਹਿੰਦੀ ਹੈ। ਸਰੀਰ ਦਾ ਕੋਈ ਵੀ ਅੰਗ ਬਾਕੀ ਨਹੀਂ ਰਹਿੰਦਾ। ਫੇਰ ਵੀ ਤੁਹਾਡੀ ਹਸਤੀ ਉਸੇ ਤਰ੍ਹਾਂ ਹੀ ਰਹਿੰਦੀ ਹੈ। ਫੇਰ ਤੁਸੀਂ ਸੋਚੋ ਕਿ ਤੁਸੀਂ ਕੀ ਹੋ?

੭) ਉਠੋ! ਵਾਹਿਗੁਰੂ ਦੇ ਅਮਰ ਪੁੱਤਰ ਬਣੋ। ਤੁਸੀਂ ਕੁਦਰਤ ਦੀ ਸਭ ਤੋਂ ਵੱਡੀ ਤਾਕਤ ਦਾ ਅਨੋਖਾ ਪ੍ਰਕਾਸ਼ ਹੋ। ਤੁਹਾਡੇ ਅੰਦਰ ਸਾਰੀਆਂ ਰੱਬੀ ਤਾਕਤਾਂ ਭਰਪੂਰ ਹਨ, ਜਿਵੇਂ ਬੀਜ ਵਿੱਚ ਦਰੱਖਤ ਲੁਕਿਆ ਹੁੰਦਾ ਹੈ।

੮) ਅਸਲ ਵਿੱਚ ਤੁਹਾਨੂੰ ਕਿਸੇ ਦਾ ਡਰ ਨਹੀਂ, ਫ਼ਿਕਰ ਨਹੀਂ, ਸ਼ੱਕ ਨਹੀਂ, ਦੁੱਖ ਨਹੀਂ ਤੁਸੀਂ ਉਸੇ ਦੇ ਹੋ ਤੇ ਆਪਣਾ ਆਪ ਉਸ ਦੇ ਹਵਾਲੇ ਕਰ ਦਿਓ।

੯) ਵਾਹਿਗੁਰੂ ਦਾ ਸਿਮਰਨ ਕਰੋ ਅਤੇ ਮੁਕਤੀ ਪ੍ਰਾਪਤ ਕਰੋ। 'ਜੋ ਤੁਧ ਭਾਵੈ ਸਾਈ ਭਲੀ ਕਾਰ' ਦੇ ਕਥਨ ਅਨੁਸਾਰ, ਉਸ ਵਾਹਿਗੁਰੂ ਦੀ ਰਜ਼ਾ ਵਿੱਚ ਰਾਜ਼ੀ ਰਹੋ। ਦੁੱਖ ਸੁੱਖ ਵਿੱਚ ਉਸ ਨੂੰ ਚੇਤੇ ਰੱਖੋ।

ਨੋਟ: ਇਹ ਉਪਦੇਸ਼ ਸੰਤ ਜੀ ਮਹਾਰਾਜ ਵੱਲੋਂ ਹੈ।

ਜੋਤੀ-ਜੋਤ ਸਮਾਉਣ ਤੋਂ ਕੁੱਝ ਦਿਨ ਪਹਿਲਾਂ ਦੀਵਾਨਾਂ ਸਮੇਂ ਸੰਗਤਾਂ ਨੂੰ ਉਪਦੇਸ਼

ਇਹ ਗੱਲਾਂ ਹਮੇਸ਼ਾ ਯਾਦ ਰੱਖੋ:

ੳ) ਤਿੰਨ ਵਸਤੂਆਂ ਕਿਸੇ ਦੀ ਉਡੀਕ ਨਹੀਂ ਕਰਦੀਆਂ: ੧) ਵਕਤ, ੨) ਮੌਤ, ੩) ਗਾਹਕ

ਅ) ਤਿੰਨ ਚੀਜ਼ਾਂ ਨਿੱਕਲ ਕੇ ਵਪਾਸ ਨਹੀਂ ਆਉਂਦੀਆਂ: ੧) ਤੀਰ ਕਮਾਨੋਂ, ੨) ਗੱਲ ਜ਼ਬਾਨੋਂ, ੩) ਸਮਾਂ ਹੱਥੋਂ।

ੲ) ਤਿੰਨ ਵਸਤੂਆਂ ਇੱਕ ਦੂਜੀ ਨਾਲ ਨਹੀਂ ਮਿਲਦੀਆਂ: ੧) ਸ਼ਕਲ, ੨) ਆਦਤ, ੩) ਕਿਸਮਤ

ਸ) ਤਿੰਨ ਗੱਲਾਂ ਵਕਤ ਤੇ ਦੇਖੀਆਂ ਜਾਦੀਆਂ ਹਨ: ੧) ਹੌਸਲਾ, ੨) ਭਾਈ, ੩) ਇਮਾਨ।

ਹ) ਤਿੰਨ ਵਿਅਕਤੀਆਂ ਤੋਂ ਭਲਾਈ ਦੀ ਆਸ ਨਾ ਕਰੋ: ੧) ਖੁਦਗਰਜ, ੨) ਚੁਗਲਖੋਰ, ੩) ਬੇਈਮਾਨ

ਕ) ਤਿੰਨ ਚੀਜ਼ਾਂ ਜੀਵਨ ਵਿੱਚ ਇੱਕੋ ਵਾਰ ਮਿਲਦੀਆਂ ਹਨ: ੧) ਮਾਪੇ, ੨) ਭਰਾ, ੩) ਜੁਆਨੀ

ਖ) ਤਿੰਨ ਚੀਜ਼ਾਂ ਨੂੰ ਕਦੇ ਛੋਟੀ ਨਾ ਸਮਝੋ: ੧) ਦੁਸ਼ਮਣ, ੨) ਕਰਜ਼ਾ, ੩) ਬੀਮਾਰੀ।

ਗ) ਤਿੰਨ ਚੀਜ਼ਾਂ ਭਾਈ ਨੂੰ ਭਾਈ ਦਾ ਦੁਸ਼ਮਣ ਬਣਾਂਦੀਆਂ ਹਨ: ੧) ਜ਼ਰ, ੨) ਜ਼ੋਰੂ, ੩) ਜ਼ਮੀਨ।

ਘ) ਤਿੰਨ ਚੀਜ਼ਾਂ ਹਮੇਸ਼ਾ ਯਾਦ ਰੱਖੋ: ੧) ਸਚਾਈ, ੨) ਕੰਮ, ੩) ਮੌਤ।

ਙ) ਤਿੰਨ ਚੀਜ਼ਾਂ ਅਸਲੀ ਨਿਸ਼ਾਨੇ ਤੋਂ ਰੋਕਦੀਆਂ ਹਨ: ੧) ਬਦਚਲਨੀ, ੨) ਗ਼ੁੱਸਾ, ੩) ਲਾਲਚ

ਚ) ਤਿੰਨ ਚੀਜ਼ਾਂ ਨੂੰ ਕੋਈ ਦੂਸਰਾ ਚੋਰੀ ਨਹੀਂ ਕਰ ਸਕਦਾ: ੧) ਅਕਲ, ੨) ਚਰਿੱਤਰ, ੩) ਹੁਨਰ।

ਛ) ਤਿੰਨ ਵਿਅਕਤੀ ਸਮਾਂ ਆਉਣ ਤੇ ਪਛਾਣੇ ਜਾਂਦੇ ਹਨ: ੧) ਇਸਤਰੀ, ੨) ਸੰਬੰਧੀ, ੩) ਦੋਸਤ।

ਜ) ਤਿੰਨ ਚੀਜ਼ਾਂ ਤੋਂ ਬਚਣਾ ਚਾਹੀਦਾ ਹੈ: ੧) ਪਰਾਈ ਇਸਤਰੀ, ੨) ਭੈੜੀ ਸੰਗਤ, ੩) ਨਿੰਦਾ।

ਝ) ਤਿੰਨ ਚੀਜ਼ਾਂ ਵਿੱਚ ਮਨ ਲਾਉਣ ਨਾਲ ਤਰੱਕੀ ਹੁੰਦੀ ਹੈ: ੧) ਪਰਮਾਤਮਾ, ੨) ਮਿਹਨਤ, ੩) ਸੇਵਾ।

ਞ) ਤਿੰਨ ਚੀਜ਼ਾਂ ਕਦੇ ਵੀ ਨਹੀਂ ਭੁੱਲਣੀਆਂ ਚਾਹੀਦੀਆਂ: ੧) ਕਰਜ਼ਾ, ੨) ਜਿੰਮੇਵਾਰੀ, ੩) ਬਿਮਾਰੀ।

ਟ) ਇਨ੍ਹਾਂ ਤਿੰਨਾਂ ਦਾ ਸਤਿਕਾਰ ਕਰੋ: ੧) ਮਾਤਾ, ੨) ਪਿਤਾ, ੩) ਗੁਰੂ।

ਠ) ਤਿੰਨ ਚੀਜ਼ਾਂ ਨੂੰ ਹਮੇਸ਼ਾ ਵੱਸ ਵਿੱਚ ਰੱਖੋ: ੧) ਮਨ, ੨) ਕਾਮ, ੩) ਲਾਲਚ।

ਡ) ਤਿੰਨਾਂ ਉੱਪਰ ਰਹਿਮ ਕਰੋ: ੧) ਬੱਚਾ, ੨) ਭੁੱਖਾ, ੩) ਪਾਗ਼ਲ।

ਅੰਤਮ ਪ੍ਰਾਰਥਨਾ

ਦੋਹਿਰਾ: ਏਕੰਕਾਰ ਅਪਾਰ ਗੁਰ ਸਤਿ ਚਿਤ ਆਨੰਦ ਰੂਪ। ਨਿਰਾਬਰਣ ਅਕਲੰਕ ਨਮੁ ਪਾਰਬ੍ਰਹਮ ਆਨੂਪ।
ਗੁਰੁ ਨਾਨਕ ਪਦ ਕੰਜ ਕੇ ਮਨ ਮਲਿੰਦ ਹ੍ਵੈ ਮੋਰ। ਕੀਰਤ ਭਗਤਿ ਸੁਗੰਧ ਕੋ ਲੇਤ ਰਹੌਂ ਕਰ ਜੋਰ।
ਸ੍ਰੀ ਗੁਰ ਅੰਗਦ ਨਾਮੁ ਜਪੁ ਰੇ ਮਨ ਬਾਰੰਬਾਰ। ਪਾਰ ਕਰੈ ਸੰਸਾਰ ਤੇ ਬੰਧਨ ਕਾਟ ਵਿਕਾਰ।
ਸ੍ਰੀ ਗੁਰ ਅਮਰ ਦਿਆਲ ਜੀ ਮਾਣ ਨਿਮਾਣੇ ਦੇਤ। ਪਾਪੀ ਅਨਿਕ ਉਧਾਰਤੇ ਕਰਨਾ ਕਰੇ ਸੁ ਹੇਤ।
ਰਾਮ ਦਾਸ ਸ੍ਰੀ ਸਤਿਗੁਰੂ ਦਾਸਨ ਦੇ ਕਲਿਆਨ। ਅੰਮ੍ਰਿਤਸਰ ਤੀਰਥ ਕਰਿਓ ਮਨ ਬਾਂਛਤ ਦੇ ਦਾਨ।
ਗੁਰੂ ਅਰਜਨ ਹਰਿ ਆਪ ਹ੍ਵੈ ਗੁਰੂ ਗਰੰਥ ਰਚ ਦੀਨ। ਹਰਿ ਮੰਦਰ ਗੁਰੁ ਜਾਪ ਕੋ ਸੋ ਪ੍ਰਗਟਾਵਣ ਕੀਨ।
ਮੀਰੀ ਪੀਰੀ ਕੀ ਸਜੈ ਤਨ ਪੈ ਦੋ ਕ੍ਰਿਪਾਨ। ਸਤਿਗੁਰ ਹਰਿ ਗੋਬਿੰਦ ਜੀ ਬੰਦੀ ਛੋੜ ਜਹਾਨ।
ਰੰਕ ਕਰੇ ਜਗ ਭੂਪ ਜਿਨ ਸਿੱਖਨ ਪ੍ਰੇਮ ਅਧੀਨ। ਸਤਿਗੁਰ ਸਤੀ ਹਰਿਰਾਇ ਜੀ ਤਾਰੋ ਮੈ ਮਸਕੀਨ।
ਬਾਲ ਰੂਪ ਧਰ ਬਾਲ ਪ੍ਰਭ ਸ੍ਰੀ ਹਰਿਕ੍ਰਿਸ਼ਨ ਅਨੂਪ। ਮੂਰਖ ਪੰਡਿਤ ਛਿਨ ਕੀਏ ਸਿੱਖ ਬਣੇ ਜਿਨ ਭੂਪ।
ਤੇਗ ਬਹਾਦਰ ਸਤਿਗੁਰੂ ਸੀਸ ਦੇਇ ਹਿੰਦ ਰਾਖ। ਤੀਰਥ ਕਰੇ ਪਵਿਤ੍ਰ ਪ੍ਰਭ ਦਰਸ਼ਨ ਦੇ ਅਭਿਲਾਖ।
ਸਤਿਗੁਰੂ ਸ੍ਰੀ ਗੋਬਿੰਦ ਸਿੰਘ ਅੰਮ੍ਰਿਤ ਦੀਆ ਦਾਨ। ਖਾਲਸ ਪੰਥ ਚਲਾਇਆ ਦਰਸ਼ਨ ਦੇਵਹੁ ਆਨ।
ਗੁਰੁ ਗ੍ਰੰਥ ਹਰਿ ਗਿਆਨ ਦਾ ਨਿਰਾਧਾਰ ਨਿਰੰਕਾਰ। ਸ੍ਵੈ ਅਨੁਭਵ ਪ੍ਰਕਾਸ਼ ਮੈ ਏਕੰਕਾਰ ਜੁਹਾਰ।
ਗੁਰੁ ਨਾਨਕ ਕੇ ਭੇਖ ਮੇ ਨਾਮ ਅਭਿਆਸੀ ਸੰਤ। ਬੰਦਨ ਬਾਰੰਬਾਰ ਮਮ ਜਿਨ ਪਾਇਓ ਭਗਵੰਤ।
ਸੰਮਤ ਬਿਕ੍ਰਮ ਜੁਗ ਸਹੰਸ ਉੱਪਰ ਇੱਕਵੰਜਾ ਜਾਣ। ਭਾਦੋਂ ਰੁਦ੍ਰ ਤ੍ਰੋਦਸੀ ਸ਼ੁੱਕਰ ਦਿਵਸ ਪਛਾਣ।
ਸੰਨ ਚਰਾਨਵੇਂ ਈਸਵੀ ਅਤੇ ਅਗਸਤ ਛਬੀਸ। ਭਯੋ ਸਮਾਪਤ ਗ੍ਰੰਥ ਇਹ ਕ੍ਰਿਪਾ ਕਰੀ ਜਗਦੀਸ਼।
ਹੁਣ ਚੌਥੀ ਵਾਰ ਚੁਰਾਨਵੇਂ ਮਹੀਨਾ ਸ਼ੁਭ ਅਗਸਤ। ਮੋਹਨ ਹਰ ਹਰਿ ਕ੍ਰਿਪਾ ਕਰੀ ਪੂਰਨ ਭਯੋ ਸਮਸਤ।